Panjab Digit

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

-3-93
to
-12-93 A.M.

(58) (2)

# Punjab Vidhan Sabha Debates

*15th March, 1993*

**Vol. IV—No. 13**

OFFICIAL REPORT

CONTENTS

*Monday, the 15th March, 1993*


| | Page |
|---|---|
| Starred Questions and Answers .. | (13)1 |
| Written Answers to Starred Questions laid on the Table of the House under Rule 38 .. | (13)29 |
| Unstarred Questions and Answers .. | (13)32 |
| Walk-out(s) .. | (13)39 |
| Papers Laid on the Table .. | (13)40 |
| Resolution *re*. Bomb Blasts in Bombay .. | (13)41 |
| Dharna .. | (13)54 |
| Personal Explanation by Sardar Inderjit Singh Zira, MLA .. | (13)55 |
| Resolution *re*. Bomb Blasts in Bombay (*Resumption*) .. | (13)56 |
| Resumption of General Discussion on the Budget Estimates for the year 1993-94 .. | (13)57 |


Punjab Vidhan Sabha Secretariat, Chandigarh.

Price: Rs.

Original with;
Punjab Vidhan Sabha
Digitized by;
Panjab Digital Library

Dharna .. (13)58

Resumption of General Discussion on the Budget Estimates for the year 1993-94 .. (13)58

Short Adjournment of the House .. (13)60

Resumption of General Discussion on the Budget Estimates for the year 1993-94 .. (13)60

Short Adjournment of the House .. (13)62

Resumption of General Discussion on the Budget Estimates for the year 1993-94 .. (13)62

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Monday, the 15th March, 1993*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 P.M. Mr. Speaker (Sardar Harcharn Singh Ajnala) in the Chair.*

---

## STARRED QUESTIONS AND ANSWERS

**ਸ੍ਰੀ ਸਪੀਕਰ :** ਪਹਿਲੇ ਕੁਐਸਚਨ ਲੈ ਲੈਂਦੇ ਹਾਂ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: 897**

(ਸਬੰਧਤ ਮਾਨਯੋਗ ਮੈਂਬਰ ਸਾਹਿਬ ਸਦਨ ਦੇ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

**ਸ੍ਰੀ ਸਪੀਕਰ :** ਅਗਲਾ ਸਵਾਲ 617. ਇਸ ਸਵਾਲ ਬਾਰੇ ਆਥੋਰਾਈਜੇਸ਼ਨ ਆਈ ਹੈ। ਅਰਸ਼ੀ ਸਾਹਿਬ ਸਵਾਲ ਪੁੱਛ ਸਕਦੇ ਹਨ।

---

**ਸੁਖਦੇਵ ਸਿੰਘ ਬੱਬਰ ਦੀ ਜਾਇਦਾਦ ਦਾ ਨਿਪਟਾਰਾ**

*617. **ਸ੍ਰੀਮਤੀ ਵਿਮਲਾ ਡਾਂਗ (ਕਾਮਰੇਡ ਹਰਦੇਵ ਸਿੰਘ ਅਰਸ਼ੀ ਵਲੋਂ ਪੇਸ਼ ਕੀਤਾ ਗਿਆ) :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ —

(ੳ) ਪੁਲਿਸ ਮੁਕਾਬਲੇ ਦੌਰਾਨ ਜ਼ਿਲ੍ਹਾ ਲੁਧਿਆਣਾ ਵਿਚ ਮਾਰੇ ਗਏ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਸੁਖਦੇਵ ਸਿੰਘ ਬੱਬਰ ਦੇ ਕਬਜ਼ੇ ਅਧੀਨ ਉਸਦੇ ਪਟਿਆਲਾ ਵਿਖੇ ਮਕਾਨ "ਵਾਈਟ ਹਾਊਸ ਵਿਚੋਂ ਪੁਲਿਸ ਦੁਆਰਾ ਜ਼ਬਤ/ਬਰਾਮਦ ਕੀਤੇ ਗਏ ਸਾਮਾਨ ਅਤੇ ਦੂਜੀ ਚਲ ਜਾਇਦਾਦ ਦੇ ਵੇਰਵੇ ਕੀ ਹਨ;

(ਅ) ਕੀ ਉਪ੍ਰੋਕਤ ਭਾਗ (ੳ) ਵਿਚ ਵਰਣਿਤ ਜਾਇਦਾਦਾਂ ਜਿਸ ਵਿਚ ਨਕਦੀ, ਸੋਨਾ ਅਤੇ ਜੇਵਰਾਤ ਆਦਿ ਸ਼ਾਮਲ ਹਨ, ਦਾ ਨਿਪਟਾਰਾ ਕਰ ਦਿਤਾ ਗਿਆ ਹੈ ?

**Sardar Beant Singh :** (a) The details of goods and other movable properties seized,/ discovered by the police from the "White House" Kothi No. 20-B Urban Estate, Patiala, after the killing of its occupant Sukhdev Singh Babbar, Chief of Babbar Khalsa International terrorist outfit, are given in the list which is placed on the table of the House.

(b) All the movable goods/properties, mentioned in the list, have been taken into police custody in case FIR No. 215 dated 11th August, 1992 U/s 212/216 IPC & TDA (P) Act, Police Station Sadar, Patiala. As this case is still under investigation, these movable goods/properties have not yet been disposed of.

Original with;
Punjab Vidhan Sabha
Digitized by;
Panjab Digital Library

[Chief Minister]

The detail of movable properties seized/discovered by police from the white house i.e. residence of terrorist Sukhdev Singh Babbar (Killed) is as under :—

| | | | |
|---|---|---|---|
| 1. | Double Bed | .. | 5 |
| 2. | Bed Niwari | .. | 1 |
| 3. | Bed Gaddas | .. | 10 |
| 4. | Ceiling Fans | .. | 15 |
| 5. | Cooler | .. | 1 |
| 6. | Door/Window curtains | .. | 48 |
| 7. | Electric Tubes | .. | 18 |
| 8. | Bulbs (Electric) | .. | 19 |
| 9. | Looking Mirror | .. | 2 |
| 10. | Steel Chairs | .. | 4 |
| 11. | Sceneries | .. | 9 |
| 12. | Statues (Stones) | .. | 4 |
| 13. | Show piece | .. | 6 |
| 14. | Soffa Set | .. | 3 |
| 15. | Mat (Chataio) | .. | 1 |
| 16. | Dining Chairs | .. | 6 |
| 17. | Quilts/Talaie | .. | 6 |
| 18. | Wall clock/clock | .. | 2 |
| 19. | Dining Tables | .. | 1 |
| 20. | Wooden Articles (Meant for setting) | .. | 1 |
| 21. | Geyser (Electrical) | .. | 2 |
| 22. | Exhaust Fan | .. | 2 |
| 23. | Wooden Boxes | .. | 6 |
| 24. | Fridge Godrej | .. | 2 |
| 25. | Telephone Set | .. | 2 |
| 26. | Air Conditioner | .. | 2 |
| 27. | Stablizer (Electric) | .. | 3 |
| 28. | Toys | .. | 80 |
| 29. | Hero Cycle (Baby) | .. | 1 |
| 30. | Make up Box | .. | 1 |
| 31. | Car Mates | .. | 2 |
| 32. | Side Mirror of Car | .. | 2 |
| 33. | Car Lights | .. | 2 |

Original with;
Punjab Vidhan Sabha
Digitized by;
Panjab Digital Library

| | | |
|---|---|---|
| 34. Washing Machine (Electric) | .. | 2 |
| 35. Type writer | .. | 1 |
| 36. Lady Purse | .. | 5 |
| 37 Broken Chairs | .. | 2 |
| 38. Wire Bundles (Red/Black) | .. | 2 |
| 39. Copper Wire (Small bundle) | .. | 1 |
| 40 Briefcase | .. | 6 |
| 41. Red Box Taparia Socket Set | .. | 1 |
| 42. Cimera Stand | ... | 1 |
| 43. Heater | .. | 1 |
| 44. Felter | .. | 1 |
| 45. Regulator | .. | 1 |
| 46. Front Mirror of the Jeep | .. | 1 |
| 47. Damaged cycle | .. | 2 |
| 48. Ropes | .. | 2 |
| 49. Plastic Tub | .. | 2 |
| 50. Standing Fan | .. | 3 |
| 51. Counter | .. | 4 (piece) |
| 52. Voltage controller | .. | 1 (5K. V.A.) |
| 53. Voltage controller | .. | 1 8(K.V.A.) |
| 54. Generator Honda | .. | 1 |
| 55. Flower Pott (Gamala) | .. | 35 |
| 56. Wooden Troley for Generator | .. | 2 |
| 57. Table | .. | 2 |
| 58. Dewan (Wooden) | .. | 1 |
| 59. Mixey Set (Japan Made) | .. | 1 |
| 60. Thermos Bottle (Japan Made) | .. | 1 |
| 61. Food Processor | .. | 1 |
| 62. Electric Verma | .. | 1 |
| 63. Arra (Saw) Electric | .. | 1 |
| 64. Stump Seal | .. | 1 |
| 65. Electric Randa | .. | 1 |
| 66. Hanger | .. | 50 |
| 67. V.C.R.(Japan/Germany) | .. | 1 |

Original with;
Punjab Vidhan Sabha
Digitized by;
Panjab Digital Library

[Chief Minister]

| | | |
|---|---|---|
| 68. | T.V. Sony | .. 1 |
| 69. | Troley T.V. | .. 1 |
| 70. | Battery Axenator | .. 1 |
| 71. | Digita Scanner | .. 1 |
| 72. | Foot Mat | .. 1 |
| 73. | Electric Clearer Set | .. 1 |
| 74. | Wooden Electric Table Lamp | .. 1 |
| 75. | Photos Sukhdev Singh Babbar/and his son/wife Jawahar Kaur and sister of Jawahar Kaur | .. 5 |
| 76. | Stool-1 (Wooden) | .. 1 |
| 77. | Swing(Jhula) | .. 1 |
| 78. | Video Cassette Cover | .. 2 |
| 79. | Voltage Meter | .. 1 |
| 80. | Mixey Jar | .. 1 |
| 81. | Gas Lighter | .. 1 |
| 82. | Cammader Gas Tandor(Silver) | .. 1 |
| 83. | Rice Box Plastic | .. 1 |
| 84. | Balance Machine | .. 1 |
| 85. | Dust Bin | .. (Plastic) 1 |
| 86. | Duster | .. 1 |
| 87. | Track suit (Lower Portion) | .. 1 |
| 88. | Sofa Sheets | .. 5 |
| 89. | Dunlop Pillow | .. 3 |
| 90. | Pillow Covers | .. 9 |
| 91. | Bed Sheets | .. 8 |
| 92. | Sofa Cover | .. 3 Set |
| 93. | Unstitched Clothes | .. 4 Piece |
| 94. | Cooker 5 kg. | .. 1 |
| 95. | Pillows | .. 19 |
| 96. | Bed Sheets | .. 2 |
| 97. | Plastic Container | . 4 (Balties) |

Original with;
Punjab Vidhan Sabha
Digitized by;
Panjab Digital Library

| | | |
|---|---|---|
| 98. Sewing Machine | .. | 1 |
| 99. Dressing Table | .. | 1 |
| 100. Disc Antena | .. | 1 |
| 101. T.V. Ariel with pipe and Wire | .. | 3 |
| 102. Iron Pipes | .. | 2 |
| 103. Ladder Iron | .. | 1 |
| 104. Plastic Pipe | .. | 1 |
| 105. Luna | .. | 1 |
| 106. Ranger Cycle (Red Colour) | .. | 1 |
| 107. Iron Trap meant for Birds | .. | 1 |
| 108. Coat | .. | 2 |
| 109. Jackets | .. | 3 |
| 110. Woollen Jirsy/Sweater | .. | 20 |
| 111. Towels | .. | 12 |
| 112. Chair Covers | .. | 16 |
| 113. Umbrella | .. | 1 |
| 114. Belt (Black) | .. | 1 |
| 115. Belts (for Minor) | .. | 8 |
| 116. Paroas | .. | 5 |
| 117. Lady Clothes | .. | 149 |
| 118. Gents Clothes | .. | 140 |
| 119. Clothes for Minor (Child) | .. | 346 |
| 120. Shoes Lady/Gents/Minor (Child) | .. | 22 Pairs |
| 121. Ramala (Piece of Cloth) | .. | 2 |
| 122. Turban/patka (Clothes) | .. | 15 |
| 123. Cover Thormos Bottle | .. | 1 |
| 124. Bed Folder (Bisterband) | .. | 1 |
| 125. Gas Chulaha | .. | 2 |
| 126. Kithen Utensils | .. | 204 |
| 127. Cash | .. | Rs. 40,000 |
| 128. Wrist Watches of different make | .. | 7 |
| 129. Four Bangles (Duplicate) | | |
| 130. One Tikka With Chair | | |

Original with;
Punjab Vidhan Sabha
Digitized by;
Panjab Digital Library

[Chief Minister]

131. One Diamond Ornaments set without ring

132. 7 Pair of small and big Kanta i.e. for wearing in ear.

133. 10 Cokas for Wearing in ears.

134. 4 Cokas for weaering in 'Nose.

135. Ring for Lady

136. One Tabiti on which Raja and Laddi is curved (Printed).

137. One Locket without Chain.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਬੜੀ ਡਿਟੇਲ ਵਿਚ ਜਵਾਬ ਦਿੱਤਾ ਹੈ। ਪਰ ਮੈਂ ਹੁਣ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਇਹ ਕੇਸ ਇਕੱਲਾ ਸੁਖਦੇਵ ਸਿੰਘ ਬੱਬਰ ਦਾ ਨਹੀਂ, ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਐਕਸਟਰੀਮਿਸਟਸ ਹੋਣੇ ਹਨ, ਜਿਨ੍ਹਾਂ ਨੇ ਨਜਾਇਜ਼ ਤੌਰ ਤੇ ਪਰਾਪਰਟੀ ਬਣਾਈ ਹੋਣੀ ਹੈ ਔਰ ਬਹੁਤ ਸਾਰਾ ਸਮਾਨ ਪੁਲਿਸ ਦੀ ਕਸਟਡੀ ਵਿਚ ਆਇਆ ਹੋਵੇਗਾ। ਲੋਕਾਂ ਨੂੰ ਸਹੀ ਤੱਥਾਂ ਦਾ ਪਤਾ ਲਗ ਸਕੇ, ਕੀ ਇਸ ਵਾਸਤੇ ਸਰਕਾਰ ਕੋਈ ਵਾਈਟ ਪੇਪਰ ਜਾਰੀ ਕਰੇਗੀ ?

**ਸ੍ਰੀ ਸਪੀਕਰ :** ਇਸ ਵਾਸਤੇ ਸੈਪਰੇਟ ਸਵਾਲ ਪੁੱਛ ਲੈਣਾ। ਹੁਣ ਕੋਈ ਸਪੈਸਿਫਿਕ ਹੈ, ਤਾਂ ਪੁੱਛ ਲਓ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਇਹ ਸਬੰਧਤ ਸਵਾਲ ਹੈ, ਲੋਕਾਂ ਦੇ ਸਾਹਮਣੇ ਤੱਥ ਆਉਣੇ ਚਾਹੀਦੇ ਹਨ।

**ਸ੍ਰੀ ਸਪੀਕਰ :** ਇਹ ਡਿਟੇਲਡ ਇਨਫਰਮੇਸ਼ਨ ਇਸ ਵੇਲੇ ਨਹੀਂ ਦਿੱਤੀ ਜਾ ਸਕਦੀ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਦੂਜਾ ਸਵਾਲ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸੁਖਦੇਵ ਸਿੰਘ ਬੱਬਰ ਨੇ ਪਰਾਪਰਟੀ ਇਕੱਠੀ ਕੀਤੀ ਹੈ, ਇਸੇ ਤਰ੍ਹਾਂ ਹੋਰ ਵੀ ਕਈ ਐਕਸਟਰੀਮਿਸਟਸ ਨੇ ਨਜਾਇਜ਼ ਇਕੱਠੀਆਂ ਕੀਤੀਆਂ ਹੋਣੀਆਂ ਹਨ। ਕੀ ਸਰਕਾਰ ਉਨ੍ਹਾਂ ਪਰਾਪਰਟੀਜ਼ ਨੂੰ ਜ਼ਬਤ ਕਰਨ ਦਾ ਵਿਚਾਰ ਰਖਦੀ ਹੈ?

**ਮੁੱਖ ਮੰਤਰੀ :** ਇਹ ਵਿਚਾਰ ਅਧੀਨ ਹੈ ਦੂਜਾ ਜਿਹੜਾ ਇਨ੍ਹਾਂ ਨੇ ਹੋਰ ਟੈਰੋਰਿਸਟ ਦੀ ਗੱਲ ਕੀਤੀ ਹੈ, ਉਸ ਵਾਸਤੇ ਸੈਪਰੇਟ ਸਵਾਲ ਦੇ ਦੇਣ।

**ਸ੍ਰੀ ਸਪੀਕਰ :** ਉਹ ਤਾਂ ਮੈਂ ਕਹਿ ਦਿੱਤਾ ਹੈ।

**ਸਰਦਾਰ ਜਸਬੀਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਉਂਕਿ ਸੁਖਦੇਵ ਸਿੰਘ ਬੱਬਰ ਆਪਣੇ ਆਪ ਨੂੰ ਧਾਰਮਿਕ ਅਤੇ ਗੁਰੂ ਦਾ ਸਿੱਖ ਹੋਣ ਦਾ ਪਰਚਾਰ ਕਰਦਾ ਸੀ, ਇਸ ਲਈ ਕੀ ਜਿਹੜਾ ਸਮਾਨ ਬਰਾਮਦ ਕੀਤਾ ਹੈ ਉਸ ਵਿਚ ਕੋਈ ਧਾਰਮਿਕ ਲਿਟਰੇਚਰ ਵੀ ਮਿਲਿਆ ਹੈ?

**ਸ੍ਰੀ ਸਪੀਕਰ :** ਉਹ ਲਿਸਟ ਤਾਂ ਨਾਲ ਲਾਈ ਹੈ।

**ਮੁੱਖ ਮੰਤਰੀ :** ਕੋਈ ਧਾਰਮਿਕ ਪੁਸਤਕ ਨਹੀਂ ਹੈ। ਸਿਰਫ਼ ਅਯਾਸ਼ੀ ਦਾ ਸਮਾਨ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਮਦਨ ਮੋਹਨ ਮਿੱਤਲ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪਰਾਪਰਟੀ ਰਿਕਵਰ ਕੀਤੀ ਹੈ, ਇਹ ਠੀਕ ਹੈ। ਪਰ ਹੋਰ ਵੀ ਕਈ ਲੁਟੇਰੇ ਹਨ ਜਿਨ੍ਹਾਂ ਨੇ ਟੈਰੋਰਿਸਟਾਂ ਦਾ ਨਾਂ ਲੈ ਕੇ ਬਹੁਤ ਸਾਰੀਆਂ ਪਰਾਪਰਟੀਜ਼ ਇਕੱਠੀਆਂ ਕੀਤੀਆਂ ਹਨ। ਕੀ ਉਸ ਬਾਰੇ ਸਰਕਾਰ ਦਾ ਕੋਈ ਵਿਚਾਰ ਹੈ ਕਿ ਉਨ੍ਹਾਂ ਦੀਆਂ ਪਰਾਪਰਟੀਜ਼ ਜ਼ਬਤ ਕੀਤੀਆਂ ਜਾਣ ?

**ਮੁੱਖ ਮੰਤਰੀ:** ਜੇ ਤੁਸੀਂ ਪਾਵਰ ਦਿਓਗੇ, ਤਾਂ ਕਰ ਲਵਾਂਗੇ (ਹਾਸਾ)

---

**ਚੌਥਾ ਪੰਜਾਬ ਤਨਖਾਹ ਕਮਿਸ਼ਨ ਕਾਇਮ ਕਰਨਾ**

*900. **ਸਰਦਾਰ ਹਰਗੋਪਾਲ ਸਿੰਘ ਐਡਵੋਕੇਟ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਲਈ ਚੌਥਾ ਪੰਜਾਬ ਤਨਖਾਹ ਕਮਿਸ਼ਨ ਕਾਇਮ ਕਰਨ ਦੀ ਕੋਈ ਤਜਵੀਜ਼ ਹੈ, ਜੇਕਰ ਅਜਿਹਾ ਹੈ, ਤਾਂ ਇਸ ਨੂੰ ਕਦੋਂ ਤੱਕ ਕਾਇਮ ਕੀਤਾ ਜਾਵੇਗਾ ?

**ਸਰਦਾਰ ਬੇਅੰਤ ਸਿੰਘ:** ਨਹੀਂ ਜੀ।

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਉਂਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚ ਬਹੁਤ ਫਰਕ ਪੈ ਗਿਆ ਹੈ ਔਰ ਉਨ੍ਹਾਂ ਦੀ ਇਹ ਮੰਗ ਹੈ, ਕੀ ਸਰਕਾਰ ਆਉਣ ਵਾਲੇ ਸਮੇਂ ਵਿਚ ਕੋਈ ਪੇ-ਕਮਿਸ਼ਨ ਬਿਠਾਉਣ ਦਾ ਵਿਚਾਰ ਰਖਦੀ ਹੈ ?

**ਮੁੱਖ ਮੰਤਰੀ:** ਸਪੀਕਰ ਸਾਹਿਬ, ਸਾਡੇ ਮੁਲਾਜ਼ਮਾਂ ਦੀਆਂ ਤਨਖਾਹਾਂ ਸਾਰੇ ਮੁਲਕ ਦੀਆਂ ਸਟੇਟਾਂ ਤੋਂ ਜ਼ਿਆਦਾ ਹਨ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 898**

(ਸਬੰਧਤ ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

**ਸ੍ਰੀ ਸਪੀਕਰ:** ਅਰਸ਼ੀ ਜੀ, ਤੁਹਾਡੇ ਕੋਲ ਅਥਾਰਿਟੀ ਹੈ। ਤੁਸੀਂ ਸਵਾਲ ਨੰ *618 ਨੂੰ ਪੁੱਟ ਕਰ ਸਕਦੇ ਹੋ।

---

**ਮੁਕੇਰੀਆਂ ਹਾਈਡਲ ਪ੍ਰਾਜੈਕਟ ਦੀ ਹਾਈਡਰੋ ਇਲੈਕਟ੍ਰਿਕ ਸਮਰੱਥਾ ਨੂੰ ਵਧਾਉਣਾ**

*618. **ਸ੍ਰੀਮਤੀ ਵਿਮਲਾ ਡਾਂਗ** (ਕਾਮਰੇਡ ਹਰਦੇਵ ਸਿੰਘ ਅਰਸ਼ੀ ਵਲੋਂ ਪੇਸ਼ ਕੀਤਾ ਗਿਆ): ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁਕੇਰੀਆਂ ਹਾਈਡਲ ਪ੍ਰਾਜੈਕਟ ਦੀ ਬਿਆਸ ਡਾਊਨ ਸਟਰੀਮ ਦੀ ਹਾਈਡਰੋਇਲੈਕਟ੍ਰਿਕ ਸਮਰੱਥਾ ਵਿਚ ਵਾਧਾ ਕਰਨ ਲਈ ਕੋਈ ਪ੍ਰਾਜੈਕਟ ਰਿਪੋਰਟਾਂ ਤਿਆਰ ਕੀਤੀਆਂ ਜਾ ਰਹੀਆਂ ਹਨ: ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੇ ਕਿੰਨੇ ਸਮੇਂ ਤੱਕ ਤਿਆਰ ਹੋ ਜਾਣ ਦੀ ਸੰਭਾਵਨਾ ਹੈ ਅਤੇ ਸੈਂਟਰਲ ਇਲੈਕਟ੍ਰਿਕਲ ਅਥਾਰਟੀ ਤੋਂ ਇਸ ਪ੍ਰਾਜੈਕਟ ਲਈ ਤਕਨੀਕੀ ਆਰਥਿਕ ਮਨਜ਼ੂਰੀ ਅਤੇ ਪੈਸਾ ਲਗਾਉਣ ਦੀ ਪ੍ਰਵਾਨਗੀ ਕਦੋਂ ਤੱਕ ਪ੍ਰਾਪਤ ਹੋ ਜਾਣ ਦੀ ਸੰਭਾਵਨਾ ਹੈ ?

**Sardar Harcharan Singh Brar:** This information is appended at Annexure.

Original with;
Punjab Vidhan Sabha
Digitized by;
Panjab Digital Library

[Minisrer for Irrigation and Power]

## ANNEXURE

A scheme "Mukerian Hydel Channel Stage-II" off-taking from RD 35,500 of Mukerian Hydel Channel State-I and out-falling into river Beas at RD 15,000 has been prepared. This scheme evisages the use of water available from Mukerian Hydel Channel Stage-I for generation in a power house with installed capacity of 25MW to be constructed at RD 10.000. Another scheme has been prepared to utilise water available from proposed UBDC Stage-III/IV by crossing over river Beas through barrage/syphon for supplementing power generation at Mukerian Hydel Stage-II. The schemes have been prepared by Punjab Irrigation Department and submitted to Special purpose Technical Committee (SPTC) for necessary consideration. On approval of the schemes by SPTC it will take about 4 to 5 months for preparation of detailed project Reports to be submitted to CEA for techno-economic clearance. Where the project cost is more than Rs. 100 crore the scheme is referred to Ministery of Power for their recommendation to the Planning Commission for investment clearance.

**(A) Cost estimates (without including cost of U.B.D.C. Stage-IV)**

| | | **In case of syphon** | **In case of barrage** |
|---|---|---|---|
| | | Constructed over river Beas | Constructed over river Beas |
| (i) Civil Works | .. | 8805.00 Lac | 9242.00 Lac |
| (ii) Electrical works | .. | 4470.00 " | 4470.00" |
| Generation in Lac units (Power House No. I) | .. | 1310.04 lac unit (in case of syphon)<br>1250.26 lac unit (in case of barrage) | |
| Rate of generation per unit | | | |
| | | In case of syphon | In case of barrage |
| | | Rs. 1.14/unit | 1.29/unit |
| Rate per M.W. of installed capacity | | Rs. 531.90 lacs | 548.48 lacs |
| Construction period | .. | 4 year | |

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਇਹ ਤਜਵੀਜ਼ਾਂ ਜਿਹੜੀਆਂ ਸਿੰਚਾਈ ਵਿਭਾਗ ਨੇ ਤਿਆਰ ਕਰਕੇ ਸਪੈਸ਼ਲ ਪਰਪਜ਼ ਟੈਕਨੀਕਲ ਕਮੇਟੀ ਦੀ ਪ੍ਰਵਾਨਗੀ ਤੋਂ ਬਾਦ ਸੀ.ਈ.ਏ. ਕੋਲ ਭੇਜੀਆਂ ਹਨ, ਕੀ ਇਸ ਦੀ ਮਨਜ਼ੂਰੀ ਮਿਲਣ ਤੋਂ ਬਾਦ ਸਰਕਾਰ ਜਲਦੀ ਲਗਾਉਣ ਦਾ ਯਤਨ ਕਰੇਗੀ ?

**ਮੰਤਰੀ :** ਸਪੀਕਰ ਸਾਹਿਬ, ਹਾਂ ਜੀ।

---

### ਜ਼ਿਲਾ ਯੋਜਨਾਬੰਦੀ ਬੋਰਡ, ਮਾਨਸਾ ਲਈ ਮਨਜ਼ੂਰ ਕੀਤੀ ਗਈ ਰਕਮ

*796. ਕਾਮਰੇਡ ਹਰਦੇਵ ਸਿੰਘ ਅਰਸ਼ੀ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਵਿੱਤੀ ਸਾਲ 1992-93 ਲਈ ਜ਼ਿਲ੍ਹਾ ਯੋਜਨਾਬੰਦੀ ਬੋਰਡ ਮਾਨਸਾ ਲਈ ਸਰਕਾਰ ਦੁਆਰਾ ਕੁਲ ਕਿੰਨੀ ਰਕਮ ਮਖਸੂਸ ਕੀਤੀ ਗਈ;

Original with;
Punjab Vidhan Sabha
Digitized by;
Panjab Digital Library

(ਅ) ਉਪ੍ਰੋਕਤ ਭਾਗ (ੳ) ਵਿਚ ਵਰਣਿਤ ਰਕਮ ਵਿਚੋਂ ਹੁਣ ਤੱਕ ਕੁੱਲ ਕਿੰਨੀ ਰਕਮ ਦਿੱਤੀ ਜਾ ਚੁੱਕੀ ਹੈ ਅਤੇ ਬਕਾਇਆ ਰਕਮ ਕਦੋਂ ਤਕ ਦਿਤੇ ਜਾਣ ਦੀ ਸੰਭਾਵਨਾ ਹੈ।

**Doctor Kewal Krishan :** (a) The total amount of funds earmarked by the Government for District Planning & Development Board, Mansa for the financial year 1992-93 is Rs. 1191.74 lacs.

(b) Out of the total funds mentioned in (a) above, funds to the extent of 75% amounting to Rs. 893.81 lacs have alreeady been released. The remaining amount shall be released as and when Govt. of India provides 'Special Loans Assistance' of Rs. 300.00 crores to the State Government.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਇਹ ਦੱਸਿਆ ਗਿਆ ਹੈ ਕਿ ਸੈਂਟਰਲ ਗੌਰਮਿੰਟ ਤੋਂ ਵਿਸ਼ੇਸ ਸਹਾਇਤਾ ਮਿਲਣ ਉਪਰੰਤ ਚੌਥੀ ਅੰਤਿਮ ਕਿਸ਼ਤ ਦੀ ਅਦਾਇਗੀ ਕੀਤੀ ਜਾਵੇਗੀ। ਕੀ ਮਾਨਸਾ ਵਾਸਤੇ ਰਹਿੰਦੀ ਰਕਮ ਸਰਕਾਰ ਰਿਲੀਜ਼ ਕਰ ਦੇਵੇਗੀ?

**ਮੰਤਰੀ :** ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਆਪਣੇ ਜਵਾਬ ਵਿਚ ਦਸਿਆ ਹੈ ਕਿ 75 ਪ੍ਰਤੀਸ਼ਤ ਰਕਮ ਗੌਰਮਿੰਟ ਆਫ ਇੰਡੀਆ ਦੀ ਤਰਫੋਂ ਰਿਲੀਜ਼ ਹੋ ਚੁੱਕੀ ਹੈ, ਅਤੇ ਬਾਕੀ ਰਹਿੰਦੀ ਰਕਮ ਰਿਲੀਜ਼ ਹੋਣ ਵਾਲੀ ਹੈ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਇਹ ਠੀਕ ਹੈ ਕਿ ਸਰਕਾਰ ਨੇ, ਫਿਰਨੀਆਂ ਬਨਾਉਣ ਵਾਸਤੇ ਡਿਸਟ੍ਰਿਕਟ ਪਲੈਨਿੰਗ ਬੋਰਡ ਦੇ ਰਾਹੀਂ ਪੈਸਾ ਦਿੱਤਾ ਹੈ, ਪਰ ਇਸ ਦੇ ਨਾਲ ਡਰੇਨੇਜ਼ ਸਿਸਟਮ ਨੂੰ ਵੀ ਇੰਪਰੂਵ ਕਰਨ ਦੀ ਲੋੜ ਹੈ। ਕੀ ਇਸ ਦੇ ਲਈ ਸਰਕਾਰ ਐਡੀਸ਼ਨਲ ਫੰਡਜ਼ ਦੇਵੇਗੀ ਅਤੇ ਫੰਡਜ਼ ਰਿਲੀਜ਼ ਕਰੇਗੀ ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਪੈਸਾ ਪਹਿਲੇ ਰਿਲੀਜ਼ ਹੋ ਚੁੱਕਾ ਹੈ, ਉਸ ਤੋਂ ਇਲਾਵਾ 31 ਮਾਰਚ ਤੱਕ ਹੋਰ ਐਡੀਸ਼ਨਲ ਫੰਡਜ਼ ਰਿਲੀਜ਼ ਨਹੀਂ ਕੀਤੇ ਜਾ ਸਕਦੇ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਜਵਾਬ ਵਿਚ ਸਾਰੀ ਸਟੇਟ ਦੀ ਗੱਲ ਕਰ ਦਿੱਤੀ ਹੈ, ਪਰ ਮੈਂ ਕੇਵਲ ਮਾਨਸਾ ਦੀ ਗੱਲ ਕੀਤੀ ਸੀ ਕਿ ਡਿਸਟ੍ਰਿਕਟ ਪਲੈਨਿੰਗ ਬੋਰਡ, ਮਾਨਸਾ ਨੂੰ ਤੁਸੀਂ 893 ਲੱਖ ਰੁਪਿਆ ਰਿਲੀਜ਼ ਕੀਤਾ ਹੈ ਅੌਰ ਬਾਕੀ ਦਾ ਰਹਿੰਦਾ 300 ਲੱਖ ਰੁਪਿਆ ਕਦੋਂ ਤੱਕ ਰਿਲੀਜ਼ ਕਰ ਦੇਵੋਗੇ ?

**ਮੰਤਰੀ :** ਸਪੀਕਰ ਸਾਹਿਬ, ਡਿਸਟ੍ਰਿਕਟ ਦੀ ਡਿਵੈਲਪਮੈਂਟ ਦੇ ਵਿਚ ਫਿਰਨੀਆਂ ਅਤੇ ਉੱਨਤ ਗਰਾਮ ਦੀ ਡਿਵੈਲਪਮੈਂਟ ਆਉਂਦੀ ਹੈ, ਅੌਰ ਇਸ ਦੇ ਲਈ ਅਸੀਂ ਪੈਸਾ ਰਿਲੀਜ਼ ਕੀਤਾ ਹੈ। ਇਹ ਚੌਥੀ ਕਿਸ਼ਤ ਨਾਲੋਂ ਜ਼ਿਆਦਾ ਪੈਸਾ ਰਿਲੀਜ਼ ਕੀਤਾ ਹੈ। ਇਸ ਲਈ ਮੈਂ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਜਿਹੜਾ ਪੈਸਾ ਚੌਥੀ ਕਿਸ਼ਤ ਦੇ ਤੌਰ ਤੇ ਰਿਲੀਜ਼ ਹੋ ਚੁੱਕਾ ਹੈ, ਇਹ ਰੂਰਲ ਡਿਵੈਲਪਮੈਂਟ ਬੋਰਡ ਅਤੇ ਡਿਸਟ੍ਰਿਕਟ ਡਿਵੈਲਪਮੈਂਟ ਬੋਰਡ ਦੇ ਰਾਹੀਂ ਹੀ ਖਰਚ ਕੀਤਾ ਜਾਵੇਗਾ।

**ਸ੍ਰੀ ਸਪੀਕਰ :** ਅਰਸ਼ੀ ਜੀ, ਮੈਂ ਤੁਹਾਨੂੰ ਦੋ ਸਪਲੀਮੈਂਟਰੀ ਅਲਾਓ ਕਰ ਦਿਤੀਆਂ ਹਨ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਕੀ ਮਾਨਸਾ ਦੀ ਹੀ ਚੌਥੀ ਕਿਸ਼ਤ ਬਾਕੀ ਰਹਿੰਦੀ ਹੈ, ਜਾਂ ਦੂਸਰੇ ਜ਼ਿਲ੍ਹਿਆਂ ਦੀ ਵੀ ਰਹਿੰਦੀ ਹੈ? ਹੁਣ ਬਕਾਇਆ ਰਕਮ ਕਦੋਂ ਦਿੱਤੀ ਜਾਵੇਗੀ ? ਕਿਨ੍ਹਾਂ ਡਿਸਟ੍ਰਿਕਟ ਦੀ ਅਜੇ ਤੱਕ ਚੌਥੀ ਕਿਸ਼ਤ ਬਕਾਇਆ ਹੈ ?

**ਸ੍ਰੀ ਸਪੀਕਰ** : ਇਸ ਬਾਰੇ ਤੁਸੀਂ ਸੈਪਰੇਟ ਕੁਐਸਚਨ ਦੇ ਦਿਓ।

---

**ਰਾਜ ਵਿਚ ਨਵੀਆਂ ਬਣਾਈਆਂ ਗਈਆਂ ਪੰਚਾਇਤਾਂ ਨੂੰ ਮਾਲੀ ਸਹਾਇਤਾ**

*933. **ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿਚ ਅਜਿਹੇ ਕੁੱਲ ਕਿੰਨੇ ਪਿੰਡ ਹਨ ਜਿਥੇ 1992 ਤੋਂ ਹੁਣ ਤਕ ਉਨ੍ਹਾਂ ਨੂੰ ਵੱਡੇ ਪਿੰਡਾਂ ਜਾਂ ਦੋ ਪਿੰਡਾਂ ਤੋਂ ਵੱਖ ਕਰਕੇ ਨਵੀਆਂ ਪੰਚਾਇਤਾਂ ਬਣਾਈਆਂ ਗਈਆਂ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਪੰਚਾਇਤਾਂ ਨੂੰ ਪਹਿਲੀਆਂ ਪੰਚਾਇਤਾਂ ਦੀਆਂ ਸੰਪਤੀਆਂ ਵਿਚੋਂ ਜਾਇਦਾਦ ਸੌਂਪਣ ਅਤੇ ਫੰਡ ਦੇਣ ਲਈ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ:

(ੲ) ਕੀ ਸਰਕਾਰ ਉਪਰੋਕਤ ਭਾਗ (ੳ) ਵਿਚ ਵਰਣਿਤ ਨਵੀਆਂ ਬਣਾਈਆਂ ਗਈਆਂ ਪੰਚਾਇਤਾਂ ਨੂੰ ਕੁਝ ਮਾਲੀ ਸਹਾਇਤਾ ਦੇਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ?

**ਸਰਦਾਰ ਉਮਰਾਓ ਸਿੰਘ** : (ੳ) 601.

(ਅ) ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 4(2 ਏ) ਦੇ ਉਪਬੰਧ ਅਨੁਸਾਰ ਨਵੀਆਂ ਸਥਾਪਿਤ ਕੀਤੀਆਂ ਗਰਾਮ ਸਭਾਵਾਂ ਨੂੰ ਪਹਿਲੀਆਂ ਗਰਾਮ ਸਭਾਵਾਂ ਤੋਂ ਸੰਪਤੀ, ਫੰਡਜ ਆਦਿ ਦੇਣ ਦਾ ਪ੍ਰਬੰਧ ਕੀਤਾ ਹੋਇਆ ਹੈ। ਜੇ ਕਿਸੇ ਗਰਾਮ ਪੰਚਾਇਤ ਵਿੱਚ ਲੈਣਦਾਰੀਆਂ ਦੇਣਦਾਰੀਆਂ ਸਬੰਧੀ ਕੋਈ ਝਗੜਾ ਉਤਪੰਨ ਹੁੰਦਾ ਹੈ ਤਾਂ ਉਹ ਉਕਤ ਐਕਟ ਦੀ ਧਾਰਾ 111 ਜਿਸ ਨੂੰ ਪੰਜਾਬ ਗਰਾਮ ਪੰਚਾਇਤ ਰੂਲਜ਼, 1965 ਦੇ ਰੂਲ 31 ਨਾਲ ਪੜ੍ਹਿਆ ਜਾਂਦਾ ਹੈ, ਦੇ ਉਪਬੰਧ ਅਨੁਸਾਰ ਡਿਪਟੀ ਕਮਿਸ਼ਨਰ ਨੂੰ ਭੇਜਣਾ ਹੁੰਦਾ ਹੈ, ਜੋ ਕਿ ਸਮਰੱਥ ਅਧਿਕਾਰੀ ਹਨ;

(ੲ) ਨਹੀਂ ਜੀ। ਇਨ੍ਹਾਂ ਪੰਚਾਇਤਾਂ ਨੂੰ ਵਿਕਾਸ ਦੇ ਕੰਮਾਂ ਲਈ ਦੂਜੀਆ ਪੰਚਾਇਤਾਂ ਦੀ ਤਰ੍ਹਾਂ ਹੀ ਨਿਯਮਾਂ ਅਧੀਨ ਗਰਾਂਟ ਦਿੱਤੀ ਜਾਵੇਗੀ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਜਿਹੜੇ ਪਿੰਡਾਂ ਦੀਆਂ ਪੰਚਾਇਤਾਂ ਵੱਖ ਵੱਖ ਕੀਤੀਆਂ ਗਈਆਂ ਹਨ, ਉਨ੍ਹਾਂ ਦੀਆਂ ਜਾਇਦਾਦਾਂ, ਸ਼ਾਮਲਾਤ ਜਾਂ ਹੋਰ ਚੀਜ਼ਾਂ ਹਨ। ਉਨ੍ਹਾਂ ਨੂੰ ਕਿਤਨੀ ਦੇਰ ਤੱਕ ਮਨਿਸਟਰ ਸਾਹਿਬ ਫੰਡਜ਼ ਦਿਵਾ ਦੇਣਗੇ ਅਤੇ ਕਦੋਂ ਤਕ ਪੂਰੀ ਕਾਰਵਾਈ ਕਰ ਦੇਣਗੇ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਜਿਥੇ ਡਿਸਪਿਊਟ ਨਹੀਂ, ਉਥੇ ਤਾਂ ਇਹ ਕੰਮ ਜਲਦੀ ਹੋ ਜਾਵੇਗਾ। ਪਰ ਜਿਥੇ ਡਿਸਪਿਊਟ ਹੈ, ਉਥੇ ਕਾਨੂੰਨ ਦੇ ਮੁਤਾਬਿਕ ਡੀ.ਸੀ. ਨੂੰ ਅਧਿਕਾਰ ਹਨ। ਜੋ ਡਿਸਪਿਊਟਿਡ ਕੇਸ ਹੈ, ਉਸ ਦਾ ਨਿਪਟਾਰਾ ਉਹ ਕਰਾ ਦੇਣਗੇ, ਪਰ ਡੀ.ਸੀ ਨੂੰ ਅਪਲਾਈ ਕਰਨਾ ਪਵੇਗਾ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ:** ਸਪੀਕਰ ਸਾਹਿਬ, ਮੈਂ ਸਵਾਲ ਪੁਛਿਆ ਸੀ ਕਿ ਪਿੰਡਾਂ ਵਿਚ, ਜਿਥੇ ਕੋਈ ਆਮਦਨ ਦਾ ਜ਼ਰੀਆ ਨਹੀਂ ਹੈ, ਅਤੇ ਕੋਈ ਹੋਰ ਇਨਕਮ ਨਹੀਂ ਹੈ। ਪਲੈਨਿੰਗ ਬੋਰਡ ਵਿਚ ਆਉਂਦਾ ਹੈ ਕਿ 25 ਪ੍ਰਤੀਸ਼ਤ ਪਿੰਡਾਂ ਵਾਲੇ ਗਰਾਂਟ ਦੇਣ, ਤਾਂ ਫੇਰ ਸਰਕਾਰ ਦੇਵੇਗੀ। ਪਰ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਕੋਈ ਪਿੰਡ 25 ਪ੍ਰਤੀਸ਼ਤ ਦੇਣ ਦੇ ਯੋਗ ਨਾ ਹੋਣ ਤਾਂ ਉਹ ਪਿੰਡ ਫੰਡਜ਼ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਕੀ ਸਰਕਾਰ ਨੇ ਉਨ੍ਹਾਂ ਪਿੰਡਾਂ ਲਈ ਕੋਈ ਪ੍ਰਬੰਧ ਕੀਤਾ ਹੈ ਜਾਂ ਕੋਈ ਪ੍ਰਾਇਰਿਟੀ ਉਨ੍ਹਾਂ ਨੂੰ ਦਿਤੀ ਜਾਵੇਗੀ?

**ਸ੍ਰੀ ਸਪੀਕਰ:** ਜਵਾਬ ਤਾਂ ਇਨ੍ਹਾਂ ਨੇ ਦੇ ਦਿਤਾ ਹੈ, ਪਰ ਫਿਰ ਵੀ ਜੇਕਰ ਕੋਈ ਇਨਫਰਮੇਸ਼ਨ ਸਰਦਾਰ ਉਮਰਾਓ ਸਿੰਘ ਜੀ ਦੇਣਾ ਚਾਹੁੰਦੇ ਹੋ, ਤਾਂ ਦੇ ਦਿਉ।

**ਮੰਤਰੀ:** ਸਪੀਕਰ ਸਾਹਿਬ, ਪਿੰਡਾਂ ਵਿਚ ਇਨਕਮ ਦੇ ਆਪਣੇ ਸੋਰਸਿਜ਼ ਹੁੰਦੇ ਹਨ। ਪਿੰਡਾਂ ਵਿਚ ਲੋਕ ਆਪਣੀ ਕੰਟ੍ਰੀਬਿਊਸ਼ਨ ਕਰਦੇ ਹਨ। ਸਾਥੀ ਜੀ ਵੀ ਆਪਣੇ ਪਿੰਡ ਵਿੱਚ ਕੰਟ੍ਰੀਬਿਊਸ਼ਨ ਕਰਨ ਦੀ ਪੁਜੀਸ਼ਨ ਵਿਚ ਹੋਣਗੇ। ਜਿਥੇ, ਸਪੀਕਰ ਸਾਹਿਬ, ਕੰਢੀ ਏਰੀਆ ਹੈ, ਬਾਰਡਰ ਦਾ ਏਰੀਆ ਹੈ ਤਾਂ ਉਸ ਪਿੰਡ ਨੂੰ ਡਿਸਟ੍ਰਿਕਟ ਪਲੈਨਿੰਗ ਬੋਰਡ ਐਗਜ਼ੈਂਪਟ ਕਰ ਸਕਦਾ ਹੈ।

**ਡਾਕਟਰ ਰਮੇਸ਼ ਦੱਤ:** ਸਪੀਕਰ ਸਾਹਿਬ, ਜਿਹੜੀਆਂ ਪੰਚਾਇਤਾਂ ਦੇ ਅਧੀਨ ਜੰਗਲਾਤ ਆਉਂਦੇ ਹਨ। ਇਸ ਬਾਰੇ ਉਨ੍ਹਾਂ ਨੂੰ ਹਦਾਇਤਾਂ ਹੋਣ ਕਿ ਉਹ ਵੇਚ ਨਾ ਸਕਣ।

**ਮੰਤਰੀ:** ਇਸ ਬਾਰੇ ਤੁਸੀਂ ਸੈਪਰੇਟ ਨੋਟਿਸ ਦੇ ਦੇਵੋ ਤਾਂ ਵੇਖ ਲਵਾਂਗੇ।

**ਡਾਕਟਰ ਰਮੇਸ਼ ਦੱਤ:** ਸਪੀਕਰ ਸਾਹਿਬ, ਦੋ ਸਪੈਸਿਫਿਕ ਕੇਸ ਹਨ। ਮੰਤਰੀ ਜੀ ਉਨ੍ਹਾਂ ਬਾਰੇ ਐਸ਼ੋਰੈਂਸ ਦੇ ਦੇਣ ਕਿਉਂਕਿ ਉਥੇ ਲੜਾਈ ਝਗੜਾ ਹੋਣ ਦੀ ਨੌਬਤ ਪਹੁੰਚੀ ਹੋਈ ਹੈ।

**ਸ੍ਰੀ ਸਪੀਕਰ:** ਡਾਕਟਰ ਸਾਹਿਬ, ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਸਪੈਸੇਫਿਕ ਸਵਾਲ ਦੇ ਦਿਉ। ਤੁਹਾਡੇ ਕੋਲ ਜਵਾਬ ਆ ਜਾਵੇਗਾ।

---

## ਤਹਿਸੀਲ ਗੜ੍ਹਸ਼ੰਕਰ ਵਿਚ ਲਿੰਕ ਸੜਕਾਂ ਨੂੰ ਪੱਕੀਆਂ ਕਰਨਾ

*876. **ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੇਠ ਲਿਖੀਆਂ ਲਿੰਕ ਸੜਕਾਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ:--

| | | ਲਗਭਗ ਲੰਬਾਈ |
|---|---|---|
| 1. ਲਾਲਪੁਰ ਤੋਂ ਨਹਿਰ ਦੀ ਪਟੜੀ ਤੱਕ | ... | 1 ਕਿਲੋਮੀਟਰ |
| 2. ਕਾਲੂਪੁਰ ਤੋਂ ਚੌਕ ਮੂਸਾ (ਫਸਟ ਲਿੰਕ) | ... | 1 ਕਿਲੋਮੀਟਰ |

Original with;
Punjab Vidhan Sabha
Digitized by;
Panjab Digital Library

[ਸਰਦਾਰ ਅਵਤਾਰ ਸਿੰਘ ਕਰੀਮਪੁਰੀ]

| | | |
|---|---|---|
| 3. ਦਾਤਾ ਤੋਂ ਕੰਗਰੋੜ | ... 1.5 | ਕਿਲੋਮੀਟਰ |
| 4. ਕਾਲੂਪੁਰ ਦੀ ਫਿਰਨੀ | ... 0.5 | ਕਿਲੋਮੀਟਰ |
| 5. ਉਟਵਾਲਾਂ ਤੋਂ ਚੱਬਲ ਕਲਾਂ | ... 2.5 | ਕਿਲੋਮੀਟਰ |
| 6. ਮਾਹਲਪੁਰ ਤੋਂ ਨੰਗਲ ਖੁਰਦ ਸਰਕਾਰੀ ਹਾਈ ਸਕੂਲ ਨੰਗਲ ਖੁਰਦ ਤੱਕ | ... 0.5 | ਕਿਲੋਮੀਟਰ |
| 7. ਭਾਮ ਤੋਂ ਰਹੱਲੀ ਬਰਾਸਤਾ ਬੜੌਲਾਂ | ... 2.5 | ਕਿਲੋਮੀਟਰ |
| 8. ਭਾਮ ਤੋਂ ਕੁੱਕੜਾਂ | ... 2.0 | ਕਿਲੋਮੀਟਰ |
| 9. ਦਿਹਾਣਾ ਤੋਂ ਭੁੰਗਰਨੀ | ... 3.0 | ਕਿਲੋਮੀਟਰ |
| 10. ਸਰਹਾਲਾਂ ਕਲਾਂ ਤੋਂ ਖੇਰਨ ਅੱਡਰੋਵਾਲ | ... 2.5 | ਕਿਲੋਮੀਟਰ |
| 11. ਮਜਾਰਾ ਡੀਮਰੀਆਂ ਤੋਂ ਸੂਨੀ | ... 1.5 | ਕਿਲੋਮੀਟਰ |

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ**: ਲੜੀ ਨੰ: 8 ਤੇ ਦਰਸਾਈ ਸੜਕ ਨੂੰ ਛੱਡ ਕੇ ਹੋਰ ਕਿਸੇ ਸੜਕ ਨੂੰ ਮੈਟਲ ਕਰਨ ਦੀ ਕੋਈ ਤਜਵੀਜ਼ ਨਹੀਂ ਹੈ । ਲੜੀ ਨੰ:8-ਭਾਮ ਤੋਂ ਕੁੱਕੜਾਂ ਸੜਕ ਪਹਿਲਾਂ ਹੀ ਬਣੀ ਹੋਈ ਹੈ ਅਤੇ ਇਸ ਦੀ ਸਿਰਫ ਖਾਸ ਮੁਰੰਮਤ ਦੀ ਜ਼ਰੂਰਤ ਹੈ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ**: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਨਿਕਟ ਭਵਿੱਖ ਵਿੱਚ ਇਨ੍ਹਾਂ ਸੜਕਾਂ ਨੂੰ ਬਨਾਉਣ ਦੀ ਕੋਈ ਪਰੋਪੋਜ਼ਲ ਹੈ ਅਤੇ ਕੀ ਇਸ ਸਬੰਧੀ ਕੋਈ ਜਲਦੀ ਫੈਸਲਾ ਲਿਆ ਜਾਵੇਗਾ ?

**ਮੰਤਰੀ**: ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਹੈ ਕਿ ਗੌਰਮਿੰਟ ਨੇ ਇਕ ਫੈਸਲਾ ਕੀਤਾ ਹੋਇਆ ਹੈ ਕਿ ਜਿਹੜੀਆਂ ਵੀ ਕੋਈ ਸੜਕਾਂ ਜਾਂ ਡਿਵੈਲਪਮੈਂਟ ਦਾ ਕੋਈ ਕੰਮ ਹੈ, ਉਹ ਰੂਰਲ ਡਿਵੈਲਪਮੈਂਟ ਬੋਰਡ ਕੋਲ ਜਾਵੇਗਾ । ਪਹਿਲਾਂ ਇਕ ਬਲਾਕ ਲੇਵਲ ਤੇ ਕਮੇਟੀ ਹੈ ਜਿਸਦੇ ਇਹ ਮੈਂਬਰ ਹਨ। ਉਸ ਤੋਂ ਬਾਅਦ ਇਕ ਕਮੇਟੀ ਡਿਸਟ੍ਰਿਕਟ ਲੈਵਲ ਤੇ ਹੈ। ਉਸਦੇ ਵੀ ਇਹ ਮੈਂਬਰ ਹਨ । ਇਸ ਹਾਊਸ ਵਿੱਚ ਤਾਂ ਕੋਈ ਐਸੀ ਗੱਲ ਨਹੀਂ ਕਿ ਅਸੀਂ ਇਸਦਾ ਜਵਾਬ ਦੇਈਏ। ਉਥੇ ਇਨ੍ਹਾਂ ਨੇ ਪਾਸ ਕਰਾ ਲਿਆ ਅਤੇ ਕੰਮ ਨਹੀਂ ਹੋਇਆ, ਫੇਰ ਇਹ ਹਾਊਸ ਕੋਲ ਕੰਪਲੇਂਟ ਕਰ ਸਕਦੇ ਹਨ ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ**: ਸਪੀਕਰ ਸਾਹਿਬ, ਮੈਂ ਇਨ੍ਹਾਂ ਸੜਕਾਂ ਬਾਰੇ ਵਾਰ ਵਾਰ ਰੈਜ਼ੋਲਿਊਸ਼ਨ ਪਿੰਡਾਂ ਦੀਆਂ ਪੰਚਾਇਤਾਂ ਵਲੋਂ ਦਿੱਤੇ ਹਨ ਪਰ ਡਿਸਟ੍ਰਿਕਟ ਪਲਾਨਿੰਗ ਬੋਰਡ ਵਿੱਚ ਕੋਈ ਗੌਰ ਨਹੀਂ ਹੋਇਆ। ਮੈਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਸੜਕਾਂ ਦੇ ਨੀਂਹ ਪੱਥਰ ਰਖੇ ਹਨ, ਕੀ ਉਹ ਪਲਾਨਿੰਗ ਬੋਰਡ ਤੋਂ ਮਨਜ਼ੂਰੀ ਲੈ ਕੇ ਰਖੇ ਗਏ ਹਨ ਅਤੇ ਜਾਂ ਫਿਰ ਪਹਿਲਾਂ ਰੱਖ ਲਏ ਗਏ ਹਨ ਅਤੇ ਬਾਅਦ ਵਿੱਚ ਪਲਾਨਿੰਗ ਬੋਰਡ ਤੋਂ ਮਨਜ਼ੂਰੀ ਲਈ ਗਈ ਹੈ?

**ਸ੍ਰੀ ਸਪੀਕਰ**: ਕਰੀਮਪੁਰੀ ਜੀ, ਮੈਂ ਰਿਕੁਐਸਟ ਕਰਾਂਗਾ ਕਿ ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਜੇ ਤੁਸੀਂ ਕੋਈ ਰਿਪਰੇਜ਼ੈਂਟੇਸ਼ਨਜ਼ ਦਿੱਤੀਆਂ ਹਨ, ਉਨ੍ਹਾਂ ਤੇ ਕੋਈ ਅਮਲ ਨਹੀਂ ਹੋਇਆ ਤਾਂ ਇਥੇ

Original with;
Punjab Vidhan Sabha
Digitized by;
Panjab Digital Library

ਪ੍ਰਆਇੰਟ ਰੇਜ਼ ਕਰ ਸਕਦੇ ਹੋ। ਮੈਂ ਸਰਦਾਰ ਦਿਲਬਾਗ ਸਿੰਘ ਨੂੰ ਕਹਾਂਗਾ ਕਿ ਉਹ ਇਨ੍ਹਾਂ ਦੀ ਗੱਲ ਦਾ ਜਵਾਬ ਦੇ ਦੇਣ।

**ਮੰਤਰੀ**: ਸਪੀਕਰ ਸਾਹਿਬ, ਮੈਂ ਬੇਨਤੀ ਕਰ ਦਿਤੀ ਹੈ ਕਿ ਜੋ ਵੀ ਪਲਾਨਿੰਗ ਬੋਰਡ ਨੇ ਕੀਤਾ, ਉਹੀ ਬਲਾਕ ਪਲਾਨਿੰਗ ਬੋਰਡ ਨੇ ਕੀਤਾ ਅਤੇ ਉਹੀ ਸੜਕਾਂ ਬਣੀਆਂ। ਜਿਨ੍ਹਾਂ ਸੜਕਾਂ ਬਾਰੇ ਇਹ ਕਹਿ ਰਹੇ ਹਨ, ਉਨ੍ਹਾਂ ਬਾਰੇ ਜੇ ਬਲਾਕ ਲੈਵਲ ਤੇ ਕੋਈ ਪ੍ਰਸੀਡਿੰਗ ਆਈ ਹੋਵੇ ਇਨ੍ਹਾਂ ਦੇ ਜ਼ਿਲ੍ਹੇ ਦੀ, ਉਸ ਵਿੱਚ ਕੋਈ ਐਸੀ ਗੱਲ ਹੋਵੇ ਤਾਂ ਇਹ ਮੈਨੂੰ ਦੱਸ ਦੇਣ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ**: ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਇਕ ਸਾਲ ਵਿੱਚ ਤਹਿਸੀਲ ਗੜ੍ਹਸ਼ੰਕਰ ਦੇ ਪਲਾਨਿੰਗ ਬੋਰਡ ਦੀ ਇਕ ਦਫਾ ਮੀਟਿੰਗ ਹੋਈ ਹੈ । ਅਸੀਂ ਜਿਹੜੀਆਂ ਵੀ ਰਿਕੁਮੈਂਡੇਸ਼ਨ ਭੇਜੀਆ, ਉਹ ਏਜੰਡੇ ਵਿੱਚ ਨਹੀਂ ਲਈਆਂ ਗਈਆਂ । ਇਕ ਚੱਕ ਮੂਸਾ ਪਿੰਡ ਹੈ, ਜਿਸ ਨੂੰ ਹਾਲੇ ਤੱਕ ਫਸਟ ਲਿੰਕ ਵੀ ਪਰੋਵਾਈਡ ਨਹੀਂ ਕੀਤੀ ਗਈ। ਹੋਰ ਵੀ ਕਈ ਅਹਿਮ ਪਿੰਡ ਹਨ। ਕੀ ਮੰਤਰੀ ਜੀ ਐਸ਼ੋਰੈਂਸ ਦੇਣਗੇ ਕਿ ਜਲਦੀ ਹੀ ਨਿਕਟ ਭਵਿੱਖ ਵਿੱਚ ਇਨ੍ਹਾਂ ਸੜਕਾਂ ਨੂੰ ਬਣਾਏ ਜਾਣ ਦਾ ਫੈਸਲਾ ਲਿਆ ਜਾਵੇਗਾ ?

**ਮੰਤਰੀ**: ਸਪੀਕਰ ਸਾਹਿਬ, ਮੈਂ ਇਸ ਮੁਤੱਲਕ ਫੇਰ ਬੇਨਤੀ ਕਰ ਦੇਂਦਾ ਹਾਂ ਕਿ ਜਿਹੜੀ ਗੱਲ ਪਲਾਨਿੰਗ ਬੋਰਡ ਨੇ ਕਰਨੀ ਹੈ, ਉਹੀ ਲਾਗੂ ਹੋਣੀ ਹੈ। ਅਜੇ ਤੱਕ ਤਾਂ ਏਸੇ ਤਰ੍ਹਾਂ ਚਲ ਰਿਹਾ ਹੈ। ਜੇ ਅੱਗੋਂ ਕੋਈ ਸਿਸਟਮ ਬਦਲ ਜਾਵੇ ਤਾਂ ਪਤਾ ਨਹੀਂ। ਇਸ ਵਿੱਚ ਕੋਈ ਗੱਲ ਐਸੀ ਨਹੀਂ ਹੈ ਜਿਸਦੇ ਬਾਰੇ ਮੈਂ ਕਹਿ ਸਕਾਂ ਅਤੇ ਐਸ਼ੋਰੈਂਸ ਦੇ ਸਕਾਂ ਕਿ ਬਣਾ ਦਿਆਂਗੇ। ਕਿਉਂਕਿ ਇਸ ਮਾਮਲੇ ਵਿੱਚ ਪਲਾਨਿੰਗ ਬੋਰਡ ਹੀ ਫਾਈਨਲ ਅਥਾਰਿਟੀ ਹੈ।

**ਸ੍ਰੀ ਜਗਦੀਸ਼ ਸਾਹਨੀ**: ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਲਾਨਿੰਗ ਬੋਰਡ ਤੇ ਬੜਾ ਸਟ੍ਰੈਸ ਅਪਾਨ ਕੀਤਾ ਹੈ। ਪਰ ਮੈਂ ਕਹਿੰਦਾ ਹਾਂ ਕਿ ਜੋ ਕੁਝ ਵੀ ਪਲਾਨਿੰਗ ਬੋਰਡ ਵਿੱਚ ਪਾਸ ਹੁੰਦਾ ਹੈ, ਉਹ ਇੰਪਲੀਮੈਂਟ ਨਹੀਂ ਹੁੰਦਾ । ਉਥੇ ਇੰਚਾਰਜ ਆਪਣੀ ਮਰਜ਼ੀ ਕਰੀ ਜਾਂਦੇ ਹਨ। ਜੇ ਪਲਾਨਿੰਗ ਬੋਰਡ ਵਿੱਚ ਹੀ ਕੰਮ ਹੋ ਜਾਂਦਾ ਹੁੰਦਾ ਤਾਂ ਇਹ ਗੱਲ ਹਾਊਸ ਵਿੱਚ ਰੱਖੀ ਹੀ ਕਿਉਂ ਜਾਂਦੀ ?

**ਸ੍ਰੀ ਸਪੀਕਰ**: ਇਨ੍ਹਾਂ ਨੇ ਬੜਾ ਕਲੀਅਰ ਕਰ ਦਿੱਤਾ ਹੈ ਕਿ ਪਲਾਨਿੰਗ ਬੋਰਡ ਦੀ ਅਪਰੂਵਲ ਜ਼ਰੂਰੀ ਬਣਾ ਦਿੱਤੀ ਗਈ ਹੈ। ਪਰੈਜ਼ੈਂਟ ਪੋਜੀਸ਼ਨ ਜੋ ਹੈ, ਉਸਦੇ ਮੁਤਾਬਿਕ ਪਲਾਨਿੰਗ ਬੋਰਡ ਰਾਹੀਂ ਤੁਹਾਡੀਆਂ ਐਪਲੀਕੇਸ਼ਨਜ਼ ਜ਼ਰੂਰ ਆਉਣੀਆਂ ਚਾਹੀਦੀਆਂ ਹਨ ।

**ਸ੍ਰੀ ਜਗਦੀਸ਼ ਸਾਹਨੀ**: ਸਪੀਕਰ ਸਾਹਿਬ, ਮੇਨ ਚੀਜ਼ ਤਾਂ ਅਸ਼ੋਰੈਂਸ ਹੁੰਦੀ ਹੈ । ਅੱਜ ਮੰਤਰੀ ਜੀ ਨੇ ਇਥੇ ਕਿਹਾ ਹੈ ਕਿ ਪਲੈਨਿੰਗ ਬੋਰਡ ਦੇ ਥਰੂ ਇਹ ਕੰਮ ਹੁੰਦਾ ਹੈ । ਪਲੈਨਿੰਗ ਬੋਰਡ ਤੋਂ ਤਾਂ ਅਸ਼ੋਰੈਂਸ ਸਾਨੂੰ ਮਿਲਣੀ ਨਹੀਂ । ਉਥੇ ਆਪੋਜੀਸ਼ਨ ਦੇ ਮੈਂਬਰਾਂ ਦੀ ਤਾਂ ਕੋਈ ਗੱਲ ਹੁੰਦੀ ਨਹੀਂ ਲੇਕਿਨ ਜਿਹੜੀ ਚੀਜ਼ ਪਲੈਨਿੰਗ ਬੋਰਡ ਵਿਚ ਪਾਸ ਹੁੰਦੀ ਵੀ ਹੈ, ਉਹ ਵੀ ਇੰਪਲੀਮੈਂਟ ਨਹੀਂ ਹੁੰਦੀ ਇਹੋ ਐਸ਼ੋਰੈਂਸ ਅਸੀਂ ਮੰਗਦੇ ਹਾਂ। ਮੰਤਰੀ ਜੀ ਸਾਨੂੰ ਅਸ਼ੋਰੈਂਸ ਦੇ ਦੇਣ ਕਿ ਜੋ ਪਲੈਨਿੰਗ ਬੋਰਡ ਵਿੱਚੋਂ ਪਾਸ ਹੋਵੇਗਾ, ਉਸ ਦੇ ਮੁਤਾਬਿਕ ਕੰਮ ਹੋਵੇਗਾ। ਆਮ ਤੌਰ ਤੇ ਉਸ ਦੇ ਮੁਤਾਬਿਕ ਕੰਮ ਨਹੀਂ ਹੁੰਦਾ ਜੋ ਉਥੇ ਪਾਸ ਹੁੰਦਾ ਹੈ। ਮੰਤਰੀ ਜੀ ਸਾਰੀ ਆਪਣੀ ਮਰਜ਼ੀ ਕਰਦੇ ਹਨ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਸਾਡੇ ਡਿਸ-ਟ੍ਰਿਕਟ ਦੇ ਪਲੈਨਿੰਗ ਬੋਰਡ ਦੇ ਚੇਅਰਮੈਨ ਵੀ ਹਨ। ਇਹ ਇੰਨੀ ਹੀ ਅਸ਼ੋਰੈਂਸ ਦੇ ਦੇਣ ਕਿ ਅੱਗੇ ਤੋਂ ਪਲੈਨਿੰਗ ਬੋਰਡ ਦੇ ਵਿਚੋਂ ਜਿਹੜੀ ਵੀ ਡਿਵੈਲਪਮੈਂਟ ਦੀ ਮਨਜ਼ੂਰੀ ਮਿਲੇਗੀ, ਮਨਜ਼ੂਰੀ ਮਿਲਣ ਤੋਂ ਬਾਦ ਹੀ ਉਸ ਕੰਮ ਦਾ ਨੀਂਹ ਪੱਥਰ ਰੱਖਿਆ ਜਾਵੇਗਾ। ਪਹਿਲਾਂ ਨੀਹ ਪੱਥਰ ਰੱਖ ਕੇ ਬਾਦ ਵਿਚ.........।

**ਸ੍ਰੀ ਸਪੀਕਰ** : ਤੁਹਾਡੇ ਸਵਾਲ ਵਿਚੋਂ ਸਪਲੀਮੈਂਟਰੀ ਨਹੀਂ ਨਿਕਲਦੀ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਇਕ ਮਜਾਰਾ ਡਿਗਰੀਆਂ ਤੋਂ ਸੁੰਨੀ ਸੜਕ ਹੈ। ਜਿਸ ਵੇਲੇ ਪੰਜਾਬ ਦੇ ਵਿਚ ਕਾਂਗਰਸ ਵੱਲੋਂ ਜਨ ਸੰਪਰਕ ਮੁਹਿੰਮ ਚਲਾਈ ਗਈ ਸੀ, ਉਸ ਵੇਲੇ ਉਸ ਪਿੰਡ ਵਿਚ ਬਾਕਾਇਦਾ ਇਸ ਦੇ ਵਾਸਤੇ ਅਨਾਊਂਸ ਕੀਤਾ ਗਿਆ ਸੀ। ਜਿਹੜਾ ਉਸ ਨਗਰ ਵਿਚ ਅਨਾਊਂਸ ਕੀਤਾ ਗਿਆ ਸੀ ਇਹ ਮੰਤਰੀ ਜੀ ਉਸ ਅਨਾਊਂਸਮੈਂਟ ਨੂੰ ਪੂਰਾ ਕਰਨ ਦੀ ਅਸ਼ੋਰੈਂਸ ਹੀ ਦੇ ਦੇਣ।

**ਸ੍ਰੀ ਸਪੀਕਰ** : ਜੇ ਇਹ ਅਸ਼ੋਰੈਂਸ ਦੇ ਵੀ ਦੇਣ ਤਾਂ ਵੀ ਇਹ ਉਸੇ ਪਲੈਨਿੰਗ ਬੋਰਡ ਦੇ ਵਿੱਚੋਂ ਹੀ ਰੂਟ ਥਰੂ ਹੋਵੇਗੀ। ਅਗਲਾ ਸਵਾਲ, ਸ੍ਰੀ ਗੁਰਪਾਲ ਚੰਦ ਜੀ।

---

## ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪ੍ਰਾਇਮਰੀ ਸਕੂਲਾਂ ਤੋਂ ਬਿਨਾਂ ਪਿੰਡ

*911. **ਸ੍ਰੀ ਗੁਰਪਾਲ ਚੰਦ ਸਰੋਆ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :--

(ੳ) ਜ਼ਿਲ੍ਹਾ ਹੁਸ਼ਿਆਰਪੁਰ ਵਿਚ ਇਸ ਸਮੇਂ ਕਿੰਨੇ ਪਿੰਡ ਹਨ ਜਿਥੇ ਕੋਈ ਵੀ ਪ੍ਰਾਇਮਰੀ ਸਕੂਲ ਨਹੀਂ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਪਿੰਡਾਂ ਵਿਚ ਪ੍ਰਾਇਮਰੀ ਸਕੂਲ ਕਿੰਨੇ ਸਮੇਂ ਤਕ ਖੋਲ੍ਹੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਹਰਨਾਮ ਦਾਸ ਜੌਹਰ** : (ੳ) ਹੁਸ਼ਿਆਰਪੁਰ ਜ਼ਿਲ੍ਹੇ ਵਿੱਚ 216 ਪਿੰਡ ਹਨ ਜਿਹੜੇ ਪ੍ਰਾਇਮਰੀ ਸਕੂਲਾਂ ਤੋਂ ਬਿਨਾਂ ਹਨ।

(ਅ) ਉਕਤ ਪਿੰਡਾਂ ਵਿੱਚ ਪ੍ਰਾਇਮਰੀ ਸਕੂਲਾਂ ਨੂੰ ਖੋਲ੍ਹਣ ਲਈ ਲੋੜ ਅਨੁਸਾਰ ਘੋਖਿਆ ਜਾਵੇਗਾ।

**ਸ੍ਰੀ ਸਪੀਕਰ** : ਸਵਾਲਾਂ ਦਾ ਆਰਡਰ ਭੁਲੇਖੇ ਨਾਲ ਚੇਂਜ ਹੋ ਗਿਆ ਹੈ। ਹੁਣ ਕਿਉਂਕਿ ਮੰਤਰੀ ਜੀ ਨੇ ਜਵਾਬ ਦੇ ਦਿਤਾ ਹੈ। ਇਸ ਕਰਕੇ ਜਿਹੜਾ ਸਵਾਲ ਰਹਿ ਗਿਆ ਹੈ, ਉਹ ਮੈਂ ਹੁਣ ਬਾਅਦ ਵਿਚ ਕਾਲ ਅਪਾਨ ਕਰ ਲਵਾਂਗਾ।

**ਸ੍ਰੀ ਗੁਰਪਾਲ ਚੰਦ ਸਰੋਆ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜਿਨ੍ਹਾਂ ਪਿੰਡਾਂ ਵਿਚ ਅਜੇ ਤੱਕ ਪ੍ਰਾਇਮਰੀ ਸਕੂਲ ਨਹੀਂ ਬਣੇ, ਉਨ੍ਹਾਂ ਪਿੰਡਾਂ ਵਿਚ ਕਦੋਂ ਤੱਕ ਪ੍ਰਾਇਮਰੀ ਸਕੂਲ ਬਣ ਜਾਣਗੇ ? ਜਿਸ ਤਰ੍ਹਾਂ ਡੋਗਰ ਮੁੰਡੀਆਂ, ਕੈਂਬਪੁਰ ਅਤੇ ਕਈ ਹੋਰ ਅਜਿਹੇ ਪਿੰਡ ਹਨ ਜਿਨ੍ਹਾਂ ਵਿਚ ਅਜੇ ਤੱਕ ਵੀ ਪ੍ਰਾਇਮਰੀ ਸਕੂਲ ਨਹੀਂ ਹਨ। ਉਥੋਂ ਦੇ ਬੱਚਿਆਂ ਨੂੰ 2-2 ਕਿਲੋਮੀਟਰ ਤੋਂ ਵੀ ਜ਼ਿਆਦਾ ਦੂਰ ਪੜ੍ਹਨ ਵਾਸਤੇ ਜਾਣਾ ਪੈਂਦਾ ਹੈ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੌਜੂਦਾ ਸਮੇਂ ਵਿਚ ਇਕ ਕਿਲੋਮੀਟਰ ਤੋਂ ਜ਼ਿਆਦਾ ਕਿਸੇ ਵੀ ਬੱਚੇ ਨੂੰ ਪ੍ਰਾਇਮਰੀ ਸਕੂਲ ਵਿਚ ਜਾਣ ਵਾਸਤੇ ਤੁਰਨਾ ਨਹੀਂ ਪੈਂਦਾ ਔਰ ਪੰਜਾਬ ਵਿਚ ਜਿਥੇ ਵੀ ਇਸ ਦੀ ਡੀਮਾਂਡ ਹੋਵੇਗੀ, ਉਸ ਨੂੰ ਘੋਖ ਕੇ ਉਥੇ ਸਕੂਲ ਖੋਲ੍ਹ ਦਿੱਤਾ ਜਾਵੇਗਾ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ ,ਨਵੇਂ ਬਜਟ ਵਿਚ ਇਨ੍ਹਾਂ ਨੇ 200 ਪ੍ਰਾਇਮਰੀ ਸਕੂਲਾਂ ਨੂੰ ਅਪਗਰੇਡ ਕਰਨ ਦੀ ਗੱਲ ਤਾਂ ਕਰ ਦਿੱਤੀ ਹੈ ਲੇਕਿਨ ਇਕ ਵੀ ਨਵਾ ਪ੍ਰਾਇਮਰੀ ਸਕੂਲ ਖੋਲ੍ਹਣ ਦੀ ਗੱਲ ਨਹੀਂ ਕੀਤੀ ਗਈ। 216 ਪਿੰਡਾਂ ਵਿਚ ਜਿਥੇ ਸਕੂਲ ਨਹੀਂ ਹੈ, ਉਥੋਂ ਦੇ ਬੱਚਿਆਂ ਵਾਸਤੇ ਕੀ ਇਹ ਇਸ ਸਾਲ ਵਿਚ ਕੁੱਝ ਕਰਨ ਦਾ ਵਿਚਾਰ ਰੱਖਦੇ ਹਨ ਜਾਂ ਨਹੀਂ ? ਕੀ 4-5 ਸਾਲ ਦਾ ਬੱਚਾ ਇਕ ਕਿਲੋਮੀਟਰ ਤੁਰ ਕੇ ਜਾ ਸਕਦਾ ਹੈ? ਇਹ ਕਦੇ ਸਿੱਖਿਆ ਮੰਤਰੀ ਜਾਂ ਸਰਕਾਰ ਨੇ ਸੋਚਿਆ ਹੈ ?

**ਸ੍ਰੀ ਸਪੀਕਰ** : ਮੰਤਰੀ ਜੀ ਨੇ ਦੱਸਿਆ ਹੈ ਕਿ ਇਕ ਕਿਲੋਮੀਟਰ ਤੋਂ ਜ਼ਿਆਦਾ ਕਿਸੇ ਬੱਚੇ ਨੂੰ ਵੀ ਟਰੈਵਲ ਨਹੀਂ ਕਰਨਾ ਪੈਂਦਾ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਜਿੰਨੇ ਮੈਂਬਰ ਅਸੀਂ ਇਥੇ ਬੈਠੇ ਹਾਂ; ਕੀ ਸਾਡੇ ਬੱਚੇ ਇਕ ਮੀਲ ਤੁਰ ਕੇ ਜਾਂਦੇ ਹਨ ? ਸਾਰਿਆਂ ਦੇ ਬੱਚੇ ਤਾਂ ਕਾਰਾਂ ਵਿਚ ਨਹੀਂ ਜਾ ਸਕਦੇ।

**ਸ੍ਰੀ ਸਪੀਕਰ** : ਇਨ੍ਹਾਂ ਨੇ ਇਹ ਕਿਹਾ ਹੈ ਕਿ ਹਰ ਪਿੰਡ ਦਾ ਇੰਡਵਿਜੂਅਲ ਕੇਸ ਅਸੀਂ ਦੇਖ ਲਵਾਂਗੇ ਅਤੇ ਜਿਥੇ ਕਿਤੇ ਜ਼ਰੂਰਤ ਹੋਵੇਗੀ ਤਾਂ ਉਥੇ ਸਕੂਲ ਖੋਲ੍ਹ ਦਿੱਤਾ ਜਾਵੇਗਾ। ਇਨ੍ਹਾਂ ਨੇ ਇਹ ਐਸ਼ੋਰੈਂਸ ਦਿੱਤੀ ਹੈ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਇਸ ਸਾਲ ਦੇ ਵਿਚ ਜਿਨ੍ਹਾਂ 216 ਪਿੰਡਾਂ ਵਿਚ ਪ੍ਰਾਇਮਰੀ ਸਕੂਲ ਨਹੀਂ ਹਨ, ਉਨ੍ਹਾਂ ਪਿੰਡਾਂ ਵਿਚ ਇਹ ਕੋਈ ਸਕੂਲ ਖੋਲ੍ਹਣ ਦਾ ਵਿਚਾਰ ਰੱਖਦੇ ਹਨ? ਜੇ ਹਰ ਪਿੰਡ ਦਾ ਕੇਸ ਵੇਖਣਾ ਹੈ ਤਾਂ ਕੀ ਹਰ ਪਿੰਡ ਵਿਚ ਬੱਚੇ ਨਹੀਂ ਹੁੰਦੇ? ਜੇ ਹੁੰਦੇ ਹਨ ਤਾਂ ਕੀ ਪਿੰਡ ਵਿਚ ਸਕੂਲ ਨਹੀਂ ਖੋਲ੍ਹਿਆ ਜਾਣਾ ਚਾਹੀਦਾ ?

**ਸ੍ਰੀ ਸਪੀਕਰ** : ਬਹੁਤ ਸਾਰੇ ਪਿੰਡ ਤਾਂ ਬਸਤੀਆਂ ਹੀ ਹੁੰਦੀਆਂ ਹਨ । ਤੁਹਾਡਾ ਸਵਾਲ ਸਪਲੀਮੈਂਟਰੀ ਨਹੀਂ ਬਣਦਾ।

**ਸ੍ਰੀ ਗੁਰਪਾਲ ਚੰਦ ਸਰੋਆ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਆਸ਼ਵਾਸਨ ਲੈਣਾ ਚਾਹੁੰਦਾ ਹਾਂ ਕਿ ਇਹ ਸਕੂਲ ਕਦੋਂ ਤੱਕ ਖੋਲ੍ਹੇ ਜਾਣਗੇ? ਇਸ ਲਈ ਕੋਈ ਨਾ ਕੋਈ ਡੇਟ-ਬਾਊਂਡ ਕੀਤੀ ਜਾਵੇ ।

**ਮੰਤਰੀ** : ਸਪੀਕਰ ਸਾਹਿਬ, ਮੈਂ ਨਿਮਰਤਾ ਸਹਿਤ ਦੱਸਿਆ ਸੀ ਔਰ ਹਰ ਚੀਜ਼ ਬੜੀ ਕਲੀਅਰ ਕੀਤੀ ਸੀ ਕਿ ਸਾਡੀ ਸਰਕਾਰ ਦੀ ਪਾਲਿਸੀ ਹੈ ਕਿ ਹਰ ਜਗ੍ਹਾ ਤਾਲੀਮ ਹੋਵੇ। ਜਿੱਥੇ ਲੋੜ ਹੋਏਗੀ ਔਰ ਮਿਨੀਮਮ ਕਰਾਈਟੇਰੀਆ ਜੋ ਮੁਕਰਰ ਹੈ, ਉਸਤੇ ਉਹ ਪੂਰਾ ਉਤਰੇਗਾ ਤਾਂ ਹਰ ਹਾਲਤ ਵਿੱਚ ਪ੍ਰਾਇਮਰੀ ਸਕੂਲ ਖੋਲ੍ਹ ਦਿੱਤੇ ਜਾਣਗੇ।

**ਸਰਦਾਰ ਜਸਬੀਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਿੱਖਿਆ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ 216 ਪਿੰਡ ਅਜਿਹੇ ਹਨ ਜਿਨ੍ਹਾਂ ਦੇ ਵਿੱਚ ਅਜੇ ਤੱਕ ਪ੍ਰਾਇਮਰੀ ਸਕੂਲ ਵੀ ਨਹੀਂ ਹਨ। ਇਸ ਦੇ ਕੀ ਕਾਰਣ ਹਨ, ਜਿਨ੍ਹਾਂ ਕਰਕੇ ਅਜੇ ਤੱਕ ਉਥੇ ਪ੍ਰਾਇਮਰੀ ਸਕੂਲ ਵੀ ਨਹੀਂ ਖੋਲ੍ਹੇ ਗਏ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਹੁਸ਼ਿਆਰਪੁਰ ਜ਼ਿਲ੍ਹੇ ਵਿੱਚ 1426 ਪ੍ਰਾਇਮਰੀ ਸਕੂਲ ਹਨ ਜੋ ਕਿ ਬਹੁਤ ਜ਼ਿਆਦਾ ਹਨ। ਲੇਕਿਨ ਜਿਹੜੇ ਪਿੰਡਾਂ ਦੀ ਗਿਣਤੀ ਮੈਂ ਦਿੱਤੀ ਹੈ, ਇਹ ਬਹੁਤ ਹੀ ਛੋਟੇ ਛੋਟੇ ਪਿੰਡ ਹਨ ਜਿਨ੍ਹਾਂ ਦੀ ਆਬਾਦੀ ਬਹੁਤ ਘੱਟ ਹੈ। ਕਿਸੇ ਪਿੰਡ ਦੀ ਆਬਾਦੀ 7 ਹੈ, ਕਿਸੇ ਦੀ 12 ਜਾਂ 13 ਹੈ। ਇਸ ਕਰਕੇ ਉਨ੍ਹਾਂ ਪਿੰਡਾਂ ਵਿੱਚ ਹਾਲੇ ਤੱਕ ਸਕੂਲ ਨਹੀਂ ਖੋਲ੍ਹੇ ਗਏ। ਲੇਕਿਨ ਜਿਸ ਤਰ੍ਹਾਂ ਮੈਂ ਅਰਜ਼ ਕਰ ਰਿਹਾ ਹਾਂ ਕਿ ਜੇ ਉਨ੍ਹਾਂ ਦੀ ਆਬਾਦੀ ਦਾ ਕਰਾਇਟਰੀਆ ਪੂਰਾ ਹੋ ਜਾਵੇਗਾ ਤਾਂ ਉਸ ਤੇ ਵਿਚਾਰ ਕਰਕੇ ਜ਼ਰੂਰ ਖੋਲ੍ਹ ਦਿੱਤੇ ਜਾਣਗੇ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਪੀਕਰ ਸਾਹਿਬ, ਸਿੱਖਿਆ ਮੰਤਰੀ ਜੀ ਨੇ ਜਿਹੜਾ ਭਰੋਸਾ ਦਿਵਾਇਆ ਹੈ ਉਹ ਪ੍ਰਾਇਮਰੀ, ਮੁੱਢਲੀ ਐਜੂਕੇਸ਼ਨ ਦੇ ਰੂਲਜ਼ ਦੇ ਅਗੇਂਸਟ ਹੈ। ਪਰ ਫਿਰ ਵੀ ਮੈਂ ਮੰਤਰੀ ਜੀ ਤੋਂ ਇਹ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਜਿੱਥੇ 216 ਪਿੰਡ ਅਜਿਹੇ ਹਨ ਜਿੱਥੇ ਕਿ ਪ੍ਰਾਇਮਰੀ ਸਕੂਲ ਵੀ ਨਹੀਂ ਹਨ। ਕੀ ਸਾਡੀ ਸਰਕਾਰ ਦਾ ਇਸ ਤਰ੍ਹਾਂ ਦਾ ਕੋਈ ਪਰੋਗਰਾਮ ਹੈ ਕਿ ਅਸੀਂ ਘੱਟ ਤੋਂ ਘੱਟ ਮੁਢਲੀ ਐਜੂਕੇਸ਼ਨ ਹਰ ਪਿੰਡ ਪੱਧਰ ਤੱਕ ਫੈਲਾਉਣੀ ਹੈ। ਮੰਤਰੀ ਜੀ ਨੇ ਕਿਹਾ ਹੈ ਕਿ ਪਿੰਡਾਂ ਵਿੱਚ ਬੱਚਿਆਂ ਨੂੰ ਇਕ ਮੀਲ ਤੋਂ ਦੂਰ ਸਕੂਲ ਜਾਣ ਲਈ ਨਹੀਂ ਤੁਰਨਾ ਪੈਂਦਾ। ਇਸ ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਨਾਜਰਪੁਰ ਪਿੰਡ ਹੈ। ਇਸ ਪਿੰਡ ਦੇ ਨੇੜੇ ਕੋਈ ਵੀ ਸਕੂਲ ਨਹੀਂ ਹੈ ਔਰ ਪਿੰਡ ਦੇ ਬੱਚਿਆਂ ਨੂੰ ਕਿੰਨੀ ਕਿੰਨੀ ਦੂਰ ਤੱਕ ਪ੍ਰਾਇਮਰੀ ਐਜੂਕੇਸ਼ਨ ਲੈਣ ਵਾਸਤੇ ਜਾਣਾ ਪੈਂਦਾ ਹੈ। ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਅਜਿਹੇ ਪਿੰਡਾਂ ਵਿੱਚ ਜਲਦੀ ਪ੍ਰਾਇਮਰੀ ਸਕੂਲ ਖੋਲ੍ਹ ਦਿੱਤੇ ਜਾਣਗੇ?

**ਸ੍ਰੀ ਸਪੀਕਰ :** ਕਰੀਮਪੁਰੀ ਜੀ, ਉਨ੍ਹਾਂ ਨੇ ਇਹ ਗੱਲ ਕਲੀਅਰ ਕਰ ਦਿੱਤੀ ਹੈ। ਇਹ ਰੈਪੀਟੀਸ਼ਨ ਹੀ ਹੋਵੇਗੀ।

---

## ਰਾਜ ਵਿੱਚ ਆਯੁਰਵੈਦਿਕ ਪ੍ਰਣਾਲੀ ਦਾ ਵਿਸਤਾਰ

***903. ਸਰਦਾਰ ਰਾਜ ਸਿੰਘ ਖੇੜੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਇਲਾਜ ਦੀ ਆਯੁਰਵੈਦਿਕ ਪ੍ਰਣਾਲੀ ਲਈ ਸਾਲ 1992-93 ਅਤੇ 1993-94 ਦੇ ਦੌਰਾਨ ਬਜਟ ਵਿਚ ਕੁੱਲ ਕਿੰਨੀ ਕਿੰਨੀ ਰਕਮ ਰੱਖੀ ਗਈ ;

(ਅ) ਇਸ ਸਮੇਂ ਰਾਜ ਵਿਚ ਮੌਜੂਦਾ ਆਯੁਰਵੈਦਿਕ ਡਿਸਪੈਂਸਰੀਆਂ ਦੀ ਕੁਲ ਗਿਣਤੀ ਕਿੰਨੀ ਹੈ ਅਤੇ ਚਾਲੂ/ਅਗਲੇ ਮਾਲੀ ਸਾਲ ਦੇ ਦੌਰਾਨ ਕਿੰਨੀਆਂ ਨਵੀਆਂ ਆਯੁਰ-ਵੈਦਿਕ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਹੈ ;

(ੲ) ਕੀ ਮੌਜੂਦਾ ਆਯੁਰਵੈਦਿਕ ਡਿਸਪੈਂਸਰੀਆਂ ਉਚਿਤ ਇਮਾਰਤਾਂ ਵਿਚ ਸਥਿਤ ਹਨ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

**ਸਰਦਾਰ ਲਾਲ ਸਿੰਘ :** (ੳ) ਰਾਜ ਵਿਚ ਇਲਾਜ ਦੀ ਆਯੁਰਵੈਦਿਕ ਪ੍ਰਣਾਲੀ ਲਈ ਹੇਠ ਲਿਖੇ ਅਨੁਸਾਰ ਬਜਟ ਉਪਬੰਧ ਹੈ :—

| ਸਾਲ | | ਰਕਮ |
|---|---|---|
| 1992-93 | ... | ਰੁ: 10,30,89,000 |
| 1993-94 | ... | ਰੁ: 11,57,65,000 |

Original with;
Punjab Vidhan Sabha
Digitized by;
Panjab Digital Library

(ਅ) ਇਸ ਸਮੇਂ ਰਾਜ ਵਿੱਚ ਮੌਜੂਦਾ ਆਯੁਰਵੈਦਿਕ ਡਿਸਪੈਂਸਰੀਆਂ ਦੀ ਕੁੱਲ ਗਿਣਤੀ 480 ਹੈ। ਚਾਲੂ ਮਾਲੀ ਸਾਲ 1992-93 ਦੌਰਾਨ ਨਵੀਆਂ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਨਹੀਂ ਹੈ। ਅਗਲੇ ਮਾਲੀ ਸਾਲ 1993-94 ਦੌਰਾਨ 20 ਨਵੀਆਂ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਹੈ ;

(ੲ) 170 ਆਯੁਰਵੈਦਿਕ ਡਿਸਪੈਂਸਰੀਆਂ ਉਚਿਤ ਇਮਾਰਤਾਂ ਵਿੱਚ ਸਥਿਤ ਹਨ, ਜਿਨ੍ਹਾਂ ਦਾ ਜ਼ਿਲ੍ਹਾਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਜ਼ਿਲ੍ਹੇ ਦਾ ਨਾਂਮ | | ਡਿਸਪੈਂਸਰੀਆਂ ਦੀ ਗਿਣਤੀ |
|---|---|---|---|
| 1 | ਅੰਮ੍ਰਿਤਸਰ | ... | 7 |
| 2 | ਬਠਿੰਡਾ | ... | 23 |
| 3 | ਫਰੀਦਕੋਟ | ... | 14 |
| 4 | ਫਤਿਹਗੜ੍ਹ ਸਾਹਿਬ | ... | 1 |
| 5 | ਫਿਰੋਜ਼ਪੁਰ | ... | 10 |
| 6 | ਗੁਰਦਾਸਪੁਰ | ... | 11 |
| 7 | ਹੁਸ਼ਿਆਰਪੁਰ | ... | 13 |
| 8 | ਜਲੰਧਰ | ... | 12 |
| 9 | ਕਪੂਰਥਲਾ | ... | 3 |
| 10 | ਲੁਧਿਆਣਾ | ... | 28 |
| 11 | ਮਾਨਸਾ | ... | 10 |
| 12 | ਪਟਿਆਲਾ | ... | 4 |
| 13 | ਰੋਪੜ | ... | 21 |
| 14 | ਸੰਗਰੂਰ | ... | 12 |
| | ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ | ... | 1 |
| | ਜੋੜ | ... | 170 |

Original with;
Punjab Vidhan Sabha
Digitized by;
Panjab Digital Library

**ਸਰਦਾਰ ਰਾਜ ਸਿੰਘ ਖੇੜੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਤੱਕ ਜੋ ਆਯੁਰਵੈਦਿਕ ਪ੍ਰਣਾਲੀ ਪੰਜਾਬ ਵਿੱਚ ਚੱਲ ਰਹੀ ਹੈ, ਉਸ ਦੇ ਮੁਤਾਬਿਕ ਰੋਜ਼ਾਨਾ ਜਿਹੜੀ ਦਵਾਈ ਦਿੱਤੀ ਜਾਂਦੀ ਹੈ, ਉਹ 9 ਰੁਪਏ ਦੀ ਬਣਦੀ ਹੈ। ਭਾਵੇਂ ਡਿਸਪੈਂਸਰੀ ਵਿੱਚ 100 ਮਰੀਜ਼ ਆ ਜਾਣ ਅਤੇ ਭਾਵੇਂ 50 ਮਰੀਜ਼ ਇਹ ਜਿਹੜੇ 9 ਰੁਪਏ ਰੋਜ਼ਾਨਾ ਇਕ ਡਿਸਪੈਂਸਰੀ ਵਿੱਚ ਡਿਸਟਰੀਬਿਊਟ ਕੀਤੇ ਜਾਂਦੇ ਹਨ, ਕੀ ਮੰਤਰੀ ਜੀ ਇਸ ਨੂੰ ਹੋਰ ਅੱਗੇ ਵਧਾਉਣ ਦਾ ਕੋਈ ਪ੍ਰੋਗਰਾਮ ਬਣਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਮੈਂਬਰ ਸਾਹਿਬ ਨੇ ਸਵਾਲ ਪੁਛਿਆ ਸੀ, ਉਸਦਾ ਬੜੇ ਡਿਟੇਲ ਨਾਲ ਮੈਂ ਜਵਾਬ ਦੇ ਦਿੱਤਾ ਹੈ। ਜਿਹੜੀ ਵੀ ਕੁੱਲ ਰਕਮ ਰੱਖੀ ਜਾਂਦੀ ਹੈ, ਉਸ ਦੇ ਵਿਚੋਂ ਹੀ ਡਿਸਟਰੀਬਿਊਟ ਕੀਤੀ ਜਾਂਦੀ ਹੈ। ਉਸ ਤੋਂ ਇਲਾਵਾ ਹੋਰ ਹੋ ਹੀ ਨਹੀਂ ਸਕਦੀ।

**ਸਰਦਾਰ ਜਗਤਾਰ ਸਿੰਘ ਮੁਲਤਾਨੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਪੂਰਥਲਾ ਜ਼ਿਲ੍ਹੇ ਵਿੱਚ ਕੇਵਲ 3 ਹੀ ਡਿਸਪੈਂਸਰੀਆਂ ਹਨ। ਅਸੀਂ ਇਕ ਕੇਸ ਭੇਜਿਆ ਸੀ, ਪਿੰਡ ਰਾਏਪੁਰ ਰਾਈਆਂ ਅਤੇ ਅਕਬਰਪੁਰ, ਬਲਾਕ ਨਡਾਲਾ ਦਾ। ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਉਥੇ ਸਾਲ 1993-94 ਵਿੱਚ ਡਿਸਪੈਂਸਰੀ ਖੋਲ੍ਹ ਦੇਣਗੇ ?

**ਸ੍ਰੀ ਸਪੀਕਰ** : ਇਸ ਬਾਰੇ ਤੁਸੀਂ ਸੈਪਰੇਟ ਸਵਾਲ ਦੇ ਦਿਓ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਮੰਤਰੀ ਜੀ ਨੇ ਡਿਸਟ੍ਰਿਕਟ ਵਾਈਜ਼ ਡਿਸਪੈਂਸਰੀਆਂ ਦੀ ਸੂਚੀ ਦੱਸੀ ਹੈ ਅਤੇ ਉਨ੍ਹਾਂ ਦੇ ਨਾਲ ਉਨ੍ਹਾਂ ਦੀਆਂ ਇਮਾਰਤਾਂ ਬਾਰੇ ਵੀ ਗੱਲ ਕੀਤੀ ਹੈ, ਕੀ ਮੰਤਰੀ ਜੀ ਇਸ ਗੱਲ ਨੂੰ ਯਕੀਨਨ ਕਹਿੰਦੇ ਹਨ ਕਿ ਉਹ ਜਿਹੜੀਆਂ ਡਿਸਪੈਂਸਰੀਆਂ ਚਲ ਰਹੀਆਂ ਹਨ, ਉਨ੍ਹਾਂ ਦੀਆਂ ਇਮਾਰਤਾਂ ਠੀਕ ਹਨ ?

**ਮੰਤਰੀ** : ਸਪੀਕਰ ਸਾਹਿਬ, ਸਾਰੇ ਪੰਜਾਬ ਵਿਚ ਆਯੁਰਵੈਦਿਕ ਡਿਸਪੈਂਸਰੀਆਂ ਦੀ ਗਿਣਤੀ 480 ਹੈ। ਮੈਂ ਕੇਵਲ 170 ਡਿਸਪੈਂਸਰੀਆਂ ਦੀਆਂ ਇਮਾਰਤਾਂ ਦੇ ਬਾਰੇ ਹੀ ਗੱਲ ਕੀਤੀ ਹੈ ਕਿ ਉਹ ਇਮਾਰਤਾਂ ਉਚਿਤ ਹਨ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਪੀਕਰ ਸਾਹਿਬ, ਡਿਸਟ੍ਰਿਕਟ ਫਰੀਦਕੋਟ ਵਿੱਚ ਇਕ ਡਿਸਪੈਂਸਰੀ ਹੈ ਅਤੇ ਉਸ ਦੀ ਹਾਲਤ ਇਸ ਵੇਲੇ ਬੜੀ ਖਸਤਾ ਹੈ। ਮਗਰ ਜਿਸ ਤਰ੍ਹਾਂ ਮੰਤਰੀ ਜੀ ਨੇ ਕਿਹਾ ਹੈ ਕਿ ਦਰੁਸਤੀ ਕਰ ਰਹੇ ਹਾਂ। ਇਹ ਇਸ ਨੂੰ ਕਿੰਨੇ ਸਮੇਂ ਦੇ ਵਿੱਚ ਦਰੁਸਤ ਕਰਕੇ ਕੰਮ ਕਰਨ ਵਾਲੀ ਬਣਾ ਦੇਣਗੇ।

**ਸ੍ਰੀ ਸਪੀਕਰ** : ਸੈਪਰੇਟ ਸਵਾਲ ਕਰ ਦਿਓ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਦੱਸਿਆ ਹੈ ਕਿ ਰਾਜ ਵਿੱਚ ਕੁੱਲ 480 ਡਿਸਪੈਂਸਰੀਆਂ ਹਨ ਅਤੇ ਉਨ੍ਹਾਂ ਵਿਚੋਂ 170 ਡਿਸਪੈਂਸਰੀਆਂ ਦੀਆਂ ਇਮਾਰਤਾਂ ਉਚਿਤ ਹਨ। ਇਸ ਤਰ੍ਹਾਂ ਜਿਹੜੀਆਂ ਬਾਕੀ 310 ਡਿਸਪੈਂਸਰੀਆਂ ਹਨ ਉਨ੍ਹਾਂ ਦੀਆਂ ਇਮਾਰਤਾਂ ਅਣਉਚਿਤ ਹਨ। ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਉਨ੍ਹਾਂ ਵਾਸਤੇ ਵੀ ਉਚਿਤ ਇਮਾਰਤਾਂ ਬਣਾਈਆਂ ਜਾਣਗੀਆਂ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ 480 ਡਿਸਪੈਂਸਰੀਆਂ ਰਾਜ ਵਿਚ ਚਲ ਰਹੀਆਂ ਹਨ, ਉਨ੍ਹਾਂ ਵਿਚੋਂ ਕਿਸੇ ਦੀ ਵੀ ਇਮਾਰਤ ਸਾਡੀ ਨਹੀਂ ਹੈ। ਡਿਸਪੈਂਸਰੀਆਂ ਵਾਸਤੇ ਪਿੰਡਾਂ ਵਿੱਚ ਪੰਚਾਇਤਾਂ ਲਿਖ ਕੇ ਦੇਂਦੀਆਂ ਹਨ ਕਿ ਅਸੀਂ ਇਮਾਰਤ ਦਾ ਆਪ ਪ੍ਰਬੰਧ ਕਰਾਂਗੇ। ਇਸੇ ਤਰ੍ਹਾਂ ਸ਼ਹਿਰਾਂ ਵਿਚ ਮਿਊਂਸਪਲ ਕਮੇਟੀਆਂ ਪ੍ਰਬੰਧ ਕਰਦੀਆਂ ਹਨ। ਜਿਹੜੀਆਂ ਇਮਾਰਤਾਂ ਸਰਕਾਰ ਨੇ ਉਸਾਰੀਆਂ ਹੀ ਨਹੀਂ ਉਨ੍ਹਾਂ ਦੀ ਮੁਰੰਮਤ ਵਾਸਤੇ ਸਰਕਾਰ ਪੈਸਾ ਖਰਚ ਨਹੀਂ ਕਰ ਸਕਦੀ। ਸਰਕਾਰ ਉਨ੍ਹਾਂ ਇਮਾਰਤਾਂ ਨੂੰ ਠੀਕ ਕਰਨ ਵਾਸਤੇ, ਬਿਹਤਰ ਬਣਾਉਣ ਵਾਸਤੇ ਪੰਚਾਇਤਾਂ ਅਤੇ ਮਿਊਂਸਪਲ ਕਮੇਟੀਆਂ ਨਾਲ ਰਾਬਤਾ ਕਾਇਮ ਕਰਕੇ ਉਨ੍ਹਾਂ ਨੂੰ ਠੀਕ ਕਰਾਉਣ ਦੀ ਕੋਸ਼ਿਸ਼ ਕਰੇਗੀ।

---

**ਇਮਤਿਹਾਨਾਂ ਵਿਚ ਨਕਲ ਮਾਰਨ ਨੂੰ ਸਮਾਇਤਯੋਗ ਅਪਰਾਧ ਕਰਾਰ ਦੇਣਾ**

*804. 1. **ਕਾਮਰੇਡ ਹਰਦੇਵ ਸਿੰਘ ਅਰਸ਼ੀ** :
2. **ਸ੍ਰੀਮਤੀ ਵਿਮਲਾ ਡਾਂਗ** : } : ਕੀ ਸਿੱਖਿਆ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਯੂਨੀਵਰਸਿਟੀ ਮੈਟ੍ਰਿਕੁਲੇਸ਼ਨ, +2 ਅਤੇ ਹੋਰ ਪ੍ਰੀਖਿਆਵਾਂ ਵਿਚ ਨਕਲ ਮਾਰਨ ਨੂੰ ਸਮਾਇਤ ਯੋਗ ਅਪਰਾਧ ਕਰਾਰ ਦੇਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**Shri Harnam Das Johar** : The matter regarding making copying in University, Board and other examinations a cognizable offence or non-cognizable offence is under consideration of the State Government. It is premature to fix time limit till final decision is taken in this regard.

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਬੜਾ ਸੀਰੀਅਸ ਮੈਟਰ ਹੈ। ਮੈਨੂੰ ਨਹੀਂ ਪਤਾ ਕਿ ਇਨ੍ਹਾਂ ਨੇ ਸਮਾਜ ਦਾ ਜਾਂ ਐਜੂਕੇਸ਼ਨ ਦਾ ਸਿਸਟਮ/ਪੱਧਰ ਉੱਚਾ ਕਰਨ ਤੋਂ ਬਿਨਾਂ ਇਹ ਕਾਨੂੰਨ ਦੇ ਰਾਹੀਂ ਜਾਂ ਡੰਡੇ ਦੇ ਰਾਹੀਂ ਨਕਲ ਮਾਰਨ ਦੇ ਅਪਰਾਧ ਨੂੰ ਰੋਕਣ ਦਾ ਪ੍ਰੋਗਰਾਮ ਕਿਸ ਤਰ੍ਹਾਂ ਬਣਾਇਆ ਹੈ ਅਤੇ ਕੀ ਇਹ ਇਸ ਤੇ ਸਰਗਰਮੀ ਨਾਲ ਸੋਚ ਰਹੇ ਹਨ ? ਮੇਰੀ ਬੇਨਤੀ ਇਹ ਹੈ ਕਿ ਹਾਊਸ ਚਲ ਰਿਹਾ ਹੈ ਅਤੇ ਫਿਰ ਵੀ ਹਾਊਸ ਚਲੇਗਾ। ਕਿਉਂਕਿ ਇਹ ਬੜਾ ਹੀ ਅਹਿਮ ਮਸਲਾ ਹੈ, ਕੀ ਇਸ ਨੂੰ ਕਦੇ ਆਰਡੀਨੈਂਸ ਦੇ ਰਾਹੀਂ ਲਾਗੂ ਕਰਨ ਦਾ ਤਾਂ ਸਰਕਾਰ ਦਾ ਵਿਚਾਰ ਨਹੀਂ ? ਅਤੇ ਜੇ ਇਸਨੂੰ ਲਾਗੂ ਕਰਨਾ ਵੀ ਹੋਵੇ ਤਾਂ ਇਸ ਗੱਲ ਦੀ ਗਰੰਟੀ ਹੋਵੇਗੀ ਕਿ ਇਹ ਮਾਮਲਾ ਹਾਊਸ ਵਿੱਚ ਡਿਸਕਸ ਕਰਨ ਤੋਂ ਬਾਅਦ ਹੀ ਲਾਗੂ ਕੀਤਾ ਜਾਵੇ ?

**ਮੰਤਰੀ** : ਜਦੋਂ ਤੱਕ, ਸਪੀਕਰ ਸਾਹਿਬ, ਅਸੈਂਬਲੀ ਹੈ, ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਆਰਡੀਨੈਂਸ ਜਾਰੀ ਕੀਤਾ ਜਾਵੇ। ਮੈਂ ਹੋਰ ਕਲੀਅਰ ਕਰ ਦਿੰਦਾ ਹਾਂ, ਜਦੋਂ ਤੱਕ ਅਸੈਂਬਲੀ ਦਾ ਸੈਸ਼ਨ ਹੈ। ਜੇ ਲੋੜ ਪਵੇਗੀ, ਤਾਂ ਫੇਰ ਵੇਖਿਆ ਜਾਵੇਗਾ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਨਕਲ ਕਰਨਾ ਅਪਰਾਧ ਹੈ। ਇਹ ਤਾਂ ਸੁਣਿਆ ਹੈ ਕਿ ਸਿੱਖਿਆ ਮੰਤਰੀ ਜੀ ਕਾਨੂੰਨ ਬਣਾ ਰਹੇ ਹਨ। ਕੀ ਨਕਲ ਮਰਵਾਉਣਾ, ਜਿਸ ਦੇ ਲਈ ਕਿ ਬੱਚਿਆਂ ਤੋਂ ਪੈਸੇ ਇਕੱਠੇ ਕੀਤੇ ਜਾਂਦੇ ਹਨ, ਕੀ ਨਕਲ ਕਰਾਉਣ ਵਾਲਿਆਂ ਵਿਰੁੱਧ ਵੀ ਕੋਈ ਐਕਸ਼ਨ ਲਿਆ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ ਸਾਹਿਬ, ਜਦੋਂ ਕਾਨੂੰਨ ਬਣੇਗਾ ਤਾਂ ਨਕਲ ਕਰਨ ਵਾਲਿਆਂ ਅਤੇ ਨਕਲ ਕਰਾਉਣ ਵਾਲਿਆਂ ਦੋਵਾਂ ਨੂੰ ਹੀ ਸਜ਼ਾ ਦਿੱਤੀ ਜਾਵੇਗੀ।

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, ਮੈਂ ਜਿਸ ਤਰ੍ਹਾਂ ਪਹਿਲਾਂ ਬੇਨਤੀ ਕੀਤੀ ਸੀ ਕਿ ਇਹ ਬੜਾ ਗੰਭੀਰ ਮਾਮਲਾ ਹੈ। ਇਨ੍ਹਾਂ ਨੇ ਇਸ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ। ਮੈਂ ਇਸ ਸੈਸ਼ਨ ਦੀ ਗੱਲ ਨਹੀਂ ਕੀਤੀ, ਮੈਂ ਹਮੇਸ਼ਾ, ਕਿਸੇ ਸਮੇਂ ਤੇ ਵੀ ਆਰਡੀਨੈਂਸ ਜਾਰੀ ਕਰਨ ਦੇ ਪੂਰੀ ਤਰ੍ਹਾਂ ਖਿਲਾਫ ਹਾਂ। ਮੈਂ ਇਹ ਅਸ਼ੋਰੈਂਸ ਚਾਹਾਂਗਾ ਕਿ ਜਦੋਂ ਵੀ ਇਸ ਸਬੰਧੀ ਬਿਲ ਲਿਆਉਣਾ ਹੋਇਆ, ਤਾਂ ਆਰਡੀਨੈਂਸ ਦੇ ਰੂਪ ਵਿਚ ਨਾ ਲਿਆਂਦਾ ਜਾਵੇ ਬਲਕਿ ਵਿਧਾਨ ਸਭਾ ਵਿੱਚ ਡਿਸਕਸ ਕੀਤਾ ਜਾਵੇ।

**ਸ਼੍ਰੀ ਸਪੀਕਰ**: ਸ਼੍ਰੀ ਅਰਸ਼ੀ ਜੀ ਇਹ ਜ਼ਰੂਰੀ ਨਹੀਂ ਕਿ ਬਿਲ ਇਸੇ ਵਿਧਾਨ ਸਭਾ ਦੇ ਸੈਸ਼ਨ ਦੇ ਦੌਰਾਨ ਲਿਆਂਦਾ ਜਾਵੇ। If there is some urgency about it, they can consider this thing at any time.

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, ਐਮਰਜੈਂਸੀ ਤਾਂ ਕੋਈ ਨਹੀਂ, ਪਰ ਮਾਮਲਾ ਬੜਾ ਗੰਭੀਰ ਹੈ।

**Mr. Speaker**: There is no bar. They can consider it. ਜਦੋਂ ਆਰਡੀਨੈਂਸ ਇਸ਼ੂ ਹੋ ਜਾਵੇਗਾ that has to be confirmed by you.

**Shri Madan Mohan Mittal**: Supplementary, Sir.

**Mr. Speaker**: What is your Supplementary, Mittle ji?

**ਸ਼੍ਰੀ ਮਦਨ ਮੋਹਨ ਮਿੱਤਲ**: ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਹੈ ਕਿ ਕੀ ਮੰਤਰੀ ਜੀ ਭਰੋਸਾ ਦਿਵਾਉਣਗੇ, ਪਹਿਲਾਂ ਕਿਹਾ ਕਿ ਆਰਡੀਨੈਂਸ ਨਹੀਂ ਲਿਆਵਾਂਗੇ, and it will be first brought on the floor of the House. It is also correct. ਕਿ ਆਰਡੀਨੈਂਸ ਆ ਵੀ ਜਾਵੇ ਅਲਟੀਮੇਟਲੀ ਹਾਊਸ ਦੀ ਪਰਮਿਸ਼ਨ ਨਾਲ ਹੀ ਉਸਨੇ ਲਾਅ ਬਣਨਾ ਹੈ। I do not disagree. I agree with this proposal. ਮੇਰਾ ਕੁਐਸਚਨ ਹੈ ਕਿ ਇਨ੍ਹਾਂ ਨੇ ਕਿਹਾ ਕਿ ਜਦੋਂ ਐਮਰਜੈਂਸੀ ਹੋਵੇਗੀ ਤਾਂ ਆਰਡੀਨੈਂਸ ਲਿਆਵਾਂਗੇ। ਹਾਊਸ ਚਲ ਰਿਹਾ ਹੈ, ਇਮਤਿਹਾਨ ਸ਼ੁਰੂ ਹੋ ਗਏ ਹਨ। ਅਗਰ ਤਾਂ ਐਮਰਜੈਂਸੀ ਹੁਣ ਹੈ, ਤਾਂ ਹਾਊਸ ਚਲ ਰਿਹਾ ਹੈ, ਇਸ ਨੂੰ ਹੁਣੇ ਹਾਊਸ ਵਿਚ ਲਿਆਂਦਾ ਜਾਵੇ। ਅਗਰ ਐਮਰਜੰਸੀ ਹਾਊਸ ਖਤਮ ਹੋਣ ਤੋਂ ਬਾਅਦ ਹੋਈ ਤਾਂ ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਅਗਲੇ ਸੈਸ਼ਨ ਤੋਂ ਪਹਿਲਾਂ ਪਹਿਲਾਂ ਇਹ ਬਿਲ ਲਿਆਂਦਾ ਜਾਵੇ। Sir, The Emergency is today. The Examination are going to be there.

**Mr. Speaker**: He has very clearly stated that it is under active consideration of the Government. ਜਿਸ ਵੇਲੇ ਉਹ ਫੈਸਲਾ ਕਰਨਗੇ ਕੋਈ ਨਾ ਕੋਈ ਉਨ੍ਹਦੇ ਬਾਅਦ ਜੋ ਬਿਲ ਹੈ, ਉਹ ਜੋ ਵੀ ਹੈ, ਉਹ ਲਿਆਂਦਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਜੇ ਕੋਈ ਐਮਰਜੰਸੀ ਨਹੀਂ, ਤਾਂ ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਅਗਲੇ ਸੈਸ਼ਨ ਤੋਂ ਪਹਿਲਾਂ ਪਹਿਲਾਂ ਕਾਨੂੰਨ ਬਣਾ ਲੈਣਗੇ ? And this decision will be taken after the Examinations are over. The ordinance should not be imposed after the current session of the Vidhan Sabha is over. ਇੰਨੀ ਗੱਲ ਦੱਸ ਦੇਣ ।

**ਮੰਤਰੀ :** ਸਪੀਕਰ ਸਾਹਿਬ, ਜਵਾਬ ਤਾਂ ਤੁਸੀਂ ਆਪ ਹੀ ਦੇ ਦਿਤਾ ਸੀ, ਇਹ ਤਾਂ ਐਵੇਂ ਹੀ ਜਾਣ ਕੇ ਪਾਣੀ ਵਿੱਚ ਮਧਾਣੀ ਪਾਈਂ ਫਿਰਦੇ ਹਨ। ਸਰਕਾਰ ਜ਼ਰੂਰ ਕਾਨੂੰਨ ਬਣਾਏਗੀ ਔਰ ਸਖਤ ਕਾਨੂੰਨ ਬਣਾਏਗੀ। ਲੇਕਿਨ ਕਦੋਂ ਬਣਾਏਗੀ, ਇਸ ਸਬੰਧੀ ਚੰਗੀ ਤਰ੍ਹਾਂ ਵਿਚਾਰ ਕਰੇਗੀ। 6 ਸਟੇਟਾਂ ਵਿੱਚ ਜਿੱਥੇ ਇਹ ਕਾਨੂੰਨ ਲਾਗੂ ਹੈ, ਉਥੋਂ ਕਾਪੀ ਲੈ ਕੇ ਵੇਖੇਗੀ, ਅਗਰ ਜ਼ਰੂਰਤ ਹੋਈ ਤਾਂ ਆਰਡੀਨੈਂਸ ਹੋਵੇਗਾ, ਨਹੀਂ ਤਾਂ ਨਹੀਂ ।

**Shri Khushhal Behl** : Supplementary, Sir.

**Mr Speaker** : No supplementary. We come to the next question. I am so sorry, Behl Sahib, I have called upon the next question.

------

## ਤਹਿਸੀਲ ਪੱਧਰ ਤੇ ਸਮਾਜ ਭਲਾਈ ਵਿਭਾਗ ਦੇ ਦਫਤਰ ਖੋਲ੍ਹਣਾ

*923. **ਸਰਦਾਰ ਨਿਰਮਲ ਸਿੰਘ ਨਿੰਮਾ :** ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਰਾਜ ਵਿਚ ਤਹਿਸੀਲ ਪੱਧਰ ਤੇ ਸਮਾਜ ਭਲਾਈ ਦਫਤਰ ਖੋਲ੍ਹਣ ਦੀ ਤਜਵੀਜ਼ ਹੈ ਜੋ ਬੁਢਾਪਾ ਪੈਨਸ਼ਨਾਂ, ਵਿਧਵਾਂ ਪੈਨਸ਼ਨਾਂ ਅਪਾਹਜ਼ ਵਿਅਕਤੀਆਂ ਨੂੰ ਪੈਨਸ਼ਨਾਂ ਅਤੇ ਸਮਾਜ ਭਲਾਈ ਵਿਭਾਗ ਦੁਆਰਾ ਚਾਲੂ ਕੀਤੀਆਂ ਗਈਆਂ ਦੂਜੀਆਂ ਸਕੀਮਾਂ ਸਬੰਧੀ ਸਮੱਸਿਆਵਾਂ ਨੂੰ ਦੇਖਣਗੇ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਅੰਤਿਮ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਉਮਰਾਓ ਸਿੰਘ (ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ) :** ਨਹੀਂ ਜੀ।

**ਸਰਦਾਰ ਨਿਰਮਲ ਸਿੰਘ ਨਿੰਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਮਾਜ ਭਲਾਈ ਮਹਿਕਮਾ ਸਿਰਫ ਜ਼ਿਲ੍ਹਾ ਪੱਧਰ ਤੱਕ ਹੀ ਸੀਮਿਤ ਹੈ। ਇਸ ਨੇ ਬਜ਼ੁਰਗਾਂ, ਵਿਧਵਾਵਾਂ ਅਤੇ ਅਪਾਹਜ਼ ਲੋਕਾਂ ਨੂੰ ਪੈਨਸ਼ਨ ਅਤੇ ਸਮਾਜ ਭਲਾਈ ਦੀਆਂ ਸਕੀਮਾਂ ਦੇਣੀਆਂ ਹਨ ਅਤੇ ਲਾਗੂ ਕਰਨੀਆਂ ਹਨ, ਪਰੰਤੂ ਬਿਰਧ, ਅਪਾਹਜ ਅਤੇ ਵਿਧਵਾਵਾਂ ਜੋ ਬੇਸਹਾਰਾ ਹਨ, ਉਹ ਜ਼ਿਲ੍ਹਾ ਪੱਧਰ ਤੱਕ ਨਹੀਂ ਪਹੁੰਚ ਸਕਦੇ ਅਤੇ ਦਫਤਰ ਵੀ ਨਹੀਂ ਲੱਭ ਸਕਦੇ। ਜੇ ਸਰਕਾਰ ਚਾਹੁੰਦੀ ਹੈ ਕਿ ਇਹ ਸਕੀਮਾਂ ਲੋਕਾਂ ਤੱਕ ਪਹੁੰਚਣ ਤਾਂ ਬਲਾਕ ਪੱਧਰ ਅਤੇ ਤਹਿਸੀਲ ਪੱਧਰ ਤੱਕ ਇਨ੍ਹਾਂ ਨੂੰ ਪਹੁੰਚਾਉਣ ਦਾ ਵਿਚਾਰ ਕਿਉਂ ਨਹੀਂ ਰੱਖਦੀ ਜਾਂ ਬੀ. ਡੀ. ਓ. ਦਫਤਰ ਰਾਹੀਂ ਲੋਕਾਂ ਤੱਕ ਇਹ ਸਹਾਇਤਾ ਪਹੁੰਚ ਸਕੇ, ਤਾਂ ਕਿ ਉਨ੍ਹਾਂ ਨੂੰ ਰਾਹਤ ਮਿਲੇ।

**ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ :** ਸਪੀਕਰ ਸਾਹਿਬ, ਮਹਿਕਮੇ ਨੇ ਫੈਸਲਾ ਕੀਤਾ ਹੈ ਅਤੇ ਲੋਕਾਂ ਨੂੰ ਸਹੂਲਤ ਦੇਣ ਲਈ ਕੈਂਪ ਲਗਾਏ ਜਾਂਦੇ ਹਨ ਜਿਥੇ ਉਨ੍ਹਾਂ ਦੀਆਂ ਐਪਲੀਕੇਸ਼ਨਾਂ ਲਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਐਗਜ਼ਾਮਿਨ ਕੀਤਾ ਜਾਂਦਾ ਹੈ । ਇਹ ਕੈਂਪ ਬਲਾਕ ਲੈਵਲ ਤੇ ਵੀ ਲਗਾਏ ਜਾਣਗੇ। ਪਿਛਲੇ ਸਾਲ 28 ਫਰਵਰੀ, 1993 ਤੱਕ ਤਕਰੀਬਨ 152 ਕੈਂਪ ਲਗਾਏ ਜਿਥੇ

Original with;
Punjab Vidhan Sabha
Digitized by;
Panjab Digital Library

[ ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ]

ਲੋਕਾਂ ਨੇ ਮੌਕੇ ਤੇ ਦਰਖਾਸਤਾਂ ਭਰੀਆਂ ਅਤੇ ਕੇਸ ਪ੍ਰਾਸੈਸ ਕੀਤੇ, ਫਿਰ ਰਿਕੁਮੈਂਡ ਕਰਕੇ ਭੇਜਿਆ। ਮੈਂ ਸਮਝਦਾ ਹਾਂ ਕਿ ਇਹ ਪ੍ਰੋਸੀਜ਼ਰ ਸਕਸੈੱਸਫੁੱਲ ਹੈ। ਜਦੋਂ ਬਲਾਕ ਵਿਚ ਫੁੱਲ ਟੀਮ ਜਾਂਦੀ ਹੈ ਤਾਂ ਕੇਸ ਕੁਝ ਤਰੀਕੇ ਨਾਲ ਪ੍ਰਾਸੈਸ ਹੋ ਜਾਂਦੇ ਹਨ। 1-2 ਅਫਸਰਾਂ ਨਾਲ ਇਹ ਮਸਲੇ ਹੱਲ ਨਹੀਂ ਹੋ ਸਕਦੇ।

**ਸਰਦਾਰ ਨਿਰਮਲ ਸਿੰਘ ਨਿੰਮਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਦਸਿਆ ਹੈ ਕਿ ਬਲਾਕ ਅਤੇ ਤਹਿਸੀਲ ਪੱਧਰ ਤੇ ਕੈਂਪ ਲਗਾਏ ਗਏ ਹਨ ਤਾਂ ਕਿ ਉਨ੍ਹਾਂ ਨੂੰ ਮਦਦ ਦਈਏ ਅਤੇ ਕੇਸਾਂ ਦਾ ਛੇਤੀ ਤੋਂ ਛੇਤੀ ਨਿਪਟਾਰਾ ਕਰ ਸਕੀਏ। ਅਫਸਰ ਲਾਬੀ ਨੂੰ ਵੀ ਉਥੇ ਬੁਲਾਇਆ ਜਾਂਦਾ ਹੈ ਪਰ ਕਈ ਵਾਰ ਅਫਸਰ ਲਾਬੀ ਉਥੇ ਪਹੁੰਚ ਨਹੀਂ ਸਕਦੀ ਜਾਂ ਜਿਨ੍ਹਾਂ ਮੰਤਰੀਆਂ ਨੇ ਜਾਣਾ ਹੁੰਦਾ ਹੈ, ਜਿਸ ਕਰਕੇ ਇਕੱਠ ਹੁੰਦਾ ਹੈ, ਪਰ ਉਹ ਪਹੁੰਚ ਨਹੀਂ ਸਕਦੇ। ਉਸ ਤੋਂ ਬਾਅਦ ਸਾਰੀ ਕਾਰਵਾਈ ਠੱਪ ਕਰ ਦਿਤੀ ਜਾਂਦੀ ਹੈ ਅਤੇ ਲੋਕਾਂ ਦਾ ਹੋਰ ਜ਼ਿਆਦਾ ਨੁਕਸਾਨ ਹੋ ਜਾਂਦਾ ਹੈ। ਪੈਨਸ਼ਨ ਦੇ ਪੈਸੇ ਲੈਣ ਦੀ ਬਜਾਏ ਉਨ੍ਹਾਂ ਦੇ ਆਪਣੇ ਪੈਸੇ ਵੀ ਖਰਚ ਹੋ ਜਾਂਦੇ ਹਨ। ਕੀ ਮੰਤਰੀ ਜੀ ਇਸ ਗਲ ਦਾ ਭਰੋਸਾ ਦਿਵਾਉਣਗੇ ਕਿ ਜਿਹੜੇ ਅਫਸਰ ਉਸ ਦਿਨ ਗੈਰ ਹਾਜ਼ਰ ਹੋਣਗੇ, ਉਨ੍ਹਾਂ ਤੇ ਕੀ ਕਾਰਵਾਈ ਕੀਤੀ ਜਾਵੇਗੀ ?

**ਸ਼੍ਰੀ ਸਪੀਕਰ :** ਨਿੰਮਾ ਜੀ, ਕੋਈ ਸਪੈਸਿਫਿਕ ਪ੍ਰਸ਼ਨ ਪੁੱਛੋ।

**ਡਾਕਟਰ ਹਰਬੰਸ ਲਾਲ:** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪੈਨਸ਼ਨਾਂ ਬਾਰੇ ਦਸਿਆ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਕੈਂਪ ਲਗਾਏ ਜਾਂਦੇ ਹਨ ਅਤੇ ਲੋਕਾਂ ਨੂੰ ਰਾਹਤ ਦਿਤੀ ਜਾਂਦੀ ਹੈ। ਪਰ ਜੋ ਬੈਡ ਈਫੈਕਟ ਕੈਂਪਾਂ ਦਾ ਪਾਇਆ ਜਾਂਦਾ ਹੈ, ਉਹ ਮੈਂ ਦਸਦਾ ਹਾਂ ਕਿ ਇਨ੍ਹਾਂ ਕੈਂਪਾਂ ਵਿਚ ਫਾਰਮ ਤਾਂ 250 ਲੋਕਾਂ ਦੇ ਭਰ ਲਏ ਜਾਂਦੇ ਹਨ ਪਰ ਪੈਨਸ਼ਨ 5-10 ਨੂੰ ਹੀ ਮਿਲਦੀ ਹੈ, ਕਿਉਂਕਿ ਇਸ ਵਾਸਤੇ ਜੋ ਕਲਾਜ਼ਾਂ ਹਨ, ਉਹ ਇੰਨੀਆਂ ਸਖਤ ਹੁੰਦੀਆਂ ਹਨ ਕਿ ਸਾਰੇ ਪੂਰੇ ਨਹੀਂ ਕਰ ਸਕਦੇ ਅਤੇ ਉਨ੍ਹਾਂ ਦੇ ਦਿਮਾਗ ਵਿਚ ਹੁੰਦਾ ਹੈ ਕਿ ਇਹ ਸਾਰਾ ਭ੍ਰਿਸ਼ਟਾਚਾਰ ਹੀ ਹੈ ਕਿ ਸਿਰਫ ਫਾਰਮ ਹੀ ਭਰ ਲਏ ਜਾਂਦੇ ਹਨ।

**ਸ਼੍ਰੀ ਸਪੀਕਰ :** ਇਹ ਕੋਈ ਸਪਲੀਮੈਂਟਰੀ ਨਹੀਂ ਹੈ।

**ਸਰਦਾਰ ਰਾਜ ਸਿੰਘ ਖੇੜੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਕੈਂਪ ਲਗਾਏ ਜਾਂਦੇ ਹਨ, ਉਨ੍ਹਾਂ ਕੈਂਪਾਂ ਵਿਚ ਮੈਂ ਆਪ ਖੁਦ ਜਾ ਕੇ ਦੇਖਿਆ ਹੈ। ਕੀ ਉਨ੍ਹਾਂ ਦਾ ਜਿਹੜੇ ਇਲਾਕੇ ਵਿਚ ਕੈਂਪ ਲੱਗਦੇ ਹਨ, ਉਸ ਇਲਾਕੇ ਦੇ ਰੀ ਪਰੇਜ਼ੈਂਟੇਟਿਵ ਨੂੰ, ਐਮ. ਐਲ. ਏ. ਨੂੰ ਬੁਲਾਉਣ ਦਾ ਪ੍ਰੋਗਰਾਮ ਹੈ ਜਾਂ ਨਹੀਂ ? ਕਿਉਂਕਿ ਇਨ੍ਹਾਂ ਕੈਂਪਾਂ ਵਿਚ ਦਫਤਰ ਦੀ ਲਾਬੀ ਹੁੰਦੀ ਹੈ ਅਤੇ ਉਹ ਆਪਣੀ ਮਰਜ਼ੀ ਨਾਲ ਕੰਮ ਕਰਦੇ ਹਨ। ਕੀ ਸਬੰਧਤ ਐਮ. ਐਲ. ਏ. ਨਾਲ ਕੰਟੈਕਟ ਕਰਨ ਦਾ ਵਿਚਾਰ ਹੈ ?

**ਮੰਤਰੀ :** ਸਪੀਕਰ ਸਾਹਿਬ, ਜਦੋਂ ਵੀ ਕੈਂਪ ਲਗਾਇਆ ਜਾਂਦਾ ਹੈ ਤਾਂ ਉਸ ਦੀ ਪਬਲੀਸਿਟੀ ਹੁੰਦੀ ਹੈ ਅਤੇ ਲੋਕ ਆਉਂਦੇ ਹਨ। ਸਾਰੇ ਅਫਸਰ, ਐਸ. ਡੀ. ਐਮ., ਜ਼ਿਲ੍ਹੇ ਦੇ ਸਾਰੇ ਅਫਸਰ ਆਉਂਦੇ ਹਨ। ਮੈਂ ਸਮਝਦਾ ਹਾਂ ਕਿ ਜਿਹੜੇ ਐਮ. ਐਲ. ਏ. ਕੰਸਟੀਚਿਊਐਂਸੀ ਵਿਚ ਹਨ, ਉਨ੍ਹਾਂ ਨੂੰ ਤਾਂ ਪਤਾ ਲੱਗ ਜਾਂਦਾ ਹੈ ਪਰ ਜੋ ਕੰਸਟੀਚਿਊਐਂਸੀ ਤੋਂ ਬਾਹਰ ਹਨ, ਹੋ ਸਕਦਾ ਹੈ ਉਨ੍ਹਾਂ ਨੂੰ ਇਤਲਾਹ ਨਾ ਦਿੱਤੀ ਜਾ ਸਕਦੀ ਹੋਵੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਦੱਸਿਆ ਹੈ ਕਿ 28 ਫਰਵਰੀ, 1993 ਤਕ 152 ਕੈਂਪ ਲਗਾਏ ਗਏ ਹਨ ਉਨ੍ਹਾਂ ਵਿਚ ਕਿੰਨੇ ਐਪਲੀਕੈਂਟ ਹਨ, ਜਿਨ੍ਹਾਂ ਦੀ ਪੈਨਸ਼ਨ ਮਨਜ਼ੂਰ ਕੀਤੀ ਗਈ, ਕੀ ਇਹ ਫਿਗਰਜ਼ ਦੱਸ ਸਕਦੇ ਹਨ ?

ਦੂਸਰੀ ਗੱਲ, ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਇਲਾਕੇ ਵਿਚ ਇਨ੍ਹਾਂ ਕੈਂਪਾਂ ਵਿਚ 1500 ਐਪਲੀਕੈਂਟਸ ਆਏ ਔਰ ਉਨ੍ਹਾਂ ਵਿਚੋਂ ਸਿਰਫ ਤਿੰਨ ਐਪਲੀਕੇਸ਼ਨਾਂ ਸਹੀ ਪਾਈਆਂ ਗਈਆਂ ਔਰ ਉਨ੍ਹਾਂ 3 ਨੂੰ ਹੀ ਪੈਨਸ਼ਨ ਲਗੀ। ਬਾਕੀ ਦੀਆਂ ਐਪਲੀਕੇਸ਼ਨਾਂ ਜਦੋਂ ਮਨਿਸਟਰ ਸਾਹਿਬ ਗੱਡੀ ਵਿੱਚ ਬੈਠ ਕੇ ਚਲੇ ਗਏ, ਤਾਂ ਉਥੇ ਪੰਡਾਲ ਵਿਚ ਹੀ ਰੁਲਦੀਆਂ ਰਹੀਆਂ ਜਿਸ ਦੇ ਬਾਰੇ ਬਕਾਇਦਾ ਅਖਬਾਰਾਂ ਵਿੱਚ ਵੀ ਆਉਂਦਾ ਰਿਹਾ। ਕੀ ਮਨਿਸਟਰ ਸਾਹਿਬ ਕੋਈ ਐਸਾ ਤਰੀਕਾ ਅਪਲਾਈ ਕਰਨਗੇ ਜਿਸ ਦੇ ਨਾਲ ਇਨ੍ਹਾਂ ਕੈਂਪਾਂ ਵਿਚ ਲੋਕਾਂ ਨੂੰ ਹੈਰਾਸਮੈਂਟ ਨਾ ਹੋਵੇ ਬਲਕਿ ਲਾਭ ਹੋ ਸਕੇ ?

**ਸ੍ਰੀ ਸਪੀਕਰ :** ਇਸਦੇ ਲਈ ਸੈਪਰੇਟ ਕੁਐਸਚਨ ਚਾਹੀਦਾ ਹੈ।

**ਕਾਮਰੇਡ ਤਰਸੇਮ ਜੋਧਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੀ ਦੇਰ ਤਕ ਤਹਿਸੀਲ ਜਾਂ ਬਲਾਕ ਪੱਧਰ ਤੇ ਦਫਤਰ ਖੋਲ੍ਹਣ ਦਾ ਇਨ੍ਹਾਂ ਦਾ ਇਰਾਦਾ ਨਹੀਂ, ਕੀ ਉਸ ਸਮੇਂ ਤੱਕ ਮਨਿਸਟਰ ਸਾਹਿਬ ਦਾ ਕੋਈ ਐਸਾ ਵਿਚਾਰ ਹੈ ਕਿ ਘੱਟ ਤੋਂ ਘੱਟ ਸਮੇਂ ਦੇ ਬਾਅਦ ਔਰ ਰੈਗੂਲਰ ਤੌਰ ਤੇ ਇਹ ਕੈਂਪ ਲਗਾਏ ਜਾਣ ?

**ਮੰਤਰੀ :** ਸਪੀਕਰ ਸਾਹਿਬ, ਕੈਂਪ ਜਿਹੜੇ ਲਗਾਏ ਜਾਂਦੇ ਹਨ ਉਹ ਲੋਕਾਂ ਦੀ ਡੀਮਾਂਡ ਨੂੰ ਮੁੱਖ ਰੱਖਕੇ ਲਗਾਏ ਜਾਂਦੇ ਹਨ। ਪਿਛਲੇ ਸਾਲ ਕਈ ਬਲਾਕਾਂ ਵਿਚ ਇਕ ਸਾਲ ਵਿਚ 2 ਵਾਰੀ ਵੀ ਕੈਂਪ ਲਗਾਏ ਗਏ ਹਨ। ਇਨ੍ਹਾਂ ਦੀ ਜਿਹੜੀ ਇਹ ਤਜਵੀਜ਼ ਹੈ, ਇਸ ਤੇ ਗੌਰ ਕਰਕੇ ਅਮਲ ਕਰਨ ਵਾਸਤੇ ਵਿਚਾਰ ਕਰ ਲਵਾਂਗੇ।

---

**ਤਹਿਸੀਲ ਗੜ੍ਹਸ਼ੰਕਰ ਵਿਚ ਨਵੀਆਂ ਪਸ਼ੂ ਚਿਕਿਤਸਾ ਡਿਸਪੈਂਸਰੀਆਂ/ਹਸਪਤਾਲ ਖੋਲ੍ਹਣਾ**

*877. **ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ 1 ਫਰਵਰੀ, 1993 ਨੂੰ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਅਤੇ ਹਸਪਤਾਲਾਂ ਦੀ ਕੁੱਲ ਗਿਣਤੀ ਕਿੰਨੀ ਸੀ;

(ਅ) ਕੀ ਸਰਕਾਰ ਅਗਲੇ ਵਿੱਤੀ ਸਾਲ ਦੇ ਦੌਰਾਨ ਉਕਤ ਤਹਿਸੀਲ ਵਿਚ ਕੁੱਝ ਨਵੀਆਂ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਅਤੇ ਵੇਰਵਾ ਕੀ ਹੈ ?

**ਸਰਦਾਰ ਹਰਬੰਸ ਸਿੰਘ ਸਿੱਧੂ :** (ੳ) ਇਕ ਫਰਵਰੀ, 1993 ਨੂੰ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਵਿਖੇ 14 ਵੈਟੀ. ਹਸਪਤਾਲ ਅਤੇ 19 ਵੈਟੀ. ਡਿਸਪੈਂਸਰੀਆਂ ਸਨ।

Original with;
Punjab Vidhan Sabha
Digitized by;
Panjab Digital Library

[ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ]

(ਅ) ਅਗਲੇ ਵਿੱਤੀ ਸਾਲ 1993-94 ਦੌਰਾਨ ਉਕਤ ਤਹਿਸੀਲ ਵਿਖੇ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ ਹੈ। ਅਗਲੇ ਵਿੱਤੀ ਸਾਲ ਦੇ ਸ਼ੁਰੂ ਹੋਣ ਤੇ ਗਿਣਤੀ ਅਤੇ ਵੇਰਵਾ ਉਪਲੱਬਧ ਹੋਵੇਗਾ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਤਨੀ ਅਸ਼ੋਰੈਂਸ ਲੈਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ 1 ਫਰਵਰੀ, 1993 ਨੂੰ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 14 ਵੈਟਰਨਰੀ ਹਸਪਤਾਲ ਅਤੇ 19 ਵੈਟਰਨਰੀ ਡਿਸਪੈਂਸਰੀਆਂ ਹਨ ਜਿਹੜੇ ਕਿ ਕੁੱਲ 33 ਵੈਟਰਨਰੀ ਸੈਂਟਰ ਬਣਦੇ ਹਨ,ਜਿਨ੍ਹਾਂ ਰਾਹੀਂ ਇਹ ਸੁਵਿਧਾ ਪ੍ਰਦਾਨ ਕੀਤੀ ਜਾਂਦੀ ਹੈ। ਉਥੇ ਲਗਭਗ 300 ਪਿੰਡ ਹਨ ਔਰ 9 ਪਿੰਡਾਂ ਦੇ ਮਗਰ ਇਕ ਵੈਟਰਨਰੀ ਕੇਂਦਰ ਬਣਦਾ ਹੈ। ਕੀ ਮਨਿਸਟਰ ਸਾਹਿਬ ਇਸ ਗੱਲ ਦਾ ਵਿਸ਼ਵਾਸ ਦੁਆਉਣਗੇ ਕਿ ਅਗਲੇ ਸਾਲ ਤੋਂ ਇਸ ਤਰ੍ਹਾਂ ਦਾ ਕੋਈ ਪ੍ਰੋਗਰਾਮ ਬਣਾਇਆ ਜਾਵੇਗਾ ਜਿਸ ਰਾਹੀਂ ਘੱਟੋ ਘੱਟ 4 ਪਿੰਡਾਂ ਦੇ ਮਗਰ ਇਕ ਵੈਟਰਨਰੀ ਹਸਪਤਾਲ ਤੇ ਵੈਟਰਨਰੀ ਡਿਸਪੈਂਸਰੀ ਦੀ ਸੁਵਿਧਾ ਪ੍ਰਦਾਨ ਕੀਤੀ ਜਾਵੇਗੀ ? ਕੀ ਮੰਤਰੀ ਜੀ ਇਸ ਦੇ ਲਈ ਐਸ਼ੋਰੈਂਸ ਦੇਣਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕੁਝ ਨਾਰਮਜ਼ ਹਨ ਔਰ ਉਨ੍ਹਾਂ ਨਾਰਮਜ਼ ਦੇ ਮੁਤਾਬਿਕ ਅਸੀਂ ਇਹ ਡਿਸਪੈਂਸਰੀਆਂ ਖੋਲ੍ਹਦੇ ਹਾਂ ਜਿਹੜੇ ਨਾਰਮ ਵਿਚ ਪਿੰਡ ਆ ਜਾਣਗੇ ਉਨ੍ਹਾਂ ਵਿੱਚ ਜ਼ਰੂਰ ਦੇ ਦੇਵਾਂਗੇ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਹੜੇ ਨਾਰਮ ਹਨ ਜਿਨ੍ਹਾਂ ਦੇ ਤਹਿਤ ਵੈਟਰਨਰੀ ਹਸਪਤਾਲ ਜਾਂ ਡਿਸਪੈਂਸਰੀ ਖ਼ੋਲ੍ਹੀ ਜਾਂਦੀ ਹੈ ? ਕੀ ਇਹ ਉਨ੍ਹਾਂ ਨਾਰਮਜ਼ ਤੋਂ ਜਾਣੂੰ ਕਰਵਾਉਣਗੇ ਤਾਂ ਕਿ ਉਨ੍ਹਾਂ ਨਾਰਮਜ਼ ਦੇ ਮੁਤਾਬਕ ਲੋਕਾਂ ਤੋਂ ਰਿਕੁਮੈਂਡੇਸ਼ਨਜ਼ ਭਿਜਵਾਈਏ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਦੇ ਲਈ ਇਹ ਸੈਪਰੇਟ ਨੋਟਿਸ ਦੇ ਦੇਣ। ਜੋ ਇਨ੍ਹਾਂ ਨੇ ਪੁੱਛਿਆ ਸੀ ਉਸ ਦੇ ਮੁਤਾਬਿਕ ਮੈਂ ਇਨ੍ਹਾਂ ਨੂੰ ਇਨਫਰਮੇਸ਼ਨ ਦੇ ਦਿੱਤੀ ਹੈ।

**ਸ਼੍ਰੀ ਸਪੀਕਰ :** ਸਿੱਧੂ ਸਾਹਿਬ, ਇਨ੍ਹਾਂ ਨੇ ਆਪਣੀ ਸਪਲੀਮੈਂਟਰੀ ਰਾਹੀਂ ਪੁਛਿਆ ਹੈ ਕਿ ਕੀ ਰਿਕੁਆਇਰਮੈਂਟਸ ਹਨ। ਉਹ ਤਾਂ ਮੇਰਾ ਖਿਆਲ ਹੈ ਕਿ ਤੁਸੀਂ ਦੱਸਣਾ ਚਾਹੋਗੇ।

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਹੁਕਮ ਅਨੁਸਾਰ ਦੱਸਣਾ ਚਾਹੁੰਦਾ ਹਾਂ ਕਿ ਜਿੱਥੇ 5 ਹਜ਼ਾਰ ਪਸ਼ੂਆਂ ਦੀ ਆਬਾਦੀ ਹੋਵੇ ਉਥੇ ਅਸੀਂ ਇਹ ਖੋਲ੍ਹਦੇ ਹਾਂ। ਦੂਸਰੇ ਸਾਰੇ ਪੰਜਾਬ ਦਾ ਸਰਵੇ ਕੀਤਾ ਜਾਂਦਾ ਹੈ, ਅਤੇ ਜਿੱਥੇ ਜਰੂਰਤ ਸਮਝੀ ਜਾਏ ਉਥੇ ਇਹ ਡਿਸਪੈਂਸਰੀ ਖੋਲ੍ਹੀ ਜਾਂਦੀ ਹੈ।

**ਸਰਦਾਰ ਨਿਰਮਲ ਸਿੰਘ ਨਿੰਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਪਸ਼ੂਆਂ ਦੀਆਂ ਡਿਸਪੈਂਸਰੀਆਂ ਜਾਂ ਹਸਪਤਾਲ ਨਹੀਂ ਉਥੇ ਜਿਹੜੀ ਮੁਬਾਇਲ ਡਿਸਪੈਂਸਰੀ ਦੀ ਸਕੀਮ ਚਲਦੀ ਹੈ, ਉਹ ਕਿੰਨੇ ਕਿੰਨੇ ਪਿੰਡਾਂ ਲਈ ਹੁੰਦੀ ਹੈ ਅਤੇ ਉਸ ਦਾ ਰਾਊਂਡ ਕਿੰਨੇ ਦਿਨਾਂ ਮਗਰੋਂ ਹੁੰਦਾ ਹੈ ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਇਸ ਦੇ ਲਈ ਸੈਪਰੇਟ ਕੁਐਸਚਨ ਚਾਹੀਦਾ ਹੈ ।

**ਸਰਦਾਰ ਈਸ਼ਰ ਸਿਘ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ 1993-94 ਦੌਰਾਨ ਕਿਨੀਆਂ ਵੈਟਰਨਰੀ ਡਿਸਪੈਂਸਰੀਆਂ ਖੋਲ੍ਹਣੀਆਂ ਹਨ ਔਰ ਉਹ ਕਦੋਂ ਤਕ ਖੁਲ੍ਹ ਜਾਣਗੀਆਂ ?

**ਰਾਜ ਮੰਤਰੀ :** ਦੋ ਸੌ ਡਿਸਪੈਂਸਰੀਆਂ ਬਾਬਤ ਅਸੀਂ ਆਪਣੇ ਪਲਾਂਟ ਵਿਚ ਪ੍ਰੋਵੀਜ਼ਨ ਕੀਤਾ ਹੈ।

---

**ਆਨੰਦਪੁਰ ਸਾਹਿਬ ਸਬ-ਡਿਵੀਜ਼ਨ ਵਿਚ ਪਸ਼ੂਆਂ ਨੂੰ ਟੀਕੇ ਲਗਾਉਣਾ**

*868. **ਡਾਕਟਰ ਰਮੇਸ਼ ਦੱਤ :** ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਰਵਰੀ, 1993 ਦੇ ਮਹੀਨੇ ਦੇ ਦੌਰਾਨ ਜ਼ਿਲ੍ਹਾ ਰੋਪੜ ਦੇ ਆਨੰਦਪੁਰ ਸਾਹਿਬ ਸਬ-ਡਵੀਜ਼ਨ ਵਿਚ ਪਸ਼ੂ ਚਿਕਿਤਸਾ ਹਸਪਤਾਲਾਂ/ਡਿਸਪੈਂਸਰੀਆਂ ਵਿੱਚ ਐਚ ਐਸ. ਵੈਕਸੀਨ ਅਮਲ ਵਿਚ ਕਿਸ ਕਿਸ ਮਿਤੀ (ਮਿਤੀਆਂ) ਨੂੰ ਜਾਰੀ ਕੀਤਾ ਗਿਆ ਸੀ ਅਤੇ ਹੁਣ ਤੱਕ ਕਿੰਨੇ ਪਸ਼ੂਆਂ ਨੂੰ ਉਸ ਦੇ ਟੀਕੇ ਲਗਾਏ ਗਏ ਹਨ ?

**ਸਰਦਾਰ ਹਰਬੰਸ ਸਿੰਘ ਸਿੱਧੂ :** ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

**ਸੂਚਨਾ**

ਫਰਵਰੀ, 1993, ਮਹੀਨੇ ਦੇ ਦੌਰਾਨ ਜ਼ਿਲ੍ਹਾ ਰੋਪੜ ਦੇ ਆਨੰਦਪੁਰ ਸਾਹਿਬ ਸਬ-ਡਵੀਜ਼ਨ ਵਿੱਚ ਪਸ਼ੂ ਚਕਿਤਸਾ/ਹਸਪਤਾਲ/ਡਿਸਪੈਂਸਰੀਜ਼ ਵਿੱਚ ਐਚ. ਐਸ. ਵੈਕਸੀਨ ਅਮਲ ਵਿੱਚ ਕਿਸ ਕਿਸ ਮਿਤੀ (ਮਿਤੀਆਂ) ਨੂੰ ਜਾਰੀ ਕੀਤਾ ਗਿਆ, ਹੇਠ ਲਿਖੇ ਅਨੁਸਾਰ ਹੈ :—

| ਐਚ. ਐਸ. ਵੈਕਸੀਨ ਜਾਰੀ ਕਰਨ ਦੀ ਅਸਲ ਮਿਤੀ | ਪਸ਼ੂ ਹਸਪਤਾਲ/ਡਿਸਪੈਂਸਰੀ ਦਾ ਨਾਂ | ਫਰਵਰੀ ਵਿੱਚ ਵੈਕਸੀਨ ਟੀਕਾ ਕੀਤੇ ਪਸ਼ੂਆਂ ਦੀ ਗਿਣਤੀ |
|---|---|---|
| | **ਹਸਪਤਾਲ** | |
| 2-2-93 | ... ਨੰਗਲ | 800 |
| 2-2-93 | .. ਭੱਟੋ | 640 |
| 2-2-93 | ... ਢੇਰ | 800 |

Original with;
Punjab Vidhan Sabha
Digitized by;
Panjab Digital Library

[ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ]

| ਐਚ. ਐਸ. ਵੈਕਸੀਨ ਜਾਰੀ ਕਰਨ ਦੀ ਅਸਲ ਮਿਤੀ | ਪਸ਼ੂ ਹਸਪਤਾਲ/ਡਿਸਪੈਂਸਰੀ ਦਾ ਨਾਂ | ਫਰਵਰੀ ਵਿੱਚ ਵੈਕਸਿਨ ਟੀਕਾ ਕੀਤੇ ਪਸ਼ੂਆਂ ਦੀ ਗਿਣਤੀ |
|---|---|---|
| 2-2-93 | ... ਅਜੌਲੀ | 800 |
| 2-2-93 | ... ਭਲਾਨ | 800 |
| 5-2-93 | ... ਨੂਰਪੁਰ ਬੇਦੀ | 960 |
| 5-2-93 | .. ਚਨੌਲੀ ਬੱਸੀ | 160 |
| 5-2-93 | ... ਕੀਰਤਪੁਰ ਸਾਹਿਬ | 400 |
| | **ਡਿਸਪੈਂਸਰੀਆਂ** | |
| 4-2-93 | ... ਖੇੜਾ ਕਾਲਮੋਟ | 800 |
| 4-2-93 | ... ਕਾਨਪੁਰ ਖੂਹੀ | 800 |
| 5-2-93 | ... ਝੂਮੇਵਾਲ | 800 |
| 5-2-93 | ... ਖਮਰੂੜ | 800 |
| 5-2-93 | ... ਕੋਟਲਾ | 800 |
| 5-2-93 | .. ਮੱਸੇਵਾਲ | 800 |

**ਡਾਕਟਰ ਰਮੇਸ਼ ਦੱਤ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਡੰਗਰਾਂ ਨੂੰ ਜਿਹੜੇ ਗਲਘੋਟੂ ਦੇ ਟੀਕੇ ਲਗਾਏ ਜਾਂਦੇ ਹਨ, ਕੀ ਉਨ੍ਹਾਂ ਵਾਸਤੇ ਕੋਈ ਸਰਕਾਰ ਵਲੋਂ ਹਦਾਇਤਾਂ ਜਾਂ ਇਸ਼ਤਿਹਾਰ ਕੱਢੇ ਗਏ ਹਨ ਕਿ ਕਿਹੜੇ-ਕਿਹੜੇ ਮਹੀਨੇ ਵਿਚ ਲਗਣੇ ਹਨ ?

**ਰਾਜ ਮੰਤਰੀ** : ਇਸ ਬਾਰੇ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ 4 ਅਪਰੈਲ, ਨੂੰ ਫੈਸਲਾ ਕੀਤਾ ਸੀ ਕਿ ਸਾਰੇ ਪੰਜਾਬ ਵਿਚ ਅਸੀਂ ਸਾਰਿਆਂ ਨੂੰ ਟੀਕੇ ਲਾਵਾਂਗੇ ।

**ਡਾਕਟਰ ਰਮੇਸ਼ ਦੱਤ** : ਸਪੀਕਰ ਸਾਹਿਬ, ਮੇਰਾ ਸਪੈਸਿਫਿਕ ਕੁਐਸਚਨ ਸੀ, ਪਰ ਜਵਾਬ ਠੀਕ ਨਹੀਂ ਮਿਲਿਆ। ਇਸ ਮਹਿਕਮੇਂ ਵੱਲੋਂ ਇਸ਼ਤਿਹਾਰ ਹੈ ਕਿ ਇਹ ਟੀਕੇ ਮਈ ਔਰ ਜੂਨ ਵਿਚ ਲਗਣੇ ਚਾਹੀਦੇ ਹਨ ਔਰ ਗੌਰਮਿੰਟ ਦੀਆਂ ਇੰਸਟਰਕਸ਼ਨਜ਼ ਹਨ ਕਿ ਬਰਸਾਤ ਤੋਂ ਪਹਿਲਾਂ ਲਗਣੇ ਚਾਹੀਦੇ ਹਨ; ਕੀ ਇਹ ਗੱਲ ਸੱਚ ਹੈ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਇਹ ਟੀਕੇ ਸਰਦੀਆਂ ਵਿਚ ਫਰਵਰੀ ਔਰ ਮਾਰਚ ਤੋਂ ਪਹਿਲਾਂ ਲਗਾਏ ਜਾਂਦੇ ਹਨ ਅਤੇ ਗਰਮੀ ਦੇ ਸੀਜ਼ਨ ਵਿਚ ਮਈ ਔਰ ਜੂਨ ਵਿੱਚ ਲਗਾਏ ਜਾਂਦੇ ਹਨ।

**ਸਰਦਾਰ ਸ਼ਮਸ਼ੇਰ ਸਿੰਘ ਰਾਏ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਡਿਸਟ੍ਰਿਕਟ ਰੋਪੜ ਵਿਚ ਜਿੰਨੀਆਂ ਡਿਸਪੈਂਸਰੀਆਂ ਜਾਂ ਹਸਪਤਾਲ ਹਨ, ਉਨ੍ਹਾਂ ਵਿਚ ਕਿੰਨੇ ਕਿੰਨੇ ਪੈਸਿਆਂ ਦੀਆਂ ਦਵਾਈਆਂ ਅਤੇ ਕਿੰਨੇ ਪੈਸਿਆਂ ਦੇ ਇੰਜੈਕਸ਼ਨ ਜਾਂਦੇ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਦੇ ਲਈ ਮੈਂਬਰ ਸਾਹਿਬ ਸੇਪਰੇਟ ਕੁਐਸਚਨ ਦੇ ਦੇਣ, ਮੈਂ ਜਵਾਬ ਦੇ ਦਿਆਂਗਾ।

**ਡਾਕਟਰ ਰਮੇਸ਼ ਦੱਤ** : ਸਪੀਕਰ ਸਾਹਿਬ, ਆਨੰਦਪੁਰ ਸਾਹਿਬ ਵਿਚ 11 ਹਜ਼ਾਰ ਦੇ ਕਰੀਬ ਡੰਗਰਾਂ ਨੂੰ 2 ਫਰਵਰੀ, 1993 ਤੋਂ ਲੈ ਕੇ 5 ਫਰਵਰੀ, 1993 ਤਕ ਟੀਕੇ ਲਗਾਏ ਗਏ। ਕੀ ਮੰਤਰੀ ਸਾਹਿਬ ਦੱਸਣਗੇ ਕਿ ਇਸ ਦਾ ਕਾਰਣ ਇਹ ਤਾਂ ਨਹੀਂ ਸੀ ਕਿ ਜਿਹੜੀ ਦਵਾਈ ਸੀ ਉਸਦੀ ਮਿਆਦ 12 ਤਾਰੀਖ ਨੂੰ ਖਤਮ ਹੋ ਰਹੀ ਸੀ ਅਤੇ 11 ਤਾਰੀਖ ਦੀ ਛੁੱਟੀ ਸੀ। ਸਪੀਕਰ ਸਾਹਿਬ ਐਡਾ ਵੱਡਾ ਕਰਾਈਮ ਕੀਤਾ ਗਿਆ ਡੰਗਰਾਂ ਨਾਲ ਕਿ ਜਿਹੜੇ ਐਕਸਪਾਇਰੀ ਵਾਲੇ ਟੀਕੇ ਸੀ, ਉਹ ਉਨ੍ਹਾਂ ਨੂੰ ਲਗਾ ਦਿੱਤੇ ਗਏ।

**ਸ੍ਰੀ ਸਪੀਕਰ** : ਮੈਂ ਅਲਾਓ ਨਹੀਂ ਕਰਦਾ।

**ਡਾਕਟਰ ਰਮੇਸ਼ ਦੱਤ** : ਸਪੀਕਰ ਸਾਹਿਬ, ਮੈਂ ਇਸ ਸਬੰਧੀ ਉਸ ਦਿਨ ਮੇਜ਼ ਤੇ ਇਕ ਬੋਤਲ ਵੀ ਰੱਖੀ ਸੀ (ਵਿਘਨ)

**ਸ੍ਰੀ ਸਪੀਕਰ** : ਮੈਂ ਅਲਾਉ ਨਹੀਂ ਕੀਤੀ ਸੀ, ਤੁਸੀਂ ਆਪਣੀ ਮਰਜ਼ੀ ਨਾਲ ਰੱਖ ਦਿੱਤੀ ਹੋਣੀ ਹੈ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਐਫ. ਐਮ. ਵੈਕਸੀਨ ਲਗਾਇਆ ਜਾਂਦਾ ਹੈ, ਇਹ ਇਕ ਖਾਸ ਟੈਂਪਰੇਚਰ ਵਿਚ ਰਖਿਆ ਜਾਂਦਾ ਹੈ, ਟੈਂਪਰੇਚਰ ਦੀ ਲਿਮਿਟ ਹੁੰਦੀ ਹੈ ਜਿਥੇ ਰਖਿਆ ਜਾਂਦਾ ਹੈ। ਇਹ ਜਿਹੜਾ ਐਫ. ਐਮ. ਵੈਕਸੀਨ ਸਪਲਾਈ ਕੀਤਾ ਗਿਆ ਹੈ, ਕੀ ਡਿਸਪੈਂਸਰੀਆਂ ਦੇ ਅੰਦਰ ਇਸ ਤਰ੍ਹਾਂ ਦੀ ਕੋਈ ਫੈਸਿਲਿਟੀ ਹੈ ਜਿੱਥੇ ਕਿ ਲੋੜੀਂਦੇ ਟੈਂਪਰੇਚਰ ਵਿਚ ਇਹ ਰੱਖਿਆ ਜਾਂਦਾ ਹੋਵੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਕੁਐਸਚਨ ਨਾਲ ਇਸ ਸਪਲੀਮੈਂਟਰੀ ਦਾ ਕੋਈ ਤੁਅੱਲਕ ਨਹੀਂ ਹੈ। ਇਹ ਨਵਾਂ ਕੁਐਸਚਨ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

**ਸ੍ਰੀ ਸਪੀਕਰ** : ਉਨ੍ਹਾਂ ਦਾ ਸਵਾਲ ਤਾਂ ਸਿਰਫ ਇਤਨਾ ਹੀ ਹੈ ਕਿ ਇਹ ਕਿਸੇ ਡੈਫੀਨੇਟ ਟੈਂਪਰੇਚਰ ਵਿਚ ਹੀ ਦਵਾਈ ਰੱਖੀ ਜਾਂਦੀ ਹੈ। ਇਸ ਲਈ ਉਨ੍ਹਾਂ ਨੇ ਏਨਾ ਹੀ ਪੁੱਛਿਆ ਹੈ ਕਿ ਆਇਆ ਡਿਸਪੈਂਸਰੀਆਂ ਵਿਚ ਕੋਈ ਇਸ ਤਰ੍ਹਾਂ ਦਾ ਇੰਤਜ਼ਾਮ ਹੈ।

**ਰਾਜ ਮੰਤਰੀ** : ਸਪੀਕਰ ਸਾਹਿਬ, ਸਾਡੇ ਤਹਿਸੀਲ ਲੈਵਲ ਉਤੇ ਫਰਿੱਜ ਰੱਖੇ ਹੋਏ ਹਨ। ਉਹ ਉਥੇ ਲਿਆ ਕੇ ਰੱਖ ਲੈਂਦੇ ਹਨ। ਲੋੜ ਦੇ ਮੁਤਾਬਿਕ ਉਹ ਉਥੋਂ ਲੈ ਲੈਂਦੇ ਹਨ।

------

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਨਵੀਆਂ ਸੜਕਾਂ ਬਣਾਉਣਾ

*910. **ਸ੍ਰੀ ਗੁਰਪਾਲ ਚੰਦ ਸਰੋਆ** : ਕੀ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

ਰਾਜ ਵਿੱਚ ਸਾਲ 1993-94 ਦੇ ਦੌਰਾਨ ਨਵੀਆਂ ਸੜਕਾਂ ਬਣਾਉਣ ਲਈ ਕਿੰਨੀ ਰਾਸ਼ੀ ਮਿਥੀ ਗਈ ਹੈ ਅਤੇ ਕੁੱਲ ਕਿੰਨੇ ਮੀਲ ਨਵੀਆਂ ਸੜਕਾਂ ਬਣਾਉਣ ਦੀ ਤਜਵੀਜ਼ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸੜਕਾਂ ਵਿਚੋਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੁੱਲ ਕਿੰਨੇ ਮੀਲ ਨਵੀਆਂ ਸੜਕਾਂ ਬਣਾਉਣ ਦੀ ਤਜਵੀਜ਼ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ** : (ੳ) ਅਤੇ (ਅ) ਸਾਲ 1993-94 ਦੇ ਬਜਟ ਵਿਚ ਧੰਨ ਦਾ ਕੋਈ ਉਪਬੰਧ ਨਹੀਂ ਹੈ ।

**ਸ੍ਰੀ ਗੁਰਪਾਲ ਚੰਦ ਸਰੋਆ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਇਹ ਜਾਣਨਾ ਚਾਹੁੰਦਾ ਹਾਂ ਕਿ ਅਗਰ ਧੰਨ ਦੀ ਪ੍ਰਾਪਤੀ ਨਹੀਂ ਹੈ, ਧੰਨ ਦੀ ਪ੍ਰਾਪਤੀ ਕਰਕੇ, ਜਿਨ੍ਹਾਂ ਪਿੰਡਾਂ ਨੂੰ ਅਜੇ ਤਕ ਸੜਕਾਂ ਨਹੀਂ ਗਈਆਂ ਉਹ ਕਦੋਂ ਤਕ ਉਨ੍ਹਾਂ ਪਿੰਡਾਂ ਨੂੰ ਸੜਕਾਂ ਬਣਾ ਕੇ ਦਿੱਤੀਆਂ ਜਾਣਗੀਆਂ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਐਮ. ਐਲ. ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੰਨ 1971 ਤੋਂ 1979 ਤਕ ਪੰਜਾਬ ਸਰਕਾਰ ਨੇ ਇਕ ਕਰੈਸ਼ ਪ੍ਰੋਗਰਾਮ ਬਣਾਇਆ ਸੀ। ਉਸ ਤੋਂ ਬਾਅਦ ਜਿਹੜੀਆਂ ਸੜਕਾਂ ਬਣ ਗਈਆਂ ਸਨ ਉਨ੍ਹਾਂ ਨੂੰ ਸਰਕਾਰ ਪੂਰੀ ਤਰ੍ਹਾਂ ਮੇਨਟੇਨ ਨਹੀਂ ਕਰ ਸਕੀ। ਸੰਨ 1987 ਵਿਚ ਸਰਕਾਰ ਨੇ ਕਰੈਸ਼ ਪ੍ਰੋਗਰਾਮ ਹੇਠ ਸੜਕਾਂ ਨੂੰ ਠੀਕ ਕਰਨ ਦਾ ਫੈਸਲਾ ਕੀਤਾ ਸੀ। ਉਸੇ ਸਕੀਮ ਦੇ ਤਹਿਤ ਜਦੋਂ ਦੀ ਇਹ ਗੌਰਮਿੰਟ ਬਣੀ ਹੈ, ਸੜਕਾਂ ਨੂੰ ਰਿਪੇਅਰ ਕਰਨ ਲਈ ਕਰੈਸ਼ ਪ੍ਰੋਗਰਾਮ ਚਲ ਰਿਹਾ ਹੈ ਔਰ ਉਮੀਦ ਹੈ ਕਿ ਸਾਰੀਆਂ ਸੜਕਾਂ ਗਰਮੀਆਂ ਤਕ ਰਿਪੇਅਰ ਹੋ ਜਾਣਗੀਆਂ।

ਸਪੀਕਰ ਸਾਹਿਬ, ਜਿਹੜੀਆਂ ਸੜਕਾਂ ਰਿਪੇਅਰ ਨਹੀਂ ਹੋ ਸਕੀਆਂ, ਜਿਹੜੇ ਮਿਸਿੰਗ ਲਿੰਕਸ ਹਨ, ਉਨ੍ਹਾਂ ਲਈ 20 ਕਰੋੜ ਰੁਪਿਆ ਰਖਿਆ ਗਿਆ ਸੀ। ਜਿਹੜੇ ਮਿਸਿੰਗ ਲਿੰਕ ਰੋਡਜ਼ ਸਨ, ਬਜਟ ਸੰਨ 1993-94 ਵਿਚ ਉਹ ਨਹੀਂ ਆ ਸਕੇ।

**ਸਰਦਾਰ ਰਾਜ ਸਿੰਘ ਖੇੜੀ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਸਰਕਾਰ ਕਹਿੰਦੀ ਹੈ ਕਿ ਸੰਨ 1993-94 ਵਿਚ ਸਾਰੀਆਂ ਸੜਕਾਂ ਬਣਾਈਆਂ ਜਾਣਗੀਆਂ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਧੰਨ ਨਹੀਂ ਹੈ, ਤਾਂ ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਜੋ ਪੇਪਰਾਂ ਵਿਚ ਸਰਕਾਰ ਦੇ ਬਿਆਨ ਲੱਗ ਰਹੇ ਹਨ ਉਨ੍ਹਾਂ, ਨੂੰ ਬੰਦ ਕੀਤਾ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਬਹੁਤ ਵੱਡਾ ਸੜਕਾਂ ਦਾ ਨੈੱਟ ਵਰਕ ਹੈ ਜਿਹੜਾ ਕੋਈ 30 ਹਜਾਰ ਕਿਲੋਮੀਟਰ ਦੇ ਕਰੀਬ ਹੈ। ਪਿਛਲੇ ਸਾਲਾਂ ਵਿਚ ਸੜਕਾਂ ਰਿਪੇਅਰ ਨਹੀਂ ਹੋ ਸਕੀਆਂ । ਇਸ ਲਈ ਪਹਿਲਾਂ ਪੁਰਾਣੀਆਂ ਸੜਕਾਂ ਨੂੰ ਰਿਪੇਅਰ ਕਰਨ ਲਈ ਪ੍ਰੋਗਰਾਮ ਬਣਾਇਆ ਹੈ। ਮੈਂ ਪੁਜੀਸ਼ਨ ਕਲੀਅਰ ਕਰ ਦਿੰਦਾ ਹਾਂ। ਸਪੀਕਰ ਸਾਹਿਬ, 20 ਕਰੋੜ ਰੁਪਿਆ ਰੂਰਲ ਡਿਵੈਲਪਮੈਂਟ ਫੰਡ ਵਿਚ ਰੱਖਿਆ ਹੈ। ਜੋ ਮਿਸਿੰਗ ਲਿੰਕ ਰੋਡਜ਼ ਹਨ, ਜਿਸ ਤਰ੍ਹਾਂ ਕਿ ਕੋਈ ਗੁਰਦਵਾਰੇ ਨੂੰ ਸੜਕ ਜਾਂਦੀ ਹੋਵੇ, ਕੋਈ ਧਰਮਸ਼ਾਲਾ ਨੂੰ ਜਾਵੇ, ਪਰ ਜਿਹੜੀ ਵੀ ਸੜਕ ਡਿਸਟ੍ਰਿਕਟ ਬੋਰਡ ਪਾਸ ਕਰ ਦੇਣਗੇ, ਬਨਾਉਣ ਵਾਸਤੇ, ਉਹ ਬਣ ਜਾਵੇਗੀ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ। ਮੰਤਰੀ ਜੀ ਪਾਸ ਇਨਫਰਮੇਸ਼ਨ ਹੈ, ਤੁਸੀਂ ਪੁੱਛ ਦੇਵੋ। ਭੀਮੀਆਂ ਚੋਅ ਜਿਹੜਾ ਗੜ੍ਹਸ਼ੰਕਰ ਵਿਚ ਹੈ ..............

**ਸ੍ਰੀ ਸਪੀਕਰ** : ਕਰੀਮਪੁਰੀ ਜੀ, ਇਹ ਮੈਂ ਨਹੀਂ ਅਲਾਓ ਕਰਦਾ, ਵਖਰਾ ਸਵਾਲ ਦੇ ਦਿਓ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਇਹ ਵੈਸੇ ਹੀ ਦੱਸ ਦੇਣ ਇਨ੍ਹਾਂ ਪਾਸ ਇਨਫਰਮੇਸ਼ਨ ਮੌਜੂਦ ਹੈ। ਇਹ ਅਸ਼ੋਰੈਂਸ ਦੇ ਦੇਣ, ਪੈਸਾ ਮਨਜ਼ੂਰ ਹੋਇਆ ਹੋਇਆ ਹੈ। ਸਪੀਕਰ ਸਾਹਿਬ, ਦਸ ਲੱਖ ਰੁਪਿਆ ਮਨਜ਼ੂਰ ਹੋਇਆ ਹੋਇਆ ਹੈ, ਮੰਤਰੀ ਜੀ ਨੂੰ ਪਤਾ ਹੈ ਕਿ ਪ੍ਰਬੰਧਕੀ ਮਨਜ਼ੂਰੀ ਨਹੀਂ ਮਿਲੀ।

**Mr. Speaker :** Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Starred Question No. 883*

(Extension has been asked for in respect of Starred Question No. 883).

### ਸਾਬਕਾ ਫੌਜੀਆਂ ਨੂੰ ਬਸ ਰੂਟ ਪਰਮਿਟ ਦੇਣਾ

*902. **ਸਰਦਾਰ ਰਾਜ ਸਿੰਘ 'ਖੇੜੀ'** : ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਰਾਜ ਵਿਚ ਮੌਜੂਦਾ ਲੋਕਪ੍ਰਿਯ ਸਰਕਾਰ ਦੀ ਸਥਾਪਨਾ ਤੋਂ ਬਾਅਦ ਸਾਬਕਾ ਫੌਜੀਆਂ ਨੂੰ ਕੋਈ ਬੱਸ ਰੂਟ ਪਰਮਿਟ ਜਾਰੀ ਕੀਤੇ ਗਏ ਹਨ; ਜੇਕਰ ਕੀਤੇ ਗਏ ਹਨ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ;

*For starred Question No. 883 and reply thereto, please *see* P.V.S. Debates dated 6th April, 1993.

Original with;
Punjab Vidhan Sabha
Digitized by;
Panjab Digital Library

[ਸਰਦਾਰ ਰਾਜ ਸਿੰਘ ਖੇੜੀ]

(ਅ) ਕੀ ਸਰਕਾਰ ਦੀ ਅਜਿਹੇ ਕੋਈ ਹੋਰ ਪਰਮਿਟ ਜਾਰੀ ਕਰਨ ਦੀ ਤਜਵੀਜ਼ ਹੈ ;

(ੲ) ਕੀ ਡਿਊਟੀ ਨਿਭਾਉਂਦਿਆਂ ਮਾਰੇ ਗਏ ਸੁਰੱਖਿਆ ਅਮਲੇ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਬੱਸ ਰੂਟ ਪਰਮਿਟ ਜਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ?

**ਮਾਸਟਰ ਜਾਗੀਰ ਸਿੰਘ :** (ੳ) ਅਤੇ (ਅ) ਰਾਜ ਵਿਚ ਲੋਕਪ੍ਰਿਯ ਸਰਕਾਰ ਦੀ ਸਥਾਪਨਾ ਤੋਂ ਬਾਅਦ 15 ਸਟੇਜ ਕੈਰਿਜ ਪ੍ਰਮਿਟ ਮਿੰਨੀ ਬੱਸਾਂ ਲਈ ਸਾਬਕਾਂ ਫੌਜੀਆਂ ਨੂੰ ਦਿੱਤੇ ਗਏ ਹਨ। (ਵੇਰਵਾ ਹੇਠ ਦਿੱਤਾ ਹੈ)। ਹੋਰ ਰੂਟ ਪਰਮਿਟ ਸਰਕਾਰ ਦੀ ਪਾਲਿਸੀ ਅਨੁਸਾਰ ਦਿੱਤੇ ਜਾਣਗੇ।

(ੲ) ਨਹੀਂ ਜੀ।

ਮੌਜੂਦਾ ਲੋਕਪ੍ਰਿਯ ਸਰਕਾਰ ਬਣਨ ਤੋਂ ਬਾਅਦ ਸਾਬਕਾ ਫੌਜੀਆਂ ਨੂੰ ਜਾਰੀ ਕੀਤੇ ਗਏ ਮਿੰਨੀ ਬੱਸ ਸਟੇਜ ਕੈਰਿਜ ਪ੍ਰਮਿਟਾਂ ਦਾ ਵੇਰਵਾ :—

| ਲੜੀ ਨੰ: | ਪਰਮਿਟ ਧਾਰੀ ਦਾ ਨਾਂ | ਰੂਟ ਦਾ ਨਾਂ |
|---|---|---|
| 1 | ਸ੍ਰੀ ਜੋਰਾ ਸਿੰਘ ਪੁੱਤਰ ਸ: ਰਘਬੀਰ ਸਿੰਘ, ਪਿੰਡ ਤੇ ਡਾ: ਤਿਹਾੜਾ, ਜ਼ਿਲ੍ਹਾ ਲੁਧਿਆਣਾ | ਜਗਰਾਓਂ--ਸੇਖ ਵਾਇਆ ਗੋਤਲਵਾਲੇ ਸਮਾਧੀ ਚੱਕ, ਰਾਮਗੜ੍ਹ, ਭੁੱਲਰ, ਬਸੀ ਕਲਾਂ ਆਦਿ। |
| 2 | ਬੰਤਾ ਸਿੰਘ ਪੁੱਤਰ ਸ੍ਰੀ ਛੋਟਾ ਸਿੰਘ ਅਤੇ ... ਸ: ਗੁਰਮੀਤ ਸਿੰਘ, ਪੁੱਤਰ ਸ: ਬਚਨ ਸਿੰਘ ਮਾਰਫਤ ਪਰੇਮ ਸਿੰਘ ਸੇਠੀ, ਬਸ ਸਟੈਂਡ, ਲੈਹਰਾਗਾਗਾ | ਚੱਠਾ ਬੇਹਰ ਸਾਹਿਬ ਵਾਇਆ ਖਨੌਰੀ ਖੁਰਦ, ਖਨੌਰੀ-ਕਲਾਂ, ਸ਼ੇਰ ਗੜ੍ਹ, ਬਾਹੂਆ, ਗੁਰਦਿੱਤ ਪੁਰਾ ਅਰਨੋਂ ਆਦਿ। |
| 3 | ਸ: ਜਰਨੈਲ ਸਿੰਘ ਪੁੱਤਰ ਸ: ਸੱਜਨ ਸਿੰਘ, ਪਿੰਡ ਜੁਲਾਜਨ, ਤਹਿ: ਖੰਨਾ, ਜ਼ਿਲ੍ਹਾ ਲੁਧਿਆਣਾ | ਸਮਰਾਲਾ ਚੌਕ-ਲੁਧਿਆਣਾ-ਕੋਹਾੜਾ ਵਾਇਆ ਜੇਲ ਤਾਜਪੁਰ, ਖਾਸੀਆਂ, ਭੁਖੜੀ, ਧਾਨਸੂ ਆਦਿ। |
| 4 | ਸ: ਭਾਗ ਸਿੰਘ ਪੁੱਤਰ ਹਜ਼ਾਰਾ ਸਿੰਘ, ... ਪਿੰਡ ਸਿੱਧੂਪੁਰ ਖੁਰਦ, ਰੋਪੜ | ਮੋਰਿੰਡਾ-ਕੁਲਹੇੜੀ ਵਾਇਆ ਸ਼ੇਖੋ ਮਾਜਰਾ, ਡੂਮਛੇੜੀ, ਆਲਮਪੁਰ, ਨਗਾਮਾ ਆਦਿ। |
| 5 | ਸੁਖਵਿੰਦਰ ਸਿੰਘ ਪੁੱਤਰ ਸ: ਦੀਵਾਨ ਸਿੰਘ, ਪਿੰਡ ਜਲਹੇੜੀ ਅਤੇ ਗੈਹਲਾਂ, ਮਕਾਨ ਨੰ: 6845, ਜਾਖਲ ਰੋਡ, ਪਾਤੜਾਂ | ਪਾਤੜਾਂ-ਜੋਗੇਵਾਲ ਵਾਇਆ ਖਾਨੇਵਾਲ ਨਵਾ ਗਾਉਂ, ਹੋਤੀਪੁਰ, ਗੁਹਲਣ ਆਦਿ। |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਰਮਿਟ ਧਾਰੀ ਦਾ ਨਾਂ | ਰੂਟ ਦਾ ਨਾਂ |
|---|---|---|
| 6 | ਜਸਵੰਤ ਸਿੰਘ ਪੁੱਤਰ ਸ: ਮੱਲ ਸਿੰਘ, ਮਾਰਫਤ ਮੈ: ਪਾਲਾ ਟਰੇਡਿੰਗ ਕੰਪਨੀ, 44/8, ਦਾਣਾ ਮੰਡੀ, ਖੰਨਾ ... | ਮਲੇਰਕੋਟਲਾ-ਬੇਰਕਲਾ ਵਾਇਆ ਸਰੌੜ, ਨਾਰੋ ਮਾਜਰਾ, ਸੇਖਾਂ ਮਲੋਦ ਆਦਿ। |
| 7 | ਸੱਤਦੇਵ ਸ਼ਰਮਾ ਪੁੱਤਰ ਸ: ਠਾਕੁਰ ਦਾਸ, ਵਾਰਡ ਨੰ: 6, ਬਨੇੜਾ ਗੇਟ ਧੂਰੀ | ਮਲੇਰਕੋਟਲਾ-ਜੰਡਾਲੀ ਵਾਇਆ ਮਾਮਗੜ੍ਹ, ਧੰਨੋ, ਮਾਨਕਵਾਲ, ਬਾਠਾਂ, ਕੰਗਨਵਾਲ, ਆਦਿ |
| 8 | ਕੈਪਟਨ ਸਵਰਨ ਸਿੰਘ ਪੁੱਤਰ ਗੋਪਾਲ ਸਿੰਘ, ਬੀ-1, 417, ਆਨੰਦ ਨਗਰ, ਜੀ. ਟੀ. ਰੋਡ ਜਲੰਧਰ | ਭੋਗਪੁਰ ਤੋਂ ਕਰਤਾਰਪੁਰ ਵਾਇਆ ਜੰਡੇ। |
| 9 | ਅੱਛਰ ਸਿੰਘ ਅਤੇ ਬਲਕਾਰ ਸਿੰਘ ਪੁੱਤਰ ... ਮਹਿੰਦਰ ਸਿੰਘ, ਪਿੰਡ ਆਰਨਕੇ, ਤਹਿਸੀਲ ਵਾ ਜ਼ਿਲ੍ਹਾ ਫਿਰੋਜ਼ਪੁਰ। | ਮੱਖੂ ਤੋਂ ਮੁਲਾਂਵਾਲਾ ਵਾਇਆ ਬੰਗਾਲੀਪੁਰ ਆਦਿ। |
| 10 | ਤਾਰਾ ਸਿੰਘ, ਪੁੱਤਰ ਮੰਨਾ ਸਿੰਘ ਪਿੰਡ ਕਾਲਾਂਵਾਲੀ, ਤਹਿ: ਫਾਜਿਲਕਾ, ਜ਼ਿਲ੍ਹਾ ਫਿਰੋਜ਼ਪੁਰ ... | ਫਾਜਿਲਕਾ ਕੋਰੀਆਂਵਾਲੀ ਵਾਇਆ ਕੰਮਾਲਵਾਲ ਆਦਿ। |
| 11 | ਰਾਜਦੀਪ ਸਿੰਘ ਪੁੱਤਰ ਗੁਰਬਚਨ ਸਿੰਘ, ਪਿੰਡ ਕਨਮਿਟੀ, ਤਹਿ: ਅਤੇ ਜ਼ਿਲ੍ਹਾ ਫਿਰੋਜ਼-ਪੁਰ | ਕਰਮਵਾਲਾ ਤੋਂ ਮੁਦਕੀ ਵਾਇਆ ਝਗੀਆਂ ਵਾਲਾ ਤਲਵੰਡੀ ਭਾਈ ਆਦਿ। |
| 12 | ਜਗਦੀਸ਼ਵਰ ਲਾਲ ਪੁੱਤਰ ਨਰੰਜਣ ਦਾਸ, 2201, ਮੁਹੱਲਾ ਤੇਲੀਆਂ, ਲੱਕੜ ਮੰਡੀ, ਅਬੋਹਰ | ਅਬੋਹਰ ਤੋਂ ਢੀਂਗਾਂਵਾਲੀ ਵਾਇਆ ਆਲਮਗੜ੍ਹ। |
| 13 | ਸੂਬਾ ਸਿੰਘ ਪੁੱਤਰ ਬਹਾਲ ਸਿੰਘ, ਪਿੰਡ ... ਬਾਂਕਾ, ਤਹਿ: ਫਾਜਿਲਕਾ ਅਤੇ ਸ੍ਰੀ ਕਾਬਲ ਸਿੰਘ, ਪੁੱਤਰ ਜਾਗੀਰ ਸਿੰਘ, ਪਿੰਡ ਹੈਜਖਾਨ, ਜ਼ਿਲ੍ਹਾ ਫਿਰੋਜ਼ਪੁਰ | ਜਲਾਲਾਬਾਦ ਤੋਂ ਚੱਕ ਪੱਖੀ ਵਾਇਆ ਰਾਮੂਵਾਲਾ। |
| 14 | ਸ੍ਰੀ ਸਰਦਾਰਾ ਸਿੰਘ ਪੁੱਤਰ ਇੰਦਰ ਸਿੰਘ, ... ਪਿੰਡ ਧਰਮਕੋਟ, ਤਹਿਸੀਲ ਜੀਰਾ, ਜ਼ਿਲ੍ਹਾ ਫਿਰੋਜ਼ਪੁਰ | ਧਰਮਕੋਟ ਤੋਂ ਰੇਰਵਾਂ ਵਾਇਆ ਸ਼ੇਰਪੁਰ। |
| 15 | ਸ੍ਰੀ ਜਲਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ, ਪਿੰਡ ਟਿੰਡਵਾਂ ਤਹਿਸੀਲ ਜੀਰਾ, ਜ਼ਿਲ੍ਹਾ ਫਿਰੋਜ਼ਪੁਰ | ਜੀਰਾ ਤੋਂ ਮੁੱਲਾਂਪੁਰ ਵਾਇਆ ਬਲਟੋਹਾ। |

Original with;
Punjab Vidhan Sabha
Digitized by;
Panjab Digital Library

**ਸਿੱਖਿਆ ਵਿਭਾਗ (ਮਿਡਲ) ਲਈ ਡਾਇਰੈਕਟੋਰੇਟ ਸਥਾਪਤ ਕਰਨਾ**

*901. **ਸਰਦਾਰ ਹਰਗੋਪਾਲ ਸਿੰਘ, ਐਡਵੋਕੇਟ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਡੀ. ਪੀ. ਆਈ. (ਸਕੂਲਜ਼) ਅਤੇ ਡੀ. ਪੀ. ਆਈ. (ਪ੍ਰਾਇਮਰੀ) ਦੇ ਪੈਟਰਨ ਤੇ ਡੀ. ਪੀ. ਆਈ. (ਮਿਡਲ) ਸਥਾਪਤ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ?

**ਸ੍ਰੀ ਹਰਨਾਮ ਦਾਸ ਜੌਹਰ** : ਨਹੀਂ ਜੀ। ਕਿਉਂਕਿ ਵਰਤਮਾਨ ਪ੍ਰਣਾਲੀ ਬਹੁਤ ਹੀ ਤਸੱਲੀ-ਬਖਸ਼ ਢੰਗ ਨਾਲ ਕੰਮ ਕਰ ਰਹੀਂ ਹੈ ਕਿਉਂਜੋ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕ ਇਕੋ ਕਾਡਰ ਨਾਲ ਸਬੰਧ ਰੱਖਦੇ ਹਨ।

**Starred Question No. 928***

(Extension has been asked for in respect of Starred Question No. 928.)

**ਰਾਜ ਦੇ ਦਿਹਾਤੀ ਇਲਾਕਿਆਂ ਵਿਚ ਪਸ਼ੂ ਚਿਕਿਤਸਾ ਹਸਪਤਾਲਾਂ ਡਿਸਪੈਂਸਰੀਆਂ ਦੀ ਗਿਣਤੀ**

*869. **ਡਾਕਟਰ ਰਮੇਸ਼ ਦੱਤ** : ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਇਸ ਸਮੇਂ ਕਿੰਨੀਆਂ ਦਿਹਾਤੀ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਅਤੇ ਹਸਪਤਾਲ ਹਨ ਅਤੇ ਉਕਤ ਡਿਸਪੈਂਸਰੀਆਂ/ਹਸਪਤਾਲਾਂ ਵਿਚ ਕੁੱਲ ਕਿੰਨੇ ਕਿੰਨੇ ਡਾਕਟਰ ਅਤੇ ਵੈਟਰਨਰੀ ਫਾਰਮਾਸਿਸਟ ਲਗਾਏ ਗਏ ਹਨ?

**ਸਰਦਾਰ ਹਰਬੰਸ ਸਿੰਘ ਸਿੱਧੂ** :

| | | |
|---|---|---|
| 1. | ਦਿਹਾਤੀ ਪਸ਼ੂ ਡਿਸਪੈਂਸਰੀਆਂ ਦੀ ਗਿਣਤੀ | 1008 |
| 2. | ਦਿਹਾਤੀ ਪਸ਼ੂ ਹਸਪਤਾਲਾਂ ਦੀ ਗਿਣਤੀ ... | 771 |
| 3. | ਦਿਹਾਤੀ ਪਸ਼ੂ ਹਸਪਤਾਲਾਂ ਵਿੱਚ ਲੱਗੇ ਵੈਟੀ. ਅਫਸਰਾਂ ਦੀ ਗਿਣਤੀ | 640 |
| 4. | ਦਿਹਾਤੀ ਪਸ਼ੂ ਹਸਪਤਾਲਾਂ ਅਤੇ ਡਿਸ-ਪੈਂਸਰੀਆਂ ਵਿਚ ਲੱਗੇ ਵੈਟੀ. ਫਾਰਮਾ-ਸਿਸਟਾਂ ਦੀ ਗਿਣਤੀ | 1908 |

## UNSTARRED QUESTIONS AND ANSWERS

### Construction of Bridge over Nabha Drain

117 **Comrade Tarsem Jodhan:** Will the Minister of State for Public Works (B & R) be pleased to state whether the Government proposes to construct a bridge on Nabha drain passing the villages Sangatpura, Sakraundi, etc. in distt. Sangrur; if so, the time by which the construction work thereon is likely to be undertaken?

**For Starred Question No. 928 and reply thereto, please see P.V.S. Debates ted 6th April, 1993.

Original with;
Punjab Vidhan Sabha
Digitized by;
Panjab Digital Library

ਸਰਦਾਰ ਜੋਗਿੰਦਰ ਸਿੰਘ ਮਾਨ : ਹਾਲ ਦੀ ਘੜੀ ਇਸ ਤਰ੍ਹਾਂ ਦੀ ਕੋਈ ਤਜਵੀਜ਼ ਨਹੀਂ ਹੈ ਜੀ।

---

## ਜ਼ਿਲ੍ਹਾ ਬਠਿੰਡਾ ਵਿਚ ਮਾਰੇ ਗਏ ਖਾੜਕੂਆਂ ਦੀ ਗਿਣਤੀ

123. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) 13 ਅਪ੍ਰੈਲ, 1992 ਤੋਂ 15 ਫਰਵਰੀ, 1993 ਤੱਕ ਦੇ ਸਮੇਂ ਦੌਰਾਨ ਜ਼ਿਲ੍ਹਾ ਬਠਿੰਡਾ ਵਿਚ ਮੁਕਾਬਲਿਆਂ ਵਿਚ ਮਾਰੇ ਗਏ ਖਾੜਕੂਆਂ ਦੇ ਨਾਂ ਅਤੇ ਪਤੇ ਕੀ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮਾਰੇ ਗਏ ਖਾੜਕੂਆਂ ਤੋਂ ਕਿੰਨੀ ਮਾਤਰਾ ਵਿਚ ਅਤੇ ਕਿਸ ਕਿਸ ਕਿਸਮ ਦਾ ਅਸਲਾ ਬਰਾਮਦ ਕੀਤਾ ਗਿਆ ?

**ਸਰਦਾਰ ਬੇਅੰਤ ਸਿੰਘ** : (ੳ) ਜ਼ਿਲ੍ਹਾ ਬਠਿੰਡਾ ਵਿਚ ਮਿਤੀ 13 ਅਪ੍ਰੈਲ, 1992 ਤੋਂ 15 ਫਰਵਰੀ, 1993 ਤੱਕ 70 ਖਾੜਕੂ ਮੁਕਾਬਲਿਆਂ ਵਿਚ ਮਾਰੇ ਗਏ ਸਨ। ਇਨ੍ਹਾਂ ਵਿਚੋਂ 18 ਖਾੜਕੂ ਅਣਪਛਾਤੇ ਸਨ ਅਤੇ 52 ਖਾੜਕੂਆਂ ਦੇ ਨਾਂਮ ਅਤੇ ਪਤੇ ਅਨੁਲੱਗ-1 ਵਿਚ ਦਰਜ ਹਨ।

(ਅ) ਖਾੜਕੂਆਂ ਤੋਂ ਫੜੇ ਗਏ ਹਥਿਆਰਾਂ ਦਾ ਵੇਰਵਾ ਅਨੁਲੱਗ 2 ਵਿੱਚ ਦਰਜ ਹੈ

### ਅਨੁਲੱਗ-1

ਜ਼ਿਲ੍ਹਾ ਬਠਿੰਡਾ ਵਿਖੇ ਮਿਤੀ 13 ਅਪ੍ਰੈਲ, 1992 ਤੋਂ 15 ਫਰਵਰੀ, 1993 ਤੱਕ ਦੇ ਸਮੇਂ ਦੌਰਾਨ ਮੁਕਾਬਲੇ ਵਿਚ ਮਾਰੇ ਗਏ ਖਾੜਕੂਆਂ ਦੇ ਨਾਂ ਅਤੇ ਪੂਰਾ ਪਤਾ :—

ਸ/ਸ੍ਰੀ—

1. ਰਜਿੰਦਰ ਸਿੰਘ ਉਰਫ ਬਾਬਾ ਕੁਦਰਤੀ ਵਾਲਾ ਪੁੱਤਰ ਮੁਖਤਿਆਰ ਸਿੰਘ ਮਿਸਤਰੀ ਵਾਸੀ 69 ਬੀ, ਜ਼ਿਲ੍ਹਾ ਗੰਗਾ ਨਗਰ (ਰਾਜਸਥਾਨ)
2. ਬਲਜਿੰਦਰ ਸਿੰਘ ਪੁੱਤਰ ਬਲਵੰਤ ਸਿੰਘ, ਜੱਟ, ਵਾਸੀ ਪੂਲਾ।
3. ਕਾਬਲ ਸਿੰਘ ਉਰਫ ਕੁਲਦੀਪ ਸਿੰਘ ਪੁੱਤਰ ਸੰਘਾ ਸਿੰਘ, ਵਾਸੀ ਹਿਰਦੇਵਾਲ, ਥਾਣਾ ਸਿਧਵਾਂ, ਬੇਟ।
4. ਮਲਕੀਤ ਸਿੰਘ ਉਰਫ ਦਲੇਲ ਸਿੰਘ ਪੁੱਤਰ ਬੰਤ ਸਿੰਘ, ਵਾਸੀ ਜੰਡੂ ਕੇ।
5. ਰਾਜਪਾਲ ਸਿੰਘ ਉਰਫ ਰਾਜਾ ਪੁੱਤਰ ਦਵਿੰਦਰ ਸਿੰਘ, ਜੱਟ, ਵਾਸੀ ਰਾਮਸਰ, ਥਾਣਾ ਰਾਮਾ।
6. ਰਣਜੀਤ ਸਿੰਘ ਪੁੱਤਰ ਪੂਰਨ ਸਿੰਘ, ਜੱਟ, ਵਾਸੀ ਢਿਲਵਾਂ, ਥਾਣਾ ਤਪਾ (ਸੰਗਰੂਰ)
7. ਸਿੰਗਾਰਾ ਸਿੰਘ ਪੁੱਤਰ ਜਾਗਰ ਸਿੰਘ, ਰਾਮਦਾਸੀਆ, ਵਾਸੀ ਲਹਿਰਾ ਬੇਗਾ
8. ਜਗਰੂਪ ਸਿੰਘ ਉਰਫ ਜੂਪਾ ਪੁੱਤਰ ਗੁਰਦੇਵ ਸਿੰਘ, ਵਾਸੀ ਜੰਡੂ ਕੇ, ਥਾਣਾ ਬੀ ਵਾਲੀ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

9. ਦਰਸ਼ਨ ਸਿੰਘ ਪੁੱਤਰ ਗੁਰਦੇਵ ਸਿੰਘ, ਜੱਟ, ਵਾਸੀ ਕੋਟਲੀ ਖੁਰਦ ।

10. ਹਰਪਿੰਦਰ ਸਿੰਘ ਉਰਫ ਗੋਲਡੀ ਪੁੱਤਰ ਜਸਵੰਤ ਸਿੰਘ, ਵਾਸੀ ਕੋਠੇ ਪਿੱਪਲੀ ਮਹਿਰਾਜ

11. ਜਸਵੀਰ ਸਿੰਘ, ਵਾਸੀ ਲਤਾਲਾ, ਥਾਣਾ ਦੋਂਹਲੋਂ ।

12. ਸੁਖਵਿੰਦਰ ਸਿੰਘ ਉਰਫ ਫੌਜੀ, ਵਾਸੀ ਮਾਛੀਆਂ, ਥਾਣਾ ਭਵਾਨੀਗੜ੍ਹ ।

13. ਜਸਵੀਰ ਸਿੰਘ, ਪੁੱਤਰ ਬਲਕਾਰਨ ਸਿੰਘ, ਜੱਟ, ਵਾਸੀ ਭਾਗੀ ਬਾਂਦਰ ।

14. ਬਲਜੀਤ ਸਿੰਘ ਉਰਫ ਬੱਚੀ ਪੁੱਤਰ ਜਾਗੀਰ ਸਿੰਘ ਜੱਟ, ਵਾਸੀ ਪੂਲੋਂ ਮਿੱਠੀ ।

15. ਬਲਦੇਵ ਸਿੰਘ ਪੁੱਤਰ ਪਾਲਾ ਸਿੰਘ, ਜੱਟ, ਵਾਸੀ ਮੁਹੱਲਾ ਝੂਠੀ ਕਾ (ਬਠਿੰਡਾ)

16. ਤਜਿੰਦਰ ਸਿੰਘ ਉਰਫ ਗੋਰਾ ਪੁੱਤਰ ਸੁਖਦੇਵ ਸਿੰਘ ਜੱਟ, ਵਾਸੀ ਨਥਾਣਾ ।

17. ਕਰਮਜੀਤ ਸਿੰਘ ਪੁੱਤਰ ਮਹਿੰਦਰ ਸਿੰਘ, ਵਾਸੀ ਰਾਮੂ ਵਾਲਾ, ਥਾਣਾ ਦਿਆਲਪੁਰਾ ।

18. ਸੁਖਪਾਲ ਸਿੰਘ ਉਰਫ ਪਾਲਾ ਪੁੱਤਰ ਭਾਗ ਸਿੰਘ ਜੱਟ, ਵਾਸੀ ਜਗ੍ਹਾਂ ਰਾਮ ਤੀਰਥ, ਥਾਣਾ ਤਲਵੰਡੀ ਸਾਬੋ ।

19. ਬਲਦੇਵ ਕੁਮਾਰ ਪੰਡਿਤ ਪੁੱਤਰ ਹਰਬੰਸ ਲਾਲ, ਵਾਸੀ ਫੂਲ ।

20. ਨਿੱਠੂ ਸਿੰਘ, ਪੁੱਤਰ ਬਲਵੰਤ ਸਿੰਘ ਜੱਟ, ਵਾਸੀ ਜਗ੍ਹਾ ਰਾਮ ਤੀਰਥ ।

21. ਨਾਗੌਰ ਸਿੰਘ ਉਰਫ ਨਗੌਰੀ ਪੁੱਤਰ ਬਖਤੌਰ ਸਿੰਘ ਜੱਟ, ਵਾਸੀ ਫੂਲ ।

22. ਕੁਲਵੰਤ ਸਿੰਘ ਪੁੱਤਰ ਬਚਿੱਤਰ ਸਿੰਘ, ਜੱਟ, ਵਾਸੀ ਲਹਿਰਾ ਬੇਗਾ ।

23. ਜੰਤਾ ਸਿੰਘ ਪੁੱਤਰ ਸੁਖਦੇਵ ਸਿੰਘ ਮਜ਼੍ਹਬੀ, ਵਾਸੀ ਮਲੂਕਾ ।

24. ਹਰਬੰਸ ਸਿੰਘ ਪੁੱਤਰ ਨਛੱਤਰ ਸਿੰਘ ਜੱਟ, ਵਾਸੀ ਭਗਤਾਂ ।

25. ਗੁਰਨੈਬ ਸਿੰਘ ਉਰਫ ਨੈਬਾ ਪੁੱਤਰ ਭਾਗ ਸਿੰਘ ਮਿਸਤਰੀ, ਵਾਸੀ ਭਾਈ ਰੂਪਾ ।

26. ਐਕਸਣ ਪੀ. ਐਚ. ਜੀ. ਸ਼ਮਸ਼ੇਰ ਸਿੰਘ ਉਰਫ ਸ਼ੇਰਾ ਪੁੱਤਰ ਜੱਗਾ ਸਿੰਘ ਮਿਸਤਰੀ, ਵਾਸੀ ਭਾਈ ਰੂਪਾ ।

27. ਹਰਬੰਸ ਸਿੰਘ ਪੁੱਤਰ ਮੁਖਤਿਆਰ ਸਿੰਘ ਜੱਟ, ਵਾਸੀ ਕੋਟਲੀ ਖੁਰਦ ।

28. ਗੁਰਮੇਲ ਸਿੰਘ ਪੁੱਤਰ ਜਸਵੰਤ ਸਿੰਘ ਜੱਟ, ਵਾਸੀ ਸੰਗੋ ।

29. ਜਸਬੀਰ ਸਿੰਘ ਪੁੱਤਰ ਗੁਰਮੇਲ ਸਿੰਘ ਜੱਟ, ਵਾਸੀ ਕੋਟਲੀ ਖੁਰਦ ।

Original with;
Punjab Vidhan Sabha
Digitized by;
Panjab Digital Library

30. ਕੁਲਵਿੰਦਰ ਸਿੰਘ ਉਰਫ ਕੁਬੇ ਪੁੱਤਰ ਦਿਆਲ ਸਿੰਘ, ਵਾਸੀ ਰਾਜਗੜ੍ਹ ਕੁਬੇ।

31. ਡਾ: ਦਰਸ਼ਨ ਸਿੰਘ ਪੁੱਤਰ ਗੁਰਬਖਸ਼ ਸਿੰਘ ਰਾਮਦਾਸੀਆ, ਵਾਸੀ ਜੋਗਾ।

32. ਸੁਖਦੇਵ ਸਿੰਘ ਪੁੱਤਰ ਮਾਲ ਸਿੰਘ, ਵਾਸੀ ਘੁਰਕਾਣੀ, ਥਾਣਾ ਝੁਨੀਰ।

33. ਮੰਗਲ ਸਿੰਘ ਪੁੱਤਰ ਦਾਨ ਸਿੰਘ, ਵਾਸੀ ਰੋੜਾ, (ਫਰੀਦਕੋਟ)

34. ਬੇਅੰਤ ਸਿੰਘ ਪੁੱਤਰ ਮੱਘਰ ਸਿੰਘ ਜੱਟ, ਵਾਸੀ ਲਹਿਰਾ ਖੰਨਾ, ਥਾਣਾ ਨਥਾਣਾ।

35. ਸੂਬਾ ਸਿੰਘ ਪੁੱਤਰ ਅਜਮੇਰ ਸਿੰਘ ਜੱਟ, ਵਾਸੀ ਰੌਂਤਾ ਥਾਣਾ ਨਿਹਾਲ ਸਿੰਘ ਵਾਲਾ (ਫਰੀਦਕੋਟ)

36. ਭੋਲਾ ਸਿੰਘ ਪੁੱਤਰ ਮਿੱਠੂ ਸਿੰਘ ਜੱਟ, ਵਾਸੀ ਟੋਨਾ, ਥਾਣਾ ਸਦਰ ਬਠਿੰਡਾ।

37. ਬਲਜੀਤ ਸਿੰਘ ਪੁੱਤਰ ਗੁਰਚਰਨ ਸਿੰਘ, ਵਾਸੀ ਲਹਿਰਾ ਬੇਗਾ।

38. ਮਲਕੀਤ ਸਿੰਘ ਪੁੱਤਰ ਸੁਰਿੰਦਰ ਸਿੰਘ, ਵਾਸੀ ਤਲਵੰਡੀ ਸਾਬੋ।

39. ਰਣਜੀਤ ਸਿੰਘ ਪੁੱਤਰ ਮੱਲ੍ਹੀ, ਥਾਣਾ ਬਾਘਾਪੁਰਾਣਾ (ਫਰੀਦਕੋਟ)।

40. ਕਰਨੈਲ ਸਿੰਘ ਉਰਫ ਕਾਲੀ ਪੁੱਤਰ ਜੋਰਾ ਸਿੰਘ, ਵਾਸੀ ਢਿਲਵਾਂ, ਥਾਣਾ ਤਪਾ।

41. ਗੁਰਮੇਲ ਸਿੰਘ ਉਰਫ ਗਾਲੀ ਪੁੱਤਰ ਜੁਗਰਾਜ ਸਿੰਘ ਜੱਟ, ਵਾਸੀ ਲਹਿਰਾ ਬੇਗਾ।

42. ਭੁਪਿੰਦਰ ਸਿੰਘ ਉਰਫ ਭਿੰਦਾ, ਵਾਸੀ ਧੌਲ ਨਗਰ, ਥਾਣਾ ਸੰਗਰੀਆਂ (ਰਾਜ)

43. ਜਗਜੀਤ ਸਿੰਘ ਉਰਫ ਫੌਜੀ ਪੁੱਤਰ ਪਰੀਤਮ ਸਿੰਘ ਜੱਟ, ਵਾਸੀ ਕੋਟ ਕਰੋੜ ਕਲਾਂ, ਥਾਣਾ ਘੱਲ ਖੁਰਦ।

44. ਢੋਲੀ ਉਰਫ ਜੀਵਨ ਸਿੰਘ ਪੁੱਤਰ ਬਖਸ਼ੀ ਸਿੰਘ ਮਜ਼ਬੀ, ਵਾਸੀ ਮਲੂਕਾ

45. ਖਾੜਕੂ ਧਮਾਕ।

46. ਜਸਪਾਲ ਸਿੰਘ ਉਰਫ ਜੁਗਨੂੰ, ਵਾਸੀ ਸੰਗਰੂਰ।

47. ਸੁਖਵੰਤ ਸਿੰਘ ਉਰਫ ਫੌਜੀ, ਵਾਸੀ ਸੁਲਤਾਨ ਪੁਰ ਲੋਧੀ।

**ਅਣਪਛਾਤੇ ਅੱਤਵਾਦੀ ਮਾਰੇ = 18**

**ਸਾਲ 1993**

1. ਅਨੋਖ ਸਿੰਘ ਉਰਫ ਕਾਲਾ ਪੁੱਤਰ ਭੂਰਾ ਸਿੰਘ, ਵਾਸੀ ਗੋਂਦਰਾ, ਥਾਣਾ ਬੁਢਲਾਡਾ।

2. ਬਲਜਿੰਦਰ ਸਿੰਘ ਉਰਫ ਉਰਵਿੰਦਰ ਸਿੰਘ ਪੁੱਤਰ ਗੁਰਬਖਸ਼ ਸਿੰਘ ਜੱਟ, ਵਾਸੀ [illegible] ਸੱਤਰੀਆ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

3. ਹਰਮਿੰਦਰ ਸਿੰਘ ਉਰਫ ਪਿੰਦਾ, ਵਾਸੀ ਬੋਹਰੀ।

4. ਜਸਵੀਰ ਸਿੰਘ ਉਰਫ ਖੈਰਾ ਉਰਫ ਚਾਚਾ ਪੁੱਤਰ ਨੱਥਾ ਸਿੰਘ ਜੱਟ, ਵਾਸੀ ਨਿਰਾਲੀ, ਥਾਣਾ ਖਾਲੜਾ, ਜ਼ਿਲ੍ਹਾ ਅੰਮ੍ਰਿਤਸਰ।

5. ਸੇਵਾ ਸਿੰਘ ਪੁੱਤਰ ਤੇਜਾ ਸਿੰਘ, ਵਾਸੀ ਸੰਗੋ ਕਲਾਂ, ਥਾਣਾ ਢਿਲਵਾਂ, ਜਿਲਾ ਕਪੂਰਥਲਾ।

**ਅਨੁਲਗ–2**

ਅਨੁਲੱਗ–1 ਦੇ ਅਨੁਸਾਰ ਮਿਤੀ 13 ਅਪ੍ਰੈਲ, 1992 ਤੋਂ 15 ਫਰਵਰੀ 1993 ਤੱਕ ਦੇ ਸਮੇਂ ਵਿਚ ਮਾਰੇ ਗਏ ਖਾੜਕੂਆਂ ਕੋਲੋਂ ਮਿਲੇ ਹਥਿਆਰਾਂ ਅਤੇ ਬਾਰੂਦ ਦੀ ਕਿਸਮ ਅਤੇ ਮਾਤਰਾ :—

| | | | |
|---|---|---|---|
| 1. | ਜੀ. ਪੀ. ਮਸ਼ੀਨਗਨ | ... | 2 |
| 2. | ਏ. ਕੇ. 47/56 ਰਾਈਫਲਾਂ | ... | 23 |
| 3. | ਸਟੇਨਗੰਨ | ... | 1 |
| 4. | ਗੰਨ | ... | 12 |
| 5. | ਪਿਸਤੌਲ | ... | 9 |
| 6. | ਰਿਵਾਲਵਰ | ... | 5 |
| 7. | ਹੋਰ ਰਾਈਫਲ | ... | 10 |
| 8. | ਕਾਰਤੂਸ | ... | 1022 |
| 9. | ਡੇਟੋਨੇਟਰ | ... | 3 |
| 10. | ਬਰੂਦ | ... | 20 ਕਿਲੋ |
| 11. | ਹੈਂਡ ਗਰਨੇਡ | ... | 4 |

———

**ਉਦਯੋਗ ਵਿਭਾਗ ਦੇ ਵਾਧੂ ਹੋਏ ਸਟਾਫ ਨੂੰ ਸਮਾਉਣ ਬਾਰੇ**

**124. ਸਰਦਾਰ ਹਰਗੋਪਾਲ ਸਿੰਘ ਐਡਵੋਕੇਟ :** ਕੀ ਮੁੱਖ ਮੰਤਰੀ ਜੀ ਦੱਸਣ ਦੀ ਖੇਚਲ ਕਰਨਗੇ :—

(ੳ) ਕੀ ਉਦਯੋਗ ਵਿਭਾਗ ਦੇ ਸੈਂਸਜ਼ ਵਿੰਗ ਦਾ ਕੋਈ ਵਾਧੂ ਸਟਾਫ ਹਾਲੇ ਵੀ ਦੂਜੇ ਵਿਭਾਗਾਂ ਵਿਚ ਖਪਤ ਹੋਣ ਦੀ ਉਡੀਕ ਕਰ ਰਿਹਾ ਹੈ, ਜੇ ਹਾਂ ਤਾਂ ਅਸਾਮੀ ਦੇ ਹਿਸਾਬ ਨਾਲ ਉਨ੍ਹਾਂ ਦੀ ਗਿਣਤੀ ਅਤੇ ਉਸਦੇ ਕਾਰਣ ;

Original with;
Punjab Vidhan Sabha
Digitized by;
Panjab Digital Library

(ਅ) ਕੀ ਰਾਜ ਵਿਚ ਰਾਜਪਾਲ ਦੇ ਸ਼ਾਸਨ ਦੌਰਾਨ ਮਿਤੀ, 14 ਮਈ 1991 ਨੂੰ ਉਸ ਨੂੰ ਉਸ ਅਮਲੇ ਨੂੰ ਖਪਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ; ਜੇ ਹਾਂ ਤਾਂ ਉਨ੍ਹਾਂ ਹਦਾਇਤਾਂ ਅਨੁਸਾਰ ਖਪਤ ਕੀਤੇ ਗਏ ਕਰਮਚਾਰੀਆਂ ਦੀ ਗਿਣਤੀ ਦੱਸੋ :

(ੲ) ਬਾਕੀ ਦੇ ਕਰਮਚਾਰੀਆਂ ਨੂੰ ਖਪਤ ਕੀਤੇ ਜਾਣ ਵਾਲਾ ਸਮਾਂ ?

**ਸਰਦਾਰ ਬੇਅੰਤ ਸਿੰਘ :** ਸੂਚੀ ਸਦਨ ਦੀ ਟੇਬਲ ਤੇ ਰੱਖੀ ਜਾਂਦੀ ਹੈ ।

## ਸੂਚੀ

(ੳ) ਹੇਠ ਲਿਖੀਆਂ ਕੈਟਾਗਰੀਆਂ ਦਾ ਉਦਯੋਗ ਵਿਭਾਗ ਦੇ ਸੈਂਸਿਜ਼ ਵਿੰਗ ਦਾ ਵਾਧੂ ਸਟਾਫ ਅਜੇ ਦੂਸਰੇ ਵਿਭਾਗਾਂ/ਸਰਕਾਰੀ ਇਜੰਸੀਆਂ ਵਿਚ ਖਪਤ ਹੋਣ ਦੀ ਉਡੀਕ ਕਰ ਰਿਹਾ ਹੈ :—

| ਲੜੀ ਨੰ: | ਕੈਟਾਗਰੀ | | ਨਾ ਖਪਤ ਹੋਏ ਕਰਮਚਾਰੀਆਂ ਦੀ ਗਿਣਤੀ |
|---|---|---|---|
| 1 | ਸੁਪਰਵਾਈਜ਼ਰ | ... | 7 |
| 2 | ਇੰਮੀਉਰੇਟਰ | ... | 25 |

ਉਪਰੋਕਤ ਦਰਸਾਇਆ ਵਾਧੂ ਸਟਾਫ ਦਾ ਵੱਖ ਵੱਖ ਵਿਭਾਗਾਂ/ਸਰਕਾਰੀ ਏਜੰਸੀਆਂ ਵਿਚ ਨਾ ਖਪਤ ਹੋਣ ਦਾ ਮੁੱਖ ਕਾਰਨ ਖਾਲੀ ਆਸਾਮੀਆਂ ਦੀ ਨਾ ਉਪਲਭਧਤਾ ਹੈ ।

(ਅ) ਮਿਤੀ 14 ਮਈ, 1991 ਨੂੰ ਜਾਰੀ ਹੋਈਆਂ ਹਦਾਇਤਾਂ ਦੇ ਸਬੰਧ ਵਿਚ ਹੇਠ ਦਿੱਤਾ ਸਟਾਫ ਖਪਤ ਕੀਤਾ ਗਿਆ ਹੈ :—

| ਲੜੀ ਨੰ: | ਕੈਟਾਗਰੀ | | ਵਾਧੂ ਹੋਏ ਸਟਾਫ ਦੀ ਗਿਣਤੀ | ਖਪਤ ਕੀਤੇ ਵਾਧੂ ਸਟਾਫ ਦੀ ਗਿਣਤੀ |
|---|---|---|---|---|
| 1 | ਸਪਰਵਾਈਜ਼ਰ | ... | 107 | 100 |
| 2 | ਇਮੀਉਰੇਟਰ | ... | 148 | 123 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਜੋ ਵਾਧੂ ਹੋਏ ਸੈਂਸਜ਼ ਸਟਾਫ ਨੂੰ ਦਰਸਾਇਆ ਗਿਆ ਹੈ ਨੂੰ ਖਪਤ ਕਰਨ ਲਈ ਕੋਈ ਨਿਸਚਿਤ ਸਮਾਂ ਫਿਕਸ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਪੂਰੀ ਤਰ੍ਹਾਂ ਅਸਾਮੀਆਂ ਦੀ ਉਪਲਭਧਤਾ ਤੇ ਨਿਰਭਰ ਕਰਦਾ ਹੈ। ਫਿਰ ਵੀ ਨਾਖਧਤ ਹੋਏ ਵਾਧੂ ਸਟਾਫ ਦੀ ਲਿਸਟ ਵਖ ਵਖ ਵਿਭਾਗਾਂ/ ਸਰਕਾਰੀ ਇਜੰਸੀਆਂ ਨੂੰ ਵਾਧੂ ਸਟਾਫ ਨੂੰ ਜਲਦੀ ਖਪਤ ਕਰਨ ਲਈ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ ।

---

**ਗਰੇਡਿੰਗ ਸਹਾਇਕਾਂ ਦੇ ਮਕਾਨ ਕਿਰਾਇਆ ਭੱਤਾ ਦੀ ਪਰੋਟੈਕਸ਼ਨ ਅਤੇ ਪਰਾਫੀਸ਼ੈਂਸੀ ਬਾਰੇ**

**125.** 1. **ਸਰਦਾਰ ਹਰਗੋਪਾਲ ਸਿੰਘ, ਐਡਵੋਕੇਟ**
2. **ਸ੍ਰੀ ਰਾਜਿੰਦਰ ਕੁਮਾਰ**
3. **ਸ੍ਰੀ ਗੁਰਪਾਲ ਚੰਦ ਸਰੋਆ**

} : ਕੀ ਖੇਤੀਬਾੜੀ ਅਤੇ ਵਣ

ਮੰਤਰੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਡਾਇਰੈਕਟਰ ਮਾਰਕੀਟਿੰਗ ਪੰਜਾਬ, ਖੇਤੀਬਾੜੀ ਵਿਭਾਗ ਦੇ ਦਫਤਰ ਵਿਚ ਬਤੌਰ ਗਰੇਡਿੰਗ ਸਹਾਇਕ ਕੰਮ ਕਰ ਰਹੇ ਕੁੱਝ ਕਰਮਚਾਰੀਆਂ ਦੀਆਂ ਮਕਾਨ ਕਿਰਾਇਆ ਭੱਤਾ ਦੀ ਪਰੋਟੈਕਸ਼ਨ ਅਤੇ ਪਰਾਫੀਸ਼ੈਂਸੀ ਬਾਰੇ 1 ਜਨਵਰੀ, 1986 ਤੱਕ ਅਤੇ ਉਸ ਤੋਂ ਬਾਅਦ ਪ੍ਰਤੀ ਬੇਨਤੀਆਂ ਵਿਚਾਰਨ ਲਈ ਲੰਬਿਤ ਹਨ; ਜੇਕਰ ਹਾਂ ਉਨ੍ਹਾਂ ਦਾ ਵੇਰਵਾ ਦਿੱਤਾ ਜਾਵੇ ਅਤੇ ਦੱਸਿਆ ਜਾਵੇ ਕਿ ਕਦੋਂ ਤੱਕ ਉਪਰੋਕਤ ਪ੍ਰਤੀ ਬੇਨਤੀਆਂ ਦਾ ਨਿਪਟਾਰਾ ਹੋਣ ਦੀ ਸੰਭਾਵਨਾ ਹੈ ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ :** ਮਾਰਕੀਟਿੰਗ ਸੈਕਸ਼ਨ ਅਧੀਨ ਕੰਮ ਕਰ ਰਹੇ ਨਿਮਨ ਲਿਖਤ ਗਰੇਡਿੰਗ ਸਹਾਇਕਾਂ ਵੱਲੋਂ ਬਿਨੈ ਪੱਤਰ, ਮਕਾਨ ਕਿਰਾਇਆ ਭੱਤਾ ਸੁਰਖਿਅਤ ਕਰਨ ਲਈ ਪਰਾਪਤ ਹੋਏ ਸਨ :—

| ਲੜੀ ਨੰਬਰ | ਕਰਮਚਾਰੀ ਦਾ ਨਾਮ ਅਤੇ ਅਹੁਦਾ | | ਅਰਜ਼ੀ ਪਰਾਪਤ ਹੋਣ ਦੀ ਮਿਤੀ |
|---|---|---|---|
| 1 | ਸ੍ਰੀ ਦੇਵ ਰਾਜ, ਗਰੇਡਿੰਗ ਸਹਾਇਕ ਬਠਿੰਡਾ | ... | 21-1-91 |
| 2 | ਸ੍ਰੀ ਅਮਰ ਸਿੰਘ, ਗਰੇਡਿੰਗ ਸਹਾਇਕ ਬਠਿੰਡਾ | ... | 21-1-91 |
| 3 | ਸ੍ਰੀ ਸੁਰਿੰਦਰ ਸਿੰਘ, ਗਰੇਡਿੰਗ ਸਹਾਇਕ ਪਠਾਨਕੋਟ | ... | 4-2-91 |
| 4 | ਸ੍ਰੀ ਬਾਜ ਸਿੰਘ, ਗਰੇਡਿੰਗ ਸਹਾਇਕ ਪਠਾਨਕੋਟ | ... | 10-7-92 |

Original with;
Punjab Vidhan Sabha
Digitized by;
Panjab Digital Library

ਆਡਿਟ ਇਤਰਾਜ਼ ਨੂੰ ਮੁੱਖ ਰੱਖਦਿਆਂ ਉਪਰੋਕਤ ਗਰੇਡਿੰਗ ਸਹਾਇਕਾਂ ਦੀਆਂ ਪ੍ਰਤੀ ਬੇਨ-ਤੀਆਂ ਡਾਇਰੈਕਟੋਰੇਟ ਪੱਧਰ ਤੇ ਫਾਈਲ ਕਰ ਦਿੱਤੀਆਂ ਗਈਆਂ ਸਨ । ਮਾਮਲਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੁੜ ਵਿਚਾਰਿਆ ਜਾਵੇਗਾ।

2. ਧਰਾਫੀਸ਼ੈਂਸੀ ਸਟੈੱਪ ਅਪ ਬਾਰੇ ਕੋਈ ਪ੍ਰਤੀਬੇਨਤੀ ਕਿਸੇ ਕਰਮਚਾਰੀ ਵੱਲੋਂ ਪਰਾਪਤ ਨਹੀਂ ਹੋਈ। ਇਕ ਕੇਸ ਡਾਇਰੈਕਟਰ ਮਾਰਕੀਟਿੰਗ ਪਾਸ ਲੰਬਿਤ ਪਿਆ ਹੈ ।

**ਸ੍ਰੀ ਮਦਨ ਮੋਹਨ ਮਿੱਤਲ :** ** ** **

**Mr. Speaker :** This is no Point of Order.

(At this stage a number of Hon'ble Members belonging to Opposition were standing to raise Points of Order) (Noise)

**Mr. Speaker :** Nothing to form part of the record. I do not allow this Point of Order. It is not to form part of the record.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ** ** **

**Mr. Speaker :** I don't allow you to have Point of Order. Nimma Ji. What is your Point of Order?

**ਸਰਦਾਰ ਨਿਰਮਲ ਸਿੰਘ ਨਿੰਮਾ** ** ** **

**Mr. Speaker:** This is no Point of Order.

(At this stage a number of Hon'be Members belonging to Opposition were standing to raise Points of Order) (Noise)

**ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ......(ਵਿਘਨ—ਸ਼ੋਰ)

## WALK-OUT (s)

(ਇਸ ਵੇਲੇ ਹਾਊਸ ਵਿਚ ਹਾਜ਼ਰ ਬੀ. ਐਸ. ਪੀ., ਬੀ. ਜੇ. ਪੀ. ਅਤੇ ਸੀ. ਪੀ. ਆਈ. ਦੇ ਸਾਰੇ ਮੈਂਬਰ ਸਾਹਿਬਾਨ ਸਦਨ ਵਿੱਚੋਂ ਵਾਕ ਆਊਟ ਕਰ ਗਏ ਅੌਰ ਵਾਕ ਆਊਟ ਕਰਦੇ ਸਮੇਂ ਉਹ ** ** ** ਨਾਅਰੇ ਲਗਾ ਰਹੇ ਸਨ ।)

**Mr. Speaker :** Nothing is to form part of the record.

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਜਵਾਬ ਦੇਣ ਲਈ ਖੜ੍ਹਾ ਹਾਂ, ਸੁਣ ਤਾਂ ਲੈਣ।

(ਇਸ ਵੇਲੇ ਮੈਂਬਰ ਸਾਹਿਬਾਨ ਹਾਊਸ ਵਿੱਚੋਂ ਬਾਹਰ ਜਾਂਦੇ ਹੋਏ ** ** ** ਨਾਅਰੇ ਲਗਾ ਰਹੇ ਸਨ ।)

---

**Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker** : Nothing is to form part of the record.

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ** ** **

**Mr. Speaker** : Nothing is to form part of the record.

**ਕਾਮਰੇਡ ਤਰਸੇਮ ਜੋਧਾਂ** : ** ** **

**Mr. Speaker** : I have heard your point of Order, Tarsem Ji. This is No Point of Order.

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਕ.) ਦੇ ਸਰਦਾਰ ਇੰਦਰਜੀਤ ਸਿੰਘ ਜ਼ੀਰਾ, ਸੀ.ਪੀ.ਆਈ. (ਐਮ.) ਦੇ ਕਾਮਰੇਡ ਤਰਸੇਮ ਜੋਧਾਂ ਅਤੇ ਜਨਤਾ ਦਲ ਦੇ ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ ਵਾਕ-ਆਊਟ ਕਰ ਗਏ ਅਤੇ ਹਾਊਸ ਵਿਚੋਂ ਬਾਹਰ ਜਾਂਦੇ ਹੋਏ ਉਹ ** ** ** ਨਾਹਰੇ ਲਗਾ ਰਹੇ ਸਨ) ।

**Mr. Speaker** : Nothing is to form part of the record. No slogans are to form part of the record.

Call Attention Notice. The hon. Member concered has gone out. He is not present. I come to the next item. Papers to be Laid on the Table.

---

## PAPERS LAID ON THE TABLE

**Minister for Parliamentary Affairs (Sardar Umrao Singh)**: Sir, I beg to lay on the Table—

1. the 3rd, 4th and 7th Annual Reports of the Goindwal Industrial and Investment Corporation of Punjab Limited, for the years 1983-84, 1984-85 and 1987-88, as required under section 619-A of the Companies Act, 1956.

2. the 5th, 6th and 7th Annual Plan Report of the Punjab State Leather Development Corporation, Limited, for

---

**Not recorded/expunged as ordered by the Chair.

Original with;
Punjab Vidhan Sabha
Digitized by;
Panjab Digital Library

the years from 1985-86, to 1987-88, as required under section 619-A of the Companies Act, 1956.

**Mr. Speaker :** Next item is Resolution. Minister to move please.

---

## RESOLUTION *RE*. BOMB BLASTS IN BOMBAY

**Minister for Parliamentary Affairs (Sardar Umrao Singh):** Sir, I beg to move—

> "This House has noted with a deep sense of shock and anguish the loss of innocent lives and large scale damage to property caused by the bomb blasts in Bombay. This barbaric act is a heinous crime against humanity and is aimed at destablising not only the composite structure of the Indian society, but to also strike a calculated below at the resugence of the Indian economy. This handwork of forces inimical to the country needs to be dealt with a heavy hand. This House appeals to every patriotic Indian to solidly stand together at this critical hour to fight the nefarious designs of the anti-Indian forces."

**Mr. Speaker :** Motion moved—

> "This House has notedwith a deep sense of shock and anguish the loss of innocent lives and large scale damage to property caused by the bomb blasts in Bombay. This barbaric act is a heinous crime against humanity and is aimed at destablising not only the composite structure of the Indian soceity, but to also strike a calculted below at the resugence of the Indian economy. This handwork of forces inimical to the country needs to be dealt with a heavy hand. This House appeals to every patriotic Indian to solidly stand together at this critical hour to fight the nefarious designs of the anti Indian forces."

**Mr. Speaker:** Discussion please, Sardar Umrao Singh.

**ਸੰਸਦੀ ਮਾਮਲਿਆਂ ਦੇ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਇਹ ਜੋ ਮਤਾ ਮੈਂ ਹਾਊਸ ਦੇ ਸਾਹਮਣੇ ਪੇਸ਼ ਕੀਤਾ ਹੈ, ਖੁਸ਼ੀ ਦੀ ਗੱਲ ਹੈ ਕਿ ਸਾਡੇ ਵਿਰੋਧੀ ਪਾਰਟੀ ਦੇ ਮੈਂਬਰ ਹਾਊਸ ਵਿਚ ਆ ਗਏ ਹਨ ਔਰ ਅਸੀਂ ਚਾਹੁੰਦੇ ਹਾਂ ਕਿ ਇਹ ਮਤਾ ਯੂਨੈਨੀਮਸਲੀ ਪਾਸ ਕੀਤਾ ਜਾਵੇ। ਜੋ ਹਾਲਾਤ ਦੇਸ਼ ਵਿਚ ਹੋ ਰਹੇ ਹਨ, ਜਿਸ ਢੰਗ ਦੇ ਨਾਲ ਦੇਸ਼ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਬੰਬਈ ਵਿਚ ਬੰਬ ਬਲਾਸਟ ਹੋਏ ਅਤੇ ਨਿਰਦੋਸ਼ ਲੋਕਾਂ ਦੀਆਂ ਜਾਨਾਂ ਦਾ ਅਤੇ ਮਾਲੀ ਨੁਕਸਾਨ ਹੋਇਆ। ਇਸ ਤਰ੍ਹਾਂ ਨਾਲ ਦੇਸ਼ ਦੀ ਇਕਾਨਮੀ ਨੂੰ ਸ਼ਟਰ ਕੀਤਾ ਜਾ ਰਿਹਾ ਹੈ। ਬੰਬਈ ਵਿਚ ਇੱਕ ਦਿਨ ਦਾ ਨੁਕਸਾਨ ਕਰੋੜਾਂ ਰੁਪਏ ਦਾ ਹੋ ਗਿਆ ਹੈ। ਜੇਕਰ ਬੰਬਈ ਵਿਚ ਕੋਈ ਫਰਕ ਪੈਂਦਾ ਹੈ ਤਾਂ ਸਾਰੇ ਦੇਸ਼ ਵਿਚ ਫਰਕ ਪੈ ਜਾਂਦਾ ਹੈ। ਬਲਕਿ ਸਾਰੇ ਏਸ਼ੀਆਂ ਵਿਚ ਫਰਕ ਪੈਂਦਾ ਹੈ। ਬੰਬਈ ਵਿਚ ਜਿਤਨਾ ਵੀ ਖਰੀਦਣ ਅਤੇ ਵੇਚਣ ਦਾ ਵਪਾਰ ਹੁੰਦਾ ਹੈ, ਉਸ ਦਾ ਅਸਰ ਸਾਰੇ ਦੇਸ਼ ਤੇ ਪੈਂਦਾ ਹੈ। ਅਸੀਂ ਮੁਲਕ ਨੂੰ ਅਗਾਂਹ ਲਿਜਾਣ ਦੀ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਸਾਰੇ ਮਿਲਕੇ ਦੇਸ਼ ਦੇ ਹਾਲਾਤ ਅਤੇ ਪੰਜਾਬ ਦੇ ਹਾਲਾਤ ਠੀਕ ਕਰੀਏ। ਅਸੀਂ ਫੰਡਾਮੈਂਟਲ ਅਤੇ ਫਿਰਕੂ ਤਾਕਤਾਂ ਦਾ ਮੁਕਾਬਲਾ ਕਰਕੇ ਸਾਰੇ ਮੁਲਕ ਔਰ ਸਾਰੇ ਦੇਸ਼ ਨੂੰ ਇਕੱਠਾ ਕਰੀਏ, ਤਾਂ ਹੀ ਅਸੀਂ ਦੇਸ਼ ਨੂੰ ਮਜ਼ਬੂਤ ਕਰ ਸਕਦੇ ਹਾਂ। ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਸਾਰੇ ਇਕੱਠੇ ਹੋਈਏ ਅਤੇ ਕੋਈ ਝਗੜਾ ਨਾ ਕਰੀਏ। ਜੇਕਰ, ਸਪੀਕਰ ਸਾਹਿਬ, ਅੰਦਰੂਨੀ ਹਾਲਾਤ ਵਿਚ ਕੋਈ ਸੱਟ ਮਾਰੇ ਤਾਂ ਉਸ ਦਾ ਅਸਰ ਸਬੰਧਤ ਦੇਸ਼ ਦੇ ਉਪਰ ਪੈਂਦਾ ਹੈ ਅਤੇ ਪੜੋਸੀਆਂ ਦੇ ਉਤੇ ਵੀ ਪੈਂਦਾ ਹੈ। ਇਸ ਲਈ ਸਪੀਕਰ ਸਾਹਿਬ, ਮੈਂ ਕਹਾਂਗਾ ਇਹ ਜੋ ਮਤਾ ਹਾਊਸ ਵਿਚ ਰਖਿਆ ਹੈ, ਅਸੀਂ ਉਸ ਨੂੰ ਯੂਨਾਨੀ ਮਸਲੀ ਪਾਸ ਕਰੀਏ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ** (ਗੜ੍ਹਸ਼ੰਕਰ) : ਸਪੀਕਰ ਸਾਹਿਬ, ਜੋ ਮਤਾ ਅੱਜ ਸਦਨ ਵਿਚ ਸੰਸਦੀ ਮਾਮਲਿਆਂ ਦੇ ਮੰਤਰੀ ਸਰਦਾਰ ਉਮਰਾਓ ਸਿੰਘ ਜੀ ਨੇ ਰਖਿਆ ਹੈ, ਕਿਉਂਕਿ ਬੰਬਈ, ਜਿਸ ਨੂੰ ਅਸੀਂ ਆਪਣੀ ਆਰਥਿਕ ਰਾਜਧਾਨੀ ਕਹਿੰਦੇ ਹਾਂ, ਉਥੇ ਪਿਛਲੇ ਦਿਨਾਂ ਵਿਚ ਵੱਡੇ ਪੱਧਰ ਤੇ ਬੰਬ ਬਲਾਸਟ ਹੋਏ ਹਨ, ਬੰਬਈ ਵਿਚ ਡਿਸਟਰਬੈਂਸ ਹੋਈ, ਵਹਿਸ਼ੀਆਨਾ ਕਾਰਵਾਈ ਮਨੁੱਖਤਾ ਦੇ ਵਿਰੁੱਧ ਹੋਈ, ਅੋਰ ਲੋਕਾਂ ਦੀਆਂ ਜਾਨਾਂ ਗਈਆਂ, ਉਸ ਨੂੰ ਕੰਡੈਮ ਕਰਨ ਲਈ ਸਦਨ ਵਿਚ ਜੋ ਮਤਾ ਲਿਆਂਦਾ ਹੈ ਅਸੀਂ ਉਸ ਘਿਨਾਉਣੇ ਜ਼ੁਰਮ ਨੂੰ ਪੁਰਜ਼ੋਰ ਸ਼ਬਦਾਂ ਦੇ ਨਾਲ ਨਿੰਦਦੇ ਹਾਂ। ਦੇਸ਼ ਵਿਚ ਕਿਸੇ ਵੀ ਜਾਤੀ ਦਾ ਕਤਲ ਹੋਵੇ ਉਹ ਨਿੰਦਨਯੋਗ ਹੈ। ਪਰ ਨਾਲ ਦੀ ਨਾਲ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਪਿਛਲੇ ਦਿਨਾਂ ਵਿਚ ਪੰਜਾਬ ਦੇ ਅਤੇ ਸਮੁੱਚੇ ਦੇਸ਼ ਦੇ ਜੋ ਹਾਲਾਤ ਹੋਏ ਸਨ ਉਹ ਫਿਰਕਾਪ੍ਰਸਤ ਤਾਕਤਾਂ ਨੇ ਕੀਤੇ ਸਨ। ਇਸ ਤਰ੍ਹਾਂ ਇਥੇ ਸ਼ਾਂਤੀ ਨਹੀਂ ਹੋ ਸਕਦੀ। ਲਾਅ ਐਂਡ ਆਰਡਰ ਨੂੰ ਮੇਨਟੇਨ ਨਹੀਂ ਕੀਤਾ ਜਾ ਸਕਦਾ। ਇਸ ਕਰਕੇ ਮੈਂ ਇਸ ਬਾਰੇ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਦੌਰਾਨ ਸਾਡੇ ਦੇਸ਼ ਵਿਚ 6 ਦਸੰਬਰ ਨੂੰ ਅਯੁੱਧਿਆ ਵਿਚ ਕੀ ਵਾਪਰਿਆ, ਮਸਜਿਦ ਢਾਹੀ ਗਈ। ਉਸ ਦੇ ਪ੍ਰਤੀਕਰਮ ਵਜੋਂ ਜੋ ਬੰਬੇ ਵਿੱਚ ਦੰਗੇ ਹੋਏ ਔਰ ਦੰਗਿਆਂ ਤੋਂ ਬਾਅਦ.....

**ਸ੍ਰੀ ਸਪੀਕਰ** : ਸ਼ਿੰਗਾਰਾ ਰਾਮ ਜੀ, ਇਸ ਰੈਜ਼ੋਲਿਊਸ਼ਨ ਤੇ ਬੋਲੋ। ਬੜਾ ਗੰਭੀਰ ਮਸਲਾ ਹੈ, ਪਲੀਜ਼।

**ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ** : ਸਪੀਕਰ ਸਾਹਿਬ, ਮੈਂ ਉਸੇ ਹੀ ਮੁੱਦੇ ਤੇ ਬੋਲਾਂਗਾ ਔਰ ਦੰਗਿਆ ਤੋਂ ਬਾਅਦ ਸਾਰੀ/ ਤਰਫ ਨਜ਼ਰ ਮਾਰਦੇ ਹਾਂ ਤਾਂ ਬੰਬੇ ਵਿੱਚ ਇਹ ਜਿਹੜਾ ਸਾਰਾ ਕੁਝ ਵਾਪਰਿਆ ਹੈ, ਉਸ ਵਿੱਚ ਜਿਸ ਤਰ੍ਹਾਂ ਪੇਪਰਾਂ ਵਿੱਚ ਪੜ੍ਹਨ ਨੂੰ ਮਿਲਿਆ, ਉਸ ਪਿੱਛੇ ਪਾਕਿਸਤਾਨ ਦੀਆਂ ਖੁਫੀਆ ਏਜੰਸੀਆਂ ਦਾ ਹੱਥ ਹੈ। ਜਦੋਂ ਕਿਸੇ ਵੀ ਮੁਲਕ ਵਿੱਚ ਕਿਸੇ ਫਿਰਕੇ ਨੂੰ, ਕਿਸੇ ਜਾਤੀ ਨੂੰ ਇਨਸਾਫ ਨਾ ਮਿਲੇ ਤਾਂ ਦੂਜੇ ਦੇਸ਼ਾਂ ਦੇ ਲੋਕ, ਦੂਜੇ ਦੇਸ਼ਾਂ ਦੀਆਂ ਏਜੰਸੀਆਂ ਜੋ ਸਾਡੇ ਦੇਸ਼ ਨੂੰ ਤਹਿਸ-ਨਹਿਸ ਕਰਨਾ ਚਾਹੁੰਦੀਆਂ ਹਨ, ਖਿੰਡਾਉਣਾ ਚਾਹੁੰਦੀਆਂ ਹਨ, ਉਸ ਦੇ ਟੁਕੜੇ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਨੂੰ ਮੌਕਾ ਮਿਲਦਾ ਹੈ, ਉਨ੍ਹਾਂ ਨੂੰ ਅਵਸਰ ਮਿਲਦਾ ਹੈ ਕਿ ਉਹ ਦੇਸ਼ ਵਿੱਚ ਗੜਬੜ ਫੈਲਾਉਣ। ਮੈਂ ਸਪੀਕਰ ਸਾਹਿਬ, ਸਦਨ ਵਿੱਚ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਥੇ ਬੰਬੇ ਦੇ ਹਾਲਾਤ ਤੇ ਅਸੀਂ ਚਿੰਤਿਤ ਹਾਂ, ਜਿਥੇ ਅੱਜ ਖੂਨ ਡੁਲ੍ਹਿਆ ਹੈ, ਅਨੇਕਾਂ ਵਿਅਕਤੀ ਕਤਲ ਹੋਏ ਹਨ, ਜਿਥੇ ਅੱਜ ਉਸ ਦੁਰਘਟਨਾ ਨੂੰ ਨਿੰਦਣ ਲਈ ਇਹ ਮਤਾ ਲਿਆਂਦਾ ਗਿਆ ਹੈ, ਮੈਂ ਉਹਦੇ ਨਾਲ ਨਾਲ ਅੱਜ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡਾ ਪੂਰਾ ਦੇਸ਼ ਸ਼ਾਂਤ ਰਹੇ, ਸਾਡਾ ਦੇਸ਼ ਅਮਨ ਅਮਾਨ ਨਾਲ ਵਸੇ, ਉਥੇ ਜਾਤੀ, ਫਿਰਕੇ ਤੋਂ ਉਪਰ ਉਠ ਕੇ ਇਨਸਾਨੀਅਤ ਦੇ ਤੌਰ ਤੇ ਫੈਸਲੇ ਲੈਣੇ ਚਾਹੀਦੇ ਹਨ। ਮੈਂ ਆਪਣੀ ਪਾਰਟੀ ਵੱਲੋਂ ਅਤੇ ਆਪਣੇ ਵੱਲੋਂ ਇਸ ਮਤੇ ਦੀ ਪੁਰਜ਼ੋਰ ਹਮਾਇਤ ਕਰਦਾ ਹੋਇਆ ਅਤੇ ਬੰਬੇ ਦੀਆਂ ਘਟਨਾਵਾਂ ਦੀ ਨਿੰਦਾ ਕਰਦਾ ਹੋਇਆ ਆਪਣੀ ਰਜ਼ਾ ਲੈਂਦਾ ਹਾਂ। ਜੈ ਭੀਮ, ਜੈ ਭਾਰਤ।

**ਸ੍ਰੀ ਮਦਨ ਮੋਹਨ ਮਿੱਤਲ** (ਨੰਗਲ) : ਸਪੀਕਰ ਸਾਹਿਬ, ਇਹ ਜੋ ਰੈਜ਼ੋਲਿਊਸ਼ਨ ਸਰਦਾਰ ਉਮਰਾਓ ਸਿੰਘ ਜੀ ਨੇ ਪੇਸ਼ ਕੀਤਾ ਹੈ, ਮੈਂ ਉਸਦੇ ਸਮਰਥਨ ਵਿੱਚ ਖੜਾ ਹੋਇਆ ਹਾਂ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਏਥੇ ਇਹ ਜੋ ਮਤ ਪ੍ਰਗਟ ਕੀਤਾ ਗਿਆ ਹੈ ਕਿ ਜੋ ਕੁਝ ਬੰਬੇ ਵਿੱਚ ਹੋਇਆ ਹੈ ਜਾਂ ਜੋ ਕੁਝ ਪੰਜਾਬ ਵਿੱਚ ਹੁੰਦਾ ਰਿਹਾ, ਉਹ ਫਿਰਕਿਆਂ ਦੀ ਆਪਸ ਵਿੱਚ ਲੜਾਈ ਸੀ, ਇਹ ਗੱਲ ਗਲਤ ਹੈ। ਨਾ ਬੰਬੇ ਵਿੱਚ ਕੋਈ ਕਮਿਊਨਲ ਰਾਇਟ ਸੀ, ਨਾ ਦਿੱਲੀ ਵਿੱਚ 1984 ਦੇ ਦੰਗੇ

Original with;
Punjab Vidhan Sabha
Digitized by;
Panjab Digital Library

ਕਮਿਊਨਲ ਰਾਇਟਸ ਸਨ, ਨਾ ਪੰਜਾਬ ਵਿੱਚ ਜੋ 10 ਸਾਲ ਵਹਿਸ਼ਤ ਦਾ ਨੰਗਾ ਨਾਚ ਹੁੰਦਾ ਰਿਹਾ, ਉਹ ਫਿਰਕਾਪ੍ਰਸਤੀ ਦੀ ਲਹਿਰ ਸੀ। ਜੋ ਅਸਲੀਅਤ ਗੱਲ, ਹੈ, ਜੋ ਠੋਸ ਸਚਾਈ ਹੈ, ਉਸਨੂੰ ਰਾਜਨੀਤਕ ਰੰਗਤ ਦੇ ਕੇ ਪੁਲੀਟੀਕਲ ਵਿਚਾਰਾਂ ਨੂੰ ਪ੍ਰਗਟ ਕਰਨ ਵਾਸਤੇ ਜਾਂ ਕਿਸੇ ਤੇ ਕਟਾਕਸ਼ ਕਰਨ ਵਾਸਤੇ ਇਹ ਜੋ ਹਾਰਡ ਰਿਐਲਿਟੀ ਹੈ, ਗਰਾਊਂਡ ਰਿਐਲਿਟੀ ਹੈ, ਉਸਤੋਂ ਪਾਸੇ ਨਹੀਂ ਹਟਣਾ ਚਾਹੀਦਾ। ਜਦੋਂ ਤੋਂ ਬੰਗਲਾ ਦੇਸ਼ ਬਣਿਆ ਹੈ, ਭਾਵੇਂ ਬੰਗਲਾ ਦੇਸ਼ ਬਣਾਏ ਜਾਣ ਦੀ ਮੰਗ ਉਥੋਂ ਦੇ ਲੋਕਾਂ ਦੀ ਆਪਣੀ ਮੰਗ ਸੀ ਅਤੇ ਭਾਰਤ ਸਰਕਾਰ ਦਾ ਉਸ ਵਿੱਚ ਕੋਈ ਹੱਥ ਨਹੀਂ ਸੀ। ਪਰ ਉਸਦੀ ਬਣਤਰ ਵਿੱਚ ਆਉਣ ਤੋਂ ਬਾਅਦ ਸਾਡਾ ਪੜੋਸੀ ਦੇਸ ਪਕਿਸਤਾਨ ਇਕ ਦਿਨ ਵੀ ਚੈਨ ਨਾਲ ਨਹੀਂ ਬੈਠਿਆ। ਉਹ ਇਹੀ ਹਥਕੰਡੇ ਅਪਣਾਈ ਜਾ ਰਿਹਾ ਹੈ ਕਿ ਕਿਸ ਤਰ੍ਹਾਂ ਹਿੰਦੁਸਤਾਨ ਨੂੰ ਕਮਜ਼ੋਰ ਕੀਤਾ ਜਾਵੇ, ਭਾਰਤ ਦੀ ਇਕਾਨਾਮੀ ਨੂੰ ਤੋੜਿਆ ਜਾਵੇ, ਇਥੋਂ ਦੇ ਭਾਈਚਾਰੇ ਅਤੇ ਏਕਤਾ ਨੂੰ ਖਤਰੇ ਵਿੱਚ ਪਾਇਆ ਜਾਵੇ, ਲਾਅ ਐਂਡ ਆਰਡਰ ਦੀ ਸਿਚੂਏਸ਼ਨ ਨੂੰ ਬਰੇਕ-ਡਾਊਨ ਕਰਕੇ ਇਥੇ ਕਾਂਸਟੀਚਿਊਸ਼ਨਲ ਬਰੇਕ-ਡਾਊਨ ਕੀਤਾ ਜਾਵੇ। ਸਾਡੇ ਦੇਸ਼ ਦੀ ਸਭ ਤੋਂ ਅਹਿਮ ਗੱਲ ਡੈਮੋਕਰੇਸੀ ਹੈ ਜਿਸ ਕਾਰਣ ਅੱਜ ਸਾਡੀ ਦੁਨੀਆਂ ਵਿੱਚ ਏਨੀ ਇੱਜ਼ਤ ਹੈ। ਅਸੀਂ ਪਾਰਲੀਮੈਂਟਰੀ ਸਿਸਟਮ ਰੱਖਣ ਵਾਲੇ ਹਾਂ। ਇਹ ਦੁਨੀਆਂ ਦਾ ਸਭ ਤੋਂ ਵੱਡਾ ਡੈਮੋਕਰੇਟਿਕ ਸੈਟ ਅਪ ਹੈ। ਸਾਡੇ ਦੇਸ਼ ਵਿੱਚ ਹਰ 5 ਸਾਲ ਬਾਅਦ ਚੋਣਾਂ ਹੁੰਦੀਆਂ ਹਨ। ਚੁਣੀ ਹੋਈ ਸਰਕਾਰ ਬਣਦੀ ਹੈ। ਪਰ ਸਾਡਾ ਪੜੋਸੀ ਦੇਸ਼ ਚਾਹੁੰਦਾ ਹੈ ਕਿ ਇਹ ਸਭ ਤਹਿਸ ਨਹਿਸ ਹੋ ਜਾਵੇ ਅਤੇ ਸਾਰੀ ਦੁਨੀਆਂ ਵਿੱਚ ਸਾਡੀ ਨਿੰਦਾ ਹੋਵੇ ਕਿ ਏਥੇ ਕੋਈ ਡੈਮੋਕਰੇਸੀ ਨਹੀਂ ਹੈ। ਏਥੇ ਐਸੇ ਹਾਲਾਤ ਪੈਦਾ ਕੀਤੇ ਜਾਣ ਜਿਸ ਨਾਲ ਸਾਡੇ ਦੇਸ਼ ਦਾ ਨਾਂ ਨੀਵਾਂ ਹੋਵੇ। ਬੰਬੇ ਵਿੱਚ ਵੀ ਏਸੇ ਤਰੀਕੇ ਨਾਲ ਹੀ ਦੇਸ਼ ਧਰੋਹੀ ਤਾਕਤਾਂ ਨੂੰ ਸ਼ਹਿ ਦੇ ਕੇ ਇਹ ਘਟਨਾ ਕਰਾਈ ਗਈ ਹੈ ਜੋ ਕਿ ਬੜੀ ਭਿਆਨਕ ਘਟਨਾ ਹੈ ਅਤੇ ਜਿਸਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਥੋੜ੍ਹੀ ਹੈ। ਅੱਜ ਅਸੀਂ ਇਹ ਬੇਸ਼ੱਕ ਮਹਿਸੂਸ ਕਰ ਰਹੇ ਹਾਂ ਕਿ ਪੰਜਾਬ ਵਿੱਚ ਆਤੰਕਵਾਦ ਨੂੰ ਕੁਝ ਕੰਟਰੋਲ ਕਰ ਲਿਆ ਗਿਆ ਹੈ। ਕਈ ਟੈਰੋਰਿਸਟ ਵੀ ਲੜਾਈ ਵਿੱਚ ਐਲੀਮੀਨੇਟ ਹੋ ਗਏ ਹਨ ਅਤੇ ਪੁਲਿਸ ਦਾ ਵੀ ਅਪਰ-ਹੈਂਡ ਹੋ ਗਿਆ ਹੈ। ਲੇਕਿਨ ਇਹ ਕੋਈ ਸੰਤੋਸ਼ਜਨਕ ਸਥਿਤੀ ਨਹੀਂ। ਜਿਸ ਤਰੀਕੇ ਨਾਲ ਬੰਬੇ ਵਿਚ ਇਤਨੇ ਵੱਡੇ-ਵੱਡੇ ਐਕਸਪਲੋਸ਼ਨ ਹੋਏ, ਉਸ ਨੂੰ ਵੇਖਦਿਆਂ ਹੋਇਆਂ ਇਥੇ ਵੀ ਇਹੋ ਜਿਹੀ ਪਾਸੀਬਿਲਟੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਹਾਲੇ ਵੀ ਪੰਜਾਬ ਵਿਚ ਬਹੁਤ ਸਾਰੇ ਟੈਰੋਰਿਸਟ ਮੌਜੂਦ ਹਨ। ਜੋ ਕੁਝ ਬੰਬੇ ਵਿਚ ਹੋਇਆ ਹੈ, ਉਸ ਤੋਂ ਸਾਨੂੰ ਚੌਕਸ ਹੋਣ ਦੀ ਲੋੜ ਹੈ। ਇਹ ਬਹੁਤ ਗੰਭੀਰ ਪਹਿਲੂ ਹੈ। ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੈ ਕਿ ਜਿਹੜੀ ਹਾਲਤ ਕਲ ਮਹਾਂਰਾਸ਼ਟਰ ਵਿਚ ਹੋਈ ਹੈ, ਉਹ ਕਿਸੇ ਵੇਲੇ ਪੰਜਾਬ ਵਿਚ ਵੀ ਹੋ ਸਕਦੀ ਹੈ। ਪੰਜਾਬ ਵਿਚ 1982-83 ਵਿਚ ਕੁਝ ਰਾਜਨੀਤਕ ਲੜਾਈਆਂ ਸਨ। ਕੁਝ ਰੂਲਿੰਗ ਪਾਰਟੀ ਦੀਆਂ ਇੰਟਰਨਲ ਲੜਾਈਆਂ ਵੀ ਸਨ। ਉਨ੍ਹਾਂ ਲੜਾਈਆਂ ਨੇ ਵੀ ਪੰਜਾਬ ਵਿਚ ਹਾਲਤ ਵਿਗਾੜੀ ਸੀ। ਸੋ, ਜੋ ਕੁਝ ਮਹਾਂਰਾਸ਼ਟਰ ਵਿਚ ਹੋਇਆ, ਉਸ ਗੱਲ ਤੋਂ ਇਨਟਰਨੈਸ਼ਨਲ ਫੋਰਸਿਜ਼ ਹਨ, ਜੋ ਪਾਕਿਸਤਾਨ ਦੇ ਇਸ਼ਾਰੇ ਤੇ ਕੰਮ ਕਰ ਰਹੀਆਂ ਹਨ, ਉਹ ਕੋਈ ਐਨਕਰੇਜਮੈਂਟ ਫੀਲ ਨਾ ਕਰਨ ਇਸ ਪਾਸੇ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਗੱਲ ਵਾਸਤੇ ਸਾਨੂੰ ਪੂਰੇ ਜ਼ੋਰ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ। ਅਤੇ ਜੋ ਕੁਝ ਉਥੇ ਹੋਇਆ, ਉਸ ਦੀ ਪੂਰੀ ਨਿਖੇਧੀ ਕਰਨੀ ਚਾਹੀਦੀ ਹੈ।

**ਸ੍ਰੀ ਸਪੀਕਰ** : ਮਿੱਤਲ ਸਾਹਿਬ, ਇਹ ਬੜਾ ਨਾਨ-ਕੰਟਰੋਵਰਸ਼ੀਅਲ ਰੈਜ਼ੋਲਿਊਸ਼ਨ ਹੈ। ਤੁਸੀਂ ਕਈ ਤਰ੍ਹਾਂ ਦੇ ਐਲੀਮੈਂਟਸ ਇੰਟਰੋਡਿਊਸ ਕੀਤੇ ਹਨ। It is a very harmless, innocent and non-controversial resolution. You try to speak on the resolution itself. ਹੁਣ ਤੁਸੀਂ ਵਾਇੰਡ ਅਪ ਕਰੋ।

Original with;
Punjab Vidhan Sabha
Digitized by;
Panjab Digital Library

**ਸ੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਇਹ ਜੋ ਮਤਾ ਹੈ, ਮੈਂ ਉਸ ਦਾ ਸਮਰਥਨ ਕਰਦਾ ਹਾਂ ਅਤੇ ਜੋ ਬੰਬੇ ਵਿਖੇ ਘਟਨਾ ਹੋਈ, ਉਸ ਦੀ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਨਿਖੇਧੀ ਕਰਦਾ ਹਾਂ ਅਤੇ ਅਪੀਲ ਕਰਦਾ ਹਾਂ ਕਿ ਅਸੀਂ ਸਾਰੇ ਸੁਚੇਤ ਰਹੀਏ ਤਾਂ ਕਿ ਕੋਈ ਹੋਰ ਇਹੋ ਜਿਹੀ ਘਟਨਾ ਨਾ ਹੋ ਸਕੇ। ਮੈਂ ਇਸ ਘਟਨਾ ਵਿਚ ਜੋ ਬੇਗੁਨਾਹ ਲੋਕ ਮਾਰੇ ਗਏ ਹਨ, ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਜ਼ਾਹਰ ਕਰਦਾ ਹਾਂ ।

**ਸਰਦਾਰ ਅਵਤਾਰ ਸਿੰਘ ਬਰਾੜ** : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ । ਇਸ ਮਤੇ ਤੇ ਬੋਲਦਿਆਂ ਹੋਇਆਂ ਮਾਨਯੋਗ ਮੈਂਬਰ ਮਿੱਤਲ ਸਾਹਿਬ ਨੇ ਜੋ ਕਿਹਾ ਹੈ, ਉਸ ਨੂੰ ਸੁਣ ਕੇ ਬੜਾ ਦੁੱਖ ਹੋਇਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਰੂਲਿੰਗ ਪਾਰਟੀ ਦੀਆਂ ਇੰਟਰਨਲ ਲੜਾਈਆਂ ਕਰਕੇ ਪੰਜਾਬ ਦੀ ਹਾਲਤ ਵਿਗੜੀ । ਮਿੱਤਲ ਸਾਹਿਬ ਤੇ ਅਸੀਂ ਬੜਾ ਫਖਰ ਮਹਿਸੂਸ ਕਰਦੇ ਹਾਂ ਕਿ ਉਹ ਇਕ ਜ਼ਿੰਮੇਵਾਰ ਮੈਂਬਰ ਹਨ ਲੇਕਿਨ ਇਹ ਗੱਲ ਉਨ੍ਹਾਂ ਨੇ ਬੜੇ ਗੈਰ-ਜ਼ਿੰਮੇਦਾਰਨਾ ਢੰਗ ਨਾਲ ਕਹੀ ਹੈ। ਇਹ ਉਨ੍ਹਾਂ ਦਾ ਦੋਸ਼ ਬੜਾ ਗੈਰ-ਜ਼ਿੰਮੇਦਾਰਾਨਾ ਹੈ। ਉਨ੍ਹਾਂ ਨੇ ਅਸਲ ਮੁੱਦੇ ਤੋਂ ਹੋਰ ਪਾਸੇ ਧਿਆਨ ਲਿਜਾਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਰਕੇ ਮੈਂ ਆਪ ਨੂੰ ਇਹ ਬੇਨਤੀ ਕਰਾਂਗਾ ਕਿ ਉਨ੍ਹਾਂ ਦੇ ਇਹ ਸ਼ਬਦ ਕਾਰਵਾਈ ਵਿਚੋਂ ਕੱਟ ਦਿੱਤੇ ਜਾਣ।

(ਇਸ ਵਕਤ ਮਾਨਯੋਗ ਮੈਂਬਰ ਸ੍ਰੀ ਮਦਨ ਮੋਹਨ ਮਿੱਤਲ ਬੋਲਣ ਵਾਸਤੇ ਖੜ੍ਹੇ ਹੋਏ )

**ਸ੍ਰੀ ਸਪੀਕਰ** : ਮਿੱਤਲ ਸਾਹਿਬ, ਮੈਂ ਹਾਲੇ ਤੁਹਾਨੂੰ ਕਾਲ ਅਪਾਨ ਨਹੀਂ ਕੀਤਾ। ਮੈਂ ਤਾਂ ਪਹਿਲੋਂ ਹੀ ਇਹ ਗੱਲ ਕਹੀ ਸੀ ਕਿ ਇਹ ਬੜਾ ਨਾਨ-ਕੰਟਰੋਵਰਸ਼ੀਅਲ ਰੈਜ਼ੋਲੂਸ਼ਨ ਹੈ , ਇਸ ਵਾਸਤੇ ਮੈਂ ਸਮਝਦਾ ਹਾਂ ਕਿ ਕੋਈ ਐਸੀ ਗੱਲ ਨਹੀਂ ਸੀ ਹੋਣੀ ਚਾਹੀਦੀ। ਮੈਂ ਉਸ ਵੇਲੇ ਵੀ ਤੁਹਾਨੂੰ ਕਿਹਾ ਸੀ ਕਿ ਤੁਸੀਂ ਅਸਲ ਮਤੇ ਤੇ ਬੋਲੋ। ਜਿਹੜੀ ਚੀਜ਼ ਦੂਸਰਿਆਂ ਨੂੰ ਨਾਗਵਾਰ ਗੁਜ਼ਰਦੀ ਹੋਵੇ, ਉਹ ਗੱਲ ਇਸ ਮੌਕੇ ਤੇ ਨਹੀਂ ਕਰਨੀ ਚਾਹੀਦੀ ।

**ਸਰਦਾਰ ਅਵਤਾਰ ਸਿੰਘ ਬਰਾੜ** : ਸਪੀਕਰ ਸਾਹਿਬ, ਕੀ ਮੈਂ ਸਮਝਾਂ ਕਿ ਮੇਰੀ ਬੇਨਤੀ ਪ੍ਰਵਾਨ ਕਰਦੇ ਹੋਏ ਮਿੱਤਲ ਸਾਹਿਬ ਦੇ ਉਹ ਸ਼ਬਦ ਕਾਰਵਾਈ ਵਿਚੋਂ ਕੱਢ ਦਿੱਤੇ ਗਏ ਹਨ ?

**ਸ੍ਰੀ ਸਪੀਕਰ** : ਇਸ ਬਾਰੇ ਮੈਂ ਪਹਿਲਾਂ ਹੀ ਮਿੱਤਲ ਜੀ ਨੂੰ ਕਹਿ ਚੁੱਕਾ ਹਾਂ ਅਤੇ ਹੋਰ ਕੁਝ ਨਹੀਂ ਕਹਿਣਾ ਚਾਹੁੰਦਾ। ਹਾਂ ਜੀ, ਅਰਸ਼ੀ ਜੀ, ਤੁਸੀਂ ਬੋਲੋ ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** (ਬੁਢਲਾਡਾ) : ਸਪੀਕਰ ਸਾਹਿਬ, ਜੋ ਮਤਾ ਇਥੇ ਪੇਸ਼ ਕੀਤਾ ਗਿਆ ਹੈ, ਉਸ ਦੀ ਜੋ ਮੂਲ ਭਾਵਨਾ ਹੈ, ਉਸ ਦੇ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ, ਭਾਵੇਂ ਕਿ ਮੈਨੂੰ ਇਸ ਦੀ ਸ਼ਬਦਾਵਲੀ ਪਰਾਪਰ ਨਹੀਂ ਲੱਗੀ। ਇਹ ਹੋਰ ਰੂਪ ਵਿਚ ਹੋਣੀ ਚਾਹੀਦੀ ਸੀ। ਜਿਸ ਤਰ੍ਹਾਂ ਦੀ ਘਿਰਣਾਯੋਗ ਅਤੇ ਨਿੰਦਾਜਨਕ ਘਟਨਾ ਬੰਬੇ ਵਿਚ ਹੋਈ ਹੈ, ਉਸ ਤਰ੍ਹਾਂ ਦੀ ਕੋਈ ਹੋਰ ਘਟਨਾ ਸਾਡੇ ਨੋਟਿਸ ਵਿਚ ਨਹੀਂ ਹੈ। ਜਿਸ ਵਿਚ ਘੰਟੇ, ਡੇਢ ਘੰਟੇ ਵਿਚ 13 ਥਾਵਾਂ ਤੇ, ਬੜੀਆਂ ਮਸ਼ਹੂਰ ਥਾਵਾਂ ਤੇ ਬੰਬ ਬਲਾਸਟ ਹੋਣ ਅਤੇ 250 ਦੇ ਕਰੀਬ ਲੋਕ ਮੌਕੇ ਤੇ ਹੀ ਮਾਰੇ ਗਏ ਹੋਣ, ਸੈਂਕੜੇ ਲੋਕ ਹਸਪਤਾਲਾਂ ਵਿਚ ਜ਼ਿੰਦਗੀ ਤੇ ਮੌਤ ਦਰਮਿਆਨ ਜੂਝ ਰਹੇ ਹੋਣ। ਜ਼ਖਮੀਆਂ ਵਿਚੋਂ ਹੋਰ ਕਿੰਨੀਆਂ ਹੀ ਜਾਨਾਂ ਦਾ ਨੁਕਸਾਨ ਹੋਣ ਦਾ ਖਤਰਾ ਬਣਿਆ ਹੋਇਆ ਹੈ। ਮੈਂ ਸਮਝਦਾ ਹਾਂ ਕਿ ਇਹ ਘਟਨਾ ਉਸ ਵੇਲੇ ਘਟੀ ਹੈ ਜਦੋਂ ਕਿ ਪਿਛਲੇ ਸਮੇਂ ਤੋਂ ਚਾਹੇ ਪੰਜਾਬ ਵਿਚ ਅਤੇ ਚਾਹੇ ਭਾਰਤ ਦੇ ਬਾਕੀ ਹਿੱਸਿਆਂ ਵਿਚ,

Original with;
Punjab Vidhan Sabha
Digitized by;
Punjab Digital Library

ਫਿਰਕਾਪ੍ਰਸਤ ਤਾਕਤਾਂ ਨੂੰ ਸ਼ਹਿ ਮਿਲ ਰਹੀ ਹੈ, ਚਾਹੇ ਮੁਲਕ ਦੇ ਅੰਦਰੋਂ ਅਤੇ ਚਾਹੇ ਬਾਹਰੋਂ। ਇਹ ਉਨ੍ਹਾਂ ਤਾਕਤਾਂ ਦੀ ਗਿਣੀ ਮਿਥੀ ਸਾਜ਼ਿਸ਼ ਹੈ। ਇਸ ਸਾਜ਼ਿਸ ਦਾ ਰੂਪ ਰੰਗ ਵੱਖ ਹੋ ਸਕਦਾ ਹੈ, ਢੰਗ ਤਰੀਕਾ ਵੱਖ ਹੋ ਸਕਦਾ ਹੈ ਲੇਕਿਨ ਮਕਸਦ ਇਕੋ ਹੀ ਹੈ ਕਿ ਇਸ ਮੁਲਕ ਨੂੰ ਡੀਸਟੈਬੇਲਾਈਜ਼ ਕਰ ਦਿੱਤਾ ਜਾਏ ਅਤੇ ਜੋ ਵਿਕਾਸ ਹੋ ਰਿਹਾ ਹੈ ਜਿਸ ਵਿਕਾਸ ਦੇ ਸਿੱਟੇ ਵੱਜੋਂ ਦੇਸ਼ ਕੌਮਾਂਤਰੀ ਤੌਰ ਤੇ ਆਪਣੀ ਵਿਦੇਸ਼ੀ ਪਾਲਿਸੀ ਔਰ ਆਪਣੀਆਂ ਇਕਨਾਮਿਕ ਪਾਲਿਸੀਜ ਹੁਣ ਤੱਕ ਇੰਡੀਪੈਂਡੈਂਟ ਤੌਰ ਤੇ ਚਲਾਉਂਦਾ ਹੈ, ਇਸ ਦੇ ਨਾਲ ਅਸੀਂ ਸਾਰੇ ਲੋਕ ਜਿਹੜੇ ਦੇਸ਼ ਭਗਤੀ ਦੀ ਭਾਵਨਾ ਰਖਦੇ ਹਾਂ, ਅਸੀਂ ਫ਼ਖ਼ਰ ਮਹਿਸੂਸ ਕਰਦੇ ਹਾਂ, ਉਸਨੂੰ ਠੱਪ ਕੀਤਾ ਜਾਵੇ। ਕੁਝ ਫੋਰਸਿਜ਼ ਨੂੰ ਇਹ ਗੱਲ ਚੰਗੀ ਨਹੀਂ ਲਗਦੀ ਕਿ ਭਾਰਤ ਉਨ੍ਹਾਂ ਦਾ ਚਹੇਤਾ ਬਣ ਕੇ ਉਨ੍ਹਾਂ ਨਾਲ ਵਰਲਡ ਦੇ ਵਿੱਚ ਕਿਉਂ ਨਹੀਂ ਵਿਚਰਦਾ। ਕੁਝ ਸਾਥੀ ਪਾਕਿਸਤਾਨ ਦਾ ਜ਼ਿਕਰ ਕਰ ਰਹੇ ਹਨ ਕਿ ਪਾਕਿਸਤਾਨ ਅਜਿਹੀਆਂ ਕਾਰਵਾਈਆਂ ਕਰ ਰਿਹਾ ਹੈ। ਇਹ ਠੀਕ ਹੈ ਕਿ ਇਹ ਸਾਰਾ ਕੁਝ ਪਾਕਿਸਤਾਨ ਦੇ ਥਰੂ ਜ਼ਰੂਰ ਹੁੰਦਾ ਹੈ, ਲੇਕਿਨ ਮੈਂ ਪਾਕਿਸਤਾਨ ਨੂੰ ਨੰਬਰ ਦੋ ਤੇ ਰੱਖਦਾ ਹਾਂ ਕਿਉਂਕਿ ਪਾਕਿਸਤਾਨ ਦੀ ਆਪਣੀ ਇਤਨੀ ਕਪੈਸਿਟੀ ਨਹੀਂ। ਉਸ ਦੇ ਪਿੱਛੇ ਅਮਰੀਕਨ ਸਾਮਰਾਜ ਅਤੇ ਹੋਰ ਸਾਮਰਾਜੀ ਫੋਰਸਿਜ਼ ਹਨ, ਜਿਹੜੀਆਂ ਅਸਲ ਦੇ ਵਿਚ ਸਾਡੀਆਂ ਦੁਸ਼ਮਣ ਹਨ, ਜਿਹੜੀਆਂ ਕਿ ਪਾਕਿਸਤਾਨ ਨੂੰ ਧੁਰਾ ਬਣਾ ਕੇ ਭਾਰਤ ਨੂੰ ਤੋੜਣ ਤੇ ਲੱਗੀਆਂ ਹੋਈਆਂ ਹਨ ਅਤੇ ਭਰਾ ਮਾਰੂ ਜੰਗ ਨੂੰ ਭੜਕਾਉਣ ਤੇ ਲੱਗੀਆਂ ਹੋਈਆਂ ਹਨ। ਇਸ ਕਰਕੇ ਮੈਂ ਸਮਝਦਾ ਹਾਂ ਕਿ ਅੱਜ ਬੜਾ ਨਾਜ਼ੁਕ ਸਮਾਂ ਚੱਲ ਰਿਹਾ ਹੈ, ਇਹ ਉਹ ਸਮਾਂ ਹੈ ਜਦੋਂ ਸਾਨੂੰ ਸਾਰੇ ਦੇਸ਼ ਭਗਤ ਲੋਕਾਂ ਨੂੰ ਆਪਣੀ ਪਾਰਟੀ ਹਿਤਾਂ ਤੋਂ ਉਪਰ ਉੱਠ ਕੇ ਸੋਚਣਾ ਪਵੇਗਾ ਕਿਉਂਕਿ ਅੱਜ ਸਾਡੇ ਸਾਹਮਣੇ ਆਜ਼ਾਦੀ ਦੀ ਲੜਾਈ ਫਿਰ ਖੜ੍ਹੀ ਹੋ ਗਈ ਹੈ। ਇਕ ਲੜਾਈ ਅਸੀਂ ਆਪਣੀ ਆਜ਼ਾਦੀ ਪ੍ਰਾਪਤ ਕਰਨ ਵਾਸਤੇ ਲੜੀ ਸੀ ਜਿਸ ਦਾ ਕਿ ਬੜਾ ਹੀ ਲੰਮਾ ਅਤੇ ਗੌਰਵਮਈ ਇਤਿਹਾਸ ਹੈ ਔਰ ਉਸ ਲਈ ਅਸੀਂ ਬੜੀਆਂ ਕੁਰਬਾਨੀਆਂ ਕੀਤੀਆਂ। ਮੈਂ ਸਮਝਦਾ ਹਾਂ ਕਿ ਇਹ ਸਾਨੂੰ ਆਪਣੀ ਆਜ਼ਾਦੀ ਨੂੰ ਕਾਇਮ ਰੱਖਣ ਲਈ ਦੂਸਰੀ ਲੜਾਈ ਲੜਣੀ ਪੈ ਰਹੀ ਹੈ। ਜਿਸ ਤਰ੍ਹਾਂ ਪਹਿਲਾਂ ਆਜ਼ਾਦੀ ਦੀ ਲੜਾਈ ਸਾਰੀਆਂ ਦੇਸ਼ ਭਗਤ ਤਾਕਤਾਂ ਨੇ ਇਕਠੇ ਹੋ ਕੇ ਲੜੀ ਹੈ, ਅੱਜ ਫਿਰ ਸਾਰੀਆਂ ਸੈਕੂਲਰ ਫੋਰਸਿਜ਼, ਡੈਮੋਕਰੇਟਿਕ ਫੋਰਸਿਜ਼ ਵਾਸਤੇ ਇਹ ਇਕ ਮੌਕਾ ਆਇਆ ਹੈ ਕਿ ਇਕ ਪਲੇਟਫਾਰਮ ਤੇ ਇਕੱਠੀਆਂ ਹੋਣ ਅਤੇ ਇਹ ਜਿਹੜੀਆਂ ਕਾਲੀਆਂ ਤਾਕਤਾਂ ਹਨ ਚਾਹੇ ਉਹ ਦੇਸ਼ ਦੇ ਅੰਦਰ ਹਨ ਅਤੇ ਚਾਹੇ ਦੇਸ਼ ਤੋਂ ਬਾਹਰ ਹਨ, ਉਨ੍ਹਾਂ ਦੇ ਖਿਲਾਫ ਵਿਸ਼ਾਲ ਫਰੰਟ ਬਣਾ ਕੇ ਦੇਸ਼ ਦੇ ਭਵਿੱਖ, ਦੇਸ਼ ਦੀ ਏਕਤਾ, ਅਤੇ ਅਖੰਡਤਾ ਨੂੰ ਬਚਾਉਣ ਲਈ ਖੜ੍ਹੇ ਹੋਈਏ। ਸਪੀਕਰ ਸਾਹਿਬ, ਮੈਂ ਬਹੁਤ ਹੀ ਸਖਤ ਸ਼ਬਦਾਂ ਵਿੱਚ ਇਨ੍ਹਾਂ ਘਟਨਾਵਾਂ ਦੀ ਨਿੰਦਾ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਜਿਹੜੀ ਕਿ ਸਾਡੇ ਸਾਰਿਆਂ ਤੇ ਲਾਗੂ ਹੈ। ਇਸ ਵਿੱਚ ਮੈਂ ਕਿਸੇ ਦਾ ਦੋਸ਼ ਨਹੀਂ ਕੱਢਦਾ ਕਿ ਸਾਡਾ ਜਿਹੜਾ ਦੇਸ਼ ਹੈ, ਇਹ ਕਿਸੇ ਇਕ ਕੌਮ ਦਾ ਦੇਸ਼ ਨਹੀਂ ਹੈ। ਸਾਡਾ ਦੇਸ਼ ਵੱਖ-ਵੱਖ ਧਰਮਾਂ, ਭਿੰਨ-ਭਿੰਨ ਭਾਸ਼ਾਵਾਂ ਅਤੇ ਭਿੰਨ ਭਿੰਨ ਬੋਲੀਆਂ ਵਾਲਾ ਦੇਸ਼ ਹੈ। ਇਹ ਸਾਡੀ ਰੰਗ-ਬਰੰਗੇ ਫੁੱਲਾਂ ਵਾਲੀ ਫੁਲਵਾੜੀ ਹੈ ਜੋ ਕਿ ਬਹੁਤ ਹੀ ਸੁੰਦਰ ਲਗਦੀ ਹੈ, ਲੇਕਿਨ ਇਸ ਫੁਲਵਾੜੀ ਦੇ ਅੰਦਰ ਇਹ ਜ਼ਹਿਰ ਘੋਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਫਰਕ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਾਡਾ ਇਕ ਬੜਾ ਪੁਰਾਣਾ ਨਾਅਰਾ ਹੈ ਰਾਸ਼ਟਰਪਿਤਾ ਮਹਾਤਮਾਂ ਗਾਂਧੀ ਜੀ ਦੇ ਵੇਲੇ ਦਾ ਕਿ ਭਾਰਤ ਵਿੱਚ ਅਨੇਕਤਾ ਵਿਚ ਏਕਤਾ ਹੈ ਪਰ ਇਸ ਦੀ ਇੰਟਰਪਰੀਟੇਸ਼ਨ ਕੁਝ ਲੋਕ ਆਪਣੇ ਤੌਰ ਤੇ ਕਰ ਰਹੇ ਹਨ।

ਸ੍ਰੀ ਸਪੀਕਰ : ਅਰਸ਼ੀ ਜੀ, ਰੈਜ਼ੋਲਿਊਸ਼ਨ ਤੇ ਬੋਲੋ, ਪਲੀਜ਼।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਅਨੇਕਤਾ ਵਿੱਚ ਏਕਤਾ ਵਾਸਤੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਹਿੰਦੁਸਤਾਨ ਇਕ ਜ਼ਰੂਰ ਰਹਿਣਾ ਚਾਹੀਦਾ ਹੈ, ਇਸ ਬਾਰੇ ਉਨ੍ਹਾਂ ਦਾ ਖਿਆਲ ਹੈ ਕਿ ਭਾਵੇਂ ਡੰਡੇ ਨਾਲ ਰਹੇ, ਪਰ ਅੱਜ ਡੰਡੇ ਵਾਲੇ ਹਾਲਾਤ ਨਹੀਂ ਹਨ। ਲੋਕਾਂ ਦੇ ਦਿਲਾਂ ਦੀ ਸਾਂਝ ਲੋਕਾਂ ਦੇ ਦਿਲਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਵਿੱਚ ਪੈਦਾ ਕਰਨ ਦੀ ਲੋੜ ਹੈ। ਅਗਰ ਫਿਰਕਿਆਂ ਦੀ ਦਿਲਾਂ ਦੀ ਸਾਂਝ ਟੁੱਟ ਗਈ, ਫਿਰ ਇਹ ਦਿਲਾਂ ਦੀ ਸਾਂਝ ਮੁੜ ਕੇ ਬਹਾਲ ਨਹੀਂ ਹੋ ਸਕਣੀ। ਇਸ ਲਈ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਸਾਰੀਆਂ ਦੇਸ਼ ਭਗਤ ਤਾਕਤਾਂ ਨੂੰ ਔਰ ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਕਿ ਉਹ ਅਜਿਹੀਆਂ ਸਾਮਰਾਜੀ ਤਾਕਤਾਂ ਦੇ ਵਿਰੁੱਧ ਇਕ ਪਲੇਟਫਾਰਮ ਤੇ ਇਕੱਠੀਆਂ ਹੋਣ ਤਾਂ ਕਿ ਉਨ੍ਹਾਂ ਫੋਰਸਿਜ਼ ਦੇ ਖਿਲਾਫ਼ ਪੁਲੀਟੀਕਲ ਕੰਪੇਅਨ ਚਲਾਈਏ ਜਿਹੜੀਆਂ ਕਿ ਇਸ ਤਰ੍ਹਾਂ ਦੀਆਂ ਗੈਰ-ਮਨੁੱਖੀ ਕਾਰਵਾਈਆਂ ਕਰਦੀਆਂ ਹਨ ਔਰ ਸਾਡੇ ਦੇਸ਼ ਨੂੰ ਤੋੜਨ ਵਾਸਤੇ ਮਨਸੂਬੇ ਬਣਾਉਂਦੀਆਂ ਹਨ। ਏਨੇ ਸ਼ਬਦ ਕਹਿੰਦਾ ਹੋਇਆ ਮੈਂ ਆਪਣੇ ਗਰੁੱਪ ਵੱਲੋਂ ਬਹੁਤ ਹੀ ਸਖ਼ਤ ਸ਼ਬਦਾਂ ਦੇ ਵਿੱਚ ਜਿਨ੍ਹਾਂ ਨੇ ਇਹ ਘਿਨਾਉਣੀਆਂ ਕਾਰ-ਵਾਈਆਂ ਕੀਤੀਆਂ ਹਨ, ਉਨ੍ਹਾਂ ਦੀ ਨਿੰਦਾ ਕਰਦਾ ਹਾਂ ਔਰ ਆਪਣੇ ਗਰੁੱਪ ਵੱਲੋਂ ਇਨ੍ਹਾਂ ਕਾਰਵਾਈਆਂ ਦੌਰਾਨ ਮਾਰੇ ਗਏ ਲੋਕਾਂ ਦੇ ਵਾਰਸਾਂ ਨਾਲ ਆਪਣੀ ਡੂੰਘੀ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** (ਜ਼ੀਰਾ) : ਸਪੀਕਰ ਸਾਹਿਬ, ਜਿਹੜਾ ਇਹ ਮਤਾ ਸਰਦਾਰ ਉਮਰਾਓ ਸਿੰਘ ਜੀ ਨੇ ਇਸ ਸਦਨ ਦੇ ਵਿੱਚ ਲਿਆਂਦਾ ਹੈ, ਮੈਂ ਇਨ੍ਹਾਂ ਘਟਨਾਵਾਂ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕਰਦਾ ਹਾਂ। ਕਿਸੇ ਵੀ ਇਨਸਾਨ ਦਾ ਕਤਲ ਹੋਵੇ, ਖੂਨ ਡੋਲ੍ਹਿਆ ਜਾਵੇ, ਇਹ ਬਹੁਤ ਮਾੜਾ ਹੈ ਪਰ ਕੁਝ ਗੱਲਾਂ ਮਿੱਤਲ ਜੀ ਨੇ ਕਹੀਆਂ ਹਨ ਔਰ ਮੇਰੇ ਵੀਰ ਸਰਦਾਰ ਅਵਤਾਰ ਸਿੰਘ ਜੀ ਨੇ ਉਨ ਕੇ ਇਤਰਾਜ਼ ਕੀਤਾ।

**ਸ੍ਰੀ ਸਪੀਕਰ :** ਜ਼ੀਰਾ ਜੀ, ਮੈਂ ਤੁਹਾਨੂੰ ਰੈਜ਼ੋਲਿਊਸ਼ਨ ਤੇ ਬੋਲਣ ਲਈ ਸਮਾਂ ਦਿੱਤਾ ਹੈ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਮੈਂ ਮਤੇ ਤੇ ਹੀ ਬੋਲਾਂਗਾ ਜੀ। ਕੋਈ ਵੀ ਖੂਨ ਹੋਵੇ, ਉਹ ਡੁਲ੍ਹਣਾ ਮਾੜਾ ਹੁੰਦਾ ਹੈ। ਪਰ ਇਸ ਦੁਖਦਾਈ ਘਟਨਾ ਦੇ ਕਾਰਣ ਕੀ ਹਨ? ਇਹ ਦੁਖਦਾਈ ਘਟਨਾ ਕਿਉਂ ਵਾਪਰੀ ? ਇਸ ਦੇ ਕਈ ਕਾਰਣ ਹੋ ਸਕਦੇ ਹਨ। ਜਿਵੇਂ ਏਥੇ ਪਾਕਿਸਤਾਨ ਦੀ ਗੱਲ ਕੀਤੀ ਗਈ ਹੈ ਕਿ ਆਪਸੀ ਸਿਆਸੀ ਲੜਾਈ ਹੈ। ਮੈਂ ਸਮਝਦਾ ਹਾਂ ਕਿ ਐਸੀਆਂ ਗੱਲਾਂ ਉਦੋਂ ਹੁੰਦੀਆਂ ਹਨ ਜਦੋਂ ਲੋਕਤੰਤਰ ਨੂੰ ਦਬਾਇਆ ਜਾਵੇ। ਜਿਵੇਂ ਕਿ ਭਾਰਤੀ ਜਨਤਾ ਪਾਰਟੀ ਨੇ ਰੈਲੀ ਕਰਨ ਬਾਰੇ ਸੋਚਿਆ ਔਰ ਸ਼੍ਰੋਮਣੀ ਅਕਾਲੀ ਦਲ ਨੇ ਜਲੰਧਰ ਵਿੱਚ ਸ਼ਾਂਤਮਈ ਰੈਲੀ ਕਰਨ ਲਈ ਸੋਚਿਆ ........

**ਸ੍ਰੀ ਸਪੀਕਰ :** ਜ਼ੀਰਾ ਜੀ, ਮੈਂ ਇਹ ਅਲਾਓ ਨਹੀਂ ਕਰਦਾ, ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਜਦੋਂ ਇਸ ਤਰ੍ਹਾਂ ਦੀਆਂ ਸ਼ਾਂਤਮਈ ਗੱਲਾਂ ਨੂੰ ਦਬਾਇਆ ਜਾਂਦਾ ਹੈ ਉਸ ਵੇਲੇ ਇਹੋ ਜਿਹੀਆਂ ਗਲਾਂ, ਜਿਹੜੇ ਦੇਸ਼ ਦੁਸ਼ਮਣ ਹੁੰਦੇ ਹਨ, ਗੁਆਂਢੀ ਦੁਸ਼ਮਣ ਹੁੰਦੇ ਹਨ, ਉਨ੍ਹਾਂ ਨੂੰ ਕਰਨ ਦਾ ਮੌਕਾ ਮਿਲ ਜਾਂਦਾ ਹੈ। ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਸ ਘਟਨਾ ਵਿਚ ਜੋ ਵੀ ਕੁਝ ਹੋਇਆ, ਉਸ ਦੀ ਨਿੰਦਾ ਕਰਦਾ ਹਾਂ ਅਤੇ ਉਨ੍ਹਾਂ ਪਰਿਵਾਰਾਂ ਦੇ ਨਾਲ ਹਮ-ਦਰਦੀ ਪ੍ਰਗਟ ਕਰਦਾ ਹਾਂ।

**ਸ੍ਰੀ ਸਪੀਕਰ :** ਸਾਥੀ ਜੀ, ਬੋਲੋ ਪਰ ਕੇਵਲ ਦੋ ਮਿੰਟ ਲਈ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** (ਬਾਘਾ ਪੁਰਾਣਾ) : ਸਪੀਕਰ ਸਾਹਿਬ, ਜਿਹੜਾ ਮਤਾ ਸਰਦਾਰ ਉਮਰਾਓ ਸਿੰਘ ਜੀ ਨੇ ਲਿਆਂਦਾ ਹੈ ਮੈਂ ਤਾਂ ਸੁਬ੍ਹਾ ਤੋਂ ਇਸ ਗੱਲ ਦੀ ਲੋੜ ਮਹਿਸੂਸ ਕਰਦਾ ਸਾਂ। ਇਸੇ ਲਈ ਮੈਂ ਸਵੇਰੇ ਸਰਦਾਰ ਉਮਰਾਓ ਸਿੰਘ ਜੀ ਨੂੰ ਟੈਲੀਫੂਨ ਕੀਤਾ ਪਰ ਐਨਗੇਜ ਸੀ। ਫਿਰ ਮੈਂ ਤੁਹਾਨੂੰ ਬੇਨਤੀ ਕੀਤੀ, ਗੱਲ ਕੀਤੀ......

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਸਾਥੀ ਜੀ, ਮੇਰੇ ਨਾਲ ਤਾਂ ਤੁਸੀਂ ਕਈ ਗੱਲਾਂ ਕਰਦੇ ਹੋ। ਹੁਣ ਤੁਸੀਂ ਆਪਣੀ ਗੱਲ ਕਰ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਮੈਂ ਸਮਝਦਾ ਹਾਂ ਕਿ ਜਦੋਂ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਦੇਸ਼ ਦੀ ਰੀੜ ਦੀ ਹੱਡੀ ਨੂੰ ਸੱਟ ਵੱਜਦੀ ਹੈ। ਸਪੀਕਰ ਸਾਹਿਬ, ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਅਜ਼ਾਦੀ ਅਸੀਂ ਬੜੀ ਮੁਸ਼ਕਲ ਦੇ ਨਾਲ ਲਈ ਹੈ। ਇਹ ਠੀਕ ਹੈ ਕਿ ਅਸੀਂ ਅਜ਼ਾਦੀ ਤੋਂ ਬਾਅਦ ਦੇ ਜੰਮਪਲ ਹਾਂ। ਜਿਨ੍ਹਾਂ ਨੇ ਅਜ਼ਾਦੀ ਵਾਸਤੇ ਕੁਰਬਾਨੀਆਂ ਕੀਤੀਆਂ, ਦੇਸ਼ ਨੂੰ ਗੁਲਾਮੀ ਤੋਂ ਬਾਹਰ ਕੱਢਿਆ ਉਹ ਜਾਣਦੇ ਹਨ ਕਦਰਾਂ ਨੂੰ। ਉਨ੍ਹਾਂ ਵਿਚੋਂ ਕਈ ਸਾਡੇ ਵਿਚਕਾਰ ਵੀ ਬੈਠੇ ਹਨ। ਮਗਰ ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਅਜ਼ਾਦੀ ਤੋਂ ਬਾਅਦ ਅੱਜ ਇਹ ਸਮਾਂ ਜਿਹੜਾ ਆਇਆ ਹੈ, ਉਸ ਦੇ ਕਈ ਕਾਰਣ ਹੋ ਸਕਦੇ ਹਨ ਇੰਟਰਨੈਸ਼ਨਲ ਲੈਵਲ ਦੇ ਅਤੇ ਨੈਸ਼ਨਲ ਲੈਵਲ ਦੇ। ਮਗਰ ਨੈਸ਼ਨਲ ਇੰਟੇਗਰੇਸ਼ਨ ਦੇ ਪ੍ਰੋਗਰਾਮ ਨੂੰ ਕੁਝ ਅਜਿਹੀਆਂ ਤਾਕਤਾਂ ਜਿਹੜੀਆਂ ਦੇਸ਼ ਨੂੰ ਖੇਰੂ ਖੇਰੂੰ ਕਰਨ ਤੇ ਲੱਗੀਆਂ ਹੋਈਆਂ ਹਨ, ਉਹ ਨਹੀਂ ਚਾਹੁੰਦੀਆਂ ਕਿ ਹਿੰਦੁਸਤਾਨ ਵਧੇ ਫੁੱਲੇ। ਅਜਿਹੀਆਂ ਤਾਕਤਾਂ ਨੂੰ ਨਕੇਲ ਪਾਉਣ ਦੀ ਲੋੜ ਹੈ। ਅੱਜ ਸਮਾਂ ਹੈ ਹਰ ਇਨਸਾਨ ਨੂੰ, ਹਰ ਪੰਜਾਬੀ ਨੂੰ, ਹਰ ਹਿੰਦੁਸਤਾਨੀ ਨੂੰ ਆਪਣੀਆਂ ਜਾਤੀ ਗੱਲਾਂ ਤੋਂ ਉਪਰ ਉਠ ਕੇ ਦੇਸ਼ ਪ੍ਰਤੀ ਵਫਾਦਾਰੀ ਵਿਖਾਉਣ ਦਾ। ਸਾਰੀਆਂ ਗੱਲਾਂਬਾਤਾਂ ਨੂੰ ਇਕ ਪਾਸੇ ਰੱਖ ਕੇ ਅੱਜ ਅਸੀਂ ਇਹ ਨਾ ਵੇਖੀਏ ਕਿ ਉਹ ਕੀ ਕਰਦਾ ਹੈ ਸਗੋਂ ਇਹ ਦੇਖੀਏ ਕਿ ਅੱਜ ਸਾਡਾ ਦੇਸ਼ ਪ੍ਰਤੀ ਕੀ ਫਰਜ਼ ਹੈ ਅਤੇ ਸਾਨੂੰ ਕੀ ਕਰਨਾ ਚਾਹੀਦਾ ਹੈ। ਇਸ ਕਰਕੇ ਮੈਂ ਜਿਹੜੇ ਬੰਬਈ ਵਿੱਚ 13 ਬੰਬ ਬਲਾਸਟ ਹੋਏ ਹਨ ਅਤੇ ਹਾਲੇ ਸੁਣਿਆ ਸੀ ਕਿ ਇਕ ਟਰੱਕ ਅਤੇ ਕਾਰ ਵਿੱਚ ਹੋਰ ਵੀ ਬਾਰੂਦ ਸੀ ਜਿਸ ਨਾਲ ਹੋਰ ਵੀ ਜ਼ਿਆਦਾ ਨੁਕਸਾਨ ਹੋ ਸਕਦਾ ਸੀ, ਪਰ ਜਿਹੜਾ ਵੀ ਨੁਕਸਾਨ ਹੋਇਆ ਹੈ ਉਸ ਨੂੰ ਵੇਖ ਕੇ ਦਿਲ ਰੋਂਦਾ ਹੈ। ਮਗਰ ਫਿਰ ਵੀ ਸਾਡੇ ਹਿੰਦੁਸਤਾਨੀਆਂ ਵਿੱਚ ਬੜਾ ਵੱਡਾ ਹੌਸਲਾ ਹੈ ਅਤੇ ਇਸੇ ਹੌਸਲੇ ਦੇ ਨਾਲ ਹੀ ਅਸੀਂ ਉਨ੍ਹਾਂ ਤਾਕਤਾਂ ਨੂੰ ਵੰਗਾਰ ਕੇ ਕਹਿੰਦੇ ਹਾਂ ਕਿ ਅਸੀਂ ਦੇਸ਼ ਨੂੰ ਟੋਟੇ-ਟੋਟੇ ਨਹੀਂ ਹੋਣ ਦਿਆਂਗੇ ਭਾਵੇਂ ਕੋਈ ਜਿੰਨਾ ਮਰਜ਼ੀ ਯਤਨ ਕਰ ਲਵੇ।

**ਸ੍ਰੀ ਸਪੀਕਰ :** ਸਾਥੀ ਜੀ, ਵਾਈਂਡ ਅੱਪ ਕਰੋ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਜਿਨ੍ਹਾਂ ਪਰਿਵਾਰਾਂ ਦੇ ਜੀਅ ਚਲੇ ਗਏ, ਉਨ੍ਹਾਂ ਦੇ ਨਾਲ ਹਮਦਰਦੀ ਦਾ ਇਜ਼ਹਾਰ ਕਰਦਾ ਹਾਂ ਅਤੇ ਜੋ ਵੀ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਗੱਲ ਕਰੇਗਾ ਅਸੀਂ ਉਸ ਦੇ ਨਾਲ ਹਮੇਸ਼ਾ ਤੱਤਪਰ ਰਹਾਂਗੇ। ਇਸ ਦੇ ਨਾਲ ਹੀ ਮੈਂ ਖਿਮਾ ਮੰਗਦਾ ਹਾਂ।

**ਸ੍ਰੀ ਸਪੀਕਰ :** ਜੋਧਾਂ ਜੀ, ਤੁਸੀਂ ਕੇਵਲ ਦੋ ਮਿੰਟ ਲਈ ਹੀ ਬੋਲੋ।

**ਕਾਮਰੇਡ ਤਰਸੇਮ ਜੋਧਾਂ (ਕਿਲ੍ਹਾ ਰਾਏਪੁਰ) :** ਮਾਨਯੋਗ ਸਪੀਕਰ ਸਾਹਿਬ, ਸੰਸਦੀ ਮਾਮਲਿਆਂ ਦੇ ਮੰਤਰੀ ਸਰਦਾਰ ਉਮਰਾਓ ਸਿੰਘ ਜੀ ਵੱਲੋਂ ਜੋ ਮਤਾ ਆਇਆ ਹੈ, ਇਹ ਬਹੁਤ ਹੀ ਅਹਿਮ ਮਤਾ ਹੈ। ਜੋ ਬੰਬਈ ਵਿੱਚ ਘਟਨਾਵਾਂ ਹੋਈਆਂ ਉਨ੍ਹਾਂ ਨੇ ਸਾਰੇ ਦੇਸ਼ ਨੂੰ ਅਤੇ ਖਾਸ ਕਰਕੇ ਦੇਸ਼ ਭਗਤ ਤਾਕਤਾਂ ਨੂੰ ਹਲੂਣਾ ਦਿੱਤਾ ਹੈ। ਜਿਸ ਢੰਗ ਨਾਲ ਉਥੇ ਇਡੇ ਵੱਡੇ ਬੰਬ ਬਲਾਸਟ ਹੋਏ ਹਨ ਜਿਸ ਵਿੱਚ ਸੈਂਕੜੇ ਹੀ ਬੰਦੇ ਮਾਰੇ ਗਏ, ਇਹ ਕੋਈ ਸਧਾਰਨ ਗੱਲ ਨਹੀਂ ਹੈ। ਸਾਡੀ ਇਸ ਬਾਰੇ ਸਪਸ਼ਟ ਰਾਏ ਹੈ ਕਿ ਜਿਥੇ ਇੰਟਰ-ਨੈਸ਼ਨਲ ਲੈਵਲ ਤੇ ਸਾਮਰਾਜ ਵੱਲੋਂ ਕੋਸ਼ਿਸ਼ਾਂ ਹੋ ਰਹੀਆਂ ਹਨ ਕਿ ਭਾਰਤ ਨੂੰ ਖੇਰੂ ਖੇਰੂੰ ਕੀਤਾ ਜਾਵੇ ਅਤੇ ਅੱਡ ਅੱਡ ਕੀਤਾ ਜਾਵੇ, ਉਥੇ ਸਾਡੇ ਦੇਸ਼ ਦੇ ਅੰਦਰ ਵੀ ਇਹੋ ਜਿਹੇ ਹਾਲਾਤ ਪੈਦਾ ਹੁੰਦੇ ਹਨ, ਜਦੋਂ ਫਿਰਕਾਪ੍ਰਸਤੀ ਨੂੰ ਬਹੁਤ ਬੜ੍ਹਾਵਾ ਮਿਲਦਾ ਹੈ, ਤਾਂ ਦੁਸ਼ਮਣ ਅਜਿਹੇ ਮੌਕਿਆਂ ਦਾ ਫਾਇਦਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ]

ਉਠਾਉਂਦੇ ਹਨ। ਸਪੀਕਰ ਸਾਹਿਬ, ਮੈਂ ਬਹੁਤ ਲੰਮੀਆਂ ਗੱਲਾਂ ਨਹੀਂ ਕਰਨੀਆਂ। ਜਦੋਂ ਪੰਜਾਬ ਦਾ ਮਸਲਾ ਉਠਿਆ ਤਾਂ ਫਿਰਕੂ ਤਾਕਤਾਂ ਨੇ ਇਥੇ ਵੀ ਮੰਦਰਾਂ ਵਿੱਚ ਗਊਆਂ ਦੀਆਂ ਪੂਛਾਂ ਸੁਟਵਾਈਆਂ ਅਤੇ ਗੁਰਦੁਆਰਿਆਂ ਵਿੱਚ ਸਿਗਰਟਾਂ ਬੀੜੀਆਂ ਸੁਟਵਾਈਆਂ ਤਾਂ ਕਿ ਲੋਕਾਂ ਦੇ ਜਜ਼ਬਾਤਾਂ ਨੂੰ ਭੜਕਾ ਕੇ ਆਪਸ ਵਿੱਚ ਲੜਾਇਆ ਜਾਵੇ, ਡਰਾਇਆ ਜਾਵੇ ਅਤੇ ਆਪਣਾ ਕੰਮ ਕੀਤਾ ਜਾਵੇ.....

**ਸ੍ਰੀ ਸਪੀਕਰ :** ਤਰਸੇਮ ਜੀ, ਰੈਜ਼ੋਲਿਊਸ਼ਨ ਤੇ ਬੋਲੋ।

**ਕਾਮਰੇਡ ਤਰਸੇਮ ਜੋਧਾਂ :** ਅੱਜ ਵੀ ਜੋ ਬੰਬਈ ਵਿੱਚ ਹੋਇਆ, ਅਸੀਂ ਸਮਝਦੇ ਹਾਂ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਕਰਨ ਵਾਲੀਆਂ ਤਾਕਤਾਂ ਲਈ ਇੱਕ ਚੈਲੰਜ ਹੈ। ਇਹ ਦੇਸ਼ ਧਰੋਹੀ ਸ਼ਕਤੀਆਂ ਸਾਡੇ ਦੇਸ਼ ਨੂੰ ਤੋੜਨਾ ਚਾਹੁੰਦੀਆਂ ਹਨ। ਉਨ੍ਹਾਂ ਦੇ ਖਿਲਾਫ ਐਡਮਨਿਸਟਰੇਟਿਵ ਪੱਧਰ ਤੇ ਸਟੈਪ ਲੈ ਕੇ, ਇਨ੍ਹਾਂ ਫੁੱਟ ਪਾਊ ਤਾਕਤਾਂ ਨੂੰ ਨੰਗਿਆ ਕਰਨ ਵਾਸਤੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਜੋ ਲੋਕਾਂ ਵਿੱਚ ਫੁੱਟ ਪਾਊ ਵਿਚਾਰ ਫਿਲਾ ਕੇ ਫਿਰਕਾਪ੍ਰਸਤੀ ਫੈਲਾ ਰਹੀਆਂ ਹਨ, ਉਨ੍ਹਾਂ ਨੂੰ ਨੰਗਾ ਕੀਤਾ ਜਾਣਾ ਚਾਹੀਦਾ ਹੈ। ਇਕੱਲੀ ਸਰਕਾਰ ਇਸ ਤੇ ਕੰਟਰੋਲ ਨਹੀਂ ਕਰ ਸਕਦੀ। ਸਾਰੀਆਂ ਦੇਸ਼ ਭਗਤ ਤਾਕਤਾਂ ਇਨ੍ਹਾਂ ਦੇ ਖਿਲਾਫ ਖੜੀਆਂ ਹਨ। ਮੈਂ ਆਪਣੇ ਵੱਲੋਂ ਆਪਣੀ ਪਾਰਟੀ ਵੱਲੋਂ ਇਨ੍ਹਾਂ ਘਟਨਾਵਾਂ ਦੀ ਨਿਖੇਧੀ ਕਰਦਾ ਹੋਇਆ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਜੋ ਵੀ ਅਜਿਹੀਆਂ ਘਟਨਾਵਾਂ ਵਾਪਰਨਗੀਆਂ, ਅਸੀਂ ਉਨ੍ਹਾਂ ਦੀ ਨਿਖੇਧੀ ਲਈ ਪੂਰਾ ਯੋਗਦਾਨ ਪਾਵਾਂਗੇ। ਅੰਤ ਵਿੱਚ ਮੈਂ ਫਿਰ ਦੁਖੀ ਪਰਿਵਾਰਾਂ ਨਾਲ ਦੁੱਖ ਵਿੱਚ ਸ਼ਾਮਿਲ ਹੁੰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ।

**ਸ੍ਰੀ ਬਲਦੇਵ ਸਿੰਘ ਬਲਮਗੜ੍ਹ (ਮਲੋਟ, ਐਸ.ਸੀ):** ਸਪੀਕਰ ਸਾਹਿਬ, ਜੋ ਬੰਬਈ ਦੀਆਂ ਘਟਨਾਵਾਂ ਦੇ ਸਬੰਧ ਵਿੱਚ ਮਤਾ ਸਰਦਾਰ ਉਮਰਾਓ ਸਿੰਘ, ਪਾਰਲੀਮਾਨੀ ਮਾਮਲਿਆ ਦੇ ਮੰਤਰੀ ਜੀ ਨੇ ਸਦਨ ਵਿੱਚ ਲਿਆਂਦਾ ਹੈ, ਉਸ ਮਤੇ ਦੇ ਨਾਲ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਪੂਰੀ ਤਰ੍ਹਾਂ ਸਹਿਮਤੀ ਪ੍ਰਗਟ ਕਰਦਾ ਹਾਂ। ਸਪੀਕਰ ਸਾਹਿਬ, ਜਦੋਂ ਤੋਂ ਸਾਡਾ ਦੇਸ਼ ਆਜ਼ਾਦ ਹੋਇਆ ਉਦੋਂ ਤੋਂ ਹੀ ਸਾਮਰਾਜੀ ਤਾਕਤਾਂ ਜਿਹੜੀਆਂ ਸਾਡੇ ਦੇਸ਼ ਨੂੰ ਅਜ਼ਾਦ ਨਹੀਂ ਦੇਖਣਾ ਚਾਹੁੰਦੀਆਂ ਸਨ, ਉਨ੍ਹਾਂ ਨੇ ਲਗਾਤਾਰ ਕੋਸ਼ਿਸ਼ਾਂ ਜਾਰੀ ਰੱਖੀਆਂ ਕਿ ਹਿੰਦੁਸਤਾਨ ਦੀ ਅਜ਼ਾਦੀ ਨੂੰ, ਏਕਤਾ ਨੂੰ, ਇਸਦੀ ਅਖੰਡਤਾ ਨੂੰ ਖੇਰੂੰ ਖੇਰੂੰ ਕੀਤਾ ਜਾਵੇ। ਉਹ ਵੱਖ-ਵੱਖ ਢੰਗਾਂ ਨਾਲ ਫੁੱਟ ਪਾਉਂਦਿਆ ਰਹੀਆਂ ਹਨ। ਲੇਕਿਨ ਸਾਡੇ ਦੇਸ਼ ਦੀ ਸਹੀ ਲੀਡਰਸ਼ਿਪ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਖਾਤਰ ਲੜਾਈ ਲੜੀ ਅਤੇ ਅੱਜ ਦੇਸ਼ ਨੂੰ ਇਥੇ ਤੱਕ ਪਹੁੰਚਾ ਦਿੱਤਾ, ਇਹ ਉਨ੍ਹਾਂ ਦੀ ਸਿਆਣਪ ਸੀ, ਚਾਹੇ ਉਹ ਮਹਾਤਮਾ ਗਾਂਧੀ ਜੀ ਸਨ ਅਤੇ ਚਾਹੇ ਸ੍ਰੀ ਜਵਾਹਰ ਲਾਲ ਨਹਿਰੂ ਜੀ ਸਨ। ਅੰਗਰੇਜ਼ਾਂ ਦੀ ਸਾਜਿਸ਼ ਸੀ ਕਿ ਇਸ ਦੇਸ਼ ਨੂੰ ਈਨ ਮਨਾਈ ਜਾਵੇ ਅਤੇ ਇਸ ਨੂੰ ਹਮੇਸ਼ਾਂ ਆਪਣੇ ਨੀਚੇ ਰੱਖਿਆ ਜਾਵੇ। ਉਨ੍ਹਾਂ ਦੀ ਹਮੇਸ਼ਾਂ ਇਹ ਕੋਸ਼ਿਸ਼ ਰਹੀ ਹੈ ਕਿ ਇਸ ਨੂੰ ਕਮਜ਼ੋਰ ਕੀਤਾ ਜਾਵੇ, ਇਸ ਨੂੰ ਥੱਲੇ ਲਾ ਕੇ ਰੱਖਿਆ ਜਾਵੇ ਅਤੇ ਇਸ ਦੇ ਟੋਟੇ-ਟੋਟੇ ਕੀਤੇ ਜਾਣ। ਪਰ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜੋ ਬੰਬਈ ਵਿੱਚ ਬਲਾਸਟ ਹੋਏ, ਜਿਸ ਦੇ ਵਿੱਚ ਟੀ.ਐਨ.ਟੀ. ਮੈਟੀਰੀਅਲ ਵਰਤਿਆ ਗਿਆ, ਮੈਂ ਸਮਝਦਾ ਹਾਂ ਕਿ ਇਹ ਵੀ ਇੱਕ ਸਾਜ਼ਿਸ ਦਾ ਹੀ ਹਿੱਸਾ ਹੈ। ਇਸ ਲਈ ਪੁਰਜ਼ੋਰ ਸ਼ਬਦਾਂ ਵਿੱਚ ਸਾਰੀਆਂ ਸੈਕੂਲਰ ਅਤੇ ਡੈਮੋਕਰੇਟਿਕ ਪਾਰਟੀਆਂ ਨੂੰ ਇਨ੍ਹਾਂ ਘਟਨਾਵਾਂ ਦੀ ਨਿਖੇਧੀ ਕਰਨੀ ਚਾਹੀਦੀ ਹੈ ਅਤੇ ਮੈਂ ਇਸ ਮਤੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਮੇਰੀ ਦੁਖੀ ਪਰਿਵਾਰਾਂ ਨਾਲ ਪੂਰੀ ਤਰ੍ਹਾਂ ਹਮਦਰਦੀ ਹੈ। ਇਹ ਸ਼ਬਦ ਕਹਿੰਦਾ ਹੋਇਆ ਮੈਂ ਆਪਣੀ ਥਾਂ ਲੈਂਦਾ ਹਾਂ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ)** : ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਜੀ, ਜੋ ਪਾਰਲੀਮਾਨੀ ਮਾਮਲਿਆਂ ਦੇ ਮੰਤਰੀ ਹਨ, ਇਨ੍ਹਾਂ ਨੇ ਇਹ ਮਤਾ ਲਿਆਂਦਾ ਹੈ ਅਤੇ ਮੈਨੂੰ ਖੁਸ਼ੀ ਹੈ ਕਿ ਸਾਰੀਆਂ ਪਾਰਟੀਆਂ ਦੇ ਲੀਡਰ ਇਸ ਮਤੇ ਦੇ ਹੱਕ ਵਿੱਚ ਬੋਲੇ ਹਨ। ਮੈਂ ਸਮਝਦਾ ਹਾਂ ਕਿ ਬੜੀ ਸ਼ਰਮਨਾਕ ਗੱਲ ਹੈ ਕਿ ਅਜਿਹੀ ਘਟਨਾ ਇਸ ਭਾਰਤ ਦੇ ਅੰਦਰ ਹੋਵੇ। ਜਿੱਥੇ ਇਹ ਕਿਹਾ ਜਾ ਰਿਹਾ ਹੈ ਕਿ ਇੰਨੇ ਬੰਦੇ ਮਰ ਗਏ ਹਨ ਔਰ ਇੰਨੀਆਂ ਬਿਲਡਿੰਗਾਂ ਟੁੱਟ ਗਈਆਂ ਹਨ, ਤਾਂ ਮੈਂ ਸਮਝਦਾ ਹਾਂ ਕਿ ਇੱਕ ਇਨਸਾਨ ਜਿਸ ਦੇ ਅੰਦਰ ਇਨਸਾਨ ਦਾ ਦਿਲ ਹੈ, ਉਸ ਦੇ ਅੰਦਰ ਬੜੀ ਭਾਰੀ ਸੱਟ ਲਗੀ ਹੋਵੇਗੀ, ਔਰ ਜੋ ਉਥੇ ਬੰਦੇ ਮਰ ਗਏ, ਉਹ ਕੋਈ ਬਹੁਤੇ ਧਨਾਢ ਆਦਮੀ ਨਹੀਂ ਸਨ, ਕੋਈ ਆਇਡੀਆਲੋਜੀਕਲ ਲੜਾਈ ਨਹੀਂ ਸੀ। ਲੇਕਿਨ ਉਥੇ ਇੱਕ ਬਹੁਤ ਭਾਰੀ ਦਰਿੰਦਗੀ ਦਾ ਦ੍ਰਿਸ਼ ਸੀ ਜਿਸ ਨੂੰ ਦੇਖ ਕੇ ਸਾਰੀ ਇਨਸਾਨੀਅਤ ਕੰਬ ਉਠੀ ਹੈ। ਇਹ ਜੋ ਬੰਬਈ ਵਿਚ ਹੋਇਆ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਬੇਸ਼ਕ ਮੈਂ ਕਿਹਾ ਕਿ ਇੱਥੇ ਮਜ਼੍ਹਬੀ ਦੰਗੇ ਨਹੀਂ ਸਨ, ਲੇਕਿਨ ਡੀਪਰੂਟਿਡ ਗੱਲਾਂ ਜੋ ਵਾਪਰਦੀਆਂ ਰਹੀਆਂ, ਇੰਸੀਡੈਂਟਸ ਹੁੰਦੇ ਰਹੇ, ਉਨ੍ਹਾਂ ਦਾ ਨਤੀਜਾ ਇਹ ਹੈ ਕਿ ਇੱਥੇ ਬੰਬਈ ਅੰਦਰ ਬੜੀ ਤਬਾਹੀ ਹੋਈ। ਜੇ ਮੈਂ ਇੱਥੇ ਵਰਣਨ ਕਰਨ ਲੱਗਾਂ ਤਾਂ ਬੜਾ ਸਮਾਂ ਲੱਗੇਗਾ ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਸਾਲਾਂ ਵਿਚ ਅਸੀਂ ਭਾਰਤ ਵਿਚ ਬਹੁਤ ਕੁਝ ਦੇਖਿਆ। ਕਮਿਊਨਿਲ ਦੰਗੇ ਵੀ ਦੇਖੇ ਔਰ ਗਰੀਬ ਹਰੀਜਨ ਜ਼ਿੰਦਾ ਜਲਾਉਂਦੇ ਵੀ ਦੇਖੇ ਔਰ ਜੋ ਸ਼ਡਿਊਲਡ ਕਾਸਟਸ ਹਨ, ਮੈਂ ਬੁਰੇ ਲਫਜ਼ ਨਹੀਂ ਕਹਿ ਰਿਹਾ, ਜੋ ਪਛੜੇ ਸੱਜਣ ਹਨ, ਉਨ੍ਹਾਂ ਦੇ ਜ਼ਮੀਨਾਂ ਦੇ ਰੌਲੇ ਵੀ ਦੇਖੇ ਔਰ ਉਨ੍ਹਾਂ ਦੀਆਂ ਜ਼ਮੀਨਾਂ ਲੈਂਡ-ਲਾਰਡਾਂ ਨੇ ਖੋਹ ਲਈਆਂ। ਸਪੀਕਰ ਸਾਹਿਬ, ਪਿਛਲੇ ਸਮੇਂ ਅੰਦਰ ਮੰਡਲ ਕਮਿਸ਼ਨ ਦੀ ਰਿਪੋਰਟ ਦੀ ਗੱਲ ਮੈਂ ਕਰਾਂ। ਵੀ.ਪੀ. ਸਿੰਘ ਨੂੰ ਮੈਂ ਇੱਥੇ ਕੰਡੈਮ ਨਹੀਂ ਕਰਨਾ ਚਾਹੁੰਦਾ ਲੇਕਿਨ ਜੋ ਫੋਰਸਿਜ਼ ਉਠੀਆਂ ਉਨ੍ਹਾਂ ਕਾਰਣ ਕਿੰਨੇ ਲੜਕਿਆਂ ਨੇ ਖੁਦਕਸ਼ੀ ਕੀਤੀ, ਸਾਡੇ ਦੇਸ਼ ਨੂੰ ਕਿੰਨਾ ਨੁਕਸਾਨ ਹੋਇਆ, ਉਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਲੇਕਿਨ ਫਿਰ ਵੀ ਸਾਡੇ ਦੇਸ਼ ਵਿਚ ਐਸੇ ਲੋਕ ਹਨ ਜੋ ਜ਼ਾਤਾਂ-ਪਾਤਾਂ ਵਿਚ ਫਸੇ ਹੋਏ ਹਨ। ਹੁਣੇ ਹੀ ਮਾਨਯੋਗ ਮੈਂਬਰ ਸ੍ਰੀ ਸ਼ਿੰਗਾਰਾ ਰਾਮ ਜੀ ਨੇ ਕਿਹਾ ਕਿ ਸਾਡੇ ਦੇਸ਼ ਵਿਚ ਜ਼ਾਤਾਂ-ਪਾਤਾਂ ਹਨ, ਸਾਡੇ ਦੇਸ਼ ਵਿਚ ਮਜ਼ਹਬ ਬੜੇ ਹਨ। ਮੈਂ ਜ਼ਰੂਰ ਕਹਾਂਗਾ ਕਿ ਮਜ਼ਹਬ ਤਾਂ ਬੜੇ ਹਨ ਪਰ ਧਰਮ ਅਸਲੀ ਹੋਣਾ ਚਾਹੀਦਾ ਹੈ। ਕਿਸੇ ਵੀ ਧਰਮ ਨੂੰ ਨਫ਼ਰਤ ਨਾਲ ਨਹੀਂ ਦੇਖਣਾ ਚਾਹੀਦਾ। ਪਰ ਜੋ ਮਜ਼੍ਹਬੀ ਜ਼ਨੂੰਨ ਸਵਾਰ ਹੈ, ਉਸ ਮਜ਼੍ਹਬੀ ਜ਼ਨੂੰਨ ਅੰਦਰ ਆ ਕੇ ਹੀ ਸਾਰੀਆਂ ਗੱਲਾਂ ਵਾਪਰਦੀਆਂ ਰਹੀਆਂ। ਸਾਡੇ ਦੇਸ਼ ਨੂੰ ਆਜ਼ਾਦੀ ਮਿਲਿਆਂ 45 ਸਾਲ ਹੋ ਗਏ ਹਨ ਪਰ ਮੈਂ ਅਫ਼ਸੋਸ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ 45 ਸਾਲਾਂ ਅੰਦਰ ਸਾਡੀ ਪਾਰਟੀ ਨੇ ਜਿੰਨਾ ਸੈਕੂਲਰਿਜ਼ਮ ਲਈ ਪ੍ਰਚਾਰ ਕੀਤਾ ਉਨ੍ਹਾਂ ਦੂਜੀਆਂ ਪਾਰਟੀਆਂ ਨੇ ਸੈਕੂਲਰਿਜ਼ਮ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਨਤੀਜਾ ਤੁਹਾਡੇ ਸਾਹਮਣੇ ਹੈ।

**ਸ੍ਰੀ ਵਿਜੇ ਕੁਮਾਰ ਸਾਥੀ ਅਡਵੋਕੇਟ** : ਪੁਆਇੰਟ ਆਫ ਆਰਡਰ, ਸਰ।

**Mr Speaker** : I don't allow it. (Noise) C.M. Sahib, Carry on please.

**ਮੁੱਖ ਮੰਤਰੀ** : ਮੈਂ ਕਹਿ ਰਿਹਾ ਸੀ ਕਿ ਇਨ੍ਹਾਂ ਨੂੰ ਰੋਕ ਦਿਓ। ਜਦੋਂ ਇਹ ਬੋਲਦੇ ਹਨ ਤਾਂ ਮੈਂ ਕਦੇ ਵੀ ਇੰਟਰਫੀਅਰ ਨਹੀਂ ਕੀਤਾ। ਇਨ੍ਹਾਂ ਦੀ ਤਾਂ ਆਦਤ ਹੈ। ਇਨ੍ਹਾਂ ਨੂੰ ਰੋਕ ਕੇ ਰੱਖੋ। ਇਹ ਸਾਡੇ ਮਾਨਯੋਗ ਵਿਜੇ ਕੁਮਾਰ ਜੀ, ਜਿਨ੍ਹਾਂ ਨੂੰ ਸਾਥੀ ਜੀ ਵੀ ਕਹਿੰਦੇ ਹਨ, ਇਨ੍ਹਾਂ ਦੇ ਬਾਪ ਤਾਂ ਕਿੰਨੇ ਹੀ ਸਿਆਣੇ ਸਨ (ਥੰਪਿੰਗ)।

**Mr. Speaker** : No interruption please. ਤੁਸੀਂ ਆਪਣੇ ਵਾਲਿਦ ਸਾਹਿਬ ਦੀ ਤਾਰੀਫ ਨਹੀਂ ਸੁਣ ਸਕਦੇ। (ਹਾਸਾ)

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਸਰਕਾਰ ਅੰਦਰ ਦਰ ਅਸਲ ਟੂ ਨੇਸ਼ਨ ਥਿਊਰੀ ਆ ਗਈ ਹੈ। ਮਜ਼ਹਬ ਦੇ ਆਧਾਰ ਤੇ ਪਾਕਿਸਤਾਨ ਬਣ ਗਿਆ ਅਤੇ ਫਿਰ ਦੇਸ਼ ਅੰਦਰ ਐਸੀਆਂ ਫੋਰਸਿਜ਼ ਆ ਗਈਆਂ ਜਿਨ੍ਹਾਂ ਨੇ ਕਿਹਾ ਅਸੀਂ ਮਜ਼ਹਬ ਦੇ ਅਧਾਰ ਤੇ ਸਰਕਾਰਾਂ ਬਣਾਈਆਂ। ਇਹ ਇੱਕ ਸੈਕੂਲਰ ਮੁਲਕ ਹੈ, ਲੇਕਿਨ ਮਜ਼ਹਬ ਦੇ ਆਧਾਰ ਤੇ ਸਰਕਾਰਾਂ ਬਣਾਉਣ ਦਾ ਸੁਪਨਾ ਲੈਣਾ ਕਦੇ ਕਹਿਣਾ ਹਿੰਦੂ ਰਾਸ਼ਟਰ ਬਣਾ ਦਿਆਂਗੇ, ਕਦੇ ਕਹਿਣਾ ਖਾਲਿਸਤਾਨ ਬਣਾ ਦਿਆਂਗੇ, ਕਦੇ ਹੋਰ ਚੀਜ਼ ਬਣਾ ਦਿਆਂਗੇ, ਇਹ ਜੋ ਸਾਰੀਆਂ ਤਕਲੀਫਾਂ ਹਨ...

**Shri Madan Mohan Mittal** : Is he on the Resolution?

**Mr. Speaker** : Please sit down. ਮੇਰੀ ਕੋਸ਼ਿਸ਼ ਇਹ ਹੈ ਕਿ ਜਦੋਂ ਤੁਸੀਂ ਬੋਲਦੇ ਹੋ ਤਾਂ ਇੰਟਰਪਸ਼ਨ ਨਾ ਹੋਵੇ। Please sit down.

**ਮੁੱਖ ਮੰਤਰੀ** : ਸਪੀਕਰ ਸਹਿਬ, ਮਿੱਤਲ ਸਾਹਿਬ ਨੇ ਬੜੀ ਗੱਲ ਕੀਤੀ ਹੈ। ਮਿੱਤਲ ਸਾਹਿਬ ਨੇ ਗੱਲ ਉਲਟੀ ਛੇੜੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਇੰਡੀਆ ਦੇ ਹਾਮੀ ਹਨ ਤਾਂ ਮਸਜਿਦ ਕਾਹਦੇ ਲਈ ਢਾਹੀ ਸੀ। (ਥੰਪਿੰਗ) 6 ਤਾਰੀਖ ਨੂੰ ਮਸਜਿਦ ਕਾਹਦੇ ਲਈ ਢਾਹੀ, ਪੁਆੜਾ ਛੇੜਿਆ। **(ਵਿਘਨ)** (ਸ਼ੋਰ)

**ਸ੍ਰੀ ਮਦਨ ਮੋਹਨ ਮਿੱਤਲ** : ਮੈਂ ਮਸਜਿਦ ਦੀ ਗੱਲ ਕਰ ਰਿਹਾ ਹਾਂ (ਵਿਘਨ) Just a minute. ਮੇਰਾ ਖ਼ਿਆਲ ਹੈ ਕਿ ਮੁੱਖ ਮੰਤਰੀ ਦੀ ਬੜੀ ਜ਼ਿੰਮੇਵਾਰੀ ਦੀ ਪੋਸਟ ਹੁੰਦੀ ਹੈ। ਸਪੀਕਰ ਸਾਹਿਬ, ਜੋ ਵਾਈਟ ਪੇਪਰ ਗੌਰਮਿੰਟ ਆਫ ਇੰਡੀਆ ਨੇ ਛਾਪਿਆ ਹੈ, ਉਸ ਦੇ ਵਿੱਚ ਉਨ੍ਹਾਂ ਨੇ ਖੁਦ ਕਿਹਾ ਹੈ ਕਿ There had been no prayer there for the last 40 years and since 1936 it has never been defined as a masque.

ਇਹ ਮੰਨਿਆ ਕਿ ਉਥੇ ਟੈਂਪਲ ਸੀ। (ਵਿਘਨ)

**ਸ੍ਰੀ ਸਪੀਕਰ** : ਇਸ ਵੇਲੇ ਅਸੀਂ ਰੈਜ਼ੋਲਿਊਸ਼ਨ ਕਰ ਰਹੇ ਹਾਂ (ਵਿਘਨ) ਮੁੱਖ ਮੰਤਰੀ ਜੀ, ਮੈਂ ਬੇਨਤੀ ਕਰਾਂਗਾ .....

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਆਨ ਏ ਪੁਆਇੰਟ ਆਫ਼ ਆਰਡਰ, ਸਰ।

**ਸ੍ਰੀ ਸਪੀਕਰ** : ਨਹੀਂ। ਨੋ ਪੁਆਇੰਟ ਆਫ਼ ਆਰਡਰ। ਮੁੱਖ ਮੰਤਰੀ ਸਾਹਿਬ, ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ ਜੀ।

**ਮੁੱਖ ਮੰਤਰੀ** : ਚਲੋ, ਮੈਂ ਇਹ ਗੱਲ ਛੱਡ ਦਿੰਦਾ ਹਾਂ।

**ਸ੍ਰੀ ਸਪੀਕਰ** : ਹਾਂ, ਇਹ ਛੱਡ ਦਿਉ।

**ਮੁੱਖ ਮੰਤਰੀ** : ਲੇਕਿਨ ਮੈਂ, ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਅੱਜ ਅਸਲੀ ਮਾਅਨਿਆਂ ਵਿੱਚ ਬਿੱਲੀ ਜਿਹੜੀ ਹੈ, ਥੈਲੋਂ ਤੋਂ ਬਾਹਰ ਆ ਗਈ ਹੈ। ਮੈਂ ਇਥੇ ਦੇਖੀ ਹੈ, ਆਈ ਹੋਈ। (ਥੰਪਿੰਗ) (ਵਿਘਨ) ਔਰ ਵਾਕ-ਆਊਟ ਕੀਤਾ। ਸਪੀਕਰ ਸਾਹਿਬ, ਮੈਂ ਜਦੋਂ ਗਵਰਨਰ ਐਡਰੈਸ ਤੇ ਬੋਲ ਰਿਹਾ ਸੀ

Original with;
Punjab Vidhan Sabha
Digitized by;
Panjab Digital Library

ਤਾਂ ਮੈ ਕਿਹਾ ਸੀ ਕਿ ਪਿਆਰ ਦੀਆਂ ਪੀਘਾਂ ਪੈਣ ਲਗ ਗਈਆਂ ਹਨ। ਅੱਜ ਇਹ ਇਥੇ ਸਾਬਤ ਹੋ ਗਿਆ ਹੈ ਕਿ ਪਿਆਰ ਦੀਆਂ ਪੀਘਾਂ ਪੈ ਚੁੱਕੀਆਂ ਹਨ। (ਥੰਪਿੰਗ) (ਸ਼ੋਰ)

**ਸ੍ਰੀ ਸਪੀਕਰ:** ਮੁੱਖ ਮੰਤਰੀ ਜੀ, ਰੈਜ਼ੋਲਿਊਸ਼ਨ ਤੇ ਬੋਲੋ। (ਵਿਘਨ) ਇਹ ਗੰਭੀਰ ਮਥਿੱਤੀ ਹੈ। ਮੈਂ ਰਿਕੁਐਸਟ ਕਰਾਂਗਾ ਕਿ ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ ਤਾਂ ਕਿ ਇਹ ਰੈਜ਼ੋਲਿਊਸ਼ਨ ਯੂਨਾਨੀਮਸਲੀ ਪਾਸ ਹੋਵੇ।

**ਮੁੱਖ ਮੰਤਰੀ :** ਮੈਂ ਬੜੀ ਚਿੰਤਾ ਦੇ ਨਾਲ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਪਿਛਲੇ ਸਾਲ ਅਸੀਂ ਕੋਸ਼ਿਸ਼ ਕਰਦੇ ਰਹੇ ਕਿ ਅਤਿਵਾਦ ਇਥੋਂ ਖ਼ਤਮ ਹੋਵੇ ਔਰ ਮਿੱਤਲ ਸਾਹਿਬ ਨੇ ਹੁਣੇ ਇਥੇ ਕਿਹਾ ਕਿ ਅਤਵਾਦ ਪੂਰਾ ਖ਼ਤਮ ਨਹੀਂ ਹੋਇਆ। ਮੈਂ ਇਸ ਦੇ ਨਾਲ ਵੀ ਪੂਰਾ ਸਹਿਮਤ ਹਾਂ ਕਿਉਂਕਿ ਮੈਂ ਆਪਣੀਆਂ ਸਪੀਚਾਂ ਵਿੱਚ ਸੌ ਵਾਰੀ, ਇਕ ਵਾਰੀ ਨਹੀਂ, ਸੌ ਵਾਰੀ ਕਿਹਾ ਹੈ ਕਿ ਹਾਲੀ ਸਾਨੂੰ ਬਹੁਤ ਕੁਝ ਕਰਨਾ ਪਵੇਗਾ। ਅਤਿਵਾਦ ਦੀ ਖ਼ਾਤਰ ਸਾਨੂੰ ਇਕੱਠੇ ਵੀ ਹੋਣਾ ਪਵੇਗਾ ਔਰ ਅਤਿਵਾਦ ਦੀ ਖ਼ਾਤਰ ਸਾਨੂੰ ਹਰ ਸਟੈਪ ਚੁੱਕਣਾ ਪਵੇਗਾ ਔਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਇਤਨਾ ਚਿੱਲਾਉਣ ਦੇ ਬਾਵਜੂਦ ਵੀ ਮੈਨੂੰ ਕੋਈ ਭਰਵਾਂ ਹੁੰਗਾਰਾ ਆਪੋਜ਼ੀਸ਼ਨ ਪਾਰਟੀਆਂ ਵਲੋਂ ਮਿਲਿਆ ਹੀ ਨਹੀਂ। ਮੈਂ ਦਿਲ ਦੀ ਗੱਲ ਦੱਸਦਾ ਹਾਂ। ਮੈਨੂੰ ਜਦੋਂ ਉਸ ਦਿਨ ਪਤਾ ਲੱਗਿਆ ਕਿ ਬੰਬਈ ਵਿੱਚ ਗੜਬੜ ਹੋਈ ਹੈ ਤਾਂ ਮੇਰੇ ਮਨ ਦੇ ਅੰਦਰ ਪਹਿਲਾਂ ਇਹ ਗੱਲ ਆਈ ਕਿ ਉਥੇ ਕਿਤੇ ਸਾਡੇ ਪੰਜਾਬੀ ਅਤਿਵਾਦੀ ਤਾਂ ਨਹੀਂ ਹੋਣਗੇ ਕਿਉਂਕਿ ਮੈਨੂੰ ਇਸ ਗੱਲ ਦਾ ਤਜਰਬਾ ਸੀ ਕਿ ਪਿਛਲੇ ਦਿਨਾਂ ਦੇ ਅੰਦਰ ਕਈ ਪੰਜਾਬ ਦੇ ਅਤਿਵਾਦੀ ਬੰਬਈ ਦੇ ਅੰਦਰੋਂ ਪਕੜੇ ਗਏ। ਇਕ ਦੋ ਮਿਸਾਲਾਂ ਐਸੀਆਂ ਵੀ ਹਨ ਜਿਨ੍ਹਾਂ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਉਥੇ ਪੰਜਾਬੀ ਅਤਿਵਾਦੀ ਲੁਕੇ ਸਨ, ਔਰ ਬੰਬਈ ਦੇ ਅੰਦਰ ਮਾਰੇ ਵੀ ਗਏ। ਅੱਜ ਵੀ ਮੈਂ ਇਸ ਕਰਕੇ ਕਹਿ ਰਿਹਾ ਹਾਂ, ਸਪੀਕਰ ਸਾਹਿਬ, ਕਿ ਪੰਜਾਬ ਦੇ ਅੰਦਰ ਅਸੀਂ ਆਪਣੀ ਸੁਖ ਮਨਾਈਏ। ਲੇਕਿਨ ਮੇਰੇ ਦੋਸਤ, ਕਈ ਦੋਸਤ ਜਿਨ੍ਹਾਂ ਨੇ ਅੱਜ ਇਥੇ ਹਮਾਇਤ ਕੀਤੀ ਹੈ, ਉਨ੍ਹਾਂ ਮੇਰੇ ਦੋਸਤਾਂ ਦਾ ਟੀਚਾ ਡੈਮੋਕਰੈਸੀ ਨਹੀਂ। ਇਥੇ ਮੈਂ ਖੁੱਲ ਕੇ ਕਹਿਣਾ ਚਾਹੁੰਦਾ ਹਾਂ, ਅਸੀਂ ਕਈ ਵਾਰੀ ਕਿਹਾ ਹੈ, ਅੱਜ ਵੀ ਕਈ ਲੀਡਰਾਂ ਨੇ ਕਿਹਾ ਹੈ ਕਿ ਪੰਜਾਬ ਨੂੰ ਸੰਤਾਪ ਵਿਚੋਂ ਕੱਢਣ ਲਈ ਆਖਰੀ ਹੱਲਾ ਮਾਰ ਰਹੇ ਹਾਂ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਦਰਅਸਲ ਗੱਲ ਇਸ ਤੋਂ ਉਲਟ ਹੈ, ਅਤੇ ਉਹ ਤਾਂ ਪੰਜਾਬ ਨੂੰ ਦੋਬਾਰਾ ਸੰਤਾਪ ਅੰਦਰ ਲੈ ਕੇ ਜਾਣਾ ਚਾਹੁੰਦੇ ਹਨ। ਮੈਂ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਅਸੀਂ ਪੰਜਾਬ ਨੂੰ ਦੋਬਾਰਾ ਸੰਤਾਪ ਅੰਦਰ ਨਹੀਂ ਲਿਜਾਣ ਦੇਣਾ। (ਥੰਪਿੰਗ) (ਵਿਘਨ) ਇਨ੍ਹਾਂ ਨੇ ਵਾਕ ਆਊਟ ਕੀਤਾ ਹੈ, ਮੈਂ ਰਿਕਾਰਡ ਤੇ ਲਿਆਉਣਾ ਚਾਹੁੰਦਾ ਹਾ (ਵਿਘਨ) (ਸ਼ੋਰ)

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੈਂ ਪੁਆਇੰਟ ਆਫ਼ ਆਰਡਰ ਕੀਤਾ ਸੀ, ਤਾਂ ਤੁਸੀਂ ਡਿਸਅਲਾਉ ਕਰ ਦਿਤਾ ਸੀ (ਵਿਘਨ) ਇਹ ਉਦੋਂ ਜਵਾਬ ਦੇ ਦਿੰਦੇ।

**Mr. Speaker** : Mittal Sahib, please sit down. (Interruption) Order, please order.

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਸੀ ਕਿ ਰੈਲੀ ਤੇ ਪਾਬੰਦੀ ਨਹੀਂ ਲਾਉਣੀ ਹੈ (ਵਿਘਨ) ਔਰ ਹੁਣ ਫਿਰ ਪਾਬੰਦੀ ਲਗਾ ਦਿਤੀ।

**Mr. Speaker** : Please no interruption. Please sit down.(ਵਿਘਨ) ਇਹ ਪੁਆਇੰਟ ਮੁੱਖ ਮੰਤਰੀ ਸਾਹਿਬ ਆਪਣੇ ਭਾਸ਼ਣ ਵਿਚ ਕਵਰ ਕਰ ਲੈਣਗੇ। (ਵਿਘਨ)

**ਮੁੱਖ ਮੰਤਰੀ:** ਸਪੀਕਰ ਸਾਹਿਬ, ਮੈਂ ਇਕ ਦੋ ਗੱਲਾਂ ਕਹਿਣਾ ਚਾਹੁੰਦਾ ਹਾਂ ਔਰ ਮੈਂ ਇਹ ਗੱਲ ਕਲੀਅਰ ਕਰਨੀ ਚਾਹੁੰਦਾ ਹਾਂ ਕਿ ਨਾ ਤਾ ਇਸ ਤੇ ਕੋਈ ਪਾਬੰਦੀ ਲਗਾਈ ਸੀ ਔਰ ਨਾ ਹੀ ਲਗਾਈ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]
ਮੈਂ ਕੱਲ ਵਾਲੀ ਗੱਲ ਕਰਾਂ। ਇਥੇ ਸਾਡੇ ਕਈ ਦੋਸਤਾਂ ਨੇ ਅਸਲ ਮਾਨ੍ਹਿਆਂ ਵਿਚ ਜੋ ਕੁਝ ਹੋਇਆ ਹੈ ਉਹ ਟਾਲਣ ਦੀ ਕੋਸ਼ਿਸ਼ ਕੀਤੀ ਹੈ, ਔਰ ਸਾਡੇ ਲੀਡਰਾਂ ਅਤੇ ਸਾਡੀ ਪਾਰਟੀ ਤੇ ਇਲਜ਼ਾਮ ਲਗਾਇਆ ਹੈ ਔਰ ਇਹ ਕਿਹਾ ਕਿ ਜੋ ਇਥੇ ਅੱਤਵਾਦ ਆਇਆ, ਉਹ ਸ਼ਾਇਦ ਸਾਡੀ ਫੁੱਟ ਕਰਕੇ ਆਇਆ, ਕਾਂਗਰਸ ਪਾਰਟੀ ਦੀ ਫੁਟ ਕਰਕੇ ਆਇਆ। ਮੈਂ ਸਪੀਕਰ ਸਾਹਿਬ, ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਕਾਂਗਰਸ ਪਾਰਟੀ ਵਿਚ ਕਦੇ ਫੁੱਟ ਨਹੀਂ ਆਈ, ਇਹ ਸਾਡੀ ਇਕ ਯੂਨਾਈਟਿਡ ਪਾਰਟੀ ਹੈ। ਮੈਨੂੰ ਦਸ ਦਿਓ ਕਿ ਕੌਣ ਡਿਸੀਡੈਂਟ ਹੈ ਸਾਡੇ ਵਿਚੋਂ। (ਅਵਾਜ਼ਾਂ : ਕੋਈ ਨਹੀਂ ਕੋਈ ਨਹੀਂ) ਵਿਘਨ)

**Mr Speaker** : Order, please order. (Interruption, —Noise)

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਸਬੰਧ ਵਿਚ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਕਮਾਂਡ ਦਾ ਹੈਡਕਵਾਟਰ ਦਿੱਲੀ ਵਿਚ ਹੈ, ਜਿਸ ਨੇ ਸਾਡਾ ਡਿਸਿਪਲਿਨ ਰਖਿਆ ਹੋਇਆ ਹੈ। ਸਾਡੇ ਪੰਜਾਬ ਦਾ ਕੋਈ ਲੀਡਰ ਕਿੰਨੀ ਵੱਡੀ ਪੋਜ਼ੀਸ਼ਨ ਵਿਚ ਕਿਉਂ ਨਾ ਹੋਵੇ, ਇਥੇ ਡਿਸਿਪਲਿਨ ਕਾਇਮ ਕੀਤਾ ਹੋਇਆ ਹੈ। ਸਾਡੀ ਆਲ ਇੰਡੀਆ ਪਾਰਟੀ ਹੈ। ਪਰ ਇਨ੍ਹਾਂ ਵਿਚੋਂ ਕਿਸੇ ਪਾਰਟੀ ਦਾ ਹੈਡ ਕਵਾਟਰ ਹੁਸ਼ਿਆਰਪੁਰ ਵਿਚ ਹੈ, ਕਿਸੇ ਦਾ ਅੰਮ੍ਰਿਤਸਰ ਵਿਚ ਹੈ ਅਤੇ ਕਿਸੇ ਦਾ ਜਲੰਧਰ ਵਿਚ ਹੈ (ਥੰਪਿੰਗ) ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਜੋ ਰੈਲੀ ਕਲ੍ਹ ਹੋਣੀ ਸੀ, ਉਸ ਤੇ ਕੋਈ ਪਾਬੰਦੀ ਨਹੀਂ ਲਗਾਈ ਗਈ ਸੀ। ਨਾ ਮੈਂ ਪਹਿਲਾਂ ਲਗਾਈ ਸੀ ਔਰ ਨਾ ਕਲ੍ਹ ਲਗਾਈ ਸੀ। ਸਪੀਕਰ ਸਹਿਬ, ਅਕਾਲੀ ਦਲ ਦੇ ਪ੍ਰਬੰਧਕਾਂ ਨੇ ਇਕ ਕਾਲਜ ਦੇ ਅੰਦਰ ਇਹ ਰੈਲੀ ਕਰਨੀ ਚਾਹੀ। ਉਥੇ ਹਾਲਾਂਕਿ ਬਾਹਰ ਬੜੀਆਂ ਗਰਾਉਂਡਜ਼ ਹਨ, ਬੜੇ ਮੈਦਾਨ ਹਨ ਪਰ ਉਹ ਕਾਲਜ ਦੇ ਅੰਦਰ ਕਿਉਂ ਚਾਹੁੰਦੇ ਸਨ, ਕਿਉਂਕਿ ਉਹ ਉਨ੍ਹਾਂ ਲੜਕਿਆਂ ਦੇ ਜਜ਼ਬਾਤ ਮੁੜ ਕੇ ਭੜਕਾਉਣਾ ਚਾਹੁੰਦੇ ਸਨ ਜਿਨ੍ਹਾਂ ਲੜਕਿਆਂ ਨੇ ਅੱਜ ਤਕ ਪੰਜਾਬ ਵਿਚ ਇਹ ਕੁਝ ਕੀਤਾ। ਲੋਕਾਂ ਦੇ ਜਜ਼ਬਾਤ ਭੜਕਾਉਣ ਵਾਲਿਆਂ ਨੂੰ ਕਹੀਏ ਕਿ ਤੁਸੀਂ ਆਰਾਮ ਨਾਲ ਚਲੇ ਜਾਓ (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਉਸ ਕਾਲਜ ਦੀ ਮੈਨੇਜਮੈਂਟ (ਵਿਘਨ) (ਸ਼ੋਰ)

**ਸਰਦਾਰ ਨਿਰਮਲ ਸਿੰਘ ਨਿੰਮਾ** : ** ** **

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ** ** **

**Mr. Speaker** : Please sit down, Please sit down (Noise) (Interruption) Nothing should come on the record. (Interruption —Noise)

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਜੋ ਮੈਨੇਜਿੰਗ ਕਮੇਟੀ ਸੀ ਕਾਲਜ ਦੀ, ਉਸ ਦੇ ਚੇਅਰਮੈਨ, ਉਸ ਦੇ ਪ੍ਰੈਜ਼ੀਡੈਂਟ ਸਾਡੇ ਆਨਰੇਬਲ ਪਾਰਲੀਆਮੈਂਟ ਦੇ ਮੈਂਬਰ ਸਰਦਾਰ ਬਲਬੀਰ ਸਿੰਘ ਹਨ ਅਤੇ ਜੋ ਉਹ ਮੈਨੇਜਿੰਗ ਕਮੇਟੀ ਹੈ, ਉਸ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਸਰਦਾਰ ਉਮਰਾਓ ਸਿੰਘ ਜੀ ਹਨ, ਪਰ ਉਸ ਦਾ ਇਕ ਮੈਂਬਰ ਅਕਾਲੀ ਦਲ ਦਾ ਸੀ, ਉਸ ਮੈਂਬਰ ਨੇ ਕਹਿ ਦਿਤਾ ਕਿ ਇਸ ਕਾਲਜ ਵਿਚ ਰੈਲੀ ਕਰਵਾ ਲਵੋ ......... (ਵਿਘਨ) (ਸ਼ੋਰ)

ਸਪੀਕਰ ਸਾਹਿਬ, ਪ੍ਰਿੰਸੀਪਲ ਨੇ ਡਿਪਟੀ ਕਮਿਸ਼ਨਰ ਨੂੰ ਲਿਖ ਕੇ ਭੇਜਿਆ ਕਿ ਸਾਡਾ ਕਾਲਜ ਨਾਨ-ਪੁਲੀਟੀਕਲ ਹੈ, ਅਸੀਂ ਕਿਸੇ ਪੁਲੀਟੀਕਲ ਪਾਰਟੀ ਦੀ ਮੀਟਿੰਗ ਇਥੇ ਨਹੀਂ ਹੋਣ ਦੇਣੀ। ਇਸ ਕਰਕੇ ਰੋਕਿਆ ਗਿਆ। ਮੈਨੂੰ ਇਹ ਦੱਸਣਗੇ ਇਸ ਵਿੱਚ ਕੀ ਗਲਤੀ ਸੀ। (ਥੰਪਿੰਗ) ਕੀ ਗਲਤੀ ਸੀ।

**ਸਰਦਾਰ ਨਿਰਮਲ ਸਿੰਘ ਨਿੰਮਾ** : ਸਪੀਕਰ ਸਾਹਿਬ, ਇਹ ਕਮੇਟੀ ਦਾ ਰੈਜ਼ੋਲਿਊਸ਼ਨ ਹੈ। ਇਹ ਗੈਰ-ਜ਼ੁੰਮੇਵਾਰ ਬਣ ਕੇ ਝੂਠ ਬੋਲਦੇ ਹਨ ਜੀ।

---

**Not record as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਸੀ.ਐਮ.ਸਾਹਿਬ ਮੈਂ ਬੇਨਤੀ ਕਰਾਂਗਾ ਤੁਸੀਂ ਰੇਜ਼ੋਲਿਊਸ਼ਨ ਤੇ ਆਪਣੀ ਪੁਜ਼ੀਸ਼ਨ ਜੋ ਹੈ ਰਿਗਾਰਡਿੰਗ ਰੈਲੀ; ਉਹ ਐਕਸਪਲੇਨ ਕਰਦੇ ਜਾਓ। No reflection on any party.

ਸਰਦਾਰ ਨਿਰਮਲ ਸਿੰਘ ਨਿੰਮਾ: ਸਪੀਕਰ ਸਾਹਿਬ, ਲੰਬੀ ਐਰ ਲੜਾਈ ਦਾ ਕੀ ਵਧਾਉਣਾ ਹੈ ਜੀ।

Mr. Speaker : Please sit down, Please resume your seat.

ਮੁੱਖ ਮੰਤਰੀ : ਸਪੀਕਰ ਸਾਹਿਬ, ਉਥੇ ਬੜੇ ਖੁਲੇ ਮੈਦਾਨ ਸਨ ਐਰ ਡਿਪਟੀ ਕਮਿਸ਼ਨਰ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਵਾਜ਼ਿਆਂ ਲਫਜ਼ਾਂ ਵਿਚ ਆਖਿਆ ਕਿ ਤੁਸੀਂ ਜਲੰਧਰ ਦੇ ਅੰਦਰ ਕੋਈ ਵੀ ਗਰਾਊਂਡ ਚੁਣ ਲਉ, ਅਸੀਂ ਰੈਲੀ ਦੀ ਇਜ਼ਾਜ਼ਤ ਦੇ ਦੇਵਾਂਗੇ, ਲੇਕਿਨ ਕਿਉਂਕਿ ਪ੍ਰਿੰਸੀਪਲ ਨੇ ਲਿਖਿਆ ਹੈ ਅਸੀਂ ਇਸ ਕਾਲਜ ਦੇ ਅੰਦਰ ਰੈਲੀ ਕਰਨ ਦੀ ਇਜ਼ਾਜਤ ਨਹੀਂ ਦੇਣੀ। ਇਹ ਸਾਡਾ ਮੁੱਦਾ ਸੀ। ਮੈਂ, ਸਪੀਕਰ ਸਾਹਿਬ, ਘੁੰਮ ਕੇ ਵੀ ਵੇਖਿਆ ਹੈ ਪੰਜਾਬ ਦੇ ਅੰਦਰ। ਪਰਸੋਂ ਵੀ ਵੇਖਿਆ, ਕਲ੍ਹ ਵੀ ਵੇਖਿਆ ਐਰ ਗੁਰਦਾਸਪੁਰ ਜ਼ਿਲ੍ਹੇ ਦੇ ਅੰਦਰ ਵੀ ਗਿਆ, ਫਰੀਦਕੋਟ ਜ਼ਿਲ੍ਹੇ ਅੰਦਰ ਗਿਆ, ਬਠਿੰਡਾ ਜ਼ਿਲ੍ਹੇ ਦੇ ਅੰਦਰ ਐਰ ਲੁਧਿਆਣਾ ਜ਼ਿਲ੍ਹੇ ਦੇ ਅੰਦਰ ਵੀ ਗਿਆ। ਚਾਰ ਜ਼ਿਲ੍ਹੇ ਮੈਂ ਕਵਰ ਕੀਤੇ। ਸਪੀਕਰ ਸਾਹਿਬ, ਲੋਕਾਂ ਨੇ ਇਹ ਗੱਲ ਆਖੀ ਕਿ ਜੇ ਅੱਜ ਵੀ ਸਾਡੇ ਜਜ਼ਬਾਤ ਨਾਲ ਬਾਦਲ ਸਾਹਿਬ, ਟੌਹੜਾ ਸਾਹਿਬ ਐਰ ਹੋਰ ਅਕਾਲੀ ਦਲ ਦੇ ਲੀਡਰ ਜ਼ੀਰਾ ਸਾਹਿਬ ਖੇਡ ਰਹੇ ਹਨ ਤਾਂ ਅਸੀਂ ਬੂਟ ਦੀ ਨੋਕ ਉਤੋਂ ਦੀ ਰਖਾਂਗੇ, ਜੋ ਲੋਕਾਂ ਨੇ ਮੈਨੂੰ ਆਖਿਆ। ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ, ਅੱਜ ਜਿਹੜੇ ਲੋਕ ਚੌਕਾਂ ਵਿਚ ਬੈਠੇ ਸੀ, ਮੈਂ ਤੁਹਾਨੂੰ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ...... ...(ਇਸ ਸਮੇਂ ਸਦਨ ਵਿਚ ਬਹੁਤ ਸ਼ੋਰ ਸੀ)

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ** ** **

ਸ੍ਰੀ ਸਪੀਕਰ : ਜ਼ੀਰਾ ਸਾਹਿਬ, ਬੈਠ ਜਾਓ। Would you please sit down ? Your words are not going on record.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਮੈਂ ਜੋ ਖਾਦਸ਼ਾਤ ਜ਼ਾਹਿਰ ਕੀਤੇ ਸਨ ਪਹਿਲਾਂ ਬੋਲਦਿਆਂ ਹੋਇਆਂ, ਇਹ ਮੇਰੀ ਇਸ ਗੱਲ ਨਾਲ ਮੁਤਫਿਕ ਹੋਣਗੇ, ਖਾਸ ਕਰਕੇ ਜ਼ੀਰਾ ਸਾਹਿਬ, ਅੱਜ ਵੀ ਇਕ ਸਵਾਲ ਆਇਆ ਹੈ ਸੁਖਦੇਵ ਸਿੰਘ ਬੱਬਰ ਦਾ। ਸੁਖਦੇਵ ਸਿੰਘ ਬੱਬਰ ਨੇ ਬੜੀ ਜਾਇਦਾਦ ਬਣਾਈ, ਕੋਠੀ ਬਣਾਈ, ਤਿੰਨ ਕੋਠੀਆਂ ਬਣਾਈਆਂ, ਉਨ੍ਹਾਂ ਵਿਚ ਬੜਾ ਅਯਾਸ਼ੀ ਦਾ ਸਾਮਾਨ ਰਖਿਆ ਹੋਇਆ ਸੀ ਜਵਾਬ ਦਿਤਾ ਸੀ। ਇਕ ਹੋਰ ਬਹੁਤ ਖਤਰਨਾਕ ਅਤਿਵਾਦੀ ਸੀ ਮੱਖੂ। ਉਸ ਨੇ ਵੀ ਕੋਠੀ ਬਣਾਈ ਐਰ ਜ਼ੀਰਾ ਸਾਹਿਬ ਵੀ ਉਥੇ ਜਾ ਕੇ ਬੈਠਦੇ ਰਹੇ ਸੀ। ਮੇਰੇ ਕੋਲ ਸਬੂਤ ਹੈ ਇਸ ਗੱਲ ਦਾ (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) (ਥੰਪਿੰਗ) (ਵਿਘਨ)

ਸ੍ਰੀ ਸਪੀਕਰ : ਇਕ ਮਿੰਟ। Just a minute, Zira Ji, please sit down.

ਮੈਂ ਮੁੱਖ ਮੰਤਰੀ ਜੀ ਤੁਹਾਨੂੰ ਰਿਕੁਐਸਟ ਕਰਾਂਗਾ। Please try to wind up. ਐਰ ਰੈਜ਼ੋਲਿਊਸ਼ਨ ਉਤੇ ਬੋਲੋ। (ਵਿਘਨ) (ਸ਼ੋਰ) ਮੁੱਖ ਮੰਤਰੀ ਜੀ ਵਾਇੰਡ ਅੱਪ ਕਰੋ।

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਦੋ ਮਿੰਟ ਲਵਾਂਗਾ ਜੀ (ਵਿਘਨ) ਇਕ ਮਿੰਟ, ਮੈਂ ਖਤਮ ਕਰਦਾਂ ਹਾਂ ਜੀ।

ਸ੍ਰੀ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਜੇਕਰ ਜ਼ੀਰਾ ਸਾਹਿਬ ਉਥੇ ਜਾਂਦੇ ਰਹੇ ਹਨ ਤਾਂ ਸਰਕਾਰ ਨੇ ਉਨ੍ਹਾਂ ਨੂੰ ਕਿਉਂ ਨਾ ਗ੍ਰਿਫਤਾਰ ਕੀਤਾ ? (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਦੋ ਗੱਲਾਂ ਕਹਿਕੇ ਖਤਮ ਕਰਦਾ ਹਾਂ (ਵਿਘਨ) ਦੋ ਮਿੰਟ ਲਵਾਂਗਾ।

(At this stage, all the hon.-Members of the Opposition Parties were standing on their legs and were speaking without the permission of the Chair ** ** **)

**Mr. Speaker.** Please sit down. Zira Ji, resume your seat. Please sit down. Nothing to form part of the record.

---

DHARNA

(At this stage, Sardar Inderjit Singh Zira rushed to the well of the House while raising slognas and waiving papers and staged a Dharna there. ** ** **

**Mr. Speaker.** Please sit down. Nothing is to form part of the record.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਵਾਈਂਡ ਅਪ ਕਰਦਾ ਹਾਂ ਇਨ੍ਹਾਂ ਨੂੰ ਬਿਠਾਉ।

(At this stage, all the hon. members belonging to the Opposition Parties were on their legs and demanding Points of Order (Noise-Interruption)

**Mr. Speaker.** Please sit down. Nothing to form part of the record. ਛੱਜਲਵੱਡੀ ਜੀ, ਤੁਸੀਂ ਜ਼ੀਰਾ ਜੀ ਨੂੰ ਵਾਪਸ ਬੁਲਾਓ (ਵਿਘਨ)

ਸਰਦਾਰ ਰਣਜੀਤ ਸਿੰਘ ਛੱਜਲਵਡੀ : ਇਨ੍ਹਾਂ ਨੂੰ ਕਹੋ ਲਫਜ਼ ਵਾਪਸ ਲੈਣ (ਵਿਘਨ)

ਸ੍ਰੀ ਸਪੀਕਰ : ਤੁਸੀਂ ਬੈਠੋ ਤੁਹਾਨੂੰ ਮੌਕਾ ਦਿਤਾ ਜਾਵੇਗਾ। (ਵਿਘਨ)

Chhajalwadi Ji, when I am standing you ought to sit down. You should know the Rules. ਸਰਦਾਰ ਬੇਅੰਤ ਸਿੰਘ ਜੀ, ਤੁਸੀਂ ਵਾਈਂਡ ਅਪ ਕਰ ਦਿਓ ਤਾਕਿ ਅਸੀਂ ਰੈਜ਼ੋਲਿਊਸ਼ਨ ਪਾਸ ਕਰ ਦੇਈਏ। (ਵਿਘਨ)

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਇਕ ਮੈਂਬਰ ਦੇ ਖਿਲਾਫ ਐਲੀਗੇਸ਼ਨ ਲਗਾਏ ਹਨ ਕਿ ਨਿਸ਼ਾਨ ਸਿੰਘ ਮੁੱਖ ਇਨ੍ਹਾਂ ਦੇ ਘਰ ਰਹਿੰਦੇ ਸਨ ਅਤੇ ਉਸ ਮੈਂਬਰ ਨੇ ਕਿਹਾ ਹੈ ਕਿ ਸਰਕਾਰ ਜੂਡੀਸ਼ੀਅਲ ਇਨਕੁਆਇਰੀ ਕਰਵਾ ਲਵੇ। ਅਗਰ ਇਹ ਗੱਲ

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਾਬਿਤ ਹੋ ਜਾਵੇ ਤਾਂ ਮੈਂਬਰ ਰੀਜ਼ਾਈਨ ਕਰਨ ਲਈ ਤਿਆਰ ਹਨ ਅਗਰ ਸਾਬਿਤ ਨਹੀਂ ਹੁੰਦੀ ਤਾਂ ਚੀਫ ਮਨਿਸਟਰ ਸਾਹਿਬ ਰੀਜ਼ਾਈਨ ਕਰ ਜਾਣ।

**ਸੰਸਦੀ ਮਾਮਲਿਆਂ ਦੇ ਮੰਤਰੀ:** ਸਪੀਕਰ ਸਾਹਿਬ, ਜ਼ੀਰਾ ਜੀ ਨੇ ਬਗੈਰ ਪਰਮਿਸ਼ਨ ਗਲ ਕੀਤੀ ਹੈ, ਉਹ ਚੀਜ਼ ਰਿਕਾਰਡ ਤੇ ਨਹੀਂ ਹੈ।

(ਇਸ ਸਮੇਂ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਨੇ ਵੈਲ ਆਫ ਦੀ ਹਾਊਸ ਵਿਚ ਬੈਠੇ ਹੋਏ ਕਿਹਾ ਕਿ ਮੈਂ ਲਿਖ ਕੇ ਦੇਣ ਲਈ ਤਿਆਰ ਹਾਂ। ਇਹ ਇਨਕੁਆਇਰੀ ਕਰਵਾ ਲੈਣ, ਮੱਖੂ ਮੇਰੀ ਜਾਨ ਦਾ ਦੁਸ਼ਮਨ ਸੀ)

**ਸੰਸਦੀ ਮਾਮਲਿਆਂ ਦੇ ਮੰਤਰੀ:** ਸਪੀਕਰ ਸਾਹਿਬ, ਇਹ ਆਪਣੀ ਸੀਟ ਤੇ ਜਾ ਕੇ ਆਨ ਏ ਪੁਆਇੰਟ ਆਫ ਆਰਡਰ ਦੇ ਲਈ ਖੜੇ ਹੋ ਕੇ ਆਪਣੀ ਗੱਲ ਕਹਿਣ। ਸਰਕਾਰ ਇਨ੍ਹਾਂ ਦੀ ਗੱਲ ਦਾ ਜਵਾਬ ਦੇ ਦੇਵੇਗੀ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ** ** **

**Mr. Speaker** : I don't allow it. Zira Ji, please resume your seat I give you time for personal explanation. When I have promised you please resume your seat.

(At this stage Sardar Ranjit Singh Chhajalwadi, Shri Vijay Kumar Sathi Advocate and Comrade Tarsem Jodhan came to the well of the House to persuade Sardar Inderjit Singh Zira to resume his seat. Sardar Inderjit Singh Zira resumed his seat).

**ਸ੍ਰੀ ਸਪੀਕਰ :** ਪਹਿਲੇ ਮਤੇ ਨੂੰ ਪਾਸ ਕਰ ਲਵੋ ਚੀਫ ਮਨਿਸਟਰ ਸਾਹਿਬ ਤੁਸੀਂ ਆਪਣੀ ਸਪੀਚ ਕਨਕਲੂਡ ਕਰੋ।

**ਸਰਦਾਰ ਨਿਰਮਲ ਸਿੰਘ ਨਿੰਮਾ :** ** ** **

**Mr. Speaker.** Nimma Ji, this is not the proper way. I will definitely give him time. You are not going on record that way (Interruption) Nothing should form part of the record.

**Minister for Parliamentary Affairs:** Speaker Sahib, after the Chief Minister has finished his speech only then he can speak on personal explanation.

**Mr. Speaker:** He can rise on Point of Personal Explanation. Zira Ji, please be to the point and brief.

## PERSONAL EXPLANATION BY SARDAR INDERJIT SINGH ZIRA

**ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਸਪੀਕਰ ਸਾਹਿਬ ਮਾਨਯੋਗ ਚੀਫ ਮਨਿਸਟਰ ਸਾਹਿਬ ਨੇ ਮੇਰੇ ਖਿਲਾਫ ਪਹਿਲੇ ਵੀ ਐਲੀਗੇਸ਼ਨ ਲਗਾਏ ਸਨ ਜੋ ਅਖ਼ਬਾਰਾਂ ਦੇ ਵਿਚ ਆਉਂਦੇ ਰਹੇ ਹਨ ਔਰ ਮੈਂ ਅਖ਼ਬਾਰਾਂ ਦੇ ਵਿਚ ਪੜ੍ਹਿਆ ਹੈ। ਅੱਜ ਫੇਰ ਚੀਫ ਮਨਿਸਟਰ ਸਾਹਿਬ ਨੇ ਬੜੇ ਜ਼ੋਰ ਦੇ ਨਾਲ ਕਿਹਾ ਹੈ ਕਿ ਨਿਸ਼ਾਨ ਸਿੰਘ ਮੱਖੂ ਮੇਰੀ ਕੋਠੀ ਵਿਚ ਰਹਿੰਦਾ ਸੀ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਗੱਲ ਦੀ ਇਨਕੁ-ਆਇਰੀ ਸੁਪਰੀਮ ਕੋਰਟ ਦੇ ਕਿਸੇ ਜੱਜ ਕੋਲੋਂ ਜਾਂ ਹਾਈ ਕੋਰਟ ਦੇ ਕਿਸੇ ਜੱਜ ਕੋਲੋਂ ਕਰਾਈ ਜਾਵੇ। ਜੇਕਰ ਇਸ ਵਿਚ ਮੇਰਾ ਕਸੂਰ ਸਾਬਤ ਹੋਵੇ ਤਾਂ ਮੈਂ ਰਿਜ਼ਾਇਨ ਕਰਾਂਗਾ ਔਰ ਜੇ ਕਰ ਮੇਰਾ ਕਸੂਰ ਸਾਬਤ ਨਾ ਹੋਇਆ ਤਾਂ ਸੀ.ਐਮ. ਸਾਹਿਬ ਰਿਜ਼ਾਇਨ ਦੇਣ ਜਾਂ ਇਹ ਆਪਣੇ ਲਫਜ਼ ਵਾਪਿਸ ਲੈਣ। ਜੇਕਰ ਤੁਸੀਂ ਕਹੋ ਤਾਂ ਮੈਂ ਸਾਰੇ ਸਬੂਤ ਦੇਣ ਲਈ ਤਿਆਰ ਹਾਂ। ਸੀ.ਐਮ. ਸਾਹਿਬ ਨੇ ਜੋ ਕਿਹਾ ਹੈ। ਇਹ ਐਕਸਪੰਜ ਕੀਤਾ ਜਾਵੇ ਜਾਂ ਇਹ ਮਾਫੀ ਮੰਗਣ। ਇਹ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਨਿਸ਼ਾਨ ਸਿੰਘ ਮਖੂ ਦੇ ਘਰ ਗਿਆ ਹਾਂ, ਇਸ ਬਾਰੇ ਇਹ ਸਬੂਤ ਦੇਣ, ਇਹ ਗਲਤ ਕਿਹਾ ਹੈ। ਸੀ. ਐਮ. ਸਾਹਿਬ ਨੂੰ ਕਿਹੜੀ ਗੱਲ ਕਬੂਲ ਹੈ, ਉਹ ਇਸ ਦਾ ਜਵਾਬ ਦੇਣ।(ਵਿਘਨ)

## RESOLUTION RE BOMB BLASTS IN BOMBAY (*Resumptions*)

ਮੁੱਖ ਮੰਤਰੀ : (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਪਹਿਲਾਂ ਮੈਂ ਵਾਈਂਡ ਅਪ ਕਰ ਲਵਾਂ, ਫਿਰ ਇਸ ਦਾ ਜਵਾਬ ਵੀ ਦੇਵਾਂਗਾ। ਮੈਂ ਦੋ ਗੱਲਾਂ ਕਹਿਣੀਆਂ ਚਾਹੁੰਦਾ ਹਾਂ।(ਵਿਘਨ) ਸਪੀਕਰ ਸਾਹਿਬ, ਇਕ ਤਾਂ ਬੜਾ ਅੱਛਾ ਕੰਮ ਹੋਇਆ ਕਿ ਸ੍ਰੀ ਵੀ.ਪੀ. ਸਿੰਘ, ਸਾਬਕਾ ਪ੍ਰਾਈਮ ਮਨਿਸਟਰ ਨੇ ਇਕ ਦਿਨ ਪਹਿਲਾਂ ਹੀ ਆਉਣ ਲਈ ਜਵਾਬ ਦੇ ਦਿਤਾ ਸੀ ਕਿ ਮੈਂ ਨਹੀਂ ਆਵਾਂਗਾ। ਪਰਸੋਂ ਸ੍ਰੀ ਚੰਦਰ ਸ਼ੇਖਰ, ਸਾਬਕਾ ਪ੍ਰਾਈਮ ਮਨਿਸਟਰ ਨੇ ਵੀ ਜਵਾਬ ਦੇ ਦਿਤਾ ਸੀ ਕਿ ਇਸ ਤਰ੍ਹਾਂ ਅੱਗ ਲਾਊ ਕੰਮ ਨਾ ਕਰੀਏ, ਮੈਂ ਨਹੀਂ ਆਵਾਂਗਾ। ਮੈਂ ਸਪੀਕਰ ਸਾਹਿਬ, ਉਨ੍ਹਾਂ ਦਾ ਧੰਨਵਾਦੀ ਹਾਂ। (ਥੰਪਿੰਗ) ਦੂਸਰੀ ਗੱਲ ਸਪੀਕਰ ਸਾਹਿਬ, ਮੈਂ ਕਹਿਣੀ ਚਾਹੁੰਦਾ ਹਾਂ ਕਿ ਤੁਸੀਂ ਸ਼ਾਇਦ ਅਖਬਾਰਾਂ ਵਿਚ ਕੱਲ੍ਹ ਪੜ੍ਹੋਗੇ ਔਰ ਅੱਜ ਵੀ ਪੜ੍ਹਿਆ ਹੋਣਾ ਹੈ। ਬੜੇ ਵੱਡੇ ਭਾਰੀ ਅਤਿਵਾਦੀ ਨੇ, ਜੋ ਕੇ. ਸੀ. ਐਫ. ਤੇ ਜ਼ਫਰਵਾਲ ਨਾਲ ਸਬੰਧਤ ਹੈ ਨੇ ਇਹ ਗੱਲ ਕਹੀ ਕਿ ਅਸੀਂ ਬੰਬਈ ਦੇ ਅੰਦਰ ਇਹ ਕੰਮ ਕੀਤਾ ਔਰ ਦੂਸਰੀ ਗੱਲ ਉਨ੍ਹਾਂ ਨੇ ਇਹ ਵੀ ਕਹੀ ਕਿ ਪੰਜਾਬ ਦਾ ਮੁੱਖ ਮੰਤਰੀ ਜਾਣ ਲਵੇ ਕਿ ਅਸੀਂ ਹਾਲੇ ਵੀ ਐਕਟਿਵ ਹਾਂ। ਤੁਸੀਂ ਦਸੋ ਕਿ ਹਾਲਾਤ ਕਿਧਰ ਨੂੰ ਜਾ ਰਹੇ ਹਨ। ਅਗਰ ਰੈਲੀਆਂ ਸਾਨੂੰ ਖਰਾਬ ਕਰਨ ਦੀ ਖਾਤਰ ਕੀਤੀਆਂ ਜਾ ਰਹੀਆਂ ਹਨ ਤਾਂ ਅਸੀਂ ਇਹ ਨਹੀਂ ਹੋਣ ਦਿਆਂਗੇ, ਨਹੀਂ ਹੋਣ ਦਿਆਂਗੇ, ਨਹੀਂ ਹੋਣ ਦਿਆਂਗੇ(ਥੰਪਿੰਗ) ਸਪੀਕਰ ਸਾਹਿਬ, ਇਹ ਹੈ ਕੇ. ਸੀ. ਐਫ. ਜ਼ਫਰਵਾਲ ਦਾ ਬਿਆਨ ਔਰ ਮੈਂ ਹੈਰਾਨ ਹਾਂ ਇਸ ਗੱਲ ਤੇ ਕਿ ਤੁਸੀਂ ਇਸ ਨੂੰ ਮਖੌਲ ਸਮਝਦੇ ਹੋ। ਅਸੀਂ ਇਸ ਗੱਲ ਤੇ ਸੀਰੀਅਸਲੀ ਕਹਿਣਾ ਚਾਹੁੰਦੇ ਹਾਂ ਕਿ ਇਥੇ ਕੋਈ ਵੀ ਹੋਵੇ ਉਸ ਨੂੰ ਇਜਾਜ਼ਤ ਨਹੀਂ ਦਿਤੀ ਜਾਵੇਗੀ ਕਿ ਉਹ ਰੈਲੀਆਂ ਕਰਕੇ ਅਤਿਵਾਦ ਦੀਆਂ ਗਲਾਂ ਕਰੇ ਅਤੇ ਸੰਤਾਪ ਵਿਚੋਂ ਨਿਕਲੇ ਪੰਜਾਬ ਨੂੰ ਦੋਬਾਰਾ ਸੰਤਾਪ ਵਿਚ ਲਿਆਵੇ। (ਸ਼ੋਰ) (ਵਿਘਨ) ਸਪੀਕਰ ਸਾਹਿਬ, ਮੈਂ ਆਖਿਰ ਵਿਚ ਇਹ ਗੱਲ ਕਹਿਣੀ ਚਾਹੁੰਦਾ ਹਾਂ let me wind up। ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਸੀ ਜਿਸ ਦਾ ਸਾਰਾ ਪੁਆੜਾ ਹੈ। (ਵਿਘਨ) ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਬੰਬਈ ਦੇ ਅੰਦਰ ਜੋ ਕੁਝ ਹੋਇਆ ਹੈ ਉਹ ਨਹਾਇਤ ਹੀ ਬੁਰਾ ਹੋਇਆ ਹੈ। ਸਾਡੀ ਪਾਰਟੀ ਦੇ ਮਨਿਸਟਰ ਸਰਦਾਰ ਉਮਰਾਓ ਸਿੰਘ ਜੀ ਨੇ ਜੋ ਰੈਜ਼ੋਲਿਊਸ਼ਨ ਰਖਿਆ ਹੈ, ਮੇਰੀ ਸਪੀਕਰ ਸਾਹਿਬ, ਸਾਰੇ ਹਾਊਸ ਨੂੰ ਬੇਨਤੀ ਹੈ ਕਿ ਜੋ ਘਟਨਾ ਵਾਪਰੀ ਹੈ ਉਸ ਨੂੰ ਘਿਰਣਾ ਦੇ ਨਾਲ ਕੰਡੈਮ ਕਰੀਏ ਅਤੇ ਇਸ ਨੂੰ ਅਸੀਂ ਯੂਨਾਨੀਮਸਲੀ ਪਾਸ ਕਰੀਏ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਮੇਰੀ ਪਰਸਨਲ ਐਕਸਪਲੇਨੇਸ਼ਨ ਦਾ ਜਵਾਬ ਸੀ.ਐਮ. ਸਾਹਿਬ ਵਲੋਂ ਨਹੀਂ ਆਇਆ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਇਸ ਦਾ ਜਵਾਬ ਡੈਫੀਨੇਟਲੀ ਆਵੇਗਾ।

**Mr. Speaker :** Question is—

"This House has noted with a deep sense of shock and anguish the loss of innocent lives and large scale damage to property caused by the bomb blasts in Bombay. This barbaric act is a heinous crime against humanity and is aimed at destabilising not only the composite structure of the Indian society, but to also strike a culculated blow at the resurgence of the Indian economy. This handiwork of forces inimical to the counry needs to be dealt with a heavy hand. This House appeals to every patriotic Indian to solidly stand together at this critical hour to fight the nefarious designs of the anti India forces."

*The motian was carried unanimously.*

**ਸ੍ਰੀ ਸਪੀਕਰ :** ਸੀ.ਐਮ. ਸਾਹਿਬ, ਮੈਂ ਚਾਹਵਾਂਗਾ ਕਿ ਜਿਹੜੇ ਪੁਆਇੰਟ ਆਫ ਪਰਸਨਲ ਐਕਸਪਲਾਨੇਸ਼ਨ ਤੇ ਜ਼ੀਰਾ ਸਾਹਿਬ ਬੋਲੇ ਹਨ, ਉਸਦਾ ਜਵਾਬ ਤੁਸੀਂ ਦਿਓ।

**ਮੁੱਖ-ਮੰਤਰੀ (ਸਰਦਾਰ ਬੇਅੰਤ ਸਿੰਘ) :** ਸਪੀਕਰ ਸਾਹਿਬ, ਗੱਲ ਇਹ ਹੈ ਕਿ ਜੋ ਮੈਂ ਗੱਲ ਕਹੀ, ਇਨ੍ਹਾਂ ਨੂੰ ਉਸ ਤੇ ਬੜਾ ਗੁੱਸਾ ਆਇਆ ਹੈ। ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜਿਸ ਟੈਰੋਰਿਸਟ ਦਾ ਨਾਂ ਲਿਆ, ਉਹ ਵੀ ਦੁਨੀਆਂ ਵਿੱਚ ਨਹੀਂ, ਜਿਹੜੇ ਉਸਦੇ ਹੋਰ ਟੈਰੋਰਿਸਟ ਸਾਥੀ ਸਨ, ਉਹ ਵੀ ਦੁਨੀਆਂ ਵਿੱਚ ਨਹੀਂ ਹਨ। ਇਹ ਕਹਿੰਦੇ ਹਨ ਕਿ ਜੁਡੀਸ਼ੀਅਲ ਇਨਕੁਆਇਰੀ ਕਰਾਈ ਜਾਵੇ। ਪਰ ਉਹ ਇਨਕੁਆਇਰੀ ਬਾਰੇ ਕਿਸ ਨੂੰ ਆ ਕੇ ਪੁੱਛੇਗਾ। ਜਿਹੜੇ ਬੰਦੇ ਦੁਨੀਆਂ ਵਿੱਚ ਹੈ ਹੀ ਨਹੀਂ, ਜਿਨ੍ਹਾਂ ਨਾਲ ਤਾਅਲੁੱਕ ਸੀ......(ਸ਼ੋਰ) (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**ਸਰਦਾਰ ਨਿਰਮਲ ਸਿੰਘ ਨਿੰਮਾ :** ਮੈਂਬਰ ਸਾਹਿਬ ਨੇ ਜਿਹੜੀ ਜੁਡੀਸ਼ੀਅਲ ਇਨਕੁਆਇਰੀ ਕਹੀ ਹੈ, ਉਹ ਇਹ ਕਹੀ ਹੈ ਕਿ ਮੇਰੇ ਤੇ ਜੁਡੀਸ਼ੀਅਲ ਇਨਕੁਆਇਰੀ ਕਰਾਈ ਜਾਵੇ ਨਾ ਕਿ ਟੈਰੋਰਿਸਟਾਂ ਬਾਰੇ ਕਹੀ ਹੈ......(ਸ਼ੋਰ)

**ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਮੈਂ ਸਪੀਕਰ ਸਾਹਿਬ, ਕਿਹਾ ਹੈ ਕਿ ਇਨ੍ਹਾਂ ਕੋਲ ਕੀ ਸਬੂਤ ਹੈ ਕਿ ਮੈਂ ਉਨ੍ਹਾਂ ਦੀ ਕੋਠੀ ਵਿੱਚ ਜਾਂਦਾ ਰਿਹਾ ਹਾਂ। ਇਹ ਸਬੂਤ ਦੇਣ......

**Mr. Speaker :** Now the House will resume general discussion on the Budget Estimates for the year 1993-94. Mr. Gurbinder Singh Atwal was on his legs when the House adjourned on the 12th March, 1993.

---

## RESUMPTION OF GENERAL DISCUSSION ON THE BUDGET ESTIMATES FOR THE YEAR 1993-94

**ਸਰਦਾਰ ਗੁਰਬਿੰਦਰ ਸਿੰਘ ਅਟਵਾਲ (ਨੂਰ ਮਹਿਲ) :** ਸਪੀਕਰ ਸਾਹਿਬ, ਮੈਂ ਉਸ ਦਿਨ ਗਲ ਕਰ ਰਿਹਾ ਸੀ ਕਿ ਲੁਧਿਆਣੇ ਲੋਕਾਂ ਦਾ ਮਨੋਰੰਜਨ ਕਰਨ ਲਈ ਕਈ ਐਕਟਰ ਵੀ ਆਏ ਹੋਏ ਸਨ। ਜਦੋਂ ਸਰਦਾਰ ਬੇਅੰਤ ਸਿੰਘ ਬੋਲ ਰਹੇ ਸਨ, ਲੋਕੀਂ ਚੁਪ ਚਾਪ ਬੈਠੇ ਸੁਣਦੇ ਰਹੇ ਪਰ ਜਦੋਂ ਸਟੇਜ ਤੇ ਐਕਟਰ ਆਏ ਤਾਂ ਲੋਕੀ ਉਠ ਕੇ ਤੁਰ ਪਏ। ਲੋਕੀਂ ਸਰਦਾਰ ਬੇਅੰਤ ਸਿੰਘ ਨੂੰ ਸੁਨਣ ਆਉਂਦੇ ਹਨ। (ਇਸ ਵਕਤ ਆਪੋਜ਼ੀਸ਼ਨ ਬੈਂਚਿਜ਼ ਵਲੋਂ ਸ਼ੋਰ ਪੈ ਰਿਹਾ ਸੀ ਜਿਸ ਕਰਕੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਿੰਦਰ ਸਿੰਘ ਅਟਵਾਲ]

ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਉਹ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਹੈ ਜਿਸਨੂੰ ਸ਼ੇਰੇ-ਏ-ਪੰਜਾਬ ਕਿਹਾ ਗਿਆ ਹੈ, ਸਰਦਾਰ-ਏ-ਹਿੰਦ ਕਿਹਾ ਗਿਆ ਹੈ। ਉਹ ਏਨਾ ਮਹਾਨ ਹੈ, ਏਨਾ ਉੱਚਾ ਹੈ ਕਿ ਵੱਡੇ ਤੋਂ ਵੱਡਾ ਸਨਮਾਨ ਵੀ ਸਰਦਾਰ ਬੇਅੰਤ ਸਿੰਘ ਦੇ ਤੁੱਲ ਨਹੀਂ ਆਉਂਦਾ। ਇਹ ਪੰਜਾਬ ਨੂੰ ......(ਸ਼ੋਰ)

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਮੈਂ ਪਰੂਫ ਪੇਸ਼ ਕਰਦਾ ਹਾਂ ਜਾਂ ਸੀ.ਐਮ ਸਾਹਿਬ ਪੇਸ਼ ਕਰਨ। ਇਸ ਗੱਲ ਦੇ ਕੀ ਪਰੂਫ ਹਨ ਕਿ ਉਹ ਬੰਦਾ ਮਰ ਚੁੱਕਾ ਹੈ ? (ਵਿਘਨ) (ਸ਼ੋਰ)

## DHARNA

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਕਾਬਲ) ਦੇ ਮਾਨਯੋਗ ਮੈਂਬਰ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਹਾਊਸ ਦੇ ਵੈੱਲ ਵਿੱਚ ਧਰਨੇ ਤੇ ਬੈਠੇ)

## RESUMPTION OF GENERAL DISCUSSION ON THE BUDGET ESTIMATES FOR THE YEAR 1993-94

**ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਸਰਦਾਰ ਬੇਅੰਤ ਸਿੰਘ ਨੇ ਪੰਜਾਬ ਵਿੱਚ ਸ਼ਾਂਤੀ ਦੀ ਬਹਾਲੀ ਕੀਤੀ ਹੈ। ਮੈਂ ਸਪੀਕਰ ਸਾਹਿਬ, ਖਜ਼ਾਨਾ ਮੰਤਰੀ ਜੀ ਨੂੰ ਵੀ ਇਸ ਦੀ ਨਾਲ ਹੀ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਅਜੇਹਾ ਬਜਟ ਪੇਸ਼ ਕੀਤਾ ਹੈ ਜਿਸ ਵਿੱਚ ਕਿਸੇ ਤੇ ਇਕ ਰੁਪਏ ਦਾ ਵੀ ਨਵਾਂ ਟੈਕਸ ਨਹੀਂ ਲਗਾਇਆ। ਜਿਸ ਵਿੱਚ ਲੰਬਰਦਾਰਾਂ ਅਤੇ ਚੌਕੀਦਾਰਾ ਦੇ ਭੱਤਿਆਂ ਨੂੰ ਵਧਾਇਆ ਗਿਆ ਹੈ। ਫਰੀਡਮ ਫਾਈਟਰਜ਼ ਦੇ ਭੱਤੇ ਜਿਨ੍ਹਾਂ ਨੇ ਆਪਣੀਆਂ ਜਾਨਾਂ ਤੇ ਖੇਡ ਕੇ ਦੇਸ਼ ਨੂੰ ਆਜ਼ਾਦੀ ਦੁਆਈ, ਉਨ੍ਹਾਂ ਦੇ ਭੱਤਿਆਂ ਵਿੱਚ ਵੀ ਵਾਧਾ ਕੀਤਾ ਗਿਆ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਕਾਬਲ) ਦੇ ਮਾਨਯੋਗ ਮੈਂਬਰ ਸਰਦਾਰ ਰਣਜੀਤ ਸਿੰਘ ਛੱਜਲਵੱਡੀ ਵੀ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਦੇ ਨਾਲ ਹਾਊਸ ਦੇ ਵੈੱਲ ਵਿੱਚ ਧਰਨੇ ਤੇ ਬੈਠੇ।)

**ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਮੈਂ ਮਾਨਯੋਗ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ..... (ਸ਼ੋਰ)

(ਇਸ ਸਮੇਂ ਸਦਨ ਦੀ ਵੈਲ ਵਿੱਚ ਧਰਨੇ ਤੇ ਬੈਠੇ ਮੈਂਬਰ ਸਾਹਿਬਾਨ ਨਾਹਰੇ ** ** ਲਗਾ ਰਹੇ ਸਨ।

**ਸ੍ਰੀ ਸਪੀਕਰ** : ਇਹ ਜੋ ਨਾਹਰੇ ਲਗਾਏ ਜਾ ਰਹੇ ਹਨ, ਇਹ ਰਿਕਾਰਡ ਤੇ ਨਾ ਆਉਣ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਨੇ ਆਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਨੂੰ ਰੱਦ ਕਰਵਾਇਆ। ਉਸ ਤੋਂ ਪਤਾ ਲਗਦਾ ਹੈ ਕਿ ਪੰਜਾਬ ਦੇ ਲੋਕ ਅਮਨ ਚਾਹੁੰਦੇ ਹਨ, ਤਰੱਕੀ ਚਾਹੁੰਦੇ ਹਨ (ਥੰਪਿੰਗ) ਉਨ੍ਹਾਂ ਲੋਕਾਂ ਨੇ ਸਰਦਾਰ ਬੇਅੰਤ ਸਿੰਘ ਦੀ ਲੀਡਰਸ਼ਿਪ ਨੂੰ ਹਦਾਇਤ ਦਿੱਤੀ ਹੈ। (ਸ਼ੋਰ) ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਚਾਹੁੰਦਾ ਹਾਂ ਕਿ ਅੱਜ ਜਦੋਂ ਵੀ ਕਿਤੇ ਵਿਆਹ ਹੁੰਦੇ ਹਨ ਤਾਂ ਉਥੇ ਵਾਜੇ ਵੱਜਦੇ ਹਨ, ਸ਼ਹਿਨਾਈਆਂ ਵੱਜਦੀਆਂ ਹਨ ਲੇਕਿਨ ਕੁਝ ਲੋਕ ਅੱਜ ਵੀ ਦੇਸ਼ ਦੀ ਮੁਲਕ ਦੀ ਨੀਂਦ ਖਰਾਬ ਕਰਨਾ ਚਾਹੁੰਦੇ ਹਨ। ਅੱਜ ਵੀ ਇਕ ਬਹੁਤ ਵੱਡੇ ਲੀਡਰ ਨੇ ਅਖਬਾਰਾਂ ਵਿਚ ਬਿਆਨ ਦਿੱਤਾ ਹੈ ਕਿ ਮੈਂ ਸਰਦਾਰ ਬੇਅੰਤ ਸਿੰਘ ਦੀ ਨੀਂਦ ਖਰਾਬ ਕਰ ਦਿਆਂਗਾ ...

(ਇਸ ਵਕਤ ਵਿਰੋਧੀ ਪਾਰਟੀਆਂ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਬੋਲ ਰਹੇ ਸਨ। ਹਾਊਸ ਵਿਚ ਬਹੁਤ ਸ਼ੋਰ ਅਤੇ ਵਿਘਨ ਪੈ ਰਿਹਾ ਸੀ ਜਿਸ ਕਰਕੇ ਸਾਫ ਸੁਣਾਈ ਨਹੀਂ ਸੀ ਦੇ ਰਿਹਾ)

**ਸ੍ਰੀ ਸਪੀਕਰ**: ਮੈਂ ਮਾਨਯੋਗ ਮੈਂਬਰਾਂ ਨੂੰ ਕਹਾਂਗਾ ਕਿ ਘੜੀ ਘੜੀ ਇਕੋ ਗੱਲ ਨਹੀਂ ਕਰਨੀ ਚਾਹੀਦੀ। ਮੁੱਖ ਮੰਤਰੀ ਜੀ ਨੇ ਆਪਣਾ ਪੁਆਇੰਟ ਐਕਸਪਲੇਨ ਕਰ ਦਿੱਤਾ ਹੈ. (ਵਿਘਨ) ਉਹ ਰਿਕਾਰਡ ਤੇ ਮੌਜੂਦ ਹੈ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜਾ ਕੁਝ ਕਿਹਾ ਗਿਆ ਹੈ, ਜਿਸ ਨਾਲ ਸਾਰੇ ਹਾਊਸ ਦਾ ਮਾਹੌਲ ਵਿਗੜ ਗਿਆ ਹੈ, ਉਸ ਨੂੰ ਕਾਰਵਾਈ ਵਿਚੋਂ ਕਢਵਾ ਦਿੱਤਾ ਜਾਵੇ।

**ਸ੍ਰੀ ਮਦਨ ਮੋਹਨ ਮਿੱਤਲ**: ਸਪੀਕਰ ਸਾਹਿਬ, ਅਸੀਂ ਚਾਹੁੰਦੇ ਹਾਂ ਕਿ ਹਾਊਸ ਦੀ ਕਾਰਵਾਈ ਠੀਕ ਚਲੇ ਸਾਰੇ ਮੈਂਬਰਾਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲੇ। ਇਹ ਜੋ ਰੈਜ਼ੋਲਿਊਸ਼ਨ ਤੇ ਬਹਿਸ ਚਲ ਰਹੀ ਸੀ, ਉਸ ਦੇ ਵਿਚ ਜਿਸ ਤਰੀਕੇ ਨਾਲ ਇਲਜ਼ਾਮ ਤਰਾਸ਼ੀ ਕੀਤੀ ਗਈ ਹੈ, ਉਹ ਠੀਕ ਨਹੀਂ ਹੈ। ਮੁੱਖ ਮੰਤਰੀ ਜੀ ਦਾ ਜਵਾਬ ਸੈਟਿਸਫੈਕਟਰੀ ਨਹੀਂ ਹੈ ਕਿ ਬੰਦਾ ਮਰ ਗਿਆ ਅਤੇ ਉਸ ਦੇ ਸਾਥੀ ਵੀ ਮਰ ਗਏ...(ਵਿਘਨ)

(ਇਸ ਵਕਤ ਮਾਨਯੋਗ ਮੈਂਬਰ ਸਰਦਾਰ ਨਿਰਮਲ ਸਿੰਘ ਨਿੰਮਾ ਕੁਝ ਬੋਲ ਰਹੇ ਸਨ ਕਿ ਸ਼ੋਰ ਅਤੇ ਵਿਘਨ ਕਾਰਣ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

**ਸਰਦਾਰ ਗੁਰਬਿੰਦਰ ਸਿੰਘ ਅਟਵਾਲ**: ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਹਾਂ ਕਿ ਇਹ ਲੋਕ ਸਰਦਾਰ ਬੇਅੰਤ ਸਿੰਘ ਦੀ ਨੀਂਦ ਖਰਾਬ ਕਰਨਾ ਚਾਹੁੰਦੇ ਹਨ। ਸਰਦਾਰ ਬੇਅੰਤ ਸਿੰਘ ਉਹ ਸ਼ਖਸ ਹਨ ਜਿਨ੍ਹਾਂ ਸ੍ਰੀ ਅਨੰਦਪੁਰ ਸਾਹਿਬ ਦੀ ਤਰੱਕੀ ਲਈ, ਫਤਿਹਗੜ੍ਹ ਸਾਹਿਬ ਦੀ ਤਰੱਕੀ ਲਈ ਅਤੇ ਸ੍ਰੀ ਰਾਮ ਤੀਰਥ ਦੀ ਤਰੱਕੀ ਲਈ ਬੋਰਡ ਬਣਾਏ। ਉਨ੍ਹਾਂ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕ ਫਲਾਈ-ਓਵਰ ਬਣਾਉਣ ਦਾ ਵੀ ਫੈਸਲਾ ਕੀਤਾ ਹੈ...(ਵਿਘਨ) ਪਰ ਅਕਾਲੀ ਦਲ ਨੂੰ ਇਸ ਨਾਲ ਬੜੀ ਤਕਲੀਫ ਹੋ ਰਹੀ ਹੈ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੋ ਪਰੋਪੋਜ਼ਲਜ਼ ਸਾਡੇ ...(ਵਿਘਨ) (ਇਸ ਸਮੇਂ ਬਹੁਜਨ ਸਮਾਜ ਪਾਰਟੀ, ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ, ਜਨਤਾ ਦਲ ਦੇ ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ ਅਤੇ ਸੀ.ਪੀ.ਆਈ.(ਐਮ) ਦੇ ਕਾਮਰੇਡ ਤਰਸੇਮ ਜੋਧਾਂ ਆਪਣੀਆਂ ਸੀਟਾਂ ਤੋਂ ਉਠ ਕੇ ਨਾਹਰੇ ** ** ** ਮਾਰਦੇ ਹੋਏ ਧਰਨੇ ਤੇ ਬੈਠੇ ਮਾਨਯੋਗ ਮੈਂਬਰਾਂ ਦੇ ਨਾਲ ਧਰਨੇ ਤੇ ਬੈਠ ਗਏ। )

**ਸ੍ਰੀ ਸਪੀਕਰ**: ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ।

---

**Not recorded as ordered by the Chair.

Original with;
Punjab Vidhan Sabha
Digitized by;
Punjab Digital Library

## SHORT ADJOURNMENT OF THE HOUSE

**ਸ਼੍ਰੀ ਸਪੀਕਰ :** ਹਾਊਸ 30 ਮਿੰਟ ਲਈ ਐਡਜਰਨ ਕੀਤਾ ਜਾਂਦਾ ਹੈ।

4.23 P.M.। (ਇਸ ਵਕਤ ਹਾਊਸ 4.53 ਵਜੇ ਮੁੜ ਇਕੱਤਰ ਹੋਣ ਲਈ *ਸਥਗਿਤ ਹੋ ਗਿਆ।)

(ਇਸ ਸਮੇ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

## RESUMPTION OF GENERAL DISCUSSION ON THE BUDGET ESTIMATES FOR THE YEAR 1993-94

**Mr. Deputy Speaker :** Please resume your seats. Please take your seats. Let us start. (noise) Please take your seats. Nimma Ji, please take your seat. Atwal Ji, you please start. (Noise) Atwal Ji, please carry on.

**ਸਰਦਾਰ ਗੁਰਚਿੰਦਰ ਸਿੰਘ ਅਟਵਾਲ :** ਜਿਹੜੇ ਲੋਕ ਪੰਜਾਬ ਦੀ ਤਰੱਕੀ ਨਹੀਂ ਚਾਹੁੰਦੇ, ਪੰਜਾਬੀ ਭਾਸ਼ਾ ਦੀ ਤਰੱਕੀ ਨਹੀਂ ਚਾਹੁੰਦੇ ਅੰਰ ਸਰਦਾਰ ਬੇਅੰਤ ਸਿੰਘ ਦੀ ਨੀਂਦ ਹਰਾਮ ਕਰਕੇ ਪੰਜਾਬ ਨੂੰ ਪਿੱਛੇ ਲਿਜਾਣਾ ਚਾਹੁੰਦੇ ਹਨ...(ਵਿਘਨ)......ਪੰਜਾਬ ਨੇ ਬੜਾ ਸੰਤਾਪ ਭੋਗਿਆ ਹੈ . .(ਵਿਘਨ) ...ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਉਸ ਮਹਾਨ ਇਨਸਾਨ ਦਾ ਸਾਥ ਦੇਣ.........(ਵਿਘਨ)

(ਇਸ ਸਮੇਂ ਸਦਨ ਵਿੱਚ ਧਰਨੇ ਤੇ ਬੈਠੇ ਮਾਨਯੋਗ ਮੈਂਬਰ ਸਾਹਿਬਾਨ ਨਾਹਰੇ ਲਗਾ ਰਹੇ ਸਨ ਪਰ ਸ਼ੋਰ ਪੈਣ ਕਾਰਨ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ।)

**Shri Madan Mohan Mittal :** On a point of order, Sir.

**ਸ੍ਰੀ ਡਿਪਟੀ ਸਪੀਕਰ :** ਹਾਂ ਜੀ, ਮਿੱਤਲ ਜੀ, ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ? (Noise) Please hear Mr. Mittal.

**ਸ੍ਰੀ ਮਦਨ ਮੋਹਨ ਮਿੱਤਲ :** ਸਰ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਾਡੀ ਵਿਰੋਧੀ ਧਿਰ ਦੀ ਇਹ ਕੋਈ ਮਨਸ਼ਾ ਨਹੀਂ ਹੈ ਕਿ ਅਸੀਂ ਹਾਊਸ ਦੀ ਕਾਰਵਾਈ ਵਿੱਚ ਕੋਈ ਵਿਘਨ ਪਾਈਏ। ਅਸੀਂ ਚਾਹੁੰਦੇ ਹਾਂ ਕਿ ਅਸੀਂ ਬਜਟ ਉਤੇ ਬਹਿਸ ਕਰ ਸਕੀਏ। ਇਸ ਬਜਟ ਦਾ ਸਾਰੇ ਪੰਜਾਬ ਦੀ ਜਨਤਾ ਤੇ ਬੋਝ ਪੈਣਾ ਹੈ ਅਤੇ ਜਿਹੜੇ ਕੁਝ ਨੁਕਤੇ ਰਹਿ ਗਏ ਹਨ, ਅਸੀਂ ਉਨ੍ਹਾਂ ਬਾਰੇ ਦੱਸ ਸਕੀਏ। ਲੇਕਿਨ ਇਸ ਹਾਊਸ ਦੇ ਐਡਜਰਨ ਹੋਣ ਤੋਂ ਪਹਿਲਾਂ ਜਿਹੜੀ ਘਟਨਾ ਵਾਪਰੀ, ਇਸ ਟੈਂਗਲ ਨੂੰ ਰਿਜ਼ੋਲਵ ਕਰ ਲੈਣਾ ਚਾਹੀਦਾ ਸੀ। ਮੈਂ ਸਮਝਦਾ ਹਾਂ ਕਿ ਮੁੱਖ ਮੰਤਰੀ ਜੀ ਨੇ ਜੋ ਐਸਪਰਸ਼ਨ ਮਾਨਯੋਗ ਮੈਂਬਰ ਬਾਰੇ ਕੀਤੀ ਹੈ ਅਤੇ ਕਿਹਾ ਹੈ ਕਿ ਜਦੋਂ ਬੰਦਾ ਹੀ ਮਰ ਗਿਆ ਹੈ ਤਾਂ ਇਨਕੁਆਇਰੀ ਕਾਹਦੀ ਕਰਵਾਈਏ। ਮੈਂ ਜਾਨਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਫਿਰ ਸੋਰਸ ਆਫ ਇਨਫਰਮੇਸ਼ਨ ਕੀ ਹੈ?(ਇਸ ਸਮੇਂ ਸੰਸਦੀ ਮਾਮਲਿਆਂ ਦੇ ਮੰਤਰੀ ਬੋਲਣ ਲਈ ਖੜ੍ਹੇ ਹੋਏ) ਸਰਦਾਰ ਉਮਰਾਓ ਸਿੰਘ ਜੀ, ਪਲੀਜ਼ ਪਹਿਲਾਂ ਮੈਨੂੰ ਗੱਲ ਕਰ ਲੈਣ ਦਿਓ। ਇਹ ਹਾਊਸ ਬੜਾ ਸਮੂਥ ਚਲ ਰਿਹਾ ਸੀ ਪਰ ਨਿੱਕੇ ਜਿਹੇ ਪੁਆਇੰਟ ਤੇ ਹੀ ਮਾਹੌਲ ਅਨਪਲੈਜ਼ੈਂਟ ਹੋ ਗਿਆ। A particular Member is involved and he is sititing inthe House ਇਹ ਸ਼ਬਦ ਐਕਸਪੰਜ ਹੋ ਜਾਣੇ ਚਾਹੀਦੇ ਹਨ। So that house may function properly. ਮੁੱਖ ਮੰਤਰੀ ਜੀ ਦੀ ਐਕਸਪਲੇਨੇਸ਼ਨ ਸੈਟਿਸਫੈਕਟਰੀ ਨਹੀਂ ਹੈ।

**Mr. Deputy Speaker :** Please sit down.

Original with;
Punjab Vidhan Sabha
Digitized by;
Panjab Digital Library

**ਸੰਸਦੀ ਮਾਮਲਿਆਂ ਦੇ ਮੰਤਰੀ**: ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਰੂਲ ਦੇ ਮੁਤਾਬਿਕ ਐਕਸਪੰਕਸ਼ਨ ਉਸ ਵਕਤ ਹੀ ਕੀਤੀ ਜਾਂਦੀ ਹੈ ਜਦੋਂ ਸ਼ਬਦ ਔਫੈਂਸਿਵ ਹੋਣ। ਜਦੋਂ ਪਰਸਨਲ ਐਕਸਪਲਨੇਸ਼ਨ ਦੇ ਦਿੱਤੀ ਗਈ ਹੈ ਅਤੇ ਸੀ.ਐਮ. ਸਾਹਿਬ ਨੇ ਰਿਪਲਾਈ ਵੀ ਦੇ ਦਿੱਤਾ ਹੈ ਅਤੇ ਉਸ ਦੇ ਬਾਅਦ ਕੋਈ ਰੈਮੇਡੀ ਨਹੀਂ ਰਹਿ ਜਾਂਦੀ ਤਾਂ ਫਿਰ ਉਹ ਐਕਸਪੰਕਸ਼ਨ ਨਹੀਂ ਰਹਿੰਦੀ ਅਤੇ ਇਸ ਤਰ੍ਹਾਂ ਇਹ ਐਕਸਪੰਕਸ਼ਨ ਨਹੀਂ ਹੋਣੀ ਚਾਹੀਦੀ।

**Mr. Deputy Speaker** : I will request the members in the well of the House to take their seats. Please just go to your seats (Interruption and Noise). Please take your seats. Mr. Atwal, please carry on. (Noise)

**ਸਰਦਾਰ ਗੁਰਬਿੰਦਰ ਸਿੰਘ ਅਟਵਾਲ**: ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਜਦੋਂ ਕੋਈ ਵਿਆਹ ਹੁੰਦਾ ਹੈ, ਸ਼ਾਦੀ ਹੁੰਦੀ ਹੈ ਤਾਂ ਵਾਜੇ ਵੱਜਦੇ ਹਨ, ਪੀਪਣੀਆਂ ਵਜਦੀਆਂ ਹਨ। ਲੇਕਿਨ ਉਨ੍ਹਾਂ 10-15 ਵਾਜਿਆਂ ਅਤੇ ਪੀਪਣੀਆਂ ਦੇ ਵਿੱਚ ਇਕ ਵੱਡੇ ਸਾਰੇ ਮੂੰਹ ਵਾਲਾ ਵਾਜਾ ਵੀ ਹੁੰਦਾ ਹੈ। ਬਾਕੀ ਸਾਰੇ ਵਾਜੇ ਤਾਂ ਲੈਅ ਵਿਚ ਵੱਜਦੇ ਰਹਿੰਦੇ ਹਨ ਪ੍ਰੰਤੂ ਉਹ ਵੱਡੇ ਮੂੰਹ ਵਾਲਾ ਭੋਂਪੂ ਜਿਹਾ ਕੁਝ ਚਿਰ ਪਿਛੋਂ ਭਊਂ ਕਰਕੇ ਬੋਲਦਾ ਹੈ ਅਤੇ ਕੰਨ ਪਾੜਦਾ ਹੈ। ਇਹ ਕੰਮ ਇਨ੍ਹਾਂ ਦਾ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਉਸ ਮਹਾਨ ਇਨਸਾਨ ਨੂੰ ਖਰਾਬ ਕਰਨ ਦੀ ਗੱਲ ਕਹੀ ਹੈ ਅਤੇ ਸਰਦਾਰ ਬੇਅੰਤ ਸਿੰਘ ਜੀ ਦੀ ਨੀਂਦ ਖਰਾਬ ਕਰਨਾ ਚਾਹੁੰਦੇ ਹਨ।

(ਇਸ ਸਮੇਂ ਸਦਨ ਵਿੱਚ ਧਰਨੇ ਤੇ ਬੈਠੇ ਮਾਨਯੋਗ ਮੈਂਬਰ ਸਾਹਿਬਾਨ ਨਾਹਰੇ ਲਗਾ ਰਹੇ ਸਨ ਪਰ ਸ਼ੋਰ ਪੈਣ ਕਾਰਣ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ)

**ਸਰਦਾਰ ਗੁਰਬਿੰਦਰ ਸਿੰਘ ਅਟਵਾਲ**: ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਵਧੀਆ ਸੜਕਾਂ ਬਣਾਉਣ ਦਾ ਫੈਸਲਾ ਕੀਤਾ ਹੈ। ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਸੁੰਦਰ ਗਰਾਮ ਅਤੇ ਉਨੱਤ ਗਰਾਮ ਬਣਾਉਣ ਦਾ ਫੈਸਲਾ ਕੀਤਾ ਹੈ। ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਹਰ ਜ਼ਿਲੇ ਵਿਚ ਪਟਵਾਰਖਾਨੇ ਖੋਲ੍ਹਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਸੋਸ਼ਲ ਵੈਲਫੇਅਰ ਦੀ ਸਕੀਮ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਪੰਜਾਬੀ ਨੂੰ ਲਾਗੂ ਕੀਤਾ ਹੈ। ਜਿਹੜੀ ਅਕਾਲੀ ਦਲ ਤੋਂ ਲਾਗੂ ਨਹੀਂ ਹੋਈ। ਮੈਂ ਦਸਣਾ ਚਾਹੁੰਦਾ ਹਾਂ ਕਿ ਪੰਜਾਬੀ ਸੂਬਾ ਬਣਨ ਤੋਂ ਬਾਅਦ 1966 ਵਿੱਚ ਪੰਜਾਬ ਵਿੱਚ ਅਕਾਲੀ ਦਲ ਦੀ ਛੇ ਵਾਰ ਸਰਕਾਰ ਬਣੀ। ਉਸ ਨੂੰ ਕਿਸੇ ਦੂਸਰੇ ਨੇ ਨਹੀਂ ਤੋੜਿਆ ਬਲਕਿ ਇਨ੍ਹਾਂ ਦੇ ਆਪਸ ਵਿੱਚ ਲੜਨ ਤੇ ਹੀ ਟੁੱਟੀ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ 1967 ਵਿੱਚ ਪੰਜਾਬ ਦੇ ਲੋਕਾਂ ਨੇ ਸਰਦਾਰ ਗੁਰਨਾਮ ਸਿੰਘ ਜੀ ਨੂੰ ਮੁੱਖ ਮੰਤਰੀ ਬਣਾਇਆ।

(Members sitting on Dharna were raising slogans * * Sardar Inderjit Singh Zira was trying to go to Speaker's podium, but was prevented by Watch and Ward staff).

**Mr. Deputy Speaker** : Slogans should not form part of the record.

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਬਿੰਦਰ ਸਿੰਘ ਅਟਵਾਲ**: ਸਰਦਾਰ ਗੁਰਨਾਮ ਸਿੰਘ ਤੋਂ ਬਾਅਦ ਲਛਮਣ ਸਿੰਘ ਗਿੱਲ, ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ ਅਤੇ ਸਰਦਾਰ ਜਗਦੇਵ ਸਿੰਘ ਤਲਵੰਡੀ, ਗਵਰਨਰ ਨੂੰ ਮੈਮੋਰੰਡਮ ਦੇ ਗਏ ਅਤੇ ਇਹ ਗੱਲ ਕਹਿ ਗਏ ਕਿ ਇਸਦੀ ਸਰਕਾਰ ਨੂੰ ਬਰਖਾਸਤ ਕੀਤਾ ਜਾਵੇ। 1985 ਵਿੱਚ ਲੋਕਾਂ ਨੇ ਵੋਟਾਂ ਪਾ ਕੇ ਅਕਾਲੀ ਲੀਡਰ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ। ਉਹਨਾਂ ਨੂੰ ਉਹਨਾਂ ਦੀ ਪਾਰਟੀ ਦੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਗਦੀਓ ਲਾਹਿਆ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਇੰਦਰਜੀਤ ਸਿੰਘ ਜ਼ੀਰਾ, ਸ਼੍ਰੋਮਣੀ ਅਕਾਲੀ ਦਲ (ਕਾਬਲ) ਨੇ ਡਿਪਟੀ ਸਪੀਕਰ ਸਾਹਿਬ ਵੱਲ ਜਾਣ ਦੀ ਕੋਸ਼ਿਸ਼ ਕੀਤੀ ਪਰ ਵਾਚ ਐਂਡ ਵਾਰਡ ਸਟਾਫ ਨੇ ਉਨ੍ਹਾਂ ਨੂੰ ਉਪਰ ਨਾ ਜਾਣ ਦਿਤਾ।)

---

## SHORT ADJOURNMENT OF THE HOUSE

**Mr Speaker** : The House stands adjourned for half an hour.

*5.02 P. M.* (*The Sabha then adjourned till 5.32 P.M. today*)

(ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

(ਸਦਨ ਵਿਚ ਇਸ ਸਮੇਂ ਕਾਫੀ ਸ਼ੋਰ ਸੀ ਅਤੇ ਸ਼ਰੋਮਣੀ ਅਕਾਲੀ ਦਲ (ਕ) ਬਹੁਜਨ ਸਮਾਜ ਪਾਰਟੀ, ਸੀ.ਪੀ.ਆਈ(ਐਮ) ਅਤੇ ਜਨਤਾ ਦਲ ਦੇ ਮੈਂਬਰ ਵੈਲ ਆਫ ਦੀ ਹਾਊਸ ਵਿਚ ਧਰਨਾ ਮਾਰ ਕੇ ਬੈਠੇ ਸਨ ਅਤੇ ** ** ** ਨਾਅਰੇ ਲਗਾ ਰਹੇ ਸਨ।)

**ਸ੍ਰੀ ਸਪੀਕਰ** : ਮੈਂ ਸਾਰੇ ਮੈਂਬਰ ਸਾਹਿਬਾਨਾਂ ਨੂੰ ਰੀਕੁਐਸਟ ਕਰਾਂਗਾ ਕਿ ਉਹ ਆਪਣੀਆਂ ਸੀਟਾਂ ਤੇ ਬੈਠ ਜਾਣ ਤਾਂ ਕਿ ਬਜਟ ਦੀ ਡਿਸਕਸ਼ਨ ਜਿਹੜੀ ਕਿ ਲੋਕਾਂ ਦੇ ਹਿੱਤ ਵਿਚ ਹੈ, ਉਹ ਜਾਰੀ ਕਰ ਸਕੀਏ। I would again request the House. Members to take their seats now. Slogans will not form part of the record. Atwal Ji.

---

## RESUMPTION OF GENERAL DISCUSSION ON THE BUDGET ESTIMATES FOR THE YEAR 1993-94

**ਸਰਦਾਰ ਗੁਰਬਿੰਦਰ ਸਿੰਘ ਅਟਵਾਲ**: ਸਪੀਕਰ ਸਾਹਿਬ, ਮੈਂ ਇਹ ਗੱਲ ਕਹਿ ਰਿਹਾ ਸੀ ਕਿ ਜਿਹੜੇ ਲੋਕਾਂ ਨੇ ਅੱਤਵਾਦੀਆਂ ਦੀ ਮਦਦ ਕਰਕੇ ਮੁਲਕ ਦੇ ਮਾਹੌਲ ਨੂੰ ਖਰਾਬ ਕੀਤਾ ਹੈ, ਇਹ ਗੱਲ ਚੰਗੀ ਤਰ੍ਹਾਂ ਸਭ ਦੇ ਸਾਹਮਣੇ ਆ ਚੁੱਕੀ ਹੈ।......

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਕ) ਦੇ ਮਾਨਯੋਗ ਮੈਂਬਰ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਸਪੀਕਰ ਸਾਹਿਬ ਦੀ ਡਾਇਸ ਵਲ ਜਾਣ ਦਾ ਯਤਨ ਕਰ ਰਹੇ ਸਨ ਪਰ ਵਾਚ ਐਂਡ ਵਾਰਡ ਸਟਾਫ ਨੇ ਉਨ੍ਹਾਂ ਨੂੰ ਉਪਰ ਨਾ ਜਾਣ ਦਿੱਤਾ। ਸਦਨ ਵਿਚ ਕਾਫੀ ਸ਼ੋਰ ਪੈਣ ਕਾਰਣ ਕੁਝ ਸੁਣਾਈ ਨਹੀਂ ਦੇ ਰਿਹਾ ਸੀ।)

**ਸ੍ਰੀ ਸਪੀਕਰ** : ਇਹ ਹਾਊਸ ਮੰਗਲਵਾਰ, ਮਿਤੀ 16 ਮਾਰਚ, 1993 ਸਵੇਰੇ 9.00 ਵਜੇ ਤੱਕ ਸਥਗਿਤ ਕੀਤਾ ਜਾਂਦਾ ਹੈ।

*5.34 P.M. (ਇਸ ਵਕਤ ਸਦਨ ਮੰਗਲਵਾਰ, 16 ਮਾਰਚ, 1993 ਸਵੇਰੇ 9.00 ਵਜੇ ਤੱਕ *ਸਥਗਿਤ ਹੋ ਗਿਆ।)

7208 PVS—Govt. Press, U.T., Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

© 1993

Published under the authority of the Punjab Vidhan Sabha and printed by the Controller, Govt. Press U.T., Chandigarh.

Original with;
Punjab Vidhan Sabha
Digitized by;
Panjab Digital Library

14

# Punjab Vidhan Sabha Debates

*16th March, 1993*

**Vol. IV-No. 14**

OFFICIAL REPORT

CONTENTS

*Tuesday, the 16th March, 1993*


| | Page |
|---|---|
| Postponed Starred Questions and Answers .. | (14) 1 |
| Starred Questions and Answers .. | (14) 14 |
| Written Answers to Starred Questions laid on the Table of the House under Rule 38 .. | (14) 39 |
| Announcement by the Speaker .. | (14) 40 |
| Walk-out .. | (14) 42 |
| Call Attention Notices under Rule 66 .. | (14) 42 |
| Papers laid on the Table of the House .. | (14) 44 |
| Presentation of Reports of the Committees .. | (14) 45 |



Punjab Vidhan Sabha Secretariat, Chandigarh.

Prices: Rs:



Original with;
Punjab Vidhan Sabha
Digitized by;
Panjab Digital Library

| | Page |
|---|---|
| Suspension of a Member from the service of the House .. | (14) 45 |
| Resumption of General Discussion on the Budget Estimates for the year 1993-94 .. | (14) 47 |
| Walk-out .. | (14) 47 |
| Resumption of General Discussion on the Budget Estimates for the year 1993-94 .. | (14) 48 |
| Extention of time of the sitting .. | (14) 96 |
| Resumption of General Discustion on the Budget Estimates for the year 1993-94 .. | (14) 96 |

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Tuesday, the 16th March, 1993*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9·00 A.M. Mr. Speaker (Sardar Harcharn Singh Ajnala) in the Chair.*

## POSTPONED STARRED QUESTIONS AND ANSWERS

**ਸ੍ਰੀ ਸਪੀਕਰ**: ਸਾਰਿਆਂ ਤੋਂ ਪਹਿਲਾਂ ਅਸੀਂ ਉਹ ਸਵਾਲ ਲੈਂਦੇ ਹਾਂ ਜਿਹੜੇ ਪੋਸਟਪੋਨ ਹੋਏ ਹਨ। ਸਰਦਾਰ ਤ੍ਰਿਪਤ ਰਾਜਿੰਦਰ ਸਿੰਘ।

### ਖੇਤੀਬਾੜੀ ਮਸ਼ੀਨਰੀ ਕਾਰਨ ਹੋਈਆਂ ਦੁਰਘਟਨਾਵਾਂ

*719. **ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ**: ਕੀ ਖੇਤੀਬਾੜੀ ਅਤੇ ਵਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਿਛਲੇ ਤਿੰਨ ਸਾਲਾਂ ਦੇ ਦੌਰਾਨ ਉਨ੍ਹਾਂ ਕਿਸਾਨਾਂ ਅਤੇ ਖੇਤ-ਮਜ਼ਦੂਰਾਂ ਦੀ ਸਾਲਵਾਰ ਗਿਣਤੀ ਕਿੰਨੀ ਕਿੰਨੀ ਹੈ ਜਿਨ੍ਹਾਂ ਦੀਆਂ ਥਰੈਸ਼ਰਾਂ, ਟੋਕਿਆਂ ਅਤੇ ਟਿਊਬਵੈਲਾਂ ਕਾਰਨ ਦੁਰਘਟਨਾਵਾਂ ਹੋਈਆਂ ਅਤੇ ਉਨ੍ਹਾਂ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ਜਿਹੜੇ ਅਪਾਹਜ਼ ਹੋ ਗਏ ਅਤੇ ਮਾਰੇ ਗਏ ਸਨ;

(ਅ) ਕੀ ਸਰਕਾਰ ਨੇ ਉਪਰੋਕਤ ਭਾਗ (ੳ) ਵਿਚ ਵਰਣਿਤ ਦੁਰਘਟਨਾਵਾਂ ਦੇ ਸ਼ਿਕਾਰ ਹੋਏ ਜਾਂ ਮਾਰੇ ਗਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਕੋਈ ਮੁਆਵਜ਼ਾ ਦਿੱਤਾ ਸੀ; ਜੇਕਰ ਦਿੱਤਾ ਸੀ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ**: (ਏ ਅਤੇ ਬੀ) ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

### ਅਨੁਲੱਗ

### ਖੇਤੀਬਾੜੀ ਮਸ਼ੀਨਰੀ ਨਾਲ ਹੋਈ ਦੁਰਘਟਨਾਵਾਂ

(ੳ) ਸਾਲ-ਵਾਰ ਸੂਚਨਾਂ ਹੇਠ ਲਿਖੇ ਅਨੁਸਾਰ ਹੈ :—

| ਸਾਲ | ਦੁਰਘਟਨਾਵਾਂ ਦੇ ਸ਼ਿਕਾਰ ਹੋਏ ਵਿਅਕਤੀਆਂ ਦੀ ਗਿਣਤੀ (ਕਿਸਾਨ ਅਤੇ ਮਜ਼ਦੂਰ) | ਮਰੇ ਵਿਅਕਤੀਆਂ ਦੀ ਗਿਣਤੀ | ਅਪਾਹਜ਼ ਹੋਏ ਵਿਅਕਤੀਆਂ ਦੀ ਗਿਣਤੀ |
|---|---|---|---|
| 1 | 2 | 3 | 4 |
| 1989-90 ... | 2,500 | 381 | 2,119 |
| 1990-91 ... | 1,473 | 284 | 1,189 |
| 1991-92 ... | 2,044 | 452 | 1,592 |

(ਅ) ਹਾਂ ਜੀ।

Original with;
Punjab Vidhan Sabha
Digitized by;
Panjab Digital Library

[ ਖੇਤੀਬਾੜੀ ਤੇ ਵਣ ਮੰਤਰੀ]

ਹੇਠ ਲਿਖੇ ਅਨੁਸਾਰ ਹਾਦਸਾ ਗ੍ਰਸਤ ਵਿਅਕਤੀਆਂ ਨੂੰ ਜਾਂ ਮਰੇ ਵਿਅਕਤੀਆਂ ਦੇ ਵਾਰਸਾਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ :—

| ਸਾਲ | | ਕੇਸਾਂ ਦੀ ਗਿਣਤੀ ਜਿਨ੍ਹਾਂ ਵਿੱਚ ਵਿੱਤੀ ਸਹਾਇਤਾ ਦਿੱਤੀ ਗਈ |
|---|---|---|
| 1 | | 2 |
| 1989-90 | ... | 1,200 |
| 1990-91 | ... | 1,330 |
| 1991-92 | ... | 958 |

ਉਪਰੋਕਤ ਦੱਸੀ ਕੁੱਲ ਦੁਰਘਟਨਾਵਾਂ ਦੀ ਗਿਣਤੀ ਵਿੱਚ ਉਹਨਾਂ ਦੁਰਘਟਨਾਵਾਂ ਦੇ ਕੇਸ ਵੀ ਸ਼ਾਮਲ ਹਨ ਜੋ ਖੇਤੀਬਾੜੀ ਮਸ਼ੀਨਰੀ ਨੂੰ ਓਪਰੇਟ ਕਰਦੇ ਹੋਇਆਂ ਵਾਪਰੇ ਅਤੇ ਇਹਨਾਂ ਵਿੱਚ ਥਰੈਸ਼ਰ ਟੋਕਾ, ਟਿਊਬਵੈਲ ਹਾਦਸੇ ਵੀ ਸ਼ਾਮਲ ਹਨ।

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸ਼ਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਹੈਂਡੀਕੈਪ ਹੋਏ ਅਤੇ ਉਨ੍ਹਾਂ ਨੂੰ ਕਿੰਨੀ ਕਮਪਨਸੇਸ਼ਨ ਦਿੱਤੀ ਗਈ ?

**ਮੰਤਰੀ** : ਸਪੀਕਰ ਸਾਹਿਬ, ਥੋੜ੍ਹਾ ਜਿਹਾ ਜੋ ਮੈਂ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਹੈ ਉਸ ਦੇ ਮੁਤੱਲਕ ਵੀ ਦੱਸਣਾ ਚਾਹੁੰਦਾ ਹਾਂ ਤਾਂਕਿ ਸਪਲੀਮੈਂਟਰੀ ਦੀ ਕੋਈ ਗੱਲ ਰਹਿ ਨਾ ਜਾਵੇ। 1989-90 ਵਿਚ 2,500 ਆਦਮੀਆਂ ਦੇ ਐਕਸੀਡੈਂਟ ਹੋਏ, 381 ਡੈਥ ਹੋ ਗਈਆਂ ਔਰ 2,119 ਆਦਮੀਆਂ ਦੀਆਂ ਉਂਗਲੀਆਂ ਕੱਟੀਆਂ ਗਈਆਂ, ਅਪਾਹਜ ਹੋ ਗਏ। 1990-91 ਵਿੱਚ 1,473 ਐਕਸੀਡੈਂਟ ਹੋਏ, 284 ਮਰ ਗਏ ਔਰ 1,189 ਅਪਾਹਜ ਹੋ ਗਏ। 1991-92 ਵਿੱਚ 2,044 ਐਕਸੀਡੈਂਟ ਹੋਏ, 452 ਡੈਥ ਹੋ ਗਈਆਂ ਔਰ 1,590 ਅਪਾਹਜ ਹੋਏ। ਜਿਹੜੀ ਉਨ੍ਹਾਂ ਨੂੰ ਪੇਮੈਂਟ ਕੀਤੀ ਗਈ ਉਨ੍ਹਾਂ ਦੇ ਵਾਰਸਾਂ ਨੂੰ ਉਹ 1989-90 ਵਿੱਚ 1,200 ਨੂੰ, 1,990-91 ਵਿੱਚ 1,330 ਨੂੰ ਔਰ 1991-92 ਵਿੱਚ 958 ਨੂੰ ਦਿੱਤੀ ਗਈ।

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੇਸਿਜ਼ ਰਹਿ ਗਏ ਹਨ ਉਨ੍ਹਾਂ ਨੂੰ ਕਮਪਨਸੇਸ਼ਨ ਕਦੋਂ ਤਕ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, 1991-92 ਵਿੱਚ 2,044 ਕੇਸਿਜ਼ ਹੋਏ ਸਨ ਔਰ 498 ਨੂੰ ਕਮਪਨਸੇਸ਼ਨ ਦੇ ਦਿੱਤੀ ਗਈ ਹੈ। ਇਸ ਤੋਂ ਬਾਅਦ ਸਾਡੇ ਕੋਲ 1,086 ਕੇਸਿਜ਼ ਐਸੇ ਹਨ ਜਿਹੜੇ ਇਨਸ਼ੋਰੈਂਸ ਕੰਪਨੀ ਕੋਲ ਗਏ ਹਨ। ਜੋ ਪਿਛਲਾ ਬਕਾਇਆ ਸੀ ਉਹ ਢਾਈ ਕਰੋੜ ਰੁਪਿਆ ਮੰਡੀ ਬੋਰਡ ਵੱਲੋਂ ਦੇ ਦਿੱਤਾ ਹੈ। ਹੁਣ ਇਨਸ਼ੋਰੈਂਸ ਕੰਪਨੀ ਦੇ ਕੇਸਿਜ਼ ਦਾ ਫੈਸਲਾ ਹੋਣ ਤੇ ਜਲਦੀ ਤੋਂ ਜਲਦੀ ਦੇ ਦਿੱਤੇ ਜਾਣਗੇ।

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਲੁਧਿਆਣਾ ਵਿੱਚ ਤੰਗ ਅਤੇ ਅਸੁਰੱਖਿਅਤ ਨਹਿਰ ਪੁਲਾਂ ਦੀ ਮੁੜ ਉਸਾਰੀ

*640. **ਕਾਮਰੇਡ ਤਰਸੇਮ ਜੋਧਾਂ** : ਕੀ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਜ਼ਿਲ੍ਹਾ ਲੁਧਿਆਣਾ ਵਿਚ ਨਹਿਰਾਂ ਉਤੇ ਅਜਿਹੇ ਪੁਲਾਂ ਦੀ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਵਿਭਾਗ ਦੁਆਰਾ ਅਸੁਰੱਖਿਅਤ ਕਰਾਰ ਦਿੱਤਾ ਗਿਆ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਜ਼ਿਲ੍ਹੇ ਵਿਚ ਅਜਿਹੇ ਪੁਲਾਂ ਦੇ ਵੇਰਵੇ ਅਤੇ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਆਵਾਜਾਈ ਲਈ ਤੰਗ ਪੁਲਾਂ ਵੱਜੋਂ ਕਰਾਰ ਦਿੱਤਾ ਗਿਆ ਹੈ;

(ੲ) ਕੀ ਸਰਕਾਰ ਉਪਰੋਕਤ ਭਾਗ (ੳ) ਅਤੇ (ਅ) ਵਿਚ ਵਰਣਿਤ ਪੁਲਾਂ ਦੀ ਮੁੜ ਉਸਾਰੀ ਕਰਨ ਦੀ ਤਜਵੀਜ਼ ਰੱਖਦੀ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ:** (ੳ) ਨਹੀਂ ਜੀ।

(ਅ) ਨਹੀਂ ਜੀ।

(ੲ) ਸਵਾਲ ਪੈਦਾ ਨਹੀਂ ਹੁੰਦਾ।

**ਕਾਮਰੇਡ ਤਰਸੇਮ ਜੋਧਾਂ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਕਿਲਾ ਰਾਏਪੁਰ ਵਿਚ ਲੁਧਿਆਣਾ--ਪੱਖੋਵਾਲ ਰੋਡ ਤੇ ਅਬੋਹਰ ਕੈਨਾਲ ਤੇ ਪਈ ਬੁਲੇਵਾਲ ਪੁਲ ਨਾਕਾਰਾ ਕਰਾਰ ਦਿੱਤੇ ਜਾ ਚੁਕੇ ਹਨ, ਪੁਲ ਟੁੱਟੇ ਹੋਏ ਹਨ। ਬੁਲੇਵਾਲ ਪੁਲ ਲੋਕਾਂ ਨੇ ਰਿਪੇਅਰ ਕੀਤਾ। ਮੇਰੀ ਆਪਣੀ ਜਿਪਸੀ ਉਸ ਵਿਚ ਡਿਗ ਪਈ ਸੀ। ਉਥੇ ਨਾਕਾਰਾ ਦਾ ਬੋਰਡ ਲੱਗਾ ਹੋਇਆ ਹੈ। ਉਸ ਨੂੰ ਕਦ ਤੱਕ ਠੀਕ ਕਰਾ ਦਿੱਤਾ ਜਾਵੇਗਾ।

**ਰਾਜ ਮੰਤਰੀ** : ਸਪੀਕਰ ਸਾਹਿਬ; 1992-93 ਵਿਚ ਪੈਸਿਆਂ ਦਾ ਪ੍ਰੋਵੀਜ਼ਨ ਨਾ ਹੋਣ ਕਰਕੇ ਔਰ ਮਹਿਕਮੇ ਦੀ ਚੇਂਜ ਕਰਨ ਦੀ ਪਰਪੋਜ਼ਲ ਹੋਣ ਕਰਕੇ ਕੁਝ ਨਹੀਂ ਕੀਤਾ ਗਿਆ। 1993-94 ਵਿਚ ਪੈਸੇ ਰਖੇ ਹੋਏ ਹਨ, ਇਨ੍ਹਾਂ ਪੁਲਾਂ ਨੂੰ ਠੀਕ ਕਰਨ ਲਈ, ਔਰ ਇਸ ਸਾਲ ਕਰ ਦਿੱਤੇ ਜਾਣਗੇ।

**ਕਾਮਰੇਡ ਤਰਸੇਮ ਜੋਧਾਂ** : ਸਪੀਕਰ ਸਾਹਿਬ, ਕੀ ਮੰਤਰੀ ਜੀ ਕੋਈ ਆਸਵਾਸ਼ਨ ਦੇਣਗੇ, ਇਸ ਤੋਂ ਪਹਿਲਾਂ ਕਿ ਕੋਈ ਨੁਕਸਾਨ ਹੋਵੇ, ਇਹ ਪੁਲ ਠੀਕ ਕਰਨ ਲਈ ਟਾਈਮ ਬਾਊਂਡ ਕਰਨਗੇ ?

**ਸ੍ਰੀ ਸਪੀਕਰ** : ਜੋਧਾਂ ਜੀ, ਠੀਕ ਜਵਾਬ ਆ ਗਿਆ ਹੈ। ਅਗਲਾ ਕੁਐਸਚਨ।

---

## ਰਾਜ ਵਿੱਚ ਹੜ੍ਹ ਪ੍ਰਭਾਵਿਤ ਵਿਆਕਤੀਆਂ ਨੂੰ ਰਾਹਤ

*656. (1) **ਕਾਮਰੇਡ ਹਰਦੇਵ ਸਿੰਘ ਅਰਸ਼ੀ**
(2) **ਸ੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ

ਰਾਜ ਵਿੱਚ ਜ਼ਿਲ੍ਹਾਵਾਰ ਉਨ੍ਹਾਂ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ 31 ਮਾਰਚ, 1992 ਤੋਂ 30 ਸਤੰਬਰ, 1992 ਤੱਕ ਦੇ ਸਮੇਂ ਦੌਰਾਨ ਹੜ੍ਹਾਂ ਜਾਂ ਭਾਰੀ ਵਰਖਾ ਨਾਲ ਫਸਲਾਂ ਅਤੇ ਜਾਂ ਘਰਾਂ ਆਦਿ ਦਾ ਨੁਕਸਾਨ ਹੋਇਆ ਅਤੇ ਪ੍ਰਭਾਵਿਤ ਵਿਅਕਤੀਆਂ ਨੂੰ ਕਿੰਨੀ ਰਾਹਤ ਦਿੱਤੀ ਗਈ/ਦਿੱਤੀ ਜਾਣੀ ਹੈ ?

Original with;
Punjab Vidhan Sabha
Digitized by;
Panjab Digital Library

**Sardar Beant Singh** : Information sought is as follows :—

| Sr. No. | Name of the District | Number of villages affected | Amount of relief sanctioned |
|---|---|---|---|
| 1 | 2 | 3 | 4 |
| 1. | Kapurthala | 149 | 2,24,30,141 |
| 2. | Hoshiarpur | 67 | 50,39,692 |
| 3. | Amritsar | 65 | 1,07,04,500 |
| 4. | Gurdaspur | 25 | 37,29,600 |
| 5. | Ferozepur | 144 | 2,53,67,676 |
| 6. | Roopnagar | 9 | 36,593 |

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਹਾਇਤਾ ਰਾਸ਼ੀ ਦਿਤੀ ਗਈ ਹੈ ਵੱਖ ਵੱਖ ਪਰਸੈਂਟੇਜ ਵਿਚ ਜਿਹੜਾ ਨੁਕਸਾਨ ਹੁੰਦਾ ਹੈ ਉਸ ਨੁਕਸਾਨ ਮੁਤਾਬਕ ਕਿਸ ਪਰਸੈਂਟੇਜ ਵਿਚ ਰਾਸ਼ੀ ਦਿੱਤੀ ਜਾਂਦੀ ਹੈ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਜੇ ਨੁਕਸਾਨ 75 ਪ੍ਰਤੀਸ਼ਤ ਜਾਂ ਉਸ ਤੋਂ ਉਪਰ ਹੋਵੇ ਤਾਂ 700/- ਰੁਪਏ ਪ੍ਰਤੀ ਏਕੜ, ਜੇ 50 ਪ੍ਰਤੀਸ਼ਤ ਜਾਂ ਉਪਰ ਹੋਵੇ ਤਾਂ 400/- ਰੁਪਏ ਪ੍ਰਤੀ ਏਕੜ ਅਤੇ ਜੇ ਨੁਕਸਾਨ 25 ਪ੍ਰਤੀਸ਼ਤ ਤੋਂ ਉਪਰ ਹੋਵੇ ਤਾਂ 200/- ਰੁਪਏ ਪ੍ਰਤੀ ਏਕੜ ਸਹਾਇਤਾ ਦਿੱਤੀ ਜਾਂਦੀ ਹੈ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ 75 ਪ੍ਰਤੀਸ਼ਤ ਨੁਕਸਾਨ ਤੇ ਸੱਤ ਸੌ ਰੁਪਏ ਪਰ ਏਕੜ ਦਾ ਹੈ ਇਹ ਮੇਰਾ ਖਿਆਲ ਹੈ ਕਿ ਬਹੁਤ ਪੁਰਾਣਾ ਹੈ, ਕੀ ਇਸ ਵਿਚ ਕੋਈ ਸੋਧ ਕਰਕੇ ਇਹ ਪੈਸਾ ਵਧਾਉਣ ਦੀ ਕੋਈ ਸਕੀਮ ਸਰਕਾਰ ਦੇ ਜ਼ੇਰੇ ਗੌਰ ਹੈ ; ਜੇ ਨਹੀਂ ਤਾਂ ਕੀ ਇਹ ਰਕਮ ਵਧਾਉਣ ਲਈ ਕੋਈ ਵਿਚਾਰ ਕਰਨ ਲਈ ਤਿਆਰ ਹਨ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਤੇ ਵਿਚਾਰ ਕਰ ਲਵਾਂਗੇ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਹੜ-ਪੀੜਤਾਂ ਦੇ ਪਰੀਵਾਰਾਂ ਨੂੰ ਹੁਣ ਤਕ ਜੋ ਸਹਾਇਤਾ ਰਾਸ਼ੀ ਦਿਤੀ ਹੈ ਉਹ ਕੁਲ ਕਿੰਨੀ ਹੈ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਸਬੰਧ ਵਿਚ ਮੈਂਬਰ ਸਾਹਿਬ ਸੈਪਰੇਟ ਨੋਟਿਸ ਦੇ ਦੇਣ ਮੈਂ ਜਵਾਬ ਦੇ ਦਿਆਂਗਾ ।

**ਸ੍ਰੀ ਸਪੀਕਰ :** ਇਸ ਦੇ ਲਈ ਤਾਂ ਸੈਪਰੇਟ ਸਵਾਲ ਚਾਹੀਦਾ ਹੈ।

**ਸਰਦਾਰ ਜਗਤਾਰ ਸਿੰਘ ਮੁਲਤਾਨੀ :** ਸਪੀਕਰ ਸਾਹਿਬ ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਰਕਮ ਰਖੀ ਗਈ ਹੈ ਇਹ ਕਦੋਂ ਤਕ ਡਿਸਬਰਸ ਹੋ ਜਾਵੇਗੀ ?

**ਮੁੱਖ ਮੰਤਰੀ :** ਇਹ ਪ੍ਰਾਸੈਸ ਸ਼ੁਰੂ ਹੈ, ਬੜੀ ਜਲਦੀ ਰਕਮ ਡਿਸਬਰਸ ਕਰ ਦਿੱਤੀ ਜਾਵੇਗੀ ।

Original with;
Punjab Vidhan Sabha
Digitized by;
Panjab Digital Library

**ਤਹਿਸੀਲ ਜ਼ੀਰਾ ਵਿੱਚ ਬੁਢਾਪਾ ਪੈਨਸ਼ਨ ਮਨਜ਼ੂਰ ਕਰਨ ਸਬੰਧੀ ਪੈਂਡਿਗ ਕੇਸਾਂ ਦੀ ਗਿਣਤੀ ਬਾਰੇ**

*701. **ਸਰਦਾਰ ਇੰਦਰਜੀਤ ਸਿੰਘ ਜ਼ੀਰਾ:** ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਜ਼ੀਰਾ ਵਿਚ ਵਿੱਧਵਾ ਪੈਨਸ਼ਨ ਅਤੇ ਬੁਢਾਪਾ ਪੈਨਸ਼ਨਾਂ ਦੀਆਂ ਹੁਣ ਤਕ ਕਿਤਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ, ਇਨ੍ਹਾਂ ਕੇਸਾਂ ਵਿਚੋਂ ਮਿਤੀਵਾਰ ਕਿਤਨੇ ਕੇਸ ਮਨਜ਼ੂਰ ਹੋਏ ਅਤੇ ਅਰਜ਼ੀਆਂ ਲਮਕਾ ਅਵਸਥਾ ਵਿਚ ਜੋ ਪਈਆਂ ਹਨ, ਕਿਸ ਸਮੇਂ ਤੱਕ ਨਿਪਟਾਈਆਂ ਜਾਣਗੀਆਂ ?

**ਸ੍ਰੀ ਬ੍ਰਹਮ ਮਹਿੰਦਰਾ** : ਹੁਣ ਤੱਕ ਬੁਢਾਪਾ ਪੈਨਸ਼ਨ ਸਕੀਮ ਅਧੀਨ ਤਹਿਸੀਲ ਜ਼ੀਰਾ ਵਿੱਚ ਕੁੱਲ 9,759 ਬਿਨੈ-ਪੱਤਰ ਪ੍ਰਾਪਤ ਹੋਏ। ਇਨ੍ਹਾਂ ਵਿਚੋਂ 3,477 ਕੇਸ ਮਨਜ਼ੂਰ ਕੀਤੇ ਗਏ, 5,206 ਰੱਦ ਕੀਤੇ ਗਏ ਅਤੇ 1076 ਅਰਜ਼ੀਆਂ ਬੁਢਾਪਾ ਪੈਨਸ਼ਨ ਸਕੀਮ ਅਧੀਨ ਲਮਕਾ ਅਵਸਥਾ ਵਿਚ ਪਈਆਂ ਹਨ ਇਸ ਸਬ-ਡਵੀਜਨ ਵਿਚ ਵਿੱਧਵਾ ਪੈਨਸ਼ਨ ਸਕੀਮ ਅਧੀਨ ਹੁਣ ਤੱਕ ਕੁਲ 2,356 ਬਿਨੈ-ਪੱਤਰ ਪ੍ਰਾਪਤ ਹੋਏ ਹਨ। ਇਨ੍ਹਾਂ ਵਿਚੋਂ 821 ਮਨਜ਼ੂਰ ਅਤੇ 1,207 ਕੇਸ ਰੱਦ ਕੀਤੇ ਗਏ ਹਨ। 323 ਅਰਜ਼ੀਆਂ ਇਸ ਸਮੇਂ ਲਮਕਾ ਅਵਸਥਾ ਵਿਚ ਪਈਆਂ ਹਨ।

ਬੁਢਾਪਾ ਪੈਨਸ਼ਨ ਵਿਧਵਾ ਪੈਨਸ਼ਨ ਸਕੀਮ ਅਧੀਨ ਤਹਿਸੀਲ ਜ਼ੀਰਾ ਵਿੱਚ ਜੋ ਬਿਨੈ-ਪੱਤਰ ਲਮਕਾ ਅਵੱਸਥਾ ਵਿਚ ਪਏ ਹਨ, ਉਨ੍ਹਾਂ ਦਾ ਨਿਪਟਾਰਾ ਤਿੰਨ ਮਹੀਨੇ ਦੇ ਅੰਦਰ ਅੰਦਰ ਕਰ ਦਿੱਤਾ ਜਾਵੇਗਾ।

ਸਬ-ਡਵੀਜ਼ਨ ਜ਼ੀਰਾ ਦੇ ਬੁਢਾਪਾ ਅਤੇ ਵਿੱਧਵਾ ਪੈਨਸ਼ਨ ਅਧੀਨ ਮਨਜ਼ੂਰ ਹੋਏ ਕੇਸਾਂ ਦਾ ਮਹੀਨਾਵਾਰ ਵੇਰਵਾ ਕ੍ਰਮਵਾਰ ਅਨੁਲੱਗ 'ਏ' ਅਤੇ 'ਬੀ' ਤੇ ਰੱਖਿਆ ਜਾਂਦਾ ਹੈ। ਇਨ੍ਹਾਂ ਸਕੀਮਾਂ ਅਧੀਨ ਮਨਜ਼ੂਰ ਹੋਏ ਕੇਸਾਂ ਨੂੰ ਪੈਨਸ਼ਨ/ਵਿੱਤੀ ਸਹਾਇਤਾ ਉਸ ਮਹੀਨੇ ਦੀ ਪਹਿਲੀ ਤਾਰੀਕ ਤੋਂ ਦਿੱਤੀ ਜਾਂਦੀ ਹੈ ਜਿਸ ਮਹੀਨੇ ਦੌਰਾਨ ਕੇਸ ਮਨਜ਼ੂਰ ਹੋਏ ਹੋਣ। ਇਸ ਕਰਕੇ ਕੇਸਾਂ ਦੀ ਮਨਜ਼ੂਰੀ ਸਬੰਧੀ ਸੂਚਨਾ ਮਿਤੀਵਾਰ ਦੀ ਬਜਾਏ ਮਹੀਨਾਵਾਰ ਦਿੱਤੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

## ANNEXURE-A

[ Minister for Social Welfare ]

**Statement showing month-wise sanction of Cases of Zira Sub-Division under Old Age Pension Scheme upto 8th February, 1993**

| Month of Sanction | Total Number of cases sanctioned | Month of Sanction | Total number of cases sanctioned |
|---|---|---|---|
| | | 8/78 | 43 |
| 6/68 to 1/72 | 72 | 9/78 | 17 |
| 2/72 | 14 | 10/78 | 9 |
| 3/72 | 1 | 11/78 | 14 |
| 8/72 | 1 | 12/78 | 24 |
| 10/72 | 2 | 1/79 | 2 |
| 2/73 | 1 | 2/79 | 10 |
| 3/73 | 4 | 3/79 | 26 |
| 9/73 | 23 | 4/79 | 23 |
| 11/73 | 1 | 5/79 | 21 |
| 12/73 | 45 | 6/79 | 33 |
| 2/74 | 18 | 7/79 | 32 |
| 3/74 | 12 | 8/79 | 19 |
| 4/74 | 7 | 9/79 | 31 |
| 6/74 | 1 | 10/79 | 6 |
| 8/74 | 5 | 11/79 | 3 |
| 9/74 | 10 | 12/79 | 15 |
| 11/74 | 22 | 1/80 | 9 |
| 12/74 | 7 | 2/80 | 1 |
| 1/75 | 40 | 7/80 | 54 |
| 2/75 | 134 | 8/80 | 14 |
| 3/75 | 20 | 3/81 | 32 |
| 5/75 | 42 | 4/81 | 39 |
| 7/75 | 14 | 5/81 | 26 |
| 8/75 | 15 | 6/81 | 19 |
| 10/75 | 21 | 7/81 | 15 |
| 1/76 | 9 | 8/81 | 40 |
| 4/76 | 6 | 9/81 | 71 |
| 5/76 | 2 | 10/81 | 8 |
| 7/76 | 2 | 11/81 | 19 |
| 8/76 | 6 | 12/81 | 10 |
| 9/76 | 5 | 1/82 | 11 |
| 10/76 | 3 | 2/82 | 32 |
| 11/76 | 1 | 3/82 | 32 |
| 12/76 | 3 | 7/82 | 31 |
| 1/77 | 2 | 8/82 | 3 |
| 2/77 | 71 | 9/82 | 7 |
| 3/77 | 38 | 10/82 | 10 |
| 4/77 | 3 | 2/83 | 7 |
| 6/77 | 27 | 3/83 | 1 |
| 7/77 | 15 | 4/83 | 8 |
| 8/77 | 27 | 5/83 | 4 |
| 10/77 | 9 | 8/83 | 2 |
| 11/77 | 11 | 10/83 | 5 |
| 12/77 | 35 | 1/84 | 82 |
| 1/78 | 8 | 3/84 | 14 |
| 2/78 | 34 | 7/84 | 17 |
| 3/78 | 3 | 10/84 | 39 |
| 4/78 | 23 | 12/84 | 4 |
| 5/78 | 10 | 2/85 | 37 |
| 7/78 | 3 | 3/85 | 34 |

Original with;
Punjab Vidhan Sabha
Digitized by;
Panjab Digital Library

| Month of Sanction | Total Number of cases sanctioned | Month of Sanction | Total Number of cases sanctioned |
|---|---|---|---|
| 4/85 | 25 | 9/87 | 2 |
| 5/85 | 15 | 9/88 | 35 |
| 7/85 | 58 | 9/88 | 34 |
| 8/85 | 29 | 12/88 | 24 |
| 11/85 | 3 | 1/89 | 16 |
| 12/85 | 5 | 2/89 | 8 |
| 2/86 | 10 | 8/90 | 231 |
| 3/86 | 37 | 9/90 | 127 |
| 4/86 | 6 | 12/90 | 9 |
| 7/86 | 90 | 12/91 | 28 |
| 11/86 | 39 | 3/91 | 2 |
| 12/86 | 19 | 8/91 | 158 |
| 3/87 | 74 | 1/92 | 7 |
| 5/87 | 49 | 7/92 | 36 |
| 6/87 | 4 | 8/92 | 139 |
| 7/87 | 10 | 11/92 | 296 |
| | | G. Total .. | 3477 |

Original with;
Punjab Vidhan Sabha
Digitized by;
Panjab Digital Library

[Minister for Social Welfare ]

## ANNEXURE-B

**Statement showing month-wise sanction of Cases of Zira Sub-Division under Financial Assistance to Widows and Destitute Women Scheme upto 8th February, 1993**

| Month of Sanction | Total number of cases sanctioned | Month of Sanction | Total number of cases sanctioned |
|---|---|---|---|
| 12/68 | 1 | 11/79 | 27 |
| 5/69 | 1 | 12/79 | 10 |
| 5/69 | 5 | 12/79 | 1 |
| 9/70 | 1 | 1/80 | 3 |
| 12/70 | 4 | 2/80 | 2 |
| 3/71 | 1 | 7/80 | 3 |
| 4/71 | 1 | 8/80 | 3 |
| 11/71 | 3 | 3/81 | 8 |
| 12/71 | 1 | 4/81 | 3 |
| 12/71 | 4 | 5/81 | 3 |
| 3/72 | 3 | 5/81 | 3 |
| 7/73 | 9 | 6/81 | 2 |
| 8/73 | 3 | 7/81 | 7 |
| 11/73 | 1 | 8/81 | 4 |
| 12/73 | 1 | 8/81 | 1 |
| 2/74 | 2 | 9/81 | 26 |
| 3/74 | 3 | 10/81 | 9 |
| 12/74 | 15 | 11/81 | 2 |
| 1/75 | 27 | 12/81 | 4 |
| 1/75 | 2 | 1/82 | 5 |
| 3/75 | 1 | 2/82 | 6 |
| 8/75 | 14 | 3/82 | 4 |
| 10/75 | 1 | 9/82 | 6 |
| 1/76 | 1 | 10/82 | 5 |
| 2/76 | 13 | 2/83 | 5 |
| 3/76 | 3 | 3/83 | 3 |
| 4/76 | 3 | 5/83 | 1 |
| 5/76 | 6 | 8/83 | 5 |
| 6/76 | 2 | 10/83 | 3 |
| 7/76 | 1 | 2/85 | 9 |
| 8/76 | 1 | 3/85 | 7 |
| 9/76 | 1 | 4/85 | 3 |
| 10/76 | 8 | 5/85 | 5 |
| 1/77 | 1 | 6/85 | 6 |
| 2/77 | 2 | 7/85 | 15 |
| 6/77 | 10 | 8/85 | 8 |
| 7/77 | 4 | 8/85 | 5 |
| 8/77 | 8 | 11/85 | 15 |
| 10/77 | 8 | 12/85 | 10 |
| 11/77 | 4 | 2/86 | 15 |
| 12/77 | 1 | 3/86 | 6 |
| 1/78 | 2 | 3/86 | 11 |
| 5/78 | 4 | 4/86 | 6 |
| 7/78 | 4 | 7/86 | 26 |
| 8/78 | 13 | 7/88 | 9 |
| 9/78 | 1 | 8/88 | 61 |
| 10/78 | 1 | 9/88 | 31 |
| 1/79 | 2 | 9/90 | 66 |
| 3/79 | 13 | 1/91 | 23 |
| 4/79 | 1 | 8/91 | 7 |
| 5/79 | 2 | 7/92 | 10 |
| 9/79 | 4 | 11/92 | 44 |
| | | Total .. | 821 |

Original with;
Punjab Vidhan Sabha
Digitized by;
Panjab Digital Library

**ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਦੱਸਿਆ ਹੈ ਕਿ ਬੁਢਾਪਾ ਪੈਨਸ਼ਨ ਦੇ 34,77 ਕੇਸ ਮਨਜ਼ੂਰ ਕੀਤੇ ਗਏ ਹਨ ਔਰ 1,076 ਅਰਜ਼ੀਆਂ ਪੈਂਡਿੰਗ ਪਈਆਂ ਹਨ, ਇਸ ਤਰ੍ਹਾਂ ਹੀ ਵਿਧਵਾ ਪੈਨਸ਼ਨ ਦੀਆਂ 323 ਅਰਜ਼ੀਆਂ ਪਈਆਂ ਹਨ, ਇਨ੍ਹਾਂ ਦੀ ਮਨਜ਼ੂਰੀ ਕਦੋਂ ਤਕ ਹੋ ਜਾਵੇਗੀ ਔਰ ਜੇਕਰ ਅਰਜ਼ੀਆਂ ਮਨਜ਼ੂਰ ਕੀਤੀਆਂ ਗਈਆਂ ਹਨ ਤਾਂ ਪੈਨਸ਼ਨਾਂ ਕਿਉਂ ਨਹੀਂ ਦਿੱਤੀਆਂ ਗਈਆਂ?

**ਮੰਤਰੀ :** ਸਪੀਕਰ ਸਾਹਿਬ, ਮੈਂ ਸਾਰੀ ਡਿਟੇਲ ਇਨ੍ਹਾਂ ਨੂੰ ਦੇ ਦਿੱਤੀ ਹੈ ਜੀ। ਮੈਂ ਇਹ ਐਸ਼ੋਅਰ ਵੀ ਕੀਤਾ ਹੈ ਕਿ ਜਿਹੜੀਆਂ ਅਰਜ਼ੀਆਂ ਪੈਂਡਿੰਗ ਪਈਆਂ ਹਨ ਉਨ੍ਹਾਂ ਦਾ ਛੇਤੀ ਹੀ ਤਿੰਨ ਮਹੀਨੇ ਦਾ ਟਾਈਮ ਦਿੱਤਾ ਹੈ, ਇਸ ਸਮੇਂ ਦੌਰਾਨ ਨਿਪਟਾਰਾ ਕਰ ਦੇਣਾ ਹੈ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਅਰਜ਼ੀਆਂ ਰੱਦ ਕੀਤੀਆਂ ਗਈਆਂ ਹਨ 5206, ਉਹ ਕਿਉਂ ਰੱਦ ਹੋਈਆਂ ਹਨ, ਸਹੀ ਰੱਦ ਹੋਈਆਂ ਹਨ ਜਾਂ ਗਲਤ, ਕੀ ਇਸ ਬਾਰੇ ਇਹ ਘੋਖ ਕਰਨ ਨੂੰ ਤਿਆਰ ਹਨ ?

**ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਡਿਪਾਰਟਮੈਂਟ ਨੇ ਬਾਕਾਇਦਾ ਘੋਖ ਕਰਕੇ ਹੀ ਰੱਦ ਕੀਤੀਆਂ ਹੋਣਗੀਆਂ ਅਤੇ ਰੂਲਜ਼ ਦੇ ਮੁਤਾਬਿਕ ਹੀ ਕੀਤਾ ਹੋਵੇਗਾ। ਜੇਕਰ ਕੋਈ ਐਸਾ ਕੇਸ ਇਨ੍ਹਾਂ ਦੇ ਨੋਟਿਸ ਵਿਚ ਹੋਵੇ ਕਿ ਗਲਤ ਰੱਦ ਹੋਇਆ ਹੈ ਤਾਂ ਮੇਰੇ ਨੋਟਿਸ ਵਿਚ ਲਿਆ ਦੇਣ ਮੈਂ ਫਿਰ ਘੋਖ ਕਰਵਾ ਲਵਾਂਗਾ।

---

## ਪੰਜਾਬ ਰਾਜ ਵਿੱਚ ਨਵੇਂ ਪਟਵਾਰ ਸਰਕਲ ਬਣਾਉਣ ਸਬੰਧੀ

*724. **ਸਰਦਾਰ ਜਗਤਾਰ ਸਿੰਘ ਮੁਲਤਾਨੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਪਟਵਾਰ ਹਲਕੇ ਬਣਾਉਣ ਲਈ ਸਰਕਾਰ ਵਲੋਂ ਕੀ ਕਰਾਈਟੇਰੀਆ ਅਪਣਾਇਆ ਜਾ ਰਿਹਾ ਹੈ ?

(ਅ) ਕੀ ਵਰਤਮਾਨ ਸਮੇਂ ਕੋਈ ਨਵਾਂ ਪਟਵਾਰ ਹਲਕਾ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ ? ਜੇਕਰ ਹਾਂ, ਤਾਂ ਉਸਦੇ ਵੇਰਵੇ ਕੀ ਹਨ ?

**ਸਰਦਾਰ ਬੇਅੰਤ ਸਿੰਘ :** (ੳ) ਰਾਜ ਵਿੱਚ ਪਟਵਾਰ ਹਲਕਿਆਂ ਵਿੱਚ ਔਸਤਨ 2692 ਏਕੜ ਕੁਲ ਰਕਬਾ, 2222 ਏਕੜ ਵਾਹੀਯੋਗ ਰਕਬਾ, 4072 ਖਸਰਾ ਨੰਬਰ, 928, ਖਾਤੂਨੀ ਨੰਬਰ ਅਤੇ ਅੰਦਾਜਨ 3,538 ਰੁਪਏ ਦਾ ਭੌਂ ਮਾਲੀਆ ਹੈ। ਹਰ ਹਲਕੇ ਵਿੱਚ ਔਸਤਨ 2¾ ਪਿੰਡ ਆਉਂਦੇ ਹਨ।

(ਅ) ਨਹੀਂ ਜੀ।

**ਸਰਦਾਰ ਜਗਤਾਰ ਸਿੰਘ ਮੁਲਤਾਨੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਈ ਪਟਵਾਰ ਹਲਕੇ 7/7 ਹਜ਼ਾਰ ਏਕੜ ਜ਼ਮੀਨ ਦੇ ਹਨ, ਜਿਸ ਤਰ੍ਹਾਂ ਕਿ ਇਬਰਾਹੀਮ ਵਾਲਾ, ਹਮੀਰਾ, ਲਖਣ ਔਰ ਦਸੂਆ ਵਿਚ ਮਿਆਣੀ ਬਲੋਂ ਹੈ, ਉਥੇ ਇਕ ਇਕ ਪਟਵਾਰੀ ਲਗਾ ਹੋਇਆ ਹੈ, ਜਿੱਥੇ ਦੋ ਹਜ਼ਾਰ ਏਕੜ ਦਾ ਜਾਂ ਜਿਹੜਾ ਕਰਾਈਟੇਰੀਆ ਫਿਕਸ ਹੈ ਉਸ ਤੋਂ ਵੱਧ ਜ਼ਮੀਨ ਹੈ ਤਾਂ ਕੀ ਉਥੇ ਵੱਧ ਪਟਵਾਰੀ ਲਗਾਏ ਜਾਣਗੇ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਮੈਂ ਇਨ੍ਹਾਂ ਪਿੰਡਾਂ ਦੀ ਜਾਂਚ ਕਰਵਾ ਲਵਾਂਗਾ, ਜੇਕਰ ਜ਼ਰੂਰਤ ਹੋਈ ਤਾਂ ਹੋਰ ਵੀ ਲਗਾ ਦੇਵਾਂਗਾ ।

— — —

**ਰਾਜ ਵਿਚ ਕਿਸਾਨਾਂ ਨੂੰ ਮਾਲ ਪਾਸ ਬੁੱਕਾਂ ਜਾਰੀ ਕਰਨਾ**

*725. **ਸਰਦਾਰ ਜਗਤਾਰ ਸਿੰਘ ਮੁਲਤਾਨੀ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਕਿਸਾਨਾਂ ਨੂੰ ਮਾਲ ਪਾਸ ਬੁਕਾਂ ਜਿਨ੍ਹਾਂ ਵਿੱਚ ਉਨ੍ਹਾਂ ਦੀ ਖੇਤੀਬਾੜੀ ਭੋਂ ਬਾਰੇ ਪੂਰਾ ਰਿਕਾਰਡ ਦਰਸਾਇਆ ਗਿਆ ਹੋਵੇ, ਜਾਰੀ ਕਰਨ ਬਾਰੇ ਸਰਕਾਰ ਦੀ ਕੋਈ ਤਜ਼ਵੀਜ ਹੈ ; ਜੇਕਰ ਨਹੀਂ ਤਾਂ ਉਸ ਦੇ ਕੀ ਕਾਰਨ ਹਨ ?

**Sardar Beant Singh** : No Sir, The Pass Book Scheme was introduced on experimental basis in a few selected tehsils in the State but the scheme had to be discontinued as it was not welcomed by the farmers.

**ਸਰਦਾਰ ਜਗਤਾਰ ਸਿੰਘ ਮੁਲਤਾਨੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸੀ.ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਸੇ ਨੇ ਜੇਕਰ ਕੋਆਪ੍ਰੇਟਿਵ ਸੋਸਾਇਟੀ ਦਾ ਮੈਂਬਰ ਬਣਨਾ ਹੋਵੇ ਤਾਂ ਉਸ ਦੇ ਲਈ ਜ਼ਮੀਨ ਦੀ ਫਰਦ ਦੀ ਲੋੜ ਪੈਂਦੀ ਹੈ ਤੇ ਮਲਕੀਅਤ ਬਾਰੇ ਦੱਸਣਾ ਪੈਂਦਾ ਹੈ ਔਰ ਜੇਕਰ ਕਿਸੇ ਕਾਰਪੋਰੇਸ਼ਨ ਤੋਂ ਜਾਂ ਬੈਂਕ ਤੋਂ ਲੋਨ ਲੈਣਾ ਹੋਵੇ ਤਾਂ ਵੀ ਉਹ ਕਹਿੰਦੇ ਹਨ ਕਿ ਮਾਲਕੀ ਬਾਰੇ ਦੱਸੋ......

**ਸ੍ਰੀ ਸਪੀਕਰ** : ਮੁਲਤਾਨੀ ਜੀ, ਸਪਲੀਮੈਂਟਰੀ ਪੁੱਛੋ ।

**ਸਰਦਾਰ ਜਗਤਾਰ ਸਿੰਘ ਮੁਲਤਾਨੀ** : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਹੀ ਪੁੱਛਣ ਲਗਾ ਹਾਂ ਜੀ। ਕੀ ਮੁੱਖ ਮੰਤਰੀ ਜੀ ਭਰੋਸਾ ਦੇਣਗੇ ਕਿ ਜੇਕਰ ਪਾਸ ਬੁੱਕ ਸਕੀਮ ਲਾਗੂ ਨਹੀਂ ਕਰਨੀ ਤਾਂ ਸਾਲ ਦੇ ਸ਼ੁਰੂ ਵਿਚ ਮਾਲਕੀ ਦਾ ਜੋ ਰਿਕਾਰਡ ਹੈ ਕੀ ਉਸ ਦੀਆਂ ਦੋ ਪੜਤਾਂ ਜ਼ਿਮੀਦਾਰ ਨੂੰ ਦੇ ਦਿੱਤੀਆਂ ਜਾਣਗੀਆਂ ਤਾਂ ਕਿ ਉਸ ਨੂੰ ਪਟਵਾਰੀ ਦੇ ਪਿੱਛੇ ਪਿੱਛੇ ਗੇੜੇ ਨਾ ਮਾਰਨੇ ਪੈਣ ਔਰ ਕੁਰੱਪਸ਼ਨ ਦਾ ਸਕੋਪ ਬੰਦ ਹੋ ਜਾਵੇ ?

**Mr. Speaker**: It is not a relevant Supplementary. I do not allow it. We come to the next question No. 712 Shri Rajinder Kumar Ji. He is not presnt and no authorisation also.

(Since the Hon. Member concerned was not present in the House, Question No. 712 was not put.)

— — —

**ਰਾਜ ਵਿੱਚ ਸਟਿੱਚ ਕਰਾਫਟ ਦੇ ਟਰੇਨਿੰਗ ਸੈਂਟਰ ਬੰਦ ਕਰਨਾ**

*784. **ਸਰਦਾਰ ਸੁਰਜਨ ਸਿੰਘ** : ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੀਲੇ ਕਾਰਡਾਂ ਦੇ ਪਰਿਵਾਰਾਂ ਦੇ ਮੈਂਬਰਾਂ ਲਈ ਸਟਿੱਚ ਕਰਾਫ਼ਟ ਅਤੇ ਟੇਲਰਿੰਗ ਦੀ ਸਿਖਲਾਈ ਦੇਣ ਲਈ ਰਾਜ ਦੇ ਪਿੰਡਾਂ ਵਿਚ ਖੋਲ੍ਹੇ ਗਏ ਟਰੇਨਿੰਗ ਸੈਂਟਰ, ਹੁਣ ਬੰਦ ਕਰ ਦਿੱਤੇ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ?

Original with;
Punjab Vidhan Sabha
Digitized by;
Panjab Digital Library

**Shri Brahm Mohindera** : District Rural Development Agencies had opened Craft Centres in villages for imparting training in Stiching Embroidery and Tailoring to the members of the families living below the poverty line and holding yellow cards. Initially 233 Centres were set up. Now only 130 Centres are being run. 103 Centres have been closed down due to paucity of funds.

Similarly, The Punjab women and Children Development and Welfare Corporation had planned to set up 12 Centers in the State for imparting training in Handicrafts to women belonging the Scheduled Castes particularly drawn from the Rural Areas who are yellow Card holders. Under the 'Special Centeral Assistance Programme' four such Centeres were set up for the first time during the year, 1985-86 and their locations were shiftd to benefit more areas. However no funds released in the current year and therefore, it would not be possible for this Corporation to Continue these Centres.

ਸਪੀਕਰ ਸਾਹਿਬ, ਇਹ ਸਵਾਲ ਮੈਨੂੰ ਰੋਂਗਲੀ ਐਡਰੈਸ ਹੋ ਗਿਆ ਸੀ, ਪਰ ਮੈਂ ਜਵਾਬ ਦੇ ਦਿੱਤਾ ਹੈ ।

**ਸਰਦਾਰ ਸੁਰਜਨ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਵਿਚ ਪਹਿਲੇ ਸਲਾਈ ਸਕੂਲ ਚਲਾਏ ਗਏ ਸਨ, ਜੋਗਾ, ਖਿਆਲਾ ਅਤੇ ਚੌਕਾ ਆਦਿ ਪਿੰਡਾਂ ਵਿਚ ਜਿਥੇ 100–100 ਤੋਂ ਵੱਧ ਔਰਤਾਂ ਕੰਮ ਕਰਦੀਆਂ ਸਨ, ਉਹ ਸੈਂਟਰ ਵੀ ਬੰਦ ਕਰ ਦਿੱਤੇ ਗਏ ਹਨ। ਕੀ ਉਹ ਦੋਬਾਰਾ ਚਲਾਉਣਗੇ ? ਦੂਜਾ ਮੈਂ ਇਹ ਕਹਿਣਾ ਹੈ ਕਿ ਇਹ ਜਵਾਬ ਅੰਗਰੇਜ਼ੀ ਵਿਚ ਪੜ੍ਹਿਆ ਗਿਆ ਹੈ, ਮੈਨੂੰ ਸਮਝ ਨਹੀਂ ਆਈ, ਕੀ ਇਹ ਪੰਜਾਬੀ ਵਿਚ ਪੜ੍ਹਨ ਦੀ ਖੇਚਲ ਕਰਨਗੇ ?

**ਮੰਤਰੀ** : ਮੇਰਾ ਖਿਆਲ ਹੈ ਕਿ ਜਵਾਬ ਦੀ ਟਰਾਂਸਲੇਸ਼ਨ ਦੀ ਕਾਪੀ ਵੀ ਇਨ੍ਹਾਂ ਕੋਲ ਗਈ ਹੈ। ਜੇ ਕਹੋ ਤਾਂ ਮੈਂ ਪੜ੍ਹ ਦਿੰਦਾ ਹਾਂ।

**ਸ੍ਰੀ ਸਪੀਕਰ** : ਸਪਲੀਮੈਂਟਰੀ ਦਾ ਜਵਾਬ ਤਾਂ ਦੇ ਦਿਓ।

**ਮੰਤਰੀ** : ਇਹ ਸਵਾਲ ਰੂਰਲ ਡਿਵੈਲਪਮੈਂਟ ਮਨਿਸਟਰ ਨਾਲ ਸਬੰਧਤ ਹੈ ਇਸ ਲਈ ਨਵਾਂ ਸਵਾਲ ਕਰ ਲੈਣ ।

**ਸ੍ਰੀ ਸਪੀਕਰ** : ਤੁਸੀਂ ਜਵਾਬ ਦਿੱਤਾ ਹੈ, ਸਪਲੀਮੈਂਟਰੀ ਦਾ ਜਵਾਬ ਵੀ ਦੇ ਸਕਦੇ ਹੋ ? We are not Supposed to the change the hourses mid-stream.

**ਮੰਤਰੀ** : ਵਿਚਾਰ ਕਰ ਲਵਾਂਗੇ ।

---

### ਰਾਜ ਵਿਚ ਸਕੂਲਾਂ ਤੋਂ ਬਗੈਰ ਪਿੰਡ

*757. **ਸ੍ਰੀ ਹੰਸ ਰਾਜ ਜੋਸਨ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਅਜਿਹੇ ਪਿੰਡਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿਥੇ ਅਜੇ ਤੱਕ ਪ੍ਰਾਇਮਰੀ ਸਕੂਲ ਨਹੀਂ ਹਨ ਅਤੇ ਕੀ ਸਰਕਾਰ ਉਕਤ ਪਿੰਡਾਂ ਵਿਚ ਪ੍ਰਾਇਮਰੀ ਸਕੂਲ ਖੋਲ੍ਹਣ ਦਾ ਵਿਚਾਰ ਰੱਖਦੀ ਹੈ ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਹਰਨਾਮ ਦਾਸ ਜੌਹਰ:** ਰਾਜ ਵਿੱਚ 590 ਮਾਲ ਪਿੰਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਨਹੀਂ ਹਨ। ਇਨ੍ਹਾਂ ਪਿੰਡਾਂ ਦੀ ਜ਼ਿਲ੍ਹਾ ਵਾਰ ਵੰਡ ਹੇਠ ਅਨੁਸਾਰ ਹੈ:—

| ਲੜੀ ਨੰ: | ਜ਼ਿਲ੍ਹੇ ਦਾ ਨਾਂ | | ਬਿਨਾ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਪਿੰਡਾਂ ਦੀ ਗਿਣਤੀ |
|---|---|---|---|
| 1 | ਅੰਮ੍ਰਿਤਸਰ | ... | 16 |
| 2 | ਬਠਿੰਡਾ | ... | 1 |
| 3 | ਫਰੀਦਕੋਟ | ... | 1 |
| 4 | ਫਤਿਹਗੜ੍ਹ ਸਾਹਿਬ | ... | 24 |
| 5 | ਫਿਰੋਜ਼ਪੁਰ | ... | 72 |
| 6 | ਗੁਰਦਾਸਪੁਰ | ... | 13 |
| 7 | ਹੁਸ਼ਿਆਰਪੁਰ | ... | 216 |
| 8 | ਜਲੰਧਰ | ... | 34 |
| 9 | ਕਪੂਰਥਲਾ | ... | 72 |
| 10 | ਲੁਧਿਆਣਾ | ... | 30 |
| 11 | ਮਾਨਸਾ | ... | ਨਿਲ |
| 12 | ਪਟਿਆਲਾ | ... | 23 |
| 13 | ਰੋਪੜ | ... | 88 |
| 14 | ਸੰਗਰੂਰ | ... | ਨਿਲ |
| | ਜੋੜ | ... | 590 |

ਬਹੁਤੇ ਪਿੰਡਾਂ ਦੀ ਅਬਾਦੀ ਘੱਟ ਹੈ। ਇਕ ਕਿਲੋਮੀਟਰ ਦੇ ਘੇਰੇ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਖੋਲ੍ਹੇ ਗਏ ਹਨ। ਜਿਸ ਪਿੰਡ ਵਿੱਚ ਵੀ 6–11 ਉਮਰ ਦੇ ਬੱਚਿਆਂ ਦੀ ਗਿਣਤੀ ਘੱਟੋ-ਘੱਟ 50 ਹੈ, ਉਸ ਪਿੰਡ ਵਿੱਚ ਸਕੂਲ ਖੋਲ੍ਹਣ ਲਈ ਵਿਚਾਰ ਕੀਤਾ ਜਾ ਸਕਦਾ ਹੈ।

**ਸ਼੍ਰੀ ਹੰਸ ਰਾਜ ਜੋਸ਼ਨ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਹਰ ਪਿੰਡ ਵਿਚ ਇਕ ਕਿਲੋਮੀਟਰ ਤੇ ਸਕੂਲ ਹੈ ਪਰ ਮੇਰੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ 5–5 ਕਿਲੋਮੀਟਰ ਤੇ ਸਕੂਲ ਦਾ ਫਾਸਲਾ ਤੈਅ ਕਰਕੇ ਬੱਚਿਆਂ ਨੂੰ ਜਾਣਾ ਪੈਂਦਾ ਹੈ। ਦੂਜਾ ਕਈ ਪਿੰਡਾਂ ਵਿਚ ਜਿਥੇ 200–200 ਬੱਚੇ ਹਨ ਕੀ ਉਥੇ ਵੀ ਨਵਾਂ ਸਕੂਲ ਖੋਲ੍ਹਣ ਦਾ ਇੰਤਜ਼ਾਮ ਕਰਨਗੇ ?

**ਮੰਤਰੀ:** ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਹੈ ਕਿ ਹਰ ਕੇਸ ਵਿਚ ਇੰਡਵਿਜੁਅਲੀ ਤੌਰ ਤੇ ਐਗਜ਼ਾਮਿਨ ਕਰ ਲਿਆ ਜਾਵੇਗਾ ਜਿਥੇ ਲੋੜ ਹੋਵੇਗੀ ਉਥੇ ਖੋਲ ਦਿੱਤਾ ਜਾਵੇਗਾ ਅਗਰ 50 ਬੱਚਿਆਂ ਤੋਂ ਜ਼ਿਆਦਾ ਹੋਣਗੇ ਤਾਂ ਖੋਲ੍ਹ ਦਿਆਂਗੇ। ਇਹ ਬੱਚਿਆਂ ਦਾ [illegible] ।

Original with;
Punjab Vidhan Sabha
Digitized by;
Panjab Digital Library

**ਸ੍ਰੀ ਹੰਸ ਰਾਜ ਜੋਸ਼ਨ:** ਸਕੂਲ ਖੋਲ੍ਹਣ ਦਾ ਕਰਾਈਟੇਰੀਆ ਕੀ ਹੈ, ਉਹ ਦਸ ਦੇਣ ?

**ਸ੍ਰੀ ਸਪੀਕਰ:** ਉਹ ਤਾਂ ਦੱਸ ਦਿੱਤਾ ਹੈ 50 ਬੱਚੇ।

**ਸਰਦਾਰ ਜਸਬੀਰ ਸਿੰਘ:** ਕੋਈ ਕਰਾਈਟੇਰੀਆ ਤਾਂ ਹੋਣਾ ਚਾਹੀਦਾ ਹੈ। ਕੀ ਮਨਿਸਟਰ ਸਾਹਿਬ ਦਸਣਗੇ ਕਿ ਕਿੰਨੇ ਕਿਲੋਮੀਟਰ ਤੇ ਜਾਂ ਕਿ ਕਿੰਨੇ ਬੱਚਿਆਂ ਨਾਲ ਇਹ ਸਕੂਲ ਖੋਲ੍ਹਿਆ ਜਾ ਸਕਦਾ ਹੈ ?

**ਸ੍ਰੀ ਸਪੀਕਰ:** ਮਨਿਸਟਰ ਸਾਹਿਬ ਨੇ ਇਕ ਕਿਲੋਮੀਟਰ ਦਾ ਜ਼ਿਕਰ ਕੀਤਾ ਹੈ।

**ਮੰਤਰੀ:** ਸਪੀਕਰ ਸਾਹਿਬ: ਇਕ ਕਿਲੋਮੀਟਰ ਦੇ ਡਿਸਟੈਂਸ ਦਾ ਹੋਣਾ ਜ਼ਰੂਰੀ ਹੈ। ਅਸੀਂ ਘੱਟ ਡਿਸਟੈਂਸ ਤੇ ਵੀ ਖੋਲ ਸਕਦੇ ਹਾਂ ਪਰ 50 ਬੱਚਿਆਂ ਤੋਂ ਜ਼ਿਆਦਾ ਹੋਣੇ ਚਾਹੀਦੇ ਹਨ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਸਪੀਕਰ ਸਾਹਿਬ, 50 ਬੱਚਿਆਂ ਦੇ ਲਈ ਸਕੂਲ ਖੋਲ੍ਹਣ ਦਾ ਕੋਈ ਨਿਸ਼ਚਿਤ ਨਿਯਮ ਨਹੀਂ ਹੈ। ਮਨਿਸਟਰ ਸਾਹਿਬ ਨੇ ਇਥੇ ਬੈਠੇ ਜੋ ਸੁਝਾਅ ਦਿੱਤਾ ਹੈ।

**Mr Speaker** : No Supplementary please.

**ਸਰਦਾਰ ਨਿਰਮਲ ਸਿੰਘ ਨਿੰਮਾ:** ਸਪੀਕਰ ਸਾਹਿਬ, ਸਰਕਾਰ ਨੇ ਇਕ ਕਿਲੋਮੀਟਰ ਦੇ ਏਰੀਆ ਵਿਚ ਸਕੂਲ ਖੋਲ੍ਹੇ ਹੋਏ ਹਨ ਪਰ ਉਥੇ ਪੱਕਾ ਸਟਾਫ ਨਹੀਂ ਲਗਾ ਹੋਇਆ। ਕੀ ਇਹ ਉਥੇ ਪੱਕੇ ਤੌਰ ਤੇ ਟੀਚਰਜ਼ ਲਗਾ ਦੇਣਗੇ ?

**ਸ੍ਰੀ ਸਪੀਕਰ:** ਤੁਸੀਂ ਸੈਪਰੇਟ ਨੋਟਿਸ ਦੇ ਦਿਓ, ਮਨਿਸਟਰ ਸਾਹਿਬ ਜਵਾਬ ਦੇ ਦੇਣਗੇ।

**ਡਾਕਟਰ ਰਮੇਸ਼ ਦੱਤ:** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਹੜਾ ਜਵਾਬ ਦਿੱਤਾ ਹੈ ਉਹ ਟੋਟਲ ਫਿਗਰਜ਼ ਸਟੇਟ ਦੀ ਦੇ ਦਿੱਤੀ ਹੈ। ਜਦ ਕਿ ਇਨ੍ਹਾਂ ਨੂੰ ਡਿਸਟ੍ਰਿਕ ਵਾਈਜ਼ ਦੇਣੀ ਚਾਹੀਦੀ ਸੀ। ਇਹ ਜਵਾਬ ਅਧੂਰਾ ਹੈ। ਟੋਟਲ ਲਿਸਟ ਵਿਚ 590 ਦਸੇ ਗਏ ਹਨ।

**ਸ੍ਰੀ ਸਪੀਕਰ:** ਮਨਿਸਟਰ ਸਾਹਿਬ ਨੇ ਸਾਰਾ ਜਵਾਬ ਦੇ ਦਿੱਤਾ ਹੈ ਅਤੇ ਜ਼ਿਲ੍ਹਾਵਾਰ ਦਿੱਤਾ ਹੈ। ਤੁਸੀਂ ਸੈਪਰੇਟ ਨੋਟਿਸ ਦੇ ਦਿਓ।

**ਸ੍ਰੀ ਮਤੀ ਲਕਸ਼ਮੀ ਕਾਂਤਾ ਚਾਵਲਾ:** ਸਪੀਕਰ ਸਾਹਿਬ, 50 ਬੱਚਿਆਂ ਦਾ ਕੋਈ ਨਿਸ਼ਚਿਤ ਨਿਯਮ ਸਕੂਲ ਖੋਲ੍ਹਣ ਲਈ ਨਹੀਂ ਹੈ। ਇਹ ਗਲਤ ਕਹਿ ਰਹੇ ਹਨ।

**ਸ੍ਰੀ ਸਪੀਕਰ:** ਮੈਂ ਤੁਹਾਨੂੰ ਅਲਾਓ ਹੀ ਨਹੀਂ ਕੀਤਾ। ਮੈਂ ਪਹਿਲੇ ਹੀ ਤੁਹਾਡੀ ਪਿਛਲੀ ਸਪਲੀਮੈਂਟਰੀ ਡਿਸਅਲਾਓ ਕੀਤੀ ਹੈ। ਤੁਸੀਂ ਅੱਛੇ ਪਾਰਲੀਮੈਂਟੇਰੀਅਨ ਹੋ। ਵਿਦਆਊਟ ਪਰਮਿਸ਼ਨ ਤੁਹਾਨੂੰ ਬੋਲਣਾ ਨਹੀਂ ਚਾਹੀਦਾ।

**ਸਰਦਾਰ ਰਾਜ ਸਿੰਘ ਖੇੜੀ:** ਸਪੀਕਰ ਸਾਹਿਬ, ਮੇਰੇ ਇਲਾਕੇ ਵਿਚ ਹਰੀਜਨ ਬਸਤੀ ਸਕੂਲ ਦਾ ਨਾਂ ਰਖਿਆ ਹੋਇਆ ਹੈ ਜਦ ਕਿ ਸੰਵਿਧਾਨਕ ਤੌਰ ਤੇ ਭਾਰਤ ਸਰਕਾਰ ਨੇ ਇਹ ਨਾਂ ਵਰਤਣ ਤੋਂ ਮਨਾਹੀ ਕੀਤੀ ਹੋਈ ਹੈ। ਕੀ ਇਹ ਉਸ ਸਕੂਲ ਦਾ ਨਾਂ ਬਦਲ ਦੇਣਗੇ?

**ਸ੍ਰੀ ਸਪੀਕਰ:** ਤੁਸੀਂ ਸੈਪਰੇਟ ਨੋਟਿਸ ਦਿਓ।

Original with;
Punjab Vidhan Sabha
Digitized by;
Panjab Digital Library

**ਸ੍ਰੀ ਵਿਜੈ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਪ੍ਰਾਇਮਰੀ ਸਕੂਲਾਂ ਦੇ ਲਈ ਬਜਟ ਵਿਚ ਕੋਈ ਫੰਡਜ਼ ਦੀ ਪ੍ਰੋਵੀਜ਼ਨ ਨਹੀਂ ਕੀਤੀ ਗਈ ਹੈ ਫਿਰ ਇਹ ਕਿਸ ਤਰ੍ਹਾਂ ਨਵੇਂ ਪ੍ਰਾਇਮਰੀ ਸਕੂਲ ਹੋਰ ਖੋਲ੍ਹ ਦੇਣਗੇ ? ਇਸ ਦਾ ਬਜਟ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ।

(ਕੋਈ ਜਵਾਬ ਨਹੀਂ ਆਇਆ।)

---

## STARRED QUESTIONS AND ANSWERS

### ਲੁਧਿਆਣਾ ਵਿਚ ਸਾਹਿਰ ਲੁਧਿਆਣਵੀ ਮੈਮੋਰੀਅਲ ਦੀ ਉਸਾਰੀ

*879. (1) ਸਰਦਾਰ ਗੁਰਨਾਮ ਸਿੰਘ ਧੀਰੋਵਾਲ
(2) ਸ੍ਰੀਮਤੀ ਵਿਮਲਾ ਡਾਂਗ } : ਕੀ ਰਾਜ ਮੰਤਰੀ, ਸੈਰ ਸਪਾਟਾ ਅਤੇ

ਸਭਿਆਚਾਰਕ ਮਾਮਲੇ ਦੱਸਣ ਦੀ ਖੇਚਲ ਕਰਨਗੇ ਕਿ ਲੁਧਿਆਣਾ ਵਿਖੇ ਪ੍ਰਸਿੱਧ ਉਰਦੂ ਕਵੀ ਸਾਹਿਰ ਲੁਧਿਆਣਵੀ ਦੇ ਮਾਣ ਵਿੱਚ ਕੋਈ ਯਾਦਗਾਰ ਉਸਾਰੀ ਗਈ ਹੈ ? ਜੇ ਨਹੀਂ ਤਾਂ ਇਹ ਦੱਸਿਆ ਜਾਵੇ ਕਿ ਉਨ੍ਹਾਂ ਦੇ ਜੱਦੀ ਸ਼ਹਿਰ ਲੁਧਿਆਣਾ ਵਿਖੇ ਕੋਈ ਯਾਦਗਾਰ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਕਰਮ ਸਿੰਘ ਗਿੱਲ :** ਨਹੀਂ ਜੀ। ਪਰ ਲੁਧਿਆਣਾ ਵਿਖੇ ਸਾਹਿਰ ਲੁਧਿਆਣਵੀ ਦੇ ਨਾਉਂ ਤੇ ਇੱਕ ਕਲਚਰਲ ਸੈਂਟਰ ਉਸਾਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਜਿਸ ਤਰ੍ਹਾਂ ਅਸੀਂ ਸਾਰੇ ਜਾਣਦੇ ਹਾਂ ਕਿ ਪ੍ਰਸਿੱਧ ਉਰਦੂ ਕਵੀ ਸਾਹਿਰ ਲੁਧਿਆਣਵੀ ਸੀ ਉਨ੍ਹਾਂ ਦੇ ਲਈ ਕੋਈ ਲੁਧਿਆਣੇ ਵਿੱਚ ਯਾਦਗਾਰ ਨਹੀਂ ਬਣਾਈ ਗਈ ਔਰ ਇਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਦੀ ਯਾਦ ਵਿਚ ਇਕ ਕਲਚਰਲ ਸੈਂਟਰ ਉਸਾਰਨ ਦਾ ਵਿਚਾਰ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਸੈਂਟਰ ਨੂੰ ਬਨਾਉਣ ਲਈ ਸਰਕਾਰ ਫੰਡਜ਼ ਅਵੇਲੇਬਲ ਕਰਕੇ ਕਦੋਂ ਤੱਕ ਬਣਾ ਦੇਵੇਗੀ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਸੈਂਟਰ ਲਈ ਜ਼ਮੀਨ ਲੈ ਲਈ ਹੈ ਅਤੇ ਜਦੋਂ ਫੰਡਜ਼ ਅਵੇਲੇਬਲ ਹੋ ਜਾਣਗੇ ਉਦੋਂ ਇਸ ਸੈਂਟਰ ਨੂੰ ਉਸਾਰ ਦਿੱਤਾ ਜਾਵੇਗਾ।

---

### ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਸਰਹੱਦੀ ਜ਼ਿਲ੍ਹਿਆਂ ਨੂੰ ਛੱਡ ਗਏ ਪ੍ਰਵਾਸੀ ਉਦਯੋਗਪਤੀਆਂ ਨੂੰ ਵਿਸ਼ੇਸ਼ ਸਹੂਲਤਾਂ/ਕਰਜ਼ੇ

*848. **ਸ੍ਰੀ ਫਕੀਰ ਚੰਦ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਇਹ ਠੀਕ ਹੈ ਕਿ ਮੌਜੂਦਾ ਸਰਕਾਰ ਦੁਆਰਾ ਰਾਜ ਪ੍ਰਬੰਧ ਸੰਭਾਲਣ ਤੋਂ ਪਹਿਲਾਂ ਰਾਜ ਵਿਚ ਅਨਿਸ਼ਚਿਤ ਹਾਲਤਾਂ ਦੇ ਕਾਰਣ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਸਰਹੱਦੀ ਜ਼ਿਲ੍ਹਿਆਂ ਤੋਂ ਬਹੁਤ ਸਾਰੇ ਉਦਯੋਗਪਤੀ ਦੂਸਰੇ ਰਾਜਾਂ/ਵਿਦੇਸ਼ਾਂ ਨੂੰ ਚਲੇ ਗਏ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਸਰਕਾਰ ਦੀ ਉਨ੍ਹਾਂ ਉਦਯੋਗਪਤੀਆਂ ਨੂੰ, ਜਿਹੜੇ ਰਾਜ ਵਿਚ ਮੁੜ ਵਾਪਸ ਆਉਣਾ ਅਤੇ ਆਪਣੇ ਕਾਰੋਬਾਰ ਦੁਬਾਰਾ ਸ਼ੁਰੂ ਕਰਨਾ ਚਾਹੁੰਦੇ ਹੋਣ, ਨੂੰ ਵਿਸ਼ੇਸ਼ ਕਰਜ਼ੇ ਅਤੇ ਹੋਰ ਸਹੂਲਤਾਂ ਦੇਣ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ?

Original with;
Punjab Vidhan Sabha
Digitized by;
Panjab Digital Library

**Sardar Beant Singh** (a) The Department of Industries do not maintain an data on the migration of industrialists. However, regarding the shifting of industrial units from State of Punjab to other States, a statement is laid on the Table of the House. The Government extends facilities to all those industrialists who desire to set up industrial units in the state.

**Statement regarding shifting of Industrial Unit from Border Districts of Amritsar and Gurdaspur**

The Department of Industries do not maintain any data in the migration of industrialists. However, as per field reports received by the department, no unit is stated to have completely shifted from the border districts of Amritsar and Gurdaspur to other States of the country. No small scale unit has also sought permission for inter-State shifting of their unit as required under the guidelines issued by the Development Commissioner for Small Scale Industries. However, It is quite possible that some existing industrialists of the Punjab might have set up their new units in other States as they have tendency to go in for geographical dispersal in the process of expansion.

2. With the improved law and order situation and atracted by better infrastruture, better business environment and a new "package or Incentive", quite a few big houses in the country are planning to set up their units in the State. Recently, Gujrat Ambuja Cements signed an agreement with the Government of Punjab to set up a cement grining unit based on fly-ash from Ropar Thermal Plant. Shriram Group are also planning to set up a commercial complex and industrial estate in the State of Punjab.

**ਸ੍ਰੀ ਫਕੀਰ ਚੰਦ :** ਅੰਮ੍ਰਿਤਸਰ ਇੰਡਸਟਰੀ ਲਗੀ ਹੋਈ ਹੈ। ਇਹ ਰਿਲੀਜੀਅਸ ਸ਼ਹਿਰ ਹੈ। ਇਸ ਦਾ ਹੋਰ ਵੀ ਜ਼ਿਆਦਾ ਮਹੱਤਵ ਹੈ। ਸਭ ਤੋਂ ਵੱਧ ਬਾਰਡਰ ਟਾਊਨ ਵੀ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਦੇ ਕੋਈ ਵਿਚਾਰ ਅਧੀਨ ਹੈ ਕਿ ਉਥੇ ਅੰਮ੍ਰਿਤਸਰ ਵਿਚ ਕੋਈ ਟੂਰੈਸਟ ਕੰਪਲੈਕਸ ਬਣਾਇਆ ਜਾਵੇ ਜਾਂ ਸ਼ਹਿਰ ਵਿਚ ਕੋਈ ਵੱਡੀ ਇੰਡਸਟਰੀ ਲਗਾਈ ਜਾਵੇ ਜਾਂ ਕੋਈ ਹੋਰ ਕੰਪਲੈਕਸ ਬਣਾਇਆ ਜਾਵੇ।

**ਸ੍ਰੀ ਸਪੀਕਰ :** ਇਹ ਕੋਈ ਸਪਲੀਮੈਂਟਰੀ ਨਹੀਂ ਹੈ। ਮੈਂ ਅਲਾਉ ਨਹੀਂ ਕਰਦਾ।

**ਸਰਦਾਰ ਨਿਰਮਲ ਸਿੰਘ ਨਿੰਮਾ :** ਸਪੀਕਰ ਸਾਹਿਬ ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਵਿਚ ਕੋਈ ਨਵੀਂ ਇੰਡਸਟਰੀ ਸਰਕਾਰ ਵੱਲੋਂ ਲਗਾਉਣ ਦੀ ਤਜਵੀਜ਼ ਹੈ। ਉਥੋਂ 20 ਪਰਿਵਾਰ ਉਜੜ ਗਏ ਹਨ। ਇਸ ਸਬੰਧ ਵਿਚ ਮੁੱਖ ਮੰਤਰੀ ਸਾਹਿਬ ਵੱਲੋਂ ਅਤੇ ਮੁੱਖ ਸਕੱਤਰ ਵਲੋਂ ਜੋ ਲੈਟਰ ਗਏ ਹਨ ਔਰ ਡੀ. ਸੀ. ਸਾਹਿਬ ਨੇ ਉਸ ਦੀ ਪਾਲਣਾ ਨਹੀਂ ਕੀਤੀ ਤਾਂ ਕੀ ਇਸ ਦਾ ਜਵਾਬ ਸੀ.ਐਮ. ਸਾਹਿਬ ਦੇਣਗੇ ? ਡੀ.ਸੀ. ਦੇ ਖਿਲਾਫ਼ ਜਿਸ ਨੇ ਗਲਤ ਕਾਰਵਾਈ ਕੀਤੀ ਹੈ ਉਸ ਤੇ ਕੋਈ ਕਾਰਵਾਈ ਕਰਨਗੇ ?

**ਸ੍ਰੀ ਸਪੀਕਰ :** ਇਸ ਬਾਰੇ ਤੁਸੀਂ ਸੈਪਰੇਟ ਕੁਐਸਚਨ ਦੇ ਦਿਉ।

Original with;
Punjab Vidhan Sabha
Digitized by;
Panjab Digital Library

**ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸੁਰਖਿਆ ਬਲਾਂ ਨੂੰ ਠਹਿਰਾਉਣ ਵਾਸਤੇ ਪ੍ਰਾਪਤ ਕੀਤੀਆਂ ਗਈਆਂ ਇਮਾਰਤਾਂ ਦੇ ਬਿਜਲੀ ਅਤੇ ਪਾਣੀ ਦੇ ਬਿੱਲਾਂ ਦੀ ਅਦਾਇਗੀ ਬਾਰੇ**

*889. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਮੁੱਖ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨਗੇ:—

(ੳ) ਅੰਮ੍ਰਿਤਸਰ ਜ਼ਿਲ੍ਹੇ ਵਿਚ ਸੁਰਖਿਆ ਬਲਾਂ ਨੂੰ ਇਕ ਅਪਰੈਲ, 1992 ਤੋਂ 26 ਫਰਵਰੀ, 1993 ਤੱਕ ਠਹਿਰਾਉਣ ਲਈ ਪ੍ਰਾਪਤ ਕੀਤੀਆਂ ਪ੍ਰਾਈਵੇਟ ਇਮਾਰਤਾਂ ਦੀ ਗਿਣਤੀ ;

(ਅ) ਉਪਰੋਕਤ ਭਾਗ 'ੳ' ਵਿਚ ਦਰਸਾਈਆਂ ਇਮਾਰਤਾਂ ਵਿਚੋਂ ਉਨ੍ਹਾਂ ਇਮਾਰਤਾਂ ਦੀ ਗਿਣਤੀ ਜਿਹਨਾਂ ਦੇ ਬਿਜਲੀ ਅਤੇ ਪਾਣੀ ਦੇ ਬਿੱਲਾਂ ਦੀ ਅਦਾਇਗੀ ਸਰਕਾਰ ਵੱਲੋਂ ਕੀਤੀ ਜਾ ਚੁੱਕੀ ਹੈ, ਸਮੇਤ ਉਨ੍ਹਾਂ ਇਮਾਰਤਾਂ ਦੀ ਗਿਣਤੀ ਜਿਹਨਾਂ ਦੇ ਬਿਜਲੀ ਅਤੇ ਪਾਣੀ ਦੇ ਬਿੱਲਾਂ ਦੀ ਅਦਾਇਗੀ ਸਰਕਾਰ ਵੱਲੋਂ ਅਜੇ ਤੱਕ ਨਹੀਂ ਕੀਤੀ ਗਈ ਹੈ ;

(ੲ) ਉਹ ਸਮਾਂ ਦੱਸਿਆ ਜਾਵੇ ਜਦੋਂ ਸੁਰੱਖਿਆ ਬਲਾਂ ਨੂੰ ਠਹਿਰਾਉਣ ਲਈ ਪ੍ਰਾਪਤ ਕੀਤੀਆਂ ਗਈਆਂ ਪ੍ਰਾਈਵੇਟ ਇਮਾਰਤਾਂ ਦੇ ਸਾਰੇ ਬਿਜਲੀ ਅਤੇ ਪਾਣੀ ਦੇ ਬਿੱਲਾਂ ਦੀ ਅਦਾਇਗੀ ਕਰਨ ਦੀ ਸੰਭਾਵਨਾ ਹੈ ?

**Sardar Beant Singh** (a) 33

(b) (i) Paid up 16

(ii) To be paid 17

(c Payment in respect of unpaid bills will be made on reciept of funds under the Budget grant for the year 1993-94.

श्रीमती लक्ष्मी कांता चावला : अध्यक्ष महोदय, मैं मंत्री जी से तीन बातें एक स्वाल से पूछना चाहती हूं।

**ਸ੍ਰੀ ਸਪੀਕਰ : ਇਕ ਸਪਲੀਮੈਂਟਰੀ ਵਿਚ ਤੁਸੀਂ ਇਕ ਹੀ ਪ੍ਰਸ਼ਨ ਪੁੱਛ ਸਕਦੇ ਹੋ ;**

श्रीमती लक्ष्मी कांता चावला: ठीक है थरी इन वन करती हूं। अध्यक्ष महोदय, आज तक बिल्डिग का किराया क्यों नहीं दिया गया और किराया अब कब तक सरकार दे देगी। क्या न देने से सरकार की साख बदनाम नहीं होगी?

**Mr. Speaker :** It is a matter of opinion. I do not allow this part of supplementary. ਇਹ ਕਦੋਂ ਤਕ ਦੇ ਦੇਵੋਂਗੇ। ਇਸ ਬਾਰੇ, ਸੀ.ਐਮ. ਸਾਹਿਬ, ਦੱਸ ਦੇਵੋ।

ਮੁੱਖ ਮੰਤਰੀ : ਮੈਂ ਤਾਂ, ਸਪੀਕਰ ਸਾਹਿਬ, ਹੁਣੇ ਹੀ ਜਵਾਬ ਵਿੱਚ ਦਸਿਆ ਹੈ ਕਿ ਤਕਰੀਬਨ 16 ਦਾ ਭੁਗਤਾਨ ਕਰ ਦਿਤਾ ਹੈ। ਬੜੀ ਜਲਦੀ ਹੀ ਹੁਣ 1993-94 ਦਾ ਬਜਟ ਪਾਸ ਹੋਣ ਤੋਂ ਬਾਅਦ ਫੰਡਜ਼ ਮਿਲਣ ਤੇ ਕਰ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਤੋਂ ਪੁੱਛਣਾ ਚਾਹੁੰਦਾ ਹਾਂ ਉਨ੍ਹਾਂ ਦਾ ਜਵਾਬ ਤਾਂ ਬੜਾ ਸੈਟਿਸਫੈਕਟਰੀ ਹੈ। ਪਿਛੇ ਵੀ ਇਸ ਤਰ੍ਹਾਂ ਦਾ ਪ੍ਰਸ਼ਨ ਆਇਆ ਸੀ ਜੋ ਅੰਮ੍ਰਿਤਸਰ ਜਿਲ੍ਹੇ ਦੇ ਨਾਲ ਤੁਅੱਲਕ ਰਖਦਾ ਸੀ ਜਿਹੜੀਆਂ ਆਰਜ਼ੀ ਚੌਕੀਆਂ ਸਥਾਪਤ ਕੀਤੀਆਂ ਗਈਆਂ ਉਨ੍ਹਾਂ ਦੇ ਕਿਰਾਏ ਦੇ ਬਾਰੇ ਵਿਚ, ਪਰ ਮੁੱਖ ਮੰਤਰੀ ਜੀ ਨੇ ਮਜਬੂਰੀ ਜ਼ਾਹਰ ਕੀਤੀ ਸੀ। ਟੈਂਪਰੇਰੀ ਚੌਕੀਆਂ ਹਨ। ਇਸ ਕਰਕੇ ਅਸੀਂ ਕਿਰਾਇਆ ਵਗੈਰਾ ਨਹੀਂ ਦੇ ਸਕਦੇ। ਹੁਣ ਪ੍ਰਸ਼ਨ ਹੈ ਕਿ ਜਿਹੜੀਆਂ ਬਿਲਡਿੰਗਾਂ ਲਈਆਂ ਗਈਆਂ ਉਨ੍ਹਾਂ ਦਾ ਬਿਜਲੀ ਪਾਣੀ ਦਾ ਬਿੱਲ ਹੈ। ਸੀ.ਐਮ. ਸਾਹਿਬ ਨੇ ਕਿਹਾ ਹੈ ਕਿ 1993-94 ਦੇ ਬਜਟ ਵਿਚ ਪਰੋਵੀਜ਼ਨ ਹੈ ਔਰ ਇਹ ਦੇ ਦਿੱਤਾ ਜਾਵੇਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਮਸਲਾ ਇਕੱਲੇ ਅੰਮ੍ਰਿਤਸਰ ਡਿਸਟ੍ਰਿਕਟ ਦਾ ਨਹੀਂ ਹੈ। ਮਜੀਠਾ ਅਤੇ ਹੋਰ ਵੀ ਜਗ੍ਹਾ ਤੇ ਇਹ ਮਸਲਾ ਹੈ। ਮੇਰੇ ਆਪਣੇ ਜ਼ਿਲ੍ਹੇ ਵਿਚ ਵੀ ਬੋਹਾ ਦੀ ਇਕ ਧਰਮਸ਼ਾਲਾ ਦਾ 10,000 ਰੁਪਏ ਦਾ, ਜੋ ਕਿ ਸਨਾਤਮ ਧਰਮ ਸਭਾ ਦੀ ਹੈ ਦਾ ਬਿਜਲੀ ਪਾਣੀ ਦਾ ਬਕਾਇਆ ਹੈ। ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਇਸ ਤਰ੍ਹਾਂ ਦੀਆਂ ਜਿਹੜੀਆਂ ਬਿਲਡਿੰਗਾਂ ਕਰਾਏ ਤੇ ਲਈਆਂ ਗਈਆਂ ਹਨ, ਕੀ ਉਨ੍ਹਾਂ ਦਾ ਬਿਜਲੀ ਪਾਣੀ ਦਾ ਬਿੱਲ ਅਤੇ ਕਿਰਾਇਆ ਪੇਅ ਕਰ ਦਿੱਤਾ ਜਾਵੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਬੇਨਤੀ ਹੈ ਕਿ ਪਿਛਲੇ ਸਾਲਾਂ ਦੇ ਅੰਦਰ ਬੜਾ ਕੰਮ ਹੋਇਆ ਹੈ, ਸਿਕਿਉਰਟੀ ਵਾਸਤੇ ਬੜਾ ਚੰਗਾ ਬੰਦੋਬਸਤ ਕਰਨਾ ਪਿਆ ਔਰ ਇਸ ਕਾਰਣ ਸਾਨੂੰ 3 ਜ਼ਿਲ੍ਹੇ ਹੋਰ ਬਣਾਉਣੇ ਪਏ। ਇਹ ਅੰਮ੍ਰਿਤਸਰ ਦੀ ਗੱਲ ਹੈ। ਪੁਲਿਸ ਸਟੇਸ਼ਨ ਅੰਮ੍ਰਿਤਸਰ ਦਾ ਅਲੱਗ ਹੈ, ਤਰਨਤਾਰਨ ਦਾ ਅਲੱਗ ਹੈ ਅਤੇ ਮਜੀਠੇ ਦਾ ਅਲੱਗ ਹੈ।

ਉਸਨੂੰ ਆਰਗੇਨਾਈਜ਼ ਕਰਨ ਵਾਸਤੇ ਸਮਾਂ ਚਾਹੀਦਾ ਸੀ। ਚੌਕੀਆਂ ਲਈਆਂ ਗਈਆਂ ਹਨ। ਅੱਧਿਆਂ ਨੂੰ ਪੈਸੇ ਦਿੱਤੇ ਹਨ, ਬਾਕੀਆਂ ਨੂੰ ਦੇਣ ਨੂੰ ਤਿਆਰ ਹਾਂ। ਅਰਸ਼ੀ ਸਾਹਿਬ ਦੇ ਜ਼ਿਲ੍ਹੇ ਦੀ ਵੀ ਇਹੋ ਗੱਲ ਹੈ। ਮਾਨਸਾ ਜ਼ਿਲ੍ਹਾ ਬਠਿੰਡਾ ਵਿਚੋਂ ਨਿਕਲ ਕੇ ਬਣਿਆ ਹੈ। ਹਾਲੇ ਅਸੀਂ ਬੜੀ ਐਲੀਮੈਂਟਰੀ ਸਟੇਜ ਦੇ ਅੰਦਰ ਹਾਂ। ਜਿਉਂ ਜਿਉਂ ਪਤਾ ਲਗੇਗਾ, ਪੇਮੈਂਟ ਕਰ ਦਿੱਤੀ ਜਾਵੇਗੀ।

**ਸ੍ਰੀ ਸਪੀਕਰ** : ਪ੍ਰਸ਼ਨ ਨੰ: 880 ਲਈ ਕਾਮਰੇਡ ਗੁਰਨਾਮ ਸਿੰਘ ਧੀਰੋਵਾਲ ਵਲੋਂ ਅਥਾਰਿਟੀ ਆ ਗਈ ਹੈ। ਕਾਮਰੇਡ ਹਰਦੇਵ ਸਿੰਘ ਅਰਸ਼ੀ ਪ੍ਰਸ਼ਨ ਪੁੱਛ ਲੈਣ।

---

### ਲੁਧਿਆਣਾ ਵਿਚ ਸੜਕ ਦਾ ਨਾਂ ਸਾਹਿਰ ਲੁਧਿਆਣਵੀ ਸੜਕ ਵਜੋਂ ਰਖਣਾ

*880. (1) **ਕਾਮਰੇਡ ਗੁਰਨਾਮ ਸਿੰਘ** ਧੀਰੋਵਾਲ
(2) **ਸ੍ਰੀਮਤੀ ਵਿਮਲਾ ਡਾਂਗ**
} (ਕਾਮਰੇਡ ਹਰਦੇਵ ਸਿੰਘ ਅਰਸ਼ੀ ਵਲੋਂ ਪੇਸ਼ ਕੀਤਾ ਗਿਆ) : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਲੜਕਿਆਂ ਦੇ ਸਰਕਾਰੀ ਕਾਲਜ, ਲੁਧਿਆਣਾ ਦੇ ਸਾਹਮਣੇ ਪੈਂਦੀ ਸੜਕ ਸਾਹਿਰ ਸੜਕਵੱਜੋਂ ਜਾਣੀ ਜਾਂਦੀ ਹੈ; ਜੇਕਰ ਨਹੀਂ ਤਾਂ ਕੀ ਸਰਕਾਰ ਉਕਤ ਸੜਕ ਦਾ ਨਾਮ ਉਰਦੂ ਦੇ ਪ੍ਰਸਿੱਧ ਕਵੀ ਸਵਰਗਵਾਸੀ ਸਾਹਿਰ ਲੁਧਿਆਣਵੀ ਦੀ ਯਾਦ ਵਿਚ ਸਹਿਰ ਲੁਧਿਆਣਵੀ ਸੜਕ ਵੱਜੋਂ ਰੱਖਣ ਦਾ ਵਿਚਾਰ ਰੱਖਦੀ ਹੈ ?

**Doctor Kewal Krishan** : Yes, please. College Road facing Government College for Boys in Ludhiana was renamed Sahir Ludhianvi Road in June, 1988.

---

Original with;
Punjab Vidhan Sabha
Digitized by;
Panjab Digital Library

**ਜ਼ਿਲ੍ਹਾ ਮਾਨਸਾ ਵਿਚ ਖਰੀਦ ਕੇਂਦਰ, ਕੁਲਰੀਆਂ ਦੇ ਪਲੇਟਫਾਰਮ ਨੂੰ ਪੱਕਾ ਕਰਨਾ**

*834. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਪੰਜਾਬ ਖੇਤੀਬਾੜੀ ਮੰਡੀਕਰਣ ਬੋਰਡ ਨੇ 1992 ਦੇ ਸ਼ੁਰੂ ਵਿਚ ਮਾਰਕੀਟ ਕਮੇਟੀ, ਬਰੇਟਾ, ਜ਼ਿਲ੍ਹਾ ਮਾਨਸਾ ਅਧੀਨ ਪੈਂਦੇ ਖਰੀਦ ਕੇਂਦਰ ਕੁਲਰੀਆ ਦੇ ਪਲੇਟਫਾਰਮ ਨੂੰ ਪੱਕਾ ਕਰਨ ਦਾ ਕੰਮ ਕੀਤਾ ;

(ਅ) ਕੀ ਕਸਬੇ ਦੇ ਵਸਨੀਕਾਂ ਵੱਲੋਂ ਉਪਰੋਕਤ ਭਾਗ (ੳ) ਵਿਚ ਵਰਣਿਤ ਪਲੇਟਫਾਰਮ ਤੇ ਮਿੱਟੀ ਭਰਨ (ਭਰਤੀ ਪਾਉਣ) ਦੇ ਕੰਮ ਵਿਚ ਹੇਰਾਫੇਰੀ ਕਰਨ ਦਾ ਦੋਸ਼ ਲਗਾਉਂਦਿਆਂ ਕੋਈ ਸ਼ਕਾਇਤਾਂ ਪ੍ਰਾਪਤ ਹੋਈਆਂ ; ਜੇਕਰ ਪ੍ਰਾਪਤ ਹੋਈਆਂ, ਤਾਂ ਉਨ੍ਹਾਂ ਤੇ ਕੀਤੀ ਗਈ ਕਾਰਵਾਈ, ਜੇਕਰ ਕੋਈ ਹੋਵੇ, ਦਾ ਵੇਰਵਾ ਕੀ ਹੈ ?

**ਸਰਦਾਰ ਦਲਬਾਗ ਸਿੰਘ ਨਵਾਂ ਸ਼ਹਿਰ** : (ੳ) ਹਾਂ ਜੀ।

(ਅ) ਹਾਂ ਜੀ। ਪਿੰਡ ਕੁੱਲਰੀਆਂ ਦੇ ਸਾਬਕਾ ਪੰਚ ਸਰਦਾਰ ਤੇਜਾ ਸਿੰਘ ਵੱਲੋਂ ਇਸ ਪਲੇਟਫਾਰਮ ਤੇ ਮਿੱਟੀ ਭਰਨ ਦੇ ਕੰਮ ਵਿਚ ਹੇਰਾਫੇਰੀ ਕਰਨ ਦੇ ਦੋਸ਼ ਬਾਰੇ ਡਿਪਟੀ ਕਮਿਸ਼ਨਰ, ਮਾਨਸਾ ਨੂੰ ਸ਼ਿਕਾਇਤ ਕੀਤੀ ਗਈ। ਇਸ ਸ਼ਿਕਾਇਤ ਉਪਰ ਡਿਪਟੀ ਕਮਿਸ਼ਨਰ, ਮਾਨਸਾ ਨੇ ਐਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ) ਰਾਹੀਂ ਪੜਤਾਲ ਕਰਵਾਈ। ਇਹ ਪੜਤਾਲ ਰਿਪੋਰਟ ਡਿਪਟੀ ਕਮਿਸ਼ਨਰ, ਮਾਨਸਾ ਰਾਹੀਂ ਪੰਜਾਬ ਮੰਡੀ ਬੋਰਡ ਵਿਚ 29 ਜਨਵਰੀ 1993 ਨੂੰ ਪ੍ਰਾਪਤ ਹੋਈ ਹੈ। ਪੰਜਾਬ ਮੰਡੀ ਬੋਰਡ ਵਿਚ ਇਸ ਰਿਪੋਰਟ ਉਪਰ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਉਥੇ ਥੜਾ ਪੱਕਾ ਕਰਨ ਦਾ ਕੰਮ ਹੈ, ਉਹ ਮੰਡੀਕਰਣ ਬੋਰਡ ਵੱਲੋਂ ਕੀਤਾ ਗਿਆ। ਇਹ ਹਕੀਕਤ ਹੈ ਕਿ ਉਥੇ ਅਰਥ ਵਰਕ ਦਾ ਸਾਰੇ ਦਾ ਸਾਰਾ ਕੰਮ ਪਿੰਡ ਦੀ ਪੰਚਾਇਤ ਵੱਲੋਂ ਕੀਤਾ ਗਿਆ। ਮੰਡੀਕਰਣ ਬੋਰਡ ਦੇ ਅਧਿਕਾਰੀਆਂ ਨੇ ਉਥੇ ਬਹੁਤ ਵੱਡੀ ਕੁਰੱਪਸ਼ਨ ਕੀਤੀ। 2 ਲੱਖ 24 ਹਜ਼ਾਰ ਰੁਪਏ ਦਾ ਜਿਹੜਾ ਖਰਚਾ ਹੈ ਜੀ, ਉਨ੍ਹਾਂ ਨੇ ਆਪਣੇ ਜ਼ਿੰਮੇ ਪਾ ਲਿਆ। ਇਨ੍ਹਾਂ ਨੇ ਆਪਣੇ ਉਤਰ ਵਿੱਚ ਕਿਹਾ ਹੈ ਕਿ ਡਿਪਟੀ ਕਮਿਸ਼ਨਰ ਨੂੰ ਕੰਪਲੇਂਟ ਪ੍ਰਾਪਤ ਹੋਈ, ਉਨ੍ਹਾਂ ਨੇ ਏ.ਡੀ.ਸੀ. ਦੀ ਡਿਊਟੀ ਲਗਾ ਦਿੱਤੀ, ਉਨ੍ਹਾਂ ਨੇ ਇਨਕੁਆਇਰੀ ਕਰ ਦਿੱਤੀ ਅਤੇ ਪ੍ਰਾਸੈਸ ਹਾਲੇ ਚਲ ਰਿਹਾ ਹੈ। ਇਹ ਪੂਰਾ ਉਤਰ ਠੀਕ ਨਹੀਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਜਿਹੜਾ ਲੋਕਲ ਬੀ.ਡੀ.ਓ. ਹੈ, ਉਸਦੀ ਡਿਊਟੀ ਲਗੀ। ਉਨ੍ਹਾਂ ਨੇ ਇਨਕੁਆਇਰੀ ਕਰਕੇ ਇਕ ਰਿਪੋਰਟ ਸਬਮਿਟ ਕਰ ਦਿੱਤੀ ਡੀ.ਸੀ. ਨੂੰ ਕਿ ਇਨ੍ਹਾਂ ਅਫਸਰਾਂ ਦੇ ਵਿਰੁੱਧ ਕੇਸ ਰਜਿਸਟਰ ਕਰੋ ਔਰ ਉਸ ਵਿੱਚ ਸਬੰਧਤ ਮਹਿਕਮੇਂ ਦੇ ਅਧਿਕਾਰੀ ਪੂਰੀ ਤਰ੍ਹਾਂ ਦੋਸ਼ੀ ਪਾਏ ਗਏ ਅਤੇ ਇਹ ਸਾਬਤ ਹੋ ਗਿਆ ਕਿ 2 ਲੱਖ 24 ਹਜ਼ਾਰ ਰੁਪਏ ਦਾ ਫਰਾਡ ਇਨ੍ਹਾਂ ਅਧਿਕਾਰੀਆਂ ਨੇ ਕੀਤਾ ਹੈ। ਉਸ ਇਨਕੁਆਇਰੀ ਤੇ ਅਮਲ ਕਿਉਂ ਨਹੀਂ ਕੀਤਾ ਗਿਆ ਅਤੇ ਦੋਬਾਰਾ ਇਨਕੁਆਇਰੀ ਕਰਾਉਣ ਦੀ ਜ਼ਰੂਰਤ ਕਿਉਂ ਪਈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਇਨਕੁਆਇਰੀ ਆਈ ਹੈ, ਉਸ ਵਿੱਚ ਘਪਲੇਬਾਜ਼ੀ ਜ਼ਰੂਰ ਹੈ ਲੇਕਿਨ ਉਸਦੀ ਅਜੇ ਇਨਕੁਆਇਰੀ ਹੋਰ ਹੋ ਰਹੀ ਹੈ। ਕਿੰਨੀ ਮਿਨਤੀ ਕਰਨੀ ਹੈ ਉਸ ਵਿੱਚ ਪੰਚਾਇਤ ਦੇ ਕੁਝ ਕਰਮਚਾਰੀ ਵੀ ਇਨਵਾਲਵਡ ਹਨ ਅਤੇ ਮੰਡੀਕਰਣ ਬੋਰਡ ਦੇ ਵੀ । ਇਹ ਇਨਕੁਆਇਰੀ ਜਲਦੀ ਤੋਂ ਜਲਦੀ ਕਰਾ ਕੇ ਇਨ੍ਹਾਂ ਦੀ ਤਸੱਲੀ ਕਰਾ ਦਿਆਂਗੇ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਮੈਂ ਮਾਨਯੋਗ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਦੱਸਣਗੇ ਕਿ ਜਿਹੜੀ ਹੁਣੇ ਇਨਕੁਆਇਰੀ ਹੋਈ ਹੈ, ਏ.ਡੀ.ਸੀ. ਨੇ ਇਨਕੁਆਇਰੀ ਕਰ ਦਿੱਤੀ। ਉਸ ਵਿੱਚ ਉਨ੍ਹਾਂ ਨੇ ਦੱਸ ਦਿੱਤਾ ਕਿ ਕੁਝ ਡਰਾਬੈਕਸ ਹਨ। ਹੁਣ ਜਿਹੜੀ ਇਨਕੁਆਇ ਹੈ, ਉਹ ਕਿਸ ਤੋਂ ਕਰਵਾਈ ਜਾ ਰਹੀ ਹੈ ਔਰ ਕਦੋਂ ਤੱਕ ਮੁਕੰਮਲ ਹੋ ਕੇ ਜਿਹੜੇ ਅਸਲ ਦੋਸ਼ੀ ਹਨ, ਅਸਲ ਜੋ ਸਥਿਤੀ ਹੈ, ਉਹ ਸਾਹਮਣੇ ਲਿਆ ਦਿੱਤੀ ਜਾਵੇਗੀ।

**ਸ੍ਰੀ ਸਪੀਕਰ** : ਇਨ੍ਹਾਂ ਨੇ ਕਹਿ ਦਿੱਤਾ ਹੈ ਕਿ 29 ਜਨਵਰੀ, 1993 ਨੂੰ ਰਿਪੋਰਟ ਆ ਗਈ ਹੈ ।

**ਮੰਤਰੀ** : ਰਿਪੋਰਟ ਆਉਣ ਤੋਂ ਬਾਅਦ ਜਿਹੜਾ ਟੈਕਨੀਕਲ ਡਿਪਾਰਟਮੈਂਟ ਹੈ, ਉਹ ਐਗਜ਼ਾਮਿਨ ਕਰ ਰਿਹਾ ਹੈ ਕਿ ਕਿੰਨੀ ਇਹਦੇ ਵਿੱਚ ਮਿਨਤੀ ਕਰਕੇ ਕਿੰਨੀ ਮਿੱਟੀ ਘੱਟ ਹੈ, ਕਿੰਨੀ ਵੱਧ ਹੈ, ਉਹ ਸਾਰਾ ਕੰਮ ਕਰਕੇ ਇਨਕੁਆਇਰੀ ਮੁਕੰਮਲ ਹੋ ਜਾਵੇਗੀ।

— — —

## ਨਿਸ਼ਾਨਵਾਲੇ ਪ੍ਰਸ਼ਨ ਨੰ: 890 ਅਤੇ 891

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਏ)

— — —

## ਜ਼ਿਲ੍ਹਾ ਅੰਮ੍ਰਿਤਸਰ ਵਿਚ ਅੱਤਵਾਦੀਆਂ ਦਾ ਸ਼ਿਕਾਰ ਹੋਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਨੌਕਰੀਆਂ ਦੇਣਾ

*864. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਰਾਹਤ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੱਤਵਾਦੀਆਂ ਦੁਆਰਾ ਜ਼ਿਲ੍ਹਾ ਅੰਮ੍ਰਿਤਸਰ ਦੇ ਮਾਰੇ ਗਏ ਵਿਅਕਤੀਆਂ ਦੇ ਆਸ਼ਰਿਤਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ 31 ਜਨਵਰੀ, 1993 ਤੱਕ ਪਹਿਲਤਾ ਦੇ ਆਧਾਰ ਤੇ ਰੋਜ਼ਗਾਰ ਦਿੱਤਾ ਗਿਆ ਹੈ ਅਤੇ ਕਿੰਨੀਆਂ ਅਰਜ਼ੀਆਂ ਅਜ ਨਿਪਟਾਰੇ ਲਈ ਪੈਂਡਿੰਗ ਪਈਆਂ ਹਨ।

**ਸ੍ਰੀ ਬਾਲ ਮੁਕੰਦ ਸ਼ਰਮਾ** : ਅੱਤਵਾਦੀਆਂ ਹੱਥੋਂ ਮਾਰੇ ਗਏ ਵਿਅਕਤੀਆਂ ਦੇ ਅੰਮ੍ਰਿਤਸਰ ਜ਼ਿਲ੍ਹੇ ਵਿਚ 434 ਆਸ਼ਰਿਤਾਂ ਨੂੰ ਪਹਿਲ ਦੇ ਅਧਾਰ ਤੇ 31 ਜਨਵਰੀ, 1993 ਤੱਕ ਨੌਕਰੀ ਦਿੱਤੀ ਜਾ ਚੁੱਕੀ ਹੈ। ਅਜਿਹੇ ਵਿਅਕਤੀਆਂ ਦੇ 719 ਆਸ਼ਰਿਤਾਂ ਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਕੋਲ ਪਹਿਲ ਦੇ ਆਧਾਰ ਤੇ ਨੌਕਰੀ ਲੈਣ ਲਈ ਆਪਣੇ ਨਾਮ ਦਰਜ ਕਰਵਾਏ ਸਨ। ਹੁਣ ਉਨ੍ਹਾ ਵਿਚੋਂ 285 ਦਰਖਾਸਤਾ ਨੌਕਰੀ ਦੇਣ ਲਈ ਲੰਬਿਤ ਹਨ.।

श्रीमति लक्ष्मी कांता चावला : अनुपूरक प्रश्न । सभापति जी मंत्री महोदय कृप्या यह भी बता दें कि जो बाकी प्रार्थना पत्र रहते हैं, उनको कब तक नौकरी दे दी जाएगी ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਪਹਿਲ ਦੇ ਆਧਾਰ ਤੇ ਨੌਕਰੀ ਦਿੱਤੀ ਜਾਂਦੀ ਹੈ । ਕਿਉਂਕਿ ਜਿਹੜਾ ਜ਼ਿਲ੍ਹਾ ਅੰਮ੍ਰਿਤਸਰ ਹੈ, ਉਥੇ ਇਹ ਕੇਸਿਜ਼ ਬਹੁਤ ਜ਼ਿਆਦਾ ਹੋਏ ਹਨ। ਇਸ ਕਰਕੇ ਕੁਝ ਦਰਖਾਸਤਾਂ ਪੈਂਡਿੰਗ ਹਨ ਅਤੇ ਬਹੁਤ ਜਲਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਨੂੰ ਐਡਜਸਟ ਕੀਤਾ ਜਾਵੇ ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਕੋਲੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਜਿਹੜਾ ਨਵਾਂ ਮਾਲੀ ਸਾਲ ਚੜ੍ਹ ਰਿਹਾ ਹੈ 31 ਮਾਰਚ ਤੋਂ ਬਾਦ, ਕੀ ਉਸੇ ਸਾਲ ਦੇ ਵਿਚ ਵਿਚ ਇਹ ਸਭ ਨੂੰ ਨੌਕਰੀਆਂ ਦੇ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੇਰੀ ਤਾਂ ਇਸ ਦੇ ਵਾਸਤੇ ਬਹੁਤ ਜ਼ਿਆਦਾ ਕੋਸ਼ਿਸ਼ ਹੋਵੇਗੀ । ਪਹਿਲਾਂ ਵੀ ਅੰਮ੍ਰਿਤਸਰ ਵਿਚ ਸਭ ਤੋਂ ਜ਼ਿਆਦਾ ਨੌਕਰੀਆਂ ਦਿੱਤੀਆਂ ਗਈਆਂ ਹਨ। ਬਾਕੀ ਇਹ ਪੋਸਟਾਂ ਮਿਲਣ ਤੇ ਡਿਪੈਂਡ ਕਰਦਾ ਹੈ। ਜਿਸ ਪਰਸੈਂਟੇਜ ਦੇ ਹਿਸਾਬ ਨਾਲ ਇਹ ਪੋਸਟਾਂ ਸਾਨੂੰ ਮਿਲਣਗੀਆਂ, ਉਸੇ ਹਿਸਾਬ ਨਾਲ ਅਸੀਂ ਇਲੀਜੀਬਲ ਲੋਕਾਂ ਨੂੰ ਨੌਕਰੀਆਂ ਦੇ ਸਕਾਂਗੇ।

**ਸ੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਜਿਹੜੀਆਂ ਪੋਸਟਾਂ ਪਹਿਲਾਂ ਅਵੇਲੇਬਲ ਹੁੰਦੀਆਂ ਹਨ, ਉਸ ਵਿਚ ਅਸੀਂ ਇਨ੍ਹਾਂ ਲੋਕਾਂ ਨੂੰ ਐਡਜਸਟ ਕਰਦੇ ਹਾਂ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਹ ਭਰਤੀ ਕਰ ਰਹੇ ਹਨ, ਉਸ ਦੇ ਵਿਚ ਕਿੰਨੇ ਪਰਸੈਂਟ ਕੋਟਾ ਇਨ੍ਹਾਂ ਲੋਕਾਂ ਲਈ ਫਿਕਸਡ ਹੈ ਅਤੇ ਇਸ ਕੋਟੇ ਦੇ ਤਹਿਤ ਜੇ ਇਹ ਲੋਕ ਅਕੌਮੋਡੇਟ ਨਹੀਂ ਹੁੰਦੇ ਤਾਂ ਕੀ ਇਹ ਕੋਟਾ ਵਧਾਇਆ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਇਸ ਕੰਮ ਵਾਸਤੇ ਇਨ੍ਹਾਂ ਲੋਕਾਂ ਨੂੰ ਅਸੀਂ ਪਹਿਲ ਦੇ ਆਧਾਰ ਤੇ ਐਡਜਸਟ ਕਰਦੇ ਹਾਂ ।

**ਸ੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਗੌਰਮਿੰਟ ਦੀ ਪਾਲਿਸੀ ਹੈ ਕਿ every terrorist victim family will be given priority for accommodation/employment.

ਮੈਂ ਕੋਟਾ ਵਧਾਉਣ ਦੀ ਗੱਲ ਕੀਤੀ ਹੈ। ਕੀ ਇਹ ਕੋਟਾ ਵਧਾਉਣ ਵਾਸਤੇ ਕੁਝ ਕਰਨਗੇ ?

**ਸ੍ਰੀ ਸਪੀਕਰ** : ਇਸ ਦੇ ਵਾਸਤੇ ਤੁਸੀਂ ਸੈਪਰੇਟ ਨੋਟਿਸ ਦੇ ਦਿਓ । ਇਹ ਉਸ ਨੂੰ ਐਗਜ਼ਾਮਿਨ ਕਰਕੇ ਉਸ ਦਾ ਜਵਾਬ ਦੇ ਦੇਣਗੇ। ਅਗਲਾ ਸਵਾਲ।

—

**ਜ਼ਿਲ੍ਹਾ ਫਿਰੋਜ਼ਪੁਰ ਵਿਚ ਪ੍ਰਾਈਵੇਟ ਕਾਲਜਾਂ ਲਈ ਗਰਾਂਟ ਜਾਰੀ ਕਰਨਾ**

*894. **ਸ੍ਰੀ ਹੰਸ ਰਾਜ ਜੋਸਨ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ---

(ੳ) ਜ਼ਿਲ੍ਹਾ ਫਿਰੋਜ਼ਪੁਰ ਵਿਚ ਇਸ ਸਮੇਂ ਸਰਕਾਰੀ ਅਤੇ ਪ੍ਰਾਈਵੇਟ ਕਾਲਜਾਂ ਦੀ ਵੱਖ-ਵੱਖ ਗਿਣਤੀ ਕਿੰਨੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਪ੍ਰਾਈਵੇਟ ਕਾਲਜਾਂ ਵਿੱਚੋਂ ਅਜਿਹੇ ਕਿੰਨੇ ਕਾਲਜ ਹਨ ਜਿਨ੍ਹਾਂ ਨੂੰ ਸਰਕਾਰ ਦੁਆਰਾ ਗਰਾਂਟ ਨਹੀਂ ਦਿੱਤੀ ਜਾਂਦੀ ਅਤੇ ਇਸ ਦੇ ਕਾਰਣ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਹਰਨਾਮ ਦਾਸ ਜੌਹਰ** : (ੳ) (i) ਸਰਕਾਰੀ ਕਾਲਜ : 2

(ii) ਗੈਰ-ਸਰਕਾਰੀ ਮਾਨਤਾ ਪ੍ਰਾਪਤ ਕਾਲਜ : 10

(ਅ) ਇੱਕ ਕਾਲਜ। ਕਿਉਂ ਜੋ ਇਹ ਸਾਲ 1977-78 ਨੂੰ ਹੋਂਦ ਵਿੱਚ ਨਹੀਂ ਸੀ।

1 ਸਤੰਬਰ, 1978 ਤੱਕ ਜਿਹੜੇ ਕਾਲਜ ਮੌਜੂਦ ਸਨ, ਉਨ੍ਹਾਂ ਨੂੰ ਇਹ ਗ੍ਰਾਂਟ ਦਿੱਤੀ ਜਾਣੀ ਸੀ।

**ਸ੍ਰੀ ਹੰਸ ਰਾਜ ਜੋਸ਼ਨ** : ਸਪੀਕਰ ਸਾਹਿਬ, ਮੰਤਰੀ ਜੀ ਨੇ ਦਸਿਆ ਹੈ ਕਿ ਫਿਰੋਜ਼ਪੁਰ ਜ਼ਿਲ੍ਹੇ ਵਿਚ 2 ਸਰਕਾਰੀ ਅਤੇ 10 ਪ੍ਰਾਈਵੇਟ ਕਾਲਜ ਹਨ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦਾ ਫਿਰੋਜ਼ਪੁਰ ਜ਼ਿਲ੍ਹੇ ਵਿਚ ਕੋਈ ਹੋਰ ਸਰਕਾਰੀ ਕਾਲਜ ਖੋਲਣ ਦਾ ਵਿਚਾਰ ਹੈ ? ਸਪੀਕਰ ਸਾਹਿਬ, ਜ਼ੀਰਾ--ਫਿਰੋਜ਼ਪੁਰ ਤੋਂ ਲੈ ਕੇ ਫਾਜ਼ਿਲਕਾ ਤੱਕ ਤਕਰੀਬਨ 125–130 ਕਿਲੋਮੀਟਰ ਦਾ ਫਾਸਲਾ ਬਣ ਜਾਂਦਾ ਹੈ। ਅਤੇ ਇਸ ਦੇ ਰਸਤੇ ਵਿਚ ਇਕ ਪ੍ਰਾਈਵੇਟ ਕਾਲਜ ਆ ਜਾਂਦਾ ਹੈ। ਇਸੇ ਤਰ੍ਹਾਂ ਜਲਾਲਾਬਾਦ ਅਤੇ ਫਿਰੋਜ਼ਪੁਰ ਦਾ ਫਾਸਲਾ ਤਕਰੀਬਨ 90–95 ਕਿਲੋਮੀਟਰ ਹੈ। ਇਸ ਦੇ ਰਸਤੇ ਵਿਚ ਇਕ ਡੀ.ਏ.ਵੀ. ਕਾਲਜ ਪੈਂਦਾ ਹੈ ਜਿਹੜਾ ਕਿ ਪੰਚਾਇਤਾਂ ਅਤੇ ਸ਼ਾਹੂਕਾਰਾਂ ਦੀ ਮਦਦ ਨਾਲ ਚਲਦਾ ਹੈ। ਉਸ ਵਿਚ ਤਕਰੀਬਨ 600 ਬੱਚੇ ਪੜ੍ਹਦੇ ਹਨ ਜਿਨ੍ਹਾਂ ਵਿਚ ਜ਼ਿਆਦਾਤਰ ਪਛੜੀਆਂ ਸ਼ਰੇਣੀਆਂ ਅਤੇ ਬਾਰਡਰ ਦੇ ਬੱਚੇ ਹਨ। ਉਹ ਕਾਲਜ ਬੰਦ ਹੋਣ ਦੇ ਕਿਨਾਰੇ ਹੈ। ਸਾਡੀ ਬੇਨਤੀ ਹੈ ਕਿ ਉਸ ਕਾਲਜ ਨੂੰ ਗੌਰਮਿੰਟ ਏਡਿਡ ਕਾਲਜ ਕਰ ਦਿੱਤਾ ਜਾਵੇ ਤਾਂ ਕਿ ਉਨ੍ਹਾਂ ਬਾਰਡਰ ਦੇ ਲੋਕਾਂ ਦੇ ਬੱਚਿਆਂ ਦਾ ਭਵਿੱਖ ਧੁੰਦਲਾ ਨਾ ਹੋਵੇ। ਕੀ ਮੰਤਰੀ ਜੀ ਇਸ ਗੱਲ ਦੀ ਐਸ਼ੋਂਰਸ ਦੇਣਗੇ ?

**ਮੰਤਰੀ** : ਹਾਲੇ ਐਸਾ ਕੋਈ ਵਿਚਾਰ ਨਹੀਂ ਹੈ ਜੀ।

— — —

## ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ/ਲੈਕਚਰਾਰਾਂ ਦੀਆਂ ਤਰੱਕੀਆਂ

*825. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ---

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਸਾਲ 1992–93 ਦੇ ਦੌਰਾਨ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ ਦੀਆਂ ਆਸਾਮੀਆਂ ਤੇ ਤਰੱਕੀਆਂ ਦੇਣ ਲਈ ਕੁਝ ਹੁਕਮ ਜਾਰੀ ਕੀਤੇ ਗਏ ਸਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਹਰ ਇਕ ਹੁਕਮ ਕਿਸ ਕਿਸ ਤਰੀਕ ਨੂੰ ਜਾਰੀ ਕੀਤਾ ਗਿਆ ਅਤੇ ਉਨ੍ਹਾਂ ਹੈਡਮਾਸਟਰਾਂ ਜਾਂ ਸਕੂਲ ਲੈਕਚਰਾਰਾਂ ਦੀ ਗਿਣਤੀ ਅਤੇ ਵੇਰਵੇ ਕੀ ਕੀ ਹਨ ਜਿਨ੍ਹਾਂ ਨੂੰ ਪ੍ਰਿੰਸੀਪਲਾਂ ਵਜੋਂ ਤਰੱਕੀ ਦਿੱਤੀ ਗਈ ;

(ੲ) ਕੀ ਇਹ ਵੀ ਠੀਕ ਹੈ ਕਿ ਕੁਝ ਸੀਨੀਅਰ ਹੈਡਮਾਸਟਰਾਂ ਨੂੰ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ ਵੱਜੋਂ ਤਰੱਕੀ ਦੇਣ ਲਈ ਨਜ਼ਰਅੰਦਾਜ਼ ਕੀਤਾ ਗਿਆ ਸੀ, ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਅਜਿਹੇ ਹੈਡਮਾਸਟਰਾਂ ਦੀ ਸੀਨੀਅਰਤਾ/ਰੈਂਕ ਦਰਸਾਉਂਦੇ ਹੋਏ ਵੇਰਵੇ ਕੀ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਹਰਨਾਮ ਦਾਸ ਜੌਹਰ** : (ੳ) ਹਾਂ, ਸ੍ਰੀਮਾਨ ਜੀ।

(ਅ) ਹੈਡਮਾਸਟਰਾਂ ਜਾਂ ਸਕੂਲ ਲੈਕਚਰਾਰਾਂ ਜਿਨ੍ਹਾਂ ਨੂੰ ਬਤੌਰ ਪ੍ਰਿੰਸੀਪਲ ਤਰੱਕੀ ਦਿੱਤੀ ਗਈ ਹੈ, ਦੇ ਹੁਕਮਾਂ ਦੀ ਮਿਤੀਆਂ ਗਿਣਤੀ ਅਤੇ ਵੇਰਵੇ ਸਦਨ ਦੀ ਮੇਜ ਤੇ ਰੱਖੇ ਜਾਂਦੇ ਹਨ।

(ੲ) ਹਾਂ, ਸ੍ਰੀਮਾਨ ਜੀ। ਮੰਗੇ ਗਏ ਵੇਰਵੇ ਸਦਨ ਦੀ ਮੇਜ਼ ਤੇ ਰਖੇ ਜਾਂਦੇ ਹਨ।

ਸਾਲ 1992-93 ਦੌਰਾਨ ਹੈਡਮਾਸਟਰਾਂ/ਹੈਡ ਮਿਸਟਰੈਸਾਂ ਅਤੇ ਲੈਕਚਰਾਰ (ਪੁਰਸ਼ ਅਤੇ ਇਸਤਰੀਆ) ਨੂੰ ਪੀ. ਈ. ਐਸ. ਕਲਾਸ II-(ਸਕੂਲ ਅਤੇ ਇੰਸਪੈਕਸ਼ਨ) ਕਾਡਰ ਵਿਚ ਦਿੱਤੀ ਤਰੱਕੀ ਦੇ ਹੁਕਮਾ ਦੀਆਂ ਮਿਤੀਆਂ ਸਮੇਤ ਗਿਣਤੀ ਦੇ ਵੇਰਵੇ :—

ਹੈਡ ਮਾਸਟਰ ਹੁਕਮ ਮਿਤੀ 27 ਅਗਸਤ, 1992 ਰਾਹੀਂ

| ਲੜੀ ਨੰ: | ਨਾਂ | | ਸੀਨੀਆਰਤਾ ਨੰ: |
|---|---|---|---|
| | ਸਰਵਸ੍ਰੀ/ਸ੍ਰੀਮਤੀ | | |
| 1 | ਰਾਜਪਾਲ | ... | 507 |
| 2 | ਸਰਦੂਲ ਸਿੰਘ | ... | 510 |
| 3 | ਗੁਰਚਰਨ ਸਿੰਘ | ... | 512 |
| 4 | ਮਾਨ ਸਿੰਘ | ... | 517 |
| 5 | ਧਰਮਪਾਲ ਸਿੰਘ | ... | 518 |
| 6 | ਸੁਰਿੰਦਰ ਸਿੰਘ | ... | 521 |
| 7 | ਬਲੌਰ ਸਿੰਘ | ... | 522 |
| 8 | ਧਰਮਪਾਲ | ... | 532 |
| 9 | ਹਰਪਾਲ ਸਿੰਘ | ... | 533 |
| 10 | ਬਸੰਤ ਸਿੰਘ | ... | 536 |
| 11 | ਕਰਤਾਰ ਸਿੰਘ | ... | 540 |
| 12 | ਧਿਆਨ ਸਿੰਘ | ... | 541 |
| 13 | ਉਜਾਗਰ ਸਿੰਘ ਸਿੱਧੂ | ... | 548 |
| 14 | ਹਰਮਿੰਦਰ ਸਿੰਘ | ... | 558 |
| 15 | ਸਤਪਾਲ ਗੋਇਲ | ... | 560 |
| 16 | ਰਾਜ ਕੁਮਾਰ ਚੋਪੜਾ | ... | 561 |
| 17 | ਨਰਿੰਦਰ ਸਿੰਘ | ... | 571 |
| 18 | ਜਗਨੰਦਨ ਨਾਥ | ... | 572 |
| 19 | ਸਿਵ ਲਾਲ ਬਾਂਸਲ | .. | 580 |
| 20 | ਸ਼ਾਮ ਸੁੰਦਰ ਧਵਨ | ... | 581 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਨਾਂ | | ਸੀਨੀਆਰਤਾ ਨੰ: |
|---|---|---|---|
| | **ਹੈਡ ਮਿਸਟਰੈਸ :** | | |
| 21 | ਇਕਬਾਲ ਕੌਰ | ... | 257 |
| 22 | ਸਤਿਆ ਕੁਮਾਰੀ | ... | 259 |
| 23 | ਰਣਜੀਤ ਕੌਰ ਨਾਹਰ (ਅ:ਜ:) | ... | 260 |
| 24 | ਨਿਰੰਜਨ ਕੌਰ | ... | 263 |
| 25 | ਬਿਮਲਾ ਸ਼ਰਮਾ | ... | 264 |
| 26 | ਕਮਲਾਵਤੀ ਸ਼ਰਮਾ | ... | 265 |
| 27 | ਬਰਿੰਦਰ ਰੰਧਾਵਾ | ... | 266 |
| 28 | ਸਤਵੰਤ ਕੌਰ ਸਿੱਧੂ | ... | 271 |
| 29 | ਇੰਦਰਜੀਤ ਕੌਰ | ... | 272 |
| 30 | ਸੁੰਦਰ ਕਾਂਤਾ | ... | 273 |
| 31 | ਸੁਸ਼ੀਲਾ ਦੇਵੀ | ... | 274 |
| 32 | ਸੋਭਾ ਸੂਦ | ... | 276 |
| 33 | ਚੰਦਰ ਕਾਂਤ੍ਹਾ | ... | 277 |
| 34 | ਤੇਜਵੰਤ ਕੌਰ | ... | 278 |
| 35 | ਪ੍ਰੇਮ ਕੁਮਾਰੀ | ... | 279 |
| 36 | ਗੁਰਬਚਨ ਕੌਰ (ਅ:ਜ:) | ... | 356 |
| | **ਲੈਕਚਰਾਰ (ਪੁਰਸ਼) :** | | |
| 37 | ਖੁਸ਼ੀ ਰਾਮ | ... | 637 |
| 38 | ਅਮਰ ਚੰਦ ਵਰਮਾ | ... | 638 |
| 39 | ਇੰਦਰ ਕੁਮਾਰ ਸੂਦ | ... | 640 |
| 40 | ਸੋਹਨ ਲਾਲ | ... | 644 |
| 41 | ਲਾਲ ਚੰਦ | ... | 645 |
| 42 | ਚੇਤਨ ਦਾਸ | ... | 648 |
| 43 | ਸ਼ਾਮ ਲਾਲ ਸੋਫਤ | ... | 650 |
| 44 | ਝੰਡਾ ਰਾਮ | ... | 651 |
| 45 | ਸਚਦੇਵ ਸ਼ਰਮਾ | ... | 653 |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

ਹੈਡ ਮਾਸਟਰ ਹੁਕਮ ਮਿਤੀ 27 ਅਗਸਤ, 1992 ਰਾਹੀਂ

| ਲੜੀ ਨੰ: | ਨਾ | | ਸੀਨੀਆਰਤਾ ਨੰ. |
|---|---|---|---|
| | ਸਰਵ ਸ੍ਰੀ/ਸ੍ਰੀਮਤੀ | | |
| 46 | ਜਗਜੀਤ ਸਿੰਘ | ... | 654 |
| 47 | ਸਤ ਪ੍ਰਕਾਸ਼ | ... | 656 |
| 48 | ਬਲਦੇਵ ਸਿੰਘ | ... | 663 |
| | ਲੈਕਚਰਾਰ (ਇਸਤਰੀ) | | |
| 49 | ਸਤੋਸ਼ ਸੂਦ | ... | 206 |
| 50 | ਸਨੇਹ ਲਤਾ | ... | 209 |
| 51 | ਪ੍ਰਿਤਪਾਲ ਕੌਰ | ... | 210 |
| 52 | ਹਰਭਜਨ ਕੌਰ | ... | 211 |
| 53 | ਸਵਿਤਰੀ ਦੇਵੀ | .. | 212 |
| 54 | ਕੁਲਵਤ ਕੌਰ | ... | 213 |
| 55 | ਸੁਮਿਤਰਾ ਲਾਖਾ (ਅ:ਜ:) | ... | 520 |
| 56 | ਉਰਮਿਲਾ ਮਹਿਰਾ | ... | 214 |
| 57 | ਬਲਜੀਤ ਕੌਰ | ... | 216 |
| 58 | ਬਿਮਲਾ ਸਿੰਗਲਾ | ... | 218 |
| | ਹੈਡ ਮਾਸਟਰ ਹੁਕਮ ਮਿਤੀ 27-10-92 ਰਾਹੀਂ | | |
| 59 | ਮੁਖਤਿਆਰ ਸਿੰਘ | ... | 521-ਏ |
| 60 | ਸੁਰਜੀਤ ਸਿੰਘ ਰੰਧਾਵਾ | ... | 580-ਏ |
| | ਹੈਡ ਮਾਸਟਰ ਹੁਕਮ ਮਿਤੀ 2 ਦਸੰਬਰ, 1992 ਰਾਹੀਂ | | |
| 61 | ਸਤਪਾਲ ਗੋਇਲ | ... | 650 |
| 62 | ਪਰੇਮ ਸ਼ਰਮਾ | ... | 655 |
| 63 | ਸ਼ਿਵ ਦਰਸ਼ਨ ਕੁਮਾਰ ਜੈਨ | ... | 658 |
| 64 | ਕੇਵਲ ਕ੍ਰਿਸ਼ਨ ਸੂਦ | ... | 663 |
| 65 | ਸਰੂਪ ਸਿੰਘ | ... | 666 |
| 66 | ਦਰਸ਼ਨ ਸਿੰਘ ਮਾਂਗਟ | ... | 667 |
| 67 | ਬੋਧ ਰਾਜ ਗੁਪਤਾ | ... | 672 |
| 68 | ਗੁਰਬੰਸ ਸਿੰਘ | ... | 673 |
| 69 | ਓਮ ਪ੍ਰਕਾਸ਼ ਸ਼ਰਮਾ | ... | 675 |
| 70 | ਰਬਿੰਦਰ ਸਿੰਘ | ... | 676 |
| 71 | ਕੇ.ਕੇ. ਧਵਨ | ... | 677 |
| 72 | ਕ੍ਰਿਸ਼ਨ ਕੁਮਾਰ | ... | 678 |
| 73 | ਰਘਬੀਰ ਸਿੰਘ ਪਰਮਾਰ | ... | 679 |

Original with;
Punjab Vidhan Sabha
Digitized by;
Panjab Digital Library

| ਲੜੀ ਨੰ. | ਨਾਂ | | ਸੀਨੀਆਰਤਾ ਨੰ. |
|---|---|---|---|
| ਸਰਵ ਸ੍ਰੀ/ਸ੍ਰੀਮਤੀ | | | |
| 74 | ਕਿਸ਼ਨ ਪਰਾਨ ਮਹਾਜਨ | ... | 680 |
| 75 | ਜਗਜੀਤ ਸਿੰਘ | ... | 682 |
| 76 | ਗੁਰਮੀਤ ਸਿੰਘ | ... | 689 |
| 77 | ਦਵਿੰਦਰ ਸਿੰਘ | ... | 691 |
| 78 | ਸੋਮ ਦੱਤ | ... | 693 |
| 79 | ਸਰਬਜੀਤ ਸਿੰਘ | ... | 697 |
| 80 | ਸਤਨਾਮ ਦਾਸ | ... | 698 |
| 81 | ਰਾਮ ਪ੍ਰਕਾਸ਼ | ... | 704 |
| 82 | ਸੁਰਜੀਤ ਸਿੰਘ | ... | 735 |
| 83 | ਸਤਬੀਰ ਸਿੰਘ | ... | 736 |
| 84 | ਪ੍ਰੀਤਮ ਸਿੰਘ | ... | 738 |
| 85 | ਜਗਦੇਵ ਸਿੰਘ | ... | 740 |
| 86 | ਵੇਦ ਮਿਤਰ | ... | 742 |
| 87 | ਜਗਦੀਸ਼ ਚੰਦਰ | ... | 747 |
| 88 | ਰਣਜੀਤ ਸਿੰਘ | ... | 763 |
| 89 | ਨਾਨਕ ਚੰਦ | ... | 769 |
| 90 | ਤੀਰਥ ਸਿੰਘ | ... | 770 |
| 91 | ਮਨਮੋਹਨ ਲਾਲ ਗੁਪਤਾ | ... | 774 |
| 92 | ਅਜੀਤ ਸਿੰਘ | ... | 784 |
| 93 | ਸੁਰਿੰਦਰ ਸਿੰਘ | ... | 788 |
| 94 | ਸੁਭਾਸ਼ ਚੰਦਰ | ... | 789 |
| 95 | ਸਤਪਾਲ ਸਿੰਘ | ... | 790 |
| 96 | ਬਲਦੇਵ ਸਿੰਘ | ... | 792 |
| 97 | ਤ੍ਰਿਪਤ ਸਿੰਘ | ... | 793 |
| 98 | ਬਲਬੀਰ ਸਿੰਘ | ... | 796 |
| 99 | ਨਿਰਮਲ ਸਿੰਘ | ... | 798 |
| 100 | ਦਰਸ਼ਨ ਸਿੰਘ | ... | 801 |
| 101 | ਸੋਮ ਦੱਤ ਸ਼ਰਮਾ | ... | 804 |
| 102 | ਮੇਵਾ ਸਿੰਘ ਗਿੱਲ | ... | 809 |
| 103 | ਬਲਬੀਰ ਸਿੰਘ | ... | 810 |
| 104 | ਗੁਰਤੇਜ ਸਿੰਘ | ... | 812 |
| 105 | ਕਸ਼ਮੀਰਾ ਸਿੰਘ | ... | 816 |

*Original with;*
Punjab Vidhan Sabha
*Digitized by;*
Panjab Digital Library

[ਸਿੱਖਿਆ ਮੰਤਰੀ]

| ਲੜੀ ਨੰ. | ਨਾਂ | | ਸੀਨੀਆਰਤਾ ਨੰ. |
|---|---|---|---|
| | ਹੈਡ ਮਿਸਟਰੈਸ — | | |
| 106 | ਸੁਰਿੰਦਰ ਕੌਰ ਬੇਦੀ | ... | 284 |
| 107 | ਅੰਮ੍ਰਿਤ ਕੌਰ | ... | 285 |
| 108 | ਸਰਿੰਦਰ ਕੌਰ | ... | 287 |
| 109 | ਕ੍ਰਿਸ਼ਨਾ ਕੁਮਾਰੀ | ... | 288 |
| 110 | ਹਰਦੇਵ ਕੌਰ | ... | 289 |
| 111 | ਦਲਵੀਰ ਕੌਰ | ... | 290 |
| 112 | ਇਕਬਾਲ ਕੌਰ | ... | 295 |
| 113 | ਹਰਿੰਦਰਪਾਲ ਕੌਰ | ... | 298 |
| 114 | ਸੰਤੋਸ਼ ਧਾਰਨੀ | ... | 300 |
| 115 | ਰਾਜ ਕੁਮਾਰੀ | ... | 301 |
| 116 | ਸਵਰਨ ਮਹਿਤਾ | ... | 303 |
| 117 | ਸਮੰਦਰ ਕੌਰ | ... | 304 |
| 118 | ਪ੍ਰੇਮ ਲਤਾ ਬੇਦੀ | ... | 305 |
| 119 | ਊਸ਼ਾ ਕਿਰਨ | ... | 306 |
| 120 | ਜੋਗਿੰਦਰ ਕੌਰ | ... | 307 |
| 121 | ਕੁਲਦੀਪ ਕੌਰ | ... | 311 |
| 122 | ਇੰਦਰਜੀਤ ਕੌਰ | ... | 312 |
| 123 | ਬਿਮਲਾ ਦੇਵੀ | ... | 315 |
| 124 | ਜਗਦੀਸ਼ ਕੌਰ | ... | 317 |
| 125 | ਸੀਤਲ ਕੌਰ | ... | 318 |
| 126 | ਸੁਰਿੰਦਰ ਚੋਪੜਾ | ... | 321 |
| 127 | ਰਣਜੀਤ ਕੌਰ | ... | 322 |
| 128 | ਜਸਵੰਤ ਕੌਰ | ... | 324 |
| 129 | ਹਰਬੰਸ ਕੌਰ | ... | 327 |
| 130 | ਪ੍ਰਕਾਸ਼ਨ ਕੌਰ | ... | 330 |
| 131 | ਕਰਤਾਰਜੀਤ ਕੌਰ | ... | 331 |
| 132 | ਦਲਜੀਤ ਕੌਰ | ... | 333 |
| 133 | ਸਮਿੱਤਰਾ ਮਿਢਾ | ... | 335 |
| 134 | ਰਾਮ ਲੁਭਾਈ ਸ਼ਰਮਾ | ... | 336 |
| 135 | ਮਨਜੀਤ ਕੌਰ | ... | 337 |
| 136 | ਸੁਰਜੀਤ ਕੌਰ | ... | 339 |

Original with;
Punjab Vidhan Sabha
Digitized by;
Punjab Digital Library

| ਲੜੀ ਨ. | ਨਾਂ | | ਸੀਨੀਆਰਤਾ ਨੰ. |
|---|---|---|---|
| | **ਲੈਕਚਰਾਰ (ਪੁਰਸ਼)** | | |
| | ਸਰਵ ਸ੍ਰੀ/ਸ੍ਰੀਮਤੀ | | |
| 137 | ਚੰਦਰ ਸ਼ੇਖਰ | ... | 664 |
| 138 | ਹਰਮਿੰਦਰ ਸਿੰਘ | ... | 665 |
| 139 | ਕ੍ਰਿਸ਼ਨ ਚੰਦ ਸ਼ਰਮਾ | ... | 668 |
| 140 | ਮਧੂ ਸੂਧਨ ਸ਼ੁਕਲਾ | ... | 669 |
| 141 | ਸ਼ਿਵ ਕੁਮਾਰ | ... | 671 |
| 142 | ਅਵਿਨਾਸ਼ ਚੰਦਰ | ... | 672 |
| 143 | ਰਮੇਸ਼ ਕੁਮਾਰ | ... | 675 |
| 144 | ਗੁਰਦਿਆਲ ਸਿਘ | ... | 676 |
| 145 | ਇੰਦਰ ਸਿੰਘ | ... | 677 |
| 146 | ਦੁਰਗਾ ਦਾਸ | ... | 690 |
| 147 | ਸੰਸਾਰੀ ਲਾਲ | ... | 692 |
| 148 | ਸੰਸਾਰ ਚੰਦ | ... | 695 |
| 149 | ਸੰਤ ਕੁਮਾਰ ਜੈਨ | ... | 702 |
| 150 | ਰਾਜਿੰਦਰਪਾਲ ਪ੍ਰੇਮੀ | ... | 703 |
| 151 | ਸਤੀਸ਼ ਕੁਮਾਰ | ... | 706 |
| 152 | ਬਲਬੀਰ ਸਿੰਘ | ... | 708 |
| 153 | ਧਰਮਵੀਰ ਮਦਾਨ | ... | 709 |
| 154 | ਰਮੇਸ਼ ਚੰਦਰ ਮਿਹੰਦਰੂ | ... | 710 |
| 155 | ਤਿਲਕ ਰਾਜ | ... | 714 |
| 156 | ਸੁਰਿੰਦਰ ਸਿੰਘ | ... | 730 |
| 157 | ਰਮੇਸ਼ ਕਾਂਤ ਤਿਵਾੜੀ | ... | 733 |
| 158 | ਅਮਰਜੀਤ | ... | 734 |
| 159 | ਬਲਬੀਰ ਸਾਗਰ | ... | 736 |
| 160 | ਬ੍ਰਹਮਦੇਵ | ... | 738 |
| 161 | ਪੂਰਨ ਸਿੰਘ ਜੌਹਲ | ... | 742 |
| 162 | ਬਲਦੇਵ ਸਿੰਘ | ... | 747 |
| 163 | ਕੇਵਲ ਕ੍ਰਿਸ਼ਨ ਬਾਂਸਲ | ... | 750 |
| 164 | ਸ਼ਾਮ ਲਾਲ ਗੁਪਤਾ | ... | 751 |
| 165 | ਅਮਰ ਸਿੰਘ | ... | 752 |
| 166 | ਧਰਮ ਪਾਲ | ... | 753 |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

| ਲੜੀ ਨੰ. | ਨਾਂ | | ਸੀਨੀਆਰਤਾ ਨੰ. |
|---|---|---|---|
| | ਲੈਕਚਰਾਰ (ਇਸਤਰੀਆਂ) | | |
| | ਸਰਵ ਸ੍ਰੀ/ਸ੍ਰੀਮਤੀ | | |
| 167 | ਪ੍ਰਭਾ ਸਹਿਗਲ | ... | 220 |
| 168 | ਕ੍ਰਿਸ਼ਨਾ ਵਰਮਾ | ... | 221 |
| 169 | ਕਮਲਜੀਤ ਕੌਰ | ... | 225 |
| 170 | ਸੁਰਿੰਦਰ ਵਾਲੀਆ | ... | 225 |
| 171 | ਰਣਜੀਤ ਕੌਰ | ... | 227 |
| 172 | ਜਸਵਿੰਦਰ ਜੌਹਲੀ | ... | 229 |
| 173 | ਸਤਨਾਮ ਕੌਰ | ... | 230 |
| 174 | ਸੰਤੋਸ਼ ਕੁਮਾਰੀ ਸਿਹਗਲ | ... | 231 |
| 175 | ਸ਼ੁਕਲਾ ਖੰਨਾ | ... | 235 |
| 176 | ਪ੍ਰੀਤਮ ਕੌਰ | ... | 236 |
| 177 | ਜਗਦੀਸ਼ ਕੌਰ | ... | 237 |
| 178 | ਕੁਲਦੀਪ ਚੱਢਾ | ... | 239 |
| 179 | ਅਮਰੀਕ ਕੌਰ | ... | 240 |
| 180 | ਸਤਨਾਮ ਕੌਰ | ... | 242 |
| 181 | ਕੁਲਵਿੰਦਰ ਕੌਰ | ... | 243 |
| 182 | ਉਰਮਿਲਾ ਤਲਵਾੜ | ... | 244 |
| 183 | ਅਮਰਜੀਤ ਕੌਰ | ... | 245 |
| | ਹੈਡ ਮਾਸਟਰ ਹੁਕਮ ਮਿਤੀ 10 ਫਰਵਰੀ, 1993 ਰਾਹੀਂ | | |
| 184 | ਹਰਚੰਦ ਸਿੰਘ | ... | 659-ਏ |

ਪੀ.ਈ.ਐਸ.-2 (ਸਕੂਲ ਅਤੇ ਇਨਸਪੈਕਸ਼ਨ ਕਾਡਰ) ਵਿਚ ਤਰੱਕੀ ਕੀਤਿਆਂ ਦੀ ਵੰਡ ਹੇਠ ਲਿਖੇ ਅਨੁਸਾਰ ਹੈ :

| | | | |
|---|---|---|---|
| 1. | ਹੈਡਮਾਸਟਰ | ... | 68 |
| 2. | ਹੈਡਮਿਸਟਰੈਸ | ... | 47 |
| 3. | ਲੈਕਚਰਾਰ (ਪੁਰਸ਼) | ... | 42 |
| 4. | ਲੈਕਚਰਾਰ (ਇਸਤਰੀਆਂ) | ... | 27 |
| | ਜੋੜ | ... | 184 |

Original with;
Punjab Vidhan Sabha
Digitized by;
Panjab Digital Library

ਅਨੁਸੂਚਿਤ ਜਾਤੀ ਦੇ ਜਿਹੜੇ ਹੈਡ ਮਾਸਟਰਾਂ ਨੂੰ . ਪੀ.ਈ.ਐਸ.-2 ਵਿਚ ਤਰੱਕੀ ਨਹੀਂ ਦਿਤੀ ਗਈ ਦਾ ਵੇਰਵਾ :

| ਲੜੀ ਨੰ: | ਨਾਂ | | ਸੀਨੀਅਰਤਾ ਨੰ: |
|---|---|---|---|
| | ਸਰਵ ਸ੍ਰੀ/ਸ੍ਰੀਮਤੀ | | |
| 1 | ਇੰਦਰ ਸਿੰਘ | ... | 434 |
| 2 | ਧਰਮ ਸਿੰਘ | ... | 435 |
| 3 | ਅਜੀਤ ਸਿੰਘ | ... | 435-ਏ |
| 4 | ਤੇਜਾ ਸਿੰਘ | ... | 446 |
| 5 | ਬਹਾਦਰ ਸਿੰਘ ਪਾਲ | ... | 454 |
| 6 | ਧੰਨਾ ਸਿੰਘ | ... | 476 |
| 7 | ਸੀਤਾ ਰਾਮ | ... | 477 |
| 8 | ਮੇਜਰ ਸਿੰਘ | ... | 478 |
| 9 | ਬਸਾਖਾ ਸਿੰਘ | ... | 479 |
| 10 | ਗੁਰਚਰਨ ਸਿੰਘ | ... | 481 |
| 11 | ਪ੍ਰਿਤਪਾਲ ਸਿੰਘ ਮਾਨ | ... | 482 |
| 12 | ਅਮਰ ਸਿੰਘ | ... | 583 |
| 13 | ਕੁਲਵੰਤ ਸਿੰਘ | ... | 484 |
| 14 | ਚਮਨ ਲਾਲ | ... | 485 |
| 15 | ਹਜਾਰਾ ਰਾਮਦਾਸੀਆ | ... | 486 |
| 16 | ਸ਼ਾਮ ਲਾਲ | ... | 487 |
| 17 | ਸੁਰਜਨ ਸਿੰਘ | ... | 520 |
| 18 | ਕਰਮ ਸਿੰਘ | ... | 524 |
| 19 | ਜਰਨੈਲ ਸਿੰਘ | ... | 525 |
| 20 | ਹੁਸ਼ਿਆਰ ਸਿੰਘ | ... | 543 |
| 21 | ਸੁਰਜੀਤ ਸਿੰਘ | ... | 544 |
| 22 | ਸੋਹਨ ਲਾਲ | ... | 545 |
| 23 | ਬੀਰ ਬਿਕਰਮ | ... | 546 |
| 24 | ਮੁਖਤਿਆਰ ਸਿੰਘ | ... | 547 |
| 25 | ਭਜਨ ਸਿੰਘ | 3... | 576 |
| 26 | ਗੁਰਦਿਆਲ ਸਿੰਘ | ... | 583 |
| 27 | ਦਿਲਬਾਰਾ ਸਿੰਘ | ... | 583-ਏ |
| 28 | ਬੁਧ ਰਾਮ | ... | 584 |
| 29 | ਨਾਨਕ ਚੰਦ | ... | 585-ਬੀ |
| 30 | ਧਰਮ ਸਿੰਘ | ... | 703 |
| 31 | ਚਰਨ ਸਿੰਘ | ... | 705 |

Original with;
Punjab Vidhan Sabha
Digitized by;
Panjab Digital Library

[ ਸਿੱਖਿਆ ਮੰਤਰੀ ]

| ਲੜੀ ਨੰ. | ਨਾਂ | | ਸੀਨੀਆਰਤਾ ਨੰ. |
|---|---|---|---|
| | ਸਰਵ ਸ੍ਰੀ/ਸ੍ਰੀਮਤੀ— | | |
| 32 | ਬਲਦੇਵ ਸਿੰਘ | .. | 707 |
| 33 | ਬੰਤ ਸਿੰਘ | ... | 708 |
| 34 | ਬਲਬੀਰ ਸਿੰਘ | ... | 709 |
| 35 | ਦਲੀਪ ਸਿੰਘ | ... | 710 |
| 36 | ਤਰਸੇਮ ਲਾਲ | ... | 711 |
| 37 | ਬਾਲ ਕ੍ਰਿਸ਼ਨ ਬਾਲੀ | ... | 712 |
| 38 | ਬਲਦੇਵ ਰਾਜ | ... | 713 |
| 39 | ਮਹਿੰਦਰ ਸਿੰਘ | ... | 714 |
| 40 | ਹਰਮਿੰਦਰ ਸਿੰਘ | ... | 716 |
| 41 | ਗੁਰਦੇਵ ਸਿੰਘ | ... | 717 |
| 42 | ਸਵਰਨ ਰਾਮ ਰਾਜੂ | ... | 718 |
| 43 | ਗੁਲਜਾਰ ਸਿੰਘ | ... | 719 |
| 44 | ਪਿਆਰਾ ਸਿੰਘ (1) | ... | 720 |
| 45 | ਕੇਸਰ ਸਿੰਘ | ... | 721 |
| 46 | ਕੁੰਦਨ ਲਾਲ | ... | 722 |
| 47 | ਤਰਸੇਮ ਚੰਦ | ... | 723 |
| 48 | ਪਿਆਰਾ ਸਿੰਘ (2) | ... | 724 |
| 49 | ਨਿਰਮਲ ਸਿੰਘ | ... | 725 |
| 50 | ਸੰਤ ਰਾਮ | ... | 726 |
| 51 | ਅਜੀਤ ਸਿੰਘ | ... | 727 |
| 52 | ਦਰਬਾਰਾ ਸਿੰਘ | ... | 729 |
| 53 | ਫਕੀਰੀਆ ਰਾਮ | ... | 730 |
| 54 | ਪ੍ਰੀਤਮ ਸਿੰਘ | ... | 731 |
| 55 | ਸਵਰਨ ਸਿੰਘ | ... | 733 |
| 56 | ਬੇਅੰਤ ਸਿੰਘ | ... | 737-ਏ |
| 57 | ਹਰੀ ਕ੍ਰਿਸ਼ਨ | ... | 744 |
| 58 | ਗੁਰਦਾਸ ਸਿੰਘ | ... | 749 |
| 59 | ਸਰਵਨ ਕੁਮਾਰ | ... | 750 |
| 60 | ਮੋਹਨ ਸਿੰਘ | ... | 751 |
| 61 | ਹਰੀ ਰਾਮ | ... | 752 |
| 62 | ਹਰਜਿੰਦਰ ਸਿੰਘ | ... | 753 |

Original with;
Punjab Vidhan Sabha
Digitized by;
Punjab Digital Library

| ਲੜੀ ਨੰ: | ਨਾਂ | ਸੀਨੀਆਰਤਾ ਨੰ : |
|---|---|---|
| 63 | ਧਰਮ ਸਿੰਘ | 755 |
| 64 | ਹਰਨੇਕ ਚੰਦ | 756 |
| 65 | ਡੀ.ਡੀ. ਲਾਖਾ | 757 |
| 66 | ਸ਼ਿਵ ਸਿੰਘ | 758 |
| 67 | ਸੁਚਾ ਸਿੰਘ | 759 |
| 68 | ਰੋਸ਼ਨ ਦਾਸ | 761 |
| 69 | ਅਜੀਤ ਸਿੰਘ | 762 |
| 70 | ਸੁਖਵਿੰਦਰ ਸਿੰਘ | 764 |
| 71 | ਕਰਨੈਲ ਸਿੰਘ | 768 |
| 72 | ਉਪਿੰਦਰ ਸਿੰਘ | 771 |
| 73 | ਪਰਮਜੀਤ ਸਿੰਘ | 772 |
| 74 | ਦਰਸ਼ਨ ਸਿੰਘ | 782 |
| 75 | ਗੁਰਦੀਪ ਚੰਦ | 787 |
| 76 | ਅਮਰ ਸਿੰਘ | 791 |
| 77 | ਦਰਸ਼ਨ ਸਿੰਘ | 794 |
| 78 | ਨਿਰਮਲ ਸਿੰਘ | 798 |
| 79 | ਮੋਹਨ ਲਾਲ | 803 |
| 80 | ਗੁਰਦਿਆਲ ਸਿੰਘ | 806 |
| 81 | ਬੰਤਾ ਸਿੰਘ | 808 |

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਸਿੱਖਿਆ ਮੰਤਰੀ ਜੀ ਦਾ ਬੜਾ ਆਭਾਰੀ ਹਾਂ ਇਨ੍ਹਾਂ ਨੇ ਜੋ ਜਾਣਕਾਰੀ ਮੈਂ ਮੰਗੀ ਸੀ ਉਹ ਜਾਣਕਾਰੀ ਸਦਨ ਦੀ ਮੇਜ਼ ਤੇ ਰੱਖੀ ਹੈ ਪਰ ਅਨੁਸੂਚਿਤ ਜਾਤੀ ਦੇ ਜਿਹੜੇ ਇਗਨੋਰ ਕੀਤੇ ਗਏ ਹਨ ਉਨ੍ਹਾਂ ਦੀ ਗਿਣਤੀ ਇਸ ਪਰਕਾਰ ਹੈ ;

ਹੈਡਮਾਸਟਰ ਜਿਨ੍ਹਾਂ ਨੂੰ ਤਰੱਕੀ ਦਿੱਤੀ ਗਈ ਉਹ ਹਨ 20 ਪਰ ਉਨ੍ਹਾਂ ਵਿਚੋਂ ਕੋਈ ਐਸ.ਸੀ. ਨਹੀਂ ਹੈ। ਹੈਡਮਿਸਟਰੈਸ ਹਨ 16 ਪਰ ਐਸ.ਸੀ. ਕੇਵਲ ਦੋ ਹਨ। ਲੈਕਚਰਾਰ (ਔਰਤਾਂ) 10 ਵਿਚੋਂ ਇਕ ਐਸ.ਸੀ.। ਮਿਤੀ 27 ਅਗਸਤ, 1992 ਨੂੰ ਇਹ ਪਰਮੋਸ਼ਨਾਂ ਦਿੱਤੀਆਂ ਉਨ੍ਹਾਂ ਵਿੱਚ ਕੋਈ ਐਸ.ਸੀ. ਨਹੀਂ। ਫਿਰ 27 ਅਕਤੂਬਰ, 1992 ਨੂੰ ਦੋ ਹੈਡਮਾਸਟਰ ਪਰਮੋਟ ਕੀਤੇ ਪਰ ਕੋਈ ਐਸ.ਸੀ. ਨਹੀਂ। ਇਸੇ ਤਰ੍ਹਾਂ ਹੀ 2 ਦਸੰਬਰ, 1992 ਨੂੰ 44 ਹੈਡਮਾਸਟਰ ਪਰਮੋਟ ਕੀਤੇ ਗਏ ਪਰ ਉਨ੍ਹਾਂ ਵਿੱਚ ਵੀ ਕੋਈ ਐਸ.ਸੀ. ਨਹੀਂ। ਲੈਕਚਰਾਰ (ਪੁਰਸ਼) 30 ਪਰਮੋਟ ਕੀਤੇ ਉਨ੍ਹਾਂ ਵਿੱਚੋਂ ਕੋਈ ਵੀ ਐਸ.ਸੀ. ਨਹੀਂ। ਲੈਕਚਰਾਰ (ਵੂਮੈਨ) 17 ਵਿਚੋਂ ਕੋਈ ਐਸ.ਸੀ. ਪਰਮੋਟ ਨਹੀਂ ਹੋਈ। ਸਪੀਕਰ ਸਾਹਿਬ 10 ਫਰਵਰੀ,

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ ]

1993 ਨੂੰ ਫਿਰ ਇਨ੍ਹਾਂ ਨੇ ਹੈਡਮਾਸਟਰ ਪਰਮੋਟ ਕੀਤੇ ਉਨ੍ਹਾਂ ਵਿੱਚ ਵੀ ਕੋਈ ਐਸ.ਸੀ. ਨਹੀਂ। ਇਸ ਪਰਕਾਰ ਹੈਡਮਾਸਟਰ ਜੋ ਇਗਨੋਰ ਕੀਤੇ ਗਏ ਹਨ ਉਨ੍ਹਾਂ ਦੀ ਗਿਣਤੀ 81 ਹੈ । ਇਸ ਤੋਂ ਅੱਗੇ ਜੋ 68 ਹੈਡਮਾਸਟਰ ਪਰਮੋਟ ਕੀਤੇ ਗਏ ਉਨ੍ਹਾਂ ਵਿੱਚ ਵੀ ਕੋਈ ਐਸ.ਸੀ. ਨਹੀਂ । ਇਹ ਐਸ.ਸੀ. ਪਰਮੋਟ ਕਿਉਂ ਨਹੀਂ ਕੀਤੇ ਗਏ ? ਇਸੇ ਤਰ੍ਹਾਂ ਹੀ 47 ਹੈਡਮਾਸਟਰ ਪਰਮੋਟ ਕੀਤੇ ਉਨ੍ਹਾਂ ਵਿੱਚ ਐਸ.ਸੀ. ਕੇਵਲ ਦੋ ਹਨ ਅਤੇ 27 ਲੈਕਚਰਾਰ (ਔਰਤਾਂ) ਵਿੱਚੋਂ ਕੋਈ ਵੀ ਐਸ.ਸੀ. ਨਹੀਂ ਹੈ।

**ਸ੍ਰੀ ਸਪੀਕਰ** : ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ ਜੀ, ਤੁਸੀਂ ਸਪਲੀਮੈਂਟਰੀ ਦੀ ਡੈਫੀਨੀਸ਼ਨ ਜਾਣਦੇ ਹੋ । You must be specific brief, and to the point.

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਸਪੀਕਰ ਸਾਹਿਬ, ਜੋ ਜਾਣਕਾਰੀ ਮੰਤਰੀ ਜੀ ਨੇ ਦਿੱਤੀ ਹੈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਐਸ. ਸੀਜ਼. ਨੂੰ ਇਗਨੋਰ ਕਿਉਂ ਕੀਤਾ ਗਿਆ ਹੈ, ਉਨ੍ਹਾਂ ਨੂੰ ਪਰਮੋਸ਼ਨਾਂ ਕਿਉਂ ਨਹੀਂ ਦਿੱਤੀਆਂ ਗਈਆਂ ?

**ਮੰਤਰੀ** : ਸਪੀਕਰ ਸਾਹਿਬ ਐਜੂਕੇਸ਼ਨ ਡਿਪਾਰਟਮੈਂਟ ਦੇ ਵਿਚ ਕੋਈ ਬੈਕਲਾਗ ਨਹੀਂ ਰੱਖਿਆ ਗਿਆ। ਪਹਿਲਾਂ ਹੀ ਅਸੀਂ ਜਿੰਨੀ ਸਾਨੂੰ ਹਦਾਇਤ ਹੈ, ਜੋ ਰੂਲਜ਼ ਹਨ ਉਸਦੇ ਮੁਤਾਬਿਕ ਪੂਰੀਆਂ ਕਰ ਦਿੱਤੀਆਂ ਹਨ। 14 ਪ੍ਰਤੀਸ਼ਤ ਪਰਮੋਸ਼ਨਜ਼ ਹੋਣੀਆਂ ਸਨ ਉਹ ਸੈਂਟਪਰਸੈਂਟ ਕਰ ਦਿੱਤੀ ਹੈ । ਇਹ ਕਿਸੇ ਵੇਲੇ ਵੀ ਚੈਕ ਕੀਤੀ ਜਾ ਸਕਦੀ ਹੈ। (ਤਾਲੀਆਂ)

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਔਰ ਮੈਂ ਸਮਝਦਾ ਹਾਂ ਕਿ ਤੱਥਾਂ ਦੇ ਆਧਾਰ ਤੇ ਪ੍ਰਸ਼ਨ ਦਾ ਜਵਾਬ ਨਹੀਂ ਦਿੱਤਾ ਗਿਆ। 1990 ਵਿੱਚ ਡੀ.ਪੀ.ਆਈ. (ਸ) ਵਿੱਚ ਬਕਾਇਦਾ ਪੜਤਾਲ ਕੀਤੀ ਗਈ ਔਰ ਜਿਹੜੀਆਂ ਪਰਮੋਸ਼ਨਜ਼ ਕੀਤੀਆਂ ਗਈਆਂ ਕਲਾਸ-2 ਵਿੱਚ ਉਸ ਵਿੱਚ 34 ਸੀਟਾਂ ਰੀਜ਼ਰਵੇਸ਼ਨ ਦੇ ਲਿਹਾਜ਼ ਨਾਲ ਦੇਣੀਆਂ ਬਣਦੀਆਂ ਸਨ । ਸਬੰਧਤ ਮੈਂਬਰ ਸਾਹਿਬ ਨੇ ਠੀਕ ਸਵਾਲ ਪੁੱਛਿਆ ਹੈ ਕਿ ਉਸ ਵੇਲੇ ਜਿੰਨੀਆਂ ਪਰਮੋਸ਼ਨਾਂ ਕੀਤੀਆਂ ਗਈਆਂ ਉਨ੍ਹਾਂ ਵਿੱਚ ਜੋ ਬੈਕਲਾਗ ਸੀ ਉਹ ਸਾਰੇ ਦਾ ਸਾਰਾ ਨਜ਼ਰ-ਅੰਦਾਜ਼ ਕੀਤਾ ਗਿਆ ਹੈ। ਪੂਰਾ ਨਹੀਂ ਕੀਤਾ ਗਿਆ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਜਾਣਕਾਰੀ ਮੰਤਰੀ ਜੀ ਨੇ ਦਿੱਤੀ ਹੈ ਕਿ ਕੋਈ ਬੈਕਲਾਗ ਡਿਊ ਨਹੀਂ ਹੈ, ਕੀ ਉਹ ਤੱਥਾਂ ਤੇ ਆਧਾਰਤ ਹੈ ਔਰ ਜੇ ਬੈਕਲਾਗ ਡਿਊ ਹੋਇਆ ਤਾਂ ਕੀ ਮੰਤਰੀ ਜੀ ਪੜਤਾਲ ਉਪਰੰਤ ਸਬੰਧਤ ਅਫਸਰਾਂ ਜਿਨ੍ਹਾਂ ਨੇ ਇਸ ਤਰ੍ਹਾਂ ਨਜ਼ਰ ਅੰਦਾਜ਼ ਕੀਤਾ ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਜੋ ਮੈਂ ਬੈਕਲਾਗ ਵਾਲੀ ਗੱਲ ਆਪਣੇ ਕੋਲੋਂ ਕਹੀ ਹੈ ਉਹ ਡਿਪਾਰਟਮੈਂਟ ਦੀ ਰਿਪੋਰਟ ਦੀ ਬਿਨਾ ਤੇ ਕਹੀ ਸੀ ਔਰ ਕੋਈ ਵੀ ਬੈਕਲਾਗ ਨਹੀਂ ਹੈ। ਜਿਤਨਾ ਵੀ ਦੇਣਾ ਬਣਦਾ ਸੀ ਉਹ ਸੈਂਟ ਪਰ ਸੈਂਟ ਅਸੀਂ ਪੂਰਾ ਕਰ ਲਿਆ ਸੀ। ਪਰਮੋਸ਼ਨ ਦੇ ਵਿਚ ਅਸੀਂ 14 ਪ੍ਰਤੀਸ਼ਤ ਸੀਟਾ ਦੇਣੀਆਂ ਸਨ ਉਹ ਅਸੀਂ ਦੇ ਦਿੱਤੀਆਂ ਹਨ ਔਰ ਅੱਗੇ ਵੀ ਜਿਹੜੀ ਕੋਈ ਦੇਣੀ ਨਿਕਲੀ ਉਹ ਨਾਲ ਦੀ ਨਾਲ ਦੇ ਦਿੱਤੀ ਜਾਵੇਗੀ ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ**: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਦੱਸਿਆ ਹੈ ਕਿ ਕੋਈ ਵੀ ਬੈਕਲਾਗ ਨਹੀਂ ਹੈ। ਬੈਕਲਾਗ ਲਾਜ਼ਮੀ ਹੈ ਜਿਹੜਾ ਸਾਡੇ ਅਨੁਸੂਚਿਤ ਜਾਤੀਆਂ ਦਾ ਬਣਦਾ ਹੈ। ਇਹ ਉਨ੍ਹਾਂ ਨੂੰ ਕਦੋਂ ਤੱਕ ਦੇ ਦਿੱਤਾ ਜਾਵੇਗਾ। ਸਰਕਾਰ ਵੱਲੋਂ ਬੈਕਲਾਗ ਕਮੇਟੀ ਤਾਂ ਪਹਿਲਾਂ ਹੀ ਬਣੀ ਹੋਈ ਹੈ ਅਤੇ ਉਸ ਕਮੇਟੀ ਨੇ 31 ਦਸੰਬਰ ਤੱਕ ਇਹ ਬੈਕਲਾਗ ਭਰਨਾ ਸੀ। ਇਨ੍ਹਾਂ ਨੇ ਕਿੰਨੀਆਂ ਸੀਟਾਂ ਉਨ੍ਹਾਂ ਨੂੰ ਦਿੱਤੀਆਂ ਹਨ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਸ਼ਾਹਬਾਜ਼ਪੁਰੀ ਜੀ, ਤੁਸੀਂ ਇਸ ਬਾਰੇ ਸੈਪਰੇਟ ਸਵਾਲ ਦੇ ਦਿਓ, ਮੰਤਰੀ ਜੀ ਉਸਦਾ ਜਵਾਬ ਦੇ ਦੇਣਗੇ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਸਪੀਕਰ ਸਾਹਿਬ, ਮੈਂ ਤਾਂ ਸਬੰਧਤ ਸਵਾਲ ਦੇ ਨਾਲ ਹੀ ਗੱਲ ਕਰ ਰਿਹਾ ਹਾਂ ਜਿਹੜਾ ਕਿ ਸਪਲੀਮੈਂਟਰੀ ਬਣਦਾ ਹੈ।

**ਸ਼੍ਰੀ ਸਪੀਕਰ** : ਸ਼ਾਹਬਾਜ਼ਪੁਰੀ ਜੀ, ਤੁਸੀਂ ਕਾਹਲੇ ਨਾ ਪਵੋ। ਮੰਤਰੀ ਜੀ ਨੇ ਸਾਰੀ ਇਨਫਰਮੇਸ਼ਨ ਤੁਹਾਡੀ ਮੇਜ਼ ਤੇ ਰੱਖੀ ਹੈ। You can go through it. ਉਸ ਤੋਂ ਬਾਅਦ ਵੀ ਜੇਕਰ ਤੁਹਾਨੂੰ ਪੂਰਾ ਜਵਾਬ ਨਹੀਂ ਮਿਲਦਾ ਤਾਂ You can put a separate question.

**ਕਾਮਰੇਡ ਬਲਦੇਵ ਸਿੰਘ ਬਲਮਗੜ੍ਹ** : ਸਪੀਕਰ ਸਾਹਿਬ ਵੇਖਣ ਵਿਚ ਆਇਆ ਹੈ ਕਿ ਮੇਰੇ ਕੋਲ ਹੁਣੇ ਜਿਹੇ ਇਰੀਗੇਸ਼ਨ ਡਿਪਾਰਟਮੈਂਟ ਦੀ ਲਿਸਟ ਆਈ ਹੈ। ਹੋਰ ਵੀ ਬਹੁਤ ਸਾਰੇ ਮਹਿਕਮੇ ਹਨ, ਇਕੱਲਾ ਐਜੂਕੇਸ਼ਨ ਡਿਪਾਰਟਮੈਂਟ ਹੀ ਨਹੀਂ, ਜਿਥੇ ਕਿ ਬੈਕਲਾਗ ਅਜੇ ਹੈ। ਕੀ ਮੰਤਰੀ ਜੀ ਕੋਈ ਕਮੇਟੀ ਬਣਾਉਣਗੇ ਜਿਹੜੀ ਇਹ ਘੋਖ ਕਰੇਗੀ ਕਿ ਕਿੰਨਾ ਬੈਕਲਾਗ ਪਿਆ ਹੈ। ਸਾਡੇ ਮੈਂਬਰ ਸਾਹਿਬਾਨ ਮਹਿਸੂਸ ਕਰਦੇ ਹਨ ਕਿ ਬੈਕਲਾਗ ਪਿਆ ਹੈ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਬੈਕਲਾਗ ਪਿਆ ਹੈ। ਮੰਤਰੀ ਜੀ ** ** ।

**ਸ਼੍ਰੀ ਸਪੀਕਰ** : ** ** ਹਨ ਵਾਲੇ ਸ਼ਬਦ ਐਕਸਪੰਜ ਕੀਤੇ ਜਾਂਦੇ ਹਨ।

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪੁਜ਼ੀਸ਼ਨ ਬੜੀ ਹੀ ਕਲੀਅਰ ਦੱਸ ਦਿੱਤੀ ਹੈ। ਮੈਂ ਜ਼ਿੰਮੇਵਾਰੀ ਨਾਲ ਕਿਹਾ ਹੈ। ਜੋ ਵੀ ਲੋੜ ਸੀ, ਜੋ ਰਿਕੁਆਇਰਮੈਂਟ ਸੀ according to the rules, we have fully complied with.

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਬੈਕਲਾਗ ਕੋਈ ਨਹੀਂ ਹੈ। [illegible] ਦੀ ਸਿਨਿਓਰਟੀ ਨੂੰ ਇਗਨੋਰ ਕਰਕੇ [illegible], ਜਿਹੜੇ ਕਿ ਇਸ ਪਰਮੋਸ਼ਨ ਵਾਸਤੇ ਇਲੀਜੀਬਲ ਬਣਦੇ ਸਨ, ਦੂਸਰਿਆਂ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ। ਕੀ ਜਿਨ੍ਹਾਂ ਦੀ ਸਿਨਿਓਰਟੀ ਨੂੰ ਇਗਨੋਰ ਕੀਤਾ ਗਿਆ ਹੈ, ਉਨ੍ਹਾਂ ਦੀ ਸਿਨਿਓਰਟੀ ਨੂੰ ਮੱਦੇਨਜ਼ਰ ਰੱਖਦਿਆਂ ਜਿਹੜਾ ਉਨ੍ਹਾਂ ਦਾ ਹੱਕ ਬਣਦਾ ਹੈ ਕੀ ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਪਰਮੋਸ਼ਨ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਬੜਾ ਹੀ ਕਲੀਅਰ ਕਹਿ ਦਿੱਤਾ ਹੈ। ਲੇਕਿਨ ਇਸ ਦੇ ਬਾਵਜੂਦ ਵੀ ਮੈਂਬਰ ਸਾਹਿਬਾਨ ਨੂੰ ਪੂਰਾ ਹੱਕ ਹੈ ਕਿ ਉਹ ਜੋ ਕੁਝ ਵੀ ਪੁੱਛਣਾ ਚਾਹੁੰਦੇ ਹਨ, ਪੁੱਛ ਸਕਦੇ ਹਨ। ਉਹ ਮੇਰੇ ਚੈਂਬਰ ਵਿੱਚ ਵੀ ਆ ਕੇ ਡਿਟੇਲ ਪੁੱਛ ਸਕਦੇ ਹਨ। ਇਹ ਵਿਸ਼ਵਾਸ ਮੈਂ ਜ਼ਰੂਰ ਦਿਲਾਂਦਾ ਹਾਂ ਕਿ ਕੋਈ ਬੈਕਲਾਗ ਨਹੀਂ ਰਹਿੰਦਾ।

**ਪੈਨਸ਼ਨਾਂ ਦੇ ਦਰਾਂ ਵਿਚ ਇਕਸਾਰਤਾ**

*888. (1) ਕਾਮਰੇਡ ਅਜਾਇਬ ਸਿੰਘ ਰੌਂਤਾ
(2) ਸ਼੍ਰੀਮਤੀ ਵਿਮਲਾ ਡਾਂਗ
} : ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਇਸ ਸਮੇਂ ਬੁਢਾਪਾ ਪੈਨਸ਼ਨਾਂ, ਵਿਧਵਾ ਪੈਨਸ਼ਨਾਂ ਅਪਾਹਜ ਵਿਅਕਤੀਆਂ ਨੂੰ ਪੈਨਸ਼ਨ ਅਤੇ ਬੇ-ਆਸਰੇ ਬੱਚਿਆਂ ਨੂੰ ਦਿੱਤੀ ਜਾਂਦੀ ਪੈਨਸ਼ਨ ਦੇ ਪ੍ਰਚਲਿਤ ਦਰਾਂ ਵਿਚ ਇਕਸਾਰਤਾ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ ਅਤੇ 1 ਜਨਵਰੀ, 1993 ਨੂੰ ਹਰ ਕੇਸ ਵਿਚ ਪੈਨਸ਼ਨ ਦੀ ਦਰ ਕੀ ਕੀ ਸੀ ?

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਬ੍ਰਹਮ ਮਹਿੰਦਰਾ** : ਪੈਨਸ਼ਨ ਦਰਾਂ ਇਕ ਸਮਾਨ ਨਹੀਂ ਹਨ।

ਬੁਢਾਪਾ ਪੈਨਸ਼ਨ, ਵਿਧਵਾ ਅਤੇ ਨਿਆਸਰਿਤ ਔਰਤਾਂ ਨੂੰ ਵਿੱਤੀ ਸਹਾਇਤਾ, ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਸਕੀਮ ਅਧੀਨ ਇਸ ਸਮੇਂ 150 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਪੈਨਸ਼ਨ/ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਆਸਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਸਕੀਮ ਅਧੀਨ ਇਸ ਸਮੇਂ 50 ਰੁਪਏ ਪ੍ਰਤੀ ਬੱਚਾ ਪ੍ਰਤੀ ਮਹੀਨਾ ਦੀ ਦਰ ਨਾਲ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ।

(ੳ) ਬੁਢਾਪਾ ਪੈਨਸ਼ਨ, ਵਿਧਵਾ ਤੇ ਨਿਆਸਰਿਤ ਔਰਤਾਂ ਨੂੰ ਵਿੱਤੀ ਸਹਾਇਤਾ ਤੇ ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ... 150 ਰੁਪਏ ਪ੍ਰਤੀ ਮਹੀਨਾ ਪ੍ਰਤੀ ਲਾਭਪਾਤਰੀ 1-10-92 ਤੋਂ।

(ਅ) ਆਸਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ... 50 ਰੁਪਏ ਪ੍ਰਤੀ ਮਹੀਨਾ ਪ੍ਰਤੀ ਬੱਚਾ ਸਾਲ 1968 ਤੋਂ।

**ਕਾਮਰੇਡ ਅਜਾਇਬ ਸਿੰਘ ਰੋੱਤਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਮਾਜ ਭਲਾਈ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਦੱਸਿਆ ਹੈ ਕਿ ਬੁਢਾਪਾ ਪੈਨਸ਼ਨ, ਵਿਧਵਾ ਤੇ ਨਿਆਸਰਿਤ ਔਰਤਾਂ, ਅਤੇ ਅਪੰਗ ਵਿਅਕਤੀਆਂ ਨੂੰ 150 ਰੁਪਏ ਪ੍ਰਤੀ ਮਹੀਨਾ ਸਹਾਇਤਾ ਕਰ ਦਿੱਤੀ ਗਈ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਆਸਰਿਤ ਬੱਚਿਆਂ ਨੂੰ 50 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ ਉਨ੍ਹਾਂ ਦੀ ਸਹਾਇਤਾ ਵਿਚ ਇਹ ਵਾਧਾ 150 ਰੁਪਏ ਤਕ ਦਾ ਕਦੋਂ ਤੱਕ ਕਰ ਦਿੱਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਇਹ 1968 ਤੋਂ 50 ਰੁਪਏ ਚਲਦੀ ਆ ਰਹੀ ਹੈ। ਇਹ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ। ਅਸੀਂ ਕਮਿਟਡ ਹਾਂ ਕਿ ਸਮਾਜ ਭਲਾਈ ਲਈ ਸਕੀਮਾਂ ਪ੍ਰਾਇਰਟੀ ਬੇਸਿਜ਼ ਤੇ ਇੰਪਲੀਮੈਂਟ ਕਰਾਂਗੇ।

**ਕਾਮਰੇਡ ਤਰਸੇਮ ਜੋਧਾਂ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਪੈਨਸ਼ਨ ਵਿਧਵਾ, ਬੁਢਾਪਾ ਅਤੇ ਨਿਆਸਰਿਤ ਬੱਚਿਆਂ ਨੂੰ ਲਗਾਈ ਗਈ ਹੈ ਕੀ ਉਨ੍ਹਾਂ ਦੀ ਹੁਣ ਤੱਕ ਦੀ ਅਦਾਇਗੀ ਹੋ ਚੁੱਕੀ ਹੈ ?

**ਮੰਤਰੀ** : ਇਹ ਪੈਨਸ਼ਨਾਂ 1 ਅਕਤੂਬਰ, 1992 ਤੋਂ ਵਧਾ ਕੇ ਦਿਤੀਆਂ ਗਈਆਂ ਹਨ ਅਤੇ 31 ਮਾਰਚ, 1993 ਤੱਕ ਸਭ ਨੂੰ ਅਦਾ ਕਰ ਦਿੱਤੀਆਂ ਜਾਣਗੀਆਂ।

---

**ਨਿਸ਼ਾਨਵਾਲਾ ਪ੍ਰਸ਼ਨ ਨੰ: 895**

(ਸਬੰਧਤ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

---

**ਗੰਡੀਵਿੰਡ ਅਤੇ ਤਰਨਤਾਰਨ ਬਲਾਕਾਂ ਵਿਚ ਵੈਟਰਨਰੀ ਹਸਪਤਾਲ/ਡਿਸਪੈਂਸਰੀਆਂ ਵਿਚ ਖਾਲੀ ਆਸਾਮੀਆਂ ਨੂੰ ਭਰਨਾ**

*824. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਅੰਮ੍ਰਿਤਸਰ ਦੇ ਗੰਡੀਵਿੰਡ ਅਤੇ ਤਰਨ-ਤਾਰਨ ਬਲਾਕਾਂ ਦੇ ਵੈਟਰਨਰੀ ਹਸਪਤਾਲਾਂ ਜਾਂ ਡਿਸਪੈਂਸਰੀਆਂ ਦੀ ਇਕ ਸੂਚੀ ਸਦਨ ਦੀ ਮੇਜ਼ ਤੇ ਰੱਖਣਗੇ ; ਅਤੇ

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਅਜਿਹੇ ਵੈਟਰਨਰੀ ਹਸਪਤਾਲਾਂ/ਡਿਸਪੈਂਸਰੀਆਂ ਜਿਨ੍ਹਾਂ ਵਿਚ ਵੈਟਰਨਰੀ ਡਾਕਟਰਾਂ ਅਤੇ ਕੰਪਿਊਟਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਉਕਤ ਆਸਾਮੀਆਂ ਨੂੰ ਭਰਨ ਲਈ ਕੀਤੀ ਜਾ ਰਹੀ ਕਾਰਵਾਈ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਣਗੇ ?

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਬੰਸ ਸਿੰਘ ਸਿੱਧੂ : ਮੰਗੀ ਗਈ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਗਈ ਹੈ।

**ਗੰਡੀਵਿੰਡ ਅਤੇ ਤਰਨ ਤਾਰਨ ਬਲਾਕ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪਸ਼ੂ ਹਸਪਤਾਲ ਅਤੇ ਡਿਸਪੈਂਸਰੀਆਂ ਦੀ ਸੂਚੀ**

**ਗੰਡੀਵਿੰਡ ਬਲਾਕ**

**ਪਸ਼ੂ ਹਸਪਤਾਲ**

1. ਅਟਾਰੀ
2. ਸੋਹਲ ਠੱਠੀ
3. ਰਾਜਾ ਤਾਲ
4. ਕਸੇਲ

**ਪਸ਼ੂ ਡਿਸਪੈਂਸਰੀਆਂ**

1. ਭੂਰਰ ਕਲਾਂ
2. ਨੌਸ਼ਹਿਰਾ ਧਾਲਾ
3. ਚੀਚਾ
4. ਭਖਨਾ ਕਲਾਂ
5. ਖੋਜ ਠੋਲ
6. ਅਮਾਨਤ ਖਾਂ
7. ਮਾਲਵਾਲ ਸੰਤਾ
8. ਗੰਡੀਵਿੰਡ
9. ਠੱਠਗੜ੍ਹ

**ਤਰਨ ਤਾਰਨ ਬਲਾਕ**

**ਪਸ਼ੂ ਹਸਪਤਾਲ**

1. ਤਰਨ ਤਾਰਨ
2. ਪੂੰਜਵੜ ਕਲਾਂ
3. ਪੰਡੋਰੀ ਸਿਧਵਾਂ
4. ਬਾਗੜੀਆਂ
5. ਜੀਓਵਾਲ
6. ਠਰੂ
7. ਬਾਕੀਪੁਰ

**ਪਸ਼ੂ ਡਿਸਪੈਂਸਰੀਆਂ**

1. ਝਬਾਲ
2. ਨੂਰਦੀ
3. ਅਲਾਦੀ ਪੁਰ
4. ਨੌਰੰਗਾਬਾਦ
5. ਖੱਬੇ ਡੋਗਰਾ
6. ਬਹਿਲਾਂ
7. ਬਾਠ
8. ਕੋਟ ਧਰਮ ਚੰਦ
9. ਮੂਸੇ
10. ਮਾਨੋਚਾਹਲ

ਜ਼ਿਲ੍ਹਾ ਅੰਮ੍ਰਿਤਸਰ ਦੇ ਗੰਡੀਵਿੰਡ ਅਤੇ ਤਰਨਤਾਰਨ ਬਲਾਕਾਂ ਦੇ ਹਸਪਤਾਲਾਂ/ਡਿਸਪੈਂਸਰੀਆਂ ਦੀ ਲਿਸਟ ਜਿਥੇ ਵੈਟੀ. ਡਾਕਟਰ ਅਤੇ ਕੰਪਾਊਂਡਰ (ਫਾਰਮਾਸਿਸਟਾਂ) ਦੀਆਂ ਆਸਾਮੀਆਂ ਖਾਲੀ ਹਨ, ਜਿਸ ਵਿੱਚ ਜ਼ਿਲ੍ਹਾ ਪ੍ਰੀਸ਼ਦ ਦੀਆਂ ਸੰਸਥਾਵਾਂ ਵੀ ਸ਼ਾਮਲ ਹਨ।

**ਗੰਡੀਵਿੰਡ ਬਲਾਕ**

| ਵੈਟੀ. ਹਸਪਤਾਲ | ਵੈਟੀ. ਡਿਸਪੈਂਸਰੀ | |
|---|---|---|
| ਰਾਜ ਸਰਕਾਰ | ਰਾਜ ਸਰਕਾਰ | ਜ਼ਿਲ੍ਹਾ ਪ੍ਰੀਸ਼ਦ |
| 1. ਠੱਠੀ ਸੋਹਲ (ਸਿਰਫ ਵੈਟੀ. ਅਫਸਰ ਦੀ ਆਸਾਮੀ ਖਾਲੀ ਹੈ) | ਨਿਲ | ਨਿਲ |
| **ਤਰਨ ਤਾਰਨ ਬਲਾਕ** | | |
| 1. ਬਾਗੜੀਆਂ (ਸਿਰਫ ਵੈਟੀ. ਅਫਸਰ ਦੀ ਆਸਾਮੀ ਖਾਲੀ ਹੈ) | ਨਿਲ | ਨਿਲ |
| 2. ਜੀਉਵਾਲ (ਸਿਰਫ ਵੈਟੀ. ਅਫਸਰ ਦੀ ਆਸਾਮੀ ਖਾਲੀ ਹੈ) | | |
| 3. ਬਾਕੀਪੁਰ (ਸਿਰਫ ਵੈਟੀ. ਅਫਸਰ ਦੀ ਆਸਾਮੀ ਖਾਲੀ ਹੈ) | | |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਪਸ਼ੂ ਪਾਲਣ ਅਤੇ ਮੱਛੀ ਪਾਲਣ]

ਖਾਲੀ ਆਸਾਮੀਆਂ ਨੂੰ ਭਰਨ ਲਈ ਯਤਨ ਕੀਤੇ ਜਾ ਰਹੇ ਹਨ। ਪੰਜਾਬ ਲੋਕ ਸੇਵਾ ਕਮਿਸ਼ਨ ਵਲੋਂ ਸਿਫ਼ਾਰਸ਼ ਕੀਤੇ ਵੈਟੀ. ਅਫਸਰਾਂ ਨੂੰ ਉਨ੍ਹਾਂ ਦੇ ਚਰਿਤਰ ਅਤੇ ਡਾਕਟਰੀ ਮੁਆਇਨੇ ਤੋਂ ਬਾਅਦ ਨਿਯੁਕਤੀ ਪੱਤਰ ਦਿੱਤੇ ਜਾ ਰਹੇ ਹਨ।

**ਸਰਦਾਰ ਸੁਖਦੇਵ ਸਿਘ ਸ਼ਾਹਬਾਜ਼ਪੁਰੀ :** ਸਪੀਕਰ ਸਾਹਿਬ ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਹੜੀ ਸੂਚੀ ਮੰਗੀ ਗਈ ਸੀ, ਇਨ੍ਹਾਂ ਨੇ ਸਦਨ ਦੇ ਮੇਜ਼ ਤੇ ਰੱਖ ਦਿੱਤੀ ਹੈ। ਇਸ ਦੇ ਨਾਲ ਹੀ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਆਸਾਮੀਆਂ ਖਾਲੀ ਹਨ ਉਹ ਦੱਸ ਸਕਦੇ ਹਨ ਕਿ ਕਦੋਂ ਤੱਕ ਪੁਰ ਕੀਤੀਆਂ ਜਾਣਗੀਆਂ ?

**ਰਾਜ ਮੰਤਰੀ :** ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਪਬਲਿਕ ਸਰਵਿਸ ਕਮਿਸ਼ਨ ਤੋਂ ਲਿਸਟ ਆਈ ਹੋਈ ਹੈ ਜਿਵੇਂ ਜਿਵੇਂ ਉਨ੍ਹਾਂ ਦੀ ਪੁਲਿਸ ਵੈਰੀਫੀਕੇਸ਼ਨ ਹੋ ਕੇ ਸਾਡੇ ਕੋਲ ਪੁੱਜ ਰਹੀ ਹੈ, ਉਸਦੇ ਮੁਤਾਬਿਕ ਹੀ ਆਸਾਮੀਆਂ ਭਰੀਆਂ ਜਾ ਰਹੀਆਂ ਹਨ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਸਪੀਕਰ ਸਾਹਿਬ ਜੋ ਸੂਚੀ ਗੰਡੀਵਿੰਡ ਅਤੇ ਤਰਨ-ਤਾਰਨ ਬਲਾਕ ਦੇ ਹਸਪਤਾਲਾਂ ਦੀ ਰੱਖੀ ਗਈ ਹੈ, ਇਹ ਦੋਵੇਂ ਬਲਾਕ ਹੀ ਮੇਰੇ ਹਲਕੇ ਅਟਾਰੀ ਵਿੱਚ ਪੈਂਦੇ ਹਨ। ਮੈਂ ਵੇਖਿਆ ਹੈ ਕਿ ਇਨ੍ਹਾਂ ਹਸਪਤਾਲਾਂ ਦੀਆਂ ਬਿਲਡਿੰਗਾਂ ਬਹੁਤ ਹੀ ਖਸਤਾ ਹਾਲਾਤ ਵਿੱਚ ਹਨ ਅਤੇ ਕਈ ਹਸਪਤਾਲਾਂ ਵਿੱਚ ਪੂਰੇ ਮੁਲਾਜ਼ਮ ਵੀ ਹਾਜ਼ਰ ਨਹੀਂ ਹੁੰਦੇ। ਕੀ ਮੰਤਰੀ ਜੀ ਇਹ ਦੱਸਣਗੇ ਕਿ ਇਨ੍ਹਾਂ ਹਸਪਤਾਲਾਂ ਦੀ ਬਿਲਡਿੰਗਾਂ ਬਾਰੇ ਅਤੇ ਜਿਹੜੇ ਮੁਲਾਜ਼ਮ ਨਹੀਂ ਆਉਂਦੇ ਉਨ੍ਹਾਂ ਬਾਰੇ ਇਹ ਕੀ ਕਾਰਵਾਈ ਕਰ ਰਹੇ ਹਨ ?

**ਸ੍ਰੀ ਸਪੀਕਰ :** ਸ਼ਾਹਬਾਜ਼ਪੁਰੀ ਜੀ, ਇਹ ਸਪਲੀਮੈਂਟਰੀ ਤਾਂ ਨਹੀਂ ਬਣਦੀ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਸਰ, ਜਿਹੜੀ ਸੂਚੀ ਇਨ੍ਹਾਂ ਨੇ ਮੇਜ਼ ਤੇ ਰੱਖੀ ਹੈ ਪਿੰਡਾਂ ਦੇ ਨਾਵਾਂ ਦੀ ਜਿੱਥੇ ਹਸਪਤਾਲ ਹਨ, ਮੈਂ ਉਨ੍ਹਾਂ ਬਾਰੇ ਹੀ ਪੁੱਛ ਰਿਹਾ ਹਾਂ।

**ਸ੍ਰੀ ਸਪੀਕਰ :** ਤੁਸੀਂ ਲਿਸਟ ਪੁੱਛੀ ਹੈ, ਉਹ ਇਨ੍ਹਾਂ ਨੇ ਦੇ ਦਿਤੀ ਹੈ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਸਰ, ਇਨ੍ਹਾਂ ਨੇ ਲਿਸਟ ਤਾਂ ਸਦਨ ਦੀ ਮੇਜ਼ ਤੇ ਰੱਖ ਦਿੱਤੀ ਹੈ। ਜਿਹੜੇ ਹਸਪਤਾਲ ਪਿੰਡਾਂ ਵਿੱਚ ਖੋਲ੍ਹੇ ਗਏ ਹਨ ਇਹ ਉਸ ਇਲਾਕੇ ਦੇ ਪਿੰਡਾਂ ਅਤੇ ਕਿਸਾਨਾਂ ਲਈ ਖੋਲ੍ਹੇ ਗਏ ਹਨ ਪਰ ਕੁਝ ਹਸਪਤਾਲ ਐਸੇ ਹਨ ਜਿਨ੍ਹਾਂ ਦੀ ਬਿਲਡਿੰਗ ਦੀ ਬੜੀ ਖਸਤਾ ਹਾਲਤ ਹੈਅਤੇ ਕਈਆਂ ਵਿੱਚ ਸਟਾਫ਼ ਵੀ ਹਾਜ਼ਰ ਨਹੀਂ ਹੁੰਦਾ, ਉਨ੍ਹਾਂ ਬਾਰੇ ਮੰਤਰੀ ਜੀ ਜੋ ਕਾਰਵਾਈ ਕਰ ਰਹੇ ਹਨ, ਮੈਂ ਉਸ ਬਾਰੇ ਪੁੱਛਣਾ ਚਾਹੁੰਦਾ ਹਾਂ ਜੀ।

**ਸ੍ਰੀ ਸਪੀਕਰ :** ਤੁਸੀਂ ਪਰਟੀਕੁਲਰ ਕੇਸ ਉਨ੍ਹਾਂ ਦੇ ਧਿਆਨ ਵਿੱਚ ਲਿਆ ਦੇਵੋ ਉਹ ਇਨਕੁਆਇਰੀ ਕਰਵਾ ਲੈਣਗੇ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਠੀਕ ਹੈ ਜੀ, ਧੰਨਵਾਦ।

---

### ਕੱਥਲੋਰ ਵਿਖੇ ਰਾਵੀ ਦਰਿਆ ਤੇ ਪੁਲ ਦੀ ਉਸਾਰੀ

***866. ਸ੍ਰੀ ਕਿਸ਼ਨ ਚੰਦ :** ਕੀ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਵਰਖਾ ਰੁੱਤ ਦੇ ਦੌਰਾਨ ਗੁਰਦਾਸਪੁਰ ਜ਼ਿਲ੍ਹੇ ਦੇ ਲਗਭਗ 100 ਪਿੰਡਾਂ ਦਾ ਸੰਪਰਕ ਕੱਥਲੋਰ ਵਿਖੇ ਰਾਵੀ ਦਰਿਆ ਤੇ ਪੁਲ ਦੇ ਨਾ ਹੋਣ ਕਰਕੇ ਬਾਕੀ ਦੇ ਪੰਜਾਬ ਤੋਂ ਕਟ ਕੇ ਰਹਿ ਜਾਂਦਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਪੁਲ ਦੀ ਉਸਾਰੀ ਲਈ ਕੀ ਕਾਰਵਾਈ ਕੀਤੇ ਜਾਣ ਦੀ ਤਜਵੀਜ਼ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਜੋਗਿੰਦਰ ਸਿੰਘ ਮਾਨ:** ਇਹ ਕਹਿਣਾ ਗਲਤ ਹੋਵੇਗਾ ਕਿ ਬਰਸਾਤੀ ਮੌਸਮ ਵਿੱਚ ਲਗਭਗ 100 ਪਿੰਡ ਕੱਟੇ ਜਾਂਦੇ ਹਨ ਕਿਉਂ ਜੋ ਇਕ ਸਾਰਾ ਸਾਲ ਚਲਣ ਵਾਲੀ ਸੜਕ ਵਾਇਆ ਕਠੂਆ, ਲੱਖਨਪੁਰ, ਮਾਧੋਪੁਰ ਮੌਜੂਦ ਹੈ। ਦਰਿਆ ਰਾਵੀ ਉਪਰ ਪੁਲ ਉਦੋਂ ਬਣਾਇਆ ਜਾਵੇਗਾ ਜਦੋਂ ਫੰਡ ਉਪਲਬਧ ਹੋਣਗੇ।

**ਸ੍ਰੀ ਕਿਸ਼ਨ ਚੰਦ:** ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਉਨ੍ਹਾਂ ਦੀ ਜਾਣਕਾਰੀ ਹਿੱਤ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੇ 100 ਪਿੰਡ ਯਾਨੀ ਕਿ ਦੋ ਬਲਾਕਾਂ ਦੇ ਹਨ ਇਨ੍ਹਾਂ ਨੂੰ ਜੋ ਸਮਾਨ ਪੰਜਾਬ ਤੋਂ ਜਾਂਦਾ ਹੈ, ਡਿਸਟ੍ਰਿਕਟ ਗੁਰਦਾਸਪੁਰ ਤੋਂ ਜਾਂਦਾ ਹੈ ਉਹ ਵਾਇਆ ਕਠੂਆ ਜਾਂਦਾ ਹੈ ਜਿਸ ਕਰਕੇ ਉਨ੍ਹਾਂ ਤੇ ਟੋਲ--ਟੈਕਸ ਲਗਦਾ ਹੈ ਅਤੇ ਇਹ ਜਿਹੜੀ ਮਹਿੰਗਾਈ, ਕੁਦਰਤੀ ਤੌਰ ਤੇ ਹੁੰਦੀ ਹੈ ਉਥੇ ਆਫ਼ਤ ਬਣਕੇ ਇਨ੍ਹਾਂ 100 ਪਿੰਡਾਂ ਨੂੰ ਖਾਈ ਹੋਈ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਦਰਿਆ ਰਾਵੀ ਉਪਰ ਪੁਲ ਪ੍ਰਾਇਆਰਟੀ ਬੇਸਿਜ਼ ਤੇ ਬਣਾਇਆ ਜਾਵੇ। ਇਸ ਮੰਤਵ ਲਈ ਫੰਡਜ਼ ਕਦੋਂ ਤੱਕ ਕਰੀਏਟ ਕਰਨਗੇ, ਸਮਾਂ ਨਿਸ਼ਚਿਤ ਕੀਤਾ ਜਾਵੇ।

**ਰਾਜ ਮੰਤਰੀ:** ਸਰ, ਜੈਮਲ ਸਿੰਘ ਸਬ-ਤਹਿਸੀਲ ਹੈ ਔਰ ਸਬ-ਤਹਿਸੀਲ ਨੂੰ ਜਾਣ ਵਾਸਤੇ ਮੈਂ ਰਸਤਾ ਦੱਸਿਆ ਸੀ। ਲੱਖਨਪੁਰ-ਮਾਧੋਪੁਰ ਅਤੇ ਕਥੂਆ ਵਿਚ ਦੀ ਰਸਤਾ ਵਾਇਆ ਜੰਮੂ ਦੀ ਹੱਦ ਨਾਲ ਲੱਗਦਾ ਹੈ ਅਤੇ ਇਹ ਖੁੱਲਾ ਰਹਿੰਦਾ ਹੈ। ਇਹ ਜਿਹੜੀ ਉਨ੍ਹਾਂ ਨੇ ਕਥਲੌਰ ਪੁਲ ਬਣਾਉਣ ਦੀ ਗੱਲ ਕੀਤੀ ਹੈ, ਇਸ ਬਾਰੇ ਪਹਿਲਾਂ ਵੀ ਲੋਕਾਂ ਨੇ ਮੰਗ ਕੀਤੀ ਸੀ ਪਰ ਫੰਡਜ਼ ਉਪਲਬਧ ਨਾ ਹੋਣ ਕਾਰਨ ਇਹ ਨਹੀਂ ਬਣ ਸਕਿਆ। ਲੇਕਿਨ ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਦਿਆਂ ਕਿ ਰਾਵੀ ਦਰਿਆ ਕੋਲ ਇੱਕ ਹੋਰ ਦਰਿਆ ਵੀ ਪੈਂਦਾ ਹੈ ਜਿਥੇ 28 ਪਿੰਡ ਐਗਜ਼ਿਸਟ ਕਰਦੇ ਹਨ। ਜੇ ਇਹ ਹੋ ਵੀ ਜਾਵੇ ਤਾਂ ਜਿਹੜੇ 28 ਪਿੰਡ ਐਗਜ਼ਿਸਟ ਕਰਦੇ ਹਨ, ਉਨ੍ਹਾਂ ਲਈ ਹੋਰ ਕੋਈ ਆਲਟਰਨੇਟਿਵ ਨਹੀਂ ਹੋਵੇਗਾ। ਇਸ ਵਾਸਤੇ 30 ਕਰੋੜ ਰੁਪਿਆ ਖਰਚ ਆਉਂਦਾ ਹੈ ਜੋ ਕਿ ਸਰਕਾਰ ਖਰਚ ਨਹੀਂ ਸਕਦੀ। ਇਸ ਲਈ ਇਸ ਵੇਲੇ ਬ੍ਰਿਜ ਬਣਾਉਣ ਦਾ ਸਵਾਲ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ੍ਰੀ ਕਿਸ਼ਨ ਚੰਦ:** ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਦੀ ਜਾਣਕਾਰੀ ਲਈ ਹੋਰ ਵੀ ਗੱਲ ਦੱਸਣੀ ਚਾਹੁੰਦਾ ਹਾਂ ਕਿ ਇਹ ਜਿਹੜਾ ਹਲਕਾ ਹੈ, ਉਹ ਇੱਕ ਦਰਿਆ ਨਾਲ ਨਹੀਂ ਬਲਕਿ ਪੰਜ ਦਰਿਆਵਾਂ ਨਾਲ ਵੰਡਿਆ ਹੋਇਆ ਹੈ ਜਿਹੜੇ ਸਾਰੇ ਹਲਕੇ ਨੂੰ ਵੰਡਦੇ ਹਨ। ਇਸ ਲਈ ਲੋਕ ਇੱਕ-ਦੂਜੇ ਨੂੰ ਦੇਖਣ ਤੋਂ ਤਰਸਦੇ ਹਨ। ਇੱਕ ਉਂਚ ਦਰਿਆ ਹੈ, ਇੱਕ ਸੰਗਰਾਮ ਦਰਿਆ ਹੈ, ਇੱਕ ਮਸਤੋਂ ਦਰਿਆ ਹੈ, ਇੱਕ ਰਾਵੀ ਦਰਿਆ ਹੈ। ਮੈਂ ਕੋਈ ਬਹੁਤੇ ਪੁੱਲਾਂ ਦੀ ਮੰਗ ਨਹੀਂ ਕੀਤੀ ਪਰ ਜਿਸ ਦਰਿਆ ਨੇ ਇਨ੍ਹਾਂ ਨੂੰ ਅੱਡ-ਅੱਡ ਕੀਤਾ, ਮੈਂ ਚਾਹੁੰਦਾ ਹਾਂ ਕਿ ਉਸ ਦਰਿਆ ਤੇ ਸਿਰਫ ਪੁੱਲ ਬਣ ਜਾਵੇ ਤਾਂ ਮੈਂ ਸਮਝਾਂਗਾ ਕਿ ਸਾਡੇ ਪੰਜਾਬ ਨਾਲ ਇਹ ਥਾਂ ਜੁੜ ਜਾਂਦੀ ਹੈ। ਸਾਡੇ 100 ਪਿੰਡਾਂ ਦਾ ਬਲਾਕ ਹੈ ਜਿਹੜਾ ਜਾਂ ਤਾਂ ਜੇ ਐਂਡ ਕੇ ਨਾਲ ਲਗਦਾ ਹੈ ਜਾਂ ਪਾਕਿਸਤਾਨ ਨਾਲ ਲਗਦਾ ਹੈ। ਜੇ ਸਾਨੂੰ ਕਿਤੇ ਜਾਣਾ ਹੁੰਦਾ ਹੈ ਤਾਂ ਵਾਇਆ ਕਥੂਆ ਜਾਣਾ ਪੈਂਦਾ ਹੈ ਜਿਸ ਨਾਲ 20 ਕਿਲੋਮੀਟਰ ਦਾ ਵਾਧੂ ਸਫਰ ਤੈਅ ਕਰਨਾ ਪੈਂਦਾ ਹੈ।

**ਸ੍ਰੀ ਸਪੀਕਰ:** ਤੁਸੀਂ ਸਿਰਫ ਸਵਾਲ ਪੁੱਛੋ।

**ਸ੍ਰੀ ਕਿਸ਼ਨ ਚੰਦ:** ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਇਹ ਪੁੱਛਾਂਗਾ ਕਿ ਇਹ ਪੁੱਲ ਕਦੋਂ ਤਕ ਬਣ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ:** ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਕਥਲੌਰ ਦੀ ਗੱਲ ਕੀਤੀ ਹੈ, ਉਥੇ ਫੈਰੀ ਦਾ ਬ੍ਰਿਜ ਓਪਰੇਟ ਕਰ ਰਿਹਾ ਹੈ ਅਤੇ ਇਸ ਨੂੰ ਜ਼ਿਲ੍ਹਾ ਪ੍ਰੀਸ਼ਦ ਓਪਰੇਟ ਕਰਦਾ ਹੈ। ਬਾਕੀ 2-3 ਪਤਨ ਹੋਰ ਹਨ ਅਤੇ ਉਥੇ ਪੀ.ਡਬਲਿਊ.ਡੀ ਡਿਪਾਰਟਮੈਂਟ ਦੀਆਂ ਕਿਸ਼ਤੀਆਂ ਚਲਦੀਆਂ ਹਨ। ਫਿਲਹਾਲ ਬ੍ਰਿਜ ਬਣਾਉਣ ਦੀ ਪਰਪੋਜ਼ਲ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ਼੍ਰੀ ਖੁਸ਼ਹਾਲ ਬਹਿਲ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਏਰੀਆ 1947 ਤੋਂ ਬਾਅਦ ਗੁਰਦਾਸਪੁਰ ਤੋਂ ਟੋਟਲੀ ਕੱਟ-ਆਫ ਹੈ ਅਤੇ ਲੋਕਾਂ ਦੀ ਲਗਾਤਾਰ ਡਿਮਾਂਡ ਹੈ ਕਿ ਸਾਨੂੰ ਪੰਜਾਬ ਤੋਂ ਅਲਗ - ਥਲੱਗ ਕਰਕੇ ਜੰਮੂ-ਕਸ਼ਮੀਰ ਨਾਲ ਰੱਖਿਆ ਹੈ। ਕੀ ਮਨਿਸਟਰ ਸਾਹਿਬ ਇਸ ਏਰੀਏ ਨੂੰ ਆਪਣੇ ਨਾਲ ਮਰਜ ਕਰਨ ਦੀ ਪ੍ਰਿਆਰਿਟੀ ਦੇਣਗੇ ?

**ਰਾਜ ਮੰਤਰੀ:** ਸਰ, ਉਥੇ ਲੋਕੇਸ਼ਨ ਇਹ ਹੈ ਕਿ ਉਥੇ ਕਾਫੀ ਦਰਿਆ ਪੈਂਦੇ ਹਨ ਔਰ ਪਹਿਲਾਂ ਵੀ ਮੈਂ ਦੱਸਿਆ ਹੈ ਕਿ ਵੱਖ-ਵੱਖ ਬ੍ਰਿਜ ਬਣਾਉਣ ਨਾਲ ਸਰਕਾਰ ਦਾ ਕਾਫੀ ਪੈਸਾ ਖਰਚ ਹੋਵੇਗਾ ਅਜੇ ਕਿਸ਼ਤੀਆਂ ਤੇ ਹੋਰ ਬ੍ਰਿਜ ਓਪਰੇਟ ਕਰ ਰਹੇ ਹਨ। ਫਿਲਹਾਲ ਸਰਕਾਰ ਦੀ ਕੋਈ ਅਜਿਹੀ ਸਕੀਮ ਨਹੀਂ ਹੈ ਕਿ ਉਥੇ ਕੋਈ ਬ੍ਰਿਜ ਬਣਾਇਆ ਜਾਵੇ।

---

### ਪਿੰਡ ਘੁੰਮਣ ਕਲਾਂ ਤੋਂ ਘੁੰਮਣ ਖੁਰਦ ਤੱਕ ਲਿੰਕ ਸੜਕ ਦੀ ਉਸਾਰੀ

***793. ਸਰਦਾਰ ਸੁਰਜਨ ਸਿੰਘ:** ਕੀ ਲੋਕ ਕਾਰਜ (ਭਵਨ ਅਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਜ਼ਿਲ੍ਹਾ ਮਾਨਸਾ ਵਿਚ ਪਿੰਡ ਘੁੰਮਣ ਕਲਾਂ ਤੋਂ ਘੁੰਮਣ ਖੁਰਦ ਤੱਕ ਪੱਕੀ ਸੜਕ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਸਤੇ ਵਿਚ ਪੈਂਦੇ ਰਾਜਬਾਹੇ ਉਪਰ ਕਿਸੇ ਪੁਲ ਦੀ ਉਸਾਰੀ ਕੀਤੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ,ਤਾਂ ਉਸਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ:** (ੳ ਅਤੇ ਅ) ਹਾਲ ਦੀ ਘੜੀ ਕੋਈ ਤਜਵੀਜ਼ ਨਹੀਂ ।

**ਸਰਦਾਰ ਸੁਰਜਨ ਸਿੰਘ:** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧਿਆਨ ਇਸ ਗੱਲ ਲਈ ਦਿਵਾਉਂਦਾ ਹਾਂ ਕਿ ਉਸ ਇਲਾਕੇ ਦੀ ਮੁਸ਼ਕਲ ਇਹ ਹੈ ਕਿ ਉਥੇ ਸੜਕ ਨਹੀਂ ਬਣੀ ਹੋਈ, ਪਸ਼ੂ ਡਿਸਪੈਂਸਰੀ ਵੀ ਨਹੀਂ ਹੈ ਅਤੇ ਜਨਾਨਾ ਹਸਪਤਾਲ ਵੀ ਨਹੀਂ ਹੈ । ਉਨ੍ਹਾਂ ਲੋਕਾਂ ਨੂੰ ਘੁੰਮਣ -ਕਲਾਂ ਜਾਣਾ ਪੈਂਦਾ ਹੈ ਜਿਸ ਲਈ ਲੋਕਾਂ ਨੂੰ ਬੜੀ ਮੁਸ਼ਕਲ ਆਉਂਦੀ ਹੈ । ਉਥੇ ਸੜਕ ਜਲਦੀ ਬਣਾਈ ਜਾਵੇ। ਮੇਰੇ ਸਵਾਲ ਦਾ 'ਅ' ਭਾਗ ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਉਥੇ ਪੁੱਲ ਨਾ ਹੋਣ ਕਰਕੇ ਕਈ ਵਾਰੀ ਉਥੇ ਦਸਵੀਂ ਦੇ ਬੱਚਿਆਂ ਨੂੰ ਘੁੰਮਣ ਕਲਾਂ ਪੜ੍ਹਾਈ ਲਈ ਜਾਣਾ ਪੈਂਦਾ ਹੈ। ਉਥੇ ਪੰਜਵੀਂ ਤੱਕ ਸਕੂਲ ਹੈ। ਮਰੀਜ਼ਾਂ ਨੂੰ ਵੀ ਘੁੰਮਣ ਕਲਾਂ ਲਿਜਾਉਣਾ ਪੈਂਦਾ ਹੈ । ਪੁਲ ਨਾ ਹੋਣ ਕਰਕੇ ਇਸਤਰੀਆਂ ਪਾਣੀ ਵਿਚ ਡਿੱਗ ਜਾਂਦੀਆਂ ਹਨ ਅਤੇ ਬੱਚੇ ਵੀ ਡਿੱਗ ਜਾਂਦੇ ਹਨ । ਕੀ ਮੰਤਰੀ ਜੀ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਹਾਊਸ ਨੂੰ ਯਕੀਨ ਦਿਵਾਉਣਗੇ ?

**ਸ਼੍ਰੀ ਸਪੀਕਰ:** ਇਹ ਸਪਲੀਮੈਂਟਰੀ ਨੋਟ ਕਰ ਲਓ । Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

Original with;
Punjab Vidhan Sabha
Digitized by;
Panjab Digital Library

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਨਰੋਟ ਜੈਮਲ ਸਿੰਘ ਅਤੇ ਬਮਿਆਲ ਬਲਾਕਾਂ ਵਿਚ ਬੱਸ ਸੇਵਾ

***865. ਸ੍ਰੀ ਕਿਸ਼ਨ ਚੰਦ** : ਕੀ ਟਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕਾਂ ਨਰੋਟ ਜੈਮਲ ਸਿੰਘ ਅਤੇ ਬਮਿਆਲ ਵਿਚ ਹੋਰ ਬੱਸ ਸੇਵਾ/ਬੱਸ ਰੂਟ ਚਾਲੂ ਕਰਨ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

**ਮਾਸਟਰ ਜਾਗੀਰ ਸਿੰਘ** : ਪੰਜਾਬ ਰੋਡਵੇਜ਼, ਪਠਾਨਕੋਟ ਵਲੋਂ ਪਠਾਨਕੋਟ ਤੋਂ ਨਰੋਟ ਜੈਮਲ ਸਿੰਘ ਬਰਾਸਤਾ ਕਠੂਆ ਰੂਟ ਤੇ ਹੋਰ ਬੱਸ ਸੇਵਾ ਚਲਾਉਣ ਦੀ ਤਜਵੀਜ਼ ਹੈ । ਅੰਮ੍ਰਿਤਸਰ-ਬਠਿੰਡਾ ਟਰਾਂਸਪੋਰਟ ਕੋਆਪਰੇਟਿਵ ਸੋਸਾਇਟੀ, ਅੰਮ੍ਰਿਤਸਰ ਵਲੋਂ ਵੀ ਪਠਾਨਕੋਟ-ਨਰੋਟ ਜੈਮਲ ਸਿੰਘ ਬਰਾਸਤਾ ਦੀਨਾ ਨਗਰ ਰੂਟ ਤੇ ਹੋਰ ਵਾਪਸੀ ਫੇਰੇ ਵਧਾਉਣ ਲਈ ਬੇਨਤੀ ਰਿਜਨਲ ਟਰਾਂਸਪੋਰਟ ਅਥਾਰਟੀ, ਜਲੰਧਰ ਦੇ ਵਿਚਾਰ ਅਧੀਨ ਹੈ ।

ਬਮਿਆਲ ਬਲਾਕ ਵਿਚ ਹੋਰ ਬੱਸ ਸੇਵਾ ਚਲਾਉਣ ਲਈ ਕੋਈ ਤਜਵੀਜ਼ ਨਹੀਂ ਹੈ, ਅਤੇ ਨਾ ਹੀ ਅਜਿਹੀ ਕੋਈ ਬੇਨਤੀ ਪ੍ਰਾਪਤ ਹੋਈ ਹੈ।

---

### ਜ਼ਿਲ੍ਹਾ ਟਰਾਂਸਪੋਰਟ ਅਫਸਰ, ਗੁਰਦਾਸਪੁਰ ਦੇ ਦਫਤਰ ਵਿਚ ਹੇਰਾ ਫੇਰੀ ਵਿਰੁੱਧ ਸ਼ਿਕਾਇਤ

***899. (1) ਸ੍ਰੀ ਮਦਨ ਮੋਹਨ ਮਿੱਤਲ**
**(2) ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਟਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਟਰਾਂਸਪੋਰਟ ਅਫਸਰ, ਗੁਰਦਾਸਪੁਰ ਦੇ ਦਫਤਰ ਵਿਚ ਹੋ ਰਹੀ ਹੇਰਾਫੇਰੀ ਦੇ ਵਿਰੁੱਧ ਕਿਸੇ ਵਿਧਾਨਕਾਰ ਨੇ ਸ਼ਿਕਾਇਤ ਕੀਤੀ ਹੈ; ਜੇਕਰ ਅਜਿਹਾ ਹੈ, ਤਾਂ ਇਸ ਦੇ ਵੇਰਵੇ ਕੀ ਹਨ?

**ਮਾਸਟਰ ਜਾਗੀਰ ਸਿੰਘ** : ਹਾਂ, ਜੀ। ਸ੍ਰੀ ਜਗਦੀਸ਼ ਸਾਹਨੀ, ਐਮ.ਐਲ.ਏ. ਬਟਾਲਾ ਵਲੋਂ ਇੱਕ ਸ਼ਿਕਾਇਤ ਜਿਹੜੀ ਕਿ ਮੁੱਖ ਮੰਤਰੀ ਪੰਜਾਬ ਨੂੰ ਸੰਬੋਧਤ ਹੈ, ਪ੍ਰਾਪਤ ਹੋਈ ਹੈ। ਇਸ ਸ਼ਿਕਾਇਤ ਵਿੱਚ ਇਹ ਦੋਸ਼ ਲਾਇਆ ਗਿਆ ਹੈ ਕਿ ਜ਼ਿਲਾ ਟਰਾਂਸਪੋਰਟ ਅਫਸਰ, ਗੁਰਦਾਸਪੁਰ ਸਥਾਨਕ ਟਰਾਂਸਪੋਰਟਰਜ਼ ਦੀਆਂ ਗੱਡੀਆਂ ਦੇ ਨਜਾਇਜ਼ ਚਲਾਨ ਕਰਕੇ ਗੱਡੀਆਂ ਨੂੰ ਬੰਦ ਕਰ ਰਿਹਾ ਹੈ, ਇਸ ਤਰ੍ਹਾਂ ਉਹ, ਨਿੱਜੀ ਹਿੱਤਾਂ ਲਈ ਉਹਨਾਂ ਨੂੰ ਤੰਗ-ਪਰੇਸ਼ਾਨ ਕਰ ਰਿਹਾ ਹੈ।

---

### ਪੰਜਾਬ ਸਪਿਨਿੰਗ ਮਿਲਜ਼ ਲਿਮਿਟਡ ਵਿਖੇ ਹੜਤਾਲ/ਧੀਮੀ ਰਫ਼ਤਾਰ

***893. (1) ਕਾਮਰੇਡ ਅਜਾਇਬ ਸਿੰਘ ਰੌਂਤਾ**
**(2) ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਮੁੱਖ ਮੰਤਰੀ ਜੀ ਕ੍ਰਿਪਾ ਕਰਕੇ ਇਹ ਦੱਸਣਗੇ ਕਿ ਪੰਜਾਬ ਸਪਿਨਿੰਗ ਮਿੱਲ, ਬਠਿੰਡਾ ਵਿਖੇ ਇਸ ਸਮੇਂ ਹੜਤਾਲ/ਧੀਮੀ ਚਾਲ ਹੈ ਜੇ ਹੈ, ਤਾਂ ਕਿਸ ਸਮੇਂ ਤੋਂ ਤੇ ਉਸਦੇ ਕੀ ਕਾਰਨ ਹਨ ਨਾਲ ਨਾਲ ਇਹ ਵੀ ਦੱਸਿਆ ਜਾਵੇ ਕਿ ਮਾਮਲੇ ਦੇ ਨਿਪਟਾਰੇ ਲਈ ਕੀ ਕਦਮ ਚੁੱਕੇ ਜਾ ਰਹੇ ਹਨ, ਜਾਂ ਕਦਮ ਚੁੱਕਣ ਦਾ ਵਿਚਾਰ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬੇਅੰਤ ਸਿੰਘ:** ਨਹੀਂ ਜੀ। ਇਸ ਸਮੇਂ ਪੰਜਾਬ ਸਪਿਨਿੰਗ ਅਤੇ ਵੀਵਿੰਗ ਮਿਲਜ਼ ਲਿਮਟਿਡ, ਬਠਿੰਡਾ ਦੇ ਕਾਮੇ ਹੜਤਾਲ ਤੇ ਨਹੀਂ ਹਨ। ਸਿਰਫ ਪ੍ਰਬੰਧਕੀ ਸਟਾਫ ਦੇ ਕੁਝ ਕਰਮਚਾਰੀ ਪਹਿਲਾਂ ਹੜਤਾਲ ਤੇ ਸਨ, ਪਰ ਹੁਣ ਉਹ 9 ਮਾਰਚ 1993 ਤੋਂ ਡਿਊਟੀ ਤੇ ਆ ਚੁੱਕੇ ਹਨ।

---

**ਸਿਹਤ ਵਿਭਾਗ ਵਿਚ ਬਹੁਮੰਤਵੀ ਕਾਮਿਆਂ ਦੀਆਂ ਆਸਾਮੀਆਂ ਲਈ ਇੰਟਰਵਿਊ**

***925. ਸਰਦਾਰ ਨਿਰਮਲ ਸਿੰਘ ਨਿੰਮਾ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਹਤ ਵਿਭਾਗ ਨੇ ਸਾਲ 1992-93 ਦੌਰਾਨ ਬਹੁਮੰਤਵੀ ਸਿਹਤ ਕਾਮਿਆਂ ਦੀਆਂ ਆਸਾਮੀਆਂ ਤੇ ਨਿਯੁਕਤੀਆਂ ਲਈ ਕੋਈ ਇੰਟਰਵਿਊ ਲਈ ਸੀ; ਜੇਕਰ ਅਜਿਹਾ ਹੋਵੇ, ਤਾਂ ਕੀ ਉਕਤ ਇੰਟਰਵਿਊ ਦੇ ਆਧਾਰ ਤੇ ਨਿਯੁਕਤੀਆਂ ਕਰ ਦਿੱਤੀਆਂ ਗਈਆਂ ਹਨ: ਜੇਕਰ ਨਹੀਂ ਤਾਂ ਇਨ੍ਹਾਂ ਦੇ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਲਾਲ ਸਿੰਘ:** ਹਾਂ ਜੀ। ਅਕਤੂਬਰ, ਨਵੰਬਰ ਅਤੇ ਦਸੰਬਰ 1992 ਦੌਰਾਨ ਬਹੁਮੰਤਵੀ ਸਿਹਤ ਕਾਮਿਆਂ (ਪੁਰਸ਼ ਅਤੇ ਇਸਤਰੀ) ਦੀਆਂ ਆਸਾਮੀਆਂ ਭਰਨ ਲਈ ਇੰਟਰਵਿਊ ਲਈ ਗਈ ਸੀ। ਬਹੁਮੰਤਵੀ ਸਿਹਤ ਕਾਮਿਆਂ (ਪੁਰਸ਼) ਦੀਆਂ ਆਸਾਮੀਆਂ ਲਈ ਚੋਣ ਅਤੇ ਨਿਯੁਕਤੀਆਂ ਕੀਤੀਆਂ ਜਾ ਚੁੱਕੀਆਂ ਹਨ। ਬਹੁਮੰਤਵੀ ਸਿਹਤ ਕਾਮਿਆਂ (ਇਸਤਰੀ) ਦੇ ਸਬੰਧ ਵਿਚ ਚੋਣ ਨੂੰ ਅਜੇ ਅੰਤਿਮ ਰੂਪ ਨਹੀਂ ਦਿੱਤਾ ਗਿਆ।

---

**ਲੋਕ ਨਿਰਮਾਣ ਵਿਭਾਗ ਦੀਆਂ ਟ੍ਰੇਡ ਯੂਨੀਅਨਾਂ ਦੀਆਂ ਮੰਗਾਂ**

***835. ਕਾਮਰੇਡ ਹਰਦੇਵ ਸਿੰਘ ਅਰਸ਼ੀ:** ਕੀ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉਨ੍ਹਾਂ ਨੂੰ ਆਪਣੇ ਵਿਭਾਗ ਦੀਆਂ ਵੱਖ ਵੱਖ ਟਰੇਡ ਯੂਨੀਅਨਾਂ ਵੱਲੋਂ ਮਈ ਤੋਂ ਜੁਲਾਈ, 1992 ਤੱਕ ਦੇ ਸਮੇਂ ਦੇ ਦੌਰਾਨ ਕੋਈ ਮੰਗ-ਪੱਤਰ ਪ੍ਰਾਪਤ ਹੋਏ; ਜੇ ਕਰ ਅਜਿਹਾ ਹੈ, ਤਾਂ ਕੀ ਸਰਕਾਰ ਉਸ ਸਬੰਧ ਵਿਚ ਸਬੰਧਤ ਟਰੇਡ ਯੂਨੀਅਨਾਂ ਨਾਲ ਕੋਈ ਮੀਟਿੰਗ ਕਰਨ ਦਾ ਵਿਚਾਰ ਰੱਖਦੀ ਹੈ?

**ਸਰਦਾਰ ਜੋਗਿੰਦਰ ਸਿੰਘ ਮਾਨ:** ਜੀ ਹਾਂ। ਵੱਖ ਵੱਖ ਐਸੋਸੀਏਸ਼ਨਾਂ/ਯੂਨੀਅਨਾਂ ਵਲੋਂ ਮਈ ਤੋਂ ਜੁਲਾਈ 1992 ਦੇ ਦੌਰਾਨ ਮੰਗ ਪੱਤਰ ਪ੍ਰਾਪਤ ਹੋਏ ਸਨ ਅਤੇ ਉਨ੍ਹਾਂ ਨਾਲ ਮੀਟਿੰਗ ਮਿਤੀ 29 ਸਤੰਬਰ 1992 ਅਤੇ 11 ਮਾਰਚ, 1993 ਨੂੰ ਕੀਤੀ ਗਈ ਸੀ। ਅਗਲੀਆਂ ਮੀਟਿੰਗਾਂ ਮਿਤੀ 16 ਮਾਰਚ, 1993 ਅਤੇ 27 ਅਪਰੈਲ, 1993 ਨੂੰ ਨਿਸ਼ਚਿਤ ਕੀਤੀਆਂ ਗਈਆਂ ਹਨ।

---

## ANNOUNCEMENT BY THE SPEAKER

**Mr. Speaker:** I have to inform the House that I have received D.O. letter dated the 11th/12th March, 1993, from Shri Surendra Nath Governor, Punjab, which reads as follows:

"This is with reference to your D.O. letter No. 28-LA-93/1095 dated the 2nd March, 1993, forwarding a copy of the Motion of Thanks passed by the Punjab Vidhan Sabha at its meeting held on the 2nd March, 1993, for the Address which I delivered to the House on 22nd February, 1993.

Original with;
Punjab Vidhan Sabha
Digitized by;
Panjab Digital Library

2. I would like to convey my thanks, through you, to all the members of the Punjab Vidhan Sabha."

**Mr. Speaker:** There is another information. He (Governor) will play host. ਕਲ੍ਹ ਸ਼ਾਮ ਦੀ ਚਾਹ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਰਾਜਪਾਲ ਸਾਹਿਬ ਨਾਲ ਪੀਣਗੇ। ਕਾਰਡ ਉਨ੍ਹਾਂ ਨੇ ਸਾਰਿਆਂ ਨੂੰ ਦਿੱਤੇ ਹਨ, ਮੇਰਾ ਖਿਆਲ ਹੈ ਕਿ ਉਹ ਡਿਸਟ੍ਰਿਬਿਊਟ ਹੋ ਚੁੱਕੇ ਹਨ।।

(ਇਸ ਵਕਤ ਮਾਨਯੋਗ ਮੈਂਬਰ ਸਰਦਾਰ ਨਿਰਮਲ ਸਿੰਘ ਨਿੰਮਾਂ ਅਤੇ ਸ੍ਰੀ ਮਦਨ ਮੋਹਨ ਮਿੱਤਲ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਖੜ੍ਹੇ ਸਨ)

**ਸ੍ਰੀ ਸਪੀਕਰ :** ਪਲੀਜ਼ ਬੈਠ ਜਾਓ । (ਵਿਘਨ)

**ਸਰਦਾਰ ਨਿਰਮਲ ਸਿੰਘ ਨਿੰਮਾ :** ਆਨ ਏ ਪੁਆਇੰਟ ਆਫ ਆਰਡਰ, ਸਰ।

**ਸ੍ਰੀ ਮਦਨ ਮੋਹਨ ਮਿੱਤਲ :** ਪਹਿਲਾਂ ਇਨ੍ਹਾਂ ਨੂੰ ਸੁਣ ਲਓ, ਮੈਂ ਬਾਅਦ ਵਿੱਚ ਕਰ ਲਵਾਂਗਾ ।

**ਸਰਦਾਰ ਨਿਰਮਲ ਸਿੰਘ ਨਿੰਮਾ :** ** ** **

**Mr. Speaker:** This is unparliamentary. I have not allowed your Point of order. It is no Point of Order. Whatever remarks he has used that should not form part of the record.

**Shri Madan Mohan Mittal:** ** ** **
* *

**Mr. Speaker:** I have not allowed this point of order. It is no Point of Order. Noting is going on record. Please sit down. I have not allowed this point of order. Arshi Ji, what is your point of order.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ** ** **

Mr. Speaker: I have not allowed it. It is no point of order.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ** ** **

Mr. Speaker: Nothing is to from part of the record. No point of orde rplease.

**ਕਾਮਰੇਡ ਬਲਦੇਵ ਸਿੰਘ ਬਲਮਗੜ੍ਹ :** ** ** **

Mr. Speaker: I have not allowed it. This is no point of order. Please sit down. ਇਰੀਗੇਸ਼ਨ ਐਂਡ ਪਾਵਰਜ਼ ਦੀ ਡਿਮਾਂਡ ਜਦੋਂ ਆਵੇਗੀ ਤੁਸੀਂ ਬੋਲ ਲੈਣਾ। ਕਾਲ ਅਟੈਨਸ਼ਨ ਨੋਟਿਸਿਜ਼ ।

(ਇਸ ਵਕਤ ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ, ਪਰ ਸ੍ਰੀ ਸਪੀਕਰ ਨੇ ਕੋਈ ਇਜਾਜ਼ਤ ਨਹੀਂ ਦਿਤੀ ਅਤੇ ਸਰਦਾਰ ਗੁਰਬਿੰਦਰ ਸਿੰਘ ਜੀ ਨੂੰ ਕਾਲ ਅਟੈਨਸ਼ਨ ਮੋਸ਼ਨ ਪੜ੍ਹਨ ਲਈ ਕਾਲ ਅਪੌਨ ਕੀਤਾ)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

## WALK-OUT

**ਸ੍ਰੀ ਵਿਜੇ ਕੁਮਾਰ ਸਾਥੀ** ਐਡਵੋਕੇਟ : ਸਪੀਕਰ ਸਾਹਿਬ, ਤੁਸੀਂ ਸਾਨੂੰ ਬੋਲਣ ਦੀ ਇਜਾਜ਼ਤ ਨਹੀਂ ਦੇ ਰਹੇ, ਇਸ ਕਰਕੇ ਅਸੀਂ ਵਾਕ-ਆਊਟ ਕਰਦੇ ਹਾਂ।

[ਇਸ ਸਮੇਂ ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਜਨਤਾ ਦਲ), ਕਾਮਰੇਡ ਤਰਸੇਮ ਜੋਧਾਂ ਸੀ.ਪੀ. ਆਈ.(ਐਮ) ਹਾਊਸ ਵਿਚੋਂ ਵਾਕ ਆਊਟ ਕਰ ਗਏ। ਨਾਲ ਹੀ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਅਤੇ ਸਰਦਾਰ ਰਣਜੀਤ ਸਿੰਘ ਛੱਜਲਵੱਡੀ, ਸ਼ਰੋਮਣੀ ਅਕਾਲੀ ਦੱਲ (ਕੇ), ਸੀ.ਪੀ.ਆਈ. ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਅਤੇ ਕਾਮਰੇਡ ਸੁਰਜਨ ਸਿੰਘ ਜੋਗਾ (ਆਈ.ਪੀ.ਐਫ) ਵੀ ਵਾਕ-ਆਊਟ ਕਰ ਗਏ। ]

---

## CALL ATTENTION NOTICES UNDER RULE 66

(ਕ੍ਰਮ ਨੰ :58)

1. **ਸਰਦਾਰ ਗੁਰਬਿੰਦਰ ਸਿੰਘ ਅਟਵਾਲ**
2. **ਸਰਦਾਰ ਬ੍ਰਿਜ ਭੁਪਿੰਦਰ ਸਿੰਘ**
3. **ਸ੍ਰੀ ਅਵਤਾਰ ਹੈਨਰੀ**
4. **ਸਰਦਾਰ ਮਲਕੀਅਤ ਸਿੰਘ ਦਾਖਾ**

: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਕਿ ਸਤਲੁਜ ਦਰਿਆ ਦਾ ਬੰਨ ਬੁਰਜੀ 38 ਤੋਂ 40 ਤਕ ਜਲੰਧਰ ਵਾਲੇ ਪਾਸੇ ਦਰਿਆ ਸਤਲੁਜ ਵਿਚ ਵਹਿ ਗਿਆ ਹੈ ਅਤੇ ਬੁਰਜੀ 42 ਤੋਂ 50 ਤੱਕ ਤਕਰੀਬਨ ਵਹਿਣ ਵਾਲਾ ਹੈ। ਅਗਰ ਸਰਕਾਰ ਨੇ ਇਸ ਵਕਤ ਜਦੋਂ ਕਿ ਦਰਿਆ ਵਿਚ ਪਾਣੀ ਬਹੁਤ ਘੱਟ ਹੈ, ਧਿਆਨ ਨਾ ਦਿੱਤਾ ਤਾਂ ਪਿੰਡ ਮਿਊਵਾਲ ਮਾਊ ਸਾਹਿਬ ਸੰਗੋਵਾਲ, ਲਿਦਰਾਂ, ਲਾਦੀਆਂ, ਡੂੰਗੀਆਂ, ਟਹਿਲ ਸਿੰਘ, ਆਲੋਵਾਲ, ਤੋਲੇਵਾਲ ਅਤੇ ਗੰਨਾ ਪਿੰਡ ਸਿੱਧੇ ਦਰਿਆ ਦੀ ਮਾਰ ਹੇਠ ਬਿਨਾਂ ਕਿਸੇ ਰੋਕ ਟੋਕ ਤੋਂ ਆ ਜਾਣਗੇ। ਸਰਕਾਰ ਇਸ ਸਬੰਧੀ ਬਿਆਨ ਦੇਣ ਦੀ ਖੇਚਲ ਕਰੇ।

**Irrigation and Power Minister (Sardar Harcharan Singh Brar)**: Because it bears direct threat from the river Sutlej, the Flood Protection Embankment from RD 38—40 and RD 42—50 is vulnerable. During the rainy season last year, the Flood Protection Embankment(Dhussi Bundh) was heavily eroded opposite village Sangowal. The Bundh wasprotected by means of a ring bundh, and floating spur, of trees, with the help of Army. During financial year 1992-93 work has been done at 4 sites involving an expenditure of Rs. 13·18 lakhs.

It is correct that the supply of water in the river is very low these days and the portion of the flood Protection Embanktment (Dhussi Bundh) is vulnerable. During 1992-93 there was a proposal to spend Rs. 235·35 lakhs on 56 Flood Protection Works in Jalandhar District, but due to shortage of funds only an amount of Rs. 82.45 lakhs was made available.

Original with;
Punjab Vidhan Sabha
Digitized by;
Panjab Digital Library

Out of this amount, Rs. 13.18 lakhs could be spent on 4 works in this reach. Keeping in view the vulnerable condition of Dhussi Bundh, opposit the above mentioned villages, this portion of Dhussi Bundh will be given priority among the works to be executed before theon-set of rains this year so that this Bundh could be restored to satisfactory condition in order to help protect the above mentioned villages from the fury of floods. The actual execution of these works would, however, be subject to the availability of funds, overall requirements of all the district and priority of vulerable sites all over the State.

**ਸਰਦਾਰ ਗੁਰਬਿੰਦਰ ਸਿੰਘ ਅਟਵਾਲ**: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਇਸ ਗੱਲ ਦਾ ਇਨ੍ਹਾਂ ਭਰੋਸਾ ਦਿੱਤਾ ਹੈ ਕਿ ਬੰਧ ਨੂੰ ਪ੍ਰਿਆਰਿਟੀ ਦੇ ਆਧਾਰ ਤੇ ਬਣਾਇਆ ਜਾਵੇਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਦੇ ਵਿਚਾਰ ਅਧੀਨ ਕੋਈ ਅਜਿਹੀ ਗੱਲ ਹੈ ਕਿ ਜਿਸ ਤਰ੍ਹਾਂ ਕੁਦਰਤੀ ਆਫਤ ਆਵੇ ਤਾਂ ਫੰਡ ਰੱਖਿਆ ਜਾਵੇ, ਔਰ ਜਦੋਂ ਕੁਦਰਤੀ ਆਫਤ ਨਹੀਂ ਆਉਂਦੀ ਤਾਂ ਉਸ ਫੰਡ ਨੂੰ ਇਧਰ ਖਰਚ ਕੀਤਾ ਜਾ ਸਕੇ ?

ਮੰਤਰੀ: ਉਹ ਜਿਹੜਾ ,ਸਪੀਕਰ ਸਾਹਿਬ, ਪੈਸਾ ਰਖਿਆ ਜਾਂਦਾ ਹੈ ਉਹ ਰੈਵੇਨਿਊ ਡਿਪਾਰਟਮੈਂਟ ਕੋਲ ਰਖਿਆ ਜਾਂਦਾ ਹੈ ਉਹ ਕੰਪਨਸੇਸ਼ਨ ਵਾਸਤੇ ਹੁੰਦਾ ਹੈ ਔਰ ਇਸ ਤਰ੍ਹਾਂ ਖਰਚ ਨਹੀਂ ਕੀਤਾ ਜਾ ਸਕਦਾ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਫੰਡਜ਼ ਕਦੋਂ ਤਕ ਮਹਿਕਮਾ ਅਵੇਲੇਬਲ ਕਰੇਗਾ, ਕਿਤਨਾ ਚਿਰ ਤਕ ਬੰਧ ਨੂੰ ਬਣਾਉਣ ਲਈ ਸੋਚੇਗਾ ? ਹੁਣ ਬਾਰਸ਼ਾਂ ਦਾ ਮੌਸਮ ਫਿਰ ਆ ਜਾਵੇਗਾ, ਔਰ ਉਥੇ ਨੁਕਸਾਨ ਹੁੰਦਾ ਹੈ ਇਸ ਲਈ ਕੀ ਸਪੈਸ਼ਲ ਉਪਰਾਲਾ ਕਰਕੇ ਜਲਦੀ ਤੋਂ ਜਲਦੀ ਫੰਡਜ਼ ਉਪਲਬਧ ਕਰ ਦਿੱਤੇ ਜਾਣਗੇ ?

**ਸ੍ਰੀ ਸਪੀਕਰ**: ਮੈਂ ਤੁਹਾਨੂੰ ਇਕ ਸਪਲੀਮੈਂਟਰੀ ਅਲਾਓ ਕਰ ਦਿੱਤਾ ਹੈ।

This is the normal practice.

(ਕ੍ਰਮ ਨੰ: 61 )

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ**: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ ਆਪ ਜੀ ਨੂੰ ਪਤਾ ਹੀ ਹੈ ਕਿ ਹਾਲ ਵਿਚ ਹੀ ਹੋਈਆਂ ਬਾਰਸ਼ਾਂ ਨਾਲ ਬਿਆਸ ਦੇ ਕੰਢੇ ਤੇ ਪਿੰਡ ਬੁੱਢੇਵਾਲ (ਤਹਿਸੀਲ ਗੁਰਦਾਸਪੁਰ) ਜ਼ਿਲ੍ਹਾ ਗੁਰਦਾਸਪੁਰ ਤੋਂ ਸ੍ਰੀ ਹਰਗੋਬਿੰਦਪੁਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਤਕ ਕੋਈ ਧੁੱਸੀ ਬੰਨ ਨਾ ਹੋਣ ਕਰਕੇ ਕਿਸਾਨਾਂ ਦੀਆਂ ਜ਼ਰਖੇਜ਼ ਜ਼ਮੀਨਾਂ ਨੂੰ ਵੱਡੀ ਤੂਫਾਨੀ ਢਾਹ ਲਗੀ ਹੋਈ ਹੈ, ਜਿਸ ਨਾਲ ਕਿਸਾਨਾਂ ਦੀਆਂ ਜਰਖੇਜ਼ ਜ਼ਮੀਨਾਂ ਰੁੜ੍ਹ ਕੇ ਖਰਾਬ ਹੋ ਰਹੀਆਂ ਹਨ ਅਤੇ ਫਸਲਾਂ ਦਾ ਬੇਹੱਦ ਨੁਕਸਾਨ ਹੋ ਰਿਹਾ ਹੈ। ਨਿਰਸੰਦੇਹ ਇਹ ਇਕ ਢਾਹ ਦਾ ਨਿਰੰਤਰ ਸਿਲਸਿਲਾ ਜ਼ਾਰੀ ਰਹਿੰਦਾ ਹੈ ਅਤੇ ਨਾਲ ਹੀ ਇਹ ਇਕ ਗੰਭੀਰ ਮਸਲਾ ਹੈ, ਜਿਸ ਨੇ ਉਸ ਖੇਤਰ ਦੇ ਕਿਸਾਨਾਂ ਨੂੰ ਬੇਹੱਦ ਪ੍ਰੇਸ਼ਾਨ ਕੀਤਾ ਹੋਇਆ ਹੈ ਅਤੇ ਆਰਥਿਕ ਨੁਕਸਾਨ ਪਹੁੰਚਿਆ ਹੈ। ਸਰਕਾਰ ਇਸ ਮਸਲੇ ਬਾਰੇ ਬਿਆਨ ਦੇਵੇ ਕਿ ਉਹ ਇਸ ਢਾਹ ਨੂੰ ਰੋਕਣ ਲਈ ਕੀ ਉਪਰਾਲੇ ਕਰ ਰਹੀ ਹੈ ਤਾਂਕਿ ਪ੍ਰਭਾਵਿਤ ਕਿਸਾਨਾਂ ਦੀਆਂ ਜ਼ਰਖੇਜ਼ ਜ਼ਮੀਨਾਂ ਨਾ ਰੁੜ੍ਹਨ ਅਤੇ ਉਨ੍ਹਾਂ ਨੂੰ ਮਾਲੀ ਨੁਕਸਾਨ ਨਾ ਹੋਵੇ।

Original with;
Punjab Vidhan Sabha
Digitized by;
Panjab Digital Library

**Irrigation and Power Minister (Sardar Harcharan Singh Brar):** Sidhpur Bundh RD-123000 to RD 129000 is already existing upto village Budhewal. From this place upto Sri Hargobindpur. a distance approximately of 15 Kilometres, the banks of the river are high and there is no need for a Dhussi Bundh. However, at some places the agriculturable land is exposed to river erosion, posing danger to the near by abadies. To prevent the erosive action of the river and to protect the agricultural lands and village abadies some flood protection works are necessary viz. spurs, studs and revetments for which a sum of Rs. 50 lakhs is required During the year 1992-93, there was a proposal to execute 45 Flood Protection Works at a cost of Rs. 252 lakh in district Gurdaspur. But the budget provided for district Gurdaspur was only Rs. 87·60 lakhs against which only 19 schemes have been executed To execute the remaining important Flood Protection Works/Scheme Rs. 164 lakhs would be required by for the year 1993-94 only an amount of Rs. 4 crores has been provided for Flood Protection Works in the State as a whole. The actual execution of these works would have to be subject to the availability of funds. Over-all requirements of all the districts and priority of vulnerable sites all over the State.

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ:** ਸਪੀਕਰ ਸਾਹਿਬ, ਬੰਧ ਨਾ ਹੋਣ ਕਰਕੇ ਲਗਾਤਾਰ ਨੁਕਸਾਨ ਹੋ ਰਿਹਾ ਹੈ ਇਸ ਲਈ ਕੀ ਇਹ . . . .

(ਇਸ ਵੇਲੇ ਮਾਈਕ ਦੀ ਅਵਾਜ਼ ਬਿਲਕੁਲ ਬੰਦ ਸੀ ਔਰ ਅਵਾਜ਼ ਸੁਣਾਈ ਨਹੀਂ ਦੇ ਰਹੀ ਸੀ।)

**ਸ੍ਰੀ ਸਪੀਕਰ:** ਮੈਂ ਰਿਕੁਐਸਟ ਕਰਾਂਗਾ ਕਿ ਤੁਸੀਂ ਦੂਜੇ ਮਾਈਕ ਤੋਂ ਸਪਲੀਮੈਂਟਰੀ ਕਰ ਲਓ।

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ:** ਸਪੀਕਰ ਸਾਹਿਬ, ਜਿਵੇਂ ਬੰਧ ਨਾ ਹੋਣ ਕਰਕੇ ਲਗਾਤਾਰ ਖਾਸਾ ਨੁਕਸਾਨ ਹੋ ਰਿਹਾ ਹੈ, ਇਸ ਨੁਕਸਾਨ ਨੂੰ ਰੋਕਣ ਲਈ ਤੁਸੀਂ ਕਦੋਂ ਤਕ ਇਹ ਫੰਡਜ਼ ਅਵੇਲੇਬਲ ਕਰਾ ਦਿਓਗੇ ?

**ਮੰਤਰੀ :** ਸਪੀਕਰ ਸਾਹਿਬ, ਅਸੀਂ ਵਲਨਰੇਬਲ ਸਾਈਟਸ ਤੇ ਜ਼ਿਆਦਾ ਧਿਆਨ ਦਿੰਦੇ ਹਾਂ। 1993-94 ਦੇ ਵਿਚ ਫੰਡਜ਼ ਮਿਲਣ ਤੇ ਜਿਥੇ ਵੀ ਪ੍ਰਾਇਰਟੀ ਦਾ ਵਰਕ ਹੋਵੇਗਾ ਉਥੇ ਪਹਿਲੇ ਅਸੀਂ ਕਰਾਂਗੇ।

## PAPERS LAID ON THE TABLE OF THE HOUSE

**Minister for Parliamentary Affairs (Sardar Umrao Singh):** Sir, I beg to lay on the Table—

1. The Annual Financial Statement of the Punjab State Electricity Board for the year 1993-94, as required under section 61 of the Electricity (Supply) Act, 1948.

2. The 12th Annual Report of the Punjab State Electronics Development and Production Corporation Limited for the year 1987-88, as required under Section 619-A of the Companies Act, 1956.

Original with;
Punjab Vidhan Sabha
Digitized by;
Panjab Digital Library

## PRESENTATION OF REPORTS OF THE COMMITTEES

1. **Chairman, Committee on Papers laid /to be laid on the Table (Sardar Gurbinder Singh Atwal)** : Sir, I beg to present the Fifth Report of the Committee on Papers laid/to be laid on the Table for the year 1992-93.

2. **ਮੈਂਬਰ, ਸਰਕਾਰੀ ਕਾਰੋਬਾਰ ਕਮੇਟੀ (ਕਾਮਰੇਡ ਹਰਦੇਵ ਸਿੰਘ ਅਰਸ਼ੀ)**: ਸਪੀਕਰ ਸਾਹਿਬ, ਮੈਂ ਪੰਜਾਬ ਡੇਅਰੀ ਵਿਕਾਸ ਕਾਰਪੋਰੇਸ਼ਨ ਨਾਲ ਸਬੰਧਤ ਸਾਲ 1977-78 ਲਈ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਵਪਾਰਕ) ਵਿਚ ਛਪੇ ਆਡਿਟ ਪੈਰ੍ਹਿਆਂ ਤੇ ਸਾਲ 1992-93 ਲਈ ਸਰਕਾਰੀ ਕਾਰੋਬਾਰ ਕਮੇਟੀ ਦੀ 40ਵੀਂ ਰਿਪੋਰਟ ਪੇਸ਼ ਕਰਦਾ ਹਾਂ।

3. **ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਮਹਿੰਦਰ ਸਿੰਘ ਗਿੱਲ )** : ਸਪੀਕਰ ਸਾਹਿਬ, ਮੈਂ 1992-93 ਲਈ ਪ੍ਰਾਹੁਣਾਚਾਰੀ ਵਿਭਾਗ ਦੇ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

**ਸ੍ਰੀ ਸਪੀਕਰ**: ਹੁਣ ਸਰਦਾਰ ਗੁਰਬਿੰਦਰ ਸਿੰਘ ਅਟਵਾਲ ਬਜਟ ਅਨੁਮਾਨਾਂ 1993-94 ਤੇ ਬਹਿਸ ਸ਼ੁਰੂ ਕਰਨਗੇ। ਤੁਸੀਂ 10 ਮਿੰਟ ਵਿਚ ਖਤਮ ਕਰ ਦੇਣਾ।

**ਸੰਸਦੀ ਮਾਮਲਿਆਂ ਦੇ ਮੰਤਰੀ** : ਸਪੀਕਰ ਸਾਹਿਬ, ਮੈਂ ਇਕ ਮੋਸ਼ਨ ਦਾ ਨੋਟਿਸ ਦਿੱਤਾ ਸੀ...

ਸ੍ਰੀ ਸਪੀਕਰ : ਹਾਂ ਜੀ, ਸਰਦਾਰ ਉਮਰਾਓ ਸਿੰਘ ਜੀ।

— — — —

## SUSPENSION OF A MEMBER FROM THE SERVICE OF THE HOUSE

**Minister for Parliamentary Affairs (Sardar Umrao Singh)**: Sir, I beg to move—

(i) that Rule 97 of the Rules of Procedure and Conduct of Business in the Punjab Vidhan Sabha (Punjab Legislative Assembly) be suspended.

(ii) that Shri Inderjit Singh Zira, M.L.A., who at the sitting of the House on 15th March, 1993—

(i) deliberately and wilfully obstructed the proceedings of the House against the repeated orders of the Chair;

(ii) used unparliamentary language against the Chair and the Members of the House; and

(iii) tried to rush to the podium of the Chair with the intention of man-handling the Speaker.

in spite of having been given him ample opportunity, according to the Rules, to clarify his position on a personal explanation, has thus committed contempt of the House. Therefore, Shri Inderjit Singn Zira, M.L.A. be suspended from the service of the House for the remainder of the Session.

Original with;
Punjab Vidhan Sabha
Digitized by;
Panjab Digital Library

**Mr. Speaker:** Motion moved—

(i) that Rule 97 of the Rules of Procedure and Conduct of Business in the Punjab Vidhan Sabha (Punjab Legislative Assembly) be suspended.

(ii) that Shri Inderjit Singh Zira, M.L.A., who at the sitting of the House on 15th March, 1993—

(i) deliberately and wilfully obstructed the proceedings of the House against the repeated orders of the Chair;

(ii) used unparliamentary language against the Chair and the Members of the House; and

(iii) tried to rush to the podium of the Chair with the intention of man-handling the Speaker.

in spite of having been given him ample opportunity, according to the Rules, to clarify his position on a personal explanation, has thus committed contempt of the House. Therefore, Shri Inderjit Singh Zira, M.L.A., be suspended from the service of the House for the remainder of the Session.

**Sardar Nirmal Singh Nimma:** On a point of order, Sir.

**Mr. Speaker:** I do not allow point of order. Please sit down. (At this stage Members of the B.S.P., B.J.P., SAD (K) C.P.I., C.P.M., and J.D. were standing and demanding points of order.) (*Interuption*) (*Noise*)

**Mr. Speaker:** Question is—

(i) That Rule 97 of the Rules of Procedure and Conduct of Business in the Punjab Vidhan Sabha (Punjab Legislative Assembly) be suspended.

(ii) that Shri Inderjit Singh Zira, M.L.A., who at the sitting of the House on 15th March, 1993—

(i) deliberately and wilfully obstructed the proceedings of the House against the repeated orders of the Chair;

(ii) used unparliamentary language against the Chair and the Members of the House; and

(iii) tried to rush to the podium of the Chair with the intention of man-handling the Speaker.

in spite of having been given him ample opportunity, according to the Rules, to clarify his position on a personal explanation, has thus committed contempt of the House. Therefore, Shri Inderjit Singh Zira, M.L.A. be suspended from the service of the House for the remainder of the Session.

*The Motion was carried.*

**Mr. Speaker:** I would request Sardar Inderjit Singh Zira to please go out of the House.

**Shri Madan Mohan Mittal:** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker:** I have not allowed you to speak. Please sit down. Sardar Inderjit Singh Zira has been suspended from the service of the House for the remainder of the Session. Please withdraw from the House.

(Sardar Inderjit Singh Zira did not withdraw from the House and the Hon'ble Speaker ordered the Marshal to take Sardar Inderjit Singh Zira out of the House. Marshal took the concerned Member out of the House. The Opposition Members started raising slogans ** ** **)

**Mr. Speaker** : Nothing should form part of the record. I have not allowed anyone to speak.

(ਇਸ ਵੇਲੇ ਮਾਰਸ਼ਲ ਅਤੇ ਵਾਚ ਐਂਡ ਵਾਰਡ ਸਟਾਫ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਨੂੰ ਜ਼ਬਰਦਸਤੀ ਹਾਊਸ ਵਿਚੋਂ ਬਾਹਰ ਲਿਜਾ ਰਹੇ ਸਨ। ਸਰਦਾਰ ਇੰਦਰਜੀਤ ਸਿੰਘ ਜ਼ੀਰਾ ਨਾਹਰੇ ** ** ** ਲਗਾ ਰਹੇ ਸਨ।)

**ਸ੍ਰੀ ਸਪੀਕਰ :** ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ।

(ਇਸ ਵੇਲੇ ਆਪੋਜ਼ੀਸ਼ਨ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਬਗੈਰ ਪਰਮਿਸ਼ਨ ਤੋਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ** ** **) (ਵਿਘਨ)

**ਸ੍ਰੀ ਸਪੀਕਰ:** ਕੋਈ ਵੀ ਚੀਜ਼ ਜੋ ਮੈਂਬਰ ਸਾਹਿਬਾਨ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤੀ ਜਾਵੇ।

(ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਹਾਲਾਂਵੀ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਨਾਹਰੇ ** ** ** ਲਗਾ ਰਹੇ ਸਨ। (ਵਿਘਨ) (ਸ਼ੋਰ)

**ਸ੍ਰੀ ਸਪੀਕਰ:** ਇਹ ਜਿਹੜੇ ਮੈਂਬਰ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਹਨ ਔਰ ਨਾਅਰੇ ਲਗਾ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ। ਸਰਦਾਰ ਗੁਰਬਿੰਦਰ ਸਿੰਘ ਅਟਵਾਲ ਜੀ, ਤੁਸੀਂ ਬੋਲੋ।

---

## RESUMPTION OF GENERAL DISCUSSION ON THE BUDGET ESTIMATES FOR THE YEAR 1993-94

**ਸਰਦਾਰ ਗੁਰਬਿੰਦਰ ਸਿੰਘ ਅਟਵਾਲ (ਨੂਰ ਮਹਿਲ):** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ।(ਵਿਘਨ) ਸਪੀਕਰ ਸਾਹਿਬ, ਇੱਕ ਸਾਲ ਪੰਜਾਬ ਦੀ ਸਰਕਾਰ ਚਲੀ ਹੈ। ਇੱਕ ਸਾਲ ਦੇ ਅੰਦਰ ਅੰਦਰ ਹੀ ਪੰਜਾਬ ਦੇ ਲੋਕਾਂ ਨੂੰ ਅਤਿ-ਵਾਦ ਤੋਂ ਰਾਹਤ ਮਿਲੀ ਹੈ। ਪੰਜਾਬ ਦੇ ਹਾਲਾਤ ਠੀਕ ਹੋਏ ਹਨ। ਸਪੀਕਰ ਸਾਹਿਬ, ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਆਪੋਜ਼ੀਸ਼ਨ ਮੈਂਬਰਾਂ ਨੇ (ਵਿਘਨ) (ਸ਼ੋਰ)

## WALK-OUT

(ਇਸ ਸਮੇਂ ਸਦਨ ਵਿਚ ਹਾਜ਼ਰ ਬਹੁਜਨ ਸਮਾਜ ਪਾਰਟੀ, ਭਾਰਤੀ ਜਨਤਾ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਕਾਬਲ), ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਿਸਟ) ਜਨਤਾ ਦਲ, ਇੰਡੀਅਨ ਪੀਪਲਜ਼ ਫਰੰਟ, ਯੂਨਾਈਟਿਡ ਕਮਿਊਨਿਸਟ ਪਾਰਟੀ ਆਫ ਇੰਡੀਆ ਅਤੇ ਆਜ਼ਾਦ ਮੈਂਬਰਜ਼ ਨਾਹਰੇ ** ** ** ** ਲਗਾਉਂਦੇ ਹੋਏ ਵਾਕ-ਆਊਟ ਕਰ ਗਏ।)

**ਸ੍ਰੀ ਸਪੀਕਰ:** ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ।

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

RESUMPTION OF GENERAL DISCUSSION ON THE BUDGET ESTIMATES FOR THE YEAR 1993-94

**ਸਰਦਾਰ ਗੁਰਬਿੰਦਰ ਸਿੰਘ ਅਟਵਾਲ**: ਉਨ੍ਹਾਂ ਨੂੰ ਸ਼ੈਲਟਰ ਦਿੱਤਾ ਹੈ। ਉਨ੍ਹਾਂ ਦੇ ਖਿਲਾਫ ਕੋਈ ਇਮਾਨਦਾਰ ਅਫਸਰ ਲਗਾ ਕੇ ਉਨ੍ਹਾਂ ਦੀ ਤਫਤੀਸ਼ ਕਰਾਈ ਜਾਵੇ ਤਾਂਕਿ ਸਾਰੇ ਤੱਥ ਇਸ ਸਦਨ ਦੇ ਸਾਹਮਣੇ ਆ ਸਕਣ। ਉਸ ਦੀ ਰਿਪੋਰਟ ਵਿਧਾਨ ਸਭਾ ਦੇ ਮੋਹਰੇ ਪੇਸ਼ ਕੀਤੀ ਜਾਣੀ ਚਾਹੀਦੀ ਹੈ। (ਸ਼ੋਰ) ਮੈਂ ਮੁੱਖ ਮੰਤਰੀ ਜੀ ਤੋਂ ਪੁਰਜ਼ੋਰ ਸ਼ਬਦਾਂ ਵਿੱਚ ਮੰਗ ਕਰਦਾ ਹਾਂ ਕਿ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਬਾਰੇ ਜਿਹੜਾ ਕੱਲ੍ਹ ਦਾ ਬੜਾ ਰੌਲਾ ਪੈ ਰਿਹਾ ਹੈ, ਇਸ ਬੰਦੇ ਦੀ ਜ਼ਰੂਰ ਤਫਤੀਸ਼ ਕਰਾ ਲਈ ਜਾਵੇ। ਇਸ ਗੱਲ ਦੇ ਪੱਕੇ ਸਬੂਤ ਹਨ ਕਿ ਇਸ ਨੇ ਉਸ ਅਤਿਵਾਦੀ ਨੂੰ ਜਿਸਨੇ 1000-1000 ਕਤਲ ਕੀਤੇ ਹਨ, ਉਸਨੂੰ ਸ਼ੈਲਟਰ ਦਿੱਤੀ ਹੈ, ਉਸਦੇ ਘਰ ਜਾ ਕੇ ਰਹੇ ਹਨ। ਇਨ੍ਹਾਂ ਗੱਲਾਂ ਦੀ ਇਨਕੁਆਰੀ ਜ਼ਰੂਰੀ ਹੋਣੀ ਚਾਹੀਦੀ ਹੈ। (ਸ਼ੋਰ)

ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਵਿਦਿਆ ਦਾ ਮਹਿਕਮਾ ਜਿਹੜਾ ਹੈ, ਇਕ ਬੜਾ ਅਹਿਮ ਮਹਿਕਮਾ ਹੈ। ਇਸ ਤੋਂ ਇਲਾਵਾ ਵੈਲਫੇਅਰ ਦਾ ਡਿਪਾਰਟਮੈਂਟ, ਰੂਰਲ ਡਿਵੈਲਪਮੈਂਟ ਦਾ ਮਹਿਕਮਾ ਹੈ। ਇਨ੍ਹਾਂ ਬਾਰੇ ਡਿਸਕਸ਼ਨ ਬਜਟ ਵਿੱਚ ਕਰਨ ਲਈ ਬਿਜ਼ਨਸ ਐਡਵਾਈਜ਼ਰੀ ਕਮੇਟੀ ਵਿੱਚ ਵੀ ਬਹਿਸ ਕੀਤੀ ਗਈ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇਸ਼ ਦੇ ਵਿਦਿਆ ਦੇ ਢਾਂਚੇ ਵਿੱਚ ਬਹੁਤ ਵੱਡੇ ਸੁਧਾਰ ਕਰਨ ਦੀ ਜ਼ਰੂਰਤ ਹੈ। ਮੈਂ ਇਸ ਗੱਲ ਲਈ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਸਾਰੀ ਦੁਨੀਆਂ ਵਿੱਚ ਵੋਕੇਸ਼ਨ ਦਾ ਯੁਗ ਚਲ ਰਿਹਾ ਹੈ, ਸਪੈਸ਼ਲਾਈਜ਼ੇਸ਼ਨ ਦਾ ਯੁਗ ਚਲ ਰਿਹਾ ਹੈ, ਤਾਂ ਉਸਨੂੰ ਆਪਣੇ ਦੇਸ਼ ਵਿੱਚ ਵੀ ਅਡਾਪਟ ਕਰੋ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਠਵੀਂ ਨੌਂਵੀ ਜਮਾਤ ਤੱਕ ਸਿਰਫ ਭਾਸ਼ਾ ਦੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਜਿਵੇਂ ਕਿ ਬਾਹਰਲੇ ਮੁਲਕਾਂ ਵਿੱਚ ਦਿੱਤੀ ਜਾਂਦੀ ਹੈ। ਉਥੋਂ ਦੇ ਲੋਕ ਸਾਡੇ ਨਾਲੋਂ ਕਿੰਨੇ ਅੱਗੇ ਹਨ। ਸਾਇੰਸ ਵਿੱਚ ਕਿੰਨੇ ਅੱਗੇ ਹਨ।

ਜਿਥੋਂ ਤੱਕ ਇਮਤਿਹਾਨਾਂ ਦਾ ਤਾਅਲੁੱਕ ਹੈ, ਉਨ੍ਹਾਂ ਲਈ ਵੀ ਸਪੈਸ਼ਲ ਸਿਸਟਮ ਅਡਾਪਟ ਕਰਨ ਦੀ ਜ਼ਰੂਰਤ ਹੈ। ਹਰ ਤੀਜੇ ਮਹੀਨੇ ਬਾਅਦ ਇਮਤਿਹਾਨ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਕਰਨ ਨਾਲ ਕੋਰਸ ਵੀ ਪੂਰੇ ਹੋਣਗੇ, ਹੜਤਾਲਾਂ ਵੀ ਘੱਟ ਹੋਣਗੀਆਂ ਅਤੇ ਵਿਦਿਆਰਥੀਆਂ ਨੂੰ ਪੜ੍ਹਨ ਦਾ ਅਤੇ ਅਧਿਆਪਕਾਂ ਨੂੰ ਪੜ੍ਹਾਉਣ ਦਾ ਵੀ ਫ਼ੱਸ ਪਵੇਗਾ। ਹਰ ਅਧਿਆਪਕ ਯਤਨ ਕਰੇਗਾ ਕਿ ਕੋਰਸ ਕੰਪਲੀਟ ਕਰਾਵੇ। ਉਸਦੇ ਸਿਰ ਤੇ ਆਪਣਾ ਕੋਰਸ ਕੰਪਲੀਟ ਕਰਾਉਣ ਦਾ ਡੰਡਾ ਲਟਕਦਾ ਰਹੇਗਾ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਨੌਜਵਾਨ ਥਰਡ ਡਿਵੀਜ਼ਨ ਨਾਲ ਬੀ.ਏ. ਅਤੇ ਐਮ.ਏ. ਕਰੀ ਫਿਰਦੇ ਹਨ, ਉਹ ਨਾ ਪੜ੍ਹਿਆਂ ਵਿੱਚ ਹਨ ਅਤੇ ਨਾ ਅਨਪੜ੍ਹਾਂ ਵਿਚ ਸ਼ਾਮਿਲ ਹਨ। ਅਗਰ ਵਿਦਿਆ ਵੋਕੇਸ਼ਨਲ ਕਰ ਦਿੱਤੀ ਜਾਵੇ ਤਾਂ ਜਿਹੜੀ ਵਾਈਟ ਕਾਲਰ ਜਾਬਜ਼ ਲਈ ਦੌੜ ਲੱਗੀ ਹੋਈ ਹੈ, ਉਹ ਖਤਮ ਹੋ ਸਕਦੀ ਹੈ ਅਤੇ ਇਸਦੇ ਨਾਲ ਹੀ ਅਨਇੰਪਲਾਇਮੈਂਟ ਨੂੰ ਵੀ ਰਾਹਤ ਮਿਲ ਸਕਦੀ ਹੈ। ਇੰਪਲਾਇਮੈਂਟ ਲੋਕ ਆਪਣੇ ਆਪ ਲੈਣਗੇ ਜਦੋਂ ਉਨ੍ਹਾਂ ਨੂੰ ਸਪੈਸ਼ਲਾਈਜ਼ੇਸ਼ਨ ਦਿੱਤੀ ਜਾਵੇਗੀ। ਇਕ, ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਸਿਸਟਮ ਬਾਰੇ ਹੋਰ ਗੱਲ ਜ਼ਰੂਰ ਕਰਨੀ ਚਾਹਵਾਂਗਾ ਕਿ ਸਾਡਾ ਜਿਹੜਾ ਐਜੂਕੇਸ਼ਨ ਸਿਸਟਮ ਹੈ, ਉਸ ਵਿੱਚ ਜਿਹੜੀਆਂ ਕਮੀਆਂ ਹਨ, ਉਨ੍ਹਾਂ ਨੂੰ ਸਰਕਾਰ ਨੂੰ ਦੂਰ ਕਰਨ ਦਾ ਯਤਨ ਵੀ ਜ਼ਰੂਰ ਕਰਨਾ ਚਾਹੀਦਾ ਹੈ। ਜਿੰਨੇ ਵੀ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਪਿੰਡਾਂ ਵਿੱਚ ਹਨ,

Original with;
Punjab Vidhan Sabha
Digitized by;
Panjab Digital Library

ਉਹ ਸਾਰੇ ਦੇ ਸਾਰੇ ਚੋਅ ਰਹੇ ਹਨ। ਇਮਾਰਤਾਂ ਦੀ ਹਾਲਤ ਵੀ ਬੜੀ ਮੰਦੀ ਹੈ। ਮੈਂ, ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਕਮੇਟੀ ਬਣਾਈ ਜਾਵੇ ਹਰ ਜ਼ਿਲ੍ਹੇ ਵਿਚ, ਜਿਹੜੀ ਸਕੂਲਾਂ ਦੀਆਂ ਜਿਹੜੀਆਂ ਇਮਾਰਤਾਂ ਹਨ, ਜਿਨ੍ਹਾਂ ਦੀਆਂ ਚਾਰਦਿਵਾਰੀਆਂ ਕਰਨ ਵਾਲੀਆਂ ਹਨ, ਅਧਿਆਪਕਾਂ ਦੀ ਕਮੀ ਹੈ, ਉਨ੍ਹਾਂ ਸਾਰੀਆਂ ਗੱਲਾਂ ਦਾ ਸਰਵੇਖਣ ਕਰੇ। ਏਥੇ ਵਿਦਿਆ ਮੰਤਰੀ ਜੀ ਕਹਿ ਚੁਕੇ ਹਨ ਕਿ ਸਾਰੇ ਸਕੂਲਾਂ ਵਿੱਚ ਅਧਿਆਪਕ ਭੇਜ ਦਿੱਤੇ ਜਾਣਗੇ। ਮੈਂ ਕਹਿੰਦਾ ਹਾਂ ਕਿ ਇਕ ਕਮੇਟੀ ਬਣਾਈ ਜਾਵੇ ਜਿਹੜੀ ਦੇਖੇ ਕਿ ਕਿੰਨੇ ਸਕੂਲਾਂ ਦੀਆਂ ਇਮਾਰਤਾਂ ਖਸਤਾ ਹਾਲਤ ਵਿੱਚ ਹਨ, ਉਨ੍ਹਾਂ ਬਾਰੇ ਰਿਪੋਰਟ ਕਰੇ। ਸਪੀਕਰ ਸਾਹਿਬ, ਆਈ.ਟੀ.ਆਈ. ਔਰ ਪਾਲਿਟੈਕਨਿਕਸ ਜਿਹੜੇ ਹਨ, ਇਹ ਪਿਛਲੇ ਸਾਲ ਤੱਕ ਅਤਿਵਾਦ ਔਰ ਵੱਖਵਾਦ ਦੇ ਅੱਡੇ ਰਹੇ ਹਨ।

ਸਾਡੀ ਸਰਕਾਰ ਨੇ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ, ਆਈ.ਟੀ.ਆਈਜ਼, ਪਾਲੀਟੈਕਨਿਕਸ, ਮੈਡੀਕਲ ਕਾਲਜ ਅਤੇ ਇੰਜੀਨੀਅਰਿੰਗ ਕਾਲਜ ਖੋਲ੍ਹਣ ਦਾ ਜਿਹੜਾ ਫੈਸਲਾ ਕੀਤਾ ਹੈ, ਉਹ ਬੜਾ ਸ਼ਲਾਘਾਯੋਗ ਹੈ ਲੇਕਿਨ ਜਿੰਨੇ ਫੰਡ ਇਸ ਬਜਟ ਵਿਚ ਇਸ ਮਹਿਕਮੇ ਲਈ ਦਿੱਤੇ ਗਏ ਹਨ, ਮੈਂ ਨਹੀਂ ਸਮਝਦਾ ਕਿ ਉਹ ਫੰਡ ਇਨ੍ਹਾਂ ਸਾਰੇ ਕੰਮਾਂ ਲਈ ਕਾਫੀ ਹੋਣਗੇ। ਇਹ ਜਿਹੜਾ ਟੈਕਨੀਕਲ ਐਜੂਕੇਸ਼ਨ ਦਾ ਮਹਿਕਮਾ ਹੈ, ਇਹ ਬੜਾ ਅਹਿਮ ਮਹਿਕਮਾ ਹੈ। ਸਾਰੇ ਦੇਸ਼ ਦੀ ਤਰੱਕੀ ਇਸ ਤੇ ਡਿਪੈਂਡ ਕਰਦੀ ਹੈ। ਇਸ ਕਰਕੇ ਇਸ ਮਹਿਕਮੇ ਦਾ ਬਜਟ ਜ਼ਰੂਰ ਵਧਾਉਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਕ ਬੇਨਤੀ ਮੈਂ ਹੋਰ ਕਰਨੀ ਚਾਹੁੰਦਾ ਹਾਂ। ਇਹ ਜਿਹੜੀਆਂ ਟੀਚਿੰਗ ਸ਼ਾਪਸ ਸਾਡੇ ਰਾਜ ਵਿਚ ਖੁਲੀਆਂ ਹੋਈਆਂ ਹਨ, ਇਨ੍ਹਾਂ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ। ਜਿੰਨੇ ਵੀ ਗੋਰਮਿੰਟ ਏਡਿਡ ਸਕੂਲ ਹਨ ਜਾਂ ਕਾਲਜ ਹਨ, ਉਨ੍ਹਾਂ ਸਾਰਿਆਂ ਨੂੰ 95 ਪ੍ਰਤੀਸ਼ਤ ਗਰਾਂਟ ਸਰਕਾਰ ਦਿੰਦੀ ਹੈ। ਚਲਦੇ ਉਹ ਸਾਰੇ ਸਰਕਾਰ ਦੇ ਪੈਸਿਆਂ ਨਾਲ ਹਨ ਪਰ ਉਨ੍ਹਾਂ ਦੇ ਨਾਂ ਉਨ੍ਹਾਂ ਨੇ ਆਪੋ ਆਪਣਿਆਂ ਧਰਮਾਂ ਤੇ ਨਾਵਾਂ ਤੇ ਰੱਖੇ ਹੋਏ ਹਨ, ਕੋਈ ਆਰੀਆ ਕਾਲਜ ਹੈ, ਕੋਈ ਡੀ.ਏ.ਵੀ. ਕਾਲਜ ਹੈ ਅਤੇ ਕੋਈ ਖਾਲਸਾ ਕਾਲਜ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਸਾਡਾ ਵਿਦਿਅਕ ਢਾਂਚਾ ਹੈ, ਉਸ ਦਾ ਕੌਮੀਕਰਨ ਕੀਤਾ ਜਾਵੇ। ਅਸੀਂ ਇਸ ਯੁਗ ਵਿਚ ਆਪਣੀ ਸਟੇਟ ਨੂੰ ਸੈਕੂਲਰ [illegible] ਹੈ। ਇਸ ਕਰਕੇ ਅਸੀਂ ਨਹੀਂ ਚਾਹੁੰਦੇ ਕਿ ਇਹ ਲੋਕ ਧਰਮ ਦੇ ਨਾਂ ਤੇ, ਭਾਸ਼ਾ ਦੇ ਨਾਂ ਤੇ ਲੋਕਾਂ ਵਿਚ ਵੰਡੀਆਂ ਪਾਉਣ। ਅਸੀਂ ਚਾਹੁੰਦੇ ਹਾਂ ਕਿ ਹਰ ਸਕੂਲ, ਹਰ ਕਾਲਜ ਨੂੰ ਵਿਦਿਆ ਦਾ ਮੰਦਰ ਸਮਝਿਆ ਜਾਵੇ ਭਾਵੇਂ ਕੋਈ ਉਸਨੂੰ ਗੁਰਦੁਆਰਾ ਸਮਝ ਲਵੇ, ਭਾਵੇਂ ਮੰਦਰ ਸਮਝ ਲਵੇ ਅਤੇ ਭਾਵੇਂ ਮਸੀਤ ਸਮਝ ਲਵੇ ਲੇਕਿਨ ਇਹ ਜਿਹੜਾ ਵਿਦਿਅਕ ਢਾਂਚਾ ਹੈ, ਇਸ ਨਾਲ ਸਾਨੂੰ ਚੰਗੇ ਸ਼ਹਿਰੀ ਅਤੇ ਅਜਿਹੇ ਇਨਸਾਨ ਪੈਦਾ ਕਰਨ ਦੀ ਲੋੜ ਹੈ ਜਿਹੜੇ ਇਸ ਮੁਲਕ ਦੀ ਏਕਤਾ, ਅਖੰਡਤਾ ਅਤੇ ਸੈਕੂਲਰ ਢਾਂਚੇ ਨੂੰ ਮਜ਼ਬੂਤ ਕਰਨ ਵਿਚ ਆਪਣਾ ਹਿੱਸਾ ਪਾ ਸਕਣ। ਪਰ ਅਫਸੋਸ ਹੈ ਕਿ ਅੱਜ ਧਰਮਾਂ ਦੇ ਨਾਂ ਤੇ ਸਕੂਲਾਂ ਦੇ ਨਾਂ ਰੱਖੇ ਹੋਏ ਹਨ। ਧਰਮਾਂ ਦੇ ਨਾਵਾਂ ਤੇ ਸਕੂਲਾਂ ਕਾਲਜਾਂ ਦੀਆਂ ਕਮੇਟੀਆਂ ਬਣੀਆਂ ਹੋਈਆਂ ਹਨ। ਮੈਂ ਸਮਝਦਾ ਹਾਂ ਕਿ ਇਸ ਸਾਰੇ ਢਾਂਚੇ ਨੂੰ ਖਤਮ ਕਰਨਾ ਚਾਹੀਦਾ ਹੈ। ਜਦੋਂ ਸਾਰਾ ਪੈਸਾ ਸਰਕਾਰ ਨੇ ਖਰਚ ਕਰਨਾ ਹੈ ਤਾਂ ਉਨ੍ਹਾਂ ਸਕੂਲਾਂ, ਕਾਲਜਾਂ ਦੇ ਨਾਂ ਵੱਖ ਵੱਖ ਧਰਮਾਂ ਦੇ ਨਾਲ ਕਿਉਂ ਜੋੜੇ ਜਾਣ? ਮੈਂ ਇਹ ਤਾਂ ਨਹੀਂ ਕਹਿੰਦਾ ਕਿ ਇਨ੍ਹਾਂ ਧਾਰਮਿਕ ਸੰਸਥਾਵਾਂ ਨੇ ਕੋਈ ਕੰਟਰੀਬਿਊਸ਼ਨ ਨਹੀਂ ਕੀਤੀ। ਇਨ੍ਹਾਂ ਨੇ ਪਿਛਲੇ ਸਮਿਆਂ ਵਿਚ ਵਿਦਿਆ ਦੇ ਖੇਤਰ ਵਿਚ ਕਾਫੀ ਕੰਟਰੀਬਿਊਸ਼ਨ ਕੀਤੀ ਹੈ ਅਤੇ ਲੋਕਾਂ ਨੂੰ ਵਿਦਿਆ ਪ੍ਰਦਾਨ ਕੀਤੀ ਹੈ ਲੇਕਿਨ ਅੱਜ ਸਾਰੀ ਦੁਨੀਆਂ ਰਿਲੀਜੱਸ ਫੰਡਾਮੈਂਟਲਿਜ਼ਮ ਦੇ ਖਿਲਾਫ ਅੱਗੇ ਵਧ ਰਹੀ ਹੈ। ਇਸ ਕਰਕੇ ਮੈਂ [illegible] ਹਾਂ ਕਿ ਹਿੰਦੁਸਤਾਨ ਵਿੱਚ ਅੱਜ ਵਿਦਿਆ ਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਿੰਦਰ ਸਿਘ ਅਟਵਾਲ]

ਕੌਮੀਕਰਨ ਕੀਤਾ ਜਾਣਾ ਲਾਜ਼ਮੀ ਹੈ। ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਸਰਕਾਰੀ ਤੌਰ ਤੇ ਇਹ ਜਿਹੜੇ ਵੱਖ ਵੱਖ ਵਿਦਿਅਕ ਅਦਾਰੇ ਖੋਲ੍ਹਣ ਦਾ ਫੈਸਲਾ ਕੀਤਾ ਹੈ, ਉਹ ਬੜਾ ਸ਼ਲਾਘਾਯੋਗ ਉਦਮ ਹੈ ਅਤੇ ਉਨ੍ਹਾਂ ਨੇ ਇਸ ਖੇਤਰ ਵਿਚ ਬਹੁਤ ਅੱਛੀ ਪਹਿਲਕਦਮੀ ਕੀਤੀ ਹੈ।

ਵਿਦਿਆ ਦੇ ਮੁਤੱਲਕ ਹੀ ਇਕ ਬੇਨਤੀ ਮੈਂ ਹੋਰ ਕਰਨੀ ਚਾਹੁੰਦਾ ਹਾਂ। ਪੰਜਾਬ ਦੇ ਜਿਹੜੇ ਸਾਡੇ ਵਿਦਿਆ ਮੰਤਰੀ ਹਨ, ਮੈਂ ਉਨ੍ਹਾਂ ਦੀ ਤਾਰੀਫ ਕੀਤੇ ਬਿਨਾ ਨਹੀਂ ਰਹਿ ਸਕਦਾ। ਜਦੋਂ ਸਾਡੀ ਇਹ ਸਰਕਾਰ ਬਣੀ ਸੀ ਤਾਂ ਉਸ ਵੇਲੇ ਜਿਹੜੀਆਂ ਐਮ.ਬੀ.ਡੀ ਹੈਲਪ ਬੁੱਕਾਂ ਅਤੇ ਖੁਲਾਸੇ ਆਦਿ ਆਮ ਪ੍ਰਚੱਲਤ ਸਨ, ਉਨ੍ਹਾਂ ਨੂੰ ਬੰਦ ਕਰਨ ਦਾ ਸਾਡੇ ਵਿਦਿਆ ਮੰਤਰੀ ਜੀ ਨੇ ਬੜਾ ਯਤਨ ਕੀਤਾ ਸੀ। ਉਨਾਂ ਨੇ ਇਸ ਚੀਜ਼ ਨੂੰ ਰੋਕਣ ਲਈ ਕਈ ਥਾਵਾਂ ਤੇ ਛਾਪੇ ਮਾਰੇ ਅਤੇ ਕਈ ਅਧਿਆਪਕ ਸਸਪੈਂਡ ਵੀ ਕੀਤੇ ਪਰ ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਜਦੋਂ 8ਵੀਂ ਜਮਾਤ ਦੇ ਇਮਤਿਹਾਨਾਂ ਦੀ ਗੱਲ ਚਲੀ ਤਾਂ ਉਦੋਂ ਸਾਰੇ ਪੰਜਾਬ ਵਿਚ ਫਿਰ ਖੁਲਾਸੇ ਛੱਪ ਗਏ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਜਿੰਨੀਆਂ ਵੀ ਹੈਲਪ ਬੁਕਸ ਹਨ, ਖੁਲਾਸੇ ਹਨ, ਇਨ੍ਹਾਂ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ। ਜੇ ਅਸੀਂ ਵਿਦਿਆ ਦਾ ਮਿਆਰ ਉਚਾ ਚੁਕਣਾ ਚਾਹੁੰਦੇ ਹਾਂ ਤਾਂ ਇਨ੍ਹਾਂ ਨੂੰ ਬੰਦ ਕਰਨਾ ਲਾਜ਼ਮੀ ਹੈ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਖੁਲਾਸਿਆਂ ਨੂੰ, ਹੈਲਪ ਬੁਕਸ ਨੂੰ ਬੰਦ ਕਰਨਾ ਚਾਹੀਦਾ ਹੈ ਤਾਂ ਹੀ ਵਿਦਿਆ ਦਾ ਮਿਆਰ ਉਚਾ ਹੋ ਸਕਦਾ ਹੈ।

ਸ਼੍ਰੀ ਸਪੀਕਰ: ਤੁਸੀਂ ਹੁਣ ਵਾਈਂਡ ਅਪ ਕਰੋ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ: ਬੱਸ ਜੀ, ਮੈਂ ਹੁਣ ਵਾਈਂਡ ਅੱਪ ਕਰਨ ਹੀ ਲਗਾ ਹਾਂ। ਸਪੀਕਰ ਸਾਹਿਬ, ਇਹ ਜਿਹੜਾ ਸਾਡਾ ਵੈਲਫੇਅਰ ਦਾ ਮਹਿਕਮਾ ਹੈ, ਇਹ ਵੀ ਬੜਾ ਅਹਿਮ ਮਹਿਕਮਾ ਹੈ। ਡਾਕਟਰ ਸਾਹਿਬ ਨੇ ਪਛੜੇ ਅਤੇ ਲਿਤਾੜੇ ਹੋਏ ਵਰਗਾਂ ਦੇ ਲੋਕਾਂ ਵਾਸਤੇ ਬੜੀਆਂ ਅਹਿਮ ਸਕੀਮਾਂ ਦਾ ਜ਼ਿਕਰ ਕੀਤਾ ਹੈ ਲੇਕਿਨ ਜੇ ਇਸ ਮਹਿਕਮੇ ਦੀ ਪਿਛਲੀ ਪਰਫਾਰਮੈਂਸ ਦੇਖੀਏ ਤਾਂ ਪਤਾ ਲਗਦਾ ਹੈ ਕਿ ਇਸ ਮਹਿਕਮੇਂ ਦਾ ਦਾ ਹਰ ਸਾਲ ਲੱਖਾਂ ਰੁਪਿਆ ਲੈਪਸ ਹੋ ਜਾਂਦਾ ਹੈ। ਇਸ ਕਰਕੇ ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਵੈੱਲਫੇਅਰ ਲਈ ਜਿਹੜੀਆਂ ਸਕੀਮਾਂ ਬਣਾਈਆਂ ਗਈਆਂ ਹਨ, ਉਨ੍ਹਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਸਕੀਮਾਂ ਵਿਚ ਕਈ ਤਰੁੱਟੀਆਂ ਵੀ ਹਨ, ਜਿਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ, ਇਸ ਤਰਾਂ ਮਕਾਨ ਬਣਾਉਣ ਲਈ ਪੰਜ ਹਜ਼ਾਰ ਰੁਪਏ ਦੀ ਜਿਹੜੀ ਸਹਾਇਤਾ ਦਿੱਤੀ ਜਾਂਦੀ ਹੈ, ਉਹ ਬਹੁਤ ਘੱਟ ਹੈ। ਸਾਡੇ ਜ਼ਿਲ੍ਹੇ ਵਿਚ ਜਿਥੇ ਦਸ ਦਸ, ਵੀਹ ਵੀਹ ਹਜ਼ਾਰ ਰੁਪਏ ਮਰਲੇ ਦੇ ਹਿਸਾਬ ਨਾਲ ਜ਼ਮੀਨ ਮਿਲਦੀ ਹੈ, ਉਥੇ ਪੰਜ ਹਜ਼ਾਰ ਦੀ ਸਹਾਇਤਾ ਕੀ ਅਰਥ ਰੱਖਦੀ ਹੈ।

ਸਪੀਕਰ ਸਾਹਿਬ, 900/- ਰੁਪਏ ਨਾਲ ਕਿਤੇ ਵੀ ਕੋਈ ਪਾਣੀ ਦਾ ਨਲਕਾ ਨਹੀਂ ਲੱਗ ਸਕਦਾ ਜੇਕਰ ਇੱਟਾਂ ਦਾ ਭਾਅ 1,000/- ਵੀ ਮੰਨ ਲਈਏ ਤਾਂ ਕਿਸੇ ਵੀ ਸੂਰਤ ਵਿੱਚ 6,000/- ਰੁਪਏ ਨਾਲ ਮਕਾਨ ਨਹੀਂ ਬਣ ਸਕਦਾ। ਸਪੀਕਰ ਸਾਹਿਬ, ਇਹ ਸਮਾਜ ਦਾ ਉਹ ਵਰਗ ਹੈ ਜਿਸ ਨੂੰ ਪਿਛਲੇ ਸਮਿਆਂ ਦੇ ਵਿਚ ਸ਼ਡਿਊਲਡ ਕਾਸਟ/ਸ਼ਡਿਊਲਡ ਟਰਾਈਬਜ਼ ਮੰਨਿਆ ਗਿਆ ਹੈ ਇਹ ਸਾਡੇ ਸਮਾਜ ਦਾ ਬਹੁਤ ਜ਼ਰੂਰੀ ਅੰਗ ਹਨ। ਸਾਡਾ ਸਰੀਰ ਤਾਂ ਪੈਰਾਂ ਤੇ ਹੀ ਖੜ੍ਹਾ ਹੋ ਸਕਦਾ ਹੈ ਔਰ ਇਹ ਤਾਂ ਹੀ ਖੜ੍ਹਾ ਹੋਵੇਗਾ ਜੇਕਰ

Original with;
Punjab Vidhan Sabha
Digitized by;
Panjab Digital Library

ਪੈਰ ਮਜ਼ਬੂਤ ਹੋਣ। ਪਰ ਜੇਕਰ ਪੈਰ ਹੀ ਮਜ਼ਬੂਤ ਨਾ ਹੋਣ ਤਾਂ ਸਾਰਾ ਸਰੀਰ ਖੜ੍ਹਾ ਨਹੀਂ ਹੋ ਸਕਦਾ। ਸਰੀਰ ਦਾ ਕੋਈ ਵੀ ਅੰਗ ਹੋਵੇ ਉਸ ਦਾ ਆਪਣਾ ਆਪਣਾ ਮਹੱਤਵ ਹੈ ਔਰ ਉਹ ਮਾੜਾ ਨਹੀਂ ਹੋਣਾ ਚਾਹੀਦਾ। ਇਸ ਪਰਕਾਰ ਜਿਹੜਾ ਸਾਡੇ ਸਮਾਜ ਦਾ ਥੱਲੇ ਦਾ ਵਰਗ ਹੈ ਉਸ ਨੂੰ ਉਚਾ ਚੁੱਕਣ ਦੀ ਸੱਭ ਤੋਂ ਵੱਧ ਜ਼ਰੂਰਤ ਹੈ। ਸਾਡੇ ਸੰਵਿਧਾਨ ਦੇ ਨਿਰਮਾਤਾ ਡਾ. ਬੀ ਆਰ. ਅੰਬੇਦਕਰ ਜੀ ਨੇ ਇਹ ਗੱਲ ਕਹੀ ਹੈ ਕਿ ਇਨ੍ਹਾਂ ਲੋਕਾਂ ਲਈ ਰੋਜ਼ਗਾਰ ਪੈਦਾ ਕਰਕੇ ਦੇਈਏ। ਇਸ ਸਬੰਧ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਰਿਜ਼ਰਵੇਸ਼ਨ ਕਿੰਨੀ ਦੇਰ ਤੱਕ ਦਿੱਤੀ ਜਾ ਸਕਦੀ ਹੈ ਲੇਕਿਨ ਮੈਂ ਏਥੇ ਇਹ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਨ੍ਹਾਂ ਲੋਕਾਂ ਨੂੰ ਇਨ੍ਹਾਂ ਦਾ ਬਣਦਾ ਹੱਕ ਮਿਲ ਜਾਵੇ ਤਾਂ ਕਿਸੇ ਸਟੇਜ ਤੇ ਆ ਕੇ ਰਿਜ਼ਰਵੇਸ਼ਨ ਚੁੱਕਣ ਵਾਸਤੇ ਸੋਚਿਆ ਜਾ ਸਕਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਇਨ੍ਹਾਂ ਦਾ ਪੂਰਾ ਹੱਕ ਇਨ੍ਹਾਂ ਨੂੰ ਪ੍ਰਾਪਤ ਹੋ ਸਕੇ। ਸਪੀਕਰ ਸਾਹਿਬ, ਅਸੀਂ ਜਦੋਂ ਸੜਕਾਂ ਤੇ ਜਾਂਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਸ਼ਡਿਊਲਡ ਕਾਸਟਸ ਦੇ ਲਈ ਸਰਕਾਰ ਨੇ ਮਕਾਨ ਬਣਾ ਕੇ ਦਿੱਤੇ ਹਨ। ਇਨ੍ਹਾਂ ਕਾਲੋਨੀਆਂ ਦੇ ਵਿੱਚ ਕੇਵਲ ਇਕ ਇਕ ਦੋ ਦੋ ਘਰ ਹੀ ਵਸਦੇ ਹਨ ਔਰ ਬਾਕੀ ਖਾਲ੍ਹੀ ਪਏ ਹਨ। ਲਗਦਾ ਹੈ ਕਿ ਸਹੀ ਲੋਕਾਂ ਤੱਕ ਇਸ ਸਕੀਮ ਦਾ ਲਾਭ ਨਹੀਂ ਪਹੁੰਚ ਸਕਿਆ। ਜੇਕਰ ਲੋੜਵੰਦਾਂ ਨੂੰ ਇਹਨਾਂ ਕਾਲੋਨੀਆਂ ਦੇ ਵਿੱਚ ਮਕਾਨ ਦਿੱਤੇ ਹੁੰਦੇ ਤਾਂ ਜਿਨ੍ਹਾਂ ਲੋਕਾਂ ਕੋਲ ਅਸਲ ਵਿੱਚ ਮਕਾਨ ਨਹੀਂ ਹਨ ਉਹ ਆ ਕੇ ਇਨ੍ਹਾਂ ਵਿੱਚ ਬੈਠਦੇ। ਬਹੁਤੇ ਮਕਾਨ ਇਨ੍ਹਾਂ ਕਾਲੋਨੀਆਂ ਦੇ ਵਿੱਚ ਖਾਲ੍ਹੀ ਪਏ ਹਨ। ਇਸ ਗੱਲ ਲਈ ਵੀ ਘੋਖ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਖਾਲੀ ਕਿਉਂ ਰਹਿ ਗਏ ਹਨ। ਇਹ ਮਕਾਨ ਉਨ੍ਹਾਂ ਲੋਕਾਂ ਨੇ ਲਏ ਹਨ ਜਿਨਾਂ ਨੂੰ ਲੋੜ ਨਹੀਂ ਸੀ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਹਰੀਜਨ ਕਾਲੋਨੀਆਂ ਬਾਰੇ ਵਿਚਾਰ ਕਰਕੇ ਉਨ੍ਹਾਂ ਲੋਕਾਂ ਨੂੰ ਮਕਾਨ ਦਿੱਤੇ ਜਾਣ ਜਿਨ੍ਹਾਂ ਨੂੰ ਸੱਚ-ਮੁੱਚ ਹੀ ਮਕਾਨਾਂ ਦੀ ਲੋੜ ਹੈ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਜਿਹੜੇ ਲੈਦਰ ਦਾ ਕੰਮ ਕਰਦੇ ਹਨ, ਚਮੜੇ ਦਾ ਕੰਮ ਕਰਦੇ ਹਨ। ਉਨ੍ਹਾਂ ਲਈ ਸਕੀਮਾਂ ਦਾ ਮਸਲਾ ਹੈ।

**Mr. Speaker** : Try to wind up please.

**ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਸਪੀਕਰ ਸਾਹਿਬ, ਮੈਂ ਬਸ ਪੰਜਾਂ ਮਿੰਟਾਂ ਵਿਚ ਹੀ ਖਤਮ ਕਰਦਾ ਹਾਂ ਜੀ। ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ, ਬੀਲੋਅ ਪਾਵਰਟੀ ਲਾਈਨ ਵਾਲੇ ਲੋਕ ਹਨ ਜੋ ਝੁੱਗੀਆਂ/ਝੌਂਪੜੀਆਂ ਦੇ ਵਿਚ ਲੁਧਿਆਣੇ ਰਹਿੰਦੇ ਹਨ ਇਨ੍ਹਾਂ ਦੀ ਗਿਣਤੀ 50 ਹਜ਼ਾਰ ਹੈ, ਜਲੰਧਰ ਵਿਚ 50,000 ਤੋਂ ਵੀ ਉਪਰ ਹੈ, ਫਿਲੌਰ ਵਿੱਚ ਵੀ ਇਨ੍ਹਾਂ ਦੇ ਨੂਰਮਹਿਲ ਵਿਚ 5 ਹਜ਼ਾਰ ਤੋਂ ਵੱਧ ਘਰ ਹਨ ਇਨ੍ਹਾਂ ਵਾਸਤੇ ਸਚ-ਮੁੱਚ ਹੀ ਮਕਾਨਾਂ ਦੀ ਬਹੁਤ ਜ਼ਰੂਰਤ ਹੈ ਜਿਹੜੇ ਕਿ ਤਰਪਾਲਾਂ ਦੇ ਹੇਠਾਂ ਆਪਣਾ ਜੀਵਨ ਗੁਜ਼ਾਰ ਰਹੇ ਹਨ। ਇਹ ਲੋਕ ਉਥੇ ਹੀ ਜੰਮਦੇ ਹਨ ਔਰ ਉਥੇ ਹੀ ਮਰ ਜਾਂਦੇ ਹਨ। ਮਕਾਨ ਦੇਣ ਦੀ ਅਸਲ ਵਿੱਚ ਇਨ੍ਹਾਂ ਲੋਕਾਂ ਨੂੰ ਬਹੁਤ ਜ਼ਰੂਰਤ ਹੈ। ਇਸੇ ਤਰ੍ਹਾਂ ਹੀ ਫੂਡ ਸਪਲਾਈ ਮੰਤਰੀ, ਬੀਬੀ ਰਾਜਿੰਦਰ ਕੌਰ ਭੱਠਲ ਜੀ ਦਾ ਵੀ ਮੈਂ ਸ਼ੁਕਰੀਆ ਅਦਾ ਕਰਦਾ ਹਾਂ ਔਰ ਧੰਨਵਾਦੀ ਵੀ ਹਾਂ ਜਿਨ੍ਹਾਂ ਨੇ ਇਨ੍ਹਾਂ ਲੋਕਾਂ ਦੇ ਨਵੇਂ ਰਾਸ਼ਨ-ਕਾਰਡ ਬਣਾਉਣ ਦਾ ਹੁਕਮ ਦਿੱਤਾ। ਇਸ ਨਾਲ ਉਨ੍ਹਾਂ ਲੋਕਾਂ ਨੂੰ ਵੀ ਰਾਸ਼ਨ-ਕਾਰਡ ਮਿਲ ਗਏ ਜਿਨ੍ਹਾਂ ਕੋਲ ਪਹਿਲਾਂ ਨਹੀਂ ਹਨ। ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਐਫ.ਸੀ.ਆਈ. ਵਰਕਰਜ਼ ਯੂਨੀਅਨ, ਜਿਸ ਵਿੱਚ ਸ਼ਡਿਊਲਡ ਕਾਸਟਸ/ਸ਼ਡਿਊਲਡ ਟਰਾਈਬਜ਼ ਗਰੀਬ ਆਦਮੀ ਹਨ ਜਿਹੜੇ ਦਿਹਾੜੀ ਕਰਕੇ ਆਪਣੀ ਰੋਜ਼ੀ ਕਮਾਉਂਦੇ ਹਨ ਉਨ੍ਹਾਂ ਨੂੰ ਪੱਕਾ ਕਰਨ ਲਈ ਕੇਂਦਰ ਸਰਕਾਰ ਵੱਲੋਂ ਔਰ ਪੰਜਾਬ ਸਰਕਾਰ ਵਲੋਂ ਵੀ ਬਹੁਤ ਭਾਰੀ ਯਤਨ ਕੀਤੇ ਗਏ ਲੇਕਿਨ ਹਾਲੇ ਤੱਕ ਉਨ੍ਹਾਂ ਦੀ ਇਹ ਇਹ ਗੱਲ ਸੁਣੀ ਨਹੀਂ ਗਈ, ਉਨ੍ਹਾਂ ਨੂੰ ਪੱਕਾ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਿੰਦਰ ਸਿੰਘ ਅਟਵਾਲ]

ਇਸ ਪਵਿੱਤਰ ਸਦਨ ਦੇ ਵਿੱਚ ਬੜਾ ਵਾਦ-ਵਿਵਾਦ ਚੱਲਿਆ ਜਿਹੜੇ ਪਿੰਡਾਂ ਦੇ ਵਿਚ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਹਨ, ਮੈਂ, ਸਪੀਕਰ ਸਾਹਿਬ ਆਪ ਜੀ ਦੇ ਰਾਹੀਂ, ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਤਕਰੀਬਨ 50,000 ਤੋਂ ਵੱਧ ਪਿੰਡਾਂ ਦੇ ਵਿਚ ਕੰਮ ਕਰਦੇ ਹਨ। ਸੱਭ ਤੋਂ ਵੱਧ ਹਿੱਸਾ ਉਨ੍ਹਾਂ ਕੋਲੋਂ ਸੀ.ਐਚ.ਓ., ਡੀ.ਐਚ.ਓ.ਔਰ ਡਰੱਗ ਕੰਟਰੋਲਰ ਵਗੈਰਾ ਉਗਰਾਉਂਦੇ ਹਨ ਔਰ ਜਦੋਂ ਵੀ ਕਦੇ ਕੋਈ ਕੈਂਪ ਲਗਦਾ ਹੈ ਤਾਂ ਮਹਿਕਮੇ ਦੇ ਅਫ਼ਸਰ ਉਨ੍ਹਾਂ ਕੋਲੋਂ ਪੈਸੇ ਲੈਂਦੇ ਹਨ। ਸਰਕਾਰ ਨੂੰ ਇਨ੍ਹਾਂ ਲੋਕਾਂ ਬਾਰੇ ਵੀ ਜ਼ਰੂਰ ਸੋਚਣਾ ਚਾਹੀਦਾ ਹੈ। ਇਨ੍ਹਾਂ ਲੋਕਾਂ ਨੂੰ ਰਜਿਸਟਰਡ ਕਰਨ ਬਾਰੇ ਜ਼ਰੂਰ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਚਾਹੇ ਇਨ੍ਹਾਂ ਵਾਸਤੇ ਰਜਿਸਟਰੇਸ਼ਨ ਦੀ ਫੀਸ 5,000/- ਰੁਪਏ ਰੱਖ ਲਈ ਜਾਵੇ ਇਸ ਨਾਲ ਸਰਕਾਰ ਨੂੰ ਪੈਸੇ ਵੀ ਆਉਣਗੇ ਔਰ ਸਰਕਾਰ ਦੀ ਆਮਦਨੀ ਵੀ ਵਧੇਗੀ। ਜਿਹੜਾ ਬੰਦਾ ਡਾਕਟਰੀ ਦੇ ਟੀਕੇ ਲਾਉਂਦਾ ਹੈ ਉਹ ਕੱਲ੍ਹ ਨੂੰ ਗੱਡਾ ਤਾਂ ਵਾਹ ਨਹੀਂ ਸਕਦਾ

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ। ਇਥੇ ਪਿਛਲੇ ਦਿਨਾਂ ਵਿੱਚ ਲੇਡੀਜ਼ ਦੇ ਹੱਕਾਂ ਬਾਰੇ ਕਾਫੀ ਗੱਲ ਚਲੀ ਸੀ।

**ਸ੍ਰੀ ਸਪੀਕਰ :** ਅਟਵਾਲ ਜੀ, ਵਾਈਂਡ ਅੱਪ ਕਰੋ ਪਲੀਜ਼।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ :** ਉਸ ਵੇਲੇ ਨੂਰ-ਜਹਾਨ ਦੀ ਬੜੀ ਪਰਸੰਸਾ ਕੀਤੀ ਗਈ ਸੀ। ਨੂਰਜਹਾਂ ਦੇ ਨਾਂ ਦੀ ਯਾਦਗਾਰ ਨੂਰ-ਮਹਿਲ ਵਿਖੇ ਹੈ ਜੋ ਕਿ ਢੈ-ਢੇਰੀ ਹੋਣ ਨੂੰ ਫਿਰਦੀ ਹੈ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਸਰਕਾਰ ਵਲੋਂ ਉਸ ਦੀ ਯਾਦ ਵਿਚ ਕੋਈ ਕਾਲਜ ਜਾਂ ਓਪਨ ਯੂਨੀਵਰਸਿਟੀ ਹੀ ਨੂਰ-ਮਹਿਲ ਵਿਖੇ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇ।

ਨੂਰ-ਮਹਿਲ ਦੇ ਹਸਪਤਾਲ ਦੀ ਬਿਲਡਿੰਗ ਵੀ ਡਿੱਗਣ ਵਾਲੀ ਹੈ। ਮੈਂ ਆਪਣੇ ਇਲਾਕੇ ਵਿਚ ਵੱਡੀ ਸਨਅੱਤ ਦਾ ਜ਼ਿਕਰ ਤਾਂ ਕੀ ਕਰਾਂ, ਉਥੇ ਤਾਂ ਕੋਈ ਛੋਟੀ ਸਨਅੱਤ, ਛੋਟੀ ਇੰਡਸਟਰੀ ਤੱਕ ਵੀ ਨਹੀਂ ਹੈ। ਪਿਛਲੇ ਸਾਲ ਵੀ ਮੈਂ ਬੇਨਤੀ ਕੀਤੀ ਸੀ ਸਾਡੇ ਉਥੇ ਰਾਤ ਦੀ ਗੱਡੀ (ਨਾਈਟ ਟ੍ਰੇਨ) ਹਾਲ ਤੱਕ ਨਹੀਂ ਚਲੀ। ਤਕਰੀਬਨ 10,000 ਪੈਸੰਜਰ ਲੁਧਿਆਣੇ ਤੋਂ ਨੂਰ-ਮਹਿਲ ਤੱਕ ਜਾਂਦੇ ਹਨ। ਇਸ ਲਈ ਮੈਂ ਮੁੱਖ ਮੰਤਰੀ ਜੀ, ਨੂੰ ਬਨਤੀ ਕਰਨੀ ਚਾਹੁੰਦਾ ਹਾਂ ਕਿ ਰਾਤ ਦੀ ਗੱਡੀ ਨੂੰ ਜਲਦੀ ਤੋਂ ਜਲਦੀ ਚਲਾ ਦਿੱਤਾ ਜਾਵੇ। ਹੁਣ ਤਾਂ ਹਾਲਾਤ ਕਾਫੀ ਸੁਧਰ ਗਏ ਹਨ।

ਅਗਲੀ ਬੇਨਤੀ ਮੈਂ ਇਹ ਕਰਨਾ ਚਾਹੁੰਦਾ ਹਾਂ ਕਿ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਸਾਰੀਆ ਫੈਕਲਟੀਆਂ ਹਨ। ਸਿਰਫ ਮੈਡੀਕਲ ਫੈਕਲਟੀ ਨਹੀਂ। ਜੇਕਰ ਉਸ ਅਦਾਰੇ ਵਿੱਚ ਇਹ ਵੀ ਸ਼ੁਰੂ ਕਰ ਦਿੱਤੀ ਜਾਵੇ ਤਾਂ ਜਿਹੜੇ ਲੁਧਿਆਣੇ ਦੇ ਤਿੰਨ ਮੈਡੀਕਲ ਕਾਲਜ ਹਨ, ਉਨ੍ਹਾਂ ਦੀਆਂ ਸਾਰੀਆ ਗੱਲਾਂ ਦਾ ਨਿਪਟਾਰਾ ਉਥੇ ਹੀ ਹੋ ਜਾਇਆ ਕਰੇ। ਸਪੀਕਰ ਸਾਹਿਬ, ਐਰੋਡਰਮ ਦੇ ਬਾਰੇ ਗੱਲ ਹੋਈ ਹੈ। ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਜਲੰਧਰ ਅਤੇ ਲੁਧਿਆਣਾ ਦੇ ਵਿਚਾਲੇ ਹਵਾਈ ਅੱਡਾ ਬਣਾਉਣ ਬਾਰੇ ਗੱਲ ਕਹੀ ਗਈ ਹੈ। ਪਰ ਮੈਂ ਤਾਂ ਐਨਕਾਂ ਲਗਾ ਕੇ ਵੀ ਵੇਖਿਆ ਹੈ ਮੈਨੂੰ ਤਾਂ ਕਿਤੇ ਇਹ ਹਵਾਈ ਅੱਡਾ ਨਜ਼ਰ ਨਹੀਂ ਆਇਆ। ਮੈਂ ਇਸ ਬਾਰੇ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਲੁਧਿਆਣਾ ਅਤੇ ਜਲੰਧਰ ਦੇਵਿਚਾਲੇ ਹਵਾਈ ਅੱਡਾ ਜ਼ਰੂਰ ਬਣਾਇਆ ਜਾਣਾ ਚਾਹੀਦਾ ਹੈ। ਤਾਂ ਜੋ ਲੁਧਿਆਣੇ ਦੇ ਅੱਡੇ ਦਾ ਰਸ਼ ਘਟ ਸਕੇ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਅਗਲੀ ਗੱਲ ਮੈਂ ਬੀ.ਐਂਡ.ਆਰ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਬੀ.ਐਂਡ. ਆਰ.ਮਹਿਕਮੇ ਨੇ ਬਹੁਤ ਤਰੱਕੀ ਕੀਤੀ ਹੈ, ਓਵਰ-ਬਰਿਜ ਅਤੇ ਫਲਾਈ ਓਵਰ ਬਰਿਜ ਬਣਾਏ ਹਨ। ਇਸ ਦੇ ਲਈ ਮੈਂ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ। ਮੈਂ ਬੜੀ ਖੁਸ਼ੀ ਨਾਲ ਇਹ ਗੱਲ ਕਹਿੰਦਾ ਹਾਂ ਕਿ ਸ਼ੰਭੂ ਤੋਂ ਲੈ ਕੇ ਸਰਹੰਦ ਤੱਕ ਚਾਰ ਲੇਨ ਸੜਕ ਬਣਾਓਣ ਵਾਸਤੇ ਕੰਮ ਬੜੀ ਜਲਦੀ ਸ਼ੁਰੂ ਕੀਤਾ ਜਾ ਰਿਹਾ ਹੈ। ਲੇਕਿਨ ਇਹ ਗੱਲ ਮੈਂ ਬੜੇ ਅਫਸੋਸ ਦੇ ਨਾਲ ਕਹਿੰਦਾ ਹਾਂ ਕਿ ਕਈ ਪਿੰਡ ਅਜਿਹੇ ਵੀ ਹਨ ਜਿਨ੍ਹਾਂ ਨੂੰ ਕਿ ਅਜੇ ਫਸਟ ਲਿੰਕ ਸੜਕਾਂ ਨਾਲ ਵੀ ਨਹੀਂ ਜੋੜਿਆ ਗਿਆ। ਮੇਰੇ ਹਲਕੇ ਵਿੱਚ ਹੀ 11 ਪਿੰਡ ਅਜਿਹੇ ਹਨ ਜਿਨ੍ਹਾਂ ਨੂੰ ਅਜੇ ਫਸਟ ਲਿੰਕ ਰੋਡ ਨਾਲ ਨਹੀਂ ਜੋੜਿਆ ਗਿਆ। ਇਨ੍ਹਾਂ ਨੂੰ ਫਸਟ ਲਿੰਕ ਰੋਡਜ਼ ਜ਼ਰੂਰ ਦੇਣੀਆਂ ਚਾਹੀਦੀਆਂ ਹਨ। ਦੂਜਾ ਫਿਲੌਰ-ਨੂਰਮਹਿਲ ਸੜਕ ਉਤੇ, ਨੂਰਮਹਿਲ-ਫਗਵਾੜਾ ਸੜਕ ਉਤੇ ਅਤੇ ਮੋਰਿੰਡਾ ਵਿਖੇ ਜਿਥੋਂ ਕਿ ਸਾਡੇ ਸਾਰੇ ਵਿਧਾਨਕਾਰ ਅਤੇ ਮੰਤਰੀ ਲੰਘ ਕੇ ਆਉਂਦੇ ਹਨ ਅਤੇ ਉਨ੍ਹਾਂ ਨੂੰ ਉਥੇ ਰੁਕਣਾ ਵੀ ਪੈਂਦਾ ਹੈ। ਇਨ੍ਹਾਂ ਥਾਵਾਂ ਉਤੇ ਵੀ ਫਲਾਈ ਓਵਰ ਬਰਿਜ ਜ਼ਰੂਰ ਬਣਾਉਣੇ ਚਾਹੀਦੇ ਹਨ। ਇਹ ਗੱਲ ਬੜੀ ਸ਼ਲਾਘਾ ਵਾਲੀ ਹੈ ਕਿ ਸਰਹੰਦ ਦਾ ਪੁਲ ਆਪਣੀ ਕੰਮ ਦੀ ਸਟੇਜ ਤੋਂ ਅੱਗੇ ਚਲ ਰਿਹਾ ਹੈ। ਮੈਂ ਸਮਝਦਾ ਹਾਂ ਕਿ ਜਿਹੜਾ ਸਤਲੁਜ ਦਾ ਪੁਲ ਹੈ ਜਾਂ ਲੁਧਿਆਣੇ ਦਾ ਪੁਲ ਹੈ ਉਸ ਨੂੰ ਵੀ ਅਗੇਤ ਦੇ ਕੇ ਪਹਿਲ ਦੇ ਆਧਾਰ ਤੇ ਬਣਾਇਆ ਜਾਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਇਸ ਕੰਮ ਵਾਸਤੇ ਫੰਡ ਉਪਲਬਧ ਕਰਾਉਣੇ ਚਾਹੀਦੇ ਹਨ। ਸਰਦਾਰ ਉਮਰਾਓ ਸਿੰਘ ਜੀ ਦਾ ਡਿਪਾਰਟਮੈਂਟ ਬੜਾ ਅਹਿਮ ਹੈ। ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਬਹੁਤ ਹੀ ਟੁੱਟੀਆਂ ਹੋਈਆਂ ਹਨ। ਜਿਸ ਤਰ੍ਹਾਂ ਮੈਨੂੰ ਕਿਤੇ ਹਵਾਈ ਅੱਡਾ ਨਹੀਂ ਲੱਭਿਆ ਉਸੇ ਤਰ੍ਹਾਂ ਹੀ ਮੈਨੂੰ ਇਹ ਵੀ ਨਜ਼ਰ ਨਹੀਂ ਆਇਆ ਕਿ ਫੰਡ ਕਿਹੜੇ ਕਿਹੜੇ ਹਿਸਾਬ ਨਾਲ ਦਿੱਤੇ ਜਾਣੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਇਹ ਫੰਡ ਜ਼ਰੂਰ ਵਧਾਉਣੇ ਚਾਹੀਦੇ ਹਨ

**ਸ੍ਰੀ ਸਪੀਕਰ:** ਅਟਵਾਲ ਜੀ, ਵਾਈਂਡ ਅੱਪ ਕਰੋ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ:** ਅਖੀਰ ਵਿੱਚ ਮੈਂ ਮਾਸਟਰ ਜਗੀਰ ਸਿੰਘ, ਟਰਾਂਸਪੋਰਟ ਮੰਤਰੀ ਅਤੇ ਐਕਸਾਈਜ਼ ਮੰਤਰੀ ਸਰਦਾਰ ਸ਼ਮਸ਼ੇਰ ਸਿੰਘ ਦੂਲੋਂ ਹੋਰਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਆਪਣੇ ਮਹਿਕਮਿਆਂ ਨੂੰ ਨੱਥ ਪਾਈ ਹੈ ਅਤੇ ਕਾਰਗੁਜ਼ਾਰੀ ਵਿੱਚ ਕਾਫੀ ਸੁਧਾਰ ਲਿਆਂਦਾ ਹੈ। ਇਸ ਦੇ ਲਈ ਉਹ ਸ਼ਲਾਘਾ ਦੇ ਪਾਤਰ ਹਨ। ਅਖੀਰ ਵਿੱਚ ਮੈਂ ਸਰਦਾਰ ਬੇਅੰਤ ਸਿੰਘ ਜੀ ਦਾ ਬੜਾ ਧੰਨਵਾਦੀ ਹਾਂ ਅਤੇ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਕਿ ਪੰਜਾਬ ਵਿੱਚ ਲੋਕਾਂ ਦੀ ਨੀਂਦ ਬਹਾਲ ਕੀਤੀ ਹੈ। ਸਪੀਕਰ ਸਾਹਿਬ ਮੈਂ ਆਪ ਜੀ ਦਾ ਵੀ ਬੜਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਸਦਨ ਵਿਚ ਬੋਲਣ ਦਾ ਮੌਕਾ ਦਿੱਤਾ ਹੈ।

**ਸ੍ਰੀ ਸਪੀਕਰ:** ਸ੍ਰੀ ਉਪਿੰਦਰ ਸ਼ਰਮਾ ਜੀ, ਤੁਹਾਨੂੰ 10 ਮਿੰਟ ਦਾ ਸਮਾਂ ਮਿਲੇਗਾ ਤਾਂਕਿ ਬਾਕੀ ਦੇ ਮੈਂਬਰ ਸਾਹਿਬਾਨ ਨੂੰ ਵੀ ਬੋਲਣ ਲਈ ਸਮਾਂ ਮਿਲ ਸਕੇ।

**ਸ੍ਰੀ ਉਪਿੰਦਰ ਕੁਮਾਰ (ਕੋਟਕਪੂਰਾ):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਅਤਿ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਡਾਕਟਰ ਸਾਹਿਬ ਵੱਲੋਂ ਪੇਸ਼ ਕੀਤੇ ਗਏ ਸਾਲ 1993-94 ਦੇ ਬਜਟ ਉਤੇ ਬਹਿਸ ਵਿੱਚ ਹਿੱਸਾ ਲੈਣ ਲਈ ਬੋਲਣ ਦਾ ਮੌਕਾ ਦਿੱਤਾ ਹੈ। ਲੇਕਿਨ ਨਾਲ ਹੀ ਤੁਸੀਂ ਟਾਈਮ ਬਾਰੇ ਵੀ ਦੱਸ ਦਿੱਤਾ ਹੈ। ਪਹਿਲਾਂ ਤਾਂ ਮੈਂ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੂੰ ਇਸ ਗੱਲ ਲਈ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਨੂੰ ਇਕ ਐਸਾ ਵਿੱਤ ਮੰਤਰੀ ਦਿੱਤਾ ਹੈ ਜਿਸ ਨੇ ਕਿ ਜਿਸ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਉਪਿੰਦਰ ਕੁਮਾਰ]

ਹਾਲਾਤ ਵਿਚੋਂ ਪੰਜਾਬ ਗੁਜ਼ਰਿਆ ਹੈ ਅਤੇ ਜੋ ਅਰਥ ਵਿਵਸਥਾ ਗਵਰਨਰੀ ਰਾਜ ਸਮੇਂ ਹੋ ਗਈ ਸੀ, ਉਸ ਵਿਚੋਂ ਕਿਸ਼ਤੀ ਨੂੰ ਕੱਢ ਕੇ ਲੈ ਜਾਣਾ ਅਤੇ ਪੰਜਾਬ ਦੇ ਲੋਕਾਂ ਨੂੰ ਟੈਕਸ ਫਰੀ ਬਜਟ ਦੇਣਾ, ਉਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਥੋੜੀ ਹੈ । ਅਪੋਜ਼ੀਸ਼ਨ ਦੇ ਬੈਂਚਾਂ ਵੱਲੋਂ ਡਿਬੇਟ ਨੂੰ ਓਪਨ ਕਰਦਿਆਂ ਇਕ ਦੋਸਤ ਨੇ ਇਹ ਬਾਤ ਕਹੀ ਸੀ ਕਿ ਇਹ ਬਜਟ ਗਰੀਬਾਂ, ਪਛੜੇ ਵਰਗਾਂ ਅਤੇ ਕਿਸਾਨਾਂ ਦੇ ਖਿਲਾਫ ਹੈ । ਉਹ ਦੋਸਤ ਸ਼ਾਇਦ ਇਸ ਗੱਲ ਨੂੰ ਭੁੱਲ ਗਿਆ ਕਿ ਸਰਦਾਰ ਬੇਅੰਤ ਸਿੰਘ ਪਹਿਲੇ ਮੁੱਖ ਮੰਤਰੀ ਹਨ ਜਿਨ੍ਹਾਂ ਨੇ ਆਪਣੇ ਮੰਤਰੀ ਮੰਡਲ ਵਿੱਚ ਸੱਤ ਮੰਤਰੀ ਪਛੜੇ ਵਰਗਾਂ ਦੇ ਲਏ ਹਨ ਔਰ ਪੰਜਾਬ ਦੇ ਲੋਕ ਅਤੇ ਪਛੜਿਆਂ ਵਰਗ ਆਪਣੀਆ ਸੱਥਾਂ ਵਿੱਚ ਬੈਠ ਕੇ ਗੱਲਾਂ ਕਰਦੇ ਹਨ ਕਿ ਸਰਦਾਰ ਬੇਅੰਤ ਸਿੰਘ ਤਾਂ ਪਛੜੇ ਵਰਗਾਂ ਦੇ ਮੁੱਖ ਮੰਤਰੀ ਹਨ ਔਰ ਉਨ੍ਹਾਂ ਨੇ ਇਸ ਗੱਲ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ । ਉਹ ਸੱਤ ਮੰਤਰੀ ਬੈਠ ਕੇ ਜਿਸ ਤਰ੍ਹਾਂ ਕੈਬਨਿਟ ਦੇ ਵਿੱਚ ਪਛੜੇ ਵਰਗਾਂ ਦੀ ਵਕਾਲਤ ਕਰਦੇ ਹਨ ਉਹ ਬੇ-ਮਿਸਾਲ ਹੈ ਔਰ ਉਹ ਇਸ ਗੱਲ ਨੂੰ ਵੀ ਮੱਦੇ ਨਜ਼ਰ ਨਹੀਂ ਰੱਖਦੇ ਕਿ ਉਹ ਖੁਦ ਜਦੋਂ ਐਪਲੀਕੇਸ਼ਨਜ਼ ਲੈ ਕੇ ਉਨ੍ਹਾਂ ਮੰਤਰੀਆਂ ਕੋਲ ਜਾਂਦੇ ਹਨ ਨਾਲੇ ਤਾਂ ਉਠ ਕੇ ਉਨ੍ਹਾਂ ਨੂੰ ਸਤਿਕਾਰਿਆ ਜਾਂਦਾ ਹੈ, ਉਨ੍ਹਾਂ ਨੂੰ ਚਾਹ ਪਿਲਾਈ ਜਾਂਦੀ ਹੈ ਅਤੇ ਨਾਲੇ ਉਨ੍ਹਾਂ ਦੇ ਕੰਮ ਕੀਤੇ ਜਾਂਦੇ ਹਨ। ਇਸ ਬਜਟ ਦੇ ਵਿੱਚ ਵੀ ਡਾਕਟਰ ਕੇਵਲ ਕ੍ਰਿਸ਼ਨ ਹੋਰਾਂ ਨੇ ਪਛੜੇ ਵਰਗਾਂ ਦਾ ਬਜਟ 4 ਕਰੋੜ ਰੁਪਏ ਤੋਂ ਚੁੱਕ ਕੇ 37.02 ਕਰੋੜ ਰੁਪਏ ਲੈ ਆਉਂਦਾ ਹੈ, ਜੇ ਇਹ ਪਛੜੇ ਵਰਗਾਂ ਦੇ ਹਿੱਤਾਂ ਦੀ ਸਰਕਾਰ ਨਹੀਂ ਤਾਂ ਹੋਰ ਕਿਸ ਦੀ ਹੈ। ਜੇ ਇਤਿਹਾਸ ਵੱਲ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਕਾਂਗਰਸ ਉਹ ਜਮਾਤ ਹੈ ਜਿਸ ਦੇ ਸਦਕਾ ਅੱਜ ਸਰਦਾਰ ਬੇਅੰਤ ਸਿੰਘ ਜੀ ਪੰਜਾਬ ਦੀ ਅਗਵਾਈ ਕਰ ਰਹੇ ਹਨ ਜਿਹੜੇ ਕਿ ਸ਼ੁਰੂ ਤੋਂ ਹੀ ਮਹਾਤਮਾ ਗਾਂਧੀ ਜੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਨਕਸ਼ੇ ਕਦਮਾਂ ਤੇ ਚਲ ਕੇ ਕਮਜ਼ੋਰ ਵਰਗਾਂ ਨੂੰ ਉਚਾ ਚੁੱਕਣ ਲਈ ਵੱਚਨਬੱਧ ਹਨ । ਇਸ ਤੋਂ ਵੀ ਅੱਗੇ ਸਰਕਾਰ ਦੇ ਬਣਨ ਤੋਂ ਉਪਰੰਤ ਗਰੀਬਾਂ ਅਤੇ ਪਛੜੇ ਵਰਗਾਂ ਦੇ ਬੰਦਿਆਂ ਜਿੰਨਾਂ ਦੀ ਆਰਥਿਕ ਦਸ਼ਾ ਕਮਜ਼ੋਰ ਸੀ ਉਨ੍ਹਾਂ ਵਾਸਤੇ ਵੀ ਬਹੁਤ ਕੁਝ ਕੀਤਾ ਹੈ। ਸਰਕਾਰ ਨੇ ਪੈਨਸ਼ਨ ਦੀ ਰਾਸ਼ੀ ਜਿਹੜੀ 100/- ਰੁਪਏ ਪਹਿਲਾਂ ਹੁੰਦੀ ਸੀ ਉਹ 150/- ਰੁਪਏ ਕੀਤੀ ਔਰ ਪਛੜੇ ਵ੍ਰਗਾਂ ਦੇ ਬੱਚਿਆਂ ਨੂੰ ਵਿਦਿਆ ਪ੍ਰਾਪਤ ਕਰਨ ਲਈ ਹਰ ਮਹੀਨੇ 30/- ਰੁਪਏ ਸਕਾਲਰਸ਼ਿਪ ਮੁਹੱਈਆ ਕੀਤਾ। ਮੇਰੇ ਉਹ ਦੋਸਤਾਂ ਦਾ ਜਿਹੜਾ ਬਜਟ ਤੇ ਪ੍ਰਤੀਕਰਮ ਸੀ, ਬਜਾਏ ਉਸ ਦੇ, ਉਨ੍ਹਾਂ ਨੂੰ ਬਜਟ ਦੀ ਸਰਾਹਨਾ ਕਰਨੀ ਚਾਹੀਦੀ ਸੀ। ਦੂਸਰੀ ਗੱਲ ਕਹੀ ਕਿ ਇਹ ਸਰਕਾਰ ਕਿਸਾਨਾਂ ਦੇ ਖਿਲਾਫ ਹੈ। ਇਕ ਸਾਲ ਦੇ ਅੰਦਰ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਔਰ ਕੇਂਦਰ ਦੇ ਵਿੱਚ ਚੌਧਰੀ ਬਲਰਾਮ ਜਾਖੜ ਜੀ ਹੋਰਾਂ ਨੇ ਲੜਾਈ ਕਰਕੇ ਕਣਕ ਦਾ ਮੁੱਲ 225/- ਰੁਪਏ ਤੋਂ 330/- ਰੁਪਏ ਪ੍ਰਤੀ ਕੁਇੰਟਲ ਕੀਤਾ ਔਰ 105/- ਰੁਪਏ ਦਾ ਵਾਧਾ ਹੋਇਆ, ਗੰਨਾ ਜਿਹੜਾ ਹੈ ਉਸਦਾ ਮੁੱਲ 40/- ਰੁਪਏ ਵੱਧ ਕੀਤਾ। ਡਾਕਟਰ ਕੇਵਲ ਕ੍ਰਿਸ਼ਨ ਜੀ, ਵਿੱਤ ਮੰਤਰੀ ਸਾਹਿਬ ਨੇ ਕਿਸਾਨਾਂ ਵਾਸਤੇ ਬੋਨਸ ਲਈ 335/- ਕਰੋੜ ਰੁਪਏ ਮੁਹੱਈਆ ਕੀਤੇ ਹਨ। ਕੀ ਇਹ ਸਰਕਾਰ ਕਿਸਾਨਾਂ ਦੇ ਹਿੱਤਾਂ ਦੇ ਖਿਲਾਫ ਕੰਮ ਕਰ ਰਹੀ ਹੈ ? ਜੇ ਇਹ ਕਿਸਾਨਾਂ ਦੇ ਖਿਲਾਫ ਕੰਮ ਕਰ ਰਹੀ ਹੈ ਤਾਂ ਇਹ ਮੱਦਦ ਕਿਸ ਦੀ ਕਰ ਰਹੀ ਹੈ। ਮੈਂ ਆਪਣੇ ਉਨ੍ਹਾਂ ਦੋਸਤਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ 6 ਤੋਂ 8 ਏਕੜ ਤੱਕ ਜ਼ਮੀਨ ਦੇ ਮਾਲਕ ਜਿਹੜੇ ਛੋਟੇ ਵਰਗ ਦੇ ਕਿਸਾਨ ਹਨ ਉਨ੍ਹਾਂ ਨੂੰ ਟਰੈਕਟਰ ਮੁਹੱਈਆ ਕਰ ਰਹੀ ਹੈ। ਚੌਧਰੀ ਬਲਰਾਮ ਜਾਖੜ ਜੀ ਨੇ ਕੇਂਦਰ ਵਿੱਚ ਲੜਾਈ ਕਰਕੇ 30 ਹਜ਼ਾਰ ਰੁਪਏ ਤੱਕ ਇਨ੍ਹਾਂ ਟੈਰੈਕਟਰਾਂ ਤੇ ਸਬਸਿਡੀ ਦਿਵਾਈ ਹੈ । ਇਸ ਸਰਕਾਰ ਤੋਂ ਵੱਧ ਹੋਰ ਕਿਹੜੀ ਸਰਕਾਰ ਨੇ ਕਿਸਾਨ ਦੇ ਹਿੱਤਾਂ ਦਾ ਧਿਆਨ ਕੀਤਾ ਹੈ ? ਕੀ ਮੇਰੇ ਉਹ ਦੋਸਤ ਦੱਸਣਗੇ ? ਵੈਸੇ ਤਾਂ ਉਹ ਬੜੇ ਸੀਜ਼ਨਡ ਪਾਰਲੀਮੈਂਟੇਰੀਅਨ

Original with;
Punjab Vidhan Sabha
Digitized by;
Panjab Digital Library

ਵੀ ਹਨ ਪਰ ਇੱਕ ਗੱਲ ਜਿਹੜੀ ਉਨ੍ਹਾਂ ਨੇ ਕਹੀ ਹੈ ਉਸ ਤੋਂ ਪਤਾ ਲਗਦਾ ਹੈ ਕਿ ਉਹ ਛੋਟੀਆਂ ਛੋਟੀਆਂ ਗੱਲਾਂ ਤੋਂ ਵੀ ਚਿੰਤਤ ਹਨ ਅਗਰ ਕੋਈ ਅਹਿਮ ਮਸਲਾ ਹੋਵੇ ਤਾਂ ਉਨ੍ਹਾਂ ਨੂੰ ਡਿਸਕਸ ਕਰਨਾ ਚਾਹੀਦਾ ਹੈ। ਲੋਕਾਂ ਦੀ ਵਿਦਿਅਕ ਅਤੇ ਆਰਥਿਕ ਪ੍ਰਸਥਿਤੀਆਂ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਾਹਮਣੇ ਰਖਦਿਆਂ ਹੋਇਆਂ ਸਾਡੇ ਖਜ਼ਾਨਾ ਮੰਤਰੀ ਜੀ ਨੇ ਪੰਜਾਬ ਦੇ ਲੋਕਾਂ ਨੂੰ ਟੈਕਸ ਫਰੀ ਬਜਟ ਦਿਤਾ ਹੈ ਅਤੇ ਸਾਡੇ ਮਾਨਯੋਗ ਮੈਂਬਰ ਖੜੇ ਹੋ ਕੇ ਉਨ੍ਹਾਂ ਨੂੰ ਵਧਾਈ ਤਾਂ ਕੀ ਦੇਣੀ ਸੀ, ਸਰਦਾਰ ਬੇਅੰਤ ਸਿੰਘ ਜੀ ਹੋਰਾਂ ਨੂੰ ਅਤੇ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਅਤੇ ਸਰਦਾਰ ਉਮਰਾਓ ਸਿੰਘ ਜੀ ਹੋਰਾਂ ਨੂੰ ਜਿਨ੍ਹਾਂ ਨੇ ਛੋਟੇ ਜਿਹੇ ਅਰਸੇ ਵਿੱਚ ਪੰਚਾਇਤਾਂ ਦੀਆਂ ਚੋਣਾਂ ਕਰਾਈਆਂ ਉਨ੍ਹਾਂ ਨੇ ਬਜਟ ਤੇ ਤਾਂ ਕੀ ਬੋਲਣਾ ਸੀ, ਕਹਿਣ ਲੱਗੇ ਕਿ ਫਲਾਣੇ ਪਿੰਡ ਦੀ ਇੱਕ ਮਹਿਲਾ ਮੈਂਬਰ ਕੋਆਪਟ ਹੋਈ ਸੀ ਅਤੇ ਬਾਅਦ ਵਿੱਚ ਮੁੜ ਕੇ ਕਿਸੇ ਹੋਰ ਨੂੰ ਕੋਆਪਟ ਕਰ ਦਿਤਾ, ਕਿੱਥੇ ਤਾਂ ਪੰਜਾਬ ਦੇ ਬਜਟ ਤੇ ਬੋਲਣਾ ਸੀ, ਕਿੱਥੇ ਉਹ ਇਕ ਔਰਤ ਦੀ ਕੋਆਪਸ਼ਨ ਨੂੰ ਲੈ ਕੇ ਬੈਠ ਗਏ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੇ ਦਰਵਾਜ਼ੇ ਤਾਂ ਹਮੇਸ਼ਾਂ ਖੁਲ੍ਹੇ ਹਨ। ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਡਾਇਰੈਕਟਰ, ਪੰਚਾਇਤ ਨੂੰ ਮਿਲਦੇ ਅਤੇ ਇਹ ਸਾਰਾ ਮਾਮਲਾ ਦੱਸਦੇ। ਉਹ ਨਾਲੇ ਤਾਂ ਇਨ੍ਹਾਂ ਦੀ ਇਜ਼ਤ ਕਰਦੇ ਅਤੇ ਨਾਲੇ ਚਾਹ ਦਾ ਪਿਆਲਾ ਪਿਲਾਉਂਦੇ ਅਤੇ ਨਾਲੇ ਇਨ੍ਹਾਂ ਦਾ ਮਸਲਾ ਹੱਲ ਹੋ ਜਾਂਦਾ। ਪਰ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਲਈ ਕੀ ਗੱਲ ਕਰਨੀ ਸੀ, ਉਹ ਤਾਂ ਕੋਆਪਸ਼ਨ ਨੂੰ ਲੈ ਕੇ ਬੈਠ ਗਏ। ਮੇਰਾ ਸਿਰਫ ਆਪੋਜੀਸ਼ਨ ਨੂੰ ਕਹਿਣ ਦਾ ਮੁੱਦਾ ਹੈ ਕਿ ਅਗਰ ਕੋਈ ਗੱਲ ਚੰਗੀ ਹੋ ਰਹੀ ਹੋਵੇ ਤਾਂ ਸਰਾਹੁਣਾ ਚਾਹੀਦਾ ਹੈ।

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਸਦਨ ਵਿਚ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**Mr. Speaker** : No point of order. ਸ਼ਰਮਾ ਜੀ, ਤੁਸੀਂ ਸਿਰਫ ਬਜਟ ਤੇ ਬੋਲੋ। Give something constructive. ਟਾਈਮ ਦਾ ਵੀ ਖਿਆਲ ਰੱਖੋ। ਡਾਕਟਰ ਸਾਹਿਬ ਨੇ ਵੀ ਬੋਲਣਾ ਹੈ। ਇਸ ਵਾਸਤੇ ਟਾਈਮ ਦਾ ਖਿਆਲ ਰੱਖੋ।

**ਸ੍ਰੀ ਉਪਿੰਦਰ ਕੁਮਾਰ** : ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਦਾ ਅਤੇ ਸਰਦਾਰ ਬੇਅੰਤ ਸਿੰਘ ਹੋਰਾਂ ਦਾ ਅਤਿ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਜਨਰਲ ਪਬਲਿਕ ਦੀਆਂ ਭਾਵਨਾਵਾਂ ਨੂੰ ਸਾਹਮਣੇ ਰੱਖਦਿਆਂ ਔਰ ਖਾਸ ਕਰਕੇ ਕੋਟਕਪੂਰੇ ਦੇ ਲੋਕਾਂ ਦੀਆਂ ਬਹੁਤ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੁਸ਼ਕਲਾਂ ਨੂੰ ਇਸ ਬਜਟ ਵਿਚ ਪ੍ਰਵਾਨ ਕੀਤਾ ਅਤੇ ਕੋਟਕਪੂਰੇ ਵਿਖੇ ਰੇਲਵੇ ਓਵਰ ਬ੍ਰਿਜ ਬਣਾਉਣ ਦਾ ਵੀ ਐਲਾਨ ਕੀਤਾ। ਮੈਂ ਆਪਣੇ ਫਰਜ਼ ਤੋਂ ਕੁਤਾਹੀ ਕਰਾਂਗਾ ਜੇ ਮੈਂ ਡਾਕਟਰ ਕੇਵਲ ਕ੍ਰਿਸ਼ਨ ਜੀ ਦਾ ਧੰਨਵਾਦ ਨਾ ਕਰਾਂ ਕਿਉਂਕਿ ਇਹ ਮਸਲਾ ਸਿਰਫ ਕੋਟਕਪੂਰੇ ਦਾ ਹੀ ਮਸਲਾ ਨਹੀਂ ਸੀ ਬਲਕਿ ਇਹ ਜਨਰਲ ਪਬਲਿਕ ਨਾਲ ਵੀ ਤਾਅਲੁੱਕ ਰੱਖਦਾ ਸੀ ਕਿਉਂਕਿ ਪੁਲ ਨਾ ਹੋਣ ਕਾਰਨ ਕਾਫੀ ਤਕਲੀਫ ਮਹਿਸੂਸ ਹੁੰਦੀ ਸੀ। ਕੋਟਕਪੂਰੇ ਦੀ ਮੰਡੀ ਏਸ਼ੀਆ ਦੀਆਂ ਵੱਡੀਆਂ ਮੰਡੀਆਂ ਵਿਚੋਂ ਇੱਕ ਹੈ ਅਤੇ ਇਸ ਦੇ ਇਰਦ-ਗਿਰਦ ਸਾਰਾ ਖਿੱਤਾ ਕਾਟਨ ਵਿਚ ਹੈ। ਇਸ ਪੁਲ ਦੀ ਮੰਗ ਕਾਫੀ ਚਿਰ ਤੋਂ ਲਟਕਦੀ ਆ ਰਹੀ ਸੀ। ਸੀ.ਐਮ ਸਾਹਿਬ ਨੇ ਵੀ ਅਤੇ ਡਾਕਟਰ ਸਾਹਿਬ ਨੇ ਵੀ ਦੇਖਿਆ ਹੈ ਅਤੇ ਉਹ ਭਲੀ-ਭਾਂਤ ਇਸ ਮੁਸ਼ਕਲ ਨੂੰ ਜਾਣਦੇ ਸੀ ਅਤੇ ਮੈਂ ਉਚੇਚੇ ਤੌਰ ਤੇ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਮੇਰੀ ਇਹ ਬੇਨਤੀ ਪ੍ਰਵਾਨ ਕੀਤੀ। ਕੋਟਕਪੂਰੇ ਵਿਖੇ ਇੱਕ ਸ਼ਹੀਦ ਭਗਤ ਸਿੰਘ ਕਾਲਜ

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਉਪਿੰਦਰ ਕੁਮਾਰ ]

ਹੈ ਜਿਸ ਦੀ ਪ੍ਰਸਿੱਧੀ ਬਾਰੇ ਸੀ.ਐਮ ਸਾਹਿਬ, ਡਾਕਟਰ ਸਾਹਿਬ ਅਤੇ ਕਈ ਮਾਨਯੋਗ ਮੈਂਬਰ ਸਾਹਿਬਾਨ ਜਾਣਦੇ ਹਨ ਔਰ ਪਿਛਲੇ ਸੈਸ਼ਨ ਵਿਚ ਮੈਂ ਦੋਹਾਂ ਦੀ ਮੰਗ ਕੀਤੀ ਸੀ ਮਤਲਬ ਕਿ ਪੁੱਲ ਦਾ ਬਣਾਉਣਾ ਅਤੇ ਕਾਲਿਜ ਨੂੰ ਟੇਕ-ਓਵਰ ਕਰਨਾ। ਉਨ੍ਹਾਂ ਨੇ ਇਸ ਬਜਟ ਵਿਚ ਦੋਹਾਂ ਨੂੰ ਲਿਆ ਕੇ ਲੋਕਾਂ ਦੇ ਦੁੱਖ-ਦਰਦ ਨੂੰ ਦੂਰ ਕੀਤਾ ਹੈ। ਮੈਂ ਇਸ ਕਰਕੇ ਇਨ੍ਹਾਂ ਦਾ ਧੰਨਵਾਦੀ ਹਾਂ। ਨਾਲ ਹੀ ਮੈਂ ਆਪਣੇ ਇਲਾਕੇ ਦੀ ਗੱਲ ਕਰਨੀ ਚਾਹੁੰਦਾ ਹਾਂ ਕਿ ਕੋਟਕਪੂਰਾ, ਜੈਤੋਂ, ਫਰੀਦਕੋਟ, ਮਲੋਟ, ਮੁਕਤਸਰ, ਮੋਗਾ ਵਿਚ ਕਾਟਨ ਦੀਆਂ ਬਹੁਤ ਸਾਰੀਆਂ ਮੰਡੀਆਂ ਹਨ ਅਤੇ ਇੱਥੇ ਬੜੀ ਕਾਟਨ ਪ੍ਰੋਡਿਊਸ ਹੁੰਦੀ ਹੈ ਪਰ ਸਾਡਾ ਜਿਹੜਾ ਖਿੱਤਾ ਹੈ, ਉਹ ਇੰਡਸਟਰੀ ਪੁਆਇਟ ਆਫ ਵਿਊ ਤੋਂ ਕਾਫੀ ਪਛੜਿਆ ਪਿਆ ਹੈ। ਇਸ ਲਈ ਉਥੇ ਇੰਡਸਟਰੀ ਲਗਾਈ ਜਾਵੇ। ਕਾਟਨ ਦੀ ਇੰਡਸਟਰੀ ਲਗਾਈ ਜਾਵੇ, ਕੱਪੜੇ ਦੀ ਮਿੱਲ ਲਗਾਈ ਜਾਵੇ। ਇਹ ਇੱਕ ਬਹੁਤ ਵੱਡਾ ਕਦਮ ਹੋਵੇਗਾ। ਹੈਵੀ ਇੰਡਸਟਰੀ ਬਾਰੇ ਰੈਜ਼ੋਲਿਊਸ਼ਨ ਵੀ ਪਾਸ ਹੋਇਆ ਹੈ ਔਰ ਮੈਂ ਪੰਜਾਬ ਸਰਕਾਰ ਤੋਂ ਮੰਗ ਕਰਾਂਗਾ ਕਿ ਜਦੋਂ ਪੰਜਾਬ ਵਿਚ ਹੈਵੀ ਇੰਡਸਟਰੀ ਲਗਾਈ ਜਾਂਦੀ ਹੈ ਤਾਂ ਕੋਟਕਪੂਰਾ ਹਲਕੇ ਨੂੰ ਤਵੱਜੋ ਦਿੱਤੀ ਜਾਵੇ ਕਿਉਂਕਿ ਇਸ ਖੇਤਰ ਵਿਚ ਕਾਫੀ ਕਾਟਨ ਦੀਆਂ ਮੰਡੀਆਂ ਲੱਗਦੀਆਂ ਹਨ। ਸੰਧਵਾਂ ਵਿਚ ਦੋ ਨਵੀਆਂ ਮਿੱਲਾਂ ਲਗਾਈਆਂ ਗਈਆਂ ਹਨ ਤਾਂਕਿ ਰਾਹਤ ਪਹੁੰਚਾਈ ਜਾ ਸਕੇ। ਇਸ ਤਰ੍ਹਾਂ ਫਰੀਦਕੋਟ ਵਿਚ ਹੁਣ ਦੋ ਨਵੀਆਂ ਕਾਟਨ ਫੈਕਟਰੀਆਂ ਲਗਾਈਆਂ ਗਈਆਂ ਹਨ। ਇਹ ਵੀ ਸਹਾਈ ਹੋਣਗੀਆਂ। ਇਸ ਤਰ੍ਹਾਂ ਕੱਪੜਾ ਮਿੱਲ ਨੂੰ ਕਾਮਯਾਬ ਕਰਨ ਲਈ ਸ਼੍ਰੀ ਰਾਮ ਫੈਕਟਰੀ ਵਲੋਂ ਇੱਕ ਨਵਾਂ ਪ੍ਰਾਜੈਕਟ ਲਗਾਇਆ ਜਾ ਰਿਹਾ ਹੈ। ਸਰਦਾਰ ਬੇਅੰਤ ਸਿੰਘ ਜੀ ਹੋਰਾਂ ਦਾ ਵੀ ਧੰਨਵਾਦੀ ਹਾਂ ਕਿ . . . . .

**Mr. Speaker** ; Try to wind up please.

**ਸ਼੍ਰੀ ਉਪਿੰਦਰ ਕੁਮਾਰ** : ਫਰੀਦਕੋਟ ਦੇ ਫੋਕਲ ਪੁਆਇੰਟ ਦੀ ਪਰਪੋਜ਼ਲ ਇੰਡਸਟਰੀਅਲ ਡੀਪਾਰ-ਟਮੈਂਟ ਪਾਸ ਹੈ ਉਸ ਵੱਲ ਵੀ ਤਵੱਜੋ ਦੇ ਕੇ ਫਰੀਦਕੋਟ ਨੂੰ ਵੀ ਫੋਕਲ ਪੁਆਇੰਟ ਬਣਾਇਆ ਜਾਵੇ, ਇਹ ਪੰਜਾਬ ਸਰਕਾਰ ਨੇ ਬੜਾ ਸ਼ਲਾਘਾਯੋਗ ਕਦਮ ਚੁੱਕਿਆ ਹੈ।

ਸਪੀਕਰ ਸਾਹਿਬ, ਸਿਵਲ ਏਵੀਏਸ਼ਨ ਅਥਾਰਿਟੀ ਪਟਿਆਲਾ ਵਿਖੇ ਬਣਾਈ ਹੈ। ਬੜੀ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਟੂਰਿਜ਼ਮ ਔਰ ਇਸ ਪਾਸੇ ਆਪਣੀ ਤਵੱਜੋ ਦੇ ਰਹੀ ਹੈ। ਜਿਸ ਤਰ੍ਹਾਂ ਅਟਵਾਲ ਸਾਹਿਬ ਨੇ ਕਿਹਾ ਕਿ ਜਲੰਧਰ ਔਰ ਲਧਿਆਣਾ ਦੇ ਦਰਮਿਆਨ ਇਕ ਐ-ਰੋਡਰਾਮ ਬਣਾਇਆ ਜਾਵੇ, ਮੈਂ ਰਿਕੁਐਸਟ ਕਰਨਾ ਚਾਹੁੰਦਾ ਹਾਂ ਕਿ ਫਰੀਦਕੋਟ ਵਿੱਚ ਐਰੋਡਰਾਮ ਬਣਾਇਆ ਹੈ, ਏਅਰ ਸਟਰਿਪ ਵੀ ਹੈ ਪਰ ਉਹ ਬੜੀ ਨੈਗਲੈਕਟਿਡ ਪੋਜੀਸ਼ਨ ਵਿੱਚ ਹੈ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਥੇ ਇਕ ਸਿਵਲ ਏਵੀਏਸ਼ਨ ਕਲੱਬ ਬਣਾਇਆ ਜਾਵੇ ਔਰ ਦਿੱਲੀ ਤੋਂ ਫਰੀਦਕੋਟ ਫਲਾਈਟ ਚਾਲੂ ਕੀਤੀ ਜਾਵੇ ਤਾਂ ਕਿ ਟਰੇਡ, ਬਿਜ਼ਨਸ ਵੱਧ ਸਕੇ।

**Mr. Speaker** : Wind up please.

**ਸ਼੍ਰੀ ਉਪਿੰਦਰ ਕੁਮਾਰ** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹੈ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਹੁਣ ਮੈਂ ਅਗਲੇ ਮੈਂਬਰ ਸਾਹਿਬ ਨੂੰ ਬੋਲਣ ਲਈ ਰਾਹ ਦਿੰਦਾ ਹਾਂ।

**ਸ਼੍ਰੀ ਸਪੀਕਰ** : ਸ਼੍ਰੀ ਰਘੂਨਾਥ ਸਹਾਏ ਪੁਰੀ। ਤੁਸੀਂ 10 ਮਿੰਟ ਲੈਣੇ ਹਨ।

**ਸ਼੍ਰੀ ਰਘੂਨਾਥ ਸਹਾਏ ਪੁਰੀ (ਸੁਜਾਨਪੁਰ)** : ਮਾਨਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ ਇਸ ਦੇ ਲਈ ਮੈਂ ਤੁਹਾਡਾ ਬੜਾ ਧੰਨਵਾਦੀ ਹਾਂ। ਡਾਕਟਰ ਸਾਹਿਬ ਨੇ ਜਿਹੜਾ ਟੈਕਸ

Original with;
Punjab Vidhan Sabha
Digitized by;
Panjab Digital Library

ਫਰੀ ਬਜਟ ਪੇਸ਼ ਕੀਤਾ ਹੈ। ਇਸ ਬਜਟ ਵਿੱਚੋਂ ਇਕ ਲਾਈਟ ਨਜ਼ਰ ਆਉਂਦੀ ਹੈ। ਮੈਂ ਸਮਝਦਾ ਹਾਂ ਕਿ ਡਾਕਟਰ ਸਾਹਿਬ ਨੇ ਬੜਾ ਸੋਚ ਸਮਝ ਕੇ ਇਹ ਬਜਟ ਪੇਸ਼ ਕੀਤਾ ਹੈ, ਮੈਂ ਇਸ ਦੇ ਨਾਲ ਆਪਣੀ ਸਹਿਮਤੀ ਪ੍ਰਗਟ ਕਰਦਾ ਹਾਂ। ਅੱਜ ਤੋਂ ਇਕ ਸਾਲ ਪਹਿਲਾਂ, ਸਪੀਕਰ ਸਾਹਿਬ, ਪੰਜਾਬ ਵਿੱਚ ਲੋਕ ਬਹੁਤ ਸਹਿਮੇ ਹੋਏ ਸਨ, ਦੁੱਖ ਦੇ ਮਾਹੌਲ ਵਿੱਚ ਸਨ ਔਰ ਲੋਕਾਂ ਦੇ ਮਨਾਂ ਵਿੱਚ ਬੜੀ ਬੇਚੈਨੀ ਸੀ ਔਰ ਲੋਕਾ ਨੇ ਸੋਚਿਆ ਹੀ ਨਹੀਂ ਸੀ ਕਿ ਪੰਜਾਬ ਵਿੱਚ ਅਮਨ ਬਹਾਲ ਹੋ ਸਕੇਗਾ। ਸਾਡਾ ਮੁਲਕ ਧਰਮ ਤੇ ਵਿਸ਼ਵਾਸ ਰਖਦਾ ਹੈ ਔਰ ਦੇਖਿਆ ਗਿਆ ਹੈ ਕਿ ਜਿਸ ਵੇਲੇ ਵੀ ਜ਼ਿਆਦਾ ਪਾਪ ਹੋਏ ਹਨ ਖ਼ੁਦ ਭਗਵਾਨ ਆ ਕੇ ਲੋਕਾਂ ਦੇ ਦੁੱਖ ਨਿਵਾਰਨ ਕਰਦੇ ਰਹੇ ਹਨ। ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਲੋਕਾਂ ਨੂੰ ਪੰਜਾਬ ਵਿੱਚ ਅਤਿਵਾਦ ਤੋਂ ਖਹਿੜਾ ਛੁੜਵਾਇਆ ਔਰ ਜੋ ਪੰਜਾਬ ਦੇ ਵਿੱਚ ਅਤਿਵਾਦ ਜ਼ੋਰ ਪਕੜ ਚੁੱਕਿਆ ਸੀ ਔਰ ਪੰਜਾਬ ਦੇ ਵਿੱਚ ਅਤਿਵਾਦ ਦੀ ਰਿਟ ਚਲਦੀ ਸੀ, ਉਸ ਨੂੰ ਪੰਜਾਬ ਵਿੱਚ ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਕੰਟਰੋਲ ਕਰਕੇ ਪੰਜਾਬ ਦੇ ਲੋਕਾਂ ਨੂੰ ਮੁੜ ਕੇ ਖੁਸ਼ੀ ਦਿੱਤੀ ਜਿਸ ਦੇ ਲਈ ਮੈਂ ਸਮਝਦਾ ਹਾਂ ਕਿ ਸਾਡੇ ਚੀਫ. ਮੁਨਿਸਟਰ ਸਾਹਿਬ ਦੇ ਪੰਜਾਬ ਦੇ ਲੋਕ ਹੀ ਨਹੀਂ ਸਾਰੇ ਹਿੰਦੁਸਤਾਨ ਦੇ ਲੋਕ ਮਸ਼ਕੂਰ ਹਨ।

ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਆਪਣੇ ਬਜਟ ਵਿੱਚ ਇੰਡਸਟਰੀ ਦੀ ਜੋ ਗੱਲ ਕੀਤੀ ਹੈ ਉਸ ਦੇ ਨਾਲ ਪੰਜਾਬ ਦੇ ਵਿੱਚ ਇੰਡਸਟਰੀ ਦੀ ਬਹੁਤ ਉਨਤੀ ਹੋਵੇਗੀ ਔਰ ਸਾਡੇ ਜਿਹੜੇ ਨੌਜਵਾਨ ਹਨ, ਉਨ੍ਹਾਂ ਨੂੰ ਰੋਜ਼ਗਾਰ ਵੀ ਮਿਲੇਗਾ। ਜੋ ਪੰਜਾਬੀ ਬਾਹਰਲੇ ਮੁਲਕਾਂ ਵਿੱਚ ਰਹਿੰਦੇ ਹਨ ਉਹ ਹੁਣ ਪੰਜਾਬ ਵਿੱਚ ਇੰਡਸਟਰੀ ਲਾਉਣ ਦੀ ਸੋਚ ਰਹੇ ਹਨ ਕਿਉਂਕਿ ਹੁਣ ਉਹ ਸਮਝਦੇ ਹਨ ਕਿ ਪੰਜਾਬ ਵਿੱਚ ਹਾਲਾਤ ਸੁਖਾਵੇਂ ਹਨ। ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਆਫਰ ਦਿੱਤੀ ਹੈ ਕਿ ਤੁਸੀਂ ਇਥੇ ਆ ਕੇ ਇੰਡਸਟਰੀ ਵੱਧ ਤੋਂ ਵੱਧ ਲਾਓ। ਪੰਜਾਬ ਦੇ ਲੋਕਾਂ ਨੇ ਵਿਰੋਧੀ ਤੱਤਾਂ ਦਾ ਡੱਟ ਕੇ ਮੁਕਾਬਲਾ ਕੀਤਾ ਪੰਜਾਬ ਦੇ ਵਿੱਚ ਪੰਜਾਬ ਸਰਕਾਰ ਨੇ 95 ਮਿਉਂਸਪਲ ਕਮੇਟੀਆ ਦੇ ਇਲੈਕਸ਼ਨ ਕਰਵਾਏ ਔਰ ਇਥੇ 11596 ਪੰਚਾਇਤਾਂ ਦੇ ਇਲੈਕਸ਼ਨ ਹੋਏ ਜਿਨ੍ਹਾਂ ਵਿਚ 82 ਪ੍ਰਤੀਸ਼ਤ ਲੋਕਾਂ ਨੇ ਵੋਟਾਂ ਪਾਈਆਂ ਅਤੇ ਡਰ ਦਾ ਮਾਹੌਲ ਖਤਮ ਹੋਇਆ। ਪੰਜਾਬ ਵਿੱਚ ਕੰਡੀ ਨਹਿਰ ਦਾ ਨਿਰਮਾਣ ਕੀਤਾ ਗਿਆ। 52 ਕਰੋੜ 35 ਲੱਖ ਰੁਪਿਆ 1993 ਦੇ ਬਜਟ ਵਿੱਚ ਰਖਿਆ ਹੈ ਔਰ ਇਸ ਦੇ ਨਾਲ 8760 ਹੈਕਟੇਅਰ ਜ਼ਮੀਨ ਨੂੰ ਹੁਸ਼ਿਆਰਪੁਰ ਵਿੱਚ ਪਾਣੀ ਮਿਲੇਗਾ ਜਿਸ ਦੇ ਨਾਲ ਪੰਜਾਬ ਹੋਰ ਤਰੱਕੀ ਕਰੇਗਾ।

ਸਪੀਕਰ ਸਾਹਿਬ, ਗਲੀਆਂ ਨਾਲੀਆਂ ਦੀ ਗੱਲ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਗਲੀਆਂ ਨਾਲੀਆਂ ਪੱਕੀਆਂ ਕਰਨ ਦਾ ਪਰੋਗਰਾਮ ਬਣਾਇਆ ਹੈ। ਪੰਜਾਬ ਜਿਹੜਾ ਪਹਿਲਾਂ ਜਲ ਰਿਹਾ ਸੀ, ਹੁਣ ਉਹ ਤਰੱਕੀ ਦੇ ਰਾਹ ਤੇ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਸਾਰੇ ਪਿੰਡਾਂ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨੀਆਂ ਹਨ। ਮੈਂ ਸਮਝਦਾ ਹਾਂ ਕਿ ਸਾਡੇ ਚੀਫ ਮਨਿਸਟਰ ਸਾਹਿਬ ਨੇ ਜੋ ਐਲਾਨ ਕੀਤਾ ਹੈ ਕਿ ਪੰਜਾਬ ਵਿੱਚ ਬੜੀ ਜਲਦੀ ਸਾਰੀਆਂ ਸੜਕਾਂ ਪੱਕੀਆਂ ਹੋਣਗੀਆਂ ਔਰ ਸਾਰੇ ਪਿੰਡ ਉਨਤ ਗਰਾਮ ਵਿੱਚ ਤਬਦੀਲ ਕੀਤੇ ਜਾਣਗੇ, ਇਹ ਬੜਾ ਸ਼ਲਾਘਾਯੋਗ ਹੈ। ਮਾਰਚ, 1993 ਤਕ ਵੱਡੇ ਪਰੋਜੈਕਟ ਚਾਲੂ ਹੋਣਗੇ ਜਿਸ ਦੇ ਨਾਲ 4 ਹਜ਼ਾਰ ਲੋਕਾਂ ਨੂੰ ਸਿੱਧੇ ਤੌਰ ਤੇ ਕੰਮ ਮਿਲੇਗਾ ਅਤੇ 8 ਹਜ਼ਾਰ ਲੋਕਾਂ ਨੂੰ ਇਨਡਾਇਰੈਕਟ ਤਰੀਕੇ ਨਾਲ ਕੰਮ ਮਿਲੇਗਾ।

ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਇਸ ਬਜਟ ਵਿਚ ਪੰਜਾਬ ਦੇ ਜਿਹੜੇ ਬਾਰਡਰ ਦੇ ਡਿਸਟ੍ਰਿਕਟਸ ਹਨ ਉਥੇ ਜਿਹੜੇ ਲੋਕ ਇੰਡਸਟਰੀ ਲਗਾਉਣਗੇ ਉਨ੍ਹਾਂ ਨੂੰ 30 ਪ੍ਰਤੀਸ਼ਤ ਔਰ 25 ਪ੍ਰਤੀ-

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਘੂਨਾਥ ਸਹਾਏ ਪੁਰੀ]

ਸ਼ਤ ਇਨਸੈਂਟਿਵ ਦਿਤਾ ਜਾਏਗਾ। ਇਸ ਨਾਲ ਪੰਜਾਬ ਬਹੁਤ ਜ਼ਿਆਦਾ ਤਰੱਕੀ ਕਰੇਗਾ। ਦੂਸਰੇ ਇਸ ਖੇਤਰ ਵਿਚ 7 ਸਾਲਾਂ ਲਈ ਸੇਲਜ਼ ਟੈਕਸ ਵਿਚ ਛੋਟ ਦਿੱਤੀ ਗਈ ਹੈ ਅਤੇ ਬਾਰਡਰ ਏਰੀਆ ਵਿਚ 10 ਸਾਲ ਦੀ ਛੋਟ ਦਿਤੀ ਗਈ ਹੈ, ਇਹ ਬੜੀ ਅੱਛੀ ਗੱਲ ਹੈ।

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 30 ਹਜ਼ਾਰ ਲੋਕਾਂ ਨੂੰ ਸੈਲਫ ਇਮਪ-ਲਾਇਮੈਂਟ ਦਿਤੀ ਗਈ ਹੈ। ਲੋਕਾਂ ਨੂੰ 40 ਕਰੋੜ ਰੁਪਏ ਦੇ ਕਰਜ਼ੇ ਦਿਤੇ ਗਏ ਹਨ। 14 ਕਰੋੜ ਰੁਪਏ ਸਬਸਿਡੀ ਦਿਤੀ ਗਈ ਹੈ। ਇਹ ਵੀ ਸ਼ਲਾਘਾ ਯੋਗ ਗੱਲ ਹੈ। ਕੋਆਪਰੇਟਿਵ ਬੈਂਕਾਂ ਨੇ 543.30 ਕਰੋੜ ਰੁਪਏ ਦੇ ਰਿਕਾਰਡ ਕਰਜ਼ੇ ਦਿਤੇ ਹਨ। ਇਸ ਨਾਲ 11,09,470 ਲੋਕਾਂ ਨੂੰ ਫਾਇਦਾ ਹੋਇਆ ਹੈ।

ਪੰਜਾਬ ਵਿੱਚ ਅਮਨ ਕਾਨੂੰਨ ਦੀ ਵਿਵਸਥਾ ਦੇ ਸਥਾਪਨ ਲਈ ਲੋਕਾ ਨੂੰ ਰੋਜ਼ਗਾਰ ਦਿਤਾ ਹੈ ਔਰ ਇਹ ਜ਼ਰੂਰੀ ਸੀ। ਇਸ ਵਿਚ 4500 ਪੁਲੀਸ ਕਰਮਚਾਰੀ ਅਤੇ 35 ਹਜ਼ਾਰ ਐਸ.ਪੀ.ਓ ਅਤੇ ਹੋਮਗਾਰਡ ਦੇ ਲੋਕ ਭਰਤੀ ਕੀਤੇ ਗਏ ਹਨ। ਇਸ ਦੇ ਨਾਲ ਹੀ ਅੱਤਵਾਦ ਨਾਲ ਦੁੱਖੀ ਪਰਿਵਾਰਾਂ ਤੇ 100 ਕਰੋੜ ਰੁਪਏ ਖਰਚ ਕੀਤੇ ਗਏ ਹਨ। ਦੋ ਨਵੇਂ ਜ਼ਿਲ੍ਹੇ ਬਣਾਏ ਗਏ ਫਤਿਹਗੜ੍ਹ ਸਾਹਿਬ ਅਤੇ ਮਾਨਸਾ। ਇਹ ਵੀ ਬੜੀ ਸ਼ਲਾਘਾਯੋਗ ਗੱਲ ਹੈ। ਸਪੀਕਰ ਸਾਹਿਬ, ਸੁਰਖਿਆ ਬਲਾਂ ਨੇ 6759 ਮੁਕਾਬਲੇ ਕਰਨ ਦਾ ਸਾਹਸ ਵਿਖਾਇਆ ਹੈ ਅਤੇ 32.50 ਲੱਖ ਰੁਪਏ ਇਨਾਮ ਦੇ ਤੌਰ ਤੇ ਦਿਤੇ ਗਏ।

ਇਸ ਗੱਲ ਦੀ ਵੀ ਬੜੀ ਖੁਸ਼ੀ ਹੈ ਕਿ ਪੈਨਸ਼ਨ 100/- ਰੁਪਏ ਤੋਂ 150/- ਰੁਪਏ ਕੀਤੀ ਹੈ। ਮੈਂ ਡਾਕਟਰ ਸਾਹਿਬ ਨੂੰ ਇਕ ਬੇਨਤੀ ਕਰਾਂਗਾ ਕਿ ਜਿਹੜੀ ਬਚਿਆਂ ਨੂੰ 50/- ਰੁਪਏ ਪੈਨਸ਼ਨ ਦਿਤੀ ਜਾਂਦੀ ਹੈ ਉਹ ਵੀ 150/- ਰੁਪਏ ਕੀਤੀ ਜਾਵੇ। ਇਸ ਤੋਂ ਇਲਾਵਾ ਜਿਹੜੇ ਗਰੀਬ ਲੋਕ ਹਨ ਜਾਂ ਵਿਧਵਾਵਾਂ ਹਨ ਉਨ੍ਹਾਂ ਦੀ ਪੈਨਸ਼ਨ 150/- ਰੁਪਏ ਤੋਂ 200/- ਰੁਪਏ ਜ਼ਰੂਰ ਕੀਤੀ ਜਾਏ ਤਾਂ ਕਿ ਉਨ੍ਹਾਂ ਗਰੀਬ ਲੋਕਾਂ ਨੂੰ ਵੀ ਰਾਹਤ ਮਿਲ ਸਕੇ ਅਤੇ ਉਹ ਲੋਕ ਮਹਿਸੂਸ ਕਰ ਸਕਣ ਕਿ ਉਹ ਵੀ ਚੰਗੇ ਤੌਰ ਤੇ ਜੀਵਨ ਬਿਤਾ ਰਹੇ ਹਨ।

ਫਰਵਰੀ, 1992 ਵਿਚ ਜਦੋਂ ਸਾਡੀ ਸਰਕਾਰ ਬਣੀ ਤਾਂ ਉਸ ਵੇਲੇ ਪੰਜਾਬ ਵਿਚ ਫਾਈਨੈਂਸ਼ਲ ਕਰਾਈਸਿਜ਼ ਸੀ। ਸਾਡੇ ਵਿੱਤ ਮੰਤਰੀ ਡਾਕਟਰ ਸਾਹਿਬ ਨੇ ਬੜੀ ਸੂਝ-ਬੂਝ ਨਾਲ ਪੰਜਾਬ ਨੂੰ ਇਸ ਕਰਾਈਸਿਜ਼ ਵਿਚੋਂ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਉਸ ਵਕਤ ਪੰਜਾਬ ਵਿਚ ਇਤਨਾ ਕਰਾਈਸਿਜ਼ ਸੀ ਕਿ ਤਨਖਾਹਾਂ ਦੇਣ ਨੂੰ ਵੀ ਪੈਸੇ ਨਹੀਂ ਸਨ। ਇਸ ਵਲ ਖਾਸ ਧਿਆਨ ਦਿਤਾ ਹੈ ਪਰ ਮੈਂ ਡਾਕਟਰ ਸਾਹਿਬ ਨੂੰ ਵਧਾਈ ਦਿੰਦਾਂ ਹਾਂ ਕਿ ਉਨ੍ਹਾਂ ਨੇ ਆਬਕਾਰੀ ਤੇ ਵਿਕਰੀ ਕਰ ਦੀ ਆਮਦਨ ਵਿਚ 22 ਪ੍ਰਤੀਸ਼ਤ ਵੱਧ ਵਾਧਾ ਕੀਤਾ। ਇਹ ਸਰਾਹਨਾਯੋਗ ਗੱਲ ਹੈ।

ਸਪੀਕਰ ਸਾਹਿਬ, ਰਣਜੀਤ ਸਾਗਰ ਡੈਮ ਦਾ 1561.00 ਕਰੋੜ ਰੁਪਏ ਦਾ ਐਸਟੀਮੇਟ ਹੈ ਅਤੇ 889.35 ਕਰੋੜ ਰੁਪਏ ਉਸ ਤੇ 31 ਜਨਵਰੀ, 1993 ਤੱਕ ਖਰਚ ਹੋ ਚੁਕੇ ਹਨ। 1992-93 ਦੌਰਾਨ ਇਸ ਲਈ 156.50 ਕਰੋੜ ਰੁਪਏ ਦੀ ਬਜਾਏ ਇਸ ਬਜਟ ਵਿਚ 1993-94 ਦੌਰਾਨ 220 ਕਰੋੜ ਰੁਪਏ ਮੁਹੱਈਆ ਕੀਤੇ ਹਨ। ਇਹ ਬੜੀ ਸ਼ਲਾਘਾਯੋਗ ਗੱਲ ਹੈ।

ਸ਼ਾਹਪੁਰ ਕੰਡੀ ਪਰੋਜੈਕਟ ਦਾ ਅਨੁਮਾਨਤ ਖਰਚ 756 ਕਰੋੜ ਰੁਪਏ ਦਾ ਹੈ ਪਰ ਉਸ ਦੇ ਲਈ ਇਸ ਬਜਟ ਵਿਚ 15 ਕਰੋੜ ਰੁਪਏ ਹੀ ਰਖੇ ਗਏ ਹਨ। ਮੈਂ ਇਸ ਸਬੰਧ ਵਿਚ ਸੁਝਾਅ ਦਿਆਂਗਾ ਕਿ ਉਸ ਵਿਚੋਂ ਇਕ ਨਹਿਰ ਕੱਢੀ ਜਾਣੀ ਚਾਹੀਦੀ ਹੈ ਜਿਸ ਨਾਲ ਕੰਡੀ ਏਰੀਆ ਦੇ ਲੋਕਾਂ ਨੂੰ ਪਾਣੀ ਮਿਲ ਸਕੇ ਕਿਉਂਕਿ ਬਗੈਰ ਪਾਣੀ ਦੇ ਕੰਢੀ ਏਰੀਆ ਵਿਚ ਫਸਲਾਂ ਨਹੀਂ ਹੁੰਦੀਆਂ। ਨਹਿਰ ਨਾਲ ਉਨ੍ਹਾਂ ਨੂੰ ਕਾਫੀ ਸਹਾਇਤਾ ਮਿਲੇਗੀ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਵਾਈਡਅੱਪ ਕਰੋ ਜੀ ।

**ਸ੍ਰੀ ਰਘੂਨਾਥ ਸਹਾਏ ਪੁਰੀ :** ਬਸ ਜੀ, ਮੈਂ ਹੁਣ ਇਕ ਦੋ ਗੱਲਾਂ ਆਪਣੇ ਇਲਾਕੇ ਦੀਆਂ ਕਰਨੀਆਂ ਚਾਹਾਂਗਾ। ਸਪੀਕਰ ਸਾਹਿਬ, ਸੀ.ਐਮ ਸਾਹਿਬ ਨੇ ਸੁਜਾਨ ਪੁਰ ਵਿਚ ਇਹ ਅਨਾਊਂਸ ਕੀਤਾ ਸੀ ਕਿ ਚੂੰਕਿ ਇਹ ਬੈਕਵਰਡ ਏਰੀਆ ਹੈ ਇਸ ਵਿਚ ਪਾਲੀਟੈਕਨਿਕ ਕਾਲਜ ਖੋਲ੍ਹ ਦਿਤਾ ਜਾਏਗਾ, ਉਹ ਵੀ ਜਲਦੀ ਖੋਲ੍ਹਣਾ ਚਾਹੀਦਾ ਹੈ। ਇਸ ਦੇ ਨਾਲ ਹੀ ਇੰਡਸਟਰੀਅਲ ਕੰਪਲੈਕਸ ਬਾਰੇ ਵੀ ਵਿਸ਼ਵਾਸ ਦਿਲਾ-ਇਆ ਸੀ ਕਿ ਜਲਦੀ ਸ਼ੁਰੂ ਕਰ ਦਿਤਾ ਜਾਏਗਾ। ਮੇਰੀ ਬੇਨਤੀ ਹੈ ਕਿ ਇਹ ਇੰਡਸਟਰੀਅਲ ਕੰਪਲੈਕਸ ਜਲਦੀ ਸ਼ੁਰੂ ਕੀਤਾ ਜਾਏ, ਇਸ ਨਾਲ ਮੇਰੇ ਏਰੀਏ ਦੇ ਲੋਕਾਂ ਨੂੰ ਰੋਜ਼ਗਾਰ ਮਿਲੇਗਾ। ਪਠਾਨਕੋਟ ਦੇ ਬੇਰੋਜ਼ਗਾਰ ਲੋਕਾਂ ਨੂੰ ਕੰਮ ਮਿਲੇਗਾ।

ਸਪੀਕਰ ਸਾਹਿਬ, ਵਾਟਰ ਸਪਲਾਈ ਧਾਰ ਬਲਾਕ ਦੇ ਵਿਚ ਕੱਟ ਹੈ, ਉਧਰ ਪੀਣ ਦੇ ਪਾਣੀ ਦੀ ਸਮੱਸਿਆ ਹੈ। ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਫੰਡਜ਼ ਦਿਤੇ ਜਾਣ ਤਾਂ ਕਿ ਲੋਕਾਂ ਨੂੰ ਪੀਣ ਦਾ ਪਾਣੀ ਮਿਲ ਸਕੇ।

ਸੁਜਾਨਪੁਰ ਵਿਚ ਸੀ.ਐਮ. ਸਾਹਿਬ ਨੇ 25 ਬੈਡਜ਼ ਦੇ ਹਸਪਤਾਲ ਦਾ ਐਲਾਨ ਕੀਤਾ ਸੀ । ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਸ ਦੇ ਲਈ ਫੰਡਜ਼ ਪਰੋਵਾਈਡ ਕੀਤੇ ਜਾਣ ਤਾਂਕਿ ਉਥੇ ਹਸਪਤਾਲ ਬਣ ਸਕੇ ।

ਜਿਹੜਾ ਸਬ-ਡਵੀਜ਼ਨ ਪਠਾਨਕੋਟ ਹੈ, ਇਹ ਬੈਕਵਰਡ ਹੈ। ਸਪੀਕਰ ਸਾਹਿਬ, ਲੋਕ ਮੰਗ ਕਰਦੇ ਆ ਰਹੇ ਹਨ ਕਿ ਇਸ ਨੂੰ ਜ਼ਿਲ੍ਹਾ ਬਣਾਇਆ ਜਾਵੇ ਕਿਉਂਕਿ ਨਰੋਟ ਜੈਮਲ ਸਿੰਘ ਅਤੇ ਧਾਰ ਬਲਾਕ ਦੇ ਸਾਰੇ ਲੋਕਾਂ ਨੂੰ ਗੁਰਦਾਸਪੁਰ ਪਹੁੰਚਣ ਵਾਸਤੇ ਬੜਾ ਸਫਰ ਤੈਅ ਕਰਨਾ ਪੈਂਦਾ ਹੈ। ਕੋਈ 70-80 ਕਿਲੋਮੀਟਰ ਦਾ ਪੈਂਡਾ ਤੈਅ ਕਰਨਾ ਪੈਂਦਾ ਹੈ। ਇਸ ਲਈ ਉਥੇ ਪਠਾਨਕੋਟ ਨੂੰ ਜ਼ਿਲ੍ਹਾ ਬਣਾਇਆ ਜਾਵੇ।

ਫਿਰ ਸਪੀਕਰ ਸਾਹਿਬ, ਧਾਰ ਬਲਾਕ ਵਿਚ ਪਾਣੀ ਦੀ ਕਮੀ ਹੋਣ ਕਰਕੇ ਖੇਤੀ-ਬਾੜੀ ਦੀ ਫਸਲ ਘੱਟ ਹੁੰਦੀ ਹੈ। ਉਥੇ ਸਰਕਾਰ ਨੇ ਡੀਪ ਟਿਊਬਵੈੱਲ ਲਗਾਉਣ ਦੀ ਸਕੀਮ ਬਣਾਈ ਹੈ। ਮੈਂ ਇਹ ਕਹਾਂਗਾ ਕਿ ਉਸ ਸਕੀਮ ਵਾਸਤੇ ਹੋਰ ਫੰਡ ਦਿੱਤੇ ਜਾਣ ਤਾਂ ਕਿ ਡੀਪ ਟਿਊਬਵੈੱਲ ਲਗ ਸਕਣ।

**ਸ੍ਰੀ ਸਪੀਕਰ :** ਪੁਰੀ ਜੀ, ਵਾਈਂਡ ਅੱਪ ਕਰੋ।

**ਸ੍ਰੀ ਰਘੂਨਾਥ ਸਹਾਏ ਪੁਰੀ :** ਸਪੀਕਰ ਸਾਹਿਬ, ਫਿਰ ਲਿੰਕ ਰੋਡਜ਼ ਦੀ ਗੱਲ ਹੈ। ਕਈ ਅਜੇ ਫਸਟ ਲਿੰਕ ਰੋਡਜ਼ ਰਹਿੰਦੀਆਂ ਹਨ। ਇਸ ਲਈ ਜਿਹੜੇ ਲਿੰਕਸ ਰਹਿੰਦੇ ਹਨ ਉਨ੍ਹਾਂ ਵਾਸਤੇ ਵੀ ਜ਼ਿਆਦਾ ਤੋਂ ਜ਼ਿਆਦਾ ਫੰਡ ਪਰੋਵਾਈਡ ਕੀਤੇ ਜਾਣ ਤਾਂਕਿ ਜੋ ਸੜਕਾਂ ਰਹਿ ਗਈਆਂ ਹਨ ਉਹ ਵੀ ਬਣ ਸਕਣ। ਮੈਂ ਤੁਹਾਡਾ ਸਭ ਦਾ ਬਹੁਤ ਧੰਨਵਾਦੀ ਹਾਂ। ਚੀਫ ਮਨਿਸਟਰ ਸਾਹਿਬ ਦਾ ਔਰ ਵਿੱਤ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਹੜਾ ਕਿ ਇਨ੍ਹਾਂ ਨੇ ਪੰਜਾਬ ਦੇ ਵਾਸਤੇ ਬਹੁਤ ਚੰਗਾ ਬਜਟ ਪੇਸ਼ ਕੀਤਾ ਹੈ।

**ਸ੍ਰੀ ਸਪੀਕਰ :** ਮਿਸਿਜ਼ ਮਾਲਤੀ ਥਾਪਰ, ਦਸ ਮਿੰਟ ਨੇ । ਸਿਰਫ ਦੱਸ ਮਿੰਟ ਵਿੱਚ ਆਪਣੀ ਗੱਲ ਕਹਿ ਲਓ।

Original with;
Punjab Vidhan Sabha
Digitized by;
Panjab Digital Library

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** (ਮੋਗਾ): ਰੇਸਪੈਕਟਿਡ ਸਪੀਕਰ ਸਾਹਿਬ, ਮੈਂ ਤੁਹਾਡੀ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਮੌਕਾ ਦਿੱਤਾ ਹੈ ਕਿ ਮੈਂ ਇਸ ਪਵਿੱਤਰ ਸਦਨ ਦੇ ਵਿੱਚ 1993-94 ਦੇ ਬਜਟ ਉਪਰ, ਜਿਹੜਾ ਕਿ ਇਸ ਸਦਨ ਵਿਚ ਸਾਡੇ ਫਾਇਨਾਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ, ਉਸ ਉਤੇ ਆਪਣੇ ਵਿਚਾਰ ਰੱਖ ਸਕਾਂ। ਸਪੀਕਰ ਸਾਹਿਬ, ਬਹੁਤ ਵਧਾਈ ਦੇ ਪਾਤਰ ਹਨ ਸਾਡੇ ਮੁੱਖ ਮੰਤਰੀ ਪੰਜਾਬ, ਤੇ ਸਾਡੇ ਫਾਇਨਾਂਸ ਮਨਿਸਟਰ ਡਾਕਟਰ ਕੇਵਲ ਕ੍ਰਿਸ਼ਨ ਜੀ, ਕਿਉਂਕਿ ਮੇਰੇ ਵਿਚਾਰ ਦੇ ਨਾਲ ਜਿਹੜਾ ਇਨ੍ਹਾਂ ਦਾ ਬਜਟ ਹੈ, ਉਹ ਇਕ ਬੈਸਟ ਐਕਸਰਸਾਈਜ਼ ਹੈ ਫਿਸਕਲ ਪਲਾਨ ਦਾ, ਉਨ੍ਹਾਂ ਦਾ ਬਜਟ ਇਕ ਬੈਸਟ ਐਕਸਰਸਾਈਜ਼ ਹੈ ਫਿਸਕਲ ਮਨੇਜਮੈਂਟ ਦੇ ਵਿੱਚ। ਇਸ ਤੋਂ ਇਲਾਵਾ ਮੈਂ ਇਹ ਕਹਾਂਗੀ ਕਿ ਕਿਉਂਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਜੋ ਹਾਲਾਤ ਸਨ, ਜਿਸ ਤਰ੍ਹਾਂ ਸਾਡੇ ਪੰਜਾਬ ਦਾ ਆਰਥਿਕ ਢਾਂਚਾ ਸੀ ਔਰ ਜਿਸ ਵਕਤ ਸਾਡੇ ਫਾਇਨਾਂਸ ਮਨਿਸਟਰ ਸਾਹਿਬ ਨੇ ਸਰਦਾਰ ਬੇਅੰਤ ਸਿੰਘ ਜੀ ਦੀ ਅਗਵਾਈ ਹੇਠ, ਵਿੱਤ ਮੰਤਰੀ ਦੇ ਰੂਪ ਵਿਚ ਇਹ ਮਹਿਕਮਾਂ ਸੰਭਾਲਿਆ ਸੀ ਉਹ ਗੱਲ ਕਿਸੇ ਤੋਂ ਵੀ ਭੁੱਲੀ ਨਹੀਂ ਹੈ ਕਿ ਉਸ ਵਕਤ ਸਾਡੇ ਪੰਜਾਬ ਦੀ ਆਰਥਿਕਤਾ ਦੀ ਕੀ ਹਾਲਤ ਸੀ। ਬਹੁਤ ਸਾਰੀਆਂ ਉਨ੍ਹਾਂ ਤੇ ਕਨਸਟਰੇਂਟਸ ਸਨ, ਜਿਸ ਤਰ੍ਹਾਂ ਫਿਸਕਲ ਡਿਫਿਸਿਟ ਸੀ, ਫਿਸਕਲ ਡਿਸਆਰਡਰ ਸੀ। ਕਿਉਂਕਿ ਪਰੈਜ਼ੀਡੈਂਟ ਰੂਲ ਸੀ, ਗਵਰਨਰ ਰੂਲ ਸੀ, ਦੂਸਰਾ ਡਿਸਟਰਬਡ ਲਾਅ ਐਂਡ ਆਰਡਰ ਦੀ ਕੰਡੀਸ਼ਨ ਸੀ ਔਰ ਤੀਸਰਾ ਜਿਹੜਾ ਮੇਨ ਪੁਆਇੰਟ ਸੀ ਉਹ ਸੀ ਲੋਅ ਰੇਸ਼ੋ ਸਾਡੀ ਟੈਕਸੇਸ਼ਨ ਦੀ। ਸਾਨੂੰ ਸਾਰਿਆਂ ਨੂੰ ਪਤਾ ਸੀ ਕਿ ਜੋ ਰੇਸ਼ੋ ਸੀ ਟੈਕਸੇਸ਼ਨ ਦੀ ਉਹ 6.2 ਪ੍ਰਤੀਸ਼ਤ ਆਫ ਦੀ ਗਰਾਸ ਡਮੈਸਟਿਕ ਸਾਡੀ ਪਰੋਡਕਟਿਵੇਟੀ ਦਾ ਸੀ ਪਰ ਇਨ੍ਹਾਂ ਗੱਲਾਂ ਦੇ ਬਾਵਜੂਦ ਵੀ ਜਿਹੜਾ ਇਨ੍ਹਾਂ ਨੇ ਕੋਈ ਟੈਕਸ ਨਹੀਂ ਲਗਾਇਆ ਇਹ ਮੈਂ ਸੋਚਦੀ ਹਾਂ ਕਿ ਬਹੁਤ ਹੀ ਬਹਾਦਰੀ ਦਾ ਸਬੂਤ ਹੈ। ਸਾਡੇ ਫਾਇਨਾਂਸ ਮਨਿਸਟਰ ਸਾਹਿਬ ਦਾ ਜਿਹੜਾ ਇਹ ਸਟੈਪ ਸੀ ਇਹ ਜਿਹੜਾ ਡਿਸੀਜ਼ਨ ਸੀ, ਇਹ ਬਹੁਤ ਹੀ ਕਰੇਜ ਵਾਲਾ ਡਿਸੀਜ਼ਨ ਸੀ ਔਰ ਇਨ੍ਹਾਂ ਗੱਲਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਜਿਹੜਾ ਇਨ੍ਹਾਂ ਦਾ ਇਹ ਬਜਟ ਬਿਨਾਂ ਕਿਸੇ ਟੈਕਸ ਤੋਂ ਇਸ ਸਦਨ ਵਿਚ ਪੇਸ਼ ਕੀਤਾ ਗਿਆ ਹੈ ਇਹ ਇਨ੍ਹਾਂ ਨੇ ਆਪਣੇ ਆਪ ਉਤੇ ਵਿਸ਼ਵਾਸ ਕਰਕੇ, ਔਰ ਪੰਜਾਬ ਦੀ ਆਰਥਿਕ ਹਾਲਤ ਨੂੰ ਅੱਛੀ ਤਰ੍ਹਾਂ ਸਮਝ ਕੇ, ਇਨ੍ਹਾਂ ਨੂੰ ਇਹ ਪਤਾ ਹੈ ਕਿ ਇਹ ਬਿਨਾਂ ਕੋਈ ਟੈਕਸ ਲਗਾਏ ਪੰਜਾਬ ਦੀ ਆਰਥਕ ਹਾਲਤ ਨੂੰ ਠੀਕ ਕਰ ਸਕਦੇ ਹਨ ਬਜਟ ਡਿਫਿਸਟ ਵਿਚ ਹੈ, ਉਸ ਨੂੰ ਵੀ ਕਿਸ ਹਾਲਤ ਤਕ ਕੰਟਰੋਲ ਕਰ ਸਕਦੇ ਹਨ ਇਹ ਸਭ ਕੁਝ ਵੇਖ ਕੇ ਬਿਨਾਂ ਕਿਸੇ ਟੈਕਸ ਦੇ ਬਜਟ ਪੇਸ਼ ਕੀਤਾ ਹੈ।

ਸਪੀਕਰ ਸਾਹਿਬ, ਜਿਹੜਾ ਸਾਡੇ ਫਾਇਨਾਂਸ ਮਨਿਸਟਰ ਸਾਹਿਬ ਨੇ ਇਹ ਬਜਟ ਪੇਸ਼ ਕੀਤਾ ਹੈ ਇਸ ਦੀ ਸ਼ਲਾਘਾ ਸਾਰੇ ਵਰਗ ਦੇ ਲੋਕਾਂ ਨੇ ਕੀਤੀ ਹੈ। ਕਿਉਂਕਿ ਇਹ ਬਜਟ ਉਨ੍ਹਾਂ ਦੀਆਂ ਜ਼ਰੂਰਤਾਂ ਦਾ ਖਿਆਲ ਰਖਕੇ ਬਣਾਇਆ ਗਿਆ ਹੈ।

ਸਪੀਕਰ ਸਾਹਿਬ, ਪਿਛਲੇ 12 ਮਹੀਨੇ, ਪੰਜਾਬ ਦੇ ਇਤਿਹਾਸ ਵਿਚ ਬਹੁਤ ਹੀ ਇੰਪਾਰਟੈਂਟ ਸਨ ਕਿਉਂਕਿ ਮੈਂ ਜ਼ਿਆਦਾ ਨਾ ਕਹਿੰਦੀ ਹੋਈ ਸਿਰਫ ਇਹੀ ਕਹਾਂਗੀ ਕਿ ਜਿਹੜਾ ਪਿਛਲੇ ਸਾਲਾਂ ਵਿਚ ਇਥੇ ਬਹੁਤ ਹੀ ਅਸ਼ਾਂਤੀ ਵਾਲਾ ਮਾਹੌਲ ਸੀ ਉਸ ਵਿਚ ਸੁਧਾਰ ਲਿਆਂਦਾ ਹੈ। ਜਿਹੜੇ ਲੋਕ ਪੰਜਾਬ ਛਡ ਕੇ ਜਾ ਰਹੇ ਸਨ, ਇਥੇ ਆਪਣੇ ਪੈਸਾ ਇਨਵੈਸਟਮੈਂਟ ਨਹੀਂ ਸਨ ਕਰਨਾ ਚਾਹੁੰਦੇ ਉਹ ਅਜ ਇਥੇ ਆਉਣ ਨੂੰ ਤਿਆਰ ਹੋ ਗਏ ਹਨ ਔਰ ਆ ਰਹੇ ਹਨ। ਇਸ ਲਈ ਮੈਂ ਇਹੀ ਕਹਾਂਗੀ ਕਿ ਇਹ ਵਧਾਈ ਦੇ ਪਾਤਰ ਹਨ ਸਾਡੇ ਮੁੱਖ ਮੰਤਰੀ ਸਾਹਿਬ ਜਿਨ੍ਹਾਂ ਨੇ ਪਿਛਲੇ 12 ਮਹੀਨਿਆਂ ਵਿਚ ਸਾਡੇ

Original with;
Punjab Vidhan Sabha
Digitized by;
Panjab Digital Library

ਪੰਜਾਬ ਵਿੱਚ ਬਹੁਤ ਜ਼ਿਆਦਾ ਤਬਦੀਲੀ ਲਿਆਂਦੀ ਹੈ । ਸਪੀਕਰ ਸਾਹਿਬ, ਲੋਕ ਵੀ ਉਹੀ ਹਨ, ਪੰਜਾਬ ਵੀ ਉਹੀ ਹੈ, ਪੁਲੀਸ ਵੀ ਉਹੀ ਹੈ ਔਰ ਜੇ ਕੁਝ ਬਦਲਿਆ ਹੈ ਤਾਂ ਉਹ ਹੈ ਸਾਡੀ ਲੀਡਰ-ਸ਼ਿਪ। ਇਸ ਲਈ ਮੈਂ ਜ਼ਿਆਦਾ ਕੁਝ ਨਾ ਕਹਿੰਦੀ ਹੋਈ ਫਿਰ ਇਹੀ ਕਹਾਂਗੀ ਦੋ ਲਫਜ਼ਾਂ ਵਿੱਚ ਕਿ ਵਧਾਈ ਦੇ ਪਾਤਰ ਹਨ ਸਾਡੇ ਮੁੱਖ ਮੰਤਰੀ ਜੀ ਜਿਨ੍ਹਾਂ ਨੇ ਪੁਲੀਟੀਕਲ ਸਟਰੌਂਗ ਵਿਲ ਨਾਲ ਪੰਜਾਬ ਦੀ ਨੁਹਾਰ ਨੂੰ ਹੀ ਬਦਲ ਦਿਤਾ ਹੈ।

ਸਪੀਕਰ ਸਾਹਿਬ, ਮੈਂ ਗਲ ਕਰ ਰਹੀ ਸੀ ਕਿ ਜਿਹੜਾ ਪੰਜਾਬ ਪਿਛਲੇ 13 ਸਾਲਾਂ ਤੋਂ ਸਿਰਫ ਪੁਲਿਸ ਦੀ ਹੀ ਸਟੇਟ ਬਣ ਗਈ ਸੀ ਉਸ ਨੂੰ ਸਾਡੇ ਵਿੱਤ ਮੰਤਰੀ ਸਾਹਿਬ ਨੇ ਸਾਡੇ ਮੁੱਖ ਮੰਤਰੀ ਸਾਹਿਬ ਨੇ ਇਕ ਸਾਲ ਵਿੱਚ ਹੀ ਵੈਲਫੇਅਰ ਸਟੇਟ ਵਿੱਚ ਬਣਾ ਦਿੱਤਾ ਹੈ। ਇਥੇ ਮੈਂ ਇਕ ਗੱਲ ਕਹਿਣਾ ਚਾਹੁੰਦੀ ਹਾਂ ਕਿ ਅੱਜ ਵੀ ਸਾਡਾ ਬਜਟ ਦਾ 50 ਪ੍ਰਤੀਸ਼ਤ ਖਰਚਾ ਸੁਰਖਿਆ ਦਸਤਿਆਂ ਤੇ ਹੋ ਰਿਹਾ ਹੈ ਔਰ ਵੈਲਫੇਅਰ ਸਟੇਟ ਹੋਣ ਕਰਕੇ ਹੁਣ ਇਸ ਦਾ ਜ਼ਿਆਦਾ ਖਰਚਾ ਵੈਲਫੇਅਰ ਤੇ ਹੋਣਾ ਚਾਹੀਦਾ ਹੈ, ਓਲਡ ਏਜ ਪੈਨਸ਼ਨਾਂ ਦੇਣੀਆਂ ਹਨ, ਵਿਡੋ ਪੈਨਸ਼ਨਾਂ ਦੇਣੀਆਂ ਹਨ, ਹਰ ਫਰੀਡਮ ਫਾਈਟਰਜ਼ ਨੂੰ ਪੈਨਸ਼ਨਾਂ ਦੇਣੀਆਂ ਹਨ, ਇਸ ਲਈ ਇਸ ਪਾਸੇ ਜ਼ਿਆਦਾ ਪੈਸਾ ਰਖਣਾ ਚਾਹੀਦਾ ਹੈ। ਇਸ ਲਈ ਇਕ ਸੁਝਾਵ ਮੈਂ ਦੇਵਾਂਗੀ ਕਿ ਜਿਹੜੀ ਇਹ ਸਾਡੇ ਟੈਕਸ ਦੀ ਨੀਤੀ ਹੈ ਇਸ ਨੂੰ ਨੈਸ਼ਨੇਲਾਈਜ਼ ਕਰ ਲਿਆ ਜਾਵੇ ਤਾਂ ਸਾਡੀ ਬਹੁਤ ਸਾਰੀ ਮੁਸ਼ਕਲ ਦੂਰ ਹੋ ਸਕਦੀ ਹੈ। ਜਿਹੜਾ ਟੈਕਸ ਦਾ ਪ੍ਰਾਸੈਸ ਹੈ, ਇਸ ਲਈ ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗੀ ਕਿ ਇਸ ਨੂੰ ਥੋੜਾ ਜਿਹਾ ਸਿੰਪਲੀਫਾਈ ਕੀਤਾ ਜਾਵੇ ਔਰ ਜਿਹੜੀ ਸੇਲਜ਼ ਟੈਕਸ ਦੀ ਦਰ ਹੈ ਇਸ ਨੂੰ ਥੋੜਾ ਜਿਹਾ ਘਟਾ ਦਿੱਤਾ ਜਾਵੇ ਤਾਂ ਇਸ ਨਾਲ ਜਿਹੜੇ ਟੈਕਸ ਦੀ ਚੋਰੀ ਹੁੰਦੀ ਹੈ ਉਹ ਘੱਟ ਜਾਵੇਗੀ ਔਰ ਟੈਕਸ ਦੀ ਰਿਕਵਰੀ ਜ਼ਿਆਦਾ ਹੋਵੇਗੀ। ਇਸ ਲਈ ਮੈਂ ਸਮਝਦੀ ਹਾਂ ਕਿ ਅਜਿਹੀ ਨੀਤੀ, ਪਰੋਸੀਜਰ, ਟੈਕਸ ਦੀ ਰਿਕਵਰੀ ਦਾ ਅਡਾਪਟ ਕਰਨਾ ਚਾਹੀਦਾ ਹੈ ਜਿਸ ਨਾਲ ਰਿਕਵਰੀ ਜ਼ਿਆਦਾ ਹੋਵੇ। ਇਸ ਨਾਲ ਸਾਡੀ ਪਸ ਦੀ ਮੁਸ਼ਕਲ ਦੂਰ ਹੋ ਸਕਦੀ ਹੈ।

ਸਰ, ਇਕ ਪੁਆਇੰਟ ਮੈਂ ਹੋਰ ਅਰਜ਼ ਕਰਨਾ ਚਾਹੁੰਦੀ ਹਾਂ ਔਰ ਜਿਹੜਾ ਸਾਡੇ ਵਿੱਤ ਮੰਤਰੀ ਜੀ ਨੇ ਵੀ ਕਿਹਾ ਹੈ ਕਿ ਜਿਹੜਾ ਸਾਡਾ ਅਨਪਰੋਡਕਟਿਵ ਐਕਸਪੈਂਡੀਚਰ ਹੈ ਇਸ ਨੂੰ ਘੱਟ ਕਰਨਾ ਚਾਹੀਦਾ ਹੈ। ਜਿਹੜਾ ਸਾਡਾ ਐਕਸਟਰਾ ਖਰਚ ਹੈ, ਟੈਲੀਫੂਨ ਦਾ, ਕਾਰ ਦਾ ਹੋਰ ਘਰ ਦਾ, ਸਾਜ਼ੋ ਸਾਮਾਨ ਦਾ ਇਸ ਨੂੰ ਘਟਾਉਣਾ ਚਾਹੀਦਾ ਹੈ ਔਰ ਇਹ ਪੈਸਾ ਬਚਾਉਣਾ ਚਾਹੀਦਾ ਹੈ।

ਸਰ, ਇਕ ਗੱਲ ਮੈਂ ਹੋਰ ਕਹਿੰਦੀ ਹਾਂ ਕਿ ਪਿਛਲੇ ਸਾਲ ਜਿਹੜੇ ਖਰਚੇ ਸਨ ਜਿਵੇਂ ਕਿ ਪੰਚਾਇਤਾਂ ਦੇ ਇਲੈਕਸ਼ਨਾਂ ਦੇ ਖਰਚੇ, ਮਿਉਂਸਪਲ ਕਮੇਟੀਆਂ ਦੇ ਇਲੈਕਸ਼ਨ ਦੇ ਖਰਚੇ, ਇਸ ਨਾਲ ਇਹ ਬਚ ਸਕਦੇ ਹਨ ਔਰ ਇਹ ਜਿਹੜਾ ਪੈਸਾ ਹੈ ਇਹ ਹੋਰ ਠੀਕ ਜਗ੍ਹਾ ਤੇ ਖਰਚ ਹੋ ਸਕਦਾ ਹੈ। (ਘੰਟੀ) ਡੈਮੋਕਰੇਟਿਕ ਪ੍ਰਾਸੈਸ ਪੂਰਾ ਹੋ ਚੁੱਕਾ ਹੈ ।

ਸਪੀਕਰ ਸਾਹਿਬ, ਸਾਡੇ ਸੂਬੇ ਵਿੱਚ ਸਮਾਲ ਸਕੇਲ ਇੰਡਸਟਰੀ ਲਗੀ ਹੋਈ ਹੈ ਪਰ ਇਥੇ ਕੋਈ ਹੈਵੀ ਇੰਡਸਟਰੀ ਨਹੀਂ ਲੱਗੀ ਹੋਈ। ਇਸ ਦੀ ਬੜੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਹੈਵੀ ਇੰਡਸ-ਟਰੀ ਨਹੀਂ ਲੱਗੀ ਹੋਈ। ਇਸ ਦੀ ਬੜੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਹੈਵੀ ਇੰਡਸਟਰੀ ਲਗਾਉਣ ਲਈ ਸਰਕਾਰ ਵਲੋਂ ਇਨਸੈਂਟਿਵ ਦਿਤੇ ਜਾਣੇ ਚਾਹੀਦੇ ਹਨ। ਪੰਜਾਬ ਵਿਚ ਗਰੀਨ ਰੈਵੋਲਿਊਸ਼ਨ ਆਇਆ ਹੋਇਆ ਹੈ। ਸਾਡਾ ਸੂਬਾ ਇਕ ਖੇਤੀ ਪ੍ਰਧਾਨ ਸੂਬਾ ਹੈ ਇਸ ਖੇਤਰ ਵਿੱਚ

Original with;
Punjab Vidhan Sabha
Digitized by;
Panjab Digital Library

[ਡਾਕਟਰ (ਸ੍ਰੀਮਤੀ) ਮਾਲਤੀ ਥਾਪਰ]
ਸੂਬੇ ਦੀ 80 ਪ੍ਰਤੀਸ਼ਤ ਇਨਕਮ ਹੁੰਦੀ ਹੈ ਸੂਬੇ ਦੀ ਇਨਕਮ ਨੂੰ ਹੋਰ ਵਧਾਉਣ ਲਈ, ਸਾਨੂੰ ਸੂਬੇ ਵਿੱਚ ਐਗਰੋ ਬੇਸਡ ਇੰਡਸਟਰੀ ਪੰਜਾਬ ਵਿਚ ਹੋਰ ਲਗਾਉਣੀ ਚਾਹੀਦੀ ਹੈ ਤਾਂ ਕਿ ਜਿਹੜਾ ਪੰਜਾਬ ਦਾ ਯੂਥ ਖੇਤੀ ਬਾੜੀ ਕਰਕੇ ਵੇਹਲਾ ਹੋ ਜਾਂਦਾ ਹੈ ਉਸ ਨੂੰ ਕਮ ਤੇ ਲਗਾਇਆ ਜਾ ਸਕੇ ਅਤੇ ਵੇਹਲਾ ਹੋਣ ਕਰਕੇ ਹੀ ਉਹ ਗਲਤ ਰਸਤੇ ਤੇ ਪਿਛੇ ਚਲਾ ਗਿਆ ਸੀ ਉਸ ਨੂੰ ਰੋਕਿਆ ਜਾ ਸਕੇ ਔਰ ਉਨ੍ਹਾਂ ਨੂੰ ਐਗਰੋ ਇੰਡਸਟਰੀ ਵਿੱਚ ਲਗਾਇਆ ਜਾ ਸਕੇ।

ਸਕੂਲਾਂ ਦੀ ਅਪਗਰੇਡੇਸ਼ਨ ਦੀ ਗੱਲ ਇਥੇ ਕੀਤੀ ਗਈ ਹੈ। ਮੈਂ ਸਰਕਾਰ ਨੂੰ ਕਹਿਣਾ ਚਾਹੁੰਦੀ ਹਾਂ ਕਿ ਵੋਕੇਸ਼ਨਲਾਈਜ਼ੇਸ਼ਨ ਆਫ ਕੋਰਸਿਜ਼ ਨੂੰ ਲਾਗੂ ਕੀਤਾ ਜਾਵੇ। ਇਹ ਕੋਰਸਿਜ਼ ਸ਼ੁਰੂ ਕਰ ਦਿੱਤੇ ਗਏ ਹਨ ਹਰ ਉਨ੍ਹਾਂ ਦੀ ਇੰਪਲੀਮੈਂਟੇਸ਼ਨ ਨਹੀਂ ਹੋ ਰਹੀ।

**Mr. Speaker**: Please wind up.

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ**: ਸਪੀਕਰ ਸਾਹਿਬ, ਐਜੂਕੇਸ਼ਨ ਦੀ ਗੱਲ ਚੱਲ ਰਹੀ ਸੀ। ਸਕੂਲਾਂ ਅਤੇ ਸਕੂਲਜ਼ ਸੋਸਾਇਟੀਜ਼ ਨੂੰ ਇੰਟਰਲਿੰਕ ਹੋਣਾ ਚਾਹੀਦਾ ਹੈ ਅਤੇ ਮਨੇਜਮੈਂਟ ਦੀ ਸਕੂਲਾਂ ਵਿਚ ਪਾਰਟੀਸ਼ੀਪੇਸ਼ਨ ਹੋਣੀ ਚਾਹੀਦੀ ਹੈ ਅਤੇ ਪ੍ਰਾਇਮਰੀ ਸਕੂਲਾਂ ਵਿਚ ਲਾਜ਼ਮੀ ਤੌਰ ਤੇ ਲੇਡੀਜ਼ ਸਟਾਫ ਹੀ ਲਗਾਇਆ ਜਾਣਾ ਚਾਹੀਦਾ ਹੈ। ਇਹ ਮੇਰੀ ਸੁਜੈਸ਼ਨ ਹੈ। ਇਥੇ ਚੀਫ ਮਨਿਸਟਰ ਸਾਹਿਬ ਨੇ ਬੜਾ ਜ਼ੋਰ ਦੇ ਕੇ ਕਿਹਾ ਹੈ ਕਿ ਧਰਮ ਅਤੇ ਰਾਜਨੀਤੀ ਨੂੰ ਅਲੱਗ-ਅਲੱਗ ਹੋਣਾ ਚਾਹੀਦਾ ਹੈ। ਇਸ ਲਈ ਸਰਕਾਰ ਨੂੰ ਨੈਸ਼ਨਲ ਇਨਟੈਗਰੇਸ਼ਨ ਦੇ ਲਈ ਇਕ ਸਬਜੈਕਟ ਪ੍ਰਾਇਮਰੀ ਕਲਾਸਾਂ ਦੇ ਲਈ ਜ਼ਰੂਰੀ ਕਰਨਾ ਚਾਹੀਦਾ ਹੈ ਤਾਂ ਕਿ ਜਿਹੜੀ ਬਿਮਾਰੀ ਸਾਡੇ ਪੰਜਾਬ ਵਿਚ ਫੈਲੀ ਹੈ ਅਤੇ ਹੁਣ ਇਹ ਸਾਰੇ ਹਿੰਦੁਸਤਾਨ ਵਿਚ ਫੈਲ ਰਹੀ ਹੈ ਇਸ ਨੂੰ ਰੋਕਿਆ ਜਾ ਸਕੇ। ਇਸ ਲਈ ਨੈਸ਼ਨਲ ਇੰਟੈਗਰੇਸ਼ਨ ਦੇ ਸਬਜੈਕਟ ਨੂੰ ਪ੍ਰਾਇਮਰੀ ਸਕੂਲਾਂ ਵਿੱਚ ਜੋੜ ਦੇਣਾ ਚਾਹੀਦਾ ਹੈ (ਬੰਪਿੰਗ)

**Mr. Speaker**: Please wind up.

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ**: ਸਪੀਕਰ ਸਾਹਿਬ, ਬੱਸ ਮੈਂ ਵਾਈਂਡ ਅੱਪ ਕਰ ਰਹੀ ਹਾਂ। ਸਮਾਲ ਸਕੇਲ ਸੇਵਿੰਗ ਦੀ ਗਲ ਕਰਾਂਗੀ। ਇਸ ਵਿਚ ਫਾਈਨੈਂਸ ਮਨਿਸਟਰ ਸਾਹਿਬ ਨੇ ਬੜੇ ਐਫਰਟਸ ਕੀਤੇ ਹਨ ਅਤੇ ਸਮਾਲ ਸਕੇਲ ਸੇਵਿੰਗ ਵਿਚ ਵਾਧਾ ਕੀਤਾ ਹੈ ਅਤੇ ਇਸ ਦੇ ਵਿੱਚ 75 ਪ੍ਰਤੀਸ਼ਤ ਲੋਨਜ਼ ਸਰਕਾਰ ਨੂੰ ਮਿਲ ਸਕਦੇ ਹਨ। ਸਪੀਕਰ ਸਾਹਿਬ, ਮੈਨੂੰ 2 ਮਿੰਟ ਹੋਰ ਬੋਲ ਲੈਣ ਦਿਓ।

**ਸ੍ਰੀ ਸਪੀਕਰ**: ਡਾਕਟਰ ਥਾਪਰ, ਤੁਹਾਡਾ ਟਾਈਮ ਖਤਮ ਹੋ ਗਿਆ ਹੈ। ਤੁਸੀਂ ਬੈਠੋ। ਮੈਂ ਤੇ ਤੁਹਾਨੂੰ ਪਹਿਲੇ ਹੀ 10 ਮਿੰਟ ਤੋਂ ਜ਼ਿਆਦਾ ਸਮਾਂ ਦੇ ਚੁੱਕਾ ਹਾਂ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ)**: ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਉਤੇ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਇਸ ਬਜਟ ਦੇ ਨਾਲ ਅਸਹਿਮਤੀ ਪ੍ਰਗਟ ਕਰਦਾ ਹਾਂ। ਇਹ ਜਿਹੜਾ ਬਜਟ ਡਾਕਟਰ ਸਾਹਿਬ ਨੇ ਪੇਸ਼ ਕੀਤਾ ਹੈ ਜੇਕਰ ਪਿਛਲੀ ਟਰੈਡੀਸ਼ਨ ਵੇਖੀਆਂ ਜਾਣ ਤਾਂ ਇਸ ਬਜਟ ਮੈਟੀਰੀਅਲ ਨੂੰ ਪੜ੍ਹਨ ਲਈ ਮੈਂਬਰ ਨੂੰ ਘੱਟ ਤੋਂ ਘੱਟ 5–7 ਦਿਨ ਦੇਣੇ ਚਾਹੀਦੇ ਸਨ। ਇਹ ਚਾਹੇ ਵੋਟ ਆਨ ਅਕਾਊਂਟ 3-4 ਮਹੀਨਿਆਂ ਦੇ ਲਈ ਪੇਸ਼ ਕਰ ਲੈਂਦੇ ਅਤੇ ਬਜਟ ਬਾਦ ਵਿਚ ਪਾਸ ਕਰਵਾ ਲੈਂਦੇ। ਖੈਰ ਹੁਣ ਹੁਕਮਾਂ ਦੀ ਪਾਲਣਾ ਕਰਨੀ ਪੈਣੀ ਹੈ ਅਤੇ ਪਾਲਣਾ ਕਰਾਂਗਾ। ਬਜਟ ਉਤੇ ਬੋਲਣ ਤੋਂ ਪਹਿਲਾਂ ਮੈਂ ਆਪਣੇ ਹਲਕੇ ਦੀਆਂ ਗੱਲਾਂ ਕਰਨੀਆਂ ਚਾਹੁੰਦਾ ਹਾਂ ਕਿਉਂਕਿ ਬਜਟ ਦੀ ਗੱਲ ਕਰਦੇ ਹੋਏ ਹਲਕੇ ਦੀਆਂ ਮੰਗਾਂ ਰਹਿ ਜਾਂਦੀਆਂ ਹਨ। ਇਸ ਲਈ, ਸਪੀਕਰ

Original with;
Punjab Vidhan Sabha
Digitized by;
Punjab Digital Library

ਸਾਹਿਬ, ਮੈਂ ਆਪਣੇ ਹਲਕੇ ਬਾਘਾ ਪੁਰਾਣਾ ਦੀ ਗਲ ਕਰਦਾ ਹਾਂ ਜਿਥੋਂ ਮੈਂ ਇਲੈਕਟ ਹੋ ਕੇ ਆਇਆ ਹਾਂ। ਸਰਕਾਰ ਨੇ ਸਟੇਟ ਵਿਚ ਤਹਿਸੀਲਾਂ ਅਤੇ ਸਬ-ਡਵੀਜ਼ਨਾਂ ਬਣਾਈਆਂ ਹਨ । ਇਸ ਲਈ ਮੇਰੀ-ਰਿਕੁਐਸਟ ਹੈ ਕਿ ਬਾਘਾ ਪੁਰਾਣਾ ਨੂੰ ਸਬ-ਡਵੀਜ਼ਨ ਵਿਚ ਤਬਦੀਲ ਕਰ ਦਿੱਤਾ ਜਾਵੇ। ਸਿਖਿਆ ਮੰਤਰੀ ਮੇਰੇ ਹਲਕੇ ਵਿਚ ਲੜਕੀਆਂ ਦੇ ਲਈ ਇਕ ਕਾਲਜ ਖੋਲ੍ਹਣ ਦਾ ਐਲਾਨ ਕਰਕੇ ਆਏ ਹਨ। ਉਥੇ ਲੜਕੀਆਂ ਦੇ ਲਈ ਕਾਲਜ ਖੋਲ੍ਹ ਦੇਣ ਅਤੇ ਇਕ ਸਟੇਡੀਅਮ ਬਣਾਉਣ ਬਾਰੇ ਐਲਾਨ ਕਰਕੇ ਆਏ ਹਨ ਅਤੇ ਉਸ ਦੀ ਲਾਗਤ 80 ਲੱਖ ਰੁਪਿਆ ਹੈ। ਇਹ ਬਹੁਤ ਜ਼ਰੂਰੀ ਹੈ ਇਸ ਲਈ ਸਰਕਾਰ ਨੂੰ ਇਥੇ ਸਟੇਡੀਅਮ ਬਣਾ ਦੇਣਾ ਚਾਹੀਦਾ ਹੈ। ਮੌਜੂਦਾ ਬਾਘਾ ਪੁਰਾਣਾ ਵਿਚ ਸੀਵਰਜ ਸਕੀਮ ਬੜੀ ਨਾਕਾਰਾ ਹੈ ਇਸ ਦੀ ਮਨਜ਼ੂਰੀ ਦਿੱਤੀ ਹੋਈ ਹੈ ਪਰ ਸਕੀਮ ਨਾਕਾਰਾ ਹੋਣ ਕਰਕੇ ਸਰਕਾਰ ਨੂੰ ਕਈ ਬਾਰ ਕਿਹਾ ਗਿਆ ਹੈ ਪਰ ਸਰਕਾਰ ਦੇ ਕੰਨ ਤੇ ਜੂੰ ਨਹੀਂ ਰੇਂਗੀ। ਇਸ ਦੇ ਨਾਲ਼ ਮੈਂ ਬਾਘਾ ਪੁਰਾਣਾ ਵਿਚ ਹੋਈ ਘਟਨਾ ਬਾਰੇ ਗੱਲ ਕਰਨਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਉਥੋਂ ਦੀ ਇੱਕ ਮਾਈਨਰ ਬੱਚੀ ਹੈ। ਉਸ ਦੀ ਇਜ਼ਤ ਲੁਟੀ ਗਈ ਹੈ। ਉਸ ਦੀ ਬੇਪਤੀ ਕੀਤੀ ਹੈ ਔਰ ਉਹ ਪੰਜਾਬ ਸਰਕਾਰ ਤੋਂ ਨਿਆਂ ਮੰਗਦੀ ਹੈ ਪਰ ਅੱਜ ਤੱਕ ਪੰਜਾਬ ਸਰਕਾਰ ਨੇ ਉਸ ਨੂੰ ਨਿਆਂ ਨਹੀਂ ਦਿੱਤਾ। ਜੇ ਸਰਕਾਰ ਨਾਂ ਦੀ ਕੋਈ ਚੀਜ਼ ਹੈ ਤਾਂ ਉਸ ਮਾਈਨਰ ਲੜਕੀ ਨੂੰ ਨਿਆਂ ਦੇਵੇ।

ਸਪੀਕਰ ਸਾਹਿਬ, ਮੈਂ ਮੋਗੇ ਦਾ ਰਹਿਨ ਵਾਲਾ ਹਾਂ। ਮੋਗਾ ਜ਼ਿਲ੍ਹਾ ਬਣਨ ਲਈ ਡੀਜ਼ਰਵ ਕਰਦਾ ਹੈ। ਸਪੀਕਰ ਸਾਹਿਬ, ਮੈਂ ਮੰਗ ਕਰਦਾਂ ਹਾਂ ਕਿ ਪੰਜਾਬ ਸਰਕਾਰ ਮੋਗੇ ਨੂੰ ਜ਼ਿਲ੍ਹਾ ਬਣਾਵੇ। ਹੁਣ ਮੈਂ ਬਜਟ ਦੀ ਗੱਲ ਕਰਾਂਗਾ ਬਜਟ ਪੜ੍ਹਨ ਤੋਂ ਅੰਦਾਜ਼ਾ ਲਗਦਾ ਹੈ ਕਿ ਇਹ ਸਪਾਰਕਲੈਸ ਬਜਟ ਹੈ। ਸਪੀਕਰ ਸਾਹਿਬ, ਇਸ ਬਜਟ ਵਿਚ ਕੋਈ ਕਰਟ ਨਹੀਂ ਹੈ। ਜਿਹੜੀਆਂ ਗੱਲਾਂ ਦਿੱਲੀ ਦੀ ਸਰਕਾਰ ਆਪਣੇ ਬਜਟ ਵਿਚ ਪਿਛਲੇ ਦੋ ਸਾਲਾਂ ਤੋਂ ਕਰਦੀ ਆ ਰਹੀ ਹੈ, ਜੋ ਟਰੈਡੀਸ਼ਨ ਪਿਛਲੇ ਦੋ ਸਾਲਾਂ ਤੋਂ ਚਲ ਪਈ ਹੈ ਵਲਡ ਬੈਂਕ, ਆਈ.ਐਮ.ਐਫ ਦੇ ਬੰਦੇ ਦਿਲੀ ਆ ਕੇ ਬਜਟ ਤਿਆਰ ਕਰਦੇ ਹਨ, ਇੰਗਲੈਂਡ ਤੋਂ ਆ ਕੇ ਬੰਦੇ ਬਜਟ ਤਿਆਰ ਕਰਦੇ ਹਨ, ਉਸੇ ਤਰੀਕੇ ਦੇ ਨਾਲ ਹੀ ਪੰਜਾਬ ਦਾ ਬਜਟ ਬਣਾਉਣ ਵੇਲੇ ਨਕਲ ਕੀਤੀ ਗਈ ਹੈ। ਇਥੇ ਐਜੂਕੇਸ਼ਨ ਮਨਿਸਟਰ ਨੇ ਬਚਿਆਂ ਨੂੰ ਇਮਤਿਹਾਨ ਵਿਚ ਨਕਲ ਮਾਰਨ ਲਈ ਅਤੇ ਮਰਵਾਉਣ ਵਾਲਿਆਂ ਦੇ ਖਿਲਾਫ ਸਜ਼ਾ ਰਖੀ ਹੈ। ਪੰਜਾਬ ਸਰਕਾਰ ਨੇ ਬਜਟ ਬਣਾਉਣ ਵੇਲੇ ਜਿਹੜੀ ਨਕਲ ਕੀਤੀ ਹੈ ਤਾਂ ਕੀ ਇਨ੍ਹਾਂ ਨੂੰ ਵੀ ਸਜ਼ਾ, ਸਪੀਕਰ ਸਾਹਿਬ, ਦੇਵੋਗੇ? 7 ਅਰਬ 48 ਕਰੋੜ 53 ਲਖ ਰੁਪਏ ਦਾ ਖਰਚਾ ਹੈ। ਮਗਰ ਘਾਟੇ ਨੂੰ ਪੂਰਾ ਕਰਨ ਵਾਸਤੇ ਬਜਟ ਵਿਚ ਕੁੱਝ ਨਹੀਂ ਦਸਿਆ ਗਿਆ। ਸਪੀਕਰ ਸਾਹਿਬ, ਇਕਨਾਮਿਕ ਸਰਵੇ ਆਫ ਪੰਜਾਬ ਦੀ ਕਿਤਾਬ ਵਿਚ ਲਿਖਿਆ ਹੈ ਕਿ:—

> "ਉਪਰੋਕਤ ਤੋਂ ਇਹ ਸਾਫ ਪਤਾ ਚਲਦਾ ਹੈ ਕਿ ਪੂੰਜੀਗਤ ਪ੍ਰਾਪਤੀਆਂ ਵਰਤਮਾਨ ਸਾਲਾਂ ਵਿਚ ਪੂੰਜੀਗਤ ਖਰਚ ਨਾਲੋਂ ਜ਼ਿਆਦਾ ਦਰ ਨਾਲ ਵੱਧ ਰਹੀਆਂ ਹਨ। ਇਸ ਦੇ ਨਤੀਜੇ ਵਜੋਂ ਪੂੰਜੀਗਤ ਖਾਤੇ ਵਿਚ ਵਾਧੂ ਰਕਮ (ਸਰਪਲਸ) ਮਾਲ ਖਾਤੇ ਵਿਚ ਵੱਧ ਰਹੇ ਵਿੱਤੀ ਘਾਟੇ ਨੂੰ ਪੂਰਾ ਕਰਨ ਲਈ ਇਸਤੇਮਾਲ ਕੀਤੀ ਜਾਂਦੀ ਹੈ। ਭਾਵੇਂ ਇਸ ਤਰ੍ਹਾਂ ਦੀ ਪ੍ਰਵਿਰਤੀ ਵਿੱਤੀ ਘਾਟੇ ਨੂੰ ਕੁਝ ਹਦ ਤਕ ਘਟਾਉਣ ਵਿਚ ਮਦਦਗਾਰ ਹੁੰਦੀ ਹੈ। ਪਰੰਤੂ ਇਹ ਕੋਈ ਅੱਛਾ ਆਰਥਿਕ ਔਜ਼ਾਰ ਨਹੀਂ ਹੈ ਕਿਉਂਕਿ ਇਸ ਨਾਲ ਆਰਥਿਕ ਕ੍ਰਿਆਵਾਂ ਦੀ ਗਤੀ ਤੇ ਅੱਛਾ ਅਸਰ ਨਹੀਂ ਪੈਂਦਾ।"

ਇਸ ਘਾਟੇ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਵਲੋਂ ਕੋਈ ਠੋਸ ਸੁਝਾਉ ਨਹੀਂ ਦਿਤੇ ਗਏ। ਖਦਸ਼ਾ ਹੈ ਕਿ ਇਸ ਘਾਟੇ ਨੂੰ ਪੂਰਾ ਕਰਨ ਵਾਸਤੇ ਪੰਜਾਬ ਸਰਕਾਰ ਹੋਰ ਟਕਸ ਲਗਾਵੇਗੀ ਔਰ ਆਰਡੀਨੈਂਸ ਜਾਰੀ ਕਰੇਗੀ। ਸਪੀਕਰ ਸਾਹਿਬ, ਪੰਜਾਬ ਸਰਕਾਰ ਕਹਿਦੀ ਹੈ ਕਿ ਟੈਕਸ ਫਰੀ ਬਜਟ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ]

ਹੈ ਪਰ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਲੋਕਾਂ ਤੇ ਹੋਰ ਟੈਕਸ ਲਗਾ ਕੇ ਆਪਣੇ ਬਜਟ ਵਿਚ ਘਾਟੇ ਨੂੰ ਪੂਰਾ ਕਰੇਗੀ। ਬਜਟ ਪੇਸ਼ ਕਰਨ ਤੋਂ ਪਹਿਲਾਂ ਹੀ ਪੰਜਾਬ ਦੇ ਲੋਕਾਂ ਤੇ ਬਹੁਤ ਸਾਰੇ ਟੈਕਸ ਲਗਾ ਦਿਤੇ ਗਏ ਸਨ। ਇਥੇ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਬੈਠੇ ਹਨ। ਅੱਜ ਇਹ ਪੰਜਾਬ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਉਣ ਕਿ ਅਸੀਂ ਹੋਰ ਕੋਈ ਅੱਗੇ ਟੈਕਸ ਨਹੀਂ ਲਗਾਵਾਂਗੇ। ਪੰਜਾਬ ਦੇ ਗਰੀਬ ਲੋਕਾਂ ਤੇ ਹੋਰ ਨਵੇਂ ਟੈਕਸ ਨਹੀਂ ਲਗਾਏ ਜਾਣਗੇ। ਸਰਕਾਰ ਲੋਕਾਂ ਤੇ ਆਰਡੀਨੈਂਸਾਂ ਰਾਹੀਂ ਕੋਈ ਹੋਰ ਬੋਝ ਨਹੀਂ ਪਾਵੇਗੀ। ਮੈਂ ਸਮਝਦਾ ਹਾਂ ਕਿ ਇਹ ਗਲ ਜ਼ਰੂਰੀ ਹੈ ਕਿ ਬਜਟ ਵਿਚ ਇਹ ਦਸਦੇ ਕਿ ਇਹ ਘਾਟਾ ਕਿਵੇਂ ਪੂਰਾ ਕੀਤਾ ਜਾਵੇਗਾ। ਸਪੀਕਰ ਸਾਹਿਬ, ਪੰਜਾਬ ਬਜਟ ਐਟ-ਏ-ਗਲਾਂਸ 1993-94 ਦਾ ਹੈ ਉਸ ਵਿਚ ਰੈਵੇਨਿਊ ਅਕਾਊਂਟ ਦੇ ਖਰਚੇ ਬਾਰੇ ਲਿਖਿਆ ਗਿਆ ਹੈ। 34 ਕਰੋੜ 74 ਲੱਖ ਜਨਰਲ ਸਰਵਿਸਿਜ਼ ਦਾ ਹੈ। ਸਪੀਕਰ ਸਾਹਿਬ, ਫਿਸਕਲ ਸਰਵਿਸਿਜ਼ ਦਾ 52,40 ਲਖ ਰੁਪਏ ਹੈ। ਵਿਆਜ ਅਦਾਇਗੀਆਂ ਅਤੇ ਸਰਵਿਸ ਕਰਜ਼ਾ 9 ਅਰਬ 42 ਕਰੋੜ 13 ਲੱਖ ਰੁਪਿਆ ਹੈ। ਮੈਨੂੰ ਖਦਸ਼ਾ ਹੈ ਕਿ ਆਉਣ ਵਾਲੇ ਸਮੇਂ ਵਿਚ ਸਰਕਾਰ ਪੰਜਾਬ ਦੇ ਲੋਕਾਂ ਤੇ ਟੈਕਸ ਜ਼ਰੂਰ ਲਗਾਵੇਗੀ। ਇਹ ਸਰਕਾਰ ਦੀ ਮਜ਼ਬੂਰੀ ਹੈ। ਪੰਜਾਬ ਸਰਕਾਰ ਇਹ ਘਾਟਾ ਪੂਰਾ ਨਹੀਂ ਕਰ ਸਕਦੀ।

ਸਪੀਕਰ ਸਾਹਿਬ, ਮੈਂ ਅੱਗੇ ਵਧਾਂ। ਜਿਥੋਂ ਤੱਕ ਬਜਟ ਦੇ ਡੈਫੀਸਿਟ ਦੀ ਗੱਲ ਹੈ, ਉਹ ਮੈਂ ਕੀਤੀ ਹੈ। ਜਿਹੜੀ ਮੈਂ ਹੁਣ ਗੱਲ ਕਰਨੀ ਹੈ, ਉਹ ਹੈ ਕਿ ਮਾਨਯੋਗ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਸ਼ਲਾਘਾ ਕਰਦਿਆਂ ਇਕ ਦਿਨ ਸਰਦਾਰ ਬੇਅੰਤ ਸਿੰਘ ਜੀ ਨੂੰ ਭਗਵਾਨ ਕ੍ਰਿਸ਼ਨ ਦਾ ਰੂਪ ਦੱਸਿਆ ਤਾਂ ਅਸੀਂ ਸੋਚਿਆ ਕਿ ਬੇਅੰਤ ਸਿੰਘ ਦੇ ਮਾਂ ਪਿਉ ਨੇ ਇਨ੍ਹਾਂ ਦਾ ਨਾਂ ਤਾਂ ਠੀਕ ਰੱਖਿਆ ਸੀ। ਇਹ ਭਗਵਾਨ ਕ੍ਰਿਸ਼ਨ ਡਾਕਟਰ ਸਾਹਿਬ ਹਨ ਕੇਵਲ ਕ੍ਰਿਸ਼ਨ ਅਤੇ ਪਿਛੇ ਬੈਠੇ ਹਨ ਜੈ ਕਿਸ਼ਨ। ਮੈਂ ਇਸ ਗੱਲ ਤੇ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ--

"ਯਾ ਖੁਦਾ ਤੂ ਖੁਦਾਈ ਛੋੜ ਦੇ
ਕਿਉਂਕਿ ਇਨ ਹਸੀਨੋ ਨੇ ਖੁਦਾ ਬਨਨੇ ਕੀ ਕਸਮ ਖਾਈ ਹੈ।"

**ਸ਼੍ਰੀ ਸਪੀਕਰ**: ਸਾਥੀ ਜੀ, ਤੁਸੀਂ ਹੁਣ ਵਾਈਂਡ ਅੱਪ ਕਰੋ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**: ਸਪੀਕਰ ਸਾਹਿਬ, ਮੈਂ 2-4 ਗੱਲਾਂ ਕਰਨੀਆਂ ਹਨ। ਜਿਥੋਂ ਤੱਕ ਇਨ੍ਹਾਂ ਨੇ ਕਿਹਾ ਹੈ ਕਿ ਪਿੰਡਾਂ ਦਾ ਵਿਕਾਸ ਕਰਾਂਗੇ। ਪਿੰਡਾਂ ਵਿਚ ਬਿਜਲੀ ਦੀ ਗੱਲ ਦੇਖ ਲਓ। ਇਨ੍ਹਾਂ ਨੇ ਕਿਹਾ ਹੈ ਕਿ ਪਿੰਡਾਂ ਦੇ ਲੋਕਾਂ ਲਈ ਬਿਜਲੀ ਤੇ 50 ਪ੍ਰਤੀਸ਼ਤ ਖਰਚਾ ਹੋਰ ਕਰਾਂਗੇ। ਕੋਲੋਂ ਤਾਂ ਦੇਣ ਪਿੰਡ ਦੀਆਂ ਪੰਚਾਇਤਾਂ, ਪਰ ਜਿਹੜੇ ਸ਼ਹਿਰੀ ਲੋਕ ਹਨ, ਅਰਬਨ ਇਲਾਕੇ ਹਨ, ਉਨ੍ਹਾਂ ਤੇ ਕੀ ਕਿਸੇ ਗੱਲ ਦਾ ਬੋਝ ਪਾਇਆ ਹੈ, ਬਿਲਕੁਲ ਨਹੀਂ। ਜਿਹੜਾ ਸਰਕਾਰ ਦਮ ਭਰਦੀ ਹੈ, ਬਿਲਕੁਲ ਗਲਤ ਹੈ।

**ਸ਼੍ਰੀ ਸਪੀਕਰ**: ਵਾਈਂਡ ਅੱਪ ਕਰ ਦਿਉ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**: ਅੱਜ ਜਿਹੜੀ ਕਿਸਾਨ ਤੇ ਤਲਵਾਰ ਲਮਕ ਰਹੀ ਹੈ, ਉਹ ਡੰਕਲ ਨੀਤੀ ਦੇ ਤਹਿਤ ਆਉਂਦੀ ਹੈ। ਗੌਰਮਿੰਟ ਦਾ ਇਕ ਮੈਗਜ਼ੀਨ ਨਿਕਲਦਾ ਹੈ "ਪੰਜਾਬ ਕੋਆਪਰੇਸ਼ਨ": ਉਸ ਵਿੱਚ ਇਹ ਲਫਜ਼ ਲਿਖੇ ਹੋਏ ਹਨ: "ਅੱਜ ਡੰਕਲ ਦਸਤਾਵੇਜ਼ ਵਿਚਲੀਆਂ ਕਿਸਾਨ ਮਾਰੂ ਪੇਸ਼ਕਸ਼ਾਂ ਨਾਲ, ਜਿਥੇ ਕਿਸਾਨੀ ਵਰਗ ਵਿਚ ਰੋਹ ਪੈਦਾ ਹੋ ਰਿਹਾ ਹੈ ਤੇ ਭਾਰਤ ਦੀ ਸਰਕਾਰ ਇਸ ਮਸਲੇ ਤੇ ਚੁੱਪ ਧਾਰੀ ਬੈਠੀ ਹੈ।"

Original with;
Punjab Vidhan Sabha
Digitized by;
Panjab Digital Library

ਇਹੋ ਜਿਹੇ ਲਫਜ਼ ਸਟਕਾਰ ਦੇ ਮੈਗਜ਼ੀਨ ਵਿੱਚ ਲਿਖੇ ਹਨ। ਇਹ ਇਸ ਦਾ ਵੀ ਬਜਟ ਵਿੱਚ ਜ਼ਿਕਰ ਕਰਦੇ। ਮੈਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਕਿਸਾਨ ਮਰ ਗਿਆ ਤਾਂ ਦੇਸ਼ ਨਹੀਂ ਬਚੇਗਾ।

ਅਗਲੀ ਗੱਲ ਮੈਂ, ਸਪੀਕਰ ਸਾਹਿਬ, ਕਹਿਣੀ ਚਾਹੁੰਦਾ ਹਾਂ ਕਿ ਥੀਨ ਡੈਮ ਲਈ ਪੈਸਾ ਬਹੁਤ ਘੱਟ ਰੱਖਿਆ ਹੈ। ਥੀਨ ਡੈਮ ਦੀ ਉਸਾਰੀ ਵਾਰ ਫੁਟਿੰਗ ਤੇ ਕਰੋ ਅਤੇ ਜਿਹੜਾ ਅੱਜ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ, ਉਹ ਇਸ ਵੇਲੇ ਸਾਡੇ ਦੇਸ਼ ਲਈ ਖੂਨ ਪਸੀਨੇ ਨਾਲੋਂ ਵੀ ਜ਼ਿਆਦਾ ਕੀਮਤੀ ਹੈ।

**ਸ੍ਰੀ ਸਪੀਕਰ**: ਸਾਥੀ ਜੀ, ਹੁਣ ਤੁਸੀਂ ਬੈਠ ਜਾਓ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**: ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਜਿਹੜਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ ਉਸ ਨੂੰ ਰੋਕਣ ਲਈ ਥੀਨ ਡੈਮ ਨੂੰ 1–2 ਸਾਲਾਂ ਵਿੱਚ ਪੂਰਾ ਕਰਨਾ ਚਾਹੀਦਾ ਹੈ।

ਬਾਕੀ ਗੱਲ ਹੈ ਹਨੂਮੰਥਈਆ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦੀ। ਉਸ ਲਈ ਵਜ਼ੀਰਾਂ ਨੂੰ ਘੱਟ ਕਰੋ, ਉਨ੍ਹਾਂ ਦੇ ਖਰਚਿਆਂ ਨੂੰ ਘਟਾਓ। ਟੈਲੀਫੋਨਾਂ ਤੇ ਰੋਕ ਲਾਓ, ਟਾਇਰਾਂ ਤੇ, ਤੇਲ ਤੇ ਕੰਟਰੋਲ ਕਰੋ। ਮੈਂ, ਸਪੀਕਰ ਸਾਹਿਬ, ਇਹ ਗੱਲ ਕਹਿਣੀ ਚਾਹੁੰਦਾਂ ਹਾਂ ਕਿ ਜੇ ਸਾਰੇ ਹਾਊਸ ਦੇ ਖਰਚਿਆਂ ਤੇ ਵੀ ਕਟੌਤੀ ਲਗਾਉਣ ਦੀ ਜ਼ਰੂਰਤ ਹੈ ਤਾਂ ਮੈਨੂੰ ਮਨਜ਼ੂਰ ਹੈ।

**ਸ੍ਰੀ ਸਪੀਕਰ**: ਵਾਈਂਡ ਅੱਪ ਕਰੋ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**: ਮੈਂ, ਸਪੀਕਰ ਸਾਹਿਬ, ਰੀਪਰਕਸ਼ਨ ਦੀ ਗੱਲ ਕਰਨੀ ਚਾਹੁੰਦਾ ਹਾਂ। ਉਸ ਨੂੰ ਪ੍ਰਾਇਰਟੀ ਦੇਣੀ ਚਾਹੀਦੀ ਹੈ। ਜਿਥੋਂ ਤੱਕ ਰੂਰਲ ਬੇਸਡ ਇੰਡਸਟਰੀ ਅਤੇ ਸਮਾਲ ਸਕੇਲ ਇੰਡਸਟਰੀ ਦਾ ਤਾਅਲੁੱਕ ਹੈ, ਉਹ ਲਾਈ ਜਾਣੀ ਚਾਹੀਦੀ ਹੈ ਪਰ ਇਸ ਦੇ ਨਾਲ ਨਾਲ ਜਿਹੜਾ ਮਤਾ ਅਸੀਂ ਪਾਸ ਕੀਤਾ ਸੀ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਇਥੇ ਹੈਵੀ ਇੰਡਸਟਰੀ ਲਾਈ ਜਾਵੇ, ਉਸ ਸਬੰਧੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਪੈਟਰੋ ਕੈਮੀਕਲ ਵਾਲੀ ਗੱਲ ਹੈ, ਜਿਹੜੀ ਲਾਈਨ ਕਾਂਡਲਾ ਤੋਂ ਬਠਿੰਡਾ ਆਉਣ ਵਾਲੀ ਗੱਲ ਹੈ ਉਹ ਤਾਂ ਠੀਕ ਹੈ ਮਗਰ ਇਸ ਦੇ ਨਾਲ ਇਕ ਗੱਲ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਜਿਹੜੀਆਂ ਬਾਹਰਲੀਆਂ ਕੰਪਨੀਆਂ ਹਨ, ਵਿਦੇਸ਼ੀ ਕੰਪਨੀਆਂ ਹਨ, ਉਹ ਹੋਰ ਨਜ਼ਰੀਏ ਨਾਲ ਇਥੇ ਆਉਂਦੀਆਂ ਹਨ। ਉਨ੍ਹਾਂ ਨੂੰ ਅਲਾਓ ਨਹੀਂ ਕਰਨਾ ਚਾਹੀਦਾ। ਮੈਂ ਕੁਝ ਦਸਤਾਵੇਜ਼ ਲਿਆਇਆ ਸੀ ਜਿਸਦੇ ਮੁਤਾਬਿਕ ਮੈਂ ਦੱਸਣਾ ਚਾਹੁੰਦਾ ਸੀ ਕਿ ਉਹ ਕੀ ਕੀ ਕਰ ਰਹੀਆਂ ਹਨ .........

**ਸ੍ਰੀ ਸਪੀਕਰ**: ਤੁਸੀਂ ਹੁਣ ਬੈਠ ਜਾਓ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**: ਸਪੀਕਰ ਸਾਹਿਬ, 1-2 ਗੱਲਾਂ ਕਰਕੇ ਬੈਠ ਜਾਂਦਾ ਹਾਂ। ਜਿਥੋਂ ਤੱਕ ਤਾਅਲੁੱਕ ਹੈ ਬੇਈਮਾਨੀ ਦਾ, ਇਹ ਹਰ ਅਦਾਰੇ ਵਿੱਚ ਵੱਧ ਰਹੀ ਹੈ। ਟਰਾਂਸਪੋਰਟ ਦਾ ਲੈ ਲਓ। ਪਿਛਲੇ ਸਾਲ ਇਸ ਦੇ 1 ਕਰੋੜ 5 ਲੱਖ ਦਾ ਖਰਚਾ ਰੱਖਿਆ ਗਿਆ। ਮੇਰੀ ਜਾਣਕਾਰੀ ਮੁਤਾਬਿਕ 15 ਲੱਖ ਦਾ ਖਰਚਾ ਹੋਇਆ ਹੈ। ਬਾਕੀ ਦਾ ਖਰਚਾ ਕਿਉਂ ਨਹੀਂ ਕੀਤਾ, ਕਿਉਂਕਿ [**] ਨਹੀਂ ਹੋਏ, ਇਸ ਕਰਕੇ ਖਰਚਾ ਨਹੀਂ ਕੀਤਾ ਗਿਆ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਹ ਅਨ-ਪਾਰਲੀਮੈਂਟਰੀ ਸ਼ਬਦ ਹੈ। ਇਹ ਐਕਸਪੰਜ ਕੀਤਾ ਜਾਂਦਾ ਹੈ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਪੀਕਰ ਸਾਹਿਬ, ਹੋਰ ਕਈ ਗੱਲਾਂ ਹਨ, ਜਿਨ੍ਹਾਂ ਦੇ ਮੁਤਾਬਿਕ ਮੈਂ ਕਹਿ ਸਕਦਾ ਹਾਂ ਕਿ ਇਹ ਗਲਤ ਗੱਲਾਂ ਹਨ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਲਈ ਜਿਹੜੇ ਫੰਡ ਰੱਖੇ ਗਏ ਹਨ, ਉਹ ਬਹੁਤ ਥੋੜ੍ਹੇ ਹਨ। ਇਸ ਤੋਂ ਇਲਾਵਾ ਸਰਕਾਰ ਨੂੰ ਇਸ ਬਜਟ ਵਿਚ ਇਹ ਗੱਲ ਕਹਿਣੀ ਚਾਹੀਦੀ ਸੀ ਕਿ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦਾ ਜਿਹੜਾ ਫੈਸਲਾ ਸੁਪਰੀਮ ਕੋਰਟ ਨੇ ਦਿੱਤਾ ਹੈ, ਉਸ ਫੈਸਲੇ ਨੂੰ ਲਾਗੂ ਕੀਤਾ ਜਾਵੇਗਾ। ਅਸੂਲੀ ਤੌਰ ਤੇ ਇਸ ਫੈਸਲੇ ਨੂੰ ਲਾਗੂ ਕਰਨਾ ਚਾਹੀਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਵੇਖਦੇ ਹੋਏ ਮੈਂ ਇਸ ਬਜਟ ਨਾਲ ਅਸਹਿਮਤੀ ਪ੍ਰਗਟ ਕਰਦਾ ਹਾਂ ਕਿਉਂਕਿ ਇਸ ਬਜਟ ਵਿਚ ਕੋਈ ਐਸੀ ਗੱਲ ਨਹੀਂ ਜਿਸ ਕਰਕੇ ਇਸ ਨੂੰ ਸਪੋਰਟ ਕੀਤਾ ਜਾਵੇ, ਇਹ ਇਕ ਆਧਾਰਹੀਣ ਬਜਟ ਹੈ। ਧੰਨਵਾਦ।

**ਸ੍ਰੀ ਸਪੀਕਰ** : ਸਰਦਾਰ ਹਰਗੋਪਾਲ ਸਿੰਘ ਜੀ, ਟਾਈਮ ਦੀ ਕੁਝ ਬੰਦਸ਼ ਹੈ। ਇਕੱਲੇ ਤੁਹਾਡੇ ਵਾਸਤੇ ਹੀ ਨਹੀਂ, ਸਾਰਿਆਂ ਵਾਸਤੇ ਹੈ। ਤੁਸੀਂ ਵੇਖ ਹੀ ਲਿਆ ਹੈ ਕਿ ਮੈਂ ਟਾਈਮ ਤੇ ਪਾਬੰਦੀ ਲਗਾਉਣ ਦੀ ਕੋਸ਼ਿਸ਼ ਕੀਤੀ ਹੈ, ਇਸ ਕਰਕੇ ਤੁਸੀਂ ਵੀ ਟਾਈਮ ਦਾ ਖਿਆਲ ਰੱਖਣਾ।

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ (ਬਲਾਚੌਰ)** : ਸਪੀਕਰ ਸਾਹਿਬ, ਇਸ ਤੋਂ ਪਹਿਲੇ ਜਿਹੜਾ ਬਜਟ ਪੇਸ਼ ਕੀਤਾ ਗਿਆ ਸੀ ਅਤੇ ਜਿਹੜਾ 1993-94 ਦਾ ਹੁਣ ਬਜਟ ਪੇਸ਼ ਕੀਤਾ ਗਿਆ ਹੈ, ਇਨ੍ਹਾਂ ਦੋਨਾਂ ਵਿਚ ਮੈਂ ਮਹਿਸੂਸ ਕਰਦਾ ਹਾਂ ਕਿ ਬਹੁਤ ਭਾਰੀ ਅੰਤਰ ਹੈ। ਪੰਜਾਬ ਦੇ ਲੋਕਾਂ ਲਈ ਨਵੀਆਂ ਸਕੀਮਾਂ ਤੇ ਘਟ ਪੈਸਾ ਲਾ ਕੇ ਵਧ ਫਾਇਦਾ ਲਿਆ ਜਾਣ ਚਾਹੀਦਾ ਸੀ ਲੇਕਿਨ ਇਹ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ, ਉਸ ਵਿਚ ਇਹ ਚੀਜ਼ ਨਹੀਂ ਮਿਲ ਰਹੀ। ਸਫਾ-52 ਤੇ ਭਲਾਈ ਵਿਭਾਗ ਦਾ ਜ਼ਿਕਰ ਹੈ। ਪੰਜਾਬ ਵਿਚ ਸਭ ਤੋਂ ਜ਼ਿਆਦਾ ਆਬਾਦੀ ਉਨ੍ਹਾਂ ਲੋਕਾਂ ਦੀ ਹੈ ਜਿਹੜੇ ਡਾਊਨਟਰੋਡਨ ਹਨ, ਦਬੇ ਕੁਚਲੇ ਹਨ, ਅਨੁਸੂਚਿਤ ਜਾਤੀਆਂ ਦੇ ਲੋਕ ਹਨ ਜਾਂ ਪਛੜੀਆਂ ਸ਼ਰੇਣੀਆਂ ਦੇ ਲੋਕ ਹਨ। ਇਨ੍ਹਾਂ ਲੋਕਾਂ ਦੀ ਭਲਾਈ ਵਾਸਤੇ ਜਿਹੜਾ ਪੈਸਾ ਰਖਿਆ ਗਿਆ ਹੈ, ਉਹ ਬਹੁਤ ਘਟ ਰੱਖਿਆ ਗਿਆ ਹੈ। ਪੰਜਾਬ ਦੀ ਇਕ ਵੱਡੀ ਮੈਜਾਰਿਟੀ, ਤਕਰੀਬਨ 70 ਪ੍ਰਤੀਸ਼ਤ ਉਹ ਲੋਕ ਹਨ ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ ਜੀ ਰਹੇ ਹਨ ਪਰ ਸਰਕਾਰ ਭਲਾਈ ਵਿਭਾਗ ਨੂੰ ਜਦ ਇਕ ਡਿਪਾਰਟਮੈਂਟ ਦੇ ਤੌਰ ਤੇ ਸੋਚਦੀ ਹੈ ਤਾਂ ਉਹ ਦੂਸਰੇ ਡਿਪਾਰਟਮੈਂਟਸ ਦੇ ਬਰਾਬਰ ਹੀ ਪੈਸਾ ਇਸ ਨੂੰ ਦਿੰਦੀ ਹੈ। ਇਸ ਡਿਪਾਰਟਮੈਂਟ ਨੂੰ ਪੈਸਾ ਦੇਣ ਲਗਿਆਂ, ਇਨ੍ਹਾਂ ਲੋਕਾਂ ਦੀ ਜ਼ਰੂਰਤ ਨੂੰ ਸਾਹਮਣੇ ਨਹੀਂ ਰੱਖਿਆ ਜਾਂਦਾ ਅਤੇ ਇਨ੍ਹਾਂ ਲੋਕਾਂ ਦੀ ਜ਼ਰੂਰਤ ਦੇ ਮੁਤਾਬਿਕ ਪੈਸਾ ਨਹੀਂ ਦਿਤਾ ਜਾਂਦਾ। ਇਸ ਬਜਟ ਵਿਚ ਅਨੁਸੂਚਿਤ ਜਾਤੀਆਂ, ਪਛੜੀਆਂ ਸ਼ਰੇਣੀਆਂ ਜਾਂ ਹੋਰ ਦਬੇ ਕੁਚਲੇ ਲੋਕਾਂ ਦੀ ਭਲਾਈ ਬਾਰੇ ਕੋਈ ਖਾਸ ਮੈਨਸ਼ਨ ਨਹੀਂ ਕੀਤਾ ਗਿਆ। ਇਹ ਬਜਟ ਇਨ੍ਹਾਂ ਲੋਕਾਂ ਦੀ ਪਾਪੂਲੇਸ਼ਨ ਦੇ ਆਧਾਰ ਤੇ ਵਿਕਸ ਹੋਣਾ ਚਾਹੀਦਾ ਸੀ। ਜਿਨ੍ਹਾਂ ਗਰੀਬ ਲੋਕਾਂ ਦੀ ਵਧ ਗਿਣਤੀ ਹੈ, ਉਨ੍ਹਾਂ ਨੂੰ ਜ਼ਿਆਦਾ ਪੈਸਾ ਦੇਣਾ ਚਾਹੀਦਾ ਸੀ। ਸਪੀਕਰ ਸਾਹਿਬ, 1974-75 ਵਿਚ ਸਰਕਾਰ ਨੇ ਇਕ ਸਕੀਮ ਚਲਾਈ ਸੀ ਕਿ ਜਿਹੜੇ ਲੋਕ ਬੇਘਰ ਹਨ, ਜਿਨ੍ਹਾਂ ਕੋਲ ਆਪਣਾ ਕੋਈ ਘਰ ਨਹੀਂ ਹੈ, ਸਰਕਾਰ ਉਨ੍ਹਾਂ ਲੋਕਾਂ ਨੂੰ ਮਕਾਨ ਬਣਾਉਣ ਲਈ ਜਗ੍ਹਾ ਦੇਵੇਗੀ ਅਤੇ ਗਰਾਂਟਾਂ ਦੇਵੇਗੀ। ਉਸ ਸਕੀਮ ਵਿਚ ਇਕ ਸ਼ਰਤ ਇਹ ਵੀ ਸੀ ਕਿ ਜਿਨ੍ਹਾਂ ਪੰਚਾਇਤਾਂ ਕੋਲ ਆਪਣੀ ਸ਼ਾਮਲਾਤ ਦੀ ਜ਼ਮੀਨ ਹੈ, ਉਸ ਜ਼ਮੀਨ ਵਿਚੋਂ 5 ਮਰਲੇ ਪ੍ਰਤੀ ਵਿਅਕਤੀ ਦੇ

Original with;
Punjab Vidhan Sabha
Digitized by;
Panjab Digital Library

ਹਿਸਾਬ ਨਾਲ ਗਰੀਬ ਲੋਕਾਂ ਨੂੰ ਜ਼ਮੀਨ ਦਿੱਤੀ ਜਾਵੇਗੀ ਅਤੇ ਮਕਾਨ ਬਣਾਉਣ ਲਈ ਪੈਸਾ ਸਰਕਾਰ ਦੇਵੇਗੀ। ਲੇਕਿਨ ਇਹ ਸਕੀਮ ਜਿਹੜੀ ਪਿਛਲੀਆਂ ਸਰਕਾਰਾਂ ਨੇ ਸ਼ੁਰੂ ਕੀਤੀ ਸੀ, ਇਹ ਬਹੁਤ ਸੁਸਤ ਰਫਤਾਰ ਨਾਲ ਇੰਪਲੀਮੈਂਟ ਹੋ ਰਹੀ ਹੈ। ਇਸ ਸਕੀਮ ਨੂੰ ਲਾਗੂ ਕਰਨ ਲਈ ਜ਼ਿਆਦਾ ਧਿਆਨ ਇਸ ਬਜਟ ਵਿਚ ਦਿਤਾ ਜਾਣਾ ਚਾਹੀਦਾ ਸੀ। ਜੇ ਕਿਤੇ 5–5 ਮਰਲੇ ਜਗ੍ਹਾ ਦਿੱਤੀ ਵੀ ਗਈ ਹੈ ਤਾਂ ਉਨ੍ਹਾਂ ਥਾਵਾਂ ਤੇ ਕਬਜ਼ਾ ਅੱਜ ਕਿਸੇ ਹੋਰ ਦਾ ਹੈ। ਗਰਾਂਟਾਂ ਦੇਣ ਦੀ ਗੱਲ ਤਾਂ ਦੂਰ ਰਹੀ, ਮਕਾਨ ਬਣਾਉਣ ਦੀ ਗੱਲ ਤਾਂ ਦੂਰ ਰਹੀ, ਉਨ੍ਹਾਂ ਥਾਵਾਂ ਤੇ ਕਬਜ਼ਾ ਵੀ ਉਨ੍ਹਾਂ ਲੋਕਾ ਦਾ ਨਹੀਂ ਰਿਹਾ। ਵੇਖਣ ਵਾਲੀ ਗੱਲ ਇਹ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਆਉਣ ਵਾਲੇ ਭਵਿੱਖ ਵਿਚ ਜਿਹੜੀਆਂ ਸਕੀਮਾਂ ਸਰਕਾਰ ਸਦਨ ਦੀ ਮੇਜ਼ ਤੇ ਰਖਦੀ ਹੈ ਜਾਂ ਕੋਈ ਡਿਪਾਰਟਮੈਂਟ ਉਨ੍ਹਾਂ ਸਕੀਮਾਂ ਨੂੰ ਨੋਟੀਫਾਈ ਕਰਦਾ ਹੈ, ਕੀ ਸਰਕਾਰ ਉਸ ਤੇ ਪੂਰਾ ਉਤਰਦੀ ਹੈ ? ਇਕ ਹੋਰ ਸਕੀਮ ਸਰਕਾਰ ਨੇ ਪਿੰਡਾਂ ਵਿਚ ਜੰਜ-ਘਰ ਬਣਾਉਣ ਦੀ ਚਲਾਈ ਹੈ ਪਰ ਮੈਂ ਕਹਿੰਦਾ ਹਾਂ ਕਿ ਜਿਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਕੋਲ ਸ਼ਾਮਲਾਤ ਦੀ ਜ਼ਮੀਨ ਨਹੀਂ ਹੈ, ਉਨ੍ਹਾਂ ਦਾ ਕੀ ਕਸੂਰ ਹੈ? ਸਰਕਾਰ ਦੀ ਨੀਤੀ ਤਾਂ ਬੜੀ ਚੰਗੀ ਹੈ ਪਰ ਉਨ੍ਹਾਂ ਪੰਚਾਇਤਾਂ ਦਾ ਕੀ ਕਸੂਰ ਹੈ ਜਿਨ੍ਹਾਂ ਕੋਲ ਸ਼ਾਮਲਾਤ ਦੀ ਜ਼ਮੀਨ ਨਹੀਂ ਹੈ ? ਸਰਕਾਰ ਜੰਜ-ਘਰ ਬਣਾਉਣ ਵਾਸਤੇ 50,000 ਰੁਪਏ ਦੇ ਰਹੀ ਹੈ ਪਰ ਜਿਨ੍ਹਾਂ ਪਿੰਡਾਂ ਦੇ ਕੋਲ ਸ਼ਾਮਲਾਤ ਜ਼ਮੀਨ ਨਹੀਂ ਹੈ ਜਾਂ ਜਿਹੜੇ ਲੋਕ ਆਪ ਜ਼ਮੀਨ ਖਰੀਦ ਨਹੀਂ ਕਰ ਸਕਦੇ ਉਸ ਬਾਰੇ ਸਰਕਾਰ ਨੂੰ ਚਾਹੀਦਾ ਹੈ ਕਿ ਸਰਕਾਰ ਆਪ ਜ਼ਮੀਨ ਐਕੁਆਇਰ ਕਰਕੇ ਉਨ੍ਹਾਂ ਨੂੰ ਪੈਸੇ ਦੇਵੇ ਤਾਂ ਕਿ ਸਰਕਾਰ ਦੀ ਇਹ ਪਾਲਿਸੀ ਸਹੀ ਤਰੀਕੇ ਦੇ ਨਾਲ ਇੰਪਲੀਮੈਂਟ ਹੋ ਸਕੇ। ਜਿਹੜਾ ਪੈਸਾ ਬਜਟ ਵਿਚ ਰੱਖਿਆ ਗਿਆ ਹੈ ਇਸ ਸਕੀਮ ਵਾਸਤੇ ਉਸ ਦੀ ਠੀਕ ਵਰਤੋਂ ਤਾਂ ਹੀ ਹੋ ਸਕਦੀ ਹੈ। ਇਸ ਸਕੀਮ ਨੂੰ ਅਮਲੀ ਤੌਰ ਤੇ ਇੰਪਲੀਮੈਂਟ ਕਰਨਾ ਚਾਹੀਦਾ ਹੈ।

ਪੈਨਸ਼ਨਾਂ ਬਾਰੇ ਗੱਲ ਕੀਤੀ ਗਈ ਹੈ। ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਜੋ ਵੀ ਹੋਵੇ ਉਹ ਉਸੇ ਲਿਹਾਜ਼ ਨਾਲ ਦਿੱਤੀ ਜਾਣੀ ਚਾਹੀਦੀ ਹੈ। ਇਹ ਪੈਨਸ਼ਨ ਵਧਾ ਕੇ 100/-ਤੋਂ 150/-ਰੁਪਏ ਕਰ ਦਿੱਤੀ ਗਈ ਹੈ। ਇਨ੍ਹਾਂ ਪੈਸਿਆਂ ਨਾਲ ਇਕ ਮਹੀਨੇ ਦਾ ਗੁਜ਼ਾਰਾ ਨਹੀਂ ਹੋ ਸਕਦਾ ਜਿਹੜਾ ਬਜ਼ੁਰਗ ਚਲ ਫਿਰ ਨਹੀਂ ਸਕਦਾ, ਜਿਸ ਹੈਸੀਅਤ ਵਿਚ ਪੈਨਸ਼ਨ ਲਗੀ ਹੈ ਬਜ਼ੁਰਗ ਨੂੰ ਜਾਂ ਵਿਧਵਾ ਨੂੰ ਉਸ ਬਾਰੇ ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਇਨੇ ਪੈਸਿਆਂ ਨਾਲ ਉਨ੍ਹਾਂ ਦਾ ਮਹੀਨੇ ਦਾ ਗੁਜ਼ਾਰਾ ਚਲ ਸਕਦਾ ਹੈ ? ਇਤਨੀ ਕੁ ਪੈਨਸ਼ਨ ਵਧਾਉਣੀ ਚਾਹੀਦੀ ਹੈ ਜਿਸ ਨਾਲ ਕਿ ਉਸ ਦਾ ਗੁਜ਼ਾਰਾ ਹੋ ਸਕੇ। ਦੂਸਰਾ ਜਿਹੜਾ ਵਿਧਵਾ ਪੈਨਸ਼ਨ ਦਿਤੀ ਜਾਂਦੀ ਹੈ ਉਸ ਦਾ ਜਦੋਂ ਬੱਚਾ ਵਡਾ ਹੁੰਦਾ ਹੈ ਤਾਂ ਪੈਨਸ਼ਨ ਫਾਰਮ ਦੇ ਵਿਚ ਭਰਿਆ ਜਾਂਦਾ ਹੈ ਕਿ ਜਿਸ ਦਾ ਕੋਈ ਵਾਰਸ ਨਹੀਂ ਉਸ ਨੂੰ ਪੈਨਸ਼ਨ ਦਿਤੀ ਜਾਵੇਗੀ ਪਰ ਜਦੋਂ ਉਸ ਦਾ ਬੱਚਾ ਜਵਾਨ ਹੁੰਦਾ ਹੈ ਤਾਂ ਉਸ ਨੂੰ ਇਹ ਪੈਨਸ਼ਨ ਨਹੀਂ ਦਿਤੀ ਜਾਂਦੀ ਇਸ ਵਾਸਤੇ ਮੇਰੀ ਸਰਕਾਰ ਨੂੰ ਸੁਜੈਸ਼ਨ ਹੈ ਕਿ ਅਜਿਹੀ ਪੈਨਸ਼ਨ ਸਾਰੀ ਉਮਰ ਤਕ ਚਲਦੀ ਰਹਿਣੀ ਚਾਹੀਦੀ ਹੈ। ਜਦੋਂ ਉਹ ਵਿਧਵਾ ਹੈ ਤਾਂ ਉਸ ਨੂੰ ਸਦਾ ਲਈ ਹੀ ਵਿਧਵਾ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਉਸ ਨੂੰ ਇਹ ਪੈਨਸ਼ਨ ਲੌਂਗ ਲਾਈਫ ਤਕ ਮਿਲਣੀ ਚਾਹੀਦੀ ਹੈ।

ਸਰਕਾਰ ਨੇ ਕਾਫੀ ਲੰਮੇਂ ਤੋਂ ਐਲਾਨ ਕੀਤਾ ਸੀ ਕਿ ਟਰਾਂਸਪੋਰਟਰਾਂ ਤੋਂ ਯਕਮੁਸ਼ਤ ਟੈਕਸ ਵਸੂਲਿਆ ਜਾਵੇਗਾ। ਇਹ ਨੀਤੀ ਬਹੁਤ ਹੀ ਘਟੀਆ ਹੈ ਕਿਉਂ ਕਿ ਜਿਹੜੇ ਟਰਾਂਸਪੋਰਟਰ ਹਨ ਉਨ੍ਹਾਂ ਨੇ ਕੇਵਲ ਉਨ੍ਹਾਂ ਮੁਸਾਫਰਾਂ ਦੀਆਂ ਟਿਕਟਾਂ ਹੀ ਕਟਣੀਆਂ ਹਨ ਜਿਹੜੇ ਗਡੀ ਦੇ ਵਿਚ ਬੈਠਦੇ ਹਨ ਔਰ ਟੈਕਸ ਮੁਸਾਫਰਾਂ ਨੇ ਦੇਣਾ ਹੁੰਦਾ ਹੈ ਜਿਹੜਾ ਕਿ ਬਾਅਦ ਵਿਚ ਸਰਕਾਰ ਕੋਲ ਆ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਗੋਪਾਲ ਸਿਘ ਐਡਵੋਕੇਟ ]
ਸਰਕਾਰ ਦੀ ਇਹ ਲੰਪਸੰਪ ਟੈਕਸ ਦੀ ਪਾਲਿਸੀ ਠੀਕ ਨਹੀਂ ਹੈ। ਕਿਉਂਕਿ ਜਿੰਨੇ ਮੁਸਾਫਰ ਬੈਠਣਗੇ ਉਨ੍ਹਾਂ ਹੀ ਟੈਕਸ ਦੇਣਾ ਹੋਵੇਗਾ। ਇਸ ਯਕਮੁਸ਼ਤ ਪਾਲਿਸੀ ਨਾਲ ਜਿਹੜੇ ਛੋਟੇ ਟਰਾਂਸਪੋਰਟਰ ਹਨ ਉਨ੍ਹਾਂ ਦੀ ਰੋਟੀ-ਰੋਜ਼ੀ ਤੇ ਮਾੜਾ ਅਸਰ ਪੈਂਦਾ ਹੈ ਇਹ ਪਾਲਿਸੀ ਉਨ੍ਹਾਂ ਦੇ ਹਿਤ ਵਿਚ ਬਿਲਕੁਲ ਨਹੀਂ। ਸਰਕਾਰ ਦੀ ਇਹ ਘਟੀਆ ਪਾਲਿਸੀ ਹੈ। ਇਹ ਉਨ੍ਹਾਂ ਦੀ ਰੋਟੀ ਤੇ ਛਾਪਾ ਮਾਰਨ ਵਾਲੀ ਗਲ ਹੈ। ਇਸ ਲਈ ਮੈਂ ਸੁਜੈਸ਼ਨ ਦੇਂਦਾ ਹਾਂ ਕਿ ਲੰਪਸੰਮ ਟੈਕਸ ਵਾਲੀ ਨੀਤੀ ਜ਼ਰਾ ਇਧਰ-ਉਧਰ ਕਰਨੀ ਚਾਹੀਦੀ ਹੈ ਔਰ ਜਿੰਨੀਆਂ ਟਿਕਟਾਂ ਬਸਾਂ ਦੇ ਵਿਚ ਵਿਕਦੀਆਂ ਹਨ ਉਨ੍ਹਾਂ ਦੇ ਆਧਾਰ ਤੇ ਹੀ ਟੈਕਸ ਲਿਆ ਜਾਣਾ ਚਾਹੀਦਾ ਹੈ ਜਿਸ ਤਰ੍ਹਾਂ ਕਿ ਸਰਕਾਰ ਦੀ ਪਹਿਲੀ ਪਾਲਿਸੀ ਸੀ ਉਸੇ ਅਨੁਸਾਰ ਹੀ ਇਹ ਟੈਕਸ ਵਸੂਲਿਆ ਜਾਣਾ ਚਾਹੀਦਾ ਹੈ।

ਸਪੀਕਰ ਸਾਹਿਬ, ਪਿੰਡਾਂ ਦੇ ਵਿਚ ਕਾਲੋਨੀਆਂ ਬਣਾਉਣ ਦੀ ਸਕੀਮ ਹੈ ਸਰਕਾਰ ਦੀ ਇਹ ਸਕੀਮ ਅੱਛੀ ਹੈ। ਇਸ ਸਕੀਮ ਦੀ ਇੰਪਲੀਮੈਂਟੇਸ਼ਨ ਸਹੀ ਤਰੀਕੇ ਨਾਲ ਹੋਣੀ ਚਾਹੀਦੀ ਹੈ। ਕੋਈ ਵੀ ਸਕੀਮ ਭਲਾਈ ਵਾਸਤੇ ਹੋਵੇ ਉਸ ਦੀ ਇੰਪਲੀਮੈਂਟੇਸ਼ਨ ਠੀਕ ਢੰਗ ਨਾਲ ਹੋਣੀ ਬਹੁਤ ਜ਼ਰੂਰੀ ਹੈ। ਸਾਡੀ ਸਰਕਾਰ ਕੋਈ ਐਲਾਨ ਕਰੇ ਜਾਂ ਮੰਤਰੀ ਕੋਈ ਐਲਾਨ ਕਰਨ ਉਸ ਦਾ ਉਤਨੀ ਦੇਰ ਕੋਈ ਫਾਇਦਾ ਨਹੀਂ ਜਿੰਨੀ ਦੇਰ ਉਸ ਨੂੰ ਅਮਲ ਵਿਚ ਨਾ ਲਿਆਂਦਾ ਜਾਵੇ। ਜਦੋਂ ਸਰਕਾਰ ਹਰੀਜਨਾਂ ਵਾਸਤੇ ਕੋਈ ਗਰਾਂਟ ਦਿੰਦੀ ਹੈ ਤਾਂ ਥਲਿਓਂ ਉਪਰ ਤਕ ਕਈ ਅਫਸਰ ਹਨ ਜਿਸ ਕਾਰਨ ਉਹ ਸਹੀ ਲੋਕਾਂ ਤਕ ਠੀਕ ਢੰਗ ਨਾਲ ਨਹੀਂ ਪਹੁੰਚਦੀ ਔਰ ਠੀਕ ਢੰਗ ਨਾਲ ਡਿਪਾਰਟਮੈਂਟਲ ਸਿਸਟਮ ਵਿਚ ਸੁਧਾਰ ਕੀਤਾ ਜਾਣਾ ਚਾਹੀਦਾ ਹੈ। ਇਹ ਵੀ ਦੇਖਿਆ ਗਿਆ ਹੈ ਜਿਥੇ ਸਰਕਾਰ ਨੇ ਪਿਛਲੇ ਬਜਟ ਵਿਚ ਸੀ.ਐਮ. ਸਾਹਿਬ ਨੇ ਵਾਅਦਾ ਕੀਤਾ ਸੀ ਕਿ ਸਮਾਜ ਭਲਾਈ ਮਹਿਕਮੇ ਦੇ ਅੰਦਰ ਰਿਜ਼ਰਵੇਸ਼ਨ ਐਕਟ ਬਣਾਇਆ ਜਾਵੇਗਾ। ਦੋ ਤਿੰਨ ਵਾਰ ਇਸ ਸਦਨ ਦੇ ਅੰਦਰ ਮੁੱਖ ਮੰਤਰੀ ਜੀ ਨੇ ਇਸ ਗਲ ਦਾ ਭਰੋਸਾ ਦਿਵਾਇਆ ਹੈ ਕਿ ਰੇਜ਼ਰਵੇਸ਼ਨ ਐਕਟ ਇਸ ਸਦਨ ਦੀ ਮੇਜ਼ ਤੇ ਰਖਿਆ ਜਾਵੇਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਜ ਤੀਜਾ ਚੌਥਾ ਸੈਸ਼ਨ ਸ਼ੁਰੂ ਹੋ ਗਿਆ ਹੈ ਔਰ ਸੀ.ਐਮ. ਸਾਹਿਬ ਇਸ ਸਦਨ ਵਿਚ ਬੈਠੇ ਹਨ ਕੀ ਉਹ ਇਸ ਵਾਅਦੇ ਤੇ ਪੂਰੇ ਉਤਰੇ ਹਨ। ਮੈਂ ਇਹ ਗਲ ਇਸ ਕਰਕੇ ਕਹਿ ਰਿਹਾ ਹਾਂ ਕਿ ਸਾਨੂੰ ਉਹੀ ਗਲ ਕਰਨੀ ਚਾਹੀਦੀ ਹੈ ਜਿੰਨੀ ਕਿ ਸਾਡੀ ਆਪਣੀ ਪਾਕਿਟ ਜਾਂ ਦਿਮਾਗ ਇਜਾਜ਼ਤ ਦਿੰਦਾ ਹੋਵੇ ਕਿਉਂਕਿ ਜਿਹੜੀ ਇਹ ਗਲ ਕਹੀ ਗਈ ਸੀ ਉਸ ਨਾਲ ਉਨ੍ਹਾਂ ਲੋਕਾਂ ਵਿਚ ਬੜਾ ਉਤਸ਼ਾਹ ਸੀ ਜਿਨ੍ਹਾਂ ਨੂੰ ਇਸ ਦਾ ਫਾਇਦਾ ਪਹੁੰਚਣਾ ਸੀ ਪਰ ਅਜ ਅਸੀਂ ਦੇਖਦੇ ਹਾਂ ਕਿ ਇਸ ਸਦਨ ਦੇ ਵਿਚ ਰੀਜ਼ਰਵੇਸ਼ਨ ਐਕਟ ਬਣਾਉਣਾ ਤਾਂ ਵਖਰੀ ਗਲ ਇਸ ਬਜਟ ਦੇ ਵਿਚ ਜਾਂ ਰੀਜ਼ਰਵੇਸ਼ਨ ਐਕਟ ਹੈ ਅਤੇ ਸਮਾਜ ਭਲਾਈ ਮਹਿਕਮੇ ਦੇ ਅੰਦਰ ਹਰੀਜਨ ਲੋਕਾਂ ਦੀ ਜਿਹੜੀ ਮਾਲੀ ਮਦਦ ਜਾਂ ਗਰੀਬਾਂ ਦੀ ਸਹਾਇਤਾ ਹੋਣੀ ਚਾਹੀਦੀ ਸੀ ਉਸ ਦਾ ਨਾਂ ਤਕ ਵੀ ਨਹੀਂ ਹੈ। ਮੈਂ ਫਿਰ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਵਾਰ ਰਿਜ਼ਰਵੇਸ਼ਨ ਐਕਟ ਰਖਿਆ ਜਾਵੇ, ਉਸ ਦਾ ਖਰੜਾ ਤਿਆਰ ਹੈ।

*11.45 A.M. | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਅੱਜ ਭਰੋਸਾ ਦੇਵੇ ਬੈਕਲਾਗ ਪੂਰਾ ਕਰਨ ਵਾਸਤੇ, ਰਿਜ਼ਰਵੇਸ਼ਨ ਐਕਟ ਬਣਾਉਣ ਵਾਸਤੇ। ਸ਼ਡਿਊਲਡ ਕਾਸਟਾਂ ਦੇ ਨਾਲ ਸਿਨਿਆਰਟੀ ਦੇ ਆਧਾਰ ਉਤੇ ਬੇਨਿਯਮੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੇ ਹਕ ਮਾਰ ਕੇ ਦੂਸਰਿਆਂ ਨੂੰ ਪਰਮੋਟ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਰਿਜ਼ਰਵੇਸ਼ਨ ਨੂੰ ਇਗਨੋਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਜਾਣ-ਬੁਝ ਕੇ ਮਾਰੂ ਨੀਤੀ ਰਾਹੀਂ ਰੋਕਿਆ ਜਾ ਰਿਹਾ ਹੈ। ਮੈਂ ਇਹ ਗਲ ਕਹਿਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਪਹਿਲਾਂ ਸਰਦਾਰ ਦਲੀਪ ਸਿੰਘ ਪਾਂਧੀ ਜੀ ਨੇ ਰਿਜ਼ਰਵੇਸ਼ਨ ਐਕਟ ਬਣਾਉਣ ਵਾਸਤੇ ਇਕ ਖਰੜਾ ਤਿਆਰ ਕੀਤਾ ਸੀ । ਸਰਕਾਰ ਨੂੰ ਉਸ ਉਤੇ ਗੌਰ ਕਰਨਾ ਚਾਹੀਦਾ ਹੈ। ਜੇਕਰ ਸਰਕਾਰ ਇਸ ਤਰ੍ਹਾਂ ਕਰਨ ਨੂੰ ਤਿਆਰ ਨਹੀਂ ਤਾਂ ਉਸ ਵਿਚ ਕੁਝ ਰਦੋ-ਬਦਲ ਕਰਕੇ ਆਉਣ ਵਾਲੇ ਸਮੇਂ ਵਿੱਚ ਉਸ ਨੂੰ ਪਾਸ ਕਰਨਾ ਚਾਹੀਦਾ ਹੈ । ਸ਼ਡਿਊਲਡ ਕਾਸਟਾਂ ਦੀ ਗਿਣਤੀ 37-38 ਪ੍ਰਤੀਸ਼ਤ ਹੈ ਭਾਵੇਂ ਕਿ ਸਰਕਾਰ ਘੱਟ ਦੱਸਦੀ ਹੈ। ਜਿੰਨੀ ਦੇਰ ਤੱਕ ਸੀ.ਐਮ. ਸਾਹਿਬ ਆਪਣੇ ਕੀਤੇ ਵਾਅਦਿਆਂ ਤੇ ਪੂਰੇ ਨਹੀਂ ਉਤਰਦੇ, ਇਸ ਕਲਾਸ ਦਾ ਕੁਝ ਨਹੀਂ ਸੰਵਰਨਾ। ਇਕ ਪਾਸੇ ਪੰਜਾਬ ਦੇ ਮਾਹੌਲ ਦੀ ਗੱਲ ਕੀਤੀ ਜਾਂਦੀ ਹੈ, ਦੂਜੇ ਪਾਸੇ ਪੰਚਾਇਤਾਂ ਦੀ ਗੱਲ ਕੀਤੀ ਜਾਂਦੀ ਹੈ ਅਤੇ ਤੀਸਰਾ ਉਨ੍ਹਾਂ ਲੋਕਾਂ ਦੇ ਭਲੇ ਦੀ ਗੱਲ ਕੀਤੀ ਜਾਂਦੀ ਹੈ ਜਿਨ੍ਹਾਂ ਦੀ ਕਿ ਅਬਾਦੀ ਤੀਜਾ ਹਿੱਸੇ ਤੋਂ ਵੀ ਜ਼ਿਆਦਾ ਹੈ। ਸੀ.ਐਮ. ਸਾਹਿਬ ਅਤੇ ਉਨ੍ਹਾਂ ਦੇ ਸਹਿਯੋਗੀ ਮੰਤਰੀ ਬਿਆਨ ਦੇਈ ਜਾਂਦੇ ਹਨ, ਵਾਅਦੇ ਕਰੀ ਜਾਂਦੇ ਹਨ ਪਰ ਉਨ੍ਹਾਂ ਉਤੇ ਪੂਰਾ ਨਹੀਂ ਉਤਰਦੇ। ਸਰਕਾਰ ਨੂੰ ਉਹੀ ਗੱਲਾਂ ਲੋਕਾਂ ਦੇ ਸਾਹਮਣੇ ਰੱਖਣੀਆਂ ਚਾਹੀਦੀਆਂ ਹਨ ਜਾਂ ਸਦਨ ਦੀ ਮੇਜ਼ ਤੇ ਰੱਖਣੀਆਂ ਚਾਹੀਦੀਆਂ ਹਨ ਜਿਨ੍ਹਾਂ ਦੇ ਉੱਤੇ ਕਿ ਉਹ ਪੂਰਾ ਉੱਤਰ ਸਕੇ ਨਾ ਕਿ ਐਵੇਂ ਹੀ ਲੋਕਾਂ ਨੂੰ ਭੰਬਲਭੂਸੇ ਵਿੱਚ ਪਾਈ ਰੱਖਣ । ਸਰਕਾਰ ਕਹਿੰਦੀ ਹੈ ਕਿ ਗਰੀਬਾਂ ਅਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੇ 5000/-ਰੁਪਏ ਦੇ ਕਰਜ਼ੇ ਮੁਆਫ ਕਰਨ ਦਾ ਫੈਸਲਾ ਕੀਤਾ ਹੈ। ਪਿਛਲੇ ਬਜਟ ਸੈਸ਼ਨ ਵਿਚ ਵੀ ਇਸ ਦਾ ਐਲਾਨ ਕੀਤਾ ਗਿਆ ਸੀ।ਸਾਰੇ ਮੰਤਰੀ ਅਤੇ ਮੁੱਖ ਮੰਤਰੀ ਜੀ ਬਾਹਰ ਸਟੇਜਾਂ ਤੇ ਜਾ ਕੇ ਕਹਿੰਦੇ ਫਿਰਦੇ ਹਨ ਕਿ ਅਸੀਂ 5,000/-ਰੁਪਏ ਦੇ ਕਰਜ਼ੇ ਮੁਆਫ ਕਰ ਦਿੱਤੇ ਹਨ ਕਿਸਾਨਾਂ, ਮਜ਼ਦੂਰਾਂ ਅਤੇ ਗਰੀਬ ਲੋਕਾਂ ਦੇ। ਪਰ ਮੈਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਜਾ ਕੇ ਆਮ ਦੇਖਣ ਨੂੰ ਮਿਲਦਾ ਹੈ ਕਿ ਬੈਂਕਾਂ ਵਾਲੇ, ਸੁਸਾਇਟੀਆਂ ਵਾਲੇ ਅਤੇ ਹਰ ਮਹਿਕਮੇ ਵਾਲੇ ਐਸ.ਸੀ. ਨੂੰ ਕਰਜ਼ਾ ਚੁਕਾਉਣ ਵਾਸਤੇ ਨੋਟਿਸ ਕੱਢੀ ਫਿਰਦੇ ਹਨ ਅਤੇ ਉਨ੍ਹਾਂ ਉਤੇ ਕੇਸ ਚਲਾਉਣ ਨੂੰ ਤਿਆਰ ਹਨ ਅਤੇ ਉਨ੍ਹਾਂ ਦੇ ਕਰਜ਼ੇ ਬਿਲਕੁਲ ਮੁਆਫ ਨਹੀਂ ਹੋਏ। ਮੈਂ ਕਹਿੰਦਾ ਹਾਂ ਕਿ ਸਰਕਾਰ ਜਿਹੜਾ ਵਾਅਦਾ ਸਦਨ ਵਿਚ ਦਿੰਦੀ ਹੈ, ਕਹਿਦੀ ਹੈ ਉਸ ਉਤੇ ਸਾਨੂੰ ਪੂਰਾ ਉਤਰਨਾ ਚਾਹੀਦਾ ਹੈ। ਕੇਵਲ ਬਿਆਨਬਾਜ਼ੀਆਂ ਕਰਕੇ ਲੋਕਾਂ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ। ਸਰਕਾਰ ਨੇ ਸਾਲ 1993-94 ਦੇ ਬਜਟ ਵਿਚ ਵੀ ਇਹ ਗੱਲ ਕਹੀ ਹੈ ਕਿ ਵਿੱਤੀ ਕਾਰਪਰੇਸ਼ਨਾਂ ਪਛੜੀਆਂ ਸ਼ਰੇਣੀਆਂ ਅਤੇ ਸ਼ਡਿਊਲਡ ਕਾਸਟਾਂ ਨੂੰ 5,000/-ਰੁਪਏ ਦੇ ਕਰਜ਼ੇ ਮੁਆਫ ਕਰਨਗੀਆਂ। ਪਰ ਹੁਣ ਵੀ ਇਹੀ ਪ੍ਰਭਾਵ ਹੈ ਕਿ ਇਹ ਸਿਰਫ ਬਿਆਨਬਾਜ਼ੀਆਂ ਹੀ ਹਨ। ਜੇਕਰ ਸਰਕਾਰ ਸੱਚੇ ਦਿਲੋਂ ਉਨ੍ਹਾਂ ਦੇ ਕਰਜ਼ੇ ਮੁਆਫ ਕਰਨਾ ਚਾਹੁੰਦੀ ਹੈ ਤਾਂ ਬੈਂਕਾਂ, ਸੁਸਾਇਟੀਆਂ ਅਤੇ ਕਾਰਪੋਰੇਸ਼ਨਾਂ ਨੂੰ ਚਿੱਠੀ ਕੱਢੀ ਜਾਵੇ ਅਤੇ ਇਹ ਅੱਜ ਹੀ ਕਢੀ ਜਾਵੇ ਅਤੇ ਇਸ ਬਾਰੇ ਸਦਨ ਵਿੱਚ ਅੱਜ ਭਰੋਸਾ ਦਿੱਤਾ ਜਾਵੇ ਤਾਂਕਿ ਉਹ ਅਜਿਹੇ ਵਿਅਕਤੀਆਂ ਦੇ ਵਾਰੰਟ ਨਾ ਕੱਢਣ । ਜਿੰਨੀ ਦੇਰ ਤੱਕ ਇਹ ਚਿੱਠੀ ਉਨ੍ਹਾਂ ਤੱਕ ਨਹੀਂ ਪਹੁੰਚਦੀ ਉਨੀ ਦੇਰ ਤੱਕ ਇਹ ਕਰਜ਼ੇ ਮੁਆਫ ਨਹੀਂ ਹੋਣੇ। ਸੀ.ਐਮ. ਸਾਹਿਬ ਨੇ ਜਿਹੜੀ ਬੈਕਲਾਗ ਦੇ ਬਾਰੇ ਕਮੇਟੀ ਬਣਾਈ ਹੈ, ਉਸ ਕਮੇਟੀ ਦੀਆਂ ਕਈ ਮੀਟਿੰਗਾਂ ਵੀ ਹੋ ਚੁੱਕੀਆਂ ਹਨ। ਪਰ ਉਨ੍ਹਾਂ ਮੀਟਿੰਗਾਂ ਵਿਚ ਮਹਿਕਮਿਆਂ ਨੂੰ ਨਹੀਂ ਸੱਦਿਆ ਗਿਆ ਕਿ ਉਨ੍ਹਾਂ ਵਿਚ ਕਿੰਨਾ ਬੈਕਲਾਗ ਹੈ, ਕਿੰਨਾ ਪੂਰਾ ਹੋ ਗਿਆ ਹੈ ਅਤੇ ਕਿੰਨਾ ਕਦੋਂ ਕਰਨਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਰਿਜ਼ਰਵੇਸ਼ਨ ਕਮੇਟੀ ਬਣਾਉਣ ਦੇ ਬਾਵਜੂਦ ਵੀ ਕੋਈ ਗੱਲ ਸਹੀ ਤਰੀਕੇ ਨਾਲ ਉਭਰ ਕੇ ਸਾਹਮਣੇ ਨਹੀਂ ਆਈ ਹਾਲਾਂ ਕਿ ਇਸ ਕਮੇਟੀ ਦੇ ਚੇਅਰਮੈਨ ਮੁੱਖ ਮੰਤਰੀ ਜੀ ਆਪ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟ ਦੀ ਭਲਾਈ ਵਾਸਤੇ ਜਿਹੜੀਆਂ ਸਕੀਮਾਂ ਬਣਾਈਆਂ ਜਾਂਦੀਆਂ ਹਨ, ਉਹ ਇੰਨੀਆਂ ਘਟੀਆ ਨਹੀਂ ਹੋਣੀਆਂ ਚਾਹੀਦੀਆਂ ਕਿ ਜਿਹੜੇ ਉਨ੍ਹਾਂ ਦੇ ਕਾਨੂੰਨੀ ਹੱਕ ਬਣਦੇ ਹਨ, ਉਹ ਵੀ ਉਨ੍ਹਾਂ ਨੂੰ ਨਾ ਮਿਲਣ। ਬੈਕਲਾਗ ਦੀ ਨੀਤੀ ਨੂੰ ਸਹੀ ਤੌਰ ਤੇ ਇੰਪਲੀਮੈਂਟ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਗੋਪਾਲ ਸਿੰਘ ਐਡਵੋਕੇਟ]

ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਇਥੇ ਸਰਕਾਰ ਨੇ ਪੁਲਿਸ ਦੀ ਬੜੀ ਧਰੇਜ਼ ਕੀਤੀ ਹੈ। ਮੈਂ ਦਸਦਾ ਹਾਂ ਕਿ ਜਿੱਥੇ ਪੁਲਿਸ ਨੂੰ ਅੱਤਵਾਦੀਆਂ ਨੂੰ ਮਾਰਨ ਦੇ ਇਨਾਮ ਦਿਤੇ ਗਏ ਉਥੇ ਇਸ ਦਾ ਦੂਸਰਾ ਪੱਖ ਵੀ ਲਿਆ ਜਾਣਾ ਚਾਹੀਦਾ ਹੈ ਕਿ ਜਿੱਥੇ ਪੁਲਿਸ ਨੇ ਚੰਗੇ ਕੰਮ ਕੀਤੇ ਉਥੇ ਮਾੜੇ ਵੀ ਕੀਤੇ ਇਹ ਨਹੀਂ ਦਸਿਆ। ਕਿਉਂਕਿ ਅੱਜ ਸਰਕਾਰ ਨੇ ਪਹਿਲੇ ਸੈਸ਼ਨ ਵਿਚ ਸਾਨੂੰ ਸਟੇਟੱਸ ਦੇ ਦਿਤਾ। ਸਾਰੇ ਐਮ.ਐਲ.ਏਜ਼. ਲਈ ਸਰਬਸੰਮਤੀ ਨਾਲ ਕਾਨੂੰਨ ਬਣਾਇਆ ਗਿਆ ਅਤੇ ਸਾਰੇ ਐਮ.ਐਲ.ਏਜ਼. ਦਾ ਸਟੇਟਸ ਸੀ.ਐਸ. ਤੋਂ ਉਪਰ ਕਰ ਦਿਤਾ। ਇਸ ਸਟੇਟਸ ਨੂੰ ਮੇਨਟੇਨ ਰਖਣਾ ਵੀ ਸਾਡਾ ਫਰਜ਼ ਹੈ।

**Mr. Deputy Speaker** : Sardar Hargopal Singh Ji, please wind up now.

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਸਪੀਕਰ ਸਾਹਿਬ, ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ ਸਾਨੂੰ ਇਸ ਸਟੇਟੱਸ ਨੂੰ ਬਰਕਰਾਰ ਰਖਣਾ ਚਾਹੀਦਾ ਹੈ। ਮੈਂ ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਜਿੱਥੇ ਸਟੇਟੱਸ ਦੀ ਗੱਲ ਆਉਂਦੀ ਹੈ ਉਥੇ ਹਮੇਸ਼ਾ ਵਿਤਕਰਾ ਕੀਤਾ ਜਾਂਦਾ ਹੈ। ਮੈਂ ਤੁਹਾਨੂੰ ਉਦਾਹਰਣ ਦੱਸਣ ਲੱਗਾ ਹਾਂ ਕਿ ਬਲਾਚੌਰ ਵਿਚ ਇਕ ਐਸ.ਐਚ.ਓ. ਪੂਰਨ ਚੰਦ ਸ਼ਰਮਾਂ ਲਗਾ ਹੋਇਆ ਹੈ। ਸਰਕਾਰ ਨੇ ਸਾਨੂੰ ਸੀ.ਐਸ. ਤੋਂ ਉਪਰ ਦਾ ਸਟੇਟੱਸ ਦਿਤਾ ਹੈ ਪਰ ਅੱਜ ਐਮ.ਐਲ.ਏ. ਦੇ ਸਟੇਟੱਸ ਨੂੰ ਬਹਾਲ ਨਹੀਂ ਰੱਖਿਆ ਜਾ ਰਿਹਾ ਕਿਉਂਕਿ ਸ੍ਰੀ ਪੂਰਨ ਚੰਦ ਸ਼ਰਮਾਂ ਐਸ.ਐਚ.ਓ. ਜਿਸ ਨੇ ਇਕ ਐਫੀਡੇਵਿਟ ਲਿਖਾਇਆ ਔਰ ਇਕ ਪਰੇਮ ਚੰਦ ਪੰਚ ਹੈ ਬਲਾਚੌਰ ਤੋਂ ਅਤੇ ਉਸ ਦਾ ਐਫੀਡੇਵਿਟ ਮੇਰੇ ਕੋਲ ਹੈ, ਉਸ ਤੋਂ ਐਫੀਡੇਵਿਟ ਲਿਖਾਇਆ ਕਿ ਤੂੰ ਐਮ.ਐਲ.ਏ. ਦੇ ਖਿਲਾਫ ਐਫੀਡੇਵਿਟ ਦੇ ਔਰ ਸਾਡੇ ਸਾਬਕਾ ਐਮ.ਪੀ. ਹਨ ਸ੍ਰੀ ਹਰਭਜਨ ਲਾਖਾ ਜੀ, ਉਨ੍ਹਾਂ ਦੇ ਖਿਲਾਫ ਵੀ ਲਿਖਾਇਆ, ਪਰ ਮੈਂ ਜਦੋਂ ਉਸ ਪੂਰਨ ਚੰਦ ਨੂੰ ਉਸ ਦੇ ਘਰ ਮਿਲਿਆ ਅਤੇ ਉਸ ਨੂੰ ਕਿਹਾ ਕਿ ਮੈਂ ਤਾਂ ਤੇਰੇ ਖਿਲਾਫ ਕਦੇ ਕੋਈ ਸ਼ਿਕਾਇਤ ਨਹੀਂ ਕੀਤੀ ਅਤੇ ਤੂੰ ਮੈਨੂੰ ਦੱਸ ਕਿ ਅਸਲ ਗੱਲ ਕੀ ਹੈ, ਮੈਂ ਤੈਨੂੰ ਕੁਝ ਨਹੀਂ ਕਹਿੰਦਾ, ਤਾਂ ਉਹ ਕਹਿੰਦਾ ਕਿ ਇਹ ਉਪਰੋਂ ਲਿਖ ਕੇ ਆਇਆ ਹੈ ਕਿ ਤੇਰੇ ਖਿਲਾਫ ਐਫੀਡੇਵਿਟ ਲਵਾਂ ਅਤੇ ਉਹ ਵੀ ਅਜਿਹੇ ਬੰਦੇ ਤੋਂ ਜੋ ਥਰਡ ਕਲਾਸ ਹੋਵੇ। ਔਰ ਮੇਰੇ ਖਿਲਾਫ ਐਫੀਡੇਵਿਟ ਅਜਿਹੇ ਬਦੇ ਤੋਂ ਲਿਆ ਗਿਆ ਜਿਸ ਦੇ ਖਿਲਾਫ ਰੇਪ ਦਾ ਕੇਸ ਦਰਜ ਹੋਇਆ ਹੈ ਅਤੇ 307 ਦੇ ਅਧੀਨ ਪਰਚਾ ਦਰਜ ਹੋ ਚੁੱਕਾ ਹੈ। ਮੈਂ ਸਟੇਟੱਸ ਦੇ ਬਾਰੇ ਦੱਸ ਰਿਹਾ ਹਾਂ, ਮੈਂ ਜਦੋਂ ਉਸ ਦੇ ਘਰ ਗਿਆ ਤਾਂ ਉਸ ਨੇ ਕਿਹਾ ਕਿ ਮੇਰੇ ਤੋਂ ਜਿੱਥੇ ਮਰਜ਼ੀ ਬਿਆਨ ਦਿਵਾ ਲਵੋ ਮੈਂ ਇਹ ਕਹਿਣ ਲਈ ਤਿਆਰ ਹਾਂ ਕਿ ਮੇਰੇ ਤੋਂ ਜਬਰਦਸਤੀ ਦਸਤਖਤ ਕਰਵਾਏ ਗਏ ਹਨ ਔਰ ਉਸ ਨੇ ਐਸ.ਐਸ.ਪੀ. ਦੇ ਸਾਹਮਣੇ ਬਿਆਨ ਦਿਤਾ। ਉਸ ਪਰੇਮ ਚੰਦ ਨੇ ਜਿਸ ਨੇ ਮੇਰੇ ਖਿਲਾਫ ਐਫੀਡੇਵਿਟ ਦਿਤਾ ਸੀ ਅਤੇ ਉਹ ਪਰੇਮ ਚੰਦ ਮੇਰੇ ਨਾਲ ਐਸ.ਐਸ.ਪੀ. ਕੋਲ ਗਿਆ ਉਸ ਦੀ ਘਰਵਾਲੀ ਵੀ ਸਾਡੇ ਨਾਲ ਗਈ ਅਤੇ ਉਸ ਨੇ ਬਿਆਨ ਦਿਤਾ ਕਿ ਮੈਨੂੰ ਡਰਾ-ਧਮਕਾ ਕੇ ਐਮ.ਐਲ.ਏ. ਦੇ ਖਿਲਾਫ ਮੇਰੇ ਤੋਂ ਬਿਆਨ ਲਿਆ ਗਿਆ ਹੈ ਤਾਂ ਐਸ.ਐਸ.ਪੀ. ਨੇ ਕਿਹਾ ਕਿ ਇਹ ਇੱਕ ਸਾਜਸ਼ ਹੈ। ਮੇਰੇ ਨਾਲ ਹੋਰ ਵੀ ਤਿੰਨ ਚਾਰ ਐਮ.ਐਲ.ਏ. ਸਾਹਿਬਾਨ ਸਨ ਫਿਰ ਅਸੀਂ ਡੀ.ਆਈ.ਜੀ. ਜਲੰਧਰ ਨੂੰ ਮਿਲੇ ਅਤੇ ਕਿਹਾ ਕਿ ਜੇ ਸਾਡੇ ਖਿਲਾਫ ਕੋਈ ਗੱਲ ਹੈ ਤਾਂ ਅਸੀਂ ਸਿਰਮੱਥੇ ਕਬੂਲ ਕਰਨ ਨੂੰ ਤਿਆਰ ਹਾਂ, ਔਰ ਡੀ.ਆਈ.ਜੀ. ਸਾਹਿਬ ਨੇ ਸਾਨੂੰ ਭਰੋਸਾ ਦਿਵਾਇਆ ਅਤੇ ਐਸ.ਐਸ.ਪੀ. ਨੂੰ ਕਿਹਾ ਕਿ ਇਸ ਦੀ ਇਨਕੁਆਰੀ ਕਰਵਾਕੇ ਐਸ.ਐਚ.ਓ. ਨੂੰ ਸਸਪੈਂਡ ਕਰਾਂਗੇ ਅਤੇ ਉਸ ਤੋਂ ਬਾਅਦ ਅਸੀਂ ਡੀ.ਜੀ.ਪੀ. ਸਾਹਿਬ ਨੂੰ ਮਿਲੇ ਅਤੇ ਸਪੀਕਰ ਸਾਹਿਬ ਨੂੰ ਮਿਲੇ ਅਤੇ ਪ੍ਰਿਵਿਲੇਜ ਮੋਸ਼ਨ ਰੱਖਿਆ। ਮੈਂ ਇਸ ਕਰਕੇ ਦੱਸਣਾ ਚਾਹੁੰਦਾ ਹਾਂ ਕਿ ਜੇ ਸਾਨੂੰ ਅਧਿਕਾਰ ਮਿਲੇ ਹਨ ਤਾਂ ਉਨ੍ਹਾਂ ਨੂੰ ਮੇਨਟੇਨ ਰੱਖਣਾ ਵੀ ਸਾਡਾ ਫਰਜ਼ ਹੈ।

Original with;
Punjab Vidhan Sabha
Digitized by;
Panjab Digital Library

**Mr. Deputy Speaker** : You are going too much. Please wind up.

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਇਨ੍ਹਾਂ ਨੇ ਕਿਹਾ ਕਿ ਮੈਂ ਇਸੇ ਤਰ੍ਹਾਂ ਹੀ ਇਨਕੁਆਰੀ ਕਰਵਾ ਲੈਂਦਾ ਹਾਂ। ਮੈਂ ਸੀ.ਐਮ. ਸਾਹਿਬ ਕੋਲ ਗਿਆ ਅਤੇ ਉਹ ਸਾਹਮਣੇ ਬੈਠੇ ਹਨ, ਮੈਂ ਉਨ੍ਹਾਂ ਦੀ ਬੜੀ ਕਦਰ ਕਰਦਾ ਹਾਂ ਭਾਵੇਂ ਅਸੀਂ ਆਪੋਜ਼ੀਸ਼ਨ ਵਿਚ ਹਾਂ, ਪਰ ਉਨ੍ਹਾਂ ਨੇ ਉਸੇ ਸਮੇਂ ਐਸ.ਐਸ.ਪੀ., ਹੁਸ਼ਿਆਰਪੁਰ ਨੂੰ ਫੋਨ ਕੀਤਾ ਅਤੇ ਉਨ੍ਹਾਂ ਨੇ ਕਿਹਾ ਕਿ ਇਸ ਸਬੰਧੀ ਕੁਇਕ ਐਕਸ਼ਨ ਲਿਆ ਜਾਵੇ, ਕੋਈ ਐਕਸ਼ਨ ਹੋਇਆ ਜਾਂ ਨਹੀਂ ਇਹ ਵੱਖਰੀ ਗੱਲ ਹੈ, ਪਰ ਜੋ ਕਰਨਾ ਚਾਹੀਦਾ ਸੀ ਉਹ ਕੀਤਾ। ਇਨ੍ਹਾਂ ਨੇ ਐਸ.ਐਸ.ਪੀ. ਨੂੰ ਕਿਹਾ ਕਿ ਇਸ ਦੀ ਇਨਕੁਆਰੀ ਕਰਾਕੇ ਉਸ ਐਸ.ਐਚ.ਓ. ਨੂੰ ਸਸਪੈਂਡ ਕੀਤਾ ਜਾਵੇ ਜਾਂ ਤਬਦੀਲ ਕੀਤਾ ਜਾਵੇ। ਸੀ.ਐਮ. ਸਾਹਿਬ ਨੇ ਮੇਰੀ ਗੱਲ ਸੁਣੀ ਜਾਂ ਨਹੀਂ ਪਰ ਜੋ ਪ੍ਰੀਵਲੈਜ ਕਮੇਟੀ ਬਣੀ ਹੈ ਤਾਂ ਇਸ ਵਿੱਚ ਕਿਉਂ ਨਹੀਂ ਸੁਣੀ ਗਈ। ਜੇ ਸਾਡਾ ਸਟੇਟਸ ਸਹੀ ਤੌਰ ਤੇ ਬਹਾਲ ਰੱਖਣਾ ਹੈ ਤਾਂ ਕੀ ਇਨ੍ਹਾਂ ਦਾ ਫਰਜ਼ ਨਹੀਂ ਸੀ ਬਣਦਾ ਕਿ ਉਸਨੂੰ ਬੁਲਾ ਕੇ ਪੂਰੀ ਤਰ੍ਹਾਂ ਛਾਣ-ਬੀਣ ਕਰਦੇ ਔਰ ਇਕ ਐਸ.ਐਚ.ਓ. ਜੋ ਐਮ.ਐਲ.ਏ. ਦੇ ਖਿਲਾਫ ਇਕ ਥਰਡ ਕਲਾਸ ਬੰਦੇ ਤੋਂ ਐਫੀਡੇਵਿਟ ਲੈ ਰਿਹਾ ਹੈ, ਉਸਦੇ ਖਿਲਾਫ ਐਕਸ਼ਨ ਲੈਂਦੇ। ਇਹ ਗੱਲ ਨਹੀਂ ਸੀ ਹੋਣੀ ਚਾਹੀਦੀ, ਅੱਜ ਮੇਰੇ ਖਿਲਾਫ ਹੈ ਕੱਲ੍ਹ ਨੂੰ ਕਿਸੇ ਹੋਰ ਐਮ.ਐਲ.ਏ. ਵਿਰੁੱਧ ਵੀ ਇਸ ਤਰ੍ਹਾਂ ਦੀ ਕਾਰਵਾਈ ਹੋ ਸਕਦੀ ਹੈ। ਮੈਂ ਇਹ ਗੱਲ ਇਸ ਲਈ ਧਿਆਨ ਵਿੱਚ ਲਿਆਂਦੀ ਹੈ ਕਿ ਜਿੱਥੇ ਸੀ.ਐਮ. ਸਾਹਿਬ ਨੇ ਮੇਰੇ ਸਾਹਮਣੇ ਟੈਲੀਫੂਨ ਕੀਤਾ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਉਹ ਐਸ.ਐਸ.ਪੀ., ਉਹ ਪੰਜਾਬ ਦਾ ਜਿਹੜਾ ਮਾਲਕ ਹੈ ਜਿਸ ਦੇ ਬਾਰੇ ਲੋਕ ਕਹਿ ਰਹੇ ਹਨ ਕਿ ਉਸ ਨੇ ਅੱਤਵਾਦ ਨੂੰ ਖਤਮ ਕਰ ਦਿਤਾ ਹੈ ਉਹ ਅੱਜ ਉਸ ਐਸ.ਐਸ.ਪੀ. ਦੇ ਖਿਲਾਫ ਕੋਈ ਐਕਸ਼ਨ ਲੈਣ ਤੋਂ ਕਿਉਂ ਝਿਜਕ ਰਿਹਾ ਹੈ।

**Mr. Deputy Speaker** : Mr. Hargopal Singh Ji, you are going too much. Please take your seat *(Interruption)*. No, please take your seat.

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਸਪੀਕਰ ਸਾਹਿਬ ਇਹ ਜਿਹੜੀ ਪ੍ਰਿਵਲੇਜ ਮੋਸ਼ਨ ਹੈ ਇਸ ਦੀ ਛਾਣਬੀਣ ਕਰਕੇ ਗੱਲ ਸਾਹਮਣੇ ਆਉਣੀ ਚਾਹੀਦੀ ਹੈ, ਐਕਸ਼ਨ ਲੈਣਾ ਚਾਹੀਦਾ ਹੈ। 21 ਜੁਲਾਈ, 1992 ਦੀ ਗੱਲ ਹੈ ਕਿ ਉਹ ਐਸ.ਐਚ.ਓ. ਐਸ.ਐਸ.ਪੀ. ਦੇ ਮੇਰੇ ਸਾਹਮਣੇ ਪੇਸ਼ ਹੋਇਆ ਅਤੇ ਉਸਨੇ ਮੇਰੇ ਸਾਹਮਣੇ ਬਿਆਨ ਲਿਖਵਾਇਆ ਹੈ ਕਿ ਉਹ ਮਜ਼ਬੂਰ ਹੈ ਕਿਉਂਕਿ ਕਿਸੇ ਹਾਈਕਮਾਂਡ ਨੇ ਉਸਨੂੰ ਕਿਹਾ ਹੈ ਕਿ ਐਮ.ਐਲ.ਏ. ਦੇ ਖਿਲਾਫ ਐਫੀਡੇਵਿਟ ਲਏ ਜਾਣ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਜੇ ਸਰਕਾਰ ਦੀ ਨੀਅਤ ਸਾਫ ਹੈ ਤਾਂ ਸਰਕਾਰ ਨੂੰ ਭਰੋਸਾ ਦਿਵਾਉਣਾ ਚਾਹੀਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਕਿਸੇ ਵੀ ਐਮ.ਐਲ.ਏ. ਦੇ ਖਿਲਾਫ ਕੋਈ ਐਫੀਡੇਵਿਟ ਨਹੀਂ ਲਿਆ ਜਾਵੇਗਾ।

**Mr. Speaker** : Mrs. Luxmi Kanta Chawla Ji.

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ**: ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਸਰਕਾਰ ਦੀ ਨੀਅਤ ਸਾਫ ਹੈ ਕਿ ਉਹ ਸਾਰੇ ਅਧਿਕਾਰਾਂ ਨੂੰ ਇਖਲਾਕੀ ਤੌਰ ਤੇ ਮੇਨਟੇਨ ਰਖਣਾ ਚਾਹੁੰਦੀ ਹੈ ਤਾਂ ਕੀ ਸਰਕਾਰ ਭਰੋਸਾ ਦੇਵੇਗੀ ਕਿ ਆਉਣ ਵਾਲੇ ਸਮੇਂ ਵਿਚ ਐਮ.ਐਲ.ਏ. ਦੇ ਸਟੇਟਸ ਨੂੰ ਬਹਾਲ ਰਖੇਗੀ।

**Mr. Deputy Speaker** : Hargopal Ji, please take your seat. Next speaker is starting now. Prof. Laxmi Kanta Chawla Ji, I am giving you 10 minutes. Please start.

(ਇਸ ਸਮੇਂ ਸਰਦਾਰ ਹਰਗੋਪਾਲ ਸਿੰਘ, ਐਡਵੋਕੇਟ, ਐਮ. ਐਲ. ਏ. ਬੋਲ ਰਹੇ ਸਨ ਪਰ ਉਨ੍ਹਾਂ ਦਾ ਮਾਈਕ ਬੰਦ ਸੀ।)

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ:** ਮੈਂ ਸਦਨ ਦੀ ਮੇਜ਼ ਤੇ ਦਸਤਾਵੇਜ਼ ਰਖਦਾ ਹਾਂ ।

**ਸ੍ਰੀ ਡਿਪਟੀ ਸਪੀਕਰ :** ਨਹੀਂ, ਤੁਸੀਂ ਇਹ ਨਹੀਂ ਰੱਖ ਸਕਦੇ ।

**श्रीमति लक्ष्मी कांता चावला** (अमृतसर केन्द्रीय) : सभापति जी, मैं आप का बहुत-बहुत धन्यवाद करती हूं। मैं सिर्फ 10 मिन्ट ही बोलूंगी और अपने आप बंद करूंगी। मैं पहले अमृतसर हल्के की बात करती हूं ताकि वह पहले कही जाए। मेरे अमृतसर शहर के लिए इस बजट में कुछ खास नहीं रखा है। अमृतसर शहर में पांच रेलवे फाटक हैं जो ट्रैफिक को पूरी तरह से रोक कर रखते हैं। एक सिविल हस्पताल के सामने है जिस का मरीजों पर बहुत बुरा असर पड़ता है। इन रेलवे फाटकों पर पुल बनाने की इसमें कोई भी व्यवस्था नहीं है। इसलिए सरकार को इस तरफ काफी ध्यान देना चाहिए। शहर में अभी भी बहुत से लोगों को सीवरेज की सुविधा नहीं मिली। नालियां और सड़कें भी खूब टूटी पड़ी हैं। नगर निगम का ध्यान दिलाया तो कहा कि पंजाब सरकार ने पैसा दिया है। इसलिए जिस रास्ते से सरकार आती है, राजा सांसी से सर्कट हाऊस तक पहले सड़क बनेगी। मैं कहूंगी कि शहर के अन्दर भी सड़कें बनाई जाएं। लड़कों के लिए गवर्नमैंट कालिज भी बनाना चाहिए। इस की भी व्यवस्था बजट में करनी चाहिए। अमृतसर में सटाक एक्सचेंज सट्टा बाजार चल रहा है। इस को रोका जाना चाहिए। उस ने महिलाओं को खूब तंग किया है। पुरुषों ने घरों के जेवर घाटे में बेचे हैं। इस को रोकने का काम सी. एम. साहिब ने करना है। एक बात और मैं कहना चाहती हूं कि इन दिनों एक नारा बड़ी जोर से लग रहा है और चण्डीगढ़ तक मैं इस नारे को सुनती आई हूं।

"ਪੀਓ ਇਹੋ ਜਿਹੇ ਪੀਂਦੇ, ਅੱਜ ਜਿਸ ਭਾਅ ਮਿਲਦੀ ਪਈ ਹੈ,
ਫਿਰ ਨਹੀਂ ਜੇ ਮਿਲਣੀ।"

माईक लगा कर घोषणाएं हो रही हैं। सरकार को इसे रोकना चाहिए। यह बहुत जरूरी है। माईक का प्रयोग सिर्फ दिन में ही नहीं हो रहा बल्कि रात को भी हो रहा है।

अमृतसर में एक खास बात यह है कि यहां पर चूहों का प्रकोप बहुत ज्यादा है और नगर निगम उन को काबू करने के लिए असमर्थ है। पंजाब सरकार को चाहिए कि जिस तरह उन्होंने उगरवादी खत्म किये हैं वैसे ही चूहों को नियन्त्रण में किया जाए।

अब मैं यह कहना चाहती हूं कि शहर में सड़कों पर पानी इतना ज्यादा आता है कि टाऊन हाल नगर निगम के पास सावन भादों के महीने में किश्तियां भी चलाई जा सकती हैं। संक्षेप में गन्दे पानी के निकास की व्यवस्था, सीवरेज की व्यवस्था, रेलवे फाटकों पर पुल बनाने की अमृतसर की बड़ी मांगें हैं।

Original with;
Punjab Vidhan Sabha
Digitized by;
Panjab Digital Library

अब मैं बजट पर शिक्षा के बारे बताना चाहती हूं। इस बार 8 करोड़ कुछ लाख रुपया बढ़ाया गया है। यह खर्चा डी. ए. बढ़ने के कारण वेतन बढ़ने के कारण पहले ही बढ़ चुका है। नये स्कूल कालेज खोलने चाहिएं। हाई स्कूलों को सीनियर सैकंडरी बनाया जाए ताकि बच्चे +1, +2 स्कूलों में पढ़ सकें। जिन स्कूलों में टाट नहीं, छत नहीं, बैंच नहीं, कमरे नहीं, उनको कुछ भी देने की बात नहीं कही गई, कुछ भी देने का प्रबन्ध नहीं है। 40% विद्यार्थियों को व्यावसायिक शिक्षा देने की बात कही गई है। उस का प्रबन्ध के लिए पैसे कहां रखे हैं। कागजों में तो 25% पिछले साल भी तकनीकी शिक्षा देने की बात आई थी, पर पूरी नहीं की। जो कहा है वही तो किया जाए। बड़े लोगों की शोभा इसी में है कि वचन न जाने दो बाकी जो कुछ मर्जी चला जाए। पंजाब के स्कूलों में संस्कृत अध्यापक बहुत कम हैं, हिन्दी संस्कृत अध्यापकों के स्थान खतम करके वहां दूसरे विषयों के अध्यापक भेज दिये गये हैं। संस्कृत के पद बने रहेंगे इस का कोई भरोसा नहीं। राहत और पुनर्वास के बारे में खास करके कहना चाहती हूं। हिन्द समाचार फंड के कार्यक्रम में जब मैंने यही मांगें रखीं तो सी. एम. साहिब ने कहा था कि (उनकी पीड़ा समझे बिना) भाषण तो बहुत अच्छा है पर सिर्फ विधान सभा के लिए है। अब मैं विधान सभा में यह बात फिर कहती हूं कि

12.00 Noon / (ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

मरने वालों की कीमतें अलग लगती हैं। पंजाब में जितने भी उग्रवाद के शिकार हैं उनके लिए हमने एक लाख रुपये दिये जाने की मांग की थी। इन्होंने मार्च, 1992 से एक लाख कर दिया लेकिन जब देश के दूसरे हिस्सों में यदि कोई इस तरह से पीड़ित हो, दंगों का शिकार हो उन्हें ज्यादा रुपया दिया जाता है। बम्बई के दुःखद कांड में शहीद होने वालों को दो लाख रुपया दिया गया है। तो पंजाब में जो उग्रवाद का शिकार हुए हैं उनको भी दो लाख रुपये सहायता के लिए दिया जाना चाहिए और सब को एक जैसा मिलना चाहिए, चाहे वह 1981 में उग्रवाद में शिकार हुआ हो चाहे 1993 में उग्रवाद का शिकार हुआ हो इसमें अन्तर नहीं करना चाहिए और पुनर्वास के साथ ही जो महिलाएं अपमानित हुई हैं उग्रवादियों द्वारा और जो विधवायें हुई हैं उनके लिए केवल आवास स्थल बनाना ही काफी नहीं है उनको कोई ट्रेनिंग देने का प्रबन्ध भी होना चाहिए जिससे वे कोई काम सीख सकें और अपने पैरों पर खड़ी हो सकें। मैं तो मुख्य मन्त्री और वित्त मन्त्री जी को एक बात कहूंगी कि जो लड़कियां उग्रवाद में विधवा होने पर पैंशन ले रहीं हैं अगर वे लड़कियां दूसरी शादी कराती हैं तो उनको आगामी दो वर्षों की पैंशन सहायता राशि के रूप में दे देनी चाहिए और इससे विधवा पैन्शन की जो शरतें हैं वह भी बचेंगी और विधवा से शादी के लिए कुछ युवक आ जायेंगे। बड़े शहरों में यात्रियों के लिए यहां रैन-बसेरे नहीं हैं, मैंने कुछ दूसरे प्रांतों का भ्रमण किया, वहां पर सस्ते होटल और रैन-बसेरे यात्रियों के लिए

Original with;
Punjab Vidhan Sabha
Digitized by;
Panjab Digital Library

[श्रीमति लक्ष्मी कांता चावला]

बने हुए हैं, यहां गरीब लोगों को काफी सुविधा होती है। शहरों में स्थानीय बस वैसी होनी चाहिए। जिस तरह जम्मू में है वह बहुत सस्ती है और जम्मू में प्राईवेट बसों में दो रुपये की टिकट लो और शहर में कहीं भी चले जाओ। इससे एक तो लोगों को रोजगार मिलेगा और दूसरे लोगों को सुविधा भी मिलेगी। बाकी बस अड्डों पर सरकार की तरफ से कंट्रोल रेट पर कैन्टीन बनानी चाहिये। महाराष्ट्र में आप कहीं भी चले जायें पूरी रात बस अड्डों पर कन्ट्रोल रेट पर खाना, चाय आदि सब मिलती हैं। उस प्रणाली को पंजाब में आप लागू कर सकते हैं पंजाब में बसों का किराया भी बढ़ता है, यात्री भी बढ़ते हैं छतों पर चढ़ते हैं लेकिन हमारी ट्रांसपोर्ट फिर भी घाटे में जाती है । वास्तविकता यह है कि ईमानदार यात्री किराया देता है और ईमानदार यात्री पर ही बढ़े हुए किराये का बोझ पड़ता है । कुछ लोग ऐसे हैं जो कृपा-पात्र बन कर लाभ उठाते हैं। सबसे एक जैसा किराया लिया जाये और जो फलाईंग स्क्वैड है उसको पूरे पंजाब की बसें एक ही समय चैक करने की बात कही जाये, एरिया न बांटा जाये ।

**Mr. Speaker** : Please try to wind up.

**श्रीमति लक्ष्मी कांता चावला** : मेरे अभी तीन मिन्ट और हैं, मैंने 11.55 मिन्ट पर शुरू किया था दो तीन सैकंड आपने कम कर दिये ।

मेरी अगली बात यह है कि अमृतसर से जालन्धर चलें तो रास्ते में चार रेलवे फाटक हैं। जालन्धर शहर में पांच रेलवे फाटक हैं और उन सबके लिए समय भी नष्ट होता है और पैट्रोल भी नष्ट होता है। यात्रियों का समय, राष्ट्र का समय होता है। अगर यह सोच कर काम किया जाये तो सबसे पहले हम पुल बनाने का काम करें।

मैं यह भी कहना चाहूंगी कि जो राशन की दुकानें हैं वहां पर चाय-पत्ती मिलनी चाहिये, कपड़ा मिलना चाहिए और दालें मिलनी चाहिए और चीनी एक किलो प्रति व्यक्ति महीने की मिलनी चाहिए जो अब 375 ग्राम मिलती है।

बाकी पैसा बचाने के लिए बहुत जरूरी है कि इन्डस्ट्री डिपार्टमैंट के अन्दर जितनी भी कारपोरेशन हैं और हर कारपोरेशन में अलग-2 आई. ए. एस. अफसर लगे हुए हैं। क्या एक आई. ए. एस. अफसर इन कारपोरेशन में काम नहीं चला सकता ? यह बात हम लोगों की समझ में नहीं आती ।

**Mr. Speaker** : Please wind up.

**श्रीमति लक्ष्मी कांता चावला** : स्पीकर साहिब, एक बात जो मैं आपको, मुख्य मन्त्री जी को और सबको कहना चाहती हूं वह यह कि सड़कों पर बहुत से लोग चोट भी खाते हैं और उनकी मौत भी हो जाती है। इसलिए कृपया पंजाब में एक तो यहां पैसा खर्च कीजिये जिस से कुछ मोबाईल वैनस डाक्टरों की घूमती रहे जो एक्सीडैंट के समय सहायता उपलब्ध करा सकें और दूसरी बात मैं यह कहना चाहती हूं कि कोई ऐसा नियम बनायें

Original with;
Punjab Vidhan Sabha
Digitized by;
Panjab Digital Library

जिस से अगर कोई व्यक्ति दुर्घटना का शिकार हो जाता है उसे हस्पताल पहुंचाने की प्रेरणा हर व्यक्ति को मिले। हस्पताल पहुंचाने वाला व्यक्ति पुलिस जाल में ऐसा फंस जाता है कि लोग चाहते हुए भी सहायता नही कर सकते और लोग बिना कसूर मर जाते हैं।

**Mr. Speaker :** Please wind up.

**श्रीमति लक्ष्मी कांता चावला :** आप मेरे पांच मिन्ट तो हो लेने दो, 12.05 पर मेरे दस मिन्ट समाप्त होंगे। आपने तीन बार मेरा समय ले लिया।

अगली बात जो मैं कहना चाहती हूं वह यह है कि पंजाब में जो भैंसें हैं वे भैंसे बूचड़खानों में भेजी जाती हैं। 21 फरवरी को मैंने तीन ट्रक जण्डयाला थाना में पकड़वाये और तभी मैं पशु पालन मन्त्री जी के पास गई। वह कहते हैं कि मेले सरदार उमराव सिंह लगाते हैं, उनके पास जाओ। मैं उनके पास गई, वह कहते हैं कि पशु-भलाई का विभाग दूसरे मन्त्री जी के पास हैं मैं तो इस तरह भटकती रही। यह तो वह बात है कि जैसे एक लाश पड़ी होती है तो एक थानेदार कहता है यह मेरे एरिया में नहीं है और दूसरा कहता है कि मेरे एरिया में नहीं है, इस तरह लाश सड़ती रहती है। मैं इतना कहती हुई अपना स्थान लेती हूं।

जयहिन्द—बन्देमातरम।

**ਸ਼੍ਰੀ ਸਪੀਕਰ :** ਅਰਸ਼ੀ ਜੀ, ਸਿਰਫ ਦਸ ਮਿੰਟ ਹੀ ਲੈਣਾ।

**ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਦਸ ਮਿੰਟ ਦਾ ਸਮਾਂ ਦਿਤਾ ਹੈ। ਮੇਰੀ ਬੇਨਤੀ ਇਹ ਹੈ ਕਿ ਦਸ ਮਿੰਟਾਂ ਵਿਚ ਐਡੇ ਵੱਡੇ ਲੰਬੇ ਚੌੜੇ ਡਾਕੂਮੈਂਟ ਤੇ ਬੋਲਣਾ ਸੰਭਵ ਨਹੀਂ ਲੇਕਿਨ ਮੈਂ ਕੋਸ਼ਿਸ਼ ਕਰਾਂਗਾ ਕਿ ਸਮੇਂ ਵਿਚ ਰਹਿੰਦਾ ਹੋਇਆ ਮੈਂ ਆਪਣੀ ਗਲ ਕਰ ਸਕਾਂ। ਸਪੀਕਰ ਸਾਹਿਬ ਮੈਂ ਸਮਝਦਾ ਹਾਂ ਕਿ ਆਰਥਿਕ ਬਜਟ ਕਿਸੇ ਸਟੇਟ ਦੇ ਵਿਕਾਸ ਦਾ ਆਧਾਰ ਹੁੰਦਾ ਹੈ। ਅਗਰ ਇਸ ਬਜਟ ਨੂੰ ਚੰਗੀ ਤਰ੍ਹਾਂ ਅਧਿਅਨ ਕਰੀਏ ਔਰ ਅਗਰ ਇਸ ਦੇ ਵਿਚੋਂ ਕੋਈ ਅਰਥ ਦੀ ਗਲ ਕਢਣ ਦੀ ਕੋਸ਼ਿਸ਼ ਕਰੀਏ ਤਾਂ ਸਮੁਚੇ ਬਜਟ ਵਿਚੋਂ ਕੁਝ ਨਜ਼ਰ ਨਹੀਂ ਆਉਂਦਾ। ਸੰਖੇਪ ਵਿਚ ਮੈਂ ਆਪਣੇ ਕੁਝ ਪੁਆਇੰਟ ਹਾਈਲਾਈਟ ਕਰਨਾ ਚਾਹੁੰਦਾ ਹਾਂ। ਮਿਸਾਲ ਦੇ ਤੌਰ ਤੇ ਜਿਹੜਾ ਪਲੈਨ ਖਰਚਾ ਹੈ ਇਹ ਸਾਡੇ ਡਿਵੈਲਪਮੈਂਟ ਦਾ ਆਧਾਰ ਹੁੰਦਾ ਹੈ, ਨਾਨ-ਪਲਾਨ ਤਾਂ ਤਕਰੀਬਨ ਖਰਚ ਹੋ ਜਾਂਦਾ ਹੈ ਜਿਹੜੇ ਸਾਡੇ ਰਵਾਇਤੀ ਖਰਚੇ ਹਨ ਉਨ੍ਹਾਂ ਤੇ, ਉਹ ਖਰਚੇ ਇਨ੍ਹਾਂ ਦਾ ਇਕ ਪਾਰਟ ਹੁੰਦੇ ਹਨ। ਜਿਸ ਤਰ੍ਹਾਂ 1992-93 ਦਾ ਟੋਟਲ ਪਲਾਨ ਖਰਚਾ ਰਖਿਆ ਸੀ 1,150 ਕਰੋੜ ਰੁਪਏ ਔਰ ਉਸ ਦੇ ਵਿਰੁਧ ਖਰਚਿਆ 856 ਕਰੋੜ ਰੁਪਏ। ਇਸ ਦਾ ਮਤਲਬ ਹੈ ਕਿ 300 ਕਰੋੜ ਰੁਪਿਆ ਘਟ ਖਰਚ ਕੀਤਾ ਗਿਆ। 1993-94 ਦਾ ਜੋ ਪਲੈਨ ਕੀਤਾ ਹੈ ਉਹ 1,250 ਕਰੋੜ ਰੁਪਏ ਹੈ। ਅਗਰ ਪਿਛਲੇ ਸਾਲ ਨਾਲ ਕੰਪੇਅਰ ਕਰ ਲਿਆ ਜਾਵੇ ਤਾਂ ਇਸ ਸਾਲ ਵਿਚ ਕੇਵਲ 950 ਕਰੋੜ ਰੁਪਿਆ ਰਹਿ ਜਾਂਦਾ ਹੈ। ਕਿਉਂਕਿ 300 ਕਰੋੜ ਤਾਂ ਪਿਛਲਾ ਹੀ ਹੈ। ਇਸ ਕਰਕੇ ਮੈਂ ਕਹਿ ਸਕਦਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਆਰਸ਼ੀ]

ਹਾਂ ਕਿ ਸਾਡੀ ਡਾਇਰੈਕਸ਼ਨ ਕਿਹੜੇ ਪਾਸੇ ਜਾ ਰਹੀ ਹੈ ਅਤੇ ਜ਼ਾਹਰ ਹੈ ਕਿ ਡਿਵੈਲਪਮੈਂਟ ਵਲ ਕੋਈ ਗੰਭੀਰ ਧਿਆਨ ਨਹੀਂ । ਸਪੀਕਰ ਸਾਹਿਬ ਮੈਂ ਮੰਨਦਾ ਹਾਂ ਕਿ ਪਿਛਲੇ 10 ਸਾਲਾਂ ਵਿਚ ਆਰਥਕ ਸੰਕਟ ਆਇਆ ਔਰ ਹਾਲਾਤ ਤੇ ਕਾਬੂ ਪਾਉਣ ਲਈ ਸਿਕਿਉਰਟੀ ਫੋਰਸਿਜ਼ ਤੇ ਬਹੁਤ ਭਾਰੀ ਖਰਚੇ ਹੋਏ ਹਨ ਉਸ ਦਾ ਪੰਜਾਬ ਇਕਲਾ ਜ਼ਿੰਮੇਵਾਰ ਨਹੀਂ। ਪੰਜਾਬ ਨੇ ਦੇਸ਼ ਦੀ ਜੰਗ ਲੜੀ ਹੈ, ਦੇਸ਼ ਭਗਤੀ ਦੀ ਜੰਗ ਲੜੀ ਹੈ ਪ੍ਰੌਕਸੀ ਵਾਰ ਲੜੀ ਹੈ। ਇਸ ਕਰਕੇ ਇਸ ਖਰਚ ਦਾ ਬਹੁਤ ਵਡਾ ਹਿਸਾ ਕੇਂਦਰ ਦੀ ਸਰਕਾਰ ਤੋਂ, ਜਾਂ ਜੋ ਦੇਸ਼ ਦੇ ਬਾਕੀ ਲੋਕ ਹਨ ਉਨ੍ਹਾਂ ਤੋਂ ਲੈਣਾ ਚਾਹੀਦਾ ਹੈ। ਇਸ ਦੇ ਨਾਲ ਤਾਂ ਮੇਰੀ ਪੂਰੀ ਤਰ੍ਹਾਂ ਸਹਿਮਤੀ ਹੈ। ਕੇਂਦਰ ਦੀ ਸਰਕਾਰ ਪੰਜਾਬ ਸਰਕਾਰ ਦੀ ਵੱਧ ਤੋਂ ਵੱਧ ਆਰਥਿਕ ਸਹਾਇਤਾ ਕਰੇ ਲੇਕਿਨ ਜਿਥੋਂ ਤਕ ਪਲੈਨ ਬਣਾਉਣ ਦਾ ਤੁਅੱਲਕ ਹੈ ਔਰ ਕਿਹੜੇ ਕਿਹੜੇ ਖੇਤਰ ਹਨ ਸਾਡੇ ਸਮਾਜ ਦੇ ਪਛੜੇ ਹੋਏ ਜਿਨ੍ਹਾਂ ਨੂੰ ਅਸੀਂ ਵੱਧ ਤੋਂ ਵੱਧ ਪੈਸਾ ਦੇਣਾ ਹੈ ਇਸ ਪਾਸੇ ਵਲ ਗੰਭੀਰਤਾ ਪੂਰਵਕ ਸੋਚਣ ਦਾ ਯਤਨ ਇਸ ਬਜਟ ਵਿਚ ਨਹੀਂ ਕੀਤਾ ਗਿਆ। ਜੇ ਅਸੀਂ ਪਿਛਲੇ ਨੂੰ ਆਧਾਰ ਬਣਾ ਲਈਏ ਮਿਸਾਲ ਦੇ ਤੌਰ ਤੇ ਜੇ ਉਸ ਨਾਲ ਮੁਕਾਬਲਾ ਕਰੀਏ ਤਾਂ ਉਸਦੇ ਨਾਲ ਜੋ ਡਿਵੈਲਪਮੈਂਟ ਹੋਈ ਉਹ ਨਜ਼ਰ ਆ ਜਾਂਦੀ ਹੈ। 1992-93 ਵਿਚ ਖੇਤੀਬਾੜੀ ਤੇ ਇਨ੍ਹਾਂ ਨੇ 93 ਕਰੋੜ 34 ਲੱਖ ਰੁਪਏ ਰਖੇ ਸਨ ਇਹ ਟੋਟਲ ਪਲੈਨ ਸਕੀਮ ਦਾ 8.12 ਬਣਦਾ ਹੈ ਔਰ ਇਸ ਦੇ ਵਿੱਰੁਧ ਖਰਚ ਕੀਤਾ ਗਿਆ ਉਹ 55.46 ਕਰੋੜ ਹੈ ਯਾਨੀ ਜਿੰਨਾ ਨਿਸ਼ਚਿਤ ਕੀਤਾ ਗਿਆ ਸੀ ਉਸ ਦੇ ਨਾਲੋਂ ਵੀ ਘੱਟ ਖਰਚ ਕੀਤਾ ਗਿਆ ਔਰ 1993-94 ਵਿਚ 6.67 ਐਸਟੀਮੇਟਿਡ ਹੈ ਔਰ ਇਸਦੀ ਵੀ ਕੀ ਗਰੰਟੀ ਹੈ ਕਿ ਜਿਹੜਾ ਇਹ ਪਿਛਲੇ ਸਾਲ ਪੂਰਾ ਖਰਚ ਨਹੀਂ ਕੀਤਾ ਗਿਆ ਇਸ ਸਾਲ ਖੇਤੀ ਬਾੜੀ ਦੇ ਵਿਕਾਸ ਤੇ ਇਹ ਪੂਰਾ ਖਰਚ ਕੀਤਾ ਜਾਏਗਾ ਔਰ ਇਸੇ ਤਰ੍ਹਾਂ ਸਾਡੀ ਐਜੂਕੇਸ਼ਨ ਹੈ ਔਰ ਇਸ ਦੇ ਨਾਲ ਖੇਡਾਂ ਅਤੇ ਕਲਾ ਵਗੈਰਾ ਵੀ ਆਉਂਦੇ ਹਨ। ਇਸ ਤੇ 1992-93 ਵਿਚ 84. 34 ਕਰੋੜ ਰੁਪਿਆ ਰਖਿਆ ਗਿਆ ਸੀ ਜਿਹੜਾ ਕਿ ਟੋਟਲ ਪਲੈਨ ਦਾ 7.70 ਪ੍ਰਤੀਸ਼ਤ ਸੀ ਪਰ ਜਿਹੜਾ ਖਰਚ ਕੀਤਾ ਗਿਆ ਉਹ ਸੀ 51.70 ਕਰੋੜ ਰੁਪਿਆ ਯਾਨੀ ਜਿਹੜਾ ਟੋਟਲ ਪਲੈਨ ਸੀ ਉਸ ਦਾ 6.4 ਪ੍ਰਤੀਸ਼ਤ ਬਣਦਾ ਹੈ। ਹੁਣ 1993-94 ਵਿਚ ਜ਼ਰੂਰ ਤੁਸੀਂ ਪਹਿਲਾਂ ਨਾਲੋਂ ਵੱਧ ਰਖਿਆ ਹੈ 98.38 ਕਰੋੜ ਰੁਪਏ, ਲੇਕਿਨ ਜੋ ਪਿਛਲਾ ਘਾਟਾ ਇਸ ਵਿਚ ਪਾ ਲਿਆ ਜਾਵੇ ਤਾਂ ਸਥਿਤੀ ਜਿਉਂ ਦੀ ਤਿਉਂ ਰਹਿ ਜਾਂਦੀ ਹੈ । ਇਸ ਕਰਕੇ ਇਸ ਵਿਚੋਂ ਇਹ ਝਲਕ ਨਹੀਂ ਮਿਲਦੀ ਐਜੂਕੇਸ਼ਨ ਦੇ ਵਿਕਾਸ ਬਾਰੇ ਜਾਂ ਕੋਈ ਟੈਕਨੀਕਲ ਐਜੂਕੇਸ਼ਨ ਦੇਣੀ ਹੈ ਜਾਂ ਕੋਈ ਹੋਰ ਸਿਖਿਆ ਦੇ ਅਦਾਰੇ ਖੋਲ੍ਹਣੇ ਹਨ ਜਾਂ ਉਹ ਵੀ ਝਲਕ ਨਹੀਂ ਮਿਲਦੀ ਕਿ ਜਿਹੜਾ ਸਮਾਜ ਦਾ ਵੀਕਰ ਸੈਕਸ਼ਨ ਹੈ ਜਾਂ ਬਹੁਤ ਪਛੜੇ ਹੋਏ ਲੋਕ ਹਨ ਅਨੁਸੂਚਿਤ ਜਾਤੀਆਂ ਦੇ ਸ਼ਹਿਰਾਂ ਵਿਚ ਰਹਿਣ ਵਾਲੇ ਹਨ ਜਾਂ ਪੇਂਡੂ ਖੇਤਰ ਵਿਚ ਰਹਿਣ ਵਾਲੇ ਹਨ ਉਨ੍ਹਾਂ ਵਾਸਤੇ ਮੈਂ ਨਹੀਂ ਸਮਝਦਾ ਕਿ ਇਸ ਬਜਟ ਵਿਚ ਕੋਈ ਠੋਸ ਆਰਥਿਕ ਸੁਧਾਰ ਵਾਸਤੇ ਕੋਈ ਉਪਾਅ ਕੀਤੇ ਗਏ ਹੋਣ। 1992-93 ਵਿਚ 26.16 ਕਰੋੜ ਰੁਪਏ ਰਖੇ ਗਏ ਸਨ ਯਾਨੀ ਟੋਟਲ ਪਲਾਨ ਖਰਚੇ ਦਾ ਇਹ 3.41 ਪ੍ਰਤੀਸ਼ਤ ਬਣਦਾ ਹੈ ਇਸ ਦੇ ਉਤੇ ਖਰਚ ਕੀਤਾ ਗਿਆ 16 ਕਰੋੜ ਯਾਨੀ 3.6 ਪ੍ਰਤੀਸ਼ਤ। ਜਿਨਾਂ ਨਿਸ਼ਚਿਤ ਕੀਤਾ ਗਿਆ ਸੀ ਉਸ ਨਾਲੋਂ ਵੀ ਬਹੁਤ ਘੱਟ ਖਰਚ ਕੀਤਾ ਗਿਆ । ਮੈਨੂੰ ਅਫਸੋਸ ਹੈ ਕਿ 1993-94 ਵਿਚ ਵੀ ਜਿਹੜੇ ਸਮਾਜ ਦੇ ਪਛੜੇ ਹੋਏ ਵਰਗ ਹਨ, ਛੋਟੇ ਲੋਕ ਹਨ ਉਨ੍ਹਾਂ ਦਾ ਜੀਵਨ ਪੱਧਰ ਹੋਰ ਉਚਾ ਚੁਕਿਆ ਜਾਏ ਜਾਂ ਬਾਕੀ ਲੋਕਾਂ ਦੇ ਹਾਣ ਦਾ ਬਣਾਇਆ ਜਾਏ ਇਸ ਲਈ ਕੋਈ ਯਤਨ ਨਹੀਂ ਕੀਤੇ ਗਏ । 1993-94 ਵਿਚ 37.2 ਕਰੋੜ ਰੁਪਏ ਰਖੇ ਗਏ ਹਨ ਇਹ ਟੋਟਲ ਪਲੈਨ ਦਾ 2.96 ਬਣਦਾ ਹੈ। ਇਨ੍ਹਾਂ ਸਾਰੀਆਂ ਗਲਾਂ ਤੋਂ ਅਗਰ ਮੋਟਾ ਅੰਦਾਜ਼ਾ ਕਢਿਆ ਜਾਏ ਤਾਂ ਮੈਂ ਨਹੀਂ ਸਮਝਦਾ ਕਿ ਬਜਟ ਦੇ ਵਿਚ ਜੋ 'ਹਾਂ' ਪੱਖੀ ਪਹਿਲੂ ਹਨ ਉਹ ਦਰਸਾਏ ਗਏ ਹੋਣ ।

Original with;
Punjab Vidhan Sabha
Digitized by;
Panjab Digital Library

ਪੇਂਡੂ ਵਿਕਾਸ ਬਾਰੇ ਮੈਂ ਸਮਝਦਾ ਹਾਂ ਕਿ ਸਾਡਾ ਬਹੁਤ ਸਾਰਾ ਅਜੇ ਵੀ ਪੂਰਾ ਯਾਨੀ 70 ਪ੍ਰਤੀਸ਼ਤ ਆਬਾਦੀ ਜਿਹੜੀ ਹੈ ਉਹ ਪੇਂਡੂ ਖੇਤਰ ਵਿਚ ਰਹਿੰਦੀ ਹੈ, ਖੇਤੀਬਾੜੀ ਉਪਰ ਨਿਰਭਰ ਹੈ, ਉਨ੍ਹਾਂ ਦੇ ਵਿਕਾਸ ਦੇ ਵਾਸਤੇ ਵੀ ਜੇਕਰ ਪਿਛਲੇ ਦਾ ਆਧਾਰ ਬਣਾ ਲਿਆ ਜਾਵੇ ਤਾਂ ਫਿਰ ਵੀ ਮੈਂ ਕਹਿ ਸਕਦਾ ਹਾਂ ਕਿ ਕੋਈ ਠੋਸ, ਹਾਂ-ਪੱਖੀ ਜਿਹੜਾ ਰੁਝਾਨ ਹੈ, ਇਸ ਬਜਟ ਦੇ ਵਿਚੋਂ ਉਹ ਨਜ਼ਰ ਨਹੀਂ ਆਉਂਦਾ । ਸੰਨ 1992-93 ਦੇ ਵਿਚ 44.76 ਕਰੋੜ ਰੁਪਏ ਰਖਿਆ ਸੀ, ਟੋਟਲ ਸਕੀਮ ਦਾ 3.89 ਪ੍ਰਤੀਸ਼ਤ ਖਰਚ ਕੀਤਾ 32.45 ਕਰੋੜ ਇਸ ਸਾਲ ਦਾ ਜਿਹੜਾ 38.91 ਕਰੋੜ ਰਖਿਆ ਹੈ। ਯਾਨੀ ਪਿਛਲੇ ਸਾਲ ਨਾਲੋਂ ਵੀ ਘਟਾ ਦਿਤਾ ਹੈ, ਜਿਤਨਾ ਖਰਚ ਕੀਤਾ ਸੀ ਉਸ ਦੇ ਨਾਲੋਂ ਵੀ ਘਟਾ ਦਿੱਤਾ ਹੈ। ਅਗੇ ਵਾਸਤੇ 3.11 ਪ੍ਰਤੀਸ਼ਤ ਰਖਿਆ ਹੈ।

ਇਸੇ ਤਰ੍ਹਾਂ ਹੀ ਸਾਡੀਆਂ ਸਿਹਤ ਸੇਵਾਵਾਂ ਜਿਹੜੀਆਂ ਹਨ ਉਹ ਬੜੀਆਂ ਜ਼ਰੂਰੀ ਹਨ। ਉਸ ਦੇ ਵਿਚ ਪਿਛਲੇ ਸਾਲ ਦੇ ਮੁਕਾਬਲੇ ਵਿਚ ਹੁਣ ਦਾ ਕੰਪੇਅਰ ਕਰ ਲੈਂਦੇ ਹਾਂ ਤਾਂ 1 ਪ੍ਰਤੀਸ਼ਤ ਮੈਂ ਸਮਝਦਾ ਹਾਂ ਕਿ ਉਹ ਵੀ ਘਟ ਹੋ ਜਾਂਦਾ ਹੈ। ਇਸ ਕਰਕੇ ਸਪੀਕਰ ਸਾਹਿਬ, ਮੈਂ ਆਪਣੇ ਸਮੇਂ ਵਿਚ ਪਾਬੰਦ ਰਹਿੰਦਾ ਹੋਇਆ ਹੀ ਸਿਰਫ ਕੁਝ ਨੁਕਤੇ ਉਭਾਰ ਕੇ ਪੇਸ਼ ਕਰਨਾ ਚਾਹੁੰਦਾ ਸੀ। ਇਸ ਬਜਟ ਦੇ ਵਿਚੋਂ ਤਾਂਕਿ ਸਾਨੂੰ ਇਸ ਦੀ ਟੋਟਲ ਡਾਇਰੈਕਸ਼ਨ ਜੋ ਹੈ ਬਜਟ ਦੀ ਉਹ ਕਿਹੜੇ ਪਾਸੇ ਵਲ ਹੈ, ਉਸ ਦਾ ਪਤਾ ਲਗ ਸਕੇ। ਇਹ ਸਮਾਜ ਨੂੰ, ਸੁਸਾਇਟੀ ਨੂੰ ਕਿਹੜੇ ਖੇਤਰ ਵਿਚ ਅਸੀਂ ਲੈ ਕੇ ਜਾਣਾ ਹੈ। ਇਸ ਕਰਕੇ ਕਾਫੀ ਕਮੀਆਂ, ਮੈਂ ਸਮਝਦਾ ਹਾਂ ਕਿ, ਖਾਮੀਆਂ ਨਜ਼ਰ ਆਉਂਦੀਆਂ ਹਨ ਜਿਨ੍ਹਾਂ ਨੂੰ ਅਗਰ ਅਸੀਂ ਦੂਰ ਨਾ ਕੀਤਾ ਤਾਂ ਫਿਰ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦਾ ਸਰਵ-ਪੱਖੀ ਵਿਕਾਸ, ਜਿਸ ਨੂੰ ਅਸੀਂ ਠੀਕ ਵਿਕਾਸ ਕਹਿੰਦੇ ਹਾਂ, ਉਸ ਨੂੰ ਮੈਂ ਸਮਝਦਾ ਹਾਂ ਕਿ ਦਿਸ਼ਾ ਜਾਂ ਨਿਰਦੇਸ਼ਨਾ ਉਹ ਇਸ ਦੇ ਵਿਚੋਂ ਲਭਣੀ ਬੜੀ ਔਖੀ ਹੈ। ਇਸ ਦੇ ਵਾਸਤੇ ਠੀਕ ਹੈ ਫੰਡ ਦਾ ਸਾਧਨ ਬੜਾ ਔਖਾ ਹੋ ਸਕਦਾ ਹੈ ਲੇਕਿਨ ਇਕ ਪਰਵਿਰਤੀ ਜਿਹੜੀ ਮਾੜੀ ਨਜ਼ਰ ਆਉਂਦੀ ਹੈ, ਤਕਰੀਬਨ ਸਾਰੀਆਂ ਸਟੇਟਾਂ ਕਰਦੀਆਂ ਹਨ ਕਿ ਵੱਧ ਤੋਂ ਵੱਧ ਆਮਦਨ ਵੀ ਵਿਖਾ ਦਿਓ, ਖਰਚ ਵੀ ਵਿਖਾ ਦਿਓ, ਜਿਸ ਦੇ ਸਿੱਟੇ ਵਜੋਂ ਕੇਂਦਰ ਤੋਂ ਵੱਧ ਹਿਸੇ ਦੀ ਮੰਗ ਕਰੋ। ਸੋ, ਮੈਂ ਸਮਝਦਾ ਹਾਂ ਕਿ ਕਰਜ਼ਾ ਲੈਣਾ ਹੈ, ਬਹੁਤ ਵੱਡੀ ਰਕਮ ਹੈ, ਔਰ ਉਸ ਤੇ ਵਿਆਜ ਵਾਪਸ ਕਰਾਂਗੇ ਔਰ ਉਸ ਤੇ 15 ਪ੍ਰਤੀਸ਼ਤ ਤੋਂ ਵੀ ਵੱਧ ਦਾ ਖਰਚਾ ਵਿਖਾਇਆ ਗਿਆ ਹੈ, ਔਰ ਕੁਝ ਅਸੀਂ ਵਿਆਜ ਵਾਪਸ ਕਰਾਂਗੇ, ਜਿਹੜਾ ਕਰਜ਼ਾ ਲੈ ਲਿਆ ਹੈ, ਉਸ ਨੂੰ ਘਾਟੇ ਵਿਚ ਪੂਰਾ ਕਰਾਂਗੇ। ਇਹ ਠੀਕ ਹੈ ਕਿ ਕਿਤਾਬਾਂ ਵਿਚ ਅਸੀਂ ਇਕ ਸੰਤੁਲਤ ਕਿਸਮ ਦਾ ਬਜਟ ਕਹਿ ਦਿੰਦੇ ਹਾਂ ਉਹ ਵਿਖਾ ਦਿੱਤਾ ਹੈ, ਲੇਕਿਨ ਅਗਰ ਗਹਿਰਾਈ ਨਾਲ ਚੀਰ-ਫਾੜ ਕੀਤੀ ਜਾਵੇ ਤਾਂ ਫਿਰ ਮੈਂ ਸਮਝਦਾ ਹਾਂ ਕਿ ਉਸ ਤਰ੍ਹਾਂ ਦੀ ਝਲਕ ਇਸ ਦੇ ਵਿਚੋਂ ਨਜ਼ਰ ਨਹੀਂ ਆਉਂਦੀ। ਆਖਿਰ ਅਸੀਂ ਏਨਾ ਵੱਡਾ ਕਰਜ਼ਾ ਲੈਂਦੇ ਹਾਂ ਤਾਂ ਉਸ ਦੀ ਵਾਪਸੀ ਦਾ ਵੀ ਸਵਾਲ ਸਾਡੇ ਕੋਲ ਆਵੇਗਾ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਮੈਂ ਜੀ ਆਇਆਂ ਕਹਿੰਦਾ ਹਾਂ ਕਿ ਸਾਡੇ ਵਿੱਤ ਮੰਤਰੀ ਜੀ ਨੇ ਕਿਹਾ ਹੈ ਕਿ ਕੋਈ ਨਵਾਂ ਟੈਕਸ ਨਹੀਂ ਲਗਾਇਆ। ਪਰ ਜਦੋਂ ਅਸੀਂ ਇਤਨਾਂ ਕਰਜ਼ਾ ਲਵਾਂਗੇ ਤਾਂ ਉਹ ਵਾਪਸ ਕਿਥੋਂ ਕਰਨਾ ਹੋਵੇਗਾ ਤਾਂ ਫਿਰ ਕੁਦਰਤੀ ਤੌਰ ਤੇ ਟੈਕਸ ਲਗਣਗੇ। ਟੈਕਸ ਚਾਰ ਮਹੀਨੇ ਪਹਿਲਾਂ ਲਗਾ ਦਿਓ ਜਾਂ ਬਾਅਦ ਵਿਚ ਲਗਾ ਦਿਓ, ਪਰ ਬਜਟ ਵਿਚ ਨਾ ਲਗਾਓ, ਇਹ ਨਵੀਂ ਪਰਵਿਰਤੀ ਜਿਹੜੀ ਡਿਵੈਲਪ ਹੋਈ ਹੈ, ਇਹ ਬੜੀ ਨੈਗੇਟਿਵ ਹੈ। ਇਹ ਕੇਂਦਰ ਵਿਚ ਵੀ ਔਰ ਸਟੇਟਾਂ ਵਿਚ ਵੀ ਅਪਣਾਈ ਜਾ ਰਹੀ ਹੈ। ਇਸ ਤੋਂ ਬਚਣ ਦੀ ਜ਼ਰੂਰਤ ਹੈ। ਅਸੀਂ ਇਸ ਗੱਲ ਵਾਸਤੇ ਪੂਰਾ ਕੋ-ਆਪ੍ਰੇਟ ਕਰਾਂਗੇ, ਐਪਰੀਸ਼ੀਏਟ ਕਰਾਂਗੇ ਅਗਰ ਇਕ ਵੀ ਹੁਣ ਟੈਕਸ ਨਹੀਂ ਲਗਾਇਆ, ਜੀ-ਆਇਆਂ, ਲੇਕਿਨ ਇਸ ਗਲ ਦੀ ਵੀ ਗਰੰਟੀ ਹੋਵੇ ਕਿ ਸਾਰਾ ਸਾਲ ਅਗਲੇ ਬਜਟ ਤਕ ਕੋਈ ਟੈਕਸ ਨਹੀਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਲਾਉਣਾ । ਟੈਕਸਾਂ ਦੀ ਸਥਿਤੀ ਜਿਥੋਂ ਤੱਕ ਹੈ, ਮੈਂ ਇਕ ਮਿੰਟ ਸਿਰਫ, ਇਸ ਉਤੇ ਕਹਿਣਾ ਚਾਹੁੰਦਾ ਹਾਂ । ਟੈਕਸ ਦੋ ਤਰ੍ਹਾਂ ਦੇ ਹਨ। ਸਪੀਕਰ ਸਾਹਿਬ, ਇਕ ਡਾਇਰੈਕਟ ਜਿਸ ਨੂੰ ਸਿੱਧਾ ਟੈਕਸ ਕਹਿੰਦੇ ਹਾਂ, ਇਕ ਇਨਡਾਇਰੈਕਟ ਜਿਹੜਾ ਅਸਿਧਾ ਟੈਕਸ ਹੈ। ਜਿਹੜਾ ਇਨਡਾਇਰੈਕਟ ਟੈਕਸ ਹੈ, ਮੁੱਖ ਤੌਰ ਤੇ ਉਹ ਜਿਹੜਾ ਆਮ ਜਨ ਸਾਧਾਰਨ ਹੈ, ਖਪਤਕਾਰ ਹਨ, ਉਨ੍ਹਾਂ ਉਤੇ ਪੈਂਦੇ ਹਨ । ਡਾਇਰੈਕਟ ਟੈਕਸਿਜ਼ ਜਿਹੜੇ ਹਨ ਉਹ ਅਪਰ ਕਲਾਸਿਜ਼, ਜਿਹੜੀ ਹੈ, ਉਨ੍ਹਾਂ ਉਤੇ ਤਕਰੀਬਨ ਪੈਂਦੇ ਹਨ। ਸੰਨ 1986-87 ਦੇ ਵਿਚ ਡਾਇਰੈਕਟ ਟੈਕਸਿਜ਼ 26 ਰੁਪਏ 69 ਪੈਸੇ ਸੀ ਔਰ ਇਨਡਾਇਰੈਕਟ ਟੈਕਸ ਜਿਹੜੇ ਹਨ ਉਨ੍ਹਾਂ ਦਾ ਵੀ ਇਨ੍ਹਾਂ ਸਾਲਾਂ ਵਿਚ ਮੁਕਾਬਲਾ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ 483 ਰੁਪਏ 91 ਪੈਸੇ ਤੋਂ ਵੱਧ ਕੇ 1993-94 ਵਿਚ 1,047 ਰੁਪਏ 72 ਪੈਸੇ ਹੋ ਗਏ। ਇਹ ਤਾਂ ਸਾਡੀ ਸਥਿਤੀ ਹੈ ਟੈਕਸਾਂ ਦੀ ਜਿਨ੍ਹਾਂ ਦਾ ਬੋਝ ਖਪਤਕਾਰ ਤੇ ਆਮ ਜਨ-ਸਾਧਾਰਨ ਉਤੇ ਪੈਂਦਾ ਹੈ ਔਰ ਉਹ ਵੱਧ ਰਿਹਾ ਹੈ। ਜੇ ਇਸ ਦਾ ਮੁਕਾਬਲਾ ਕਰੀਏ, ਪਰ ਕੈਪੀਟਾ ਇਨਕਮ ਦੇ ਨਾਲ, ਇਹ ਵੇਖਣ ਨੂੰ ਤਾਂ ਅਸੀਂ ਸਾਰੇ ਭਾਰਤ ਵਿਚ ਨੰਬਰ ਇਕ ਉਤੇ ਹਾਂ ਔਰ ਜਿਹੜਾ ਸੰਨ 1986-87 ਵਿਚ 4,940 ਰੁਪਏ ਸੀ ਉਹ 1990-91 ਵਿੱਚ 8,423 ਰੁਪਏ ਹੋਇਆ ਔਰ ਫੇਰ ਅਸੀਂ ਰੇਸ਼ੋ ਵੀ ਵਧਾ ਲਈਏ ਤਾਂ 10 ਹਜ਼ਾਰ ਤੋਂ ਥੋੜਾ ਜਿਹਾ ਵੱਧ ਜਾਂਦਾ ਹੈ ਔਰ ਇਸ ਵਿਚ ਉਪਰ ਵਾਲੇ ਤਕੜੇ ਜਿਹੜੇ ਲੋਕ ਹਨ, ਜਿਹੜੀ ਅਪਰਮਿਡਲ ਕਲਾਸ ਹੈ, ਉਨ੍ਹਾਂ ਦੀ ਆਮਦਨ ਵੀ ਸ਼ਾਮਲ ਹੈ। ਸਾਰਿਆਂ ਦੀ ਸ਼ਾਮਲ ਕਰਕੇ ਫਿਰ ਰੇਸ਼ੋ ਕੱਢੀ ਜਾਂਦੀ ਹੈ ਔਰ ਇਸ ਦੇ ਨਾਲ ਜਨ-ਸਾਧਾਰਨ ਬਾਰੇ ਨਜ਼ਰ ਨਹੀਂ ਆਉਂਦਾ ਔਰ ਫਿਰ ਜੇ ਇਸ ਨੂੰ ਦੂਸਰੇ ਤਰੀਕੇ ਨਾਲ ਸਮਝਣਾ ਹੋਵੇ ਤਾਂ ਜੇਕਰ ਮਾਸਕ ਆਮਦਨ ਗਿਣ ਲਈ ਜਾਵੇ ਕਿਸੇ ਵਿਅਕਤੀ ਦੀ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਇਹ ਸ਼ਾਇਦ ਸੌਖਾ ਪ੍ਰਤੀ ਤਰੀਕਾ ਹੈ। ਘੱਟੋ ਘੱਟ ਜਿਹੜੀ ਵੇਜ ਹੈ ਉਹ 40 ਰੁਪਏ ਪ੍ਰਤੀ ਦਿਨ ਹੈ ਔਰ ਪੂਰੇ ਮਹੀਨੇ ਕਿਸੇ ਵਰਕਰ ਨੂੰ ਪੂਰੀ ਉਜਰਤ ਨਹੀਂ ਮਿਲਦੀ ਹੈ, ਪੂਰੀ ਦਿਹਾੜੀ ਵੀ ਉਸ ਨੂੰ ਨਹੀਂ ਮਿਲਦੀ। ਜੇਕਰ ਪੂਰਾ ਮਹੀਨਾ ਹੀ ਲਗਾ ਲਈਏ ਤਾਂ ਟੋਟਲ ਜੋ ਹੈ ਉਸ ਦਾ ਲੇਖਾ-ਜੋਖਾ ਕਰ ਲਿਆ ਜਾਵੇ ਤਾਂ ਸਾਢੇ 15 ਹਜ਼ਾਰ ਆਮਦਨ ਬਣੀ ਸਾਲ ਦੀ। ਜੇਕਰ ਪੰਜ ਜੀਆਂ ਦਾ ਟੱਬਰ ਨਿਸਚਿਤ ਕਰ ਲਈਏ ਤਾਂ ਇਕ ਵਿਅਕਤੀ ਦੀ ਪਰ ਕੈਪੀਟਾ ਇਨਕਮ ਇਸ ਸਾਲ ਦੇ ਵਿਚ ਤਿੰਨ ਹਜ਼ਾਰ ਰੁਪਏ ਹੈ । ਇਹ ਆਮਦਨ ਬਣ ਜਾਂਦੀ ਹੈ ਔਰ ਦੂਸਰੇ ਪਾਸੇ ਇਸ ਵਾਸਤੇ 10 ਹਜ਼ਾਰ ਰੁਪਏ ਪਰ ਕੈਪੀਟਾ ਕਢਿਆ ਹੋਇਆ ਹੈ। ਇਸ ਦਾ ਮਤਲਬ ਹੈ ਕਿ ਉਸ ਨੂੰ, 7 ਹਜ਼ਾਰ ਰੁਪਏ ਘਾਟਾ ਪੈਂਦਾ ਹੈ ਉਹ ਗਿਆ ਕਿਥੇ ? ਇਹ ਗੱਲ ਬੜੀ ਭਲੀ ਭਾਂਤ ਨਜ਼ਰ ਆ ਸਕਦੀ ਹੈ ਕਿ 7 ਹਜ਼ਾਰ ਰੁਪਿਆ ਜਿਹੜੇ ਸਮਾਜ ਦੇ ਉਪਰ ਦੇ ਲੋਕ ਹਨ ਜਿਨ੍ਹਾਂ ਦੀ ਆਮਦਨ ਬਹੁਤ ਹੀ ਉਪਰ ਹੈ, ਇਹ ਉਨ੍ਹਾਂ ਵਿਚ ਸ਼ਾਮਲ ਹੋ ਜਾਂਦੀ ਹੈ ਔਰ ਸਮਾਜ ਦਾ ਬਹੁਤ ਵੱਡਾ ਹਿੱਸਾ, ਉਸ ਦੀ ਮਾਲੀ ਹਾਲਤ, ਆਰਥਿਕ ਸਥਿਤੀ, ਉਹ ਜਿਉਂ ਦੀ ਤਿਉਂ ਰਹਿੰਦੀ ਹੈ। ਇਸ ਕਰਕੇ ਮੈਂ ਜ਼ਿਆਦਾ ਨਹੀਂ ਕਹਿੰਦਾ ਹੋਇਆ ਇਹ ਕਹਾਂਗਾ ਕਿ ਬਜਟ ਉਤੇ ਪੂਰੀ ਤਰ੍ਹਾਂ ਗੰਭੀਰਤਾ ਦੇ ਨਾਲ, ਜਿਹੜਾ ਆਰਥਕ ਕਰਾਇਸਿਜ਼ ਹੈ, ਡੀਪ ਰੂਟਸ ਵਿਚ ਜਾ ਕੇ, ਇਸ ਨੂੰ ਸਟੱਡੀ ਕਰਨਾ ਚਾਹੀਦਾ ਹੈ। ਮੈਂ ਜੀ ਆਇਆਂ ਕਹਿੰਦਾ ਹਾਂ ਕਿ ਜਿਹੜਾ ਇਨ੍ਹਾਂ ਦਾ ਗੈਰ-ਯੋਜਨਾ ਖਰਚਾ ਹੈ, ਉਸ ਵਿਚ 8 ਪ੍ਰਤੀਸ਼ਤ ਕਟੌਤੀ ਕਰਨ ਦੀ ਗੱਲ ਕੀਤੀ ਹੈ। ਇਹ ਸ਼ਲਾਘਾਯੋਗ ਗੱਲ ਹੈ, ਇਸ ਦੀ ਹਮਾਇਤ ਕਰਨੀ ਚਾਹੀਦੀ ਹੈ, ਔਰ ਮੈਂ ਕਰਨ ਵਾਸਤੇ ਤਿਆਰ ਹਾਂ ਲੇਕਿਨ ਗੈਰ-ਯੋਜਨਾ ਖਰਚ ਬਹੁਤ ਜ਼ਿਆਦਾ ਹੈ। ਡੇਢ ਗੁਣਾ ਪਿਛਲੇ ਸਾਲ ਤੋਂ ਲੈ ਕੇ ਇਸ ਸਾਲ ਵਿਚ ਵੱਧ ਹੋਇਆ ਹੈ। ਵਿੱਤ ਮੰਤਰੀ ਜੀ ਚਿੰਤਤ ਹਨ, ਇਨ੍ਹਾਂ ਦਾ ਟਾਰਗੇਟ ਫਿਕਸ ਕੀਤਾ ਹੋਇਆ ਹੈ ।

Original with;
Punjab Vidhan Sabha
Digitized by;
Panjab Digital Library

ਉਹ ਟਾਰਗੇਟ ਅਚੀਵ ਕਰਨ ਵਾਸਤੇ, ਪੂਰੀ ਸਖਤੀ ਨਾਲ ਯਤਨ ਕਰਨੇ ਚਾਹੀਦੇ ਹਨ ਔਰ ਇਸ ਵਿਚ ਕਿਸੇ ਤਰ੍ਹਾਂ ਦੀ ਲਿਹਾਜ਼ਦਾਰੀ ਜਾਂ ਸਾਫਟ ਕਾਰਨਰ ਨਹੀਂ ਹੋਣਾ ਚਾਹੀਦਾ। (ਘੰਟੀ) ਬਸ ਜੀ, ਮੈਂ ਇਕ ਗੱਲ ਹੋਰ ਕਹਿੰਦਾ ਹਾਂ ਕਿ ਜਿਹੜਾ ਪੈਸਾ ਇਸ ਮੱਦ ਵਿਚ ਰਖਿਆ ਹੈ ਪਹਿਲਾਂ ਨਹੀਂ ਸੀ ਰਖਿਆ ਔਰ ਹੁਣ ਸਾਥੋਂ ਸਪਲੀਮੈਂਟਰੀ ਗਰਾਂਟਸ ਵਿਚ ਪਾਸ ਵੀ ਕਰਵਾਇਆ ਹੈ ਉਹ ਹੈ ਕੈਬਨਿਟ ਦੇ ਮੰਤਰੀਆਂ ਵਾਸਤੇ ਇਕ ਕਰੋੜ ਰੁਪਿਆ ਗਰਾਂਟਸ ਵਗੈਰਾ ਦੇਣ ਵਾਸਤੇ। ਅਸੀਂ ਇਹ ਨਹੀਂ ਚਾਹੁੰਦੇ ਕਿ ਇਹ ਨਾ ਰਖਿਆ ਜਾਵੇ, ਠੀਕ ਹੈ ਅਗਰ ਉਹ ਮੰਤਰੀ ਸਾਹਿਬ ਕਿਤੇ ਜਾਂਦੇ ਹਨ ਤਾਂ ਉਹ ਲੋਕ ਆਸ ਵੀ ਕਰਦੇ ਹਨ ਕਿ ਸਾਡੇ ਮੰਤਰੀ ਸਾਹਿਬ ਕੁਝ ਨਾ ਕੁਝ ਦੇ ਕੇ ਜਾਣਗੇ। ਪਰ ਇਕ ਗੱਲ ਜ਼ਰੂਰ ਕਹਾਂਗਾ ਕਿ ਇਹ ਸਖਤੀ ਨਾਲ ਲਾਗੂ ਕੀਤਾ ਜਾਵੇ ਕਿ ਜਿਹੜਾ ਪੈਸਾ ਇਸ ਬਜਟ ਵਿਚ ਇਸ ਦਾਇਰੇ ਵਾਸਤੇ ਰਖਿਆ ਹੈ ਗਰਾਂਟਸ ਦੇਣ ਵਾਸਤੇ ਉਸ ਤੋਂ ਵੱਧ ਖਰਚ ਨਾ ਹੋਵੇ। ਵੇਖਣ ਵਿਚ ਇਹ ਵੀ ਆਇਆ ਹੈ ਕਿ ਜਿਹੜੇ ਸਾਡੇ ਡਿਸਟ੍ਰਿਕ ਪਲਾਨਿੰਗ ਬੋਰਡ ਹਨ ਉਨ੍ਹਾਂ ਵਿਚ ਜਿਤਨੀ ਅਨਾਊਂਸਮੈਂਟ ਮੰਤਰੀ ਕਰ ਦੇਣ ਉਹ ਤਾਂ ਆਨਰ ਕੀਤੀ ਜਾਂਦੀ ਹੈ ਔਰ ਇਹ ਜ਼ਰੂਰੀ ਹੈ, ਪਰ ਉਥੇ ਦਾ ਜਿਹੜਾ ਐਮ.ਐਲ.ਏ. ਹੈ ਉਹ ਜ਼ੀਰੋ ਹੈ, ਜੇ ਉਸ ਨੇ ਕੋਈ ਯਕੀਨ ਦਿਵਾਇਆ ਹੈ, ਕੋਈ ਗੱਲ ਕਹੀ ਹੈ ਉਹ ਪੂਰੀ ਨਹੀਂ ਹੁੰਦੀ। ਉਥੇ ਜਾਂ ਤਾਂ ਡੀ.ਸੀ. ਦੀ ਗੱਲ ਪਰਵਾਨ ਕੀਤੀ ਜਾਂਦੀ ਹੈ ਜਾਂ ਮੰਤਰੀ ਸਾਹਿਬਾਨ ਦੀ। ਸੋ ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਜਿਹੜਾ ਪਲਾਨਿੰਗ ਬੋਰਡ ਦਾ ਪੈਸਾ ਹੈ ਇਹ ਖਰਚ ਨਹੀਂ ਕਰਨਗੇ (ਘੰਟੀ) ਬਸ ਜੀ, ਇਕ ਗਲ, ਮੈਂ ਹੋਰ ਬੜੇ ਜ਼ੋਰ ਨਾਲ ਇਥੇ ਕਹਿਣੀ ਚਾਹੁੰਦਾ ਹਾਂ ਕਿ ਡਿਵੈਲਪਮੈਂਟ ਦੇ ਜਿਹੜੇ ਕੰਮ ਹਨ, ਠੀਕ ਹੈ ਜਮਹੂਰੀਅਤ ਆਈ ਹੈ, ਪੰਚਾਇਤਾਂ ਦੀਆਂ ਇਲੈਕਸ਼ਨਾਂ ਵੀ ਹੋਈਆਂ ਹਨ ਮਿਉਨਸਿਪਲ ਕਮੇਟੀਆਂ ਦੀਆਂ ਵੀ ਹੋਈਆਂ ਹਨ, ਔਰ ਹੁਣ ਜ਼ਿਲ੍ਹਾ ਪਰੀਸ਼ਦਾਂ ਔਰ ਬਲਾਕ ਸੰਮਤੀਆਂ ਦੀਆਂ ਇਲੈਕਸ਼ਨਾਂ ਕਰਾਉਣ ਲਈ ਸੋਚ ਰਹੇ ਹਨ ਪਰ ਇਕ ਗਲ ਜਿਹੜੀ ਬੜੀ ਹੀ ਖਤਰਨਾਕ ਸਾਡੇ ਨੋਟਿਸ ਵਿਚ ਆਈ ਹੈ ਔਰ ਮੈਂ ਸਾਰੇ ਹਾਊਸ ਨੂੰ ਸੂਚੇਤ ਕਰਦਾ ਹਾਂ ਕਿ ਇਸ ਵਾਸਤੇ ਜਿਹੜੀਆਂ ਹੁਣ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਇਸ ਤਰ੍ਹਾਂ ਨਾਲ ਜ਼ੋਨ ਦੀਆਂ ਲਿਸਟਾਂ ਬਣਾਈਆਂ ਜਾਣ ਜਿਸ ਨਾਲ ਜ਼ਿਆਦਾ ਤੋਂ ਜ਼ਿਆਦਾ ਇਕ ਵਿਸ਼ੇਸ਼ ਪਾਰਟੀ ਦੇ ਬੰਦੇ ਹੀ ਜਿੱਤ ਕੇ ਆ ਸਕਣ। ਮੈਂ ਸਮਝਦਾ ਹਾਂ ਕਿ ਇਹ ਜੋ ਅਮੈਂਡਮੈਂਟ ਕੀਤੀ ਹੈ, ਇਹ ਜੋ ਹਦਾਇਤਾਂ ਹਨ ਇਹ ਗੈਰ-ਜਮਹੂਰੀਆਨਾ ਗਲ ਹੈ ਔਰ ਇਸ ਦੇ ਇਨ ਦੀ ਲੌਂਗ ਰਨ ਨੈਗੇਟਿਵ ਰਿਜ਼ਲਟ ਨਿਕਲ ਸਕਦੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਜਿਹੜਾ ਪੁਰਾਣਾ ਤਰੀਕਾ ਹੈ ਉਹ ਹੀ ਬਹਾਲ ਰਖਣਾ ਚਾਹੀਦਾ ਹੈ ਜਿੰਨਾ ਚਿਰ ਤਕ ਕੇਂਦਰ ਤੋਂ ਪੰਚਾਇਤਾਂ ਦੇ ਬਾਰੇ ਜੋ ਐਕਟ ਪਾਸ ਹੋਇਆ ਹੈ, ਉਹ ਇਕ ਸਾਲ ਬਾਅਦ ਲਾਗੂ ਹੋਣਾ ਹੈ, ਉਹ ਮਨਜ਼ੂਰ ਨਹੀਂ ਹੋ ਜਾਂਦਾ (ਘੰਟੀ) ਬਸ ਜੀ, ਮੈਂ ਇਸ ਪਾਸੇ ਹੀ ਆ ਰਿਹਾ ਹਾਂ।

ਹੁਣ ਮੈਂ ਇਕ ਦੋ ਗਲਾਂ ਆਪਣੇ ਹਲਕੇ ਦੇ ਬਾਰੇ ਕਹਿਕੇ ਖਤਮ ਕਰਾਂਗਾ। ਇਹ ਠੀਕ ਹੈ ਔਰ ਅਸੀਂ ਧੰਨਵਾਦ ਕਰਦੇ ਹਾਂ ਕਿ ਮੁੱਖ ਮੰਤਰੀ ਸਾਹਿਬ ਨੇ ਸਾਡਾ ਇਕ ਨਵਾਂ ਡਿਸਟਿਕਟ ਬਣਾਇਆ ਹੈ। ਇਹ ਇਲਾਕਾ ਬਹੁਤ ਪਛੜਿਆ ਹੋਇਆ ਹੈ ਇਸ ਲਈ ਇਸ ਦੇ ਵਿਕਾਸ ਦੀਆਂ ਸੰਭਾਵਨਾਵਾਂ ਜ਼ਿਆਦਾ ਖੋਲ੍ਹੀਆਂ ਜਾਣ ਔਰ ਇਸ ਤਰੀਕੇ ਨਾਲ ਇਸ ਦੀ ਬਾਂਹ ਸਰਕਾਰ ਨੂੰ ਫੜਨੀ ਚਾਹੀਦੀ ਹੈ ਕਿ ਇਹ ਸਾਡਾ ਇੰਟਾਇਰ ਡਿਸਟ੍ਰਿਕਟ ਬਾਕੀ ਡਿਸਟ੍ਰਿਕਟ ਦੇ ਬਰਾਬਰ ਹੋ ਜਾਵੇ, ਮੈਂ ਸਮਝਦਾ ਹਾਂ ਕਿ ਇਸ ਪਾਸੇ ਹਾਲੇ ਕਾਫੀ ਘਾਟ ਹੈ। ਔਰ ਮੇਰੀ ਇਹ ਬੇਨਤੀ ਹੈ ਕਿ ਇਸ ਜ਼ਿਲ੍ਹੇ ਨੂੰ ਏ ਕਲਾਸ ਦੇ ਤੌਰ ਤੇ ਦਰਜਾ ਦੇਣਾ ਚਾਹੀਦਾ ਹੈ ਤਾਕਿ ਵੱਧ ਤੋਂ ਵੱਧ ਇਸ ਇਲਾਕੇ ਨੂੰ ਸਬਸਿਡੀਜ਼ ਮਿਲ ਸਕਣ। ਇੰਡਸਟਰੀ ਦੇ ਲਿਹਾਜ਼ ਤੋਂ ਵੀ ਮੇਰਾ ਇਲਾਕਾ ਬਹੁਤ ਪਛੜਿਆ ਹੋਇਆ ਹੈ ਇਸ ਲਈ ਵੱਧ ਤੋਂ ਵੱਧ ਸਬਸਿਡੀਜ਼ ਇੰਡਸਟਰੀ ਦੀ ਡਿਵੈਲਪਮੈਂਟ ਵਾਸਤੇ ਮਿਲਣੀਆਂ ਚਾਹੀਦੀਆਂ ਹਨ ਔਰ ਕਿਉਂਕਿ ਮੇਰਾ

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਹਰਦੇਵ ਸਿੰਘ ਅਰਸ਼ੀ ]

ਇਲਾਕਾ ਤਾਂ ਬਹੁਤ ਹੀ ਪਛੜਿਆ ਹੋਇਆ ਹੈ ਇਸ ਲਈ ਮੈਂ ਬੇਨਤੀ ਕਰਾਂਗਾ ਕਿ ਕੋਈ ਤਕੜਾ ਸੱਨਅਤ ਪਰੋਜੈਕਟ ਉਸ ਇਲਾਕੇ ਨੂੰ ਮਿਲਣਾ ਚਾਹੀਦਾ ਹੈ ਤਾਂਕਿ ਉਸ ਇਲਾਕੇ ਦਾ ਵਿਕਾਸ ਹੋ ਸਕੇ।

ਇਸ ਤੋਂ ਬਾਅਦ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਇਲਾਕਾ ਐਜੂਕੇਸ਼ਨ ਦੇ ਲਿਹਾਜ ਨਾਲ ਵੀ ਬਹੁਤ ਪਛੜਿਆ ਹੋਇਆ ਹੈ। ਇਹ ਠੀਕ ਹੈ ਕਿ ਸਾਡੇ ਡਿਸਟ੍ਰਿਕਟ ਹੈਡਕੁਆਟਰ ਤੇ ਸਰਕਾਰ ਨੇ ਇਕ ਪ੍ਰਾਈਵੇਟ ਕਾਲਜ ਨੂੰ ਅਪਣੇ ਹੱਥਾਂ ਵਿਚ ਲੈ ਲਿਆ ਹੈ ਪਰ ਜੇ ਇਸੇ ਤਰ੍ਹਾਂ ਹੀ ਮੇਰੇ ਹਲਕੇ ਵਿਚ ਜਿਹੜਾ ਗੁਰੂ ਨਾਨਕ ਕਾਲਜ ਹੈ ਉਸ ਨੂੰ ਵੀ ਸਰਕਾਰੀ ਹੱਥਾਂ ਵਿਚ ਲੈ ਲਿਆ ਜਾਵੇ ਤਾਂ ਉਸ ਕਾਲਜ ਵਿਚ ਕਾਫੀ ਸੁਧਾਰ ਆ ਸਕਦਾ ਹੈ (ਘੰਟੀ) ਬਸ ਜੀ, ਮੈਂ ਇਹ ਗਲ ਕਰਨੀ ਹੈ ਕਿ ਇਕ ਲੜਕੀਆਂ ਵਾਸਤੇ ਵੀ ਇੰਡਸਟਰੀਅਲ ਟਰੇਨਿੰਗ ਕਾਲਜ ਦੀ ਉਥੇ ਘਾਟ ਹੈ, ਇਕ ਇਸ ਤਰ੍ਹਾਂ ਦਾ ਕੋਈ ਕਾਲਜ ਉਥੇ ਖੋਲ੍ਹ ਦੇਣਾ ਚਾਹੀਦਾ ਹੈ। (ਘੰਟੀ) ਇਕ ਗਲ ਮੈਂ ਇਰੀਗੇਸ਼ਨ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਟੇਲ ਦਾ ਇਲਾਕਾ ਹੈ ਉਥੇ ਪਾਣੀ ਦੀ ਬੜੀ ਘਾਟ ਹੈ। ਜ਼ਮੀਨ ਹੇਠ ਪਾਣੀ ਮਾੜਾ ਹੈ ਔਰ ਟੇਲ ਤਕ ਪਾਣੀ ਜਾ ਨਹੀਂ ਰਿਹਾ। ਇਸ ਨਾਲ ਜਿਹੜੀ ਗੰਨੇ ਦੀ ਮਿੱਲ ਹੈ ਉਹ ਵੀ ਫੇਲ੍ਹ ਹੋ ਰਹੀ ਹੈ ਕਿਉਂਕਿ ਗੰਨੇ ਦੀ ਫਸਲ ਨੂੰ ਪਾਣੀ ਦੀ ਬਹੁਤ ਲੋੜ ਹੁੰਦੀ ਹੈ ਇਸ ਕਰਕੇ ਉਸ ਇਲਾਕੇ ਨੂੰ ਪਾਣੀ ਪਹੁੰਚੇ ਇਸ ਗਲ ਦਾ ਯਤਨ ਸਰਕਾਰ ਨੂੰ ਕਰਨਾ ਚਾਹੀਦਾ ਹੈ (ਘੰਟੀ) ਬਸ ਜੀ, ਮੈਂ ਇਸ ਪਾਸੇ ਆ ਰਿਹਾ ਹਾਂ ਇਕ ਗਲ ਆਖਰੀ ਕਹਿਕੇ ਮੈਂ ਖਤਮ ਕਰਦਾ ਹਾਂ ਕਿ ਇਕ ਗੱਲ ਮੁੱਖ ਮੰਤਰੀ ਜੀ ਨੇ ਪਬਲਿਕਲੀ ਐਲਾਨ ਕੀਤੀ ਹੈ ਕਿ ਬੁਢਲਾਡਾ ਤਹਿਸੀਲ ਦੇ ਵਿਚ ਜਿਹੜਾ ਬਰੇਟਾ ਕਸਬਾ ਪੈਂਦਾ ਹੈ ਉਸ ਨੂੰ ਸਬ-ਤਹਿਸੀਲ ਬਣਾਇਆ ਜਾਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜੀ ਅਨਾਊਂਸਮੈਂਟ ਕੀਤੀ ਹੈ ਇਸ ਨੂੰ ਕਿਸੇ ਸ਼ੁਭ ਮੌਕੇ ਤੇ.... ਇਹ ਤਾਂ ਸਰਕਾਰ ਵੇਖੇ ਕਿ ਇਹ ਸ਼ੁਭ ਮੌਕਾ ਕਿਹੜਾ ਹੋ ਸਕਦਾ ਹੈ, ਸੋ ਇਹ ਮੰਗ ਵੀ ਜ਼ਰੂਰ ਪੂਰੀ ਕਰਨੀ ਚਾਹੀਦੀ ਹੈ ਔਰ ਇਸ ਦੇ ਨਾਲ ਇਕ ਉਪ-ਖਜ਼ਾਨਾ ਵੀ ਹੋ ਸਕਦਾ ਹੈ। ਇਸ ਤੋਂ ਇਲਾਵਾ ਬੋਹਾ ਬਲਾਕ ਬਣਾਉਣ ਦੀ ਜਿਹੜੀ ਪਰਪੋਜ਼ਲ ਹੈ ਉਸ ਨੂੰ ਵੀ ਸਿਰੇ ਚਾੜਨਾ ਚਾਹੀਦਾ ਹੈ। ਆਖਰੀ ਸਪੀਕਰ ਸਾਹਿਬ, ਇਕ ਸ਼ਬਦ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਉਂਕਿ ਹਾਊਸ ਵਿਚ ਕਾਲ ਅਟੈਨਸ਼ਨ ਮੋਸ਼ਨ ਵੀ ਲਿਆਂਦੀ ਹੈ ਔਰ ਮੁੱਖ ਮੰਤਰੀ ਸਾਹਿਬ ਨੂੰ ਪਰਸਨਲੀ ਵੀ ਮਿਲਿਆ ਹਾਂ ਔਰ ਲੋਕ ਵੀ ਪੁੱਛ ਰਹੇ ਹਨ ਕਿ ਗੱਡੀਆਂ ਜੋ ਬੰਦ ਪਈਆਂ ਹਨ ਪਹਿਲੇ ਤਾਂ ਲੋਜ਼ਿਕ ਸੀ ਕਿ ਕੋਈ ਜਾਨ ਮਾਲ ਦਾ ਨੁਕਸਾਨ ਨਾ ਕਰ ਦੇਵੇ ਔਰ ਇਸ ਇਹਤਿਹਾਤ ਦੇ ਤੌਰ ਤੇ ਇਹ ਗੱਡੀਆਂ ਬੰਦ ਕੀਤੀਆਂ ਸਨ ਪਰ ਹੁਣ ਸਿਚੂਏਸ਼ਨ ਇੰਪਰੂਵ ਹੋ ਗਈ ਹੈ ਫਿਰ ਇਹ ਗੱਡੀਆਂ ਬੰਦ ਕਿਉਂ ਰਖੀਆਂ ਜਾਣ ਖਾਸ ਕਰਕੇ ਜਿਹੜੀ ਜੀਂਦ ਸਟਲ ਫਿਰੋਜ਼ਪੁਰ ਤਕ ਜਾਂਦੀ ਹੈ ਕਿਉਂਕਿ ਉਹ, ਦੋਨੋ ਪੁਰਾਣਾ ਡਿਸਟ੍ਰਿਕਟ ਹੈਡਕਆਰਟਰ ਅਤੇ ਨਵਾਂ ਡਿਸਟ੍ਰਿਕਟ ਹੈਡਕਆਰਟਰ ਨੂੰ ਜੋੜਨ ਲਈ ਹੋਰ ਕੋਈ ਸਹੂਲਤ ਨਹੀਂ, ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਹੁਣ ਰੀਵਿਊ ਕਰਨਾ ਚਾਹੀਦਾ ਹੈ ਭਾਵੇਂ ਪੁਲਿਸ ਅਫ਼ਸਰਾਂ ਨਾਲ ਮਿਲ ਕੇ ਰਿਵਿਊ ਕਰਨ ਤਾਂਕਿ ਇਹ ਜਿਹੜੀਆਂ ਬੰਦ ਗੱਡੀਆਂ ਪਈਆਂ ਹਨ, ਇਨ੍ਹਾਂ ਨੂੰ ਚਲਾਇਆ ਜਾਵੇ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਡਾਕਟਰ ਮਹਿੰਦਰ ਕੁਮਾਰ ਰਿਨਵਾ (ਫਾਜ਼ਿਲਕਾ)** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਉਤੇ ਬੋਲਣ ਦੇ ਲਈ ਮੌਕਾ ਦਿੱਤਾ ਹੈ। ਜਿਹੜਾ ਬਜਟ ਡਾਕਟਰ ਸਾਹਿਬ ਨੇ ਪੇਸ਼ ਕੀਤਾ ਹੈ ਇਹ ਬਜਟ ਟੈਕਸ ਤੋਂ ਬਿਨਾਂ ਹੈ ਅਗਰ ਡਾਕਟਰ ਸਾਹਿਬ ਨੂੰ ਅਰਥ ਸ਼ਾਸਤਰੀ ਦੀ ਉਪਾਧੀ ਦਿੱਤੀ ਜਾਵੇ ਤਾਂ ਕੋਈ ਬੜੀ ਗੱਲ ਨਹੀਂ ਹੈ। ਜਦੋਂ ਪਿਛੇ ਸਰਕਾਰ ਨੇ ਪਹਿਲਾਂ ਬਜਟ ਪੇਸ਼ ਕੀਤਾ ਸੀ ਉਸ ਵਿਚ ਕਾਫੀ ਮਾਤਰਾ ਵਿਚ ਘਾਟਾ ਸੀ ਅਤੇ ਖਜ਼ਾਨਾ ਖਾਲੀ ਸੀ ਉਸ ਨੂੰ ਸਹੀ ਰਸਤੇ

Original with;
Punjab Vidhan Sabha
Digitized by;
Panjab Digital Library

ਤੇ ਲਿਆਉਣ ਲਈ ਡਾਕਟਰ ਸਾਹਿਬ ਨੇ ਆਪਣੀ ਸੂਝਬੂਝ ਦਾ ਸਬੂਤ ਦਿੱਤਾ ਹੈ ਅਤੇ ਜਿਹੜੀ ਖਜ਼ਾਨੇ ਦੀ ਗੱਡੀ ਪਟੜੀ ਤੋਂ ਉਤਰੀ ਹੋਈ ਸੀ ਉਸ ਨੂੰ ਫਿਰ ਪਟੜੀ ਤੇ ਲਿਆਂਦਾ ਹੈ। ਇਸ ਦੇ ਲਈ ਡਾਕਟਰ ਸਾਹਿਬ ਮੁਬਾਰਕਬਾਦ ਦੇ ਪਾਤਰ ਹਨ ਔਰ ਜਿਸ ਤਰੀਕੇ ਨਾਲ ਸਰਦਾਰ ਬੇਅੰਤ ਸਿੰਘ ਨੇ ਬੜੀ ਪੁਲੀਟੀਕਲ ਵਿੱਲ ਡਿਟਰਮੀਨੇਸ਼ਨ ਦੇ ਨਾਲ ਇਥੇ ਕਿਹਾ ਸੀ ਕਿ ਮੈਂ ਪੰਜਾਬ ਵਿਚ 6 ਮਹੀਨਿਆਂ ਦੇ ਵਿਚ ਲਾਅ ਐਂਡ ਆਰਡਰ ਨੂੰ ਕੰਟਰੋਲ ਕਰ ਲਵਾਂਗਾ ਉਹ ਕਰਕੇ ਵਿਖਾਇਆ ਹੈ। ਇਸ ਦੇ ਨਾਲ ਹੀ, ਪਿਛਲੇ ਸਾਲ 95 ਮਿਊਂਸਪਲ ਕਮੇਟੀਜ਼ ਦੀਆਂ ਇਲੈਕਸ਼ਨਾਂ ਬੜੀ ਪੀਸਫੁਲੀ ਕਰਵਾਈਆਂ। 13 ਸਾਲਾਂ ਤੋਂ ਬਾਦ ਲੋਕਾਂ ਦੇ ਨੁਮਾਇੰਦੇ ਮਿਊਂਸਪਲ ਕਮੇਟੀਜ਼ ਵਿਚ ਆਏ ਹਨ ਅਤੇ ਜਨਵਰੀ, 1993 ਵਿਚ 4596 ਪੰਚਾਇਤਾਂ ਦੀਆਂ ਇਲੈਕਸ਼ਨਾਂ ਸਰਕਾਰ ਨੇ ਕਰਵਾਈਆਂ। ਇਥੇ ਅਕਾਲੀ ਪਾਰਟੀ ਦੇ ਲੀਡਰਾਂ ਨੇ ਕਿਹਾ ਸੀ ਕਿ ਸਰਪੰਚ ਅਤੇ ਪੰਚ ਅਸਤੀਫੇ ਦੇ ਰਹੇ ਹਨ ਪਰ ਇਸ ਨੂੰ ਸਰਦਾਰ ਬੇਅੰਤ ਸਿੰਘ ਨੇ ਚੈਲੰਜ ਕੀਤਾ ਅਤੇ ਕਿਹਾ ਕਿ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਣਗੀਆਂ ਅਤੇ ਲੋਕ ਅੱਗੇ ਆਉਣਗੇ। ਇਨ੍ਹਾਂ ਇਲੈਕਸ਼ਨਾਂ ਵਿਚ 82 ਪ੍ਰਤੀਸ਼ਤ ਵੋਟਿੰਗ ਹੋਈ ਅਤੇ ਪੰਚਾਇਤਾਂ ਚੁਣੀਆਂ ਗਈਆਂ। ਸਪੀਕਰ ਸਾਹਿਬ, ਅਸੀਂ ਇਤਿਹਾਸ ਪੜ੍ਹਦੇ ਹਾਂ ਅਤੇ ਆਪਣੇ ਲੀਡਰਾਂ ਦੀਆਂ ਆਜ਼ਾਦੀ ਦੇ ਲਈ ਦਿਤੀਆਂ ਸ਼ਹੀਦੀਆਂ ਪੜ੍ਹਦੇ ਹਾਂ। ਹੁਣ ਆਉਣ ਵਾਲੀ ਜੈਨਰੇਸ਼ਨ ਇਹ ਇਤਿਹਾਸ ਪੜ੍ਹੇਗੀ ਕਿ ਸਰਦਾਰ ਬੇਅੰਤ ਸਿੰਘ ਨੇ ਪੰਜਾਬ ਵਿਚ ਜਿਹੜੀ ਪਿਛਲੇ 10 ਸਾਲਾਂ ਤੋਂ ਅੱਗ ਲਗੀ ਹੋਈ ਸੀ ਉਸ ਅੱਗ ਨੂੰ ਸਰਦਾਰ ਸਾਹਿਬ ਨੇ ਬੁਝਾਇਆ ਹੈ। (ਥੰਪਿੰਗ)।

ਹੁਣ ਮੈਂ ਬਜਟ ਦੇ ਬਾਰੇ ਗੱਲਾਂ ਕਰਾਂਗਾ ਕਿ ਇਹ ਸਰਕਾਰ ਵਧਾਈ ਦੀ ਪਾਤਰ ਹੈ ਕਿਉਂਕਿ ਸਰਕਾਰ ਨੇ ਪਿੰਡਾਂ ਦੇ ਵਿਚ 24 ਘੰਟੇ ਲਗਾਤਾਰ ਬਿਜਲੀ ਦੀ ਸਪਲਾਈ ਦੇਣ ਲਈ ਕਿਹਾ ਹੈ। ਪਿਛੇ ਰੋਪੜ ਥਰਮਲ ਪਲਾਂਟ ਦਾ 5ਵਾਂ ਯੂਨਿਟ ਸ਼ੁਰੂ ਕੀਤਾ ਸੀ। ਸਰਕਾਰ ਨੇ ਜਿਹੜੇ ਪਿਛੇ ਟਿਊਬਵੈਲ ਦੇ ਕੁਨੈਕਸ਼ਨ ਦੇਣੇ ਬੰਦ ਕਰ ਦਿੱਤੇ ਸਨ। ਇਹ ਹੁਣ ਫਿਰ ਟਿਊਬਵੈਲ ਦੇ ਕੁਨੈਕਸ਼ਨ ਦੇਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਸਾਡਾ ਬਾਰਡਰ ਦਾ ਏਰੀਆ ਹੈ ਇਸ ਲਈ ਇਥੇ ਨਹਿਰੀ ਪਾਣੀ ਦੇ ਨਾਲ ਕੰਮ ਪੂਰਾ ਨਹੀਂ ਹੁੰਦਾ, ਇਸ ਕਰਕੇ ਸਰਕਾਰ ਨੂੰ ਇਥੇ ਟਿਊਬਵੈਲਜ਼ ਦੇ ਕੁਨੈਕਸ਼ਨ ਜ਼ਰੂਰ ਦੇ ਦੇਣੇ ਚਾਹੀਦੇ ਹਨ। ਇਥੇ 16-20 ਕਿਲੋਮੀਟਰ ਦਾ ਇਲਾਕਾ ਹੈ। ਇਥੇ ਬਿਜਲੀ ਦੀ ਸਪਲਾਈ ਵਿਚ ਵੋਲਟਿਜ ਫਲੈਕਚੂਏਸ਼ਨ ਬਹੁਤ ਜ਼ਿਆਦਾ ਹੁੰਦੀ ਹੈ। ਜਿਹੜਾ 33 ਕੇ.ਵੀ. ਗਰਿਡ ਸਬ-ਸਟੇਸ਼ਨ ਮੇਰੇ ਪਿੰਡ ਸਾਬੋਵਾਲ ਵਿਚ ਲਗ ਰਿਹਾ ਹੈ ਇਸ ਦੇ ਚਾਲੂ ਹੋਣ ਨਾਲ ਬਿਜਲੀ ਦੀ ਸਪਲਾਈ ਵਿਚ ਕਾਫੀ ਵਾਧਾ ਹੋਵੇਗਾ ਅਤੇ ਇਲਾਕੇ ਦੀ ਤਰੱਕੀ ਹੋਵੇਗੀ, ਇਸ ਦੇ ਲਈ ਸਰਕਾਰ ਵਧਾਈ ਦੀ ਪਾਤਰ ਹੈ। ਸਰਕਾਰ ਨੇ ਕੰਡੀ ਕਨਾਲ ਪ੍ਰਾਜੈਕਟ ਦੇ ਉਤੇ ਕਾਫੀ ਕੰਮ ਕੀਤਾ ਹੈ ਅਤੇ ਇਰੀਗੇਸ਼ਨ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਨਰਮੇ ਦੀ ਫਸਲ ਤੱਕ ਉਥੇ ਪਾਣੀ ਚਾਲੂ ਕਰ ਦਿੱਤਾ ਜਾਵੇਗਾ। ਪੰਜਾਬ ਵਿਚ ਦੋ ਤਰ੍ਹਾਂ ਦਾ ਨਹਿਰੀ ਪਾਣੀ ਦਾ ਸਿਸਟਮ ਹੈ। ਇਕ ਯੂ.ਬੀ.ਡੀ.ਸੀ. ਰਾਹੀਂ ਅਤੇ ਦੂਜਾ ਈਸਟਰਨ ਕੈਨਾਲ ਸਿਸਟਮ ਦੇ ਰਾਹੀਂ ਨਹਿਰੀ ਪਾਣੀ ਦਿੱਤਾ ਜਾਂਦਾ ਹੈ। ਇਹ ਹਮੇਸ਼ਾ 2 ਵਾਰੀ ਪਾਣੀ ਸਰਦੀਆਂ ਵਿਚ ਦਿੱਤਾ ਜਾਂਦਾ ਸੀ ਲੇਕਿਨ ਹੁਣ ਮੈਂ ਦੇਖ ਰਿਹਾ ਹਾਂ ਕਿ ਅੱਜ ਤਕ ਡੇਢ ਮਹੀਨੇ ਤੋਂ ਪਾਣੀ ਹਾਲੇ ਵੀ ਚਲ ਰਿਹਾ ਹੈ। ਇਸ ਦੇ ਨਾਲ ਸਾਡੇ ਹਲਕੇ ਦੇ ਜ਼ਿਮੀਦਾਰ ਖੁਸ਼ਹਾਲ ਹੋਣਗੇ। ਜਿਹੜਾ ਪੋਰਸ਼ਨ ਕੱਚਾ ਰਹਿ ਗਿਆ ਹੈ ਉਸ ਨੂੰ ਬਰਿਕਲਾਈਨਿੰਗ ਕਰਕੇ ਪੱਕਾ ਕਰ ਦੇਣਾ ਚਾਹੀਦਾ ਹੈ। ਦੂਸਰਾ ਫਿਰੋਜ਼ਪੁਰ, ਬਠਿੰਡਾ ਅਤੇ ਫਰੀਦਕੋਟ ਦੇ ਇਲਾਕੇ ਦਾ ਪਾਣੀ ਖਾਰਾ ਹੈ ਅਤੇ ਪਾਣੀ ਜ਼ਮੀਨ ਵਿਚ ਘੱਟ ਰਹਿ ਗਿਆ ਹੈ। ਇਥੇ 3 ਜ਼ਿਲ੍ਹਿਆਂ ਦੇ ਵਿਚ ਵਾਟਰ ਕੋਰਸਿਜ਼ ਨੂੰ ਵਧਾ ਦਿੱਤਾ ਜਾਣਾ ਚਾਹੀਦਾ ਹੈ ਤਾਂਕਿ ਜਿਹੜਾ ਅਨਇਰੀਗੇਟਿਡ ਏਰੀਆ

Original with;
Punjab Vidhan Sabha
Digitized by;
Panjab Digital Library

[ ਡਾਕਟਰ ਮਹਿੰਦਰ ਕੁਮਾਰ ਰਿਨਵਾ ]

ਹੈ ਉਥੇ ਪਾਣੀ ਮਿਲ ਸਕੇ। ਵਾਟਰ ਲੌਗਿੰਗ ਏਰੀਆ ਵਿਚ ਜਿਥੇ ਸਰਕਾਰ 3 ਸਾਲਾਂ ਦੇ ਬਾਅਦ ਸਫਾਈ ਕਰਵਾਉਂਦੀ ਹੈ, ਇਥੇ ਸਫਾਈ ਹਰ ਸਾਲ ਕਰਵਾਉਣੀ ਚਾਹੀਦੀ ਹੈ ਕਿਉਂਕਿ ਇਥੇ ਵਾਟਰ ਕੋਰਸਿਜ਼ ਵਿਚ ਵੀਡ ਵੱਧ ਜਾਂਦੀ ਹੈ ਇਸ ਦੀ ਕਟਾਈ ਹਰ ਸਾਲ ਹੋਣੀ ਚਾਹੀਦੀ ਹੈ । ਇਰੀਗੇਸ਼ਨ ਮਨਿਸਟਰ ਸਾਹਿਬ ਨੇ ਮੇਰੇ ਹਲਕੇ ਵਿਚ ਡਰੇਨੇਜ ਤੇ ਪੁੱਲ ਬਣਾਏ ਹਨ। ਇਸ ਦੇ ਲਈ ਇਹ ਵਧਾਈ ਦੇ ਪਾਤਰ ਹਨ ।

ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਬਾਰਡਰ ਡਿਸਟ੍ਰਿਕ ਗੁਰਦਾਸਪੁਰ ਅਤੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਦੋ ਇੰਜੀਨੀਰਿੰਗ ਕਾਲਜ ਖੋਲ੍ਹਣੇ ਹਨ। ਇਸ ਬਾਰੇ ਸੀ.ਐਮ. ਸਾਹਿਬ ਨੇ ਅਨਾਊਂਸਮੈਂਟ ਵੀ ਕੀਤੀ ਹੈ। ਮੇਰੀ ਬੇਨਤੀ ਹੈ ਕਿ ਫਿਰੋਜ਼ਪੁਰ ਡਿਸਟ੍ਰਿਕਟ ਵਾਲਾ ਕਾਲਜ਼ ਫਾਜ਼ਿਲਕਾ ਵਿਖੇ ਖੋਲ੍ਹਿਆ ਜਾਵੇ ਕਿਉਂਕਿ ਫਾਜ਼ਿਲਕਾ ਵਿਚ 150 ਏਕੜ ਜ਼ਮੀਨ ਫਰੀ ਦੇਣ ਨੂੰ ਤਿਆਰ ਹਨ। ਇਹ ਬਾਰਡਰ ਦਾ ਇਲਾਕਾ ਹੈ ਔਰ ਉਥੇ ਕੋਈ ਐਜੂਕੇਸ਼ਨ ਸੈਂਟਰ ਨਹੀਂ ਹੈ। ਇਸ ਲਈ ਇਹ ਕਾਲਜ ਫਾਜ਼ਿਲਕਾ ਵਿਚ ਹੀ ਖੋਲ੍ਹਿਆ ਜਾਵੇ।

**ਸ੍ਰੀ ਸਪੀਕਰ** : ਵਾਈਂਡ ਅੱਪ ਕਰੋ ।

**ਡਾਕਟਰ ਮਹਿੰਦਰ ਕੁਮਾਰ ਰਿਨਵਾ** : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਦੋ ਨਵੇਂ ਜ਼ਿਲ੍ਹੇ ਫਤਿਹਗੜ੍ਹ ਸਾਹਿਬ ਅਤੇ ਮਾਨਸਾ ਬਣਾ ਕੇ ਬੜਾ ਅੱਛਾ ਕੰਮ ਕੀਤਾ ਹੈ। ਹੋਰ ਨਵੇਂ ਜ਼ਿਲ੍ਹੇ ਬਣਾਉਣ ਵਾਸਤੇ ਡਿਸਟ੍ਰਿਕਟ ਰੀਆਰਗੇਨਾਈਜੇਸ਼ਨ ਕਮੇਟੀ ਬਣਾਈ ਹੈ। ਇਸ ਸਬੰਧ ਵਿਚ ਮੈਂ ਤੁਹਾਡੇ ਧਿਆਨ ਵਿਚ ਇਕ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਬੀਫੋਰ ਇੰਡੀਪੈਂਡੈਂਸ ਫਾਜ਼ਿਲਕਾ ਇਕ ਸਬ-ਡਵੀਜ਼ਨ ਸੀ ਔਰ ਬਾਅਦ ਵਿਚ ਇਸ ਨੂੰ ਛੋਟਾ ਕਰ ਦਿੱਤਾ ਗਿਆ ਸੀ। ਇਥੇ 282 ਪਿੰਡ ਪੈਂਦੇ ਹਨ । ਆਲਰੇਡੀ ਇਥੇ 4 ਜੁਡੀਸ਼ਲ ਕੋਰਟਸ ਹਨ। ਪੰਜਾਬ ਸਰਕਾਰ ਤੇ ਕੋਈ ਜ਼ਿਆਦਾ ਐਕਸਪੈਂਡੀਚਰ ਵੀ ਨਹੀਂ ਪਵੇਗਾ । ਸਰਕਾਰੀ ਜ਼ਮੀਨ ਵੀ ਫਾਲਤੂ ਪਈ ਹੈ। ਕੁਝ ਪੁਰਾਣੀਆਂ ਬਿਲਡਿੰਗਾਂ ਵੀ ਪਈਆਂ ਹਨ ਜਿਥੇ ਕਿ ਸਰਕਾਰੀ ਦਫਤਰ ਖੋਲ੍ਹੇ ਜਾ ਸਕਦੇ ਹਨ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਸੈਂਟਰ ਪਲੇਸ ਹੋਣ ਕਰਕੇ ਅਤੇ ਹੋਰ ਸਾਰੀਆਂ ਸਹੂਲਤਾਂ ਹੋਣ ਕਰਕੇ, ਸਿਰਫ ਜਲਾਲਾਬਾਦ ਸਬ-ਤਹਿਸੀਲ ਨੂੰ ਅਪਗ੍ਰੇਡ ਕਰਨਾ ਪਵੇਗਾ, ਫਾਜ਼ਿਲਕਾ ਨੂੰ ਜ਼ਿਲ੍ਹਾ ਬਣਾਇਆ ਜਾਵੇ। ਮੈਂ ਡਾਕਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ 12 ਜ਼ਿਲ੍ਹਿਆਂ ਵਿਚ ਅਰਬਨ ਡਿਵੈਲਪਮੈਂਟ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ । ਇਹ ਪ੍ਰਾਜੈਕਟ ਜਾਰੀ ਰਹਿਣੇ ਚਾਹੀਦੇ ਹਨ। ਇਸ ਨਾਲ ਲੋਕਾਂ ਨੂੰ ਬੇਸਕ ਅਮੈਨੇਟੀਜ਼ ਪ੍ਰੋਵਾਈਡ ਹੋਣਗੀਆਂ । ਸਪੀਕਰ ਸਾਹਿਬ, ਪਿਛੇ ਗਵਰਨਰ ਸਾਹਿਬ ਵਲੋਂ ਸਪਿਨਿੰਗ ਮਿੱਲ ਦਾ ਉਦਘਾਟਨ ਕੀਤਾ ਗਿਆ ਸੀ। ਗਵਰਨਰ ਸਾਹਿਬ ਵਲੋਂ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਮੈਂ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਇਸ ਸਪਿਨਿੰਗ ਮਿਲ ਦਾ ਕੰਮ ਸ਼ੁਰੂ ਕੀਤਾ ਜਾਵੇ।

**ਸ੍ਰੀ ਸਪੀਕਰ** : ਤੁਸੀਂ ਬੈਠੋ ਜੀ। ਰਾਏ ਜੀ, ਤੁਹਾਨੂੰ 5 ਮਿੰਟ ਬੋਲਣ ਲਈ ਸਮਾਂ ਦਿੱਤਾ ਜਾਂਦਾ ਹੈ।

**ਸਰਦਾਰ ਸ਼ਮਸ਼ੇਰ ਸਿੰਘ ਰਾਏ** (ਚਮਕੌਰ ਸਾਹਿਬ, ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਲਈ ਸਮਾਂ ਦਿੱਤਾ ਹੈ। ਜੋ ਬਜਟ ਸਾਡੇ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਹੈ ਉਸ ਦੀ ਮੈਂ ਸ਼ਲਾਘਾ ਕਰਦਾ ਹਾਂ। ਸਪੀਕਰ ਸਾਹਿਬ, ਪੰਜਾਬ ਵਿਚ ਜੋ ਪਿਛਲੇ 10-12 ਸਾਲਾਂ ਤੋਂ ਅਤਿਵਾਦ ਅਤੇ ਵੱਖਵਾਦ ਵਲੋਂ ਅੱਗ ਲਗੀ ਹੋਈ ਸੀ ਉਸ ਨੂੰ ਬੁਝਾ ਕੇ ਸਾਡੇ ਮੁੱਖ

Original with;
Punjab Vidhan Sabha
Digitized by;
Panjab Digital Library

ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਅਤੇ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਵਿਚ ਸ਼ਾਂਤੀ ਪੈਦਾ ਕੀਤੀ ਪੰਜਾਬ ਵਿਚ ਸ਼ਾਂਤੀ ਪੈਦਾ ਹੋ ਚੁੱਕੀ ਹੈ ਮੁੜ ਪੰਜਾਬ ਵਿਚ ਅੱਛਾ ਮਾਹੌਲ ਪੈਦਾ ਹੋ ਗਿਆ ਹੈ। ਸਰਦਾਰ ਬੇਅੰਤ ਸਿੰਘ ਜੀ ਇਕ ਅਜਿਹੇ ਇਨਸਾਨ ਹਨ ਜਿਨ੍ਹਾਂ ਨੇ ਪੰਜਾਬ ਵਿਚ ਪੂਰੀ ਸ਼ਾਂਤੀ ਲਿਆਂਦੀ ਹੈ। (ਥਾਪਿੰਗ) ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਪੈਰਾ ਮਿਲਟਰੀ ਫੋਰਸਿਜ਼ ਅਤੇ ਪੁਲਿਸ ਤੇ ਭਾਰੀ ਪੈਸਾ ਖਰਚ ਹੋਇਆ ਹੈ। ਪਰ ਫਿਰ ਵੀ ਵਿੱਤ ਮੰਤਰੀ ਜੀ ਨੇ ਟੈਕਸ ਫਰੀ ਬਜਟ ਪੇਸ਼ ਕੀਤਾ ਹੈ। ਇਥੇ ਸਪੀਕਰ ਸਾਹਿਬ, ਅਰਸ਼ੀ ਜੀ ਅਤੇ ਮਿੱਤਲ ਸਾਹਿਬ ਵੱਲੋਂ ਇਹ ਗੱਲ ਕਹੀ ਗਈ ਕਿ ਇਹ ਸਾਰੀਆਂ ਉਪਲੱਬਧੀਆਂ ਕਿਵੇਂ ਪੂਰੀਆਂ ਹੋਣਗੀਆਂ। ਬਜਟ ਵਿਚ ਜਿਹੜੀਆਂ ਨਵੀਆਂ ਸਕੀਮਾਂ ਦਸੀਆਂ ਗਈਆਂ ਹਨ ਇਹ ਕਿਵੇਂ ਪੂਰੀਆਂ ਹੋਣਗੀਆਂ। ਇਸ ਬਾਰੇ ਪੇਜ 18 ਤੇ ਬਜਟ ਸਪੀਚ ਵਿਚ ਲਿਖਿਆ ਹੈ ਕਿ :

"ਸਾਡਾ ਨਿਸ਼ਾਨਾ ਹੈ ਕਿ ਸਾਰੇ ਗੈਰ ਜ਼ਰੂਰੀ ਅਤੇ ਫਜ਼ੂਲ ਖਰਚਿਆਂ ਨੂੰ ਬੰਦ ਕਰਕੇ ਲਗਾਤਾਰ ਵੱਧ ਰਹੇ ਖਰਚੇ ਨੂੰ ਰੋਕਿਆ ਜਾਵੇਗਾ।"

ਸਪੀਕਰ ਸਾਹਿਬ, ਖਰਚਿਆਂ ਵਿਚ ਕਫਾਇਤ ਕਰਕੇ ਕੰਟਰੋਲ ਕੀਤਾ ਜਾਵੇਗਾ। ਇਥੇ ਸਪੀਕਰ ਸਾਹਿਬ, ਸ਼੍ਰੀਮਤੀ ਵਿਮਲਾ ਡਾਂਗ ਨੇ ਵੀ ਕੁਐਸਚਨ ਕੀਤਾ ਸੀ ਕਿ ਡਿਪਟੀ ਕਮਿਸ਼ਨਰ ਦੇ ਆਪਣੇ ਘਰ ਵਿਚ ਏਅਰ ਕੰਡੀਸ਼ਨ ਅਤੇ ਹਰ ਐਸ਼ੋਇਸ਼ਰਤ ਦਾ ਸਮਾਨ ਲਗਾਇਆ ਹੋਇਆ ਹੈ। ਸਾਡੇ ਵਿੱਤ ਮੰਤਰੀ ਜੀ ਨੇ ਇਸ ਨੂੰ ਸੈਪਟ ਕੀਤਾ। ਵਿੱਤ ਮੰਤਰੀ ਜੀ ਨੇ ਕਿਹਾ ਕਿ ਇਸ ਦੀ ਇਨਕੁਆਇਰੀ ਕਰਾਵਾਂਗੇ ਅਤੇ ਸਾਰਿਆਂ ਨਜ਼ਾਇਜ਼ ਖਰਚਿਆਂ ਤੇ ਕੰਟਰੋਲ ਕਰਾਂਗੇ।

ਜਿਵੇਂ ਕਿ ਪਿਛਲੇ ਸਾਲ ਦੀਆਂ ਕਈ ਗੱਲਾਂ ਚਲੀਆਂ, ਸਾਡੀਆਂ ਕਈ ਨਵੀਆਂ ਉਪਲਬਧੀਆਂ ਹੋਈਆਂ ਹਨ। ਇਕ ਥਰਮਲ ਪਲਾਂਟ ਰੋਪੜ ਵਿੱਚ ਸ਼ੁਰੂ ਕੀਤਾ ਗਿਆ ਹੈ ਜਿਸ ਤੋਂ 210 ਮੈਗਾਵਾਟ ਐਕਸਟਰਾ ਬਿਜਲੀ ਪੈਦਾ ਹੋਵੇਗੀ। ਜਿਸ ਨਾਲ ਸਾਡੀ ਐਗਰੀਕਲਚਰ ਦੀ ਅਤੇ ਇੰਡਸਟਰੀ ਦੀ ਪ੍ਰੋਡਕਸ਼ਨ ਵਧੇਗੀ। ਪ੍ਰੋਡਕਸ਼ਨ ਵਧਣ ਨਾਲ ਜ਼ਿਆਦਾ ਪੈਸਾ ਆਵੇਗਾ, ਸਾਡੀ ਸਰਕਾਰ ਨੇ ਕਈ ਨਵੇਂ ਜ਼ਿਲ੍ਹੇ ਅਤੇ ਸਬ-ਤਹਿਸੀਲਾਂ ਬਣਾਈਆਂ ਹਨ। ਇਸ ਨਾਲ ਪਿੰਡਾਂ ਦੇ ਆਮ ਲੋਕਾਂ ਨੂੰ ਬੜਾ ਫਾਇਦਾ ਹੋਇਆ ਹੈ ਕਿਉਂਕਿ ਉਨ੍ਹਾਂ ਨੂੰ ਦੂਰ ਦੂਰ ਥਾਂ ਤੇ ਕੰਮਾਂ ਵਾਸਤੇ ਜਾਣਾ ਪੈਂਦਾ ਸੀ, ਪੈਸੇ ਖਰਚਣੇ ਪੈਂਦੇ ਸੀ ਅਤੇ ਕਈ ਉਨ੍ਹਾਂ ਨੂੰ ਤਕਲੀਫਾਂ ਹੁੰਦੀਆਂ ਸਨ। ਹੁਣ ਜ਼ਿਲ੍ਹੇ ਦਾ ਫਾਸਲਾ ਘੱਟ ਕੇ ਨੇੜੇ ਆ ਗਿਆ ਹੈ। ਇਹ ਜ਼ਿਲ੍ਹੇ ਉਨ੍ਹਾਂ ਦੀ ਸਹੂਲਤ ਵਾਸਤੇ ਬਣਾਏ ਹਨ। ਇਹ ਬਣਾਕੇ ਸਾਡੇ ਮੁੱਖ-ਮੰਤਰੀ ਜੀ ਨੇ ਬੜਾ ਅੱਛਾ ਕਦਮ ਚੁਕਿਆ ਹੈ ਅਤੇ ਇਹ ਇਕ ਸ਼ਾਲਾਘਾਯੋਗ ਕੰਮ ਹੈ।

ਇਸੇ ਤਰ੍ਹਾਂ ਪੈਨਸ਼ਨਾਂ ਦੇ ਪਸੇ ਵਧਾਏ ਹਨ। ਵਿਧਵਾ ਪੈਨਸ਼ਨ ਅਤੇ ਹੋਰ ਬੁਢਾਪਾ ਪੈਨਸ਼ਨ 100/- ਰੁਪਏ ਤੋਂ ਵਧਾ ਕੇ 150/- ਰੁਪਏ ਕਰ ਦਿੱਤੀ ਗਈ ਹੈ। ਲੇਕਿਨ ਸਾਡੇ ਅਪੋਜ਼ੀਸ਼ਨ ਦੇ ਵੀਰ ਇਹ ਗੱਲਾਂ ਨਹੀਂ ਕਰਦੇ। ਜਿਹੜੀ ਬਜਟ ਵਿਚ ਪਾਜ਼ਿਟਿਵ ਗੱਲ ਹੈ, ਉਹ ਵੀ ਜ਼ਰੂਰ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਦੱਸਿਆ ਗਿਆ ਹੈ ਕਿ ਅਸੀਂ ਖਰਚ ਘਟਾਉਣ ਲਗਿਆਂ ਇਹ ਵੀ ਦੇਖਾਂਗੇ ਕਿ ਪੀ.ਆਰ.ਟੀ.ਸੀ. ਅਤੇ ਬਿਜਲੀ ਬੋਰਡ ਦੀਆਂ ਚੋਰੀਆਂ ਵਗੈਰਾ ਨੂੰ ਹਟਾਵਾਂਗੇ ਜਿਵੇਂ ਕਿ ਡਾਕਟਰ ਸਾਹਿਬ ਨੇ ਪੇਜ-18 ਤੇ ਮੈਨਸ਼ਨ ਕੀਤਾ ਹੋਇਆ ਹੈ। ਚੋਰੀਆਂ ਪਕੜਾਂਗੇ, ਜਿਸ ਨਾਲ ਪੈਸਾ ਬਚੇਗਾ ਅਤੇ ਹੋਰ ਨਵੇਂ ਕੰਮ ਸ਼ੁਰੂ ਕਰਾਂਗੇ। ਇਥੇ ਦੱਸਿਆ ਗਿਆ ਹੈ ਕਿ ਅਸੀਂ ਸਮਾਲ ਸੇਵਿੰਗਜ਼ ਦੇ ਥਰੂ 248 ਕਰੋੜ ਰੁਪਿਆ ਹੋਰ ਇਕੱਠਾ ਕਰਾਂਗੇ ਅਤੇ 5000 ਹੋਰ ਨਵੇਂ ਏਜੰਟ ਉਨ੍ਹਾਂ ਬੱਚਿਆਂ ਨੂੰ ਬਣਾਵਾਂਗੇ ਜਿਹੜੇ ਅਨ-ਇੰਪਲਾਇਡ ਹਨ ਤਾਂਕਿ ਉਹ ਗਲਤ ਰਸਤੇ ਤੇ ਚਲਣ ਦੀ ਬਜਾਏ ਚੰਗੇ ਰਸਤੇ ਤੇ ਚਲਣ ਅਤੇ ਸਾਡੇ ਬੱਚੇ ਅਤਿਵਾਦ ਵਾਲੇ ਪਾਸੇ ਨਾ ਲਗਣ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ:** ਰਾਏ ਸਾਹਿਬ, ਤੁਸੀਂ ਟਾਈਮ ਦਾ ਵੀ ਧਿਆਨ ਰਖੋਂ।

**ਸਰਦਾਰ ਸ਼ਮਸ਼ੇਰ ਸਿਘ ਰਾਏ:** ਫਿਰ, ਸਪੀਕਰ ਸਾਹਿਬ, ਲੰਬਰਦਾਰਾਂ ਦਾ ਪੰਜੋਤਰਾ 5 ਪ੍ਰਤੀਸ਼ਤ ਤੋਂ ਵਧਾ ਕੇ 10 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ। ਇਹ ਸਾਡੀ ਸਰਕਾਰ ਦੀ ਨਵੀਂ ਉਪਲੱਬਧੀ ਹੈ। ਸਪੀਕਰ ਸਾਹਿਬ, ਸਾਡੀ ਸਰਕਾਰ ਬਣਨ ਤੋਂ ਪਹਿਲਾਂ, ਸਰਦਾਰ ਬੇਅੰਤ ਸਿੰਘ ਜੀ ਦੇ ਮੁੱਖ-ਮੰਤਰੀ ਬਣਨ ਤੋਂ ਪਹਿਲਾਂ ਅਨੁਸੂਚਿਤ ਜਾਤੀਆਂ ਦੀ ਭਲਾਈ ਦਾ ਮਹਿਕਮਾ ਪਰਸੋਨਲ ਡਿਪਾਰਟਮੈਂਟ ਕੋਲ ਸੀ ਜੋ ਕਿ ਇਸ ਨਾਲ ਜਸਟੀਫਿਕੇਸ਼ਨ ਨਹੀਂ ਕਰ ਰਿਹਾ ਸੀ। ਸਾਡੀ ਸਰਕਾਰ ਨੇ ਬੜੀ ਕਿਰਪਾ ਕਰਕੇ ਹੁਣ ਫਿਰ ਇਹ ਮਹਿਕਮਾ ਵੈਲਫੇਅਰ ਡਿਪਾਰਟਮੈਂਟ ਨੂੰ ਦੇ ਦਿੱਤਾ ਹੈ। (ਥੰਪਿੰਗ) ਅਸੀਂ ਇਸ ਨੂੰ ਇਕ ਸ਼ਲਾਘਾਯੋਗ ਕੰਮ ਸਮਝਦੇ ਹਾਂ ਜਿਸ ਨਾਲ ਸਾਡੇ ਸੂਬੇ ਵਿੱਚ ਐਸ.ਸੀ. ਅਤੇ ਬੀ.ਸੀ. ਲੋਕਾਂ ਨੂੰ ਭਰਪੂਰ ਫਾਇਦਾ ਪਹੁੰਚੇਗਾ। ਫਿਰ ਇਕ ਬੈਕਲਾਗ ਕਮੇਟੀ ਬਣਾਈ ਗਈ ਹੈ। ਇਥੇ ਬਹੁਜਨ ਸਮਾਜ ਪਾਰਟੀ ਵਾਲੇ ਭਰਾ ਜਿਹੜੀਆਂ ਗੱਲਾਂ ਕਰਦੇ ਹਨ, ਅਸੀਂ ਐਸਰਟੇਨ ਕਰਾਂਗੇ ਕਿ ਕਿੰਨਾ ਬੈਕਲਾਗ ਬਾਕੀ ਹੈ। ਪਰ ਇਹ ਕਸੂਰ ਸਾਡਾ ਨਹੀਂ। ਇਹ ਗਵਰਨਰ ਰੂਲ ਵਿਚ ਅਫਸਰਸ਼ਾਹੀ ਦੁਆਰਾ ਪੈਦਾ ਕੀਤੀ ਗਈ ਪਰਾਬਲਮ ਹੈ ਜਿਨ੍ਹਾਂ ਨੇ ਆਪਣੇ ਖਾਸ ਰਿਸ਼ਤੇਦਾਰ ਅਤੇ ਹੋਰ ਸਬੰਧੀ ਭਰਤੀ ਕਰਕੇ ਸਾਡੇ ਵਾਸਤੇ ਇਹ ਸਮੱਸਿਆ ਖੜ੍ਹੀ ਕਰ ਦਿੱਤੀ ਹੈ। (ਥੰਪਿੰਗ) ਸਾਡੀ ਸਰਕਾਰ ਦਾ ਇਹ ਨਿਸਚਾ ਹੈ ਕਿ ਬੈਕਲਾਗ ਨੂੰ ਪੂਰਾ ਕੀਤਾ ਜਾਵੇਗਾ। ਸਾਡੇ ਮੁੱਖ ਮੰਤਰੀ ਜੀ ਨੇ ਇਕ ਹੋਰ ਗੱਲ ਕਹੀ ਹੈ ਕਿ ਅਸੀਂ ਇਕ ਐਕਟ ਬਣਾਵਾਂਗੇ ਜਿਸ ਦੇ ਮੁਤਾਬਿਕ ਐਸ.ਸੀ. ਅਤੇ ਬੀ.ਸੀ. ਨੂੰ ਨੌਕਰੀਆਂ ਦੇਵਾਂਗੇ ਜੋ ਐਸ.ਸੀ. ਅਤੇ ਬੀ.ਸੀ. ਦੀ ਸਮੁੱਚੀ ਤਰੱਕੀ ਲਈ ਹੋਵੇਗਾ। ਇਹ ਐਕਟ ਬਣ ਰਿਹਾ ਹੈ ਲੇਕਿਨ ਇਸ ਗਲ ਲਈ ਮੈਂ ਪ੍ਰਾਰਥਨਾ ਜ਼ਰੂਰ ਕਰਾਂਗਾ ਕਿ ਇਹ ਐਕਟ ਜਲਦੀ ਤੋਂ ਜਲਦੀ ਬਣਾਇਆ ਜਾਣਾ ਚਾਹੀਦਾ ਹੈ।

ਅੱਗੇ ਹੋਰ ਸਾਡੇ ਬਜਟ ਵਿੱਚ 200 ਨਵੀਆਂ ਧਰਮਸ਼ਾਲਾਵਾਂ ਬਣਾਏ ਜਾਣ ਬਾਰੇ ਕਿਹਾ ਗਿਆ ਹੈ। 50,000 ਰੁਪਿਆ ਇਕ ਧਰਮਸ਼ਾਲਾ ਬਣਾਏ ਜਾਣ ਲਈ ਦਿੱਤਾ ਜਾਵੇਗਾ। ਇਸ ਦੇ ਨਾਲ ਇਹ ਗੱਲ ਵੀ ਮੈਂ ਜ਼ਰੂਰ ਕਹਾਂਗਾ ਕਿ ਜਿਹੜੀਆਂ ਪੁਰਾਣੀਆਂ ਧਰਮਸ਼ਾਲਾਵਾਂ ਹਨ ਉਨ੍ਹਾਂ ਨੂੰ ਰਿਪੇਅਰ ਕਰਨ ਵਾਸਤੇ ਕੁਝ ਨਾ ਕੁਝ ਪੈਸਾ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ। ਹੋਰ ਸਾਡੀ ਸਰਕਾਰ ਨੇ ਡਾਕਟਰ ਅੰਬੇਦਕਰ ਭਵਨ ਹਰ ਜ਼ਿਲ੍ਹੇ ਵਿੱਚ ਬਣਾਉਣ ਦਾ ਫੈਸਲਾ ਕੀਤਾ ਹੈ। ਇਹ ਰੋਪੜ ਵਿਚ ਬਣਨਾ ਸ਼ੁਰੂ ਵੀ ਹੋ ਗਿਆ ਹੈ। ਸਾਡੀ ਸਰਕਾਰ ਨੇ ਐਸੀ.ਸੀ. ਅਤੇ ਬੀ.ਸੀ. ਭਰਾਵਾਂ ਦਾ ਭਰਪੂਰ ਖਿਆਲ ਰਖਦੇ ਹੋਏ ਇਹ ਭਵਨ ਉਸਾਰਨ ਦੀ ਸਕੀਮ ਬਣਾਈ ਹੈ। ਜਿਸ ਤਰ੍ਹਾਂ ਕਿ ਇਨ੍ਹਾਂ ਨੇ ਪਿਛਲੇ ਸਾਲ ਉੱਨਤ ਗ੍ਰਾਮ ਸਕੀਮ ਵਿੱਚ 117 ਕਰੋੜ ਰੁਪਿਆ ਰਖਿਆ ਸੀ ਜੋਕਿ ਹੁਣ 200 ਕਰੋੜ ਰੁਪਿਆ ਕਰ ਦਿੱਤਾ ਗਿਆ ਹੈ। ਇਹ ਸਾਡੀ ਸਰਕਾਰ ਦਾ ਬੜਾ ਸ਼ਲਾਘਾਯੋਗ ਕਦਮ ਹੈ। ਇਸੇ ਤਰ੍ਹਾਂ ਹੀ ਜਿਵੇਂ ਦੱਸਿਆ ਗਿਆ ਹੈ ਕਿ ਸਾਡੇ ਦਰਬਾਰ ਸਾਹਿਬ ਦਾ ਜੋ ਕਿ ਸਾਡੇ ਅਕਾਲੀ ਭਰਾ ਕੁਝ ਨਹੀਂ ਕਰ ਸਕੇ ਸਾਡੀ ਸਰਕਾਰ ਨੇ 69 ਕਰੋੜ ਰੁਪਿਆ ਦਰਬਾਰ ਸਾਹਿਬ ਨੂੰ ਸੁੰਦਰ ਬਣਾਉਣ ਵਾਸਤੇ ਲਗਾਇਆ ਹੈ ਜੋ ਕਿ ਇਕ ਬੜਾ ਸ਼ਲਾਘਾਯੋਗ ਕਦਮ ਹੈ। (ਥੰਪਿੰਗ)

ਸਾਡੀ ਸਰਕਾਰ ਨੇ ਛੋਟੇ ਔਰ ਵੱਡੇ ਕਾਰਖਾਨੇ ਨਵੇਂ ਲਗਾਉਣ ਦਾ ਜਿਹੜਾ ਫੈਸਲਾ ਕੀਤਾ ਹੈ, ਉਹ ਬੜਾ ਸ਼ਲਾਘਾਯੋਗ ਹੈ। ਸਾਡੀ ਸਰਕਾਰ ਨੇ ਬਾਹਰ ਦੇ ਇੰਡਸਟਰੀਅਲਿਸਟਾਂ ਨੂੰ ਵੀ ਕਿਹਾ ਹੈ ਕਿ ਤੁਸੀਂ ਇਥੇ ਆ ਕੇ ਕਾਰਖਾਨੇ ਲਗਾਓ, ਅਸੀਂ ਤੁਹਾਨੂੰ ਸਹਾਇਤਾ ਦੇਵਾਂਗੇ ਅਤੇ ਤੁਹਾਨੂੰ ਸੁਰੱਖਿਆ ਵੀ ਪ੍ਰਦਾਨ ਕਰਾਂਗੇ, ਇਸ ਗੱਲ ਦੀ ਵੀ ਮੈਂ ਪ੍ਰਸ਼ੰਸਾਂ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਖੇਤੀਬਾੜੀ ਦੀ ਤਰੱਕੀ ਲਈ ਵੀ ਨਵੇਂ ਬੀਜਾਂ ਵਾਸਤੇ ਦੁੱਗਣਾ ਪੈਸਾ ਰੱਖਿਆ ਗਿਆ ਹੈ। ਨਵੇਂ ਬੀਜਾਂ ਨਾਲ ਜ਼ਿਆਦਾ ਪ੍ਰੋਡਕਸ਼ਨ ਹੋਵੇਗੀ। ਨਵੀਆਂ ਰੋਡਜ਼ ਵਾਸਤੇ ਪੈਸਾ ਭਾਵੇਂ ਨਹੀਂ ਰੱਖਿਆ ਗਿਆ ਹੈ ਲੇਕਿਨ ਇਤਨਾ ਮੈਂ ਜ਼ਰੂਰ ਕਹਾਂਗਾ ਕਿ ਜਿਹੜੀਆਂ ਰੋਡਜ਼ ਗੁਰਦੁਆਰਿਆਂ ਅਤੇ ਮੰਦਰਾਂ ਨੂੰ ਜਾਂਦੀਆਂ ਹਨ, ਉਹ ਜ਼ਰੂਰ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਰਿਪੇਅਰ ਵਾਸਤੇ ਜਿਹੜਾ ਪੈਸਾ ਰੱਖਿਆ ਗਿਆ ਹੈ, ਇਹ ਬਹੁਤ ਚੰਗੀ ਗੱਲ ਹੈ। ਇਸ ਨਾਲ ਟੁੱਟੀਆਂ ਸੜਕਾਂ ਦੀ ਮੁਰੰਮਤ ਹੋ ਸਕੇਗੀ।

ਸਪੀਕਰ ਸਾਹਿਬ, ਹੁਣ ਮੈਂ ਕੁਝ ਆਪਣੇ ਇਲਾਕੇ ਦੀਆਂ ਮੰਗਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਰੋਪੜ ਜ਼ਿਲ੍ਹੇ ਵਿਚ ਇਕ ਬੇਲਾ ਕਾਲਜ ਹੈ। ਮੈਂ ਇਸ ਗੱਲ ਲਈ ਸਰਕਾਰ ਦਾ ਧੰਨਵਾਦੀ ਹਾਂ ਕਿ ਉਥੇ ਫਾਰਮੇਸੀ ਦਾ ਕੋਰਸ ਚਾਲੂ ਕਰਨ ਵਾਸਤੇ ਅਪਰੂਵਲ ਦਿੱਤੀ ਗਈ ਹੈ ਲੇਕਿਨ ਸੈਂਟਰ ਵਾਲਿਆਂ ਨੇ ਉਸ ਤੇ ਕੁਝ ਐਲੀਗੇਸ਼ਨ ਲਗਾ ਦਿੱਤੇ ਹਨ ਅਤੇ ਉਹ ਉਸ ਨੂੰ ਡਿਲੇਅ ਕਰ ਰਹੇ ਹਨ। ਇਸ ਨਾਲ 10ਵੀਂ ਜਮਾਤ ਦੇ ਬੱਚਿਆਂ ਦਾ ਫਿਊਚਰ ਬਲੀਕ ਹੋ ਰਿਹਾ ਹੈ ਕਿਉਂਕਿ ਜੇ ਇਹ ਟਾਈਮ ਸਿਰ ਚਾਲੂ ਨਹੀਂ ਹੋਵੇਗਾ ਤਾਂ ਉਨ੍ਹਾਂ ਬੱਚਿਆਂ ਨੂੰ ਇਸ ਦੇ ਵਿਚ ਐਡਮਿਸ਼ਨ ਨਹੀਂ ਮਿਲ ਸਕੇਗੀ। ਇਸ ਤੋਂ ਇਲਾਵਾ ਰੋਪੜ ਵਿਚ ਗੌਰਮਿੰਟ ਸਕੂਲ ਫਾਰ ਬੁਆਇਜ਼ ਨਹੀਂ ਹੈ। ਉਥੇ ਸਾਰੇ ਸਕੂਲ ਪ੍ਰਾਈਵੇਟ ਹਨ ਅਤੇ ਹਰੇਕ ਬੱਚੇ ਕੋਲੋਂ 50–50 ਰੁਪਏ ਫੀਸ ਲੈਂਦੇ ਹਨ। ਇਹੀ ਨਹੀਂ ਐਡਮਿਸ਼ਨ ਵੇਲੇ ਵੀ ਉਨ੍ਹਾਂ ਬੱਚਿਆਂ ਨੂੰ ਪੰਦਰਾਂ-ਪੰਦਰਾਂ ਸੌ ਰੁਪਿਆ ਦੇਣਾ ਪੈਂਦਾ ਹੈ ਜਿਹੜਾ ਕਿ ਗਰੀਬ ਬੱਚੇ ਦੇ ਨਹੀਂ ਸਕਦੇ। ਇਸ ਕਰਕੇ ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਉਥੇ ਕੋਈ ਗੌਰਮਿੰਟ ਸਕੂਲ ਬਣਾਇਆ ਜਾਵੇ। ਇਸੇ ਤਰ੍ਹਾਂ ਮੈਂ ਇਕ ਹੋਰ ਗੱਲ ਕਰਨੀ ਚਾਹੁੰਦਾ ਹਾਂ ਕਿ ਇਕ ਬਰਿੱਜ ਹੈ ਰੋਪੜ ਅਤੇ ਬੇਲਾ ਰੋਡ ਤੇ। ਮੈਂ ਸਰਕਾਰ ਦਾ ਬੜਾ ਧੰਨਵਾਦੀ ਹਾਂ ਕਿ ਉਸ ਨੇ ਢਾਈ ਕਰੋੜ ਰੁਪਿਆ ਲਾ ਕੇ ਇਕ ਬਰਿੱਜ ਕੰਪਲੀਟ ਕਰ ਦਿੱਤਾ ਹੈ। ਇਕ ਹੋਰ ਬਰਿੱਜ ਕੰਪਲੀਟ ਕਰਨ ਨਾਲ ਉਹ ਰਸਤਾ ਮਾਛੀਵਾੜੇ ਗੁਰਦੁਆਰਾ ਸਾਹਿਬ ਤਕ ਪਹੁੰਚ ਜਾਵੇਗਾ ਔਰ ਲੋਕਾਂ ਦਾ ਬੜਾ ਫਾਇਦਾ ਹੋਵੇਗਾ। ਦੋ ਬਰਿੱਜ ਚਮਕੌਰ ਸਾਹਿਬ ਔਰ ਰੋਪੜ ਰੋਡ ਤੇ ਪੈਂਦੇ ਹਨ। ਇਕ ਬਰਿੱਜ ਰੰਗੀਲਪੁਰ-ਪੁਰਖਾਲੀ ਰੋਡ ਤੇ ਪੈਂਦਾ ਹੈ ਜਿਥੋਂ ਬਾਰਸ਼ਾਂ ਦੇ ਦਿਨਾਂ ਵਿਚ ਲੋਕ ਰੋਪੜ ਕਦੇ ਪਹੁੰਚ ਹੀ ਨਹੀਂ ਸਕਦੇ। ਇਹ ਉਨ੍ਹਾਂ ਲੋਕਾਂ ਵਾਸਤੇ ਬੜੀ ਅਹਿਮੀਅਤ ਦੀ ਗੱਲ ਹੈ। ਮੈਂ ਬੇਨਤੀ ਕਰਾਂਗਾ ਕਿ ਸਰਕਾਰ ਇਨ੍ਹਾਂ ਬਰਿੱਜਜ਼ ਨੂੰ ਕੰਪਲੀਟ ਕਰਵਾ ਦੇਵੇ ਜਿਸ ਨਾਲ ਲੋਕਾਂ ਨੂੰ ਰਾਹਤ ਮਿਲ ਸਕੇ।

ਸਪੀਕਰ ਸਾਹਿਬ, ਚਮਕੌਰ ਸਾਹਿਬ ਪਿਛਲੇ 10–12 ਸਾਲਾਂ ਤੋਂ ਸਬ-ਤਹਿਸੀਲ ਚਲਿਆ ਆ ਰਿਹਾ ਹੈ। ਉਥੋਂ ਦੇ ਲੋਕ ਇਸ ਨੂੰ ਸਬ-ਡਵੀਜ਼ਨ ਬਣਾਉਣਾ ਚਾਹੁੰਦੇ ਹਨ। ਮੈਂ ਵੀ ਇਹੀ ਚਾਹੁੰਦਾ ਹਾਂ। ਇਸ ਵੇਲੇ ਬਰਿੱਜ ਦੀ ਜੋ ਹਾਲਤ ਹੈ, ਉਸ ਕਾਰਣ ਲੋਕਾਂ ਨੂੰ ਰੋਪੜ ਪਹੁੰਚਣ ਵਾਸਤੇ ਬੜੀ ਖੇਚਲ ਕਰਨੀ ਪੈਂਦੀ ਹੈ। ਇਸ ਕਰਕੇ ਮੈਂ ਸਰਕਾਰ ਦਾ ਧੰਨਵਾਦੀ ਹੋਵਾਂਗਾ ਜੇਕਰ ਉਸ ਨੂੰ ਸਬ-ਡਵੀਜ਼ਨ ਬਣਾ ਦਿੱਤਾ ਜਾਵੇ।

ਅਖ਼ੀਰ ਵਿਚ ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ। ਸਾਡੇ ਕੁਝ ਗਰੀਬ ਲੋਕ, ਹਰੀਜਨ ਲੋਕ, 1947 ਤੋਂ ਲੈ ਕੇ ਜ਼ਮੀਨਾਂ ਵਾਹੁੰਦੇ ਆ ਰਹੇ ਹਨ। ਉਹ ਜ਼ਮੀਨਾਂ ਫਾਰੈਸਟ ਡਿਪਾਰਟਮੈਂਟ ਦੀਆਂ ਹਨ। ਪਿਛਲੇ ਗਵਰਨਰ ਰੂਲ ਵਿਚ ਉਹ ਜ਼ਮੀਨਾਂ ਉਨ੍ਹਾਂ ਕੋਲੋਂ ਲੈ ਲੈਣ ਦਾ ਆਰਡਰ ਪਾਸ ਕਰ ਦਿੱਤਾ ਗਿਆ ਸੀ। ਉਸ ਆਰਡਰ ਵਿਚ ਉਨ੍ਹਾਂ ਇਹ ਕਿਹਾ ਸੀ ਕਿ ਉਥੇ ਸਰਕਾਰ ਦਰਖਤ ਲਾਵੇਗੀ। ਇਹ ਗੱਲ ਠੀਕ ਨਹੀਂ ਹੈ। ਇਹ ਲੋਕ ਇਹ ਜ਼ਮੀਨਾਂ 1947 ਤੋਂ ਲੈ ਕੇ ਵਾਹੁੰਦੇ ਚਲੇ ਆ ਰਹੇ ਹਨ ਅਤੇ ਪੰਜਾਬ ਨੂੰ ਪੈਦਾਵਾਰ ਦਿੰਦੇ ਹਨ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਜ਼ਮੀਨਾਂ ਉਨ੍ਹਾਂ ਗਰੀਬ ਲੋਕਾਂ ਨੂੰ, ਹਰੀਜਨ ਲੋਕਾਂ ਨੂੰ ਜਿਨ੍ਹਾਂ ਕੋਲ ਹੋਰ ਜ਼ਮੀਨਾਂ ਨਹੀਂ ਹਨ, ਟ੍ਰਾਂਸਫਰ ਕਰ ਦਿੱਤੀਆਂ ਜਾਣ।

Original with;
Punjab Vidhan Sabha
Digitized by;
Panjab Digital Library

[ ਸਰਦਾਰ ਸ਼ਮਸ਼ੇਰ ਸਿੰਘ ਰਾਏ ]

ਇਸ ਤੋਂ ਇਲਾਵਾ ਸਰਵਿਸਿਜ਼ ਵਿਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀਆਂ ਆਸਾਮੀਆਂ ਦਾ ਬੈਕਲਾਗ ਹੈ, ਉਹ ਪੂਰਾ ਕੀਤਾ ਜਾਵੇ ਅਤੇ ਇਸ ਸਬੰਧ ਵਿਚ ਐਕਟ ਵੀ ਬਣਾਇਆ ਜਾਵੇ। ਇਸ ਦੇ ਨਾਲ ਹੀ ਮੈਂ ਆਪਣੇ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇੰਨਾ ਵਧੀਆ ਬਜਟ ਪੇਸ਼ ਕੀਤਾ ਹੈ। ਇਹ ਟੈਕਸ ਫਰੀ ਬਜਟ ਹੈ ਅਤੇ ਇਸ ਨਾਲ ਗਰੀਬ ਲੋਕਾਂ ਨੂੰ ਬਹੁਤ ਰਾਹਤ ਮਿਲੇਗੀ। ਇਸ ਤੋਂ ਪਹਿਲਾਂ ਇੰਨਾ ਵਧੀਆ ਬਜਟ ਕਦੀ ਪੇਸ਼ ਨਹੀਂ ਹੋਇਆ। ਇਹ ਵਧੀਆ ਬਜਟ ਪੇਸ਼ ਕਰਨ ਲਈ ਮੈਂ ਵਿੱਤ ਮੰਤਰੀ ਜੀ ਦਾ ਧੰਨਵਾਦੀ ਹਾਂ ਅਤੇ ਸਪੀਕਰ ਸਾਹਿਬ, ਮੈਂ ਆਪ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਇਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ।

(ਇਸ ਵਕਤ ਮਾਨਯੋਗ ਮੈਂਬਰਜ਼ ਕਾਮਰੇਡ ਬਲਦੇਵ ਸਿੰਘ ਬਲਮਗੜ੍ਹ ਅਤੇ ਡਾਕਟਰ ਹਰਬੰਸ ਲਾਲ ਬੋਲਣ ਵਾਸਤੇ ਟਾਈਮ ਦੀ ਮੰਗ ਕਰ ਰਹੇ ਸਨ।)

**ਸ੍ਰੀ ਸਪੀਕਰ :** ਤੁਹਾਨੂੰ ਬਾਅਦ ਵਿਚ ਡਿਮਾਂਡਜ਼ ਦੇ ਵੇਲੇ, ਟਾਈਮ ਦਿਆਂਗਾ। ਹੁਣ ਐਫ.ਐਮ. ਸਾਹਿਬ ਨੇ ਬੋਲਣਾ ਹੈ। ਤੁਸੀਂ ਇੰਟਰਪਟ ਕਰਨ ਦੀ ਕੋਸ਼ਿਸ਼ ਨਾ ਕਰੋ। ਹਾਂ ਜੀ, ਐਫ.ਐਮ. ਸਾਹਿਬ।

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) :** ਸਪੀਕਰ ਸਾਹਿਬ, ਕਲ੍ਹ ਭਾਵੇਂ ਬਹੁਤ ਸਾਰਾ ਵਕਤ ਜ਼ਾਇਆ ਹੋ ਗਿਆ ਪਰ ਕਲ੍ਹ ਤੋਂ ਪਹਿਲਾਂ ਔਰ ਅੱਜ ਆਨਰੇਬਲ ਮੈਂਬਰ ਸਾਹਿਬਾਨ ਨੇ ਬਜਟ ਤੇ ਬੋਲ-ਦਿਆਂ ਹੋਇਆਂ ਆਪਣੀਆਂ ਬਹੁਤ ਕੀਮਤੀ ਰਾਵਾਂ ਦਿੱਤੀਆਂ, ਸੁਝਾਓ ਦਿੱਤੇ। ਇਸ ਦੇ ਲਈ ਮੈਂ ਆਨਰੇਬਲ ਮੈਂਬਰਜ਼ ਦਾ ਬਹੁਤ ਆਭਾਰੀ ਹਾਂ। ਨੁਕਤਾਚੀਨੀ ਵੀ ਹੋਈ ਆਪੋਜ਼ੀਸ਼ਨ ਵੱਲੋਂ ਔਰ ਹੋਣੀ ਵੀ ਚਾਹੀਦੀ ਹੈ। ਸਪੀਕਰ ਸਾਹਿਬ, ਡੈਮੋਕ੍ਰੇਸੀ ਸਿਸਟਮ ਵਿਚ ਇਹ ਇਨ੍ਹਾਂ ਦਾ ਹੱਕ ਹੈ ਕਿ ਉਹ ਆਪਣੇ ਸੁਝਾਅ ਵੀ ਦੇਣ ਔਰ ਵਾਜਬ ਨੁਕਤਾਚੀਨੀ ਵੀ ਕਰਨ। ਸਪੀਕਰ ਸਾਹਿਬ 6263 ਕਰੋੜ, 86 ਲੱਖ ਰੁਪਏ ਦਾ ਪੰਜਾਬ ਦਾ ਬਜਟ ਹੈ। 1150 ਕਰੋੜ ਰੁਪਏ ਦੇ ਬਾਰੇ ਵਿਚ ਅਰਸ਼ੀ ਸਾਹਿਬ ਨੇ ਕੁਝ ਜ਼ਿਕਰ ਕੀਤਾ ਹੈ ਕਿ 856 ਕਰੋੜ ਰੁਪਏ ਖਰਚ ਕੀਤੇ ਗਏ ਬਾਕੀ ਖਰਚ ਨਹੀਂ ਹੋਇਆ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਵਾਸਤੇ ਕੁਮਿਟਿਡ ਹੈ ਔਰ ਜਿਸ ਵਿਕਾਸ ਦੀ ਖਾਸ ਕਰਕੇ ਔਰ ਜਿਸ ਅਮਨ ਸ਼ਾਂਤੀ ਲਿਆਉਣ ਲਈ ਵਚਨ ਕਰਾਂਗੇ ਉਸ ਨੂੰ ਪੂਰਾ ਕਰਾਂਗੇ। ਇਹ ਸਰਕਾਰ ਪੰਜਾਬ ਦੇ ਲੋਕਾਂ ਨੇ ਬਣਾਈ ਹੈ, ਉਨ੍ਹਾਂ ਦੀ ਹਰ ਗੱਲ ਨੂੰ ਪੂਰਾ ਕਰਨਾ ਸਾਡਾ ਫਰਜ਼ ਬਣਦਾ ਹੈ ਔਰ ਹਰ ਕੀਮਤ ਤੇ ਉਸ ਨੂੰ ਪੂਰਾ ਕਰਨ ਦਾ ਸਾਡਾ ਪੱਕਾ ਇਰਾਦਾ ਹੈ। ਸਪੀਕਰ ਸਾਹਿਬ, 1150 ਕਰੋੜ ਰੁਪਏ ਦੀ ਪਲਾਨ ਦੇ ਬਦਲੇ ਇਹ ਠੀਕ ਹੈ ਕਿ 300 ਕਰੋੜ ਰੁਪਏ ਅਸੀਂ ਸੈਂਟਰ ਤੋਂ ਮੰਗੇ ਸੀ ਕਿ ਸਾਨੂੰ ਫਾਇ-ਨੈਂਸ਼ੀਅਲ ਹੈਲਪ ਦਿੱਤੀ ਜਾਵੇ ਕਿਉਂਕਿ ਸਾਨੂੰ ਕੁਝ ਮੁਸ਼ਕਲ ਸੀ ਲੇਕਿਨ ਇਸ ਗੱਲ ਦਾ ਅਸੀਂ ਇੰਤਜ਼ਾਰ ਨਹੀਂ ਕੀਤਾ, ਅਸੀਂ ਸੋਚਿਆ ਕਿ ਲੋਕਾਂ ਦਾ ਨੁਕਸਾਨ ਨਾ ਹੋਵੇ, ਵਿਕਾਸ ਦਾ ਕੰਮ ਕਿਤੇ ਰੁਕੇ ਨਾ ਔਰ ਪਿਛਲੇ ਸਾਲ 31 ਮਾਰਚ ਤੱਕ ਅਸੀਂ 1150 ਕਰੋੜ ਰੁਪਏ ਦੇ ਬਦਲੇ 1350 ਕਰੋੜ ਰੁਪਏ ਖਰਚ ਕਰਾਂਗੇ ਪੰਜਾਬ ਦੇ ਵਿਕਾਸ ਲਈ ਔਰ ਪੰਜਾਬ ਦੀ ਭਲਾਈ ਵਾਸਤੇ। (ਥੰਪਿੰਗ)

ਸਪੀਕਰ ਸਾਹਿਬ ਮੈਂ ਏਥੇ ਇਹ ਵੀ ਵਿਸ਼ਵਾਸ ਦਿਵਾਉਂਦਾ ਹਾਂ ਕਿ 250 ਕਰੋੜ ਰੁਪਿਆ ਆਇਆ ਹੈ ਅਸੀਂ ਉਸ ਦਾ ਪ੍ਰਬੰਧ ਕੀਤਾ ਔਰ ਪੰਜਾਬ ਦੇ ਲੋਕਾਂ ਦੇ ਅਸੀਂ ਸ਼ੁਕਰ-ਗੁਜ਼ਾਰ ਹਾਂ। ਜਿਹੜਾ ਲੱਗਭਗ 400 ਕਰੋੜ ਰੁਪਏ ਦਾ ਟੈਕਸ 1992-93 ਦੌਰਾਨ ਲਗਾਇਆ ਸੀ ਜਿਸ ਵਿਚੋਂ 100

Original with;
Punjab Vidhan Sabha
Digitized by;
Panjab Digital Library

ਕਰੋੜ ਰੁਪਿਆ ਸਾਨੂੰ ਪਿਛਲੇ ਸਾਲ ਮਿਲਿਆ ਹੈ ਔਰ ਇਸ ਵਾਰ 400 ਕਰੋੜ ਰੁਪਿਆ ਹੀ ਮਿਲੇਗਾ ਇਹ ਦੇਖਦੇ ਹੋਏ ਕਿ ਕੋਈ ਕਮੀ ਨਾ ਆਵੇ ਔਰ ਸਾਡਾ ਇਹ ਪਲਾਨ ਪੂਰਾ ਹੋ ਜਾਵੇ ਉਸ ਦਾ ਅਸੀਂ ਪਰਬੰਧ ਕੀਤਾ ਹੈ (ਥੰਪਿੰਗ)

ਸਪੀਕਰ ਸਾਹਿਬ ਨਵੇਂ ਟੈਕਸਾਂ ਦਾ ਜ਼ਿਕਰ ਕੀਤਾ ਗਿਆ ਹੈ। ਅਸੀਂ ਇਸ ਸਦਨ ਵਿੱਚ ਕਹਿੰਦੇ ਹਾਂ ਕਿ ਕੋਈ ਨਵਾਂ ਟੈਕਸ ਅਸੀਂ ਪੰਜਾਬ ਦੇ ਲੋਕਾਂ ਤੇ ਨਹੀਂ ਲਗਾਵਾਂਗੇ। ਜੋ ਕੁਝ ਸਾਡੇ ਕੋਲ ਹੈ ਅਸੀਂ ਉਸ ਦੇ ਵਿੱਚੋਂ ਹੀ ਗੁਜ਼ਾਰਾ ਕਰਾਂਗੇ ਔਰ ਜਿਹੜੇ ਟੈਕਸ ਆਲਰੈਡੀ ਲੱਗੇ ਹੋਏ ਹਨ ਉਨ੍ਹਾਂ ਦੇ ਏਰੀਅਰ ਉਗਰਾਹ ਕੇ, ਟੈਕਸਾਂ ਦੀ ਚੋਰੀ ਹਟਾ ਕੇ, ਅਸੀਂ ਇਨ੍ਹਾਂ ਸਾਧਨਾਂ ਤੋਂ ਪੈਸਾ ਜੁਟਾਵਾਂਗੇ। ਲਗਭਗ 100 ਕਰੋੜ ਰੁਪਿਆ ਇਨ੍ਹਾਂ ਸਾਧਨਾਂ ਤੋਂ ਜੁਟਾ ਕੇ ਅਸੀਂ ਇਸ ਬਜਟ ਦੇ ਸਾਰੇ ਨੁਕਤਿਆਂ ਨੂੰ ਪੂਰਾ ਕਰਾਂਗੇ (ਥੰਪਿੰਗ) ਸਪੀਕਰ ਸਾਹਿਬ ਪਹਿਲੇ ਦਿਨ ਹੀ ਸਰਦਾਰ ਨਿਰਮਲ ਸਿਘ ਨਿੰਮਾ ਜੀ ਨੇ ਬੜੇ ਜ਼ੋਰ ਸ਼ੋਰ ਨਾਲ ਕਿਹਾ ਸੀ ਕਿ ਇਹ ਬਜਟ ਐਂਟੀ ਫਾਰਮਰ ਹੈ। ਸਪੀਕਰ ਸਾਹਿਬ, ਪੰਜਾਬ ਨੂੰ ਕਹਿਣਾ ਕਿ ਬਜਟ ਐਂਟੀ ਫਾਰਮਰ ਹੈ, ਇਹ ਬਜਟ ਦੀ ਤੌਹੀਨ ਕਰਨਾ ਨਹੀਂ ਬਲਕਿ ਪੰਜਾਬ ਦੇ ਫਾਰਮਰ ਦੀ ਤੌਹੀਨ ਕਰਨਾ ਹੈ ਜਿਨ੍ਹਾਂ ਨੇ ਮਿਹਨਤ ਕਰਕੇ, ਜਿਨ੍ਹਾਂ ਨੇ ਲਗਾਤਾਰ ਕਈ ਸਾਲਾਂ ਤੋਂ ਜਦੋਂ, ਸਪੀਕਰ ਸਾਹਿਬ, ਪਾਰਟੀਸ਼ਨ ਹੋਈ ਸੀ ਅਤੇ ਪੰਜਾਬ ਦੀ ਹਾਲਤ ਕੋਈ ਅਨਾਜ ਦੇ ਮਾਮਲੇ ਵਿਚ ਚੰਗੀ ਨਹੀਂ ਸੀ। ਪੰਡਿਤ ਜਵਾਹਰ ਲਾਲ ਨਹਿਰੂ ਜੀ ਸਾਡੇ ਪਹਿਲੇ ਪ੍ਰਧਾਨ ਮੰਤਰੀ ਬਣੇ, ਭਾਖੜਾ ਡੈਮ ਉਨ੍ਹਾਂ ਵੇਲੇ ਹੀ ਬਣਿਆ ਸੀ ਔਰ ਉਹ ਏਥੇ ਆਏ ਵੀ ਸਨ। ਸਪੀਕਰ ਸਾਹਿਬ, ਪੰਜਾਬ ਹਿੰਦਸਤਾਨ ਦਾ ਨਾ ਟੁੱਟਣ ਵਾਲਾ ਹਿੱਸਾ ਹੈ ਔਰ ਹਿੱਸਾ ਰਹੇਗਾ ਚਾਹੇ ਕੋਈ ਵੀ ਹਾਲਤ ਹੋਵੇ, ਕਿਸੇ ਵੀ ਕੀਮਤ ਤੇ ਹੋਵੇ। ਅਸੀਂ ਸੈਂਟਰਲ ਗੌਰਮਿੰਟ ਦਾ ਸ਼ੁਕਰੀਆ ਅਦਾ ਕਰਦੇ ਹਾਂ ਕਿ ਉਨ੍ਹਾਂ ਨੇ ਪੰਜਾਬ ਦੇ ਇਸ ਖਿੱਤੇ ਨੂੰ ਪੰਜਾਬ ਨੂੰ ਬਹੁਤ ਵੱਡਾ ਸਹਾਰਾ ਦਿੱਤਾ। ਭਾਖੜਾ ਡੈਮ ਬਣਾਇਆ। ਪੰਜਾਬ ਦੀ ਜ਼ਮੀਨ ਵਾਸਤੇ ਪਾਣੀ ਚਾਹੀਦਾ ਸੀ, ਸਿੰਚਾਈ ਦੇ ਸਾਧਨ ਮੁਹੱਈਆ ਕਰਵਾਏ। ਨਾਲ ਹੀ ਬਿਜਲੀ ਦਾ ਬੰਦੋਬਸਤ ਵੀ ਹੋਇਆ। ਸਪੀਕਰ ਸਾਹਿਬ, ਜ਼ਮੀਨ ਨੂੰ ਪਾਣੀ ਤਿੰਨ ਤਰ੍ਹਾਂ ਲਗਦਾ ਹੈ। ਇਕ ਤਾਂ ਕੈਨਾਲ ਦਾ ਪਾਣੀ ਲਗਦਾ ਹੈ, ਦੂਸਰਾ ਲਗਦਾ ਹੈ ਬਿਜਲੀ ਦੇ ਪੰਪ, ਜਿੰਨੀ ਬਿਜਲੀ ਜ਼ਿਆਦਾ ਪੈਦਾ ਹੋਵੇਗੀ ਉਨੇ ਵੱਧ ਟਿਊਬਵੈਲ ਲੱਗਣਗੇ ਅਤੇ ਤੀਸਰਾ ਸਪੀਕਰ ਸਾਹਿਬ ਪੰਜਾਬ ਦੇ ਵਿਚ ਪਾਣੀ ਡੀਜ਼ਲ ਨਾਲ ਲਗਦਾ ਹੈ। ਡੀਜ਼ਲ ਪੰਜਾਬ ਵਿਚ ਹੈ ਨਹੀਂ, ਸਾਰਾ ਬਾਹਰੋਂ ਆਉਂਦਾ ਹੈ। ਇਸ ਦੇ ਨਾਲ ਇਕ ਸਾਧਨ ਚਾਹੀਦਾ ਹੈ ਉਹ ਹੈ ਫਰਟੀਲਾਈਜ਼ਰ ਫੈਕਟਰੀ। ਸਪੀਕਰ ਸਾਹਿਬ, ਜੇ ਜ਼ਮੀਨ ਵਿੱਚ ਖਾਦ ਨਾ ਪਾਈਏ ਤਾਂ ਅਨਾਜ ਨਹੀਂ ਹੁੰਦਾ। ਫਰਟੀਲਾਈਜ਼ਰ ਫੈਕਟਰੀ ਨੰਗਲ ਵਿੱਚ ਹੈ ਅਤੇ ਇਕ ਫਰਟੇਲਾਈਜ਼ਰ ਫੈਕਟਰੀ ਬਠਿੰਡਾ ਵਿੱਚ ਹੈ। ਨੰਗਲ ਫੈਕਟਰੀ ਵਾਸਤੇ ਸਪੀਕਰ ਸਾਹਿਬ, ਇਕ ਰਾਅ ਮੈਟੀਰੀਅਲ ਹੈ ਨਿਪਥਾ ਜਿਹੜਾ ਕਿ ਇਕ ਪੈਟਰੋਲੀਅਮ ਪ੍ਰੋਡਕਟ ਹੈ ਅਤੇ ਇਹ ਪੰਜਾਬ ਵਿੱਚ ਨਹੀਂ ਮਿਲਦਾ। ਹਿੰਦੁਸਤਾਨ ਦੇ ਦੂਸਰਿਆਂ ਹਿੱਸਿਆ ਵਿਚੋਂ ਆਉਂਦਾ ਹੈ। ਜਿਹੜੀ ਫਰਟੇਲਾਈਜ਼ਰ ਫੈਕਟਰੀ ਬਠਿੰਡਾ ਵਿਖੇ ਹੈ, ਉਸ ਦਾ ਰਾਅ ਮੈਟੀਰੀਅਲ ਕੋਇਲਾ ਹੈ, ਉਹ ਵੀ ਬਾਹਰੋਂ ਆਉਂਦਾ ਹੈ। ਸੈਂਟਰਲ ਸਰਕਾਰ ਨੇ ਬਹਾਦਰ ਪੰਜਾਬੀਆਂ ਨੂੰ ਦੇਖਦੇ ਹੋਏ, ਇਥੋਂ ਦੀ ਕਲਟੀਏਬਲ ਲੈਂਡ ਨੂੰ ਦੇਖਦੇ ਹੋਏ ਪੰਜਾਬ ਦੀ ਪੂਰੀ ਮਦਦ ਕੀਤੀ ਹੈ। ਅਗਰ ਸੈਂਟਰਲ ਸਰਕਾਰ ਇਹ ਮਦਦ ਪਾਣੀ, ਬਿਜਲੀ, ਖਾਦ ਆਦਿ ਮੁਹੱਈਆ ਨਾ ਕਰਦੀ ਤਾਂ ਸ਼ਾਇਦ ਅੱਜ ਅਸੀਂ ਇਸ ਕਾਬਲ ਨਾ ਹੁੰਦੇ। ਸਾਨੂੰ ਪੰਜਾਬੀਆਂ ਨੂੰ ਇਸ ਗਲ ਦਾ ਫਖਰ ਹੈ ਕਿ ਅਸੀਂ ਸੈਂਟਰਲ ਪੂਲ ਵਿੱਚ 71 ਪ੍ਰਤੀਸ਼ਤ, 60 ਪ੍ਰਤੀਸ਼ਤ ਅਤੇ 75 ਪ੍ਰਤੀਸ਼ਤ ਤੱਕ ਅਨਾਜ ਭੰਡਾਰ ਵਿਚ ਹਿੱਸਾ ਪਾਉਂਦੇ ਹਾਂ। ਐਗਰੀਕਲਚਰਲ ਬਾਰੇ ਵਿਚ ਕੋਈ ਵੀ ਪ੍ਰਦੇਸ਼ ਇੰਨੀ ਸ਼ਲਾਘਾ ਹਾਸਲ ਨਹੀਂ ਕਰ ਸਕਿਆ ਲੇਕਿਨ, ਸਪੀਕਰ ਸਾਹਿਬ, ਜਦੋਂ ਦਾ ਹਿੰਦੁਸਤਾਨ ਬਣਿਆ ਹੈ, ਪੰਜਾਬ ਬਣਿਆ ਹੈ ਔਰ ਪੰਜਾਬ ਦੀ ਹੋਂਦ ਹੋਈ

Original with;
Punjab Vidhan Sabha
Digitized by;
Panjab Digital Library

[ ਵਿੱਤ ਮੰਤਰੀ ]

ਹੈ ਇਥੇ ਅਕਾਲੀ ਸਰਕਾਰਾਂ ਨੇ ਤਾਂ ਬੇੜਾ ਗਰਕ ਕੀਤਾ ਹੈ ਐਗਰੀਕਲਚਰਿਸਟਾਂ ਦਾ। ਪ੍ਰੰਤੂ ਸਰਦਾਰ ਪਰਤਾਪ ਸਿੰਘ ਕੈਰੋਂ, ਗਿਆਨੀ ਜ਼ੈਲ ਸਿੰਘ, ਸਰਦਾਰ ਦਰਬਾਰਾ ਸਿੰਘ ਅਤੇ ਹੁਣ ਸਰਦਾਰ ਬੇਅੰਤ ਸਿੰਘ ਨੇ ਪੰਜਾਬ ਦੇ ਐਗਰੀਕਲਚਰਿਸਟਾਂ ਨੂੰ ਇੰਨਾ ਉਚਾ ਉਠਾਇਆ ਹੈ ਕਿ ਅੱਜ ਸਾਰੇ ਹਿੰਦੁਸਤਾਨ ਨੂੰ ਪੰਜਾਬ ਦੀ ਖੇਤੀ ਉਤੇ ਫ਼ਖਰ ਹੈ। (ਥੰਪਿੰਗ) ਸਪੀਕਰ ਸਾਹਿਬ ਇਸ ਬਜਟ ਵਿੱਚ ਥੋੜ੍ਹਾ ਜਿਹਾ ਨਹੀਂ ਬਲਕਿ ਐਗਰੀਕਲਚਰਲ ਅਲਾਈਡ ਸਰਵਿਸਿਜ਼ ਵਾਸਤੇ 55 ਕਰੋੜ ਤੋਂ ਵਧਾ ਕੇ 82 ਕਰੋੜ ਰੁਪਏ, ਰੂਰਲ ਡਿਵੈਲਪਮੈਂਟ ਲਈ 32 ਕਰੋੜ ਤੋਂ ਵਧਾ ਕੇ 38 ਕਰੋੜ ਰੁਪਏ, ਸਪੈਸ਼ਲ ਏਰੀਆ ਪ੍ਰੋਗਰਾਮ ਲਈ 9 ਕਰੋੜ ਤੋਂ ਵਧਾ ਕੇ 12 ਕਰੋੜ ਰਪਏ, ਇਰੀਗੇਸ਼ਨ ਅਤੇ ਫਲੱਡ ਕੰਟਰੋਲ ਲਈ 77 ਕਰੋੜ ਤੋਂ ਵਧਾ ਕੇ 80 ਕਰੋੜ ਰੁਪਏ, ਇਸੇ ਤਰ੍ਹਾਂ ਐਗਰੀਕਲਚਰ ਦੇ ਹੋਰ ਕੰਮਾਂ ਲਈ 234 ਕਰੋੜ ਤੋਂ ਵਧਾ ਕੇ 286 ਕਰੋੜ ਰੁਪਿਆ ਰੱਖਿਆ ਗਿਆ ਹੈ। ਇਸ ਤਰ੍ਹਾਂ ਕੁੱਲ ਐਗਰੀਕਲਰਲ ਸੈਕਟਰ ਦੇ ਵਾਸਤੇ 498 ਕਰੋੜ ਰੁਪਿਆ ਖਰਚ ਕਰਨ ਲਈ ਰੱਖਿਆ ਗਿਆ ਹੈ। ਸਪੀਕਰ ਸਾਹਿਬ, ਇਹ ਕੋਈ ਛੋਟੀ ਗੱਲ ਨਹੀਂ। ਹੋਰ ਜ਼ਰੂਰਤਾਂ ਕੀ ਹਨ। ਐਗਰੀਕਲਚਰ ਵਾਸਤੇ ਗੁਰਦਾਸਪੁਰ ਵਿੱਚ ਇਕ ਇੰਸਟੀਚਿਊਟ ਖੋਲ੍ਹਿਆ ਜਾਣਾ ਹੈ। ਪਹਿਲਾਂ ਕਾਲਜ ਖੋਲ੍ਹਣ ਦਾ ਇਰਾਦਾ ਸੀ। ਲੇਕਿਨ ਗੁਰਦਾਸਪੁਰ ਵਿੱਚ ਅਸੀਂ ਬਹੁਤ ਜਲਦੀ ਹੀ ਆਉਣ ਵਾਲੇ ਸਾਲ ਵਿੱਚ ਐਗਰੀਕਲਚਰਲ ਇੰਸਟੀਚਿਊਟ ਖੋਲ੍ਹਾਂਗੇ ਜਿਸ ਵਿੱਚ Food, Processing, Nursery, Plant Production, Mushroom, Dairying, Poultry, Bee keeping ਦੇ ਡਿਪਲੋਮਾਂ ਕੋਰਸ ਸ਼ੁਰੂ ਕੀਤੇ ਜਾਣਗੇ। ਸਪੀਕਰ ਸਾਹਿਬ ਇਹ ਜ਼ਰੂਰੀ ਹੈ ਕਿ ਮਿੱਟੀ ਦੀ ਪਰਖ ਹੋਵੇ ਕਈ ਵਾਰ ਮਿੱਟੀ ਦੀ ਪਰਖ ਨਾ ਹੋਣ ਕਾਰਨ ਜਿਹੜਾ ਫਰਟੇਲਾਈਜ਼ਰ ਹੈ ਉਹ ਜ਼ਾਇਆ ਜਾਂਦਾ ਹੈ। ਕਿਤੇ ਜ਼ਿਆਦਾ ਪੈ ਜਾਂਦਾ ਹੈ ਅਤੇ ਕਿਤੇ ਘੱਟ ਪੈ ਜਾਂਦਾ ਹੈ। ਸਾਡਾ ਸੁਆਇਲ ਲੈਬਾਰਟਰੀ ਟੈਸਟਿੰਗ ਹਰ ਡਿਸਟ੍ਰਿਕਟ ਅਤੇ ਹਰ ਸਬ-ਡਵੀਜ਼ਨ ਲੈਵਲ ਤੇ ਖੋਲ੍ਹਣ ਦਾ ਪ੍ਰੋਗਰਾਮ ਹੈ ਤਾਂ ਕਿ ਸਾਡੇ ਕਿਸਾਨਾਂ ਨੂੰ ਕੋਈ ਤਕਲੀਫ ਨਾ ਆਵੇ। ਸਪੀਕਰ ਸਾਹਿਬ, ਕਣਕ ਦਾ ਭਾਅ 280/- ਰੁਪਏ ਤੋਂ ਵਧਾ ਕੇ ਜਿਹੜੀ ਪ੍ਰੋਕਿਓਰਮੈਂਟ ਪ੍ਰਾਈਸ ਹੈ ਉਸ ਨੂੰ 330 ਰੁਪਏ ਕਰਕੇ, ਭਾਵ 50 ਰੁਪਏ ਪ੍ਰਤੀ ਕੁਇੰਟਲ ਵਧਾ ਕੇ ਸੈਂਟਰ ਦੀ ਸਰਕਾਰ ਨੇ ਸਾਡੀ ਬਹੁਤ ਵੱਡੀ ਮਦਦ ਕੀਤੀ ਹੈ। ਇੰਨੀ ਕੀਮਤ ਕਿਸੇ ਵੀ ਸਰਕਾਰ ਦੇ ਵੇਲੇ ਨਹੀਂ ਵਧੀ ਜਿੰਨਾ ਕਿ ਸਰਦਾਰ ਬੇਅੰਤ ਸਿੰਘ ਨੇ ਪੰਜਾਬ ਨੂੰ ਫਾਇਦਾ ਪਹੁੰਚਾਇਆ ਹੈ। ਸਾਨੂੰ 44 ਕਰੋੜ ਰੁਪਏ ਉਨ੍ਹਾਂ ਨੇ ਸਬਸਿਡੀ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਛੋਟੇ ਕਿਸਾਨਾਂ ਨੂੰ ਔਰ ਮਾਰਜਨਲ ਫਾਰਮਰਜ਼ ਨੂੰ ਇਹ ਸਨਮਾਨ ਦੇ ਤੌਰ ਤੇ ਦਿੱਤੀ ਹੈ ਤਾਂ ਕਿ ਉਹ ਹੋਰ ਜ਼ਿਆਦਾ ਮਿਹਨਤ ਕਰ ਸਕਣ। 25 ਕਰੋੜ ਰੁਪਏ ਸਾਨੂੰ ਉਨ੍ਹਾਂ ਨੇ ਹੋਰ ਦਿੱਤੇ ਹਨ ਤਾਂ ਕਿ ਜੋ ਜ਼ਿਮੀਦਾਰ ਹਨ ਉਨ੍ਹਾਂ ਨੂੰ ਟਰੈਕਟਰ ਖਰੀਦ ਕੇ ਦੇ ਸਕੀਏ। ਇਥੇ ਸਾਡੇ ਭਰਾਵਾਂ ਨੇ ਇਤਰਾਜ਼ ਕੀਤਾ ਸੀ ਕਿ 30,000 ਰੁਪਏ ਦੀ ਸਬਸਿਡੀ ਵੱਡੇ ਵੱਡੇ ਕਿਸਾਨਾਂ ਨੂੰ ਵੀ ਦਿੱਤੀ ਜਾਵੇ। ਪਰ ਅੱਜ ਪੰਜਾਬ ਛੋਟੇ ਕਿਸਾਨਾਂ ਉਤੇ ਬਹੁਤ ਜ਼ਿਆਦਾ ਆਧਾਰਤ ਹੈ ਅਤੇ ਮਾਰਜਨਲ ਕਿਸਾਨਾਂ ਉਤੇ ਵੀ। ਇਸ ਕਰਕੇ ਇਹ 25 ਕਰੋੜ ਰੁਪਿਆ ਉਨ੍ਹਾਂ ਦੀ ਮਦਦ ਵਾਸਤੇ 30,000 ਰੁਪਏ ਦੀ ਸਬਸਿਡੀ ਟਰੈਕਟਰ ਉਤੇ ਜੋ ਸੈਂਟਰ ਦੀ ਸਰਕਾਰ ਨੇ ਪੰਜਾਬ ਨੂੰ ਦਿੱਤੀ ਹੈ ਉਸ ਦੇ ਨਾਲ ਪੰਜਾਬ ਦੇ ਕਿਸਾਨ ਹੋਰ ਜ਼ਿਆਦਾ ਉਤਸ਼ਾਹਤ ਹੋਣਗੇ।

ਸਪੀਕਰ ਸਾਹਿਬ, ਐਗਰੀਕਲਚਰ ਪ੍ਰੋਡਕਸ਼ਨ ਦੇ ਵਿੱਚ ਜਿਹੜੀ ਜ਼ਮੀਨ ਹੈ ਉਹ ਤਾਂ ਉਨੀ ਹੀ ਹੈ ਅਤੇ ਉਸ ਨੂੰ ਰਬੜ ਦੀ ਤਰ੍ਹਾਂ ਖਿਚਿਆ ਤਾਂ ਨਹੀਂ ਜਾ ਸਕਦਾ। ਹੁਣ ਅਨਾਰ ਦੀ ਪੈਦਾਵਾਰ ਵੀ ਇਸ ਜਗ੍ਹਾ ਤੇ ਪਹੁੰਚ ਗਈ ਹੈ ਕਿ ਸ਼ਾਇਦ ਬਹੁਤ ਜ਼ਿਆਦਾ ਇਸ ਨੂੰ ਵਧਾਇਆ ਨਾ ਜਾ ਸਕੇ। ਅਸੀਂ ਐਗਰੋ ਬੇਸਿਡ ਇੰਡਸਟਰੀ ਤੇ ਜ਼ੋਰ ਦਿੱਤਾ ਹੈ ਅਤੇ ਸਰਦਾਰ ਬੇਅੰਤ ਸਿਘ ਦੀ ਸਰਕਾਰ ਨੇ ਇਸ ਨੂੰ ਪਹਿਲ ਦਿੱਤੀ ਹੈ ਕਿ ਇਥੇ ਐਗਰੋ ਇੰਡਸਟਰੀ ਲੱਗੇ ਅਤੇ ਇਸ ਵੇਲੇ 14 ਪਰੋਜੈਕਟ ਲੱਗੇ

Original with;
Punjab Vidhan Sabha
Digitized by;
Panjab Digital Library

ਹੋਏ ਹਨ ਅਤੇ ਆਉਣ ਵਾਲੇ ਸਾਲਾਂ ਵਿੱਚ 42 ਪ੍ਰੋਜੈਕਟ ਲਾਵਾਂਗੇ ਜਿਸ ਤੇ 12 ਸੌ ਕਰੋੜ ਰੁਪਏ ਖਰਚ ਆਉਣਗੇ, 56 ਹਜ਼ਾਰ ਲੋਕਾਂ ਨੂੰ ਇਮਪਲਾਇਮੈਂਟ ਮਿਲੇਗੀ ਅਤੇ ਇਸ ਦੇ ਨਾਲ ਹੀ ਅਸੀਂ, ਸਪੀਕਰ ਸਾਹਿਬ, ਪੰਜਾਬ ਦੀ ਖੇਤੀ ਨੂੰ ਉਤਸਾਹਤ ਕਰਾਂਗੇ। ਮੈਂ ਕਹਾਂਗਾ ਕਿ ਅੱਜ ਅਗਰ ਪੰਜਾਬ ਵਿਚ ਕੋਈ ਜੋ ਇਹ ਸੋਚਦਾ ਹੈ ਕਿ ਇਹ ਬਜਟ ਐਂਟੀ ਫਾਰਮਰਜ਼ ਹੈ ਤਾਂ ਅਸੀਂ ਸਮਝਦੇ ਹਾਂ ਕਿ ਉਹ ਪੰਜਾਬ ਨੂੰ ਗਾਲੀ ਦਿੰਦਾ ਹੈ ਅਤੇ ਪੰਜਾਬ ਅਤੇ ਸੈਂਟਰ ਦਾ ਅਪਮਾਨ ਕਰਦਾ ਹੈ ਅਤੇ ਇਸਦੀ ਬੇਇਜ਼ਤੀ ਕਰਦਾ ਹੈ। ਇਹ ਬਜ਼ਟ ਪੰਜਾਬ ਦੇ ਫਾਰਮਰਜ਼ ਲਈ ਅਤੇ ਪੰਜਾਬ ਦੇ ਕਿਸਾਨਾਂ ਲਈ ਹੈ ਜਿਹੜਾ ਕਿ ਸੱਭ ਤੋਂ ਜ਼ਿਆਦਾ ਅੰਨ ਉਤਪਾਦਨ ਲਈ ਮਦਦ ਕਰਦਾ ਹੈ ਕਿ ਅਸੀਂ ਹੋਰ ਤਕੜੇ ਹੋਕੇ ਡੀਵੈਲਪ-ਮੈਂਟ ਵੱਲ ਵਧ ਸਕੀਏ। ਸਪੀਕਰ ਸਾਹਿਬ, ਰੂਰਲ ਡੀਵੈਲਪਮੈਂਟ ਦੀ, ਚੰਗਾ ਹੁੰਦਾ ਜੇ ਇੱਥੇ ਖੂਬ ਸ਼ਲਾਘਾ ਹੁੰਦੀ, ਇਥੇ ਕਿਹਾ ਗਿਆ ਕਿ ਦਿਹਾਤੀ ਇਲਾਕੇ ਅਤੇ ਰੂਰਲ ਡੀਵੈਲਪਮੈਂਟ ਵੱਲ ਖਿਆਲ ਨਹੀਂ ਕੀਤਾ ਗਿਆ, ਮੈਨੂੰ ਕਹਿਣ ਵਿੱਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਜਿੰਨੀ ਐਲੋਕੇਸ਼ਨ ਪਲਾਨ ਦੀ ਹੈ, ਉਸਦਾ 52.07% ਰੂਰਲ ਡੀਵੈਲਪਮੈਂਟ ਵਾਸਤੇ ਰਖਿਆ ਹੈ ਜੋ ਕਿ ਕੁਲ ਬਜਟ ਦਾ ਅੱਧੇ ਨਾਲੋਂ ਵੀ ਵੱਧ ਹੈ। ਸਪੀਕਰ ਸਾਹਿਬ, 117 ਕਰੋੜ ਰੁਪਏ ਪਿਛਲੇ ਸਾਲ ਰੂਰਲ ਡੀਵੈਲਪਮੈਂਟ ਲਈ ਖਰਚ ਕੀਤੇ ਗਏ ਸਨ ਔਰ 200 ਕਰੋੜ ਰੁਪਏ ਉਨਤ-ਗਰਾਮਾਂ ਵਾਸਤੇ ਅਗਲੇ ਸਾਲ ਵਿੱਚ ਰਖੇ ਗਏ ਹਨ, ਇੰਨੀ ਵੱਡੀ ਰਕਮ ਰਿਕਾਰਡ ਹੈ ਕਿ ਪੰਜਾਬ ਵਿਚ ਕਿਸੇ ਸਰਕਾਰ ਨੇ ਵੀ ਨਹੀਂ ਰਖੀ (ਥੰਪਿੰਗ) ਔਰ ਇਹ ਕਿਸਾਨ ਲਈ, ਰੂਰਲ ਡਿਵੈਲਪਮੈਂਟ ਵਾਸਤੇ ਖਾਸ ਕਰਕੇ ਉਨਤ-ਗਰਾਮਾਂ ਲਈ ਰਖੀ ਗਈ ਹੈ, ਜਿਸ ਦੇ ਚਾਰ ਵੱਡੇ ਕੰਮਪੋਨੈਂਟਸ ਹਨ, ਇਥੇ ਵਾਰ-ਵਾਰ ਜ਼ਿਕਰ ਹੋਇਆ ਹੈ, ਮੈਂ ਵੀ ਥੋੜ੍ਹਾ ਕਹਿਣਾ ਚਾਹੁੰਦਾ ਹਾਂ ਕਿ 8621 ਪਿੰਡਾਂ ਵਿੱਚ ਕੰਮ ਸ਼ੁਰੂ ਹੋ ਚੁਕਿਆ ਹੈ ਅਤੇ ਅਸੀਂ ਬਾਕੀ ਪਿੰਡ ਇਸ ਸਾਲ ਸ਼ੁਰੂ ਕਰ ਰਹੇ ਹਾਂ। ਸਾਰੇ ਪਿੰਡਾਂ ਦੀਆਂ ਗਲੀਆਂ ਨਾਲੀਆਂ ਪਕੀਆਂ ਹੋਣ ਔਰ ਸਾਰੇ ਪਿੰਡਾਂ ਦੇ ਆਲੇ ਦੁਆਲੇ ਲੁੱਕ ਦੀ ਪੱਕੀ ਉਚੀ ਫਿਰਨੀ ਹੋਵੇ, ਗੰਦੇ ਪਾਣੀ ਦਾ ਨਿਕਾਸ ਹੋਵੇ ਔਰ ਸਾਡੀਆਂ ਬੀਬੀਆਂ, ਭੈਣਾਂ ਅਤੇ ਬੇਟੀਆਂ ਨੂੰ ਅੱਜ ਦੇ ਯੁੱਗ ਵਿਚ, ਵੱਧ ਰਹੀ ਆਬਾਦੀ ਦੇ ਯੁੱਗ ਵਿਚ ਬਾਹਰ ਦੂਰ ਤਕ ਨਾ ਜਾਣਾ ਪਵੇ, ਉਨ੍ਹਾਂ ਦੇ ਲਈ ਸਾਫ ਲੈਟਰੀਨਜ਼ ਦਾ ਪ੍ਰਬੰਧ ਹੋਵੇ ਇਹ ਸਾਰੀ ਪਰੋਵੀਜ਼ਨ ਜਿਹੜੀ ਹੈ ਉਨਤ ਗਰਾਮ ਯੋਜਨਾ ਵਿਚ ਕੀਤੀ ਹੈ ਤਾਂ ਕਿ ਪੰਜਾਬ ਦੇ ਉਨਤ ਗਰਾਮ ਇਕ ਨਮੂਨੇ ਦੇ ਗਰਾਮ ਬਣ ਸਕਣ ਸਾਰੇ ਹਿੰਦੁਸਤਾਨ ਵਾਸਤੇ (ਥੰਪਿੰਗ)। ਸਪੀਕਰ ਸਾਹਿਬ, ਇਸ ਦੇ ਨਾਲ ਹੀ ਤੁਹਾਨੂੰ ਖੁਸ਼ੀ ਹੋਵੇਗੀ ਕਿ ਅਸੀਂ ਪੰਚਾਇਤ ਘਰ ਜਿਹੜੇ ਹਨ, ਹਾਜ਼ਾਰਾਂ ਦੀ ਤਾਦਾਦ ਵਿੱਚ ਬਣਾ ਚੁੱਕੇ ਹਾਂ ਅਸੀਂ 500 ਪੰਚਾਇਤ ਘਰ ਵੀ ਇਸ ਬਜਟ ਵਿੱਚ ਰੱਖੇ ਹਨ ਪਰੋਵਾਈਡ ਕੀਤੇ ਹਨ ਕਿ ਬਣਾਵਾਂਗੇ ਲੇਕਿਨ ਬੜੀ ਸ਼ਾਨਦਾਰ ਗੱਲ ਜਿਹੜੀ ਕਿਸੇ ਸਰਕਾਰ ਨੇ ਨਹੀਂ ਕੀਤੀ ਬਿਜਲੀ ਸਾਰੇ ਪਿੰਡਾਂ ਤਕ ਪਹੁੰਚਾਈ ਹੋਈ ਹੈ ਅਤੇ ਮਿਲਦੀ ਵੀ ਹੈ, ਲੇਕਿਨ ਪਿਡਾਂ ਵਿਚ 24 ਘੰਟੇ ਬਿਜਲੀ ਰਹੇ ਇਹ ਕਦੇ ਕਿਸੇ ਨੇ ਨਹੀਂ ਸੋਚਿਆ ਅਗਰ ਸੋਚਿਆ ਹੈ ਤਾਂ ਪਹਿਲੀ ਵਾਰੀ ਕਾਂਗਰਸ ਸਰਕਾਰ ਨੇ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਵਿਚ ਸੋਚਿਆ ਹੈ ਕਿ ਆਉਣ ਵਾਲੇ 4 ਸਾਲਾਂ ਵਿੱਚ ਇਸ ਤਰ੍ਹਾਂ ਦਾ ਪ੍ਰਬੰਧ ਕਰੀਏ। ਇਸ ਤੇ ਆਉਣ ਵਾਲੇ ਖਰਚੇ ਦਾ ਅਨੁਮਾਨ 3-4 ਸੌ ਕਰੋੜ ਰੁਪਏ ਦੇ ਕਰੀਬ ਹੈ ਅਤੇ ਅਸੀਂ ਇਸ ਤੇ ਇਸ ਸਾਲ 25 ਕਰੋੜ ਰੁਪਏ ਰੱਖੇ ਹਨ ਅਤੇ ਜਿਹੜੇ ਪਿੰਡ ਇਸਦੇ ਬਰਾਬਰ ਦਾ ਹਿੱਸਾ ਪਾ ਸਕਦੇ ਹਨ ਉਹ ਪਾਉਣ ਅਤੇ ਜਿਹੜੇ ਪਾਉਣ ਦੇ ਯੋਗ ਨਹੀਂ ਉਨ੍ਹਾਂ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।

ਸਪੀਕਰ ਸਾਹਿਬ, ਇਥੇ ਮਿਸਿੰਗ ਲਿੰਕ ਰੋਡਜ਼ ਬਾਰੇ ਵੀ ਬੜੀ ਚਰਚਾ ਹੋਈ ਹੈ। ਮੈਂ ਕਹਿ ਸਕਦਾ ਹਾਂ ਕਿ ਹਿੰਦੁਸਤਾਨ ਦਾ ਕੋਈ ਵੀ ਸੂਬਾ ਸੜਕਾਂ ਦੇ ਖੇਤਰ ਵਿੱਚ ਪੰਜਾਬ ਦੇ ਬਰਾਬਰ ਨਹੀਂ ਹੋਵੇਗਾ ਜਿਥੇ ਕਿ ਨੈਟ-ਪ੍ਰੋਗਰਾਮ ਅਧੀਨ ਇੰਨੀਆਂ ਜ਼ਿਆਦਾ ਸੜਕਾਂ ਬਣਾਈਆਂ ਹੋਈਆਂ ਹੋਣ। ਪੰਜਾਬ ਹੀ ਇਕ

Original with;
Punjab Vidhan Sabha
Digitized by;
Panjab Digital Library

[ ਵਿੱਤ ਮੰਤਰੀ ]

ਅਜਿਹਾ ਸੂਬਾ ਹੈ ਜਿਸ ਵਿਚ ਇੰਟਰ-ਲਿੰਕਡ ਸੜਕਾਂ ਬਣੀਆਂ ਹੋਈਆਂ ਹਨ। ਫਿਰ ਵੀ ਜ਼ਰੂਰਤ ਮਹਿਸੂਸ ਕੀਤੀ ਗਈ, ਜਿਥੇ ਜਿਥੇ ਵੀ ਮਿਸਿੰਗ ਲਿੰਕ ਰੋਡਜ਼ ਹਨ, ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਆਉਣ ਵਾਲੇ ਸਾਲ ਵਿਚ 100 ਕਰੋੜ ਰੁਪਏ ਮਿਸਿੰਗ ਲਿੰਕ ਰੋਡਜ਼ ਅਤੇ ਫਿਰਨੀਆਂ ਲਈ ਖਰਚ ਕਰਾਂਗੇ ਇਹ ਹੋਰ ਕਿਧਰੇ ਖਰਚ ਨਹੀਂ ਹੋਵੇਗਾ ਕਿਉਂਕਿ ਰੂਰਲ ਡਿਪਾਰਟਮੈਂਟ ਔਰ ਮਾਰਕੀਟਿੰਗ ਬੋਰਡ ਦਾ ਪੈਸਾ ਐਸਾ ਸੋਰਸ ਹੈ ਜਿਹੜਾ ਕਿ ਪਿੰਡਾਂ ਦੀ ਡਿਵੈਲਪਮੈਂਟ ਲਈ ਖਰਚ ਕਰ ਸਕਦੇ ਹਾਂ ਅਤੇ 100 ਕਰੋੜ ਰੁਪਿਆ ਇਸ ਵਾਸਤੇ ਖਰਚ ਕਰਾਂਗੇ। ਸਪੀਕਰ ਸਾਹਿਬ, ਇਸ ਪਰੋਗਰਾਮ ਦੇ ਨਾਲ ਨਾਲ ਜੇ ਮੈਂ ਇਹ ਕਹਾਂ ਕਿ ਸ਼ਹਿਰਾਂ ਨੂੰ ਇਗਨੋਰ ਕੀਤਾ ਗਿਆ ਹੈ, ਕੁਝ ਵੀ ਕਹਾਂ, ਪਰ ਪੰਜਾਬ ਸਰਕਾਰ ਲਈ ਸ਼ਹਿਰ ਔਰ ਪਿੰਡ ਇੱਕੋ ਜਿਹੇ ਹਨ ਔਰ ਸਾਰੇ ਪੰਜਾਬ ਵਿਚ ਬਰਾਬਰ ਦਾ ਸਥਾਨ ਰਖਦੇ ਹਨ। ਪੰਜਾਬ ਦੀ ਬਹੁ-ਮੁੱਖੀ ਡਿਵੈਲਪਮੈਂਟ ਲਈ ਪਿੰਡਾਂ ਅਤੇ ਸ਼ਹਿਰਾਂ ਵਿਚ ਕੋਈ ਫਰਕ ਨਹੀਂ, ਇਸ ਗੱਲ ਦਾ ਵੀ ਖਾਸ ਖਿਆਲ ਰੱਖਿਆ ਹੈ। ਨਗਰ ਪਾਲਿਕਾਵਾਂ ਦੀਆਂ ਇਲੈਕਸ਼ਨਾਂ ਹੋਈਆਂ। 33 ਦੇ ਕਰੀਬ ਨਵੀਆਂ ਨੋਟੀਫਾਈਡ ਕਮੇਟੀਆਂ ਬਣੀਆਂ ਔਰ ਉਨ੍ਹਾਂ ਨੂੰ ਅਰਬਨਾਈਜ਼ ਕੀਤਾ ਹੈ। ਅਸੀਂ ਪਿਛਲੇ ਸਾਲ 30 ਕਰੋੜ ਰੁਪਿਆ ਰੱਖਿਆ ਸੀ ਪਰ ਹੁਣ ਵਧਾ ਕੇ 50 ਕਰੋੜ ਕਰ ਦਿੱਤਾ ਹੈ ਅਤੇ 700 ਕਰੋੜ ਰੁਪਿਆ ਵਿਸ਼ਵ ਬੈਂਕ ਤੋਂ ਵੀ ਲੈ ਰਹੇ ਹਾਂ ਤਾਂਕਿ ਸਾਰੀ ਅਰਬਨਾਈਜ਼ੇਸ਼ਨ ਕੀਤੀ ਜਾ ਸਕੇ ਔਰ ਸੀਵਰੇਜ ਅਤੇ ਪੀਣ ਦਾ ਪਾਣੀ ਦੇ ਸਕੀਏ। ਚਾਰ ਸਾਲਾਂ ਵਿਚ ਇਹ ਮੁਕੰਮਲ ਹੋ ਜਾਵੇਗਾ। ਸਪੀਕਰ ਸਾਹਿਬ, ਪਿੰਡਾਂ ਔਰ ਸ਼ਹਿਰਾਂ ਦਾ ਫਰਕ ਨਹੀਂ ਹੋਵੇਗਾ ਪਰ ਸਾਡੀ ਸਰਕਾਰ ਦੀ ਕੋਸ਼ਿਸ਼ ਹੈ ਕਿ ਪਿੰਡਾਂ ਨੂੰ ਸ਼ਾਨਦਾਰ ਤਰੀਕੇ ਨਾਲ ਬਣਾਉਣ ਲਈ ਕੋਈ ਕਸਰ ਨਾ ਛੱਡੀ ਜਾਵੇ ਕਿ ਕੋਈ ਵਿਅਕਤੀ ਕਹੇ ਕਿ ਅਸੀਂ ਸ਼ਹਿਰਾਂ ਨਾਲੋਂ ਪਿੱਛੇ ਰਹਿ ਗਏ ਹਾਂ। ਉਨ੍ਹਾਂ ਨੂੰ ਬਰਾਬਰ ਦਾ ਦਰਜਾ ਮਿਲੇ, ਪੂਰੀਆਂ ਸਹੂਲਤਾਂ ਮਿਲਣ। ਇਸ ਬਾਰੇ ਸਰਕਾਰ ਦੇਖ ਰਹੀ ਹੈ।

ਇਹ ਸ਼ਿਕਾਇਤ ਹੋਈ ਕਿ ਸਾਡੇ ਅਨੁਸੂਚਿਤ ਜਾਤੀ ਦੇ ਭਰਾਵਾਂ ਵਾਸਤੇ ਇਸ ਬਜਟ ਵਿਚ ਕੋਈ ਪ੍ਰੋਵੀਜ਼ਨ ਨਹੀਂ ਰੱਖੀ ਗਈ, ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਸਪੀਕਰ ਸਾਹਿਬ, ਸ਼ਾਇਦ ਇਨ੍ਹਾਂ ਭਰਾਵਾਂ ਦੀ ਇਸ ਪਾਸੇ ਨਜ਼ਰ ਨਹੀਂ ਗਈ ਜਾਂ ਬਜਟ ਵਿਚ ਉਨ੍ਹਾਂ ਤੋਂ ਪੜ੍ਹਿਆ ਨਹੀਂ ਗਿਆ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਨੁਸੂਚਿਤ ਜਾਤੀ ਦੇ ਭਰਾਵਾਂ ਵਾਸਤੇ ਪਿਛਲੇ ਸਾਲ 23-24 ਕਰੋੜ ਰੁਪਏ ਖਰਚ ਕੀਤੇ ਗਏ। ਇਸ ਵਾਰੀ 37 ਕਰੋੜ ਰੁਪਿਆ ਖਰਚ ਕਰ ਰਹੇ ਹਾਂ ਔਰ ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀਆਂ ਬੱਚੀਆਂ ਜਿਹੜੀਆਂ ਸਕੂਲਾਂ ਵਿਚ ਖਾਸ ਕਰਕੇ ਅਨੁਸੂਚਿਤ ਜਾਤੀਆਂ ਦੀਆਂ ਬੱਚੀਆਂ ਵਾਸਤੇ ਕਿਹਾ ਜਾਂਦਾ ਹੈ ਕਿ ਉਹ ਪੜ੍ਹਦੀਆਂ ਨਹੀਂ, ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅਸੀਂ 30 ਰੁਪਏ ਮਹੀਨਾ ਹਰ ਬੱਚੀ ਨੂੰ ਵਜ਼ੀਫਾ ਦੇਵਾਂਗੇ ਔਰ 9 ਕਰੋੜ ਰੁਪਿਆ ਇਨ੍ਹਾਂ ਬੱਚੀਆਂ ਨੂੰ ਦੇਵਾਂਗੇ ਤਾਂ ਕਿ ਉਹ ਬਰਾਬਰ ਦੀ ਤਾਲੀਮ ਹਾਸਲ ਕਰ ਸਕਣ। (ਥੰਪਿੰਗ)। ਸਪੀਕਰ ਸਾਹਿਬ, ਹਾਊਸਿਜ਼ ਦਾ ਇੱਥੇ ਜ਼ਿਕਰ ਹੋਇਆ ਹੈ ਕਿ ਮਕਾਨ ਗਿਰ ਗਏ ਹਨ। ਸਪੀਕਰ ਸਾਹਿਬ, ਸੌ ਫੀਸਦੀ ਗੱਲ ਠੀਕ ਨਹੀਂ ਹੋ ਸਕਦੀ। ਲੇਕਿਨ ਠੀਕ ਹੈ ਕਿ ਸਰਦਾਰ ਦਰਬਾਰਾ ਸਿੰਘ ਜਦੋਂ ਮੁੱਖ ਮੰਤਰੀ ਸਨ ਤਾਂ ਉਦੋਂ ਇਹ ਸਕੀਮ ਚੱਲੀ ਸੀ ਔਰ ਗਿਆਨੀ ਜ਼ੈਲ ਸਿੰਘ ਜੀ ਜਦੋਂ ਮੁੱਖ ਮਤਰੀ ਸਨ ਤਾਂ ਉਨ੍ਹਾਂ ਨੇ ਪਿੰਡਾਂ ਵਿਚ ਬੇਘਰਿਆਂ ਨੂੰ ਪਲਾਟ ਦਿੱਤੇ ਸਨ ਤਾਂ ਕਿ ਉਹ ਮਕਾਨ ਬਣਾ ਸਕਣ। ਉਸ ਸਮੇਂ ਮਕਾਨ ਤਾਂ ਨਹੀਂ ਬਣੇ ਪਰ 1980 ਵਿੱਚ ਇਹ ਬਣਨੇ ਸ਼ੁਰੂ ਹੋਏ ਪਰ ਉਹ ਛੋਟੇ ਸਨ। ਹੁਣ ਤੱਕ ਅੱਸੀ ਫੀਸਦੀ ਪਲਾਟਾਂ ਤੇ ਮਕਾਨ ਤਿਆਰ ਹੋ ਚੁੱਕੇ ਹਨ ਅਤੇ ਉਹ ਇਸਤੇਮਾਲ ਕੀਤੇ ਜਾਂਦੇ ਹਨ। ਅਸੀਂ ਸੋਚਿਆ ਹੈ ਕਿ ਛੇ ਹਜ਼ਾਰ ਦੀ ਥਾਂ, ਇਸ ਸਕੀਮ ਤਹਿਤ, 10,000 ਰੁਪਿਆ ਅਨੁਸੂਚਿਤ ਜਾਤੀ ਦੇ ਭਰਾਵਾਂ ਵਾਸਤੇ ਇਕ ਮਕਾਨ ਤੇ ਖਰਚ ਕੀਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

ਸਾਢੇ ਸੱਤ ਹਜ਼ਾਰ ਸਬਸਿਡੀ ਹੋਵੇਗੀ ਅਤੇ ਢਾਈ ਹਜ਼ਾਰ ਰੁਪਏ ਦੀਆਂ ਕਿਸ਼ਤਾਂ ਹੋਣਗੀਆਂ ਜਿਹੜੀਆਂ ਵੀਹ ਸਾਲਾਂ ਵਿਚ ਖਤਮ ਹੋਣਗੀਆਂ। ਇਸ ਤੋਂ ਇਲਾਵਾ ਸਾਡੀ ਪ੍ਰੋਵੀਜ਼ਨ ਹੈ ਕਿ ਇਸ ਸਾਲ ਪੰਜ ਹਜ਼ਾਰ ਮਕਾਨ ਬਣਾਏ ਜਾਣ ਅਤੇ ਜੇ ਪੰਜ ਕਰੋੜ ਰੁਪਿਆ ਤੋਂ ਜ਼ਿਆਦਾ ਖਰਚ ਹੋਵੇਗਾ ਤਾਂ ਪੰਜਾਬ ਸਰਕਾਰ ਖਰਚੇਗੀ। ਉਹ ਆਪਣੇ ਕੋਲੋਂ ਵੀ ਪੈਸੇ ਇਸਤੇਮਾਲ ਕਰ ਸਕਦੇ ਹਨ ਅਤੇ 10,000 ਰੁਪਿਆ ਮਕਾਨ ਬਣਾਉਣ ਵਾਸਤੇ ਅਸੀਂ ਦੇਵਾਂਗੇ ਤਾਂ ਕਿ ਉਹ ਵੱਡਾ ਬਣਾ ਸਕਣ। ਇਹ ਅਸੀਂ ਜ਼ਰੂਰ ਦੇਵਾਂਗੇ ।

ਸਪੀਕਰ ਸਾਹਿਬ, ਬੈਂਕ ਟਾਈ-ਅੱਪ ਕਰਜ਼ਾ ਪ੍ਰੋਗਰਾਮ ਅਧੀਨ 11 ਕਰੋੜ ਰੁਪਿਆ ਅਨੁਸੂਚਿਤ ਜਾਤੀਆਂ ਦੇ ਉਨ੍ਹਾਂ ਮੈਂਬਰਾਂ ਨੂੰ ਜੋ ਗਰੀਬੀ ਰੇਖਾ ਤੋਂ ਹੇਠਾਂ ਹਨ ਨੂੰ ਸਬਸਿਡੀ ਦੇਣ ਲਈ ਰਖਿਆ ਹੈ ਜਿਸ ਦੇ ਨਾਲ 25 ਹਜ਼ਾਰ ਲੋਕਾਂ ਨੂੰ ਫਾਇਦਾ ਹੋਵੇਗਾ।

ਸਪੀਕਰ ਸਾਹਿਬ, ਵਾਰ ਵਾਰ ਇਥੇ ਜ਼ਿਕਰ ਆਇਆ ਹੈ 5 ਹਜ਼ਾਰ ਰੁਪਏ ਦਾ ਕਰਜ਼ਾ ਵਾਪਸ ਦੇਣ ਲਈ, ਵੇਵ ਕਰਨ ਲਈ। ਇਸ ਦੇ ਲਈ ਮੈਂ ਆਪਣੀ ਬਜਟ ਸਪੀਚ ਵਿਚ ਬੜਾ ਸਪੱਸ਼ਟ ਕਿਹਾ ਹੈ ਕਿ 11956 ਲੋਕਾਂ ਦਾ ਕਰਜ਼ਾ ਜੋ 3.84 ਕਰੋੜ ਰੁਪਿਆ ਹੈ ਉਹ ਅਸੀਂ ਬਿਲਕੁਲ ਮੁਆਫ ਕਰ ਦਿਤਾ ਹੈ।

**ਇਕ ਅਵਾਜ਼ :** ਅਪਰੂਵ ਵੀ ਕਰੋ ਇਹ।

**ਵਿੱਤ ਮੰਤਰੀ :** ਅਸੀਂ ਅਪਰੂਵ ਵੀ ਕਰ ਦਿਤਾ ਹੈ ਔਰ ਜੇ ਜ਼ਰੂਰਤ ਪਈ ਤਾਂ 31 ਮਾਰਚ ਤੋਂ ਪਹਿਲਾਂ ਪਹਿਲਾਂ ਅਸੀਂ ਇਹ ਪ੍ਰਬੰਧ ਵੀ ਕਰਾਂਗੇ ਕਿ ਇਸ ਤਰ੍ਹਾਂ ਦਾ ਕੋਈ ਕਰਜ਼ਾ ਨਾ ਲਿਆ ਜਾਵੇ। 60 ਕਰੋੜ ਰੁਪਏ ਦੇ ਕਰਜ਼ੇ ਹਨ ਜਿਸ ਦੇ ਵਿਚ 1 ਲੱਖ 65 ਹਜ਼ਾਰ ਬੈਨੀਫਿਸ਼ਰੀਜ਼ ਹਨ ਜਿਨ੍ਹਾਂ ਨੇ ਕੁਝ ਕੋਆਪਰੇਟਿਵ ਸੁਸਾਇਟੀਆਂ ਤੋਂ ਕਰਜ਼ੇ ਲਏ ਹਨ ਉਹ ਅਸੀਂ ਸਟੇਅ ਕਰ ਦਿੱਤੇ ਹਨ। ਸਾਨੂੰ ਪੂਰਾ ਵਿਸ਼ਵਾਸ ਹੈ, ਪੂਰਾ ਯਕੀਨ ਹੈ, ਜਿਸ ਤਰ੍ਹਾਂ ਵਾਰ-ਵਾਰ ਕਿਹਾ ਗਿਆ ਹੈ ਕਿ ਅਸੀਂ ਨੇਸ਼ਨ ਦੀ ਲੜਾਈ ਲੜ ਰਹੇ ਹਾਂ ਔਰ ਸਾਨੂੰ ਪੂਰਾ ਯਕੀਨ ਹੈ ਕਿ ਸੈਂਟਰ ਸਾਡੀ ਪੂਰੀ ਮਦਦ ਕਰੇਗਾ ਔਰ ਕਰਜ਼ੇ ਮੁਆਫ ਕਰੇਗਾ ਔਰ ਕੁਝ ਕੁਝ ਕਰ ਵੀ ਦਿਤੇ ਹਨ। ਜਿਹੜਾ ਐਲਾਨ ਕੀਤਾ ਸੀ ਲੋਨ ਵੇਵ ਕਰਨ ਦਾ ਉਹ ਰਿਜ਼ਰਵ ਬੈਂਕ ਦੀ ਕਲੀਅਰੈਂਸ ਦੇ ਬਾਅਦ ਕੁਝ ਕਰਨੇ ਹਨ। ਰਿਜ਼ਰਵ ਬੈਂਕ ਆਫ ਇੰਡੀਆ ਦੀ ਹਦਾਇਤ ਹੈ ਕਿ ਇਹ ਚੀਜ਼ ਤੁਸੀਂ ਸਾਡੀ ਇਜਾਜ਼ਤ ਤੋਂ ਬਗੈਰ ਨਹੀਂ ਕਰ ਸਕਦੇ। ਸਾਡੀ ਪੂਰੀ ਪੂਰੀ ਕੋਸ਼ਿਸ਼ ਹੈ ਕਿ ਵੱਧ ਤੋਂ ਵਧ ਸਾਨੂੰ ਇਹ ਮਦਦ ਮਿਲੇ ਔਰ ਅਸੀਂ ਇਹ ਕਰਜ਼ੇ ਮੁਆਫ ਕਰ ਸਕੀਏ।

ਸਪੀਕਰ ਸਾਹਿਬ, ਸਾਡੇ ਛੋਟੇ ਛੋਟੇ ਅਨੁਸੂਚਿਤ ਜਾਤੀਆਂ ਦੇ ਭਰਾ ਆਪਣੀ ਖਾਦ ਵਖਰੀ ਰਖਦੇ ਹਨ ਔਰ ਚਾਹੁੰਦੇ ਹਨ ਕਿ ਖੇਤੀਬਾੜੀ ਕਰਨ ਲਈ ਖੱਡਿਆਂ ਵਿਚ ਖਾਦ ਰਖੀਏ। 2 ਹਜ਼ਾਰ ਵਿਅਕਤੀਆਂ ਨੂੰ ਮਿਨਿਓਰ ਪਿਟਸ ਬਣਾਓਣ ਲਈ ਜ਼ਮੀਨ ਮੁਹੱਈਆ ਕਰਨ ਵਾਸਤੇ 44.40 ਲੱਖ ਰੁਪਿਆ ਰਖਿਆ ਗਿਆ ਹੈ ਔਰ ਜੇ ਜ਼ਰੂਰਤ ਪਈ ਤਾਂ ਹੋਰ ਵੱਧ ਵੀ ਕਰਾਂਗੇ। ਸਪੀਕਰ ਸਾਹਿਬ, ਇਨ੍ਹਾਂ ਸਕੀਮਾਂ ਵਿਚੋਂ ਬਹੁਤ ਸਾਰੀਆਂ ਸਕੀਮਾਂ ਐਸੀਆਂ ਹਨ ਜਿਨ੍ਹਾਂ ਵਿਚ ਸਬਸਿਡੀ, ਫਰੀ ਕਿਤਾਬਾਂ, ਹਾਊਸਿੰਗ ਬਾਰੇ ਡਾਕਟਰ ਅੰਬੇਦਕਰ ਭਵਨ ਆਦਿ ਇਨ੍ਹਾਂ ਸਾਰੀਆਂ ਸਕੀਮਾਂ ਨੂੰ ਸਾਹਮਣੇ ਰੱਖ ਕੇ ਦੇਖੀਏ ਤਾਂ ਪਤਾ ਲਗੇਗਾ ਕਿ ਅਨੁਸੂਚਿਤ ਜਾਤੀਆਂ ਦੇ ਲੋਕਾਂ ਵਾਸਤੇ ਸਾਡਾ ਪ੍ਰੋਗਰਾਮ ਨਿਸ਼ਚਿਤ ਹੈ। ਉਨ੍ਹਾਂ ਭਰਾਵਾਂ ਦਾ ਦੁੱਖ ਦਰਦ ਵੰਡਣ ਲਈ ਔਰ ਉਨ੍ਹਾਂ ਨੂੰ ਸਮਾਜ ਵਿਚ ਅੱਛਾ, ਚੰਗਾ ਔਰ ਉਚਾ ਦਰਜਾ ਦਿਵਾਓਣ ਲਈ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੀ ਪੂਰੀ ਪੂਰੀ ਕੋਸ਼ਿਸ਼ ਹੋਵੇਗੀ ਕਿ ਉਨ੍ਹਾਂ ਦੇ ਲਈ ਵੱਧ ਤੋਂ ਵੱਧ ਖਰਚ ਕਰਕੇ ਉਨ੍ਹਾਂ ਦੀ ਸੇਵਾ ਵਿਚ ਤਿੱਲ ਫੁੱਲ ਹਿਸਾ ਪਾ ਸਕੀਏ। (ਵਿਘਨ)

Original with;
Punjab Vidhan Sabha
Digitized by;
Panjab Digital Library

ਇਕ ਅਵਾਜ਼ : ਬੈਕ ਲਾਗ ਦੇ ਬਾਰੇ ਵੀ ਦਸ ਦਿਉ ?

ਵਿੱਤ ਮੰਤਰੀ : ਉਹ ਵੀ ਮੈਂ ਦਸ ਦਿੰਦਾ ਹਾਂ। ਬੈਕਲਾਗ ਬਾਰੇ ਇਨ੍ਹਾਂ ਨੇ ਚਿੰਤਾ ਪ੍ਰਗਟ ਕੀਤੀ ਹੈ ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਇਸ ਦੇ ਲਈ ਬਹੁਤ ਜ਼ਿਆਦਾ ਚਿੰਤਤ ਹੈ। ਮੈਂ, ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿਘ ਜੀ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਕਮੇਟੀ ਦੇ ਆਪ ਚੇਅਰਮੈਨ ਹਨ, ਉਨ੍ਹਾਂ ਨੇ ਕਿਸੇ ਤੇ ਗੱਲ ਨਹੀਂ ਛੱਡੀ ਔਰ ਇਹ ਗੱਲ ਕਹੀ ਕਿ ਬੈਕਲਾਗ ਦਾ ਸੈਂਸਟਿਵ ਮਾਮਲਾ ਹੈ ਜਿਸ ਕਰਕੇ ਉਨ੍ਹਾਂ ਨੇ ਇਹ ਜ਼ਿੰਮੇਵਾਰੀ ਆਪਣੇ ਤੇ ਲਈ ਤਾਂ ਕਿ ਇਨ੍ਹਾਂ ਸਾਡੇ ਭਰਾਵਾਂ ਨੂੰ ਜਿਤਨੀ ਵੀ ਮਦਦ ਹੈ ਉਹ ਮਿਲ ਸਕੇ। ਮੈਂ ਹੁਣ ਵੀ ਗੱਲ ਕਰਨੀ ਸੀ ਔਰ ਉਨ੍ਹਾਂ ਨੇ ਕਿਹਾ ਕਿ ਅਸੀਂ ਬੈਕਲਾਗ ਦੀ ਸ਼ਿਕਾਇਤ ਨਹੀਂ ਰਹਿਣ ਦੇਵਾਂਗੇ (ਥੰਪਿੰਗ) ਜਿਸ ਦੇ ਨਾਲ ਲੋਕ ਮਹਿਸੂਸ ਕਰਨ ਕਿ ਰਿਜ਼ਰਵੇਸ਼ਨ ਵਿਚ ਸਾਡੇ ਨਾਲ ਕੋਈ ਜ਼ਿਆਦਤੀ ਹੋਈ ਹੈ। ਜਿਥੋਂ ਤਕ, ਸਪੀਕਰ ਸਾਹਿਬ, ਐਕਟ ਦਾ ਸਬੰਧ ਹੈ ਉਸ ਦੇ ਬਾਰੇ ਵੀ ਅਸੀਂ ਪੂਰੇ ਤਿਆਰ ਹਾਂ। ਪਿਛਲੀ ਵਾਰੀ ਵਾਇਦਾ ਕੀਤਾ ਸੀ, ਇਹ ਠੀਕ ਹੈ ਕਿ ਦੂਸਰੀਆਂ ਸਟੇਟਾਂ ਤੋਂ ਕੁਝ ਐਕਟ ਦੇਖਣ ਦੀ ਲੋੜ ਸੀ, ਕੁਝ ਕਲਾਜ਼ਾਂ ਦੇਖਣ ਦੀ ਲੋੜ ਸੀ, ਮੈਂ ਸਰਕਾਰ ਦੀ ਤਰਫੋਂ ਇਹ ਯਕੀਨ ਦੁਆਉਂਦਾ ਹਾਂ ਕਿ ਰਿਜ਼ਰਵੇਸ਼ਨ ਐਕਟ ਅਸੀਂ ਜ਼ਰੂਰ ਬਣਾਵਾਂਗੇ (ਥੰਪਿੰਗ) ਔਰ ਉਸ ਤੇ ਪੂਰਾ ਪੂਰਾ ਅਮਲ ਹੋਵੇਗਾ। ਸਪੀਕਰ ਸਾਹਿਬ, ਉਹ ਵੀ ਲੋਕ ਹਨ ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ ਰਹਿੰਦੇ ਹਨ, ਉਹ ਵੀ ਲੋਕ ਹਨ ਜਿਹੜੇ ਐਸੀਆਂ ਸ਼੍ਰੇਣੀਆਂ ਨਾਲ ਤੁਅੱਲਕ ਰਖਦੇ ਹਨ ਅਸੀਂ ਉਨ੍ਹਾਂ ਦੀ ਵੱਧ ਤੋਂ ਵੱਧ ਮਦਦ ਕਰਨਾ ਚਾਹੁੰਦੇ ਹਾਂ। ਮੈਨੂੰ ਇਹ ਕਹਿਣ ਵਿਚ ਬਿਲਕੁਲ ਝਿਜਕ ਨਹੀਂ ਕਿ ਪੰਜਾਬ ਇਕ ਐਸਾ ਸੂਬਾ ਹੈ ਜਿਹੜਾ ਇਉਂ ਹੱਥ ਫੈਲਾਕੇ ਮੰਗਣਾ ਨਹੀਂ ਜਾਣਦਾ, ਬਲਕਿ ਹੱਥ ਹਲਾਏ ਕੁਝ ਰਖਣਾ ਜ਼ਰੂਰ ਜਾਣਦਾ ਹੈ। ਜਿਹੜੇ ਮੰਗ ਨਹੀਂ ਸਕਦੇ, ਕੁਝ ਨਾ ਕੁਝ ਕੋਲੋਂ ਦੇ ਸਕਦੇ ਹਨ। ਅਸੀਂ ਆਪਣੇ ਬਜ਼ੁਰਗ ਜਾਂ ਜਿਹੜੇ ਸਾਡੇ ਦੂਸਰੀਆਂ ਸ਼ਰੇਣੀਆਂ ਦੇ ਲੋਕ ਹਨ, ਵਿਕਲਾਂਗ ਹਨ ਉਨ੍ਹਾਂ ਨਾਲ ਪੂਰੀ ਹਮਦਰਦੀ ਰਖਦੇ ਹੋਏ ਮਹਿਸੂਸ ਕਰਦੇ ਹਾਂ ਕਿ ਇਹ ਡੇਢ ਸੌ ਰੁਪਏ ਪੈਨਸ਼ਨ ਕੁਝ ਨਹੀਂ। ਮੈਂ ਇਕ ਬਜ਼ੁਰਗ ਭੈਣ ਨਾਲ ਗੱਲ ਕਰਦੇ ਹੋਏ ਕਿਹਾ ਕਿ ਇਸ 150 ਰੁਪਏ ਨਾਲ ਤੁਹਾਡਾ ਗੁਜ਼ਾਰਾ ਹੋ ਜਾਂਦਾ ਹੈ ਤਾਂ ਉਸ ਨੇ ਕਿਹਾ ਕਿ ਗੁਜ਼ਾਰਾ ਤਾਂ ਨਹੀਂ ਹੁੰਦਾ ਕਿਉਂਕਿ ਸਾਡੇ ਬੱਚੇ ਸਾਡਾ ਖਿਆਲ ਰਖਦੇ ਹਨ ਪਰ ਕਿਤੇ ਵਿਆਹ ਸ਼ਾਦੀ ਜਾਂ ਕੁੜਮਾਈ ਵਗੈਰਾ ਵਿਚ ਕੋਈ ਸ਼ਗਨ ਵਗੈਰਾ ਪਾਣਾ ਪੈਂਦਾ ਹੈ ਤਾਂ ਸਾਨੂੰ ਬਚਿਆਂ ਤੋਂ ਮੰਗਣਾ ਪੈਂਦਾ ਸੀ, ਲੇਕਿਨ ਇਸ ਨਾਲ ਸਾਨੂੰ ਮੰਗਣਾ ਨਹੀਂ ਪੈਂਦਾ। ਮੈਂ ਦਸਣਾ ਚਾਹੁੰਦਾ ਹਾਂ ਕਿ ਸਾਡੀ ਪੰਜਾਬ ਦੀ ਸਭਿਅਤਾ ਅਤੇ ਕਲਚਰ ਕੁਝ ਇਸ ਤਰ੍ਹਾਂ ਦਾ ਹੈ। ਮੈਨੂੰ ਫਿਨਾਂਸ ਮਨਿਸਟਰ ਦੇ ਤੌਰ ਤੇ ਪੰਜਾਬ ਦੀ ਸੇਵਾ ਕਰਨ ਦਾ ਜਦੋਂ ਪਹਿਲਾਂ ਮੌਕਾ ਮਿਲਿਆ ਸੀ ਉਸ ਵਕਤ ਦੀ ਇਕ ਘਟਨਾ ਬਾਰੇ ਮੈਂ ਸਦਨ ਨੂੰ ਦਸਣਾ ਚਾਹੁੰਦਾ ਹਾਂ ਕਿ ਸਾਰੇ ਹਿੰਦੁਸਤਾਨ ਵਿਚ ਪੰਜਾਬ ਦੇ ਲੋਕਾਂ ਦਾ ਕਿੰਨਾਂ ਉੱਚਾ ਦਰਜਾ ਹੈ। ਉਨ੍ਹਾਂ ਦਿਨਾਂ ਵਿੱਚ ਸ੍ਰੀ ਰਾਜ ਕਪੂਰ, ਫਿਲਮ ਐਕਟਰ ਇਥੇ ਆਏ। ਉਸ ਨੇ ਗੱਲ ਬਾਤ ਕੀਤੀ ਪੰਜਾਬ ਦੀ ਸਭਿਅਤਾ ਨੂੰ ਉਜਾਗਰ ਕਰਨ ਵਾਸਤੇ ਉਹ ਫਿਲਮਾਂ ਬਣਾਉਣਾ ਚਾਹੁੰਦੇ ਸਨ ਤਾਂ ਕਿ ਪੰਜਾਬ ਦੀ ਸਭਿਅਤਾ ਸਾਰੇ ਲੋਕ, ਸਾਰੀ ਦੁਨੀਆਂ ਵੇਖੇ। ਮੈਂ ਮਜ਼ਾਕੀਆ ਤੌਰ ਤੇ ਉਨ੍ਹਾਂ ਨਾਲ ਗਲ ਕੀਤੀ ਕਿ ਕਪੂਰ ਸਾਹਿਬ ਕੀ ਤੁਸੀਂ ਭੰਗੜੇ ਅਤੇ ਗਿੱਦਾ ਵਿਖਾਓਗੇ। ਸਾਨੂੰ ਨਾਜ਼ ਹੈ ਆਪਣੇ ਭੰਗੜੇ ਅਤੇ ਗਿੱਧੇ ਤੇ। ਉਹ ਬੜੇ ਸੈਨਸਿਟਿਵ ਸਨ । ਮੇਰੇ ਦਿਲ ਦੀਆਂ ਤਾਰਾ ਨੂੰ ਛੋਂਹਦੇ ਹੋਇਆ ਇਕ ਗਲ ਕਹੀ। ਗਲ ਸਿਰਫ ਇਨੀ ਕੁ ਹੈ ਕਿ ਮੈਂ ਅਮਰੀਕਾ ਗਿਆ ਔਰ ਮੇਰੇ ਨਾਲ ਮੇਰੇ ਫਾਦਰ ਸ੍ਰੀ ਪ੍ਰਿਥਵੀ ਰਾਜ ਕਪੂਰ ਵੀ ਸਨ। ਜਦੋਂ ਮੈਂ ਉਥੇ ਗਿਆ ਤਾਂ ਉਥੇ ਬਹੁਤ ਸਾਰੇ ਲੜਕੇ ਲੜਕੀਆਂ ਇਕੱਠੇ ਹੋ ਕੇ ਆ ਗਏ। ਮੈਨੂੰ ਵੇਖਦਿਆਂ ਕਿ ਮਸ਼ਹੂਰ ਫਿਲਮ ਐਕਟਰ ਆਇਆ ਹੈ ਤੇ ਮੈਨੂੰ ਪੁਛਿਆ ਕਿ ਤੁਸੀਂ ਕਿਸ ਪਰਪਜ਼ ਲਈ ਆਏ ਹੋ । ਮੈਂ ਕਿਹਾ ਕਿ ਮੈਂ ਤਾਂ ਆਪਣੇ ਪਿਤਾ ਦਾ ਅਮਰੀਕਾ ਵਿਚ ਕੈਂਸਰ ਦਾ ਇਲਾਜ ਕਰਾਉਣ ਲਈ ਆਇਆ ਹਾਂ ਇਹ ਸੁਣ ਕੇ ਉਹ ਅਮਰੀਕਾ ਵਾਲੇ

Original with;
Punjab Vidhan Sabha
Digitized by;
Panjab Digital Library

ਹੈਰਾਨ ਸਨ ਕਿ ਇਤਨੇ ਬੁੱਢੇ ਪਿਤਾ ਦੇ ਇਲਾਜ ਲਈ ਇਥੇ ਆਏ ਹਨ। ਉਹ ਸਾਡੇ ਦੇਸ਼ ਦੀ ਸਭਿਅਤਾ ਨੂੰ ਵੇਖ ਕੇ ਚਕ੍ਰਿਤ ਰਹਿ ਗਏ। ਹਿੰਦੁਸਤਾਨ ਵਿੱਚ ਪੰਜਾਬ ਦੇ ਲੋਕ ਆਪਣੀ ਸਭਿਅਤਾ ਤੇ ਫਖਰ ਕਰਦੇ ਹਨ। ਅਸੀਂ ਵੀ ਸਮਝਦੇ ਹਾਂ ਕਿ ਇਸ 150/- ਰੁਪਏ ਨਾਲ ਕੁਝ ਮਦਦ ਤਾਂ ਨਹੀਂ ਹੋ ਸਕਦੀ ਪਰ ਕੁਝ ਹਮਦਰਦੀ ਅਤੇ ਸਿੰਪਥੀ ਉਨ੍ਹਾਂ ਵਾਸਤੇ ਸਾਡੇ ਮਨਾਂ ਵਿੱਚ ਹੈ ਜਿਸ ਵਜੋਂ ਅਸੀਂ ਇਹ ਕੀਤਾ ਹੈ।

ਭੈਣ ਲਕਸ਼ਮੀ ਕਾਂਤਾ ਚਾਵਲਾ ਨੇ ਦਰਦ ਭਰੇ ਸ਼ਬਦਾਂ ਵਿੱਚ ਇਥੇ ਵੀ ਕਿਹਾ ਅਤੇ ਪਹਿਲਾਂ ਵੀ ਕਿਹਾ ਸੀ। ਮੈਂ ਕਹਿੰਦਾ ਹਾਂ ਕਿ ਇਹ ਦਰਦ ਭਰੀ ਆਵਾਜ਼ ਕਾਂਗਰਸ ਸਰਕਾਰ ਤੋਂ ਪਹਿਲਾਂ ਕਿਤੇ ਵੀ ਨਹੀਂ ਹੁੰਦੀ ਜੋ ਬਾਤ ਕਹੀ ਉਸ ਨੂੰ ਪੂਰਾ ਕਰਦੀ ਹੈ। ਇਸ ਨੇ ਅਮਨ ਔਰ ਸ਼ਾਂਤੀ ਦੇ ਕੇ ਪੰਜਾਬ ਨੂੰ ਨਵੀਂ ਜ਼ਿੰਦਗੀ ਦਿਤੀ ਹੈ ਔਰ ਉਸ ਦੀ ਤਬਾਹੀ ਕਿਨ੍ਹਾਂ ਕਾਰਨਾਂ ਕਰਕੇ ਹੋਈ ਉਹ ਪਟਾਰੀ ਮੈਂ ਇਥੇ ਖੋਲ੍ਹਣਾ ਨਹੀਂ ਚਾਹੁੰਦਾ। ਅਗਰ ਸਤਾਏ ਹੋਏ ਲੋਕਾਂ ਦੀ ਕਿਸੇ ਨੇ ਮਦਦ ਕੀਤੀ ਹੈ ਤਾਂ ਉਹ ਇਸ ਸਰਕਾਰ ਨੇ ਕੀਤੀ ਹੈ ਕਿਉਂਕਿ ਸਰਦਾਰ ਬੇਅੰਤ ਸਿੰਘ ਘਰ-ਘਰ, ਪਿੰਡ-ਪਿੰਡ ਉਨ੍ਹਾਂ ਲੋਕਾਂ ਦੇ ਦੁਖ ਵੰਡਣ ਵਾਸਤੇ ਜਾਂਦੇ ਰਹੇ ਹਨ ਔਰ ਇਹ ਇਹਸਾਸ ਕਰਦਿਆਂ ਹੋਇਆ ਕਿ ਅਤਵਾਦੀ ਅਤੇ ਵੱਖਵਾਦੀ ਭਰਾਵਾਂ ਦੇ ਕੁਝ ਦੁਖਾਂਤ ਕਰਕੇ ਸਾਡੀਆਂ ਬੱਚੀਆਂ ਦੀ ਇਜ਼ੱਤ ਲੁੱਟੀ ਹੈ ਇਸ ਕਰਕੇ ਉਨ੍ਹਾਂ ਨਾਲ ਹਮਦਰਦੀ ਰਖਦੇ ਹੋਏ ਇਸ ਬਜਟ ਵਿਚ ਪਰੋਵੀਜ਼ਨ ਕੀਤਾ ਹੈ ਅਤੇ ਕਿਹਾ ਹੈ ਕਿ ਵੋਲੰਟਰੀ ਆਰਗੇਨਾਈਜ਼ੇਸ਼ਨਜ਼ ਅਗੇ ਆਉਣ ਉਨ੍ਹਾਂ ਬੱਚੀਆਂ ਦੀ ਸ਼ਾਦੀ ਕਰਾਉਣ ਵਾਸਤੇ। ਪੰਜਾਬ ਸਰਕਾਰ ਚਾਹੁੰਦੀ ਹੈ ਕਿ ਕਿਸੇ ਦਾ ਕੋਈ ਬਰਬਾਦ ਹੋਇਆ ਘਰ ਮੁੜ ਕੇ ਵਸ ਜਾਵੇ। ਅਸੀਂ ਉਨ੍ਹਾਂ ਨੂੰ ਐਨਕਰੇਜ ਕਰਾਂਗੇ ਜਿਹੜੇ ਬਰਬਾਦ ਹੋਈਆਂ ਬੱਚੀਆਂ ਨੂੰ ਆਪਣੇ ਘਰ ਵਿਚ ਜਗ੍ਹਾ ਦੇਣਗੇ। ਅਸੀਂ ਇਸ ਲਈ 50 ਲੱਖ ਰੁਪਏ ਰਖੇ ਹਨ। ਅਗਰ ਜ਼ਿਆਦਾ ਜ਼ਰੂਰਤ ਪਈ ਤਾਂ ਅਸੀਂ ਵਧਾਵਾਂਗੇ ਲੇਕਿਨ ਉਨ੍ਹਾਂ ਭੈਣਾਂ ਨੂੰ, ਬੱਚਿਆਂ ਨੂੰ ਕੋਈ ਸਹਾਰਾ ਦੇਵੇ, ਇਸ ਦੇ ਵਾਸਤੇ ਅਸੀਂ ਉਨ੍ਹਾਂ ਦੀ ਪੂਰੀ ਪੂਰੀ ਮਦਦ ਕਰਾਂਗੇ।

ਸਪੀਕਰ ਸਾਹਿਬ, 19 ਕਰੋੜ ਰੁਪਏ ਨਾਲ ਬੈਨੀਫੀਸ਼ੀਅਰੀਜ਼ ਜਿਹੜੇ ਹਨ 96,667 ਐਸੇ ਹੋਣਗੇ ਜਿਨ੍ਹਾਂ ਨੂੰ ਖਾਸ ਤੌਰ ਤੇ ਆਪਣੇ ਪੈਰਾਂ ਉਤੇ ਖੜੇ ਹੋਣ ਲਈ ਮਦਦ ਮਿਲੇਗੀ। ਸਪੀਕਰ ਸਾਹਿਬ ਇਕ ਹੋਰ ਵਰਗ ਹੈ ਜਿਸ ਦਾ ਜ਼ਿਕਰ ਕੀਤਾ ਗਿਆ ਸੀ। ਮੈਂ ਤਫਸੀਲ ਨਾਲ ਤਾਂ ਨਹੀਂ ਪਰ ਥੋੜ੍ਹਾ ਜ਼ਿਕਰ ਕਰਾਂਗਾ। ਸਾਡੇ ਐਕਸ-ਸਰਵਿਸਮੈਨ ਹਨ ਜਿਨ੍ਹਾਂ ਨੇ ਦੇਸ਼ ਦੀ ਰਾਖੀ ਵਾਸਤੇ ਬਾਰਡਰ ਉਤੇ ਜਾ ਕੇ ਜਦੋਂ ਵੀ ਕੋਈ ਮੁਸੀਬਤ ਆਈ, ਕਿਸੇ ਦੁਸ਼ਮਣ ਨੇ ਹਮਲਾ ਕੀਤਾ ਤਾਂ ਉਨ੍ਹਾਂ ਨੇ ਆਪਣੀ ਛਾਤੀ ਵਿੱਚ ਗੋਲੀਆਂ ਖਾਧੀਆਂ, ਪਿੱਠ ਵਿਚ ਨਹੀਂ ਖਾਧੀਆਂ। ਉਨ੍ਹਾਂ ਦੀ ਸੇਵਾ ਅਤੇ ਦੇਸ਼ ਭਗਤੀ ਅੱਗੇ ਸਿਰ ਝੁਕਦਾ ਹੈ (ਥੰਪਿੰਗ)। ਉਸ ਵਾਸਤੇ 14 ਪ੍ਰਤੀਸ਼ਤ ਰਿਜ਼ਰਵੇਸ਼ਨ ਰਖੀ ਹੋਈ ਹੈ ਸਰਵਿਸਿਜ਼ ਵਿੱਚ ਅਸੀਂ ਉਹ ਰਿਜ਼ਰਵੇਸ਼ਨ ਵਧਾ ਤਾਂ ਸਕਦੇ ਹਾਂ ਘਟਾਉਣ ਦਾ ਇਰਾਦਾ ਨਹੀਂ ਹੈ। ਫਿਰ ਇੰਡਸਟਰੀਅਲ ਸਿਕਿਉਰਟੀ ਫੋਰਸਿਜ਼ ਹਨ ਉਨ੍ਹਾਂ ਵਿੱਚ 100 ਪ੍ਰਤੀਸ਼ਤ ਫੌਜੀ ਭਰਾ ਹੀ ਰਖੇ ਜਾਂਦੇ ਹਨ। ਚਾਹੇ ਥੀਨ ਡੈਮ ਹੋਵੇ, ਜਾਂ ਕੋਈ ਹੋਰ ਏਡੀ ਇੰਡਸਟਰੀ ਹੋਵੇ, ਉਨ੍ਹਾਂ ਦੀ ਸੁਰੱਖਿਆ ਵਾਸਤੇ ਇਨ੍ਹਾਂ ਫੌਜੀਆਂ ਨੂੰ ਹਜ਼ਾਰਾਂ ਦੀ ਤਾਦਾਦ ਵਿਚ ਭਰਤੀ ਕਰਕੇ, ਇਹ ਕੰਮ ਸੰਭਾਲਿਆ ਹੈ। 35,000 ਹੋਮ ਗਾਰਡਜ਼ ਦੀ ਤਾਦਾਦ ਹੈ। ਪਹਿਲ ਦੇ ਆਧਾਰ ਉਤੇ ਉਨ੍ਹਾਂ ਸਰਵਿਸਿਜ਼ ਵਿਚ ਵੀ ਐਕਸ-ਸਰਵਿਸਮੈਨ, ਜਿਹੜੇ ਬੰਦੂਕ ਵਗੈਰਾ ਚਲਾਉਣਾ ਜਾਣਦੇ ਹਨ, ਉਨ੍ਹਾਂ ਨੂੰ ਪਰੈਫਰੈਂਸ ਦਿਤੀ ਹੈ ਔਰ ਉਨ੍ਹਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਹੈ। ਸਪੀਕਰ ਸਾਹਿਬ, 140 ਲਖ ਯਾਨੀ 1 ਕਰੋੜ 40 ਲੱਖ ਰੁਪਿਆ ਖਾਸ਼ ਤੌਰ ਉਤੇ ਐਕਸ-ਸਰਵਿਸਮੈਨ ਦੀ ਭਲਾਈ ਵਾਸਤੇ ਐਕਸ ਸਰਵਿਸਮੈਨ ਕਾਰਪੋਰੇਸ਼ਨ ਨੂੰ ਸੀਡ ਮਨੀ ਦਿਤੀ ਹੈ। ਸੈਲਫ-ਇੰਪਲਾਇਮੈਂਟ ਵਾਸਤੇ ਵੀ ਪੂਰਾ ਪੂਰਾ ਬੰਦੋਬਸਤ ਕੀਤਾ ਹੈ ਔਰ ਇਹ ਵੀ ਸੈਲਫ-ਇੰਪਲਾਇਮੈਂਟ ਦੀ ਗੱਲ ਹੈ ਕਿ ਫਰਜ਼ ਕਰੋ 50 ਰੁਪਏ ਫੌਜੀ ਆਪਣੇ ਕੋਲੋਂ ਪਾਵੇ ਤਾਂ 50/- ਰੁਪਏ ਅਸੀਂ ਦੇਈਏ ਔਰ ਜੇਕਰ ਉਹ ਲੱਖ ਪਾਵੇ ਤਾਂ ਅਸੀਂ ਵੇਖ ਲਈਏ, ਤਾਂ ਕਿ ਅਸੀਂ ਵੱਧ ਤੋਂ ਵੱਧ ਫੌਜੀ ਭਰਾਵਾਂ ਨੂੰ ਆਪਣੇ ਨਾਲ ਜੋੜ ਸਕੀਏ, ਨਾਲ ਲਿਆ ਸਕੀਏ।

Original with;
Punjab Vidhan Sabha
Digitized by;
Panjab Digital Library

[ ਵਿੱਤ ਮੰਤਰੀ ]

ਸਪੀਕਰ ਸਾਹਿਬ, ਮਿਨੀਮੱਮ ਵੇਜਿਜ਼ ਦੀ ਬਾਰ-ਬਾਰ ਗੱਲ ਆਈ ਹੈ ਕਿ ਮਿਨੀਮੱਮ ਵੇਜਿਜ਼ ਪੰਜਾਬ ਵਿਚ ਰੀਵਾਈਜ਼ ਨਹੀਂ ਹੋਏ। ਸਪੀਕਰ ਸਾਹਿਬ ਮੈਨੂੰ ਇਹ ਗੱਲ ਕਹਿਣ ਵਿਚ ਖੁਸ਼ੀ ਹੈ ਕਿ ਮਿਨੀਮੱਮ ਵੇਜਿਜ਼ ਹਿੰਦੁਸਤਾਨ ਵਿਚੋਂ ਸਾਡੇ ਅਜੇ ਵੀ ਸਭ ਤੋਂ ਜ਼ਿਆਦਾ ਹੈ ਔਰ ਉਸ ਦੀ ਇੰਪਲੀਮੈਨਟੇਸ਼ਨ ਵਾਸਤੇ ਅਸੀਂ ਵੱਧ ਤੋਂ ਵੱਧ ਇੰਤਜ਼ਾਮ ਵੀ ਕੀਤਾ ਹੈ। ਸਪੀਕਰ ਸਾਹਿਬ, ਇਨ੍ਹਾਂ ਨੂੰ ਕੋਈ ਚਿੰਤਤ ਹੋਣ ਦੀ ਲੋੜ ਨਹੀਂ ਹੈ। ਅਸੀਂ ਮਿਨੀਮੱਮ ਵੇਜਿਜ਼ ਵਾਸਤੇ ਜੋ ਛੋਟੇ ਲੇਬਰਰਜ਼ ਹਨ ਉਨ੍ਹਾਂ ਦੇ ਵਾਸਤੇ ਇੰਤਜ਼ਾਮ ਕਰਾਂਗੇ ਤਾਂ ਕਿ ਉਨ੍ਹਾਂ ਨੂੰ ਮੁਸ਼ਕਲ ਨਾ ਹੋਵੇ।

ਗੌਰਮਿੰਟ ਇੰਪਲਾਈਜ਼ ਵਾਸਤੇ ਚਿੰਤਾ ਇਨ੍ਹਾਂ ਭਰਾਵਾਂ ਨੇ ਕੀਤੀ। ਸਾਡੇ 3 ਲੱਖ 50 ਹਜ਼ਾਰ ਇੰਪਲਾਈਜ਼ ਹਨ ਔਰ ਪਬਲਿਕ ਸੈਕਟਰ ਵਿੱਚ 90 ਹਜ਼ਾਰ ਦੇ ਕਰੀਬ ਹਨ। ਸਪੀਕਰ ਸਾਹਿਬ, ਮੈਨੂੰ ਇਹ ਕਹਿਣ ਵਿੱਚ ਖੁਸ਼ੀ ਹੈ ਕਿ ਹਿੰਦੁਸਤਾਨ ਦੇ ਸਾਰੇ ਸੂਬਿਆਂ ਨਾਲੋਂ ਔਰ ਹਿੰਦੋਸਤਾਨ ਦੀ ਸੈਂਟਰਲ ਗੌਰਮਿੰਟ ਦੇ ਇੰਪਲਾਈਜ਼ ਨਾਲੋਂ ਸਾਡੇ ਪੰਜਾਬ ਦੇ ਇੰਪਲਾਈਜ਼ ਦੇ ਗਰੇਡ ਜ਼ਿਆਦਾ ਹਨ, ਘੱਟ ਨਹੀਂ ਹਨ। (ਥੰਪਿੰਗ) ਮਿਸਾਲ ਦੇ ਤੌਰ ਤੇ ਪੀਅਨ ਜਿਹੜਾ ਹੈ ਪੰਜਾਬ ਦਾ ਉਸ ਦਾ ਪੇਅ ਸਕੇਲ ਹੈ 750-- 1200 ਤਕ ਔਰ ਸੈਂਟਰ ਵਾਲਿਆ ਦਾ ਪੇਅ ਸਕੇਲ ਹੈ 700 ਤੋਂ ਲੈ ਕੇ 940 ਤਕ। ਪੰਜਾਬ ਦੇ ਪੀਅਨ ਦੀ ਪੇਅ 1658 ਤੇ ਖਤਮ ਹੁੰਦੀ ਹੈ ਔਰ ਸੈਂਟਰ ਦੀ 1541, ਇਸ ਤਰ੍ਹਾਂ ਫਰਕ ਹੈ 117/- ਰੁਪਏ ਦਾ। ਕਲਰਕ ਦੀ ਤਨਖਾਹ ਦਾ 41.50 ਰੁਪਏ ਦਾ ਫਰਕ ਹੈ, ਸੀਨੀਅਰ ਕਲਰਕ ਦਾ 224.50 ਰੁਪਏ ਦਾ ਫਰਕ ਹੈ, ਜੂਨੀਅਰ ਅਸਿਸਟੈਂਟ ਦਾ 690 ਰੁਪਏ ਦਾ ਸੀਨੀਅਰ ਅਸਿਸਟੈਂਟ ਦਾ 881/- ਰੁਪਏ ਦਾ ਫਰਕ ਹੈ। ਸੁਪਰਡੈਂਟ ਗਰੇਡ-2 ਦਾ 599/- ਦਾ, ਸੁਪਰਡੈਂਟ ਗਰੇਡ-1 ਦਾ 316/- ਰੁਪਏ ਦਾ ਫਰਕ ਹੈ। ਸਪੀਕਰ ਸਾਹਿਬ, ਮੈਂ ਅਪੀਲ ਕਰਾਂਗਾ ਤੁਹਾਡੇ ਰਾਹੀਂ ਆਪਣੇ ਇੰਪਲਾਈਜ਼ ਨੂੰ ਕਿ ਅਸੀਂ ਬਹੁਤ ਔਖੇ ਸਮੇਂ ਵਿਚੋਂ ਦੀ ਨਿਕਲ ਕੇ ਨਵੇਂ ਸਾਲ ਦੇ ਵਿਚ ਸ਼ਾਮਲ ਹੋਏ ਹਾਂ, ਅਸੀਂ ਹਰ ਗੱਲ ਹਮਦਰਦੀ ਨਾਲ ਸੁਣਾਂਗੇ, ਇਹ ਨਹੀਂ ਕਿ ਅਸੀਂ ਕਹੀਏ ਕਿ ਉਨ੍ਹਾਂ ਦੀਆਂ ਮੁਸੀਬਤਾਂ ਸੁਣੀਆਂ ਨਹੀਂ ਹਨ । ਸਪੀਕਰ ਸਾਹਿਬ, ਸਾਡੀ ਸਰਕਾਰ ਉਹ ਗੱਲਾਂ ਸੁਣਨ ਨੂੰ ਤਿਆਰ ਹੈ ਜਿਹੜੀਆਂ ਜਾਇਜ਼ ਹਨ ਲੇਕਿਨ ਇਸ ਦੇ ਨਾਲ ਹੀ ਮੈਂ ਇਕ ਅਪੀਲ ਕਰਾਂਗਾ ਕਿ ਉਹ ਐਜੀਟੇਸ਼ਨ ਦੀ ਐਪਰੋਚ ਨੂੰ ਛੱਡ ਦੇਣ। ਪੰਜਾਬ ਨੂੰ ਅੱਗੇ ਲੈ ਜਾਣ ਵਿੱਚ ਉਨ੍ਹਾਂ ਦੇ ਸਹਿਯੋਗ ਦੀ ਬਹੁਤ ਜ਼ਿਆਦਾ ਲੋੜ ਹੈ ਮੈਂ ਆਪਣੀ ਬਜਟ ਸਪੀਚ ਵਿਚ ਵੀ ਉਨ੍ਹਾਂ ਦੀ ਸ਼ਲਾਘਾ ਕੀਤੀ ਹੈ ਔਰ ਖੁਸ਼ੀ ਹੈ ਕਿ ਸਾਨੂੰ ਉਨ੍ਹਾਂ ਦਾ ਸਹਿਯੋਗ ਮਿਲ ਵੀ ਰਿਹਾ ਹੈ ਔਰ ਇਸੇ ਤਰ੍ਹਾਂ ਉਹ ਅੱਗੇ ਵਾਸਤੇ ਵੀ ਸਹਿਯੋਗ ਦਿੰਦੇ ਰਹਿਣਗੇ।

ਸਪੀਕਰ ਸਾਹਿਬ, ਇਕ ਗੱਲ ਟੈਕਨੀਕਲ ਐਜੂਕੇਸ਼ਨ ਦੇ ਬਾਰੇ ਵਿਚ ਆਈ ਹੈ ਇਹ ਜਿਹੜੀ ਸਾਧਾਰਨ ਪੜ੍ਹਾਈ ਹੈ ਇਹ ਕਲਰਕ ਪੈਦਾ ਕਰਦੀ ਹੈ ਜਾਂ ਅਨਇੰਪਲਾਇਮੈਂਟ ਹੁੰਦੀ ਹੈ, ਇਸ ਨੂੰ ਠੀਕ ਕਰਨ ਵਾਸਤੇ ਅਸੀਂ ਵੋਕੇਸ਼ਨੇਲਾਈਜ਼ੇਸ਼ਨ ਐਜੂਕੇਸ਼ਨ ਕਰ ਰਹੇ ਹਾਂ। ਇਸ ਲਈ ਪੰਜਾਬ ਸਰਕਾਰ ਬਹੁਤ ਚਿੰਤਤ ਹੈ। ਇਸ ਲਈ ਇਥੇ ਪਹਿਲਾਂ ਵੀ ਗੱਲ ਕੀਤੀ ਸੀ ਔਰ ਹੁਣ ਵੀ ਕਿਹਾ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ 1992-93 ਵਿੱਚ ਕਿਹਾ ਸੀ ਕਿ ਤਿੰਨ ਪੋਲੀਟੈਕਨਿਕ ਲੜਕੀਆਂ ਲਈ ਖੋਲ ਰਹੇ ਹਾਂ ਇਕ ਲੁਧਿਆਣਾ, ਇਕ ਅੰਮ੍ਰਿਤਸਰ ਔਰ ਇਕ ਰੋਪੜ, ਜਿਸ ਤੇ ਕੋਈ ਟੋਟਲ ਕਾਸਟ 18 ਕਰੋੜ ਰੁਪਏ ਹੋਵੇਗੀ। ਔਰ ਹੁਣ 1993-94 ਦੀ ਬਜਟ ਸਪੀਚ ਵਿੱਚ ਵੀ ਐਲਾਨ ਕੀਤਾ ਹੈ ਕਿ ਬਾਰਡਰ ਦੇ ਏਰੀਆ ਵਿਚ ਖੇਮਕਰਨ ਦੇ ਇਲਾਕੇ ਵਿਚ 4 ਕਰੋੜ ਦੀ ਲਾਗਤ ਨਾਲ ਇਕ ਪਾਲੀਟੈਕਨਿਕ ਖੋਲ੍ਹਾਂਗੇ। ਇਸ ਤੋਂ ਇਲਾਵਾ ਦੋ ਹੋਰ ਪਾਲੀਟੈਕਨਿਕ ਮਾਨਸਾ ਔਰ ਮੁਹਾਲੀ ਵਾਸਤੇ ਅਸੀਂ ਪਰਪੋਜ਼ ਕੀਤੇ ਹਨ। ਇਹ ਜਦੋਂ ਵੀ ਮਨਜ਼ੂਰੀ ਆ ਗਈ ਅਸੀਂ ਜਲਦੀ ਖੋਲ੍ਹਾਂਗੇ। ਸਪੀਕਰ ਸਾਹਿਬ, ਅਸੀਂ ਇਹ ਵੀ

Original with;
Punjab Vidhan Sabha
Digitized by;
Panjab Digital Library

ਪਰਪੋਜ਼ ਕੀਤਾ ਹੈ ਕਿ ਗੁਰਦਾਸਪੁਰ ਔਰ ਫਿਰੋਜ਼ਪੁਰ ਵਿਖੇ ਇੰਜੀਨੀਅਰਿੰਗ ਕਾਲਜ ਖੋਲ੍ਹਾਂਗੇ ਤਾਂਕਿ ਸਿਰਫ਼ ਕਲਰਕ ਹੀ ਪੈਦਾ ਨਾ ਹੋਣ ਬੱਚੇ ਹਰ ਪਾਸੇ ਜਾ ਸਕਣ। ਅਸੀਂ ਉਨ੍ਹਾਂ ਨੌਜਵਾਨਾਂ ਦੇ ਹੱਥਾਂ ਵਿੱਚ ਸੰਦ ਫੜਾਂਵਾਂਗੇ ਹੋਰ ਉਸਾਰੀ ਦਾ ਸਮਾਨ ਫੜਾਇਆ ਹੈ ਅਸੀਂ ਉਹ ਕੰਮ ਨਹੀਂ ਕੀਤਾ ਜਿਹੜਾ ਸਾਡੇ ਤੋਂ ਪਹਿਲੇ ਲੀਡਰਜ਼ ਨੇ ਕੀਤਾ ਸੀ ਕਿ ਉਨ੍ਹਾਂ ਨੌਜਵਾਨਾਂ ਦੇ ਹੱਥਾਂ ਵਿਚ ਪਿਸਤੌਲਾਂ ਫੜਾਈਆਂ ਔਰ ਮੋਟਰ ਸਾਈਕਲ ਦਿੱਤੇ ਕਿ ਲੋਕਾਂ ਨੂੰ ਲੁਟੋ ਅਤੇ ਮਾਰੋ । ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਵਾਸਤੇ ਕੋਸ਼ਿਸ਼ ਕੀਤੀ ਹੈ ਔਰ ਕਈਆਂ ਨੇ ਸਰੰਡਰ ਵੀ ਕੀਤਾ ਹੈ। ਇਸ ਲਈ ਅਸੀਂ ਇੰਜੀਨੀਅਰਿੰਗ ਕਾਲਜ ਔਰ ਪਾਲੀਟੈਕਨਿਕ ਖੋਲ੍ਹ ਰਹੇ ਹਾਂ ਤਾਂ ਕਿ ਉਹ ਸਾਡੇ ਬੇਟੇ ਦੇਸ਼ ਦੀ ਉਸਾਰੀ ਦੇ ਕੰਮ ਵਿਚ ਲਗਣ ਔਰ ਨਿਰਮਾਣ ਦੇ ਕੰਮ ਕਰ ਸਕਣ।

ਸਪੀਕਰ ਸਾਹਿਬ, ਇਕ ਗੱਲ ਇਥੇ ਲੇਬਰ ਵੈਲਫੇਅਰ ਵਾਸਤੇ ਕਹੀ ਗਈ ਹੈ ਸਾਡੇ ਭੈਣ ਮਿਸਿਜ਼ ਵਿਮਲਾ ਡਾਂਗ ਜੀ ਬਹੁਤ ਚਿੰਤਤ ਸਨ, ਉਨ੍ਹਾਂ ਦਾ ਐਕਸੀਡੈਂਟ ਹੋ ਗਿਆ ਹੈ ਅੱਜ ਉਹ ਇਥੇ ਨਹੀਂ ਬੈਠੇ, ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਪਹਿਲੇ ਤਾਂ ਇਕ ਟਰੀਬਿਊਨਲ ਬਣਿਆ ਸੀ ਪਰ ਹੁਣ ਅਸੀਂ ਉਨ੍ਹਾਂ ਦੀ ਭਲਾਈ ਵਾਸਤੇ ਜਿਹੜੇ 18739 ਦੇ ਕਰੀਬ ਕੇਸ ਪੈਂਡਿੰਗ ਪਏ ਹਨ ਉਨ੍ਹਾਂ ਦੇ ਨਿਪਟਾਰੇ ਵਾਸਤੇ 6 ਹੋਰ ਲੇਬਰ ਕੋਰਟਸ ਪਰਪੋਜ਼ ਕੀਤੀਆਂ ਹਨ ਤਾਂ ਕਿ ਉਨ੍ਹਾਂ ਨੂੰ ਜਲਦੀ ਇਨਸਾਫ ਮਿਲ ਸਕੇ। ਇਸ ਤੋਂ ਇਲਾਵਾ ਇਕ ਵੈਲਫੇਅਰ ਬੋਰਡ ਵੀ ਕਾਇਮ ਕੀਤਾ ਹੈ ਜਿਸ ਤੇ ਕੋਈ 6.20 ਲੱਖ ਰੁਪਿਆ ਖਰਚ ਹੋਵੇਗਾ। ਇਸ ਲਈ ਵੱਧ ਤੋਂ ਵੱਧ ਅਸੀਂ ਉਪਰਾਲਾ ਕੀਤਾ ਹੈ।

ਸਪੀਕਰ ਸਾਹਿਬ, ਕੁਝ ਇਥੇ ਚਿੰਤਾ ਕੀਤੀ ਗਈ ਹੈ ਕਨਜ਼ਿਊਮਰ ਸਟੋਰਜ਼ ਦੇ ਬਾਰੇ ਵਿੱਚ । ਇਸ ਦੇ ਬਾਰੇ ਵਿਚ ਕਈ ਗੱਲਾਂ ਹੋਈਆਂ ਹਨ। ਇਸ ਲਈ ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਪਹਿਲੀ ਵਾਰ ਹੈ ਕਿ ਸਰਕਾਰ ਨੇ ਸਟੇਟ ਲੈਵਲ ਤੇ ਕਨਜ਼ਿਊਮਰ ਪਰੋਟੈਕਸ਼ਨ ਫੋਰਮ ਸੈਂਟਰ ਖੋਲ੍ਹਿਆ ਹੈ ਇਸ ਨਾਲ ਜਿਹੜੇ ਲੋਕਾਂ ਨੂੰ ਤਕਲੀਫਾਂ ਹਨ ਰਾਸ਼ਨ ਆਦਿ ਦੀਆਂ ਕਿ ਨਹੀਂ ਮਿਲਦਾ, ਜਾਂ ਚੀਜ਼ਾਂ ਦੀ ਸਪਲਾਈ ਆਦਿ ਨਹੀਂ ਹੁੰਦੀ, ਇਹ ਦੂਰ ਹੋ ਜਾਣਗੀਆਂ । ਇਸ ਤੋਂ ਇਲਾਵਾ 10902 ਰਾਸ਼ਨ ਡਿਪੂ ਵੀ ਹੋਰ ਖੋਲ੍ਹੇ ਹਨ ਔਰ ਮੈਂ ਇਥੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਜਿਹੜਾ ਤਕਸੀਮ ਦਾ ਕੰਮ ਹੈ ਰਾਸ਼ਨ ਦੀਆਂ ਵਸਤਾਂ ਦਾ ਇਸ ਹੋਰ ਚੰਗਾ ਬਣਾਵਾਂਗੇ।

ਇਕ ਗੱਲ ਸਵੀਪਰਜ਼ ਦੀ ਤਨਖਾਹ ਬਾਰੇ ਵੀ ਕਹੀ ਸੀ ਕਿ ਕਈ ਮਹੀਨੇ ਤੋਂ ਉਨ੍ਹਾਂ ਨੂੰ ਤਨਖਾਹ ਨਹੀਂ ਮਿਲੀ। ਭੈਣ ਜੀ ਅੱਜ ਇਥੇ ਨਹੀਂ ਬੈਠੇ, ਉਨ੍ਹਾਂ ਨੇ ਸਵਾਲ ਵੀ ਕੀਤਾ ਸੀ, ਮੈਂ ਦਸਣਾ ਚਾਹੁੰਦਾ ਹਾਂ ਕਿ ਅਸੀਂ 31 ਮਾਰਚ ਤਕ ਸਾਰੀਆਂ ਤਨਖਾਹ ਦੇਣ ਦੇ ਆਰਡਰ ਕਰ ਚੁੱਕੇ ਹਾਂ। ਅੱਗੇ ਇਸ ਦੇ ਲਈ ਪੈਸਾ ਥੋੜ੍ਹਾ ਸੀ ਇਸ ਕਰਕੇ ਉਨ੍ਹਾਂ ਨੂੰ ਤਕਲੀਫ ਦਾ ਸਾਹਮਣਾ ਕਰਨਾ ਪੈਂਦਾ ਸੀ ਇਸ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਬਜਟ ਵਿਚ 40 ਲੱਖ ਰੁਪਿਆ ਰਖਿਆ ਜਾਵੇ । ਇਸੇ ਤਰ੍ਹਾਂ ਸਪੋਰਟਸ ਨੂੰ ਪਹਿਲੇ ਕਾਫੀ ਨੈਗਲੈਕਟ ਕੀਤਾ ਹੋਇਆ ਸੀ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਸੀ ਇਸ ਲਈ ਸਰਕਾਰੀ ਬਜਟ ਵਿੱਚ 11 ਕਰੋੜ 59 ਲੱਖ ਰੁਪਿਆ ਪਰੋਵਾਈਡ ਕੀਤਾ ਹੈ ਅਤੇ ਡਾਇਰੈਕਸ਼ਨਾਂ ਦਿੱਤੀਆਂ ਗਈਆਂ ਹਨ ਕਿ 118 ਬਲਾਕਾਂ ਵਿੱਚ ਇਕ ਇਕ ਸਪੋਰਟਸ ਦਾ ਸਟੇਡੀਅਮ ਬਣਾਇਆ ਜਾਵੇਗਾ ਔਰ ਇਸ ਨੂੰ ਆਉਣ ਵਾਲੇ 4 ਸਾਲਾਂ ਦੇ ਵਿਚ ਮੁਕੰਮਲ ਕਰਾਂਗੇ। ਇਸ ਉਤੇ ਬੇਸ਼ਕ ਕਿੰਨਾ ਵੀ ਖਰਚ ਹੋਵੇ ਅਸੀਂ ਖਰਚਾ ਦੇਣ ਲਈ ਤਿਆਰ ਹਾਂ ਤਾਂਕਿ ਅਸੀਂ ਬੱਚਿਆਂ ਦੀ ਅਟੈਨਸ਼ਨ ਨੂੰ ਡਾਈਵਰਟ ਕਰ ਸਕੀਏ ਅਤੇ ਖੇਡਾਂ ਦੇ ਵਿੱਚ ਲਗੇ ਸਕੀਏ। ਤਾਂਕਿ ਉਹ ਦੂਜੇ ਗਲਤ ਪਾਸੇ ਨਾ ਜਾਣ ਅਤੇ ਉਹ ਆਪਣਾ ਭਵਿੱਖ ਸੁਧਾਰ ਸਕਣ। ਅਸੀਂ ਉਨ੍ਹਾਂ ਦਾ ਭਵਿੱਖ ਬਣਾਵਾਂਗੇ ਔਰ ਖਰਾਬ ਨਹੀਂ ਹੋਣ ਦੇਵਾਂਗੇ। ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ ਵਿੱਤ ਮੰਤਰੀ ]

ਨੌਜਵਾਨਾਂ ਦਾ ਧਿਆਨ ਖੇਡਾਂ ਵਿਚ ਹੋਵੇ ਇਸ ਲਈ ਅਸੀਂ ਕਿੰਨੇ ਹੀ ਟੂਰਨਾਮੈਂਟ ਨੈਸ਼ਨਲ ਲੈਵਲ ਤੇ ਅਤੇ ਸਟੇਟ ਲੈਵਲ ਤੇ ਕਰਵਾਏ ਹਨ। ਸਾਡੀ ਟੀਮ ਨੈਸ਼ਨਲ ਲੈਵਲ ਤੇ ਜਿੱਤ ਕੇ ਵੀ ਆਈ ਹੈ। ਸਟੇਟ ਲੈਵਲ ਦੇ ਟੂਰਨਾਮੈਂਟ ਅਸੀਂ ਪਟਿਆਲਾ ਅਤੇ ਜਲੰਧਰ ਵਿਚ ਕਰਵਾਏ ਹਨ। ਇਸ ਦੇ ਨਾਲ ਹੀ ਅਸੀਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਬੱਚਿਆਂ ਦੇ ਖੇਡਾਂ ਲਈ ਪਲੇਅ ਗਰਾਊਂਡ ਰੱਖਣ ਲਈ ਕਿਹਾ ਹੈ। ਅਗਰ ਪਿੰਡ ਵਿਚ ਜ਼ਮੀਨ ਅਵੇਲੇਬਲ ਨਹੀਂ ਹੈ ਤਾਂ ਸਰਕਾਰ ਉਨ੍ਹਾਂ ਦੇ ਲਈ ਜ਼ਮੀਨ ਦਾ ਪ੍ਰਬੰਧ ਕਰੇਗੀ। ਅਨੂਸੂਚਿਤ ਜਾਤੀਆਂ ਦੇ ਭਰਾ ਜਿਥੇ ਰਹਿੰਦੇ ਹਨ ਉਨ੍ਹਾਂ ਦੀਆਂ ਧਰਮਸ਼ਾਲਾਂ ਦੇ ਲਈ ਵੀ ਸਰਕਾਰ 50 ਹਜ਼ਾਰ ਰੁਪਿਆ ਦੇਵੇਗੀ ਤਾਂ ਕਿ ਧਰਮਸ਼ਾਲਾਵਾਂ ਬਣਵਾ ਸਕਣ।

**ਸ੍ਰੀ ਸਪੀਕਰ :** ਡਾਕਟਰ ਸਾਹਿਬ, 10 ਮਿੰਟ ਲਈ ਹਾਊਸ ਦਾ ਸਮਾਂ ਐਕਸਟੈਂਡ ਕਰ ਦੇਈਏ ?

**ਵਿੱਤ ਮੰਤਰੀ :** ਠੀਕ ਹੈ ਜੀ।

---

## EXTENSION OF TIME OF THE SITTING

**Mr. Speaker** : Is it the pleasure of the House that the time of the sitting be extended by 10 minutes.

(Voices : Yes, Yes.)

The time of the sitting of the House is extended by 10 minutes i.e. upto 1.40 P.M.

---

## RESUMPTION OF GENERAL DISCUSSION ON THE BUDGET ESTIMATES FOR THE YEAR 1993-94

**ਵਿੱਤ ਮੰਤਰੀ :** ਸਪੀਕਰ ਸਾਹਿਬ, ਅਸੀਂ ਕੁਝ ਹੋਰ ਫੈਸਲੇ ਕੀਤੇ ਹਨ ਜਿਸ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ। ਸਟੇਟ ਵਿਚ 7050 ਆਂਗਨਵਾੜੀਆਂ ਦੇ ਵਰਕਰਜ਼ ਅਤੇ 7050 ਇਨ੍ਹਾਂ ਦੇ ਨਾਲ ਹੈਲਪਰਜ਼ ਜਿਨ੍ਹਾਂ ਦੀ ਗਿਣਤੀ 15000 ਦੇ ਕਰੀਬ ਹੈ ਉਹ ਕਾਫੀ ਦੇਰ ਤੋਂ ਆਪਣੀਆਂ ਤਨਖਾਹਾਂ ਵਿਚ ਵਾਧਾ ਕਰਨ ਲਈ ਸੰਘਰਸ਼ ਕਰ ਰਹੇ ਸਨ। ਪੰਜਾਬ ਸਰਕਾਰ ਨੇ ਅੰਗਨਵਾੜੀ ਦੇ ਵਰਕਰਜ਼ ਦੀ 125/- ਰੁਪਏ ਅਤੇ ਉਸ ਦੇ ਹੈਲਪਰ ਲਈ 90/- ਰੁਪਏ ਤਨਖਾਹ ਵਿਚ ਹੋਰ ਵਾਧਾ ਕੀਤਾ ਹੈ। ਇਸ ਦੇ ਨਾਲ ਸਰਕਾਰ ਦੇ ਖਜ਼ਾਨੇ ਤੇ 78 ਲਖ ਤੋਂ ਜ਼ਿਆਦਾ ਖ਼ਰਚਾ ਪਵੇਗਾ। ਇਸ ਨੂੰ ਅਸੀਂ 2 ਅਕਤੂਬਰ, 1992 ਤੋਂ ਲਾਗੂ ਕਰ ਦਿੱਤਾ ਹੈ। ਇਸ ਤਰ੍ਹਾਂ, ਸਪੀਕਰ ਸਾਹਿਬ, ਚੌਕੀਦਾਰ ਹੈ ਜੋ ਬੜਾ ਕਮਜ਼ੋਰ ਵਰਗ ਹੈ ਇਹ ਕਾਫੀ ਮਿਹਨਤ ਕਰਦਾ ਹੈ ਅਤੇ ਪਿੰਡਾਂ ਵਿਚ ਵੀ ਜਾਂਦਾ ਹੈ। ਇਸ ਦੀ ਤਨਖਾਹ ਵਿਚ ਵੀ 50/- ਰੁਪਏ ਹੋਰ ਵਾਧਾ ਕਰਨ ਲਈ ਸਾਡੇ ਮੈਂਬਰ ਸਾਹਿਬਾਨ ਨੇ ਸਿਫਾਰਸ਼ ਕੀਤੀ ਸੀ। ਸਰਕਾਰ ਨੇ ਇਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਮਦੇ ਨਜ਼ਰ ਰਖਦੇ ਹੋਏ 250 ਤੋਂ ਵਧਾ ਕੇ 300/- ਰੁਪਿਆ ਕੀਤਾ ਹੈ।

ਸਪੀਕਰ ਸਾਹਿਬ, ਇਥੇ ਮੈਂ ਜ਼ਿਕਰ ਕੀਤਾ ਸੀ ਕਿ ਇਕੋਨਮੀ ਨੂੰ ਅਸੀਂ ਕਿਸ ਤਰ੍ਹਾਂ ਕੰਟਰੋਲ ਵਿਚ ਕਰਾਂਗੇ। ਇਥੇ ਲੰਪ ਸਮ ਟੈਕਸ ਲਗਾਉਣ ਬਾਰੇ ਗੱਲ ਆਈ ਸੀ ਅਤੇ ਬੜੇ ਸਖਤ ਲਫਜ਼ਾਂ ਦਾ ਇਸਤੇਮਾਲ ਕੀਤਾ ਗਿਆ ਸੀ ਅਤੇ ਘਟੀਆ ਕਿਸਮ ਦੇ ਲਫਜ਼ ਵਰਤੇ ਗਏ ਸਨ। ਸਪੀਕਰ ਸਾਹਿਬ, ਜਿਹੜਾ ਹੁਣ ਇਸ ਵੇਲੇ ਸਿਨੇਮਾ ਅਤੇ ਬੱਸਾਂ ਉਤੇ ਟੈਕਸ ਲਗਾਇਆ ਜਾਂਦਾ ਹੈ ਉਹ ਟਿਕਟਾਂ ਦੇ ਰਾਹੀਂ ਲਗਾਇਆ ਜਾਂਦਾ ਹੈ। ਇਸ ਵਿਚ ਬਹੁਤ ਸਾਰੀ ਇਵੇਜ਼ਨ ਟੈਕਸ ਦੀ ਹੁੰਦੀ ਹੈ। ਪੰਜਾਬ

Original with;
Punjab Vidhan Sabha
Digitized by;
Panjab Digital Library

ਵਿਚ ਕਾਫੀ ਦੇਰ ਤੋਂ ਇੰਸਪੈਕਟਰੀ ਰਾਜ ਖਤਮ ਕਰਨ ਦੀ ਮੰਗ ਕਰ ਰਹੇ ਸਨ। ਇਸ ਇੰਸਪੈਕਟਰੀ ਰਾਜ ਨੂੰ ਡੰਡੇ ਦੇ ਜ਼ੋਰ ਨਾਲ ਹਟਾਇਆ ਨਹੀਂ ਜਾ ਸਕਦਾ ਇਸ ਲਈ ਇਸ ਨੂੰ ਕਾਨੂੰਨ ਦੇ ਰਾਹੀਂ ਹੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦਾ ਤਰੀਕਾ ਇਹ ਹੈ ਕਿ ਇੰਸਪੈਕਟਰੀ ਰਾਜ ਨੂੰ ਖਤਮ ਕਰਕੇ ਟੈਕਸ ਨੂੰ ਲੰਪਸਮ ਵਸੂਲ ਕਰ ਲਿਆ ਜਾਵੇ। ਮਿਸਾਲ ਦੇ ਤੌਰ ਤੇ ਇੱਟਾਂ ਦੇ ਭੱਠੇ ਵਾਲੇ ਹਨ। ਭੱਠੇ ਵਾਲਿਆਂ ਦੀ ਸ਼ਿਕਾਇਤ ਰਹਿੰਦੀ ਹੈ ਕਿ ਸਾਨੂੰ ਸੇਲਜ਼ ਟੈਕਸ ਅਤੇ ਫੂਡ ਐਂਡ ਸਪਲਾਈ ਦੇ ਇੰਸਪੈਕਟਰ ਤੰਗ ਕਰਦੇ ਹਨ। ਇਸ ਲਈ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਥੇ ਟੈਕਸ ਲੰਪਸਮ ਲਗਾ ਦਿਤਾ ਜਾਵੇ ਅਤੇ ਇੰਸਪਕਟਰਾਂ ਨੂੰ ਇੰਸਪਕਸ਼ਨ ਕਰਨ ਤੋਂ ਰੋਕ ਦਿਤਾ ਜਾਵੇ ਤਾਂ ਕਿ ਉਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਤੁਸੀਂ ਸਾਰੇ ਇਸ ਗੱਲ ਦੀ ਸਰਾਹਨਾ ਕਰੋਗੇ ਕਿ ਜਿਹੜੇ ਉਹ ਪੈਸੇ ਲੈਂਦੇ ਸਨ ਉਹ ਹੁਣ ਨਹੀਂ ਲੈ ਸਕਣਗੇ। ਜਦੋਂ ਦੀ ਪੰਜਾਬ ਸਰਕਾਰ ਨੇ ਵਾਗ ਡੋਰ ਸੰਭਾਲੀ ਹੈ ਤਾਂ ਟ੍ਰੈਫਿਕ ਪੁਲਿਸ ਵਾਲੇ ਜੋ ਪੈਸਾ ਇਕਠਾ ਕਰਦੇ ਹੁੰਦੇ ਸੀ ਉਸ ਨੂੰ ਅਸੀਂ ਆ ਕੇ ਸਭ ਤੋਂ ਪਹਿਲੇ ਬੰਦ ਕੀਤਾ ਹੈ। (ਥੰਪਿੰਗ) ਤੁਸੀਂ ਇਸ ਗੱਲ ਦਾ ਅਹਿਸਾਸ ਕਰ ਸਕਦੇ ਹੋ ਕਿ ਪੰਜਾਬ ਸਰਕਾਰ ਦੀ ਸੋਚ ਕਿੰਨੀ ਪੱਕੀ ਤੇ ਸਪਸ਼ਟ ਹੈ। ਕੁਰਪਸ਼ਨ ਨੂੰ ਅਸੀਂ ਖਤਮ ਕਰਨ ਦਾ ਪੂਰਾ ਯਤਨ ਕੀਤਾ ਹੈ। ਜਦੋਂ ਸਪੀਕਰ ਸਾਹਿਬ, ਟੈਕਸ ਹੌਲੀਡੇ ਦਾ ਐਲਾਨ ਸੈਂਟਰ ਵਿਚ ਹੋਇਆ ਸੀ ਤਾਂ ਦੂਸਰੇ ਦਿਨ ਹੀ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੇ ਚਿਠੀ ਲਿਖੀ ਕਿ ਪੰਜਾਬ ਵਿਚ ਵੀ ਟੈਕਸ ਹੌਲੀਡੇ ਕਰ ਦਿਤਾ ਜਾਵੇ। ਪੰਜਾਬ ਨੂੰ ਵੀ ਦੂਸਰੀਆਂ ਸਟੇਟਾਂ ਆਸਾਮ ਤੇ ਜੰਮੂ ਕਸ਼ਮੀਰ ਵਾਂਗ ਟੈਕਸ ਹੌਲੀਡੇ ਵਿਚ ਸ਼ਾਮਿਲ ਕੀਤਾ ਜਾਵੇ। ਨੰਬਰਦਾਰੀ ਬਾਰੇ ਬਜਟ ਸਪੀਚ ਵਿਚ ਲਿਖਿਆ ਗਿਆ ਹੈ ਪਰ ਮੈਨੂੰ ਖੁਸ਼ੀ ਹੈ ਕਿ ਇਸ ਬਾਰੇ ਕਿਸੇ ਨੇ ਵੀ ਕਿੰਤੂ ਨਹੀਂ ਕੀਤਾ। ਨੰਬਰਦਾਰਾਂ ਦਾ ਪੰਜੋਤਰਾ 5% ਤੋਂ 10% ਕਰ ਦਿਤਾ ਗਿਆ ਹੈ। (ਥੰਪਿੰਗ)

ਸਪੀਕਰ ਸਾਹਿਬ, ਹੁਣ ਮੈਂ ਕੁਝ ਗੱਲਾਂ ਪੁਲੀਟੀਕਲ ਥੋੜ੍ਹੇ ਜਿਹੇ ਮਿੰਟਾਂ ਵਿਚ ਕਰਨਾ ਚਾਹੁੰਦਾ ਹਾਂ। ਇਥੇ ਕਿਉਂਕਿ ਪੁਲੀਟੀਕਲ ਤੌਰ ਤੇ ਵੀ ਕ੍ਰਿਟੇਸਿਜ਼ਮ ਹੋਇਆ ਹੈ ਔਰ ਜੇਕਰ ਉਸ ਕ੍ਰਿਟੇਸਿਜ਼ਮ ਦਾ ਜਵਾਬ ਮੈਂ ਨਾ ਦੇਵਾਂ ਤਾਂ ਠੀਕ ਨਹੀਂ ਹਵੇਗਾ। ਮੈਂ ਖਾਸ ਤੌਰ ਤੇ ਇਥੇ ਹਾਊਸ ਵਿਚ ਮਿਤਲ ਸਾਹਿਬ ਬੈਠੇ ਹਨ ਔਰ ਉਹ ਪੰਜਾਬ ਵਿਚ ਬੀ.ਜੇ.ਪੀ. ਦੇ ਪਰੈਜ਼ੀਡੈਂਟ ਹਨ, ਉਨ੍ਹਾਂ ਨੇ ਕਿਹਾ ਹੈ ਕਿ ਬਜਟ ਵਿਚ ਕੋਈ ਸੋਸ਼ਿਓ ਇਕਨਾਮਿਕ ਡਾਇਰੈਕਸ਼ਨ ਨਹੀਂ ਹੈ। ਕੋਈ ਪਾਜ਼ੇਟਿਵ ਡਾਇਰੈਕਸ਼ਨ ਨਹੀਂ ਹੈ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਿੱਤਲ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਬਜਟ ਵਿਚ ਸੋਸ਼ਿਓ ਇਕਨਾਮਿਕ ਡਾਇਰੈਕਸ਼ਨ ਹੈ ਅਤੇ ਪਾਜ਼ੇਟਿਵ ਵੀ ਹੈ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਅਸੀਂ ਇਹ ਕੀਤਾ ਸੀ ਕਿ ਪੰਜਾਬ ਵਿਚ ਹਰ ਇਨਸਾਨ ਬਰਾਬਰ ਹੈ। ਪੰਜਾਬ ਦੇ ਮਾਹੌਲ ਨੂੰ ਠੀਕ ਕਰਨ ਲਈ ਪੰਜਾਬ ਦੇ ਸਾਰੇ ਲੋਕਾਂ ਨੇ ਮਿਲਕੇ ਪਾਕਿਸਤਾਨ ਦੇ ਚੈਲੰਜ ਨੂੰ ਅਸੈਪਟ ਕੀਤਾ। ਪੰਜਾਬ ਵਿਚ ਭਾਵੇਂ ਕੋਈ ਹਿੰਦੂ ਹੈ ਭਾਵੇਂ ਕੋਈ ਸਿੱਖ ਹੈ, ਭਾਵੇਂ ਕੋਈ ਹੋਰ ਜਾਤ ਦਾ ਹੈ ਉਸਨੇ ਗੋਲੀਆਂ ਸਹੀਆਂ ਔਰ ਹੋਰ ਕਿਸੇ ਗੱਲ ਵੱਲ ਉਨ੍ਹਾਂ ਨੇ ਕੋਈ ਧਿਆਨ ਨਹੀਂ ਦਿਤਾ। (ਥੰਪਿੰਗ) ਸਾਡੀ ਕੋਸ਼ਿਸ਼ ਹੈ ਕਿ ਅਸੀਂ ਹਿੰਦੂ ਸਿੱਖ ਦੀ ਗੱਲ ਨਾ ਕਰੀਏ। ਪੰਜਾਬ ਵਿਚ ਰੈਲੀਆਂ ਕਰਕੇ ਪੰਜਾਬ ਦੇ ਮਾਹੌਲ ਨੂੰ ਦੁਬਾਰਾ ਕਿਸੇ ਕੀਮਤ ਵਿਚ ਵੀ ਨਹੀਂ ਵਿਗੜਨ ਦਿਤਾ ਜਾਵੇਗਾ। ਇਹ ਪੰਜਾਬ ਦੇ ਮਾਹੌਲ ਨੂੰ ਫਿਰ ਦੋਬਾਰਾ ਅੱਗ ਦੇ ਸਮੁੰਦਰ ਵਿਚ ਸੁਟਣਾ ਚਾਹੁੰਦੇ ਹਨ। ਪੰਜਾਬ ਸਰਕਾਰ ਅਜਿਹੀਆਂ ਗੱਲਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ ਭਾਵੇਂ ਉਹ ਕੋਈ ਵੀ ਹੋਵੇ। ਉਨ੍ਹਾਂ ਨੇ ਪੰਜਾਬ ਦੇ ਮਾਹੌਲ ਨਾ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਹੁਣ ਪੰਜਾਬ ਸਰਕਾਰ ਇਸ ਤਰ੍ਹਾਂ ਕਦੇ ਵੀ ਨਹੀਂ ਹੋਣ ਦੇਵੇਗੀ। (ਥੰਪਿੰਗ) ਸਾਡੇ ਸਾਹਮਣੇ ਬੈਠੇ ਭਰਾ ਜੋ ਇਥੇ ਮੌਜੂਦ ਹਨ, ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ 1967 ਤੋਂ ਪਹਿਲਾਂ 1966 ਵਿਚ ਜਦੋਂ ਪੰਜਾਬੀ ਸੂਬਾ ਬਣਿਆ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸੀ ਔਰ ਪੰਜਾਬੀ ਸੂਬਾ ਲੈਣ ਦਾ ਨਾਅਰਾ ਲਗਾਇਆ ਗਿਆ ਸੀ ਉਸ ਵੇਲੇ ਅਵਾਜ਼ ਉਠਾਈ ਗਈ ਸੀ ਕਿ ਮਹਾਂ ਪੰਜਾਬ ਬਣਨਾ ਚਾਹੀਦਾ ਹੈ। ਪੰਜਾਬੀ ਸੂਬਾ ਬਣਨ ਤੋਂ ਬਾਅਦ ਉਹ ਵਜ਼ਾਰਤ ਦੀਆਂ ਕੁਰਸੀਆਂ ਤੇ ਬੈਠੇ। ਇਹ ਉਨ੍ਹਾਂ ਦੀ ਇਕ ਪੁਲੀਟੀਕਲ ਗੱਲ ਸੀ। 1967 ਵਿਚ ਹੀ ਨਹੀਂ, 1969 ਵਿਚ ਵੀ ਅਤੇ ਫੇਰ 1977 ਵਿਚ ਵੀ ਇਨ੍ਹਾਂ ਨੇ ਵਜ਼ਾਰਤ ਦੀਆਂ ਕੁਰਸੀਆਂ ਸੰਭਾਲ ਲਈਆਂ। ਆਨੰਦਪੁਰ ਸਾਹਿਬ ਦੇ ਮਤੇ ਦੀ ਗਲ ਤਾਂ 1973 ਵਿਚ ਆਈ। (ਵਿਘਨ)

**Mr. Speaker** : No interruptions please.

**ਵਿੱਤ ਮੰਤਰੀ:** ਸਪੀਕਰ ਸਾਹਿਬ, ਆਨੰਦਪੁਰ ਸਾਹਿਬ ਦੇ ਰੈਜ਼ੋਲਿਉਸ਼ਨ ਦੀ ਬੜੇ ਜ਼ੋਰ ਨਾਲ ਇਨ੍ਹਾਂ ਨੇ ਗੱਲ ਕੀਤੀ ਹੈ। ਪਰ ਮੈਨੂੰ ਨਹੀਂ ਪਤਾ ਕਿ ਇਹ ਇਸ ਦੇ ਸਮਰਥਕ ਹਨ ਜਾਂ ਮੁਖਾਲਫ ਹਨ। ਜੇ ਪੁੱਛਾਂਗੇ ਤਾਂ ਜ਼ਰੂਰ ਕਹਿਣਗੇ ਕਿ ਇਸ ਦੇ ਮੁਖਾਲਫ ਹਨ, ਸਮਰਥਕ ਨਹੀਂ। ਮੈਂ ਪੁੱਛਦਾ ਹਾਂ ਕਿ ਆਨੰਦਪੁਰ ਸਾਹਿਬ ਰੈਜ਼ੋਲਿਉਸ਼ਨ ਤਾਂ 1973 ਵਿਚ ਪਾਸ ਹੋ ਗਿਆ ਸੀ। ਪਰ 1977 ਵਿਚ ਵਜ਼ਾਰਤ ਦੀਆਂ ਕੁਰਸੀਆਂ ਤੇ ਤੁਸੀਂ ਫੇਰ ਬੈਠ ਗਏ ਸੀ। ਇਸ ਦਾ ਜਵਾਬ ਕਿਆ ਤੁਸੀਂ ਦੇ ਸਕਦੇ ਹੋ ਔਰ ਕਹਿ ਸਕਦੇ ਹੋ ਕਿ ਅਨੰਦਪੁਰ ਸਾਹਿਬ ਦੇ ਰੈਜ਼ੋਲਿਉਸ਼ਨ ਵਿਚ ਵੱਖਵਾਦ ਹੈ ਇਸ ਕਰਕੇ ਤੁਸੀਂ ਅਖੰਡਤਾ ਦੀ ਗੱਲ ਕੀਤੀ ਹੈ ਜਾਂ ਪੰਜਾਬ ਨੂੰ ਤੋੜਨ ਵਾਲਿਆਂ ਦੀ ਮੱਦਦ ਕੀਤੀ ਹੈ। ਮੈਂ ਇਸ ਦਾ ਤੁਹਾਡੇ ਕੋਲੋਂ ਦੋ ਟੁੱਕ ਉਤਰ ਚਾਹੁੰਦਾ ਹਾਂ।

**ਕੁਝ ਅਵਾਜ਼ਾਂ:** ਐਫ. ਐਮ. ਸਾਹਿਬ, ਤੁਹਾਡਾ ਇਸ਼ਾਰਾ ਕਿਸ ਵਲ ਹੈ ?

**ਵਿੱਤ ਮੰਤਰੀ:** ਜਿਨ੍ਹਾਂ ਨੇ ਕ੍ਰਿਟਿਸਾਈਜ਼ ਕੀਤਾ ਸੀ, ਉਨ੍ਹਾਂ ਵਲ ਇਸ਼ਾਰਾ ਹੈ। ਮੈਂ, ਸਪੀਕਰ ਸਾਹਿਬ, ਇੱਕ ਗੱਲ ਹੋਰ ਕਹਿਣੀ ਚਾਹਵਾਂਗਾ ਕਿ ਸਾਡੇ ਮਿੱਤਲ ਸਾਹਿਬ ਨੇ ਕਿਹਾ ਕਿ ਪੰਜਾਬ ਦਾ ਨਾਂ ਤਾਂ ਸੈਂਟਰ ਦੇ ਏਜੰਡੇ ਤੇ ਹੈ ਹੀ ਨਹੀਂ। ਮੈਂ, ਸਪੀਕਰ ਸਾਹਿਬ, ਇਹ ਕਹਾਂਗਾ ਕਿ ਪੰਜਾਬ ਸੈਂਟਰ ਦੇ ਏਜੰਡੇ ਵਿੱਚ ਹੀ ਨਹੀਂ ਬਲਿਕ ਪੰਜਾਬ ਦਾ ਖਿਆਲ ਸੈਂਟਰ ਦੀ ਸਰਕਾਰ ਲਗਾਤਾਰ ਪਿਛਲੇ 45 ਸਾਲਾਂ ਤੋਂ ਰਖਦੀ ਆ ਰਹੀ ਹੈ ਔਰ ਹੁਣ ਵੀ ਪੰਜਾਬ ਜਿਹੜਾ ਹੈ, ਉਹ ਸੈਂਟਰ ਦੇ ਏਜੰਡੇ ਤੇ ਟਾਪ ਤੇ ਹੈ। ਸਪੀਕਰ ਸਾਹਿਬ, ਅਸੀਂ ਭੁੱਲ ਸਕਦੇ ਹਾਂ ਕਿ ਪੰਜਾਬ ਨੂੰ ਜਿਹੜੀ ਉਨ੍ਹਾਂ ਨੇ 6630 ਕਰੋੜ ਰੁਪਏ ਦੀ ਮੱਦਦ ਦਿੱਤੀ ਸੀ ਪਿਛਲੇ ਸਾਲ ਵਿਚ ਔਰ ਇਹ ਵਾਰੀ ਵੀ, ਨਾ ਤਾਂ ਉਨ੍ਹਾਂ ਨੇ ਉਸਦਾ ਕੋਈ ਸੂਦ ਮੰਗਿਆ ਔਰ ਨਾ ਹੀ ਕੋਈ ਪਿਛਲੇ ਸਾਲ ਦੇ ਕਰਜ਼ੇ ਦਾ ਕੋਈ ਪੈਸਾ ਮੰਗਿਆ। ਇਸ ਸਾਲ ਵਿਚ ਵੀ ਮੈਂ ਵਿਸ਼ਵਾਸ ਨਾਲ ਕਹਿੰਦਾ ਹਾਂ ਕਿ ਸੈਂਟਰ ਦੀ ਸਰਕਾਰ ਸਾਨੂੰ ਫਾਈਨਾਂਸ਼ਿਅਲ ਮਦਦ ਦੇਵੇਗੀ। 600 ਕਰੋੜ ਰੁਪਏ ਦੀ ਮਦਦ ਵੀ ਮਿਲੇਗੀ। ਪਿਛਲਾ ਕਰਜ਼ਾ 7000 ਕਰੋੜ ਰੁਪਏ ਦਾ ਜਿਹੜਾ ਹੈ, ਉਸਦੇ ਬਾਰੇ ਕੁਝ ਗੱਲਾਂ ਹੋ ਵੀ ਚੁੱਕੀਆਂ ਹਨ ਕਿ ਉਹ ਨਾ ਮੰਗਣ। ਇਸ ਦੇ ਨਾਲ ਹੀ ਪੂਰੀ ਉਮੀਦ ਹੈ ਕਿ ਆਉਣ ਵਾਲੇ ਸਾਲਾਂ ਵਿਚ ਵੀ ਮੱਦਦ ਮਿਲਦੀ ਰਹੇਗੀ। ਪੰਜਾਬ ਸੈਂਟਰ ਦੇ ਏਜੰਡੇ ਤੇ ਟਾਪ ਤੇ ਹੈ। ਸਾਡੇ ਮੁੱਖ ਮੰਤਰੀ ਜੀ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਪੰਜਾਬ ਦੀਆਂ ਕੁਝ ਡਿਮਾਂਡਾਂ ਹਨ ਔਰ ਉਹ ਡਿਮਾਂਡਾਂ ਅਸੀਂ ਸੈਂਟਰ ਦੇ ਸਾਹਮਣੇ ਰਖੀਆਂ ਹੋਈਆਂ ਹਨ। ਸਾਨੂੰ ਪੂਰਾ ਵਿਸ਼ਵਾਸ ਹੈ ਕਿ ਸੈਂਟਰ ਬਹੁਤ ਜਲਦੀ ਉਨ੍ਹਾਂ ਡਿਮਾਂਡਾਂ ਤੇ ਗੌਰ ਕਰਕੇ ਉਨ੍ਹਾਂ ਨੂੰ ਪੂਰਾ ਕਰੇਗਾ। ਲੇਕਿਨ ਪੰਜਾਬ ਦੀ ਪਰਾਬਲਮ ਦੇ ਬਾਰੇ ਸਾਡੇ ਸਾਥੀ ਵਾਰ ਵਾਰ ਆਪਣਾ ਅੰਦਾਜ਼ ਬਦਲ ਰਹੇ ਹਨ ਔਰ ਉਸਨੂੰ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਨੂੰ ਪਾਕਿ-ਸਤਾਨ ਦੀ ਇੰਟਰਫੀਅਰੈਂਸ ਨੂੰ, ਇਥੇ ਕਤਲੋ ਗਾਰਤ ਦੇ ਮਾਹੌਲ ਨੂੰ ਕਮਿਊਨਲਿਜ਼ਮ ਨਾਲ ਜੋੜ ਰਹੇ ਹਨ, ਮੈਂ ਸਮਝਦਾ ਹਾਂ ਕਿ ਬਹੁਤ ਗਲਤ ਫਹਿਮੀ ਵਿਚ ਹਨ। ਸਪੀਕਰ ਸਾਹਿਬ, ਇਨ੍ਹਾਂ ਨੂੰ ਹੱਕ ਹੈ

Original with;
Punjab Vidhan Sabha
Digitized by;
Panjab Digital Library

ਵਾਕ-ਆਊਟ ਕਰਨ ਦਾ, ਆਪਣੀ ਗੱਲ ਕਰਨ ਦਾ ਪਾਰਲੀਆਮੈਂਟਰੀ ਢਗ ਨਾਲ ਬੜੀ ਅੱਛੀ ਗੱਲ ਹੈ, ਕਰਨੀ ਚਾਹੀਦੀ ਹੈ, ਇਸ ਵਿਚ ਦੂਸਰੀ ਰਾਏ ਹੈ ਹੀ ਨਹੀਂ। ਲੇਕਿਨ ਕੀ ਕਿਸੇ ਐਜੂਕੇਸ਼ਨਲ ਇੰਸਟੀਚਿਊਸ਼ਨ ਨੂੰ ਜਿਸ ਦੇ ਬਾਰੇ ਵਿਚ ਇਧਰੋਂ ਵੀ ਆਵਾਜ਼ ਆਈ, ਉਧਰੋਂ ਵੀ ਆਵਾਜ਼ ਆਈ ਕਿ ਨੈਸ਼ਨੇਲਾਈਜ਼ ਕਰ ਲਓ, ਜਿਹੜੇ ਆਰੀਆ ਸਮਾਜ, ਸਨਾਤਨ ਧਰਮ ਜਾਂ ਖਾਲਸਾ ਇੰਸਟੀ-ਚਿਊਸ਼ਨਜ਼ ਹਨ ਉਨ੍ਹਾਂ ਨੂੰ ਕਾਂਸਟੀਚਿਊਸ਼ਨ ਨੇ ਪ੍ਰੋਵੀਜ਼ਨ ਦਿਤੀ ਹੈ, ਉਹ ਉਸ ਨਾਂ ਤੇ ਚਲਦੇ ਹਨ। ਅਸੀਂ ਇਸ ਮੁਤਲਕ ਆਪਣੇ ਤੌਰ ਤੇ ਕੁਝ ਨਹੀਂ ਕਰ ਸਕਦੇ। ਮੈਂ ਇਕ ਗੱਲ ਜ਼ਰੂਰ ਕਰਾਂਗਾ, ਸਪੀਕਰ ਸਾਹਿਬ, ਕਿ ਇਸ ਪੰਜਾਬ ਵਿਚ ਜੋ ਕੁਝ ਦੁਖਾਂਤ ਹੋਇਆ ਹੈ, ਜੋ ਕੁਝ ਬੀਤਿਆ ਹੈ, ਉਸਦੇ ਪਿਛੇ ਇਸ ਸੋਚ ਦਾ ਬਹੁਤ ਜ਼ਿਆਦਾ ਅਸਰ ਹੈ ਕਿ ਧਰਮ ਔਰ ਸਿਆਸਤ ਨੂੰ ਮਿਲਾਕੇ ਜਿਹੜੇ ਚਲਦੇ ਹਨ, ਔਰ ਜਿਹੜੇ ਇਥੇ ਵੱਖ ਵਾਦ ਔਰ ਅਤਿਵਾਦ ਦਾ, ਨਫਰਤ ਦਾ ਪਰਚਾਰ ਕਰਦੇ ਹਨ ਅਤੇ ਨਾਲ ਹੀ ਕਮਿਊਨਿਲਿਜ਼ਮ ਉਹ ਚਾਹੇ ਖਾਲਿਸਤਾਨ ਦੀ ਗੱਲ ਹੋਵੇ, ਚਾਹੇ ਹਿੰਦੂ ਰਾਸ਼ਟਰ ਦੀ ਗਲ ਹੋਵੇ, ਇਕੋ ਗਲ ਹੈ। ਇਨ੍ਹਾਂ ਗਲਾਂ ਨਾਲ ਪੰਜਾਬ ਦਾ, ਸਪੀਕਰ ਸਾਹਬ, ਨੁਕਸਾਨ ਹੋਇਆ ਹੈ। ਬਾਦਲ ਸਾਹਿਬ ਨੇ ਅਜ ਬੜੇ ਜ਼ੋਰ ਨਾਲ ਇਹ ਗੱਲ ਕਹੀ ਹੈ ਕਿ ਮੈਂ ਜੋ ਅਚੀਵ ਕਰਨਾ ਸੀ, ਉਹ ਕਰ ਲਿਆ ਹੈ ਪਰ ਪੰਜਾਬ ਸਰਕਾਰ ਬਾਦਲ ਸਾਹਿਬ ਨੂੰ ਇਹ ਗੱਲ ਕਹਿੰਦੀ ਹੈ ਕਿ ਬਾਦਲ ਸਾਹਿਬ, ਇਹ ਤੁਸੀਂ ਹੀ ਹੋ ਜਿਨ੍ਹਾਂ ਨੇ 2 ਕਰੋੜ ਰੁਪਿਆ ਸੈਂਕਸ਼ਨ ਕਰਕੇ ਐਸ. ਵਾਈ. ਐਲ. ਬਣਾਉਣੀ ਸ਼ੁਰੂ ਕੀਤੀ ਸੀ, ਜਦੋਂ ਤੁਸੀਂ ਮੁੱਖ ਮੰਤਰੀ ਸੀ। ਇਹ ਤੁਸੀਂ ਹੀ ਹੋ ਜਿਹੜੇ ਅੱਤਵਾਦ ਅਤੇ ਵੱਖ ਵਾਦ ਨੂੰ ਮਦਦ ਦਿੰਦੇ ਰਹੇ ਹੋ। ਹੁਣ ਤੁਸੀਂ ਮਿਉਂਸਪੈਲਟੀਆਂ ਵਿਚੋਂ ਹਾਰ ਖਾ ਕੇ, ਅਸੈਂਬਲੀ ਇਲੈਕਸ਼ਨਾਂ ਦਾ ਬਾਈਕਾਟ ਕਰਕੇ ਅਤੇ ਟਰੇਨ ਮਿਸ ਕਰਕੇ, ਪਚਾਇਤਾਂ ਦੇ ਇਲੈਕਸ਼ਨਾਂ ਵਿਚੋਂ ਵੀ ਬਹੁਤ ਬੁਰੀ ਤਰ੍ਹਾਂ ਹਾਰ ਖਾ ਕੇ, ਬੁਖਲਾ ਕੇ, ਫਰਸਟਰੇਟ ਹੋ ਕੇ, ਪੰਜਾਬ ਦੇ ਬਹਾਦਰ ਜਰਨੈਲ ਨੂੰ ਕਮਜ਼ੋਰ ਕਰਨਾ ਚਾਹੁੰਦੇ ਹੋ ਧਮਕੀਆਂ ਦੇ ਕੇ ? ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ :—

ਤੁੰਦੀ-ਏ-ਬਾਦੇ ਮੁਖਾਲਿਫ ਸੇ ਨਾ ਘਬਰਾ ਐ ਅਕਾਬ,
ਯਹ ਤੋ ਆਤੀ ਹੈ ਤੁਝੇ ਊਚਾ ਉਠਾਨੇ ਕੇ ਲੀਏ।

ਅਸੀਂ ਸਰਦਾਰ ਬੇਅੰਤ ਸਿੰਘ ਜੀ ਦੇ ਨਾਲ ਸ਼ਾਨਾ-ਬਸ਼ਾਨਾ ਖੜੇ ਹਾਂ। ਉਸ ਸਰਦਾਰ ਬੇਅੰਤ ਸਿੰਘ ਜੀ ਦੇ ਨਾਲ ਜੋ ਪਜਾਬ ਦੀ ਕਿਸਮਤ ਨੂੰ ਬਦਲਣ ਵਾਸਤੇ, ਪੰਜਾਬ ਨੂੰ ਸੰਵਾਰਨ ਵਾਸਤੇ ਔਰ ਪੰਜਾਬ ਨੂੰ ਵਿਕਾਸ ਦੀ ਤਰਫ ਤੇਜੀ ਨਾਲ ਵਧਾਉਣ ਵਾਸਤੇ ਬਹੁਤ ਉਤਸੁਕ ਹੀ ਨਹੀਂ ਬਲਿਕ ਕ੍ਰਿਤ ਸੰਕਲਪ ਵੀ ਹਨ, ਦ੍ਰਿੜ੍ਹ ਸੰਕਲਪ ਵੀ ਹਨ। ਜਿਨ੍ਹਾਂ ਭਰਾਵਾਂ ਨੇ, ਜਿਨ੍ਹਾਂ ਭੈਣਾਂ ਨੇ ਆਪੋ ਆਪਣੇ ਹਲਕੇ ਦੀਆਂ ਮੰਗਾਂ ਇਥੇ ਰਖੀਆਂ ਹਨ, ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀਆਂ ਮੰਗਾਂ ਰਿਕਾਰਡ ਹੋ ਚੁਕੀਆਂ ਹਨ। ਉਹ ਸਾਡੇ ਸਾਹਮਣੇ ਆ ਜਾਣਗੀਆਂ। ਅਸੀਂ ਉਨ੍ਹਾਂ ਤੇ ਹਮਦਰਦੀ ਨਾਲ ਵਿਚਾਰ ਕਰਾਂਗੇ ਔਰ ਜਿਹੜੀਆਂ ਹੋ ਸਕਦੀਆਂ ਹੋਣਗੀਆਂ, ਉਨ੍ਹਾਂ ਨੂੰ ਜ਼ਰੂਰ ਪੂਰਾ ਕਰਾਂਗੇ।

ਅਖੀਰ ਵਿਚ, ਇਕ ਹੋਰ ਬੇਨਤੀ, ਇਕ ਹੋਰ ਅਪੀਲ ਮੈਂ ਸਦਨ ਦੇ ਆਨਰੇਬਲ ਮੈਂਬਰਾਂ ਨੂੰ ਕਰਾਂਗਾ ਕਿ ਕਲ੍ਹ ਤੋਂ ਡਿਮਾਂਡਜ਼ ਸ਼ੁਰੂ ਹੋ ਜਾਣੀਆਂ ਹਨ। ਇਨ੍ਹਾਂ ਮੈਂਬਰਾਂ ਨੇ ਬਹੁਤ ਅਛੀ ਸ਼ੁਰੂਆਤ ਕੀਤੀ ਸੀ ਔਰ ਮੈਂ ਆਨਰੇਬਲ ਮੈਂਬਰਜ਼ ਦਾ ਮਸ਼ਕੂਰ ਹਾਂ ਕਿ ਜਦੋਂ ਸਪਲੀਮੈਂਟਰੀ ਡਿਮਾਂਡਜ਼ ਆਈਆਂ ਉਦੋਂ ਉਹ ਯੂਨੈਨੀਮਸਲੀ ਪਾਸ ਹੋਈਆਂ। ਐਪਰੋਪਰੀਏਸ਼ਨ ਬਿਲ ਦੇ ਵੇਲੇ ਪਤਾ ਨਹੀਂ ਕਿਸੇ ਨੇ ਕੰਨ ਵਿਚ ਕੁਝ ਕਹਿ ਦਿੱਤਾ ਹੋਣਾ ਹੈ ਕਿ ਤੁਸੀਂ ਕੀ ਕਰ ਰਹੇ ਹੋ। ਪਰ ਪੰਜਾਬ ਦੇ ਭਲੇ ਵਾਸਤੇ ਪੰਜਾਬ ਦੀ ਬਿਹਤਰੀ ਲਈ, ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਕੱਠੇ ਹੋ ਕੇ, ਅਨੁਸ਼ਾਸਨ ਵਿਚ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਰਹਿ ਕੇ ਪੰਜਾਬ ਦੇ ਹਿਤ ਵਿਚ ਸਹਿਯੋਗ ਦਿਓ ਤਾਂ ਕਿ ਪੰਜਾਬ ਦੇ ਉਹ ਲੋਕ ਵੀ ਜਿਹੜੇ ਬੜੇ ਦੁਖੀ ਹਨ, ਪਰੇਸ਼ਾਨ ਹੋਕੇ ਸਾਡੇ ਵੱਲ ਦੇਖ ਰਹੇ ਹਨ, ਉਹ ਲੋਕ ਸਹਾਰਾ ਪਾ ਸਕਣ। ਕਿਸੇ ਨੇ ਠੀਕ ਕਿਹਾ ਹੈ :—

ਪੱਥਰ ਕੀ ਭੀ ਤਸਵੀਰ ਸੰਵਰ ਸਕਤੀ ਹੈ,
ਸ਼ਰਤ ਯੇ ਹੈ ਕਿ ਯਹ ਸਲੀਕੇ ਸੇ ਤਰਾਸ਼ਾ ਜਾਏ।

ਅਸੀਂ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਹੇਠ ਵਿਕਾਸ ਦੀ ਉਸ ਮੰਜ਼ਲ ਵੱਲ ਵਧਣਾ ਹੈ।

**ਸ੍ਰੀ ਮਦਨ ਮੋਹਨ ਮਿੱਤਲ:** ਸਪੀਕਰ ਸਾਹਬ, ਤੁਸੀਂ 1.40 ਵਜੇ ਤੱਕ ਹਾਊਸ ਦਾ ਟਾਈਮ ਰੱਖਿਆ ਹੈ। ਮੈਂ ਇਕ ਗੱਲ ਪੁੱਛਣੀ ਚਾਹੁੰਦਾ ਹਾਂ ਕਿਉਂਕਿ ਟਾਈਮ ਖ਼ਤਮ ਹੋਣ ਵਾਲਾ ਹੈ।

**ਸ੍ਰੀ ਸਪੀਕਰ:** ਐਫ. ਐਮ. ਸਾਹਿਬ ਨੂੰ ਬੋਲ ਲੈਣ ਦਿਓ। ਉਹ ਹਾਲੇ ਬੋਲ ਰਹੇ ਹਨ, ਉਨ੍ਹਾਂ ਨੂੰ ਇੰਟਰਪਟ ਨਾ ਕਰੋ।

**ਵਿੱਤ ਮੰਤਰੀ:** ਇਥੇ ਕੁਰਪਸ਼ਨ ਦੇ ਮੁਤਲਿਕ ਲੋਕ ਆਯੁਕਤ ਜਾਂ ਟਰੀਬਿਊਨਲ ਕਾਇਮ ਕਰਨ ਦੀ ਗੱਲ ਵੀ ਆਈ ਹੈ। ਸਪੀਕਰ ਸਾਹਿਬ, ਕਈ ਸਟੇਟ ਵਿਚ ਲੋਕ ਆਯੁਕਤ ਨਿਯੁਕਤ ਹੋ ਗਏ ਹਨ, ਕਿਤੇ ਕਿਤੇ ਟਰੀਬਿਊਨਲ ਵੀ ਬਣ ਗਏ ਹਨ ਲੇਕਿਨ ਇਨ੍ਹਾਂ ਦਾ ਨਤੀਜਾ ਕੀ ਨਿਕਲਿਆ ? ਸ਼ਾਇਦ ਉਥੇ ਕੁਰਪਸ਼ਨ ਪਹਿਲਾ ਨਾਲੋਂ ਵੀ ਜ਼ਿਆਦਾ ਵੱਧ ਗਈ ਹੈ। ਸਾਨੂੰ ਇਸ ਗਲ ਤੇ ਫਖਰ ਹੈ, ਇਸ ਗਲ ਦੀ ਖੁਸ਼ੀ ਹੈ ਕਿ ਸਾਨੂੰ ਇਕ ਐਸਾ ਲੀਡਰ ਸਰਦਾਰ ਬੇਅੰਤ ਸਿੰਘ ਜੀ, ਮਿਲਿਆ ਹੈ ਜਿਸਦੀ ਪਗੜੀ ਤੇ ਕੋਈ ਦਾਗ ਨਹੀਂ ਹੈ। (ਥੰਪਿੰਗ) ਜਿਸ ਦੀ ਸਿਆਸਤ ਵਿਚ ਕੋਈ ਊਣਤਾਈ ਨਹੀਂ ਹੈ। ਅਸੀਂ ਉਨ੍ਹਾਂ ਨੂੰ ਹੀ ਲੋਕ ਆਯੁਕਤ ਮੰਨਣਾ ਹੈ। ਉਹ ਕੁਰਪਸ਼ਨ ਦੇ ਖਿਲਾਫ ਖੜ੍ਹੇ ਹਨ। ਸਾਨੂੰ ਪੂਰਾ ਯਕੀਨ ਹੈ ਕਿ ਉਹ ਪੰਜਾਬ ਨੂੰ ਪੂਰਾ ਪੂਰਾ ਇਨਸਾਫ ਦੇਣਗੇ। ਸਾਨੂੰ ਆਪਣੇ ਲੀਡਰ ਤੇ ਪੂਰਾ ਭਰੋਸਾ ਹੈ, ਚਾਹੇ ਕੁਰਪਸ਼ਨ ਦੀ ਗੱਲ ਹੋਵੇ ਜਾਂ ਕੋਈ ਹੋਰ ਹੋਵੇ ਅਤੇ ਕੁਰੱਪਸ਼ਨ ਚਾਹੇ ਉਪਰ ਹੋਵੇ ਜਾਂ ਥੱਲੇ, ਉਹ ਕਿਸੇ ਨੂੰ ਇਸਦੀ ਇਜਾਜ਼ਤ ਨਹੀਂ ਦੇਣਗੇ। ਆਉਣ ਵਾਲਾ ਸਾਲ ਕਿਉਂਕਿ ਪੰਜਾਬ ਦੇ ਵਿਕਾਸ ਦਾ ਸਾਲ ਹੈ, ਇਸ ਕਰਕੇ ਉਹ ਕੁਰੱਪਸ਼ਨ ਨੂੰ ਕਿਸੇ ਵੀ ਸੂਰਤ ਵਿਚ ਬਰਦਾਸ਼ਤ ਨਹੀਂ ਕਰਨਗੇ। ਧੰਨਵਾਦ। ਜੈ ਹਿੰਦ। (ਥੰਪਿੰਗ)

**Mr. Speaker:** The House stands adjourned till 9·00 A.M. on Wednesday, the 17th March, 1993.

(The Sabha then adjourned* till 9·00 A.M. on Wednesday, the 17th March, 1993.)

*1·40 P.M.

6814 PVS—Govt. Press, (U.T.) Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1993

Published under the authority of Punjab Vidhan Sabha and printed by the Controller, Government Press, U. T., Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha
## Debates

*17th March, 1993*

**Vol. IV—No. 15**

OFFICIAL REPORT

CONTENTS

*Wednesday, the 17th March, 1993*


| | Page |
|---|---|
| Starred Questions and Answers | .. (15)1 |
| Walk-out | .. (15)28 |
| Presentation of Reports of the Committee on Public Accounts | .. (15)29 |
| Walk-out | .. (15)29 |
| Presentation of Report of the Committee on the Welfare of Scheduled Castes, Scheduled Tribes and Backward Classes | .. (15)29 |
| Discussion and Voting on Demands for Grants for the year 1993-94 | .. (15)29 |
| Walk-out | .. (15)30 |



Punjab Vidhan Sabha Secretariat, Chandigarh.

Price : Rs. 132-65



Original with;
Punjab Vidhan Sabha
Digitized by;
Panjab Digital Library

Discussion and Voting on Demands for Grants for the year 1993-94 (*Resumption*) .. (15)30

Walk-out (15)31

Discussion and Voting on Demands for Grants for the year 1993-94 (*Resumption*) .. (15)31

Extension of Time of the Sitting .. (15)81

Discussion and Voting on Demands for Grants for the year 1993-94 (*Resumption*) .. (15)81

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Wednesday, the 17th March, 1993**

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9.00 A.M. Mr. Speaker (Sardar Harcharn Singh Ajnala) in the Chair*

———

## STARRED QUESTIONS AND ANSWERS

### ਉਦਯੋਗਿਕ ਤੌਰ ਤੇ ਪਛੜਿਆ ਇਲਾਕਾ ਕਰਾਰ ਦੇਣ ਲਈ ਕਸੌਟੀ

*907. **ਸ਼੍ਰੀ ਰਾਜਿੰਦਰ ਕੁਮਾਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕਿਸੇ ਇਲਾਕੇ ਨੂੰ ਉਦਯੋਗਿਕ ਤੌਰ ਤੇ ਪੱਛੜਿਆ ਇਲਾਕਾ ਕਰਾਰ ਦੇਣ ਲਈ ਸਰਕਾਰ ਦੁਆਰਾ ਕੀ ਕਸੌਟੀ ਅਪਣਾਈ ਜਾ ਰਹੀ ਹੈ ਅਤੇ ਰਾਜ ਵਿਚ ਇਸ ਵੇਲੇ ਉਦਯੋਗਕ ਤੌਰ ਤੇ ਪੱਛੜੇ ਇਲਾਕਿਆਂ ਦੇ ਵੇਰਵੇ ਕੀ ਹਨ ;

(ਅ) ਕੀ ਸਰਕਾਰ ਬਲਾਕ ਆਦਮਪੁਰ, ਜ਼ਿਲ੍ਹਾ ਜਲੰਧਰ ਨੂੰ ਉਦਯੋਗਿਕ ਤੌਰ ਤੇ ਪਛੜਿਆ ਇਲਾਕਾ ਕਰਾਰ ਦੇਣ ਦਾ ਵਿਚਾਰ ਰੱਖਦੀ ਹੈ ?

**Sardar Beant Singh** : (a) Sir, as per 'Package of Incentive', 1992, the border districts are eligible for 'A' Category Incentives. In the rest of the State, Focal Points and areas earmarked for industry are eligible for 'B' Category benefits.

(b) No, Sir.

**ਸ਼੍ਰੀ ਰਾਜਿੰਦਰ ਕੁਮਾਰ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਆਦਮਪੁਰ ਵਿਚ ਰਬੜ ਨਾਲ ਸਬੰਧਤ ਮਜ਼ਦੂਰਾਂ ਅਤੇ ਚਮੜੇ ਨਾਲ ਸਬੰਧਤ ਮਜ਼ਦੂਰਾਂ ਨੂੰ ਰੋਜ਼ਗਾਰ ਦੇਣ ਦੇ ਲਈ ਇਸ ਇਲਾਕੇ ਨੂੰ ਪਛੜਿਆ ਇਲਾਕਾ ਘੋਸ਼ਿਤ ਕਰਨ ਬਾਰੇ ਵਿਚਾਰ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਆਦਮਪੁਰ ਦੀ ਗੱਲ ਹੈ, ਉਹਦੇ ਵਿਚ ਕੋਈ ਇੰਡਸਟਰੀਅਲ ਫੋਕਲ ਪੁਆਇੰਟ ਬਣਾਉਣ ਦਾ ਕੋਈ ਪ੍ਰੋਗਰਾਮ ਨਹੀਂ ਹੈ। ਲੇਕਿਨ ਪਾਲਿਸੀ ਬੜੀ ਲਿਬਰਲ ਹੋ ਗਈ ਹੈ, ਕਿਸੇ ਤੇ ਕੋਈ ਵੀ ਰੋਕ ਨਹੀਂ, ਕੋਈ ਵੀ ਜਾ ਕੇ ਕਿਤੇ ਵੀ ਇੰਡਸਟਰੀ ਲਗਾ ਸਕਦਾ ਹੈ।

———

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 896*

**ਸ਼੍ਰੀ ਸਪੀਕਰ** : ਸਵਾਲ ਨੰ: 896 ਦੀ ਐਕਸਟੈਨਸ਼ਨ ਮੰਗੀ ਗਈ ਹੈ ਜਿਹੜੀ ਕਿ ਮੈਂ ਅਲਾਓ ਕਰ ਦਿੱਤੀ ਹੈ। ਅਗਲਾ ਸਵਾਲ

*For Starred Question No. 896 and reply thereto, please see P.V.S. Debates dated 6th April, 1993.

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਜਲੰਧਰ ਵਿਚ ਨਵੇਂ ਸਬ-ਸਟੇਸ਼ਨਾਂ ਦੀ ਸਥਾਪਨਾ

*908. ਸ੍ਰੀ ਰਾਜਿੰਦਰ ਕੁਮਾਰ : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :--

(ੳ) ਇਸ ਸਮੇਂ ਜ਼ਿਲ੍ਹਾ ਜਲੰਧਰ ਵਿਚ 66 ਕੇ. ਵੀ. ਅਤੇ 120 ਕੇ.ਵੀ. ਸਬ-ਸਟੇਸ਼ਨਾਂ ਦੀ ਕੁੱਲ ਗਿਣਤੀ ਕਿੰਨੀ ਹੈ ;

(ਅ) ਚਾਲੂ ਵਿੱਤੀ ਸਾਲ ਦੇ ਦੌਰਾਨ ਜ਼ਿਲ੍ਹਾ ਜਲੰਧਰ ਵਿਚ ਕੁੱਲ ਕਿੰਨੇ ਨਵੇਂ ਸਬ-ਸਟੇਸ਼ਨ ਸਥਾਪਤ ਕਰਨ ਦਾ ਵਿਚਾਰ ਹੈ ;

(ੲ) ਕੀ ਸਰਕਾਰ ਦਾ ਜ਼ਿਲ੍ਹਾ ਜਲੰਧਰ ਵਿਚ ਪਿੰਡ ਪਧਿਆਣਾ ਵਿਚ ਸਬ-ਸਟੇਸ਼ਨ ਸਥਾਪਤ ਕਰਨ ਦਾ ਵਿਚਾਰ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਸਮੱਰਥਾ ਕਿੰਨੀ ਹੈ ?

**Sardar Harcharan Singh Brar** : (a) There are six 66 KV Sub-Stations in Jalandhar District and no 120 KV Sub-Station.

(b) No new Sub-Stations are proposed to be installed in district Jalandhar during the current financial year.

(c) No, Sir.

ਸ੍ਰੀ ਰਾਜਿੰਦਰ ਕੁਮਾਰ : ਸਪੀਕਰ ਸਾਹਿਬ, ਕੁਝ ਸਾਲ ਪਹਿਲਾਂ ਲੁਧਿਆਣੇ ਦੇ ਵਿਚ 66 ਕੇ.ਵੀ. ਸਬ-ਸਟੇਸ਼ਨ ਲਗਾਉਣ ਦੇ ਲਈ ਜ਼ਮੀਨ ਐਕਵਾਇਰ ਕਰਨ ਵਾਸਤੇ ਜ਼ਮੀਨ ਦੀ ਚੋਣ ਵੀ ਉਦੋਂ ਕੀਤੀ ਗਈ ਸੀ, ਕੀ ਇਹ ਸਰਕਾਰ ਦੇ ਨੋਟਿਸ ਵਿਚ ਹੈ ।

ਮੰਤਰੀ : ਨਹੀਂ ਜੀ ।

---

## ਕਸੇਲ-ਪਧਿਆਣਾ ਡਰੇਨ ਪੁੱਟਣ ਲਈ ਪ੍ਰਾਪਤ ਕੀਤੀ ਗਈ ਜ਼ਮੀਨ ਲਈ ਮੁਆਵਜ਼ੇ ਦੀ ਅਦਾਇਗੀ ਨਾ ਕਰਨਾ

*827. ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਸੇਲ-ਪਧਿਆਣਾ ਡਰੇਨ ਪੁੱਟਣ ਲਈ ਸਰਕਾਰ ਦੁਆਰਾ ਪ੍ਰਾਪਤ ਕੀਤੀ ਗਈ ਜ਼ਮੀਨ ਲਈ ਮੁਆਵਜ਼ੇ ਦੀ ਅਦਾਇਗੀ ਦੀ ਮੰਗ ਸਬੰਧੀ ਪਿੰਡ ਚਾਹਲ, ਬਲਾਕ ਗੰਡੀਵਿੰਡ ਦੇ ਵਸਨੀਕਾਂ ਦੁਆਰਾ ਦਸੰਬਰ, 1991 ਵਿਚ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਕੋਈ ਮੰਗ-ਪੱਤਰ ਦਿੱਤਾ ਗਿਆ ਸੀ ; ਜੇਕਰ ਦਿੱਤਾ ਗਿਆ ਸੀ ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ?

**Sardar Harcharan Singh Brar** : No, Sir. However, during the visit of Deputy Commissioner, Amritsar to village Chahal on 13-12-91 the Sarpanch of the Gram Panchayat and residents of village Chahal, raised the demand for payment of compensation in respect of Kasel-Padhiana Drain acquired by the Drainage Department.

The case regarding payment of land compensation is under consideration of the Government.

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਧਿਆਣਾ ਡਰੇਨ ਜੋ ਹੈ ਢਾਹਨ ਪਿੰਡ ਦੇ ਵਿਚ, ਮੈਂ ਆਪ ਉਥੇ ਗਿਆ ਸੀ ਅਤੇ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਉਸ ਡਰੇਨ ਵਿਚ ਆਈ ਹੈ ਉਹ ਕੋਈ ਅਰਸਾ ਤਕਰੀਬਨ 16 ਸਾਲ ਹੋ ਗਏ ਹਨ ਉਨ੍ਹਾਂ ਨੂੰ ਅਜੇ ਤੱਕ ਉਸ ਦਾ ਕੋਈ ਮੁਆਵਜ਼ਾ ਨਹੀਂ ਦਿੱਤਾ, ਮੰਤਰੀ ਸਾਹਿਬ ਨੇ ਜੋ ਆਪਣੀ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਸਰਕਾਰ ਉਨ੍ਹਾਂ ਨੂੰ ਮੁਆਵਜ਼ੇ ਦੀ ਅਦਾਇਗੀ ਸਬੰਧੀ ਕੋਈ ਵਿਚਾਰ ਕਰ ਰਹੀ ਹੈ, ਮੈਂ, ਸਪੀਕਰ ਸਾਹਿਬ, ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਸਰਕਾਰ ਵਿਚਾਰ ਕਰ ਰਹੀ ਹੈ ਤਾਂ ਕਿਸਾਨਾਂ ਨੂੰ ਕਦੋਂ ਤੱਕ ਅਦਾਇਗੀ ਕਰ ਦਿੱਤੀ ਜਾਵੇਗੀ ?

**ਮੰਤਰੀ** : ਇਹ ਡਰੇਨ 1928 ਵਿਚ ਬਣਾਈ ਗਈ ਸੀ। ਹੁਣ ਜਿਹੜੀ ਜ਼ਮੀਨ ਐਕਵਾਇਰ ਕੀਤੀ ਹੈ, ਉਹ ਐਮਬੈਂਕਮੈਂਟ ਵਾਸਤੇ ਕੀਤੀ ਹੋਈ ਹੈ । ਇਹ ਜ਼ਮੀਨ ਢੋਲਬਾਹਾ ਡੈਮ, ਕੰਸਟਰਕਸ਼ਨ ਸਰਕਲ, ਹੁਸ਼ਿਆਰਪੁਰ ਵੱਲੋਂ ਲੈਂਡ ਦੀ ਐਕਵੀਜੀਸ਼ਨ ਕੀਤੀ ਗਈ ਹੈ। ਡੀ.ਸੀ. ਸਾਹਿਬ ਵੱਲੋਂ ਇਹ ਪ੍ਰਾਈਸ ਡਿਕਲੇਅਰ ਕੀਤੀ ਜਾਣੀ ਹੈ, ਜੋ ਵੀ ਪ੍ਰਾਈਸ ਫਿਕਸ ਹੋਵੇਗੀ ਉਸ ਅਨੁਸਾਰ ਮੁਆਵਜ਼ਾ ਦੇ ਦਿੱਤਾ ਜਾਵੇਗਾ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਕਿਹਾ ਹੈ ਕਿ ਕੋਈ ਡਰੇਨ ਨਹੀਂ ਪੁੱਟੀ ਗਈ। ਸ਼ਾਇਦ ਉਨ੍ਹਾਂ ਨੂੰ ਮਹਿਕਮੇ ਵੱਲੋਂ ਸਹੀ ਜਾਣਕਾਰੀ ਨਹੀਂ ਦਿੱਤੀ ਗਈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਨਕੁਆਰੀ ਕਰਵਾ ਕੇ ਦੇਖ ਲੈਣ ਉਥੇ ਡਰੇਨ ਪੁੱਟੀ ਗਈ ਹੈ। ਮੈਂ ਉਸ ਪਿੰਡ ਗਿਆ ਹਾਂ ਅਤੇ ਉਹ ਪਿੰਡ ਮੇਰੇ ਹਲਕੇ ਵਿਚ ਪੈਂਦਾ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਇਹ ਨਹੀਂ ਕਿਹਾ ਕਿ ਡਰੇਨ ਨਹੀਂ ਪੁੱਟੀ ਗਈ। ਡਰੇਨ ਤਾਂ 1928 ਵਿਚ ਪੁੱਟੀ ਗਈ ਸੀ। ਹੁਣ ਜਿਹੜੀ ਜ਼ਮੀਨ ਐਕਵਾਇਰ ਕੀਤੀ ਗਈ ਹੈ ਉਹ ਐਮਬੈਂਕਮੈਂਟਾਂ ਵਾਸਤੇ ਕੀਤੀ ਗਈ ਹੈ ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** : ਰੈਸਪੈਕਟਿਡ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੀ ਹੁਣ ਜ਼ਮੀਨ ਐਕਵਾਇਰ ਕੀਤੀ ਗਈ ਹੈ ਉਸ ਵਾਸਤੇ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਉਨ੍ਹਾਂ ਕਿਸਾਨਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਦੇ ਦਿੱਤਾ ਜਾਵੇਗਾ।

**ਮੰਤਰੀ** : ਸਪੀਕਰ ਸਾਹਿਬ, ਇਸ ਬਾਰੇ ਭਰੋਸਾ ਦੇਣ ਵਾਲੀ ਤਾਂ ਕੋਈ ਗੱਲ ਨਹੀਂ। ਇਹ ਤਾਂ ਕਾਨੂੰਨ ਦੀ ਗੱਲ ਹੈ ਕਿ ਜਿਨ੍ਹਾਂ ਦੀ ਜ਼ਮੀਨ ਐਕਵਾਇਰ ਕੀਤੀ ਜਾਂਦੀ ਹੈ, ਉਸ ਦੀ ਜੋ ਵੀ ਕੀਮਤ ਨਿਰਧਾਰਤ ਹੁੰਦੀ ਹੈ, ਉਸ ਅਨੁਸਾਰ ਮੁਆਵਜ਼ਾ ਮਿਲ ਜਾਂਦਾ ਹੈ ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹਾਂਗਾ ਕਿ 1991 ਵਿਚ ਡੀ.ਸੀ. ਸਾਹਿਬ ਉਥੇ ਗਏ ਸਨ ਅਤੇ ਉਨ੍ਹਾਂ ਨੇ ਭਰੋਸਾ ਦਿਵਾਇਆ ਸੀ ਕਿ ਅਸੀਂ ਜਲਦੀ ਤੋਂ ਜਲਦੀ ਮੁਆਵਜ਼ਾ ਦੇ ਦਿਆਂਗੇ। ਪਰ ਹੁਣ 1993 ਆ ਗਿਆ ਹੈ। ਜਿਨ੍ਹਾਂ ਦੀ ਜ਼ਮੀਨ ਐਕਵਾਇਰ ਕੀਤੀ ਗਈ ਹੈ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਮੁਆਵਜ਼ਾ ਦੇ ਦੇਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਮੰਤਰੀ : ਇਹ ਠੀਕ ਹੈ ਕਿ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਹੈ।

ਫਤਿਹਗੜ੍ਹ ਸਾਹਿਬ ਵਿਖੇ ਇੰਪਰੂਵਮੈਂਟ ਟਰੱਸਟ ਸਥਾਪਤ ਕਰਨਾ

*937. **ਡਾਕਟਰ ਹਰਬੰਸ ਲਾਲ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਵੇਂ ਬਣੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਵਿਕਾਸ ਲਈ ਇੰਪਰੂਵਮੈਂਟ ਟਰਸਟ ਜਾਂ ਕੋਈ ਹੋਰ ਏਜੰਸੀ ਸਥਾਪਤ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇ ਹੈ ਤਾਂ ਇਸ ਦੇ ਕਦੋਂ ਤੱਕ ਸਥਾਪਤ ਕੀਤੇ ਜਾਣ ਦੀ ਸੰਭਾਵਨਾ ਹੈ ?

**ਡਾਕਟਰ ਕੇਵਲ ਕ੍ਰਿਸ਼ਨ** : ਨਹੀਂ ਜੀ।

**ਡਾਕਟਰ ਹਰਬੰਸ ਲਾਲ** : ਸਪੀਕਰ ਸਾਹਿਬ, ਮੈਂ ਵਿਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਬੜਾ ਸਿੱਧਾ ਜਿਹਾ ਜਵਾਬ ਦੇ ਦਿੱਤਾ ਹੈ 'ਨਹੀਂ ਜੀ', ਇਹ ਤਾਂ ਬੜੀ ਖੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਨੇ ਸ਼ਹੀਦਾਂ ਦੀ ਧਰਤੀ ਨੂੰ ਜ਼ਿਲ੍ਹਾ ਬਣਾਇਆ ਹੈ ਅਤੇ ਸ਼ਰਧਾ ਦੇ ਫੁੱਲ ਚੜ੍ਹਾਏ ਹਨ। ਉਥੇ ਜ਼ਿਲ੍ਹਾ ਹੈਡ ਕੁਆਰਟਰ ਦੇ ਸਾਰੇ ਦਫਤਰ ਬਣਾ ਦਿੱਤੇ ਹਨ। ਜੇਕਰ ਗੱਲ ਦਫਤਰਾਂ ਤੱਕ ਹੀ ਰਹੀ ਤਾਂ ਜ਼ਿਲ੍ਹੇ ਦੀ ਅੱਗੋਂ ਇੰਪਰੂਵਮੈਂਟ ਅਤੇ ਡਿਵੈਲਪਮੈਂਟ ਕਿਸ ਤਰ੍ਹਾਂ ਹੋਵੇਗੀ ? ਕੀ ਸਰਕਾਰ ਇਸ ਬਾਰੇ ਕੋਈ ਵਿਚਾਰ ਰੱਖਦੀ ਹੈ ?

**Mr. Speaker** : It is a suggestion. It is not a specific supplementary.

**ਡਾਕਟਰ ਹਰਬੰਸ ਲਾਲ** : ਸਪੀਕਰ ਸਾਹਿਬ, ਮੰਤਰੀ ਜੀ ਤਾਂ ਜਵਾਬ ਦੇਣ ਲੱਗੇ ਹਨ ਪਰ ਤੁਸੀਂ ਉਨ੍ਹਾਂ ਨੂੰ ਰੋਕ ਰਹੇ ਹੋ। ਇਹ ਸਪਲੀਮੈਂਟਰੀ ਹੀ ਹੈ, ਸੁਜੈਸ਼ਨ ਨਹੀਂ ਹੈ। ਮੰਤਰੀ ਜੀ ਨੂੰ ਜਵਾਬ ਦੇਣ ਦਿਓ।

**ਸ੍ਰੀ ਸਪੀਕਰ** : ਤੁਸੀਂ ਲੜਾਈ ਦੇ ਮੂਡ ਵਿਚ ਲਗਦੇ ਹੋ। You please sit down. ਮੰਤਰੀ ਜੀ ਤੁਸੀਂ ਜਵਾਬ ਦਿਓਗੇ ?

**ਮੰਤਰੀ** : ਜ਼ਰੂਰ ਦਿਆਂਗੇ ਜੀ। ਫਤਿਹਗੜ੍ਹ ਸਾਹਿਬ ਜ਼ਿਲ੍ਹਾ ਸ਼ਹੀਦਾਂ ਦੇ ਸਨਮਾਨ ਵਿਚ ਅੌਰ ਪੰਜਾਬ ਅਤੇ ਹਿੰਦੁਸਤਾਨ ਦੇ ਲੋਕਾਂ ਦੇ ਜਜ਼ਬਾਤਾਂ ਨੂੰ ਸਾਹਮਣੇ ਰੱਖ ਕੇ ਬਣਾਇਆ ਗਿਆ ਸੀ। ਜ਼ਿਲ੍ਹੇ ਦੀ ਹਰ ਤਰ੍ਹਾਂ ਦੀ ਤਰੱਕੀ ਲਈ ਪੰਜਾਬ ਸਰਕਾਰ ਵਚਨਬੱਧ ਹੈ। ਇੰਪਰੂਵਮੈਂਟ ਟਰੱਸਟ ਬਾਰੇ ਜੇਕਰ ਉਥੋਂ ਦੀ ਮਿਊਂਸਪਲ ਕਮੇਟੀ ਰੈਜ਼ੋਲਿਊਸ਼ਨ ਪਾਸ ਕਰੇਗੀ ਤਾਂ ਸਰਕਾਰ ਫਿਰ ਉਸ ਨੂੰ ਹਾਂ ਵੀ ਕਰ ਸਕਦੀ ਹੈ ਅਤੇ ਨਾ ਵੀ ਪਰ ਜੇਕਰ ਮਿਊਂਸਪਲ ਕਮੇਟੀ ਇਕ ਵਾਰੀ ਫੈਸਲਾ ਕਰ ਦੇਵੇ ਕਿ ਉਥੇ ਇੰਪਰੂਵਮੈਂਟ ਟਰੱਸਟ ਜ਼ਰੂਰ ਬਣਾਇਆ ਜਾਣਾ ਚਾਹੀਦਾ ਹੈ ਤਾਂ ਫਿਰ ਸਰਕਾਰ ਉਸ ਰਿਕੁਮੈਂਡੇਸ਼ਨ ਤੇ ਜਰੂਰ ਵਿਚਾਰ ਕਰੇਗੀ।

**ਸ੍ਰੀ ਮਦਨ ਮੋਹਨ ਮਿੱਤਲ** : ਸਰ, ਮੇਰੀ ਸਪਲੀਮੈਂਟਰੀ ਹੈ ਕਿ ਪਿਛੇ ਸਰਕਾਰ ਨੇ ਅਨਾਊਂਸ ਕੀਤਾ ਸੀ ਕਿ ਖਰਚਿਆਂ ਨੂੰ ਘਟਾਉਣ ਲਈ ਇਮਪਰੂਵਮੈਂਟ ਟਰੱਸਟਸ ਨੂੰ ਅਬੋਲਿਸ਼ ਕਰ ਦਿੱਤਾ ਜਾਵੇਗਾ। ਕੀ ਮੰਤਰੀ ਜੀ ਦੇ ਇਹ ਮਾਮਲਾ ਵਿਚਾਰ ਅਧੀਨ ਹੈ ? ਕੀ ਇਸ ਤਰ੍ਹਾਂ ਕਨਸਟਰੱਕਸ਼ਨ ਵਰਕ ਅਤੇ ਟਾਊਨਜ਼ ਦੀ ਡੀਵੈਲਪਮੈਂਟ ਨੂੰ ਇੱਕ ਦਾਇਰੇ ਤੱਕ ਸੀਮਿਤ ਨਹੀਂ ਰੱਖਿਆ ਜਾ ਰਿਹਾ ?

**ਮੰਤਰੀ** : ਇਮਪਰੂਵਮੈਂਟ ਟਰੱਸਟਸ ਨੂੰ ਅਬੋਲਿਸ਼ ਕਰਨ ਦੀ ਗੱਲ ਨਹੀਂ ਕੀਤੀ ਗਈ, ਜਿਹੜੇ ਇਮਪਰੂਵਮੈਂਟ ਟਰੱਸਟਸ ਵਾਇਬਲ ਨਹੀਂ ਹਨ, ਚਲ ਨਹੀਂ ਸਕਦੇ ਉਨ੍ਹਾਂ ਨੂੰ ਜ਼ਰੂਰ ਅਬੋਲਿਸ਼ ਕਰਾਂਗੇ ਬਾਕੀ ਜਿੱਥੇ ਸ਼ਹਿਰਾਂ ਦੀ ਇੰਮਪਰੂਵਮੈਂਟ ਕਰਨ ਦੀ ਜ਼ਰੂਰਤ ਹੈ, ਉਥੇ ਇਹ ਰਹਿਣ ਦਿਆਂਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮੇਰੀ ਦੂਜੀ ਸਪਲੀਮੈਂਟਰੀ ਹੈ ਕਿ ਮੰਤਰੀ ਜੀ ਨੇ ਕਿਹਾ ਹੈ ਕਿ ਜਿਹੜੀਆਂ ਇੰਮਪਰੂਵਮੈਂਟ ਟਰੱਸਟਸ ਵਾਇਬਲ ਨਹੀਂ ਹਨ, ਪੰਜਾਬ ਦੇ ਵਿਚ ਬਹੁਤ ਸਾਰੀਆਂ ਆਜਿਹੀਆਂ ਇਮਪਰੂਵਮੈਂਟ ਟਰੱਸਟਸ ਹਨ ਜਿਨ੍ਹਾਂ ਦੇ ਖਰਚੇ ਉਹਨਾਂ ਦੀ ਆਮਦਨ ਤੋਂ ਵੱਧ ਹਨ ਔਰ ਸ਼ਹਿਰਾਂ ਦੀ ਡੀਵੈਲਪਮੈਂਟ ਇਸ ਕਰਕੇ ਰੁੱਕੀ ਹੋਈ ਹੈ, ਕੀ ਮੰਤਰੀ ਜੀ ਦੱਸਣਗੇ ਕਿ ਇਹੋ ਜਿਹੀਆਂ ਕਿਹੜੀਆਂ ਕਿਹੜੀਆਂ ਇੰਮਪਰੂਵਮੈਂਟ ਟਰੱਸਟਸ ਹਨ ?

**ਮੰਤਰੀ** : ਸਪੀਕਰ ਸਾਹਿਬ, ਇਹ ਆਪਣਾ ਵੱਖਰਾ ਸਵਾਲ ਭੇਜ ਦੇਣ।

**Doctor Harbans Lal** : Supplementary, Sir.

**Mr Speaker** : I have already allowed you two supplementaries. Next question.

---

**ਐਸ.ਏ.ਐਸ. ਨਗਰ (ਮੋਹਾਲੀ) ਵਿਚ ਅਣਅਧਿਕਾਰਤ ਤੌਰ ਤੇ ਬਣਾਏ ਹੋਏ ਸਪੀਡ ਬਰੇਕਰਜ਼ ਨੂੰ ਹਟਾਉਣਾ**

*934. **ਸ੍ਰੀ ਰਘਬੀਰ ਸਿੰਘ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਿ ਇਹ ਠੀਕ ਹੈ ਕਿ ਐਸ. ਏ. ਐਸ. ਨਗਰ (ਮੋਹਾਲੀ) ਦੇ ਕੁਝ ਸੈਕਟਰਾਂ/ਫੇਜ਼ਾਂ ਵਿਚ ਸੜਕਾਂ ਤੇ ਕੁਝ ਰੈਜ਼ੀਡੈਂਟਸ ਵੈਲਫੇਅਰ ਸੁਸਾਇਟੀਆਂ ਦੁਆਰਾ ਅਣਅਧਿਕਾਰਤ ਸਪੀਡ ਬਰੇਕਰਜ਼ ਬਣਾਏ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਉਕਤ ਅਣਅਧਿਕਾਰਤ ਸਪੀਡ ਬਰੇਕਰਜ਼ ਨਿਯਤ ਨਾਰਮਜ਼/ਸਪੈਸੀਫਿਕੇਸ਼ਨ ਦੇ ਅਨੁਸਾਰ ਹਨ; ਜੇਕਰ ਨਹੀਂ ਤਾਂ ਸਰਕਾਰ ਉਕਤ ਅਣਅਧਿਕਾਰਤ ਸਪੀਡ ਬਰੇਕਰਾਂ ਨੂੰ ਹਟਾਉਣ ਲਈ ਕੀ ਕਾਰਵਾਈ ਕਰਨ ਦਾ ਵਿਚਾਰ ਰੱਖਦੀ ਹੈ।

**Doctor Kewal Krishan** : Some speed breakers were constructed in Housing Board colonies at S. A. S. Nagar (Mohali) some time back by the Housing Board and not by the Citizen's Welfare Committees. These were constructed keeping in view the situation at that time. These will be removed within a week.

**Mr Speaker** : Any supplementary ?

(ਕਿਸੇ ਵੀ ਮਾਨਯੋਗ ਮੈਂਬਰ ਵਲੋਂ ਕੋਈ ਸਪਲੀਮੈਂਟਰੀ ਨਹੀਂ ਪੁੱਛੀ ਗਈ)।

**Mr. Speaker** : Next question.

---

**ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਰੱਖੀਆਂ ਆਸਾਮੀਆਂ ਨੂੰ ਭਰਨਾ**

*921. **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ (ਪੰਚਾਇਤੀ ਰਾਜ ਸਰਕਲ) ਵਿਚ ਕਾਰਜ-ਕਾਰੀ ਇੰਜੀਨੀਅਰਾਂ ਦੀ ਮਨਜ਼ੂਰ ਸ਼ੁਦਾ ਆਸਾਮੀਆਂ ਦੀ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਤੇ ਲੱਗੇ ਅਨੁਸੂਚਿਤ ਜਾਤੀਆਂ ਦੀ ਸ਼੍ਰੇਣੀ ਦੇ ਪਦਧਾਰੀਆਂ ਦੇ ਸਟੇਸ਼ਨਵਾਰ ਨਾਂ ਕੀ ਕੀ ਹਨ ;

(ੲ) ਕੀ ਉਕਤ ਆਸਾਮੀਆਂ ਦੇ ਸਬੰਧ ਵਿਚ ਅਨੁਸੂਚਿਤ ਜ਼ਾਤੀਆਂ ਲਈ ਰਿਜ਼ਰਵੇਸ਼ਨ ਦਾ ਕੋਟਾ ਪੂਰਾ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

Original with;
Punjab Vidhan Sabha
Digitized by;
Panjab Digital Library

**Doctor Kewal Krishan (Finance Minister)** : (a) Fourteen.

(b) (i) Shri Parkash Singh, Executive Engineer (PRD), Sangrur.

(ii) Shri Ram Lal Mal, Executive Engineer (PRD), Faridkot.

(c) Yes, Out of 14 posts two posts fall to the share of scheduled castes and two Officers of this community are working as Executive Engineers.

**ਸਰਦਾਰ ਨਿਰਮਲ ਸਿੰਘ ਨਿੰਮਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਰਾਖਵਾਂਕਰਨ ਦਾ ਕੋਟਾ ਵੇਕੈਂਸੀਜ਼ ਤੇ ਹੈ ਜਾਂ ਆਸਾਮੀਆਂ ਤੇ ਹੈ; ਜੇ ਆਸਾਮੀਆਂ ਤੇ ਹੈ ਤਾਂ ਕਿਹੜੀਆਂ ਹਦਾਇਤਾਂ ਦੇ ਅਨੁਸਾਰ ਹੈ? ਮਿਤੀ 4/5/1974 ਦੀਆਂ ਹਦਾਇਤਾਂ ਦੇ ਪੈਰਾ 2 ਦੇ ਅਨੁਸਾਰ ਵੇਕੈਂਸੀਜ਼ ਦੇ ਅਨੁਸਾਰ ਹੈ। ਵੇਕੈਂਸੀਜ਼ ਦੇ ਮੁਤਾਬਿਕ ਕਿੰਨਾਂ ਕੋਟਾ ਬਣਦਾ ਹੈ? ਸ੍ਰੀ ਰਾਮ ਲਾਲ ਮੱਲ ਜੀ ਨੂੰ ਥੋੜ੍ਹੇ ਦਿਨ ਹੋਏ ਪ੍ਰੋਮੋਸ਼ਨ ਦਿੱਤੀ ਗਈ ਹੈ, ਇਸ ਵਿੱਚ ਡੀਲੇਅ ਕਿਉਂ ਕੀਤੀ ਗਈ ਅਤੇ ਬਣਦੀ ਪ੍ਰੋਮੋਸ਼ਨ ਸਮੇਂ ਸਿਰ ਕਿਉਂ ਨਹੀਂ ਦਿੱਤੀ ਗਈ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਰੂਲਜ਼ ਦੇ ਮੁਤਾਬਿਕ ਬਾਕਾਇਦਾ ਜੋ ਕੋਟਾ ਬਣਦਾ ਸੀ ਉਸ ਦੇ ਮੁਤਾਬਕ 14 ਪ੍ਰੋਮੋਸ਼ਨਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ 1 ਪਛੜੀ ਜਾਤੀ ਦਾ ਅਤੇ 2 ਅਨੁਸੂਚਿਤ ਜਾਤੀਆਂ ਦੇ ਬੰਦੇ ਸ਼ਾਮਲ ਹਨ ਅਤੇ ਕੋਟਾ ਪੂਰਾ ਕਰ ਦਿੱਤਾ ਹੈ।

**ਸਰਦਾਰ ਨਿਰਮਲ ਸਿੰਘ ਨਿੰਮਾ** : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਕੋਟਾ ਹੈ ਇਹ ਵੇਕੈਂਸੀਜ਼ ਦੇ ਆਧਾਰ ਤੇ ਦਿੱਤਾ ਜਾਂਦਾ ਹੈ ਜਾਂ ਪੋਸਟਾਂ ਦੇ ਆਧਾਰ ਤੇ ਦਿੱਤਾ ਜਾਂਦਾ ਹੈ? ਇਨ੍ਹਾਂ ਨੇ ਬਣਦਾ ਕੋਟਾ ਤਾਂ ਪੂਰਾ ਕਰ ਦਿੱਤਾ ਹੈ ਪਰ ਸਰਕਾਰ ਦੀਆਂ ਹਦਾਇਤਾਂ ਮਿਤੀ 4-5-1974 ਦੇ ਪੈਰਾ 2 ਅਨੁਸਾਰ ਵੇਕੈਂਸੀਜ਼ ਨੂੰ ਆਧਾਰ ਮੰਨਿਆ ਜਾਣਾ ਹੈ, ਇਨ੍ਹਾਂ ਨੇ ਕਿਹਾ ਹੈ ਕਿ ਕੋਟਾ ਪੂਰਾ ਕਰ ਦਿੱਤਾ ਹੈ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸ੍ਰੀ ਰਾਮ ਲਾਲ ਮੱਲ ਨੂੰ ਪ੍ਰੋਮੋਸ਼ਨ ਦੇਣ ਵਿਚ ਡੀਲੇਅ ਕਿਉਂ ਕੀਤੀ ਗਈ?

**ਮੰਤਰੀ** : ਸਪੀਕਰ ਸਾਹਿਬ, ਦੋਵੇਂ ਚੀਜ਼ਾਂ ਨਾਲ ਨਾਲ ਹੀ ਹਨ। ਪਹਿਲਾਂ ਤਾਂ ਵੇਕੈਂਸੀ ਜ਼ਰੂਰੀ ਹੈ। ਫਿਰ ਆਸਾਮੀ ਭਰਨ ਲਈ ਕੋਟੇ ਦੇ ਮੁਤਾਬਿਕ ਪੋਸਟਾਂ ਦਿੱਤੀਆਂ/ਐਡਜਸਟ ਕੀਤੀਆਂ ਜਾਂਦੀਆਂ ਹਨ।

---

**ਜੂਨੀਅਰ ਇੰਜੀਨੀਅਰਾਂ ਦੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਵਜੋਂ ਤਰੱਕੀ**

*922. **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਚਾਇਤੀ ਰਾਜ ਸਰਕਲ, ਦਿਹਾਤੀ ਵਿਕਾਸ ਪੰਚਾਇਤ ਵਿਭਾਗ ਦੇ ਜੂਨੀਅਰ ਇੰਜੀਨੀਅਰਾਂ ਨੂੰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ (ਬੀ.ਡੀ.ਪੀ.ਓ.) ਵਜੋਂ ਤਰੱਕੀ ਦੇਣ ਦੀ ਸਰਕਾਰ ਦੀ ਕੋਈ ਤਜ਼ਵੀਜ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਲਈ ਕੀ ਕਸੌਟੀ ਅਪਣਾਈ ਜਾ ਰਹੀ ਹੈ?

**Doctor Kewal Krishan (Finance Minister)** : (a) Representations from Panchayati Raj Junior Engineer Association etc. for promotion of Junior Engineer to the post of Block Development and Panchayat Officer are pending for consideration and final decision by the Government;

Original with;
Punjab Vidhan Sabha
Digitized by;
Panjab Digital Library

(b) No set/definite criterian has so far been evolved to determine the issue in question finally/conclusively.

**Mr. Speaker** : Nimma Ji, any supplementary?

**Sardar Nirmal Singh Nimma** : Sir, thanks.

---

## ਜ਼ਿਲ੍ਹਾ ਅੰਮ੍ਰਿਤਸਰ ਵਿਚ ਝਬਾਲ, ਤਰਨ ਤਾਰਨ ਅਤੇ ਅਟਾਰੀ ਦੀਆਂ ਮਾਰਕੀਟ ਕਮੇਟੀਆਂ ਅੰਦਰ ਆਉਂਦੀਆਂ ਸੜਕਾਂ ਦੀ ਮੁਰੰਮਤ

*826. **ਸਰਦਾਰ ਸੁਖਦੇਵ ਸਿੰਘ ਸ਼ਾਹਪਾਜ਼ਪੁਰੀ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1992-93 ਦੇ ਦੌਰਾਨ ਝਬਾਲ, ਤਰਨ ਤਾਰਨ ਅਤੇ ਅਟਾਰੀ ਦੀਆਂ ਮਾਰਕੀਟ ਕਮੇਟੀਆਂ ਅੰਦਰ ਆਉਂਦੀਆਂ ਲਿੰਕ ਸੜਕਾਂ ਦੀ ਮੁਰੰਮਤ ਕਰਨ ਜਾਂ ਉਨ੍ਹਾਂ ਨੂੰ ਬਣਾਉਣ ਲਈ ਕਿੰਨੀ ਰਕਮ ਮਖਸੂਸ ਕੀਤੀ ਗਈ;

(ਅ) ਅਜਿਹੇ ਪਿੰਡਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੀਆਂ ਉਕਤ ਸਮੇਂ ਦੇ ਦੌਰਾਨ ਉਕਤ ਵਰਣਿਤ ਰਕਮ ਨਾਲ ਸੜਕਾਂ ਬਣਾਈਆਂ ਗਈਆਂ ਜਾਂ ਉਨਾਂ ਦੀ ਮੁਰੰਮਤ ਕੀਤੀ ਗਈ ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ** : (ਏ. ਅਤੇ ਬੀ.) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

### ਅਨੁਲੱਗ

### ਜ਼ਿਲ੍ਹਾ ਅੰਮ੍ਰਿਤਸਰ ਦੀਆਂ ਮਾਰਕੀਟ ਕਮੇਟੀਆਂ ਝਬਾਲ, ਤਰਨ ਤਾਰਨ ਅਤੇ ਅਟਾਰੀ ਦੀਆਂ ਸੜਕਾਂ ਦੀ ਮੁਰੰਮਤ

(ਏ) ਮਾਰਕੀਟ ਕਮੇਟੀ, ਝਬਾਲ, ਤਰਨ ਤਾਰਨ ਅਤੇ ਅਟਾਰੀ ਦੇ ਏਰੀਏ ਵਿਚ ਪੈਂਦੀਆਂ ਮੁਰੰਮਤ ਅਤੇ ਉਸਾਰੀ ਸਬੰਧੀ ਲਿੰਕ ਸੜਕਾਂ ਲਈ ਸਾਲ 1992-93 ਦੌਰਾਨ ਕਰਮਵਾਰ 80 ਲੱਖ, 60 ਲੱਖ ਅਤੇ 30 ਲੱਖ ਦੀ ਰਕਮ ਨਿਸਚਿਤ ਕੀਤੀ ਗਈ ਹੈ।

(ਬੀ) ਉਪਰੋਕਤ ਰਕਮ ਨਾਲ ਜਿਨ੍ਹਾਂ ਪਿੰਡਾਂ ਦੀਆਂ ਸੜਕਾਂ ਦੀ ਮੁਰੰਮਤ ਜਾਂ ਉਸਾਰੀ 31-1-93 ਤੱਕ ਕੀਤੀ ਗਈ ਹੈ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

(1) **ਮਾਰਕੀਟ ਕਮੇਟੀ ਝਬਾਲ.**--ਛਿਛਰੇਵਾਲ, ਮੂਸੇ, ਚੱਕ ਸਕੰਦਰ, ਪੱਧਰੀ ਖੁਰਦ, ਮਾਨੂਵਾਲ ਚੱਕ ਸਿਕੰਦਰ ਪੱਧਰੀ ਕਲਾਂ, ਕੋਟਲੇ, ਮੈਨ-ਭਰਤ, ਪੰਜਵੜ ਕਲਾਂ, ਪੰਜਵੜ ਖੁਰਦ, ਢੰਡ, ਕੱਲ, ਅਬਾਦੀ ਚੱਕ ਵਾਲਾ ਖੂਹ, ਝਬਾਲ ਪੁਖਤਾ, ਲਾਲੂ ਘੁੰਮਣ, ਪੰਡੋਰੀ ਹਸਨ, ਸੋਹਲ, ਠਠੀ ਅਗਾੜਾ ਪਿਛਾੜਾ, ਮਾਹਣਾ, ਮੱਲੀਆਂ, ਭੁੱਚਰ ਕਲਾਂ ਭੁੱਚਰ ਖੁਰਦ ਅਤੇ ਹਵੇਲੀਆਂ।

(2) **ਮਾਰਕੀਟ ਕਮੇਟੀ ਤਰਨ ਤਾਰਨ.**--ਰਤੇ ਆਸਲ ।

(3) **ਮਾਰਕੀਟ ਕਮੇਟੀ ਅਟਾਰੀ.**--ਵਾਣੀ ਕੇ ਡੱਲਾ, ਭੂੱਚਰ ਕਲਾਂ।

Original with;
Punjab Vidhan Sabha
Digitized by;
Punjab Digital Library

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦਾ ਪਹਿਲਾਂ ਤਾਂ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਰਿਪੋਰਟ ਸਦਨ ਦੀ ਮੇਜ਼ ਤੇ ਰੱਖ ਦਿੱਤੀ ਹੈ ਪਰ ਮੈਂ ਆਪ ਜੀ ਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਮਾਰਕਿਟ ਕਮੇਟੀ, ਤਰਨ ਤਾਰਨ ਵਿਚ ਇੱਕ ਸੜਕ ਜੋ ਰੜੇ ਆਸਲ ਪਿੰਡ ਦੀ ਦਿੱਤੀ ਗਈ ਹੈ, ਉਸ ਸੜਕ ਤੇ ਪੱਥਰ ਪਿਆ ਹੈ ਅਤੇ ਬਜਰੀ ਤੇ ਲੁੱਕ ਨਹੀਂ ਪਾਈ ਗਈ। ਇਸ ਵਿਚ ਜਿਨ੍ਹਾਂ ਸੜਕਾਂ ਦਾ ਵਿਵਰਣ ਦਿੱਤਾ ਗਿਆ ਹੈ, ਉਨ੍ਹਾਂ ਦੀ ਮੁਰੰਮਤ ਕੀਤੀ ਗਈ ਹੈ ਅਤੇ ਜਿਹੜੀਆਂ ਨਵੀਆਂ ਬਣ ਗਈਆਂ ਹਨ ਉਹ ਮੁਕੰਮਲ ਕਰ ਦਿੱਤੀਆਂ ਗਈਆਂ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਸੂਚਨਾ ਦਿੱਤੀ ਗਈ ਹੈ, ਉਹ ਅਧੂਰੀ ਕਿਉਂ ਹੈ ?

**Mr. Speaker** : It is a matter of opinion. ਤੁਸੀਂ ਸਪੈਸਿਫਿਕ ਸਵਾਲ ਪੁੱਛੋ, ਉਹ ਜਵਾਬ ਦੇ ਦੇਣਗੇ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਸਪੀਕਰ ਸਾਹਿਬ ਇਹ ਪ੍ਰਸ਼ਨ ਇਸ ਨਾਲ ਹੀ ਸਬੰਧਤ ਹੈ ਅਤੇ ਪਿੰਡ ਤੁੜੇ ਆਸਲ ਦੀ ਸੜਕ ਮਾਰਕੀਟ ਕਮੇਟੀ ਤਰਨ ਤਾਰਨ ਦੇ ਨੇੜੇ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸੜਕ ਤਾਂ ਅਜੇ ਤੱਕ ਬਣੀ ਨਹੀਂ ਹੋਈ, ਪੱਥਰ ਪਾਇਆ ਹੋਇਆ ਹੈ ਪਰ ਬਜਰੀ ਤੇ ਲੁੱਕ ਨਹੀਂ ਪਾਈ ਗਈ ਅਤੇ ਜੋ ਹੋਰ ਸੜਕਾਂ ਮੁਰੰਮਤ ਵਾਲੀਆਂ ਦੱਸੀਆਂ ਗਈਆਂ ਹਨ ਉਨ੍ਹਾਂ ਤੇ ਹੱਥਾਂ ਨਾਲ ਬਜਰੀ ਪਾਈ ਗਈ ਹੈ ਜਦ ਕਿ ਮਹਿਕਮੇ ਵਲੋਂ ਹਦਾਇਤਾਂ ਹਨ ਕਿ ਪੇਵਰ ਨਾਲ ਪਾਈ ਜਾਂਦੀ ਹੈ, ਕੀ ਇਹ ਦਰੁਸਤ ਹੈ ?

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਸੂਚਨਾ ਮੇਰੇ ਕੋਲ ਹੈ, ਉਸ ਵਿਚ ਝਬਾਲ ਵਿਚ ਸੜਕ ਦੀ ਕੁੱਲ ਲੰਬਾਈ 167 ਕਿਲੋਮੀਟਰ ਹੈ ਜਿਸ ਵਿਚੋਂ 120 ਕਿਲੋਮੀਟਰ ਸੜਕ ਦੀ ਮੁਰੰਮਤ ਹੋ ਚੁਕੀ ਹੈ ਅਤੇ 47 ਕਿਲੋਮੀਟਰ ਦੀ ਬਾਕੀ ਹੈ, ਉਹ ਬਣ ਜਾਵੇਗੀ। ਤਰਨ ਤਾਰਨ ਵਿਚ ਕੁੱਲ ਲੰਬਾਈ 188 ਕਿਲੋਮੀਟਰ ਹੈ ਜਿਸ ਵਿਚੋਂ 150 ਕਿਲੋਮੀਟਰ ਦੀ ਮੁਕੰਮਲ ਹੋ ਚੁਕੀ ਹੈ ਅਤੇ 38 ਦੀ ਬਾਕੀ ਹੈ। ਅਟਾਰੀ ਵਿਚ 112 ਕਿਲੋਮੀਟਰ ਕੁੱਲ ਲੰਬਾਈ ਹੈ ਜਿਸ ਵਿਚੋਂ 100 ਕਿਲੋਮੀਟਰ ਦੀ ਬਣ ਚੁੱਕੀ ਹੈ ਅਤੇ ਬਾਕੀ 12 ਕਿਲੋਮੀਟਰ ਹੈ ਜੋ ਕਿ 31-3-1993 ਤੱਕ ਬਣ ਜਾਵੇਗੀ। ਜਿਹੜੀ ਇਹ ਸਮਝਦੇ ਹਨ, ਇਸ ਵਿਚ ਮੁਕੰਮਲ ਸੜਕ ਨਹੀਂ ਬਣੀ, ਉਸ ਬਾਰੇ ਇਹ ਦੱਸ ਦੇਣ ਤਾਂ ਅਸੀਂ ਐਕਸ਼ਨ ਲੈ ਲਵਾਂਗੇ ਕਿ ਕਿਸ ਆਦਮੀ ਨੇ ਗਲਤ ਜਵਾਬ ਦਿੱਤਾ ਹੈ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਸਪੀਕਰ ਸਾਹਿਬ, ਇਹ ਐਕਸ਼ਨ ਲੈਣਗੇ ਤਾਂ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਪਰ ਜਿਹੜੀਆਂ ਸੜਕਾਂ ਬਣ ਚੁਕੀਆਂ ਹਨ ਉਨ੍ਹਾਂ ਦੀ ਮੁਰੰਮਤ ਪੰਜ ਸਾਲ ਬਾਅਦ ਹੁੰਦੀ ਹੈ। ਇਹ ਜੋ ਜਾਣਕਾਰੀ ਮੈਂ ਲਈ ਹੈ ਇਹ ਸਾਰੀਆਂ ਸੜਕਾਂ ਮੇਰੇ ਹੀ ਹਲਕੇ ਵਿਚ ਪੈਂਦੀਆਂ ਹਨ ਅਤੇ ਜੋ ਸੜਕਾਂ ਮੁਰੰਮਤ ਕੀਤੀਆਂ ਗਈਆਂ ਹਨ ਜੇ ਇਕ ਵਾਰ ਰਹਿ ਜਾਣ ਤਾਂ ਫਿਰ ਪੰਜ ਸਾਲ ਨਹੀਂ ਬਣ ਸਕਣਗੀਆਂ। ਪੰਜ ਸਾਲ ਬਾਅਦ ਉਨ੍ਹਾਂ ਦੀ ਵਾਰੀ ਆਵੇਗੀ ਅਤੇ ਫਿਰ ਹੱਥਾਂ ਨਾਲ ਖਿਲਾਰਨ ਕਰਕੇ ਉਚੀ-ਨੀਵੀਂ ਸੜਕ ਬਣੀ ਹੈ। ਇਸ ਲਈ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਹਦਾਇਤਾਂ ਕਰੋਗੇ, ਇਹ ਕਦੋਂ ਤੱਕ ਕਰੋਗੇ। ਦੂਸਰਾ, ਇਸ ਦੀ ਇਨਕੁਆਰੀ ਕਰਵਾਈ ਜਾਵੇ ਕਿਉਂਕਿ ਇਸ ਦੀ ਰਿਪੋਰਟ ਪੰਜ ਸਾਲ ਬਾਅਦ ਆਵੇਗੀ ਅਤੇ ਇਹ ਜਲਦੀ ਨਹੀਂ ਹੋ ਸਕੇਗੀ ਜਿਸ ਕਾਰਨ ਸੜਕਾਂ ਸਹੀ ਨਹੀਂ ਹੋ ਸਕਣਗੀਆਂ।

**ਸ੍ਰੀ ਸਪੀਕਰ** : ਸ਼ਾਹਬਾਜ਼ਪੁਰੀ ਜੀ, ਤੁਸੀਂ ਇਸ ਵਿਚ ਸਪੈਸਫਿਕ ਸੜਕਾਂ ਦੇ ਨਾਂ ਦੇ ਦਿਓ, ਉਸ ਦੀ ਇਨਕੁਆਇਰੀ ਕਰਵਾ ਲੈਣਗੇ। I come to the next question.

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਧੰਨਵਾਦ ਜੀ।

---

## ਪੰਜਾਬ ਅਤੇ ਚੰਡੀਗੜ੍ਹ ਦੇ ਮੈਡੀਕਲ ਕਾਲਜਾਂ ਵਿਚ ਦਾਖਲਾ

*611. **ਸ੍ਰੀਮਤੀ ਵਿਮਲਾ ਡ:ਗ** (ਕਾਮਰੇਡ ਹਰਦੇਵ ਸਿੰਘ ਅਰਸ਼ੀ ਵੱਲੋਂ ਪੇਸ਼ ਕੀਤਾ ਗਿਆ) : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਚੰਡੀਗੜ੍ਹ, ਦੂਜੇ ਸੰਘ ਖੇਤਰਾਂ ਅਤੇ ਦੂਜੇ ਰਾਜਾਂ ਨਾਲ ਸਬੰਧਤ ਵਿਦਿਆਰਥੀ ਪੰਜਾਬ ਵਿਚ ਸਰਕਾਰੀ ਮੈਡੀਕਲ ਕਾਲਜਾਂ ਵਿਚ ਦਾਖਲੇ ਲਈ ਯੋਗ ਹਨ; ਜੇਕਰ ਅਜਿਹਾ ਹੋਵੇ, ਤਾਂ ਪੰਜਾਬ ਤੋਂ ਬਾਹਰ ਦੇ ਉਨ੍ਹਾਂ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਨੇ ਇਸ ਸਾਲ ਪੰਜਾਬ ਦੇ ਸਰਕਾਰੀ ਮੈਡੀਕਲ ਕਾਲਜਾਂ ਦੇ ਵਿਚ ਐਮ.ਬੀ.ਬੀ.ਐਸ ਕੋਰਸ ਦੇ ਪਹਿਲੇ ਸਾਲ ਵਿਚ ਦਾਖਲਾ ਲਿਆ ?

**ਸਰਦਾਰ ਲਾਲ ਸਿੰਘ** : ਹਾਂ ਜੀ। ਚੰਡੀਗੜ੍ਹ ਦੂਜੀਆਂ ਯੂਨੀਅਨ ਟੈਰੀਟਰੀਆਂ ਅਤੇ ਦੂਜੇ ਰਾਜ ਦੇ ਵਿਦਿਆਰਥੀ ਪੰਜਾਬ ਰਾਜ ਦੇ ਸਰਕਾਰੀ ਮੈਡੀਕਲ ਕਾਲਜਾਂ ਵਿਚ ਸੈਂਟਰਲ ਕੋਟੇ ਦੀਆਂ 15% ਰਾਖਵੀਆਂ ਸੀਟਾਂ ਵਿਰੁੱਧ ਦਾਖਲਾ ਲੈ ਸਕਦੇ ਹਨ। ਇਸ ਸਾਲ 28 ਵਿਦਿਆਰਥੀਆਂ ਨੇ ਐਮ.ਬੀ.ਬੀ.ਐਸ. ਕੋਰਸ ਵਿਚ ਦਾਖਲਾ ਲਿਆ ਹੈ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੂੰ ਮੈਂ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਦੱਸਿਆ ਹੈ ਕਿ 15% ਜਿਹੜਾ ਰਾਖਵਾਂ ਕੋਟਾ ਹੈ ਉਸ ਦੇ ਵਿਚ ਯੂਨੀਅਨ ਟੈਰੀਟਰੀ ਐਂਡ ਅਦਰ ਸਟੇਟਸ ਦੇ ਵਿਦਿਆਰਥੀਆਂ ਨੇ ਸ਼ਾਇਦ 28 ਸੀਟਾਂ ਤੇ ਪੰਜਾਬ ਦੇ ਵਿਚ ਦਾਖਲਾ ਲਿਆ, ਕੀ ਜਿਸ ਤਰ੍ਹਾਂ ਬਾਹਰਲੀਆਂ ਸਟੇਟਾਂ ਦੇ ਵਿਦਿਆਰਥੀਆਂ ਨੇ ਪੰਜਾਬ ਵਿਚ ਦਾਖਲਾ ਲਿਆ ਹੈ ਇਸੇ ਤਰ੍ਹਾਂ ਇਕ ਕਾਲਜ ਚੰਡੀਗੜ੍ਹ ਦੇ ਵਿਚ ਵੀ ਹੈ, ਕੀ ਚੰਡੀਗੜ੍ਹ ਦੇ ਕਾਲਜ ਵਿਚ ਪੰਜਾਬ ਦੇ ਵਿਦਿਆਰਥੀ ਦਾਖਲਾ ਲੈਣ ਵਾਸਤੇ ਯੋਗ ਹਨ ?

**ਮੰਤਰੀ** : ਸਵਾਲ, ਸਰ, ਇਸ ਦੇ ਬਾਰੇ ਤਾਂ ਹੈ ਨਹੀਂ। ਚੰਡੀਗੜ੍ਹ ਨਾਲ ਸਾਡਾ ਕੋਈ ਸਬੰਧ ਨਹੀਂ ਹੈ। (ਵਿਘਨ) ਸਪੀਕਰ ਸਾਹਿਬ, ਜਿੱਥੋਂ ਤੱਕ ਸਾਡੇ ਪੰਜਾਬ ਦੇ ਵਿਦਿਆਰਥੀਆਂ ਦਾ ਸਵਾਲ ਹੈ ਉਹ ਵੀ ਬਾਹਰਲੀਆਂ ਸਟੇਟਾਂ ਵਿਚ ਇਸੇ ਤਰ੍ਹਾਂ ਹੀ ਦਾਖਲਾ ਸੀ.ਬੀ.ਐਸ.ਸੀ. ਦੇ ਕੋਟੇ ਵਿਚ ਲੈ ਸਕਦੇ ਹਨ ਜਿਸ ਤਰ੍ਹਾਂ ਅਸੀਂ ਇਥੇ ਬਾਹਰਲੀਆਂ ਸਟੇਟਾਂ ਦੇ ਵਿਦਿਆਰਥੀਆਂ ਨੂੰ ਪੰਜਾਬ ਵਿਚ ਦਿੰਦੇ ਹਾਂ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਇਸ ਦਾ ਦੇ ਦਿੱਤਾ ਹੈ, ਠੀਕ ਹੈ। ਦੂਸਰਾ, ਮੈਂ ਇਹ ਵੀ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਇਸੇ ਤਰ੍ਹਾਂ ਯੋਗ ਹਨ ਉਹ ਦਾਖਲਾ ਲੈ ਸਕਦੇ ਹਨ ਜਿਵੇਂ ਪੰਜਾਬ ਦੇ ਮੈਡੀਕਲ ਕਾਲਜ ਵਿਚ ਦਾਖਲਾ ਲਿਆ ਹੈ ਤਾਂ ਕਿਰਪਾ ਕਰਕੇ ਮੰਤਰੀ ਜੀ ਦੱਸਣਗੇ ਕਿ ਚੰਡੀਗੜ੍ਹ ਦੇ ਕਾਲਜ ਵਿਚ ਪੰਜਾਬ ਦੇ ਕਿੰਨੇ ਵਿਦਿਆਰਥੀਆਂ ਨੇ ਦਾਖਲਾ ਲਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਸੀ.ਬੀ.ਐਸ.ਸੀ. ਵਾਲੇ ਹੀ ਦੱਸ ਸਕਦੇ ਹਨ ਜਿਨ੍ਹਾਂ ਨੇ ਉਥੋਂ ਦਾਖਲਾ ਅਪਰੂਵ ਕਰਕੇ ਭੇਜਿਆ ਹੈ। ਇਹ ਉਹੀ ਦੱਸ ਸਕਦੇ ਹਨ ਕਿ ਚੰਡੀਗੜ੍ਹ ਵਿੱਚ ਕਿੰਨੇ, ਆਂਧਰਾ ਪ੍ਰਦੇਸ਼ ਵਿਚ ਅਤੇ ਦੂਸਰੀਆਂ ਹੋਰ ਸਟੇਟਾਂ ਵਿਚ ਕਿੰਨੇ ਵਿਦਿਆਰਥੀ ਭੇਜੇ ਹਨ। ਮੈਂ ਤਾਂ ਪੰਜਾਬ ਦਾ ਦਸ ਸਕਦਾ ਹਾਂ ਕਿ ਪੰਜਾਬ ਵਿਚ 28 ਵਿਦਿਆਰਥੀ ਸੀ.ਬੀ.ਐਸ.ਸੀ. ਦੇ ਕੋਟੇ ਵਿਚ ਆਏ ਸੀ ਐਂਡ 28 ਦੇ 28 ਨੂੰ ਦਾਖਲਾ ਦਿੱਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮੰਤਰੀ ਜੀ ਨੇ ਦਸਿਆ ਹੈ ਕਿ ਪੰਜਾਬ ਦੇ ਕਾਲਜਾਂ ਵਿਚ 15% ਸੈਂਟਰ ਦਾ ਕੋਟਾ ਹੈ ਔਰ ਇਸ ਦੇ ਨਾਲ 28 ਵਿਦਿਆਰਥੀਆਂ ਨੂੰ ਐਡਮਿਸ਼ਨ ਮਿਲੀ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ 28 ਵਿਦਿਆਰਥੀ ਥਰੂ ਕੰਪੀਟੀਸ਼ਨ ਆਏ ਹਨ ਜਾਂ ਥਰੂ ਨਾਮੀਨੇਸ਼ਨ ਆਏ ਹਨ। ਨੰਬਰ ਵੰਨ, ਸਰ।

ਨੰਬਰ ਟੂ, ਸਰ, ਕਿਆ ਦੂਸਰੀਆਂ ਸਟੇਟਾਂ ਦਾ ਜਿਹੜਾ ਇਥੇ ਦਾ ਕੋਟਾ ਹੈ ਉਹ ਥਰੂ ਕੰਪੀਟੀਸ਼ਨ ਹੈ, ਮੈਰਿਟ ਹੈ ਜਾਂ ਨਾਮੀਨੇਸ਼ਨ ਹੈ, recommended by the State Government ? ਇਸ ਦਾ ਜਵਾਬ ਮੰਤਰੀ ਜੀ ਦੇਣਗੇ ?

**Mr. Speaker** : You put a separate question for that.

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੂੰ ਸ਼ਾਇਦ ਪਤਾ ਨਹੀਂ ਕਿ ਸੀ.ਬੀ. ਐਸ.ਸੀ ਦਾ ਜਿਹੜਾ ਐਗਜ਼ਾਮ ਹੈ ਉਹ ਸੈਂਟਰਲ ਗੌਰਮਿੰਟ ਲੈਂਦੀ ਹੈ ਔਰ ਜਿਹੜਾ ਸੀ.ਬੀ.ਐਸ. ਸੀ. ਦਾ ਐਗਜ਼ਾਮ ਪਾਸ ਕਰਕੇ ਆਉਂਦੇ ਹਨ ਉਨ੍ਹਾਂ ਨੂੰ ਹੀ ਨਾਮੀਨੇਸ਼ਨ ਦਿਤੀ ਜਾਂਦੀ ਹੈ, ਨਾਮੀਨੇਸ਼ਨ ਨਹੀਂ। (ਵਿਘਨ)

**Shri Madan Mohan Mittal** : Sir, nobody came through nomination.

**ਇਕ ਆਵਾਜ਼** : ਨਾਮੀਨੇਸ਼ਨ ਨਹੀਂ ਐਡਮਿਸ਼ਨ ਦਿੱਤੀ ਜਾਂਦੀ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਫਿਰ ਇਕ ਵਾਰੀ ਇਨ੍ਹਾਂ ਨੂੰ ਕਲੀਅਰ ਕਰ ਦਿਆਂ ਕਿ ਸੀ. ਬੀ. ਐਸ. ਸੀ. ਦੇ ਕੋਟੇ ਵਿਚੋਂ ਸਿਰਫ 28 ਵਿਦਿਆਰਥੀਆਂ ਨੂੰ ਇਥੇ ਭੇਜਿਆ ਗਿਆ ਹੈ ਸੈਂਟਰ ਵਲੋਂ ਔਰ 28 ਦੇ 28 ਵਿਦਿਆਰਥੀਆਂ ਨੂੰ ਪੰਜਾਬ ਵਿਚ ਦਾਖਲਾ ਦਿੱਤਾ ਗਿਆ ਹੈ।

---

**ਰਾਜ ਵਿਚ ਪਛੜੇ ਅਤੇ ਬਾਰਡਰ ਦੇ ਇਲਾਕਿਆਂ ਵਿਚ ਨਵੇਂ ਹਸਪਤਾਲ/ਡਿਸਪੈਂਸਰੀਆਂ ਖੋਲ੍ਹਣਾ**

*926. **ਸ਼੍ਰੀ ਹੰਸ ਰਾਜ ਜੋਸਨ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ,—

(ੳ) ਜ਼ਿਲ੍ਹਾ ਫਿਰੋਜ਼ਪੁਰ ਵਿਚ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀ ਕ੍ਰਮਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਉਹ ਕਿਹੜੀ-ਕਿਹੜੀ ਥਾਂ ਤੇ ਹਨ ;

(ਅ) ਕੀ ਸਰਕਾਰ ਰਾਜ ਵਿਚ ਪੱਛੜੇ ਅਤੇ ਬਾਰਡਰ ਦੇ ਇਲਾਕਿਆਂ ਵਿਚ ਕੋਈ ਹੋਰ ਹਸਪਤਾਲ ਅਤੇ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ ?

**ਸਰਦਾਰ ਲਾਲ ਸਿੰਘ** : (ੳ) ਇਸ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਵਿਚ 11 ਹਸਪਤਾਲ ਅਤੇ 89 ਡਿਸ-ਪੈਂਸਰੀਆਂ ਚੱਲ ਰਹੀਆਂ ਹਨ ਜਿਨ੍ਹਾਂ ਦੇ ਸਥਾਨ ਬਾਰੇ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਇਸ ਸਮੇਂ ਨਵੇਂ ਹਸਪਤਾਲ ਅਤੇ ਡਿਸਪੈਂਸਰੀਆਂ ਖੋਲ੍ਹਣ ਦੀ ਕੋਈ ਤਜਵੀਜ਼ ਨਹੀਂ ਹੈ। ਜ਼ਿਲ੍ਹਾ ਫਿਰੋਜ਼ਪੁਰ ਵਿਚ ਚੱਲ ਰਹੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀ ਲਿਸਟ

(1) **ਹਸਪਤਾਲ**

1. ਸਿਵਲ ਹਸਪਤਾਲ, ਫਿਰੋਜ਼ਪੁਰ
2. ਨਹਿਰੂ ਸਿਵਲ ਹਸਪਤਾਲ, ਅਬੋਹਰ

Original with;
Punjab Vidhan Sabha
Digitized by;
Panjab Digital Library

3. ਸਿਵਲ ਹਸਪਤਾਲ, ਫਾਜ਼ਿਲਕਾ

4. ਸਿਵਲ ਹਪਸਤਾਲ, ਜ਼ੀਰਾ

5. ਰੂਰਲ ਹਸਪਤਾਲ, ਜੰਡ ਵਾਲਾ ਭੀਮੇ-ਸ਼ਾਹ

6. ਰੂਰਲ ਹਸਪਤਾਲ, ਕੱਸੋਆਣਾ

7. ਰੂਰਲ ਹਸਪਤਾਲ, ਮੁੱਦਕੀ

8. ਰੂਰਲ ਹਸਪਤਾਲ, ਕਿੱਲਿਆਂ ਵਾਲੀ

9. ਰੂਰਲ ਹਸਪਤਾਲ, ਪੰਜਕੋਸ਼ੀ

10. ਰੂਰਲ ਹਸਪਤਾਲ, ਭਿੰਡਰਕਲਾਂ

11. ਗੌਰਮਿੰਟ ਮੈਟਰਨਿਟੀ ਹਸਪਤਾਲ, ਅਬੋਹਰ

(2) ਡਿਸਪੈਂਸਰੀਆਂ/ਸਬ-ਸਿਡਅਰੀ ਹੈਲਥ ਸੈਂਟਰ

1. ਸਬ-ਸਿਡਅਰੀ ਹੈਲਥ ਸੈਂਟਰ, ਖੂੰਦੜ-ਉਤਾੜ

2. ,, ਕੋਟਲਾ

3. ,, ਛੰਗਾਂ ਖੁਰਦ

4. ,, ਗੱਟੀ ਰਾਜ--ਕੋਟ

5. ,, ਰੱਖੜੀ

6. ,, ਡੱਲਚੀ-ਕੇ

7. ,, ਖਿੱਲਚੀ ਕਾਦਮ

8. ,, ਬਾਬਰਾ ਆਜ਼ਮ ਸ਼ਾਹਵਾਲਾ

9. ,, ਮਹਿਮਮ

10. ,, ਫੂਲਰਵਾਨ

11. ,, ਲੱਖੋ-ਕੇ ਬਹਿਰਮ

12. ,, ਕਰਮਨ

13. ,, ਮਹਿਲਮ

14. ,, ਗੁਲਾਬ ਢਾਡੀ

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

| | | |
|---|---|---|
| 15. | ਸਬ-ਸਿਡਅਰੀ ਹੈਲਥ ਸੈਂਟਰ | ਹੁੱਕਨੋਵਾਲ |
| 16. | ,, | ਸਿਆਨਵਾਲ |
| 17. | ,, | ਟਿੱਬੀ ਖੁਰਦ |
| 18. | ,, | ਲਾਹਲੇ |
| 19. | ,, | ਪਿਆਰਨਾ |
| 20. | ,, | ਕੈਲਾਸ਼ |
| 21. | ,, | ਬਜੀਦ ਪੁਰ |
| 22. | ,, | ਮੰਨਾ ਸਿੰਘ ਵਾਲਾ |
| 23. | ,, | ਦੋ ਦਰ |
| 24. | ,, | ਸੁੱਧ ਸਿੰਘ ਵਾਲਾ |
| 25. | ,, | ਭੋਲੂ ਵਾਲਾ |
| 26. | ,, | ਸੰਧਾ ਹਸਮ |
| 27. | ,, | ਸ਼ੇਰ ਖਾਨ ਵਾਲਾ |
| 28. | ,, | ਸ਼ੇਕੌਰ |
| 29. | ,, | ਸੋਢੀਨਗਰ |
| 30. | ,, | ਕੋਟਕਰਾਰ |
| 31. | ,, | ਸੁਰਸਿੰਘ ਵਾਲਾ |
| 32. | ,, | ਕੌਰ ਸਿੰਘ ਵਾਲਾ |
| 33. | ,, | ਚੱਕ ਸੋਮੀਆਂ ਵਾਲਾ |
| 34. | ,, | ਚੱਕ ਮਹੱਮਤੱਮ ਵਾਲਾ |
| 35. | ,, | ਰਣਜੀਤ ਗੜ੍ਹ |
| 36. | ,, | ਵੱਸਨ ਮੋਹਨ-ਕੇ |
| 37. | ,, | ਦੂਰੀਵਾਲਾ ਚਿਸਤੀ |
| 38. | ,, | ਇਸਲਾਮਵਾਲਾ |

Original with;
Punjab Vidhan Sabha
Digitized by;

| | | |
|---|---|---|
| 39. | ਸਬ-ਸਿਡਅਰੀ ਹੈਲਥ ਸੈਂਟਰ | ਮੁਲਨਵਾਲੀ |
| 40. | ,, | ਬੇਗਨਵਾਲੀ |
| 41. | ,, | ਥੇਹ ਕਲੰਦਰ |
| 42. | ,, | ਚੱਕ ਬਹਿਕ ਖਾਸ |
| 43. | ,, | ਆਸਫਵਾਲਾ |
| 44. | ,, | ਚੱਕ ਕੇਰੇ-ਖਾਨ |
| 45. | ,, | ਲੱਡੂ ਵਾਲਾ ਹਿੱਥਰ |
| 46. | ,, | ਬਾਹਮਣੀ ਵਾਲਾ |
| 47. | ,, | ਖੂਰੰਜ |
| 48. | ,, | ਕਿਤਨਵਾਲਾ |
| 49. | ,, | ਹੱਜ ਖਾਸ |
| 50. | ,, | ਝੂਰੀ ਪੰਡਤੀਆ |
| 51. | ,, | ਖੱਟਵੱਨ |
| 52. | ,, | ਕੂਲਰ |
| 53. | ,, | ਖੂਬਨ |
| 54. | ,, | ਧਰੰਗਵਾਲ |
| 55. | ,, | ਮਲੂਖਪੁਰ |
| 56. | ,, | ਖੰਡਵਾਲਾ ਅਮਰਕੋਟ |
| 57. | ,, | ਰਾਮਗੜ੍ਹ |
| 58. | ,, | ਰੇਰੜਵਾਲੀ |
| 59. | ,, | ਰੰਜਨਵਾਲੀ |
| 60. | ,, | ਰੁਕਨਪੁਰਾ/ਖੂਈਖੇੜਾ |
| 61. | ,, | ਜੰਡਵਾਲਾ ਮੀਰਾ ਸੰਗਲਾਂ |

Original with;
Punjab Vidhan Sabha
Digitized by;
Panjab Digital Library

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

62. ਸਬ-ਸਿਡਅਰੀ ਹੈਲਥ ਸੈਂਟਰ ਦਲਮੀਰ ਖੇੜਾ

63. ,, ਖੂਈਆਂ ਸਰਵਰ

64. ,, ਦੀਵਾਨ ਖੇੜਾ

65. ,, ਗੱਲੂ

66. ,, ਰੂਪਨਗਰ

67. ,, ਡੰਗਰਖੇੜਾ

68. ,, ਚੂਰੀ ਵਾਲਾ

69. ,, ਬੈਨਖੰਡੀ

70. ,, [illegible]

71. ,, ਕੱਟੂਵਾਲਾ

72. ,, ਲੱਕੜਦੇਵਾ

73. ,, ਲਹਿਰਾ (ਰੋਹੀ)

74. ,, ਬਹਾਰਵਾਲੀ

75. ,, ਮਿਹਰ ਸਿੰਘ ਵਾਲਾ

76 ,, ਮਲਛੀਆਂ

77 ,, ਰੋੜ ਜੱਲਾ ਵਾਲਾ

78 ,, ਠੱਠਾ ਕਿਸ਼ਨ ਸਿੰਘ

79. ,, ਕੱਸੋਆਨਾ

80. ,, ਤਲਵੰਡੀ ਮਹਿਗੋਖਾਨ

81. ,, ਫਤਹਿਗੜ੍ਹ ਕਾਰਾਟੋਨਾ

82. ,, ਸੈਦ ਮੁਹੰਮਦ

83. ,, ਚੱਕਨੀਆਂ ਕਲਾਂ

84. ,, ਅਮੀਰ ਸ਼ਾਹ ਵਾਲਾ

85. ,, ਮੁਬਾਰਕਪੁਰ

86. ,, ਪੀਰ ਮੁਹੰਮਦ

87. ,, ਤਲਵੰਡੀ ਮਲਨ

88. ,, ਹਾਵਲ

89. ,, [illegible]

Original with;
Punjab Vidhan Sabha
Digitized by;
Panjab Digital Library

**ਸ਼੍ਰੀ ਹੰਸ ਰਾਜ ਜੋਸਨ :** ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਫਿਰੋਜ਼ਪੁਰ ਵਿੱਚ 11 ਹਸਪਤਾਲ ਔਰ 89 ਡਿਸਪੈਂਸਰੀਆਂ ਹਨ, ਉਸ ਦੇ ਵਿੱਚ ਇਹ ਰਿਪੋਰਟ ਗਲਤ ਆਈ ਹੈ ਕਿ ਜਲਾਲਾਬਾਦ ਦਾ ਨਾਮ ਹੀ ਨਹੀਂ ਦਿੱਤਾ। ਜਲਾਲਾਬਾਦ ਬਾਰੇ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਲਾਲਾਬਾਦ ਵਿੱਚ ਜਿਹੜਾ ਹਸਪਤਾਲ ਚਲ ਰਿਹਾ ਹੈ ਉਹ ਹਸਪਤਾਲ ਹੈ ਜਾਂ ਡਿਸਪੈਂਸਰੀ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਵਿੱਚ ਹਸਪਤਾਲ ਅਤੇ ਡਿਸਪੈਂਸਰੀਆਂ ਬਾਰੇ ਹੀ ਕਿਹਾ ਹੈ, ਜਲਾਲਾਬਾਦ ਵਿੱਚ ਪੀ.ਐਚ.ਐਸ. ਹੈ, ਪ੍ਰਾਇਮਰੀ ਹੈਲਥ ਸੈਂਟਰ ਹੈ। ਉਸ ਦੇ ਬਾਰੇ ਇਨ੍ਹਾਂ ਨੇ ਨਹੀਂ ਪੁੱਛਿਆ।

---

**ਜ਼ਿਲ੍ਹਾ ਹੁਸ਼ਿਆਰਪੁਰ ਵਿਚ ਅੱਤਵਾਦੀਆਂ ਦੇ ਹੱਥੋਂ ਸ਼ਿਕਾਰ ਹੋਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਨੌਕਰੀਆਂ ਅਤੇ ਪੈਨਸ਼ਨ ਦੇਣ ਲਈ ਪੈਂਡਿੰਗ ਪਏ ਕੇਸ**

*878. **ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਕੀ ਰਾਹਤ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਜ਼ਿਲ੍ਹਾ ਹੁਸ਼ਿਆਰਪੁਰ ਵਿਚ ਅੱਤਵਾਦੀਆਂ ਦੁਆਰਾ ਮਾਰੇ ਗਏ ਵਿਅਕਤੀਆਂ ਦੇ ਆਸ਼ਰਿਤਾਂ ਪਾਸੋਂ ਪਹਿਲ ਦੇ ਆਧਾਰ ਤੇ ਨੌਕਰੀਆਂ ਦੇਣ ਅਤੇ ਪੈਨਸ਼ਨ ਦੇਣ ਲਈ 31 ਦਸੰਬਰ, 1992 ਤੱਕ ਪ੍ਰਾਪਤ ਹੋਈਆਂ ਅਰਜ਼ੀਆਂ ਦੀ ਵੱਖ-ਵੱਖ ਗਿਣਤੀ ਕਿੰਨੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਅਰਜ਼ੀਆਂ ਦਾ ਨਿਪਟਾਰਾ ਕਰਨ ਵਿਚ ਦੇਰੀ ਕਰਨ ਦੇ ਕਾਰਣ ਕੀ ਹਨ ਅਤੇ ਇਨ੍ਹਾਂ ਦਾ ਨਿਪਟਾਰਾ ਕਦੋਂ ਤਕ ਕੀ ਤੇ ਜਾਣ ਦੀ ਸੰਭਾਵਨਾ ਹੈ?

**Shri Bal Mukand Sharma :** (a) (i) Two applications for the post of Driver and one application for the post of Clerk were pending.

(ii) No application for the grant of pension (Subsistence Allowance) to the widow is pending.

(b) (i) There were no vacant post of Drivers in district Hoshiarpur on which the two candidates could be considered/appointed. As soon as posts are available they would be considered.

Regarding the application for the post of clerk, the applicant is studying and has requested that he may be provided job after he passes 10+2.

(ii) As there is no application for the grant of subsistence Allowance pending, the question of giving reasons does not arise.

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪਣੇ ਸੁਆਲ ਵਿਚ ਪੁਛਿਆ ਸੀ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਅੱਤਵਾਦੀਆਂ ਦੁਆਰਾ ਜਿਹੜੇ ਬੰਦੇ ਮਾਰੇ ਗਏ ਸੀ ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਨੌਕਰੀਆਂ ਅਤੇ ਪੈਨਸ਼ਨ ਦੇਣ ਲਈ 31 ਦਸੰਬਰ 1992 ਤਕ ਕਿੰਨੀਆਂ ਦਰਖਾਸਤਾਂ ਪ੍ਰਾਪਤ ਹੋਈਆਂ ਅਤੇ ਕਿੰਨੀਆਂ ਨੂੰ ਨੌਕਰੀਆਂ ਔਰ ਪੈਨਸ਼ਨ ਮਿਲ ਚੁੱਕੀ ਹੈ ਅਤੇ ਕਿੰਨੀਆਂ ਪੈਂਡਿੰਗ ਹਨ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 144 ਐਪਲੀਕੇਸ਼ਨਜ਼ ਮਿਲੀਆਂ ਸਨ ਜਿਨ੍ਹਾਂ ਵਿਚੋਂ 141 ਨੂੰ ਨੌਕਰੀਆਂ ਦੇ ਦਿਤੀਆਂ ਹਨ ਅਤੇ ਤਿੰਨ ਪੈਂਡਿੰਗ ਹਨ। ਇਕ ਲੜਕੇ ਨੇ ਕਲਰਕ ਲਈ ਅਪਲਾਈ ਕੀਤਾ ਸੀ ਪਰ ਉਹ ਹਾਲੇ ਪੜ੍ਹ ਰਿਹਾ ਹੈ ਅਤੇ ਉਸ ਨੇ ਬੇਨਤੀ ਕੀਤੀ ਹੈ ਕਿ 10+2 ਪਾਸ ਕਰ ਲੈਣ ਉਪਰੰਤ ਉਸ ਨੂੰ ਨੌਕਰੀ ਮੁਹੱਈਆ ਕੀਤੀ ਜਾਵੇ। ਦੂਸਰਾ ਅਜੇ ਦੋ ਪੋਸਟਾਂ ਡਰਾਈਵਰਾਂ ਦੀਆਂ ਖਾਲੀ ਨਹੀਂ ਹੋਈਆਂ, ਜਦੋਂ ਪੋਸਟਾਂ ਖਾਲ੍ਹੀ ਹੋਣਗੀਆਂ ਇਨ੍ਹਾਂ ਨੂੰ ਵਿਚਾਰਿਆ ਜਾਵੇਗਾ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਪੈਨਸ਼ਨ ਦੇਣ ਲਈ ਕੋਈ ਦਰਖਾਸਤ ਪੈਂਡਿੰਗ ਨਹੀਂ ਪਈ। ਮੈਂ ਦੱਸਣਾ ਚਾਹੁੰਦਾ ਹਾਂ ਕਿ 1987 ਵਿਚ ਮਹਿਲਪੁਰ ਕੰਸਟੀਚਿਊਐਂਸੀ ਵਿਚ ਕੋਟਫਤੋਹੀ ਪਿੰਡ ਦਾ ਇਕ ਪੈਟਰੋਲ ਪੰਪ ਸਾੜਿਆ ਗਿਆ ਸੀ। ਉਥੇ ਇਕ ਕਰਿੰਦਾ ਜਿਹੜਾ ਕੰਮ ਕਰਦਾ ਸੀ ਉਹ ਮਾਰਿਆ ਗਿਆ ਸੀ। ਉਸ ਦੇ ਮਾਈ ਬਾਪ, ਜਿਨ੍ਹਾਂ ਦਾ ਹੋਰ ਕੋਈ ਸਹਾਰਾ ਨਹੀਂ, ਉਹ ਉਦੋਂ ਦੇ ਭਟਕ ਰਹੇ ਹਨ। ਵੈਲਫੇਅਰ ਵਿਭਾਗ ਗੜ੍ਹਸ਼ੰਕਰ ਵਿਚ ਉਨ੍ਹਾਂ ਨੇ ਦਰਖਾਸਤ ਦਿੱਤੀ ਸੀ ਜੋ ਉਸੇ ਤਰ੍ਹਾਂ ਪਈ ਹੈ। ਉਹ ਵਿਚਾਰੇ ਭਟਕਦੇ ਫਿਰਦੇ ਹਨ ਪਰ ਉਨ੍ਹਾਂ ਨੂੰ ਹਾਲੇ ਤੱਕ ਕੋਈ ਪੈਨਸ਼ਨ ਨਹੀਂ ਮਿਲੀ। ਕੀ ਮਨਿਸਟਰ ਸਾਹਿਬ ਉਸ ਦੇ ਬਾਰੇ ਦੱਸਣਗੇ ਕਿ ਕਦੋਂ ਤਕ ਉਨ੍ਹਾਂ ਨੂੰ ਪੈਨਸ਼ਨ ਦੇ ਦਿੱਤੀ ਜਾਵੇਗੀ ?

**ਸ੍ਰੀ ਸਪੀਕਰ :** ਕਰੀਮਪੁਰੀ ਜੀ, ਇਸ ਦੇ ਲਈ ਸੈਪਰੇਟ ਨੋਟਿਸ ਚਾਹੀਦਾ ਹੈ, ਤੁਸੀਂ ਦੇ ਦਿਓ ਤੁਹਾਨੂੰ ਸਾਰੀ ਡਿਟੇਲ ਦੇ ਦੇਣਗੇ।

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਕੱਲੀ ਹੁਸ਼ਿਆਰਪੁਰ ਦੀ ਗੱਲ ਨਹੀਂ ਸਾਰੇ ਪੰਜਾਬ ਦੀ ਗੱਲ ਹੈ। ਗੁਰਦਾਸਪੁਰ ਜ਼ਿਲ੍ਹੇ ਵਿਚ ਜੋਗਿੰਦਰ ਕੁਮਾਰ ਪੁੱਤਰ ਹਰਦੇਵ ਕੁਮਾਰ ਜਿਹੜੇ ਦੋਵੇਂ ਹੀ 31 ਅਕਤੂਬਰ, 1990 ਨੂੰ ਅੱਤਵਾਦੀਆਂ ਹੱਥੋਂ ਮਾਰੇ ਗਏ ਸਨ (ਵਿਘਨ)

**ਸ੍ਰੀ ਸਪੀਕਰ :** ਧੀਰੋਵਾਲ ਜੀ, ਇਸ ਲਈ ਸੈਪਰੇਟ ਕੁਐਸਚਨ ਚਾਹੀਦਾ ਹੈ।

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਉਨ੍ਹਾਂ ਦੇ ਕੇਸਿਜ਼ 31 ਅਕਤੂਬਰ 1990 ਤੋਂ ਪੈਂਡਿੰਗ ਪਏ ਹਨ, ਨਾ ਤਾਂ ਕੋਈ ਪੈਨਸ਼ਨ ਦਿੱਤੀ ਗਈ ਹੈ ਅਤੇ ਨਾ ਹੀ ਕੋਈ ਮਿਲਕ ਪਲਾਂਟ ਵਿਚ ਨੌਕਰੀ ਦਿੱਤੀ ਗਈ ਹੈ।

**ਸ੍ਰੀ ਸਪੀਕਰ :** ਧੀਰੋਵਾਲ ਜੀ, ਮੈਂ ਤੁਹਾਨੂੰ ਕਿਹਾ ਹੈ ਕਿ ਸੈਪਰੇਟ ਕੁਐਸਚਨ ਦੇ ਦਿਓ,ਮੰਤਰੀ ਜੀ ਡਿਟੇਲ ਵਿਚ ਤੁਹਾਨੂੰ ਜਵਾਬ ਦੇ ਦੇਣਗੇ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸ੍ਰੀ ਵਿਜੇ ਕੁਮਾਰ ਐਡਵੋਕੇਟ ਮੁਕੇਰੀਆਂ ਵਿਚ ਅੱਤਵਾਦੀਆਂ ਦੇ ਹੱਥੋਂ ਮਾਰਿਆ ਗਿਆ ਸੀ। ਉਨ੍ਹਾਂ ਦੀ ਵਾਈਫ ਪੋਸਟ ਗਰੈਜੂਏਟ ਹੈ ਅਤੇ ਬੀ.ਐਡ ਵੀ ਕੀਤੀ ਹੋਈ ਹੈ। ਕੀ ਉਨ੍ਹਾਂ ਦੇ ਬਾਰੇ ਕੋਈ ਨੌਕਰੀ ਦੇਣ ਲਈ ਮੰਤਰੀ ਜੀ ਵਿਚਾਰ ਕਰਨਗੇ ?

**ਸ੍ਰੀ ਸਪੀਕਰ :** ਮਿੱਤਲ ਸਾਹਿਬ, ਤੁਸੀਂ ਇੰਡੀਵੀਜੁਅਲ ਕੁਐਸਚਨ ਪੁੱਛ ਰਹੇ ਹੋ, ਇਸ ਦੇ ਲਈ ਤੁਸੀਂ ਸੈਪਰੇਟ ਨੋਟਿਸ ਦੇ ਦਿਓ, ਜਵਾਬ ਆ ਜਾਏਗਾ (ਵਿਘਨ)

Original with;
Punjab Vidhan Sabha
Digitized by;
Panjab Digital Library

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੈਂਡਿੰਗ ਅਪਲੀਕੇਸ਼ਨਾਂ ਦੱਸੀਆਂ ਹਨ ਕੀ ਉਨ੍ਹਾਂ ਵਿਚ ਉਨ੍ਹਾਂ ਦਾ ਨਾਂ ਹੈ?

ਸ੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਹੈ ਕਿ ਉਹ ਡਰਾਈਵਰਾਂ ਦੀਆਂ ਪੋਸਟਾਂ ਹਨ, ਉਨ੍ਹਾਂ ਵਿਚ ਸੁਆਲ ਹੀ ਪੈਦਾ ਨਹੀਂ ਹੁੰਦਾ ।

---

ਭਾਸ਼ਾ ਅਧਿਆਪਕਾਂ ਦੀ ਲੈਕਚਰਾਰਾਂ ਵਜੋਂ ਤਰੱਕੀ

*870. ਡਾਕਟਰ ਰਮੇਸ਼ ਦੱਤ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ, ਹਾਈ ਸਕੂਲਾਂ ਦੇ ਉਨ੍ਹਾਂ ਹਿੰਦੀ ਅਤੇ ਪੰਜਾਬੀ ਅਧਿਆਪਕਾਂ ਜਿਨ੍ਹਾਂ ਨੇ 55 ਫੀਸਦੀ ਤੋਂ ਵੱਧ ਨੰਬਰਾਂ ਨਾਲ ਐਮ.ਏ.ਪਾਸ ਕੀਤੀ ਹੋਵੇ, ਨੂੰ ਲੈਕਚਰਾਰਾਂ ਵਜੋਂ ਤਰੱਕੀ ਦੇਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੱਕ ਤਰੱਕੀ ਦਿੱਤੇ ਜਾਣ ਦੀ ਸੰਭਾਵਨਾ ਹੈ?

ਸ੍ਰੀ ਹਰਨਾਮ ਦਾਸ ਜੌਹਰ : ਨਹੀਂ ਜੀ ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਜਿਸ ਤਰੀਕੇ ਦੇ ਨਾਲ ਸੋਸ਼ਲ ਸਟੱਡੀ ਦੇ ਟੀਚਰਜ਼ ਜਿਹੜੇ 20,20 ਸਾਲਾਂ ਤੋਂ ਕੰਮ ਕਰ ਰਹੇ ਹਨ ਔਰ ਜਿਨ੍ਹਾਂ ਨੇ ਪੰਜਾਬੀ ਜਾਂ ਹਿੰਦੀ ਵਿਚ ਐਮ.ਏ. ਵੀ ਪਾਸ ਕਰ ਲਈ ਹੋਈ ਹੈ ਕੀ ਉਨ੍ਹਾਂ ਵਾਸਤੇ ਕੋਈ ਪਰਮੋਸ਼ਨ ਚੈਨਲ ਖੋਲ੍ਹਣਗੇ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਹਿੰਦੀ ਔਰ ਪੰਜਾਬੀ ਟੀਚਰਾਂ ਦੇ ਬਾਰੇ ਸਵਾਲ ਪੁੱਛਿਆ ਸੀ। ਹਿੰਦੀ ਔਰ ਪੰਜਾਬੀ ਟੀਚਰ ਜਿਨ੍ਹਾਂ ਨੇ 1986 ਤਕ ਮੈਟਰਿਕ ਕਰਨ ਤੋਂ ਬਾਅਦ ਗਿਆਨੀ ਜਾਂ ਪਰਭਾਕਰ ਕਰਕੇ ਓ.ਟੀ ਕੀਤੀ ਸੀ 1986 ਤੋਂ ਬਾਅਦ ਉਨ੍ਹਾਂ ਦੀ ਭਰਤੀ ਬੰਦ ਹੋ ਗਈ। ਹੁਣ ਜਿਹੜੀ ਪਰਮੋਸ਼ਨ ਹੁੰਦੀ ਹੈ ਉਹ ਹਿੰਦੀ ਜਾਂ ਪੰਜਾਬੀ ਦੇ ਉਹ ਮਾਸਟਰ ਹੁੰਦੇ ਹਨ ਜਿਨ੍ਹਾਂ ਨੇ ਬੀ.ਏ. ਕੀਤੀ ਹੁੰਦੀ ਹੈ, ਬੀ.ਐਡ ਕੀਤੀ ਹੁੰਦੀ ਹੈ, ਪੰਜਾਬੀ ਦੇ ਨਾਲ, ਉਨ੍ਹਾਂ ਦੀ ਸਿਰਫ ਪਰਮੋਸ਼ਨ ਹੋ ਸਕਦੀ ਹੈ, ਹੋਰਨਾਂ ਦੀ ਪਰਮੋਸ਼ਨ ਨਹੀਂ ਹੋ ਸਕਦੀ।

श्रीमति लक्ष्मी कांता चावला : अध्यक्ष महोदय, शिक्षा मंत्री जी से यह जानना चाहती हूं कि प्रश्न में लिखा है कि जिन्हों ने एम०ए० पास किया है और एम०ए० 55% से ज्यादा अंक ले कर किया है । सो मैट्रिक प्रभाकर वाली बात तो की नहीं है । वसे क्या डिपार्टमैंट में नियम है कि 55% एम०ए० वाले और बी०एड० वाले जो हिंदी टीचर हैं उन को लैक्चरार बनाया जाता है ?

ਮੰਤਰੀ : ਇਹ ਤਾਂ, ਸਪੀਕਰ ਸਾਹਿਬ, ਕਾਡਰ ਦੀ ਗੱਲ ਹੈ। ਜਦੋਂ ਕਾਡਰ ਵਿਚ ਨਹੀਂ ਆਉਂਦਾ, ਫਿਰ ਭਾਵੇਂ 55 ਪ੍ਰਤੀਸ਼ਤ ਦੀ ਬਜਾਏ 100% ਨਾਲ ਵੀ ਕਰ ਲੈਣ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਬੀ.ਐਡ. ਦੇ ਨਾਲ ਹਿੰਦੀ ਜਾਂ ਪੰਜਾਬੀ ਹੋਣੀ ਚਾਹੀਦੀ ਸੀ। ਔਰ ਜੋ ਵੀ ਸੰਨ 1978 ਦੇ ਰੂਲਜ਼ ਬਣੇ ਹੋਏ ਹਨ ਕਿ ਉਨ੍ਹਾਂ ਨੂੰ ਪਰਮੋਸ਼ਨ ਦਿੱਤੀ ਜਾ ਸਕਦੀ ਹੈ ਜਿਹੜੇ ਸ਼ਿਰਫ ਮਾਸਟਰ ਭਰਤੀ ਹੋਏ ਹਨ। ਉਨ੍ਹਾਂ ਨੂੰ ਪਰਮੋਸ਼ਨ ਦਿੱਤੀ ਜਾ ਸਕਦੀ ਹੈ, ਇਸ ਲਈ ਇਨ੍ਹਾਂ ਨੂੰ ਪਰਮੋਸ਼ਨ ਨਹੀਂ ਦਿੱਤੀ ਜਾ ਸਕਦੀ ।

ਸ੍ਰੀ ਸੰਤੋਖ ਸਿੰਘ ਚੌਧਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਜੂਕੇਸ਼ਨ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਭਾਸ਼ਾ ਟੀਚਰਜ਼ ਹਨ, ਸੋਸ਼ਲ ਸਟੱਡੀ ਟੀਚਰਜ਼ ਜਾਂ ਮਾਸਟਰ

Original with;
Punjab Vidhan Sabha
Digitized by;
Panjab Digital Library

[ ਸ੍ਰੀ ਸੰਤੋਖ ਸਿੰਘ ਚੌਧਰੀ ]

ਹਨ ਉਨ੍ਹਾਂ ਦਾ ਗਰੇਡ ਇਕ ਹੈ। 1 ਜਨਵਰੀ, 1986 ਤੋਂ ਹੋਰ ਵੀ ਭਾਸ਼ਾ ਟੀਚਰਜ਼ ਹਨ ਜਿਨ੍ਹਾਂ ਦੀ ਕੁਆਲੀਫੀਕੇਸ਼ਨ ਬੀ.ਐਡ. ਹੈ, ਕੀ ਉਨ੍ਹਾਂ ਨੂੰ ਇਹ ਪਰਮੋਟ ਕਰ ਦੇਣਗੇ?

**ਮੰਤਰੀ** : ਸਪੀਕਰ ਸਾਹਿਬ, ਇਸ ਤੇ ਸੈਪਰੇਟ ਕੁਐਸਚਨ ਕਰ ਲੈਣ। ਮੌਜੂਦਾ ਰੂਲ ਦੇ ਮੁਤਾਬਿਕ ਤਾਂ ਇਹ ਹੋ ਨਹੀਂ ਸਕਦਾ।

**ਸ੍ਰੀ ਉਪਿੰਦਰ ਕੁਮਾਰ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਸਾਹਿਬ ਨੇ ਹੁਣੇ ਬੋਲਦਿਆਂ ਕਿਹਾ ਹੈ ਕਿ ਬੀ.ਐਡ. ਮਾਸਟਰ ਹੀ ਲੈਕਚਰਾਰ ਪਰਮੋਟ ਹੋ ਸਕਦੇ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸਦੇ ਵਾਸਤੇ ਕੀ ਕੁਆਲੀਫੀਕੇਸ਼ਨ ਹੈ, ਕੀ ਕਰਾਈਟੇਰੀਆ ਹੈ ਉਨ੍ਹਾਂ ਨੂੰ ਪਰਮੋਟ ਕਰਨ ਦਾ ?

**ਮੰਤਰੀ** : ਮੈਰਿਟ-ਕਮ-ਸਿਨਿਆਰਿਟੀ ਹੈ ਜੀ।

**ਸ੍ਰੀ ਉਪਿੰਦਰ ਕੁਮਾਰ** : ਸਪੀਕਰ ਸਾਹਿਬ, ਮੈਂ ਪੁੱਛਿਆ ਹੈ ਕਿ What is the criteria ?

(No reply).

---

**ਦਿਹਾਤੀ ਇਲਾਕਿਆਂ ਵਿਚ ਸੇਵਾ ਕਰ ਰਹੇ ਲੈਕਚਰਾਰਾਂ ਨੂੰ ਮਕਾਨ ਕਿਰਾਇਆ ਭੱਤਾ ਦੇਣਾ**

***929. ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਰਾਜ ਦੇ ਦਿਹਾਤੀ ਇਲਾਕਿਆਂ ਵਿਚ ਕੰਮ ਕਰ ਰਹੇ ਲੈਕਚਰਾਰਾਂ ਨੂੰ ਇਸ ਸਮੇਂ ਮਿਲਣਯੋਗ ਦਿਹਾਤੀ ਭੱਤੇ ਦੇ ਦਰ ਕੀ ਕੀ ਹਨ ;

(ਅ) ਕੀ ਸਰਕਾਰ ਉਪਰੋਕਤ ਭਾਗ (ੳ) ਵਿਚ ਵਰਣਿਤ ਲੈਕਚਰਾਰਾਂ ਨੂੰ ਉਕਤ ਦਿਹਾਤੀ ਭੱਤੇ ਦੀ ਥਾਂ ਤੇ ਮਕਾਨ ਕਿਰਾਇਆ ਭੱਤਾ ਦੇਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸ੍ਰੀ ਹਰਨਾਮ ਦਾਸ ਜੌਹਰ** : (ੳ) ਲੈਕਚਰਾਰਾਂ ਨੂੰ ਮਿਲਣ ਵਾਲੇ ਪੇਂਡੂ ਭੱਤੇ ਦੀਆਂ ਦਰਾਂ ਸਬੰਧੀ ਸੂਚਨਾ ਸਦਨ ਦੇ ਮੇਜ਼ ਤੇ ਰੱਖੀਆਂ ਜਾਂਦੀਆਂ ਹਨ।

(ਅ) ਹਾਂ ਜੀ, ਮਾਮਲਾ ਰਾਜ ਸਰਕਾਰ ਦੇ ਵਿਚਾਰ ਅਧੀਨ ਹੈ ਹਾਲ ਦੀ ਘੜੀ ਕੋਈ ਸਮਾਂ ਨਿਸ਼ਚਿਤ ਕਰਨਾ ਸੰਭਵ ਨਹੀਂ ਹੈ।

Copy of letter No. 10/7/88-FPI/8011, dated Chandigarh, 30th August, 1988 from Under Secretary, Finance(A) Department of Fnance (Finance Personnel-I Branch) to All Heads of Departments and others

*Subject* : Implementation of the recommendations of the third Punjab Pay Commission—Area Allowance

I am directed to address you on the subject cited above and to say that in pursuance of the recommedations of the Third Punjab Pay Commission, the President of India has eben pleased to sanction the Rural Area Allowance to the employees posted in the rural areas at the following rates :—

| Pay range in Revised Scales | Rate of Rural Area Allowance |
|---|---|
| Rs. 750 to 1,249 | .. Rs. 50 |
| Rs. 1250 to 1,749 | .. Rs. 75 |

Original with;
Punjab Vidhan Sabha
Digitized by;
Panjab Digital Library

| | | |
|---|---|---|
| Rs. 1750 to 2249 | .. | Rs. 100 |
| Rs. 2260 to 2749 | .. | Rs. 125 |
| Rs. 2750 to 3249 | .. | Rs. 150 |
| Rs. 3250 to 3749 | .. | Rs. 175 |
| Rs. 3750 to 4249 | .. | Rs. 200 |
| Rs. 4250 to 4749 | .. | Rs. 225 |
| Rs. 4750 to 5249 | .. | Rs. 250 |
| Rs. 5250 onwards | .. | Rs. 250 |

2. The Rural Area Allowance shall be admissible only to those employees who are posted in rural areas (i.e. in Villages but not in the cities/towns/NACs), subject further to the condition that the employee posted in the rural area must have his place of residence at the place of posting or at any other place in the rural areas as permitted by the Controlling Officer.

3. The existing compensatory allowance admissible in bet area, border area, sub-mountanes/Hill area and Kandi area shall stand discontinued. However, the amount of border Area Compensatory Allowance being drawn by the employees at higher rates than those of Rural Area Allowance specified above, shall be protected till their rate gets adjusted in the rates of Rural Area Allowance.

4. The decision contained in this circular letter shall be effective from the Ist September, 1988.

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਸਵਾਲ ਦਾ ਜਵਾਬ 8.55 ਵਜੇ ਮੈਨੂੰ ਮਿਲਿਆ ਹੈ। ਹਾਊਸ ਵਿਚ ਬਾਰ ਬਾਰ ਉਪਰਾਲਾ ਕਰਨ ਦੇ ਬਾਵਜੂਦ ਵੀ, ਹਾਊਸ ਬੈਠਾ ਹੋਵੇ, ਤਾਂ ਮੇਰੇ ਸਵਾਲ ਦਾ ਜਵਾਬ ਨਾ ਆਉਣਾ, ਮੈਂ ਸਮਝਦਾ ਹਾਂ ਕਿ ਇਹ ਹਾਊਸ ਦੀ ਮਾਨ-ਹਾਨੀ ਹੈ, ਇਹ ਬਾਰ ਬਾਰ ਕੁਤਾਹੀ ਕਰਦੇ ਹਨ। 8.55 ਵਜੇ ਦਾ ਟਾਈਮ ਇਸ ਉਪਰ ਪਾਇਆ ਹੋਇਆ ਹੈ, ਪਰ ਤੁਹਾਡਾ ਹੁਕਮ ਹੋਵੇ ਤਾਂ ਸਵਾਲ ਪੁੱਛ ਲੈਂਦਾ ਹਾਂ।

**ਸ੍ਰੀ ਸਪੀਕਰ :** ਹਾਂ ਪੁੱਛੋ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਮੇਰਾ ਹਲਕਾ ਟੋਟਲ ਪੇਂਡੂ ਹੈ। ਇਸ ਗੱਲ ਨੂੰ ਮੱਦੇ-ਨਜ਼ਰ ਰਖਦੇ ਹੋਏ ਕਿ ਜਿਹੜੇ ਟੀਚਰਜ਼ ਦਾ ਹਾਊਸ ਰੈਂਟ ਬਾਰੇ ਦੱਸਿਆ ਹੈ, ਮਾਨਯੋਗ ਮੰਤਰੀ ਜੀ ਨੇ ਅਤੇ ਸੀ.ਐਮ. ਸਾਹਿਬ ਨੇ ਵੀ ਕਈ ਵਾਰੀ ਬਾਹਰ ਆਪਣੇ ਭਾਸ਼ਣ ਵਿਚ ਭਰੋਸਾ ਦਿਵਾਇਆ ਹੈ। ਜਿਹੜੇ ਪਿੰਡਾਂ ਵਿਚ ਟੀਚਰਜ਼ ਹਨ ਉਨ੍ਹਾਂ ਤੇ ਜ਼ਿਆਦਾ ਔਖਾ ਸਮਾਂ ਲੰਘਿਆ ਹੈ, ਇਸ ਕਰਕੇ ਕੀ ਉਨ੍ਹਾਂ ਨੂੰ ਹਾਊਸ ਰੈਂਟ ਦੇਣ ਬਾਰੇ ਐਸ਼ੋਰੈਂਸ ਦੇਣਗੇ ਕਿ ਇਸ ਸਾਲ ਵਿਚ ਹੀ ਵਧਾ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਮਾਮਲਾ ਵਿਚਾਰ ਅਧੀਨ ਹੈ ਉਸ ਨੂੰ ਚੰਗੀ ਤਰ੍ਹਾਂ ਘੋਖ ਕਰਨਾ ਹੈ, ਟਾਈਮ ਮੁਕੱਰਰ ਨਹੀਂ ਕੀਤਾ ਜਾ ਸਕਦਾ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ:** ਜਿਹੜੇ ਟੀਚਰਜ਼ 8 ਕਿਲੋਮੀਟਰ ਦੇ ਅੰਦਰ ਆਉਂਦੇ ਹਨ ਕੀ ਉਨ੍ਹਾਂ ਨੂੰ ਵੀ ਹਾਊਸ ਰੈਂਟ ਦਿਵਾਉਣ ਦੀ ਖੇਚਲ ਕਰਨਗੇ?

**ਸ੍ਰੀ ਸਪੀਕਰ :** ਸਾਥੀ ਜੀ, ਤੁਸੀਂ ਇਹ ਸਵਾਲ ਦੁਬਾਰਾ ਕਰ ਦਿਓ।

Original with;
Punjab Vidhan Sabha
Digitized by;
Panjab Digital Library

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਮੈਂ ਪੁਛਿਆ ਹੈ ਕਿ ਜਿਹੜੇ 8 ਕਿਲੋਮੀਟਰ ਤੋਂ ਬਾਹਰ ਹਨ ਕੀ ਉਨ੍ਹਾਂ ਵਾਸਤੇ ਭਰੋਸਾ ਦਿਵਾਉਣਗੇ ਕਿ ਉਨ੍ਹਾਂ ਨੂੰ ਵੀ ਹਾਊਸ ਰੈਂਟ ਦੇਣ ਦੀ ਕੋਸ਼ਿਸ਼ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਬਹੁਤ ਨਿਮਰਤਾ ਪੂਰਵਕ ਪ੍ਰਾਰਥਨਾ ਕੀਤੀ ਹੈ ਕਿ ਮਾਮਲਾ ਸੀਰੀਅਸਲੀ ਵਿਚਾਰ ਅਧੀਨ ਹੈ ਔਰ ਸਾਰੀ ਘੋਖ ਕਰਾਂਗੇ, ਕੋਈ ਵਿਤਕਰਾ ਨਹੀਂ ਰਹੇਗਾ ਸ਼ਹਿਰਾਂ ਦਾ ਔਰ ਪਿੰਡਾਂ ਦਾ। ਸਾਰਾ ਵਧੀਆ ਵਧੀਆ ਕੰਮ ਕੀਤਾ ਜਾਵੇਗਾ।

**ਸ੍ਰੀ ਸਪੀਕਰ** : ਬਹੁਤ ਹੀ ਅੱਛੀ ਐਸ਼ੋਰੈਂਸ ਹੈ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਕਿ ਪਿਛਲੇ ਅਪ੍ਰੈਲ ਵਿੱਚ ਵੀ ਇਹ ਮਾਮਲਾ ਵਿਚਾਰ ਅਧੀਨ ਰਖਿਆ ਗਿਆ ਸੀ ਔਰ ਹੁਣ ਜਦੋਂ 19 ਮਾਰਚ ਨੂੰ ਕਾਲਜ ਦੇ ਟੀਚਰਜ਼ ਕਾਲਜ ਬੰਦ ਕਰ ਰਹੇ ਹਨ ਔਰ ਐਜੀਟੇਸ਼ਨ ਕਰਨ ਲਗੇ ਹਨ ਤਾਂ ਵੀ ਵਿਚਾਰ ਅਧੀਨ ਹੈ। ਕੀ ਸਿਖਿਆ ਮੰਤਰੀ ਜੀ 19 ਮਾਰਚ ਤੋਂ ਪਹਿਲਾਂ ਪਹਿਲਾਂ ਇਸ ਵਿਚਾਰ ਅਧੀਨ ਮਾਮਲੇ ਨੂੰ ਵਿਚਾਰ ਅਧੀਨ ਤੋਂ ਉਪਰ ਲਿਆਉਣਗੇ ?

**Mr. Speaker** : No supplementary.

**ਡਾਕਟਰ ਰਮੇਸ਼ ਦੱਤ** : ਸਪੀਕਰ ਸਾਹਿਬ, ਪਿੰਡਾਂ ਵਿਚ ਜਿਹੜੇ ਸਕੂਲ ਹਨ ਉਥੇ ਟੀਚਰਾਂ ਦੀਆਂ ਵਕੈਂਸੀਆਂ ਪਈਆਂ ਰਹਿੰਦੀਆਂ ਹਨ ਔਰ ਸ਼ਹਿਰਾਂ ਵਿਚ ਕਿਉਂਕਿ ਹਾਊਸ ਰੈਂਟ ਮਿਲਦਾ ਹੈ, ਇਸ ਕਰਕੇ ਟੀਚਰਜ਼ ਸ਼ਹਿਰਾਂ ਵਿਚ ਆਉਂਦੇ ਹਨ। ਪਿੰਡਾਂ ਦੇ ਟੀਚਰਾਂ ਦਾ ਮਸਲਾ ਵਿਚਾਰ ਅਧੀਨ ਹੈ ਇਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਕੀ ਸਰਕਾਰ, ਉਨ੍ਹਾਂ ਦੀ ਪੜ੍ਹਾਈ ਦਾ ਖਿਆਲ ਰਖਦੇ ਹੋਏ, ਨਵੇਂ ਅਕੈਡਮਿਕ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਕੋਈ ਫੈਸਲਾ ਕਰ ਦੇਵੇਗੀ?

**ਸ੍ਰੀ ਸਪੀਕਰ** : ਉਨ੍ਹਾਂ ਨੇ ਐਸ਼ੋਰੈਂਸ ਦਿੱਤੀ ਹੈ ਕਿ ਮਾਮਲਾ ਘੋਖ ਰਹੇ ਹਾਂ।

**ਡਾਕਟਰ ਰਮੇਸ਼ ਦੱਤ** : ਸਪੀਕਰ ਸਾਹਿਬ, ਟੀਚਰਜ਼ ਪਿੰਡਾਂ ਵਿਚ ਜਾਣ ਨੂੰ ਤਿਆਰ ਨਹੀਂ ਔਰ ਉਨ੍ਹਾਂ ਸਕੂਲਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। ਇਸ ਲਈ ਕੀ ਇਹ ਐਸ਼ੋਅਰ ਕਰਨਗੇ ਕਿ ਇਹ ਮਾਮਲਾ ਨਵਾਂ ਪੜ੍ਹਾਈ ਦਾ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਠੀਕ ਕਰ ਦੇਣਗੇ?

**ਸ੍ਰੀ ਸਪੀਕਰ** : ਸਿਖਿਆ ਮੰਤਰੀ ਸਾਹਿਬ, ਆਇਆ ਤੁਸੀਂ ਦੱਸਣਾ ਚਾਹੋਗੇ ਕਿ ਕੀ ਤੁਹਾਡਾ ਡਿਸੀਜ਼ਨ ਨੈਕਸਟ ਅਕੈਡਮਿਕ ਸੈਸ਼ਨ ਤਕ ਹੋ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜਾ ਮਾਮਲਾ ਹੈ ਇਹ ਸਾਰੇ ਸਰਕਾਰੀ ਇੰਪਲਾਈਜ਼ ਦਾ ਮਾਮਲਾ ਹੈ, ਇਸ ਲਈ ਟਾਈਮ ਲਗ ਜਾਣਾ ਹੈ ਪਰ ਜਿਹੜਾ ਟਾਈਮ ਲਗੇਗਾ ਉਹ ਵਾਜਬ ਟਾਈਮ ਲਗੇਗਾ, ਫਾਲਤੂ ਨਹੀਂ ਲੱਗੇਗਾ।

**Mr. Speaker** : Very good. Next question by Shrimati Vimla Dang. Arshi Ji, you can put the question.

---

## ਭਲਾਈ ਅਫਸਰ, ਅੰਮ੍ਰਿਤਸਰ ਵਿਰੁੱਧ ਸ਼ਿਕਾਇਤ

*607. **ਸ੍ਰੀਮਤੀ ਵਿਮਲਾ ਡਾਂਗ**, (ਕਾਮਰੇਡ ਹਰਦੇਵ ਸਿੰਘ ਅਰਸ਼ੀ ਵੱਲੋਂ ਪੇਸ਼ ਕੀਤਾ ਗਿਆ) : ਕੀ ਸਮਾਜ ਭਲਾਈ ਮੰਤਰੀ। ਅਪ੍ਰੈਲ, 1992 ਲਈ ਬਿਨਾਂ ਨਿਸ਼ਾਨ ਪ੍ਰਸ਼ਨਾਂ ਦੀ ਸੂਚੀ ਵਿਚ ਜ਼ਿਲ੍ਹਾ ਭਲਾਈ ਅਫਸਰ, ਅੰਮ੍ਰਿਤਸਰ ਵਿਰੁੱਧ ਸ਼ਿਕਾਇਤ ਸਬੰਧੀ ਦਰਜ ਬਿਨਾਂ ਨਿਸ਼ਾਨ ਪ੍ਰਸ਼ਨ ਨੰ: 18 ਦੇ ਉੱਤਰ ਦੇ

Original with;
Punjab Vidhan Sabha
Digitized by;
Panjab Digital Library

ਹਵਾਲੇ ਵਿੱਚ ਦੱਸਣ ਦੀ ਕਿਰਪਾ ਕਰਨਗੇ ਕਿ ਕੀ ਉਸ ਵਿਚ ਵਰਣਿਤ ਸਾਬਕਾ ਵਿਧਾਨਕਾਰ ਦੀ ਸ਼ਿਕਾਇਤ ਤੇ ਕੋਈ ਪੜਤਾਲ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਕੀ ਸ੍ਰੀਮਤੀ ਸ਼ਾਰਦਾ ਦਾ ਨਾਂ ਨੌਕਰੀ ਲਈ ਨਾ ਭੇਜਣ ਲਈ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਗਈ ਸੀ ਅਤੇ ਕਸੂਰਵਾਰ ਪਾਏ ਗਏ ਅਫਸਰਾਂ/ਕਰਮਚਾਰੀਆਂ ਵਿਰੁੱਧ ਕੀ ਕੋਈ ਕਾਰਵਾਈ ਕੀਤੀ ਗਈ ?

**ਸਰਦਾਰ ਗੁਰਮੇਜ ਸਿੰਘ (ਰਾਜ ਮੰਤਰੀ,** ਸਮਾਜ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ **ਪਛੜੀਆਂ** ਸ਼੍ਰੇਣੀਆਂ ਦੀ ਭਲਾਈ) :

1. ਹਾਂ ਜੀ।

2. ਇਸ ਕੇਸ ਦੀ ਇੰਨਕੁਆਰੀ ਇਸ ਦਫਤਰ ਦੇ ਸਾਬਕਾ ਡਿਪਟੀ ਡਾਇਰੈਕਟਰ (ਸ੍ਰੀ ਹਰਹਿੰਦਰ ਸਿੰਘ ਕੋਹਲੀ) ਤੋਂ ਕਰਵਾਈ ਗਈ ਸੀ ਅਤੇ ਉਨ੍ਹਾਂ ਦੀ ਪੜਤਾਲੀਆਂ ਰਿਪੋਰਟ ਅਨੁਸਾਰ ਸ੍ਰੀਮਤੀ ਸ਼ਾਰਦਾ ਰਾਣੀ ਦਾ ਨਾਮ ਨਾ ਕੱਢਣ ਬਾਰੇ, ਜ਼ਿਲ੍ਹਾ ਭਲਾਈ ਅਫਸਰ, ਅੰਮ੍ਰਿਤਸਰ ਦੇ ਕਿਸੇ ਵੀ ਅਧਿਕਾਰੀ/ਕ੍ਰਮਚਾਰੀ ਨੂੰ ਕਸੂਰਵਾਰ ਨਹੀਂ ਪਾਇਆ ਗਿਆ ਹੈ ਕਿਉਂਕਿ ਬਿਨੈਕਾਰਾਂ ਨੇ ਆਪਣਾ ਨਾਮ ਉਨ੍ਹਾਂ ਦੇ ਦਫਤਰ ਵਿਚ ਜਨਰਲ ਕੈਟਾਗਰੀ (ਕਲੈਰੀਕਲ ਅਸਾਮੀਆਂ) ਦੇ ਰਜਿਸਟਰ ਵਿਚ ਲੜੀ ਨੰ: 83 ਸਾਲ 1982 ਵਿਚ ਦਰਜ ਕਰਵਾਇਆ ਸੀ ਅਤੇ ਆਰਟ ਐਂਡ ਕਰਾਫਟ ਟੀਚਰ ਲਈ ਮਿਤੀ 16 ਫਰਵਰੀ, 1990 ਨੂੰ ਦਰਜ ਕਰਵਾਇਆ ਸੀ, ਜਦੋਂ ਕਿ ਡੀ.ਪੀ.ਆਈ. (ਸ) ਨੂੰ ਨਾਮ ਉਨ੍ਹਾਂ ਦੇ ਪੱਤਰ ਨੰ: 3465, ਮਿਤੀ 4 ਅਪਰੈਲ, 1988 ਅਨੁਸਾਰ ਪਹਿਲਾਂ ਹੀ ਭੇਜੇ ਜਾ ਚੁੱਕੇ ਸਨ। ਉਸ ਤੋਂ ਬਾਦ ਇਸ ਅਸਾਮੀ ਲਈ ਹੋਰ ਮੰਗ ਪੱਤਰ ਕਿਸੇ ਵਿਭਾਗ ਕੋਲੋਂ ਪ੍ਰਾਪਤ ਨਹੀਂ ਹੋਇਆ ਸੀ। ਇਸ ਲਈ ਕਿਸੇ ਵੀ ਅਧਿਕਾਰੀ/ਕਰਮਚਾਰੀ ਦੀ ਜ਼ਿੰਮੇਵਾਰੀ ਸ੍ਰੀਮਤੀ ਸ਼ਾਰਦਾ ਰਾਣੀ ਦਾ ਨਾਮ ਨਾ ਕੱਢਣ ਬਾਰੇ ਨਹੀਂ ਲਗਾਈ ਜਾਂਦੀ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸ੍ਰੀਮਤੀ ਸ਼ਾਰਦਾ ਰਾਣੀ ਨੇ ਆਪਣਾ ਨਾਮ 1982 ਵਿਚ ਦਰਜ ਕਰਵਾਇਆ ਸੀ ਅਤੇ ਹਰ ਸਾਲ ਆਪਣਾ ਨਾਮ ਰਿਨਿਊ ਕਰਵਾਉਂਦੀ ਰਹੀ ਹੈ ਫੇਰ ਉਸ ਦਾ ਨਾਮ ਕਿਉਂ ਨਹੀਂ ਕਿਸੇ ਡਿਪਾਰਟਮੈਂਟ ਵਿਚ ਭੇਜਿਆ ਗਿਆ?

**ਰਾਜ ਮੰਤਰੀ, ਸਮਾਜ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ :** ਸਪੀਕਰ ਸਾਹਿਬ, ਮੈਂ ਆਪਣੇ ਜਵਾਬ ਵਿਚ ਦੱਸ ਚੁੱਕਾ ਹਾਂ ਕਿ ਉਸ ਨੇ ਆਰਟ ਐਂਡ ਕਰਾਫਟ ਟੀਚਰ ਵਾਸਤੇ ਆਪਣਾ ਨਾਮ 16 ਫਰਵਰੀ 1990 ਨੂੰ ਦਰਜ ਕਰਵਾਇਆ ਸੀ। ਇਸ ਤੋਂ ਬਾਦ ਇਸ ਅਸਾਮੀ ਲਈ ਨਾ ਕੋਈ ਕਿਸੇ ਡਿਪਾਰਟਮੈਂਟ ਤੋਂ ਡੀਮਾਂਡ ਆਈ ਸੀ ਅਤੇ ਨਾ ਹੀ ਕਿਸੇ ਦਾ ਨਾਮ ਕਿਸੇ ਡਿਪਾਰਟਮੈਂਟ ਵਿਚ ਭੇਜਿਆ ਗਿਆ ਹੈ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗੱਲ ਨੂੰ ਮੰਨ ਲਿਆ ਹੈ ਕਿ ਉਸ ਨੇ 1982 ਵਿਚ ਆਪਣਾ ਨਾਮ ਕਲੈਰੀਕਲ ਪੋਸਟ ਲਈ ਦਰਜ ਕਰਵਾਇਆ ਸੀ ਅਤੇ 1988 ਤੱਕ ਉਸ ਦਾ ਨਾਮ ਰਿਨਿਊ ਹੁੰਦਾ ਰਿਹਾ ਹੈ ਪਰ ਇਸ ਦੌਰਾਨ ਉਸ ਦਾ ਨਾਮ ਕਿਸੇ ਡਿਪਾਰਟਮੈਂਟ ਵਿਚ ਸਪੌਨਸਰ ਨਹੀਂ ਕੀਤਾ ਗਿਆ ਜਦ ਕਿ ਉਸ ਤੋਂ ਬਾਅਦ ਦੇ ਨਾਮ ਕੱਢ ਕੇ ਸਪੌਨਸਰਡ ਕੀਤੇ ਗਏ ਹਨ ਇਹ ਠੀਕ ਹੈ ਕਿ ਉਸ ਨੇ ਪਹਿਲੇ ਆਰਟ ਐਂਡ ਕਰਾਫਟ ਟੀਚਰ ਲਈ ਨਾਮ ਦਰਜ ਨਹੀਂ ਕਰਵਾਇਆ ਸੀ ਪਰ 1982 ਤੋਂ 1988 ਤੱਕ ਉਸ ਦਾ ਨਾਮ ਕਲੈਰੀਕਲ ਪੋਸਟ ਲਈ ਕਿਉਂ ਨਹੀਂ ਸਪੌਨਸਰਡ ਕੀਤਾ ਗਿਆ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਸਪੀਕਰ ਸਾਹਿਬ, ਉਸ ਨੇ ਆਪਣਾ ਨਾਮ ਪਹਿਲੇ ਜਨਰਲ ਕੈਟੇਗਰੀ ਲਈ ਕਲੈਰੀਕਲ ਪੋਸਟ ਵਾਸਤੇ ਦਰਜ ਕਰਵਾਇਆ ਸੀ ਅਤੇ ਉਸ ਨੇ ਬਾਅਦ ਵਿਚ 16 ਫਰਵਰੀ 1990 ਨੂੰ ਆਰਟ ਐਂਡ ਕਰਾਫਟ ਟੀਚਰ ਲਈ ਨਾਮ ਦਰਜ ਕਰਵਾਇਆ ਸੀ। ਇਸ ਤੋਂ ਬਾਅਦ ਨਾ ਕੋਈ ਇਸ ਪੋਸਟ ਵਾਸਤੇ ਡਿਮਾਂਡ ਕਿਸੇ ਡਿਪਾਰਟਮੈਂਟ ਤੋਂ ਆਈ ਅਤੇ ਨਾ ਹੀ ਕਿਸੇ ਦਾ ਨਾਮ ਭੇਜਿਆ ਗਿਆ ਸੀ।

**ਸ੍ਰੀ ਸਪੀਕਰ :** ਅਰਸ਼ੀ ਜੀ, ਤੁਸੀਂ 1982 ਤੋਂ 1988 ਤੱਕ ਦੇ ਸਮੇਂ ਦਾ ਅਲੱਗ ਕੁਐਸਚਨ ਭੇਜ ਦਿਓ, ਇਹ ਜਵਾਬ ਦੇ ਦੇਣਗੇ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਇਨ੍ਹਾਂ ਦੇ ਉੱਤਰ ਅਨੁਸਾਰ ਸ਼ਾਰਦਾ ਰਾਣੀ ਨੇ 1982 ਵਿਚ ਕਲੈਰੀਕਲ ਪੋਸਟ ਲਈ ਨਾਮ ਦਰਜ ਕਰਵਾਇਆ ਸੀ ਅਤੇ ਇਹ ਨਾਮ 1988 ਤੱਕ, ਹਰ ਸਾਲ ਰਿਨਿਊ ਹੁੰਦਾ ਰਿਹਾ 1990 ਵਿਚ ਉਸ ਨੇ ਆਰਟ ਐਂਡ ਕਰਾਫਟ ਟੀਚਰ ਵਾਸਤੇ ਨਾਮ ਦਰਜ ਕਰਵਾਇਆ ਸੀ ਪਰ ਮੇਰਾ ਪ੍ਰਸ਼ਨ ਇਹ ਹੈ ਕਿ 1982 ਤੋਂ 1988 ਤੱਕ ਉਸ ਦਾ ਨਾਮ ਦਰਜ ਸੀ ਫੇਰ ਇਸ ਦਾ ਨਾਮ ਕਿਉਂ ਨਹੀਂ ਸਪੌਂਨਸਰਡ ਕੀਤਾ ਗਿਆ ਜਦ ਕਿ ਇਸ ਤੋਂ ਬਾਅਦ ਆਇਆਂ ਦੇ ਕੇਸਾਂ ਨੂੰ ਕੱਢਿਆ ਗਿਆ ਹੈ। ਇਸ ਤਰ੍ਹਾਂ ਕਿਉਂ ਹੋਇਆ ?

**ਸ੍ਰੀ ਸਪੀਕਰ :** ਅਰਸ਼ੀ ਜੀ, ਤੁਸੀਂ ਸੈਪਰੇਟ ਨੋਟਿਸ ਦੇ ਦਿਓ ਇਹ ਡੀਟੇਲ ਵਿੱਚ ਜਵਾਬ ਦੇ ਦੇਣਗੇ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਪ੍ਰਸ਼ਨ ਤੋਂ ਬਾਹਰ ਨਹੀਂ ਜਾਂਦਾ। ਮੈਂ ਇਨ੍ਹਾਂ ਦੇ ਜਵਾਬ ਨੂੰ ਆਧਾਰ ਮੰਨ ਕੇ ਪ੍ਰਸ਼ਨ ਕਰ ਰਿਹਾ ਹਾਂ। ਜਦ ਸ਼ਾਰਦਾ ਰਾਣੀ ਦਾ ਨਾਮ 1982 ਤੋਂ 1988 ਤੱਕ ਕਲੈਰੀਕਲ ਪੋਸਟ ਵਾਸਤੇ ਦਰਜ ਸੀ ਫੇਰ ਉਸ ਦਾ ਨਾਮ ਕਿਉਂ ਨਹੀਂ ਕੱਢਿਆ ਗਿਆ ਜਦ ਕਿ ਉਸ ਤੋਂ ਬਾਅਦ ਦਰਜ ਹੋਣ ਵਾਲਿਆਂ ਦੇ ਨਾਮ ਕੱਢ ਕੇ ਦੂਜੇ ਡਿਪਾਰਟਮੈਂਟਸ ਨੂੰ ਭੇਜੇ ਗਏ ਹਨ ?

**ਸ੍ਰੀ ਸਪੀਕਰ :** ਅਰਸ਼ੀ ਜੀ, ਤੁਸੀਂ 1982 ਤੋਂ 1988 ਤੱਕ ਦਾ ਸੈਪਰੇਟ ਕੁਐਸਚਨ ਭੇਜ ਦਿਓ ਇਹ ਡੀਟੇਲ ਵਿਚ ਜਵਾਬ ਦੇ ਦੇਣਗੇ।

---

**ਸਰਹਿੰਦ ਅਤੇ ਫਤਿਹਗੜ੍ਹ ਸਾਹਿਬ ਵਿਖੇ ਸ਼ਹਿਰੀ ਮਿਲਖਾਂ ਸਥਾਪਤ ਕਰਨਾ**

*936. **ਡਾਕਟਰ ਹਰਬੰਸ ਲਾਲ :** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਹਿੰਦ ਅਤੇ ਫਤਿਹਗੜ੍ਹ ਸਾਹਿਬ ਦੇ ਜ਼ਿਲ੍ਹਾ ਸਦਰ ਮੁਕਾਮ ਵਿਖੇ ਨੇੜੇ ਭਵਿੱਖ ਵਿਚ ਸ਼ਹਿਰ ਮਿਲਖਾਂ ਸਥਾਪਤ ਕਰਨ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਨ੍ਹਾਂ ਦੇ ਕਦੋਂ ਤਕ ਸਥਾਪਤ ਕੀਤੇ ਜਾਣ ਦੀ ਸੰਭਾਵਨਾ ਹੈ। ਜੇਕਰ ਨਹੀਂ ਤਾਂ ਇਸ ਦੇ ਕਾਰਨ ਕੀ ਹਨ?

**Chaudhry Jagjit Singh :** There is no proposal for setting up an Urban Estate at Sirhind.

For Fatehgarh Sahib, a proposal is under consideration but it is not possible to indicate any time schedule for this.

Original with;
Punjab Vidhan Sabha
Digitized by;
Panjab Digital Library

**ਡਾਕਟਰ ਹਰਬੰਸ ਲਾਲ** : ਜਿਹੜਾ ਡਿਸਟ੍ਰਿਕਟ ਫਤਿਹਗੜ੍ਹ ਸਾਹਿਬ ਨਵਾਂ ਬਣਿਆ ਹੈ, ਇਹ ਡਿਸਟ੍ਰਿਕਟ ਨਵਾਂ ਕਰੀਏਟ ਹੋਇਆ ਹੈ ਔਰ ਇੰਪਲਾਈਜ਼ ਪੰਜਾਬ ਦੇ ਕੋਨੇ ਕੋਨੇ ਤੋਂ, ਸ਼ਹਿਰਾਂ ਤੋਂ, ਪਿੰਡਾਂ ਤੋਂ ਰੋਜ਼ ਆਉਂਦੇ ਜਾਂਦੇ ਹਨ ਅਤੇ ਇੰਪਲਾਈਜ਼ ਨੂੰ ਬੜੀ ਮੁਸ਼ਕਲ ਹੁੰਦੀ ਹੈ ਇਹ ਇੰਪਲਾਈਜ਼ ਕਲਾਸ–3, ਕਲਾਸ–4 ਅਤੇ ਗਜ਼ਟਿਡ ਅਫਸਰ ਵੀ ਹਨ। ਇਹ ਨਵਾਂ ਜ਼ਿਲ੍ਹਾ ਡਿਵੈਲਪ ਵੀ ਕਰਨਾ ਹੈ। ਉਥੇ ਸ਼ਹਿਰੀ ਮਿਲਖ ਸਥਾਪਤ ਕਰਨਾ ਬਹੁਤ ਹੀ ਜ਼ਰੂਰੀ ਹੈ, ਤਾਂ ਹੀ ਜ਼ਿਲ੍ਹਾ ਡਿਵੈਲਪ ਹੋ ਸਕਦਾ ਹੈ। ਸਾਰੀਆਂ ਗੱਲਾਂ ਨੂੰ ਮੁੱਖ ਰਖਦੇ ਹੋਏ ਕੀ ਮੰਤਰੀ ਜੀ ਉਥੇ ਸ਼ਹਿਰੀ ਮਿਲਖ ਸਥਾਪਤ ਕਰਨਗੇ ਅਤੇ ਇਹ ਕਿਤਨੇ ਚਿਰ ਤਕ ਸਥਾਪਤ ਕਰਾ ਦੇਣਗੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਸਾਫ ਦਸਿਆ ਹੈ ਕਿ ਫਤਿਹਗੜ੍ਹ ਸਾਹਿਬ ਨਵਾਂ ਜ਼ਿਲ੍ਹਾ ਲਈ ਤਜਵੀਜ਼ ਸਾਡੇ ਜ਼ੇਰੇ-ਗੌਰ ਹੈ ਔਰ ਉਥੇ ਅਰਬਨ ਐਸਟੇਟ ਕਾਇਮ ਕਰਾਂਗੇ ਪਰ ਟਾਈਮ ਨਹੀਂ ਦਸਿਆ ਜਾ ਸਕਦਾ, ਸਪੀਕਰ ਸਾਹਿਬ, ਕਿਉਂਕਿ ਬਹੁਤ ਸਾਰੀਆਂ ਫਾਰਮੈਲਟੀਜ਼ ਪਹਿਲਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ।

**ਸ੍ਰੀ ਮਦਨ ਮੋਹਨ ਮਿੱਤਲ** : ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਅਰਬਨ ਐਸਟੇਟ ਕਾਇਮ ਕਰਨ ਲਈ ਟਾਈਮ ਲਗੇਗਾ ਪਰ ਗੌਰਮਿੰਟ ਦੀ ਪਰਪੋਜ਼ਲ ਹੈ। ਜਦੋਂ ਤਕ ਅਰਬਨ ਐਸਟੇਟ ਕਾਇਮ ਨਹੀਂ ਹੁੰਦਾ ਇਹ ਨਵਾਂ ਜ਼ਿਲ੍ਹਾ ਬਣਿਆ ਹੈ, ਅਫਸਰ ਅਤੇ ਹੋਰ ਬਹੁਤ ਸਾਰੇ ਸਟਾਫ ਵਾਸਤੇ ਥਾਂ ਨਹੀਂ ਹੈ, ਕੀ ਸਰਕਾਰ ਇਸ ਵਾਸਤੇ ਕੋਈ ਹੋਰ ਉਪਰਾਲਾ ਕਰੇਗੀ ਤਾਂ ਕਿ ਕਰਮਚਾਰੀ ਪੂਰਾ ਸਮਾਂ ਉਥੇ ਰਹਿ ਸਕਣ ਅਤੇ ਅੱਛੀ ਤਰ੍ਹਾਂ ਕੰਮ ਕਰ ਸਕਣ। Neither they can come in time nor they can leave the offices within the scheduled time ਕੀ ਇਸ ਗੱਲ ਦਾ ਮਨਿਸਟਰ ਸਾਹਿਬ ਕੋਈ ਯਕੀਨ ਦਿਵਾਉਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਅਰਬਨ ਐਸਟੇਟ ਬਾਰੇ ਪੁਛਿਆ ਗਿਆ ਸੀ ਇਸ ਸਵਾਲ ਦਾ ਮੇਰੇ ਮਹਿਕਮੇ ਨਾਲ ਕੋਈ ਸਬੰਧ ਨਹੀਂ ਹੈ। ਮੈਂਬਰ ਸਾਹਿਬ, ਇਸ ਬਾਰੇ ਸੈਪਰੇਟ ਸਵਾਲ ਕਰ ਦੇਣ ਤਾਂ ਸਰਕਾਰ ਜਵਾਬ ਦੇ ਦੇਵੇਗੀ।

**ਸ੍ਰੀ ਸਪੀਕਰ** : ਮਿੱਤਲ ਜੀ, ਤੁਸੀਂ ਸੈਪਰੇਟ ਸਵਾਲ ਪੁੱਛ ਲਵੋ ਤਾਂ ਇਹ ਇਨਫਰਮੇਸ਼ਨ ਆ ਸਕਦੀ ਹੈ।

---

## ਰੂਟ ਪਰਮਿਟ ਤੋਂ ਬਿਨਾਂ ਬਸਾਂ ਚਲਾਉਣਾ

*935. **ਕਾਮਰੇਡ ਤਰਸੇਮ ਜੋਧਾਂ** : ਕੀ ਟਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਜਨਵਰੀ, 1990 ਤੋਂ ਮਿਤੀ ਅੰਤ ਤਕ ਜ਼ਿਲ੍ਹਾ ਅੰਮ੍ਰਿਤਸਰ ਵਿਚ ਕੁੱਲ ਕਿੰਨੀਆਂ ਪ੍ਰਾਈਵੇਟ/ਮਿੰਨੀ ਬੱਸਾਂ ਦਾ ਪਤਾ ਲਗਾਇਆ ਗਿਆ ਜੋ ਰੂਟ ਪਰਮਿਟਾਂ ਤੋਂ ਬਿਨਾਂ ਚਲ ਰਹੀਆਂ ਸਨ ਅਤੇ ਅਜਿਹੀਆਂ ਕਿੰਨੀਆਂ ਬੱਸਾਂ ਦੇ ਚਲਾਨ ਕੀਤੇ ਗਏ ;

(ਅ) ਉਪਰੋਕਤ ਵਰਣਿਤ ਸਮੇਂ ਦੇ ਦੌਰਾਨ ਕਿੰਨੇ ਕੇਸਾਂ ਵਿਚ ਉਕਤ ਬੱਸਾਂ ਦੇ ਰੂਟ ਪਰਮਿਟ ਜਾਅਲੀ ਪਾਏ ਗਏ ਅਤੇ ਇਸ ਸਬੰਧੀ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ ?

Original with;
Punjab Vidhan Sabha
Digitized by;
Panjab Digital Library

**Master Jagir Singh** : The information is as under :—

(a) Detected 1082 Challaned 1082

(b) No fictitious route permit was found.

**ਕਾਮਰੇਡ ਤਰਸੇਮ ਜੋਧਾ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ 1082 ਚਲਾਨ ਹੋਏ, ਉਨ੍ਹਾਂ ਵਿਚ ਨਵਰੰਗ ਬਸ ਸਰਵਿਸ, ਤਰਨਤਾਰਨ ਹੈ ਜਿਸ ਦਾ ਡੀ.ਟੀ.ਓ. ਨੇ 8988 ਰੁਪਏ ਦਾ ਚਾਲਾਨ ਕੀਤਾ। ਨਵਰੰਗ ਬਸ ਸਰਵਿਸ ਦੀਆਂ ਕਿਤਨੀਆਂ ਬੱਸਾਂ ਬਿਨਾਂ ਰੂਟ ਪਰਮਿਟਾਂ ਤੋਂ ਚਲ ਰਹੀਆਂ ਹਨ?

**ਸ੍ਰੀ ਸਪੀਕਰ** : ਇਹ ਤਾਂ ਤੁਸੀਂ ਪਰਟੀਕੁਲਰ ਨੰਬਰਾ ਬਾਰੇ ਪੁੱਛ ਲਿਆ ਹੈ।

**ਕਾਮਰੇਡ ਤਰਸੇਮ ਜੋਧਾਂ** : ਸਪੀਕਰ ਸਾਹਿਬ, ਅੰਮ੍ਰਿਤਸਰ ਜ਼ਿਲ੍ਹੇ ਵਿਚ ਕਿਤਨੀਆਂ ਬਸਾਂ ਬਿਨਾਂ ਰੂਟ ਪਰਮਿਟ ਦੇ ਚਲ ਰਹੀਆਂ ਹਨ ਔਰ ਨਵਰੰਗ ਬਸ ਸਰਵਿਸ ਦੀਆਂ ਕਿਤਨੀਆਂ ਬਸਾਂ ਬਿਨਾਂ ਰੂਟ ਪਰਮਿਟਾਂ ਤੋਂ ਚਲ ਰਹੀਆਂ ਹਨ।

**ਸ੍ਰੀ ਸਪੀਕਰ** : ਇਸ ਬਾਰੇ ਤੁਹਾਨੂੰ ਸੈਪਰੇਟ ਸਵਾਲ ਕਰਨਾ ਚਾਹੀਦਾ ਹੈ।

**ਕਾਮਰੇਡ ਤਰਸੇਮ ਜੋਧਾਂ** : ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਕਿਤਨੀਆਂ ਬਸਾਂ ਬਿਨਾਂ ਰੂਟ ਪਰਮਿਟਾਂ ਤੋਂ ਚਲ ਰਹੀਆਂ ਹਨ? ਇਕ ਸ਼ਿਕਾਇਤ ਕੀਤੀ ਗਈ ਸੀ ਜੋ ਕਿ 13 ਰੂਟਾਂ ਬਾਰੇ ਸੀ, ਕੀ ਮੰਤਰੀ ਜੀ ਉਸ ਕੰਪਨੀ ਦੀ ਜਾਂਚ ਕਰਵਾਉਣ ਦਾ ਵਿਸ਼ਵਾਸ ਦਿਵਾਉਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਗਲਤ ਬਸਾਂ ਚਲਾਉਂਦੇ ਹਨ, ਉਨ੍ਹਾਂ ਦੀ ਚੈਕਿੰਗ ਸਾਡੇ ਅਫਸਰ ਬਾਕਾਇਦਾ ਕਰਦੇ ਹਨ। ਬਾਕੀ ਜਿਹੜੀ ਇਨ੍ਹਾਂ ਨੇ ਜਿਵੇਂ ਅੰਮ੍ਰਿਤਸਰ ਦੀ ਸਪੈਸ਼ਲ ਗੱਲ ਕੀਤੀ ਹੈ, ਉਹ ਦੀ ਵੀ ਡਿਸਟ੍ਰਿਕਟ ਟਰਾਂਸਪੋਰਟ ਅਫਸਰ ਅੰਮ੍ਰਿਤਸਰ ਉਸ ਤੋਂ ਇਲਾਵਾ ਸੈਕਟਰੀ, ਰੀਜਨਲ ਟਰਾਂਸਪੋਰਟ ਅਥਾਰਿਟੀ, ਜਲੰਧਰ ਵੀ ਚੈਕਿੰਗ ਕਰਦੇ ਹਨ। ਇਸ ਦੇ ਨਾਲ ਨਾਲ ਸਾਡੇ ਸਟੇਟ ਟਰਾਂਸਪੋਰਟ ਕਮਿਸ਼ਨਰ ਦੇ ਦਫਤਰੋਂ ਵੀ ਬੰਦੇ ਜਾ ਕੇ ਚੈਕਿੰਗ ਕਰਦੇ ਹਨ। ਮਿਤੀ 1 ਜਨਵਰੀ, 1990 ਤੋਂ ਲੈ ਕੇ ਮਿਤੀ 27 ਮਾਰਚ, 1992 ਤਕ 1082 ਮਿੰਨੀ ਬੱਸਾਂ ਦੇ ਚਲਾਨ ਕੀਤੇ ਹਨ ਜਿਹੜੇ ਗਲਤ ਰੂਟਾਂ ਤੇ ਚਲਾਉਂਦੇ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਰੇ ਚਲਾਨ ਤਾਂ ਹੀ ਕੀਤੇ ਹਨ ਜੇ ਉਹ ਗਲਤ ਬਸ ਚਲਾਉਂਦੇ ਹਨ। ਬਾਕੀ ਜਿਹੜਾ ਤੁਸੀਂ ਕਿਹਾ ਹੈ ਕਿ ਫਿਕਟੀਸ਼ੀਅਸ ਰੂਟ ਪਰਮਿਟ ਤੇ ਚਲਾਉਂਦੇ ਹਨ ਉਹਦੇ ਬਾਰੇ ਮੈਂ ਬੜਾ ਕਲੀਅਰ ਜਵਾਬ ਦਿੱਤਾ ਹੈ that no fictitious route permit was found.

**ਕਾਮਰੇਡ ਤਰਸੇਮ ਜੋਧਾਂ** : ਸਪੀਕਰ ਸਾਹਿਬ, ਮੈਂ ਮਿਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 13 ਰੂਟਾਂ ਬਾਰੇ ਟਰਾਂਸਪੋਰਟ ਯੂਨੀਅਨ ਵੱਲੋਂ ਕੰਪਲੇਂਟ ਕੀਤੀ ਗਈ ਹੈ, ਉਹਦੇ ਬਾਰੇ ਇਹ ਕੋਈ ਇਨਕੁਆਰੀ ਕਰਾਉਣ ਦਾ ਵਿਸ਼ਵਾਸ ਦਿਵਾਉਣਗੇ ?

**ਸ੍ਰੀ ਸਪੀਕਰ** : ਇਸ ਦੇ ਬਾਰੇ ਤੁਸੀਂ ਸੈਪਰੇਟ ਸਵਾਲ ਦੇ ਦਿਉ।

Original with;
Punjab Vidhan Sabha
Digitized by;
Panjab Digital Library

### ਖੇਡਾਂ ਦੇ ਨਵੇਂ ਸਕੂਲ/ਕਾਲਜ ਖੋਲ੍ਹਣਾ

*885. **ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਯੁਵਕ ਸੇਵਾਵਾਂ ਅਤੇ ਖੇਡਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਇਸ ਸਮੇਂ ਰਾਜ ਵਿਚ ਖੇਡਾਂ ਦੇ ਕਿੰਨੇ ਸਕੂਲ/ਕਾਲਜ ਹਨ;

(ਅ) ਕੀ ਸਰਕਾਰ ਦਾ ਰਾਜ ਵਿਚ ਖੇਡਾਂ ਦੇ ਹੋਰ ਸਕੂਲ/ਕਾਲਜ ਖੋਲ੍ਹਣ ਦਾ ਵਿਚਾਰ ਹੈ; ਜੇਕਰ ਹੈ, ਤਾਂ ਉਨ੍ਹਾਂ ਥਾਵਾਂ ਦੇ ਨਾਂ ਕੀ ਕੀ ਹਨ ਜਿਥੇ ਇਨ੍ਹਾਂ ਦੇ ਖੋਲ੍ਹੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਮਨਿੰਦਰਜੀਤ ਸਿੰਘ ਬਿੱਟਾ** (ਰਾਜ ਮੰਤਰੀ, ਲੋਕ ਨਿਰਮਾਣ (ਜਨ ਸਿਹਤ) : (ੳ) ਇਸ ਸਮੇਂ ਪੰਜਾਬ ਰਾਜ ਵਿੱਚ ਖੇਡਾਂ ਦੇ 2 ਸਕੂਲ/ਕਾਲਜ ਹਨ।

(ਅ) ਨਹੀਂ ਜੀ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਇਹ ਕਹਿ ਰਹੀ ਹੈ ਕਿ ਅਸੀਂ ਪੰਜਾਬ ਦਾ ਖੇਡਾਂ ਵਿੱਚ ਖੁੱਸਿਆ ਹੋਇਆ ਵਕਾਰ ਬਹਾਲ ਕਰਨ ਲਈ ਇੰਟਰਨੈਸ਼ਨਲ ਪੱਧਰ ਦੇ ਖਿਡਾਰੀ ਪੈਦਾ ਕਰਨ ਲਈ ਬਹੁਤ ਗੰਭੀਰ ਹਾਂ। ਕੀ ਮੰਤਰੀ ਜੀ ਇਥੇ ਜਾਣੂ ਕਰਾਉਣਗੇ ਕਿ ਕਿਹੜੇ ਢੰਗ ਅਤੇ ਤਰੀਕਿਆਂ ਨਾਲ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕੀਤੇ ਜਾਣ ਦਾ ਪੰਜਾਬ ਸਰਕਾਰ ਵਿਚਾਰ ਰਖਦੀ ਹੈ?

**ਸ੍ਰੀ ਸਪੀਕਰ** : ਕਰੀਮਪੁਰੀ ਜੀ, ਤੁਸੀਂ ਇਹ ਪੁਛਿਆ ਹੈ ਕਿ ਕਿੰਨੇ ਸਕੂਲ ਅਤੇ ਕਾਲਜ ਚਲ ਰਹੇ ਹਨ, ਉਹ ਜਵਾਬ ਆ ਗਿਆ ਹੈ। ਫਿਰ ਤੁਸੀਂ ਪੁਛਿਆ ਹੈ ਕਿ ਹੋਰ ਵੀ ਕੋਈ ਖੋਲ੍ਹੇ ਜਾਣੇ ਹਨ ਉਸਦਾ ਜਵਾਬ ਵੀ ਆ ਗਿਆ ਹੈ। ਹੁਣ ਤੁਹਾਡਾ ਸਵਾਲ ਦੂਜਾ ਹੈ, ਜਿਸ ਦੇ ਬਾਰੇ ਤੁਸੀਂ ਜਨਰਲ ਡਿਸਕਸ਼ਨ ਵਿੱਚ ਗੱਲ ਕਰ ਸਕਦੇ ਹੋ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਖੇਡਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਨਿਕਟ ਭਵਿੱਖ ਵਿੱਚ ਕੋਈ ਪਲਾਨਿੰਗ ਹੈ? ਕੀ ਮੰਤਰੀ ਜੀ ਪੰਜਾਬ ਵਿੱਚ ਹੋਰ ਖੇਡਾਂ ਦੇ ਸਕੂਲ, ਕਾਲਜ ਖੋਲ੍ਹਣ ਦਾ ਵਿਸ਼ਵਾਸ ਦਿਵਾਉਣਗੇ?

**ਰਾਜ ਮੰਤਰੀ, ਲੋਕ ਨਿਰਮਾਣ (ਜਨ ਸਿਹਤ)** : ਸਪੀਕਰ ਸਾਹਿਬ, ਵਿਚਾਰ ਅਧੀਨ ਹਨ।

---

### ਨਿਸ਼ਾਨਵਾਲਾ ਪ੍ਰਸ਼ਨ ਨੰਬਰ 932

**ਸ੍ਰੀ ਸਪੀਕਰ** : ਇਸ ਸਵਾਲ ਬਾਰੇ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ। ਅਗਲਾ ਸਵਾਲ।

---

### ਨਿਹਾਲ ਸਿੰਘ ਵਾਲਾ ਵਿਖੇ ਕਾਲਜ ਖੋਲ੍ਹਣਾ

*920. **ਕਾਮਰੇਡ ਅਜਾਇਬ ਸਿੰਘ ਰੌਂਤਾ**: ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਜ਼ਿਲ੍ਹਾ ਫਰੀਦਕੋਟ ਵਿਚ ਨਿਹਾਲ ਸਿੰਘ ਵਾਲਾ ਵਿਖੇ ਕੋਈ ਕਾਲਜ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਾਲਜ ਕਦੋਂ ਤੱਕ ਖੋਲ੍ਹੇ ਜਾਣ ਦੀ ਤਜਵੀਜ਼ ਹੈ?

---

*For Starred Question No. 932 and reply thereto, please see P. V. S. Debates dated 6th April, 1993.

Original with;
Punjab Vidhan Sabha
Digitized by;
Panjab Digital Library

ਸ੍ਰੀ ਹਰਨਾਮ ਦਾਸ ਜੌਹਰ: ਨਹੀਂ ਜੀ।

**ਕਾਮਰੇਡ ਅਜਾਇਬ ਸਿੰਘ ਰੌਂਤਾ:** ਸਪੀਕਰ ਸਾਹਿਬ, ਮੇਰੀ ਪਹਿਲੀ ਸਪਲੀਮੈਂਟਰੀ ਤਾਂ ਹੈ ਕਿ ਮੰਤਰੀ ਜੀ ਕਹਿ ਰਹੇ ਹਨ ਕਿ ਸਪੀਕਰ ਸਾਹਿਬ ਨਹੀਂ ਜੀ। ਸਪੀਕਰ ਸਾਹਿਬ ਤਾਂ ਬੈਠੇ ਹਨ। ਅਸੀਂ ਤਾਂ ਕਦਰ ਕਰਦੇ ਹਾਂ ਪਰ ਇਹ ਨਹੀਂ ਕਰਦੇ।

ਮੇਰੀ ਦੂਸਰੀ ਬੇਨਤੀ ਹੈ ਕਿ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਿਤੀ 4 ਅਪਰੈਲ, 1992 ਨੂੰ ਸਾਡੇ ਪੰਜਾਬ ਦੇ ਮੁੱਖ ਮੰਤਰੀ ਜੀ ਜਦੋਂ ਨਿਹਾਲ ਸਿੰਘ ਵਾਲਾ ਗਏ ਸੀ, ਉਥੇ ਉਨ੍ਹਾਂ ਨੇ ਬਹੁਤ ਭਾਰੀ ਰੈਲੀ ਨੂੰ ਸੰਬੋਧਨ ਕਰਦਿਆਂ ਕਾਲਜ ਖੋਲ੍ਹ ਦੇਣ ਦੀ ਮੰਗ ਨੂੰ ਸਵੀਕਾਰ ਕੀਤਾ ਸੀ। ਜਿਹੜੀ ਮੈਨੂੰ ਜਾਣਕਾਰੀ ਹੈ ਉਸਦੇ ਮੁਤਾਬਿਕ ਉਸ ਇਲਾਕੇ ਵਿੱਚ ਇਸ 21 ਤਾਰੀਖ ਨੂੰ ਮਾਨਯੋਗ ਮੁੱਖ ਮੰਤਰੀ ਜੀ ਕਾਲਜ ਦਾ ਨੀਂਹ-ਪੱਥਰ ਰੱਖ ਰਹੇ ਹਨ। ਕੀ ਵਿਦਿਆ ਮਹਿਕਮੇ ਦੇ ਧਿਆਨ ਵਿੱਚ ਇਹ ਗੱਲ ਹੈ?

**ਮੰਤਰੀ:** ਸਪੀਕਰ ਸਾਹਿਬ, ਇਹ ਨਿਹਾਲਸਿੰਘ ਵਾਲਾ ਬਾਰੇ ਗੱਲ ਹੈ ਅਤੇ ਉਸਤੇ ਈਸਟ, ਵੈਸਟ, ਨਾਰਥ ਅਤੇ ਸਾਊਥ ਵਿੱਚ 7 ਕਾਲਜ ਹਨ ਜਿਨ੍ਹਾਂ ਦਾ ਡਿਸਟੈਂਸ 25 ਕਿਲੋਮੀਟਰ, 20 ਕਿਲੋਮੀਟਰ 35 ਕਿਲੋਮੀਟਰ ਅਤੇ 40 ਕਿਲੋਮੀਟਰ ਹੈ ਅਤੇ ਉਸਦੇ ਕਰੀਬ ਰੋਡੇ ਕਾਲਜ ਹੈ ਜਿਸ ਵਿੱਚ 55 ਬੱਚੇ ਪੜ੍ਹਦੇ ਹਨ। ਜਿਹੜਾ ਇਹ ਕਾਲਜ ਮੰਗਦੇ ਹਨ, ਇਹ ਉਸ ਤੋਂ ਸਿਰਫ 25 ਕਿਲੋਮੀਟਰ ਦੂਰ ਹੈ।

ਇਨ੍ਹਾਂ ਨੇ ਸੀ. ਐਮ. ਸਾਹਿਬ ਦਾ ਜ਼ਿਕਰ ਕੀਤਾ ਹੈ। ਅਗਰ ਸੀ. ਐਮ ਸਾਹਿਬ ਨੇ ਇਹ ਗੱਲ ਕਹੀ ਹੈ ਤਾਂ ਜਦ ਉਹ ਹੁਕਮ ਕਰਨਗੇ, ਉਦੋਂ ਹੀ ਇਹ ਕੰਮ ਹੋ ਸਕਦਾ ਹੈ। ਅਗਰ ਉਨ੍ਹਾਂ ਨੇ ਇਹ ਐਲਾਨ ਕੀਤਾ ਹੈ ਤਾਂ ਜ਼ਰੂਰ ਇਹ ਕਾਲਜ ਖੋਲ੍ਹਿਆ ਜਾਵੇਗਾ ਲੇਕਿਨ ਮੇਰੇ ਨੋਟਿਸ ਵਿਚ ਇਹ ਚੀਜ਼ ਨਹੀਂ ਹੈ।

**ਕਾਮਰੇਡ ਅਜਾਇਬ ਸਿੰਘ ਰੌਂਤਾ:** ਸਪੀਕਰ ਸਾਹਿਬ, ਕੀ ਇਹ ਗੱਲ ਸਰਕਾਰ ਦੇ ਧਿਆਨ ਵਿਚ ਹੈ ਕਿ ਇਲਾਕੇ ਦੀ ਇਸ ਮੰਗ ਨੂੰ ਮੁੱਖ ਰਖਦਿਆਂ ਹੋਇਆ ਉਥੋਂ ਦੇ ਲੋਕਾਂ ਨੇ 25 ਏਕੜ ਇਕ, 9 ਏਕੜ ਇਕ ਅਤੇ 6 ਏਕੜ ਇਕ, ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ ਹੋਈ ਹੈ ਅਤੇ ਸਾਢੇ ਛੇ ਲੱਖ ਰੁਪਿਆ ਇਸ ਕੰਮ ਲਈ ਜਮ੍ਹਾਂ ਹੋਇਆ ਹੋਇਆ ਹੈ। ਇਸ ਹਾਲਾਤ ਵਿਚ ਮੁੱਖ ਮੰਤਰੀ ਜੀ ਇਹ ਜਵਾਬ ਦੇਣ ਦੀ ਕ੍ਰਿਪਾ ਕਰਨ ਕਿ ਕੀ ਇਹ ਉਸ ਕਾਲਜ ਦਾ ਨੀਂਹ-ਪੱਥਰ ਰੱਖਣ ਜਾ ਰਹੇ ਹਨ?

**ਮੁੱਖ ਮੰਤਰੀ:** ਸਪੀਕਰ ਸਾਹਿਬ, ਇਹ ਸਵਾਲ ਮੇਰੇ ਨਾਲ ਤਾਅਲੁਕ ਰੱਖਦਾ ਹੈ। ਇਸ ਵੇਲੇ ਜ਼ਿਆਦਾ ਆਰਟਸ ਕਾਲਜ ਖੋਲ੍ਹਣ ਦਾ ਸਰਕਾਰ ਦਾ ਕੋਈ ਵਿਚਾਰ ਨਹੀਂ ਹੈ। ਇਹ ਠੀਕ ਹੈ ਕਿ ਇਸ ਕੰਮ ਵਾਸਤੇ ਕਾਫੀ ਜ਼ਮੀਨ ਉਥੇ ਪਈ ਹੋਈ ਹੈ। ਸਰਦਾਰ ਦਰਸ਼ਨ ਸਿੰਘ ਬਰਾੜ ਉਥੋਂ ਦੇ ਰਹਿਣ ਵਾਲੇ ਹਨ, ਜਿੱਤ ਕੇ ਭਾਵੇਂ ਇਹ ਕਿਤੋਂ ਹੋਰ ਆਏ ਹਨ, ਇਨ੍ਹਾਂ ਨੂੰ ਮੈਂ ਕਿਹਾ ਹੈ ਕਿ ਉਥੇ ਕੋਈ ਟੈਕਨੀਕਲ ਇੰਸਟੀਚਿਊਸ਼ਨ ਖੋਲ੍ਹਣ ਬਾਰੇ ਵਿਚਾਰ ਕਰ ਲੈਂਦੇ ਹਾਂ ਲੇਕਿਨ ਆਰਟਸ ਕਾਲਜ ਨਹੀਂ।

**ਸ੍ਰੀ ਸਪੀਕਰ:** ਸਵਾਲਾਂ ਦਾ ਟਾਈਮ ਖ਼ਤਮ ਹੋ ਗਿਆ ਹੈ।

**ਸਰਦਾਰ ਨਿਰਮਲ ਸਿੰਘ ਕਿਮਾ:** ** ** **

**Mr. Speaker:** This is no point of order, ਮੈਂ ਇਸ ਨੂੰ ਅਲਾਓ ਨਹੀਂ ਕਰਦਾ। This is reflection on the House, ਇਨ੍ਹਾਂ ਦੇ ਇਹ ਲਫਜ਼ ਡਿਲੀਟ ਕਰ ਦਿੱਤੇ ਜਾਣ। ਜੋ ਕੁਝ ਇਨ੍ਹਾਂ ਨੇ ਬੋਲਿਆ ਹੈ, ਉਹ ਕਾਰਵਾਈ ਵਿਚ ਨਹੀਂ ਆਵੇਗਾ। ਤੁਸੀਂ ਆਪਣੀ ਸੀਟ ਤੇ ਬੈਠੋ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ**: ਸਪੀਕਰ ਸਾਹਿਬ, ਮੈਂ ਇਕ ਬਹੁਤ ਅਹਿਮ ਲੋਕ ਮਹੱਤਤਾ ਦਾ ਮਸਲਾ ਇਸ ਸਦਨ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ...... (ਮਾਨਯੋਗ ਮੈਂਬਰ ਸਰਦਾਰ ਨਿਰਮਲ ਸਿੰਘ ਨਿਮਾ ਜੀ ਵਲੋਂ ਵਿਘਨ)

**ਸ੍ਰੀ ਸਪੀਕਰ**: ਨਿਮਾ ਜੀ, ਤੁਸੀਂ ਆਪਣੀ ਸੀਟ ਤੇ ਬੈਠੋ, ਇੰਟਰੱਪਟ ਨਾ ਕਰੋ।

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ**: ** ** **

**ਸ੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਪਹਿਲਾਂ ਇਸ ਨੂੰ ਪਰਾਪਰ ਸ਼ੇਪ ਦਿਓ।

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, ਕਾਮਰੇਡ ਸਾਹਿਬ ਨੇ ਪਬਲਿਕ ਇੰਪਾਰਟੈਂਸ ਦਾ ਬਹੁਤ ਅਹਿਮ ਮਸਲਾ ਉਠਾਇਆ ਹੈ......

**ਸ੍ਰੀ ਸਪੀਕਰ**: ਮੈਂ ਉਨ੍ਹਾਂ ਨੂੰ ਕਿਹਾ ਹੈ ਕਿ ਪਹਿਲਾਂ ਇਸ ਨੂੰ ਪਰਾਪਰ ਸ਼ੇਪ ਦਿਓ।

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ** ** **

**ਸ੍ਰੀ ਸਪੀਕਰ**: ਜਨਰਲ ਐਲੀਗੇਸ਼ਨ ਕੁਰੱਪਸ਼ਨ ਤੇ ਮੈਂ ਅਲਾਓ ਨਹੀਂ ਕਰਦਾ ਇਹ ਡੀਲੀਟ ਕੀਤਾ ਜਾਂਦਾ ਹੈ। ਤੁਸੀਂ ਕੋਈ ਸਪੈਸੇਫਿਕ ਮਸਲਾ ਉਠਾਓ।

**ਸ੍ਰੀ ਮਦਨ ਮੋਹਨ ਮਿੱਤਲ**: ਸਪੀਕਰ ਸਾਹਿਬ, ਬਜਟ ਸੈਸ਼ਨ ਚਲ ਰਿਹਾ ਹੈ। ਮੈਂ ਪੰਜਾਬ ਸਰਕਾਰ ਦੇ ਧਿਆਨ ਵਿਚ ਇੱਕ ਗੱਲ ਲਿਆਉਣੀ ਚਾਹੁੰਦਾ ਹਾਂ ਜੋ ਕਿ ਅਖਬਾਰ ਵਿੱਚ ਵੀ ਛਪੀ ਹੈ 'No work no pay' imposed by the Punjab Government, ਇਸ ਗੱਲ ਤੇ ਬਜਟ ਵਿੱਚ ਜਾਂ ਉਸ ਤੋਂ ਪਹਿਲਾ ਗਵਰਨਰ ਐਡਰੈਸ ਵਿੱਚ ਸਰਕਾਰ ਦੀ ਪਾਲਿਸੀ ਬਾਰੇ ਕੋਈ ਸਟੇਟਮੈਂਟ ਨਹੀਂ ਆਈ ਕਿ ਇਹ ਸਰਕਾਰ ਦੇ ਵਿਚਾਰ ਅਧੀਨ ਹੈ। ਜੋ ਸਰਕਾਰ ਦਾ ਇਹ ਪਾਲਿਸੀ ਅਡਾਪਟ ਕਰਨ ਦਾ ਵਿਚਾਰ ਹੈ। ਇਸ ਦੇ ਬਾਰੇ ਹਾਊਸ ਦੇ ਵਿੱਚ ਜਾਣਕਾਰੀ ਆਉਣੀ ਬਹੁਤ ਜ਼ਰੂਰੀ ਹੈ ਕਿਉਂਕਿ ਪੰਜਾਬ ਸਰਕਾਰ ......

**ਸ੍ਰੀ ਸਪੀਕਰ**: ਤੁਸੀਂ ਅਖਬਾਰ ਦਾ ਕੋਈ ਰੈਫਰੈਂਸ ਨਹੀਂ ਕਰ ਸਕਦੇ।

**ਸ੍ਰੀ ਮਦਨ ਮੋਹਨ ਮਿੱਤਲ**: ਅਗਰ ਸਰਕਾਰ ਦੀ ਇਹ ਪਾਲਿਸੀ ਵਿਚਾਰ ਅਧੀਨ ਹੈ ਤਾਂ...

**ਸ੍ਰੀ ਸਪੀਕਰ**: ਮਿੱਤਲ ਜੀ, ਮੈਂ ਇਸ ਦਾ ਨੋਟਿਸ ਨਹੀਂ ਲੈਂਦਾ।

**ਸ੍ਰੀ ਮਦਨ ਮੋਹਨ ਮਿੱਤਲ**: ਸਰਕਾਰ ਦੇ ਕਰਮਚਾਰੀ ਹੜਤਾਲ ਤੇ ਜਾ ਰਹੇ ਹਨ ਔਰ ਸਰਕਾਰ 'No work no pay' ਦੀ ਪਾਲਿਸੀ ਅਡਾਪਟ ਕਰਨ ਜਾ ਰਹੀ ਹੈ। ਇਸ ਕਰਕੇ ਇਸ ਸਦਨ ਨੂੰ ਦੱਸਿਆ ਜਾਵੇ ਕਿ ਕੀ ਇਹ ਪਾਲਿਸੀ ਸਰਕਾਰ ਦੇ ਵਿਚਾਰ ਅਧੀਨ ਹੈ ? ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਉਂਕਿ ਹਿਮਾਚਲ ਪ੍ਰਦੇਸ਼ ਦੇ ਵਿੱਚ ਜਦੋਂ ਇਹ ਪਾਲਿਸੀ ਲਾਗੂ ਕੀਤੀ ਗਈ ਸੀ ਤਾਂ ਕਾਂਗਰਸ ਪਾਰਟੀ ਨੇ ਇਸ ਦਾ ਵਿਰੋਧ ਕੀਤਾ ਸੀ......

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਮਿੱਤਲ ਜੀ, ਜਨਰਲ ਡਿਸਕਸ਼ਨ ਹੋਣੀ ਹੈ, ਉਸ ਤੇ ਤੁਸੀਂ ਆਪਣਾ ਪੁਆਇੰਟ ਰੇਜ਼ ਕਰ ਲੈਣਾ. Please sit down you can raise this point in discussion.

(ਇਸ ਵੇਲੇ ਮਾਨਯੋਗ ਮੈਂਬਰ ਕਾਮਰੇਡ ਗੁਰਨਾਮ ਸਿੰਘ ਪੀਰੋਂਵਾਲ ਕਾਮਰੇਡ ਤਰਸੇਮ ਸਿੰਘ ਜੋਧਾਂ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਅਤੇ ਹੋਰ ਕਈ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ) ।

ਸ੍ਰੀ ਸਪੀਕਰ : ਕਾਮਰੇਡ ਪੀਰੋਂਵਾਲ ਜੀ, ਮੈਂ ਪਹਿਲਾਂ ਤੁਹਾਨੂੰ ਪੁਆਇੰਟ ਆਫ ਆਰਡਰ ਇਕ ਵਾਰ ਅਲਾਓ ਕਰ ਚੁੱਕਾ ਹਾਂ। ਕਾਮਰੇਡ ਤਰਸੇਮ ਸਿੰਘ ਜੋਧਾਂ ਜੀ ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ ?

---

## WALK OUT

ਕਾਮਰੇਡ ਗੁਰਨਾਮ ਸਿੰਘ ਪੀਰੋਂਵਾਲ : ਸਪੀਕਰ ਸਾਹਿਬ, ਤੁਸੀਂ ਸਾਡੀ ਗੱਲ ਨਹੀਂ ਸੁਣਦੇ ਇਸ ਲਈ ਅਸੀਂ ਪਰੋਟੈਸਟ ਵੱਜੋਂ ਵਾਕਆਊਟ ਕਰਦੇ ਹਾਂ। ਇਸ ਸਮੇਂ ਸੀ.ਪੀ.ਆਈ. ਦੇ ਹਾਜ਼ਰ ਮਾਨਯੋਗ ਮੈਂਬਰ ਸਾਹਿਬਾਨ ਵਾਕਆਊਟ ਕਰ ਗਏ।

ਕਾਮਰੇਡ ਤਰਸੇਮ ਜੋਧਾਂ ** ** **

**Mr. Speaker** : I have not allowed it. It is no point of order. Nothing is on the record. Please resume your seat.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ** ** **

ਸ੍ਰੀ ਸਪੀਕਰ: ਐਜੂਕੇਸ਼ਨ ਦੀਆਂ ਡੀਮਾਂਡਜ਼ ਤੁਹਾਡੇ ਸਾਹਮਣੇ ਆ ਰਹੀਆਂ ਹਨ।

You can speak on these demands. I have not allowed it. It is no Point of Order.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਜਨ ਹਿਤ ਦੇ ਮਤ ਦੀ ਗੱਲ ਕਰਦੀ ਹਾਂ। ਮਿਹਰਬਾਨੀ ਸਾਹਿਬ ਆਪਣੀ ਕੋਈ ਨੀਤੀ (ਵਿਘਨ) ।

ਸ੍ਰੀ ਸਪੀਕਰ : ਮੈਂ ਤੁਹਾਨੂੰ ਡੀਮਾਂਡਜ਼ ਤੇ ਬੋਲਣ ਲਈ ਟਾਈਮ ਦਿਆਂਗਾ। ਐਜੂਕੇਸ਼ਨ ਦੀਆਂ ਡੀਮਾਂਡਜ਼ ਤੇ ਡਿਸਕਸ਼ਨ ਹੋਣੀ ਹੈ ਉਸ ਵੇਲੇ ਤੁਸੀਂ ਡਿਸਕਸ਼ਨ ਕਰ ਲੈਣਾ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ ** ** **

**Mr. Speaker** : It is no Point of Order. I have not allowed it.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ** ** **

(ਸ਼ੋਰ) (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਪ੍ਰਿਵਿਲੇਜ ਮੋਸ਼ਨ ਆਈ ਹੈ ਅਤੇ ਉਹ ਅੰਡਰ ਕਨਸਿਡਰੇਸ਼ਨ ਹੈ।

ਸ੍ਰੀ ਮਦਨ ਮੋਹਨ ਮਿੱਤਲ : ਸਰ, ਪਰਸੋਂ ਜੋ ਕੁਝ ਹੋਇਆ ਹੈ। ਉਸ ਦੇ ਬਾਰੇ ਜੋ ਪ੍ਰਿਵਿਲੇਜ ਮੋਸ਼ਨ ਦਿੱਤੀ ਹੈ, ਉਸ ਦੇ ਬਾਰੇ ਕੀ ਫੈਸਲਾ ਹੈ?

**Mr. Speaker** : That Privilage Motion is under my consideration. I will give my ruling on that (Noise).

We now come to the next item presentation of Reports.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

## PRESENTATION OF REPORTS OF THE COMMITTEE ON PUBLIC ACCOUNTS

**Chairman, Public Accounts Committee (Shri Khushhal Behl)** :— Sir, I beg to present the—

(i) 86th Report of the Committee on Public Accounts on the Appropriation Accounts of the Government of Punjab for the year 1975-76, 1976-77, 1977-78, 1978-79 and 1979-80 and the Reports of the Comptroller and Auditor General of India (Civil) thereon ; and

(ii) 87th Report of the Committee on Public Accounts on the Appropriation Accounts of the Government of Punjab for the years 1974-75, 1975-76, 1976-77 and 1977-78 and the Reports of the Comptroller and Auditor General of India (Revenue Receipts) thereon relating to the Transport Department.

---

## WALK-OUT

(ਇਸ ਸਮੇਂ ਬੀ.ਐਸ.ਪੀ. ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਨਾਹਰੇ ** ** ** ** ** ਮਾਰਦੇ ਹੋਏ ਵਾਕ-ਆਊਟ ਕਰ ਗਏ। ਉਨ੍ਹਾਂ ਦੇ ਨਾਲ ਹੀ ਜਨਤਾ ਦਲ, ਸੀ.ਪੀ.ਆਈ. (ਐਮ.) ਅਤੇ ਆਈ.ਪੀ.ਐਫ. ਦੇ ਮੈਂਬਰ ਸਾਹਿਬਾਨ ਵੀ ਵਾਕ-ਆਊਟ ਕਰ ਗਏ ।)

---

## PRESENTATION OF REPORT OF THE COMMITTEE ON THE WELFARE OF SCHEDULED CASTES, SCHEDULED TRIBES AND BACKWARD CLASSES

ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼ਰੇਣੀਆਂ ਦੀ ਭਲਾਈ ਲਈ ਕਮੇਟੀ (ਚੌਧਰੀ ਸੰਤੋਖ ਸਿੰਘ) : ਸਰ, ਮੈਂ ਪੇਸ਼ ਕਰਦਾ ਹਾਂ —

(i) ਸਿੰਜਾਈ ਵਿਭਾਗ ਦੀਆਂ ਸੇਵਾਵਾਂ ਅਤੇ ਆਸਾਮੀਆਂ ਵਿਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਲਈ ਰਿਜ਼ਰਵੇਸ਼ਨ ਸਬੰਧੀ ਸਾਲ 1992-93 ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼ਰੇਣੀਆਂ ਦੀ ਭਲਾਈ ਲਈ ਕਮੇਟੀ ਦੀ 14ਵੀਂ ਰਿਪੋਰਟ ; ਅਤੇ

(ii) ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀਆਂ ਸੇਵਾਵਾਂ ਅਤੇ ਆਸਾਮੀਆਂ ਵਿਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਲਈ ਰਿਜ਼ਰਵੇਸ਼ਨ ਸਬੰਧੀ ਸਾਲ 1992-93 ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼ਰੇਣੀਆਂ ਦੀ ਭਲਾਈ ਲਈ ਕਮੇਟੀ ਦੀ 15ਵੀਂ ਰਿਪੋਰਟ ।

**Mr. Speaker** : Whatever slogans have been raised in this House, they are not to form part of the record.

---

## DISCUSSION AND VOTING ON DEMANDS FOR GRANTS FOR THE YEAR 1993-94

**Mr. Speaker** : There are two Demands i.e. Demand No. 5 and Demand No. 25 relating to Education and Social and Women's Welfare

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[Mr. Speaker]

and Welfare of Scheduled Castes and Backward Classes respectively which are to be discussed and voted upon today. If the Hon'ble Members agree, these Demands may be deemed to have been read and moved and discussed together.

(Voices : yes, yes)

**Demand No. 5**

That a sum not exceeding Rs. 6,96,17,79,000 on Revenue Account and Rs. 5,88,25,000 on Capital Account be granted to the Governor to defray the charges that will come in course of payment for the year 1993-94, in respect of Education.

**Demand No. 25**

That a sum not exceeding Rs. 55,08,96,000 on Revenue Account and Rs. 15,20,000 on Capital Account be granted to the Governor to defray the charges that will come in course of payment for the year 1993-94. in respect of Social and Women's Welfare and Welfare of Scheduled Castes and Backward Classes.

**Mr. Speaker :** The hon'ble members may indicate the Demand No. on which they would like to raise the discussion. At the end, I shall put the Demands one by one to the Vote of the House.

ਸ੍ਰੀ ਮਦਨ ਮੋਹਨ ਮਿੱਤਲ : ** ** **

**Mr. Speaker :** I have heard them. I have not allowed. Please sit down. No, no, I have not allowed. It should not from part of the record. You are not g ing on record.

## WALK OUT

(At this stage, members belonging to B. J. P. present in the House. walked out).

## DISCUSSION AND VOTING ON DEMANDS FOR GRANTS FOR THE YEAR 1993-94 (*Resumption*)

ਸ੍ਰੀ ਸਪੀਕਰ : ਬੀਬੀ ਸੁਰਜੀਤ ਕੌਰ ਜੀ, ਐਜੂਕੇਸ਼ਨ ਐਂਡ ਸੋਸ਼ਲ ਵੈਲਫੇਅਰ ਡਿਮਾਂਡਜ਼ ਤੇ ਬੋਲੋ ਜੀ।

ਸ੍ਰੀਮਤੀ ਸੁਰਜੀਤ ਕੌਰ ਕਾਲਕਟ : ਮਾਨਯੋਗ ਸਪੀਕਰ ਸਾਹਿਬ, ਮੈਂ ਟਾਈਮ ਕੱਲ੍ਹ ਨੂੰ ਲਵਾਂਗੀ ਕਿਉਂਕਿ ਮੈਂ ਅੱਜ ਤਿਆਰੀ ਨਹੀਂ ਕੀਤੀ ਅਤੇ ਨਾ ਹੀ ਮੈਂ ਟਾਈਮ ਮੰਗਿਆ ਹੈ, ਇਸ ਲਈ ਮੈਂ ਖਿਮਾਂ ਦੀ ਜਾਚਿਕ ਹਾਂ।

ਸ੍ਰੀ ਸਪੀਕਰ : ਐਜੂਕੇਸ਼ਨ ਅਤੇ ਸੋਸ਼ਲ ਵੈਲਫੇਅਰ ਤੇ ਤਾਂ ਤੁਸੀਂ ਕੱਲ੍ਹ ਨੂੰ ਨਹੀਂ ਬੋਲ ਸਕਦੀ ਕਿਉਂਕਿ ਕੱਲ੍ਹ ਤਾਂ ਹੋਰ ਬਿਜ਼ਨਸ ਹੋਵੇਗਾ। ਚਲੋ ਠੀਕ ਹੈ, ਸਰਦਾਰ ਦੀਸ਼ਰ ਸਿੰਘ ਜੀ, ਤੁਸੀਂ ਬੋਲੋ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਈਸ਼ਰ ਸਿੰਘ (ਕੁੰਮਕਲਾਂ, ਐਮ.ਸੀ.)** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਦੀ ਡੀਮਾਂਡਜ਼ ਤੇ ਬੋਲਣ ਦਾ ਸਮਾਂ ਦਿੱਤਾ ਹੈ ।

**Comrade Baldev Singh Balamgarh** : On a point of order, Sir.

**Mr. Speaker** : Point of order is over now. We have come to the regular proceedings. No Interruption. Please sit down.

## WALK-OUT

**ਕਾਮਰੇਡ ਬਲਦੇਵ ਸਿੰਘ ਬਲਮਗੜ੍ਹ** : ਸਪੀਕਰ ਸਾਹਿਬ, ਜੇ ਤੁਸੀਂ ਮੈਨੂੰ ਬੋਲਣ ਲਈ ਸਮਾਂ ਨਹੀਂ ਦੇਣਾ ਤਾਂ ਮੈਂ ਵੀ ਵਾਕ-ਆਊਟ ਕਰਦਾ ਹਾਂ।

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਬਲਦੇਵ ਸਿੰਘ ਬਲਮਗੜ੍ਹ ਸਦਨ ਤੋਂ ਬਾਹਰ ਚਲੇ ਗਏ ) ।

## DISCUSSION AND VOTING ON DEMANDS FOR GRANTS FOR THE YEAR 1993-94. (*Resumption*)

**ਸਰਦਾਰ ਈਸ਼ਰ ਸਿੰਘ** : ਸਪੀਕਰ ਸਾਹਿਬ, ਫਰਵਰੀ, 1992 ਵਿੱਚ ਪੰਜਾਬ ਸਰਕਾਰ ਨੇ ਆਪਣਾ ਕਾਰਜ-ਭਾਰ ਸੰਭਾਲਿਆ। ਇਸ ਤੋਂ ਪਹਿਲਾਂ ਜੋ 10 ਸਾਲਾਂ ਦਾ ਅਰਸਾ ਗੁਜ਼ਰਿਆ ਹੈ ਪੰਜਾਬ ਵਿੱਚ ਬਹੁਤ ਹੀ ਸਹਿਮ ਅਤੇ ਭੈਅ ਦਾ ਮਾਹੌਲ ਬਣਿਆ ਹੋਇਆ ਸੀ ਅਤੇ ਕਤਲੋਗਾਰਤ ਇੰਨੀ ਵਧ ਚੁੱਕੀ ਸੀ ਕਿ ਕਿਸੇ ਇਨਸਾਨ ਦਾ ਕਤਲ ਹੋਣਾ ਇਕ ਆਮ ਗੱਲ ਬਣ ਗਈ ਸੀ ਔਰ ਇੰਨੇ ਮਾੜੇ ਹਾਲਤਾਂ ਦੇ ਦੌਰਾਨ ਜੋ ਸਾਡੇ ਖਾਸ ਕਰਕੇ ਸਕੂਲ ਸਨ ਅਤੇ ਹੋਰ ਵਿਦਿਅਕ ਅਦਾਰੇ ਸਨ ਉਨ੍ਹਾਂ ਤੇ ਅੱਤਵਾਦ ਦਾ ਮਾੜਾ ਅਸਰ ਪਿਆ। ਅੱਤਵਾਦੀਆਂ ਵਲੋਂ ਕਾਲਾਂ ਦਿਤੀਆਂ ਜਾਂਦੀਆਂ ਸਨ ਉਨ੍ਹਾਂ ਅਦਾਰਿਆਂ ਨੂੰ ਬੰਦ ਕਰਨ ਲਈ ਅਤੇ ਸਕੂਲਾਂ ਅਤੇ ਕਾਲਜਾਂ ਵਿੱਚ ਆ ਕੇ ਧਮਕੀਆਂ ਦਿਤੀਆਂ ਜਾਂਦੀਆਂ ਸਨ ਕਿ ਸਕੂਲ ਅਤੇ ਕਾਲਜ ਬੰਦ ਕਰੋ । ਜੇ ਕੋਈ ਪ੍ਰਿੰਸੀਪਲ ਜਾਂ ਟੀਚਰ ਜੁਰਅੱਤ ਦਿਖਾਉਂਦੇ ਸਨ ਅਤੇ ਸਕੂਲ ਕਾਲਜਾਂ ਨੂੰ ਖੋਲ੍ਹਦੇ ਸਨ ਤਾਂ ਉਨ੍ਹਾਂ ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ ਜਾਂਦਾ ਸੀ। ਇਸ ਦੇ ਬਾਅਦ, ਸਪੀਕਰ ਸਾਹਿਬ, ਜਿਸ ਵਕਤ ਇਹ ਸਰਕਾਰ ਫਰਵਰੀ, 1992 ਵਿੱਚ ਵਜੂਦ ਵਿਚ ਆਈ ਤਾਂ ਇਸ ਸਦਨ ਦੇ ਮਹਾਨ ਲੀਡਰ ਅਤੇ ਸਾਡੇ ਮੁੱਖ ਮੰਤਰੀ, ਮਾਨਯੋਗ ਸਰਦਾਰ ਬੇਅੰਤ ਸਿੰਘ ਜੀ ਹੋਰਾਂ ਨੇ ਸਭ ਤੋਂ ਪਹਿਲਾਂ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨ ਵਾਸਤੇ ਅਤੇ ਪੰਜਾਬੀਆਂ ਦੇ ਮਾਲ ਅਤੇ ਜਾਨ ਦੀ ਰਖਵਾਲੀ ਵਾਸਤੇ ਉਸ ਨੂੰ ਪਹਿਲ ਦੇ ਆਧਾਰ ਤੇ ਲਿਆ ਅਤੇ ਇਸ ਦੇ ਨਾਲ ਵਿਕਾਸ ਦੇ ਕੰਮਾਂ ਨੂੰ ਵੀ ਲਿਆ ਗਿਆ। ਉਨ੍ਹਾਂ ਦੀ ਦੂਰ-ਅੰਦੇਸ਼ੀ, ਦ੍ਰਿੜ੍ਹਤਾ ਔਰ ਸਾਡੇ ਪੰਜਾਬੀਆਂ ਦੇ ਸਹਿਯੋਗ ਸਦਕਾ ਪੰਜਾਬ ਦੇ ਹਾਲਾਤ ਇਕ ਸਾਲ ਵਿੱਚ ਸ਼ਾਂਤਮਈ ਬਣੇ ਅਤੇ ਵੱਖ-ਵਾਦੀ-ਅੱਤਵਾਦੀ ਤਾਕਤਾਂ ਨੂੰ ਨੱਥ ਪਾਈ। ਮਿਊਂਸੀਪਲ ਕਮੇਟੀਆਂ ਦੀਆਂ ਚੋਣਾਂ ਹੋਈਆਂ, ਪੰਚਾਇਤ ਇਲੈਕਸ਼ਨਾਂ ਹੋਈਆਂ ਅਤੇ ਪੰਜਾਬੀਆਂ ਨੇ ਸਾਰੀ ਦੁਨੀਆਂ ਨੂੰ ਦੱਸ ਦਿੱਤਾ ਕਿ ਉਹ ਸ਼ਾਂਤੀ ਚਾਹੁੰਦੇ ਹਨ, ਪੰਜਾਬ ਦੀ ਖੁਸ਼ਹਾਲੀ ਚਾਹੁੰਦੇ ਹਨ ਔਰ ਹਿੰਦੁਸਤਾਨ ਦੀ ਏਕਤਾ ਅਤੇ ਅਖੰਡਤਾ ਚਾਹੁੰਦੇ ਹਨ । ਸਪੀਕਰ ਸਾਹਿਬ, ਜਿਸ ਤਰ੍ਹਾਂ ਜਿਵੇਂ ਜਿਵੇਂ ਸ਼ਾਂਤੀ ਦਾ ਮਾਹੌਲ ਬਣਿਆ, ਉਸ ਦੇ ਨਾਲ ਨਾਲ ਸਾਡੀ ਸਰਕਾਰ ਨੇ ਵਿਕਾਸ ਕੰਮਾਂ ਨੂੰ ਵੀ ਬਹੁਤ ਤਰਜੀਹ ਦਿੱਤੀ ਜਿਸ ਵਿਚ ਸਿੱਖਿਆ ਸਭ ਤੋਂ ਅਹਿਮ ਹੈ ਕਿਉਂਕਿ ਸਿੱਖਿਆ ਇਨਸਾਨ ਦਾ ਤੀਜਾ ਨੇਤਰ ਹੈ। ਸਿੱਖਿਆ ਦੇ ਮਾਮਲੇ ਵਿਚ ਸਰਕਾਰ ਨੇ 1993-94 ਵਾਸਤੇ 200

Original with;
Punjab Vidhan Sabha
Digitized by;
Panjab Digital Library

[ਸਰਦਾਰ ਈਸ਼ਰ ਸਿੰਘ]

ਪ੍ਰਾਇਮਰੀ ਸਕੂਲਾਂ ਨੂੰ ਅਪਗਰੇਡ ਕਰਕੇ ਮਿਡਲ ਸਕੂਲ ਬਣਾਉਣ ਦਾ, 100 ਮਿਡਲ ਸਕੂਲਾਂ ਨੂੰ ਅਪ-ਗਰੇਡ ਕਰਕੇ ਹਾਈ ਸਕੂਲ ਬਣਾਉਣ ਦਾ ਔਰ 70 ਹਾਈ ਸਕੂਲਾਂ ਨੂੰ ਅਪਗਰੇਡ ਕਰਕੇ 10+2 ਬਣਾਉਣ ਦਾ ਫੈਸਲਾ ਕੀਤਾ ਹੈ ਅਤੇ ਇਹ ਸ਼ਲਾਘਾਯੋਗ ਹੈ । ਅੰਕੜੇ ਦੱਸਦੇ ਹਨ ਕਿ ਸਾਲ 1991-92 ਦੌਰਾਨ ਜਿਹੜੀ ਫੰਡਾਂ ਦੀ ਉਪਲਭਧੀ ਕੀਤੀ ਗਈ ਸੀ, ਉਹ ਘੱਟ ਸੀ ਪਰ ਹੁਣ ਸਾਡੇ ਮਾਨਯੋਗ ਵਿੱਤ ਮੰਤਰੀ ਜੀ ਨੇ ਸਰਦਾਰ ਬੇਅੰਤ ਸਿੰਘ ਜੀ ਦੀ ਸਰਪ੍ਰਸਤੀ ਹੇਠ ਜੋ ਫੰਡ ਪ੍ਰਦਾਨ ਕੀਤੇ ਹਨ, ਉਹ ਸ਼ਲਾਘਾਯੋਗ ਹਨ। ਜਿਹੜੇ ਪ੍ਰਾਇਮਰੀ ਸਕੂਲ ਸਾਲ 1991-92 ਦੌਰਾਨ ਅਪਗਰੇਡ ਕਰਨੇ ਸਨ, ਉਨ੍ਹਾਂ ਵਾਸਤੇ ਤੇਰਾਂ ਲੱਖ ਰੁਪਿਆ ਰੱਖਿਆ ਗਿਆ ਸੀ ਪਰ ਸਾਲ 1993-94 ਵਿਚ 7 ਕਰੋੜ 1 ਲੱਖ ਰੁਪਿਆ ਰੱਖਿਆ ਗਿਆ ਹੈ ।

**ਸ੍ਰੀ ਸਪੀਕਰ :** ਤੁਸੀਂ ਸਿਰਫ ਦਸ ਮਿੰਟ ਹੀ ਬੋਲਣਾ ਹੈ ਅਤੇ ਦੋਵੇਂ ਡਿਮਾਂਡਜ਼ ਤੇ ਇੱਕਠਾ ਬੋਲਣਾ ਹੈ ।

**ਸਰਦਾਰ ਈਸ਼ਰ ਸਿੰਘ:** ਇਸੇ ਤਰ੍ਹਾਂ ਬਾਕੀ ਅਪਗਰੇਡ ਸਕੂਲਾਂ ਲਈ ਵੀ ਫੰਡਜ਼ ਦੀ ਉਪਲਭਧੀ ਕੀਤੀ ਗਈ ਹੈ। ਸੀਨੀਅਰ ਸੈਕੰਡਰੀ ਸਕੂਲਾਂ ਵਾਸਤੇ ਪਿਛਲੇ ਸਾਲ 11 ਲੱਖ ਰੁਪਿਆ ਸੀ ਜੋ ਕਿ ਇਸ ਸਾਲ ਵਧਾ ਕੇ 8 ਕਰੋੜ, 89 ਲੱਖ, 40 ਹਜ਼ਾਰ ਰੁਪਿਆ ਕਰ ਦਿੱਤਾ ਗਿਆ ਹੈ। ਇਸ ਦੇ ਨਾਲ, ਸਪੀਕਰ ਸਾਹਿਬ, ਪ੍ਰਾਇਮਰੀ ਸਕੂਲਾਂ ਵਾਸਤੇ ਇਨ-ਸਰਵਿਸ ਟਰੇਨਿੰਗ ਸੈਂਟਰ ਖੋਲ੍ਹੇ ਗਏ ਹਨ ਜਿਸ ਵਾਸਤੇ ਇੱਕ ਕਰੋੜ ਪੰਜਤਾਲੀ ਲੱਖ ਰੁਪਿਆ ਰੱਖਿਆ ਗਿਆ ਹੈ। ਸਪੀਕਰ ਸਾਹਿਬ, ਇਨ-ਸਰਵਿਸ ਟ੍ਰੇਨਿੰਗ ਸੈਂਟਰ ਜੋ ਟੀਚਰਾਂ, ਮਾਸਟਰਾਂ ਲਈ ਖੋਲ੍ਹੇ ਗਏ ਹਨ, ਉਨ੍ਹਾਂ ਵਾਸਤੇ ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਮ ਤੌਰ ਤੇ ਟੀਚਰਜ਼ ਸੀਨੀਆਰਟੀ ਬੇਸਿਸ ਤੇ ਲਾਏ ਜਾਂਦੇ ਹਨ ਪਰ ਟੀਚਰਜ਼ ਹਾਈਅਲੀ ਕੁਆਲੀਫਾਈਡ ਹੋਣੇ ਚਾਹੀਦੇ ਹਨ ਕਿਉਂਕਿ ਜਿਹੜੇ ਬਾਕੀ ਟੀਚਰ ਟ੍ਰੇਨਿੰਗ ਲੈਂਦੇ ਹਨ, ਉਨ੍ਹਾਂ ਨੂੰ ਐਟਰੈਕਸ਼ਨ ਹੋਵੇ।

ਇਸ ਦੇ ਨਾਲ ਨਾਲ, ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਨਾਨ-ਗੌਰਮਿੰਟ, ਪ੍ਰਾਈਵੇਟ ਸਕੂਲਾਂ, ਕਾਲਜਾਂ ਵਾਸਤੇ ਜੋ ਫੰਡਾਂ ਦਾ ਪ੍ਰਬੰਧ ਕੀਤਾ ਹੈ, ਉਹ ਲੱਗਭਗ 4 ਕਰੋੜ ਰੁਪਿਆ ਹੈ । ਇਸ ਦੇ ਬਾਰੇ ਵਿਚ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜ਼ਿਆਦਾਤਰ ਜੋ ਸੀਟਾਂ ਅਨੁਸੂਚਿਤ ਜਾਤੀਆਂ ਅਤੇ ਬੈਕਵਰਡ ਜਾਤੀਆਂ ਦੇ ਬੱਚਿਆਂ ਅਤੇ ਟੀਚਰਾਂ ਵਾਸਤੇ ਰਾਖਵੀਆਂ ਰੱਖੀਆਂ ਜਾਂਦੀਆਂ ਹਨ, ਉਨ੍ਹਾਂ ਤੇ ਪੂਰਾ ਗੌਰ ਨਹੀਂ ਕੀਤਾ ਜਾਂਦਾ । ਮੈਂ ਸਰਕਾਰ ਦਾ ਧਿਆਨ ਇਸ ਗੱਲ ਵੱਲ ਦਿਵਾਉਂਦਾ ਹਾਂ ਕਿ ਕੋਈ ਕਮਿਸ਼ਨ ਮੁਕੱਰਰ ਕਰਨਾ ਚਾਹੀਦਾ ਹੈ ਜਿਹੜਾ ਇਹ ਘੋਖ ਕਰੇ ਕਿ ਰਿਜ਼ਰਵੇਸ਼ਨ ਪਾਲਿਸੀ ਲਾਗੂ ਹੋ ਰਹੀ ਹੈ ਜਾਂ ਨਹੀਂ ਅਤੇ ਜੋ ਗਰਾਂਟ ਦਿੱਤੀ ਜਾਂਦੀ ਹੈ, ਉਸ ਬਾਰੇ ਵੀ ਗੌਰ ਕਰਨਾ ਚਾਹੀਦਾ ਹੈ।

ਇਸ ਤੋਂ ਬਾਅਦ ਮੈਂ ਬੇਨਤੀ ਕਰਦਾ ਹਾਂ ਕਿ ਸਾਡੇ ਗੌਰਮਿੰਟ ਸਕੂਲਾਂ ਦੀ ਪੜ੍ਹਾਈ ਦਾ ਪੱਧਰ ਕਾਫੀ ਗਿਰ ਚੁਕਾ ਹੈ । ਇਸ ਦੇ ਬਾਰੇ ਮੈਂ ਬੇਨਤੀ ਕਰਦਾ ਹਾਂ ਕਿ ਜੋ ਬੀ.ਈ.ਓ. ਜਾਂ ਬਲਾਕ ਐਜੂਕੇਸ਼ਨ ਅਫਸਰ ਚੈਕਿੰਗ ਵਾਸਤੇ ਲਗਾਏ ਗਏ ਹਨ, ਉਨ੍ਹਾਂ ਕੋਲ ਕੋਈ 400-500 ਟੀਚਰ ਆਉਂਦੇ ਹਨ। ਇਸ ਤਰ੍ਹਾਂ ਉਹ ਸਹੀ ਮਾਅਨਿਆਂ ਵਿਚ ਇੰਸਪੈਕਸ਼ਨ ਨਹੀਂ ਕਰ ਸਕਦੇ, ਇਸ ਲਈ ਇਹ ਘਟਾ ਕੇ ਲਗਭਗ 100 ਟੀਚਰ ਕੀਤੇ ਜਾਣ। ਦੂਸਰਾ ਜੋ ਬੀ.ਈ.ਓ. ਸਾਹਿਬਾਨ ਲਗਾਏ ਜਾਂਦੇ ਹਨ, ਉਨ੍ਹਾਂ ਨੂੰ ਆਮ ਤੌਰ ਤੇ ਸੀਨੀਆਰਟੀ ਬੇਸਿਸ ਤੇ ਲਗਾਇਆ ਜਾਂਦਾ ਹੈ । ਇਸ ਦੇ ਵਿੱਚ, ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਕੋਈ ਤਰਮੀਮ ਕੀਤੀ ਜਾਵੇ ਕਿ ਜੋ ਬੀ.ਈ.ਓ. ਲਗਦਾ ਹੈ ਉਸ ਦਾ

Original with;
Punjab Vidhan Sabha
Digitized by;
Panjab Digital Library

ਟੈਸਟ ਹੋਣਾ ਚਾਹੀਦਾ ਹੈ ਔਰ ਉਸ ਟੈਸਟ ਦੇ ਨਾਲ ਮੈਰਿਟ ਬਣਾਈ ਜਾਵੇ ਅਤੇ ਉਸ ਮੈਰਿਟ ਦੇ ਆਧਾਰ ਤੇ ਬੀ.ਈ.ਓ. ਲਗਾਇਆ ਜਾਵੇ ਤਾਂ ਕਿ ਸਾਡੇ ਪਿੰਡਾਂ ਵਿੱਚ ਜੋ ਸਕੂਲਾਂ ਦਾ ਮਿਆਰ ਹੈ ਉਹ ਉੱਚਾ ਹੋ ਸਕੇ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਪ੍ਰਾਈਮਰੀ ਸਕੂਲ ਹਨ ਉਨ੍ਹਾਂ ਵਿੱਚ ਬੱਚਿਆਂ ਨੂੰ ਕਸ਼ਿਸ਼ ਕਰਨ ਵਾਸਤੇ ਪ੍ਰਾਈਮਰੀ ਜਮਾਤ ਤਕ ਬੱਚਿਆਂ ਨੂੰ ਕੋਈ ਇਨਸੈਂਟਿਵਜ਼ ਦਿੱਤੇ ਜਾਣ ਜਿਵੇਂ ਕਿ ਉਨ੍ਹਾਂ ਨੂੰ ਵਰਦੀ ਔਰ ਡਾਈਟ ਵਗੈਰਾ ਦਿੱਤੀ ਜਾਵੇ ਤਾਂ ਕਿ ਜਿਹੜੀ ਸਾਡੀ ਨਵੀਂ ਜੈਨਰੇਸ਼ਨ ਹੈ ਉਹ ਸਹੀ ਮਾਅਨਿਆਂ ਵਿੱਚ ਬਿਲਟ ਅੱਪ ਹੋ ਸਕੇ ਔਰ ਹਾਈਅਲੀ ਕੁਆਲੀਫਾਈਡ ਹੋ ਕੇ ਹਿੰਦੁਸਤਾਨ ਦੀ ਔਰ ਪੰਜਾਬ ਦੀ ਤਰੱਕੀ ਵਿੱਚ ਵਾਧਾ ਕਰ ਸਕੇ।

ਸਪੀਕਰ ਸਾਹਿਬ, ਸੋਸ਼ਲ ਵੈਲਫੇਅਰ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਲਈ 55 ਕਰੋੜ 24 ਲੱਖ 16 ਹਜ਼ਾਰ ਰੁਪਏ ਦੀਆਂ ਜਿਹੜੀਆਂ ਡੀਮਾਂਡਜ਼ ਰਖੀਆਂ ਗਈਆਂ ਹਨ ਉਨ੍ਹਾਂ ਦੇ ਵਿੱਚ ਸ਼ਡਿਊਲਡ ਕਾਸਟਸ, ਸ਼ਡਿਊਲਡ ਟਰਾਈਬਜ਼ ਅਤੇ ਬੈਕਵਰਡ ਕਲਾਸਿਜ਼ ਦੀਆਂ ਵਿਧਵਾਵਾਂ ਵਾਸਤੇ, ਬੁਢਾਪਾ ਪੈਨਸ਼ਨ ਵਾਸਤੇ ਕੁਝ ਇਸ ਤਰ੍ਹਾਂ ਦਾ ਵੀ ਜੋ ਪ੍ਰਬੰਧ ਕੀਤਾ ਹੈ, ਇਹ ਸਹੀ ਮਾਅਨਿਆਂ ਵਿਚ ਇਕ ਗਰੀਬ ਵਰਗ ਨੂੰ ਉਪਰ ਉਠਾ ਕੇ ਹਿੰਦੁਸਤਾਨ ਦੇ ਜੋ ਦੂਸਰੇ ਨਾਗਰਿਕ ਹਨ ਉਨ੍ਹਾਂ ਦੇ ਬਰਾਬਰ ਹੱਕ ਮਾਨਣ ਦਾ ਜੋ ਉਪਰਾਲਾ ਕੀਤਾ ਹੈ ਇਹ ਬਹੁਤ ਸ਼ਲਾਘਾਯੋਗ ਹੈ। ਇਸ ਦੇ ਵਾਸਤੇ ਜੋ ਫੰਡਾਂ ਦੀ ਐਲੋਕੇਸ਼ਨ ਕੀਤੀ ਗਈ ਹੈ ਉਸ ਦੇ ਬਾਰੇ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਹੈ, ਉਹ ਜੋ ਇਨ੍ਹਾਂ ਗਰੀਬਾਂ ਨੂੰ ਪੈਸੇ ਦੇਣ ਵਾਸਤੇ ਜਾਂ ਕੋਈ ਸਬਸਿਡੀ ਜਾਂ ਹੋਰ ਸਹੂਲਤ ਦੇਣ ਵਾਸਤੇ ਬੈਂਕਾਂ ਨੂੰ ਲਿਖ ਕੇ ਭੇਜਦੀ ਹੈ ਤਾਂ ਬੈਂਕਾਂ ਵਾਲੇ ਉਨ੍ਹਾਂ ਨੂੰ ਐਨਟਰਟੇਨ ਨਹੀਂ ਕਰਦੇ ਜਿਸ ਕਰਕੇ ਇਨ੍ਹਾਂ ਲੋਕਾਂ ਨੂੰ ਬੜੀ ਹੈਰਾਸਮੈਂਟ ਹੁੰਦੀ ਹੈ। ਮੈਂ ਵਿੱਤ ਮੰਤਰੀ ਸਾਹਿਬ ਨੂੰ, ਸਪੀਕਰ ਸਾਹਿਬ, ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਅਮੈਂਡਮੈਂਟ ਕੀਤੀ ਜਾਵੇ ਕਿ ਜਿਸ ਤਰ੍ਹਾਂ ਬਿਜਲੀ ਬੋਰਡ ਵਿੱਚ ਵੀ ਪੰਜਾਬ ਸਰਕਾਰ ਗਰੰਟੀ ਸਟੈਂਡ ਕਰਕੇ ਉਨ੍ਹਾਂ ਨੂੰ ਲੋਨ ਮਿਲਦਾ ਹੈ ਇਸੇ ਤਰ੍ਹਾਂ ਇਸ ਦੇ ਵਿੱਚ ਵੀ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਜੋ ਬੈਂਕਾਂ ਦਾ ਲੋਨ ਦਿੰਦੀ ਹੈ ਉਸ ਦੇ ਵਿੱਚ ਵੀ ਪੰਜਾਬ ਸਰਕਾਰ ਗਰੰਟੀ ਦੇਵੇ ਜਿਸ ਦੇ ਨਾਲ ਲਾਭਪਾਤਰਾਂ ਨੂੰ ਲਾਭ ਮਿਲ ਸਕੇ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਅਨੁਸੂਚਿਤ ਜਾਤੀਆਂ ਦੇ ਗਰੀਬ ਲੋਕਾਂ ਵਾਸਤੇ ਜੋ ਸਿੰਗਲ ਇਲੈਕਟਰਿਕ ਪੁਆਇੰਟ ਦੇਣ ਵਾਸਤੇ ਪਹਿਲਾਂ ਫੰਡਾਂ ਦਾ ਪ੍ਰਬੰਧ ਕੀਤਾ ਗਿਆ ਸੀ ਉਹ ਇਸ ਸਾਲ ਨਹੀਂ ਕੀਤਾ ਗਿਆ, ਇਸ ਦਾ ਵੀ ਜ਼ਰੂਰ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਕਿ ਸਾਡਾ ਪੰਜਾਬ ਜੋ ਸਾਰੇ ਹਿੰਦੁਸਤਾਨ ਵਿੱਚ ਤਰੱਕੀ ਪਸੰਦ ਸੂਬਾ ਹੈ ਉਸ ਦੇ ਵਿੱਚ ਅਨੁਸੂਚਿਤ ਜਾਤੀਆਂ ਦੇ ਲੋਕ ਇਸ ਸੁਵਿਧਾ ਨੂੰ ਮਾਣ ਸਕਣ ਅਤੇ ਜਿਸ ਤਰ੍ਹਾਂ ਪੰਜਾਬ ਦੇ ਵਿੱਚ ਹੋਰ ਥਾਵਾਂ ਤੇ ਲਾਟੂ ਜਲ ਰਹੇ ਹਨ ਇਨ੍ਹਾਂ ਦੇ ਘਰਾਂ ਵਿੱਚ ਵੀ ਜਲ ਸਕਣ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਦੇ ਵਾਸਤੇ ਵੀ ਫੰਡ ਉਪਲਬਧ ਕਰਨੇ ਚਾਹੀਦੇ ਹਨ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਖਾਦ ਦੇ ਲਈ ਇਨ੍ਹਾਂ ਲੋਕਾਂ ਨੂੰ ਖੱਡੇ ਬਣਾਉਣ ਵਾਸਤੇ ਜ਼ਮੀਨ ਲੈਣ ਲਈ 44.40 ਲੱਖ ਰੁਪਏ ਦਾ ਉਪਬੰਧ ਕੀਤਾ ਹੈ, ਬੜੀ ਅੱਛੀ ਗਲ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਇਸ ਦੇ ਲਈ ਇਕ ਹਜ਼ਾਰ ਰੁਪਿਆ ਜੋ ਰਖਿਆ ਗਿਆ ਹੈ ਅੱਜ ਇਹ ਜ਼ਮੀਨ ਉਸ ਭਾਅ ਤੇ ਨਹੀਂ ਮਿਲਦੀ ਜਿਸ ਕਰਕੇ ਲੋਕ

Original with;
Punjab Vidhan Sabha
Digitized by;
Panjab Digital Library

[ਸਰਦਾਰ ਈਸ਼ਰ ਸਿੰਘ]

ਇਸ ਦਾ ਪੂਰਾ ਫਾਇਦਾ ਨਹੀਂ ਉਠਾ ਸਕਦੇ ਅਤੇ ਫੰਡਜ਼ ਲੈਪਸ ਹੋ ਜਾਂਦੇ ਹਨ। ਇਸ ਲਈ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ 1 ਹਜ਼ਾਰ ਤੋਂ ਵਧਾ ਕੇ 2 ਹਜ਼ਾਰ ਰੁਪਿਆ ਕੀਤਾ ਜਾਵੇ ਤਾਂ ਕਿ ਸਹੀ ਮਾਅਨਿਆਂ ਵਿਚ ਪੈਸਾ ਇਸਤੇਮਾਲ ਹੋ ਸਕੇ ਅਤੇ ਉਸ ਦਾ ਫਾਇਦਾ ਇਹ ਗਰੀਬ ਲੋਕ ਪੂਰਾ ਪੂਰਾ ਉਠਾ ਸਕਣ।

ਧਰਮਸ਼ਾਲਾਵਾਂ ਦੇ ਬਾਰੇ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਜੋ ਨਵੀਆਂ ਧਰਮਸ਼ਾਲਾਵਾਂ ਹਨ ਉਨ੍ਹਾਂ ਵਾਸਤੇ ਹੀ ਫੰਡ ਉਪਲਭਧ ਕੀਤੇ ਗਏ ਹਨ ਪਰ ਜੋ ਆਲਰੈਡੀ ਬਣੀਆਂ ਹੋਈਆਂ ਹਨ ਉਨ੍ਹਾਂ ਨੂੰ ਬਣਿਆ ਬਹੁਤ ਦੇਰ ਹੋ ਗਈ ਹੈ ਔਰ ਤਕਰੀਬਨ ਉਹ ਸਾਰੀਆਂ ਧਰਮਸ਼ਾਲਾਵਾਂ ਰਿਪੇਅਰ ਮੰਗਦੀਆਂ ਹਨ, ਉਨ੍ਹਾਂ ਦੇ ਵਾਸਤੇ ਫੰਡਜ਼ ਪਰੋਵਾਈਡ ਨਹੀਂ ਕੀਤੇ ਗਏ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਪਹਿਲੀਆਂ ਧਰਮਸ਼ਾਲਾਵਾਂ ਬਣੀਆਂ ਹੋਈਆਂ ਹਨ ਜੋ ਰਿਪੇਅਰ ਮੰਗਦੀਆਂ ਹਨ ਉਨ੍ਹਾਂ ਵਾਸਤੇ ਵੀ ਐਸਟੀਮੇਟ ਬਣਾਇਆ ਜਾਵੇ ਔਰ ਉਨ੍ਹਾਂ ਵਾਸਤੇ ਵੀ ਫੰਡਾਂ ਦੀ ਉਪਲਭਧਤਾ ਕੀਤੀ ਜਾਵੇ। ਜੋ ਧਰਮਸ਼ਾਲਾਵਾਂ ਵਿੱਚ ਇਲੈਕਟਰਿਕ ਪੁਆਇੰਟ ਹਨ ਉਨ੍ਹਾਂ ਵਿੱਚ ਬਿਲਾਂ ਦੀ ਅਦਾਇਗੀ ਵਾਸਤੇ ਕੋਈ ਅਗੇ ਨਹੀਂ ਆਉਂਦਾ। ਜਿਸ ਤਰ੍ਹਾਂ ਕੰਸਟਰੱਕਸ਼ਨ ਔਰ ਰਿਪੇਅਰ ਵਾਸਤੇ ਸਰਕਾਰ ਨੇ ਪ੍ਰਬੰਧ ਕੀਤਾ ਹੈ, ਇਸੇ ਤਰ੍ਹਾਂ ਬੇਨਤੀ ਹੈ ਕਿ ਇਲੈਕਟਰਿਕ ਬਿਲਾਂ ਤੋਂ ਵੀ ਉਨ੍ਹਾਂ ਨੂੰ ਮੁਆਫ ਕੀਤਾ ਜਾਵੇ।

ਸਪੀਕਰ ਸਾਹਿਬ, ਇਸ ਦੇ ਨਾਲ ਨਾਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਦਾ 100 ਰੁਪਏ ਤੋਂ ਵਧਾ ਕੇ 150 ਰੁਪਏ ਕੀਤੀ ਹੈ, ਇਹ ਬੜਾ ਪੁੰਨ ਦਾ ਕੰਮ ਕੀਤਾ ਹੈ। ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਪਾਲਿਸੀ ਹੈ ਇਸ ਨੂੰ ਜ਼ਰਾ ਸਰਲ ਕੀਤਾ ਜਾਵੇ। ਇਹ ਜੋ ਬੁਢਾਪਾ ਪੈਨਸ਼ਨ ਹੈ ਇਸ ਨੂੰ ਲੈਣ ਵਾਸਤੇ ਚਾਹੇ ਆਦਮੀ ਹੋਵੇ ਜਾਂ ਔਰਤ ਉਸ ਦੀ ਮੰਥਲੀ ਇਨਕਮ ਦੇਖੀ ਜਾਂਦੀ ਹੈ, ਆਦਮੀ ਲਈ 50 ਰੁਪਏ ਅਤੇ ਔਰਤ ਲਈ 30 ਰੁਪਏ। ਅੱਜ ਕੱਲ੍ਹ ਦੀ ਮਹਿੰਗਾਈ ਦੇ ਜ਼ਮਾਨੇ ਵਿਚ ਇਹ ਬਹੁਤ ਘੱਟ ਹੈ। ਜਿਸ ਤਰ੍ਹਾਂ ਅਸੀਂ ਪੈਨਸ਼ਨ 150 ਰੁਪਏ ਕੀਤੀ ਹੈ ਉਸੇ ਤਰ੍ਹਾਂ ਇਨ੍ਹਾਂ ਦੀ ਮੰਥਲੀ ਇਨਕਮ ਵੀ 150 ਰੁਪਏ ਹੀ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਇਹ ਲੋਕ ਇਸ ਦਾ ਫਾਇਦਾ ਉਠਾ ਸਕਣ। ਫਿਰ ਜੋ ਵਿਡੋ ਪੈਨਸ਼ਨ ਹੈ ਉਸ ਦੇ ਨਾਲ ਇਕ ਸ਼ਰਤ ਲਗਾਈ ਹੋਈ ਹੈ ਕਿ ਉਸਦਾ ਲੜਕਾ ਜਦੋਂ 18 ਸਾਲ ਦਾ ਹੋ ਜਾਏਗਾ ਪੈਨਸ਼ਨ ਨਹੀਂ ਮਿਲੇਗੀ। ਮੈਂ ਕਹਿੰਦਾ ਹਾਂ ਕਿ ਜਦੋਂ ਲੜਕਾ 18 ਸਾਲਾਂ ਦਾ ਹੋ ਜਾਵੇ ਤਾਂ ਕੀ ਗਰੰਟੀ ਹੈ ਕਿ ਉਹ ਬੱਚਾ ਆਪਣੀ ਮਾਂ ਨੂੰ ਖਰਚਾ ਪਾਣੀ ਦੇਵੇਗਾ। ਸੋ ਮੈਂ ਕਹਿੰਦਾ ਹਾਂ ਕਿ ਇਹ ਸ਼ਰਤ ਖਤਮ ਕੀਤੀ ਜਾਵੇ ਅਤੇ ਜੋ ਵਿਧਵਾ ਹੈ ਉਸ ਨੂੰ ਆਖਰੀ ਟਾਈਮ ਤਕ 150 ਰੁਪਏ ਪੈਨਸ਼ਨ ਮਿਲਣੀ ਚਾਹੀਦੀ ਹੈ।

**Mr. Speaker**: Please wind up.

**ਸਰਦਾਰ ਈਸ਼ਰ ਸਿੰਘ**: ਬਸ ਜੀ, ਸਪੀਕਰ ਸਾਹਿਬ, ਹੁਣ ਮੈਂ ਆਪਣੇ ਹਲਕੇ ਦੀਆਂ ਮੰਗਾਂ ਬਾਰੇ ਕੁਝ ਅਰਜ਼ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੇਰਾ ਇਲਾਕਾ ਛੋਟੇ ਛੋਟੇ ਸਮੁਚੇ ਪਿੰਡਾਂ ਦਾ ਇਲਾਕਾ ਹੈ ਔਰ ਇਸ ਇਲਾਕੇ ਵਿਚ ਇਕ ਹੀ ਕਸਬਾ ਮਾਛੀਵਾੜਾ ਹੈ ਜਿਸ ਦੀ ਧਰਤੀ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਪਵਿੱਤਰ ਛੋਹ ਪ੍ਰਾਪਤ ਹੈ। ਜਿੰਨ੍ਹਾਂ ਜ਼ੁਲਮਾਂ ਦੇ ਖਿਲਾਫ ਲੜਦੇ ਹੋਏ ਉਹ ਚਮਕੌਰ ਸਾਹਿਬ ਤੋਂ ਮਾਛੀਵਾੜੇ ਆਏ ਸਨ, ਮੈਂ ਕਹਿੰਦਾ ਹਾਂ ਕਿ ਉਸ

Original with;
Punjab Vidhan Sabha
Digitized by;
Panjab Digital Library

ਪਵਿਤਰ ਧਰਤੀ ਮਾਛੀਵਾੜਾ ਨੂੰ ਸਬ ਡਿਵੀਜ਼ਨ ਬਣਾਇਆ ਜਾਵੇ। ਮਾਛੀਵਾੜਾ ਵਿਚ ਤਿੰਨ ਕਾਨੂੰਗੋਈ ਪੈਂਦੀਆਂ ਹਨ ਔਰ ਇਸ ਵਿਚ 3 ਬਲਾਕ ਪੈਂਦੇ ਹਨ ਅਤੇ ਕੋਈ 150 ਪਿੰਡ ਬਣ ਜਾਂਦੇ ਹਨ। ਇਨ੍ਹਾਂ ਪਿੰਡਾਂ ਨੂੰ ਸਹੂਲਤਾਂ ਦੇਣ ਵਾਸਤੇ ਇਸ ਦਾ ਸਬ-ਡਿਵੀਜ਼ਨ ਬਣਾਇਆ ਜਾਣਾ ਬਹੁਤ ਜ਼ਰੂਰੀ ਹੈ। ਮੈਂ ਆਸ ਕਰਦਾ ਹਾਂ ਕਿ ਸਾਡੇ ਇਲਾਕੇ ਦੀ ਜਿਹੜੀ ਇਹ ਮੰਗ ਹੈ ਇਸ ਨੂੰ ਸਵੀਕਾਰ ਕੀਤਾ ਜਾਵੇਗਾ। ਸਪੀਕਰ ਸਾਹਿਬ, 12 ਦਸੰਬਰ, 1992 ਨੂੰ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਮਾਛੀਵਾੜਾ ਗਏ ਸਨ। ਤਕਰੀਬਨ 20 ਹਜ਼ਾਰ ਦੀ ਗੈਦਰਿੰਗ ਵਿਚ ਉਨ੍ਹਾਂ ਨੇ ਮਾਛੀਵਾੜਾ ਵਿਚ ਫੋਕਲ ਪੁਆਇੰਟ ਬਣਾਉਣ ਦਾ ਐਲਾਨ ਕੀਤਾ ਸੀ। ਮੈਂ ਉਨ੍ਹਾਂ ਦਾ ਧੰਨਵਾਦੀ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਐਲਾਨ ਨੂੰ ਜਲਦੀ ਤੋਂ ਜਲਦੀ ਅਮਲੀ ਜਾਮਾ ਪਹਿਨਾਇਆ ਜਾਵੇ।

**Mr. Speaker**: Please wind up.

**ਸਰਦਾਰ ਈਸ਼ਰ ਸਿੰਘ**: ਬਸ ਜੀ, ਸਪੀਕਰ ਸਾਹਿਬ, ਮੈਂ ਖਤਮ ਕਰਨ ਲਗਾ ਹਾਂ। ਸਪੀਕਰ ਸਾਹਿਬ, ਰਾਹੋਂ ਰੋਡ ਨੂੰ ਮਾਛੀਵਾੜੇ ਨਾਲ ਜੋੜਨ ਵਾਸਤੇ ਵਿਚਾਲੇ ਸਤਲੁਜ ਦਰਿਆ ਪੈਂਦਾ ਹੈ। ਅਗਰ ਪੁਲ ਬਣਾ ਕੇ ਜੋੜ ਦਿੱਤਾ ਜਾਵੇ ਤਾਂ ਉਸ ਇਲਾਕੇ ਦੇ ਲੋਕਾਂ ਨੂੰ ਕਾਫੀ ਸਹੂਲਤ ਹੋ ਜਾਏਗੀ। ਇਸੇ ਤਰ੍ਹਾਂ ਹੀ ਲੁਧਿਆਣਾ ਰਾਹੋਂ ਨਾਲ ਜੋੜਨ ਲਈ ਪੁਲ ਚਾਹੀਦਾ ਹੈ। ਇਸ ਸਬੰਧੀ ਸਾਡੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਦੀ ਰਹਿਨੁਮਾਈ ਥਲੇ ਇਕ ਮੀਟਿੰਗ ਹੋਈ ਸੀ ਜਿਸ ਵਿਚ ਇਸ ਬਾਰੇ ਡਿਸ-ਕਸ਼ਨ ਵੀ ਹੋਈ ਔਰ ਸਰਦਾਰ ਜੋਗਿੰਦਰ ਸਿੰਘ ਮਾਨ ਨੇ ਇਹ ਪੁਲ ਬਣਾਉਣ ਲਈ ਪਰੈਸ ਵਿਚ ਵੀ ਬਿਆਨ ਦਿਤਾ ਜੋ ਅਸੀਂ ਟੀ.ਵੀ. ਤੇ ਵੀ ਸੁਣਿਆ। ਉਨ੍ਹਾਂ ਪੁਲਾਂ ਨੂੰ ਨੇਪਰੇ ਚੜ੍ਹਾਇਆ ਜਾਵੇ।

ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਕੋਈ ਪਾਲੀਟੈਕਨਿਕ ਖੋਲ੍ਹਿਆ ਜਾਵੇ ਤਾਂ ਕਿ ਪਿੰਡਾਂ ਦੇ ਬੱਚੇ ਫਾਇਦਾ ਉਠਾ ਸਕਣ।

ਸਪੀਕਰ ਸਾਹਿਬ, ਮੈਂ ਲਾਸਟ ਪੁਆਇੰਟ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਦੇ ਵਿਚ ਬਹੁਤ ਹੀ ਗਰੀਬ ਲੋਕ ਰਹਿੰਦੇ ਹਨ ਜਿਹੜੇ ਕਿ ਪੱਟੇਦਾਰ ਹਨ। 1960-61 ਦੀ ਗੱਲ ਹੈ ਜਦੋਂ ਪਿੰਡਾਂ ਵਿਚ ਇਨਫ਼ੀਰੀਅਰ ਲੈਂਡ ਪਈ ਸੀ ਅਤੇ ਪੰਜਾਬ ਸਰਕਾਰ ਨੇ ਇਨਫ਼ੀਰੀਅਰ ਲੈਂਡ ਐਕਟ ਦੇ ਥਲੇ ਉਨ੍ਹਾਂ ਨੂੰ ਦਸ ਸਾਲਾਂ ਲਈ ਦਿਤੀ ਸੀ। ਉਨ੍ਹਾਂ ਗਰੀਬ ਲੋਕਾਂ ਨੇ ਆਪਣਾ ਖੂਨ ਪਸੀਨਾ ਇਕ ਕਰਕੇ ਉਹ ਲੈਂਡ ਵਾਹੀਯੋਗ ਬਣਾਈ ਹੈ। ਉਨ੍ਹਾਂ ਨੂੰ ਕਿਸੇ ਕਾਰਨਾਂ ਕਰਕੇ ਬੇਦਖਲ ਕੀਤਾ ਜਾ ਰਿਹਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਲੋਕਾਂ ਨੂੰ ਮਾਲਕੀ ਹੱਕ ਦਿਤੇ ਜਾਣ ਜਾਂ ਜਦ ਤਕ ਉਨ੍ਹਾਂ ਨੂੰ ਮਾਲਕੀ ਹੱਕ ਨਹੀਂ ਮਿਲਦੇ, ਭਰੋਸਾ ਦਿਵਾਇਆ ਜਾਵੇ ਕਿ ਉਨ੍ਹਾਂ ਨੂੰ ਬੇਦਖਲ ਨਹੀਂ ਕੀਤਾ ਜਾਏਗਾ। ਇੰਨਾ ਕਹਿੰਦਾ ਹੋਇਆ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ। ਜੈ ਹਿੰਦ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** (ਮਾਹਲਪੁਰ, ਐਸ.ਸੀ.): ਮਾਨਯੋਗ ਸਪੀਕਰ ਸਾਹਿਬ, ਐਜੂਕੇਸ਼ਨ ਔਰ ਸੋਸ਼ਲ ਵੈਲਫ਼ੇਅਰ ਦੇ ਬਾਰੇ ਜੋ ਡਿਮਾਂਡਜ਼ ਹਾਊਸ ਵਿਚ ਆਈਆਂ ਹਨ ਮੈਂ ਉਨ੍ਹਾਂ ਤੇ ਆਪਣੇ ਵਿਚਾਰ ਰਖਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਐਜੂਕੇਸ਼ਨ ਲਈ 50.91 ਕਰੋੜ ਰੁਪਏ ਰੱਖੇ ਗਏ ਹਨ। ਜਦੋਂ ਅਸੀਂ ਐਸੇ ਪੰਜਾਬ ਦੇ ਵਿਚ ਨਜ਼ਰ ਮਾਰਦੇ ਹਾਂ, ਤਾਂ ਅਸੀਂ ਐਜੂਕੇਸ਼ਨ ਦੇ ਵਿਚ ਵੇਖਦੇ ਹਾਂ ਤਾਂ ਸਾਡੇ ਪੰਜਾਬ ਦੇ ਅੰਦਰ ਜਿਤਨੇ ਅਸੀਂ ਗਲਤ-ਫਹਿਮੀ ਵਿਚ ਹਾਂ ਕਿ ਐਜੂਕੇਸ਼ਨ ਦੇ ਖੇਤਰ ਦੇ ਵਿਚ ਅਸੀਂ ਬਹੁਤ ਅੱਗੇ ਵਧ ਗਏ ਹਾਂ, ਉਹ ਸਾਡਾ ਬਿਲਕੁਲ ਭਰਮ ਹੈ ਕਿਉਂਕਿ ਇਸੇ ਹਾਊਸ ਦੇ ਅੰਦਰ ਮਾਨਯੋਗ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਦੱਸਿਆ ਸੀ ਕਿ ਪੰਜਾਬ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਵਤਾਰ ਸਿੰਘ ਕਰੀਮਪੁਰੀ]

ਵਿਚ 590 ਪਿੰਡ ਅਜਿਹੇ ਹਨ ਜਿਥੇ ਹਾਲੇ ਤਕ ਵੀ ਪ੍ਰਾਇਮਰੀ ਐਜੂਕੇਸ਼ਨ ਨਹੀਂ ਦੇ ਸਕੇ ਔਰ ਉਥੇ ਪ੍ਰਾਇਮਰੀ ਸਕੂਲ ਨਹੀਂ ਹਨ ਇਤਨਾ ਥੋੜ੍ਹਾ ਪੈਸਾ ਐਜੂਕੇਸ਼ਨ ਲਈ ਰਖਿਆ ਗਿਆ ਹੈ, ਮੈਂ ਇਹ ਸਮਝਦਾ ਹਾਂ ਕਿ ਇਸ ਤੋਂ ਦੁਗਣਾ ਪੈਸਾ ਰਖਣਾ ਚਾਹੀਦਾ ਹੈ ਤਾਂ ਕਿ ਹਰ ਪਿੰਡ ਨੂੰ ਪ੍ਰਾਇਮਰੀ ਐਜੂਕੇਸ਼ਨ ਪਹੁੰਚਾ ਸਕੀਏ।

ਫਿਰ ਸਰਕਾਰ ਦਾ 200 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ, 100 ਮਿਡਲ ਸਕੂਲਾਂ ਨੂੰ ਹਾਈ ਅਤੇ 70 ਹਾਈ ਸਕੂਲਾਂ ਨੂੰ ਸੀਨੀਅਰ ਸੈਕੰਡਰੀ ਸਕੂਲ ਬਨਾਉਣ ਦਾ ਇਸ ਸਾਲ ਦਾ ਪਰੋਗਰਾਮ ਹੈ। ਇਹ ਨਿਕਾਰਆਤਮਿਕ ਪਰੋਗਰਾਮ ਹੈ। ਅੱਜ ਅਸੀਂ ਪਿੰਡਾਂ ਵਿਚ ਵੇਖਦੇ ਹਾਂ ਕਿ ਬਹੁਤ ਹੀ ਦੂਰ ਦੂਰ ਪਿੰਡਾਂ ਦੇ ਵਿਚ ਜੋ ਨੌਜਵਾਨ ਲੜਕੀਆਂ ਹਨ ਉਨ੍ਹਾਂ ਨੂੰ ਮੈਟਰਿਕ ਸਕੂਲਾਂ ਵਿਚ, ਸੈਕੰਡਰੀ ਸਕੂਲਾਂ ਵਿਚ ਵਿਦਿਆ ਪ੍ਰਾਪਤ ਕਰਨ ਲਈ ਜਾਣ ਵਾਸਤੇ ਬਹੁਤ ਪੈਂਡਾ ਤਹਿ ਕਰਨਾ ਪੈਂਦਾ ਹੈ। ਇਸ ਕਰਕੇ ਮੈਂ ਕਹਾਂਗਾ ਕਿ ਸਾਨੂੰ ਐਜੂਕੇਸ਼ਨ ਦੇ ਖੇਤਰ ਬਾਰੇ ਵਿਚਾਰ ਕਰਕੇ ਘੱਟੋ ਘੱਟ ਪ੍ਰਾਇਮਰੀ ਸਕੂਲ ਜਿਹੜੇ ਹਨ ਉਹ ਹਰ ਪਿੰਡ ਵਿਚ ਦਿੱਤੇ ਜਾਣੇ ਚਾਹੀਦੇ ਹਨ। ਜੇਕਰ ਜ਼ਿਆਦਾ ਨਹੀਂ ਤਾਂ ਪੰਜ/ਸੱਤ ਪਿੰਡਾਂ ਦਾ ਵਕਫਾ ਰੱਖ ਕੇ ਇਕ ਸੀਨੀਅਰ ਸੈਕੰਡਰੀ ਸਕੂਲ ਦੇ ਸਕੀਏ। ਐਜੂਕੇਸ਼ਨ ਦੇ ਖੇਤੱਰ ਵਿਚ ਜੰਗੀ ਪੱਧਰ ਤੇ ਪਰੋਗਰਾਮ ਉਲੀਕਣਾ ਚਾਹੀਦਾ ਹੈ। ਕਾਲਜ ਬੜੀ ਦੂਰੀ ਉਤੇ ਹੋਂਦੇ ਹਨ ਔਰ ਗੜ੍ਹਸ਼ੰਕਰ ਤਹਿਸੀਲ ਦੇ ਵਿਚ ਲੜਕੀਆਂ ਲਈ ਇਕ ਵੀ ਸਰਕਾਰੀ ਕਾਲਜ ਨਹੀਂ ਹੈ। ਔਰ ਪ੍ਰਾਈਵੇਟ ਕਾਲਜ ਜਿਹੜੇ ਹਨ ਉਹ ਪ੍ਰਾਈਵੇਟ ਦੁਕਾਨਾਂ ਦੀ ਤਰ੍ਹਾਂ ਆਪਣੇ ਢੰਗ ਨਾਲ ਚਲਦੇ ਹਨ ਆਪਣੇ ਢੰਗ ਨਾਲ ਫੀਸ ਲੈਂਦੇ ਹਨ। ਇਸ ਲਈ ਸਰਕਾਰ ਨੂੰ ਇਸ ਪਾਸੇ ਵਿਚਾਰ ਕਰਨਾ ਚਾਹੀਦਾ ਹੈ ਤਾਂ ਕਿ ਲੜਕੀਆਂ ਨੂੰ ਐਜੂਕੇਸ਼ਨ ਦੇ ਖੇਤਰ ਵਿਚ ਅਗੇ ਲੈ ਜਾ ਸਕੀਏ ਔਰ ਉਹ ਉਚੀ ਵਿਦਿਆ ਲੈ ਕੇ ਜ਼ਿੰਦਗੀ ਦੇ ਹਰ ਖੇਤਰ ਵਿਚ ਅੱਗੇ ਵੱਧ ਸਕਣ। ਇਸ ਲਈ ਲੜਕੀਆਂ ਦਾ ਕਾਲਜ ਹਰ ਬਲਾਕ ਉਤੇ ਬਨਾਉਣ ਦਾ ਉਪਰਾਲਾ ਸਰਕਾਰ ਨੂੰ ਕਰਨਾ ਚਾਹੀਦਾ ਹੈ।

ਸਪੋਰਟਸ ਦੇ ਸਕੂਲ ਦੀ ਗੱਲ ਹੈ। ਕਿਉਂਕਿ ਸਾਡੇ ਪੰਜਾਬ ਵਿਚ ਇਹ ਅਸੀਂ ਬਾਰ ਬਾਰ ਕਹਿ ਰਹੇ ਹਾਂ ਕਿ ਖੇਡ ਵਿਚ ਅਸੀਂ ਇੰਟਰਨੈਸ਼ਨਲ ਪੱਧਰ ਉਤੇ ਖਿਡਾਰੀਆਂ ਨੂੰ ਲੈ ਕੇ ਜਾਣਾ ਹੈ, ਇੰਟਰ-ਨੈਸ਼ਨਲ ਪੱਧਰ ਦੇ ਖਿਡਾਰੀ ਪੈਦਾ ਕਰਨੇ ਹਨ ਪਰ ਦੁੱਖ ਇਸ ਗੱਲ ਦਾ ਹੈ ਕਿ ਇਕ ਵੀ ਸਪੋਰਟਸ ਦਾ ਕਾਲਜ ਜਾਂ ਸਕੂਲ ਖੋਲ੍ਹਣ ਦਾ ਪਰੋਗਰਾਮ ਇਸ ਸਾਲ ਵਿਚ ਨਹੀਂ ਬਣਾਇਆ ਗਿਆ ਔਰ ਜੋ ਖਿਡਾਰੀ ਸਾਡੇ ਖੇਡਦੇ ਹਨ ਉਨ੍ਹਾਂ ਨੂੰ ਡਾਇਟ, ਰਿਫਰੈਸ਼ਮੈਂਟ ਘੱਟ ਦਿੱਤੀ ਜਾਂਦੀ ਹੈ। ਉਸ ਦੇ ਵਾਸਤੇ ਘਟ ਪੈਸੇ ਰੱਖੇ ਹਨ। ਇਸ ਵਿਚ ਵੀ ਸਰਕਾਰ ਨੂੰ ਉਚੇਚੇ ਪੱਧਰ ਉੱਤੇ ਵਾਧਾ ਕਰਨਾ ਚਾਹੀਦਾ ਹੈ।

ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਰਕਾਰ ਵਲੋਂ ਜੋ ਐਜੂਕੇਸ਼ਨ ਦਿੱਤੀ ਜਾ ਰਹੀ ਹੈ ਉਸ ਵਿਚ ਸਮੁੱਚੇ ਪੰਜਾਬੀਆਂ ਦਾ ਰੁਝਾਨ ਘਟਦਾ ਨਜ਼ਰ ਆ ਰਿਹਾ ਹੈ। ਕਿਸੇ ਵੀ ਪਾਸੇ ਵੇਖੋ ਇਹ ਰੁਝਾਨ ਦਿਨੋ ਦਿਨ ਘਟੀ ਜਾ ਰਿਹਾ ਹੈ। ਇਸ ਦਾ ਕਾਰਨ ਹੈ ਕਿ ਜਿਹੜੇ ਵੀ ਮਿਡਲ ਸਕੂਲ ਹਨ, ਪ੍ਰਾਇਮਰੀ ਸਕੂਲ ਹਨ, ਜਾਂ ਹਾਈ ਸਕੂਲ ਹਨ ਉਨ੍ਹਾਂ ਵਿਚ ਟੀਚਰ ਪੂਰੇ ਨਹੀਂ ਹੁੰਦੇ। ਪਹਿਲਾਂ ਤਾਂ ਸਕੂਲ ਦੀ ਇਮਾਰਤ ਨਹੀਂ ਹੁੰਦੀ, ਜੇਕਰ ਕਿਸੇ ਸਕੂਲ ਦੀ ਇਮਾਰਤ ਹੈ ਤਾਂ ਉਥੇ ਟੀਚਰ ਨਹੀਂ ਹੈ। ਐਸੇ ਪ੍ਰਾਇਮਰੀ ਸਕੂਲ ਵੀ ਪਿੰਡਾਂ ਵਿਚ ਹਨ ਜਿੱਥੇ ਕਿ ਪ੍ਰਾਇਮਰੀ ਸਕੂਲ ਵਿਚ ਇਕ ਇਕ ਸਿੰਗਲ ਟੀਚਰ ਹੈ, ਉਸ ਨਾਲ ਸਕੂਲ ਚਲ ਰਿਹਾ ਹੈ ਔਰ ਜੇਕਰ ਉਸ ਨੂੰ ਕੋਈ ਕੰਮ ਪੈ ਜਾਵੇ ਤਾਂ ਬੱਚਿਆਂ ਦੀ ਪੜ੍ਹਾਈ ਬੇਕਾਰ ਹੋ ਜਾਂਦੀ ਹੈ ਔਰ ਇਸ ਤਰ੍ਹਾਂ ਨਾਲ ਨਿਰਾਸ਼ ਹੋ ਕੇ ਪੰਜਾਬੀਆਂ ਦਾ ਜੋ ਸਰਕਾਰੀ ਸਕੂਲਾਂ ਵਿਚ ਰੁਝਾਨ ਹੈ ਉਹ ਘਟਦਾ ਜਾ ਰਿਹਾ ਹੈ ਔਰ ਪ੍ਰਾਈਵੇਟ ਸਕੂਲਾਂ ਵਿਚ ਵਧਦਾ ਜਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

ਫਿਰ ਸਰਕਾਰ ਨੇ ਇਹ ਕਰ ਦਿਤਾ ਹੈ ਕਿ ਮਿਡਲ ਸਕੂਲਾਂ ਦੇ ਬੱਚਿਆਂ ਦਾ ਐਗਜ਼ਾਮ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੇ ਨਹੀਂ ਲੈਣਾ, ਉਹ ਐਸ.ਸੀ.ਈ.ਆਰ.ਟੀ. ਨੇ ਲੈਣਾ ਹੈ ਪਰ ਪ੍ਰਾਈਵੇਟ ਸਕੂਲਾਂ ਨੂੰ ਕਹਿ ਦਿਤਾ ਗਿਆ ਹੈ ਕਿ ਉਹ ਆਪਣੇ ਤੌਰ ਤੇ ਲੈ ਸਕਦੇ ਹਨ। ਸਰਕਾਰੀ ਸਕੂਲ ਹਨ ਜਿਨ੍ਹਾਂ ਵਿਚ ਮੈਂ ਸਮਝਦਾ ਹਾਂ ਕਿ ਵਿਦਿਆ ਦਾ ਮਿਆਰ ਉੱਚਾ ਨਹੀਂ ਹੈ ਕਿਉਂਕਿ ਨਾ ਤਾਂ ਟੀਚਰ ਪੂਰੇ ਹਨ ਔਰ ਨਾ ਹੀ ਹੋਰ ਸਹੂਲਤਾਂ ਹਨ, ਉਨ੍ਹਾਂ ਬਚਿਆਂ ਵਿਚ ਬੜੀ ਪਰੇਸ਼ਾਨੀ ਹੈ। ਕਈ ਸਕੂਲ ਐਸੇ ਹਨ ਜਿਥੇ ਪੰਜਾਬੀ ਦੇ ਅਧਿਆਪਕ ਇਕ ਸਾਲ ਤੋਂ ਨਹੀਂ ਹਨ, ਔਰ ਕਈ ਐਸੇ ਹਨ ਜਿਥੇ ਕਿ ਇਕ ਹੈਡ ਟੀਚਰ ਹੈ ਔਰ ਇਕ ਦੋ ਹੋਰ ਟੀਚਰਜ਼ ਹੀ ਹਨ ਜੋ ਕਿ ਸਕੂਲ ਨੂੰ ਚਲਾਈ ਜਾ ਰਹੇ ਹਨ ਔਰ ਹੁਣ ਸਵਾਲ ਆ ਗਿਆ ਹੈ ਅਠਵੀਂ ਦੀ ਪਰੀਖਿਆ ਦਾ । ਉਹ ਕਹਿ ਦਿਤਾ ਹੈ ਕਿ ਐਸ.ਸੀ.ਈ.ਆਰ.ਟੀ. ਨੇ ਲੈਣਾ ਹੈ । ਪ੍ਰਾਈਵੇਟ ਸਕੂਲ ਆਪਣੀ ਮਰਜ਼ੀ ਨਾਲ ਪ੍ਰੀਖਿਆ ਲੈਣਗੇ । ਇਸ ਲਈ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਸਟੂਡੈਂਟਸ ਬਹੁਤ ਪਰੇਸ਼ਾਨ ਹਨ। ਅਜ ਟੀਚਰਾਂ ਔਰ ਸਟੂਡੈਂਟਸ ਵਿਚ ਬਹੁਤ ਰਿਜ਼ੈਂਟਮੈਂਟ ਹੈ ਔਰ ਪ੍ਰਾਈਵੇਟ ਸਕੂਲਾਂ ਵਾਲਿਆਂ ਦੀ ਬਹੁਤ ਵਡੀ ਲਾਬੀ ਬਣੀ ਹੋਈ ਹੈ । ਪ੍ਰਾਈਵੇਟ ਸਕੂਲਾਂ ਵਾਲੇ ਜਿਹੜੇ ਹਨ ਉਨ੍ਹਾਂ ਨੂੰ ਇਸ ਨਾਲ ਬੜਾ ਉਤਸ਼ਾਹ ਮਿਲਿਆ ਹੈ ਔਰ ਉਹ ਆਪਣੇ ਬਚਿਆਂ ਨੂੰ ਅਠਵੀਂ ਤੋਂ ਹੀ ਦਸਵੀਂ ਦੀਆਂ ਕਿਤਾਬਾਂ ਪੜ੍ਹਾਉਣਾ ਸ਼ੁਰੂ ਕਰ ਦਿੰਦੇ ਹਨ ਔਰ ਲਗਾਤਾਰ ਤਿੰਨ ਸਾਲ ਦਸਵੀਂ ਦੀਆਂ ਕਿਤਾਬਾਂ ਪੜ੍ਹਾ ਕੇ ਉਨ੍ਹਾਂ ਨੂੰ ਚੰਗੇ ਨੰਬਰਾਂ ਵਿਚ ਪਾਸ ਕਰਵਾ ਲੈਂਦੇ ਹਨ ਔਰ ਫਿਰ ਅਖਬਾਰਾਂ ਵਿਚ ਐਡਵਰਟਾਈਜ਼ਮੈਂਟ ਕਰ ਕਰ ਕੇ ਆਪਣੇ ਸਕੂਲਾਂ ਦੇ ਵਿਚ ਬੱਚਿਆਂ ਦੀ ਗਿਣਤੀ ਵਧਾਉਂਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਬੜੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਜਿਹੜੇ ਪੰਜਾਬ ਵਿਚ ਸਕੂਲ ਹਨ ਉਥੇ ਸਰਕਾਰ ਨੇ ਸੁਰਖਿਆ ਬਲ ਤਾਇਨਾਤ ਕੀਤੇ ਹੋਏ ਹਨ। ਇਸ ਦਾ ਮਾੜਾ ਅਸਰ ਪੈਂਦਾ ਹੈ। ਮੇਰੇ ਹਲਕੇ ਲੁਧਿਆਣਾ ਵਿਚ ਇਕ ਹਾਈ ਸਕੂਲ ਹੈ, ਮੈਂ ਵੇਖਿਆ ਹੈ ਕਿ ਉਥੇ ਕਮਾਂਡੋ ਦੀ ਫੋਰਸ ਬੈਠਾਈ ਹੋਈ ਹੈ ਔਰ ਉਹ ਲੜਕੀਆਂ ਦਾ ਸਕੂਲ ਹੈ। ਇਹ ਜਿਹੜੀ ਫੋਰਸ ਹੈ ਇਸ ਦਾ ਚੰਗਾ ਅਸਰ ਉਨ੍ਹਾਂ ਬੱਚਿਆਂ ਤੇ ਨਹੀਂ ਪੈਂਦਾ। ਇਸ ਲਈ ਮੇਰੀ ਇਹ ਵੀ ਬੇਨਤੀ ਹੈ ਕਿ ਇਹ ਜਿਹੜੇ ਵਿਦਿਅਕ ਅਦਾਰੇ ਹਨ ਇਨ੍ਹਾਂ ਵਿਚੋਂ ਇਨ੍ਹਾਂ ਸੁਰਖਿਆ ਬਲਾਂ ਨੂੰ ਬਾਹਰ ਕਢਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਸਕੂਲਾਂ ਵਿਚ ਬੱਚੇ ਠੀਕ ਤਰ੍ਹਾਂ ਪੜ੍ਹ ਸਕਣ।

ਕਈ ਸਕੂਲ ਅਜਿਹੇ ਵੀ ਹਨ ਜਿਥੇ ਟੀਚਰਜ਼ ਨਹੀਂ ਹਨ ਉਥੇ ਸਰਕਾਰ ਨੂੰ ਟੀਚਰਜ਼ ਜਲਦੀ ਲਗਾਉਣੇ ਚਾਹੀਦੇ ਹਨ ਤਾਂਕਿ ਬਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਇਕ ਸਵਾਲ ਹਾਊਸ ਰੈਂਟ ਦੇ ਬਾਰੇ ਕਈ ਵਾਰ ਆਇਆ ਹੈ ਕਿ ਜਿਹੜੇ ਟੀਚਰਜ਼ ਸ਼ਹਿਰਾਂ ਵਿਚ ਜਾਂ ਉਨ੍ਹਾਂ ਦੇ ਨੇੜੇ 8 ਕਿਲੋਮੀਟਰ ਦੇ ਦਾਇਰੇ ਵਿਚ ਆਉਂਦੇ ਹਨ ਉਨ੍ਹਾਂ ਨੂੰ ਤਾਂ ਹਾਊਸ ਰੈਂਟ ਦਿਤਾ ਜਾਂਦਾ ਹੈ ਔਰ ਜਿਹੜੇ ਟੀਚਰਜ਼ ਦੂਰ-ਦੁਰਾਡੇ ਜਾ ਕੇ ਪਿੰਡਾਂ ਦੇ ਸਕੂਲਾਂ ਵਿਚ ਬੱਚਿਆਂ ਨੂੰ ਪੜ੍ਹਾਉਂਦੇ ਹਨ ਉਨ੍ਹਾਂ ਨੂੰ ਇਹ ਹਾਊਸ ਰੈਂਟ ਨਹੀਂ ਦਿਤਾ ਜਾਂਦਾ ਜਿਸ ਲਈ ਉਨ੍ਹਾਂ ਟੀਚਰਾਂ ਵਿਚ ਰਿਜ਼ੈਂਟਮੈਂਟ ਆਉਂਦੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਜਿਹੜੇ ਟੀਚਰਜ਼ ਪਿੰਡਾਂ ਵਿਚ ਜਾਂਦੇ ਹਨ ਉਨ੍ਹਾਂ ਨੂੰ ਵੀ ਹਾਊਸ ਰੈਂਟ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਇਸ ਤੋਂ ਅਗਲੀ ਗੱਲ ਮੈਂ ਸੋਸ਼ਲ ਵੈਲਫੇਅਰ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸੋਸ਼ਲ ਵੈਲਫੇਅਰ ਵਾਸਤੇ ਕੋਈ 37 ਕਰੋੜ ਦੇ ਕਰੀਬ ਪੈਸਾ ਰਖਿਆ ਹੈ ਇਹ ਬਹੁਤ ਘੱਟ ਹੈ। ਇਹ ਸਾਨੂੰ ਪ੍ਰੈਕਟੀਕਲੀ ਪਤਾ ਹੈ ਅਤੇ ਅਸੀਂ ਪਿੰਡਾਂ ਵਿਚ ਜਾ ਕੇ ਵੇਖਦੇ ਹਾਂ ਕਿ ਜਿਹੜੇ ਪਿੰਡਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਵਤਾਰ ਸਿੰਘ ਕਰੀਮਪੁਰੀ]

ਵਿਚ ਪਲਾਟ ਦਿੱਤੇ ਹਨ ਉਥੇ ਕੋਈ ਵੀ ਮਕਾਨ ਹਾਲੇ ਤਕ ਨਹੀਂ ਬਣਿਆ ਔਰ ਜੇ ਕਿਤੇ ਬਣੇ ਹਨ ਤਾਂ ਉਨ੍ਹਾਂ ਦੇ ਮਕਾਨ ਇਤਨੇ ਨਿਕੰਮੇ ਹਨ ਕਿ ਕੋਈ ਵੀ ਆਦਮੀ ਉਨ੍ਹਾਂ ਘਰਾਂ ਵਿਚ ਨਹੀਂ ਰਹਿ ਸਕਦਾ, ਉਥੇ ਤਾਂ ਪਸ਼ੂ ਰਹਿ ਸਕਦੇ ਹਨ। ਇਸ ਲਈ ਸਰਕਾਰ ਨੂੰ ਇਸ ਪਾਸੇ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ। ਇਕ ਗੱਲ ਪਿੰਡਾਂ ਵਿਚ ਹੋਰ ਵੇਖਣ ਵਿਚ ਆਈ ਹੈ ਕਿ ਸਾਰੇ ਪਿੰਡ ਦਾ ਗੰਦਾ ਪਾਣੀ ਅਨੁਸੂਚਿਤ ਜਾਤੀਆਂ ਦੀ ਬਸਤੀ ਦੇ ਵਿਚ ਜਾ ਕੇ ਪਾਇਆ ਜਾਂਦਾ ਹੈ। ਇਹ 80-90 ਪ੍ਰਤੀਸ਼ਤ ਪਿੰਡਾਂ ਵਿਚ ਵੇਖਣ ਵਿਚ ਆਇਆ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਵਾਸਤੇ ਸਪੈਸ਼ਲ ਸਰਵੇ ਕਰਵਾ ਕੇ ਇਹ ਜਿਹੜਾ ਗੰਦਾ ਪਾਣੀ ਉਨ੍ਹਾਂ ਦੇ ਘਰਾਂ ਅੱਗੇ ਪੈਂਦਾ ਹੈ ਉਸ ਨੂੰ ਖਤਮ ਕਰਨਾ ਚਾਹੀਦਾ ਹੈ।

ਫਿਰ ਧਰਮਸ਼ਾਲਾਵਾਂ ਦੀ ਗੱਲ ਆਈ ਹੈ। ਧਰਮਸ਼ਾਲਾਵਾਂ ਦੀ ਜੋ ਹਾਲਤ ਹੈ ਉਹ ਸਭ ਨੂੰ ਪਤਾ ਹੈ ਕਿ ਕਿਸੇ ਦੀ ਛੱਤ ਗਿਰਣ ਵਾਲੀ ਹੈ ਤੇ ਕਿਸੇ ਦੀ ਦੀਵਾਰ ਪਰ ਸਰਕਾਰ ਨੇ ਸਿਰਫ 200 ਨਵੀਆਂ ਧਰਮਸ਼ਾਲਾਵਾਂ ਬਣਾਉਣ ਲਈ ਪੈਸਾ ਰਖਿਆ ਹੈ ਅਤੇ ਉਹ ਵੀ ਸਿਰਫ ਇਕ ਕਰੋੜ ਰੁਪਿਆ। ਹੁਣ ਤੁਸੀਂ ਆਪ ਅੰਦਾਜ਼ਾ ਲਗਾ ਲਓ ਕਿ ਪਿੰਡਾਂ ਦੇ ਹਿਸਾਬ ਨਾਲ ਇਹ 200 ਧਰਮਸ਼ਾਲਾਵਾਂ ਬਹੁਤ ਹੀ ਘੱਟ ਹਨ ਔਰ ਫਿਰ ਜਿਹੜੀਆਂ ਪਹਿਲੀਆਂ ਧਰਮਸ਼ਾਲਾਵਾਂ ਹਨ ਉਨ੍ਹਾਂ ਦੀ ਮੁਰੰਮਤ ਵਾਸਤੇ ਕੋਈ ਪੈਸਾ ਨਹੀਂ ਰਖਿਆ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਧਰਮਸ਼ਾਲਾਵਾਂ ਬਣੀਆਂ ਹਨ ਉਨ੍ਹਾਂ ਦੀ ਰਿਪੇਅਰ ਵਾਸਤੇ ਜ਼ਰੂਰ ਇੰਤਜ਼ਾਮ ਕਰਨਾ ਚਾਹੀਦਾ ਹੈ, ਇਹ ਨਾ ਹੋਵੇ ਕਿ ਪੁਰਾਣੀਆਂ ਧਰਮਸ਼ਾਲਾਵਾਂ ਗਿਰੀ ਜਾਣ ਔਰ ਨਵੀਆਂ ਬਣਦੀਆਂ ਜਾਣ। ਇਸ ਲਈ ਪੁਰਾਣੀਆਂ ਧਰਮਸ਼ਾਲਾਵਾਂ ਵਾਸਤੇ ਵੀ ਫੰਡਜ਼ ਐਲੋਕੇਟ ਕਰਨੇ ਚਾਹੀਦੇ ਹਨ ਤਾਂਕਿ ਵੱਧ ਤੋਂ ਵੱਧ ਪਿੰਡਾਂ ਵਿਚ ਅਨੁਸੂਚਿਤ ਜਾਤੀਆਂ ਲਈ ਧਰਮ-ਸ਼ਾਲਾਵਾਂ ਬਣ ਸਕਣ।

ਇੱਕ ਗੱਲ ਹੋਰ ਜਿਹੜੀ ਇਨ੍ਹਾਂ ਨੇ ਉਨ੍ਹਾਂ ਦੇ ਬੱਚਿਆਂ ਨੂੰ ਪੁਸਤਕਾਂ ਦੇਣ ਲਈ ਕਹੀ ਹੈ, ਇਸ ਵਾਸਤੇ ਸਰਕਾਰ ਨੇ ਕੁਝ ਪੈਸਾ ਵੀ ਰਖਿਆ ਹੈ ਪਰ ਪਰੈਕਟੀਕਲੀ ਵੇਖਣ ਵਿਚ ਇਹ ਆਇਆ ਹੈ ਕਿ ਜਦੋਂ ਬੱਚੇ ਪੜ੍ਹਨ ਵਾਸਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਕਿਤਾਬਾਂ ਨਹੀਂ ਮਿਲਦੀਆਂ। ਸਮੇਂ ਸਿਰ ਕਿਤਾਬਾਂ ਨਾ ਮਿਲਣ ਤੇ ਉਨ੍ਹਾਂ ਨੂੰ ਮੁਸ਼ਕਲ ਹੁੰਦੀ ਹੈ। ਸਕੂਲਾਂ ਵਿਚ ਪੜ੍ਹਾਉਣਾ ਸ਼ੁਰੂ ਹੋ ਜਾਂਦਾ ਹੈ, ਹੋਮ ਵਰਕ ਮਿਲਦਾ ਹੈ ਤਾਂ ਉਹ ਬੱਚੇ ਬਜ਼ਾਰ ਤੋਂ ਕਿਤਾਬਾਂ ਖਰੀਦ ਲੈਂਦੇ ਹਨ। ਫਿਰ ਉਸ ਤੋਂ ਕਾਫੀ ਸਮਾਂ ਬਾਅਦ ਉਨ੍ਹਾਂ ਨੂੰ ਕਿਤਾਬਾਂ ਮਿਲਦੀਆਂ ਹਨ ਜਿਸ ਦਾ ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ਹੁੰਦਾ। ਸਰਕਾਰ ਨੂੰ ਇਸ ਪਾਸੇ ਮਜ਼ਬੂਤ ਹੋ ਕੇ ਕਦਮ ਚੁਕਣੇ ਚਾਹੀਦੇ ਹਨ ਤਾਂਕਿ ਜਿਹੜੇ ਬੱਚੇ ਪੜ੍ਹਦੇ ਹਨ ਉਨ੍ਹਾਂ ਨੂੰ ਸਮੇਂ ਸਿਰ ਆਉਣ ਵਾਲੇ ਸਮੇਂ ਵਿਚ ਕਿਤਾਬਾਂ ਮਿਲ ਸਕਣ। ਇਸ ਲਈ, ਸਪੀਕਰ ਸਾਹਿਬ, ਸਕੂਲਾਂ ਵਿਚ ਕਿਤਾਬਾਂ ਦੀ ਸਪਲਾਈ ਸਮੇਂ ਸਿਰ ਕਰ ਦੇਣੀ ਚਾਹੀਦੀ ਹੈ ਤਾਂਕਿ ਬੱਚਿਆਂ ਨੂੰ ਕਿਤਾਬਾਂ ਬਜ਼ਾਰ ਵਿਚੋਂ ਨਾ ਖਰੀਦਣੀਆਂ ਪੈਣ।

ਇਸੇ ਤਰ੍ਹਾਂ, ਸਪੀਕਰ ਸਾਹਿਬ, 5 ਹਜ਼ਾਰ ਰੁਪਏ ਦਾ ਕਰਜ਼ਾ ਮੁਆਫ ਕਰਨ ਬਾਰੇ ਕਾਫੀ ਚਰਚਾ ਇਥੇ ਕੀਤੀ ਗਈ ਹੈ ਅਤੇ ਫਾਈਨੈਂਸ ਮਨਿਸਟਰ ਸਾਹਿਬ ਨੇ ਇਥੇ ਕਿਹਾ ਸੀ ਕਿ ਇਹ ਕਰਜ਼ਾ ਮੁਆਫ ਕਰਨ ਬਾਰੇ 31 ਮਾਰਚ ਤੋਂ ਪਹਿਲੇ ਹੁਕਮ ਜਾਰੀ ਕਰ ਦਿੱਤੇ ਜਾਣਗੇ ਲੇਕਿਨ ਪਿੰਡਾਂ ਦੇ ਵਿਚ ਲੋਕਾਂ ਨੂੰ ਬੜੀ ਪਰੇਸ਼ਾਨੀ ਹੈ। ਉਨ੍ਹਾਂ ਨੂੰ ਨੋਟਿਸ ਤੇ ਨੋਟਿਸ ਆਈ ਜਾ ਰਹੇ ਹਨ। ਇਸ ਲਈ, ਸਪੀਕਰ ਸਾਹਿਬ, ਇਸ ਕਰਜ਼ੇ ਨੂੰ ਮੁਆਫ ਕਰਨ ਬਾਰੇ ਹੁਕਮ ਜਲਦੀ ਤੋਂ ਜਲਦੀ ਜਾਰੀ ਕਰ ਦੇਣੇ ਚਾਹੀਦੇ ਹਨ।

ਇਥੇ ਰਿਜ਼ਰਵੇਸ਼ਨ ਐਕਟ ਬਾਰੇ ਕਿਹਾ ਗਿਆ ਹੈ ਕਿ ਇਹ 1993-94 ਵਿਚ ਬਣਾ ਦਿੱਤਾ ਜਾਵੇਗਾ। ਅਗਰ ਸਰਕਾਰ ਰਿਜ਼ਰਵੇਸ਼ਨ ਐਕਟ ਪਾਸ ਕਰਨ ਲਈ ਇਤਨਾ ਸੀਰੀਅਸ ਹੈ ਤਾਂ ਇਸ ਨੂੰ ਇਸ ਸੈਸ਼ਨ ਵਿਚ

Original with;
Punjab Vidhan Sabha
Digitized by;
Panjab Digital Library

ਜਾਂ ਫੇਰ ਸਪੈਸ਼ਲ ਸੈਸ਼ਨ ਬੁਲਾ ਕੇ ਇਸ ਨੂੰ ਪਾਸ ਕਰਵਾ ਲਵੇ। ਰਿਜ਼ਰਵੇਸ਼ਨ ਦੇ ਵਿਚ ਜਿਹੜਾ ਬੈਕਲੌਗ ਹੈ ਉਹ ਹਰ ਡਿਪਾਰਟਮੈਂਟ ਦੇ ਵਿਚ ਹੈ ਜਿਸ ਮਰਜ਼ੀ ਡਿਪਾਰਟਮੈਂਟ ਵਿਚ ਹੱਥ ਲਗਾ ਕੇ ਵੇਖ ਲਵੋ ਉਸ ਦੇ ਵਿਚ ਤੁਹਾਨੂੰ ਬੈਕਲੌਗ ਮਿਲੇਗਾ। ਉਨ੍ਹਾਂ ਕਰਮਚਾਰੀਆਂ ਨੂੰ ਆਪਣੇ ਹੱਕਾਂ ਲਈ ਕੋਰਟਾਂ ਦੇ ਦਰਵਾਜ਼ੇ ਖਟਖਟਾਣੇ ਪੈਂਦੇ ਹਨ। ਇਸੇ ਤਰ੍ਹਾਂ ਐਜੂਕੇਸ਼ਨ ਮਹਿਕਮੇ ਦੇ ਵਿਚ ਜਿਹੜੇ 81 ਹੈਡਮਾਸਟਰ ਰਿਜ਼ਰਵ ਕੈਟੇਗਰੀਜ਼ ਦੇ ਹਨ ਉਨ੍ਹਾਂ ਨੂੰ ਪ੍ਰਿੰਸੀਪਲ ਬਣਾਉਣ ਲਈ ਇਗਨੋਰ ਕੀਤਾ ਜਾ ਰਿਹਾ ਹੈ। ਇਸ ਵਿਚ ਜਨਰਲ ਕੈਟੇਗਰੀਜ਼ ਦੇ ਹੈਡਮਾਸਟਰਾਂ ਨੂੰ ਪ੍ਰਿੰਸੀਪਲ ਬਣਾ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਸੀਨੀਆਰਟੀ ਨੂੰ ਇਗਨੋਰ ਕੀਤਾ ਗਿਆ ਹੈ। 1978 ਦੇ ਹੈਡਮਾਸਟਰਾਂ ਨੂੰ ਇਗਨੋਰ ਕਰਕੇ ਜਨਰਲ ਕੈਟੇਗਰੀਜ਼ ਦੇ ਹੈਡਮਾਸਟਰਾਂ ਦੀ ਸੀਨੀਆਰਟੀ ਵੇਖ ਕੇ ਪਰਮੋਟ ਕੀਤਾ ਗਿਆ ਹੈ। ਇਹ ਪੜ੍ਹੇ ਲਿਖੇ ਲੋਕਾਂ ਦੇ ਨਾਲ ਬੇਇਨਸਾਫੀ ਹੈ। ਇਸ ਨੂੰ ਰਿਜ਼ਰਵੇਸ਼ਨ ਐਕਟ ਵਿਚ ਅਮੈਂਡਮੈਂਟ ਕਰਕੇ ਦੂਰ ਕਰਨਾ ਚਾਹੀਦਾ ਹੈ।

**Mr. Speaker** : Wind up, please. ਤੁਹਾਡਾ ਟਾਈਮ ਹੋ ਚੁੱਕਾ ਹੈ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਬੱਸ ਜੀ, ਸਪੀਕਰ ਸਾਹਿਬ, ਮੈਂ 1-2 ਮਿੰਟ ਵਿਚ ਖਤਮ ਕਰਦਾ ਹਾਂ। ਤੁਹਾਡੀ ਇਜਾਜ਼ਤ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਸ ਬੈਕਲੌਗ ਨੂੰ ਪੂਰਾ ਕਰਨ ਲਈ ਸਰਕਾਰ ਨੇ ਕਮੇਟੀ ਬਣਾਈ ਹੋਈ ਹੈ। ਇਸ ਤੋਂ ਇਹ ਸਾਬਤ ਕਰਦੇ ਹਨ ਕਿ ਸਰਕਾਰ ਕਿੰਨਾ ਇਸ ਬਾਰੇ ਸੀਰੀਅਸ ਹੈ ਪਰ ਪਰੈਕਟੀਕਲੀ ਦੇਖਿਆ ਜਾਵੇ ਕਿ ਇਸ ਕਮੇਟੀ ਕੋਲ ਸਾਰਾ ਡਾਟਾ ਨਹੀਂ ਹੈ। ਇਸ ਕਮੇਟੀ ਨੂੰ ਹਰ ਡਿਪਾਰਟਮੈਂਟ ਦਾ ਡਾਟਾ ਮਿਲਣਾ ਚਾਹੀਦਾ ਹੈ ਤਾਂ ਹੀ ਇੰਪਲੀਮੈਂਟੇਸ਼ਨ ਕਰ ਸਕਦੀ ਹੈ।

ਇਸੇ ਤਰ੍ਹਾਂ ਪਛੜੀਆਂ ਸ਼੍ਰੇਣੀਆਂ ਦੀ ਆਬਾਦੀ ਪੰਜਾਬ ਵਿਚ ਬਹੁਤ ਜ਼ਿਆਦਾ ਹੈ ਅਤੇ ਦੇਸ਼ ਵਿਚ ਵੀ ਹੈ, ਇਨ੍ਹਾਂ ਬਾਰੇ ਮੰਡਲ ਕਮਿਸ਼ਨ ਦੀ ਰਿਪੋਰਟ ਸਰਕਾਰ ਕੋਲ ਹੈ ਅਤੇ ਕੇਂਦਰ ਦੀ ਸਰਕਾਰ ਨੇ ਕਿਹਾ ਹੈ ਕਿ ਸਟੇਟ ਗੌਰਮਿੰਟ ਇਸ ਰਿਪੋਰਟ ਤੇ ਇੰਡੀਪੈਂਡੈਂਟਲੀ ਆਪਣੇ ਤੌਰ ਤੇ ਫੈਸਲਾ ਕਰ ਸਕਦੀ ਹੈ। ਇਸੇ ਤਰ੍ਹਾਂ ਵਿਡੋ ਪੈਨਸ਼ਨ, ਬੁਢਾਪਾ ਪੈਨਸ਼ਨ ਦੀਆਂ ਰਕਮਾਂ ਸਰਕਾਰ ਨੂੰ ਵਧਾ ਦੇਣੀਆਂ ਚਾਹੀਦੀਆਂ ਹਨ। ਵਿਡੋ ਪੈਨਸ਼ਨ ਦੇ ਕੇਸ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਸਮੇਂ ਕਿਸੇ ਔਰਤ ਦਾ ਬੱਚਾ ਬਾਲਗ ਹੋ ਜਾਂਦਾ ਹੈ ਤਾਂ ਉਸ ਦੀ ਪੈਨਸ਼ਨ ਬੰਦ ਕਰ ਦਿੱਤੀ ਜਾਂਦੀ ਹੈ। ਇਸ ਨੂੰ ਅਮੈਂਡ ਕਰਨ ਦੀ ਲੋੜ ਹੈ। ਕਿਉਂਕਿ ਬਾਲਗ ਬੱਚਾ ਆਪਣੇ ਪਰਿਵਾਰ ਦਾ ਖਰਚਾ ਪੂਰਾ ਨਹੀਂ ਕਰ ਸਕਦਾ, ਉਹ ਆਪਣੀ ਵਿਡੋ ਮਾਂ ਨੂੰ ਖਰਚਾ ਨਹੀਂ ਦਿੰਦਾ, ਇਸ ਲਈ ਸਰਕਾਰ ਨੂੰ ਵਿਡੋ ਪੈਨਸ਼ਨ ਬੰਦ ਨਹੀਂ ਕਰਨੀ ਚਾਹੀਦੀ। ਇਸ ਪਾਲਿਸੀ ਨੂੰ ਤਬਦੀਲ ਕਰਨ ਦੀ ਲੋੜ ਹੈ। (ਘੰਟੀ)

ਸਪੀਕਰ ਸਾਹਿਬ, ਖੇਤ ਮਜ਼ਦੂਰ ਨੂੰ ਖਾਦ ਦੇ ਲਈ ਸਰਕਾਰ ਵਲੋਂ ਇਕ ਹਜ਼ਾਰ ਰੁਪਿਆ ਪਰ ਮਰਲਾ ਸਹਾਇਤਾ ਦਿੱਤੀ ਜਾਂਦੀ ਹੈ। ਇਹ ਜ਼ਿਆਦਾ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਸਰਕਾਰ ਵਲੋਂ ਪਿੰਡਾਂ ਦੇ ਵਿਚ ਲੈਟਰੀਨ ਦੀ ਜਿਹੜੀ ਸਕੀਮ ਹੈ ਇਸ ਦਾ ਫਾਇਦਾ 6 ਹਜ਼ਾਰ ਪਰਿਵਾਰਾਂ ਨੂੰ ਹੋਵੇਗਾ ਲੇਕਿਨ ਉਥੇ ਥੱਲੇ ਲੈਵਲ ਦਾ ਜਿਹੜਾ ਅਮਲਾ ਹੈ ਉਹ ਮੈਟੀਰੀਅਲ ਬੜਾ ਘਟੀਆ ਕਿਸਮ ਦਾ ਲਗਾ ਰਿਹਾ ਹੈ। ਇਸ ਲਈ ਸਰਕਾਰ ਵਲੋਂ ਸਖਤ ਹਦਾਇਤਾਂ ਉਨ੍ਹਾਂ ਨੂੰ ਜਾਰੀ ਹੋਣੀਆਂ ਚਾਹੀਦੀਆਂ ਹਨ ਕਿ ਉਹ ਮੈਟੀਰੀਅਲ ਠੀਕ ਕਿਸਮ ਦਾ ਲਾਉਣ।

Original with;
Punjab Vidhan Sabha
Digitized by;
Panjab Digital Library

[ਸਰਦਾਰ ਅਵਤਾਰ ਸਿੰਘ ਕਰੀਮਪੁਰੀ]

ਹੁਣ, ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੀ ਗੱਲ ਕਰਦਾ ਹਾਂ।

**ਸ੍ਰੀ ਸਪੀਕਰ** : ਕਰੀਮਪੁਰੀ ਜੀ, ਤੁਹਾਡਾ ਟਾਈਮ ਖਤਮ ਹੋ ਚੁੱਕਾ ਹੈ। ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਨਾਜੁਕਪੁਰਾ ਪਿੰਡ ਹੈ ਇਥੇ ਇਕ ਪ੍ਰਾਇਮਰੀ ਸਕੂਲ ਖੋਲ੍ਹ ਦਿੱਤਾ ਜਾਵੇ। ਮਾਹਿਲਪੁਰ ਨੂੰ ਸਬ-ਡਿਵੀਜ਼ਨ ਬਣਾ ਦਿੱਤਾ ਜਾਵੇ ਅਤੇ ਇਸ ਦੇ ਨਾਲ ਨਵਾਂ ਸ਼ਹਿਰ ਨੂੰ ਨਵਾਂ ਜ਼ਿਲ੍ਹਾ ਬਣਾ ਦਿੱਤਾ ਜਾਵੇ। ਸਰਕਾਰ ਨਵਾਂ ਸ਼ਹਿਰ ਨੂੰ ਨਵਾਂ ਜ਼ਿਲ੍ਹਾ ਬਣਾਉਣ ਦਾ ਐਲਾਨ ਇਥੇ ਕਰੇ । (ਵਿਘਨ)

**श्रीमती लक्ष्मी कांता चावला** (अमृतसर केंद्री) : स्पीकर साहिब, धन्यवाद। इस सदन में शिक्षा के सम्बन्ध में जो बजट में मांगें रखी गई हैं वह आज चर्चा का विषय है । स्पीकर साहिब, इन मांगों पर बोलने से पहले मैं यह चाहती हूं कि आप मुझे इन पर बोलने के लिए निश्चित समय बता दें ताकि मैं उतने समय में ही अपने विचार रख सकूं । आप मुझे बीच में न रोकें ।

**ਸ੍ਰੀ ਸਪੀਕਰ** : ਤੁਹਾਨੂੰ ਬੋਲਣ ਲਈ 10 ਮਿੰਟ ਮਿਲਣਗੇ ਪਰ ਤੁਸੀਂ 2 ਮਿੰਟ ਤਾਂ ਪਹਿਲਾਂ ਹੀ ਜ਼ਾਇਆ ਕਰ ਦਿੱਤੇ ਹਨ ।

**श्रीमती लक्ष्मी कांता चावला** : स्पीकर साहिब, शिक्षा किसी भी देश और समाज को बनाने के लिए एक मात्र आधार है लेकिन हमारा दुर्भाग्य यह रहा कि स्वतन्त्रता के पश्चात् शिक्षा को ही हमने सबसे ज्यादा आंखों से ओझल किया । स्कूलों, कालिजों की बिल्डिंगें कहीं तो बन गई, कहीं नहीं भी बनी, कहीं बैठने का सामान मिला, कहीं नहीं भी मिला लेकिन जो विद्यार्थियों का चरित्र निर्माण होना था उसकी तरफ से बिल्कुल आंखें बन्द कर ली गई । स्पीकर साहिब, सच तो यह है कि आज भी शिक्षा विभाग, शिक्षा संस्थाओं के ऊपर स्वतन्त्रता की स्वतन्त्र विचार धाराओं की छाया कम है । मकोले का भूत आज भी मंडरा रहा है । आज भी हालत यह है कि हमारे पंजाब के बच्चे पंजाब के शहीदों के बारे में नाममात्र ही जानते हैं और थोड़ा बहुत जो जानते भी हैं वह वर्ग है जो कि पब्लिक स्कूलों में कानवेंट स्कूलों में अंग्रेज़ी माध्यम में नहीं पढ़ते हैं । स्पीकर साहिब, मैंने आसाम में देखा कि कुछ साल पहले स्कूलों में, कालेजों में, आंगन में, प्रांगण में, हाल में उन महापुरुषों के क्रान्तिकारियों, देश भक्तों के बुत लगाए हैं और उनकी जीवन गाथा भी साथ में लिखी गई है । जबकि हमारे यहां यह हालत है कि वरड्ज़ वर्थ के डेफोडिलज़ कैसे हिलते हैं या मिल्टन की नाईटिंगेल कैसे रोती है, इसको पढ़ाने पर तो जोर बहुत ज्यादा है लेकिन हमारे देश के लोगों ने इस धरती के लिए क्या बलिदान दिये, हमारी धरती की क्या विशेषताएं, है इन बातों को कोई ध्यान में नहीं लाता । उसी प्रकार हमारे अध्यापकों को परीक्षण देने वाली जो संस्थाएं हैं वह अध्यापकों को घिसी पिटी सैद्धांन्तिक पुस्तकों से परीक्षण तो दे देती हैं लेकिन भारत के अध्यापक कैसे रहे हैं, भारत का अध्यापक कैसा होना चाहिए, इसके बारे में उनको कुछ नहीं बताया जाता । अगर गुड़ खाने वाले यह उपदेश देते जाएं कि गुड़ मत खाओ तो देश का और

Original with;
Punjab Vidhan Sabha
Digitized by;
Panjab Digital Library

बच्चों का कुछ नहीं बनेगा । स्पीकर साहिब, बदकिस्मती से इस देश का यह रिवाज बन गया है कि बच्चों का समय व्यर्थ खोने में कोई संकोच मत करो, अध्यापकों का समय व्यर्थ खोने में कोई संकोच मत करो । अगर कोई नेताजी, कोई अभिनेता जी, कोई और बड़ा आदमी आ रहा है तो स्कूलों, कालेजों के बच्चे ले जाओ और लाईनों में खड़े कर दो । जब तक वह न आएं बच्चे खड़े रहें । किसी ने यह नहीं सोचा जैसा कि जापान में होता है कि यह बच्चों का समय वेस्ट नहीं हो रहा है बल्कि यह राष्ट्र का समय नष्ट किया जा रहा है । स्पीकर साहिब, आज एक रिवाज बन गया है कि जिस रैली में कोई नहीं जाता वहां स्कूलों में छुट्टी कर दो और स्कूलों के अध्यापक और कालेजों के अध्यापक भेज दो । इस तरह का जो रिवाज बना है, उसमें शिक्षा, शिक्षक, शिक्षार्थी इन तीनों का महत्व किसी ने नहीं पहचाना और उसी का यह परिणाम निकल रहा है कि आज भी हमारी यूनिवर्सिटियों में काले गाऊन पहना करके अंग्रेजी में भाषण करके स्वतन्त्रता की छाया नहीं पड़ने दी जा रही है । ऐसा प्रयास किया जाता है । उग्रवाद के दिनों में तो हमारे कुछ विश्वविद्यालय, हमारे कुछ कालेज उग्रवाद के गढ़ बन गये थे । इसलिए वहाँ के वाईस-चांसलर भी एक्सटैनशन ले गए थे और आज भी वहां वाईस-चांसलर बने बैठे हैं । पंजाबी यूनिवर्सिटी, पटियाला का किसे पता नहीं है कि एक बी० सी० जो मरने वाली प्रिंसीपल के लिए तो अपनी गाड़ी देने को इसलिए तैयार नहीं था क्योंकि उसका पति वहां लैक्चरार है, लेकिन सुखबीर जैसे उग्रवादी का भोग समारोह वह यूनिवर्सिटी में कराने के लिए तैयार रहता है । स्पीकर साहिब, देश के बच्चे क्या देखेंगे जब असैम्बलियों में भी उनको कुश्ती होने की खबर मिल जाती है लड़ते भिड़ते विधायक विधान सभा में दिखाई दे जाते हैं । इसलिए स्कूलों, कालिजों में यह सब होता है तो इसमें कोई आश्चर्य की बात नहीं रह जाती है और जिस देश में स्थिति यह हो जाए कि अध्यापक ट्रांसफर कराने के लिए चंडीगढ़ में आएं और मध्यस्थ ढूंढे, खर्च भी करें, सिफारिश भी लगाएं इसके इलावा जिस देश में स्थिति यह हो जाए कि टीचर्ज को अपनी मांगें मनवाने के लिए कालिज बन्द करके यहां आकर बैठना पड़े तो उस देश का क्या होगा । स्पीकर साहिब, टीचर्ज की मांगें जो 3 अप्रैल, 1992 को इसी सदन में सिद्धांत रूप से स्वीकार की गई थी उसी मांग के लिए आज 17 मार्च को भी यह कह दिया जाए कि अभी विचाराधीन है । स्पीकर साहिब, 365 दिन होने वाले हों और टीचरज वहां प्रतीक्षा करके चंडीगढ़ में आकर धरना देने को मजबूर किये जाते हैं । आज हमें अपने प्राचीन स्कूलों, कालेजों को देखना होगा कि वहां पर दो तरह की शिक्षा मिलती थी 'उभयोऽपि सामर्थ्य शापादपि शरादपि' अर्थात शस्त्र और शास्त्र दोनों की शिक्षा दी जाती थी । आज हम अपने बच्चों को किताबें बढ़ा कर और तोतों की तरह रटा कर, इस प्रकार तैयार कर रहे हैं । सरकार ने यह वचन दिया था कि हम कम से कम 40 प्रतिशत बच्चों को स्कूलों में व्यवसायिक शिक्षा देंगे । आज भी केवल 10 प्रतिशत बच्चे इस घेरे में आए हैं । और वो भी जहां टी० वी० गया, वहां टी० वी० खराब पड़ा है, जहां कम्पयूटर गया वहां कम्पयूटर खराब पड़ा है और बच्चों को कोई ट्रेनिंग नहीं मिल रही । पंजाब में प्राईमरी स्कूल थोड़े हैं, सीनियर सैंकडरी स्कूल थोड़े हैं । हाई स्कूलों को सीनियर सैकंडरी स्कूल बनाने की अभी कोई व्यवस्था नहीं और कितनी शर्म की बात हैं कि पिछले साल सीनियर सैकंडरी स्कूल जो सरकारी स्कूल हैं उनके केवल 24 प्रतिशत बच्चे पास हुए । क्यों ? क्योंकि न वहां साईंस को पढ़ाने का प्रबन्ध है,

Original with;
Punjab Vidhan Sabha
Digitized by;
Panjab Digital Library

[श्रीमति लक्ष्मी कांता चावला]

न वहां अच्छी प्रयोगशालाएं है, न कोई गणित को पढ़ाने का प्रबन्ध है । और दूसरी तरफ यहां कहा जाता है कि स्कूलों में हमने + 1 और + 2 शिक्षा पद्धति रखनी है और कालेजों में खत्म करनी है । कालेजों में सौ बार खत्म कीजिए लेकिन पहले स्कूलों में उसको लाईए तो सही । आज यह हालत है कि कालेजों में अंधाधुंध फीसें बढ़ने लगी हैं, स्कूलों में अंधाधुंध फीसें बढ़ने लगी हैं । इन दिनों जरा मार्कीट में जाकर देखिए, कैपिटेशन फीस प्राईवेट सो-काल्ड पब्लिक स्कूलों में 5,000 रु० से 25,000 रु० तक ली जा रही है । पंजाब में शायद एक भी जूं ऐसी नहीं जो आप के कानों पर रेंग सके । मंत्री तो कहते हैं कि ध्यान में ऐसी बातें लाइये, लेकिन हम ध्यान में ला लाकर थक गए । कान पर जूं नहीं रेंगी और नक्कार खाने में तूती की आवाज बन कर जनता की आवाज यहां पर रह जाती है । मेरा निवेदन है कि एक छोटी सी दुकान भी खोलते हो तो कभी वहां सेल्ज़ टैक्स वाला जाता है, कभी नमूना भरने वाला जाता है, लेकिन जहां 200 रु० देकर बी०ए० पास टीचर को रखा जाता है, या ज्यादा से ज्यादा 1000 रु० दिया जाता है, जबरी ट्यूशन करवाई जाती है ताकि टीचर 500 रु० तनख्वाह के ले लें और 500 रु० ट्यूशन के लेलें । सूर्य उदय से लेकर सूर्य अस्त तक बच्चे ट्यूशन की चक्की में पिसते हैं । लेकिन इस तरफ सरकार ध्यान ही नहीं देती जिसका रिजल्ट यह है आज जन्म से ही बच्चे बेईमानी सीखते हैं । बच्चे जब यह जानते हैं कि उनका पिता पैसे के बल पर उनको स्कूल में दाखिल करवाता है तो वह बच्चे भी यही सीखेंगे कि अगर उन्होंने भविष्य में अपने बच्चे को दाखिल करवाना है तो एक नंबर का भी कमाओ, दो नंबर का भी कमाओ, रिश्वत का भी कमाओ क्योंकि हिन्दुस्तान के स्कूल कालेजों में दाखिला ही नहीं मिलने वाला है बिना पैसे के । इसलिए मेरा सरकार से, शिक्षा मन्त्री से और मुख्य मन्त्री से निवेदन है कि स्कूल कालेजों में जो सट्टे बाजी हो रही है उसको बंद करवाईए नही तो इसका परिणाम भंयकरतम होगा और हमारी आज की पीढ़ी इस मामले के लिए दोषी मानी जाएगी ।

एक बात और, गवर्नमेंट स्कूलों के जो टीचरज़ हैं, उनको जब समय पर ट्रांसफर नही मिलती, न्याय नहीं मिलता, तो वह इधर उधर भटकते फिरते हैं । उनको खतरा बना रहता है कि जैसे अभी तक वह 18-19 या 20 साल से वे गांवों के स्कूल में पड़े हैं, कहीं 22वां साल भी वहीं न बीत जाए । इसके लिए कोई ऐसी नीति तय करनी होगी जिसके द्वारा यह निश्चित हो कि कोई अध्यापक कितने वर्ष शहर में रहेगा, कितने वर्ष गांव में जाएगा और अपाहिज अध्यापक के लिए क्या नीति है । शिक्षा में वर्ग-रहित समाज बनाने की बात करते हैं । आज स्कूलों से ही वर्ग भेद पैदा हो रहा है। एक स्कूल जिसमें दरी नहीं, टाट नहीं, पीने का पानी नहीं और दूसरी तरफ वह स्कूल है जिसमें सब सुविधाएं उपलब्ध हैं, तो हम जन्म से ही बच्चे को दो वर्गों में बांट देते हैं । सरकारी स्कूल का मतलब गरीब का स्कूल, मतलब अनाथ का स्कूल, सरकारी स्कूल का मतलब वहां कमरे नहीं विद्यार्थी होंगे पर छत कोई नहीं, धूप, वर्षा में बच्चे बैठेंगे । कितनी अच्छी बात हो अगर सरकार चलाने वाले लोगों के बच्चे भी सरकारी स्कूलों में जाएं । तब शायद इन स्कूलों का स्तर अच्छा हो जाएगा ।

अगली बात मैंने जो कहनी है वह अनुशासन के बारे में है । आज स्कूलों, कालेजों में अनुशासन क्यों नहीं क्योंकि अनुशासन बच्चों को ऊपर वालों में दिखाई नहीं देता । जिस बात

Original with;
Punjab Vidhan Sabha
Digitized by;
Panjab Digital Library

के लिए हमने कल यहां एक घटना पर बार बार वाक आऊट किया, वही बात सत्ता चलाने वालों में भी हुई । आज सुबह मुझे देखकर खुशी भी हुई, आश्चर्य भी हुआ कि पार्लियामेंट में कांग्रेस के सदस्य बोल रहे थे कि कल जो विधान सभा में हुआ, एक सदस्य को बाहर निकाला गया, जालन्धर में सरकार ने रैली नहीं होने दी . . . . ।

श्री **अध्यक्ष** : बहन जी, आप एजुकेशन पर बोलिए ।

**श्रीमति लक्ष्मी कांता चावला** : स्पीकर साहिब, शिक्षा पर ही बोल रही हूं ।

"यद्यदाचरति श्रेष्ठ, तद तदेवेतरो जना :"

जो जो समाज के बड़े आदमी करते हैं वही समाज की नई पीढ़ी करती है । इसलिए मुझे यह कहना है कि शिक्षा झुग्गी झौंपड़ी में रहने वाले बच्चों के पास भी पहुंचनी चाहिए और सरकार को प्राईवेट स्कूलों में पढ़ाने वाले अध्यापकों के लिए, जिनके बारे में 2 मन्त्री साहिबान, मुख्य मन्त्री जीव वित्त मन्त्री जी मेरी प्रार्थना सुन लें तो अच्छा है कि प्राईवेट स्कूलों में काम करने वाले टीचरज़ को शोषण से बचाइए ।

एम० ए० पास टीचर 200–200, 300–300 और 500–500 रुपये महीना में काम कर रहे हैं । उनकी तनखाहों की न्यूनतम सीमा तय की जाए और इस के साथ ही इन प्राईवेट स्कूलों में ली जाने वाली फीसों की उच्चतम सीमा भी तय की जाए कि इससे ज्यादा फीस नहीं ली जा सकती ।

आज हालत यह है कि वैसे तो तीन भाषी फार्मूला की बात की जाती है । स्कूलों, कालेजों में तो पढ़ाने के लिए यह फार्मूला रख लिया गया है लेकिन मैं हैरान हूं कि यहां पर कौन सा फार्मूला चलता है ? यहां पर पंजाबी में और अंग्रेज़ी में तो पेपर दिये जाते हैं । लेकिन हिन्दी में नहीं दिये जाते । अगर हिन्दी में पेपर नहीं दे सकते तो अंग्रेजी में भी देने की क्या जरूरत है ? सिर्फ पंजाबी ही काफी है । यहां बैठे सदस्यों में कौन कहेगा कि मुझे पंजाबी नहीं आती ? क्यों कुछ लोगों का अहं पूरा करने के लिए दो भाषाओं में पेपर देने पर खर्च किया जाए ? मील पत्थरों पर भी दो भाषी फार्मूला दिखाई देता है । वहां पर भी शिक्षा का तीन–भाषाई फार्मूला बिल्कुल दिखाई नहीं देता । मील पत्थर हिन्दी में लिखने बिल्कुल बन्द कर दिये हैं । इसके अलावा प्राईवेट स्कूल ज्यादा खोले जायें । स्कूलों और कालेजों में जरूरी सुविधाएं देने का प्रबंध किया जाए । ग्राऊंड और फर्नीचर देने का प्रबन्ध किया जाए । अफसोस की बात है कि आज स्कूलों में पीने का पानी भी नहीं मिलता है । पीने के पानी की तो दूर की बात है, जब ऊपर का पानी बरसता है तो स्कूलों में बैठने की जगह भी नहीं मिलती है ।

एक बात और कहना चाहूंगी । जो प्राईवेट कालेज हैं, उनको सरकार 95 प्रतिशत ग्रांट देती है । शिक्षा मन्त्री जी ने कहा था कि गवर्नमेंट और नान-गवर्नमेंट कालिजों को बराबर की सुविधायें दी जाएंगी । लेकिन ऐसा हुआ नहीं है । मेरे जैसा लैक्चरार जो प्राईवेट कालेज

Original with;
Punjab Vidhan Sabha
Digitized by;
Panjab Digital Library

[श्री मति लक्ष्मी कांता चावला]

में काम करता हो, उसे मैडीकल अलाऊंस केवल 40 रुपए महीना मिलता है। यह पैरिटी वाली बात नहीं है। उन की गरैच्युटी में भी अंतर है। पैंशन का आश्वासन दिया गया है लेकिन यह भी अभी तक आश्वासन ही है। आश्वासनों के सहारे ही आज हम जी रहे हैं। आश्वासन के अलावा और कुछ भी नहीं है। मैं कहती हूं कि इन प्राईवेट कालिज अध्यापकों को क्यों मजबूर किया जाये कि वे 19 मार्च को कालेज बंद करके यहां प्रोटैस्ट करने आएं। आज जबकि सदन चल रहा है तो क्यों नहीं उन को यह संदेश भेज दिया जाता कि आप की मांगों पर हम विचार कर लेंगे, इस लिए यहां आने की कोई बात नहीं ?

अध्यक्ष महोदय, पंजाब में तीन यूनिवर्सिटीज़ हैं लेकिन उन सभी का अलग अलग सिलेबस है। उनका परीक्षा का समय भी एक नहीं। ऐसा क्यों नहीं किया जाता कि तीनों यूनिवर्सिटियों का काम काज एक जैसा हो पाठ्यक्रम एक ही हो और परीक्षा का समय भी एक ही हो ताकि जब कोई विद्यार्थी किसी एक यूनीवर्सिटी से माईग्रेट हो कर किसी दूसरी यूनीवर्सिटी में जाए तो उस को यह न लगे कि वह किसी विदेश में आ गया है। सभी में पाठ्यक्रम मिलता जुलता हो।

बच्चे बहुत कुछ इन शिक्षा संस्थाओं से ही सीख कर जाते हैं। इस लिये शिक्षा का प्रबंध ऐसा हो कि इस में भ्रष्टाचार न हो। इस में अमीरी और गरीबी का फर्क न हो। अमीर का बच्चा यह न समझे कि मैं तो अमीर का बच्चा हूं, मुझे तो दाखला मिल ही जायेगा। दूसरी तरफ गरीब का बच्चा यह न सोचे कि मुझे तो पढ़ने का अधिकार ही नहीं। इस वर्ग भेद को रोका न गया तो इन की दीवारें इतनी बड़ी खड़ी हो जायेंगी कि उन्हें तोड़ना मुश्किल हो जायेगा। अगर ऐसी बातों को दूर नहीं किया गया तो हमारा शिक्षा का स्तर दिन प्रति दिन गिरता ही जायेगा। शिक्षा के ढांचे में अनुशासन की भी बड़ी जरूरत है। अनुशासन लाने के लिये जरूरी है कि हम पहले खुद अनुशासन में आएं। आज सारे सरकारी दफ्तरों में, सचिवालय में भी, यह लिखा हुआ है कि पंजाब सरकार ने सिगरेट पीना बिल्कुल मना कर दिया है। यह अच्छी बात है और ईश्वर करे कि शराब और सिगरेट का सेवन देश से ही पूरी तरह समाप्त हो जाये लेकिन जब हमारे अपने लोग ही विधान सभा के परिसर में इन चीजों का सेवन करते हैं तो हम दूसरे लोगों को कैसे रोक पाएंगे ? जैसा राजा होगा, वैसी ही प्रजा होगी। जस दूल्हा तस बनी बरात। अपने नियम अपने ऊपर लागू करने का दायित्व सरकार चलाने वालों पर ही आता है। इसलिये पहले हमें खुद को सुधारना होगा। धन्यवाद।

ਸਰਦਾਰ ਸ਼ੇਰ ਸਿੰਘ ਗੱਗੋਵਾਲ (ਮਾਨਸਾ) . ਸਤਿਕਾਰਯੋਗ ਸਪੀਕਰ ਸਾਹਿਬ, ਖਿਲ ਆਏ, ਸਿਗਾਂ ਆਈਆਂ, ਐਜੂਕੇਸ਼ਨ ਅੌਰ ਸਮਾਜ ਭਲਾਈ ਬਾਰੇ ਤੁਸੀਂ ਮੈਨੂੰ ਇਨ੍ਹਾਂ ਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ, ਇਸ ਲਈ ਮੈਂ ਤੁਹਾਡਾ ਧੰਨਵਾਦੀ ਹਾਂ। ਸਪੀਕਰ ਸਾਹਿਬ, ਸ਼ਿਕਸ਼ਾ ਦਾ ਜਿਹੜਾ ਮਿਆਰ ਹੈ ਉਹ ਕਾਫੀ ਡਿਗਿਆ ਹੋਇਆ ਹੈ ਖਾਸ ਕਰਕੇ ਪਿੰਡਾਂ ਦੇ ਵਿਚ। ਸਪੀਕਰ ਸਾਹਿਬ, ਪਿੰਡਾਂ ਦੇ ਵਿਚ ਜਿਹੜੇ ਸਕੂਲ ਪ੍ਰਾਇਮਰੀ, ਮਿਡਲ ਅਤੇ ਹਾਈ ਹਨ ਇਕ ਤਾਂ ਉਨ੍ਹਾਂ ਦੇ

Original with;
Punjab Vidhan Sabha
Digitized by;
Panjab Digital Library

ਵਿਚ ਪੂਰੇ ਅਧਿਆਪਕ ਨਹੀਂ ਪਹੁੰਚਦੇ ਜਿਨ੍ਹਾਂ ਨੇ ਜਾ ਕੇ ਬੱਚਿਆਂ ਨੂੰ ਆਪਣੇ ਆਪਣੇ ਸਬਜੈਕਟ ਪੜ੍ਹਾਉਣੇ ਹਨ। ਦੂਸਰਾ, ਸਪੀਕਰ ਸਾਹਿਬ, ਮੈਨੂੰ ਪੇਂਡੂ ਹੋਣ ਦੇ ਨਾਤੇ ਜ਼ਾਤੀ ਤੌਰ ਤੇ ਤਜਰਬਾ ਹੈ ਬੇਸ਼ਕ ਵਿਦਿਆ ਮੰਤਰੀ ਜੀ ਨੇ ਇਸ ਸਦਨ ਵਿਚ, ਬਾਹਰ ਪ੍ਰੈਸ ਨੂੰ ਬਿਆਨ ਦਿੱਤਾ ਸੀ ਕਿ ਅਸੀਂ ਨਕਲ ਨੂੰ ਬੰਦ ਕਰ ਦਿਆਂਗੇ ਔਰ ਵਿਦਿਆ ਦਾ ਮਿਆਰ ਸੁਧਾਰਾਂਗੇ ਪਰ ਅਧਿਆਪਕ, ਸਪੀਕਰ ਸਾਹਿਬ, ਆਪਣੀ ਡਿਊਟੀ ਨੂੰ ਸਹੀ ਢੰਗ ਨਾਲ ਨਹੀਂ ਨਿਭਾਉਂਦੇ। ਮੈਂ ਤੁਹਾਡੇ ਰਾਹੀਂ ਵਿਦਿਆ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਆਪਣੇ ਵਸੀਲਿਆਂ ਰਾਹੀਂ, ਆਪਣੇ ਰੀਸੋਰਸਿਜ਼ ਰਾਹੀਂ ਇਹ ਥੋੜ੍ਹਾ ਬਹੁਤ ਉਧਰ ਧਿਆਨ ਦੇਣ ਕਿ ਜਿਹੜੇ ਟੀਚਰ ਹਨ ਉਹ ਆਪਣੇ ਬਿਜ਼ਨੈਸ ਕਰਦੇ ਹਨ, ਜਿਹੜਾ ਜ਼ਿਮੀਂਦਾਰ ਦਾ ਮੁੰਡਾ ਹੈ ਉਹ ਖੇਤੀ ਕਰਦਾ ਰਹਿੰਦਾ ਹੈ ਅਤੇ ਤਨਖਾਹ ਵਾਲੇ ਦਿਨ ਉੱਥੇ ਹਾਜ਼ਰ ਹੋ ਜਾਂਦਾ ਹੈ ਔਰ ਇਸੇ ਤਰ੍ਹਾਂ ਹੀ ਜਿਹੜਾ ਦੁਕਾਨਦਾਰ ਦਾ ਮੁੰਡਾ ਹੈ ਉਹ ਸਾਰਾ ਦਿਨ ਦੁਕਾਨ ਤੇ ਬੈਠਾ ਰਹਿੰਦਾ ਹੈ ਅਤੇ ਤਨਖਾਹ ਵਾਲੇ ਦਿਨ ਸਕੂਲ ਹਾਜ਼ਰ ਹੋ ਜਾਂਦਾ ਹੈ। ਇਹੋ ਜਹੇ ਅਨਸਰਾਂ ਨੂੰ ਥੋੜ੍ਹਾ ਜਿਹਾ ਸਖਤੀ ਨਾਲ ਇਸ ਪਾਸੇ ਤੋਰਨਾ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਭਵਿੱਖ ਨੂੰ ਦੇਖਦੇ ਹੋਏ ਆਪਣੀ ਜ਼ਿੰਮੇਵਾਰੀ ਨਿਭਾਉਣ।

ਸਪੀਕਰ ਸਾਹਿਬ, ਇਸ ਗੱਲ ਤੇ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਜੇਕਰ ਨਕਲ ਨਾ ਵਜੇ ਤਾਂ ਪਿੰਡਾਂ ਦੇ ਬੱਚੇ ਤਾਂ ਦੋ ਪਰਸੈਂਟ ਵੀ ਪਾਸ ਨਹੀਂ ਹੁੰਦੇ। 10ਵੀਂ ਵਾਲੇ ਮੁੰਡੇ ਜੇ ਆਪਣਾ ਸਹੀ ਨਾਂ ਲਿਖ ਦੇਣ ਤਾਂ ਮੈਨੂੰ ਤੁਸੀਂ ਝੂਠਾ ਸਮਝੋ। ਬੇਸ਼ਕ ਤੁਸੀਂ ਕਿਸੇ ਮੁੰਡੇ ਤੋਂ ਉਸ ਦਾ ਨਾਂ ਲਿਖਵਾ ਕੇ ਦੇਖ ਲਵੋ, ਉਹ ਆਪਣਾ ਨਾਂ ਤੱਕ ਵੀ ਨਹੀਂ ਲਿਖ ਸਕਦੇ। ਉਹ ਤਾਂ, ਸਪੀਕਰ ਸਾਹਿਬ, ਨਕਲਾਂ ਨਾਲ ਪਾਸ ਹੁੰਦੇ ਹਨ। ਸਪੀਕਰ ਸਾਹਿਬ, ਇਸ ਦੇ ਵਿਚ ਸੁਧਾਰ ਲਿਆਉਣ ਦੀ ਬੜੀ ਭਾਰੀ ਜ਼ਰੂਰਤ ਹੈ।

ਸਪੀਕਰ ਸਾਹਿਬ, ਮੈਂ ਇਕ ਹੋਰ ਵੀ ਬੇਨਤੀ ਕਰੂੰਗਾ ਤੁਹਾਡੇ ਰਾਹੀਂ ਵਿਦਿਆ ਮੰਤਰੀ ਜੀ ਨੂੰ ਔਰ ਮਾਨਯੋਗ ਮੁੱਖ ਮੰਤਰੀ ਜੀ ਨੂੰ ਕਿ ਕੋਈ ਵੀ ਇਹ ਕਰਾਈਟੇਰੀਆ ਜ਼ਰੂਰ ਰਖਣ ਕਿ ਜਦੋਂ ਵੀ ਕਿਸੇ ਸਕੂਲ ਦਾ ਰਿਜ਼ਲਟ ਠੀਕ ਨਾ ਆਵੇ ਤਾਂ ਉਸ ਸਕੂਲ ਦੇ ਅਧਿਆਪਕਾਂ ਤੇ ਕੋਈ ਸਖਤੀ ਜ਼ਰੂਰ ਹੋਣੀ ਚਾਹੀਦੀ ਹੈ। ਇਸ ਬਾਰੇ ਭਾਵੇਂ ਕੋਈ ਪਰਸੈਂਟੇਜ ਰੱਖ ਲਈ ਜਾਵੇ ਤਾਂਕਿ ਅਧਿਆਪਕਾਂ ਨੂੰ ਪਤਾ ਲੱਗੇ ਕਿ ਜੇ ਮੈਂ ਏਨਾ ਕੰਮ ਨਾ ਕੀਤਾ ਤਾਂ ਮੈਨੂੰ ਜਵਾਬ-ਦੇਹ ਹੋਣਾ ਪਵੇਗਾ।

ਸਪੀਕਰ ਸਾਹਿਬ, ਮੈਂ ਕੁਝ ਆਪਣੇ ਹਲਕੇ ਦੀਆਂ ਮੁਸ਼ਕਲਾਂ ਤੁਹਾਡੇ ਰਾਹੀਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ 56 ਪਿੰਡ ਪੈਂਦੇ ਹਨ। ਇਸ ਤੋਂ ਪਹਿਲਾਂ ਕੋਈ ਵੀ ਗੌਰਮਿੰਟ ਦਾ ਕਾਲਜ ਉੱਥੇ ਨਹੀਂ ਸੀ ਅਤੇ ਨਾ ਹੀ 56 ਪਿੰਡਾਂ ਦੇ ਵਿਚ ਲੜਕੀਆਂ ਦਾ ਕੋਈ ਹਾਈ ਸਕੂਲ ਸੀ। ਮੈਂ ਧੰਨਵਾਦੀ ਹਾਂ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਦਾ, ਜਿਨ੍ਹਾਂ ਨੇ ਸਾਡੇ ਨਹਿਰੂ ਮੈਮੋਰੀਅਲ ਕਾਲਜ ਨੂੰ ਸਰਕਾਰੀ ਬਣਾ ਕੇ ਉਸ ਦੇ ਸੁਧਾਰ ਵੱਲ ਪੂਰਾ ਜ਼ੋਰ ਦਿੱਤਾ ਹੈ। ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੇ ਤਕਨੀਕੀ ਸਿੱਖਿਆ ਦੇ ਪਾਲੀਟੈਕਨਿਕ ਕਾਲਜ ਦਾ ਵੀ ਐਲਾਨ ਨਹੀਂ ਕੀਤਾ ਸਗੋਂ ਪ੍ਰਵਾਨਗੀ ਦੇ ਦਿੱਤੀ। ਉਸਨੂੰ ਵੀ ਇਹ ਬਣਾਉਣ ਜਾ ਰਹੇ ਹਨ। ਮੈਂ ਇਨ੍ਹਾਂ ਦਾ ਬਹੁਤ ਬਹੁਤ ਦਿਲੋਂ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਕਹਾਂਗਾ ਵਿਦਿਆ ਮੰਤਰੀ ਜੀ ਨੂੰ ਕਿ ਇਨ੍ਹਾਂ ਦੇ ਕੋਲ ਸਾਰੇ ਪੰਜਾਬ ਦੇ ਅੰਕੜੇ/ਡਾਟੇ ਮੌਜੂਦ ਹਨ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ੇਰ ਸਿੰਘ ਗੱਗੋਂਵਾਲ]

ਜਿਹੜੇ ਇਲਾਕੇ ਵਿੱਚ ਵਿਦਿਆ ਦੀ ਘਾਟ ਹੈ ਉਥੇ ਵਿਦਿਆ ਦਾ ਵਿਸਥਾਰ ਕਰਨ । ਮੈਂ ਫਿਰ ਇਹ ਬੇਨਤੀ ਕਰਦਾ ਹਾਂ ਕਿ ਬਹੁਤ ਸਾਰੇ ਪਿੰਡ ਐਸੇ ਹਨ, ਮੇਰੇ ਹਲਕੇ ਵਿੱਚ ਜਿਥੇ 15-15 ਕਿਲੋਮੀਟਰ ਤੱਕ ਕੋਈ ਹਾਈ ਸਕੂਲ ਨਹੀਂ ਹੈ। ਬੱਚਿਆਂ ਨੂੰ ਸਕੂਲ ਜਾਣ ਵਾਸਤੇ ਕੋਈ ਸਿੱਧਾ ਰਸਤਾ ਨਹੀਂ ਹੈ, ਸਿੱਧੀਆਂ ਸੜਕਾਂ ਉਥੇ ਨਹੀਂ ਜੋੜਦੀਆਂ ਅਤੇ ਉਨ੍ਹਾਂ ਨੂੰ ਬੜੇ ਚੱਕਰ ਪਾ ਕੇ ਸਕੂਲ ਆਉਣਾ ਪੈਂਦਾ ਹੈ। ਇਸ ਵਿਦਿਆ ਦੇ ਖੇਤਰ ਵਿੱਚ ਮਾਨਸਾ ਜ਼ਿਲ੍ਹਾ ਬੜਾ ਪਛੜਿਆ ਹੋਇਆ ਹੈ। ਸਪੀਕਰ ਸਾਹਿਬ, ਨਾ ਹੀ ਉਥੇ ਕੋਈ ਦਸਤ-ਕਾਰੀ ਹੈ ਅਤੇ ਨਾ ਹੀ ਵਿਦਿਆ ਦਾ ਵਿਸਥਾਰ ਹੈ ਅਤੇ ਬਦਕਿਸਮਤੀ ਸਾਡੇ ਇਲਾਕੇ ਦੀ, ਨਾ ਹੀ ਉਥੇ ਕੋਈ ਚੰਗਾ ਪੀਣ ਦਾ ਪਾਣੀ ਹੈ, ਅਸੀਂ ਟੇਲਾਂ ਤੇ ਬੈਠੇ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ 200 ਪ੍ਰਾਇਮਰੀ ਸਕੂਲਾਂ ਤੋਂ ਮਿਡਲ ਸਕੂਲ, 100 ਮਿਡਲ ਸਕੂਲਾਂ ਤੋਂ ਹਾਈ ਸਕੂਲ ਅਤੇ 70 ਸੀਨੀਅਰ ਸੈਕੰਡਰੀ ਸਕੂਲ ਬਣਾਏ ਜਾਣੇ ਹਨ, ਉਸ ਵਿੱਚ ਮਾਨਸਾ ਜ਼ਿਲ੍ਹੇ ਦਾ ਪੂਰਾ-ਪੂਰਾ ਖਿਆਲ ਰੱਖਿਆ ਜਾਵੇ ਅਤੇ ਉਸ ਨੂੰ ਪਹਿਲ ਦਿੱਤੀ ਜਾਵੇ। ਸਰਕਾਰ ਸਾਡੇ ਉਸ ਇਲਾਕੇ ਤੇ ਜ਼ਰੂਰ ਪਰਉਪਕਾਰ ਕਰੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** (ਬੁਢਲਾਡਾ): ਸਪੀਕਰ ਸਾਹਿਬ, ਮੈਂ ਆਰੰਭ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਵਿਦਿਆ ਦਾ ਮਹਿਕਮਾ ਮਾਨਵ ਸਾਧਨ ਵਿਕਾਸ ਦਾ ਬੜਾ ਮਹੱਤਵਪੂਰਨ ਅੰਗ ਹੈ। ਆਉਣ ਵਾਲੇ ਸਮੇਂ ਵਿੱਚ ਜੋ ਆਰਥਿਕ ਅਤੇ ਸਮਾਜਿਕ ਤਬਦੀਲੀਆਂ ਸਾਡੇ ਸਮਾਜ ਨੇ ਕਰਨੀਆਂ ਹਨ, ਉਸ ਵਿੱਚ ਸਾਡੇ ਮਨੁੱਖ ਨੇ ਕਿਹੋ ਜਿਹਾ ਰੋਲ ਪਲੇਅ ਕਰਨਾ ਹੈ, ਇਹ ਸਾਡੀ ਵਿਦਿਅਕ ਨੀਤੀ ਉਤੇ ਹੀ ਨਿਰਭਰ ਕਰਦਾ ਹੈ। ਇਸ ਮਹੱਤਵਪੂਰਨ ਮਹਿਕਮੇ ਬਾਰੇ ਮੈਂ ਸਭ ਤੋਂ ਪਹਿਲਾਂ ਕਹਿਣਾ ਚਾਹੁੰਦਾ ਹਾਂ ਕਿ ਪ੍ਰਸ਼ਨ ਚਿੰਨ ਤਾਂ ਸਰਕਾਰ ਦੀ ਨੀਤੀ ਤੇ ਉਦੋਂ ਹੀ ਲੱਗ ਜਾਂਦਾ ਹੈ ਜਦੋਂ ਉਸ ਨੇ ਇਹੋ ਜਿਹੇ ਅਹਿਮ ਮਾਮਲੇ ਤੇ ਬਹਿਸ ਲਈ ਕੇਵਲ ਦੋ-ਢਾਈ ਘੰਟੇ ਦਾ ਸਮਾਂ ਹੀ ਰੱਖਿਆ ਹੈ। ਮੈਂ ਸਮਝਦਾ ਹਾਂ ਕਿ ਘੱਟੋ ਘੱਟ ਇਸ ਉਤੇ ਦੋ-ਢਾਈ ਦਿਨ ਦਾ ਸਮਾਂ ਚਾਹੀਦਾ ਸੀ ਤਾਂਕਿ ਖੁਲ੍ਹ ਕੇ, ਬਾਰੀਕੀ ਬਹਿਸ ਹੋ ਸਕਦੀ ਅਤੇ ਅਸੀਂ ਉਸ ਬਹਿਸ ਵਿਚ ਆਪਣੇ ਨਿਜੀ ਤਜਰਬੇ ਤੋਂ ਕੁਝ ਹਾਂ-ਪੱਖੀ ਚੇਂਜਿਜ਼ ਜਿਹੜੀਆਂ ਕਿ ਸਮੇਂ ਦੀ ਲੋੜ ਦੇ ਮੁਤਾਬਿਕ ਇਸ ਮਹਿਕਮੇ ਵਿੱਚ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਉਨ੍ਹਾਂ ਬਾਰੇ ਆਪਣੀ ਕੋਈ ਠੋਸ ਰਾਏ ਦੇ ਸਕਦੇ। ਸਪੀਕਰ ਸਾਹਿਬ, ਥੋੜ੍ਹੇ ਜਿਹੇ ਸਮੇਂ ਵਿੱਚ ਬਹੁਤੀਆਂ ਗੱਲਾਂ ਨਹੀਂ ਕੀਤੀਆਂ ਜਾ ਸਕਦੀਆਂ। ਆਰੰਭ ਵਿੱਚ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਪ੍ਰਾਇਮਰੀ ਵਿਦਿਆ ਦਾ ਸਿਸਟਮ ਹੈ, ਇਹ ਪ੍ਰਾਇਮਰੀ ਸਿਸਟਮ ਸਾਡੇ ਸਮੁੱਚੇ ਵਿਦਿਆ ਦੇ ਢਾਂਚੇ ਦੀ ਬੁਨਿਆਦ ਹੈ, ਇਸ ਦੀ ਨੀਂਹ ਕਮਜ਼ੋਰ ਹੈ। ਜੇਕਰ ਨੀਂਹ ਹੀ ਕਮਜ਼ੋਰ ਹੋਵੇਗੀ ਤਾਂ ਉਸ ਉਪਰ ਅਸੀਂ ਜਿੰਨੀ ਮਰਜ਼ੀ ਉਸਾਰੀ ਕਰੀ ਜਾਈਏ, ਉਸ ਨੀਂਹ ਉਪਰਲੀ ਉਸਾਰੀ ਹਮੇਸ਼ਾ ਹੀ ਸ਼ੱਕੀ ਰਹੇਗੀ। ਸਭ ਤੋਂ ਪਹਿਲਾਂ ਮੈਂ ਜ਼ਰੂਰਤ ਸਮਝਦਾ ਹਾਂ ਕਿ ਜਿਹੜਾ ਸਾਡੇ ਪ੍ਰਾਇਮਰੀ ਸਕੂਲਾਂ ਦਾ ਸਿਸਟਮ ਹੈ ਇਸ ਦੇ ਵਿੱਚ ਬਹੁਤ ਵੱਡੀ ਤਬਦੀਲੀ ਦੀ ਲੋੜ ਹੈ। ਮੇਰੀ ਇਕ ਸਾਥਣ ਨੇ ਵੀ ਕੁਝ ਪੁਆਇੰਟ ਕਹੇ ਹਨ ਮੈਂ ਉਨ੍ਹਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ । ਸਾਡੇ ਪ੍ਰਾਇਮਰੀ ਸਕੂਲਾਂ ਵਿਚ ਸਟਾਫ ਦੀ ਬੜੀ ਘਾਟ ਹੈ, ਬਿਲਡਿੰਗਾਂ ਜਿਸ ਤਰ੍ਹਾਂ ਦੀਆਂ ਪਰਾਪਰ ਹੋਣੀਆਂ ਚਾਹੀਦੀਆਂ ਹਨ, ਉਸ ਦੀ ਵੀ ਬਹੁਤ ਘਾਟ ਹੈ। ਇਸ ਗੱਲ ਦੀ ਸਾਡੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਵਿੱਚ ਕਰੀਆਸਟੀ ਰਹਿੰਦੀ ਹੈ, ਪੇਰੈਂਟਸ ਵਿੱਚ ਵੀ ਰਹਿੰਦੀ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲ ਜਿਹੜੇ ਹਨ ਉਥੇ ਸਾਡੇ ਬੱਚਿਆਂ ਨੂੰ ਅੱਛੀ ਵਿਦਿਆ ਮਿਲੇ ਪਰ ਉਥੇ ਇਹ ਵਿਦਿਆ ਨਹੀਂ ਮਿਲਦੀ ਅਤੇ ਉਹ ਪ੍ਰਾਈਵੇਟ ਸਕੂਲਾਂ ਵਿੱਚ ਦੂਖੀ ਹੁੰਦੇ ਹਨ। ਜਿਹੜੇ ਪ੍ਰਾਈਵੇਟ ਮਾਡਲ ਸਕੂਲ ਹਨ ਉਨ੍ਹਾਂ ਵਿੱਚ ਤਾਂ ਕੇਵਲ ਅਮੀਰ ਬੱਚੇ ਹੀ ਪੜ੍ਹ

Original with;
Punjab Vidhan Sabha
Digitized by;
Panjab Digital Library

ਸਕਦੇ ਹਨ। ਇਸ ਤਰ੍ਹਾਂ ਜਿਹੜੇ ਪ੍ਰਾਈਵੇਟ ਜਾਂ ਪਬਲਿਕ ਸਕੂਲ ਧੜਾ ਧੜ ਖੋਲ੍ਹੇ ਜਾ ਰਹੇ ਹਨ, ਅਜੇ ਕੋਈ ਛੋਟੀ ਮੋਟੀ ਇੰਡਸਟਰੀ ਲਗਾਉਣੀ ਹੋਵੇ ਤਾਂ ਉਸ ਨੂੰ ਕਈ ਤਰ੍ਹਾਂ ਦੀਆਂ ਫਾਰਮੈਲਟੀਆਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਲੇਕਿਨ ਪ੍ਰਾਈਵੇਟ ਸਕੂਲਾਂ ਵਾਲੇ ਜਦੋਂ ਜੀਅ ਚਾਹਵੇ, ਫੱਟਾ ਲਗਾ ਕੇ ਬੈਠਾ ਜਾਂਦੇ ਹਨ। ਇਸ ਤਰ੍ਹਾਂ ਉਥੇ ਸਿਖਿਆਰਥੀਆਂ ਦਾ, ਟੀਚਰਾਂ ਦਾ ਅਤੇ ਵਿਦਿਆ ਦਾ ਸ਼ੋਸ਼ਣ ਹੁੰਦਾ ਹੈ। ਸਭ ਤੋਂ ਵੱਡਾ ਦੁਖਾਂਤ ਇਹ ਵਾਪਰਦਾ ਹੈ ਕਿ ਸਾਡੇ ਸਮਾਜ ਵਿੱਚ ਇਕ ਭੈਅ ਆ ਜਾਂਦਾ ਹੈ ਕਿ ਪ੍ਰਾਈਵੇਟ ਮਾਡਲ ਸਕੂਲ ਤਾਂ ਉੱਚੇ ਘਰਾਣਿਆਂ ਵਾਸਤੇ ਹਨ ਅਤੇ ਸਾਡੇ ਵਾਸਤੇ ਕੇਵਲ ਟੁੱਟੇ ਫੁੱਟੇ ਸਕੂਲ ਹੀ ਹਨ। ਇਸ ਕਰਕੇ ਜਿਹੜੇ ਇਹ ਧੜਾਧੜ ਪ੍ਰਾਈਵੇਟ ਸਕੂਲ ਖੁਲ੍ਹਦੇ ਜਾ ਰਹੇ ਹਨ, ਉਨ੍ਹਾਂ ਉੱਤੇ ਸਰਕਾਰ ਨੂੰ ਕੋਈ ਰੋਕ ਲਗਾਉਣੀ ਚਾਹੀਦੀ ਹੈ। ਸਪੀਕਰ ਸਾਹਿਬ, ਵਿਦਿਆ ਦੇ ਖੇਤਰ ਵਿੱਚ ਅਸੀਂ ਹੋਰ ਵੀ ਬਹੁਤ ਸਾਰੇ ਡਰਾ-ਬੈਕਸ ਨੋਟ ਕਰ ਰਹੇ ਹਾਂ ਔਰ ਹੋਰ ਵੀ ਕਾਫੀ ਕੁਝ ਚੇਂਜ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਨੂੰ ਸਮੇਂ ਦਾ ਹਾਣੀ ਬਣਾਇਆ ਜਾਵੇ ਲੇਕਿਨ ਅਜੇ ਵੀ ਅਸੀਂ ਕਲਰਕ ਪੈਦਾ ਕਰਨ ਤੱਕ ਹੀ ਸੀਮਤ ਹਾਂ, ਭਾਵੇਂ ਕਿ ਕੁਝ ਯੂਨੀਵਰਸਿਟੀਆਂ ਅਤੇ ਇਸਦੇ ਅਧੀਨ ਅਦਾਰਿਆਂ ਨੇ ਕਿੱਤਾ ਮੁੱਖੀ ਸਿਖਲਾਈ ਅਪਣਾਉਣ ਦੀ ਕੋਸ਼ਿਸ਼ ਕੀਤੀ ਹੈ ਜਿਸ ਨੂੰ ਅਪਣਾਉਣ ਦੀ ਬਹੁਤ ਜ਼ਰੂਰਤ ਸੀ। ਮੈਂ ਸਮਝਦ ਹਾਂ ਕਿ ਕੋਈ ਵੀ ਐਜੂਕੇਸ਼ਨ ਹੈ, ਜਿੰਨਾ ਚਿਰ ਆਪਣੇ ਅਰਥ ਚਾਰੇ ਨਾਲ ਜੋੜ ਕੇ ਨਹੀਂ ਪੜ੍ਹਾਈ ਜਾਂਦੀ ਚਿਰ ਉਸਦੇ ਸਾਰਥਿਕ ਸਿੱਟੇ ਨਹੀਂ ਨਿਕਲ ਸਕਦੇ। ਇਸੇ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਾਇੰਸ ਦੀ ਪੜ੍ਹਾਈ ਵਾਸਤੇ ਅਧਿਆਪਕ ਨਹੀਂ ਅਤੇ ਜੋ ਇੰਸਟਰੂਮੈਂਟ ਦਿਤੇ ਹਨ, ਕਮਪਿਊਟਰ, ਟੈਲੀਵੀਜ਼ਨ ਜਾਂ ਹੋਰ ਮੈਟੀਰੀਅਲ ਉਹ ਬੇਕਾਰ ਪਏ ਹਨ ਅਤੇ ਉਨ੍ਹਾਂ ਸਕੂਲਾਂ ਵਿੱਚ ਟਰੇਂਡ ਟੀਚਰਜ਼ ਦਾ ਪ੍ਰਬੰਧ ਨਹੀਂ ਕੀਤਾ ਜਾ ਰਿਹਾ ਜਿਸ ਦਾ ਸਿੱਟਾ ਇਹ ਹੈ ਕਿ ਜਿਵੇਂ ਜਿਵੇਂ ਸਮਾਜ ਵਿੱਚ ਪਰਿਵਰਤਨ ਆ ਰਿਹਾ ਹੈ, ਉਸੇ ਤਰ੍ਹਾਂ ਦਾ ਹੀ ਪ੍ਰੀਵਰਤਨ ਅਸੀਂ ਆਪਣੇ ਐਜੂਕੇਸ਼ਨ ਵਿੱਚ ਲਿਆਈਏ ਤਾਂ ਮੈਂ ਸਮਝਦਾ ਹਾਂ ਕਿ ਕਿਤਾਬਾਂ ਦੇ ਉਪਰ ਤਾਂ ਅਸੀਂ ਕਲਰਕ ਹੀ ਬਣਾਏ ਹਨ ਅਤੇ ਪਰੈਕਟੀਕਲੀ ਇਸ ਦਾ ਬਹੁਤਾ ਯੋਗਦਾਨ ਨਹੀਂ ਪੈ ਰਿਹਾ। ਇਸ ਕਰਕੇ ਮੇਰੀ ਬੇਨਤੀ ਹੈ ਕਿ ਕੋਈ ਵੀ ਸਕੂਲ ਖੋਲ੍ਹਣੇ ਹਨ, ਚਾਹੇ +2 ਦੇ ਹਨ ਜਾਂ ਹੋਰ ਖੋਲ੍ਹਣੇ ਹਨ ਤਾਂ ਸਰਕਾਰ ਨੂੰ ਪਹਿਲਾਂ ਇਹ ਗਰੰਟੀ ਦੇਣੀ ਚਾਹੀਦੀ ਹੈ ਕਿ ਸਾਇੰਸ ਅਤੇ ਮੈਥਸ ਦੇ ਟੀਚਰਜ਼ ਦਾ ਉਥੇ ਜ਼ਰੂਰ ਪ੍ਰਬੰਧ ਕੀਤਾ ਜਾਵੇਗਾ। ਅਗਰ ਸਬਜੈਕਟ ਦੇ ਦਿਤੇ ਗਏ ਅਤੇ ਟੀਚਰਜ਼ ਨਾ ਭੇਜੇ ਗਏ ਅਤੇ ਮੈਟੀਰੀਅਲ ਭੇਜ ਦਿੱਤਾ, ਟਰੇਂਡ ਟੀਚਰਜ਼ ਨਾ ਭੇਜੇ ਤਾਂ ਮੈਂ ਸਮਝਦਾ ਹਾਂ ਕਿ ਉਸਦਾ ਕੋਈ ਫਾਇਦਾ ਨਹੀਂ ਅਤੇ ਆਰਥਿਕ ਨੁਕਸਾਨ ਹੈ। ਇਸੇ ਤਰ੍ਹਾਂ ਉਚ ਵਿਦਿਆ ਦਾ ਜੋ ਸਬੰਧ ਹੈ, ਮੈਂ ਸਮਝਦਾ ਹਾਂ ਕਿ 1947 ਤੋਂ ਬਾਅਦ ਜਦੋਂ ਤੋਂ ਆਜ਼ਾਦੀ ਮਿਲੀ ਹੈ, ਮੈਂ ਭਰੋਸੇ ਨਾਲ ਕਹਿੰਦਾ ਹਾਂ ਕਿ 87 ਪ੍ਰਤੀਸ਼ਤ ਸਟੂਡੈਂਟਸ ਆਰਟਸ ਦੀਆਂ ਡਿਗਰੀਆਂ ਲੈਂਦੇ ਹਨ ਅਤੇ 10 ਪ੍ਰਤੀਸ਼ਤ ਸਾਇੰਸ ਦੀਆਂ ਡਿਗਰੀਆਂ ਪ੍ਰਾਪਤ ਕਰਦੇ ਹਨ ਅਤੇ ਸਿਰਫ 3 ਪ੍ਰਤੀਸ਼ਤ ਕਾਮਰਸ ਅਤੇ ਹੋਮ-ਸਾਇੰਸ ਵਿੱਚ ਡਿਵਾਈਡ ਕਰ ਸਕਦੇ ਹਾਂ। ਇਸ ਲਈ ਮੈਂ ਸਮਝਦਾ ਹਾਂ ਕਿ ਸਾਰੀ ਦੁਨੀਆਂ ਵਿੱਚ ਟੈਕਨੀਕਲ ਅਤੇ ਵਿਗਿਆਨਕ ਵਿਕਾਸ ਲਈ ਵੱਧ ਤੋਂ ਵੱਧ ਜ਼ੋਰ ਦਿਤਾ ਜਾ ਰਿਹਾ ਹੈ, ਅਗਰ ਅਸੀਂ ਇਸ ਦੌੜ ਵਿੱਚ ਆਪਣੇ ਸਮਾਜ ਨੂੰ ਸ਼ਾਮਿਲ ਨਾ ਕੀਤਾ ਜਿਸ ਦੀ ਮੈਂ ਸਮਝਦਾ ਹਾਂ ਬਹੁਤ ਜ਼ਰੂਰਤ ਹੈ ਅਤੇ ਐਜੂਕੇਸ਼ਨ ਇੱਕ ਬਹੁਤ ਚੰਗਾ ਰੋਲ ਪਲੇਅ ਕਰ ਸਕਦਾ ਹੈ, ਤਾਂ ਮੈਂ ਸਮਝਦਾ ਹਾਂ ਕਿ ਦੁਨੀਆਂ ਵਿੱਚ ਜੋ ਵਿਕਾਸ ਹੋ ਰਿਹਾ ਹੈ, ਅਸੀਂ ਉਸਦੇ ਹਾਣੀ ਨਹੀਂ ਬਣ ਸਕਾਂਗੇ ਔਰ ਪਿੱਛੇ ਰਹਿ ਜਾਵਾਂਗੇ। ਇਸ ਲਈ ਸਮਾਂ ਮੰਗ ਕਰਦਾ ਹੈ ਕਿ ਇਸ ਦੇ ਵਿੱਚ ਰੈਡੀਕਲ ਚੇਂਜਿਜ਼ ਕੀਤੀਆਂ ਜਾਣ ਔਰ ਲੋੜ ਦੇ ਮੁਤਾਬਿਕ ਕਿੱਤਾ-ਮੁੱਖੀ ਅਪਣਾਇਆ ਜਾਵੇ। ਮੈਨੂੰ ਅਫਸੋਸ ਹੈ ਕਿ ਸੈਂਟਰ ਗੌਰਮਿੰਟ ਨੇ ਇੱਕ ਸਕੀਮ ਦਿਤੀ ਹੈ ਜਿਸ ਨੂੰ ਬਹੁਤ ਸਾਰੀਆਂ ਸਟੇਟਸ ਨੇ ਅਪਣਾ ਵੀ ਲਿਆ ਹੈ। ਇਸ ਸਕੀਮ ਅਧੀਨ ਕੰਪਿਊਟਰ ਅਤੇ ਸਾਇੰਸ ਦੀਆਂ ਕਲਾਸਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ ]

ਚਾਲੂ ਕੀਤੀਆਂ ਜਾਣੀਆਂ ਹਨ ਅਤੇ 100 ਫੀਸਦੀ ਗਰਾਂਟ ਸੈਂਟਰ ਦੇਣ ਲਈ ਤਿਆਰ ਹੈ ਅਤੇ ਪੰਜ ਸਾਲ ਉਨ੍ਹਾਂ ਦੇ ਅਧਿਆਪਕਾਂ ਆਦਿ ਦੀ ਤਨਖਾਹ ਦਾ ਖਰਚਾ ਵੀ ਦੇਣ ਲਈ ਤਿਆਰ ਹੈ, ਬਸ਼ਰਤੇ ਕਿ ਪੰਜ ਸਾਲਾਂ ਤੋਂ ਬਾਅਦ ਇਹ ਸਾਰੇ ਦੀ ਸਾਰੀ ਸਕੀਮ ਸਟੇਟ ਨੂੰ ਅਪਨਾਉਣੀ ਹੋਵੇਗੀ। ਬਹੁਤ ਸਾਰੇ ਰਾਜਾਂ ਨੇ ਇਸ ਨੂੰ ਅਪਣਾ ਲਿਆ ਹੈ। ਪਰ ਪਤਾ ਨਹੀਂ ਪੰਜਾਬ ਦਾ ਐਜੂਕੇਸ਼ਨ ਵਿਭਾਗ ਇਸ ਨੂੰ ਕਿਉਂ ਐਗਜ਼ਾਮਨ ਨਹੀਂ ਕਰ ਰਿਹਾ। ਪੰਜ ਸਾਲ ਸੈਂਟਰ ਦੀ ਗੌਰਮਿੰਟ ਖਰਚਾ ਦੇਣ ਲਈ ਤਿਆਰ ਹੈ ਉਸ ਦਾ ਤਾਂ ਫਾਇਦਾ ਉਠਾਉਣਾ ਚਾਹੀਦਾ ਹੈ ਅਤੇ ਬਾਦ ਵਿੱਚ ਆਪਣੇ ਐਜੂਕੇਸ਼ਨ ਸਿਸਟਮ ਦੇ ਮੁਤਾਬਿਕ ਚੇਂਜਿਜ਼ ਕਰ ਲੈਣੀਆਂ ਚਾਹੀਦੀਆਂ ਹਨ।

ਇਸੇ ਤਰ੍ਹਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਇੱਥੇ ਬਹੁਤਾ ਜ਼ੋਰ ਕਿਤਾਬੀ ਪੜ੍ਹਾਈ ਤੇ ਦਿਤਾ ਜਾਂਦਾ ਹੈ ਜਦ ਕਿ ਅਸਲ ਜ਼ਰੂਰਤ ਹੈ ਮੈਡੀਕਲ ਅਤੇ ਟੈਕਨੀਕਲ ਸਿਖਿਆ ਵੱਲ ਧਿਆਨ ਦੇਣ ਦੀ। ਸਪੀਕਰ ਸਾਹਿਬ, ਅੱਜ ਵੀ ਹਕੀਕਤ ਹੈ ਕਿ ਪੰਜਾਬ ਦੀ ਆਰਥਿਕ ਵਿਵਸਥਾ ਖੇਤੀਬਾੜੀ ਤੇ ਨਿਰਭਰ ਕਰਦੀ ਹੈ ਇਸ ਕਰਕੇ ਜ਼ਰੂਰਤ ਹੈ ਕਿ ਖੇਤੀਬਾੜੀ ਦੀ ਪੜ੍ਹਾਈ ਵੱਲ ਵੀ ਧਿਆਨ ਦਿਤਾ ਜਾਵੇ, ਕਲਰਕ ਤਾਂ ਅਸੀਂ ਐਡਜਸਟ ਕਰਵਾ ਹੀ ਲਵਾਂਗੇ। ਜੇ ਅਸੀਂ ਟੈਕਨੀਕਲ ਐਜੂਕੇਸ਼ਨ ਦੇਵਾਂਗੇ ਔਰ ਜਿਸ ਤਰ੍ਹਾਂ ਪੰਜਾਬ ਦੀ ਆਰਥਿਕਤਾ ਐਗਰੀਕਲਚਰ ਤੇ ਭਾਰੂ ਹੈ, ਇਸ ਵੱਲ ਧਿਆਨ ਦੇਵਾਂਗੇ ਤਾਂ ਸਾਡੇ ਵਿਗਿਆਨੀ ਜੋ ਕਾਲਜਾਂ ਯੂਨੀਵਰਸਿਟੀਆਂ ਤੋਂ ਪੜ੍ਹ ਕੇ ਚੰਗੀਆਂ ਡਿਗਰੀਆਂ ਲੈ ਕੇ ਖੇਤੀਬਾੜੀ ਦੇ ਵੱਲ ਯੋਗਦਾਨ ਪਾ ਸਕਦੇ ਹਨ, ਵੱਧ ਤੋਂ ਵੱਧ ਯੋਗਦਾਨ ਪਾਉਣਗੇ। ਮੈਂ ਸਮਝਦਾ ਹਾਂ ਕਿ ਸਰਕਾਰ ਵਲੋਂ ਇਸ ਵੱਲ ਧਿਆਨ ਦਿਤਾ ਜਾਣਾ ਚਾਹੀਦਾ ਹੈ। ਸੈਂਟਰਲ ਗੌਰਮਿੰਟ ਨੇ ਬਹੁਤ ਸਾਰੀਆਂ ਸਟੇਟਾਂ ਵਿਚ ਕੌਂਸਲ ਆਫ ਹਾਇਰ ਐਜੂਕੇਸ਼ਨ ਨੂੰ ਸਥਾਪਿਤ ਕੀਤਾ ਹੈ। ਇਸ ਵਿਚ ਵੱਖਰੇ ਵੱਖਰੇ ਮਾਹਿਰ ਸ਼ਾਮਿਲ ਕੀਤੇ ਹਨ। ਪੰਜਾਬ ਵਿਚ ਪਤਾ ਨਹੀਂ ਇਹ ਕੌਂਸਲ ਆਫ ਹਾਇਰ ਐਜੂਕੇਸ਼ਨ ਕਿਉਂ ਨਹੀਂ ਕਰ ਸਕੇ। ਇਹ ਜ਼ਰੂਰ ਹੋਣਾ ਚਾਹੀਦਾ ਹੈ। ਬਹੁਤ ਸਾਰੀਆਂ ਸਟੇਟਾਂ ਵਿਚ, ਸਪੀਕਰ ਸਾਹਿਬ, ਜਿਨ੍ਹਾਂ ਪ੍ਰਾਈਵੇਟ ਕਾਲਜਾਂ ਦਾ ਪ੍ਰਬੰਧ ਮਾੜਾ ਹੈ, ਜਿਨ੍ਹਾਂ ਦੀ ਮੈਨੇਜਮੈਂਟ ਵਿਚ ਬਹੁਤ ਸਾਰੀਆਂ ਬੇਕਾਇਦਗੀਆਂ ਹਨ, ਉਨ੍ਹਾਂ ਨੂੰ ਠੀਕ ਕੀਤਾ ਗਿਆ ਹੈ। ਪਰ ਇਥੇ ਮੈਨੇਜਮੈਂਟ ਦੀਆਂ ਖਬਰਾਂ ਅਖਬਾਰਾਂ ਵਿਚ ਛੱਪਦੀਆਂ ਹਨ। ਹੋਰ ਬਹੁਤ ਸਾਰੀਆਂ ਗੱਲਾਂ ਹੋਈਆਂ। ਉਨ੍ਹਾਂ ਵਿਚ ਕਾਫੀ ਡਰਾਅ-ਬੈਕਸ ਹਨ। ਇਸ ਤੋਂ ਇਲਾਵਾ 95 ਪ੍ਰਤੀਸ਼ਤ ਸਰਕਾਰੀ ਗਰਾਂਟ ਦਿੱਤੀ ਜਾਂਦੀ ਹੈ ਪਰ ਉਹ ਫਿਰ ਵੀ ਇਸ ਨੂੰ ਪਾਸੇ ਹਟਾ ਕੇ ਆਪਣੀ ਮਰਜ਼ੀ ਕਰਦੇ ਹਨ। ਇਹ ਨਹੀਂ ਹੋ ਸਕਦਾ ਕਿ ਜਿਨ੍ਹਾਂ ਪ੍ਰਾਈਵੇਟ ਕਾਲਜਾਂ ਦਾ ਪ੍ਰਬੰਧ ਮਾੜਾ ਹੈ, ਉਨ੍ਹਾਂ ਨੂੰ ਗੌਰਮਿੰਟ ਇੰਮੀਜੇਟਲੀ ਲਵੇ ਅਤੇ ਯੋਗ ਪ੍ਰਬੰਧ ਕਰੇ। ਫੀਸਾਂ ਵਧਾਉਣ ਦੀ ਵੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਹੜੇ ਸ਼ਡਿਊਲਡ ਕਾਸਟ ਲਾਇਕ ਬੱਚੇ ਹਨ ਉਨ੍ਹਾਂ ਨੂੰ ਵਜੀਫਾ ਦਿੱਤਾ ਜਾਵੇਗਾ ਪਰ ਇਸ ਦੇ ਨਾਲ-ਨਾਲ ਇਹ ਵੀ ਚਾਹੀਦਾ ਹੈ ਕਿ ਜਿਹੜੇ ਹੋਰ ਜਾਤੀਆਂ ਦੇ ਬੱਚੇ ਹਨ, ਉਨ੍ਹਾਂ ਨੂੰ ਵੀ ਵਜੀਫਾ ਦਿੱਤਾ ਜਾਵੇ ਤਾਂ ਕਿ ਉਹ ਪੜ੍ਹਾਈ ਜਾਰੀ ਰੱਖ ਸਕਣ ਅਤੇ ਦਾਖਲੇ ਲੈ ਸਕਣ। ਇਹ ਪਰੋਵੀਜ਼ਨ ਹੋਣੀ ਚਾਹੀਦੀ ਹੈ। ਇਸ ਤਰਫ ਧਿਆਨ ਦੇਣਾ ਚਾਹੀਦਾ ਹੈ। ਗੌਰਮਿੰਟ ਨੂੰ ਹਾਲਾਤ ਐਸੇ ਕਰਨੇ ਚਾਹੀਦੇ ਹਨ ਕਿ ਜਿਸ ਨਾਲ ਬੱਚਿਆਂ ਨੂੰ ਠੀਕ-ਠਾਕ ਐਜੂਕੇਸ਼ਨ ਮਿਲ ਸਕੇ। ਸਪੀਕਰ ਸਾਹਿਬ, ਮੈਂ ਅਖੀਰ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਸਾਰੀਆਂ ਗੱਲਾਂ ਬਾਰ ਬਾਰ ਰਿਪੀਟ ਨਹੀਂ ਕਰਾਂਗਾ ਐਜੂਕੇਸ਼ਨ ਸਿਸਟਮ ਵਿਚ ਕਾਫੀ ਲੰਬੇ ਸਮੇਂ ਤੋਂ ਬੇਕਾਇਦਗੀਆਂ ਚਲ ਰਹੀਆਂ ਹਨ, ਉਨ੍ਹਾਂ ਨੂੰ ਚੇਂਜ ਕਰਨਾ ਚਾਹੀਦਾ ਹੈ। ਡੀ.ਪੀ.ਆਈ ਦੇ ਡਿਪਾਰਟਮੈਂਟ ਵਿਚ ਵੀ ਚੇਂਜ ਕਰਨ ਦੀ ਲੋੜ ਹੈ। ਭਾਵੇਂ ਇਸ ਵਿਚ ਕਾਫੀ ਕੁਝ ਕੀਤਾ ਗਿਆ ਹੈ ਪਰ ਫਿਰ ਵੀ ਕਾਫੀ ਕੁੱਝ ਕਰਨਾ ਬਾਕੀ ਹੈ। ਟੀਚਰਾਂ ਦੀਆਂ ਟਰਾਂਸਫਰਾਂ ਵਿਚ ਹੀ ਕਾਫੀ ਸਮਾਂ ਲੱਗ ਜਾਂਦਾ ਹੈ। ਐਮ.ਐਲ.ਏਜ਼ ਦਾ ਟਾਈਮ ਵੀ ਕਾਫੀ ਜ਼ਾਇਆ ਹੋ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦਾ 30 ਪ੍ਰਤੀਸ਼ਤ ਸਮਾਂ ਤਾਂ ਡਿਵੈਲਪਮੈਂਟ ਲਈ ਲੱਗ ਜਾਂਦਾ ਹੈ ਅਤੇ ਬਾਕੀ 50 ਪ੍ਰਤੀਸ਼ਤ ਟੀਚਰਾਂ ਦੀਆਂ ਐਪਲੀਕੇਸ਼ਨਾਂ ਲਈ ਹੀ ਲੱਗ ਜਾਂਦਾ ਹੈ। ਉਨ੍ਹਾਂ ਦੀਆਂ ਟਰਾਂਸਫਰਾਂ ਲਈ ਚੱਕਰ ਲਗਾਉਣੇ ਪੈਂਦੇ ਹਨ। ਇਹ ਬਹੁਤ ਹੀ ਅਫਸੋਸਨਾਕ ਗੱਲ ਹੈ। ਇਸ ਬਾਰੇ ਸਰਕਾਰ ਨੂੰ ਕੋਈ ਠੋਸ ਪਾਲਿਸੀ ਬਣਾਉਣੀ ਚਾਹੀਦੀ ਹੈ। ਟੀਚਰਾਂ ਦੀਆਂ ਮੰਗਾਂ ਵਲ ਧਿਆਨ ਦੇਣਾ ਚਾਹੀਦਾ ਹੈ। ਇਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਦੇਖਣਾ ਚਾਹੀਦਾ ਹੈ। ਕਿਉਂਕਿ ਜੇ ਕੋਈ ਡਰਾਈਵਰ ਗਲਤੀ ਕਰਦਾ ਹੈ ਤਾਂ ਘਟੋ ਘੱਟ 50–60 ਸਵਾਰੀਆਂ ਨੂੰ ਮਾਰਦਾ ਹੈ, ਉਨ੍ਹਾਂ ਦਾ ਨੁਕਸਾਨ ਕਰਦਾ ਹੈ ਪਰ ਜੇ ਕੋਈ ਪੜ੍ਹਾਉਣ ਵਾਲਾ, ਐਜੂਕੇਸ਼ਨ ਦੇਣ ਵਾਲਾ ਟੀਚਰ ਅਗਰ ਪੂਰੀ ਤਰ੍ਹਾਂ ਕੁਆਲੀਫਾਈਡ ਨਾ ਹੋਵੇ ਅਤੇ ਉਹ ਜੇ ਆਪਣੀ ਡਿਊਟੀ ਤੋਂ ਲਾਪਰਵਾਹੀ ਕਰੇ ਤਾਂ ਪੂਰੀ ਦੀ ਪੂਰੀ ਜੈਨਰੇਸ਼ਨ ਜਿਸ ਨੇ ਅਗੇ ਆਉਣਾ ਹੈ ਅਤੇ ਅਗੇ ਆ ਕੇ ਦੇਸ਼ ਦੀ ਵਾਗ ਡੋਰ ਸੰਭਾਲਣੀ ਹੈ ਉਸ ਦੇ ਵਿੱਚ ਜੈਨਰੇਸ਼ਨ ਗੈਪ ਪੈ ਸਕਦਾ ਹੈ ਔਰ ਇਹ ਜੋ ਘਾਟਾ ਹੈ ਉਸਨੂੰ ਪੂਰਾ ਕਰਨਾ ਬੜਾ ਮੁਸ਼ਕਲ ਹੋ ਜਾਵੇਗਾ। ਇਸ ਕਰਕੇ ਜ਼ਰੂਰੀ ਹੈ ਕਿ ਜਿਹੜੇ ਐਜੂਕੇਸ਼ਨ ਮਾਹਰ ਹਨ, ਵਿਦਿਅਕ ਅਦਾਰੇ ਦੇ ਮਾਹਰ ਹਨ ਉਨ੍ਹਾਂ ਦੀ ਰਾਇ ਲੈ ਕੇ ਉਨ੍ਹਾਂ ਨੂੰ ਕਨ-ਸਲਟ ਕਰਕੇ ਇਸ ਸਿਸਟਮ ਦੇ ਵਿੱਚ ਕੁੱਝ ਪਾਜ਼ੇਟਿਵ ਚੇਂਜਿਜ਼ ਕਰਨੀਆਂ ਚਾਹੀਦੀਆਂ ਹਨ।

**Mr. Speaker** : Wind up, please.

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਬਸ ਜੀ, ਮੈਂ ਇਕ ਹੋਰ ਗੱਲ ਜੋ ਪ੍ਰਾਈਵੇਟ ਕਾਲਜ ਟੀਚਰਜ਼ ਬਾਰੇ ਹੈ ਉਹ ਕਹਿਣਾ ਚਾਹੁੰਦਾ ਹਾਂ। (ਵਿਘਨ) ਇਹ ਮਾਮਲਾ ਬੜਾ ਗੰਭੀਰ ਹੈ। ਇਨ੍ਹਾਂ ਟੀਚਰਜ਼ ਦੇ ਬਾਰੇ ਸਰਕਾਰ ਨੇ ਕਿਹਾ ਵੀ ਸੀ ਕਿ ਉਨ੍ਹਾਂ ਨੂੰ ਪੈਨਸ਼ਨ ਦਿੱਤੀ ਜਾਵੇਗੀ ਔਰ ਹੋਰ ਜੋ ਉਨ੍ਹਾਂ ਦੀਆਂ ਜੈਨੂਅਨ ਡੀਮਾਂਡਜ਼ ਹਨ ਉਨ੍ਹਾਂ ਤੇ ਸਰਕਾਰ ਹਮਦਰਦੀ ਨਾਲ ਵਿਚਾਰ ਕਰਕੇ ਕੋਈ ਫੈਸਲਾ ਕਰੇਗੀ। ਅੱਜ ਜਦੋਂ ਬੱਚਿਆਂ ਦੇ ਐਗਜ਼ਾਮੀਨੇਸ਼ਨ ਸ਼ੁਰੂ ਹੋਣ ਜਾ ਰਹੇ ਹਨ ਔਰ ਸਰਕਾਰ ਨੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਬਾਰੇ ਕਿਹਾ ਵੀ ਹੋਇਆ ਹੈ ਤਾਂ ਫਿਰ ਮੇਰੀ ਸਮਝ ਵਿੱਚ ਨਹੀਂ ਆਉਂਦਾ ਕਿ ਉਨ੍ਹਾਂ ਨੂੰ ਸਟਰਾਈਕ ਤੇ ਜਾਣ ਲਈ ਮਜ਼ਬੂਰ ਕਿਉਂ ਹੋਣਾ ਪੈ ਰਿਹਾ ਹੈ।(ਵਿਘਨ)।

**Mr. Speaker** : Wind up, please.

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਬਸ ਜੀ, ਮੈਂ ਇਕ ਆਖਰੀ ਗੱਲ ਸਕੂਲਾਂ ਦੀ ਅੱਪ-ਗਰੇਡੇਸ਼ਨ ਦੇ ਬਾਰੇ ਕਹਿਣੀ ਚਾਹੁੰਦਾ ਹਾਂ ਕਿ ਇਸ ਦੇ ਲਈ ਕੋਈ ਕਲੀਅਰ ਕੱਟ ਪਾਲਿਸੀ ਹੋਣੀ ਚਾਹੀਦੀ ਹੈ। (ਵਿਘਨ) ਡਿਸਟੈਂਸ ਕਿੰਨਾ ਹੈ, ਬੱਚਿਆਂ ਦੀ ਗਿਣਤੀ ਕਿੰਨੀ ਹੈ। ਇਹ ਸਾਰਾ ਕੁਝ ਦੇਖਣਾ ਚਾਹੀਦਾ ਹੈ। ਪਹਿਲਾਂ ਇਹ ਸਿਸਟਮ ਸੀ ਕਿ ਸਕੂਲਾਂ ਦੀ ਅੱਪਗਰੇਡੇਸ਼ਨ ਵਾਸਤੇ ਡਿਸਟ੍ਰਿਕਟ ਪਲੈਨਿੰਗ ਬੋਰਡ ਦੀ ਰਿਕੁਮੈਂਡੇਸ਼ਨ ਹੁੰਦੀ ਸੀ ਪਰ ਹੁਣ ਦੇਖਣ ਵਿੱਚ ਅੱਜ ਇਹ ਵੀ ਆ ਰਿਹਾ ਹੈ ਕਿ ਕਈ ਵਾਰੀ ਮਨਿਸਟਰ ਸਾਹਿਬਾਨ ਬਿਨਾ ਸੋਚੇ ਤਾੜੀਆਂ ਦੀ ਗੂੰਜ ਵਿੱਚ ਉਤਸ਼ਾਹਤ ਹੋ ਕੇ ਅਨਾਊਂਸਮੈਂਟ ਕਰ ਦਿੰਦੇ ਹਨ ਭਾਵੇਂ ਉਹ ਬਾਅਦ ਵਿੱਚ ਪੂਰੀ ਹੋਵੇ ਜਾਂ ਨਾ। ਵਿਦਿਆ ਦੇ ਖੇਤਰ ਵਿਚ ਪਾਲਿਟਿਕਸ ਨੂੰ ਬਿਲਕੁਲ ਅਲੱਗ ਰਖਣਾ ਚਾਹੀਦਾ ਹੈ ਔਰ ਨਿਸ਼ਚਿਤ ਕੀਤੇ ਕਰਾਈਟੇਰੀਏ ਅਤੇ ਮੈਰਿਟ ਦੇ ਅਨੁਸਾਰ ਹੀ ਇਸ ਦੇ ਵਿੱਚ ਫੈਸਲੇ ਹੋਣੇ ਚਾਹੀਦੇ ਹਨ। ਅੱਪਗਰੇਡੇਸ਼ਨ ਸਕੂਲਾਂ ਦੀ ਡਿਸਟ੍ਰਿਕਟ ਪਲਨਿਗ ਬੋਰਡ ਦੇ ਥਰੂ ਹੀ ਉਨ੍ਹਾਂ ਦੀ ਰਿਕੁਮੈਂਡੇਸ਼ਨ ਤੇ ਹੀ ਕਰਨੀ ਚਾਹੀਦੀ ਹੈ।(ਵਿਘਨ) ਧੰਨਵਾਦ

**ਸ਼੍ਰੀ ਸਪੀਕਰ** : ਸ਼੍ਰੀ ਖੁਸ਼ਹਾਲ ਬਹਿਲ। 10 ਮਿੰਟ ਟਾਈਮ ਹੈ ਤੁਹਾਡਾ।

**ਸ਼੍ਰੀ ਖੁਸ਼ਹਾਲ ਬਹਿਲ (ਗੁਰਦਾਸਪੁਰ)** : ਸਪੀਕਰ ਸਾਹਿਬ, ਡੀਮਾਂਡ ਨੰਬਰ 5 ਜੋ ਐਜੂਕੇਸ਼ਨ ਦੀ ਮੂਵ ਹੋਈ ਹੈ ਉਸ ਦੇ ਹੱਕ ਵਿੱਚ ਮੈਂ ਬੋਲਦਾ ਹਾਂ। ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਐਜੂਕੇਸ਼ਨ ਨੂੰ ਕਿੰਨੀ ਮਹੱਤਤਾ ਦਿੱਤੀ ਹੈ ਉਹ ਇਸ ਗੱਲ ਤੋਂ ਹੀ ਪਤਾ ਲਗਦੀ ਹੈ ਕਿ ਇਸ ਦੇ ਵਾਸਤੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਖੁਸ਼ਹਾਲ ਬਹਿਲ]

ਫਾਈਨਾਂਸ਼ੀਅਲ ਐਲੋਕੇਸ਼ਨ ਜੋ ਹੋਈ ਹੈ ਉਹ ਇਤਨੀ ਹੈਵੀ ਪ੍ਰੋਪੋਰਸ਼ਨ ਵਿੱਚ ਬਜਟ ਦੀ ਐਲੋਕੇਸ਼ਨ ਹੋਈ ਹੈ ਇਸ ਤੋਂ ਹੀ ਜ਼ਾਹਰ ਹੈ ਕਿ ਐਜੂਕੇਸ਼ਨ ਦਾ ਮਾਮਲਾ ਜੋ ਬੜਾ ਬੁਨਿਆਦੀ ਮਾਮਲਾ ਹੈ ਉਸ ਵੱਲ ਸਰਕਾਰ ਨੇ ਆਪਣਾ ਪੂਰਾ ਧਿਆਨ ਦਿੱਤਾ ਹੈ। ਕਿਸ ਢੰਗ ਦੇ ਨਾਲ ਸਾਰੀਆਂ ਪਾਲਿਸੀਜ਼ ਬਣਾਈਆਂ ਹਨ ਉਸ ਤੋਂ ਹੀ ਸਾਰੀ ਗੱਲ ਦੀ ਝਲਕ ਪੈਂਦੀ ਹੈ। ਸਪੀਕਰ ਸਾਹਿਬ, 3 ਚੀਜ਼ਾਂ ਪੰਜਾਬ ਸਰਕਾਰ ਨੇ ਨਵੀਆਂ ਕੀਤੀਆਂ ਹਨ ਜਿਨ੍ਹਾਂ ਵਿੱਚ ਨਵੀਆਂ ਡਾਇਰੈਕਸ਼ਨਜ਼ ਹੋਈਆਂ ਹਨ। ਇਕ ਤਾਂ ਮੈਂ ਸਮਝਦਾ ਹਾਂ ਕਿ ਟੈਕਨੀਕਲ ਐਜੂਕੇਸ਼ਨ ਵਿੱਚ ਪਿਛਲੇ ਵਰ੍ਹੇ ਨਾਲੋਂ ਇਸ ਵਰ੍ਹੇ ਐਲੋਕੇਸ਼ਨ ਕਾਫੀ ਵਧਾਈ ਹੈ। ਪਹਿਲੇ 28 ਕਰੋੜ ਦੇ ਕਰੀਬ ਐਲੋਕੇਸ਼ਨ ਸੀ ਹੁਣ ਇਹ ਵਧਾ ਕੇ 34.27 ਕਰੋੜ ਇਸ ਵਿੱਚ ਐਲੋਕੇਟ ਕੀਤਾ ਹੈ। ਸਪੀਕਰ ਸਾਹਿਬ, ਇਹ ਬੜੀ ਜ਼ਰੂਰੀ ਗੱਲ ਹੈ। ਜਿਸ ਵੇਲੇ ਅਸੀਂ ਬੇਸਿਕ ਐਜੂਕੇਸ਼ਨ ਦਿੰਦੇ ਹਾਂ ਉਹ ਤਾਂ ਠੀਕ ਹੈ ਕਿ ਬੱਚੇ ਨੇ ਉਹ ਤਾਲੀਮ ਲੈਣੀ ਹੁੰਦੀ ਹੈ, ਬੱਚਿਆਂ ਨੇ ਪੜ੍ਹਨਾ ਹੁੰਦਾ ਹੈ ਲੇਕਿਨ ਸਵਾਲ ਹੈ ਕਿ ਇਸ ਤਾਲੀਮ ਨਾਲ ਪਰੋਫੈਸ਼ਨ ਵਿੱਚ ਬੱਚੇ ਕਿੰਨੇ ਆਉਂਦੇ ਹਨ, ਬੱਚਿਆਂ ਨੂੰ ਰੁਜ਼ਗਾਰ ਕਿੰਨਾ ਮਿਲਦਾ ਹੈ। ਇਸ ਵੇਲੇ ਅਨਇੰਪਲਾਇਮੈਂਟ ਵਧੇਰੇ ਹੈ ਔਰ ਯੂਥ ਵਿੱਚ ਅਨਰੈਸਟ ਵੀ ਹੈ ਕਿ ਉਨ੍ਹਾਂ ਨੂੰ ਇੰਪਲਾਇਮੈਂਟ ਨਹੀਂ ਮਿਲਦੀ। ਟੈਕਨੀਕਲ ਐਜੂਕੇਸ਼ਨ ਨੂੰ ਉਤਸ਼ਾਹ ਕਰਨ ਲਈ, ਟੈਕਨੀਕਲ ਐਜੂਕੇਸ਼ਨ ਨੂੰ ਵਧਾਉਣ ਲਈ ਸਰਕਾਰ ਦੀ ਤਰਫੋਂ ਜੋ ਕਦਮ ਚੁਕਿਆ ਹੈ ਇਹ ਸ਼ਲਾਘਾਯੋਗ ਹੈ। ਇਸ ਦੇ ਲਈ ਯੂਨੀਵਰਸਿਟੀ ਨੇ ਇਕ ਬੋਰਡ ਬਣਾਇਆ ਹੈ, ਅਟਾਨਮਸ ਬੋਰਡ ਬਣਾਇਆ ਹੈ। ਟੈਕਨੀਕਲ ਐਜੂਕੇਸ਼ਨ ਵਿੱਚ ਇੰਡਸਟਰੀਅਲ ਟਰੇਨਿੰਗ ਇਸਟੀਚਿਊਟ ਵਿੱਚ, ਆਈ.ਟੀ.ਆਈ. ਵਿੱਚ ਜਿਸ ਢੰਗ ਨਾਲ ਟੈਕਨੀਕਲ ਤਾਲੀਮ ਹੈ, ਮੈਂ ਖਾਸ ਤੌਰ ਤੇ ਸ਼ੁਕਰਗੁਜ਼ਾਰ ਹਾਂ, ਬਾਰਡਰ ਏਰੀਆ ਵਿਚ ਖਾਸ ਕਰਕੇ ਜਿਥੇ ਬੜੀ ਅੱਨਰੈਸਟ ਹੈ, ਜਿੱਥੇ ਲੋਕਾਂ ਨੂੰ ਰੋਟੀ ਨਹੀਂ ਸੀ ਮਿਲਦੀ ਉਥੇ ਦੋ ਯੂਨੀਵਰਸਿਟੀਆਂ ਸਥਾਪਤ ਕਰਨ ਦੀ ਅਨਾਊਂਸਮੈਂਟ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਥੇ ਜਿਹੜੀ ਐਜੂਕੇਸ਼ਨ ਦੇਣ ਲਗਣ ਤਾਂ ਜਿਹੜੀ ਅੱਪਟੂਡੇਟ ਟੈਕਨਾਲੋਜੀ ਹੈ ਜਿਹੜੀ ਜਾਪਾਨ ਵਿਚ ਹੈ, ਅਮਰੀਕਾ ਵਿਚ ਹੈ ਜਿਹੜੀ ਜ਼ਰੂਰਤ ਹੈ ਉਸ ਇਲਾਕੇ ਦੇ ਲੋਕਾਂ ਦੀ ਉਸਨੂੰ ਪੂਰਾ ਕਰੇਗੀ। ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਪਾਲੀਟੈਕਨਿਕ ਜਿਹੜੀਆਂ ਇਨ੍ਹਾਂ ਵਲੋਂ ਪਰਪੋਜ਼ ਕੀਤੀਆਂ ਹਨ ਉਸ ਦੇ ਲਈ ਜਿਹੜੀਆਂ ਨਵੀਆਂ ਆਈ.ਟੀ.ਆਈ ਖੋਲ੍ਹਣੀਆਂ ਹਨ ਉਨ੍ਹਾਂ ਦੀ ਵੀ ਗਿਣਤੀ ਵਧੇਰੇ ਹੈ। ਕੰਪਿਊਟਰਜ਼ ਦੇ ਡਿਪਲੋਮਾ ਕੋਰਸਿਜ਼ ਹਨ, ਇੰਜੀਨੀਅਰਿੰਗ ਦੇ ਕੋਰਸਿਜ਼ ਹਨ, ਕਮਿਊਨੀਕੇਸ਼ਨਜ਼ ਵਾਲੇ ਹਨ, ਇਨ੍ਹਾਂ ਲਈ ਬੱਚੇ ਚੀਜ਼ਾਂ ਤਿਆਰ ਕਰਨਗੇ ਔਰ ਨਵੇਂ ਢੰਗ ਨਾਲ ਆਪਣਾ ਕੰਮ ਬੱਚਿਆਂ ਨੇ ਕਰਨਾ ਹੈ। ਜਿਹੜੇ ਟੈਕਨੀਸ਼ੀਅੱਨਜ਼ ਇਥੋਂ ਪੈਦਾ ਹੋਣਗੇ ਉਹ ਇਕ ਰੈਵੋਲਿਊਸ਼ਨ ਲਿਆਉਣਗੇ, ਇਕ ਇਨਕਲਾਬ ਲਿਆਉਣਗੇ ਔਰ ਇਸ ਨਵੀਂ ਟੈਕਨੀਕਲ ਐਜੂਕੇਸ਼ਨ ਨਾਲ ਆਸ ਲਾਉਂਦੇ ਹਾਂ ਕਿ ਸਾਡੀ ਆਰਥਿਕ ਸਥਿਤੀ ਅੱਛੀ ਹੋਵੇਗੀ। ਸਾਡਾ ਅਕੀਦਾ ਹੈ ਕਿ ਬੱਚਿਆਂ ਦੀ ਇਕਨਾਮਿਕ ਬਿਲਟ ਅੱਪ ਹੋਵੇ ਔਰ ਇਸ ਦੇ ਲਈ ਜਿਹੜੇ ਦੋ ਇੰਸਟੀਚਿਊਟ ਫਿਰੋਜ਼ਪੁਰ ਅਤੇ ਗੁਰਦਾਸਪੁਰ ਖੋਲ੍ਹਣ ਦੀ ਅਨਾਊਂਸਮੈਂਟ ਕਰਕੇ ਇਲਾਕੇ ਦੀ ਲੋੜ ਪੂਰੀ ਕੀਤੀ ਹੈ, ਮੈਂ ਇਸ ਦੇ ਲਈ ਸਰਕਾਰ ਦਾ ਧੰਨਵਾਦੀ ਹਾਂ। ਸਪੀਕਰ ਸਾਹਿਬ, ਇਕ ਚੀਜ਼ ਮੈਂ ਸੁਜੈਸਟ ਕਰਾਂਗਾ ਕਿ ਜਿਹੜਾ ਟੈਕਨੀਕਲ ਐਜੂਕੇਸ਼ਨ ਬੋਰਡ ਬਣ ਰਿਹਾ ਹੈ ਉਹ ਇਹ ਗੱਲ ਵੇਖੇ ਕਿ ਸਾਡੇ ਰੀਜਨਲ ਏਰੀਆ ਵਿਚ ਕਿਸ ਢੰਗ ਦਾ ਰਾਅ-ਮੈਟੀਰੀਅਲ ਹੈ ਉਸ ਦੇ ਮੁਤਾਬਕ ਕਿਸ ਢੰਗ ਦੀ ਇੰਡਸਟਰੀ ਲਗਾਈ ਜਾਵੇ ਔਰ ਉਸ ਦੇ ਲਈ ਕਿਸ ਕਿਸਮ ਦੇ ਟੈਕਨੀਸ਼ੀਅੱਨਜ਼ ਦੀ ਲੋੜ ਹੋਵੇਗੀ, ਉਸ ਤਰ੍ਹਾਂ ਦਾ ਕੋਰਸ ਪਾਲੀਟੈਕਨਿਕਸ ਵਿਚ ਡਿਟਰਮਿਨ ਕਰਨਾ ਐਕਸਪਰਟਸ ਰਾਹੀਂ ਬਹੁਤ ਜ਼ਰੂਰੀ ਹੈ। ਇਨ੍ਹਾਂ ਨੂੰ ਇੰਪਲਾਇਮੈਂਟ ਨਾਲ ਲਿੰਕ ਕਰ ਦਿਤਾ ਜਾਵੇ। ਇਸ ਦੇ ਨਾਲ ਜਿਹੜੀ ਸਾਡੇ ਅਨਇੰਪਲਾਇਮੈਂਟ ਦੀ ਪ੍ਰਾਬਲਮ ਹੈ ਉਸ ਨੂੰ ਵਧੇਰੇ ਅਛੇ ਢੰਗ

Original with;
Punjab Vidhan Sabha
Digitized by;
Panjab Digital Library

ਨਾਲ ਹੱਲ ਕਰ ਸਕਾਂਗੇ। ਦੂਸਰੀ ਚੀਜ਼ ਹੈ ਵੋਕੇਸ਼ਨਲ ਟਰੇਨਿੰਗ ਦੀ ਜਿਹੜੀ ਕਿ ਆਲ ਇੰਡੀਆ ਪਾਲਿਸੀ ਹੈ। ਇਸ ਵਿਚ ਕੁਝ ਹਿੱਸਾ ਉਨ੍ਹਾਂ ਨੇ ਪਾਉਣਾ ਹੈ ਔਰ ਕੁਝ ਹਿੱਸਾ ਅਸੀਂ ਪਾਉਣਾ ਹੈ। ਇਸ ਨਾਲ ਇਸ ਸਾਰੇ ਸਿਸਟਮ ਨੂੰ ਸਟਰੈਂਥਨ ਕਰਨ ਲਗੇ ਹਨ ਇਹ ਬਹੁਤ ਜ਼ਰੂਰੀ ਵੀ ਹੈ। ਇਸ ਦੇ ਲਈ ਜਿਹੜੇ 10+2 ਦੇ ਸਕੂਲਾਂ ਦੀ ਗਿਣਤੀ ਹੈ ਉਹ ਵੀ ਕਾਫੀ ਹੈ। ਇਨ੍ਹਾਂ ਵਿਚ 25 ਪ੍ਰਤੀਸ਼ਤ ਜਾਂ ਕੋਈ ਵੀ ਪਰਸੈਂਟੇਜ ਫਿਕਸ ਕਰ ਲੈਣਗੇ ਕਿ ਇਤਨਿਆਂ ਨੂੰ ਟਰੇਨਿੰਗ ਦੇਣੀ ਹੈ ਇਸ ਨਾਲ ਚਾਰ, ਪੰਜ ਸਾਲਾਂ ਵਿਚ ਸਾਰਾ ਪੰਜਾਬ ਕਵਰ ਕਰ ਲਵਾਂਗੇ। ਸਕੂਲਾਂ ਦੇ ਅੱਪਗਰੇਡ ਕਰਨ ਦੀ ਜਿਹੜੀ ਪਾਲਿਸੀ ਹੈ ਜੇਕਰ ਪਿਛਲੇ ਸਾਲਾਂ ਦੇ ਅੰਕੜੇ ਵੇਖੇ ਜਾਣ ਤਾਂ ਉਸ ਤੋਂ ਕਾਫੀ ਚੰਗੀ ਹੈ। ਇਸ ਸਾਲ ਪ੍ਰਾਇਮਰੀ ਤੋਂ ਮਿਡਲ 200 ਸਕੂਲ, ਮਿਡਲ ਤੋਂ ਹਾਈ 100 ਸਕੂਲ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ 70 ਸਕੂਲ ਕਰਨੇ ਹਨ। ਇਹ ਵੀ ਪ੍ਰੋਗ੍ਰੈਸਿਵਰਦੀ ਸਟੈਪ ਹੈ। ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਜਿਸ ਢੰਗ ਨਾਲ ਤੁਰੀ ਹੋਈ ਹੈ ਇਸ ਦੇ ਨਾਲ ਮੈਕਸੀਮੱਮ ਐਜੂਕੇਸ਼ਨ ਜਿਹੜੀ ਹੈ 12,500 ਪਿੰਡਾਂ ਵਿਚ ਜਾਏਗੀ ਔਰ ਪ੍ਰਾਈਮਰੀ ਤੋਂ ਮਿਡਲ ਔਰ ਮਿਡਲ ਤੋਂ ਹਾਈ ਸਾਰੀ ਕਵਰ ਹੋ ਜਾਏਗੀ। ਪਰ, ਸਪੀਕਰ ਸਾਹਿਬ, ਦੋ ਤਿੰਨ ਚੀਜ਼ਾਂ ਪ੍ਰਾਇਮਰੀ ਸੈਕਸ਼ਨਜ਼ ਨੂੰ ਸਟਰੈਂਥਨ ਕਰਨ ਲਈ ਬਹੁਤ ਜ਼ਰੂਰੀ ਹਨ। ਅੰਕੜੇ ਵੇਖਣ ਤੋਂ ਪਤਾ ਚਲਦਾ ਹੈ ਕਿ ਇਕ ਵਾਰੀ ਜਿਹੜੇ ਬੱਚੇ ਪਹਿਲੀ ਵਿਚ ਆ ਜਾਂਦੇ ਹਨ ਤਾਂ ਦੂਜੀ ਵਿਚ ਉਨੇ ਨਹੀਂ ਰਹਿੰਦੇ ਇਸ ਤਰ੍ਹਾਂ ਚੌਥੀ ਤਕ ਜਦੋਂ ਪਹੁੰਚਦੇ ਹਨ ਤਾਂ 30 ਪ੍ਰਤੀਸ਼ਤ ਬੱਚੇ ਡਰਾਪ-ਆਊਟ ਹੋ ਜਾਂਦੇ ਹਨ। ਇਹ ਚੀਜ਼ ਵੇਖਣ ਵਾਲੀ ਹੈ ਕਿ ਇਹ ਡਰਾਪ-ਆਊਟ ਕਿਉਂ ਹੋ ਜਾਂਦੇ ਹਨ, ਕੀ ਕੋਈ ਆਰਥਿਕ ਵਜ੍ਹਾ ਹੈ? ਪਰ ਐਜੂਕੇਸ਼ਨ ਤਾਂ ਅਸੀਂ ਫਰੀ ਦੇ ਰਹੇ ਹਾਂ, ਇਸ ਦੇ ਲਈ ਪਰਸੂ ਕਰਨਾ ਬਹੁਤ ਜ਼ਰੂਰੀ ਹੈ। ਮੈਂ ਸਮਝਦਾ ਹਾਂ ਕਿ ਕਮ-ਅਜ਼-ਕਮ ਪ੍ਰਾਇਮਰੀ ਐਜੂਕੇਸ਼ਨ 100 ਪ੍ਰਤੀਸ਼ਤ ਜ਼ਰੂਰੀ ਕਰਨਾ ਬਹੁਤ ਜ਼ਰੂਰੀ ਹੈ। ਸਾਡੀ ਐਜੂਕੇਸ਼ਨ ਦੀ ਫਾਊਂਡੇਸ਼ਨ ਸਾਡੇ ਬੱਚੇ ਹਨ। ਜਿਥੋਂ ਤਕ ਪ੍ਰਾਇਮਰੀ ਐਜੂਕੇਸ਼ਨ ਦਾ ਤੁਅੱਲਕ ਹੈ, ਮੈਂ ਸਮਝਦਾ ਹਾਂ ਕਿ ਜਿਹੜੇ ਟੀਚਰਜ਼ ਇਥੇ ਲਾਏ ਜਾਣ ਉਹ ਹਾਈਐਸਟ ਕੁਆਲੀਫਾਈਡ ਹੋਣੇ ਚਾਹੀਦੇ ਹਨ। ਇਹ ਨਹੀਂ ਹੋਣਾ ਚਾਹੀਦਾ, ਜਿਹੜਾ ਲੋਅ ਕੁਆਲੀਫਾਈਡ ਟੀਚਰ ਹੋਵੇ ਉਹ ਉਨ੍ਹਾਂ ਨੂੰ ਉਸ ਢੰਗ ਦੇ ਨਾਲ ਐਜੂਕੇਸ਼ਨ ਨਹੀਂ ਦੇ ਸਕਦਾ। ਐਜੂਕੇਸ਼ਨ ਇਕ ਨਿਰੀ ਲਿਟਰੇਸੀ ਨਹੀਂ ਹੈ, ਅਸਲ ਵਿਚ ਇਸ ਨੂੰ ਅਸੀਂ ਅੱਜ ਤਕ ਡੀਫਾਈਨ ਨਹੀਂ ਕਰ ਸਕੇ ਕਿ ਸਾਡੀ ਐਜੂਕੇਸ਼ਨ ਕੀ ਹੈ, ਅਸਲ ਦੇ ਵਿਚ ਇਸ ਦਾ ਕੀ ਆਬਜੈਕਟਿਵ ਹੈ। ਇਹ ਠੀਕ ਹੈ ਕਿ ਪਰੋਫੈਸ਼ਨਲ ਟਰੇਨਿੰਗ ਦੇਣੀ ਚਾਹੀਦੀ ਹੈ ਲੇਕਿਨ ਬੇਸਿਕ ਗੱਲ ਹੈ ਕਿ ਜਿਹੜੇ ਸ਼ਹਿਰੀ ਦੇਸ਼ ਨੂੰ ਚਾਹੀਦੇ ਹਨ ਉਹ ਕਿਸ ਕਿਸਮ ਦੇ ਚਾਹੀਦੇ ਹਨ। ਸਾਨੂੰ 47 ਸਾਲ ਹੋ ਗਏ ਹਨ ਆਜ਼ਾਦ ਹੋਇਆਂ ਨੂੰ ਔਰ ਮੈਂ ਸਮਝਦਾ ਹਾਂ ਕਿ ਜੇਕਰ ਅਸੀਂ ਹਿਸਾਬ ਕਿਤਾਬ ਲਗਾਈਏ ਕਿ ਜਿਹੜਾ ਬੱਚਾ ਉਸ ਵੇਲੇ ਦਾ ਪੈਦਾ ਹੋਇਆ ਹੈ, ਪੰਜ ਸਾਲਾਂ ਦਾ ਹੋ ਕੇ ਉਸ ਨੇ ਪੜ੍ਹਨਾ ਸ਼ੁਰੂ ਕੀਤਾ ਸੀ ਔਰ ਹੁਣ 42 ਸਾਲ ਉਸ ਨੂੰ ਹੋ ਗਏ। ਅਸੀਂ ਚਾਹੁੰਦੇ ਹਾਂ ਕਿ ਉਹ ਥੋਹੜਾ ਬਹੁਤ ਐਜੂਕੇਟ ਹੋ ਕੇ ਸੈਕੂਲਰ ਹੋਵੇ। ਇਸ ਤਰ੍ਹਾਂ ਦਾ ਸ਼ਹਿਰੀ ਹੋਵੇ ਜਿਸ ਨਾਲ ਕਿ ਉਸ ਦੇ ਮਨ ਵਿਚ ਸੈਕੂਲੇਰਿਜ਼ਮ ਦੀ ਭਾਵਨਾ ਹੋਵੇ ਪਰ ਜਿਹੜਾ ਸਿਸਟਮ ਸਾਡਾ ਚਲਾਇਆ ਹੋਇਆ ਹੈ ਉਸ ਵਿਚ ਪ੍ਰਾਫੇਟੀਅਰਿੰਗ ਹੈ, ਉਸ ਵਿਚ ਆਪਣਾਪਨ ਹੈ। ਅਸੀਂ ਕਹਿੰਦੇ ਹਾਂ ਕਿ ਸਾਡਾ ਸ਼ਹਿਰੀ ਵਿਦਵਾਨ ਵੀ ਹੋਵੇ ਲੇਕਿਨ 57 ਪ੍ਰਤੀਸ਼ਤ ਬੰਦੇ ਹਿੰਦੁਸਤਾਨ ਦੇ ਇਸ ਵੇਲੇ ਬੀਲੋਅ ਪਾਵਰਟੀ ਲਾਈਨ ਰਹਿੰਦੇ ਹਨ, ਪੂਅਰ ਹਨ, ਅੱਜ ਜਿਹੜੇ ਉਪਰ ਰਹਿ ਜਾਂਦੇ ਹਨ ਉਹ ਅਮੀਰ ਹਨ, ਇਸ ਨਾਲ ਸੋਸ਼ਲ ਟੈਨਸ਼ਨ ਰਹਿੰਦੀ ਹੈ ਔਰ ਸਾਰੀ ਚੀਜ਼ ਇਸ ਢੰਗ ਨਾਲ ਠੀਕ ਹੋ ਸਕਦੀ ਹੈ ਜੇਕਰ ਅਸੀਂ ਇਹ ਸੋਚੀਏ ਕਿ ਸ਼ਹਿਰੀ ਜਿਹੜਾ ਅਸੀਂ ਪੈਦਾ ਕਰਨਾ ਹੈ ਉਸ ਦੇ ਵਿਚਾਰ ਇਸ ਢੰਗ ਦੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਖੁਸ਼ਹਾਲ ਬਹਿਲ]

ਹੋਣ। ਉਸ ਦੇ ਲਈ ਜ਼ਰੂਰੀ ਹੈ ਕਿ ਐਜੂਕੇਸ਼ਨ ਦਾ ਢੰਗ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਕਈ ਵਾਰੀ ਮੈਂ ਸੋਚਦਾ ਹਾਂ ਕਿ ਸਟੇਟ ਪਾਸ ਐਜੂਕੇਸ਼ਨ ਰਹਿਣੀ ਚਾਹੀਦੀ ਹੈ ਜਾਂ ਨੈਸ਼ਨਲ ਲੇਵਲ ਤੇ ਸੈਂਟਰ ਪਾਸ ਹੋਵੇ। ਅੱਜ ਪ੍ਰਾਈਵੇਟ ਇਨਸਟੀਚਿਊਸ਼ਨਜ਼ ਬਹੁਤ ਬਣੇ ਹੋਏ ਹਨ, ਉਨ੍ਹਾਂ ਨੇ ਕੰਟਰੀਬਿਊਟ ਵੀ ਬੜਾ ਕੀਤਾ ਹੈ। ਐਜੂਕੇਸ਼ਨ ਸਿਸਟਮ ਵਿਚ ਹਿੱਸਾ ਵੀ ਹੈ ਲੇਕਿਨ ਕਈ ਤਰੁੱਟੀਆਂ ਵੀ ਹਨ, ਫਲਾਅਜ਼ ਵੀ ਹਨ ਔਰ ਜਿਹੜਾ ਖਾਸ ਤੌਰ ਤੇ ਆਪਣਾ ਮਜ਼ਹਬ ਰਿਜਨਲ ਜਾਂ ਹੋਰ ਢੰਗ ਨਾਲ ਤਕਵੀਅਤ ਕਰਦਾ ਹੈ ਉਹ ਮੈਂ ਸਮਝਦਾ ਹਾਂ ਕਿ ਦੇਸ਼ ਦੀ ਤਰੱਕੀ ਵਾਸਤੇ ਇਕ ਡਰ ਵਾਲੀ ਗੱਲ ਹੈ, ਉਹ ਦੇਸ਼ ਦੀ ਤਰੱਕੀ ਨੂੰ ਡੈਮੇਜ ਕਰਦੀ ਹੈ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਐਜੂਕੇਸ਼ਨ ਦਾ ਮੇਨ ਆਬਜੈਕਟਿਵ ਜੋ ਹੈ ਉਹ ਇਹ ਹੈ ਕਿ ਸਿਟੀਜ਼ਨ ਜੋ ਤਿਆਰ ਕਰਨਾ ਹੈ, ਸ਼ਹਿਰੀ ਜੋ ਬਨਾਉਣਾ ਹੈ ਉਹ ਕਿਸ ਤਰ੍ਹਾਂ ਦਾ ਹੋਵੇ। ਇਸ ਲਈ ਮੈਂ ਇਹ ਕਹਾਂਗਾ ਕਿ ਐਜੂਕੇਸ਼ਨ ਸਿਸਟਮ ਦੇ ਵਿਚ ਕਈ ਫਲਾਅਜ਼ ਵੀ ਹਨ। ਮਸਲਨ ਅਸੀਂ ਵੇਖਦੇ ਹਾਂ ਕਿ ਇਮਤਿਹਾਨਾਂ ਵਿਚ ਮੈਨੂੰ ਇਹ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ, ਕਈ ਵਾਰੀ ਸਕੂਲਾਂ ਵਿਚ ਰੈਗੂਲਰਲੀ 70 ਪ੍ਰਤੀਸ਼ਤ, 80 ਪ੍ਰਤੀਸ਼ਤ ਟੇਪਿੰਗ ਹੁੰਦੀ ਹੈ, ਕਿਉਂਕਿ ਉਸ ਵੇਲੇ ਪਾਸ ਹੋਣ ਦਾ ਟੀਚਾ ਹੁੰਦਾ ਹੈ ਲੇਕਿਨ ਜਦੋਂ ਬਾਅਦ ਵਿਚ ਮੈਟਰਿਕ ਪਾਸ ਕਰਨ ਤੋਂ ਬਾਅਦ ਕਿਸੇ ਕਮਿਸ਼ਨ ਵਗੈਰਾ ਦਾ ਟੈਸਟ ਉਸ ਬੱਚੇ ਦਾ ਦਿਵਾਇਆ ਜਾਂਦਾ ਹੈ ਤਾਂ ਉਹ ਫੇਲ੍ਹ ਹੋ ਜਾਂਦਾ ਹੈ। ਫਿਰ ਰੂਰਲ ਸੈਕਟਰ ਔਰ ਸ਼ਹਿਰੀ ਸੈਕਟਰ ਵਿਚ ਐਜੂਕੇਸ਼ਨ ਦਾ ਫਰਕ ਹੈ। ਮੈਂ ਸਮਝਦਾ ਹਾਂ ਔਰ ਕਈ ਵਾਰੀ ਮੈਂ ਸੋਚਦਾ ਹਾਂ ਕਿ ਇਕ ਫਰਲਾਂਗ ਵਿਚ, ਇਕ ਮੁਲਕ ਵਿਚ, ਦੋ ਦੁਨੀਆਂ ਵਸਦੀਆਂ ਹੋਣ ਔਰ ਉਨ੍ਹਾਂ ਦੀ ਸੈਂਸੇਬਿਲਟੀ ਇਕ ਦੀ ਹੋਰ ਹੋਵੇ ਔਰ ਦੂਸਰੇ ਦੀ ਹੋਰ ਹੋਵੇ ਤਾਂ ਦੇਸ਼ ਕਿਵੇਂ ਤਰੱਕੀ ਕਰ ਸਕਦਾ ਹੈ। ਮੈਂ ਲਿਸਟਾਂ ਵੇਖਦਾ ਹਾਂ ਆਈ.ਪੀ.ਐਸ. ਜਾਂ ਆਈ.ਏ.ਐਸ. ਦੀਆਂ ਤਾਂ ਪਤਾ ਲਗਦਾ ਹੈ ਕਿ ਰੂਰਲ ਖੇਤਰ ਵਿਚੋਂ ਇਕ ਪਰਸੈਂਟ ਵੀ ਨਹੀਂ ਹੈ ਔਰ ਸਾਰੇ ਦੇ ਸਾਰੇ ਸ਼ਹਿਰ ਦੇ ਹਨ। ਇਹ ਇਸ ਤਰ੍ਹਾਂ ਕਿਉਂ ਹੈ? ਇਸ ਕਰਕੇ ਹੈ ਕਿ ਐਜੂਕੇਸ਼ਨ ਸਿਸਟਮ ਜਿਸ ਢੰਗ ਨਾਲ ਤੋਰਿਆ ਹੈ ਕਿ ਜਿਹੜਾ ਪੈਸਾ ਜ਼ਿਆਦਾ ਖਰਚ ਕਰਕੇ ਵਿਦਿਆ ਦੇ ਦੇਵੇ ਬੱਚਿਆਂ ਨੂੰ ਉਹ ਹਰ ਢੰਗ ਨਾਲ ਅੱਗੇ ਵੱਧ ਸਕਦਾ ਹੈ ਔਰ ਦੂਸਰੇ ਦਾ ਫਿਊਚਰ ਹੋਰ ਹੋ ਜਾਂਦਾ ਹੈ। ਫਿਰ ਜਿਸ ਢੰਗ ਨਾਲ ਐਜੂਕੇਸ਼ਨ ਦਿੱਤੀ ਜਾਂਦੀ ਹੈ ਉਸ ਨਾਲ ਅੱਗੇ ਜਾਬ ਮਿਲਦੀ ਨਹੀਂ ਹੈ। ਆਬਾਦੀ ਵਧਦੀ ਜਾਂਦੀ ਹੈ ਔਰ ਜ਼ਮੀਨ ਘਟਦੀ ਪਈ ਹੈ ਔਰ ਇੰਡਸਟਰੀਅਲ ਡਿਵੈਲਪਮੈਂਟ ਹੈ ਨਹੀਂ, ਇਸ ਨਾਲ ਨਿਰਾਸ਼ਤਾ ਵਧਦੀ ਜਾ ਰਹੀ ਹੈ, ਪਾਵਰਟੀ ਹੈ, ਇਸ ਕਰਕੇ ਇਸ ਤਰ੍ਹਾਂ ਦੇ ਹਾਲਾਤ ਹਨ ਜਿਨ੍ਹਾਂ ਮੁਤੱਲਿਕ ਸਾਨੂੰ ਸੋਚਣਾ ਚਾਹੀਦਾ ਹੈ।

*11.35 A.M. | *(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹਵਾਂਗਾ, ਇਕ ਬੜੀ ਅਜੀਬ ਬਾਤ ਹੈ, ਮੈਂ ਮੈਡੀਕਲ ਕਾਲਜਾਂ ਨੂੰ ਜਿਸ ਵੇਲੇ ਵੇਖਦਾ ਹਾਂ ਕਿ ਦੋ ਸਾਲਾਂ ਤੋਂ ਬਾਅਦ ਸਟੂਡੈਂਟਸ ਪ੍ਰੈਕਟੀਕਲ ਟਰੇਨਿੰਗ ਲੈਂਦੇ ਹਨ ਸਰਜਰੀ ਵਗੈਰਾ ਦੀ ਪਰ ਜਦੋਂ ਇੰਜੀਨੀਅਰਿੰਗ ਕਾਲਜਾਂ ਵਲ ਵੇਖਦਾ ਹਾਂ ਕਿ ਉਥੇ ਇਸ ਤਰ੍ਹਾਂ ਦੀ ਕੋਈ ਬਾਤ ਹੀ ਨਹੀਂ ਹੈ। ਜੇਕਰ ਚੰਗੀ ਪੜ੍ਹਾਈ ਅਸੀਂ ਚਾਹੁੰਦੇ ਹਾਂ ਤਾਂ ਜਿਹੜੇ ਇੰਜੀਨੀਅਰਜ਼ ਪੜ੍ਹਦੇ ਹਨ ਨਾਲ ਦੀ ਨਾਲ ਉਨ੍ਹਾਂ ਨੂੰ ਮੈਸਨਰੀ ਵਰਕ ਦਾ ਵੀ ਪਤਾ ਹੋਵੇ, ਮੈਂ ਇਹ ਨਹੀਂ ਕਹਿੰਦਾ ਕਿ ਉਹ ਮੈਸਨਰੀ ਵਰਕ ਕਰੇ, ਪਰ ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਸਨਰੀ ਵਰਕ ਕਿਸ ਤਰ੍ਹਾਂ ਹੋਣਾ ਚਾਹੀਦਾ ਹੈ। ਬਿਜਲੀ ਦੀਆਂ ਤਾਰਾਂ ਕਿਸ ਤਰ੍ਹਾਂ ਬੈਂਡ ਕਰ ਸਕਦੇ ਹਾਂ, ਇਹ ਪਤਾ ਹੋਣਾ ਚਾਹੀਦਾ ਹੈ। ਮੇਰਾ ਮਤਲਬ ਹੈ ਕਿ ਇਹ ਸਾਰੀ ਲੈਕ ਆਫ ਪਰੈਕਟੀਕਲ ਐਜੂਕੇਸ਼ਨ ਹੈ ਜਾਂ ਜਿਹੜੀਆਂ ਇੰਸਟਰੱਕਸ਼ਨਜ਼ ਦੇਣੀਆਂ ਹੁੰਦੀਆਂ ਹਨ ਉਸ ਵਿਚ ਖਿਆਲ ਨਹੀਂ ਦਿੱਤਾ

Original with;
Punjab Vidhan Sabha
Digitized by;
Panjab Digital Library

ਜਾਂਦਾ। ਲੈਕ ਤਾਂ ਥਿਊਰੀ ਵਿਚ ਵੀ ਹੋ ਸਕਦੀ ਹੈ ਪਰ ਜਿਹੜੀ ਪਰੈਕਟੀਕਲ ਨਾਲੇਜ ਹੈ ਇਹ ਬਹੁਤ ਜ਼ਰੂਰੀ ਹੈ। ਅੱਜ ਅਸੀਂ ਵੇਖਦੇ ਹਾਂ ਕਿ ਜੇ ਕੋਈ ਬਿਲਡਿੰਗ ਬਣਨੀ ਹੁੰਦੀ ਹੈ ਤਾਂ ਜਾਂ ਤਾਂ ਉਹ ਵੇਲੇ ਸਿਰ ਮੁਕੰਮਲ ਹੀ ਨਹੀਂ ਹੁੰਦੀ ਹੈ ਔਰ ਜੇ ਉਹ ਵੇਲੇ ਸਿਰ ਮੁਕੰਮਲ ਹੋ ਵੀ ਜਾਂਦੀ ਹੈ ਤਾਂ ਉਹ ਕਈ ਵਾਰ ਕੁਲੈਪਸ ਹੋ ਜਾਂਦੀ ਹੈ, ਗਿਰ ਜਾਂਦੀ ਹੈ, ਇਸ ਦਾ ਕਾਰਨ ਇਹ ਹੈ ਕਿ ਜਿਹੜਾ ਪਰੈਕਟੀਕਲ ਐਸਪੈਕਟ ਹੈ ਅਸੀਂ ਉਸ ਨੂੰ ਪੂਰਾ ਨਹੀਂ ਕਰ ਪਾਂਦੇ। ਇਸ ਦੇ ਹੋਰ ਵੀ ਕਈ ਕਾਰਨ ਹਨ। ਇਹ ਜਿਹੜਾ ਇਨਵਾਇਰਨਮੈਂਟ ਹੈ, ਇਹ ਜਿਹੜਾ ਇਨਵਾਇਰਨਮੈਂਟ ਦਾ ਗੰਦ ਹੈ ਇਸ ਦਾ ਸਾਡੇ ਦਿਮਾਗ ਤੇ ਅਸਰ ਪੈਂਦਾ ਹੈ। ਜੇ ਕੋਈ ਵਾਇਲੈਂਸ ਹੁੰਦੀ ਹੈ ਉਸ ਦਾ ਵੀ ਦਿਮਾਗ ਤੇ ਅਸਰ ਪੈਂਦਾ ਹੈ ਔਰ ਜੇ ਕੋਈ ਕੁਰੱਪਸ਼ਨ ਹੁੰਦੀ ਹੈ ਤਾਂ ਉਸ ਦਾ ਵੀ ਅਸਰ ਪੈਂਦਾ ਹੈ ਔਰ ਜੇ ਕੋਈ ਹਾਈਡਰੋਜਨ ਬੰਬ ਬਣਦਾ ਹੈ ਤਾਂ ਉਸ ਦਾ ਵੀ ਸਾਡੇ ਦਿਮਾਗ ਤੇ ਅਸਰ ਪੈਂਦਾ ਹੈ। ਇਸ ਲਈ ਇਸ ਗੰਦੇ ਇਨਵਾਇਰਨਮੈਂਟ ਤੋਂ ਦਿਮਾਗ ਹਟਾਉਣ ਲਈ ਜਿਹੜੀ ਐਜੂਕੇਸ਼ਨ ਸ਼ਕਤੀ ਹੈ ਇਸ ਨੂੰ ਕੰਟਰੋਲ ਕਰਨਾ ਚਾਹਦਾ ਹੈ ਔਰ ਇਸ ਐਜੂਕੇਸ਼ਨ ਨਾਲ ਜਿਹੜਾ ਕਿਊਰੀਕਲਮ ਬਣਦਾ ਹੈ ਉਸ ਦਾ ਬੁਨਿਆਦੀ ਅਸਰ ਸਾਡੇ ਦਿਮਾਗ ਤੇ ਪੈਂਦਾ ਹੈ, ਸਾਡੇ ਦਿਮਾਗ ਤੇ ਇਕ ਟਰੈਂਡ ਬਣਦਾ ਹੈ ਕਿ ਕਿਸ ਤਰ੍ਹਾਂ ਨਾਲ ਇਹ ਜਿਹੜਾ ਇਨਵਾਇਰਨਮੈਂਟ ਹੈ ਇਹ ਠੀਕ ਹੋ ਸਕਦਾ ਹੈ। ਅੱਜ ਸਿਰਫ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਵਿਚ ਇਕ ਅਜਿਹਾ ਇਨਵਾਇਰਨਮੈਂਟ ਬਣਿਆ ਹੋਇਆ ਹੈ ਕਿਤੇ ਪਾਸੇ ਲੁੱਟ ਹੋ ਰਹੀ ਹੈ, ਕਿਸੇ ਪਾਸੇ ਵਾਇਲੈਂਸ ਦਾ ਐਟਮਾਸਫੀਅਰ ਹੈ ਔਰ ਕਿਸੇ ਪਾਸੇ ਸੋਸ਼ਲੀ ਝਗੜਾ ਹੈ ਔਰ ਕਿਸੇ ਪਾਸੇ ਰਾਜਨੀਤਕ ਝਗੜਾ ਹੈ ਔਰ ਕਿਸੇ ਪਾਸੇ ਜਾਤ-ਪਾਤ ਦਾ ਔਰ ਕਿਸੇ ਪਾਸੇ ਆਰਥਕ ਝਗੜੇ ਵੇਖ ਰਹੇ ਹਾਂ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜਿਹੜਾ ਐਜੂਕੇਸ਼ਨ ਦਾ ਢਾਂਚਾ ਹੈ ਇਸ ਨੂੰ ਚੰਗਾ ਬਣਾਉਣਾ ਚਾਹੀਦਾ ਹੈ ਔਰ ਵੱਧ ਤੋਂ ਵੱਧ ਐਜੂਕੇਸ਼ਨ ਦੇਣੀ ਚਾਹੀਦੀ ਹੈ। ਇਹ ਕਹਿਕੇ ਮੈਂ ਆਪ ਦਾ ਧੰਨਵਾਦ ਕਰਦਾ ਹੈ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** (ਖਡੂਰ ਸਾਹਿਬ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਅੱਜ ਦੀ ਸਿਖਿਆ ਪ੍ਰਣਾਲੀ ਵਲ ਦਿਵਾਉਣਾ ਚਾਹੁੰਦਾ ਹਾਂ। ਅਸੀਂ ਵੇਖ ਰਹੇ ਹਾਂ ਕਿ ਪਿਛਲੇ 46 ਸਾਲਾਂ ਤੋਂ ਸਾਡੀ ਜਿਹੜੀ ਸਿਖਿਆ ਪਾਲਿਸੀ ਹੈ ਉਹ ਕਲਰਕ ਪੈਦਾ ਕਰਨ ਵਾਲੀ ਹੈ। ਹਰ ਸਾਲ ਅਕੈਡਮਿਕ ਈਅਰ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਬੱਚੇ ਬਾਹਰ ਨਿਕਲਦੇ ਹਨ ਅਤੇ ਕਲਰਕ ਦੀ ਨੌਕਰੀ ਨੂੰ ਵੇਖਦੇ ਹਨ, ਹੋਰ ਉਨ੍ਹਾਂ ਨੂੰ ਕੁਝ ਨਹੀਂ ਮਿਲਦਾ। ਪਿਛਲੇ ਇਤਨੇ ਸਾਲਾਂ ਤੋਂ ਸਰਕਾਰ ਨੇ ਇਸ ਪਾਸੇ ਬਿਲਕੁਲ ਧਿਆਨ ਨਹੀਂ ਦਿੱਤਾ। ਮੈਂ ਸਮਝਦਾ ਹਾਂ ਕਿ ਜਦੋਂ ਤਕ ਵਿਦਿਆ ਦੀ ਪਾਲਿਸੀ ਵਿਚ ਸੁਧਾਰ ਨਹੀਂ ਕੀਤਾ ਜਾਂਦਾ ਉਦੋਂ ਤਕ ਸਾਡਾ ਪੰਜਾਬ ਤਰੱਕੀ ਨਹੀਂ ਕਰ ਸਕਦਾ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਵਿਹਲਾ ਦਿਮਾਗ ਸ਼ੈਤਾਨ ਦਾ ਚਰਖਾ ਹੁੰਦਾ ਹੈ। ਜਿਸ ਨੇ ਬੀ.ਏ.,ਐਮ.ਏ. ਵੀ ਕੀਤੀ ਹੁੰਦੀ ਹੈ ਉਹ ਵੀ ਕਲਰਕ ਵਾਸਤੇ ਹੀ ਨੌਕਰੀ ਵੇਖਦਾ ਫਿਰਦਾ ਹੁੰਦਾ ਹੈ। ਸਰਕਾਰ ਨੇ ਇਸ ਪਾਸੇ ਕੋਈ ਸੁਧਾਰ ਨਹੀਂ ਕੀਤਾ। ਸਰਕਾਰ ਨੇ ਪਿਛੇ ਜਿਹੇ ਇਕ ਡੋਗਰਾ ਕਮੇਟੀ ਬਣਾਈ ਸੀ, ਉਸ ਤੇ ਬਹੁਤ ਸਾਰਾ ਪੈਸਾ ਵੀ ਖਰਚਿਆ ਗਿਆ ਪਰ ਉਸ ਦੀ ਰਿਪੋਰਟ ਤੇ ਕੋਈ ਅਮਲ ਨਹੀਂ ਕੀਤਾ ਗਿਆ। ਮੈਂ ਸਮਝਦਾ ਹਾਂ ਕਿ ਇਹੋ ਜਿਹੀ ਕਮੇਟੀ ਦੇ ਬਣਾਉਣ ਦਾ ਕੀ ਫਾਇਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਪਾਲਿਸੀ ਸਲਾਨਾ ਇਮਤਿਹਾਨਾਂ ਦੀ ਹੈ, ਇਸ ਦੇ ਵਿਚ ਬੱਚੇ ਸਾਰਾ ਸਾਲ ਥਾਰੋਅਲੀ ਨਹੀਂ ਪੜ੍ਹ ਸਕਦੇ। ਆਮ ਤੌਰ ਤੇ ਵੇਖਣ ਵਿਚ ਆਇਆ ਹੈ ਕਿ ਸਾਰਾ ਸਾਲ ਮਾਸਟਰ ਵੀ ਧਿਆਨ ਨਹੀਂ ਦਿੰਦੇ, ਆਖਰੀ 2–3 ਮਹੀਨਿਆਂ ਵਿਚ ਮਾਸਟਰ ਕੁਝ ਜ਼ੋਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਲਾਉਂਦੇ ਹਨ ਪਰ ਜਿਹੜੀ ਸਾਰੇ ਸਾਲ ਦੀ ਪੜ੍ਹਾਈ ਹੈ ਉਹ 90 ਦਿਨਾਂ ਵਿਚ ਪੂਰੀ ਨਹੀਂ ਹੋ ਸਕਦੀ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਪ੍ਰਣਾਲੀ ਨੂੰ ਸਮੈਸਟਰ ਸਿਸਟਮ ਵਿਚ ਬਦਲ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਬੱਚਿਆਂ ਨੂੰ ਸਾਰਾ ਸਾਲ ਸਾਰੀਆਂ ਕਿਤਾਬਾਂ ਨਹੀਂ ਚੁਕਣੀਆਂ ਪੈਣਗੀਆਂ ਉਹ 3 ਮਹੀਨਿਆਂ ਦੇ ਵਿਚ ਥਾਰੋਲੀ ਪੜ੍ਹਨਗੇ ਔਰ ਇਸ ਤਰ੍ਹਾਂ ਉਹ ਚੰਗੇ ਵਿਦਿਆਰਥੀ ਬਣ ਸਕਣਗੇ। ਸਾਲ ਦੇ ਅੰਤ ਵਿਚ ਚਾਰ ਸਮੈਸਟਰਾਂ ਦਾ ਇਕੱਠਾ ਰਿਜ਼ਲਟ ਲੈ ਲੈਣ। ਇਸ ਤਰ੍ਹਾਂ ਉਹ ਵਿਦਿਆਰਥੀ ਚੰਗਾ ਨਿਪੁੰਨ ਬਣ ਸਕਦਾ ਹੈ, ਉਹ ਵਿਦਿਆਰਥੀ ਆਪਣੇ ਸਬਜੈਕਟ ਵਿਚ ਹਰ ਤਰ੍ਹਾਂ ਨਾਲ ਨਿਪੁੰਨ ਹੋ ਸਕਦਾ ਹੈ ਅਤੇ ਉਹ ਆਪਣੇ ਸਬਜੈਕਟ ਵਿਚ ਉੱਚਾ ਮਿਆਰ ਪੈਦਾ ਕਰ ਸਕਦਾ ਹੈ। ਇਸੇ ਤਰ੍ਹਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ 8ਵੀਂ ਜਮਾਤ ਤੱਕ ਬਹੁਤੀਆਂ ਕਿਤਾਬਾਂ ਨਹੀਂ ਹੋਣੀਆਂ ਚਾਹੀਦੀਆਂ। ਇਸ ਦੇ ਵਿਚ ਭਾਸ਼ਾ ਵਿਗਿਆਨ ਅਤੇ ਮੈਥਸ ਦੇ ਸਬਜੈਕਟਸ ਹੋਣੇ ਚਾਹੀਦੇ ਹਨ। ਇਸ ਤੋਂ ਅੱਗੇ ਉਹ ਆਪਣੀ ਯੋਗਤਾ ਅਨੁਸਾਰ, ਟੀਚਰ ਦੀ ਸਿਫਾਰਸ਼ ਨਾਲ ਅਤੇ ਮਾਂ-ਬਾਪ ਦੀ ਸਲਾਹ ਨਾਲ ਵਿਦਿਆਰਥੀ ਕਿਸੇ ਕਿੱਤੇ ਵਿਚ ਪੈ ਸਕਦਾ ਹੈ ਅਤੇ ਇਸ ਤੋਂ ਬਾਅਦ ਉਹ ਆਪਣੇ ਕਿੱਤੇ ਅਨੁਸਾਰ ਕੰਮ ਕਰ ਸਕਦਾ ਹੈ ਨਾ ਕਿ ਉਹ ਸ਼ਹਿਰ ਵਿਚ ਸਰਕਾਰੀ ਨੌਕਰੀਆਂ ਦੀ ਤਾਲਾਸ਼ ਵਿਚ ਘੁੰਮਦਾ ਫਿਰੇਗਾ ਔਰ ਸਰਕਾਰ ਉਤੇ ਬੋਝ ਬਣੇਗਾ। ਉਹ ਆਪਣਾ ਕਿੱਤਾ ਕਿਧਰੇ ਮਰਜ਼ੀ ਖੋਲ੍ਹ ਸਕਦਾ ਹੈ ਅਤੇ ਇਸ ਦੇ ਵਿਚ ਸਰਕਾਰ ਨੂੰ ਉਸ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਉਹ ਸਰਕਾਰੀ ਨੌਕਰੀ ਦੀ ਆਸ ਨਾ ਲਗਾਈ ਬੈਠੇ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ :** ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਅੱਜ ਹਾਊਸ ਵਿਚ ਐਜੂਕੇਸ਼ਨ ਅਤੇ ਸੋਸ਼ਲ ਵੈਲਫੇਅਰ ਦੀਆਂ ਡੀਮਾਂਡਜ਼ ਉੱਤੇ ਬਹਿਸ ਚਲ ਰਹੀ ਹੈ। ਐਜੂਕੇਸ਼ਨ ਦੇ ਸੈਕਟਰੀ ਇਥੋਂ ਉਠ ਕੇ ਚਲੇ ਗਏ ਹਨ ਔਰ ਸ਼ੋਸਲ ਵੈਲਫੇਅਰ ਦੇ ਸੈਕਟਰੀ ਸੁਤੇ ਪਏ ਹਨ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਡਿਪਟੀ ਸਪੀਕਰ ਸਾਹਿਬ, ਸਰਕਾਰ ਨੂੰ ਸਵੈ ਰੁਜ਼ਗਾਰ ਵਾਸਤੇ ਖੁਲ੍ਹਦਿਲੀ ਦੇ ਨਾਲ ਨੌਜਵਾਨਾਂ ਦੀ ਮਦਦ ਕਰਨੀ ਚਾਹੀਦੀ ਹੈ। ਪਿੰਡਾਂ ਵਿਚ ਵਿਦਿਆ ਦੇ ਬਾਰੇ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪਿੰਡਾਂ ਦੇ ਸਕੂਲਾਂ ਵਿਚ ਅਤੇ ਸ਼ਹਿਰਾਂ ਦੇ ਸਕੂਲਾਂ ਵਿਚ ਬਹੁਤ ਵੱਡਾ ਫ਼ਰਕ ਹੈ। ਪਿੰਡਾਂ ਦੇ ਵਿਚ ਸਕੂਲਾਂ ਦੇ ਵਿਚ ਬੱਚਿਆਂ ਲਈ ਟਾਟ, ਸਕੂਲਾਂ ਦੀਆਂ ਇਮਾਰਤਾਂ ਦੀਆਂ ਛੱਤਾਂ ਅਤੇ ਪਾਣੀ ਦਾ ਪ੍ਰਬੰਧ ਤਕ ਨਹੀਂ ਹੁੰਦਾ ਪਰ ਦੂਜੇ ਪਾਸੇ ਸ਼ਹਿਰਾਂ ਦੇ ਵਿਚ ਸਕੂਲਾਂ ਦੇ ਵਿਚ ਪਲੇਅ ਗਰਾਊਂਡ, ਆਡਿਟੋਰੀਅਮ ਲੈਬਾਰਟਰੀ ਆਦਿ ਸਾਰਾ ਕੁਝ ਹੁੰਦਾ ਹੈ, ਇਸ ਕਰਕੇ ਪਿੰਡਾਂ ਦੇ ਸਕੂਲਾਂ ਦੇ, ਬਚਿਆਂ ਵਿਚ ਅਤੇ ਸ਼ਹਿਰਾਂ ਦੇ ਪਬਲਿਕ ਸਕੂਲਾਂ ਦੇ ਬਚਿਆਂ ਵਿਚ ਬਹੁਤ ਵੱਡਾ ਫਰਕ ਹੁੰਦਾ ਹੈ ਐਡਵਾਂਸ ਟੈਕਨਾਲੋਜੀ ਦਾ ਸ਼ਹਿਰਾਂ ਦੇ ਬਚਿਆਂ ਨੂੰ ਹੀ ਪਤਾ ਹੁੰਦਾ ਹੈ। ਪਿੰਡਾਂ ਦੇ ਬਚਿਆਂ ਨੂੰ ਇਸ ਬਾਰੇ ਕੁਝ ਪਤਾ ਨਹੀਂ ਹੁੰਦਾ ਇਹੀ ਕਾਰਨ ਹੈ ਕਿ ਪਿੰਡਾਂ ਦੇ ਬੱਚੇ ਸ਼ਹਿਰਾਂ ਦੇ ਬੱਚਿਆਂ ਨਾਲੋਂ ਜਾਂ ਪਿਛੇ ਰਹਿ ਜਾਂਦੇ ਹਨ ਜਾਂ ਉਹ ਗਲਤ ਰਸਤੇ ਤੇ ਚਲੇ ਜਾਂਦੇ ਹਨ। ਇਸ ਗੱਲ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। (ਵਿਘਨ) ਸਰਕਾਰ ਪਿੰਡਾਂ ਦੇ ਵਿਚ ਮਾਡਲ ਸਕੂਲ ਖੋਲ੍ਹ ਦੇਵੇ, ਨਹੀਂ ਤਾਂ ਸ਼ਹਿਰਾਂ ਦੇ ਮਾਡਲ ਸਕੂਲਾਂ ਨੂੰ ਵੀ ਬੰਦ ਕਰ ਦੇਵੇ ਤਾਂ ਕਿ ਬੱਚੇ ਬਰਾਬਰ ਦੀ ਵਿਦਿਆ ਪ੍ਰਾਪਤ ਕਰ ਸਕਣ।

**Mr. Deputy Speaker**: Please continue your business. (Noise) Please continue with your business and address to the Chair.

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਡਿਪਟੀ ਸਪੀਕਰ ਸਾਹਿਬ, ਲਗਦਾ ਹੈ ਕਿ ਮਾਸਟਰ ਜੀ ਨੂੰ ਕੋਈ ਪ੍ਰਾਬਲਮ ਹੈ। ਮਾਸਟਰ ਜੀ ਕਹਿ ਰਹੇ ਸਨ ਕਿ ਪਰਚੀ ਭੇਜਾਂ। ਮੈਨੂੰ ਲਗਦਾ ਹੈ ਕਿ ਇਹ

Original with;
Punjab Vidhan Sabha
Digitized by;
Panjab Digital Library

ਸਕੂਲ ਵਿਚ ਪਰਚੀਆਂ ਭੇਜਦੇ ਰਹੇ ਹਨ ਅਤੇ ਇਨ੍ਹਾਂ ਨੂੰ ਪਰਚੀਆਂ ਭੇਜਣ ਦੀ ਆਦਤ ਹੈ ਇਹ ਪਰਚੀ ਦੇਣ ਦੇ ਆਦੀ ਹਨ (ਵਿਘਨ) ।

**ਰਾਜ ਮੰਤਰੀ, ਟਰਾਂਸਪੋਰਟ :** ਡਿਪਟੀ ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਪਰਚੀ ਭੇਜਾਂ ਅਗਰ ਇਨ੍ਹਾਂ ਕੋਲ ਮੈਟਰ ਨਹੀਂ ਹੈ ।

**Mr. Deputy Speaker** : Master Ji, please take your seat.

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ਡਿਪਟੀ ਸਪੀਕਰ ਸਾਹਿਬ, ਮਾਸਟਰ ਜੀ ਪਰਚੀ ਦੇ ਆਦੀ ਹਨ ।

**Mr. Deputy Speaker**: You continue with the Demands (Noise).... please continue with the Demands only. Do not go out of the subject.

**ਸਰਦਾਰ ਰਣਜੀਤ ਸਿੰਘ ਛੱਜਲਵੱਡੀ:** ਡਿਪਟੀ ਸਪੀਕਰ ਸਾਹਿਬ, ਜਿਥੇ ਪ੍ਰਾਈਵੇਟ ਸਕੂਲ ਚਲ ਰਹੇ ਹਨ, ਇਨ੍ਹਾਂ ਪ੍ਰਾਈਵੇਟ ਸਕੂਲਾਂ ਵਿਚ ਬੱਚਿਆਂ ਲਈ ਬੈਠਣ ਲਈ ਕੋਈ ਜਗ੍ਹਾ ਨਹੀਂ ਹੈ। ਸਕੂਲਾਂ ਵਿਚ ਕੋਈ ਲੈਬਾਰਟਰੀ ਨਹੀਂ ਹੈ, ਬਚਿਆਂ ਦੇ ਖੇਡਣ ਲਈ ਪ੍ਰਾਈਵੇਟ ਸਕੂਲਾਂ ਵਿਚ ਗਰਾਊਂਡ ਵੀ ਨਹੀਂ ਹੈ ਭਾਵ ਕਿ ਕਿਸੇ ਕਿਸਮ ਦੀ ਕੋਈ ਸਹੂਲਤ ਨਹੀਂ ਹੈ। ਪੰਜਾਬ ਸਰਕਾਰ ਨੂੰ ਇਨ੍ਹਾਂ ਪ੍ਰਾਈਵੇਟ ਸਕੂਲਾਂ ਨੂੰ ਬੰਦ ਕਰਨ ਦੀ ਕਾਰਵਾਈ ਕਰਨੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਪਿੰਡਾਂ ਦੇ ਬਚਿਆਂ ਨਾਲ ਪੜ੍ਹਾਈ ਵਿਚ ਵਿਤਕਰਾ ਹੋ ਰਿਹਾ ਹੈ। ਪਿੰਡਾਂ ਵਿਚ ਪੜ੍ਹਾਈ ਦੇ ਯੋਗ ਸਾਧਨ ਨਹੀਂ ਹਨ। ਪਿੰਡਾਂ ਦੇ ਮਾਸਟਰਾਂ ਨਾਲ ਵਿਤਕਰਾ ਹੋ ਰਿਹਾ ਹੈ । ਪਿੰਡਾਂ ਦੇ ਮਾਸਟਰਾਂ ਨੂੰ ਅਲਾਊਂਸ ਵੀ ਘੱਟ ਮਿਲਦੇ ਹਨ। ਮਾਸਟਰ ਤੇ ਮਿਸਟਰੈਸਾਂ ਦੋਨਾਂ ਨੂੰ ਹੀ ਅਲਾਊਂਸ ਮਿਲਣਾ ਚਾਹੀਦਾ ਹੈ। ਉਨ੍ਹਾਂ ਟੀਚਰਾਂ ਨੂੰ ਆਉਣ ਜਾਣ ਦਾ ਸਮਾਂ ਬਰਬਾਦ ਕਰਨਾ ਪੈਂਦਾ ਹੈ। ਪਿੰਡਾਂ ਵਾਲੇ ਮਾਸਟਰ ਸ਼ਹਿਰਾਂ ਦੇ ਮਾਸਟਰਾਂ ਨਾਲੋਂ ਤਨਖਾਹ ਘੱਟ ਲੈਂਦੇ ਹਨ। ਇਹ ਵਿਤਕਰਾ ਬੰਦ ਕਰਨਾ ਚਾਹੀਦਾ ਹੈ। ਇਕ ਸ਼ਹਿਰ ਵਿਚ ਪੱਕੇ ਤੌਰ ਤੇ ਮਾਸਟਰ ਬੈਠੇ ਹਨ, ਡਿਪਟੀ ਸਪੀਕਰ ਸਾਹਿਬ, ਚਾਹੀਦਾ ਇਹ ਹੈ ਕਿ 2-3 ਸਾਲਾਂ ਬਾਅਦ ਪਿੰਡਾਂ ਦੇ ਮਾਸਟਰਾਂ ਨੂੰ ਸ਼ਹਿਰਾਂ ਵਿਚ ਟਰਾਂਸਫਰ ਕਰਨਾ ਚਾਹੀਦਾ ਹੈ ਔਰ ਸ਼ਹਿਰਾਂ ਦੇ ਮਾਸਟਰਾਂ ਨੂੰ ਪਿੰਡਾਂ ਵਿਚ ਟਰਾਂਸਫਰ ਕਰਨਾ ਚਾਹੀਦਾ ਹੈ। ਸ਼ਹਿਰਾਂ ਦੇ ਲੋਕ ਚੁਸਤ ਚਲਾਕ ਹੁੰਦੇ ਹਨ। ਸ਼ਹਿਰਾਂ ਦੇ ਬੱਚੇ ਮਾਡਲ ਸਕੂਲਾਂ ਵਿਚ ਦਾਖਲ ਹੁੰਦੇ ਹਨ, ਫਿਰ ਚੰਗੇ ਕਾਲਜਾਂ ਵਿਚ ਪੜ੍ਹਦੇ ਹਨ। ਪਿੰਡਾਂ ਦੇ ਸਕੂਲਾਂ ਵਿਚ ਟੀਚਰ ਨਹੀਂ ਹਨ ਪਰ ਸ਼ਹਿਰਾਂ ਦੇ ਸਕੂਲਾਂ ਵਿਚ ਟੀਚਰ ਜ਼ਿਆਦਾ ਹੁੰਦੇ ਹਨ। ਪਿੰਡਾਂ ਵਿਚ ਸਿਰਫ ਸਿੰਗਲ ਟੀਚਰ ਹੁੰਦੇ ਹਨ। ਐਨਰੋਲਮੈਂਟ ਸਕੂਲਾਂ ਵਿਚ ਗਲਤ ਕੀਤੀ ਹੁੰਦੀ ਹੈ, ਇਸ ਨੂੰ ਠੀਕ ਕਰਨਾ ਚਾਹੀਦਾ ਹੈ। ਪਿੰਡਾਂ ਵਿਚ ਟੀਚਰ ਜ਼ਿਆਦਾ ਹੋਣੇ ਚਾਹੀਦੇ ਹਨ। ਪਿੰਡਾਂ ਵਿਚ ਵੀ ਸ਼ਹਿਰਾਂ ਵਾਂਗ ਮਾਡਲ ਸਕੂਲ ਖੋਲ੍ਹਣੇ ਚਾਹੀਦੇ ਹਨ। ਇਹ ਵਿਤਕਰਾ ਪੰਜਾਬ ਸਰਕਾਰ ਨੂੰ ਬੰਦ ਕਰਨਾ ਚਾਹੀਦਾ ਹੈ।

*11.48 A.M (ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਇਸ ਬਜਟ ਵਿਚ 3,000 ਗਰੀਬ ਬੱਚਿਆਂ ਲਈ ਜੋ ਪੈਸੇ ਦਿਤੇ ਗਏ ਹਨ ਇਹ ਫੀ ਬੱਚਾ ਸਿਰਫ 20 ਰੁਪਏ ਬਣਦੇ ਹਨ। 20 ਰੁਪਏ ਦੇ ਨਾਲ, ਸਪੀਕਰ ਸਾਹਿਬ, ਇਕ ਬੱਚਾ ਕੀ ਤਰੱਕੀ ਕਰ ਸਕਦਾ ਹੈ? ਸਪੀਕਰ ਸਾਹਿਬ, 3,000 ਬੰਦੇ ਗਰੀਬ ਜੋ ਹਨ ਅਜੇ ਉਹ ਪੰਜਾਬ ਵਿਚੋਂ ਲਭਣੇ ਹਨ ਔਰ ਪੰਜਾਬ ਵਿਚ ਹਰੀਜਨਾਂ ਦੀ ਆਬਾਦੀ 74 ਲੱਖ ਦੇ ਕਰੀਬ ਹੈ। ਉਨ੍ਹਾਂ ਗਰੀਬਾਂ ਵਾਸਤੇ ਸਰਕਾਰ ਕੋਈ ਯੋਗ ਕਾਰਵਾਈ ਨਹੀਂ ਕਰ ਰਹੀ ਹੈ। ਫਿਰ, ਨਵੇਂ ਕਾਲਜਾਂ ਅਤੇ ਸਕੂਲਾਂ ਵਾਸਤੇ ਸਿਰਫ 20,000

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਰੁਪਏ ਰੱਖੇ ਹਨ। ਇਤਨੇ ਘੱਟ ਪੈਸੇ ਦੇ ਨਾਲ ਕੀ ਜ਼ਮੀਨ ਖਰੀਦੀ ਜਾਵੇਗੀ, ਕੀ ਬਿਲਡਿੰਗ ਬਣਾਈ ਜਾਵੇਗੀ, ਕੀ ਸਕੂਲ ਬਣਨਗੇ ਅਤੇ ਕੀ ਕਾਲਜ ਬਣਾਨਗੇ? ਕੀ, ਸਪੀਕਰ ਸਾਹਿਬ, ਇਹ ਪੈਸਾ ਸਾਰੇ ਪੰਜਾਬ ਵਾਸਤੇ ਹੈ ਜਾਂ ਸਿਰਫ ਇਕ ਬਿਲਡਿੰਗ ਬਣਾਉਣ ਵਾਸਤੇ ਰਖਿਆ ਗਿਆ ਹੈ? ਮੇਰੀ ਬੇਨਤੀ ਹੈ ਕਿ ਨੈਸ਼ਨਲ ਸਿਸਟਮ ਆਫ ਐਜੂਕੇਸ਼ਨ ਨੂੰ ਪਰਮੋਟ ਕਰਨ ਵਾਸਤੇ ਬਹੁਤ ਉਪਰਾਲੇ ਕਰਨੇ ਚਾਹੀਦੇ ਹਨ। ਮੈਂ ਤਾਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕੋਈ ਵਰਲਡ ਬੈਂਕ ਦੀ ਸਕੀਮ ਬਣਾਈ ਜਾਵੇ ਤਾਂ ਕਿ ਆਉਣ ਵਾਲੇ ਸਮੇਂ ਵਿਚ ਚੰਗੀ ਵਿਦਿਆ ਸਾਡੇ ਬੱਚੇ ਲੈ ਸਕਣ।

**ਸ੍ਰੀ ਸਪੀਕਰ :** ਤੁਸੀਂ ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਸਪੀਕਰ ਸਾਹਿਬ, ਆਉਣ ਵਾਲੀ ਜੈਨਰੇਸ਼ਨ ਚੰਗੀ ਵਿਦਿਆ ਲੈ ਕੇ ਇੰਜੀਨੀਅਰਜ਼, ਡਾਕਟਰ ਬਣ ਸਕੇ ਜਿਸ ਨਾਲ ਪੰਜਾਬ ਵਿਚ ਸ਼ਾਂਤੀ ਪੱਕੇ ਤੌਰ ਤੇ ਹੋਵੇ ।

ਸਪੀਕਰ ਸਾਹਿਬ, ਜਿਹੜੇ ਸ਼ਡਿਊਲਡ ਕਾਸਟ ਬੱਚਿਆਂ ਨੂੰ ਵਜ਼ੀਫੇ ਦਿੱਤੇ ਜਾਂਦੇ ਹਨ, ਉਨ੍ਹਾਂ ਨੂੰ ਪ੍ਰਾਈਸ ਇੰਡੈਕਸ ਨਾਲ ਜੋੜਨਾ ਚਾਹੀਦਾ ਹੈ ਤਾਂ ਕਿ ਪ੍ਰਾਈਸ ਵਧਣ ਦੇ ਨਾਲ ਹੀ ਵਜ਼ੀਫੇ ਦੀ ਦਰ ਵੀ ਨਾਲ ਦੀ ਨਾਲ ਵਧਦੀ ਰਹੇ। ਦੂਜਾ, ਉਨ੍ਹਾਂ ਨੂੰ ਵਜ਼ੀਫਾ ਮਹੀਨੇ ਦੇ ਮਹੀਨੇ ਮਿਲਣਾ ਚਾਹੀਦਾ ਹੈ। ਕਦੇ ਉਨ੍ਹਾਂ ਨੂੰ ਵਜ਼ੀਫਾ ਅਪ੍ਰੈਲ ਵਿੱਚ, ਕਦੇ ਮਈ ਵਿੱਚ ਅਤੇ ਕਦੇ ਜੂਨ ਵਿੱਚ ਮਿਲਦਾ ਹੈ ਅਤੇ ਕਦੇ ਉਦੋਂ ਤੱਕ ਵੀ ਨਹੀਂ ਮਿਲਦਾ । ਇਸ ਤਰ੍ਹਾਂ ਉਨ੍ਹਾਂ ਬੱਚਿਆਂ ਨੂੰ ਜ਼ਿਆਦਾ ਲਾਭ ਨਹੀਂ ਪਹੁੰਚਦਾ।

ਸਪੀਕਰ ਸਾਹਿਬ, ਹੁਣ ਮੈਂ ਵੈਲਫੇਅਰ ਬਾਰੇ ਵੀ ਥੋੜ੍ਹਾ ਦੱਸਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਸੀ.ਐਮ. ਸਾਹਿਬ ਤਾਂ ਉਠ ਕੇ ਚਲੇ ਗਏ ਹਨ, ਮੈਂ ਤੁਹਾਡੇ ਰਾਹੀਂ ਦੱਸਦਾ ਹਾਂ ।

**ਸ੍ਰੀ ਸਪੀਕਰ :** ਤੁਸੀਂ ਹੁਣ ਵਾਈਂਡ ਅੱਪ ਕਰੋ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਸਪੀਕਰ ਸਾਹਿਬ, ਮੈਂ ਸਮਾਜ ਭਲਾਈ ਤੇ ਕੁੱਝ ਦੱਸਣਾ ਚਾਹੁੰਦਾ ਹਾਂ ਕਿ ਏਥੇ ਜਿਵੇਂ ਹਾਊਸ ਦਾ ਵਿਧਾਨ ਹੈ, ਮੈਂ ਖਰਾਂ ਨੂੰ ਸੌਂਹ ਚੁਕਦਿਆਂ 46 ਸਾਲ ਹੋ ਗਏ ਹਨ ਪਰ ਅਸੀਂ ਬਰਾਬਰਤਾ ਲਿਆਉਣ ਵਿੱਚ ਬਿਲਕੁਲ ਕਾਮਯਾਬ ਨਹੀਂ ਰਹੇ। ਉਸੇ ਤਰ੍ਹਾਂ ਪੱਖਪਾਤ ਜਾਰੀ ਹੈ। ਜਿਸ ਤਰ੍ਹਾਂ ਇਕ ਸਰੀਰ ਨੂੰ ਤੰਦਰੁਸਤ ਰਹਿਣ ਲਈ ਸਾਰੇ ਅੰਗਾਂ ਦੀ ਤੰਦਰੁਸਤੀ ਜ਼ਰੂਰੀ ਹੈ, ਉਸੇ ਤਰ੍ਹਾਂ ਇਕ ਤੰਦਰੁਸਤ ਸਮਾਜ ਨੂੰ ਪਰਫੁੱਲਤ ਹੋਣ ਲਈ ਸਾਰੇ ਵਰਗਾਂ ਦੀ ਤੰਦਰੁਸਤੀ ਦੀ ਲੋੜ ਹੈ ਪਰ ਇਹ ਪਛੜਿਆ ਵਰਗ ਸਦੀਆਂ ਤੋਂ ਪਛੜਿਆ ਹੀ ਚਲਿਆ ਆ ਰਿਹਾ ਹੈ। ਇਸ ਦੇ ਲਈ ਕੋਈ ਵਿਸ਼ੇਸ਼ ਯੋਜਨਾਵਾਂ ਨਹੀਂ ਬਣਾਈਆਂ ਗਈਆਂ। ਬੁੱਢੇ ਦਰਿਆ ਵਾਸਤੇ ਏਨਾ ਪੈਸਾ ਰਖਿਆ ਜਾ ਸਕਦਾ ਹੈ ਪਰ ਅਨੁਸੂਚਿਤ ਜਾਤੀਆਂ ਵਾਸਤੇ ਸਿਰਫ 37 ਕਰੋੜ ਰੁਪਿਆ ਹੀ ਰਖਿਆ ਗਿਆ ਹੈ।

**ਸ੍ਰੀ ਸਪੀਕਰ :** ਹੁਣ ਤੁਹਾਡਾ ਸਮਾਂ ਹੋ ਗਿਆ ਹੈ। ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਸਪੀਕਰ ਸਾਹਿਬ, ਜਿਥੋਂ ਤੱਕ ਬੁਢਾਪਾ ਪੈਨਸ਼ਨ ਦੀ ਗੱਲ ਹੈ, ਇਹ ਜਿਥੇ 150 ਰੁਪਏ ਕੀਤੀ ਗਈ ਹੈ, ਮੈਂ ਕਹਿੰਦਾ ਹਾਂ ਕਿ ਅੱਜ ਦੇ ਮਹਿੰਗਾਈ ਦੇ ਸਮੇਂ ਵਿੱਚ ਇਹ ਬਹੁਤ ਥੋੜ੍ਹੀ ਹੈ। ਇਹ 300 ਰੁਪਿਆ ਪ੍ਰਤੀ ਮਹੀਨਾ ਕਰ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਵਿਧਵਾ ਪੈਨਸ਼ਨ ਅਤੇ ਬੱਚਿਆਂ ਦੀ ਸਹਾਇਤਾ ਦੀ ਰਕਮ ਵੀ ਵਧਾਉਣੀ ਚਾਹੀਦੀ ਹੈ। ਬੱਚਿਆਂ ਦੀ ਵਿਦਿਆ

Original with;
Punjab Vidhan Sabha
Digitized by;
Panjab Digital Library

ਵਿੱਚ ਵੀ ਸਹਾਇਤਾ ਦੇਣੀ ਚਾਹੀਦੀ ਹੈ। ਇਨ੍ਹਾਂ ਸਭਨਾਂ ਨੂੰ ਹਸਪਤਾਲਾਂ ਵਿੱਚ ਇਲਾਜ ਕਰਾਉਣ ਵਾਸਤੇ ਵੀ ਇਹੋ ਜਿਹੇ ਕਾਰਡ ਜਾਰੀ ਕਰਨੇ ਚਾਹੀਦੇ ਹਨ ਤਾਂਕਿ ਉਥੋਂ ਉਨ੍ਹਾਂ ਦੀਆਂ ਦਵਾਈਆਂ ਆਦਿ ਦਾ ਖਰਚਾ ਫਰੀ ਹੋ ਸਕੇ।

**ਸ੍ਰੀ ਸਪੀਕਰ :** ਵਾਈਂਡ ਅੱਪ ਕਰ ਦਿਉ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ 25—30 ਰੁਪਏ ਲਿਆਉਣ ਵਾਲੇ ਗਰੀਬ ਵਿਅਕਤੀ ਹਨ, ਜਦੋਂ ਉਨ੍ਹਾਂ ਵਿਚੋਂ ਕਈ ਹਸਪਤਾਲ ਵਿੱਚ ਦਾਖਲ ਹੋ ਜਾਂਦਾ ਹੈ ਤਾਂ 20—25 ਰੁਪਏ ਦੀ ਦਵਾਈ ਤਾਂ ਇਕੋ ਵਾਰ ਆ ਜਾਂਦੀ ਹੈ। ਫੇਰ ਡਾਕਟਰ ਜਦ ਆ ਕੇ 200—300 ਰੁਪਏ ਦੀ ਦਵਾਈ ਦਾ ਪਰਚਾ ਥਮਾ ਦਿੰਦਾ ਹੈ ਤਾਂ ਉਹ ਕਹਿੰਦਾ ਹੈ ਕਿ ਹੁਣ ਮੈਂ ਕੀ ਕਰਾਂ, ਕਿਹੜੇ ਪਾਸੇ ਜਾਵਾਂ? ਸਰਕਾਰ ਨੂੰ ਘੱਟੋ ਘੱਟ ਉਨ੍ਹਾਂ ਲੋਕਾਂ ਦੀਆਂ ਦਵਾਈਆਂ ਦਾ ਖਰਚਾ ਫਰੀ ਕਰ ਦੇਣਾ ਚਾਹੀਦਾ ਹੈ।

ਬਾਕੀ, ਸਪੀਕਰ ਸਾਹਿਬ, ਜਿਹੜੇ ਪੀਲੇ ਕਾਰਡ ਬਣਾਏ ਗਏ ਹਨ, ਇਕ ਟਰੈਕਟਰ ਦਾ ਮਾਲਕ ਲੈਂਡਲਾਰਡ ਤਾਂ ਉਨ੍ਹਾਂ ਨੂੰ ਲਈ ਫਿਰਦਾ ਹੈ, ਪਰ ਜਿਸ ਦੇ ਕੋਲ ਸਾਈਕਲ ਨਹੀਂ ਹੈ, ਦਾਤਰੀ ਵੀ ਨਹੀਂ, ਰੰਬਾ ਵੀ ਨਹੀਂ, ਉਨ੍ਹਾਂ ਨੂੰ ਕੋਈ ਪੀਲਾ ਕਾਰਡ ਨਹੀਂ ਦਿੱਤਾ ਗਿਆ।

**ਸ੍ਰੀ ਸਪੀਕਰ :** ਤੁਹਾਡਾ ਸਮਾਂ ਪੂਰਾ ਹੋ ਗਿਆ ਹੈ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਸਪੀਕਰ ਸਾਹਿਬ, ਬੱਸ ਮੈਂ ਦੋ ਮਿੰਟ ਹੋਰ ਲਵਾਂਗਾ। ਪਿੰਡਾਂ ਵਿੱਚ ਗਰਾਮ ਸੇਵਕ ਹਨ। ਉਨ੍ਹਾਂ ਦੀ ਪਿੰਡ ਵਾਲਿਆਂ ਨੂੰ ਕਈ ਕਈ ਮਹੀਨੇ ਸ਼ਕਲ ਵੀ ਦਿਖਾਈ ਨਹੀਂ ਦਿੰਦੀ। ਉਨ੍ਹਾਂ ਦੀ ਡਿਊਟੀ ਹੋਣੀ ਚਾਹੀਦੀ ਹੈ ਕਿ ਮਹੀਨੇ ਵਿੱਚ ਘੱਟੋ-ਘੱਟ ਦੋ ਵਾਰ ਪਿੰਡ ਵਿੱਚ ਜਾ ਕੇ ਬੁਢਿਆਂ ਦੀ ਪੈਨਸ਼ਨ ਆਦਿ ਦੀ ਦੇਖ ਰੇਖ ਰਖਿਆ ਕਰਨ।

**Mr. Speaker**: Wind up please.

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਪੈਨਸ਼ਨ ਦਾ ਸਿਸਟਮ ਬਲਾਕ ਪੱਧਰ ਤੇ ਹੀ ਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਕੇਸ ਉਥੇ ਹੀ ਪ੍ਰਾਸੈਸ ਹੋ ਕੇ ਕੰਪਲੀਟ ਹੋ ਜਾਣੇ ਚਾਹੀਦੇ ਹਨ ਤਾਂਕਿ ਜਿਹੜੇ 65-70 ਸਾਲ ਦੀ ਉਮਰ ਦੇ ਵਿਅਕਤੀ ਹਨ, ਉਨ੍ਹਾਂ ਨੂੰ ਜ਼ਿਲ੍ਹਾ ਕਚਹਿਰੀਆਂ ਵਿੱਚ ਜਾ ਕੇ ਧੱਕੇ ਨਾ ਖਾਣੇ ਪੈਣ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਕਾਮਰੇਡ ਤਰਸੇਮ ਜੋਧਾਂ** (ਕਿਲਾ ਰਾਏਪੁਰ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਜੂਕੇਸ਼ਨ ਦੀ ਡਿਮਾਂਡ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਆਜ਼ਾਦੀ ਤੋਂ ਬਾਅਦ ਵਿਦਿਆ ਦਾ ਜਿਸ ਕਿਸਮ ਦਾ ਸਿਸਟਮ ਸਾਡੇ ਦੇਸ਼ ਵਿਚ ਹੋਣਾ ਚਾਹੀਦਾ ਸੀ ਉਹ ਨਹੀਂ ਹੋ ਸਕਿਆ। ਜਿੰਨੀ ਦੇਰ ਤੱਕ ਐਜੂਕੇਸ਼ਨ ਨੂੰ ਵਿਗਿਆਨਕ ਲੀਹਾਂ ਤੇ, ਸਾਇੰਟਿਫਿਕ ਲੀਹਾਂ ਤੇ ਨਹੀਂ ਢਾਲਾਂਗੇ, ਉਨੀ ਦੇਰ ਤੱਕ ਜੋ ਫਾਇਦਾ ਅਸੀਂ ਵਿਦਿਆ ਤੋਂ ਉਠਾਉਣਾ ਚਾਹੁੰਦੇ ਹਾਂ, ਉਹ ਨਹੀਂ ਉਠਾ ਸਕਾਂਗੇ। ਅੱਜ ਵੀ ਬਹੁਤ ਸਾਰਾ ਸਿਲੇਬਸ ਬੋਝਲ ਹੈ ਜਿਸ ਦੀ ਕੋਈ ਲੋੜ ਨਹੀਂ ਹੈ। ਦਕੀਆਨੂਸੀ ਵਿਚਾਰ ਅੱਜ ਵੀ ਸਾਡੇ ਐਜੂਕੇਸ਼ਨ ਦੇ ਸਿਸਟਮ ਵਿਚ ਪਾਏ ਜਾਂਦੇ ਹਨ। ਅੰਗਰੇਜ਼ਾਂ ਦੇ ਸਮੇਂ ਦਾ ਜਿਹੜਾ ਪੁਰਾਣਾ ਐਜੂਕੇਸ਼ਨ ਦਾ ਸਿਸਟਮ ਚਲਿਆ ਆ ਰਿਹਾ ਹੈ, ਉਸ ਨੂੰ ਮੈਂ ਸਮਝਦਾ ਹਾਂ ਕਿ ਅੱਜ ਬਦਲਣ ਦੀ ਲੋੜ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ ]

ਵਿਦਿਆਰਥੀ ਜਥੇਬੰਦੀਆਂ ਇਸ ਦੀ ਖਾਤਰ ਸੰਘਰਸ਼ ਵੀ ਕਰ ਰਹੀਆਂ ਹਨ। ਸਿਖਿਆ ਦੇ ਢਾਂਚੇ ਨੂੰ ਘੋਖ ਕੇ ਜੇ ਉਸ ਵਿਚ ਸੁਧਾਰ ਲਿਆਵਾਂਗੇ, ਤਾਂ ਹੀ ਸਿਖਿਆ ਦਾ ਸਹੀ ਮੰਤਵ ਪ੍ਰਾਪਤ ਹੋ ਸਕੇਗਾ। ਇਕ ਅਜਿਹੀ ਨੀਤੀ ਲਾਗੂ ਕਰਨੀ ਚਾਹੀਦੀ ਹੈ ਜਿਸ ਨਾਲ ਆਉਣ ਵਾਲੀ ਪੀੜ੍ਹੀ ਦੀ ਸੋਚ ਵਿਗਿਆਨਕ ਬਣ ਸਕੇ ਅਤੇ ਉਸ ਨੂੰ ਉਨਤ ਲੀਹਾਂ ਤੇ ਢਾਲਿਆ ਜਾ ਸਕੇ। ਅੱਜ ਅਸੀਂ ਧਰਮ ਨੂੰ ਰਾਜਨੀਤੀ ਤੋਂ ਅਲੱਗ ਕਰਨ ਦੀ ਗੱਲ ਕਰਦੇ ਹਾਂ। ਇਸੇ ਤਰ੍ਹਾਂ ਹੀ ਜੇਕਰ ਅੱਜ ਅਸੀਂ ਧਰਮ ਨੂੰ ਸਿਖਿਆ ਵਿਚ ਸ਼ਾਮਲ ਕਰਾਂਗੇ ਤਾਂ ਇਸ ਨਾਲ ਸਾਨੂੰ ਨੁਕਸਾਨ ਹੋਵੇਗਾ। ਮੈਂ ਕਿਸੇ ਵੀ ਧਰਮ ਦੇ ਖਿਲਾਫ ਨਹੀਂ। ਇਹ ਹਰ ਕਿਸੇ ਦਾ ਅਕੀਦਾ ਹੈ ਕਿ ਉਹ ਜਿਸ ਧਰਮ ਨੂੰ ਚਾਹੇ ਮੰਨੇ। ਇਹ ਹਰ ਕਿਸੇ ਦੀ ਆਪਣੀ ਮਰਜ਼ੀ ਹੈ ਕਿ ਉਹ ਗੁਰਦੁਆਰੇ ਨੂੰ ਮੰਨੇ, ਮੰਦਰ ਨੂੰ ਮੰਨੇ ਜਾਂ ਮਸਜਿਦ ਨੂੰ ਮੰਨੇ। ਪਰ ਜਿਥੋਂ ਤੱਕ ਵਿਦਿਆ ਦਾ ਸਵਾਲ ਹੈ, ਉਸ ਵਿਚ ਧਰਮ ਨੂੰ ਸ਼ਾਮਲ ਨਹੀਂ ਹੋਣਾ ਚਾਹੀਦਾ। ਵਿਦਿਆ ਨੂੰ ਸੈਕੂਲਰ ਲੀਹਾਂ ਤੇ ਢਾਲਿਆ ਜਾਣਾ ਚਾਹੀਦਾ ਹੈ ਤਾਕਿ ਅੱਜ ਦੇਸ਼ ਦੇ ਸਾਹਮਣੇ ਜਿਹੜੀਆਂ ਸਮੱਸਿਆਵਾਂ ਦਰਪੇਸ਼ ਹਨ, ਉਨ੍ਹਾਂ ਨੂੰ ਸਾਡੀ ਅੱਜ ਦੀ ਨੌਜਵਾਨ ਪੀੜ੍ਹੀ ਹਲ ਕਰ ਸਕੇ। ਅੱਜ ਵੀ ਧਰਮ ਦੇ ਨਾਂ ਤੇ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ ਬਣ ਰਹੀਆਂ ਹਨ। ਵਿਦਿਆ ਦੇ ਪਸਾਰ ਲਈ ਕੋਈ ਵੀ ਸੰਸਥਾ ਕੰਮ ਕਰੇ, ਚੰਗੀ ਗੱਲ ਹੈ ਪਰ ਇਨ੍ਹਾਂ ਧਾਰਮਿਕ ਸੰਸਥਾਵਾਂ ਦੇ ਵਿਦਿਅਕ ਅਦਾਰਿਆਂ ਵਿਚ ਫੰਡਾਮੈਂਟਲਿਜ਼ਮ ਦਾ ਜੋ ਵਿਚਾਰ ਵਧ ਰਿਹਾ ਹੈ, ਉਹ ਸਾਡੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਧਰਮ ਨਿਰਪੱਖ ਲੀਹਾਂ ਨੂੰ ਕਮਜ਼ੋਰ ਕਰ ਰਿਹਾ ਹੈ (ਥੰਪਿੰਗ) ਇਸ ਕਰਕੇ ਸਾਡੀ ਵਿਦਿਅਕ ਨੀਤੀ ਨੂੰ ਵਿਗਿਆਨਕ ਲੀਹਾਂ ਤੇ ਢਾਲਣਾ ਚਾਹੀਦਾ ਹੈ ਅਤੇ ਇਸ ਨੂੰ ਧਰਮ ਨਿਰਪੱਖਤਾ ਦਾ ਅਧਾਰ ਬਣਾਉਣਾ ਚਾਹੀਦਾ ਹੈ। ਅੱਜ ਸਾਡੀ ਵਿਦਿਅਕ ਨੀਤੀ ਵਿਚ ਧਰਮ ਨਿਰਪੱਖਤਾ ਨੂੰ ਵੱਡੇ ਪੈਮਾਨੇ ਤੇ ਢਾਲਣ ਦੀ ਲੋੜ ਹੈ।

ਸਪੀਕਰ ਸਾਹਿਬ, ਸਾਡੇ ਦੇਸ਼ ਵਿਚ, ਸਾਡੇ ਪੰਜਾਬ ਵਿਚ ਅਜੇ ਵੀ ਇਕ ਬਹੁਤ ਵੱਡੀ ਆਬਾਦੀ ਅਜਿਹੀ ਹੈ ਜਿਹੜੀ ਕਿ ਵਿਦਿਆ ਤੋਂ ਵਾਂਝੀ ਹੈ। ਇਸ ਆਬਾਦੀ ਨੂੰ ਹਾਲੇ ਹੇਠਲੇ ਪੱਧਰ ਦੀ ਵਿਦਿਆ ਵੀ ਨਸੀਬ ਨਹੀਂ ਹੈ। ਹਾਇਰ ਐਜੂਕੇਸ਼ਨ ਤਾਂ ਕੁਝ ਖਾਂਦੇ ਪੀਂਦੇ ਘਰਾਣਿਆਂ ਤੱਕ ਹੀ ਸੀਮਿਤ ਰਹਿ ਗਈ ਹੈ। ਅੱਜ ਵੀ ਹਜ਼ਾਰਾਂ ਬੱਚੇ ਅਜਿਹੇ ਹਨ ਜਿਨ੍ਹਾਂ ਨੂੰ ਸਕੂਲ ਦੇਖਣ ਦਾ ਮੌਕਾ ਨਹੀਂ ਮਿਲਿਆ। ਜੇ ਕਿਤੇ ਉਹ ਪ੍ਰਾਇਮਰੀ ਸਕੂਲਾਂ ਵਿਚ ਚਲੇ ਵੀ ਜਾਣ ਤਾਂ ਅੱਧ ਵਿਚਾਲਿਓਂ ਹੀ ਹਟ ਜਾਂਦੇ ਹਨ। ਹਾਈ ਸਕੂਲਾ ਵਿਚ ਤਾਂ ਉਹ ਬਹੁਤ ਹੀ ਘਟ ਜਾਂਦੇ ਹਨ। ਅਨੁਸੂਚਿਤ ਜਾਤੀਆਂ, ਕਬੀਲਿਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਤਬਕਿਆਂ ਦੇ ਬੱਚਿਆਂ ਨੂੰ ਯੂਨੀਵਰਸਿਟੀ ਪੱਧਰ ਦੀ ਐਜੂਕੇਸ਼ਨ ਲੈਣਾ ਤਾਂ ਬਹੁਤ ਦੂਰ ਦੀ ਗੱਲ ਹੈ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਵਿਦਿਆ ਨੂੰ ਸਾਰੇ ਗਰੀਬ ਲੋਕਾਂ ਤੱਕ ਪਹੁੰਚਾਉਣ ਲਈ ਇਸ ਨੂੰ ਫਰੀ ਕੀਤਾ ਜਾਵੇ। ਫਰੀ ਕਰਨ ਦਾ ਮਤਲਬ ਸਿਰਫ ਇਹੀ ਨਹੀਂ ਕਿ ਕੇਵਲ ਫੀਸਾਂ ਹੀ ਮੁਆਫ ਕਰ ਦਿੱਤੀਆਂ ਜਾਣ। ਅੱਜ ਜਿਹੜੇ ਬੱਚੇ ਹੋਟਲਾਂ ਵਿਚ, ਦੁਕਾਨਾ ਵਿਚ, ਫੈਕਟਰੀਆਂ ਵਿਚ ਕੰਮ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ, ਉਨ੍ਹਾਂ ਤਕ ਸਿਰਫ ਇੰਨੇ ਨਾਲ ਹੀ ਵਿਦਿਆ ਪਹੁੰਚਾਈ ਨਹੀਂ ਜਾ ਸਕਦੀ। ਉਨ੍ਹਾਂ ਤਕ ਵਿਦਿਆ ਪਹੁੰਚਾਉਣ ਵਾਸਤੇ, ਕੱਪੜਿਆਂ ਦਾ, ਖੁਰਾਕ ਦਾ, ਦਵਾਈਆ ਦਾ, ਫੀਸਾਂ ਆਦਿ ਦਾ ਜਿਹੜਾ ਸਾਰਾ ਖਰਚਾ ਹੈ, ਉਸ ਦਾ ਪ੍ਰਬੰਧ ਸਰਕਾਰ ਨੂੰ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਵਜ਼ੀਫਿਆਂ ਦਾ ਵੀ ਸਰਕਾਰ ਨੂੰ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਜੋ ਜਿਹੜੇ ਗਰੀਬ ਲੋਕ ਇਸ ਸੰਸਾਰ ਵਿਚ ਆਏ ਹਨ, ਉਨ੍ਹਾਂ ਨੂੰ ਇਨਸਾਫ ਮਿਲ ਸਕੇ। ਜਿਹੜੇ ਗਰੀਬ ਬੱਚੇ ਹਨ, ਉਨ੍ਹਾਂ ਦਾ ਕੀ ਕਸੂਰ ਹੈ ਜੋ ਉਹ ਗਰੀਬ ਘਰਾਂ ਵਿਚ ਜੰਮ ਪਏ ਹਨ ? ਇਸ ਕਰਕੇ ਵਿਦਿਆ ਨੂੰ ਇਨ੍ਹਾਂ ਬੱਚਿਆ ਤੱਕ ਪਹੁੰਚਾਉਣ ਵਾਸਤੇ ਇਨ੍ਹਾਂ ਨੂੰ ਸਾਰੀਆਂ ਸਹੂਲਤਾਂ ਦਿੱਤੀਆਂ ਜਾਣੀਆ ਚਾਹੀਦੀਆ ਹਨ। ਜਿਹੜਾ ਬਜਟ ਵਿੱਤ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ, ਉਸ ਵਿਚ ਲੜਕੀਆ ਵਾਸਤੇ 30 ਰੁਪਏ ਵਜ਼ੀਫਾ ਦੇਣ

Original with;
Punjab Vidhan Sabha
Digitized by;
Panjab Digital Library

ਦੀ ਗੱਲ ਕੀਤੀ ਹੈ। ਸਪੀਕਰ ਸਾਹਿਬ, 20-20 ਸਾਲ ਤੋਂ ਇਨ੍ਹਾਂ ਗਰੀਬ ਬੱਚਿਆਂ ਵਾਸਤੇ ਉਹੀ ਪੁਰਾਣੇ ਵਜ਼ੀਫੇ ਲੱਗੇ ਹੋਏ ਹਨ। ਉਹ ਵੀ ਉਨ੍ਹਾਂ ਨੂੰ ਨਹੀਂ ਮਿਲਦੇ। ਪ੍ਰਾਇਮਰੀ ਸਕੂਲ ਤਕ 15 ਰੁਪਏ ਅਤੇ ਪ੍ਰਾਇਮਰੀ ਤੋਂ ਹਾਈ ਸਕੂਲ ਤਕ ਲੜਕਿਆਂ ਵਾਸਤੇ 30 ਰੁਪਏ ਕੀਤੇ ਜਾਣ ਅਤੇ ਲੜਕੀਆਂ ਵਾਸਤੇ 60 ਰੁਪਏ ਕੀਤੇ ਜਾਣ। ਹਾਇਰ ਐਜੂਕੇਸ਼ਨ ਵਾਸਤੇ ਲੜਕਿਆਂ ਲਈ 50 ਰੁਪਏ ਅਤੇ ਲੜਕੀਆਂ ਵਾਸਤੇ 100 ਰੁਪਏ ਵਜ਼ੀਫੇ ਕੀਤੇ ਜਾਣੇ ਚਾਹੀਦੇ ਹਨ। ਇਸ ਲਈ, ਮਾਨਯੋਗ ਸਪੀਕਰ ਸਾਹਿਬ, ਦੂਸਰੀ ਗੱਲ ਇਹ ਹੈ ਕਿ ਸਾਡਾ ਜਿਹੜਾ ਐਜੂਕੇਸ਼ਨ ਦਾ ਸਿਸਟਮ ਹੈ ਉਹ ਕਮਰਸ਼ੀਅਲਾਈਜ਼ ਹੋ ਰਿਹਾ ਹੈ ਵਿਦਿਆ ਵੇਚੀ ਜਾ ਰਹੀ ਹੈ। ਅੱਜ ਸਾਡੇ ਦੇਸ਼ ਦੇ ਵਿੱਚ ਡਿਗਰੀਆਂ ਵਿਕ ਰਹੀਆਂ ਹਨ। ਸਾਡਾ ਦੇਸ਼ ਐਜੂਕੇਸ਼ਨ ਦੇ ਖੇਤਰ ਵਿੱਚ ਹੇਠਾਂ ਨੂੰ ਜਾ ਰਿਹਾ ਹੈ। ਭਾਵੇਂ ਅਸੀਂ ਜਿੰਨਾ ਮਰਜ਼ੀ ਕਹੀ ਜਾਈਏ ਕਿ ਨਕਲ ਰੁੱਕ ਗਈ ਹੈ, ਲੇਕਿਨ ਨਕਲ ਥੱਲਿਓਂ ਸਿਫਾਰਸ਼ਾਂ ਨਾਲ ਚਲਦੀ ਹੈ। ਵਿਦਿਅਕ ਖੇਤਰ ਦੇ ਵਿੱਚ ਕੁਝ ਕਮੇਟੀਆਂ ਐਸੀਆਂ ਬਣ ਗਈਆਂ ਹਨ ਜਿਨ੍ਹਾਂ ਦੇ ਵਿੱਚ ਕਿ ਕਰੀਮੀਨਲ ਬੰਦੇ ਆ ਬੈਠੇ ਹਨ। ਜਦੋਂ ਵਿਦਿਆ ਦੇ ਸਿਸਟਮ ਵਿੱਚ ਕਰੀਮੀਨਲ ਬੰਦੇ ਆ ਜਾਣ ਤਾਂ ਵਿਦਿਆ ਦਾ ਸਾਰਾ ਸਿਸਟਮ ਨਕਾਰਾ ਹੋ ਜਾਂਦਾ ਹੈ। ਇਸੇ ਤਰ੍ਹਾਂ ਜੇਕਰ ਰਾਜਨੀਤੀ ਦੇ ਵਿੱਚ ਵੀ ਕਰੀਮੀਨਲ ਬੰਦੇ ਆ ਜਾਣ ਤਾਂ ਰਾਜਨੀਤੀ ਦਾ ਕੋਈ ਟਿਕਾਣਾ ਨਹੀਂ ਰਹਿੰਦਾ।

ਸਪੀਕਰ ਸਾਹਿਬ, ਅੱਜ ਸਾਨੂੰ ਦੇਖਣਾ ਚਾਹੀਦਾ ਹੈ ਕਿ ਥਾਂ ਥਾਂ ਤੇ ਇਸ ਕਿਸਮ ਦੀਆਂ ਸਕੂਲ ਸ਼ਾਪਸ ਖੁਲ੍ਹ ਰਹੀਆਂ ਹਨ ਇਨ੍ਹਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ। ਮਾਨਯੋਗ ਸਪੀਕਰ ਸਾਹਿਬ, ਅਸੀਂ ਪਿੰਡਾਂ ਵਿਚ ਚਲੇ ਜਾਈਏ, ਸ਼ਹਿਰਾਂ ਵਿੱਚ ਚਲੇ ਜਾਈਏ ਇਨ੍ਹਾਂ ਸਕੂਲ ਸ਼ਾਪਸ ਰਾਹੀਂ, ਇਨ੍ਹਾਂ ਦੁਕਾਨਾਂ ਰਾਹੀਂ ਲੋਕਾਂ ਦੀ ਲੁੱਟ ਹੋ ਰਹੀ ਹੈ। 200, 200 ਰੁਪਏ ਫੀਸਾਂ ਲਈਆਂ ਜਾਂਦੀਆਂ ਹਨ, ਵਰਦੀਆਂ ਲਈ ਕਮਿਸ਼ਨ ਲਈ ਜਾਂਦੀ ਹੈ, ਕਿਤਾਬਾਂ ਵਿੱਚ ਕਮਿਸ਼ਨ ਲਏ ਜਾਂਦੇ ਹਨ ਅਤੇ ਜਿਹੜੇ ਸਾਡੇ ਨੌਜਵਾਨ ਲੜਕੇ, ਲੜਕੀਆਂ ਹਨ ਉਨ੍ਹਾਂ ਨੂੰ 300, 400 ਜਾਂ 500 ਰੁਪਏ ਪੜ੍ਹਾਉਣ ਲਈ ਦਿੱਤੇ ਜਾਂਦੇ ਹਨ ਉਨ੍ਹਾਂ ਦੀ ਵੀ ਇਸ ਤਰੀਕੇ ਦੇ ਨਾਲ ਲੁੱਟ ਕੀਤੀ ਜਾ ਰਹੀ ਹੈ। ਇਸ ਲੁੱਟ ਨੂੰ ਤੁਰੰਤ ਬੰਦ ਕੀਤਾ ਜਾਣਾ ਚਾਹੀਦਾ ਹੈ। ਇਹ ਸਕੂਲ ਖੁੰਬਾਂ ਵਾਂਗੂ ਖੁੱਲ੍ਹ ਰਹੇ ਹਨ, ਇਨ੍ਹਾਂ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ ਅਤੇ ਜਿਹੜੇ ਸਰਕਾਰੀ ਸਕੂਲ ਹਨ ਉਨ੍ਹਾਂ ਦਾ ਵਿਦਿਅਕ ਸਿਸਟਮ ਠੀਕ ਕਰਨ ਵਾਸਤੇ ਸਰਕਾਰ ਨੂੰ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ। ਸਰਕਾਰ ਨੂੰ ਇਸ ਗੱਲ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ।

**ਸ੍ਰੀ ਸਪੀਕਰ** : ਸਮੇਂ ਦਾ ਖਿਆਲ ਰੱਖੋ ਜੀ।

**ਕਾਮਰੇਡ ਤਰਸੇਮ ਜੋਧਾਂ** : ਮੈਂ ਬਹੁਤ ਲੰਮਾ ਸਮਾਂ ਨਹੀਂ ਲੈਣਾ ਜੀ। ਜਿੰਨਾਂ ਟਾਈਮ ਦਿਤਾ ਗਿਆ ਹੈ ਉਸ ਵਿਚ ਹੀ ਵਾਈਂਡ ਅੱਪ ਕਰਾਂਗਾ।

ਮੇਰੇ ਤੋਂ ਪਹਿਲਾਂ ਅਰਸ਼ੀ ਜੀ ਵੀ ਬੋਲੇ ਹਨ, ਜੋ ਡੀ.ਪੀ.ਆਈ. ਦਾ ਦਫਤਰ ਹੈ, ਉਥੇ ਸੌਦੇ ਹੋ ਰਹੇ ਹਨ। ਇਹ ਅਸੀਂ ਨਹੀਂ ਕਹਿੰਦੇ, ਖੇਤਰ ਵਿੱਚ ਲੋਕਾਂ ਵਿੱਚ ਆਮ ਚਰਚਾ ਹੈ। ਬਦਲੀਆਂ ਵਾਸਤੇ ਪੈਸੇ ਲਏ ਜਾਂਦੇ ਹਨ ਅਤੇ ਜਦੋਂ ਕਦੇ ਕੋਈ ਆਦਮੀ/ਟੀਚਰ ਆਪਣੀ ਬਦਲੀ ਕਰਾਉਣਾ ਚਾਹੁੰਦਾ ਤਾਂ ਜਦੋਂ ਉਸ ਦੀ ਬਦਲੀ ਹੋ ਜਾਂਦੀ ਹੈ, ਉਹ ਆਪਣੇ ਟਿਕਾਣੇ ਤੇ ਆ ਜਾਂਦਾ ਹੈ ਫਿਰ ਉਥੇ ਪੜ੍ਹਾਈ ਕੋਈ ਨਹੀਂ ਕਰਾਉਂਦਾ, ਸੋ ਇਹ ਜਿਹੜੀ ਸਰਕਾਰ ਦੀ ਬਦਲੀਆਂ ਦੀ ਨੀਤੀ ਹੈ ਉਹ ਠੀਕ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਲੋਕਾਂ ਨੂੰ ਐਮ.ਐਲ.ਏ., ਮੰਤਰੀਆਂ, ਵਜ਼ੀਰਾਂ ਤਕ ਪਹੁੰਚਣਾ ਹੀ ਨਾ ਪਵੇ। ਜੇਕਰ ਕੋਈ ਮੁਲਾਜ਼ਮ ਨਕਲ ਕਰਵਾਉਂਦਾ ਹੈ ਤਾਂ ਅਸੀਂ ਉਸ ਦੇ ਵੀ ਖਿਲਾਫ ਹਾਂ, ਜੇਕਰ ਕੋਈ ਡਿਊਟੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ]

ਯੂਨੀਅਨ ਵਾਲਾ ਵੀ ਆਪਣੀ ਡਿਊਟੀ ਸਹੀ ਤਰ੍ਹਾਂ ਨਹੀਂ ਨਿਭਾਉਂਦਾ ਅਤੇ ਡਿਊਟੀ ਪ੍ਰਤੀ ਕੁਤਾਹੀ ਕਰਦਾ ਹੈ ਤਾਂ ਅਸੀਂ ਉਸ ਦੀ ਵੀ ਵਿਰੋਧਤਾ ਕਰਦੇ ਹਾਂ। ਇਥੇ ਪਿਛਲੇ ਸੈਸ਼ਨ ਦੇ ਵਿੱਚ ਪ੍ਰਾਈਵੇਟ ਕਾਲਜਾਂ/ਸਕੂਲਾਂ ਦੇ ਟੀਚਰਾਂ ਨੂੰ ਪੈਨਸ਼ਨ ਦਿੱਤੇ ਜਾਣ ਬਾਰੇ ਐਲਾਨ ਕੀਤਾ ਗਿਆ ਕਿ ਪੈਨਸ਼ਨ ਦਿੱਤੀ ਜਾਵੇਗੀ ਪਰ ਹਾਲੇ ਤੱਕ ਉਸ ਬਾਰੇ ਕੋਈ ਨੋਟੀਫਿਕੇਸ਼ਨ ਨਹੀਂ ਹੋ ਰਿਹਾ। ਐਲਾਨ ਕੀਤਾ ਜਾਵੇ ਅਤੇ ਉਸ ਦੀ ਇੰਪਲੀਮੈਂਟੇਸ਼ਨ ਨਾ ਹੋਵੇ, ਇਹ ਬਹੁਤ ਹੀ ਮਾੜੀ ਗੱਲ ਹੈ । ਇਸ ਨਾਲ ਐਜੂਕੇਸ਼ਨ ਦੇਣ ਵਾਲਿਆਂ ਵਿੱਚ ਅਨਰੈਸਟ ਪੈਦਾ ਹੁੰਦੀ ਹੈ ਅਤੇ ਉਹ ਸਹੀ ਤਰ੍ਹਾਂ ਪੜ੍ਹਾ ਵੀ ਨਹੀਂ ਸਕਦੇ। ਜੋ ਉਨ੍ਹਾਂ ਦੀਆਂ ਮੰਗਾਂ ਹਨ ਉਨ੍ਹਾਂ ਦੇ ਜੋ ਮਸਲੇ ਹਨ ਉਹ ਦੂਰ ਕੀਤੇ ਜਾਣ।

ਸਕੂਲਾਂ ਦੇ ਅਪਗਰੇਡ ਕਰਨ ਦੀ ਜੋ ਗੱਲ ਹੋਈ ਹੈ ਉਸ ਵਿੱਚ ਇਹ ਦੇਖਿਆ ਜਾਂਦਾ ਹੈ ਕਿ ਇਹ ਕਹਿ ਦਿੱਤਾ ਜਾਂਦਾ ਹੈ ਕਿ ਅਸੀਂ ਇੰਨੇ ਸਕੂਲ ਅਪਗਰੇਡ ਕਰ ਦਿੱਤੇ ਪਰ ਸਕੂਲ ਅਪਗ੍ਰੇਡ ਕਰਨ ਵੇਲੇ ਕੋਈ ਕਰਾਈਟੇਰੀਆ ਨਹੀਂ ਰਖਿਆ ਜਾਂਦਾ। ਇਸ ਵਾਸਤੇ ਕੋਈ ਕਰਾਈਟੇਰੀਆ ਜ਼ਰੂਰ ਬਣਾਉਣਾ ਚਾਹੀਦਾ ਹੈ। ਜਿਹੜੇ ਪਛੜੇ ਇਲਾਕੇ ਹਨ, ਉਥੇ ਕਿੰਨੇ ਏਰੀਏ ਵਿੱਚ ਕੋਈ ਸਕੂਲ ਨਹੀਂ ਉਨ੍ਹਾਂ ਨੂੰ ਪਹਿਲਾਂ ਲਿਆ ਜਾਣਾ ਚਾਹੀਦਾ ਹੈ ਅਤੇ ਪਲਾਨਿੰਗ ਬੋਰਡ ਰਾਹੀਂ ਉਨ੍ਹਾਂ ਸਕੂਲਾਂ ਨੂੰ ਅਪਗਰੇਡ ਕੀਤਾ ਜਾਣਾ ਚਾਹੀਦਾ ਹੈ।

**ਸ੍ਰੀ ਸਪੀਕਰ** : ਵਾਈਂਡ-ਅੱਪ ਕਰੋ, ਪਲੀਜ਼ ।

**ਕਾਮਰੇਡ ਤਰਸੇਮ ਜੋਧਾਂ** : ਸਪੀਕਰ ਸਾਹਿਬ, ਡੈਮੋਕਰੇਟਿਕ ਸਿਸਟਮ, ਸੈਟ-ਅਪ ਨੂੰ ਖਤਮ ਨਹੀਂ ਹੋਣ ਦੇਣਾ ਚਾਹੀਦਾ । ਜੋ ਡੀਸੈਂਟਰੇਲਾਈਜ਼ੇਸ਼ਨ ਆਫ ਪਾਵਰ ਦੀ ਗੱਲ ਕੀਤੀ ਗਈ ਹੈ ਜੇਕਰ ਪਲਾਨਿੰਗ ਬੋਰਡ ਤੋੜ ਦਿੱਤੇ ਗਏ ਤਾਂ ਇਸ ਨਾਲ ਅਨਰੈਸਟ ਹੋਰ ਵਧੇਗੀ, ਬੇਚੈਨੀ ਹੋਰ ਵਧੇਗੀ। ਕਾਲਜਾਂ ਦੇ ਵਿੱਚ ਵੀ ਡੈਮੋਕਰੈਟਿਕ ਯੂਨੀਅਨਜ਼ ਬਣਨੀਆਂ ਚਾਹੀਦੀਆਂ ਹਨ ਤਾਂਕਿ ਵਿਦਿਆਰਥੀਆਂ ਦੇ ਮਸਲਿਆਂ ਨੂੰ ਠੀਕ ਢੰਗ ਨਾਲ ਸੁਣਿਆ ਜਾ ਸਕੇ ਅਤੇ ਵਿਦਿਆ ਦੇ ਖੇਤਰ ਵਿੱਚ ਜੋ ਬੇਚੈਨੀ ਹੈ ਉਹਨੂੰ ਦੂਰ ਕੀਤਾ ਜਾਵੇ। ਮਾਨਯੋਗ ਸਪੀਕਰ ਸਾਹਿਬ, ਮੈਂ ਇਕ ਬੇਨਤੀ ਹੋਰ ਕਰੂੰਗਾ ਕਿ ਜਿੰਨੀ ਦੇਰ ਤੱਕ ਸਾਡੀ ਐਜੂਕੇਸ਼ਨ ਜਾਬ ਓਰੀਐਂਨਟਿਡ ਨਹੀਂ ਹੋਵੇਗੀ ਇਸ ਦਾ ਕੋਈ ਫਾਇਦਾ ਨਹੀਂ ਹੋਵੇਗਾ। ਅੱਜ ਲੱਖਾਂ ਦੀ ਗਿਣਤੀ ਵਿੱਚ ਸਾਡੇ ਨੌਜਵਾਨ ਮੁੰਡੇ ਕੁੜੀਆਂ ਬੇਕਾਰ ਵਿਹਲੇ ਤੁਰੇ ਫਿਰਦੇ ਹਨ ਜੋ ਕਿ ਸਾਡੇ ਦੇਸ਼ ਦੇ ਵਾਸਤੇ ਇਕ ਖਤਰੇ ਦੀ ਘੰਟੀ ਹੈ। ਕੋਈ ਬੀ.ਏ., ਬੀ.ਐਸ.ਸੀ., ਐਮ.ਏ., ਐਮ.ਐਸ.ਸੀ. ਕਰ ਲਵੇ ਉਨ੍ਹਾਂ ਵਾਸਤੇ ਨੌਕਰੀ ਦਾ ਕੋਈ ਪ੍ਰਬੰਧ ਨਹੀਂ ਜਿਸ ਕਾਰਨ ਕਰਿਮੀਨਲਾਈਜ਼ੇਸ਼ਨ ਹੋਰ ਵਧਦੀ ਹੈ। ਇਸ ਵਾਸਤੇ, ਮਾਨਯੋਗ ਸਪੀਕਰ ਸਾਹਿਬ, ਵਿਦਿਆ ਨੂੰ ਰੋਜ਼ਗਾਰ ਨਾਲ ਜੋੜਿਆ ਜਾਵੇ ਅਤੇ ਰੋਜ਼ਗਾਰ ਦੇ ਮੌਕੇ ਵੱਧ ਤੋਂ ਵੱਧ ਪੈਦਾ ਕੀਤੇ ਜਾਣ ਤਾਂਕਿ ਸਾਡੇ ਦੇਸ਼ ਦੇ ਨੌਜਵਾਨਾਂ ਨੂੰ ਦੇਸ਼ ਤੋਂ ਬਾਹਰਲੀਆਂ ਸ਼ਕਤੀਆਂ ਦੇਸ਼ ਨੂੰ ਤੋੜਨ ਵਾਲੇ ਪਾਸੇ ਨਾ ਵਰਤ ਸਕਣ। ਮੈਂ ਆਪ ਜੀ ਦੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਜਿਹੜੀ ਕੁਰੱਪਸ਼ਨ ਹੈ ਉਸ ਨੂੰ ਵੀ ਦੂਰ ਕੀਤਾ ਜਾਵੇ। ਵਿਦਿਆ ਦੇ ਖੇਤਰ ਵਿੱਚ ਡੈਮੋਕਰੈਟਿਕ ਸਿਸਟਮ ਨੂੰ ਬਹਾਲ ਕੀਤਾ ਜਾਵੇ ਅਤੇ ਵਿਦਿਅਕ ਖੇਤਰ ਵਿੱਚ ਜਿਹੜੀਆਂ ਕੁਝ ਸਮੱਸਿਆਵਾਂ ਹਨ, ਉਨ੍ਹਾਂ ਤੇ ਗੌਰ ਕਰਕੇ ਉਨ੍ਹਾਂ ਦਾ ਹੱਲ ਕੀਤਾ ਜਾਵੇ ਅਤੇ ਵਿਦਿਆ ਨੂੰ ਵਿਗਿਆਨਕ ਲੀਹਾਂ ਤੇ ਢਾਲ ਕੇ ਸਾਡੇ ਦੇਸ਼ ਵਿੱਚ ਵਿਦਿਅਕ ਢਾਂਚੇ ਨੂੰ ਅੱਗੇ ਤੋਰਿਆ ਜਾਵੇ । ਇੰਨਾ ਕੁਝ ਕਹਿੰਦਾ ਹੋਇਆ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

**ਸਰਦਾਰ ਮਲਕੀਅਤ ਸਿੰਘ ਦਾਖਾ** (ਦਾਖਾ, ਐਸ.ਸੀ.) : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਹਾਊਸ ਵਿੱਚ ਸਿਖਿਆ ਅਤੇ ਅਨੁਸੂਚਿਤ ਜਾਤੀਆਂ ਦੀ ਭਲਾਈ ਦੀਆਂ ਡਿਮਾਂਡਾਂ ਤੇ ਹੋ ਰਹੀ ਬਹਿਸ ਵਿੱਚ ਹਿੱਸਾ ਲੈਣ ਦਾ ਮੌਕਾ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਪੂਰੀ ਦੁਨੀਆਂ ਵਿੱਚ ਸਿਖਿਆ, ਸਿਆਸਤ ਅਤੇ ਸਾਇੰਸ ਦਾ ਯੁਗ ਹੈ। ਸਿਖਿਆ ਪੜ੍ਹ ਕੇ ਕੋਈ ਵੀ ਇਨਸਾਨ ਚੰਗਾ ਡਾਕਟਰ ਬਣ ਸਕਦਾ ਹੈ, ਇੰਜੀਨੀਅਰ ਬਣ ਸਕਦਾ ਹੈ, ਪ੍ਰੋਫੈਸਰ ਬਣ ਸਕਦਾ ਹੈ, ਸਾਇੰਸਦਾਨ ਬਣ ਸਕਦਾ ਹੈ ਅਤੇ ਸਿਆਸਤਦਾਨ ਬਣ ਸਕਦਾ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਿੰਨੇ ਵੀ ਸਾਡੇ ਮਤਿਕਾਰਯੋਗ ਲੀਡਰ ਹਨ ਅਤੇ ਜੋ ਮੇਰੇ ਮਿੱਤਰ ਸਾਹਿਬਾਨ ਐਮ.ਐਲ.ਏਜ਼. ਇਸ ਹਾਊਸ ਦੇ ਵਿੱਚ ਬੈਠੇ ਹਨ, ਉਹ ਸਾਰੇ ਪਿੰਡਾਂ ਦੇ ਸਕੂਲਾਂ ਵਿਚੋਂ ਹੀ ਪੜ੍ਹੇ ਹਨ। ਪੰਜਾਬ ਦੇ ਸਕੂਲਾਂ ਦੀ ਪੜ੍ਹਾਈ ਦਾ ਮਿਆਰ ਬੜਾ ਡਿੱਗ ਚੁੱਕਾ ਸੀ। ਪ੍ਰਾਈਵੇਟ ਸਕੂਲਾਂ ਵਿੱਚ ਬਚਿਆਂ ਦੀ ਐਡਮਿਸ਼ਨ ਵਾਸਤੇ ਬੜਾ ਜ਼ੋਰ ਲਗਦਾ ਸੀ। ਆਮ ਕਰਕੇ ਇਹ ਬੜਾ ਭਾਰੀ ਖਦਸ਼ਾ ਹੈ ਕਿ ਆਉਣ ਵਾਲੇ ਸਮੇਂ ਵਿਚ ਜੇਕਰ ਸਾਡੇ ਪੰਜਾਬ ਦੇ ਸਕੂਲ ਹਨ ਅਤੇ ਭਾਵੇਂ ਉਹ ਪ੍ਰਾਈਵੇਟ ਸਕੂਲ ਹਨ ਜਾਂ ਸਰਕਾਰੀ ਹਨ, ਉਨ੍ਹਾਂ ਵਿੱਚ ਜੇ ਪੜ੍ਹਾਈ ਦਾ ਇੰਤਜ਼ਾਮ ਉੱਚਾ ਨਾ ਹੋ ਸਕਿਆ ਤਾਂ ਅਸੀਂ ਕਿਸੇ ਵੀ ਕੰਪੀਟੀਸ਼ਨ ਵਿੱਚ ਨਹੀਂ ਆ ਸਕਦੇ। ਮੈਨੂੰ ਇਸ ਗੱਲ ਦਾ ਬੜਾ ਭਾਰੀ ਹੌਸਲਾ ਹੈ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਜਿਥੇ ਵਿਦਿਆ ਦੇ ਚੰਗੇ ਪ੍ਰਬੰਧ ਕਰਨ ਦੇ ਉਪਰਾਲੇ ਕੀਤੇ ਹਨ, ਉਥੇ ਸਾਡੇ ਸਿਖਿਆ ਮੰਤਰੀ ਜੌਹਰ ਸਾਹਿਬ ਨੇ ਸਕੂਲਾਂ ਵਿਚ ਛਾਪੇ ਮਾਰ ਕੇ ਇਸ ਵਿਦਿਆ ਦੇ ਢਾਂਚੇ ਨੂੰ ਚੰਗਾ ਬਣਾਉਣ ਦੇ ਯਤਨ ਕੀਤੇ ਹਨ। ਮੈਂ ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ। ਭਾਵੇਂ ਸਕੂਲਾਂ ਵਿਚ ਨਕਲ ਦੀ ਗਲ ਸੀ ਪਰ 10 ਸਾਲ ਪਹਿਲਾਂ ਦੇ ਅਰਸੇ ਵਿਚ ਜਦੋਂ ਸਕੂਲ ਬਿਲਕੁਲ ਬੰਦ ਹੋ ਗਏ ਸਨ, ਅਧਿਆਪਕ ਮਾਰੇ ਜਾ ਰਹੇ ਸਨ, ਸਕੂਲਾਂ ਦੇ ਦਰਵਾਜ਼ੇ ਖੁਲ੍ਹਣੇ ਨਸੀਬ ਨਹੀਂ ਸਨ ਹੁੰਦੇ, ਗਰੀਬ ਬੱਚੇ ਸੋਚਦੇ ਸਨ ਕਿ ਅਸੀਂ ਕਦੋਂ ਸਕੂਲ ਜਾਵਾਂਗੇ ਅਤੇ ਕਦੋਂ ਇਹ ਸਕੂਲ ਖੁਲ੍ਹਣਗੇ। ਅੱਜ ਇਸ ਗਲ ਦੀ ਖੁਸ਼ੀ ਹੈ ਕਿ ਸਾਡੇ ਸਕੂਲ ਖੁਲ੍ਹ ਗਏ ਹਨ, ਬੱਚਿਆਂ ਦੀ ਪੜ੍ਹਾਈ ਹੁੰਦੀ ਹੈ ਅਤੇ ਪ੍ਰਬੰਧ ਹੋਰ ਚੰਗੇਰੇ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ (ਥੰਪਿੰਗ)। ਸਾਡੇ ਮਾਨਯੋਗ ਖਜ਼ਾਨਾ ਮੰਤਰੀ ਜੀ ਨੇ ਸਿਖਿਆ ਦਾ ਜੋ ਬਜਟ ਰੱਖਿਆ ਹੈ ਉਸ ਵਿਚ ਵੀ ਕਾਫੀ ਪ੍ਰਬੰਧ ਕੀਤਾ ਗਿਆ ਹੈ ਪਰ ਫਿਰ ਵੀ ਅਸੀਂ ਮਹਿਸੂਸ ਕਰਦੇ ਹਾਂ ਕਿ ਭਾਵੇਂ ਅਨੁਸੂਚਿਤ ਜਾਤੀਆਂ ਦੇ ਸਟੂਡੈਂਟਸ ਦੇ ਵਜ਼ੀਫੇ ਦੀ ਗੱਲ ਹੈ ਅਤੇ ਭਾਵੇਂ ਫਰਨੀਚਰ ਦੀ ਗੱਲ ਹੈ, ਸਕੂਲਾਂ ਦੀਆਂ ਬਿਲਡਿੰਗਾਂ ਦੀ ਗੱਲ ਹੈ, ਉਨ੍ਹਾਂ ਦਾ ਯੋਗ ਪ੍ਰਬੰਧ ਕਰਨਾ ਵੀ ਸਾਡੀ ਸਰਕਾਰ ਦਾ ਫਰਜ਼ ਬਣਦਾ ਹੈ ਔਰ ਸਾਡੀ ਸਰਕਾਰ ਆਪਣੇ ਫਰਜ਼ ਪੂਰੀ ਤਰ੍ਹਾਂ ਨਿਭਾਏਗੀ ਇਸ ਦਾ ਸਾਨੂੰ ਪੂਰਾ ਅਹਿਸਾਸ ਹੈ। ਸਿਖਿਆ ਦੇ ਮਾਮਲੇ ਵਿਚ ਭਾਵੇਂ ਸਾਡੇ ਸਕੂਲ ਹਨ ਜਾਂ ਕਾਲਜ ਹਨ ਅਤੇ ਭਾਵੇਂ ਪ੍ਰਾਇਮਰੀ ਸਕੂਲ ਹਨ, ਉਨ੍ਹਾਂ ਵਿਚ ਜਿਹੜੇ ਸਾਡੇ ਟੀਚਰ ਹਨ, ਉਨ੍ਹਾਂ ਬਾਰੇ ਮੈਂ ਇਕ ਸੁਝਾਅ ਦੇਣਾ ਚਾਹੁੰਦਾ ਹਾਂ ਕਿਉਂਕਿ ਸਾਨੂੰ ਆਮ ਕਰਕੇ ਪਿੰਡਾਂ ਵਿਚ ਜਾਣ ਦਾ ਮੌਕਾ ਲਗਦਾ ਹੈ ਅਤੇ ਮੈਂ ਆਸ ਕਰਦਾ ਹਾਂ ਕਿ ਮੇਰਾ ਇਹ ਸੁਝਾਅ ਪ੍ਰਵਾਨ ਕਰ ਲਿਆ ਜਾਵੇਗਾ। ਜਿਹੜੇ ਸਾਡੇ ਪਿੰਡਾਂ ਵਿਚ ਟੀਚਰ ਪੜ੍ਹਾਉਂਦੇ ਹਨ ਉਨ੍ਹਾਂ ਨੂੰ ਰੂਰਲ ਏਰੀਆ ਅਲਾਊਂਸ ਮਿਲਣਾ ਚਾਹੀਦਾ ਹੈ। ਸ਼ਹਿਰਾਂ 'ਚ ਹਾਊਸ ਰੈਂਟ ਮਿਲਦਾ ਹੈ ਤਾਂ ਕੁਝ ਲੋਕ ਉਪਰਾਲੇ ਕਰਕੇ ਸ਼ਹਿਰਾਂ ਵਿਚ ਹੀ ਪੜ੍ਹਾਉਂਦੇ ਰਹਿੰਦੇ ਹਨ ਅਤੇ ਪ੍ਰਾਈਵੇਟ ਟਿਊਸ਼ਨਾ ਵੀ ਪੜ੍ਹਾਉਂਦੇ ਹਨ। ਜੇਕਰ ਪਿੰਡਾਂ ਵਿਚ ਪੜ੍ਹਾਉਣ ਵਾਲੇ ਟੀਚਰਾਂ ਨੂੰ ਰੂਰਲ ਏਰੀਆ ਅਲਾਊਂਸ ਦੇ ਦਿੱਤਾ ਜਾਵੇ ਤਾਂ ਅਸੀਂ ਪਿੰਡਾਂ ਵਿਚ ਵਿਦਿਆ ਦੇ ਮਿਆਰ ਨੂੰ ਉੱਚਾ ਚੁੱਕ ਸਕਦੇ ਹਾਂ। ਅਜਿਹਾ ਕਰਕੇ ਅਸੀਂ ਟੀਚਰਾਂ ਨੂੰ ਪਿੰਡਾਂ ਵੱਲ ਭੇਜ ਸਕਦੇ ਹਾਂ। ਇਸ ਨਾਲ ਉਹ ਵੀ ਖੁੱਸ਼ ਹੋਣਗੇ ਕਿ ਉਨ੍ਹਾਂ ਨੂੰ ਪੂਰੀਆਂ ਉਜਰਤਾਂ ਮਿਲਦੀਆਂ ਹਨ ਅਤੇ ਸਾਨੂੰ ਪੂਰਾ ਹੱਕ ਮਿਲ ਰਿਹਾ ਹੈ।

ਅਗਰ ਕੋਈ ਵੀ ਟੀਚਰ ਇਹ ਮਹਿਸੂਸ ਕਰਦਾ ਰਹੇ ਕਿ ਮੈਂ ਕਿਵੇਂ ਨੇੜੇ ਦੇ ਕਿਸੇ ਸ਼ਹਿਰ ਵਿਚ ਜਾਣਾ ਹੈ ਤਾਂ ਉਹ ਬੱਚਿਆਂ ਨੂੰ ਪੂਰੀ ਦਿਲਚਸਪੀ ਨਾਲ ਪੜ੍ਹਾ ਨਹੀਂ ਸਕੇਗਾ। ਸੋ ਇਸ ਤਰ੍ਹਾਂ ਦੀ ਸਕੀਮ ਸਾਨੂੰ ਲਾਗੂ ਕਰਨੀ ਚਾਹੀਦੀ ਹੈ ਤਾਂਕਿ ਪਿੰਡਾਂ ਦੇ ਸਕੂਲਾਂ ਦਾ ਮਿਆਰ ਉਚਾ ਹੋ ਸਕੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਮਲਕੀਅਤ ਸਿੰਘ ਦਾਖਾ]

ਦੂਜਾ, ਸਪੀਕਰ ਸਾਹਿਬ, ਅਨੁਸੂਚਿਤ ਜਾਤੀਆਂ ਦੀ ਭਲਾਈ ਦੀ ਗੱਲ ਇਥੇ ਕੀਤੀ ਗਈ ਮੈਂ ਧੰਨਵਾਦੀ ਹਾਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਜਿਨ੍ਹਾਂ ਨੇ ਰਿਜ਼ਰਵੇਸ਼ਨ ਐਕਟ ਦਾ ਐਲਾਨ ਕੀਤਾ। ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਐਕਟ ਜਲਦੀ ਤੋਂ ਜਲਦੀ ਬਣਾ ਕੇ ਲਾਗੂ ਕੀਤਾ ਜਾਵੇ ਤਾਂ ਜੋ ਸਾਡੇ ਮੁਲਾਜ਼ਮ ਹਨ ਉਨ੍ਹਾਂ ਦੀ ਪਰਮੋਸ਼ਨ ਜਾਂ ਬੈਕਲਾਗ ਹੈ ਉਹ ਜਲਦੀ ਤੋਂ ਜਲਦੀ ਪੂਰਾ ਹੋ ਸਕੇ ਕਿਉਂਕਿ ਕੋਈ ਵੀ ਅਫਸਰ ਜਦ ਕੰਮ ਕਰਦਾ ਹੈ ਭਾਵੇਂ ਕਿਸੇ ਡੀਪਾਰਟਮੈਂਟ ਵਿਚ ਕੰਮ ਕਰਦਾ ਹੈ ਭਾਵੇਂ ਕਿਸੇ ਅਹੁਦੇ ਤੇ ਕੰਮ ਕਰਦਾ ਹੈ ਜਦੋਂ ਉਸ ਦਾ ਵਾਜਿਬ ਹੱਕ ਨਹੀਂ ਮਿਲਦਾ ਤਾਂ ਉਸ ਦੇ ਮਨ ਵਿਚ ਰੋਸਾ ਅਤੇ ਸ਼ਿਕਵੇ ਪੈਦਾ ਹੁੰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਜੋ ਲੋਕ ਬੜੀ ਮੁਸ਼ਕਲ ਨਾਲ, ਉਨ੍ਹਾਂ ਕੱਚੇ ਰਾਹਾਂ ਦੀ ਧੂਪਲ ਵਿਚ ਖੁੱਭ ਕੇ ਅਤੇ ਕਚੀਆਂ ਕੰਧਾਂ ਦੇ ਪਰਛਾਵੇਂ ਬੈਠ ਕੇ ਪੜ੍ਹਦੇ ਰਹੇ ਹਨ, ਉਨ੍ਹਾਂ ਨੂੰ ਪਰਮੋਸ਼ਨ ਦਾ ਹੱਕ ਜ਼ਰੂਰ ਮਿਲਣਾ ਚਾਹੀਦਾ ਹੈ ਔਰ ਸਾਡੀ ਜੋ ਰਿਜ਼ਰਵੇਸ਼ਨ ਦੇ ਵਿਚ ਬੈਕਲਾਗ ਹੈ ਉਹ ਪੂਰਾ ਹੋਣਾ ਚਾਹੀਦਾ ਹੈ। ਮੈਂ ਆਸ ਕਰਦਾ ਹਾਂ ਕਿ ਇਹੋ ਜਿਹੀਆਂ ਲੀਹਾਂ ਤੇ ਚਲਦਿਆਂ ਹੋਇਆਂ ਸਾਡੀ ਸਰਕਾਰ ਆਉਣ ਵਾਲੇ ਸਮੇਂ ਦੇ ਵਿਚ ਬੈਕਲਾਗ ਨੂੰ ਜ਼ਰੂਰ ਪੂਰਾ ਕਰੇਗੀ ਅਤੇ ਜੋ ਇੱਥੇ ਬੇ-ਇਨਸਾਫੀ ਹੋਈ ਹੈ ਉਹ ਵੀ ਦੂਰ ਕੀਤੀ ਜਾਵੇਗੀ ਔਰ ਜੋ ਸਰਦਾਰ ਬੇਅੰਤ ਸਿੰਘ ਜੀ ਨੂੰ ਸਾਡੇ ਲੀਡਰ ਸਾਹਿਬ ਮਿਲੇ ਔਰ ਉਨ੍ਹਾਂ ਨੇ ਜੋ ਸਾਡੀ ਰਿਜ਼ਰਵੇਸ਼ਨ ਪਾਲਿਸੀ ਸੀ ਉਸ ਨੂੰ ਪ੍ਰਸੋਨਲ ਡਿਪਾਰਟਮੈਂਟ ਤੋਂ ਲੈ ਕੇ ਵੈਲਫੇਅਰ ਡੀਪਾਰਟਮੈਂਟ ਨੂੰ ਦਿਤੀ ਹੈ ਔਰ ਇੱਕ ਉਚ ਪੱਧਰੀ ਕਮੇਟੀ ਬਣਾਈ ਹੈ ਜੋ ਘੋਖ ਕਰ ਰਹੀ ਹੈ ਅਤੇ ਛਾਣਬੀਨ ਕਰ ਰਹੀ ਹੈ ਤਾਕਿ ਜੋ ਮੁਲਾਜ਼ਮ ਮਹਿਸੂਸ ਕਰਦੇ ਹਨ ਕਿ ਸਾਡੇ ਹੱਕ ਸਾਨੂੰ ਮਿਲਣ, ਇਨ੍ਹਾਂ ਨੂੰ ਇਨਸਾਫ ਦਿਵਾ ਸਕੇਗੀ। ਅੱਜ ਵੈਲਫੇਅਰ ਡੀਪਾਰਟਮੈਂਟ ਵਿਚ ਜੋ ਕਾਰਵਾਈ ਹੋ ਰਹੀ ਹੈ ਉਸ ਤੋਂ ਮੈਂ ਸੰਤੁਸ਼ਟ ਹਾਂ। ਆਉਣ ਵਾਲੇ ਸਮੇਂ ਵਿਚ ਕੋਈ ਵੀ ਸਾਡਾ ਜੋ ਮੁਲਾਜ਼ਮ ਹੈ ਜਾਂ ਕੋਈ ਹੋਰ ਦੂਸਰਾ ਹੈ, ਉਸ ਨੂੰ ਇਨਸਾਫ ਮਿਲੇਗਾ ਇਸ ਦਾ ਮੈਨੂੰ ਪੂਰਾ ਭਰੋਸਾ ਹੈ।

ਦੂਸਰਾ, ਸਪੀਕਰ ਸਾਹਿਬ, ਜੋ ਅਨੁਸੂਚਿਤ ਜਾਤੀਆਂ ਦੀ ਭਲਾਈ ਵਾਸਤੇ ਸਕੀਮਾਂ ਸਾਡੇ ਮਾਨਯੋਗ ਖਜ਼ਾਨਾ ਮੰਤਰੀ ਜੀ ਨੇ ਬਜਟ ਵਿਚ ਰੱਖੀਆਂ ਹਨ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ ਪਰ ਮੈਂ ਮੰਗ ਕਰਦਾ ਹਾਂ ਕਿ ਉਨ੍ਹਾਂ ਲੋਕਾਂ ਦਾ ਜੀਵਨ ਪੱਧਰ ਉੱਚਾ ਚੁਕਣ ਵਾਸਤੇ ਜੋ ਸਾਡੀ ਅਨੁਸੂਚਿਤ ਜਾਤੀਆਂ ਦੀ ਫਾਇਨੈਂਸ਼ਲ ਕਾਰਪੋਰੇਸ਼ਨ ਹੈ ਉਸ ਦੇ ਵਿਚ ਫੰਡਜ਼ ਜ਼ਿਆਦਾ ਰੱਖੇ ਜਾਣ ਤਾਂ ਜੋ ਸਾਡੇ ਗਰੀਬ ਲੋਕ ਜੋ ਕਰਜ਼ਾ ਲੈਂਦੇ ਹਨ ਔਹ ਜੋ ਉਨ੍ਹਾਂ ਦੇ ਕੰਮ ਹਨ ਉਹ ਬੈਂਕਾਂ ਵਿਚ ਨਾ ਜਾਣ ਬਲਕਿ ਉਨ੍ਹਾਂ ਨੂੰ ਕਾਰਪੋਰੇਸ਼ਨ ਤੋਂ ਹੀ ਕਰਜ਼ਾ ਮਿਲੇ ਅਤੇ ਉਹ ਕਰਜ਼ਾ ਲੈ ਕੇ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ। ਹੋਰ ਵੀ ਬਹੁਤ ਸਾਰੀਆਂ ਸਕੀਮਾਂ ਜੋ ਸਰਕਾਰ ਨੇ ਬਣਾਈਆਂ ਹਨ, ਮੈਂ ਮੰਗ ਕਰਦਾ ਹਾਂ ਕਿ ਉਨ੍ਹਾਂ ਨੂੰ ਲਾਗੂ ਕਰਕੇ ਇਨ੍ਹਾਂ ਸਾਡੇ ਗਰੀਬ ਲੋਕਾਂ ਦਾ ਜੀਵਨ ਪੱਧਰ ਉਚਾ ਚੁਕਿਆ ਜਾਵੇ।

ਸਪੀਕਰ ਸਾਹਿਬ, ਮੈਂ ਆਪਣੇ ਇਲਾਕੇ ਦੇ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਮੇਰਾ ਇਲਾਕਾ ਦਾਖਾ ਹੈ ਜੋ ਸਤਲੁਜ ਦਰਿਆ ਦੇ ਨਾਲ ਨਾਲ ਲਗਦਾ ਹੈ। ਉਥੇ ਦੇ ਲੋਕ ਬੜੇ ਗਰੀਬ ਹਨ ਅਤੇ 1988 ਦੇ ਹੜ੍ਹਾਂ ਦੀ ਮਾਰ ਹੇਠ ਇਸ ਇਲਾਕੇ ਦੀਆਂ ਸੜਕਾਂ, ਸਕੂਲ, ਉਨ੍ਹਾਂ ਗਰੀਬ ਲੋਕਾਂ ਦੇ ਘਰ, ਉਨ੍ਹਾਂ ਦੀਆਂ ਫਸਲਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਔਰ ਉਹ ਲੋਕ ਆਪਣੇ ਪੈਰਾਂ ਤੇ ਅਜੇ ਤੱਕ ਵੀ ਖੜੇ ਨਹੀਂ ਹੋ ਸਕੇ। ਮੈਂ ਚਾਹੁੰਦਾ ਹਾਂ ਕਿ ਇਸ ਨੂੰ ਪਛੜਿਆ ਡਿਕਲੇਅਰ ਕਰੋ ਔਰ ਐਸੇ ਫੰਡਜ਼ ਦੇਵੋ ਤਾਂ ਕਿ ਅਸੀਂ ਇਸ ਇਲਾਕੇ ਦੀ ਭਲਾਈ ਕਰ ਸਕੀਏ ਔਰ ਉਹ ਲੋਕ ਵੀ ਪੰਜਾਬ ਦੇ ਦੂਜੇ ਲੋਕਾਂ ਦੀ ਤਰ੍ਹਾਂ ਆਪਣੇ ਆਪ ਨੂੰ ਖੁਸ਼ਹਾਲ ਮਹਿਸੂਸ ਕਰ ਸਕਣ। ਇਹ ਵੀ ਮਹਿਸੂਸ ਕਰ ਸਕਣ ਕਿ ਅਸੀਂ ਵੀ ਪੰਜਾਬ ਦੇ ਚੰਗੇ ਸ਼ਹਿਰੀ ਹਾਂ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਦਾਖਾ ਜੀ, ਵਾਈਂਡ ਅੱਪ ਕਰੋ।

**ਸਰਦਾਰ ਮਲਕੀਅਤ ਸਿੰਘ ਦਾਖਾ** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ।

**ਸ੍ਰੀ ਸਪੀਕਰ** : ਡਾਕਟਰ ਸਾਹਿਬ, ਐਜੂਕੇਸ਼ਨ ਮਨਿਸਟਰ ਸਾਹਿਬ ਅਤੇ ਸੋਸ਼ਲ ਵੈਲਫੇਅਰ ਦੇ ਮਨਿਸਟਰ ਸਾਹਿਬ ਨੂੰ ਆਪਣੀ ਸਪੀਚ ਵਾਈਂਡ ਅਪ ਕਰਨ ਲਈ ਕੁਲ ਕਿੰਨਾਂ ਕੁ ਸਮਾਂ ਚਾਹੀਦਾ ਹੈ ?

**ਵਿੱਤ ਮੰਤਰੀ** : ਸਰ, ਹਾਊਸ 1.30 ਵਜੇ ਖਤਮ ਹੋਣਾ ਹੈ, ਇਨ੍ਹਾਂ ਲਈ ਅੱਧਾ-ਅੱਧਾ ਘੰਟਾ ਬਹੁਤ ਹੈ।

**ਸ੍ਰੀ ਸਪੀਕਰ** : ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਜੀ ਤੁਸੀਂ ਬੋਲੋ।

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ (ਕਾਦੀਆਂ)** : ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਸਪੀਕਰ ਸਾਹਿਬ, ਐਜੂ-ਕੇਸ਼ਨ ਵਿਚ ਬਹੁਤ ਤਰੁੱਟੀਆਂ ਮਹਿਸੂਸ ਕੀਤੀਆਂ ਗਈਆਂ ਜਿਹੜੀਆਂ ਮੈਂ ਤੁਹਾਡੇ ਰਾਹੀਂ ਇਸ ਸਰਕਾਰ ਦੇ ਸਾਹਮਣੇ ਲਿਆਉਣਾਂ ਚਾਹੁੰਦਾ ਹਾਂ।

ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਲੋੜ ਇਸ ਗੱਲ ਦੀ ਹੈ ਕਿ ਪ੍ਰਾਇਮਰੀ ਟੀਚਰਾਂ ਨੂੰ ਸਟਰੈਂਥਨ ਕੀਤਾ ਜਾਵੇ ਕਿਉਂਕਿ ਪ੍ਰਾਇਮਰੀ ਕਲਾਸ ਵਿਚ ਹੀ ਸਾਡਾ ਭਵਿੱਖ ਬਣਨਾ ਸ਼ੁਰੂ ਹੋ ਜਾਂਦਾ ਹੈ। ਜੇਕਰ ਪ੍ਰਾਇਮਰੀ ਟੀਚਰ ਨੂੰ ਹੀ ਕੁੱਝ ਨਾ ਆਉਂਦਾ ਹੋਵੇਗਾ ਤਾਂ ਬੱਚਿਆਂ ਨੇ ਕੀ ਪੜ੍ਹਨਾ ਹੈ ? ਇਸ ਲਈ ਲੋੜ ਇਸ ਗੱਲ ਦੀ ਹੈ ਕਿ ਪ੍ਰਾਇਮਰੀ ਟੀਚਰ ਹਾਇਲੀ ਕੁਆਲੀਫਾਈਡ ਹੋਣ ਤਾਂ ਕਿ ਉਹ ਬੱਚਿਆਂ ਨੂੰ ਹੋਰ ਚੰਗੀ ਤਰ੍ਹਾਂ ਪੜ੍ਹਾ ਸਕਣ। ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਈ ਦਾ ਮਾਹੌਲ ਕੋਈ ਬਹੁਤਾ ਚੰਗਾ ਨਹੀਂ ਹੈ। ਪ੍ਰਾਇਮਰੀ ਐਜੂਕੇਸ਼ਨ ਅੱਜ ਕੱਲ੍ਹ ਹਾਈ ਸਕੂਲਾਂ ਤੋਂ ਸ਼ੁਰੂ ਹੁੰਦੀ ਹੈ ਪਰ ਪ੍ਰਾਇਮਰੀ ਟੀਚਰ ਆਪਣੇ ਸਕੂਲਾਂ ਅਤੇ ਬਚਿਆਂ ਵੱਲ ਕੋਈ ਬਹੁਤ ਜ਼ਿਆਦਾ ਧਿਆਨ ਨਹੀਂ ਦਿੰਦੇ। ਪਹਿਲਾਂ ਪਹਿਲਾਂ ਸਿਸਟਮ ਇਹ ਹੁੰਦਾ ਸੀ ਕਿ ਇੰਸਪੈਕਟਰ ਸਕੂਲਾਂ ਵਿਚ ਜਾ ਕੇ ਬਚਿਆਂ ਦਾ ਸਟੈਂਡਰਡ ਚੈਕ ਕਰਦੇ ਸਨ ਪਰ ਹਾਲਾਤ ਦੀ ਮਜਬੂਰੀ ਕਾਰਨ ਇਹ ਧਿਆਨ ਕਾਫੀ ਘੱਟ ਗਿਆ ਪਰ ਸਰਦਾਰ ਬੇਅੰਤ ਸਿੰਘ ਜੀ ਦੀ ਹਿੰਮਤ ਨਾਲ ਪੰਜਾਬ ਦਾ ਮਾਹੌਲ ਫਿਰ ਸੁਧਰਿਆ ਹੈ। ਇਸ ਲਈ ਹੁਣ ਤਾਂ ਅਫਸਰਾਂ ਨੂੰ ਵੱਧ ਤੋਂ ਵੱਧ ਸਕੂਲਾਂ ਵਿਚ ਜਾਣਾ ਚਾਹੀਦਾ ਹੈ ਅਤੇ ਚੈਕ ਕਰਨੇ ਚਾਹੀਦੇ ਹਨ। ਟੀਚਰਾਂ ਦੇ ਸਟੈਂਡਰਡ ਨੂੰ ਫਰੀ-ਕੁਐਂਟਲੀ ਚੈਕ ਕਰਨਾ ਚਾਹੀਦਾ ਹੈ ਅਤੇ ਠੀਕ ਕਰਨਾ ਚਾਹੀਦਾ ਹੈ ਤਾਂ ਜੋ ਆਉਣ ਵਾਲੇ ਭਵਿਖ ਵਿਚ ਜੇ ਬੱਚੇ ਨਾਲਾਇਕ ਨਿਕਲਣਗੇ ਤਾਂ ਇਹ ਬੜੀ ਮਾੜੀ ਗੱਲ ਹੋਵੇਗੀ। ਅੱਜ ਇਸ ਗੱਲ ਦੀ ਵੀ ਲੋੜ ਹੈ ਕਿ ਜੋ ਬੱਚਾ ਅਠਵੀਂ ਕਰਦਾ ਹੈ, ਉਸ ਦਾ ਸਬਜੈਕਟ ਦਾ ਮਿਆਰ ਅਠਵੀਂ ਤਕ ਦਾ ਹੀ ਹੋਣਾ ਚਾਹੀਦਾ ਹੈ, ਉਸ ਨੂੰ ਅੱਠਵੀਂ ਤਕ ਦੀ ਹੀ ਪੜ੍ਹਾਈ ਕਰਵਾਈ ਜਾਵੇ ਅਤੇ ਫਿਰ ਟੈਕਨੀਕਲ ਐਜੂ-ਕੇਸ਼ਨ ਦੀ ਪੜ੍ਹਾਈ ਦਿੱਤੀ ਜਾਵੇ ਤਾਂ ਕਿ ਉਹ ਬੀ.ਏ. ਤਕ ਕਿਸੀ ਸਬਜੈਕਟ ਦਾ ਸਪੈਸ਼ਲਿਸਟ ਬਣ ਸਕੇ। ਜੇ ਉਸ ਨੇ ਇੰਜੀਨੀਅਰ ਬਣਨਾ ਹੈ ਤਾਂ ਉਸ ਨੂੰ ਇੰਜੀਨੀਅਰਿੰਗ ਦੀ ਪੜ੍ਹਾਈ ਕਰਵਾਈ ਜਾਵੇ। ਜੇ ਉਸ ਨੇ ਪਾਲੀਟੀਸ਼ੀਅਨ ਬਣਨਾ ਹੈ ਤਾਂ ਉਸ ਨੂੰ ਪੁਲੀਟੀਕਲ ਸਾਇੰਸ ਪੜ੍ਹਾਈ ਜਾਵੇ ਤਾਂ ਜੋ ਜਦੋਂ ਉਹ ਬੀ.ਏ. ਕਰਕੇ ਕਾਲਜ ਤੋਂ ਬਾਹਰ ਨਿਕਲੇ ਤਾਂ ਉਹ ਦੇਖ ਸਕੇ ਕਿ ਉਸ ਨੇ ਹੁਣ ਕੀ ਕਰਨਾ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ]

ਤੇ ਕੀ ਨਹੀਂ ਕਰਨਾ। ਇਸ ਕਰਕੇ ਇਸ ਸਾਰੇ ਸਿਸਟਮ ਨੂੰ ਚੈਕ ਕਰਨ ਦੀ ਲੋੜ ਹੈ। ਕੀ ਸਿਰਫ ਕਲਰਕ ਹੀ ਪੈਦਾ ਕਰਨੇ ਹਨ ਜਾਂ ਟਰੇਂਡ ਬੱਚੇ ਵੀ ਪੈਦਾ ਕਰਨੇ ਹਨ। ਬਜਾਏ ਇਸ ਦੇ ਕਿ ਉਹ ਕਿਸੇ ਤੇ ਡੀਪੈਂਡ ਹੋਣ ਸਗੋਂ ਉਹ ਸੈਲਫ ਸਫੀਸ਼ੀਐਂਟ ਹੋਣ।

ਇਹ ਵੀ ਬੜੀ ਗਲਤ ਗੱਲ ਹੈ ਕਿ ਜਿਹੜੇ ਧਰਮ ਦੇ ਆਧਾਰ ਤੇ ਸਕੂਲ ਬਣੇ ਹਨ, ਉਨ੍ਹਾਂ ਦੀ ਕੁਆਲੀਫੀਕੇਸ਼ਨ ਜੋ ਹੈ, ਜਿਥੇ ਇੱਕ ਪਾਸੇ ਇੰਡੀਆ ਨੂੰ ਲੋੜ ਹੈ ਸੈਕੂਲਰਿਜ਼ਮ ਦੀ, ਉਥੇ ਪੜ੍ਹਾਈ ਗਲਤ ਹੋ ਰਹੀ ਹੈ। ਸ਼ਾਇਦ ਹੀ ਕੋਈ ਡੀ.ਏ.ਵੀ. ਸਕੂਲ ਹੋਵੇਗਾ ਜਿਥੇ ਸਿੱਖ ਪ੍ਰਿੰਸੀਪਲ ਲਗਾਇਆ ਗਿਆ ਹੋਵੇ ਜਾਂ ਕਿਸੇ ਖਾਲਸਾ ਕਾਲਜ ਵਿਚ ਕਿਸੇ ਨਾਨ-ਸਿੱਖ ਨੂੰ ਪ੍ਰਿੰਸੀਪਲ ਰੱਖਿਆ ਹੋਵੇ। ਕਿਸੇ ਮੁਸਲਿਮ ਸਕੂਲ ਵਿਚ ਸਿਵਾਏ ਮੁਸਲਮਾਨ ਦੇ ਹੋਰ ਕੋਈ ਵੀ ਨਹੀਂ ਲਗ ਸਕਦਾ। ਇਸ ਤਰ੍ਹਾਂ ਪੜ੍ਹਾਈ ਗਲਤ ਪਾਸੇ ਜਾ ਰਹੀ ਹੈ।

**ਚੌਧਰੀ ਅਬਦੁਲ ਗੁਫਾਰ:** ਸਰ, ਪੁਆਇੰਟ ਆਫ ਆਰਡਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮਲੇਰਕੋਟਲਾ ਵਿਚ ਕਿਰਪਾਲ ਸਿੰਘ ਹੈਡ ਮਾਸਟਰ ਰਹਿ ਚੁੱਕਾ ਹੈ।

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ:** ਇਹ ਬੜੀ ਚੰਗੀ ਗੱਲ ਹੈ। ਮੈਂ ਸਿਰਫ ਜਨਰਲ ਪਾਲਿਸੀ ਦੀ ਗੱਲ ਕੀਤੀ ਹੈ, ਇਸ ਨੂੰ ਤੁਰੰਤ ਡੱਕਣਾ ਚਾਹੀਦਾ ਹੈ। ਇਕ ਸ਼ਹਿਰ ਵਿਚ ਚਾਰ ਸਕੂਲ ਹਨ ਅਤੇ ਚਾਰ ਕਾਲਜ ਹਨ। ਇਹ ਨਾਵਾਂ ਤੇ ਚਲ ਰਹੇ ਹਨ, ਇਨ੍ਹਾਂ ਨਾਵਾਂ ਦੀ ਜਗ੍ਹਾ ਕਾਲਜ ਵਨ, ਕਾਲਜ ਟੂ, ਕਾਲਜ ਥ੍ਰੀ, ਕਾਲਜ ਫੋਰ ਚਾਹੀਦੇ ਹਨ ਤਾਂ ਕਿ ਉਥੇ ਜੋ ਦੂਜੀਆਂ ਗੱਲਾਂ ਸ਼ੁਰੂ ਵਿਚ ਸਿਖਲਾਈਆਂ ਜਾਂਦੀਆਂ ਹਨ ਉਹ ਨਾ ਹੋਣ ਅਤੇ ਸਾਡੇ ਦਿਮਾਗ ਵਿਚ ਨਾ ਬੈਠਣ, ਨੈਸ਼ਨਲ ਇੰਟੈਗਰੇਸ਼ਨ ਨਾਲ ਮੁਲਕ ਇਕੱਠਾ ਰਹੇ। ਸਪੀਕਰ ਸਾਹਿਬ, ਬੱਚਿਆਂ ਦੇ ਬਸਤੇ ਦਾ ਭਾਰ ਘਟਾਉਣਾ ਚਾਹੀਦਾ ਹੈ। 5ਵੀਂ ਅਤੇ 6ਵੀਂ ਕਲਾਸ ਦੇ ਬੱਚਿਆਂ ਦੇ ਬਸਤੇ ਦਾ ਭਾਰ ਘਟਾਉਣਾ ਚਾਹੀਦਾ ਹੈ। ਇੰਨਾ ਬਚੇ ਦਾ ਭਾਰ ਨਹੀਂ ਹੁੰਦਾ ਜਿੰਨਾ ਬਸਤੇ ਦਾ ਹੁੰਦਾ ਹੈ। ਕਿਸੇ ਤਰ੍ਹਾਂ ਵੀ ਹੋਵੇ ਇਹ ਭਾਰ ਘਟਾਇਆ ਜਾਵੇ ਤਾਂ ਕਿ ਬੱਚਾ ਚੰਗੀ ਤਰ੍ਹਾਂ ਪੜ੍ਹ ਸਕੇ ਨਾ ਕਿ ਬਸਤੇ ਦੇ ਭਾਰ ਥੱਲੇ ਹੀ ਰਹੇ। ਸਕੂਲਾਂ ਵਿਚ ਛੋਟੇ ਬੱਚਿਆਂ ਦਾ ਮੈਡੀਕਲ ਚੈਕ-ਅੱਪ ਹੋਣਾ ਚਾਹੀਦਾ ਹੈ ਤਾਂ ਕਿ ਵੇਲੇ ਸਿਰ ਬਿਮਾਰੀ ਦਾ ਪਤਾ ਲਗ ਸਕੇ। ਉਨ੍ਹਾਂ ਦੀ ਡਾਈਟ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ਪਹਿਲਾਂ ਉਥੇ ਕੁਝ ਖਾਣ ਵਾਸਤੇ ਭੇਜ ਦਿੰਦੇ ਸੀ ਪਰ ਹੁਣ ਘੱਟ ਹੀ ਇਹ ਗੱਲ ਸੁਣਾਈ ਦਿੰਦੀ ਹੈ।

ਸਪੀਕਰ ਸਾਹਿਬ, ਸਕੂਲਾਂ ਦੀ ਬਿਲਡਿੰਗ ਦੀ ਗੱਲ ਹੈ। ਮੇਰੇ ਇਲਾਕੇ ਵਿੱਚ ਨੀਲ ਖੁਰਦ ਪਿੰਡ ਵਿੱਚ ਸਕੂਲ ਹੈ। ਉਸ ਸਕੂਲ ਦੀ ਬਿਲਡਿੰਗ 3 ਸਾਲ ਹੋ ਗਏ ਹਨ ਅਨਸੇਫ ਡਿਕਲੇਅਰ ਕੀਤੀ ਹੋਈ ਹੈ ਔਰ ਬਿਲਡਿੰਗ ਪੀ.ਡਬਲਯੂ.ਡੀ ਵਾਲਿਆਂ ਨੇ ਅਨਸੇਫ ਡਿਕਲੇਅਰ ਕੀਤੀ ਹੋਈ ਹੈ ਪਰ ਹਾਲੀ ਤਕ ਉਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਇਸ ਲਈ ਮੇਰੀ ਬੇਨਤੀ ਹੈ ਕਿ ਉਸ ਬਿਲਡਿੰਗ ਨੂੰ ਨਵੇਂ ਸਿਰੇ ਤੋਂ ਬਣਾਉਣਾ ਚਾਹੀਦਾ ਹੈ ਤਾਂ ਕਿ ਕੋਈ ਐਸੀ ਆਉਣ ਵਾਲੇ ਸਮੇਂ ਵਿੱਚ ਮਾੜੀ ਗੱਲ ਨਾ ਹੋ ਜਾਵੇ, ਟਰੈਜਿਡੀ ਨਾ ਹੋ ਜਾਵੇ ਜਿਸ ਦੇ ਨਾਲ ਸਰਕਾਰ ਤੇ ਕੋਈ ਮਾੜਾ ਹਰਫ਼ ਆਵੇ।

ਸਪੀਕਰ ਸਾਹਿਬ, ਜਿਹੜੀ ਟਰਾਂਸਫਰਜ਼ ਦੀ ਪਾਲਿਸੀ ਹੈ ਉਸ ਨੂੰ ਵੀ ਧਿਆਨ ਨਾਲ ਦੇਖਣਾ ਚਾਹੀਦਾ ਹੈ। ਜਿਹੜੇ ਸ਼ਹਿਰਾਂ ਵਿੱਚ ਟੀਚਰਜ਼ ਬੈਠੇ ਹਨ ਉਹ 10-10, 15-15 ਸਾਲਾਂ ਤੋਂ ਸ਼ਹਿਰਾਂ ਵਿੱਚ ਹੀ ਬੈਠੇ ਹਨ ਉਨ੍ਹਾਂ ਨੂੰ ਪਿੰਡਾਂ ਵਿੱਚ ਵੀ ਭੇਜਣ ਲਈ ਸੋਚਣਾ ਚਾਹੀਦਾ ਹੈ। ਜਿਸ ਤਰ੍ਹਾਂ ਡਾਕਟਰਜ਼ ਲਈ ਹੈ ਕਿ ਉਹ 3-4 ਸਾਲ ਪਿੰਡਾਂ ਵਿੱਚ ਨੌਕਰੀ ਜ਼ਰੂਰ ਕਰੇ, ਇਸੇ ਤਰ੍ਹਾਂ ਮੈਂ ਚਾਹਾਂਗਾ ਕਿ ਟੀਚਰਜ਼

Original with;
Punjab Vidhan Sabha
Digitized by;
Panjab Digital Library

ਲਈ 5 ਸਾਲ, 4 ਸਾਲ ਜਾਂ 2 ਸਾਲ ਜ਼ਰੂਰੀ ਕੀਤਾ ਜਾਵੇ ਕਿ ਉਹ ਪਿੰਡਾਂ ਵਿਚ ਵੀ ਨੌਕਰੀ ਜ਼ਰੂਰ ਕਰਨਗੇ ਤਾਂ ਕਿ ਪਿੰਡਾਂ ਵਿੱਚ ਵੀ ਚੰਗੇ ਟੀਚਰਜ਼ ਦਾ ਫਾਇਦਾ ਹੋ ਸਕੇ ਨਹੀ ਤਾਂ ਚੰਗੇ ਟੀਚਰਜ਼ ਜੋ ਹਨ ਉਹ ਸ਼ਹਿਰਾਂ ਵਿੱਚ ਹੀ ਰਹਿਣਗੇ। ਇਸ ਲਈ ਮੈਂ ਚਾਹਾਂਗਾ ਕਿ ਉਨ੍ਹਾਂ ਨੂੰ ਪਿੰਡਾਂ ਵਿੱਚ ਵੀ ਜ਼ਰੂਰ ਭੇਜਿਆ ਜਾਵੇ ਤਾਂ ਕਿ ਪਿੰਡਾਂ ਵਿੱਚ ਲੋਕਾਂ ਨੂੰ ਚੰਗੇ ਟੀਚਰਜ਼ ਦਾ ਫਾਇਦਾ ਹੋ ਸਕੇ।

ਸਪੀਕਰ ਸਾਹਿਬ, ਪਿੰਡਾਂ ਵਿੱਚ ਵੀ ਨਕਲ ਬਹੁਤ ਵੱਜ ਰਹੀ ਹੈ। ਇਸ ਵੇਲੇ ਸਰਦਾਰ ਬੇਅੰਤ ਸਿਘ ਜੀ ਨੇ ਹਿੰਮਤ ਮਾਰ ਕੇ 50 ਪ੍ਰਤੀਸ਼ਤ ਨਕਲ ਜੋ ਹੈ ਉਹ ਘਟਾਈ ਹੈ ਲੇਕਿਨ ਹਾਲੀਂ ਨਕਲ ਵੱਜ ਰਹੀ ਹੈ। ਜਦੋਂ ਕੋਈ ਸੁਕੇਡ ਜਾਂਦਾ ਹੈ ਚੈਕ ਕਰਨ ਵਾਸਤੇ ਤਾਂ ਉਨ੍ਹਾਂ ਨੂੰ ਟੀਚਰਜ਼ ਨੂੰ ਵੀ ਦੇਖਣਾ ਚਾਹੀਦਾ ਹੈ ਕਿਉਂਕਿ ਦੇਖਣ ਵਿੱਚ ਆਇਆ ਹੈ ਕਿ ਕਈ ਸਕੂਲਾਂ ਦੇ ਟੀਚਰਜ਼ ਹੀ ਪਰਚੀਆਂ ਬਣਾ ਬਣਾ ਕੇ ਦਿੰਦੇ ਹਨ। ਇਸ ਲਈ ਜਦੋਂ ਕੋਈ ਟੀਚਰ ਵੀ ਇਸ ਤਰ੍ਹਾਂ ਪਕੜਿਆ ਜਾਵੇ ਤਾਂ ਉਸ ਨੂੰ ਵੀ ਸਜ਼ਾ ਦੇਣੀ ਚਾਹੀਦੀ ਹੈ।(ਵਿਘਨ) ਬਸ ਜੀ, ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ।

**ਸ੍ਰੀ ਗੁਰਪਾਲ ਚੰਦ ਸਰੋਆ (ਸ਼ਾਮ ਚੁਰਾਸੀ, ਐਸ. ਸੀ.)** ਸਤਿਕਾਰਯੋਗ ਸਪੀਕਰ ਸਾਹਿਬ, ਤੁਸਾਂ ਨੇ ਮੈਨੂੰ ਬੋਲਣ ਵਾਸਤੇ ਟਾਈਮ ਦਿੱਤਾ ਹੈ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ 45 ਸਾਲ ਦੀ ਆਜ਼ਾਦੀ ਤੋਂ ਬਾਅਦ ਅੱਜ ਵੀ ਇਹੋ ਜਿਹੇ ਪਿੰਡ ਪੰਜਾਬ ਦੇ ਵਿੱਚ ਹਨ ਜਿਥੇ ਆਬਾਦੀ ਤਕਰੀਬਨ ਦੋ ਦੋ ਸੌ ਘਰਾਂ ਦੀ ਹੈ ਪਰ ਉਨ੍ਹਾਂ ਵਿੱਚ ਅਜੇ ਤਕ ਵੀ ਕੋਈ ਸਕੂਲ ਨਹੀਂ ਹੈ। ਉਨ੍ਹਾਂ ਪਿੰਡਾਂ ਦੇ ਬਚੇ ਤਕਰੀਬਨ ਡੇਢ ਡੇਢ ਕਿਲੋਮੀਟਰ ਦੂਸਰੇ ਪਿੰਡਾਂ ਵਿੱਚ ਪੜ੍ਹਾਈ ਕਰਨ ਵਾਸਤੇ ਜਾਂਦੇ ਹਨ। ਕੱਚੀਆਂ ਸੜਕਾਂ ਹਨ ਔਰ ਜਿਸ ਵੇਲੇ ਗਰਮੀਆਂ ਦੇ ਦਿਨ ਹੁੰਦੇ ਹਨ ਉਸ ਵੇਲੇ ਉਨ੍ਹਾਂ ਬਚਿਆਂ ਵਾਸਤੇ ਬੜੀ ਮੁਸ਼ਕਲ ਹੁੰਦੀ ਹੈ। ਜਿਸ ਵੇਲੇ ਬਰਸਾਤ ਦੇ ਦਿਨ ਹੁੰਦੇ ਹਨ ਤਾਂ ਵੀ ਉਨ੍ਹਾਂ ਬਚਿਆਂ ਨੂੰ ਬੜੀ ਮੁਸ਼ਕਲ ਹੁੰਦੀ ਹੈ ਔਰ ਬਰਸਾਤ ਦੇ ਦਿਨਾਂ ਵਿਚ ਕਈ ਵਾਰੀ ਜਦੋਂ ਜ਼ਿਆਦਾ ਬਰਸਾਤ ਹੁੰਦੀ ਹੈ ਤਾਂ ਉਹ ਬੱਚੇ ਸਕੂਲ ਨਹੀਂ ਜਾਂਦੇ। ਕੱਚੀਆਂ ਸੜਕਾਂ ਹੋਣ ਕਾਰਨ, ਬਰਸਾਤ ਹੋਣ ਦੇ ਕਾਰਨ ਉਹ ਬੱਚੇ ਸਕੂਲ ਨਹੀਂ ਜਾਂਦੇ। ਅੱਜ ਤਕ ਉਨ੍ਹਾਂ ਪਿੰਡਾਂ ਵਾਸਤੇ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਪਿੰਡਾਂ ਵਾਸਤੇ ਸਰਕਾਰ ਦਾ ਧਿਆਨ ਹੋਣਾ ਬਹੁਤ ਜ਼ਰੂਰੀ ਹੈ। ਜੋ ਗਰੀਬਾਂ ਦੇ ਬਚੇ ਪੜ੍ਹਾਈ ਕਰਦੇ ਹਨ ਉਹ ਸਰਕਾਰੀ ਪ੍ਰਾਈਮਰੀ ਸਕੂਲਾਂ ਵਿੱਚ ਪੜ੍ਹਾਈ ਕਰਦੇ ਹਨ ਔਰ ਜੋ ਅਮੀਰਾਂ ਦੇ ਬਚੇ ਹੁੰਦੇ ਹਨ ਉਹ ਮਾਡਲ ਸਕੂਲਾਂ ਵਿੱਚ ਪੜ੍ਹਾਈ ਕਰਦੇ ਹਨ। ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਪੜ੍ਹਾਈ, ਜੋ ਗਰੀਬ ਬਚੇ ਪਿੰਡਾਂ ਵਿੱਚ ਪ੍ਰਾਈਮਰੀ ਸਕੂਲਾਂ ਵਿੱਚ ਪੜ੍ਹਾਈ ਕਰਦੇ ਹਨ ਉਨ੍ਹਾਂ ਦੀ ਪੜ੍ਹਾਈ ਵਿੱਚ ਔਰ ਜੋ ਅਮੀਰਾਂ ਦੇ ਬਚੇ ਮਾਡਲ ਸਕੂਲਾਂ ਵਿੱਚ ਪੜ੍ਹਾਈ ਕਰਦੇ ਹਨ ਉਨ੍ਹਾਂ ਦੀ ਪੜ੍ਹਾਈ ਵਿੱਚ ਬਹੁਤ ਫਰਕ ਹੈ ਕਿਉਂਕਿ ਜੋ ਅੱਜ ਪਿੰਡਾਂ ਦੇ ਵਿੱਚ ਅਨੁਸੂਚਿਤ ਜਾਤੀਆਂ ਦੇ ਬਚੇ ਪੜ੍ਹਦੇ ਹਨ ਉਨ੍ਹਾਂ ਦੇ ਸਕੂਲਾਂ ਵਿਚ ਅੱਜ ਵੀ ਤੁਸੀਂ ਨਿਗਾਹ ਮਾਰ ਕੇ ਦੇਖ ਲਓ ਕਿ ਉਨ੍ਹਾਂ ਸਕੂਲਾਂ ਵਿੱਚ ਬਚਿਆਂ ਦੇ ਬੈਠਣ ਵਾਸਤੇ ਟਾਟ ਨਹੀਂ ਹਨ, ਉਨ੍ਹਾਂ ਬਚਿਆਂ ਦੇ ਖੇਡਣ ਵਾਸਤੇ ਕੋਈ ਜਗ੍ਹਾ ਨਹੀਂ ਹੈ। ਇਸ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਬਚਿਆਂ ਦੇ ਸਕੂਲਾਂ ਵਿੱਚ ਵੀ ਪੂਰਾ ਪ੍ਰਬੰਧ ਹੋਣਾ ਚਾਹੀਦਾ ਹੈ, ਇਸ ਕਰਕੇ ਕਿ ਜੋ ਸਿਖਿਆ ਹੈ, ਸਿਖਿਆ ਦਾ ਮਿਆਰ ਹੈ ਇਸ ਹਿਸਾਬ ਨਾਲ ਉਨ੍ਹਾਂ ਦਾ ਅਗੇ ਵੱਧ ਸਕਦਾ ਹੈ। ਜੋ ਮਿਡਲ ਸਕੂਲ ਹਨ ਜਾਂ ਦੂਸਰੇ ਸਕੂਲ ਹਨ ਉਹ ਬਰਾਬਰ ਹੋਣੇ ਚਾਹੀਦੇ ਹਨ, ਬੱਚਿਆਂ ਦੀ ਪੜ੍ਹਾਈ ਇਕ ਬਰਾਬਰ ਹੋਣੀ ਚਾਹੀਦੀ ਹੈ ਤਾਂ ਕਿ ਜੋ ਅਨੁਸੂਚਿਤ ਜਾਤੀਆਂ ਦੇ ਬਚੇ ਹਨ ਉਨ੍ਹਾਂ ਦੇ ਮਨਾਂ ਵਿਚ ਇਹ ਫਰਕ ਨਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੁਰਪਾਲ ਚੰਦ ਸਰੋਆ]

ਆਵੇ ਕਿ ਸਾਡੇ ਨਾਲ ਵਿਤਕਰਾ ਹੋ ਰਿਹਾ ਹੈ ਕਿਉਂਕਿ ਉਹ ਦੇਖਦੇ ਹਨ ਕਿ ਸਾਡੇ ਵਾਸਤੇ ਜੋ ਪੈਸੇ ਸਾਡੇ ਵਾਰਸ ਦੇ ਰਹੇ ਹਨ ਉਹ ਬੜੀ ਮੁਸ਼ਕਲ ਨਾਲ ਦੇ ਰਹੇ ਹਨ ਅਤੇ ਸਾਨੂੰ ਮੁਸ਼ਕਲ ਨਾਲ ਪੜ੍ਹਾ ਰਹੇ ਹਨ। ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਪੜ੍ਹਾਈ ਦਾ ਮਿਆਰ ਹੋਵੇ ਉਹ ਬਰਾਬਰ ਹੋਣਾ ਚਾਹੀਦਾ ਹੈ ਔਰ ਜੋ ਗਰੀਬਾਂ ਦੇ ਬੱਚੇ ਹਨ ਉਨ੍ਹਾਂ ਨੂੰ ਜ਼ਿਆਦਾ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ।

ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਪਿਛਲੀ ਵਾਰੀ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਕਿਤਾਬਾਂ ਉਦੋਂ ਦਿੱਤੀਆਂ ਗਈਆਂ ਜਦੋਂ ਕਲਾਸਾਂ ਚੜ੍ਹਿਆਂ ਨੂੰ ਛੇ ਮਹੀਨੇ ਹੋ ਗਏ ਸਨ। ਕਈ ਸਕੂਲਾਂ ਵਿਚ ਤਾਂ ਬਿਲਕੁਲ ਮਿਲੀਆਂ ਹੀ ਨਹੀਂ। ਕਈ ਬਚਿਆਂ ਨੇ ਤਾਂ ਮੁਲ ਹੀ ਲੈ ਲਈਆਂ ਕਿਉਂਕਿ ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਸੀ। ਇਸ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ ਕਿ ਜਿਸ ਵੇਲੇ ਨਵੀਆਂ ਕਲਾਸਾਂ ਚਲਦੀਆਂ ਹਨ ਤਾਂ ਜਿੰਨੇ ਬਚਿਆਂ ਨੂੰ ਕਿਤਾਬਾਂ ਦੇਣੀਆਂ ਹਨ ਉਹ ਟਾਈਮ ਸਿਰ ਦੇ ਦੇਣੀਆਂ ਚਾਹੀਦੀਆਂ ਹਨ।

ਇਸ ਦੇ ਬਾਅਦ, ਸਪੀਕਰ ਸਾਹਿਬ, ਗੱਲ ਹੈ ਬੁਢਾਪਾ ਅਤੇ ਵਿਧਵਾ ਪੈਨਸ਼ਨ ਦੀ। ਸਰਕਾਰ ਨੇ ਜੋ ਇਹ 150/- ਰੁਪਏ ਪੈਨਸ਼ਨ ਦੇ ਰੱਖੇ ਹਨ ਇਹ ਬਹੁਤ ਘੱਟ ਹਨ। ਇਕ ਵਿਧਵਾ ਔਰਤ ਕਿਸ ਤਰ੍ਹਾਂ 150/- ਰੁਪਏ ਨਾਲ ਆਪਣਾ ਗੁਜ਼ਾਰਾ ਕਰ ਸਕਦੀ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਇਹ ਪੈਨਸ਼ਨ ਘੱਟੋ ਘੱਟ 300/- ਰੁਪਏ ਹੋਣੀ ਚਾਹੀਦੀ ਹੈ ਤਾਂ ਕਿ ਉਹ ਵਿਧਵਾ ਔਰਤ ਆਪਣਾ ਗੁਜ਼ਾਰਾ ਕਰ ਸਕੇ। ਇਸ ਦੇ ਨਾਲ ਹੀ ਮੈਂ ਇਕ ਗੱਲ ਇਹ ਵੀ ਕਹਿਣਾ ਚਾਹੁੰਦਾਂ ਹਾਂ ਕਿ ਇਸ ਦੇ ਲਈ ਇਕ ਸ਼ਰਤ ਹੈ ਕਿ ਜਿਸ ਵੇਲੇ ਉਸ ਦਾ ਲੜਕਾ 18 ਸਾਲ ਦਾ ਹੋ ਜਾਵੇ ਤਾਂ ਸਰਕਾਰ ਉਸ ਦੀ ਪੈਨਸ਼ਨ ਬੰਦ ਕਰ ਦਿੰਦੀ ਹੈ ਪਰ ਇਹ ਨਹੀਂ ਹੋਣੀ ਚਾਹੀਦੀ ਕਿਉਂਕਿ ਜੇ ਤਾਂ ਉਸ ਬੱਚੇ ਨੂੰ ਕੋਈ ਸਰਵਿਸ ਮਿਲ ਜਾਂਦੀ ਹੈ ਤਾਂ ਤੇ ਬੇਸ਼ਕ ਬੰਦ ਕਰ ਦਿਓ ਔਰ ਜੇ ਉਸ ਨੂੰ ਸਰਵਿਸ ਮਿਲੀ ਨਹੀਂ ਤੇ ਪੈਨਸ਼ਨ ਪਹਿਲਾਂ ਬੰਦ ਕਰ ਦਿਤੀ ਜਾਵੇ ਤਾਂ ਇਹ ਠੀਕ ਨਹੀਂ। ਦੂਸਰੇ, ਜਦੋਂ ਲੜਕਾ 18 ਸਾਲ ਦਾ ਹੋ ਗਿਆ ਅਤੇ ਉਹ ਲੜਕਾ ਆਪਣੀ ਮਦਰ ਤੋਂ ਜੁਦਾ ਹੋ ਗਿਆ ਤਾਂ ਫਿਰ ਉਸ ਵਿਧਵਾ ਦਾ ਕੋਈ ਸਹਾਰਾ ਨਹੀਂ ਰਹਿ ਜਾਂਦਾ, ਇਸ ਕਰਕੇ ਇਹ ਜਿਹੜੀ ਪੈਨਸ਼ਨ ਹੈ ਇਹ ਬੰਦ ਨਹੀਂ ਕਰਨੀ ਚਾਹੀਦੀ। (ਵਿਘਨ)

**Mr. Speaker** : Please wind up.

ਸ੍ਰੀ ਗੁਰਪਾਲ ਚੰਦ ਸਰੋਆ : ਸਪੀਕਰ ਸਾਹਿਬ, ਸਰਕਾਰ ਜੋ ਪੈਸਾ ਧਰਮਸ਼ਾਲਾਵਾਂ ਵਾਸਤੇ ਦਿੰਦੀ ਹੈ ਉਸ ਸਬੰਧ ਵਿਚ ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਈ ਪਿੰਡਾਂ ਵਿਚ ਸਰਕਾਰ ਵਲੋਂ ਧਰਮਸ਼ਾਲਾਵਾਂ ਲਈ ਪੈਸੇ ਤਾਂ ਦਿੱਤੇ ਗਏ ਪਰ ਅੱਜ ਤਕ ਮੌਕੇ ਤੇ ਕੋਈ ਧਰਮਸ਼ਾਲਾ ਨਹੀਂ ਬਣੀ, ਉਹ ਧਰਮਸ਼ਾਲਾਵਾਂ ਸਭ ਕਾਗਜ਼ਾਂ ਵਿਚ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਧਰਮਸ਼ਾਲਾਵਾਂ ਲਈ ਪੈਸੇ ਦਿੱਤੇ ਗਏ ਅਤੇ ਉਹ ਸਿਰਫ ਕਾਗਜ਼ਾਂ ਵਿਚ ਹੀ ਰਹਿ ਗਈਆਂ ਹਨ ਉਨ੍ਹਾਂ ਦੀ ਘੋਖ ਕਰਾਈ ਜਾਵੇ ਅਤੇ ਜਿਥੇ ਨਹੀਂ ਬਣੀਆਂ ਉਥੇ ਬਣਵਾਈਆਂ ਜਾਣ। ਜਿਨ੍ਹਾਂ ਪਿੰਡਾਂ ਵਿਚ ਧਰਮਸ਼ਾਲਾਵਾਂ ਨਹੀਂ ਹਨ ਉਨ੍ਹਾਂ ਲਈ ਪੈਸੇ ਰਖੇ ਜਾਣ ਅਤੇ ਧਰਮਸ਼ਾਲਾਵਾਂ ਬਣਾਈਆਂ ਜਾਣ।(ਵਿਘਨ)

**Mr. Speaker** : Wind up, please.

ਸ੍ਰੀ ਗੁਰਪਾਲ ਚੰਦ ਸਰੋਆ : ਬਸ ਜੀ, ਮੈਂ ਆਖਰ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਰਿਆਂ ਬੱਚਿਆਂ ਵਾਸਤੇ ਬਰਾਬਰਤਾ ਦੀ ਪੜ੍ਹਾਈ ਹੋਣੀ ਚਾਹੀਦੀ ਹੈ ਤਾਂ ਕਿ ਕੋਈ ਬਚਾ ਇਹ ਮਹਿਸੂਸ

Original with;
Punjab Vidhan Sabha
Digitized by;
Panjab Digital Library

ਨਾ ਕਰੇ ਕਿ ਉਹ ਬੱਚਾ ਮੌਡਲ ਸਕੂਲ ਵਿਚ ਪੜ੍ਹ ਰਿਹਾ ਹੈ ਅਤੇ ਮੈਂ ਗੌਰਮਿੰਟ ਸਕੂਲ ਵਿਚ ਪੜ੍ਹ ਰਿਹਾ ਹਾਂ। ਇੰਨਾਂ ਕਹਿੰਦਾ ਹੋਇਆ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਰਜ਼ਾ ਲੈਂਦਾ ਹਾਂ । 'ਜੈ ਭੀਮ, ਜੈ ਭਾਰਤ।'

**ਡਾਕਟਰ ਹਰਬੰਸ ਲਾਲ (ਸਰਹਿੰਦ):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਅਨੁਸੂਚਿਤ ਜਾਤੀਆਂ ਬਾਰੇ ਕਹਿਣਾ ਚਾਹਾਗਾਂ, ਸਭ ਤੋਂ ਪਹਿਲੀ ਗੱਲ ਹੈ ਕਿ ਮੇਰਾ ਜਿਹੜਾ ਹਲਕਾ ਫਤਿਹਗੜ੍ਹ ਸਾਹਿਬ ਦਾ ਹੈ, ਮੇਰੀ ਕਾਂਸਟੀਚੂਐਂਸੀ ਵਿਚ ਰੂਰਲ ਇਲਾਕਾ ਬਹੁਤ ਸਾਰਾ ਹੈ । ਸਾਰੇ ਕੁਲ 454 ਪਿੰਡ ਹਨ ਔਰ 174 ਪਿੰਡ ਮੇਰੇ ਹਲਕੇ ਵਿਚ ਹਨ। ਮੈਂ ਵੇਖਿਆ ਹੈ ਕਿ ਜਦੋਂ ਵੀ ਪਿੰਡਾਂ ਵਿਚ ਜਾਈਏ ਔਰ ਪਤਾ ਕਰਦੇ ਹਾਂ ਕਿ ਅਨੁਸੂਚਿਤ ਜਾਤੀਆਂ ਔਰ ਪਛੜੀਆਂ ਸ਼੍ਰੇਣੀਆਂ ਦੇ ਲੋਕ ਕਿਥੇ ਰਹਿੰਦੇ ਹਨ ਤਾਂ ਇਹ ਗੱਲ ਉਨ੍ਹਾਂ ਹੋਰ ਲੋਕਾਂ ਤੋਂ ਸੁਣਨ ਵਿਚ ਆਉਂਦੀ ਹੈ ਕਿ ਜਿਥੇ ਸਾਰੇ ਪਿੰਡ ਦਾ ਗੰਦਾ ਪਾਣੀ ਜਾਂਦਾ ਹੈ, ਗੰਦੇ ਪਾਣੀ ਦਾ ਨਿਕਾਸ ਹੈ, ਉਥੇ ਅਨੁਸੂਚਿਤ ਜਾਤੀਆਂ ਦੇ ਲੋਕ, ਪਛੜੀਆਂ ਸ਼੍ਰੇਣੀਆਂ ਦੇ ਲੋਕ, ਗਰੀਬ ਲੋਕ ਰਹਿੰਦੇ ਹਨ। ਉਸ ਵਿਚ ਸ਼ਹਿਰ ਸਰਹੰਦ ਔਰ ਬੱਸੀ ਪਠਾਣਾਂ ਪੈਂਦੇ ਹਨ, ਉਥੇ ਵੀ ਇਹ ਹੀ ਕੰਮ ਹੋ ਰਿਹਾ ਹੈ, ਅਨੁਸੂਚਿਤ ਜਾਤੀਆਂ ਔਰ ਪਛੜੀਆਂ ਸ਼੍ਰੇਣੀਆਂ ਦਾ ਉਥੇ ਵੀ ਇਸ ਤਰ੍ਹਾਂ ਹੀ ਨੁਕਸਾਨ ਹੋ ਰਿਹਾ ਹੈ। ਬੱਸੀ ਪਠਾਣਾਂ ਸ਼ਹਿਰ ਵਿਚ ਬੜੀ ਬਾਲਮੀਕ ਬਸਤੀ ਬਣੀ ਹੋਈ ਹੈ, ਉਥੇ ਸਾਰੇ ਸ਼ਹਿਰ ਦਾ ਗੰਦਾ ਪਾਣੀ ਇਕੱਠਾ ਹੁਦਾ ਹੈ। ਸਰਹਿੰਦ ਮੰਡੀ ਹੈ, ਉਸ ਦੇ ਅੱਧੇ ਗੰਦੇ ਪਾਣੀ ਦਾ ਨਿਕਾਸ ਜੋ ਹੈ ਉਹ ਉਥੇ ਹੈ ਜਿੱਥੇ ਕਿ ਰਾਮਦਾਸੀਆਂ ਦੀਆਂ ਕਾਲੋਨੀਆਂ ਹਨ, ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਹਨ। ਇਹ ਗੱਲਾਂ ਵੇਖਣ ਵਿਚ ਆ ਰਹੀਆਂ ਹਨ, ਇਹ ਤਫਰਕੇ ਵਾਲੀ ਗੱਲ ਹੈ। ਇਸ ਲਈ ਸਰਕਾਰ ਨੂੰ ਉਚੇਚੇ ਕਦਮ ਚੁਕਣੇ ਚਾਹੀਦੇ ਹਨ ਤਾਂ ਕਿ ਗੰਦੇ ਪਾਣੀ ਦਾ ਨਿਕਾਸ ਸਹੀ ਹੋ ਸਕੇ ਔਰ ਅਨੁਸੂਚਿਤ ਜਾਤੀਆਂ ਔਰ ਪਛੜੀਆਂ ਸ਼੍ਰੇਣੀਆਂ ਨੂੰ ਜਾਨ-ਲੇਵਾ ਬਿਮਾਰੀਆਂ ਤੋਂ ਛੁਟਕਾਰਾ ਮਿਲ ਸਕੇ, ਰਾਹਤ ਮਿਲ ਸਕੇ ।

ਪਿੰਡਾਂ ਦੀਆਂ ਧਰਮਸ਼ਾਲਾਵਾਂ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਆਪਣੇ ਪਿੰਡਾਂ ਦਾ ਦੌਰਾ ਕੀਤਾ ਹੈ ਔਰ ਵੇਖਿਆ ਹੈ ਕਿ ਬਹੁਤ ਸਾਰੇ ਪਿੰਡਾਂ ਵਿਚ ਧਰਮਸ਼ਾਲਾਵਾਂ ਨਹੀਂ ਹਨ। ਸਰਕਾਰ ਗਰਾਂਟ ਦੇ ਰਹੀ ਹੈ, ਠੀਕ ਹੈ, ਚੰਗੀ ਗੱਲ ਹੈ ਪਰ ਇਹ ਬਹੁਤ ਘੱਟ ਹੈ। ਇਸ ਸਬੰਧ ਵਿਚ ਮੈਂ ਇਹ ਕਹਾਗਾਂ ਕਿ ਅੱਗੇ ਵਾਸਤੇ ਜੇਕਰ ਧਰਮਸ਼ਾਲਾ ਕੋਈ ਬਣਨੀ ਚਾਹੀਦੀ ਹੈ ਤਾਂ ਸਾਂਝੇ ਤੌਰ ਤੇ ਬਣਨੀ ਚਾਹੀਦੀ ਹੈ ਪਿੰਡ ਦੇ ਵਿਚ ਤਾਂ ਕਿ ਤਫਰਕਾ ਨਾ ਰਹੇ। ਇਕ ਅਜਿਹੀ ਜਗ੍ਹਾ ਬਣਾਈ ਜਾਵੇ ਜਿਥੇ ਕਿ ਸਾਰੇ ਪਿੰਡ ਵਾਲੇ ਉਸ ਦਾ ਆਨੰਦ ਮਾਣ ਸਕਣ ਔਰ ਮੈਂ ਇਹ ਵੀ ਕਹਾਂਗਾ ਕਿ ਜਿਹੜੀਆਂ ਧਰਮਸ਼ਾਲਵਾਂ ਬਣੀਆਂ ਹੋਈਆਂ ਹਨ ਉਹ ਇਸ ਵੇਲੇ ਭੂਤਾਂ ਦੇ ਖੰਡਰ ਬਣੇ ਹੋਏ ਹਨ, ਕਿਸੇ ਦੀ ਛੱਤ ਨਹੀਂ ਹੈ, ਕੰਧਾਂ ਖੜ੍ਹੀਆਂ ਹਨ, ਜੇਕਰ ਛੱਤ ਹੈ ਤਾਂ ਚਾਰ ਦੀਵਾਰੀ ਨਹੀਂ ਹੈ, ਕਿਸੇ ਵਿਚ ਲਾਈਟ ਨਹੀਂ ਹੈ, ਕਿਸੇ ਦੇ ਦਰਵਾਜ਼ੇ ਨਹੀਂ ਹਨ, ਜੇਕਰ ਦਰਵਾਜ਼ੇ ਹਨ ਤਾਂ ਪਾਣੀ ਦਾ ਨਲਕਾ ਨਹੀਂ ਹੈ ਔਰ ਅਗਰ ਕੋਈ ਬਾਹਰ ਤੋਂ ਉਥੇ ਆਉਂਦਾ ਹੈ, ਜੰਞ ਆਉਂਦੀ ਹੈ ਤਾਂ ਪਿੰਡ ਦਾ ਪਰਭਾਵ ਚੰਗਾ ਨਹੀਂ ਪੈਂਦਾ, ਮਾੜਾ ਪ੍ਰਭਾਵ ਲੈ ਕੇ ਜਾਂਦੇ ਹਨ। ਇਸ ਲਈ, ਸਪੀਕਰ ਸਾਹਿਬ, ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਧਰਮਸ਼ਾਲਾਵਾਂ ਦਾ ਸੁਧਾਰ ਹੋ ਸਕੇ ।

ਫਿਰ ਸ਼ਡਿਊਲਡ ਕਾਸਟ ਲੋਕ ਜੋ ਪਿੰਡਾਂ ਵਿਚ ਰਹਿੰਦੇ ਹਨ ਉਨ੍ਹਾਂ ਦੇ ਕਈਆਂ ਦੇ ਘਰਾਂ ਵਿਚ ਬਿਜਲੀ ਨਹੀਂ ਹੈ। ਸਰਕਾਰ ਦੀ ਇਕ ਇਕ ਘਰ ਨੂੰ ਕੁਨੈਕਸ਼ਨ ਦੇਣ ਦੀ ਸਕੀਮ ਹੈ, ਚੰਗੀ ਗੱਲ ਹੈ, ਹਰ ਘਰ ਨੂੰ ਬਿਜਲੀ ਪਹੁੰਚਣੀ ਚਾਹੀਦੀ ਹੈ। ਪੰਜਾਬ ਦੇ ਸੂਬੇ ਵਿਚ ਪੈਦਾ ਹੋ ਕੇ ਬਿਜਲੀ ਹੋਰ ਸੂਬਿਆਂ

Original with;
Punjab Vidhan Sabha
Digitized by;
Panjab Digital Library

[ਡਾਕਟਰ ਹਰਬੰਸ ਲਾਲ]

ਵਿਚ ਜਾਂਦੀ ਹੈ। ਪਿੰਡਾਂ ਵਿਚ ਜਿਹੜੇ ਘਰਾਂ ਨੂੰ ਕੁਨੈਕਸ਼ਨ ਨਹੀਂ ਮਿਲੇ ਉਨ੍ਹਾਂ ਨੂੰ ਕੁਨੈਕਸ਼ਨ ਮਿਲ ਸਕਣ, ਇਹ ਅੱਛੀ ਗੱਲ ਹੈ। ਪਰ ਵੇਖਿਆ ਗਿਆ ਹੈ, ਸਪੀਕਰ ਸਾਹਿਬ, ਅਸੀਂ ਪਿੰਡਾਂ ਵਿਚ ਜਾਂਦੇ ਹਾਂ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਲੋਕਾਂ ਨੂੰ ਸਾਰੀਆਂ ਫਾਰਮੈਲਿਟੀਜ਼ ਪੂਰੀਆਂ ਕਰਨ ਦੇ ਬਾਵਜੂਦ ਵੀ ਕੁਨੈਕਸ਼ਨ ਨਹੀਂ ਮਿਲਿਆ, ਫਿਟਿੰਗਾਂ ਵੀ ਹੋਈਆਂ ਨੂੰ ਇਕ ਇਕ ਸਾਲ ਹੋ ਗਿਆ ਹੈ ਪਰ ਕੁਨੈਕਸ਼ਨ ਨਹੀਂ ਦਿਤੇ ਗਏ। ਫਿਰ ਉਥੇ ਪਤਾ ਲਗਾ ਕਿ ਜਦੋਂ ਸਮਾਜ ਭਲਾਈ ਮਹਿਕਮਾ ਇਕੱਠੇ ਪੈਸੇ ਭਰਨ ਜਾਂਦਾ ਹੈ ਤਾਂ ਉਥੇ ਜੋ ਐਸ. ਡੀ.ਓ. ਹੈ, ਬਿਜਲੀ ਬੋਰਡ ਦਾ ਹੋਰ ਅਧਿਕਾਰੀ ਹੈ ਉਹ ਪੈਸੇ ਲੈਣ ਤੋਂ ਇਨਕਾਰ ਕਰ ਦਿੰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਇਸ ਨਾਲ ਸਾਡੇ ਪੇਂਡੂ ਲੋਕਾਂ ਨੂੰ ਮੁਸ਼ਕਲ ਪੇਸ਼ ਆਉਂਦੀ ਹੈ। ਇਸ ਲਈ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ।

**ਸ੍ਰੀ ਸਪੀਕਰ** : ਵਾਈਂਡ ਅਪ ਕਰੋ।

**ਡਾਕਟਰ ਹਰਬੰਸ ਲਾਲ** : ਸਪੀਕਰ ਸਾਹਿਬ, ਮੈਂ ਮਕਾਨਾਂ ਦੀਆਂ ਗਰਾਂਟਾਂ ਬਾਰੇ ਕਹਿਣਾ ਚਾਹਵਾਂਗਾ ਕਿ 12/12 ਹਜ਼ਾਰ ਰੁਪਏ ਦੀ ਗਰਾਂਟ ਅਨੁਸੂਚਿਤ ਜਾਤੀਆਂ ਨੂੰ ਦਿੱਤੀ ਹੈ, ਅੱਛੀ ਗੱਲ ਹੈ ਪਰ ਇਹ ਗਰਾਂਟ ਬਹੁਤ ਥੋੜ੍ਹੀ ਹੈ । ਇਸ ਲਈ ਇਹ ਵਧਾਉਣੀ ਚਾਹੀਦੀ ਹੈ। ਫਿਰ, ਸਪੀਕਰ ਸਾਹਿਬ, ਪਿੰਡਾਂ ਵਿਚ ਐਸੇ ਲੋਕ ਹਨ ਜਿਹੜੇ ਕਿ ਝੁੱਗੀਆਂ ਝੌਂਪੜੀਆਂ ਵਿਚ ਅਜੇ ਵੀ ਰਹਿੰਦੇ ਹਨ, ਇਸ ਲਈ ਮੈਂ ਇਹ ਕਹਾਂਗਾ ਕਿ ਸਰਕਾਰ ਨੂੰ ਇਹ ਸਰਵੇ ਕਰਾਉਣਾ ਚਾਹੀਦਾ ਹੈ ਔਰ ਸਰਵੇ ਕਰਕੇ ਉਨ੍ਹਾਂ ਲੋਕਾਂ ਨੂੰ ਮਕਾਨਾਂ ਵਾਸਤੇ ਮੈਕਸੀਮਮ ਗਰਾਂਟ ਦੇਣੀ ਚਾਹੀਦੀ ਹੈ ।

ਸਪੀਕਰ ਸਾਹਿਬ, ਅਨੁਸੂਚਿਤ ਜਾਤੀਆਂ ਔਰ ਪਛੜੀਆਂ ਸ਼੍ਰੇਣੀਆਂ ਦੇ ਲੋਕ ਬੇਰੁਜ਼ਗਾਰ ਹਨ ਅਨਪੜ੍ਹ ਹਨ। ਉਨ੍ਹਾਂ ਦੇ ਪੀਲੇ ਕਾਰਡ ਬਣਾਏ ਗਏ ਸਨ ਪਰ ਉਹ ਕੋਈ ਸਪੈਸ਼ਲ ਅਥਾਰਿਟੀ ਨਹੀਂ ਬਣ ਜਾਂਦੀ। ਪੀਲੇ ਕਾਰਡਾਂ ਦਾ ਮਤਲਬ ਹੈ ਕਿ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਜੋ ਬਣਾਈ ਗਈ ਹੈ ਉਥੋਂ ਲੋਨ ਵਗੈਰਾ ਮਿਲ ਸਕੇ। ਇਹ ਅੱਛੀ ਗੱਲ ਹੈ ਕਿ ਪੰਜ ਹਜ਼ਾਰ ਦੀ ਸਬਸਿੱਡੀ ਸਰਕਾਰ ਦੇ ਰਹੀ ਹੈ, ਹੈ, ਮੈਂ ਧੰਨਵਾਦ ਕਰਦਾ ਹਾਂ ਪਰ ਕਾਰਪੋਰੇਸ਼ਨ ਤੋਂ ਲੋਨ ਦੇ ਪੈਸੇ ਸੈਂਕਸ਼ਨ ਹੋ ਕੇ ਚਲੇ ਜਾਂਦੇ ਹਨ ਪਰ ਇਕ ਇਕ ਸਾਲ ਗੇੜੇ ਖਾਣ ਤੋਂ ਬਾਅਦ ਵੀ ਲੋਕਾਂ ਨੂੰ ਲੋਨ ਦੇ ਪੈਸੇ ਨਹੀਂ ਮਿਲਦੇ ਕਿਉਂਕਿ ਜਿਹੜੇ ਬੈਂਕਾਂ ਵਾਲੇ ਹਨ ਉਹ ਕਹਿੰਦੇ ਹਨ ਕਿ ਉਹ ਗਰੰਟੀ ਲੈ ਕੇ ਆਉਣ। ਉਹ ਗਰੀਬ ਵਿਚਾਰੇ ਗਰੰਟੀ ਦੇ ਨਹੀਂ ਸਕਦੇ, ਇਸ ਕਰਕੇ ਉਹ ਲੋਨ ਤੋਂ ਵਾਝਿਆਂ ਰਹਿ ਜਾਂਦੇ ਹਨ। ਬੈਂਕਾਂ ਵਿਚ ਜਿਹੜਾ ਗਰੰਟੀ ਵਗੈਰਾ ਦਾ ਚੱਕਰ ਹੈ, ਇਹ ਖ਼ਤਮ ਕਰਨਾ ਚਾਹੀਦਾ ਹੈ ਔਰ ਬੈਕਾਂ ਤੋਂ ਕਰਜ਼ਾ ਉਨ੍ਹਾਂ ਨੂੰ ਠੀਕ ਸਮੇਂ ਸਿਰ ਮਿਲਣਾ ਚਾਹੀਦਾ ਹੈ। ਇਸ ਪਾਸੇ ਸਰਕਾਰ ਨੂੰ ਗੌਰ ਕਰਨਾ ਚਾਹੀਦਾ ਹੈ (ਘੰਟੀ) ਔਰ ਜਿਹੜੀ ਚੱਕਰ ਲਾਉਣ ਵਾਲੀ ਪ੍ਰਥਾ ਚਲ ਰਹੀ ਹੈ ਇਸ ਨੂੰ ਖ਼ਤਮ ਕਰਨਾ ਚਾਹੀਦਾ ਹੈ (ਘੰਟੀ)

ਅੱਜ ਮਿਊਂਸਪਲ ਕਾਰਪੋਰੇਸ਼ਨ ਦੇ ਵਿਚ ਜਿਹੜੇ ਪਾਰਟ ਟਾਈਮ ਆਦਮੀ ਲਗੇ ਹੋਏ ਹਨ ਉਨ੍ਹਾਂ ਨੂੰ ਪੱਕੇ ਕਰਨਾ ਚਾਹੀਦਾ ਹੈ ਔਰ ਇਸ ਵਾਸਤੇ ਸਾਨੂੰ ਸਾਰਿਆਂ ਨੂੰ ਰਲ ਕੇ ਕੋਸ਼ਿਸ਼ ਕਰਨੀ ਚਾਹੀਦੀ ਹੈ। (ਘੰਟੀ) ਸਪੀਕਰ ਸਾਹਿਬ, ਇਕ ਬੇਜ਼ਮੀਨਿਆਂ ਨੂੰ ਜ਼ਮੀਨ ਦੇਣ ਦੀ ਸਕੀਮ ਹੈ........

**ਸ੍ਰੀ ਸਪੀਕਰ** : ਤੁਹਾਡਾ ਸਮਾਂ ਹੋ ਗਿਆ ਹੈ। ਤੁਸੀਂ ਬੈਠੋ।

**ਡਾਕਟਰ ਹਰਬੰਸ ਲਾਲ** : ਸਪੀਕਰ ਸਾਹਿਬ, ਇਕ ਸ਼ਡਿਊਲਡ ਕਾਸਟ ਲੈਂਡ ਡਿਵਲੈਪਮੈਂਟ ਦੇ ਅੰਦਰ ਜਿਹੜੀਆਂ ਸਕੀਮਾਂ ਬਣੀਆਂ ਹਨ ਉਨ੍ਹਾਂ ਦੀ ਇੰਪਲੀਮੈਂਟੇਸ਼ਨ ਬਹੁਤ ਘੱਟ ਹੁੰਦੀ ਹੈ। ਲੋਕਾਂ ਵਿਚ

Original with;
Punjab Vidhan Sabha
Digitized by;
Panjab Digital Library

ਅਨਪੜ੍ਹਤਾ ਹੈ ਇਸ ਕਰਕੇ ਉਸ ਦਾ ਫਾਇਦਾ ਨਹੀਂ ਹੁੰਦਾ। ਇਹ ਜਿਹੜੀ ਮੈਟਰਿਕ ਤਕ ਦੀ ਪੜ੍ਹਾਈ ਹੈ ਇਹ ਫਰੀ ਕਰਨੀ ਚਾਹੀਦੀ ਹੈ। (ਘੰਟੀ)

**ਸ੍ਰੀ ਸਪੀਕਰ :** ਤੁਸੀਂ ਬੈਠ ਜਾਓ। ਮੈਂ ਤੁਹਾਨੂੰ 5 ਮਿੰਟ ਦਾ ਸਮਾਂ ਦਿੱਤਾ ਸੀ। ਕਾਮਰੇਡ ਅਜਾਇਬ ਸਿੰਘ ਜੀ, ਤੁਸੀਂ 5 ਮਿੰਟ ਵਿਚ ਹੀ ਖਤਮ ਕਰ ਦੇਣਾ।

**ਕਾਮਰੇਡ ਅਜਾਇਬ ਸਿੰਘ ਰੌਂਤਾ** (ਨਿਹਾਲ ਸਿੰਘ ਵਾਲਾ, ਐਸ. ਸੀ. ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ ਔਰ ਮੈਂ ਆਪਣੇ ਸਮੇਂ ਵਿਚ ਹੀ ਆਪਣੀ ਗੱਲ ਪੂਰੀ ਕਰਨ ਦਾ ਯਤਨ ਕਰਾਂਗਾ। ਸਪੀਕਰ ਸਾਹਿਬ, ਇਹ ਜਿਹੜੀ ਐਨੂਅਲ ਪਲਾਨ 1993-94 ਦੀ ਆਈ ਹੈ ਜੇ ਇਸ ਨੂੰ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਇਸ ਸਾਲ ਪਿਛਲੇ ਸਾਲਾਂ ਨਾਲੋਂ ਸਕੀਮਾਂ ਤੇ ਬਹੁਤ ਘੱਟ ਪੈਸਾ ਰਖਿਆ ਗਿਆ ਹੈ। ਇਸ ਲਈ ਮੈਂ ਵੇਰਵੇ ਸਹਿਤ ਸਦਨ ਨੂੰ ਜਾਣਕਾਰੀ ਦੇਵਾਂਗਾ। ਮੈਨੂੰ ਤਾਂ ਇਹ ਲਗਦਾ ਹੈ ਕਿ ਸਮਾਜ ਭਲਾਈ ਮੰਤਰੀ ਗਰੀਬ ਲੋਕਾਂ ਨਾਲ ਨਰਾਜ਼ ਹੋ ਗਏ ਹਨ। ਅਨੁਸੂਚਿਤ ਜਾਤੀਆਂ ਦੀ ਭਲਾਈ ਸਕੀਮਾਂ ਲਈ 1990-91 ਵਿਚ 7.97 ਲੱਖ ਦੇ ਕਰੀਬ ਰਖਿਆ ਸੀ। 1991-92 ਵਿਚ 7.59 ਲੱਖ ਰੁਪਿਆ ਹੋ ਗਿਆ, 1992-93 ਵਿਚ ਇਹ 8.99 ਲੱਖ ਰਖਿਆ ਔਰ ਫਿਰ ਹੁਣ ਇਸ ਸਾਲ ਇਹ ਘਟਾ ਕੇ 5.57 ਲੱਖ ਰੁਪਿਆ ਕਰ ਦਿੱਤਾ ਹੈ। ਇਸੇ ਤਰ੍ਹਾਂ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਸਕੀਮਾਂ ਲਈ ਵੀ 1991-92 ਵਿਚ 2.80 ਲੱਖ ਰੁਪਿਆ ਸੀ, 1992-93 ਵਿਚ 3.55 ਲੱਖ ਰੁਪਏ ਹੋ ਗਿਆ ਔਰ ਹੁਣ 1993-94 ਵਿਚ ਇਹ ਘਟਾ ਕੇ 2.90 ਲੱਖ ਰੁਪਿਆ ਕਰ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸੇ ਤਰ੍ਹਾਂ ਧਰਮਸ਼ਾਲਾਵਾਂ ਲਈ ਜਿਹੜਾ 10 ਕਰੋੜ ਰੁਪਿਆ ਰਖਿਆ ਹੈ ਉਹ ਵੀ ਠੀਕ ਨਹੀਂ। ਸਰਕਾਰ ਨੂੰ ਮੈਂ ਇਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਧਰਮਸ਼ਾਲਾਵ ਾਂ ਵਾਸਤੇ ਜਿਹੜਾ ਮੈਟੀਰੀਅਲ ਸਪਲਾਈ ਵੀ ਕੀਤਾ ਜਾਂਦਾ ਹੈ ਚਾਹੇ ਉਹ ਇੱਟਾਂ ਹਨ, ਸੀਮਿੰਟ ਹੈ ਜਾਂ ਹੋਰ ਸਮਾਨ ਹੈ ਉਹ ਸਾਰੇ ਦਾ ਸਾਰਾ ਬਹੁਤ ਮਹਿੰਗਾ ਹੋ ਗਿਆ ਹੈ, ਇਤਨੇ ਪੈਸੇ ਨਾਲ ਉਹ ਸਾਰੀਆਂ ਧਰਮਸ਼ਲਾਵਾਂ ਪੂਰੀਆਂ ਨਹੀਂ ਹੋ ਸਕਦੀਆਂ। ਅਨੁਸੂਚਿਤ ਜਾਤੀਆਂ ਔਰ ਪਛੜੇ ਵਰਗ ਦੇ ਜਿਹੜੇ ਗਰੀਬ ਲੋਕ ਹਨ ਉਨ੍ਹਾਂ ਦੇ ਜਦੋਂ ਵਿਆਹ ਸ਼ਾਦੀ ਹੁੰਦੀ ਹੈ ਜਾਂ ਉਨ੍ਹਾਂ ਨਾਲ ਕੋਈ ਘਟਨਾ ਵਾਪਰ ਜਾਂਦੀ ਹੈ ਤਾਂ ਉਹ ਵਿਚਾਰੇ ਇਨ੍ਹਾਂ ਧਰਮਸ਼ਾਲਾਵਾਂ ਨੂੰ ਵਰਤਦੇ ਹਨ। ਮੈਨੂੰ ਪਤਾ ਹੈ, ਮੇਰਾ ਇਲਾਕਾ ਨਿਹਾਲਸਿੰਘ ਵਾਲਾ ਜੋ ਹੈ ਇਹ ਸਾਰਾ ਪੇਂਡੂ ਇਲਾਕਾ ਹੈ ਔਰ ਮੈਨੂੰ ਪਤਾ ਹੈ ਕਿ ਇਥੇ ਲੋਕਾਂ ਦੀ ਬੁਰੀ ਹਾਲਤ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਨ੍ਹਾਂ ਧਰਮਸ਼ਾਲਾਵਾਂ ਵਾਸਤੇ ਜ਼ਿਆਦਾ ਪੈਸਾ ਰਖਣਾ ਚਾਹੀਦਾ ਹੈ। ਇਸੇ ਤਰ੍ਹਾਂ ਪਛੜੀਆਂ ਸ਼੍ਰੇਣੀਆਂ ਦੇ ਬਚਿਆਂ ਲਈ ਸਿਖਿਆ ਦਾ ਪ੍ਰਬੰਧ ਹੈ ਇਹ ਠੀਕ ਨਹੀਂ ਹੈ ਉਹ ਆਪਣੇ ਬਚਿਆਂ ਨੂੰ ਪੜ੍ਹਾ ਨਹੀਂ ਸਕਦੇ। ਪਿਛਲੇ 46 ਸਾਲਾਂ ਵਿਚ ਇਨ੍ਹਾਂ ਦੇ ਬਹੁਤ ਘੱਟ ਬੱਚੇ ਹੀ ਵਿਦਿਆ ਹਾਸਲ ਕਰ ਸਕੇ ਹਨ। ਇਸ ਪਾਸੇ ਵੀ ਸਰਕਾਰ ਪੂਰਾ ਧਿਆਨ ਨਹੀਂ ਦੇ ਰਹੀ। ਮੈਂ ਦੱਸਦਾ ਹਾਂ ਕਿ 1990-91 ਵਿਚ 6 ਲੱਖ 59 ਹਜ਼ਾਰ ਰਪਿਆ ਰਖਿਆ ਸੀ ਫਿਰ 1991-92 ਵਿਚ 6.93 ਲੱਖ ਰੁਪਿਆ ਰਖਿਆ ਗਿਆ, ਫਿਰ 1992-93 ਵਿਚ ਇਹ 8.57 ਲੱਖ ਰੁਪਿਆ ਰਖਿਆ ਗਿਆ ਔਰ ਇਸ ਸਾਲ 1993-94 ਵਿਚ ਇਹ 7.58 ਲੱਖ ਰੁਪਿਆ ਰਖਿਆ ਗਿਆ ਹੈ। ਇਹ ਬਹੁਤ ਘਟਾ ਦਿੱਤਾ ਗਿਆ ਹੈ। ਇਹ ਜ਼ਿਆਦਾ ਰਖਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸਮਾਜ ਭਲਾਈ ਦੀਆਂ ਸਕੀਮਾਂ ਲਈ ਬਹੁਤ ਘੱਟ ਪੈਸਾ ਸਰਕਾਰ ਵਲੋਂ ਰਖਿਆ ਗਿਆ ਹੈ। ਇਸ ਦੇ ਵਿਚ 1990-91 ਨਾਲੋਂ ਵੀ ਘੱਟ ਗ੍ਰਾਂਟ ਰਖੀ ਗਈ ਹੈ। ਇਸ ਲਈ ਸਰਕਾਰ ਨੂੰ ਸਮਾਜ ਭਲਾਈ ਦੀਆਂ ਸਕੀਮਾਂ ਲਈਹੋਰ ਜਿਆਦਾ ਰੁਪਿਆ ਰਖਣ ਦੀ ਲੋੜ ਹੈ। ਸਰਕਾਰ ਨੇ ਸਮਾਜ ਭਲਾਈ ਦੀਆਂ ਸਕੀਮਾਂ ਵਚ ਵਿਤੋਂਅ ਅਤੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਜਾਇਬ ਸਿੰਘ ਰੌਂਤਾ]

ਬੁਢਾਪਾ ਪੈਨਸ਼ਨ ਲਈ ਰਕਮ ਵਧਾ ਕੇ 150 ਰੁਪਿਆ ਕਰ ਦਿੱਤੀ ਹੈ। ਇਹ ਰਕਮ ਬਹੁਤ ਥੋੜ੍ਹੀ ਹੈ। ਇਸ ਪੈਨਸ਼ਨ ਨੂੰ ਵਧਾ ਕੇ 300 ਰੁਪਿਆ ਘੱਟ ਤੋਂ ਘੱਟ ਕਰ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਪਿੰਡਾਂ ਦੇ ਵਿਚ ਖੇਤ ਮਜ਼ਦੂਰ ਹਨ ਉਨ੍ਹਾਂ ਨੂੰ ਖਾਦ ਦੇਣ ਲਈ ਜਿਹੜੀ ਸਹਾਇਤਾ ਸਰਕਾਰ ਵਲੋਂ ਦਿੱਤੀ ਜਾਂਦੀ ਹੈ ਉਹ ਵੀ ਵਧਾ ਦੇਣੀ ਚਾਹੀਦੀ ਹੈ।

**Mr. Speaker** : Wind up, please.

**ਕਾਮਰੇਡ ਅਜਾਇਬ ਸਿੰਘ ਰੌਂਤਾ** : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਆਂਗਣਵਾੜੀਆਂ ਦੇ ਬਚਿਆਂ ਨੂੰ ਜਿਹੜੀ ਖੁਰਾਕ ਸਰਕਾਰ ਵਲੋਂ ਸਪਲਾਈ ਕੀਤੀ ਜਾਂਦੀ ਹੈ। ਇਹ ਕਿਸੇ ਵੀ ਜਗ੍ਹਾ ਪਰਾਪਰ ਖੁਰਾਕ ਨਹੀਂ ਮਿਲਦੀ। ਮੈਨੂੰ ਜਾਣਕਾਰੀ ਹੈ, ਮੈਨੂੰ ਪਤਾ ਹੈ ਕਿ ਖਡੂਰ ਸਾਹਿਬ ਵਿਚ ਇਕ ਪਿੰਡ ਐਸ ਹੈ ਜਿਥੇ ਆਂਗਣਵਾੜੀਆਂ ਦੇ ਬਚਿਆਂ ਨੇ ਖੁਰਾਕ ਦੇ ਦਰਸ਼ਨ ਤਕ ਨਹੀਂ ਕੀਤੇ। ਇਸ ਗੱਲ ਦੀ ਜਾਂਚ ਸਰਕਾਰ ਨੂੰ ਕਰਨੀ ਚਾਹੀਦੀ ਹੈ। ਜਦ ਸਰਕਾਰ ਵਲੋਂ ਇਸ ਖੁਰਾਕ ਲਈ ਪੈਸੇ ਰਖੇ ਜਾਂਦੇ ਹਨ ਫੇਰ ਆਂਗਣਵਾੜੀਆਂ ਲਈ ਬਚਿਆਂ ਨੂੰ ਖੁਰਾਕ ਪਰਾਪਰ ਮਿਲਣੀ ਚਾਹੀਦੀ ਹੈ। ਇਸ ਦੇ ਲਈ ਸਰਕਾਰ ਨੇ 13 ਲੱਖ 17 ਹਜ਼ਾਰ ਰੁਪਿਆ ਰਖਿਆ ਹੈ ਜੋ ਬਹੁਤ ਹੀ ਘੱਟ ਹੈ। ਇਸ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ।

**Mr. Speaker** : Please wind up.

**ਕਾਮਰੇਡ ਅਜਾਇਬ ਸਿੰਘ ਰੌਂਤਾ** : ਸਪੀਕਰ ਸਾਹਿਬ, ਬਸ ਜੀ ਮੈਂ ਵਾਈਂਡ-ਅੱਪ ਕਰਨ ਵਾਲਾ ਹਾਂ। ਜੋ ਪ੍ਰੋਜੈਕਟ ਅਨੁਸੂਚਿਤ ਜਾਤੀਆਂ ਦੇ ਗਰੀਬ ਪਰਿਵਾਰਾਂ ਦੀ ਭਲਾਈ ਲਈ ਬਣਾਇਆ ਗਿਆ ਹੈ ਇਸਤੇ ਸਰਕਾਰ ਨੂੰ ਹੋਰ ਖਰਚਾ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਮੁਲਾਜ਼ਮਾਂ ਨੂੰ ਭੱਤੇ ਦੇਣ ਲਈ ਇਸ ਵਾਧੇ ਦੀ ਪ੍ਰੋਵੀਜ਼ਨ ਇਸ ਬਜਟ ਵਿਚ ਕੀਤੀ ਜਾਣੀ ਚਾਹੀਦੀ ਹੈ। ਕੱਲ੍ਹ ਇਥੇ ਖਜ਼ਾਨਾ ਮੰਤਰੀ ਜੀ ਨੇ ਆਂਗਣਵਾੜੀ ਵਰਕਰਾਂ ਦੇ ਲਈ ਤਨਖਾਹ ਵਿਚ ਵਾਧੇ ਦਾ ਐਲਾਨ ਕੀਤਾ ਸੀ ਪਰ ਉਹ ਹਾਲੇ ਵੀ ਥੋੜ੍ਹਾ ਹੈ। ਉਨ੍ਹਾਂ ਆਗਣਵਾੜੀ ਔਰਤਾਂ ਨੂੰ ਰੋਜ਼ ਮਜ਼ਦੂਰੀ ਕਰਨ ਵਾਲੇ ਮਜ਼ਦੂਰ ਨਾਲੋਂ ਘੱਟ ਦਿਹਾੜੀ ਮਿਲਦੀ ਹੈ। ਇਸ ਲਈ ਸਰਕਾਰ ਨੂੰ ਇਨ੍ਹਾਂ ਆਂਗਣਵਾੜੀ ਵਰਕਰਾਂ ਨੂੰ ਜੇ.ਬੀ.ਟੀ. ਦੇ ਬਰਾਬਰ ਦੇ ਪੇਅ ਸਕੇਲ ਦੇਣੇ ਚਾਹੀਦੇ ਹਨ।

**Mr. Speaker** : Please wind up.

**ਕਾਮਰੇਡ ਅਜਾਇਬ ਸਿੰਘ ਰੌਂਤਾ** : ਇਸੇ ਤਰ੍ਹਾਂ ਬੱਚਾ ਭਲਾਈ ਪ੍ਰੋਜੈਕਟ ਹੈ ਇਸ ਤੇ ਕੰਮ ਕਰਨ ਵਾਲੇ ਗਰੈਜੂਏਟ ਸੁਪਰਵਾਈਜ਼ਰ ਲਗੇ ਹੋਏ ਹਨ, ਉਨ੍ਹਾਂ ਦਾ ਪੇਅ ਸਕੇਲ 1,500—2,640 ਹੈ। (ਘੰਟੀ) ਇਨ੍ਹਾਂ ਦੇ ਪੇਅ ਸਕੇਲ 1 ਅਗਸਤ, 1992 ਤੋਂ ਰੀਵਾਈਜ਼ ਕੀਤੇ ਗਏ ਹਨ ਜਦ ਕਿ ਦੂਜੇ ਕਰਮਚਾਰੀਆਂ ਦੇ ਪੇਅ ਸਕੇਲ 1 ਜਨਵਰੀ, 1986 ਤੋਂ ਕੀਤੇ ਗਏ ਹਨ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਹ ਵਿਤਕਰਾ ਦੂਰ ਕਰ ਦੇਣਾ ਚਾਹੀਦਾ ਹੈ ਅਤੇ ਚਾਹੀਦਾ ਹੈ ਕਿ ਇਹ ਇਨ੍ਹਾਂ ਦਾ ਗਰੇਡ 1,600--2,925 ਦਾ ਕਰ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਮਹੀਨੇ ਵਿਚ ਇਨ੍ਹਾਂ ਨੂੰ 10 ਦਿਨ ਪਿੰਡ ਦਾ ਦੌਰਾ ਕਰਨਾ ਪੈਂਦਾ ਹੈ ਪਰ ਇਨ੍ਹਾਂ ਨੂੰ ਕੋਈ ਟੀ.ਏ./ਡੀ.ਏ. ਨਹੀਂ ਮਿਲਦਾ ਹੈ। ਇਨ੍ਹਾਂ ਨੂੰ ਵੀ ਦੂਜੇ ਮੁਲਾਜ਼ਮਾਂ ਦੀ ਤਰ੍ਹਾਂ ਟੀ.ਏ./ਡੀ.ਏ ਦੇਣਾ ਚਾਹੀਦਾ ਹੈ। ਇਸ ਦੀ ਪ੍ਰੋਵੀਜ਼ਨ ਵੀ ਕਰ ਦੇਣੀ ਚਾਹੀਦੀ ਹੈ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਪੀਕਰ ਸਾਹਿਬ, ਮੈਨੂੰ ਇਸ ਡੀਮਾਂਡ ਤੇ ਬੋਲਣ ਦਾ ਮੌਕਾ ਦਿੱਤਾ ਜਾਵੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਸਾਥੀ ਜੀ, ਤੁਸੀਂ ਬਜਟ ਤੇ ਜਨਰਲ ਡਿਸਕਸ਼ਨ ਵੇਲੇ ਬੋਲ ਚੁੱਕੇ ਹੋ। ਹੁਣ ਤੁਹਾਨੂੰ ਕੱਲ੍ਹ ਟਾਇਮ ਦਿੱਤਾ ਜਾਵੇਗਾ।

ਸਿੱਖਿਆ ਅਤੇ ਭਾਸ਼ਾ ਮੰਤਰੀ (**ਸ੍ਰੀ ਹਰਨਾਮ ਦਾਸ ਜੌਹਰ**) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਜੂਕੇਸ਼ਨ ਦੀ ਡੀਮਾਂਡ ਰਖਣ ਵਾਸਤੇ ਔਰ ਉਸ ਉਤੇ ਬੋਲਣ ਵਾਲੇ ਸਤਿਕਾਰਯੋਗ ਮੈਂਬਰ ਸਾਹਿਬਾਨ ਦੀਆਂ ਸੁਜੈਸ਼ਨਾਂ ਅਤੇ ਤਜਵੀਜ਼ਾਂ ਤੇ ਆਪਣੇ ਵਿਚਾਰ ਰਖਣ ਲਈ ਮੌਕਾ ਦਿੱਤਾ ਹੈ। ਸਰਦਾਰ ਬੇਅੰਤ ਸਿੰਘ ਅਤੇ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਇਸ ਬਜਟ ਵਿਚ ਹਮੇਸ਼ਾ ਤੋਂ ਜ਼ਿਆਦਾ ਇਸ ਦੇ ਲਈ ਬਜਟ ਵਿਚ ਪ੍ਰੋਵੀਜ਼ਨ ਕੀਤੀ ਹੈ। ਇਸ ਸਾਲ 50.91 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਜਿਸ ਦੇ ਲਈ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਸੈਂਟਰ ਦੀ ਸਰਕਾਰ ਐਜੂਕੇਸ਼ਨ ਦੇ ਉਤੇ 6 ਫੀਸਦੀ ਖਰਚਾ ਕਰ ਰਹੀ ਹੈ। ਪਰ ਸਾਡੀ ਪੰਜਾਬ ਸਰਕਾਰ ਐਜੂਕੇਸ਼ਨ ਦੇ ਉਤੇ ਬਜਟ ਦਾ 7 ਫੀਸਦੀ ਹਿੱਸਾ ਖਰਚ ਕਰ ਰਹੀ ਹੈ। (ਥੰਪਿੰਗ) ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਵਲੋਂ ਬਹੁਤ ਤਜਵੀਜ਼ਾਂ ਆਈਆਂ ਹਨ। (ਵਿਘਨ)

**Mr. Speaker** : No interruption, please.

**ਸਿੱਖਿਆ ਅਤੇ ਭਾਸ਼ਾ ਮੰਤਰੀ** : ਸਪੀਕਰ ਸਾਹਿਬ, ਕਈ ਮੈਂਬਰਾਂ ਵਲੋਂ ਐਜੂਕੇਸ਼ਨ ਬਾਰੇ ਸਰਕਾਰ ਵਲੋਂ ਕੀਤੀਆਂ ਗੱਲਾਂ ਦੀ ਸਪੋਰਟ ਕੀਤੀ ਗਈ ਹੈ, ਸਰਕਾਰ ਦੀ ਸ਼ਲਾਘਾ ਵੀ ਕੀਤੀ ਗਈ ਹੈ ਪਰ ਕਈ ਮੈਂਬਰਾਂ ਨੇ ਕਿਹਾ ਹੈ ਕਿ ਐਜੂਕੇਸ਼ਨ ਵਾਸਤੇ ਪੈਸਾ ਬਹੁਤ ਥੋੜ੍ਹਾ ਰਖਿਆ ਗਿਆ ਹੈ। ਜਦੋਂ ਸਰਦਾਰ ਬੇਅੰਤ ਸਿੰਘ ਜੀ ਅਤੇ ਡਾਕਟਰ ਕੇਵਲ ਕ੍ਰਿਸ਼ਨ ਜੀ ਠੀਕ ਸਮਝਣਗੇ ਤਾਂ ਰਕਮ ਵੀ ਵਧਾਈ ਜਾਵੇਗੀ (ਥੰਪਿੰਗ) (ਹਾਸਾ) ਸਪੀਕਰ ਸਹਿਬ, ਪਹਿਲਾਂ ਮੈਂਬਰ ਸਾਹਿਬਾਨ ਹੱਸ ਲੈਣ ਔਰ ਫਿਰ ਮੈਂ ਬਾਅਦ ਵਿਚ ਦੱਸ ਦੇਵਾਂਗਾ।

**ਸ੍ਰੀ ਸਪੀਕਰ** : ਤੁਸੀਂ ਪਹਿਲਾਂ ਆਪ ਹੱਸ ਲੈਂਦੇ ਹੋ ਫਿਰ ਬਾਅਦ ਵਿਚ ਸਾਰੇ ਹੱਸਦੇ ਹਨ।

**ਸਿੱਖਿਆ ਅਤੇ ਭਾਸ਼ਾ ਮੰਤਰੀ** : ਕਈ ਮਾਨਯੋਗ ਮੈਂਬਰਾਂ ਨੇ, ਸਪੀਕਰ ਸਾਹਿਬ, ਇਥੇ ਕਿਹਾ ਹੈ ਕਿ 46 ਸਾਲ ਹੋ ਗਏ ਹਨ ਪਰ ਐਜੂਕੇਸ਼ਨ ਦੀ ਮਾੜੀ ਹਾਲਤ ਹੈ, ਮੈਂ ਇਨ੍ਹਾਂ ਭਰਾਵਾਂ ਨੂੰ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਪਿਸ਼ਾਵਰ ਤੋਂ ਲੈ ਕੇ ਮਥਰਾ ਅਤੇ ਲਾਹੌਲ ਸਪਿਤੀ ਤਕ ਪਹਿਲਾਂ ਇੱਕ ਯੂਨੀਵਰਸਿਟੀ ਹੁੰਦੀ ਸੀ ਪਰ ਕਾਂਗਰਸ ਦੀ ਸਰਕਾਰ ਨੇ 4 ਯੂਨੀਵਰਸਿਟੀਆਂ ਬਣਾ ਦਿਤੀਆਂ ਹਨ (ਥੰਪਿੰਗ) ਹਾਲਾਂ ਕਿ ਇਲਾਕਾ ਵੀ ਘੱਟ ਗਿਆ ਹੈ। ਪਹਿਲਾਂ ਐਜੂਕੇਸ਼ਨ ਸਿਰਫ 15 ਫੀਸਦੀ ਹੁੰਦੀ ਸੀ, ਤੁਹਾਨੂੰ ਇਸ ਬਾਰੇ, ਸਪੀਕਰ ਸਾਹਿਬ, ਯਾਦ ਹੋਵੇਗਾ ਪਰ ਪਿਛਲੀ ਸੈਂਸਿਜ਼ ਵਿੱਚ 48.12 ਫੀਸਦੀ ਪੰਜਾਬ ਦੇ ਅੰਦਰ ਐਜੂਕੇਸ਼ਨ ਹੋ ਗਈ ਹੈ, ਜਿਹੜੀ ਕਿ ਹਿੰਦੁਸਤਾਨ ਦੇ ਸਾਰੇ ਹਿਸਿਆਂ ਨਾਲੋਂ ਵੱਧ ਹੈ। (ਵਿਘਨ) (ਹਾਸਾ)(ਥੰਪਿੰਗ) ਸਪੀਕਰ ਸਾਹਿਬ, ਪੰਜਾਬ ਵਿਚ 12,342 ਪਿੰਡ ਹਨ ਪਰ ਪੰਜਾਬ ਵਿਚ ਪ੍ਰਾਇਮਰੀ ਸਕੂਲ 12,260 ਹਨ। ਮਿਡਲ ਸਕੂਲ 1,436 ਹਨ ਅਤੇ ਹਾਈ ਸਕੂਲ 2,128 ਪੰਜਾਬ ਦੇ ਅੰਦਰ ਹਨ। ਸਪੀਕਰ ਸਾਹਿਬ, ਪੰਜਾਬ ਦੇ ਅੰਦਰ 192 ਕਾਲਿਜ ਹਨ। ਇਸ ਤਰ੍ਹਾਂ ਕਰਕੇ ਸਾਰੇ ਪੰਜਾਬ ਵਿਚ 36 ਲੱਖ ਬੱਚੇ ਤਾਲੀਮ ਹਾਸਲ ਕਰ ਰਹੇ ਹਨ। ਇੱਕ ਲੱਖ ਅੱਠ ਹਜ਼ਾਰ ਟੀਚਰ ਹਨ ਜੋ ਕਿ ਪੰਜਾਬ ਵਿਚ ਸਿੱਖਿਆ ਦੇ ਰਹੇ ਹਨ। ਇਹ ਸਾਡੀ ਪੰਜਾਬ ਕਾਂਗਰਸ ਸਰਕਾਰ ਦੀ ਦੇਣ ਹੈ। (ਥੰਪਿੰਗ) ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਜਦੋਂ ਪੰਜਾਬ ਸਰਕਾਰ ਨੇ ਟੇਕ ਓਵਰ ਕੀਤਾ ਸੀ ਤਾਂ ਤੁਹਾਨੂੰ ਪਤਾ ਹੈ ਕਿ ਪੰਜਾਬ ਦੇ ਸਕੂਲਾਂ ਦੀ ਕੀ ਹਾਲਤ ਸੀ ? ਅਤਿਵਾਦ ਦਾ ਸਭ ਤੋਂ ਜ਼ਿਆਦਾ ਪਰਭਾਵ ਸਕੂਲਾਂ ਔਰ ਕਾਲਜਾਂ ਤੇ ਪਿਆ ਖਾਸ ਤੌਰ ਤੇ ਬਾਰਡਰ ਦੇ ਇਲਾਕੇ ਉਤੇ ਜ਼ਿਆਦਾ ਪਿਆ। ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ, ਦੀ ਸਰਕਾਰ ਨੇ ਇਸ ਚੀਜ਼ ਨੂੰ ਬੜੀ ਗੰਭੀਰਤਾ ਦੇ ਨਾਲ ਲਿਆ ਅਤੇ ਅੱਜ ਸਕੂਲਾਂ, ਕਾਲਜਾਂ ਵਿਚ ਕੋਈ ਡਰ ਅਤੇ ਖੌਫ਼ ਨਹੀਂ ਹੈ ਬਲਕਿ ਡਸਿਪਲਿਨ ਵੀ ਹੈ। ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ। ਅੱਜ ਪੰਜਾਬ ਦੇ ਸਕੂਲ, ਕਾਲਜ ਚਲਦੇ ਹੀ ਨਹੀਂ ਬਲਕਿ ਖੁਲ੍ਹਦੇ ਵੀ ਹਨ। (ਥੰਪਿੰਗ) (ਹਾਸਾ) ਪਹਿਲਾਂ, ਸਪੀਕਰ ਸਾਹਿਬ, ਕਿਹਾ ਜਾਂਦਾ ਸੀ ਕਿ ਕਿਸੇ ਸਕੂਲ ਵਿਚ ਹਿੰਦੀ ਨਹੀਂ ਪੜ੍ਹਾਈ ਜਾਂਦੀ ਪਰ ਅੱਜ ਕਿਸੇ ਸਕੂਲ ਵਿਚ ਵੀ ਜਾ ਕੇ ਚੈੱਕ ਕੀਤਾ ਜਾ ਸਕਦਾ ਹੈ ਕਿ ਹਿੰਦੀ ਪੜ੍ਹਈ ਜਾਂਦੀ ਹੈ। ਪਹਿਲਾਂ, ਸਪੀਕਰ ਸਾਹਿਬ, ਸਕੂਲਾਂ ਵਿਚ ਅਤਿਵਾਦ ਕਰਕੇ ਨੈਸ਼ਨਲ ਐਨਥਮ ਨਹੀਂ ਗਾਇਆ ਜਾਂਦਾ ਸੀ ਪਰ ਅੱਜ ਹਰ ਜਗ੍ਹਾ ਗਾਇਆ ਜਾਂਦਾ ਹੈ। (ਥੰਪਿੰਗ) ਕਿਹਾ ਜਾਂਦਾ ਸੀ ਕਿ ਅਤਿਵਾਦੀਆਂ ਦੀ ਰਿੱਟ ਚਲਦੀ ਹੈ, ਡ੍ਰੈਸ ਆਪਣੀ ਮਰਜ਼ੀ ਨਾਲ ਨਹੀਂ ਸੀ ਪਾਈ ਜਾ ਸਕਦੀ, ਅੱਜ ਜਾ ਕੇ ਚੈੱਕ ਕਰ ਸਕਦੇ ਹੋ ਕਿ ਡ੍ਰੈਸ ਆਪਣੀ ਮਰਜ਼ੀ ਨਾਲ ਪਾਈ ਜਾਂਦੀ ਹੈ। (ਥੰਪਿੰਗ)

(ਇਸ ਸਮੇਂ ਅਪੋਜ਼ੀਸ਼ਨ ਬੈਂਚਾਂ ਵਲੋਂ ਕੁਝ ਮਾਨਯੋਗ ਮੈਂਬਰ ਬੋਲ ਰਹੇ ਸਨ।)

**ਸ੍ਰੀ ਸਪੀਕਰ :** ਮੇਰੀ ਬੇਨਤੀ ਹੈ ਕਿ ਧਿਆਨ ਨਾਲ ਸੁਣਿਆ ਜਾਵੇ। ਮਿੱਤਲ ਸਾਹਿਬ, ਪਲੀਜ਼।

**ਸਿੱਖਿਆ ਅਤੇ ਭਾਸ਼ਾ ਮੰਤਰੀ :** ਸਪੀਕਰ ਸਾਹਿਬ, ਜਿਥੇ ਡਸਿਪਲਿਨ ਆਇਆ, ਜਿਥੇ ਪੰਕਚੂਐਲਿਟੀ ਆਈ, ਜਿਥੇ ਵਕਤ ਸਿਰ ਸਕੂਲ ਖੁਲ੍ਹਣੇ ਸ਼ੁਰੂ ਹੋਏ ਉਥੇ ਸਕੂਲਾਂ ਦਾ ਮਿਆਰ ਉੱਚਾ ਕਰਨ ਵਾਸਤੇ ਬਹੁਤ ਸਾਰੇ ਕਦਮ ਉਠਾਏ ਗਏ। ਸਭ ਤੋਂ ਪਹਿਲਾਂ ਪ੍ਰਾਈਮਰੀ ਸਕੂਲਾਂ ਵਲ ਧਿਆਨ ਦਿੱਤਾ ਗਿਆ। 450 ਵੇਕੈਂਸੀਆਂ ਉਨ੍ਹਾਂ ਦੀਆਂ ਖਾਲੀ ਸਨ, 450 ਦੀਆਂ 450 ਪੂਰੀਆਂ ਕਰ ਦਿੱਤੀਆਂ ਗਈਆਂ ਹਨ (ਥੰਪਿੰਗ) ਅੱਗੋਂ ਲਈ 500 ਆਸਾਮੀਆਂ ਹੋਰ ਖਾਲੀ ਹੋਣ ਵਾਲੀਆਂ ਹਨ, ਇਸ ਸਾਲ ਦੇ ਅੰਦਰ, ਉਨ੍ਹਾਂ ਲਈ ਐਡਵਰਟਾਈਜ਼ਮੈਂਟ ਕਰ ਦਿਤੀ ਗਈ ਹੈ। ਉਹ ਟੀਚਰ ਹਰ ਹਾਲਤ ਵਿੱਚ ਜਲਦੀ ਤੋਂ ਜਲਦੀ ਲਗਾਏ ਜਾਣਗੇ। ਇਹ ਮਿਆਰ ਸਕੂਲਾਂ ਦਾ ਉੱਚਾ ਕਰਨ ਵਾਸਤੇ ਟੀਚਰ ਲਗਾਏ ਜਾ ਰਹੇ ਹਨ। ਜਿਹੜੇ 2400 ਟੀਚਰਾਂ ਦੀ ਸਕੂਲਾਂ ਵਿੱਚ ਕਮੀ ਸੀ, ਜਿਨ੍ਹਾਂ ਦੀ ਸਾਲਾਂ ਦੇ ਸਾਲ ਭਰਤੀ ਨਹੀਂ ਕੀਤੀ ਗਈ ਸੀ, ਉਨ੍ਹਾਂ ਪੋਸਟਾਂ ਲਈ 86,000 ਐਪਲੀਕੇਸ਼ਨਾਂ ਆਈਆਂ ਸਨ। ਅਗਰ ਪੁਰਾਣੀ ਸਰਕਾਰ ਵਰਗੀ ਸਰਕਾਰ ਹੁੰਦੀ, ਤਾਂ 6 ਸਾਲ ਤਾਂ ਇੰਟਰਵਿਊ ਹੀ ਚਲੀ ਜਾਂਦੀ। ਉਨ੍ਹਾਂ ਨੇ ਦੋ ਕਮੇਟੀਆਂ ਬਣਾਉਣੀਆਂ ਸਨ। ਇਕ ਸੋਸ਼ਲ ਸਟੱਡੀਜ਼ ਲਈ ਅਤੇ ਇਕ ਸਾਇੰਸ ਅਤੇ ਮੈਥਸ ਲਈ ਪਰ ਸਰਦਾਰ ਬੇਅੰਤ ਸਿੰਘ ਨੇ ਇਸ ਕੰਮ ਨੂੰ ਜਲਦੀ ਤੋਂ ਜਲਦੀ ਸਿਰੇ ਚੜ੍ਹਾਉਣ ਲਈ 45 ਕਮੇਟੀਆਂ ਬਣਾਈਆਂ ਹਨ ਜਿਨ੍ਹਾਂ ਰਾਹੀਂ ਇੰਟਰਵਿਊ ਹੋ ਵੀ ਚੁੱਕੀਆਂ ਹਨ। ਹੁਣ ਜਲਦੀ ਤੋਂ ਜਲਦੀ ਟੀਚਰਜ਼ ਸਕੂਲਾਂ ਵਿੱਚ ਲਗਾਏ ਜਾਣਗੇ ਅਤੇ ਕੋਈ ਵੀ ਸਕੂਲ ਖਾਲੀ ਨਹੀਂ ਹੋਵੇਗਾ। (ਥੰਪਿੰਗ) (ਵਿਘਨ) ਅਸੀਂ ਪ੍ਰਾਇਮਰੀ ਸਕੂਲਾਂ ਵੱਲ ਖਾਸ ਧਿਆਨ ਦਿੱਤਾ ਹੈ। ਮੇਰੀ ਸਤਿਕਾਰਯੋਗ ਵਿਧਾਇਕ ਸਾਹਿਬਾ ਨੇ ਬਹੁਤ ਅੱਛੇ ਸੁਝਾਓ ਦਿੱਤੇ ਹਨ, ਮੈਂ ਤਾਰੀਫ਼ ਕਰਦਾ ਹਾਂ ਪਰ ਇਹ ਖੁਸ਼ ਹੀ ਨਹੀਂ ਹੁੰਦੇ, ਫੇਰ ਵੀ ਬੋਲੀ ਜਾਂਦੇ ਹਨ।

**ਸ੍ਰੀ ਸਪੀਕਰ :** ਜੌਹਰ ਸਾਹਿਬ, ਤੁਸੀਂ ਤਕਰੀਰ ਜਾਰੀ ਰਖੋ।

**ਸਿੱਖਿਆ ਅਤੇ ਭਾਸ਼ਾ ਮੰਤਰੀ :** ਸਪੀਕਰ ਸਾਹਿਬ, ਅਸੀਂ ਸਭ ਤੋਂ ਪਹਿਲਾਂ ਜਿਥੇ ਇਕ ਟੀਚਰ ਸਕੂਲ ਸਨ, ਉਹ 2 ਟੀਚਰ ਸਕੂਲ ਕੀਤੇ ਔਰ ਨੈਸ਼ਨੇਲਾਈਜ਼ੇਸ਼ਨ ਪਾਲਿਸੀ ਦੇ ਜ਼ਰੀਏ 3 ਟੀਚਰ

Original with;
Punjab Vidhan Sabha
Digitized by;
Panjab Digital Library

ਸਕੂਲ ਸਾਰੇ ਜਲਦੀ ਤੋਂ ਜਲਦੀ ਹੋ ਰਹੇ ਹਨ । (ਥੰਪਿੰਗ) ਇਸ ਤੋਂ ਬਾਅਦ ਜਿਥੇ ਬਿਲਡਿੰਗਾਂ ਨਹੀਂ, ਉਨ੍ਹਾਂ ਨੂੰ ਬਣਾਉਣ ਲਈ ਪ੍ਰਬੰਧ ਕੀਤਾ ਗਿਆ। ਜਿਥੇ ਇਨਫਰਾਸਟਰਕਚਰ ਨਹੀਂ ਸੀ, ਅੱਜ ਹਰ ਸਕੂਲ ਵਿੱਚ ਇਕ ਟਾਟ ਮਿਲੇਗਾ, ਹਰ ਸਕੂਲ ਵਿੱਚ ਫਰਨੀਚਰ ਦੇਣ ਦਾ ਪ੍ਰੋਗਰਾਮ ਬਣਾਇਆ ਹੋਇਆ ਹੈ। ਸਰਦਾਰ ਬੇਅੰਤ ਸਿੰਘ ਜੀ ਨੇ ਸੈਂਟਰ ਵਿੱਚ ਆਪਣੇ ਰਸੂਖ ਨਾਲ 8 ਕਰੋੜ ਰੁਪਿਆ ਇਸ ਕੰਮ ਲਈ ਲਿਆਂਦਾ ਕਿ ਬਾਰਡਰ ਦੇ ਇਲਾਕਿਆ ਵਿੱਚ ਇਨਫਰਾਸਟਰਕਚਰ ਦਿੱਤਾ ਜਾਏ, 3 ਕਰੋੜ ਰੁਪਏ ਲਿਆਏ ਬਲੈਕ ਬੋਰਡ ਸਕੀਮ ਦੇ ਹੇਠ ਜਿਨ੍ਹਾਂ ਨਾਲ ਪ੍ਰਾਈਮਰੀ ਸਕੂਲਾਂ ਦੇ ਅੰਦਰ ਟਾਟ, ਫਰਨੀਚਰ, ਕਿਤਾਬਾਂ ਅਤੇ ਦੂਸਰਾ ਇਨਫਰਾਸਟਰਕਚਰ ਪ੍ਰੋਵਾਈਡ ਕੀਤਾ ਜਾ ਰਿਹਾ ਹੈ।

ਜਿਥੋਂ ਤੱਕ ਪੜ੍ਹਾਈ ਦੀਆਂ ਕਿਤਾਬਾਂ ਦਾ ਸਵਾਲ ਹੈ, ਕਿਤਾਬਾਂ ਅਗੇ 6 ਮਹੀਨੇ, 8 ਮਹੀਨੇ ਲੇਟ ਪਹੁੰਚਦੀਆਂ ਹੁੰਦੀਆਂ ਸਨ ਪਰ ਜਦੋਂ ਦੀ ਇਹ ਸਰਕਾਰ ਆਈ ਹੈ, ਕਿਤਾਬਾਂ ਪ੍ਰਿੰਟ ਹੋ ਕੇ ਜਲਦੀ ਤੋਂ ਜਲਦੀ ਪਿਛਲੇ ਸਾਲ ਦਿੱਤੀਆਂ ਗਈਆਂ ਔਰ ਹੁਣ ਵੀ ਬਿਲਕੁਲ ਤਿਆਰ ਹਨ ਅਤੇ ਜਦੋਂ ਹੀ ਸੈਸ਼ਨ ਸ਼ੁਰੂ ਹੋਵੇਗਾ ਜਲਦੀ ਤੋਂ ਜਲਦੀ ਕਿਤਾਬਾਂ ਦਿੱਤੀਆਂ ਜਾਣਗੀਆਂ। ਇਸ ਸਬੰਧੀ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ 6 ਕਰੋੜ ਰੁਪਏ ਦੀਆਂ ਕਿਤਾਬਾਂ ਇਨ੍ਹਾਂ ਵਿਚੋਂ ਸ਼ਡਿਊਲਡ ਕਾਸਟ ਬੱਚਿਆਂ ਨੂੰ ਦਿੱਤੀਆਂ ਜਾਂਦੀਆਂ ਹਨ।

ਇਸ ਤੋਂ ਇਲਾਵਾ, ਜਿਥੇ ਅਸੀਂ ਟੀਚਰਾਂ ਦੀ ਭਰਤੀ ਕੀਤੀ, ਉਥੇ ਪ੍ਰੋਮੋਸ਼ਨਾਂ ਵੀ ਦਿੱਤੀਆਂ। ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਇਕ ਸਾਲ ਦੇ ਅੰਦਰ ਹੀ, ਪ੍ਰੋਮੋਸ਼ਨਾਂ ਵਿਚ ਜੋ ਬੈਕਲਾਗ ਸੀ, ਉਸ ਨੂੰ ਸੌ ਫੀ ਸਦੀ ਪੂਰਾ ਕੀਤਾ ਗਿਆ ਹੈ। 193 ਪ੍ਰਿੰਸੀਪਲ, 66 ਹੈਡ ਮਾਸਟਰ ਔਰ 594 ਮਾਸਟਰਾਂ ਨੂੰ ਲੈਕਚਰਾਰ ਬਣਾਇਆ ਗਿਆ।

**ਸ੍ਰੀ ਸਪੀਕਰ** : ਜੌਹਰ ਸਾਹਿਬ, ਆਪਣੀ ਸਪੀਚ ਨੂੰ ਕਨਕਲੂਡ ਕਰਨ ਦੀ ਕੋਸ਼ਿਸ਼ ਕਰੋ। ਜ਼ਰਾ ਦਰਿਆ ਨੂੰ ਕੁੱਜੇ ਵਿਚ ਬੰਦ ਕਰ ਦਿਓ, ਤੁਸੀਂ ਤਾਂ ਇਂਝ ਕਰਨਾ ਜਾਣਦੇ ਹੀ ਹੋ।

**ਸਰਦਾਰ ਨਿਰਮਲ ਸਿੰਘ ਨਿੰਮਾ** : ਇਹ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿਸੇ ਕਵੀ ਦਰਬਾਰ ਵਿਚ ਬੋਲ ਰਹੇ ਹੋਣ।

**ਸਿਖਿਆ ਅਤੇ ਭਾਸ਼ਾ ਮੰਤਰੀ** : ਐਜੂਕੇਸ਼ਨ ਦਾ ਮਿਆਰ ਵਧਾਉਣ ਵਾਸਤੇ ਨਕਲ ਤੇ ਕੰਟਰੋਲ ਕਰਨ ਦਾ ਪੂਰਾ ਯਤਨ ਕੀਤਾ ਗਿਆ ਹੈ ਔਰ ਪਿਛਲੇ ਸਾਲ 60 ਪ੍ਰਤੀਸ਼ਤ ਨਕਲ ਘੱਟ ਗਈ ਸੀ। ਇਸ ਸਾਲ ਇਕ ਕਾਨੂੰਨ ਬਣਾਇਆ ਜਾ ਰਿਹਾ ਹੈ। ਜਿਨ੍ਹਾਂ ਲੋਕਾਂ ਨੂੰ ਉਂਜ ਨੱਥ ਨਹੀਂ ਪਾਈ ਜਾ ਸਕਦੀ ਉਨ੍ਹਾਂ ਨੂੰ ਇਸ ਕਾਨੂੰਨ ਰਾਹੀਂ ਨੱਥ ਪਾ ਕੇ ਨਕਲ ਕਰਨ ਅਤੇ ਨਕਲ ਕਰਾਉਣ ਵਾਲਿਆਂ ਨੂੰ ਠੀਕ ਕੀਤਾ ਜਾਵੇਗਾ ਤਾਂ ਕਿ ਪੜ੍ਹਾਈ ਦਾ ਸਟੈਂਡਰਡ ਠੀਕ ਕੀਤਾ ਜਾਵੇ ਔਰ ਬੱਚੇ ਨਕਲ ਨਾ ਮਾਰ ਸਕਣ।

ਟੀਚਿੰਗ ਸ਼ਾਪਾਂ ਦੇ ਬਾਰੇ ਮੇਰੀ ਭੈਣ ਸ੍ਰੀਮਤੀ ਲਕਸ਼ਮੀ ਕਾਂਤ ਚਾਵਲਾ ਜੀ ਨੇ ਬੜਾ ਕੁਝ ਕਿਹਾ ਹੈ। ਇਹ ਤਾਲੀਮ ਤੇ ਬਹੁਤ ਬੋਲਦੇ ਹਨ। ਮੈਂ ਇਨ੍ਹਾਂ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰਕਾਰ ਅਜਿਹਾ ਕਾਨੂੰਨ ਬਣਾਏਗੀ ਕਿ ਇਹ ਜਿਹੜੀਆਂ ਪ੍ਰਾਈਵੇਟ ਟੀਚਿੰਗ ਸ਼ਾਪਸ ਹਨ ਉਹ ਨਾ ਟੀਚਰਜ਼ ਨੂੰ ਐਕਸਪਲਾਇਟ ਕਰਨਗੀਆਂ ਔਰ ਨਾ ਹੀ ਸਟੂਡੈਂਟਸ ਨੂੰ। ਇਸ ਕਿਸਮ ਦਾ ਚੰਗਾ ਉਨ੍ਹਾਂ ਦਾ ਐਡਮਨਿਸਟਰੇਟਿਵ ਸਿਸਟਮ ਬਣਾਇਆ ਜਾਵੇਗਾ। ਜਿਥੋਂ ਤੱਕ ਕਾਪੀਆਂ, ਕੁੰਜੀਆਂ ਅਤੇ ਖੁਲਾਸਿਆਂ ਦਾ ਸਬੰਧ ਹੈ, ਉਹ ਕੋਈ ਵੀ ਸਕੂਲ ਵਿਚ ਲਿਆ ਨਹੀਂ ਸਕਦਾ। ਇਨ੍ਹਾਂ ਚੀਜ਼ਾਂ ਤੇ ਪੂਰ

Original with;
Punjab Vidhan Sabha
Digitized by;
Punjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਬੈਨ ਹੈ। ਤੁਹਾਨੂੰ ਪਤਾ ਹੀ ਹੈ ਕਿ ਮੇਰੇ ਅਫਸਰ ਸਾਹਿਬਾਨ ਨੇ ਹਜ਼ਾਰਾਂ ਦੀ ਤਾਦਾਦ ਵਿਚ ਪਕੜ ਕੇ ਇਹ ਕਿਤਾਬਾਂ ਕੱਢੀਆਂ ਅੌਰ ਜਿਹੜੇ ਟੀਚਰਜ਼ ਇਸ ਵਿਚ ਇਨਵਾਲਵਡ ਸਨ, ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਗਿਆ।

(ਇਸ ਵਕਤ ਮਾਨਯੋਗ ਮੈਂਬਰਜ਼ ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ ਅਤੇ ਡਾਕਟਰ ਹਰਬੰਸ ਲਾਲ ਸਿੱਖਿਆ ਅਤੇ ਭਾਸ਼ਾ ਮੰਤਰੀ ਨੂੰ ਹੋਰ ਟਾਈਮ ਦੇਣ ਲਈ ਮਾਨਯੋਗ ਸਪੀਕਰ ਸਾਹਿਬ ਨੂੰ ਬੇਨਤੀ ਕਰ ਰਹੇ ਸਨ)

**ਸ੍ਰੀ ਸਪੀਕਰ :** ਤੁਸੀਂ ਇਨ੍ਹਾਂ ਨੂੰ ਇੰਟਰੱਪਟ ਨਾ ਕਰੋ। ਤੁਹਾਡੇ ਬੋਲਣ ਨਾਲ ਇਨ੍ਹਾਂ ਦੀ ਤਕਰੀਰ ਦਾ ਸਿਲਸਿਲਾ ਜਾਰੀ ਨਹੀਂ ਰਹਿੰਦਾ।

**ਸਿੱਖਿਆ ਅਤੇ ਭਾਸ਼ਾ ਮੰਤਰੀ :** ਸਪੀਕਰ ਸਾਹਿਬ, ਮੇਰੇ ਬਹੁਤ ਸਾਰੇ ਵਿਧਾਇਕ ਵੀਰਾਂ ਨੇ ਕਿਹਾ ਹੈ ਕਿ ਪੜ੍ਹਾਈ ਦਾ ਜੋ ਮੌਜੂਦਾ ਸੈਟਅੱਪ ਹੈ, ਉਸ ਨੂੰ ਬਦਲਣਾ ਚਾਹੀਦਾ ਹੈ ਅਤੇ ਉਸ ਨੂੰ ਵੋਕੇਸ਼ਨੇਲਾਈਜ਼ ਕਰਨਾ ਚਾਹੀਦਾ ਹੈ। ਮੈਂ ਤੁਹਾਨੂੰ ਬੜੀ ਖੁਸ਼ੀ ਨਾਲ ਇਹ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਇਹ ਫੈਸਲਾ ਕੀਤਾ ਹੈ ਕਿ ਹਰ ਸਾਲ ਘਟੋ ਘੱਟ 40 ਸੀਨੀਅਰ ਸੈਕੰਡਰੀ ਸਕੂਲ ਵੋਕੇਸ਼ਨੇਲਾਈਜ਼ ਕੀਤੇ ਜਾਣਗੇ। 295 ਸਕੂਲ ਹੁਣ ਤਕ ਵੋਕੇਸ਼ਨੇਲਾਈਜ਼ ਹੋ ਚੁਕੇ ਹਨ ਅਤੇ 40 ਅਗਲੇ ਸਾਲ ਹੋ ਜਾਣਗੇ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਸਦਨ ਦੇ ਵਿੱਚ ਸਾਰੇ ਮੈਂਬਰ ਸਾਹਿਬਾਨ ਦੀ ਡੀਮਾਂਡ ਆਈ ਹੈ ਕਿ ਜਿਨ੍ਹਾਂ ਜਗ੍ਹਾ ਤੇ ਸਕੂਲ ਨਹੀਂ ਹਨ ਉਥੇ ਸਕੂਲ ਖੋਲ੍ਹੇ ਜਾਣ। ਮੈਂ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਲੋੜ ਦੀ ਬਿਨਾ ਤੇ, ਘੋਖ ਕਰਕੇ ਜਿਥੇ ਸਕੂਲ ਨਹੀਂ ਹਨ, ਸਰਦਾਰ ਬੇਅੰਤ ਸਿੰਘ ਜੀ ਚਾਹੁੰਦੇ ਹਨ ਅਤੇ ਮੇਰੀ ਕੱਲ੍ਹ ਹੀ ਉਨ੍ਹਾਂ ਨਾਲ ਗੱਲ ਹੋਈ ਹੈ, ਅਸੀਂ ਉਥੇ ਹਰ ਹਾਲਤ ਵਿਚ ਸਕੂਲ ਖੋਲ੍ਹ ਦਿਆਂਗੇ। ਜਿਥੇ ਘੱਟੋ ਘੱਟ 50 ਬੱਚੇ ਹੋਣਗੇ ਅੌਰ ਜਿਥੇ ਬਾਰਡਰ ਜਾਂ ਬੈਕਵਰਡ ਇਲਾਕਾ ਹੋਏਗਾ ਅਗਰ ਉਥੇ 40 ਬੱਚੇ ਹੋਣਗੇ ਤਾਂ ਅਸੀਂ ਉਥੇ ਵੀ ਸਕੂਲ ਖੋਲ੍ਹਣ ਬਾਰੇ ਸੋਚ ਲਵਾਂਗੇ (ਥੰਪਿੰਗ)

ਇਸ ਤੋਂ ਇਲਾਵਾ, ਪ੍ਰਾਇਮਰੀ ਸਕੂਲਾਂ ਨੂੰ ਅਪਗ੍ਰੇਡ ਕਰਨ ਵਾਸਤੇ ਪਰੋਵੀਜ਼ਨ ਰੱਖਿਆ ਗਿਆ ਹੈ ਕਿ ਘੱਟ ਤੋਂ ਘੱਟ 200 ਪ੍ਰਾਇਮਰੀ ਸਕੂਲ ਅਪਗ੍ਰੇਡ ਕਰਕੇ ਮਿਡਲ ਸਕੂਲ ਬਣਾ ਦਿੱਤੇ ਜਾਣ (ਥੰਪਿੰਗ) ਅੌਰ 100 ਮਿਡਲ ਸਕੂਲ ਅਪਗ੍ਰੇਡ ਕਰਕੇ ਹਾਈ ਸਕੂਲ ਬਣਾ ਦਿੱਤੇ ਜਾਣ ਅਤੇ 70 ਸਕੂਲ ਸੀਨੀਅਰ ਸੈਕੰਡਰੀ ਬਣਾ ਦਿੱਤੇ ਜਾਣਗੇ। ਕੋਈ ਵਿਤਕਰਾ ਨਹੀਂ ਹੋਏਗਾ, ਬਿਲਕੁਲ ਮੈਰਿਟ ਦੇ ਅਧਾਰ ਤੇ ਪੂਰੀ ਚੈਕਿੰਗ ਕਰਨ ਤੋਂ ਬਾਅਦ ਉਥੇ ਸਕੂਲ ਬਣਾ ਦਿੱਤੇ ਜਾਣਗੇ, ਆਪਣੀ ਮਰਜ਼ੀ ਨਾਲ ਬਿਲਕੁਲ ਨਹੀਂ ਦਿੱਤੇ ਜਾਣਗੇ।

**ਸ੍ਰੀ ਸਪੀਕਰ :** ਵਿਦਿਆ ਮੰਤਰੀ ਜੀ, ਤੁਸੀਂ ਕਿਨਾ ਸਮਾਂ ਹੋਰ ਲਓਗੇ?

**ਸਿੱਖਿਆ ਅਤੇ ਭਾਸ਼ਾ ਮੰਤਰੀ :** ਜਿਨਾ ਤੁਸੀਂ ਦੇ ਦਿਓਗੇ ਜੀ।

**ਸ੍ਰੀ ਸਪੀਕਰ :** ਪਲੀਜ਼ ਜਲਦੀ ਵਾਈਂਡ ਅੱਪ ਕਰੋ।

**ਸਿੱਖਿਆ ਅਤੇ ਭਾਸ਼ਾ ਮੰਤਰੀ :** ਬਸ ਜੀ, 5-7 ਮਿੰਟ ਹੋਰ ਦੇ ਦਿਓ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਭਾਸ਼ਾ ਦੇ ਲਈ ਵੀ ਸਰਦਾਰ ਬੇਅੰਤ ਸਿੰਘ ਜੀ ਵਧਾਈ ਦੇ ਪਾਤਰ ਹਨ ਕਿ ਪੰਜਾਬੀ ਜੋ ਸਾਡੀ ਮਾਂ ਬੋਲੀ ਹੈ ਅੱਜ ਤਕ ਕਿਸੇ ਸਰਕਾਰ ਨੇ ਪੂਰੀ ਤਰ੍ਹਾਂ ਇਸ ਨੂੰ ਲਾਗੂ ਨਹੀਂ ਕੀਤਾ ਸੀ। ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਕੇਵਲ ਵਚਨਬੱਧ ਹੀ ਨਹੀਂ ਸਗੋਂ ਉਸ ਨੇ ਪੰਜਾਬੀ ਪਰੈਕਟੀਕਲੀ ਲਾਗੂ ਕਰ ਦਿੱਤੀ ਹੈ ਸਰਕਾਰੀ ਦਫਤਰਾਂ ਦੇ ਵਿੱਚ ਅੋਰ ਬੋਰਡ ਅਤੇ ਕਾਰਪੋਰੇਸ਼ਨਾਂ ਦੇ ਵਿੱਚ ਵੀ।

ਜਿੱਥੋਂ ਤਕ ਹਿੰਦੀ ਰਾਸ਼ਟਰੀ ਭਾਸ਼ਾ ਦਾ ਸਵਾਲ ਹੈ, ਉਸ ਨੂੰ ਉਹ ਸਤਿਕਾਰ ਜ਼ਰੂਰ ਦਿੱਤਾ ਜਾਵੇਗਾ ਜਿਹੜਾ ਰਾਸ਼ਟਰੀ ਭਾਸ਼ਾ ਨੂੰ ਦੇਣਾ ਚਾਹੀਦਾ ਹੈ ਔਰ ਉਸ ਦੇ ਨਾਲ ਹੀ ਸੰਸਕ੍ਰਿਤ ਜੋ ਕਿ ਸਾਰੀਆ ਬੋਲੀਆਂ ਦੀ ਮਾਂ ਬੋਲੀ ਹੈ ਉਸ ਨੂੰ ਵੀ ਇਗਨੋਰ ਨਹੀਂ ਕੀਤਾ ਜਾਵੇਗਾ।

**ਸ੍ਰੀ ਸਪੀਕਰ :** ਵਿਦਿਆ ਮੰਤਰੀ ਜੀ, ਪਲੀਜ਼ ਵਾਈਂਡ ਅੱਪ ਕਰੋ।

**ਸਿੱਖਿਆ ਅਤੇ ਭਾਸ਼ਾ ਮੰਤਰੀ :** ਲਛਮੀ ਕਾਂਤਾ ਚਾਵਲਾ ਜੀ ਨੇ ਕਿਹਾ ਸੀ ਕਿ ਸੰਸਕ੍ਰਿਤ ਦੇ ਕਈ ਟੀਚਰ ਹਟਾ ਦਿੱਤੇ ਗਏ ਹਨ ਜਾਂ ਕੱਢ ਦਿੱਤੇ ਜਾਣਗੇ। ਮੈਂ ਇਨ੍ਹਾਂ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਸੰਸਕ੍ਰਿਤ ਦਾ ਕੋਈ ਵੀ ਟੀਚਰ ਨਹੀਂ ਕੱਢਿਆ ਔਰ ਨਾ ਹੀ ਕੱਢਿਆ ਜਾਵੇਗਾ।

ਭਾਸ਼ਾ ਦੇ ਲਈ, ਸਪੀਕਰ ਸਾਹਿਬ, ਪਹਿਲੀ ਵਾਰ ਹੈ ਕਿ ਅਸੀਂ ਪਟਿਆਲੇ ਦੇ ਅੰਦਰ 6 ਕਰੋੜ 70 ਲੱਖ ਰੁਪਏ ਦੀ ਲਾਗਤ ਨਾਲ ਭਾਸ਼ਾ ਭਵਨ ਬਣਾਇਆ ਔਰ ਉਸ ਦੇ ਅੰਦਰ ਸਾਹਿਤ ਸਦਨ ਬਣਾਇਆ ਹੈ ਜਿਥੇ ਕਿ ਵਿਦਿਆਰਥੀਆਂ ਦੇ ਰਹਿਣ ਲਈ ਜਗ੍ਹਾਂ ਹੈ। ਜੋ ਖੋਜ ਵਗੈਰਾ ਦਾ ਕੰਮ ਕਰ ਸਕਦੇ ਹਨ, ਲਿਟਰੇਚਰ ਅਤੇ ਉਨ੍ਹਾਂ ਦੀ ਖੋਜ ਵਾਸਤੇ ਲਾਇਬ੍ਰੇਰੀ ਵੀ ਪ੍ਰੋਵਾਈਡ ਕਰਾ ਕੇ ਦਿੱਤੀ ਹੈ ਔਰ ਉਨ੍ਹਾਂ ਨੂੰ ਹਰ ਮਕਾਨ ਦੇ ਅੰਦਰ ਹਿੰਦੀ, ਪੰਜਾਬੀ, ਉਰਦੂ ਵਿੱਚ ਕੰਮ ਕਰਨ ਲਈ ਔਰ ਆਪਣੀਆਂ ਲਿਖਤਾਂ ਲਿਖਣ ਲਈ ਹਰ ਕਿਸਮ ਦਾ ਆਰਾਮ ਔਰ ਹਰ ਕਿਸਮ ਦੀ ਸਹੂਲਤ ਦਿੱਤੀ ਗਈ ਹੈ। ਇਸ ਦੇ ਨਾਲ ਹੀ ਨਾਲ ਹਰ ਸਾਲ ਅਸੀਂ ਸਾਹਿਤ ਦੀਆਂ ਸਾਰੀਆਂ ਭਾਸ਼ਾਵਾਂ ਹਿੰਦੀ, ਪੰਜਾਬੀ, ਸੰਸਕ੍ਰਿਤ ਅਤੇ ਉਰਦੂ ਦੇ ਵਿਦਵਾਨਾਂ ਨੂੰ ਸਨਮਾਨਿਤ ਕਰਦੇ ਹਾਂ। ਪਿਛਲੇ ਸਾਲ, ਪਹਿਲੀ ਨਵੰਬਰ, 1992 ਨੂੰ 12 ਸਾਹਿਤਕਾਰਾਂ ਨੂੰ ਸਨਮਾਨਿਤ ਕੀਤਾ ਗਿਆ ਔਰ 31,000 ਔਰ 21,000 ਰੁਪਏ ਦੇ ਇਨਾਮ ਦਿੱਤੇ ਗਏ (ਥੰਪਿੰਗ) ਇਸ ਤੋਂ ਇਲਾਵਾ ਲਿਖਾਰੀਆਂ ਦੀ ਵਿਚਾਰ ਗੋਸ਼ਟੀ ਲਈ ਸਮਾਗਮ ਵੀ ਕੀਤੇ ਗਏ। ਨਾਲ ਹੀ ਉਨ੍ਹਾਂ ਬਚਿਆਂ ਨੂੰ ਪੜ੍ਹਨ ਵਾਸਤੇ, ਉਨ੍ਹਾਂ ਦੇ ਹਿੰਦੀ ਔਰ ਪੰਜਾਬੀ ਦੇ ਅੰਦਰ ਮੁਕਾਬਲੇ ਕਰਵਾਏ ਗਏ। ਕਵਿਤਾਵਾਂ ਅਤੇ ਕਹਾਣੀਆਂ ਤੋਂ ਇਲਾਵਾ ਭਾਸ਼ਣ ਦੇਣ ਦੇ ਮੁਕਾਬਲੇ ਵੀ ਕਰਵਾਏ ਗਏ। ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਗਲੇ ਸਾਲ ਲਈ ਜੋ ਰੁਪਏ ਦੀ ਅੱਜ ਤੁਹਾਡੇ ਕੋਲੋਂ ਡਿਮਾਂਡ ਕੀਤੀ ਗਈ ਹੈ, ਉਸ ਨੂੰ ਠੀਕ ਤਰੀਕੇ ਨਾਲ ਵਰਤ ਕੇ, ਵਧੀਆ ਕੰਮ ਕਰਕੇ ਐਜੂਕੇਸ਼ਨ ਦਾ ਮਿਆਰ ਉਚਾ ਕੀਤਾ ਜਾਵੇਗਾ ਔਰ ਤਸੱਲੀਬਖਸ਼ ਕੰਮ ਕੀਤਾ ਜਾਵੇਗਾ। ਮੈਂ ਮੰਗ ਕਰਦਾ ਹਾਂ ਕਿ ਮੇਰੇ ਮਹਿਕਮੇ ਦੀਆਂ ਮੰਗਾਂ ਪ੍ਰਵਾਨ ਕੀਤੀਆਂ ਜਾਣ। ਜੈ ਹਿੰਦ।

**ਸ੍ਰੀ ਸਪੀਕਰ :** ਵਿਦਿਆ ਮੰਤਰੀ ਜੀ, ਮੈਂ ਤੁਹਾਡੀ ਤਕਰੀਰ ਤੋਂ ਬਾਅਦ ਇਕ ਗੱਲ ਹੀ ਕਹਾਂਗਾ ਜਾਵਗੇ ਆਪ ਹੀ ਲੇਕਿਨ ਓਹ ਜ਼ਮਾਨਾ ਤੋ ਨਹੀਂ,

ਸਭ ਕੋ ਯੂੰ ਹੰਸ ਕਰ ਨਾ ਮਿਲਾ ਕੀਜੀਏ,

ਸੋ ਬਾਰ ਕਹਾ ਹੈ। (ਹਾਸਾ)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਬੜੀ ਖੁਸ਼ੀ ਦੀ ਗੱਲ ਹੈ। ਮੇਰਾ ਖਿਆਲ ਹੈ ਕਿ ਉਨ੍ਹਾਂ ਦੀਆਂ ਸਲਾਘਾਯੋਗ ਸੇਵਾਵਾਂ ਦੀ ਹੁਣ ਕਿਤੇ ਹੋਰ ਵਰਤੋਂ ਕਰ ਲੈਣੀ ਚਾਹੀਦੀ ਹੈ (ਹਾਸਾ)।

**ਸਰਦਾਰ ਬੇਅੰਤ ਸਿੰਘ (ਮੁੱਖ ਮੰਤਰੀ):** ਸਪੀਕਰ ਸਾਹਿਬ, ਅੱਜ ਬਹੁਤ ਜ਼ਰੂਰੀ ਡਿਮਾਂਡਜ਼ ਉਤੇ ਬਹਿਸ ਰੱਖੀ ਗਈ ਸੀ। ਮੈਨੂੰ ਬੜਾ ਜਿਹਾ ਅਫਸੋਸ ਹੈ ਕਿ ਜਦੋਂ ਵਿਦਿਆ ਮੰਤਰੀ ਬੋਲ ਰਹੇ ਸੀ ਤਾਂ ਸ਼ਾਇਦ ਅਸੀਂ ਉਨ੍ਹਾਂ ਨੂੰ ਸੀਰੀਅਸਲੀ ਨਹੀਂ ਸੁਣਿਆ। ਮੈਂ ਸਮਝਦਾ ਹਾਂ ਕਿ ਐਜੂਕੇਸ਼ਨ ਸਾਡੇ ਪੰਜਾਬ ਵਾਸਤੇ ਹੀ ਨਹੀਂ, ਹਿੰਦੁਸਤਾਨ ਵਾਸਤੇ ਬਹੁਤ ਜ਼ਰੂਰੀ ਹੈ। ਕਈ ਵਾਰੀ ਦਿਲ ਵਿਚ ਖਿਆਲ ਆਉਂਦਾ ਹੈ ਕਿ ਇਹ ਜਿਹੜਾ ਐਜੂਕੇਸ਼ਨ ਸਿਸਟਮ ਹੈ, ਉਸ ਨੂੰ ਅਸੀਂ ਰੈਵੋਲਿਉਸ਼ਨਾਈਜ਼ ਕਰੀਏ। ਜਿਹੜੇ ਸਾਡੇ ਬੱਚੇ ਪੜ੍ਹ ਕੇ ਨਿਕਲਦੇ ਹਨ, ਕਲਰਕ ਹੀ ਰਹਿ ਗਏ ਹਨ। ਉਹ ਪੜ੍ਹ ਲਿਖ ਕੇ ਵਾਈਟ ਕਾਲਰ ਜਾਬ ਭਾਲਦੇ ਹਨ। ਅਸੀਂ ਔਸਤਨ ਕਹਿ ਦਿੰਦੇ ਹਾਂ ਕਿ ਸਾਡੀ ਵਿਦਿਆ ਦੀ ਐਵਰੇਜ ਬੜੀ ਵਧ ਗਈ ਹੈ ਅਤੇ ਸਾਡੇ ਬੱਚੇ ਅੱਜ ਪੜ੍ਹ ਲਿਖ ਕੇ ਸ਼ਾਇਦਾ-ਸੂਦਾ ਹੋ ਗਏ ਹਨ। ਲੇਕਿਨ ਮੈਂ ਜਦੋਂ ਇਹ ਗੱਲ ਦੇਖਦਾ ਹਾਂ ਕਿ ਸਾਡੇ ਬੱਚੇ ਦੂਸਰੇ ਮੁਲਕਾਂ ਦੇ ਬੱਚਿਆਂ ਨਾਲੋਂ ਬੜੇ ਪਿੱਛੇ ਹਨ। ਹਰੇਕ ਸਫ਼ੀਅਰ ਵਿਚ ਮੈਂ ਵੇਖਿਆ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਬੜੇ ਭਾਰੇ ਸਟੈੱਪ ਚੁੱਕਣੇ ਪੈਣਗੇ ਜਿਸ ਨਾਲ ਜਿਹੜਾ ਸਾਡਾ ਵਿਦਿਆ ਦਾ ਢਾਂਚਾ ਹੈ ਉਸ ਨੂੰ ਰੈਵੋਲਿਉਸ਼ਨਾਈਜ਼ ਕਰਨਾ ਪਵੇਗਾ। ਬੜੀਆਂ ਸਕੀਮਾਂ ਈ.ਐਮ. ਸਾਹਿਬ ਨੇ ਰੱਖੀਆਂ ਹਨ। ਮੈਂ ਉਨ੍ਹਾਂ ਦਾ ਜ਼ਿਕਰ ਨਹੀਂ ਕਰਾਂਗਾ। ਲੇਕਿਨ ਇਹ ਗੱਲ ਮੈਂ ਜ਼ਰੂਰ ਕਹਾਂਗਾ ਕਿ ਜਿਹੜਾ ਟੇਲੈਂਟ ਹੈ, ਜੇਕਰ ਅਸੀਂ ਬੱਚੇ ਦੀ ਇੰਟਲੈਕਟ ਨੂੰ ਛੋਟੀਆਂ ਜਮਾਤਾਂ ਅੰਦਰ ਹੀ ਜੱਜ ਕਰ ਲਈਏ ਅਤੇ ਉਹ ਬੱਚੇ ਕਾਲਜਾਂ ਅੰਦਰ (ਵਿਘਨ) ਜਿਵੇਂ ਕਿ ਰੌਂਤਾ ਸਾਹਿਬ ਨੇ ਕਿਹਾ ਹੈ ਕਿ ਉਥੇ ਕਾਲਜ ਖੋਲ੍ਹਣਾ ਚਾਹੀਦਾ ਹੈ ਤਾਂ ਉਹ ਸਾਈਕਾਲੋਜਿਸਟ ਅਤੇ ਸਾਈਕੈਟਰਿਸਟ ਬਣ ਸਕਦੇ ਹਨ। ਸਾਡੀ ਸਰਕਾਰ ਦਾ ਵਿਚਾਰ ਹੈ, ਇਸ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ ਸੋਚ ਵੀ ਚਾਹੀਦੀ ਹੈ, ਪੈਸਾ ਵੀ ਚਾਹੀਦਾ ਹੈ। ਅੱਜ ਮੈਂ ਇਕ ਗੱਲ ਜ਼ਰੂਰ ਸਮਝਦਾ ਹਾਂ ਕਿ ਇਧਰੋਂ ਵੀ ਬੋਲੇ ਹਨ ਅਤੇ ਸਾਡੇ ਵਾਲੇ ਪਾਸਿਓਂ ਵੀ ਬੋਲੇ ਹਨ, ਇਹ ਬੜਾ ਭਾਰੀ ਸਕੋਪ ਹੈ। ਅਸੀਂ ਆਪਣੇ ਬੱਚਿਆਂ ਨੂੰ ਟੈਕਨੀਕਲ ਐਜੂਕੇਸ਼ਨ ਵਾਲੇ ਪਾਸੇ ਲੈ ਜਾਈਏ। ਅੱਜ ਅਸੀਂ ਦੇਖਦੇ ਹਾਂ ਕਿ ਸਾਡੇ ਬੱਚਿਆਂ ਦਾ ਟੈਕਨੀਕਲ ਵਾਲੇ ਪਾਸੇ ਰੁਝਾਨ ਹੈ, ਸਾਡੇ ਪੇਰੈਂਟਸ ਦਾ ਵੀ ਹੈ ਅਤੇ ਸਾਡੇ ਪੰਜਾਬੀਆਂ ਦਾ ਵੀ ਹੈ। ਲੇਕਿਨ ਇਸ ਦਾ ਪ੍ਰਬੰਧ ਅਸੀਂ ਸ਼ਾਇਦ ਨਾ ਕਰ ਸਕੀਏ। ਇੰਨੀ ਗੱਲ ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਸ ਸਾਲ ਦੇ ਅੰਦਰ ਵਰਲਡ ਬੈਂਕ ਨੂੰ ਵੀ ਅਪਰੋਚ ਕੀਤਾ ਹੈ, ਪੈਸਾ ਮੰਗਿਆ ਹੈ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਅਸੀਂ ਐਜੂਕੇਸ਼ਨ ਦੇਈਏ। ਅਸੀਂ ਜਦੋਂ ਇਕੱਲੀ ਐਜੂਕੇਸ਼ਨ ਦੀ ਗੱਲ ਕਰਦੇ ਹਾਂ ਤਾਂ ਮੇਰੇ ਮਨ ਅੰਦਰ ਇਕ ਗੱਲ ਆਉਂਦੀ ਹੈ ਟੈਕਨੀਕਲ ਐਜੂਕੇਸ਼ਨ ਨੂੰ ਵੀ ਨਾਲ ਰੱਖੀਏ। ਅੱਜ ਸਾਡੇ ਦੋ ਮਨਿਸਟਰ ਸਾਹਿਬਾਨ ਕੋਲ ਮਹਿਕਮੇ ਹਨ। ਮਨ ਵਿਚ ਇਹ ਗੱਲ ਆਉਂਦੀ ਹੈ ਕਿ ਅਸੀਂ ਉਨ੍ਹਾਂ ਦਾ ਤਾਲਮੇਲ ਜ਼ਿਆਦਾ ਕਰੀਏ ਅਤੇ ਇਸ ਸਾਲ ਦੇ ਅੰਦਰ ਜੋ ਮੈਂ ਗੱਲ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਅਸੀਂ ਨਾਰਮਲ ਐਜੂਕੇਸ਼ਨ ਅਤੇ ਟੈਕਨੀਕਲ ਐਜੂਕੇਸ਼ਨ ਦੀ ਜ਼ਿਆਦਾ ਕੋ-ਆਰਡੀਨੇਸ਼ਨ ਕਰਵਾਵਾਂਗੇ ਅਤੇ ਬੱਚਿਆਂ ਨੂੰ ਜਾਬ-ਓਰੀਐਂਟਿਡ ਐਜੂਕੇਸ਼ਨ ਦਿਆਂਗੇ (ਥੰਪਿੰਗ)। ਜਿਹੜੇ ਅੱਜ ਕੱਲ ਕਾਲਜ ਹਨ ਉਹ ਤਾਂ ਇਕ ਤਰ੍ਹਾਂ ਨਾਲ ਵਿਹਲੀਆਂ ਵਰਕਸ਼ਾਪਾਂ ਹਨ ਅਤੇ ਸ਼ਾਇਦ ਉਥੇ ਗਲਤ ਆਦਤਾਂ ਵੀ ਸਿਖੀਆਂ ਜਾਂਦੀਆਂ ਹਨ। ਜੋ ਅਸੀਂ ਕੈਬਨਿਟ ਦੇ ਅੰਦਰ ਵੀ ਕਈ ਵਾਰ ਸੋਚਿਆ ਅਤੇ ਇਸ ਬਜਟ ਸੈਸ਼ਨ ਤੋਂ ਬਾਅਦ ਵੀ ਸੁਧਾਰ ਲਿਆਉਣ ਬਾਰੇ ਸੋਚਾਂਗੇ। ਮੈਂ ਤਾਂ ਸਿਰਫ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਐਜੂਕੇਸ਼ਨ ਨੂੰ ਅਤੇ ਟੈਕਨੀਕਲ ਐਜੂਕੇਸ਼ਨ ਨੂੰ ਬੜੇ ਅੱਗੇ [illegible] ਹੈ, ਸਪੀਕਰ ਸਾਹਿਬ, ਲਿਜਾਣਾ ਚਾਹੁੰਦੇ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਦੂਸਰਾ ਜਿਹੜਾ ਸਬਜੈਕਟ ਹੈ ਵੈਲਫੇਅਰ ਡੀਪਾਰਟਮੈਂਟ ਦਾ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦੀਆਂ ਡੀਮਾਂਡਜ਼ ਹਨ ਉਨ੍ਹਾਂ ਉਪਰ ਬਹਿਸ ਵੀ ਹੈ, ਸੋ ਉਸ ਤੇ 2-4 ਲਫ਼ਜ਼ ਬੋਲਣੇ ਚਾਹੁੰਦਾ ਹਾਂ ਕਿਉਂਕਿ ਬਹੁਤ ਵੱਡਾ ਸਬਜੈਕਟ ਜਿਸ ਨੂੰ ਕਿਹਾ ਜਾਂਦਾ ਹੈ, ਵੈਲਫੇਅਰ ਆਫ ਸ਼ਡਿਊਲਡ ਕਾਸਟਸ ਬਾਰੇ, ਔਰ ਇਹ ਵੀ ਗੱਲ ਠੀਕ ਹੈ ਕਿਉਂਕਿ ਸਦੀਆਂ ਤੋਂ ਇਹ ਮੇਰੇ ਪਛੜੇ ਹੋਏ ਵੀਰ ਹਨ ਜਿਨ੍ਹਾਂ ਨੂੰ ਕਦੇ ਵੀ ਜ਼ਿੰਦਗੀ ਦਾ ਕੋਈ ਲੁਤਫ ਨਹੀਂ ਸੀ ਆਇਆ, ਉਨ੍ਹਾਂ ਦੇ ਬਾਰੇ ਮਹਿਕਮਾ ਵੈਲਫੇਅਰ ਅੱਜ ਜੋ ਉਪਰਾਲੇ ਕਰ ਰਿਹਾ ਹੈ। ਲੇਕਿਨ ਮੈਂ ਕਹਿੰਦਾ ਹਾਂ ਕਿ ਵੈਲਫੇਅਰ ਤਾਂ ਸਮਾਜ ਦੇ ਸਾਰੇ ਵਰਗਾਂ ਦੀ ਕਰਨ ਦੀ ਲੋੜ ਹੈ, ਵੈਲਫੇਅਰ ਦਾ ਦਾਇਰਾ ਬਹੁਤ ਵੱਡਾ ਹੈ। ਜੇ ਦੇਖਿਆ ਜਾਵੇ ਤਾਂ ਹਰ ਜਾਤ-ਪਾਤ ਦੇ ਅੰਦਰ, ਹਰ ਧਰਮ ਦੇ ਅੰਦਰ ਅੱਜ ਲੋੜ ਹੈ ਕਿ ਅਸੀਂ ਇਹ ਵੈਲਫੇਅਰ ਦਾ ਸ਼ਬਦ ਲਿਆਈਏ ਕਿਉਂਕਿ ਅੱਜ ਸਮਾਜ ਦੇ ਅੰਦਰ ਕਈ ਤਰੁੱਟੀਆਂ ਹਨ, ਉਨ੍ਹਾਂ ਨੂੰ ਦੂਰ ਕਰੀਏ। ਇਹ ਵੀ ਤਾਂ ਸਾਡੇ ਵੈਲਫੇਅਰ ਦਾਇਰਾ ਦਾ ਫਰਜ਼ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦਾ ਫਰਜ਼ ਬਣਦਾ ਹੈ ਕਿ ਸ਼ਡਿਊਲਡ ਕਾਸਟਸ ਜਿਹੜੇ ਮੇਰੇ ਵੀਰ ਹਨ ਔਰ ਅਜੇ ਵੀ ਇਹ ਪਛੜੇ ਹੋਏ ਮਹਿਸੂਸ ਕਰਦੇ ਹਨ ਅਤੇ ਹਨ ਵੀ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਦੀਆਂ ਤੋਂ ਹੀ ਇਹ ਪਛੜੇ ਚਲੇ ਆ ਰਹੇ ਹਨ, ਵੱਡੇ ਵੱਡੇ ਰੀਫਾਰਮਰਜ਼, ਜੂਰਿਸਟਸ ਉਸ ਵਕਤ ਦੇ ਬੜੇ ਬੜੇ ਗੁਰੂ, ਉਸ ਸਮੇਂ ਦੇ ਵੱਡੇ ਵੱਡੇ ਵਿਦਵਾਨ ਹੋਏ ਜਿਨ੍ਹਾਂ ਨੇ ਕੋਸ਼ਿਸ਼ ਕੀਤੀ ਕਿ ਇਸ ਵਰਗ ਨੂੰ ਉਪਰ ਚੁੱਕ ਕੇ ਦੂਜਿਆਂ ਦੇ ਬਰਾਬਰ ਲਿਆਈਏ ਲੇਕਿਨ ਮੈਨੂੰ ਕਹਿਣਾ ਪਵੇਗਾ ਕਿ ਉਹ ਕਾਮਯਾਬ ਨਾ ਹੋਏ। ਪਤਾ ਨਹੀਂ ਬਾਦਸ਼ਾਹਾਂ ਦਾ ਰਾਜ ਸੀ ਜਾਂ ਪਤਾ ਨਹੀਂ ਕੀ ਗੱਲ ਸੀ, ਬਰਾਬਰੀ ਤੇ ਨਾ ਲਿਆ ਸਕੇ। ਅਸੀਂ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਕੁਝ ਦਿਨ ਹੋਏ ਬੜੀ ਧੂਮ-ਧਾਮ ਨਾਲ ਮਨਾਇਆ ਔਰ ਉਨ੍ਹਾਂ ਦੀ ਜੋ ਬਾਣੀ ਹੈ, ਫੁਰਮਾਨ ਹੈ, ਉਸ ਨੂੰ ਜੇ ਪੜ੍ਹਿਆ ਜਾਵੇ ਤਾਂ ਇਨਸਾਨੀਅਤ ਉਸ ਵਿਚੋਂ ਉਭਰ ਕੇ ਸਾਡੇ ਸਾਹਮਣੇ ਆਉਂਦੀ ਹੈ ਔਰ ਗੁਰ ਰਵਿਦਾਸ ਜੀ, ਛੇ ਸੌ ਤੋਂ ਉਪਰ ਸਾਲ ਹੋ ਗਏ ਉਨ੍ਹਾਂ ਨੂੰ ਹੋਇਆਂ, ਰਾਜ ਸੀ ਉਦੋਂ ਬਾਦਸ਼ਾਹਾਂ ਦਾ, ਇਸ ਲਈ ਉਸ ਸਮੇਂ ਉਨ੍ਹਾਂ ਦੀ ਫਿਲਾਸਫੀ ਦਬੀ ਰਹੀ। ਇਸੇ ਤਰ੍ਹਾਂ ਬਹੁਤ ਹੀ ਸਦੀਆਂ ਪਹਿਲਾਂ ਬਾਲਮੀਕ ਜੀ ਹੋਏ। ਇਨ੍ਹਾਂ ਦੋਹਾਂ ਗੁਰੂਆਂ ਦਾ ਅੱਜ ਛੋਟੇ ਵਰਗਾਂ ਦੇ ਨਾਲ ਸਬੰਧ ਦੱਸਿਆ ਜਾਂਦਾ ਹੈ ਔਰ ਬਾਲਮੀਕ ਜੀ ਉਹ ਸ਼ਖਸੀਅਤ ਸਨ ਜਿਨ੍ਹਾਂ ਨੇ ਰਮਾਇਣ ਰਚੀ ਔਰ ਰਮਾਇਣ ਦੀ ਸਾਰੀ ਸੰਸਕ੍ਰਿਤੀ ਅੱਜ ਸਾਰੇ ਭਾਰਤ ਵਿੱਚ ਖੜ੍ਹੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਰਮਾਇਣ ਦਾ ਜ਼ਿਕਰ ਕੀਤਾ ਜਾਵੇ ਤਾਂ ਕਿਸ ਤਰ੍ਹਾਂ ਇਸ ਗੱਲ ਤੋਂ ਮੁਨਕਰ ਹੋ ਸਕਦੇ ਹਾਂ ਕਿ ਉਹ ਸਾਰੀ ਫਿਲਾਸਫੀ ਹੈ ਜੋ ਲਾਈਫ ਹੈ ਇਸ ਹਿੰਦੁਸਤਾਨ ਦੀ, ਇਸ ਦੇ ਜੋ ਰਿਵਾਜ ਹਨ, ਉਹ ਅਸਲ ਮਾਅਨਿਆਂ ਦੇ ਵਿੱਚ ਉਭਰ ਕੇ ਆਉਣ ਵਾਲੀਆਂ ਚੀਜ਼ਾਂ ਹਨ, ਜੋ ਸਮਾਜ ਹੈ, ਰਿਵਾਜ ਹੈ, ਜੋ ਕਲਪ ਹੈ ਉਹ ਸਾਰੀਆਂ ਚੀਜ਼ਾਂ ਰਮਾਇਣ ਦੇ ਅੰਦਰ ਹਨ ਔਰ ਰਮਾਇਣ ਨੂੰ ਰਚਨ ਵਾਲਾ ਕੌਣ ਸੀ? ਉਹ ਬਾਲਮੀਕ ਜੀ ਸਨ, ਜੋ ਪਛੜੀਆਂ ਜ਼ਾਤਾਂ ਦੇ ਨਾਲ ਸਬੰਧਤ ਸੀ। ਮੈਂ ਕਈ ਵਾਰ ਕਿਹਾ ਹੈ, ਸਪੀਕਰ ਸਾਹਿਬ, ਕਿ ਜਦੋਂ ਅੰਗਰੇਜ਼ਾਂ ਦੇ ਵਿਰੁੱਧ ਆਜ਼ਾਦੀ ਦੀ ਫਾਈਟ ਹੋਈ, ਆਜ਼ਾਦੀ ਦੇ ਲਈ ਬੜੀ ਲੜਾਈ ਹੋਈ ਤਾਂ ਉਹ ਸੂਰਬੀਰ ਕੌਣ ਸੀ? ਉਹ ਸੀ ਮਹਾਤਮਾ ਗਾਂਧੀ ਜਿਸ ਨੇ ਅਨ-ਟੱਚੇਬਿਲਟੀ ਅਤੇ ਕਮਜ਼ੋਰ ਵਰਗਾਂ ਦੇ ਵਾਸਤੇ ਬਹੁਤ ਕੰਮ ਕੀਤਾ (ਘੰਟੀ)। ਸਪੀਕਰ ਸਾਹਿਬ, ਮਹਾਤਮਾ ਗਾਂਧੀ ਜੀ ਭੰਗੀਆਂ ਦੀ ਬਸਤੀ ਵਿੱਚ ਠਹਿਰਿਆ ਕਰਦਾ ਸੀ ਅਤੇ ਉਸ ਵਕਤ, ਸਪੀਕਰ ਸਾਹਿਬ, ਉਨ੍ਹਾਂ ਨੂੰ ਭੰਗੀ ਕਿਹਾ ਜਾਂਦਾ ਸੀ। ਆਜ਼ਾਦੀ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਜ਼ਿਆਦਾ ਵੱਡੀ ਨਾ ਹੋਈ ਅਤੇ ਉਹ ਸਾਡੇ ਕੋਲੋਂ ਚਲੇ ਗਏ ਲੇਕਿਨ ਸਾਨੂੰ ਉਨ੍ਹਾਂ ਤੋਂ ਬੜੀਆਂ ਭਾਰੀਆਂ ਆਸ਼ਾਵਾਂ ਸਨ ਉਨ੍ਹਾਂ ਨੇ ਆਪਣੇ ਐਸੇ ਬੰਦੇ ਵੀ ਪਰਵਰਿਸ਼ ਕੀਤੇ ਜਿਨ੍ਹਾਂ ਨੂੰ ਬਿਲਡ ਅੱਪ ਕੀਤਾ ਉਨ੍ਹਾ ਵਿਚੋਂ ਇੱਕ ਸੀ ਬਾਬੂ ਜਗਜੀਵਨ ਰਾਮ ਜੀ। ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਉਨ੍ਹਾਂ ਨੇ ਬਾਬੂ ਜਗਜੀਵਨ ਰਾਮ ਜੀ ਨੂੰ ਬਿਲਡ-ਅੱਪ ਕੀਤਾ। ਉਨ੍ਹਾਂ ਨੇ ਡਾਕਟਰ ਅੰਬੇਦਕਰ ਜਿਨ੍ਹਾਂ ਨੂੰ ਬਹੁਤ ਵੱਡਾ ਸਮਾਜ ਸੁਧਾਰਿਕ ਸਮਝਿਆ ਜਾਂਦਾ ਹੈ ਅਤੇ ਜਿਨ੍ਹਾਂ ਨੂੰ ਡਾਊਨ-ਟਰੌਡਨਜ਼ ਦਾ ਪਿਤਾ ਗਿਣਿਆ ਜਾਂਦਾ ਹੈ ਅਤੇ ਸਾਡੇ ਇਸ ਵਰਗ ਵਾਸਤੇ ਡਾਕਟਰ ਅੰਬੇਦਕਰ ਦੀ ਬੜੀ ਭਾਰੀ ਕੰਨਟਰੀਬਿਊਸ਼ਨ ਹੈ ਮੈਂ ਇਸ ਗੱਲ ਨੂੰ ਤਸਲੀਮ ਕਰਦਾ ਹਾਂ। ਮੈਂ ਜ਼ਰੂਰ ਕਹਾਂਗਾ ਕਿ ਮੇਰੇ ਸਾਹਮਣੇ ਬੈਠੇ ਸਾਥੀ ਗੁੱਸਾ ਨਾ ਕਰਨ, ਬੀ.ਐਸ.ਪੀ. ਦੇ ਸਾਥੀ ਸ਼ਡਿਊਲਡ ਕਾਸਟ ਨਾਲ ਸਬੰਧ ਰੱਖਦੇ ਹਨ, ਅੱਜ ਜੋ ਲੀਡਰ ਆਏ ਹਨ ਉਹ ਸਾਡੇ ਸਾਹਮਣੇ ਹਨ। ਸ੍ਰੀ ਕਾਂਸ਼ੀ ਰਾਮ ਜੀ, ਰਾਮ ਵਿਲਾਸ ਪਾਸਵਾਨ ਵੀ ਆਏ ਹਨ ਅਤੇ ਸਾਰੇ ਦੂਸਰੇ ਦੋਸਤ ਵੀ ਆਏ ਹਨ। ਇਹ ਬੜੀ ਖੁਸ਼ੀ ਦੀ ਗੱਲ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸਲੀ ਦੁੱਧ ਨੂੰ ਜਾਗ ਲਗਾਉਣ ਵਾਲਾ ਕੌਣ ਸੀ? ਉਹ ਸੀ ਮਹਾਤਮਾ ਗਾਂਧੀ। ਇਸ ਗੱਲ ਤੋਂ ਅਸੀਂ ਮੁਨਕਰ ਨਹੀਂ ਹੋ ਸਕਦੇ। ਸਮਾਜ ਨੂੰ ਉੱਪਰ ਚੁੱਕਣ ਵਾਸਤੇ ਅਸੀਂ ਵੀ ਬੜੇ ਉਪਰਾਲੇ ਕੀਤੇ ਹਨ। ਸਪੀਕਰ ਸਾਹਿਬ, ਅਸੀਂ ਕਾਫੀ ਸਾਲਾਂ ਤੋਂ ਅਸੈਂਬਲੀ ਦੇ ਅੰਦਰ ਅਤੇ ਬਾਹਰ ਬੜੇ ਉਪਰਾਲੇ ਕਰਦੇ ਰਹੇ ਕਿ ਅਸੀਂ ਬਰਾਬਰੀ ਲਿਆਈਏ। ਸੋ, ਬਰਾਬਰੀ ਆਉਣੀ ਸ਼ੁਰੂ ਹੋਈ ਪਰ ਮੈਂ ਜ਼ਰੂਰ ਕਹਾਂਗਾ ਕਿ ਹਾਲੇ ਵੀ ਅਸਲੀ ਬਰਾਬਰੀ ਲਿਆਉਣ ਦਾ ਜਿਹੜਾ ਸੁਪਨਾ ਸੀ, ਉਹ ਪੂਰਾ ਨਹੀਂ ਹੋਇਆ। ਬੜੇ ਸਾਲ ਹੋ ਗਏ, ਵੈਲਫੇਅਰ ਡਿਪਾਰਟਮੈਂਟ ਨੂੰ ਖੜ੍ਹਾ ਕੀਤਾ ਗਿਆ ਅਤੇ ਵੈਲਫੇਅਰ ਡਿਪਾਰਟਮੈਂਟ ਨੂੰ ਕੰਮ ਕਰਨ ਦਾ ਕਾਫੀ ਚਾਅ ਵੀ ਰਿਹਾ। ਸ਼ਡਿਊਲਡ ਕਾਸਟ ਵਾਸਤੇ ਵੀ ਬੜਾ ਕੁੱਝ ਕੀਤਾ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਵੈਲਫੇਅਰ ਡਿਪਾਰਟਮੈਂਟ ਦੀ ਵਰਕਿੰਗ ਪਿਛਲੇ ਕੁੱਝ ਸਾਲਾਂ ਅੰਦਰ ਵਿਗੜ ਗਈ ਅਤੇ ਵੈਲਫੇਅਰ ਡਿਪਾਰਟਮੈਂਟ ਤੋਂ ਜੋ ਸਾਨੂੰ ਆਸ਼ਾਵਾਂ ਸਨ, ਉਹ ਆਸ਼ਾਵਾਂ ਨਾ ਰਹੀਆਂ। ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਇਹ ਗੱਲ ਸੋਚੀਏ ਕਿ ਜੋ ਸਾਡੇ ਸ਼ਡਿਊਲਡ ਕਾਸਟ ਭਰਾ ਹਨ, ਉਨ੍ਹਾਂ ਵਾਸਤੇ ਪਾਲਿਸੀ ਕਿਸ ਤਰ੍ਹਾਂ ਬਣਨੀ ਹੈ ਅਤੇ ਕਿਸ ਤਰ੍ਹਾਂ ਬਣਨੀ ਚਾਹੀਦੀ ਹੈ। ਪਿਛਲੇ ਸਾਲਾਂ ਅੰਦਰ ਰਹਿਸ-ਮੁਬਾਹਸਾ ਵੀ ਹੋਇਆ। ਅੱਜ ਮੈਨੂੰ ਅਫਸੋਸ ਹੁੰਦਾ ਹੈ ਕਿ ਕਈ ਵਾਰ ਅਜਿਹੇ ਵਰਗ ਹੁੰਦੇ ਹਨ, ਸਾਰੇ ਇੱਕ ਜਿਹੇ ਨਹੀਂ ਹੁੰਦੇ, ਜੇ ਸਾਰੇ ਹਿੰਦੁਸਤਾਨ ਦੀ ਕੰਡੀਸ਼ਨ ਅਤੇ ਪੁਜੀਸ਼ਨ ਨੂੰ ਸਾਹਮਣੇ ਰੱਖੀਏ ਤਾਂ ਬੜੇ ਕਾਂਡ ਹੋਏ ਜਿੱਥੇ ਲੈਂਡ ਲਾਰਡਜ਼ ਨਹੀਂ ਚਾਹੁੰਦੇ, ਮੈਂ ਕਹਾਂਗਾ ਕਿ ਅੱਜ ਜਿਹੜੇ ਲੈਂਡ ਲਾਰਡ ਹਨ ਉਨ੍ਹਾਂ ਦੀ ਵੱਖਰੀ ਜਮਾਤ ਬਣ ਸਕਦੀ ਹੈ, ਅੱਜ ਵਾਰਨਿੰਗ ਇਸ ਗੱਲ ਦੀ ਦੇਣੀ ਚਾਹੁੰਦਾ ਹਾਂ ਕਿ ਜੋ ਵੈਸਿਟਡ ਇੰਟਰੈਸਟ ਪਾਰਟੀ ਆਵੇਗੀ ਤੇ ਗਰੀਬ ਆਦਮੀਆਂ ਦੀ ਮਦਦ ਨਹੀਂ ਕਰਨਗੇ ਤਾਂ ਲੋਕ ਉਨ੍ਹਾਂ ਨੂੰ ਪੁੱਛ ਕੇ ਰੱਖ ਦੇਣਗੇ। ਜੇਕਰ ਪਿਛਲੀ ਝਾਤੀ ਮਾਰੀਏ, ਤਾਂ ਭਾਰਤ ਅੰਦਰ ਜੋ ਕੁੱਝ ਹੋਇਆ, ਉਹ ਸ਼ਰਮਨਾਕ ਹੈ। ਗਰੀਬ ਆਦਮੀ ਮਾਰੇ ਗਏ ਹਨ। ਉਨ੍ਹਾਂ ਦਿਨਾਂ ਅੰਦਰ ਜੋ ਬੰਦੇ ਮਾਰੇ ਗਏ ਹਨ ਉਹ ਗਰੀਬ ਸਨ ਅਤੇ ਉਨ੍ਹਾਂ ਦਾ ਕੋਈ ਸਹਾਰਾ ਨਹੀਂ ਸੀ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਜੋ ਦੰਗੇ ਹੋਏ, ਮੈਂ ਕਿਸੇ ਤੇ ਚਿੱਕੜ ਨਹੀਂ ਸੁੱਟਾਂਗਾ ਸਾਰੇ ਹਿੰਦੁਸਤਾਨ ਵਿਚ ਜਾਤ ਪਾਤ ਕਾਰਨ ਜੋ ਬੰਦੇ ਮਾਰੇ ਗਏ, ਉਹ ਗਰੀਬ ਸਨ। ਉਹ ਹਿੰਦੂ ਸਨ ਜਾਂ ਮੁਸਲਮਾਨ ਸਨ ਜਾਂ ਸ਼ਡਿਊਲਡ ਕਾਸਟ ਸਨ ਪਰ ਉਹ ਗਰੀਬ ਬੰਦੇ ਸਨ ਅਤੇ ਉਨ੍ਹਾਂ ਦਾ ਸਹਾਰਾ ਨਹੀਂ ਸੀ। ਮੈਨੂੰ ਦਿੱਲੀ ਅੰਦਰ ਦੇਸ਼ ਦੇ ਇੱਕ ਲੀਡਰ ਨੇ ਗੱਲ ਸੁਣਾਈ ਕਿ ਇੱਕ ਗਰੀਬ ਮੁੰਡਾ ਬਾਹਰ ਖੇਤਾਂ ਵਿਚ ਜੰਗਲ-ਪਾਣੀ ਲਈ ਗਿਆ। ਗਰੀਬ ਆਦਮੀ ਸੀ ਜਿਸ ਕਰਕੇ ਉਸ ਕੋਲ ਟਾਇਲਟ ਨਹੀਂ ਸੀ, ਘਰ ਬਾਥਰੂਮ ਨਹੀਂ ਸੀ। ਜਦੋਂ ਉਹ ਬਾਹਰ ਗਿਆ ਤਾਂ ਸਾਹਿਬ ਦੇ ਠੇਕੇਦਾਰਾਂ ਨੇ ਗੋਲੀ ਮਾਰ ਦਿੱਤੀ ਅਤੇ ਮਾਰਿਆ ਗਿਆ। ਜਿਸ ਵੇਲੇ ਉਹ ਮਰਿਆ ਤਾਂ ਉਸ ਦਾ ਨਾੜਾ ਖੁੱਲ੍ਹਾ ਪਿਆ ਸੀ। ਮੈਨੂੰ ਇਸ ਗੱਲ ਦਾ ਬੜਾ ਭਾਰੀ ਅਫਸੋਸ ਹੈ। ਇਸ ਨੂੰ ਰੋਕਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਸ ਸਦਨ ਵਿਚ ਅਕਾਲੀ ਦਲ ਦੀ ਸਰਕਾਰ ਕਈ ਵਾਰ ਬਣੀ। ਇਹ ਖੁਸ਼ੀ ਦੀ ਗੱਲ ਹੈ ਕਿ ਲੋਕਾਂ ਨੇ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੂੰ ਵੋਟਾਂ ਪਾਈਆਂ ਪਰ ਮੈਂ ਇਸ ਗੱਲ ਨੂੰ ਚੰਗੀ ਤਰ੍ਹਾਂ ਘੋਖ ਕੇ ਦੇਖਿਆ ਕਿ ਜਦੋਂ ਵੀ ਅਕਾਲੀ ਦਲ ਦੀ ਹਕੂਮਤ ਬਣੀ, ਪੰਜਾਬ ਅੰਦਰ ਝਗੜੇ ਹੋਏ, ਜਿਨ੍ਹਾਂ ਲੋਕਾਂ ਦੀਆਂ ਜ਼ਮੀਨਾਂ ਸਨ ਅਤੇ ਜਿਨ੍ਹਾਂ ਦੀਆਂ ਜ਼ਮੀਨਾਂ ਨਹੀਂ ਸਨ, ਦਿਹਾੜੀਦਾਰਾਂ ਦਾ ਰੌਲਾ ਪਿਆ, ਬਾਹਰ ਜਾਣ ਦਾ ਰੌਲਾ ਪਿਆ। ਹਰ ਇੱਕ ਗੱਲ ਦਾ ਰੌਲਾ ਪਿਆ। ਇਸ ਲਈ ਪਛੜੇ ਵਰਗਾਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਵਿਚ ਬਰਾਬਰੀ ਨਹੀਂ ਆਈ ਹੈ ਔਰ ਲੜ ਇਸ ਗੱਲ ਦੀ ਹੈ ਕਿ ਬਰਾਬਰੀ ਲਿਆ ਕੇ ਜੋ ਪਛੜੇ ਦੋਸਤ ਹਨ ਉਨ੍ਹਾਂ ਨੂੰ ਇਹ ਸਮਝੀਏ ਕਿ ਉਹ ਸਾਡੇ ਵਰਗੇ ਹਨ।

ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਦੋ ਚਾਰ ਗੱਲਾਂ, ਸਪੀਕਰ ਸਾਹਿਬ, ਸਾਡੀ ਸਰਕਾਰ ਦੇ ਆਉਣ ਤੇ ਮੇਰੇ ਧਿਆਨ ਵਿੱਚ ਆਈਆਂ। ਬੈਕਲਾਗ ਦੀ ਗੱਲ ਵੀ ਮੇਰੇ ਧਿਆਨ ਵਿਚ ਆਈ ਔਰ ਬੈਕਲਾਗ ਵਾਸਤੇ ਅਸੀਂ ਇਕ ਕਮੇਟੀ ਬਣਾਈ ਹੈ ਜਿਸ ਦਾ ਚੇਅਰਮੈਨ ਮੈਂ ਆਪ ਬਣਿਆ ਹਾਂ। ਦੋ ਮੀਟਿੰਗਾਂ ਉਸ ਦੀਆਂ ਹੋਈਆਂ ਹਨ। ਮੈਂ ਅਜ ਸਦਨ ਦੇ ਸਾਹਮਣੇ ਇਹ ਗੱਲ ਰਖਣਾ ਚਾਹੁੰਦਾ ਹਾਂ ਕਿ ਅਗਲੇ ਸਾਲ ਦੇ ਅੰਦਰ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਬੈਕਲਾਗ ਨੂੰ ਪੂਰਾ ਕਰੀਏ (ਥੰਪਿੰਗ) ਔਰ ਪੂਰਾ ਲਿਆ ਕੇ ਤੁਹਾਡੇ ਸਾਹਮਣੇ ਅਸੀਂ ਰੱਖ ਦੇਈਏ।

ਦੂਸਰੀ ਗੱਲ, ਸਪੀਕਰ ਸਾਹਿਬ, ਮੈਂ ਰਿਜ਼ਰਵੇਸ਼ਨ ਐਕਟ ਦੇ ਮੁਤੱਲਕ ਕਰਦਾ ਹਾਂ। ਪਿਛਲੇ ਹਾਊਸ ਵਿੱਚ ਵੀ ਮੈਂ ਕਿਹਾ ਸੀ। ਰਿਜ਼ਰਵੇਸ਼ਨ ਐਕਟ ਤਕਰੀਬਨ ਤਿਆਰ ਕੀਤਾ ਪਿਆ ਹੈ, ਥੋੜ੍ਹੀਆਂ ਬਹੁਤ ਕਮੀਆਂ ਹਨ, ਥੋੜ੍ਹੀਆਂ ਬਹੁਤੀਆਂ ਉਸ ਦੇ ਅੰਦਰ ਮੈਂ ਸਮਝਦਾ ਹਾਂ ਕਿ ਕਮਜ਼ੋਰੀਆਂ ਹਨ ਔਰ ਝਗੜਾ ਵੀ ਹੈ। ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਜ਼ਾਤ ਪਾਤ ਦਾ ਮਸਲਾ ਇਤਨਾ ਵੱਧ ਗਿਆ ਹੈ ਕਿ ਅੱਜ ਮੈਂ ਦੇਖਦਾ ਹਾਂ ਕਿ ਗੱਲ ਗੋਤਾਂ ਤੇ ਚਲੀ ਗਈ ਹੈ, ਇਹ ਜ਼ਾਤ ਪਾਤ ਤੇ ਨਹੀਂ ਰਹੀ। ਰਿਜ਼ਰਵੇਸ਼ਨ ਐਕਟ ਦੀ ਮੈਂ ਗੱਲ ਕਰ ਰਿਹਾ ਸੀ, ਮੈਂ ਕਹਿਣਾ ਚਾਹੁੰਦਾ ਹਾਂ ਕਿ ਰਿਜ਼ਰਵੇਸ਼ਨ ਜਿਹੜੀ ਹੈ ਉਹ ਗਰੀਬ ਆਦਮੀ ਵਾਸਤੇ ਹੈ ਔਰ ਜੇ ਅਸੀਂ ਇਹ ਲੜੀਏ ਕਿ ਸਾਡੀ ਜਾਤ ਰਾਮਦਾਸੀਆ ਹੈ, ਸਾਡੀ ਜਾਤ ਮਜ਼ਹਬੀ ਹੈ, ਸਾਡੀ ਜਾਤ ਬਾਲਮੀਕੀ ਹੈ, ਮੈਂ ਇਸ ਗੱਲ ਵਿਚ ਬਿਲੀਵ ਨਹੀਂ ਕਰਦਾ, ਸਪੀਕਰ ਸਾਹਿਬ, ਠੀਕ ਹੈ ਜਿਹੜੀਆਂ ਗੱਲਾਂ ਹੋਈਆਂ ਹੁੰਦੀਆਂ ਤੁਰੀਆਂ ਆਉਂਦੀਆਂ ਹਨ। ਸਾਡਾ ਜਿਹੜਾ ਪੱਛੜਾ ਵਰਗ ਹੈ ਜਿਨ੍ਹਾਂ ਨੂੰ ਸਮਾਜ ਨੇ ਸਦੀਆਂ ਤੋਂ ਪਿੱਛੋਂ ਰਖਿਆ ਹੈ ਉਨ੍ਹਾਂ ਦਾ ਹੱਕ ਹੈ ਕਿ ਉਨ੍ਹਾਂ ਨੂੰ ਅਸੀਂ ਅਗੇ ਕਰੀਏ। ਮੈਂ ਰਿਜ਼ਰਵੇਸ਼ਨ ਐਕਟ ਦੀ ਗੱਲ ਕਰ ਰਿਹਾ ਸੀ ਕਿ ਉਸ ਦੇ ਵਿੱਚ ਥੋੜ੍ਹੀਆਂ ਬਹੁਤ ਕਮਜ਼ੋਰੀਆਂ, ਜਿਹੜੀਆਂ ਮੈਂ ਕਹੀਆਂ ਹਨ ਉਨ੍ਹਾਂ ਨੂੰ ਦੂਰ ਕਰਕੇ ਅਗਲੇ ਸੈਸ਼ਨ ਦੇ ਅੰਦਰ ਉਸ ਰਿਜ਼ਰਵੇਸ਼ਨ ਐਕਟ ਨੂੰ ਲਿਆਉਣ ਦਾ ਯਤਨ ਪੂਰਾ ਕਰਾਂਗੇ (ਥੰਪਿੰਗ) ਫਿਰ ਮੈਂ ਸਮਝਦਾ ਹਾਂ ਕਿ ਸਾਡਾ ਵਾਇਦਾ ਪੂਰਾ ਹੋਵੇਗਾ ਔਰ ਉਸ ਦੇ ਵਿੱਚ ਤੁਸੀਂ ਸਾਡੀ ਦਾਦ ਫਿਰ ਹੀ ਦੇ ਸਕੋਗੇ ਕਿਉਂਕਿ ਅੱਜ ਮੈਂ ਫਿਰ ਵਾਇਦਾ ਕੀਤਾ ਹੈ ਪਰ ਕਿਉਂਕਿ ਕੁਝ ਕਮਜ਼ੋਰੀਆਂ ਸਨ, ਜਿਹੜੀਆਂ ਮੈਂ ਕਹੀਆਂ। ਜਿਹੜੀ ਜ਼ਾਤ ਪਾਤ ਦੀ ਗੱਲ ਹੈ ਮੈਂ ਵੀ ਦੇਖਿਆ ਹੈ ਤੁਸੀਂ ਵੀ, ਸਪੀਕਰ ਸਾਹਿਬ, ਦੇਖਿਆ ਹੋਣਾ ਹੈ ਕਿ ਪਿੰਡਾਂ ਦੇ ਅੰਦਰ ਜਾਂ ਸ਼ਹਿਰਾਂ ਦੇ ਅੰਦਰ ਸ਼ਡਿਊਲਡ ਕਾਸਟਸ ਦੀਆਂ ਬਸਤੀਆਂ ਜੋ ਹਨ ਚਾਹੇ ਬਾਲਮੀਕੀਆਂ ਦੀਆਂ ਹੋਣ ਮਜ਼ਹਬੀਆਂ ਦੀਆਂ ਹੋਣ ਜਾਂ ਰਾਮਦਾਸੀਆਂ ਦੀਆਂ ਹੋਣ ਉਹ ਬਸਤੀਆਂ ਅਲੱਗ ਅਲੱਗ ਹਨ। ਉਹ ਵੀ ਸਾਡਾ ਜੋ ਜੀਵਨ ਹੈ, ਸਾਡਾ ਜੋ ਸਮਾਜ ਹੈ ਉਸ ਤੇ ਧੱਬਾ ਹੈ। ਕਦੇ ਸਮਾਂ ਉਹ ਆਵੇਗਾ। ਮੈਂ ਤਾਂ ਹੈਰਾਨ ਹਾਂ ਇਸ ਗੱਲ ਤੇ ਸਪੀਕਰ ਸਾਹਿਬ, ਗਿਆਨੀ ਜ਼ੈਲ ਸਿੰਘ ਜੀ ਜਦੋਂ ਇਥੇ ਚੀਫ ਮਨਿਸਟਰ ਸਨ ਤਾਂ ਉਨ੍ਹਾਂ ਨੇ ਕੁਝ ਪਲਾਟ ਦਿੱਤੇ, ਪਲਾਟ ਦੂਰ ਦੂਰ ਦਿੱਤੇ, ਇਹ ਮੈਂ ਮੰਨ ਲੈਂਦਾ ਹਾਂ ਇਸ ਗੱਲ ਨੂੰ। ਪਲਾਟ ਦੂਰ ਦੂਰ ਦੇਣ ਨਾਲ ਲੋਕਾਂ ਨੇ ਉਥੇ ਮਕਾਨ ਨਹੀਂ ਪਾਏ ਔਰ ਜੋ ਮਕਾਨ ਬਣਾ ਕੇ ਦਿੱਤੇ ਉਹ ਆਕੂਪਾਈ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨਹੀਂ ਹੋਏ। ਇਸ ਦਾ ਮਤਲਬ ਇਹ ਸੀ ਕਿ ਇਕ ਇਨਸਟਿੰਕਟ ਸੀ ਕਿ ਇਕ ਪਿੰਡ ਦੇ ਅੰਦਰ ਇਕੱਠੇ ਰਹਿਣ ਔਰ ਜੋ ਇਨਸਟਿੰਕਟ ਸੀ ਉਸ ਇਨਸਟਿੰਕਟ ਦੇ ਮੁਤਾਬਿਕ ਉਹ ਇਕੱਠੇ ਰਹਿਣੇ ਚਾਹੀਦੇ ਸਨ ਲੇਕਿਨ ਮੈਂ ਪਿੰਡਾਂ ਵਿੱਚ ਦੇਖਿਆ ਹੈ, ਸਪੀਕਰ ਸਾਹਿਬ, ਕਿ ਪਾਣੀ ਦਾ ਜਦੋਂ ਮਸਲਾ ਆਉਂਦਾ ਹੈ, ਮੈਂ ਆਪਣੇ ਤਜਰਬੇ ਤੋਂ ਗੱਲ ਕਰ ਕਹਿ ਰਿਹਾ ਹਾਂ, ਸ਼ਡਿਊਲਡ ਕਾਸਟਸ ਵਾਸਤੇ ਪੈਸੇ ਦਿੰਦੇ ਰਹੇ ਉਨ੍ਹਾਂ ਦੇ ਮੁਹੱਲੇ ਪੱਕੇ ਕਰਨ ਵਾਸਤੇ ਪਰ ਜਦੋਂ ਪਾਣੀ ਦੇ ਨਿਕਾਸ ਦੀ ਗੱਲ ਆਈ ਹੈ ਤਾਂ ਜਿਹੜਾ ਤਕੜਾ ਵਰਗ ਹੈ ਉਸ ਨੇ ਕਿਹਾ ਕਿ ਅਸੀਂ ਪਾਣੀ ਇਧਰ ਦੀ ਨਹੀਂ ਨਿਕਲਣ ਦੇਣਾ। ਬੜਾ ਭਾਰਾ ਰੌਲਾ ਪੈਂਦਾ ਰਿਹਾ। ਕਿਸ ਤਰ੍ਹਾਂ ਇਹ ਗੱਲ ਬਰਦਾਸ਼ਤ ਕੀਤੀ ਜਾ ਸਕਦੀ ਹੈ? ਗੰਦਾ ਪਾਣੀ ਹੈ, ਨਹਾ ਕੇ ਪਾਣੀ ਸੁਟਿਆ ਗਿਆ ਹੈ। ਪਾਣੀ ਕਿਸੇ ਦਾ ਵੀ ਹੋਵੇ, ਗੰਦਾ ਪਾਣੀ ਆਖਿਰਕਾਰ ਗੰਦਾ ਪਾਣੀ ਹੀ ਹੈ। ਮੈਂ ਸਮਝਦਾ ਹਾਂ ਕਿ ਯਤਨ ਕੀਤਾ ਜਾਵੇ, ਇਨ੍ਹਾਂ ਦੀ ਡਿਵੈਲਪਮੈਂਟ ਵਾਸਤੇ ਜੋ ਪੈਸਾ ਰਖਿਆ ਹੈ ਉਸ ਦੇ ਵਿੱਚ ਅਸੀਂ ਫੈਸਲਾ ਕੀਤਾ ਹੈ ਕਿ ਜੋ ਪਿੰਡ ਪੱਕੇ ਹੋਣੇ ਹਨ ਪਹਿਲਾਂ ਪੱਕਾ ਮਹੱਲਾ ਹੋਇਆ ਕਰੇਗਾ ਫਿਰ ਦੂਸਰੀ ਗੱਲ ਕਰਿਆ ਕਰਾਂਗੇ। (ਥੰਪਿੰਗ) ਇਹ ਵੀ ਅਸੀਂ ਫੈਸਲਾ ਕੀਤਾ ਕੀ ਅਸੀਂ ਵੈਲਫੇਅਰ ਡੀਪਾਰਟਮੈਂਟ ਨੂੰ ਪਾਲਿਸੀ ਦਿੱਤੀ ਜਦੋਂ ਪਾਲਿਸੀ ਬਣਾਉਣ ਲਗੇ, ਮੈਂ ਕਿਹਾ ਕਿ ਜ਼ਾਤਪਾਤ ਦਾ ਝਗੜਾ ਰਹੇਗਾ ਅਸੀਂ ਉਹ ਝਗੜਾ ਬਰਦਾਸ਼ਤ ਨਹੀਂ ਕਰ ਸਕੇ। ਮੈਂ ਗੱਲ ਦੂਸਰੇ ਪਾਸੇ ਲੈ ਗਿਆ ਹਿੰਦੁਸਤਾਨ ਵੱਲ। ਬੜੀਆਂ ਲੜਾਈਆਂ ਹੋਈਆਂ ਸਵਰਨ ਜਾਤੀਆਂ ਦੀਆਂ, ਅੱਜ ਕੋਈ ਜ਼ਾਤ ਕਹਿਣੀ ਤਾਂ ਨਹੀਂ ਚਾਹੀਦੀ ਅਤੇ ਸਾਰੀਆਂ ਜਾਤੀਆਂ ਇਕੋ ਜਿਹੀਆਂ ਹੋਣੀਆਂ ਚਾਹੀਦੀਆਂ ਹਨ। ਪਾਲਿਸੀ ਤਾਂ ਬਣਾਉਣੀ ਸੀ, ਰੋਸਟਰ ਮੈਰਿਟ ਕਮ ਸੀਨੀਆਰਿਟੀ ਦਾ ਕਰ ਰਹੇ ਹਾਂ ਲੇਕਿਨ ਰੋਸਟਰ ਉੱਤੇ ਪੂਰੀ ਗਲ ਸਿਰੇ ਨਹੀਂ ਚੜ੍ਹਨੀ (ਥੰਪਿੰਗ) ਜੇ ਰੋਸਟਰ ਤੇ ਗੱਲ ਪੂਰੀ ਸਿਰੇ ਚੜ੍ਹਦੀ ਰਹਿੰਦੀ ਤਾਂ ਰਿਜ਼ਰਵੇਸ਼ਨ ਪੂਰੀ ਹੋ ਜਾਣੀ ਸੀ। ਸਪੀਕਰ ਸਾਹਿਬ, ਮੈਂ ਬੇਨਤੀ ਕਰਾਂ ਕਿ 11 ਕਰੋੜ ਰੁਪਿਆ ਵੈਲਫੇਅਰ ਡਿਪਾਰਟਮੈਂਟ ਨੂੰ ਦਿੱਤਾ ਗਿਆ ਹੈ ਅਤੇ ਕਿਹਾ ਹੈ ਕਿ ਪਹਿਲਾਂ ਇਨ੍ਹਾਂ ਦਾ ਆਲਾ-ਦੁਆਲਾ ਠੀਕ ਕਰੋ। ਮੈਂ ਕਿਹਾ ਕਿ ਪਹਿਲਾਂ ਇਨ੍ਹਾਂ ਦੀਆਂ ਟੁਆਇਲੈਟਸ ਬਣਾ ਕੇ ਵਿਖਾਓ। ਜ਼ਮਾਨਾ ਬੜੀ ਤਰੱਕੀ ਕਰ ਗਿਆ ਹੈ, ਹਾਲੇ ਵੀ ਕਈ ਬਾਹਰਲੇ ਬੰਦੇ ਮਿਲਦੇ ਹਨ ਉਹ ਕਹਿੰਦੇ ਹਨ ਕਿ ਤੁਹਾਡੇ ਪਿੰਡਾਂ ਵਿਚ ਸਾਰੇ ਆਦਮੀ ਅਤੇ ਸਾਰੀਆਂ ਔਰਤਾਂ ਰਫ਼ਾ-ਏ-ਹਾਜ਼ਤ ਵਾਸਤੇ ਖੇਤਾਂ ਵਿਚ ਜਾਂਦੇ ਹਨ। ਇਹ ਬੜਾ ਭਾਰੀ ਧੱਬਾ ਹੈ, ਇਸ ਲਈ ਇਸ ਦੇ ਵਾਸਤੇ, ਸਪੀਕਰ ਸਾਹਿਬ, ਅਸੀਂ ਪੈਸੇ ਰਖੇ ਹਨ ਅਤੇ ਪੰਜ-ਪੰਜ, ਛੇ-ਛੇ ਪਿੰਡ ਲੈ ਕੇ ਅਨੁਸੂਚਿਤ ਜਾਤੀਆਂ ਵਾਸਤੇ ਟਾਇਲੈਟ ਬਣਾ ਕੇ ਦਿਆਂਗੇ। ਇਸ ਨਾਲ ਸਾਰਿਆਂ ਨੂੰ ਰਾਹਤ ਮਿਲੇਗੀ। ਆਜ਼ਾਦੀ ਦਾ ਕੀ ਫਾਇਦਾ ਹੋਇਆ ਇਨ੍ਹਾਂ ਨੂੰ ਵੀ ਮਹਿਸੂਸ ਹੋਵੇ। ਆਜ਼ਾਦੀ ਮਗਰੋਂ ਮਹਾਤਮਾਂ ਗਾਂਧੀ ਜੀ ਨੇ ਕਿਹਾ ਸੀ, ਉਸਦੀਆਂ ਲਿਖਤਾਂ, ਸਪੀਕਰ ਸਾਹਿਬ, ਕੋਈ ਪੜ੍ਹਦਾ ਨਹੀਂ, ਕਿ ਹੁਣ ਉਹ ਸਰਕਾਰ ਚੰਗੀ ਮੰਨੀ ਜਾਏਗੀ ਜੋ ਸਰਕਾਰ ਲੋਐਸਟ ਆਦਮੀ ਯਾਨੀ ਗਰੀਬ ਤੋਂ ਗਰੀਬ ਆਦਮੀ ਵਾਸਤੇ ਕੁਝ ਕਰੇਗੀ। ਜਿਹੜੀ ਸਰਕਾਰ ਇਨ੍ਹਾਂ ਵਾਸਤੇ ਕੁਝ ਨਹੀਂ ਕਰੇਗੀ ਉਹ ਸਰਕਾਰ ਸਰਕਾਰ ਨਹੀਂ ਮੰਨੀ ਜਾਏਗੀ। ਮੈਂ ਸਮਝਦਾ ਹਾਂ ਕਿ ਮਹਾਤਮਾ ਗਾਂਧੀ ਦਾ ਇਹ ਫ਼ਰਮਾਨ ਦਰੁਸਤ ਹੈ।

ਸਪੀਕਰ ਸਾਹਿਬ, ਇਥੇ ਬੜੇ ਚਰਚੇ ਹੋਏ ਕਿ ਕਰਜ਼ੇ ਮਾਫ ਨਹੀਂ ਹੋਏ। ਮੈਂ ਕਹਿਣਾ ਚਾਹੁੰਦਾ ਹਾਂ ਕਿ 385 ਲੱਖ ਰੁਪਿਆ ਜਿਹੜਾ ਕਿ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਨੇ ਕਰਜ਼ਾ ਦਿੱਤਾ ਸੀ ਉਹ ਟੋਟਲ ਮਾਫ਼ ਕੀਤਾ ਗਿਆ ਹੈ ਇਕ ਪੈਸਾ ਵੀ ਨਹੀਂ ਉਗਰਾਹਿਆ। ਕੋਆਪਰੇਟਿਵ ਦਾ ਜਿੰਨਾ ਲੋਨ ਸੀ ਉਹ ਅਸੀਂ ਉਨ੍ਹਾਂ ਕੋਲੋਂ ਨਹੀਂ ਲਿਆ ਪੋਸਟਪੋਨ ਕਰਦੇ ਜਾ ਰਹੇ ਹਾਂ। ਰਿਜ਼ਰਵ ਬੈਂਕ ਆਫ ਇੰਡੀਆ ਨਾਲ ਗਲ ਬਾਤ ਕੀਤੀ ਹੈ, ਰਿਜ਼ਰਵ ਬੈਂਕ ਨੇ ਕਿਹਾ ਹੈ ਕਿ ਜਿਹੜੇ ਕਮਰਸ਼ੀਅਲ ਬੈਂਕ ਹਨ ਉਨ੍ਹਾਂ ਦੇ ਕਰਜ਼ੇ ਮਾਫ ਨਹੀਂ ਕਰਨੇ। ਫਿਰ ਵੀ ਮੈਂ ਰਿਜ਼ਰਵ ਬੈਂਕ ਨਾਲ ਖਤੋਖਿਤਾਬਤ ਕਰ ਰਿਹਾ ਹਾਂ

Original with;
Punjab Vidhan Sabha
Digitized by;
Panjab Digital Library

ਕਿ ਅਸੀਂ ਪੈਸੇ ਦੇਣ ਲਈ ਤਿਆਰ ਹਾਂ ਤੇ ਇਜਾਜ਼ਤ ਦੇ ਦਿੱਤੀ ਜਾਏ। ਮੇਰੀ ਗੱਲ ਬਾਤ ਚਲ ਰਹੀ ਹੈ, ਇਹ ਸਾਰੀਆਂ ਸਕੀਮਾਂ ਅਸੀਂ ਕੀਤੀਆਂ ਹਨ।

ਸਪੀਕਰ ਸਾਹਿਬ, ਜਿਹੜੇ ਬੈਕਵਰਡ ਹਨ ਉਨ੍ਹਾਂ ਲਈ ਵੀ ਅਸੀਂ ਕਮਿਸ਼ਨ ਬਣਾਉਣ ਦੀ ਤਿਆਰੀ ਕਰ ਰਹੇ ਹਾਂ। ਜਿਹੜੀਆਂ ਬੈਕਵਰਡ ਕਲਾਸਿਜ਼ ਹਨ ਉਹ ਇਨ੍ਹਾਂ ਤੋਂ ਥੋੜ੍ਹੀਆਂ ਜਿਹੀਆਂ ਉਪਰ ਹਨ, ਅਸੀਂ ਸੋਚ ਰਹੇ ਹਾਂ ਕਿ ਉਨ੍ਹਾਂ ਨੂੰ ਥੋੜ੍ਹੀ ਜਿਹੀ ਰਾਹਤ ਦੇਈਦੇ ਅਤੇ ਅਸੀਂ ਕਹਿ ਸਕੀਏ ਕਿ ਅਸੀਂ ਬੈਕਵਰਡ ਕਲਾਸਿਜ਼ ਵਾਸਤੇ ਕੁਝ ਕੀਤਾ ਹੈ।

ਸਪੀਕਰ ਸਾਹਿਬ, ਇਥੇ ਕਿਤਾਬਾਂ ਦੀ ਗੱਲ ਹੋ ਰਹੀ ਸੀ। ਮੈਂ ਦੱਸਦਾ ਹਾਂ ਕਿ ਕਿਤਾਬਾਂ ਵਾਸਤੇ, ਵਜ਼ੀਫਿਆਂ ਵਾਸਤੇ ਅਸੀਂ ਵੈੱਲਫੇਅਰ ਡਿਪਾਰਟਮੈਂਟ ਨੂੰ 17 ਕਰੋੜ ਰੁਪਿਆ ਦਿੱਤਾ। ਇਸ ਦੇ ਨਾਲ ਹੀ ਅਸੀਂ ਇਨ੍ਹਾਂ ਗਰੀਬਾਂ ਦੇ ਮਕਾਨਾਂ ਦੀ ਉਸਾਰੀ ਵਾਸਤੇ ਇਸ ਦਫ਼ਾ 9 ਕਰੋੜ ਰੁਪਿਆ ਰਖਿਆ ਹੈ। 9 ਕਰੋੜ ਰੁਪਿਆ ਦਿਤਾ ਜਾਏਗਾ।

---

## EXTENSION OF TIME OF THE SITTING

**Mr. Speaker** : Is it the pleasure of the House that the time of the sitting of the House be extenned for 10 minutes ?

**(Voices : Yes, yes)**

**Mr Speaker** : The time of the sitting of the House is extended upto 1.40 P.M.

---

## DISCUSSION AND VOTING ON DEMANDS FOR GRANTS FOR THE YEAR 1993-94 (*Resumption*)

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਬੜੇ ਸੁਧਾਰ ਕਰਨ ਵਾਲੇ ਹਨ। ਜੋ ਸਪੈਸ਼ਲ ਕੰਪੋਨੈਂਟ ਹੈ ਉਸ ਦੇ ਮੁਤਾਬਕ ਅਸੀਂ ਆਪਣੀ ਕੈਬਨਿਟ ਵਿਚ ਫੈਸਲਾ ਕੀਤਾ ਹੈ ਕਿ ਦੁਬਾਰਾ ਸੋਚ ਲਈਏ ਕਿ ਕਿਸ ਤਰ੍ਹਾਂ ਕਰਨਾ ਹੈ। ਉਸ ਦੇ ਬਾਰੇ ਵੀ ਸੋਚਣਾ ਹੈ ਅਤੇ ਪੈਨਸ਼ਨਾਂ ਦੇ ਬਾਰੇ ਵੀ ਬੜਾ ਭਾਰੀ ਤੌਖਲਾ ਹੈ ਲੋਕਾਂ ਵਿਚ ਵੈਲਫੇਅਰ ਸਟੇਟ ਤਾਂ, ਸਪੀਕਰ ਸਾਹਿਬ, ਉਹ ਹੀ ਹੁੰਦੀ ਹੈ ਜਿਹੜੀ ਸਾਰੇ ਬੁਢਿਆਂ ਨੂੰ ਪੈਨਸ਼ਨ ਦੇਵੇ। ਮੈਂ ਕਲੇਮ ਨਹੀਂ ਕਰਦਾ ਕਿ ਸਾਡੀ ਸਟੇਟ ਜਿਹੜੀ ਹੈ ਇਹ ਇਹ ਵੈੱਲਫੇਅਰ ਸਟੇਟ ਬਣ ਚੁੱਕੀ ਹੈ ਕਿਉਂਕਿ ਜਿਥੇ ਵੱਡੀ ਭਾਰੀ ਜਨਸੰਖਿਆ ਹੋਵੇ, ਜਿਥੇ ਬਰਥ ਰੇਟ ਦੀ ਪਰਵਾਹ ਨਾ ਕੀਤੀ ਜਾਂਦੀ ਹੋਵੇ, ਅਸੀਂ ਕੋਸ਼ਿਸ਼ ਕਰ ਰਹੇ ਹਾਂ, ਸਪੀਕਰ ਸਾਹਿਬ, ਕਿ ਜੋ ਸਾਡੇ ਲੋਕ ਹਨ ਉਨ੍ਹਾਂ ਨੂੰ ਅਸੀਂ ਪੂਰੀ ਰਾਹਤ ਦੇ ਸਕੀਏ ਔਰ ਰਾਹਤ ਦੇ ਕੇ ਕਹਿ ਸਕੀਏ ਕਿ ਪੈਨਸ਼ਨ ਜਿਹੜੀ ਹੈ ਉਹ ਤੁਹਾਨੂੰ ਮਿਲੇਗੀ। (ਥੰਪਿਗ) ਅਸੀਂ 100/- ਰੁਪਏ ਤੋਂ ਵਧਾ ਕੇ ਓਲਡ ਏਜ ਪੈਨਸ਼ਨ 150 ਰੁਪਏ ਕੀਤੀ ਔਰ ਅਸੀਂ ਵਿਡੋਜ਼ ਦੀ ਪੈਨਸ਼ਨ 100/- ਰੁਪਏ ਤੋਂ ਵਧਾ ਕੇ 150 ਰੁਪਏ ਕੀਤੀ। ਅਸੀਂ ਹੈਂਡੀਕੈਪਡ ਦੀ 150 ਰੁਪਏ ਕੀਤੀ ਔਰ ਜੋ ਬੇ-ਸਹਾਰਾ ਬੱਚੇ ਠੀਕ ਹੈ ਕਿ ਹਾਲੇ ਅਸੀਂ ਵਧਾਈ ਨਹੀਂ ਲੇਕਿਨ ਮੈਂ ਅੱਜ ਖਜ਼ਾਨਾ ਮੰਤਰੀ ਸਾਹਿਬ ਨਾਲ ਗੱਲ ਕਰ ਰਿਹਾ ਸਾਂ ਤੇ ਅਸੀਂ ਇਹ ਵੀ ਸੋਚ ਰਹੇ ਹਾਂ ਔਰ ਅੱਜ ਇੱਥੇ ਮੈਂ ਕਹਿ ਦਿੰਦਾ ਹਾਂ ਕਿ ਅਸੀਂ ਬੇਸਹਾਰਾ ਬੱਚੇ ਜੋ ਹਨ ਉਨ੍ਹਾਂ ਦੇ 50/- ਰੁਪਏ ਤੋਂ ਵਧਾ ਕੇ 100/- ਕਰਾਂਗੇ। ਇਹ ਵੀ ਸਾਡਾ ਮਨਸ਼ਾ ਪੂਰਾ ਹੈ ਕਿ 100/- ਰੁਪਏ ਕਰਾਂਗੇ ਅਸੀਂ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਪੀਕਰ ਸਾਹਿਬ, ਦੋ ਗੱਲਾਂ ਕਹਿਣੀਆਂ ਚਾਹੁੰਦਾ ਹਾਂ ਕਿ ਅੱਜ ਲੋੜ ਹੈ ਕਿ ਅਸੀਂ ਇਹ ਜੋ ਪੈਨਸ਼ਨ ਹੈ ਇਸ ਨੂੰ ਮਿਲਣ ਵਾਸਤੇ ਤਕਲੀਫ ਬੜੀ ਹੁੰਦੀ ਹੈ, ਬੜੀ ਜਗ੍ਹਾ ਉਤੇ ਬੁੱਢੇ ਆਦਮੀਆਂ ਨੂੰ ਧੱਕੇ ਖਾਣੇ ਪੈਂਦੇ ਨੇ। ਕਿਤੇ ਹੈਲਥ ਦਾ ਸਰਟੀਫੀਕੇਟ, ਕਿਤੇ ਕਿਸੇ ਐਮ.ਐਲ.ਏ. ਸਾਹਿਬ ਦਾ, ਬੜਾ ਭਾਰੀ ਫਾਰਮ ਬਣਿਆ ਹੋਇਆ ਹੈ ਔਰ ਇਹ ਫਾਰਮ ਉਥੇ ਡੀ.ਸੀ, ਸਾਹਿਬਾਨ ਦੇ ਜ਼ਿਲ੍ਹੇ ਦੇ ਅੰਦਰ ਮਿਲਦੇ ਹਨ ਸਪੀਕਰ ਸਾਹਿਬ, ਮੈਨੂੰ ਤਜਰਬਾ ਇਹ ਹੈ, ਮੈਂ ਐਮ.ਐਲ.ਦੇ ਤੌਰ ਤੇ ਵੈਲਫੇਅਰ ਡਿਪਾਰਟ-ਮੈਂਟ ਦੇ ਅੰਦਰ ਜਾਂਦਾ ਰਿਹਾ ਹਾਂ, ਉਥੇ ਪੈਨਸ਼ਨਾਂ ਮਿਲਦੀਆਂ ਸਨ। ਅਸੀਂ ਵਿਚਾਰ ਕਰ ਰਹੇ ਹਾਂ ਕਿ ਪੁਰਾਣਾ ਸਿਸਟਮ ਕਰ ਦੇਈਏ ਔਰ ਫਾਰਮ ਨੂੰ ਬੜਾ ਸਿੰਪਲ ਬਣਾ ਦੇਈਏ ਤਾਂ ਕਿ ਬੁੱਢਿਆਂ ਨੂੰ ਤਕਲੀਫ ਨਾ ਹੋਵੇ ਔਰ ਵਿੱਡੋਜ਼ ਨੂੰ ਤਕਲੀਫ ਨਾ ਕਰਨੀ ਪਵੇ ਔਰ ਉਹ ਕਰਾਂਗੇ।

ਦੂਸਰੀ ਗੱਲ ਕਹਿਣੀ ਚਾਹੁੰਦਾ ਹਾਂ, ਕਿ ਸਪੀਕਰ ਸਾਹਿਬ, ਬੈਕਫਿਨਕੋ ਵੀ ਸਾਡੀ ਹੈ ਔਰ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਵੀ ਜੋ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਕਹਾਉਂਦੀ ਹੈ, ਇਨ੍ਹਾਂ ਦੋਹਾਂ ਕਾਰਪੋਰੇਸ਼ਨਾਂ ਦੇ ਅੰਦਰ ਜੋ ਕਰਜ਼ਾ ਲੈਣ ਆਉਂਦੇ ਹਨ ਉਨ੍ਹਾਂ ਨੂੰ ਵੀ ਬੜੀ ਭਾਰੀ ਤਕਲੀਫ ਹੁੰਦੀ ਹੈ। ਸਪੀਕਰ ਸਾਹਿਬ, ਉਨ੍ਹਾਂ ਦੇ ਵਾਸਤੇ ਇਕ ਪ੍ਰੋਸੀਜਰ ਬਣਿਆ ਹੋਇਆ ਹੈ। ਇਹ ਪ੍ਰੋਸੀਜਰ ਬੈਂਕ ਦੇ ਰਾਹੀਂ ਹੈ। ਅਸੀਂ ਫੈਸਲਾ ਕਰ ਲਿਆ ਹੈ ਔਰ ਬੜੀ ਜਲਦੀ ਉਸ ਗੱਲ ਨੂੰ ਲਾਗੂ ਕਰਾਂਗੇ ਕਿ ਬੈਂਕਾ ਦੇ ਰਾਹੀਂ ਨਾ ਦੇਈਏ, ਅਸੀਂ ਬੈਂਕਾਂ ਤੋਂ ਪੈਸੇ ਲੈ ਲਈਏ ਔਰ ਅਸੀਂ ਸ਼ਡਿਊਲਡ ਕਾਸਟਸ ਲੈਂਡ ਡਿਵੈਲਪ-ਮੈਂਟ ਐਂਡ ਫ਼ਾਈਨਾਂਸ ਕਾਰਪੋਰੇਸ਼ਨ ਜੋ ਬਣੀ ਹੈ ਉਸ ਦੇ ਰਾਹੀਂ ਦੇ ਦਿਆ ਕਰੀਏ। ਇਹ ਫੈਸਲਾ ਵੀ ਅਸੀਂ ਕੀਤਾ ਹੈ (ਥੰਪਿੰਗ)। ਸਪੀਕਰ ਸਾਹਿਬ, ਸੋ, ਇਹ ਸਕੀਮਾਂ ਜੋ ਅਸੀਂ ਬਣਾਈਆਂ ਹਨ ਉਹ ਅਸੀਂ ਲਾਗੂ ਕਰਾਂਗੇ।

ਮੈਂ ਇਕ ਦੋ ਗੱਲਾਂ ਹੋਰ, ਸਪੀਕਰ ਸਾਹਿਬ, ਕਹਿਣੀਆਂ ਚਾਹੁੰਦਾ ਹਾਂ ਕਿ ਅੱਜ ਲੋੜ ਇਸ ਗੱਲ ਦੀ ਹੈ ਕਿ ਵੈਲਫੇਅਰ ਡਿਪਾਰਟਮੈਂਟ ਨਿਰਾ ਜੇਕਰ ਅਸੀਂ ਕਹੀਏ ਕਿ ਸ਼ਡਿਊਲਡ ਕਾਸਟਸ ਵਾਸਤੇ ਹੈ ਇਹ ਗੱਲ ਦਰੁਸਤ ਨਹੀਂ ਲਗਦੀ, ਹੋਰ ਵੀ ਸੁਧਾਰ ਹੋਣ ਵਾਲਾ ਹੈ। ਮੈਂ ਰੋਜ਼ ਵੇਖਦਾ ਹਾਂ, ਸਪੀਕਰ ਸਾਹਿਬ, ਇਹ ਚਰਚਾ ਇਥੇ ਹੋਈ, ਕਹਿੰਦੇ ਹਨ ਕਿ ਗੋਤ ਕੀ ਹੈ। ਆਖਿਰਕਾਰ ਬੇਸਿਕ ਗੱਲ ਤਾਂ ਸੋਚੀਏ ? ਅਸੀਂ ਇਹ ਸੋਚਣਾ ਹੈ ਕਿ ਰਾਮਦਾਸੀਏ ਰਾਮਦਾਸੀਆਂ ਵਾਲੇ ਪਾਸੇ ਤੁਰੀ ਜਾਣ, ਮਜ਼ਬੀ ਮਜ਼ਬੀਆਂ ਵਾਲੇ ਪਾਸੇ ਤੁਰੀ ਜਾਣ, ਬ੍ਰਾਹਮਣ ਬ੍ਰਾਹਮਣਾਂ ਵਾਲੇ ਪਾਸੇ ਤੁਰੀ ਜਾਣ, ਜੱਟ ਜੱਟਾਂ ਵਾਲੇ ਪਾਸੇ ਤੁਰੀ ਜਾਣ, ਇਹ ਗੱਲ ਤਾਂ ਸਪੀਕਰ ਸਾਹਿਬ, ਕਦੇ ਵੀ ਫਿਰ ਬਣਨੀ ਨਹੀਂ ; ਫਿਰ ਕਦੇ ਸਮਾਜ ਦਾ ਸੁਧਾਰ ਨਹੀਂ ਹੋਣਾ ਔਰ ਨਾ ਕਦੇ ਬਰਾਬਰ ਹੋਣਾ ਹੈ । ਮੈਂ ਇਸ ਗੱਲ ਨਾਲ ਬਿਲਕੁਲ ਸਹਿਮਤ ਹਾਂ ਕਿ ਸਾਨੂੰ ਇਕੱਠੇ ਹੋ ਕੇ ਇਹ ਗੱਲਾਂ ਕਰਨੀਆਂ ਚਾਹੀਦੀਆਂ ਹਨ ਜਿਹੜੀਆਂ ਗੱਲਾਂ ਸਾਨੂੰ ਇਹ ਦੱਸਣ ਕਿ ਸਾਡਾ ਸਮਾਜ ਇਕ ਹੈ ਜਿਤਨਾ ਚਿਰ ਤਕ ਅਸੀਂ ਸਮਾਜ ਨੂੰ ਇਕ ਨਹੀਂ ਬਣਾਵਾਂਗੇ ਗੱਲ ਨਹੀਂ ਬਣਨੀ। ਇਥੇ ਚਰਚਾ ਚਲਦੀ ਰਹੀ ਹੈ ਕਿ ਹਰੀਜਨ ਨਾ ਕਹੋ, ਸ਼ਡਿਊਲਡ ਕਾਸਟ ਕਹੋ। ਕੁਝ ਕਹਿ ਲਵੋ, ਹੈ ਤਾਂ ਪਛੜਿਆ ਹੋਇਆ ਪਰ ਪਛੜੇ ਕਿਉਂ ਕਿਹਾ ਜਾਵੇ? ਕਿੰਨਾ ਚਿਰ ਤਕ ਅਸੀਂ ਅੱਲਗ ਅਲੱਗ ਕਰੀ ਜਾਵਾਂਗੇ ਇਨ੍ਹਾਂ ਲੋਕਾਂ ਨੂੰ ਕਿੰਨਾ ਚਿਰ ਤਕ ਅਸੀਂ ਬਰਾਬਰ ਨਹੀਂ ਲਿਆਵਾਂਗੇ ? ਅੱਜ ਮੈਂ ਦੇਖਦਾ ਹਾਂ ਕਿ ਇੰਟਰ-ਕਾਸਟ ਮੈਰਿਜ ਨਹੀਂ ਹੁੰਦੀ। ਜੇਕਰ ਕਿਸੇ ਦੀ ਇੰਟਰ-ਕਾਸਟ ਮੈਰਿਜ ਹੋ ਜਾਵੇ ਤਾਂ ਹੰਗਾਮਾ ਹੋ ਜਾਂਦਾ ਹੈ। ਜੇਕਰ ਕੋਈ ਮੁੰਡਾ ਸ਼ਡਿਊਲਡ ਕਾਸਟ ਆਈ.ਏ.ਐਸ. ਹੋ ਜਾਵੇ ਤਾਂ ਸਵਰਨ ਜ਼ਾਤੀਆਂ ਆਪਣੀ ਲੜਕੀ ਵਿਆਹੁਣ ਲਈ ਫਟਾ-ਫਟ ਤਿਆਰ ਹੋ ਜਾਂਦੀਆਂ ਹਨ। ਜੇਕਰ ਉਧਰ ਕੋਈ ਵੱਡਾ ਭਾਰੀ ਅਫਸਰ ਹੋਵੇ ਤਾਂ ਸ਼ਡਿਊਲਡ ਕਾਸਟ ਵੀ ਕਹਿੰਦੇ ਹਨ ਕੋਈ ਨਹੀਂ ਸਾਡੀ ਲੜਕੀ ਵਿਆਹੀ ਜਾਵੇ ਆਖਿਰਕਾਰ ਇਹ ਦੋਨੋਂ

Original with;
Punjab Vidhan Sabha
Digitized by;
Panjab Digital Library

ਗੱਲਾਂ ਕਿਸ ਤਰ੍ਹਾਂ ਹੋਣਗੀਆਂ? ਇੰਟਰ-ਕਾਸਟ ਮੈਰਿਜਜ਼ ਨਹੀਂ ਹੋਣਗੀਆਂ ਤਾਂ ਇਹ ਕਿਸ ਤਰ੍ਹਾਂ ਚਲੇਗਾ ? ਜਦੋਂ ਤਕ ਸਾਡੀ ਸੋਚ ਇੰਟਰ-ਕਾਸਟ ਮੈਰਿਜ ਵਾਲੇ ਪਾਸੇ ਨਹੀਂ ਜਾਂਦੀ ਸਾਡੇ ਸਮਾਜ ਦਾ ਸੁਧਾਰ ਨਹੀਂ ਹੋ ਸਕਦਾ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਕੋਲ ਕੋਈ ਬੈਠਾ ਸੀ ਉਸ ਨੇ ਗੱਲ ਕੀਤੀ ਕਿ ਜੇ ਇੰਟਰ-ਕਾਸਟ ਮੈਰਿਜ ਹੋਵੇ ਤਾਂ ਉਹ 6 ਹਜ਼ਾਰ ਰੁਪਿਆ ਉਨ੍ਹਾਂ ਨੂੰ ਦੇਣਗੇ। ਇਸ ਤੇ ਮੈਂ ਕਹਿਣ ਲਗਿਆ ਕਿ ਇੰਟਰ ਕਾਸਟ ਮੈਰਿਜ ਹੋਵੇ ਤਾਂ ਸਹੀ ਅਸੀਂ 10 ਹਜ਼ਾਰ ਰੁਪਿਆ ਵੀ ਦੇ ਦਿਆ ਕਰਾਂਗੇ। ਜੇ ਇਸ ਤਰ੍ਹਾਂ ਨਾਲ ਅਸੀਂ ਮਿਕਸ ਅਪ ਨਹੀਂ ਹੋਵਾਂਗੇ ਤਾਂ ਫਿਰ ਕੀ ਬਣੇਗਾ ? ਸਾਡਾ ਸੁਧਾਰ ਕਿਵੇਂ ਹੋਵੇਗਾ। ਸਪੀਕਰ ਸਾਹਿਬ, ਮਿਕਸ ਅਪ ਹੋਣ ਤੋਂ ਗਲ ਯਾਦ ਆ ਗਈ ਹੈ ਮੈਂ ਲਾਈਟ ਮੂਡ ਵਿਚ ਕਹਿ ਰਿਹਾ ਹਾਂ। ਇਹ ਮੇਰੇ ਪਿਛੇ ਐਨੀਮਲ ਹਸਬੈਂਡਰੀ ਦੇ ਮਨਿਸਟਰ ਬੈਠੇ ਹਨ, ਉਨ੍ਹਾਂ ਨੇ 10 ਹਜ਼ਾਰ ਡੋਜ਼ਿਜ਼ ਸੀਮਨ ਦੇ ਬਾਹਰੋਂ ਮੰਗਵਾਏ ਹਨ ਤਾਂਕਿ ਉਨ੍ਹਾਂ ਗਾਈਆਂ ਨੂੰ ਮਿਕਸ ਅਪ ਕੀਤਾ ਜਾ ਸਕੇ, ਇਕੱਠੀਆਂ ਹੋਣ(ਹਾਸਾ) ਮੈਂ ਹਾਸੇ ਦੇ ਮੂਡ ਵਿਚ ਹੀ ਇਹ ਗੱਲ ਕਹੀ ਹੈ। ਸਪੀਕਰ ਸਾਹਿਬ, ਅੱਜ ਲੋੜ ਇਸ ਗੱਲ ਦੀ ਹੈ ਕਿ ਸਮਾਜ ਦਾ ਸੁਧਾਰ ਹੋਵੇ ਪਰ ਜਿਹੜਾ ਸਮਾਜ ਇਹ ਬੜਾ ਬੇ-ਸੁਧਾ ਹੈ, ਇਹ ਕਿਸੇ ਨੂੰ ਛੱਡਦਾ ਨਹੀਂ, ਕਿਸੇ ਨੂੰ ਜੀਊਣ ਨਹੀਂ ਦਿੰਦਾ। ਜੇ ਕਿਸੇ ਦੀ ਨੌਜਵਾਨ ਲੜਕੀ ਵਿਧਵਾ ਹੋ ਜਾਵੇ ਤਾਂ ਉਸ ਦਾ ਜੇ ਉਹ ਦੋਬਾਰਾ ਵਿਆਹ ਕਰ ਲਵੇ ਤਾਂ ਉਸ ਨੂੰ ਬੁਰੀ ਨਿਗਾਹ ਨਾਲ ਵੇਖਿਆ ਜਾਂਦਾ ਹੈ। ਉਸ ਤੇ ਉਂਗਲੀ ਉਠਾਈ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਿੰਤਨੇ ਸਮੇਂ ਤਕ ਇਹ ਚਲਦਾ ਰਹੇਗਾ। ਸਮਾਜ ਨੂੰ ਸੁਧਾਰਣ ਵਾਸਤੇ ਬਰਾਬਰੀ ਤਾਂ ਲਿਆਉਣੀ ਪਵੇਗੀ। ਅਸੀਂ ਚਾਹੁੰਦੇ ਹਾਂ ਕਿ ਇਹ ਜਿਹੜੀ ਸੁਸਾਇਟੀ ਹੈ ਇਹ ਕਲਾਸਲੈਸ ਹੋਵੇ, ਸਾਡਾ ਸਮਾਜ ਕਾਸਟਲੈਸ ਹੋਵੇ ਤਾਂ ਹੀ ਇਸ ਦਾ ਸੁਧਾਰ ਹੋ ਸਕਦਾ ਹੈ। ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**Demand No. 5**

**Mr. Speaker** : Question is—

That a sum not exceeding Rs. 6,96,17,79,000 on Revenue Account and Rs. 5,88,25,000 on Capital Account be granted to the Governor to defray the charges that will come in course of payment for the year 1993-94 in respect of Education.

*The motion was carried.*

**Demand No. 25**

**Mr. Speaker** : Question is—

That a sum not exceeding Rs. 55,08,96,000 on Revenue Account and Rs. 15,20,000 on Capital Account be granted to the Governor to defray the charges that will come in course of payment for the year 1993-94, in respect of Social and Women's Welfare and Welfare of Scheduled Castes and Backward Classes.

*The motion was carried.*

**Mr. Speaker** : The House stands adjourned till 9.00 A.M. on Thursday, the 18th March, 1993.

*

*1·39 P.M.

*(The Sabha then adjourned till 9.00 A.M. on Thursday, the 18th March, 1993.)*

— — — — —

6817 PVS—Govt. Press, U.T. Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

© 1993

Published under the authority of the Punjab Vidhan Sabha and printed by the Controller, Govt. Press (U. T.), Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha

## Debates

*18th March, 1993*

*(Morning Sitting)*

**Vol. IV-No. 16**

OFFICIAL REPORT

CONTENTS

*Thursday, the 18th March, 1993*


| | Page |
|---|---|
| Starred Questions and Answers .. | (16)1 |
| Walk-Out .. | (16)23 |
| Dharna .. | (16)24 |
| Walk-out .. | (16)26 |
| Presentation of Report of the Committee on Public Accounts .. | (16)26 |
| Discussion and Voting on Demands for Grants for the year 1993-94 .. | (16)26 |



Punjab Vidhan Sabha Secretariat, Chandigarh.

Price Rs 55



Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Thursday, the 18th March, 1993*

*The Vidhan Sabha met in the Punjab Vidhan Sabha Hall, Vidhan Bhavan Sector-1, Chandigarh, at 9-00 A. M. Mr. Speaker (Sardar Harcharn Singh Ajnala) in the Chair.*

## STARRED QUESTIONS AND ANSWERS

### ਰਾਜ ਵਿਚ ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਦੁਆਰਾ ਟਿਊਬਵੈੱਲ ਲਗਾਉਣੇ

*886. **ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਦੁਆਰਾ ਰਾਜ ਵਿਚ ਸਿੰਜਾਈ ਦੇ ਮੰਤਵਾਂ ਲਈ ਹੁਣ ਤਕ ਕੁੱਲ ਕਿੰਨੇ ਟਿਊਬਵੈੱਲ ਲਗਾਏ ਗਏ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਟਿਊਬਵੈੱਲਾਂ ਵਿਚੋਂ ਕੁੱਲ ਕਿੰਨੇ ਟਿਊਬਵੈੱਲ ਇਸ ਸਮੇਂ ਠੀਕ ਤਰ੍ਹਾਂ ਕੰਮ ਕਰ ਰਹੇ ਹਨ ਅਤੇ ਕਿੰਨੇ ਖਰਾਬ ਪਏ ਹਨ ਅਤੇ ਇਸ ਦੇ ਕੀ ਕਾਰਨ ਹਨ ;

(ੲ) ਜਿਹੜੇ ਟਿਊਬਵੈੱਲ ਖਰਾਬ ਪਏ ਹਨ ਉਨ੍ਹਾਂ ਦੀ ਕਦੋਂ ਤਕ ਮੁਰੰਮਤ ਅਤੇ ਮੁੜ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

**Sardar Harcharan Singh Brar** : (a) 1462 tubewells.

(b) 1300 No. tubewells are functioning properly.

**(i) 73 tubewells are permanently sick.**

**(ii) 89 tubewells are under temporary closure due to minor faults.**

(c) (i) 73 tubewells which are permanently sick are being abandoned

(ii) 89 tubewells under b (ii) will be repaired and restarted soon Shortage of funds is hampering the repair work at this time of the financial year.

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਲਗਭਗ 162 ਟਿਊਬਵੈੱਲ ਖਰਾਬ ਪਏ ਹਨ, ਇਹ ਪਿਛਲੇ ਕਿੰਨੇ ਸਮੇਂ ਤੋਂ ਖਰਾਬ ਪਏ ਹਨ ਅਤੇ ਇਨ੍ਹਾਂ ਦੇ ਖਰਾਬ ਹੋਣ ਕਰਕੇ ਕਿੰਨੀ ਜ਼ਮੀਨ ਪ੍ਰਭਾਵਿਤ ਹੋਈ ਹੈ ? ਕੀ ਇਹ ਕੋਈ ਸਮਾਂ ਬੱਧ ਨਿਸ਼ਚਿਤ ਕਰਨਗੇ ਕਿ ਕਿੰਨੇ ਸਮੇਂ ਵਿਚ 89 ਟਿਊਬਵੈੱਲਜ਼ ਜਿਹੜੇ ਮਾਈਨਰ ਫਾਲਟਸ ਕਾਰਨ ਪਏ ਹਨ ਉਨ੍ਹਾਂ ਨੂੰ ਚਾਲੂ ਕਰਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਸ ਦਾ ਸਮਾਂ ਨਹੀਂ ਦੱਸ ਸਕਦਾ, ਲੇਕਿਨ ਜਦੋਂ ਪੈਸੇ ਮਿਲ ਜਾਣਗੇ, ਇਨ੍ਹਾਂ ਨੂੰ ਜਲਦੀ ਤੋਂ ਜਲਦੀ ਚਾਲੂ ਕਰਾ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਜਿਹੜੇ 73 ਟਿਊਬਵੈਲਜ਼ ਬਿਲਕੁਲ ਨਕਾਰਾ ਘੋਸ਼ਿਤ ਕੀਤੇ ਜਾ ਰਹੇ ਹਨ, ਕੀ ਇਨ੍ਹਾਂ ਦਾ ਨਿਕਟ ਭਵਿੱਖ ਵਿਚ 73 ਟਿਊਬਵੈਲਜ਼ ਦੇ ਬਦਲੇ ਨਵੇਂ ਟਿਊਬਵੈਲਜ਼ ਲਗਾ ਕੇ ਗਿਣਤੀ ਪੂਰੀ ਕਰਨ ਦਾ ਕੋਈ ਪ੍ਰੋਗਰਾਮ ਹੈ ?

**ਮੰਤਰੀ** : ਸਪੀਕਰ ਸਾਹਿਬ, ਅਸੀਂ ਨਵੇਂ ਟਿਊਬਵੈਲਜ਼ ਦੇ ਲਈ ਬੋਰ ਕਰ ਰਹੇ ਹਾਂ। ਇਹ ਨਕਾਰਾ ਟਿਊਬਵੈਲ 2-3 ਕਾਰਣਾਂ ਕਰਕੇ ਹੋਏ ਹਨ। ਇਹ ਟਿਊਬਵੈਲਜ਼ 1977 ਦੇ ਲਗੇ ਹੋਏ ਸਨ ਅਤੇ ਇਨ੍ਹਾਂ ਦੀ ਏਜ਼ ਤਕਰੀਬਨ 20 ਸਾਲਾਂ ਦੀ ਹੁੰਦੀ ਹੈ। ਦੂਜਾ ਅੰਡਰਗਰਾਊਂਡ ਵਾਟਰ ਦਾ ਲੈਵਲ ਥੱਲੇ ਚਲਾ ਗਿਆ ਹੈ। ਇਸ ਕਰਕੇ ਨਕਾਰਾ ਘੋਸ਼ਿਤ ਕੀਤੇ ਜਾ ਰਹੇ ਹਨ।

---

### ਡਿਵੀਜ਼ਨਲ ਦਫ਼ਤਰ ਸਬ-ਅਰਬਨ ਫਿਰੋਜ਼ਪੁਰ ਦੇ ਸਦਰ ਮੁਕਾਮ ਨੂੰ ਜਲਾਲਾਬਾਦ ਵਿਖੇ ਬਦਲਣਾ

*927. **ਸ਼੍ਰੀ ਹੰਸ ਰਾਜ ਜੋਸਨ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਰਾਜ ਬਿਜਲੀ ਬੋਰਡ ਦੇ ਕਿੰਨੇ ਸਬ-ਡਿਵੀਜ਼ਨਲ ਦਫ਼ਤਰ ਇਸ ਸਮੇਂ ਵੰਡ ਸਰਕਲ, ਫਿਰੋਜ਼ਪੁਰ ਕੈਂਟ ਦੇ ਅਧੀਨ ਹਨ ਅਤੇ ਉਹ ਕਿਥੇ ਕਿਥੇ ਸਥਿਤ ਹਨ ;

(ਅ) ਕੀ ਸਰਕਾਰ ਦੀ ਸਬ-ਡਿਵੀਜ਼ਨਲ ਦਫ਼ਤਰ ਸਬ-ਅਰਬਨ, ਫਿਰੋਜ਼ਪੁਰ ਦੇ ਸਦਰ ਮੁਕਾਮ ਨੂੰ ਜਲਾਲਾਬਾਦ ਵਿਖੇ ਬਦਲਣ ਦੀ ਕੋਈ ਤਜਵੀਜ਼ ਹੈ; ਜੇਕਰ ਹੈ, ਤਾਂ ਇਸ ਨੂੰ ਕਦੋਂ ਤਕ ਬਦਲੇ ਜਾਣ ਦੀ ਸੰਭਾਵਨਾ ਹੈ ?

**Sardar Harcharan Singh Brar** (a) There are 23 distribution sub-divisions and 2 Transmission line sub-divisions under distribution circle Ferozepur Cantt. The location (Head-quarters) of these offices are shown at annexure.

(b) There is no proposal to shift the headquarters of suburban sub-divisional office Ferozepur to Jalalabad.

**ANNEXURE**

**Details of the Sub-Divisional Officies Functioning under Ferozepur Circle**

| Serial No. | Name of the Sub-Divisional office | Location/ Headquarter |
|---|---|---|
| | **City Division Ferozepur :** | |
| 1 | Distribution City Sub-Division | .. Ferozepur |
| 2 | Distribution Cantt. Sub-Division No. I | .. Ferozepur Cantt. |
| 3 | Distribution Cantt. Sub-Division No. II | .. Ferozepur Cantt. |
| 4 | Distribution Sub-Division | .. Sher Khan |
| 5 | Distribution Sub-Division | .. Ferozeshah |

Original with;
Punjab Vidhan Sabha
Digitized by;
Panjab Digital Library

| Serial No. | Name of the Sub-Divisional office | Location/ Headquater |
|---|---|---|
| 6 | Transmission Line Sub-division | .. Ferozepur |
| | **Muktsar Division :** | |
| 7 | Distribution City Sub-Division | .. Muktsar |
| 8 | Distribution Suburban Sub-Division | .. Muktsar |
| 9 | Distribution Sub-Division | .. Fattanwala |
| 10 | Distribution Sub-Division | .. Bariwala |
| 11 | Distribution Sub-Division | .. Rupana |
| 12 | Transmission Line Sub-Division | .. Muktsar |
| | **Abohar Division :** | .. |
| 13 | Distribution Sub-Division No. I | .. Abohar |
| 14 | Distribution Sub-Division No. II | .. Abohar |
| 15 | Distribution Sub-Division No. III | .. Abohar |
| 16 | Distribution Sub-Division | .. Khui Khera |
| 17 | Distribution City Sub-Division | .. Fazilka |
| 18 | Distribution Suburban Sub-Division | .. Fazilka |
| 19 | Distribution Sub-Division | .. Ladhuke |
| | **Suburban Division Ferozepur :** | |
| 20 | Distribution Sub-Division | .. Mamdot |
| 21 | Distribution Suburban Sub-Division | .. Ferozepur |
| 22 | Distribution City Sub-Division | .. Guru Harsahai |
| 23 | Distribution Suburban Sub-Division | .. Guru Harsahai |
| 24 | Distribution City Sub-Division | .. Jalalabad |
| 25 | Distribution Suburban Sub-Division | .. Jalalabad |

**ਸ੍ਰੀ ਹੰਸ ਰਾਜ ਜੋਸਨ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਫਿਰੋਜ਼ਪੁਰ ਸਬ-ਅਰਬਨ ਡਵੀਜ਼ਨ ਹੈ, ਇਸ ਦੇ ਵਿਚ 5 ਡਵੀਜ਼ਨਾਂ ਪੈਂਦੀਆਂ ਹਨ । ਕਿਸੇ ਡਵੀਜ਼ਨ ਦਾ ਫਿਰੋਜ਼ਪੁਰ ਨਾਲ ਤੁਅੱਲਕ ਨਹੀਂ ਹੈ। ਉੱਥੇ ਲੋਕਾਂ ਦੀ ਮੰਗ ਹੈ ਕਿ ਇਸ ਨੂੰ ਜਲਾਲਾਬਾਦ ਸ਼ਿਫਟ ਕਰ ਦਿੱਤਾ ਜਾਵੇ ਕਿਉਂਕਿ ਜਲਾਲਾਬਾਦ ਸੈਂਟਰਲ ਪਲੇਸ ਹੈ ਅਤੇ ਲੋਕਾਂ ਦਾ ਕੰਮ ਸਹੀ ਤਰੀਕੇ ਨਾਲ ਹੋ ਸਕੇਗਾ। ਇਸ ਬਾਰੇ ਕੀ ਗੌਰਮਿੰਟ ਵਿਚਾਰ ਕਰੇਗੀ ਤਾਂਕਿ ਲੋਕਾਂ ਦੀਆਂ ਮੁਸ਼ਕਿਲਾਂ ਦੂਰ ਹੋ ਸਕਣ ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜੋ ਕਿਹਾ ਹੈ ਕਿ ਅਸੀਂ ਉਥੇ ਸਬ-ਅਰਬਨ ਡਵੀਜ਼ਨ ਚਲਾ ਰਹੇ ਹਾਂ, ਅਸੀਂ ਡਵੀਜ਼ਨ ਹੀ ਜਲਾਲਾਬਾਦ ਸ਼ਿਫਟ ਕਰ ਦੇਵਾਂਗੇ।

**ਸ੍ਰੀ ਹੰਸ ਰਾਜ ਜੋਸਨ:** ਸਪੀਕਰ ਸਾਹਿਬ, ਮੈਂ ਤਾਂ ਡਵੀਜ਼ਨ ਵਾਸਤੇ ਕਿਹਾ ਹੈ।

**ਸ੍ਰੀ ਸਪੀਕਰ:** ਇਸ ਦਾ ਜਵਾਬ ਮਨਿਸਟਰ ਸਾਹਿਬ ਨੇ ਦੇ ਦਿਤਾ ਹੈ।

---

**ਸਰਹੱਦੀ ਇਲਾਕਿਆਂ ਵਿਚ ਕੰਮ ਕਰ ਰਹੇ ਕਰਮਚਾਰੀਆਂ ਦਾ ਮਕਾਨ ਕਿਰਾਇਆ ਭੱਤਾ ਬਹਾਲ ਕਰਨਾ**

*873. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ:** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਸਾਲ 1967 ਵਿਚ ਜਾਂ ਇਸ ਤੋਂ ਬਾਅਦ ਸਰਕਾਰ ਦੁਆਰਾ ਬਣਾਈ ਗਈ ਕੈਬਨਿਟ ਕਮੇਟੀ ਦੀ ਸਿਫਾਰਿਸ਼ ਦੀ ਪੈਰਵੀ ਵਿਚ ਸਰਹੱਦੀ ਇਲਾਕਿਆਂ, ਵਿਚ ਕੰਮ ਕਰਦੇ ਕਰਮਚਾਰੀਆਂ ਨੂੰ ਮਕਾਨ ਕਿਰਾਇਆ ਭੱਤਾ ਦਿੱਤਾ ਜਾਂਦਾ ਸੀ; ਜੇਕਰ ਅਜਿਹਾ ਹੋਵੇ, ਤਾਂ ਦਿੱਤੇ ਜਾਂਦੇ ਮਕਾਨ ਕਿਰਾਇਆ ਭੱਤੇ ਦੀ ਦਰ ਦੇ ਵੇਰਵੇ ਕੀ ਹਨ ਅਤੇ ਇਹ ਕਿਸ ਤਰੀਕ ਤੋਂ ਦਿੱਤਾ ਜਾਂਦਾ ਸੀ;

(ਅ) ਕੀ ਇਹ ਠੀਕ ਹੈ ਕਿ ਰਾਜ ਵਿਚ ਪਿਛਲੇ ਰਾਸ਼ਟਰਪਤੀ ਰਾਜ ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਮਕਾਨ ਕਿਰਾਇਆ ਭੱਤਾ ਵਾਪਸ ਲੈ ਲਿਆ ਗਿਆ ਸੀ; ਜੇਕਰ ਅਜਿਹਾ ਹੈ, ਤਾਂ ਇਸ ਦੇ ਕਾਰਣ ਕੀ ਹਨ;

(ੲ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿਚ ਹੋਵੇ, ਤਾਂ ਕੀ ਸਰਕਾਰ ਦੀ ਸਰਹੱਦੀ ਇਲਾਕਿਆਂ ਵਿਚ ਕੰਮ ਕਰਦੇ ਕਰਮਚਾਰੀਆਂ ਦਾ ਮਕਾਨ ਕਿਰਾਇਆ ਭੱਤਾ ਬਹਾਲ ਕਰਨ ਦੀ ਕੋਈ ਤਜਵੀਜ਼ ਹੈ, ਜੇਕਰ ਹੈ, ਤਾਂ ਕਦੋਂ ਤੱਕ ?

**Doctor Kewal Krishan**: (a) Yes, Sir. From the year 1965 all employees working in towns and cities, including those in the border belt, were paid house rent allowance at the rate of $7\frac{1}{2}\%$ of their basic pay in 1st class cities and towns and 5% of the basic pay in second class cities/towns subject to a minimum of Rs. 5 p.m. From 1st January, 1970 rent free accommodation or house rent at the rate of $7\frac{1}{2}\%$ of the basic pay in lieu there of was allowed to employees posted both in towns and villages in the border belt. From 1st September, 1971 the rates of house rent in all towns were increased to $12\frac{1}{2}\%$ in 1st Class cities and towns and $7\frac{1}{2}\%$ in IInd Class cities/towns. From 15th May, 1973 the rates of house rent in both villages and towns in border areas was increased to $12\frac{1}{2}\%$ of the basic pay. This allowance was called Border Area Allowance.

(b) From 1st September, 1988 the employees serving in this border belt are allowed the facility of rent free accommodation or house rent allowance in lieu thereof, at the rate of 5% of their basic pay. In addition employees serving in the rural areas in the border belt, as in other rural

Original with;
Punjab Vidhan Sabha
Digitized by;

areas in the State, are also paid rural area allowance at the rate of 7% of their basic pay, whereas employees serving in towns in the border belt are entitled to rent free accommodation or house rent allowance at rates according to the category of the town. From 1st September, 1988, therefore, the border area allowance has been replaced by the above allowance and no employee gets less than 12% of his basic pay as house rent/rural area allowance.

(c) No, Sir.

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ 'ੳ' ਅਤੇ 'ਅ' ਭਾਗ ਦੀ ਜਾਣਕਾਰੀ ਇਨ੍ਹਾਂ ਨੇ ਦਿੱਤੀ ਹੈ। 'ੲ' ਭਾਗ ਬਾਰੇ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਐਲਾਨ ਕੀਤਾ ਸੀ ਕਿ ਜਿਹੜਾ ਗਵਰਨਰ ਰੂਲ ਵਿਚ ਬਾਰਡਰ ਏਰੀਆ ਅਲਾਊਂਸ ਵਾਪਿਸ ਲਿਆ ਗਿਆ ਸੀ, ਉਹ ਜਲਦੀ ਤੋਂ ਜਲਦੀ ਕਰਮਚਾਰੀਆਂ ਦਾ ਭੱਤਾ ਬਹਾਲ ਕਰ ਦੇਵਾਂਗੇ। ਹੁਣ ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਿੱਤ ਮੰਤਰੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਾਰਡਰ ਏਰੀਆ ਅਲਾਊਂਸ ਜਿਹੜਾ ਵਾਪਿਸ ਲਿਆ ਗਿਆ ਸੀ ਉਸ ਬਾਰੇ ਬਾਰਡਰ ਏਰੀਆ ਦੇ ਕਰਮਚਾਰੀਆਂ ਦੀ ਡੀਮਾਂਡ ਹੈ। ਉਹ ਆਪਣੇ ਕੰਮ ਵਿਚ ਰੁਚੀ ਨਹੀਂ ਲੈਂਦੇ। ਜਿਹੜੀਆਂ ਸਹੂਲਤਾਂ ਸਰਕਾਰ ਨੇ ਸ਼ਹਿਰਾਂ ਵਿਚ ਦਿਤੀਆਂ ਹੋਈਆਂ ਹਨ ਉਨ੍ਹਾਂ ਨੂੰ ਅੱਖੋਂ ਪਰੋਖੇ ਨਹੀ ਕੀਤਾ ਜਾ ਸਕਦਾ ! ਸਪੀਕਰ ਸਾਹਿਬ, ਉਨਾਂ ਦਾ ਬਰਡਰ ਏਰੀਆਂ ਅਲਾਊਂਸ ਕਦੋਂ ਤਕ ਬਹਾਲ ਕਰ ਦਿੱਤਾ ਜਾਵੇਗਾ ?

**ਸ੍ਰੀ ਸਪੀਕਰ** : ਤੁਸੀਂ ਸਪੀਚ ਨਾ ਕਰੋ, ਸਵਾਲ ਪੁੱਛੋਂ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ**: ਸਪੀਕਰ ਸਾਹਿਬ, ਮੇਰਾ ਸਵਾਲ ਬਾਰਡਰ ਏਰੀਏ ਵਿਚ ਜਿਹੜੇ ਕਰਮਚਾਰੀ ਕੰਮ ਕਰਦੇ ਹਨ, ਉਨ੍ਹਾਂ ਦਾ ਬਾਰਡਰ ਏਰੀਆ ਅਲਾਊਂਸ ਬਹਾਲ ਕਰਨ ਬਾਰੇ ਹੈ ਸਰਕਾਰ ਕਦ ਤਕ ਇਸ ਨੂੰ ਇੰਪਲੀਮੈਂਟ ਕਰਨ ਦਾ ਵਿਚਾਰ ਰਖਦੀ ਹੈ ?

ਮੰਤਰੀ: ਸਪੀਕਰ ਸਾਹਿਬ, ਪ੍ਰੈਜ਼ੀਡੈਂਟ ਰੂਲ ਵਿੱਚ ਇਹ ਬਾਰਡਰ ਏਰੀਆ ਅਲਾਊਂਸ ਦੀ ਪ੍ਰਾਬਲਮ ਕ੍ਰੀਏਟ ਹੋਈ ਸੀ। ਪਹਿਲੇ 1965 ਵਿੱਚ, ਫੇਰ 1970 ਵਿੱਚ, ਫੇਰ 1971 ਵਿੱਚ, 1973 ਵਿੱਚ ਅਤੇ ਫੇਰ ਆਖੀਰ ਵਿੱਚ ਥਰਡ ਪੇ ਕਮਿਸ਼ਨ ਦੀ ਰਿਕੁਮੈਂਡੇਸ਼ਨ ਨਾਲ 1988 ਵਿੱਚ ਸਾਰਾ ਕੁਝ ਰਿਪਲੇਸ ਕਰਕੇ ਉਨ੍ਹਾਂ ਨੂੰ ਰੂਰਲ ਏਰੀਆ ਅਲਾਊਂਸ ਦੀ ਸ਼ਕਲ ਵਿੱਚ ਦੇਣਾ ਸ਼ੁਰੂ ਕੀਤਾ ਸੀ ਸਪੀਕਰ ਸਾਹਿਬ, ਦੋਨੋ ਪਾਸੇ ਡੁਪਲੀਕੇਸੀ ਹੁੰਦੀ ਰਹੀ। 170 ਕਰੋੜ ਰੁਪਏ ਦੇ ਕਰੀਬ ਰੁਪਿਆ ਇੰਪਲਾਈਜ਼ ਕੋਲ ਗਿਆ ਜਿਸਦੀ ਰਿਕਵਰੀ ਸ਼ੁਰੂ ਕੀਤੀ ਗਈ ਸੀ। ਸਪੀਕਰ ਸਾਹਿਬ, ਫੇਰ ਇੰਪਲਾਈਜ਼ ਕੋਰਟ ਵਿੱਚ ਗਏ। ਕੋਰਟ ਵਿੱਚ ਉਨ੍ਹਾਂ ਦਾ ਕੇਸ ਡਿਸਮਿਸ ਹੋ ਗਿਆ ਪਰ ਪਾਪੂਲਰ ਸਰਕਾਰ ਆਉਣ ਤੇ ਸਰਦਾਰ ਬੇਅੰਤ ਸਿੰਘ ਨੇ, ਮੁੱਖ ਮੰਤਰੀ ਜੀ ਨੇ ਮਹਿਸੂਸ ਕੀਤਾ ਉਨ੍ਹਾਂ ਦਾ ਡੈਪੂਟੇਸ਼ਨ ਆਉਣ ਤੇ ਕਿ ਬਾਰਡਰ ਏਰੀਆ ਦੇ ਲੋਕਾਂ ਨੂੰ ਤਕਲੀਫਾਂ ਰਹਿੰਦੀਆਂ ਹਨ, ਇਸ ਲਈ ਉਨ੍ਹਾਂ ਦੀ ਰਿਕਵਰੀ ਰੋਕ ਦਿੱਤੀ ਜਾਵੇ। ਫੇਰ ਇਮੀਜੀਏਟ ਫੈਸਲੇ ਨਾਲ ਰਿਕਵਰੀ ਰੋਕ ਦਿੱਤੀ। ਹੁਣ ਇਕ ਕੈਬਿਨੇਟ ਸਬ-ਕਮੇਟੀ ਬਣਾ ਦਿਤੀ ਹੈ ਜਿਹੜੀ ਇਸ ਤੇ ਦੋਬਾਰਾ ਗੌਰ ਕਰ ਰਹੀ ਹੈ ਅਤੇ ਉਸਨੂੰ ਬਹਾਲ ਕਰਨ ਲਈ ਸੋਚ ਰਹੀ ਹੈ। ਬਹੁਤ ਜਲਦੀ ਇਸ ਦਾ ਫੈਸਲਾ ਹੋ ਜਾਵੇਗਾ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ: ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਰਿਕਵਰੀ ਰੋਕ ਦਿੱਤੀ ਹੈ, ਉਸਦਾ ਮੈਂ ਧੰਨਵਾਦ ਕਰਦਾ ਹਾਂ ਕਿਉਂਕਿ ਮੇਰਾ ਹਲਕਾ ਬਾਰਡਰ ਏਰੀਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ]
ਤੇ ਪੈਂਦਾ ਹੈ। ਮੈਂ ਉਥੇ ਜਾਂਦਾ ਰਹਿੰਦਾ ਹਾਂ ਅਤੇ ਉਥੋਂ ਦੇ ਕਰਮਚਾਰੀ ਵੀ ਮੈਨੂੰ ਮਿਲਦੇ ਰਹਿੰਦੇ ਹਨ। ਮੈਂ ਮੰਤਰੀ ਜੀ ਤੋਂ ਜਾਣਕਾਰੀ ਲੈਣਾ ਚਾਹਵਾਂਗਾ ਕਿ ਜਿਹੜੇ ਬੰਦ ਕੀਤੇ ਭੱਤੇ ਹਨ, ਇਹ ਕਦੋਂ ਤੱਕ ਇੰਪਲੀਮੈਂਟ ਕੀਤੇ ਜਾਣਗੇ ?

**ਸ੍ਰੀ ਸਪੀਕਰ :** ਸ਼ਾਹਬਾਜ਼ਪੁਰੀ ਜੀ, ਇਨ੍ਹਾਂ ਨੇ ਇਸ ਗੱਲ ਦਾ ਜਵਾਬ ਦੇ ਦਿੱਤਾ ਹੈ ਕਿ ਕਮੇਟੀ ਬਣਾ ਦਿੱਤੀ ਗਈ ਹੈ ਜੋ ਇਸ ਮਾਮਲੇ ਨੂੰ ਕੰਸਿਡਰ ਕਰ ਰਹੀ ਹੈ, ਇਸ ਤੇ ਜਲਦੀ ਫੈਸਲਾ ਕੀਤਾ ਜਾਵੇਗਾ ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਧੰਨਵਾਦ ਜੀ ।

**ਸ੍ਰੀ ਸਪੀਕਰ :** ਅਗਲੇ ਸਵਾਲ ਲਈ ਮੇਰੇ ਕੋਲ ਸ੍ਰੀਮਤੀ ਵਿਮਲਾ ਡਾਂਗ ਵਲੋਂ ਕਾਮਰੇਡ ਹਰਦੇਵ ਸਿੰਘ ਅਰਸ਼ੀ ਦੇ ਨਾਂ ਦੀ ਅਥਾਰਿਟੀ ਆ ਚੁੱਕੀ ਹੈ। ਅਰਸ਼ੀ ਜੀ, ਤੁਸੀਂ ਸਵਾਲ ਪੁੱਛੋ ।

---

### ਈ. ਐਸ. ਆਈ. ਹਸਪਤਾਲਾਂ ਲਈ ਡਾਕਟਰੀ ਸਾਜ਼ੋ-ਸਮਾਨ ਅਤੇ ਮਸ਼ੀਨਰੀ ਖਰੀਦਣ ਵਿਚ ਬੇਕਾਇਦਗੀਆਂ

*729. **ਸ੍ਰੀਮਤੀ ਵਿਮਲਾ ਡਾਂਗ** (ਕਾਮਰੇਡ ਹਰਦੇਵ ਸਿੰਘ ਅਰਸ਼ੀ ਵਲੋਂ ਪੇਸ਼ ਕੀਤਾ ਗਿਆ) : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਸਾਲ 1991 ਦੇ ਦੌਰਾਨ ਸਰਕਾਰ ਨੂੰ ਫਗਵਾੜਾ ਅਤੇ ਰਾਜਪੁਰਾ ਵਿਖੇ ਈ. ਐਸ. ਆਈ. ਹਸਪਤਾਲਾਂ ਲਈ ਡਾਕਟਰੀ ਸਾਜ਼ੋ ਸਮਾਨ ਅਤੇ ਮਸ਼ੀਨਰੀ ਦੀ ਖਰੀਦ ਸਬੰਧੀ ਭ੍ਰਿਸ਼ਟਾਚਾਰ ਦੀਆਂ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ; ਜੇਕਰ ਅਜਿਹਾ ਹੋਵੇ ਤਾਂ ਕੀ ਉਨ੍ਹਾਂ ਦੀ ਕੋਈ ਜਾਂਚ ਪੜਤਾਲ ਕੀਤੀ ਗਈ ਸੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਪੜਤਾਲੀਆ ਅਫਸਰ ਦੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸਰਦਾਰ ਲਾਲ ਸਿੰਘ : (ੳ) ਨਹੀਂ ਜੀ।

(ਅ) ਉਪਰੋਕਤ (ੳ) ਅਨੁਸਾਰ, ਕਿਸੇ ਕਾਰਵਾਈ ਦੀ ਲੋੜ ਨਹੀਂ ਹੈ ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਟਾਈਪਿੰਗ ਮਿਸਟੇਕ ਨਾਲ 1991 ਲਿਖਿਆ ਗਿਆ ਹੈ। ਇਸਦੀ ਜਗ੍ਹਾ ਸਾਲ 1990 ਬਣਦਾ ਹੈ। ਇਹ 1990 ਨਾਲ ਸਬੰਧਤ ਪ੍ਰਸ਼ਨ ਹੈ। ਪਰ ਟਾਈਪਿੰਗ ਮਿਸਟੇਕ ਵੀ ਕਿਧਰੇ ਹੋ ਸਕਦੀ ਹੈ। ਇਨ੍ਹਾਂ ਨੂੰ ਚੰਗੀ ਤਰ੍ਹਾਂ ਦੇਖ ਲੈਣਾ ਚਾਹੀਦਾ ਸੀ। ਈ. ਐਸ. ਆਈ. ਦੇ ਦੋ ਹਸਪਤਾਲ ਫਗਵਾੜਾ ਅਤੇ ਰਾਜਪੁਰਾ ਵਿੱਚ ਅਗਰ ਕੋਈ ਸਾਜ਼ੋ-ਸਾਮਾਨ ਖਰੀਦਣ ਵਿੱਚ ਹੇਰਾਫੇਰੀ 1991 ਵਿੱਚ ਨਹੀਂ ਹੋਈ ਤਾਂ 1990 ਵਿੱਚ ਹੋ ਸਕਦੀ ਹੈ। ਟੈਕਨੀਕਲ ਆਧਾਰ ਤੇ ਅਗਰ 1990 ਦਾ 1991 ਪੈ ਗਿਆ, ਤਾਂ ਇਨ੍ਹਾਂ ਨੂੰ ਇਸ ਤਰ੍ਹਾਂ ਜਵਾਬ ਨਹੀਂ ਦੇਣਾ ਚਾਹੀਦਾ ਸੀ। ਸਾਰਾ ਮਾਮਲਾ ਘੋਖਿਆ ਜਾ ਸਕਦਾ ਸੀ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ**: ਅਰਸ਼ੀ ਜੀ, ਇਸ ਤਰ੍ਹਾਂ ਸਵਾਲ ਦਾ ਕਾਫੀ ਫਰਕ ਪੈ ਜਾਂਦਾ ਹੈ। ਫਰਕ ਤਾਂ ਹੁੰਦਾ ਹੀ ਹੈ 1991 ਅਤੇ 1990 ਵਿੱਚ। ਜੇ ਤੁਸੀਂ ਕੋਈ ਹੋਰ ਸਪਲੀਮੈਂਟਰੀ ਪੁੱਛਣਾ ਚਾਹੁੰਦੇ ਹੋ ਤਾਂ ਪੁੱਛ ਲਵੋ।

**ਕਾਮਰੇਡ ਹਰਦੇਵ ਸਿਘ ਅਰਸ਼ੀ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਆਪ ਜੀ ਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ 1990 ਵਿੱਚ ਕੋਈ ਇਸ ਤਰ੍ਹਾਂ ਦੀਆਂ ਸੀਰੀਅਸ ਕੰਪਲੇਂਟਸ ਮਿਲੀਆਂ ਹਨ ਜਿਨ੍ਹਾਂ ਵਿੱਚ ਹਸਪਤਾਲ ਦਾ ਸਾਜ਼-ਸਮਾਨ ਅਤੇ ਦਵਾਈਆਂ ਆਦਿ ਦੀ ਪਰਚੇਜ਼ ਕਰਨ ਵਿੱਚ ਕਰੱਪਸ਼ਨ ਹੋਈ ਹੋਵੇ, ਕੋਈ ਬੇਕਾਇਦਗੀਆਂ ਹੋਈਆਂ ਹੋਣ ?

**ਮੰਤਰੀ**: ਸਪੀਕਰ ਸਾਹਿਬ, ਨਾ ਕੋਈ ਬੇਕਾਇਦਗੀ 1991 ਵਿੱਚ ਹੋਈ ਅਤੇ ਨਾ 1990 ਵਿੱਚ ਹੀ ਹੋਈ। ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਇਨ੍ਹਾਂ ਦੋਨਾਂ ਸਾਲਾਂ ਬਾਰੇ ਕਿਸੇ ਨੇ ਗਲਤ ਇਨਫਰਮੇਸ਼ਨ ਦਿੱਤੀ ਹੈ। ਇਨ੍ਹਾਂ ਹਸਪਤਾਲਾਂ ਵਿਚ ਸਾਜ਼-ਸਮਾਨ ਖਰੀਦਣ ਦਾ ਫੈਸਲਾ ਹੀ ਜਨਵਰੀ 1992 ਵਿਚ ਹੋਇਆ। ਉਸ ਤੋਂ ਪਹਿਲਾਂ ਕੋਈ ਸ਼ਿਕਾਇਤ ਆਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। 1992 ਵਿੱਚ ਇਕ ਸ਼ਿਕਾਇਤ ਆਈ ਸੀ, ਡਾਇਰੈਕਟਰ ਈ. ਐਸ. ਆਈ. ਨੇ ਸਾਡੇ ਨੋਟਿਸ ਵਿੱਚ ਲਿਆਂਦਾ ਸੀ ਕਿ ਇਸ ਵਿੱਚ ਕੋਈ ਹੇਰਾਫੇਰੀ ਹੋਈ ਲਗਦੀ ਹੈ। ਉਸ ਤੋਂ ਬਾਅਦ ਮਿਤੀ 28 ਮਈ, 1992 ਨੂੰ ਸਾਡੇ ਧਿਆਨ ਵਿੱਚ ਲਿਆਂਦਾ ਗਿਆ। ਫੇਰ ਇਕ ਖਬਰ ਮਿਤੀ 26 ਜੂਨ, 1992 ਨੂੰ ਪੰਜਾਬੀ ਟ੍ਰਿਬਿਊਨ ਅਖਬਾਰ ਵਿੱਚ ਛਪੀ ਸੀ ਅਤੇ ਮਿਤੀ 29 ਜੂਨ, 1992 ਨੂੰ ਮੈਂ ਆਪਣੇ ਵਲੋਂ ਮਹਿਕਮੇ ਨੂੰ ਇਸ ਤੇ ਪੜਤਾਲ ਕਰਨ ਵਾਸਤੇ ਲਿਖ ਕੇ ਭੇਜਿਆ। ਪੜਤਾਲ ਹੋਈ, ਪੜਤਾਲ ਡਿਪਟੀ ਸੈਕਟਰੀ, ਹੈਲਥ ਨੇ ਕੀਤੀ। ਉਸਦੀ ਰਿਪੋਰਟ ਮਿਤੀ 2 ਜੁਲਾਈ, 1992 ਨੂੰ ਆਈ ਸੀ। ਉਸ ਰਿਪੋਰਟ ਦੇ ਆਧਾਰ ਤੇ ਹੀ ਇਕ ਸੁਪਰਡੰਟ, ਇਕ ਸਹਾਇਕ ਅਤੇ ਇਕ ਲੇਖਾਕਾਰ ਨੂੰ ਗਲਤ ਰਿਪੋਰਟ ਉਪਰ ਭੇਜਣ ਦੀ ਬਿਨਾ ਤੇ ਪੜਤਾਲ ਵਿੱਚ ਪਾਇਆ ਗਿਆ। ਉਸਦੇ ਬਾਰੇ ਜੋ ਉਨ੍ਹਾਂ ਨੇ ਗਲਤ ਇਨਫਰਮੇਸ਼ਨ ਉਪਰ ਭੇਜੀ ਸੀ, ਉਸ ਬਾਰੇ ਦਿੱਲੀ ਈ. ਐਸ. ਆਈ. ਕਾਰਪੋਰੇਸ਼ਨ ਨੂੰ ਲਿਖ ਕੇ ਭੇਜਿਆ ਹੈ ਕਿ ਇਨ੍ਹਾਂ ਨੇ ਇਨਫਰਮੇਸ਼ਨ ਠੀਕ ਭੇਜੀ ਹੈ ਜਾਂ ਗਲਤ। ਉਨ੍ਹਾਂ ਦਾ ਜਵਾਬ ਆਉਣ ਤੋਂ ਬਾਅਦ ਕਾਰਵਾਈ ਵੀ ਕੀਤੀ ਜਾਵੇਗੀ।

**ਸ੍ਰੀ ਮਦਨ ਮੋਹਨ ਮਿੱਤਲ**: ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਇਸ ਮਾਮਲੇ ਵਿਚ ਥੋੜੀ ਜਿਹੀ ਗਬਬੜ ਜ਼ਰੂਰ ਹੋਈ ਹੈ ਔਰ ਇਨ੍ਹਾਂ ਨੇ ਸੁਓ ਮੋਟੋ ਅਖਬਾਰ ਦੀ ਖਬਰ ਪੜ੍ਹ ਕੇ ਇਸ ਦੀ ਪੜਤਾਲ ਵੀ ਸ਼ੁਰੂ ਕਰ ਦਿੱਤੀ ਹੈ। ਇਹ ਬੜੀ ਚੰਗੀ ਗੱਲ ਹੈ। ਮੰਤਰੀ ਜੀ ਨੇ ਬੜਾ ਚੰਗਾ ਕਦਮ ਉਠਾਇਆ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਅੰਡਰ ਸੈਕਟਰੀ ਹੈ, ਜਿਸ ਨੂੰ ਇਨ੍ਹਾ ਨੇ ਪਰੋਮੋਸ਼ਨ ਦੇ ਕੇ ਡਿਪਟੀ ਸੈਕਟਰੀ ਬਣਾ ਦਿਤ ਕੀ ਇਹ ਉਹੀ ਆਦਮੀ ਇਸ ਕੇਸ ਦੀ ਪੜਤਾਲ ਕਰ ਰਿਹਾ ਹੈ, ਜਿਸ ਨੇ ਇਸ ਪਰਚੇਜ਼ ਦੀ ਸੈਂਕਸ਼ਨ ਦਿੱਤੀ ? ਨੰਬਰ ਦੋ, ਕੀ ਇਹ ਗੱਲ ਦਰੁਸਤ ਹੈ ਕਿ ਈ. ਐਸ. ਆਈ. ਕਾਰਪੋਰੇਸ਼ਨ ਨੇ ਵੀ ਕੋਈ ਜਾਣਕਾਰੀ ਇਨ੍ਹਾਂ ਤੋਂ ਮੰਗੀ ਹੈ, ਕਿਉਂਕਿ ਇਸ ਕਾਰਪੋਰੇਸ਼ਨ ਦਾ ਵੀ ਕੁਝ ਪੈਸਾ ਇਨਵੈਸਟ ਹੋਇਆ ਹੋਇਆ ਹੈ ? ਇਸ ਤੋਂ ਇਲਾਵਾ ਮੈਂ ਇਹ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਪੜਤਾਲ ਹੋ ਰਹੀ ਹੈ ਤਾਂ ਉਹ ਕਿਸ ਸਟੇਜ ਤੇ ਪਹੁੰਚ ਚੁਕੀ ਹੈ ?

**ਮੰਤਰੀ**: ਸਪੀਕਰ ਸਾਹਿਬ, ਮੈਂ ਤਾਂ ਪੂਰੇ ਵਿਸਥਾਰ ਨਾਲ ਦੱਸਿਆ ਹੈ। ਕਿਸੇ ਡਿਪਟੀ ਸੈਕਟਰੀ ਦਾ ਇਸ ਨਾਲ ਕੋਈ ਤਾਅਲੁੱਕ ਨਹੀਂ ਹੈ। ਜਿਸ ਅਫਸਰ ਦੀ ਇਹ ਗੱਲ ਕਰ ਰਹੇ

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਹਨ, ਉਹ ਪਹਿਲਾਂ ਵੀ ਅੰਡਰ ਸੈਕਟਰੀ ਸੀ ਅਤੇ ਹੁਣ ਵੀ ਉਹ ਅੰਡਰ ਸੈਕਟਰੀ ਹੈ, ਅਸੀਂ ਉਸ ਨੂੰ ਪ੍ਰਮੋਸ਼ਨ ਨਹੀਂ ਦਿੱਤੀ। ਸੌਰੀ, ਮੈਂ ਗਲਤੀ ਨਾਲ ਉਸ ਨੂੰ ਡਿਪਟੀ ਸੈਕਟਰੀ ਬੋਲ ਗਿਆ ਸੀ। ਉਸ ਅੰਡਰ ਸੈਕਟਰੀ ਨੇ ਉਸ ਕੇਸ ਦੀ ਪੜਤਾਲ ਕੀਤੀ ਹੈ ਅਤੇ ਉਸ ਪੜਤਾਲ ਦੀ ਰਿਪੋਰਟ ਆ ਗਈ ਹੈ। ਉਸ ਨੇ ਕਿਸੇ ਦੀ ਫੇਵਰ ਨਹੀਂ ਕੀਤੀ। ਜੋ ਕੁਝ ਉਸ ਪੜਤਾਲ ਦੀ ਬਿਨਾ ਤੇ ਸਾਹਮਣੇ ਆਇਆ ਹੈ, ਉਸ ਬਾਰੇ ਅਸੀਂ ਈ.ਐਸ.ਆਈ. ਤੋਂ ਪੁੱਛਿਆ ਹੈ ਕਿ ਜੋ ਨੀਚੇ ਤੋਂ ਇਨ-ਫਰਮੇਸ਼ਨ ਆਈ ਸੀ, ਕੀ ਉਹ ਠੀਕ ਹੈ ਜਾਂ ਨਹੀਂ? ਈ. ਐਸ. ਆਈ. ਨੇ ਸਾਡੇ ਕੋਲੋਂ ਨਹੀਂ ਪੁਛਿਆ। ਜਦ ਤੱਕ ਉਹ ਇਨਫਰਮੇਸ਼ਨ ਸਾਡੇ ਕੋਲ ਨਹੀਂ ਆਉਂਦੀ, ਤਦ ਤੱਕ ਅਸੀਂ ਅਗਲੀ ਕਾਰਵਾਈ ਨਹੀਂ ਕਰ ਸਕਦੇ।

**ਸ੍ਰੀ ਮਦਨ ਮੋਹਨ ਮਿੱਤਲ:** ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਇਹ ਸੀ ਕਿ ਜਿਹੜਾ ਬੰਦਾ ਹੁਣ ਇਨਕੁਆਇਰੀ ਕਰ ਰਿਹਾ ਹੈ, ਕੀ ਪ੍ਰਚੇਜ਼ ਦੀ ਸੈਂਕਸ਼ਨ ਦੇਣ ਵਾਲਾ ਵੀ ਉਹੀ ਅਫਸਰ ਸੀ?

**ਮੰਤਰੀ:** ਸਪੀਕਰ ਸਾਹਿਬ, ਪ੍ਰਚੇਜ਼ ਦੀ ਸੈਂਕਸ਼ਨ ਕੋਈ ਅੰਡਰ ਸੈਕਟਰੀ ਨਹੀਂ ਦਿੰਦਾ। ਇਹ ਪਾਵਰ ਡਾਇਰੈਕਟਰ ਕੋਲ ਹੈ ਅਤੇ ਜੇ ਡਾਇਰੈਕਟਰ ਦੀ ਲਿਮਿਟ ਤੋਂ ਜ਼ਿਆਦਾ ਵਾਲਾ ਕੋਈ ਕੇਸ ਹੋਵੇ ਤਾਂ ਉਹ ਸੈਕਟਰੀ ਕੋਲ ਜਾਂਦਾ ਹੈ। ਅੰਡਰ ਸੈਕਟਰੀ ਦੇ ਕੋਲ ਇਹ ਪਾਵਰ ਨਹੀਂ ਹੈ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 28 ਮਈ, 1992 ਨੂੰ ਇਨ੍ਹਾਂ ਨੇ ਕੰਪਲੇਂਟ ਰਿਸੀਵ ਕੀਤੀ। ਇਸ ਕੇਸ ਵਿਚ ਜਿਹੜੀ ਖਰੀਦ ਕੀਤੀ ਗਈ, ਉਹ ਰੁਪਏ 4,15,558.00 ਸੀ ਜਦ ਕਿ ਉਸ ਦੀ ਅਸਲ ਕੀਮਤ ਰੁਪਏ 1,93,680.00 ਸੀ। ਇਹ ਜਿਹੜਾ ਲੱਖਾਂ ਰੁਪਏ ਦਾ ਟੈਂਡਰਾਂ ਦੀ ਪ੍ਰਵਾਨਤ ਰਕਮ ਤੋਂ ਵਾਧੂ ਖਰਚ ਕੀਤਾ ਗਿਆ, ਇਹ ਹੈਲਥ ਡਿਪਾਰਟਮੈਂਟ ਦੇ ਖਜ਼ਾਨੇ ਵਿਚੋਂ ਵੱਧ ਖਰਚ ਕੀਤਾ ਗਿਆ। ਇਹ ਜਿਹੜਾ ਐਲੀਗੇਸ਼ਨ ਹੈ, ਬੜਾ ਸੀਰੀਅਸ ਐਲੀਗੇਸ਼ਨ ਹੈ। ਇਸ ਵਿਚ ਜਿਹੜੇ ਅਸਲ ਦੋਸ਼ੀ ਹਨ, ਉਹ ਸਾਹਮਣੇ ਲਿਆਂਦੇ ਜਾਣ।

**ਸ੍ਰੀ ਸਪੀਕਰ:** ਮੰਤਰੀ ਜੀ ਨੇ ਦੱਸਿਆ ਹੈ ਕਿ ਇਨਕੁਆਇਰੀ ਕਰ ਰਹੇ ਹਾਂ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਇਸ ਕੇਸ ਵਿਚ ਉਸ ਵੇਲੇ ਦੇ ਜਿਹੜੇ ਡਾਇਰੈਕਟਰ ਸਨ, ਕੀ ਇਨ-ਕੁਆਇਰੀ ਅਫਸਰ ਨੇ ਉਨ੍ਹਾਂ ਦੇ ਵੀ ਬਿਆਨ ਲਏ ਅਤੇ ਕੀ ਉੜੀਸਾ ਡਰੱਗਜ਼ ਐਂਡ ਕੈਮੀਕਲ ਲਿਮਟਿਡ ਵਾਲੀ ਫਰਮ ਅਪਰੂਵਡ ਹੈ, ਜਿਸ ਕੋਲੋਂ 20 ਲੱਖ ਰੁਪਏ ਦਾ ਸਮਾਨ ਖਰੀਦਿਆ ਗਿਆ?

**ਮੰਤਰੀ:** ਸਪੀਕਰ ਸਾਹਿਬ, ਜਿਥੋਂ ਤੱਕ ਉੜੀਸਾ ਡਰੱਗਜ਼ ਐਂਡ ਕੈਮੀਕਲਜ਼ ਲਿਮਟਿਡ ਦਾ ਸਵਾਲ ਹੈ, ਕਿ ਇਹ ਪ੍ਰਵਾਨ ਹੈ ਜਾਂ ਨਹੀਂ, ਜਦੋਂ ਸਹਾਇਕ, ਸੁਪਰਡੰਟ ਅਤੇ ਲੇਖਾ ਅਫਸਰ ਨੇ ਫਾਈਲ ਮੂਵ ਕੀਤੀ ਤਾਂ ਉਨ੍ਹਾਂ ਨੇ ਲਿਖਿਆ ਸੀ ਕਿ ਇਹ ਪ੍ਰਵਾਨ ਹੈ ਲੇਕਿਨ ਜੋ ਅਸੀਂ ਸਮਝਿਆ ਹੈ, ਉਹ ਇਹ ਹੈ ਕਿ ਉਨ੍ਹਾਂ ਨੇ ਗਲਤ ਇਨਫਰਮੇਸ਼ਨ ਦਿੱਤੀ ਹੈ। ਉਸ ਦੇ ਅਧਾਰ ਤੇ ਹੀ ਅਸੀਂ ਈ.ਐਸ.ਆਈ. ਨੂੰ ਲਿਖਿਆ ਹੈ ਕਿ ਤੁਹਾਡੇ ਰਿਕਾਰਡ ਦੇ ਮੁਤਾਬਿਕ ਇਹ ਪ੍ਰਵਾਨ ਹੈ ਜਾਂ ਨਹੀਂ? ਉਨ੍ਹਾਂ ਦਾ ਜਵਾਬ ਅਜੇ ਤੱਕ ਨਹੀਂ ਆਇਆ। ਜਦ ਤੱਕ ਉਨ੍ਹਾਂ ਦਾ ਜਵਾਬ ਨਹੀਂ ਆਉਂਦਾ ਕੋਈ ਕਾਰਵਾਈ ਨਹੀਂ ਹੋ ਸਕਦੀ।

---

Original with;
Punjab Vidhan Sabha
Digitized by;
Panjab Digital Library

**ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਸਕੂਲਾਂ ਨੂੰ ਅਪਗਰੇਡ ਕਰਨਾ**

*940. **ਡਾਕਟਰ ਹਰਬੰਸ ਲਾਲ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਦਿਅਕ ਸਾਲ 1992-93 ਦੇ ਦੌਰਾਨ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ +2 ਪੱਧਰ ਤੱਕ ਅਪਗਰੇਡ ਕੀਤੇ ਗਏ ਸਕੂਲਾਂ ਦੀ ਸ਼੍ਰੇਣੀਵਾਰ ਅਤੇ ਥਾਂ-ਵਾਰ ਗਿਣਤੀ ਕਿੰਨੀ ਕਿੰਨੀ ਹੈ ਅਤੇ ਅਜਿਹੇ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਵਿਦਿਅਕ ਸਾਲ 1993-94 ਦੇ ਦੌਰਾਨ ਅਪਗਰੇਡ ਕੀਤੇ ਜਾਣ ਦੀ ਤਜਵੀਜ਼ ਹੈ ?

**ਸ਼੍ਰੀ ਹਰਨਾਮ ਦਾਸ ਜੌਹਰ** : ਸਾਲ 1992-93 ਵਿਚ ਕੇਵਲ ਬਲਾੜੀ ਕਲਾਂ ਹਾਈ ਸਕੂਲ ਨੂੰ ਬਤੌਰ ਸੀਨੀਅਰ ਸੈਕੰਡਰੀ ਸਕੂਲ ਅਪ-ਗਰੇਡ ਕੀਤਾ ਗਿਆ ਸੀ ਜਦੋਂ ਕਿ ਸਾਲ 1993-94 ਦੀ ਅਪ-ਗ੍ਰੇਡੇਸ਼ਨ ਬਾਰੇ ਨਾਮ/ਥਾਵਾਂ ਹਾਲੇ ਨਿਸ਼ਚਿਤ ਨਹੀਂ ਕੀਤੀਆਂ ਗਈਆਂ ਹਨ।

**ਡਾਕਟਰ ਹਰਬੰਸ ਲਾਲ** : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ 1992-93 ਤੱਕ ਬਲਾੜੀ ਕਲਾਂ ਪਿੰਡ ਦਾ ਸਕੂਲ 10+2 ਤੱਕ ਅਪਗਰੇਡ ਕੀਤਾ ਗਿਆ। ਜੋ 1992-93 ਤੱਕ ਡਿਸਟ੍ਰਿਕਟ ਪਲਾਨਿੰਗ ਬੋਰਡ ਵਿੱਚ ਤਿੰਨ ਸਕੂਲ ਹੋਰ ਅਪਗਰੇਡ ਕੀਤੇ ਹਨ, ਉਨ੍ਹਾਂ ਬਾਰੇ ਇਸ ਵਿੱਚ ਬਿਲਕੁਲ ਨਹੀਂ ਦੱਸਿਆ ਗਿਆ ਕੀ ਇਹ ਇਸਦੇ ਬਾਰੇ ਦੱਸਣਗੇ ਕਿ ਜੋ ਸਕੂਲ ਡਿਸਟ੍ਰਿਕਟ ਪਲਾਨਿੰਗ ਬੋਰਡ ਵਿਚ ਅਪਗ੍ਰੇਡ ਕੀਤੇ ਗਏ ਹਨ ਉਨ੍ਹਾਂ ਦੇ ਸਟੇਸ਼ਨ ਵਗੈਰਾ ਦਾ ਵੇਰਵਾ ਕੀ ਹੈ ? ਕੀ ਮੰਤਰੀ ਜੀ ਇਸ ਬਾਰੇ ਜਾਣੂੰ ਕਰਵਾਉਣਗੇ ?

**ਮੰਤਰੀ** : ਸਤਿਕਾਰਯੋਗ ਸਪੀਕਰ ਸਾਹਿਬ, ਇਹ ਜਿਹੜੇ ਸਕੂਲਾਂ ਦੀ ਗੱਲ ਕਰ ਰਹੇ ਹਨ, ਉਨ੍ਹਾਂ ਦੀ ਸਿਫਾਰਸ਼ ਹੋਈ ਹੋਈ ਹੈ ਔਰ ਉਹ ਅਗਲੇ ਸਾਲ ਵਿੱਚ ਜ਼ਰੂਰ ਖੋਲ੍ਹ ਦਿੱਤੇ ਜਾਣਗੇ। ਉਹ ਹਨ ਰੰਧਾਵਾ, ਟਾਂਡਾ ਬਾਧਾ। ਤਿੰਨ ਸਕੂਲ ਖੋਲ੍ਹਾਂਗੇ। ਅਮਲੋਹ ਵਿੱਚ ਲੜਕੀਆਂ ਦਾ ਵੀ ਖੋਲ੍ਹਾਂਗੇ।

**ਡਾਕਟਰ ਹਰਬੰਸ ਲਾਲ** : **ਸਪੀਕਰ ਸਾਹਿਬ, ਜਿਹੜਾ ਉਥੇ ਸਟਾਫ ਚਾਹੀਦਾ ਹੈ, ਉਹ ਕਿਸ ਸਾਲ ਤੱਕ ਲਗਾ ਦਿੱਤਾ ਜਾਵੇਗਾ। ਮੰਤਰੀ ਜੀ ਇਸ ਦਾ ਜਵਾਬ ਦੇਣ।**

**ਮੰਤਰੀ** : ਸਪੀਕਰ ਸਾਹਿਬ, ਇਨਫਰਾਸਟਰਕਚਰ ਤਿਆਰ ਕਰਨ ਤੋਂ ਬਾਅਦ ਸਾਲ 1993-94 ਦੇ ਦੌਰਾਨ ਸਟਾਫ ਵੀ ਲਗਾ ਦਿੱਤਾ ਜਾਵੇਗਾ।

---

**ਯਤੀਮ ਬੱਚਿਆਂ ਲਈ ਸਕੂਲ ਖੋਲ੍ਹਣਾ**

*780. 1. **ਕਾਮਰੇਡ ਹਰਦੇਵ ਸਿੰਘ ਅਰਸ਼ੀ**
2. **ਸ਼੍ਰੀਮਤੀ ਵਿਮਲਾ ਡਾਂਗ** } : ਕੀ ਸਿੱਖਿਆ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਯਤੀਮ ਹੋਏ ਬੱਚਿਆਂ ਭਾਵੇਂ ਉਹ ਖਾੜਕੂਆਂ ਦੇ ਹੋਣ, ਲਈ ਕੋਈ ਵਿਸ਼ੇਸ਼ ਸਕੂਲ ਖੋਲ੍ਹਣ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ, ਤਾਂ ਇਨ੍ਹਾਂ ਬਾਰੇ ਕਦੋਂ ਤੱਕ ਫੈਸਲਾ ਕੀਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਹਰਨਾਮ ਦਾਸ ਜੌਹਰ**: ਨਹੀਂ ਜੀ।

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, ਇਨ੍ਹਾਂ ਨੇ ਤਾਂ ਦੋ ਟੁੱਕ ਜਵਾਬ ਦੇ ਦਿੱਤਾ ਕਿ 'ਨਹੀਂ ਜੀ'। ਪਰ ਮੈਨੂੰ ਖੁਸ਼ੀ ਹੈ ਕਿ ਅੱਜ ਇਨ੍ਹਾਂ ਨੇ 'ਜੀ' ਤੇ ਜ਼ਿਆਦਾ ਜ਼ੋਰ ਨਹੀਂ ਦਿੱਤਾ। ਸਪੀਕਰ ਸਾਹਿਬ, ਇਹ ਮਾਮਲਾ ਬੜਾ ਸੀਰੀਅਸ ਹੈ। ਇੱਕ ਤਾਂ ਆਮ ਯਤੀਮ ਬੱਚੇ ਹਨ ਜਨਰਲ ਜਿਨ੍ਹਾਂ ਦੇ ਪੇਰੈਂਟਸ ਕਿਸੇ ਤਰ੍ਹਾਂ ਮਰ ਜਾਂਦੇ ਹਨ ਔਰ ਉਹ ਯਤੀਮ ਹੋ ਜਾਂਦੇ ਹਨ। ਲੇਕਿਨ ਕੁਝ ਨਵੇਂ ਕਿਸਮ ਦੇ ਕੇਸ ਹਨ ਕਿਉਂਕਿ ਪਿਛਲੇ ਸਮੇਂ ਦੌਰਾਨ ਕਈ ਐਕਸਟਰੀਮਿਸਟ ਕਈ ਲੜਕੀਆਂ ਨੂੰ ਕਿਡਨੈਪ ਕਰਕੇ ਲੈ ਗਏ ਔਰ ਉਨ੍ਹਾਂ ਨੂੰ ਲਿਜਾ ਕੇ ਉਨ੍ਹਾਂ ਨੇ ਜ਼ਬਰਦਸਤੀ ਸ਼ਾਦੀਆਂ ਵੀ ਕਰ ਲਈਆਂ ਔਰ ਬਾਅਦ ਵਿੱਚ ਉਹ ਐਕਸਟਰੀਮਿਸਟ ਮਾਰੇ ਗਏ। ਜਿਹੜੀਆਂ ਲੜਕੀਆਂ ਨਾਲ ਇਸ ਤਰ੍ਹਾਂ ਵਾਪਰਿਆ, ਉਨ੍ਹਾਂ ਦੇ ਬਾਅਦ ਵਿੱਚ ਬੱਚੇ ਪੈਦਾ ਹੋਏ। ਸਪੀਕਰ ਸਾਹਿਬ, ਇਨ੍ਹਾਂ ਪੈਦਾ ਹੋਏ ਬੱਚਿਆਂ ਦਾ ਆਪਣਾ ਕੋਈ ਕਸੂਰ ਨਹੀਂ। ਇਨ੍ਹਾਂ ਬੱਚਿਆਂ ਦੀ ਸੰਭਾਲ ਵਾਸਤੇ ਜਾਂ ਤਾਂ ਇਸ ਤਰ੍ਹਾਂ ਦੇ ਹੋਰ ਜਿਹੜੇ ਯਤੀਮ ਬੱਚੇ ਹਨ, ਉਨ੍ਹਾਂ ਵਾਸਤੇ ਸਰਕਾਰ ਨੂੰ ਉਨ੍ਹਾਂ ਦੀ ਪੜ੍ਹਾਈ ਵਾਸਤੇ ਕੋਈ ਵਿਚਾਰ ਕਰਨਾ ਚਾਹੀਦਾ ਹੈ। ਮੰਤਰੀ ਜੀ ਨੇ ਕਿਹਾ ਹੈ ਕਿ ਨਹੀਂ ਜੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਗਰੁੱਪ ਦੇ ਲੀਡਰ ਨੇ ਇਸ ਬਾਰੇ ਮੁੱਖ ਮੰਤਰੀ ਜੀ ਨੂੰ ਇੱਕ ਡੀ. ਓ. ਲੈਟਰ ਵੀ ਲਿਖਿਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਵਿਚਾਰ ਕਰਾਂਗੇ ਔਰ ਉਨ੍ਹਾਂ ਨੇ ਉਸ ਲੈਟਰ ਦੇ ਨਾਲ ਆਪਣੇ ਵੱਲੋਂ ਟਿਪਣੀ/ਕਮੈਂਟਸ ਲਿਖ ਕੇ ਐਜੂਕੇਸ਼ਨ ਸੈਕਟਰੀ ਨੂੰ ਕੇਸ ਭੇਜਿਆ ਸੀ। ਕੀ ਇਹ ਚੀਜ਼ ਇਨ੍ਹਾਂ ਦੇ ਮੰਤਰੀ ਜੀ ਦੇ ਨੋਟਿਸ ਵਿੱਚ ਹੈ ਔਰ ਹੁਣ ਉਸ ਤੇ ਕੀ ਕਾਰਵਾਈ ਹੋ ਰਹੀ ਹੈ ?

**ਮੰਤਰੀ**: ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਵਿੱਚ ਪੁੱਛਿਆ ਹੈ ਕਿ ਕੀ ਯਤੀਮ ਬੱਚਿਆਂ ਲਈ ਕੋਈ ਸਕੂਲ ਖੋਲ੍ਹਿਆ ਜਾ ਰਿਹਾ ਹੈ ਔਰ ਮੈਂ ਬੜੀ ਨਿਮਰਤਾ ਪੂਰਵਕ ਕਿਹਾ ਹੈ ਕਿ ਹਾਲੇ ਕੋਈ ਨਹੀਂ ਖੋਲ੍ਹਿਆ ਜਾ ਰਿਹਾ। ਪਰ ਜਿੱਥੋਂ ਤੱਕ ਸੀ. ਐਮ. ਸਾਹਿਬ ਨੇ ਇਨ੍ਹਾਂ ਨੂੰ ਯਕੀਨ ਦਿਵਾਇਆ ਹੈ ਕਿ ਅਸੀਂ ਹਮਦਰਦੀ ਨਾਲ ਵਿਚਾਰ ਕਰਾਂਗੇ ਤਾਂ ਜੋ ਉਹ ਕਾਰਵਾਈ ਕਰਕੇ ਹੁਕਮ ਕਰਨਗੇ ਉਸ ਅਨੁਸਾਰ ਜ਼ਰੂਰ ਕਾਰਵਾਈ ਕੀਤੀ ਜਾਵੇਗੀ।

---

## ਜ਼ਿਲ੍ਹਾ ਹੁਸ਼ਿਆਰਪੁਰ ਵਿਚ ਵਿਧਵਾ ਪੈਨਸ਼ਨਾਂ, ਬੁਢਾਪਾ ਪੈਨਸ਼ਨਾਂ ਅਤੇ ਅਪਾਹਜ ਵਿਅਕਤੀਆਂ ਨੂੰ ਪੈਨਸ਼ਨ ਦੇਣਾ

*887. **ਸਰਦਾਰ ਅਵਤਾਰ ਸਿੰਘ ਕਰੀਮਪੁਰੀ**: ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੁਣ ਤਕ ਵਿਧਵਾ ਪੈਨਸ਼ਨ, ਬੁਢਾਪਾ ਪੈਨਸ਼ਨ ਅਤੇ ਅਪਾਹਜ ਵਿਅਕਤੀਆਂ ਨੂੰ ਪੈਨਸ਼ਨ ਦੇਣ ਬਾਰੇ ਕਿੰਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਕਿੰਨੇ ਪ੍ਰਾਰਥੀਆਂ ਨੂੰ ਪੈਨਸ਼ਨਾਂ ਮਨਜ਼ੂਰ ਕਰ ਦਿੱਤੀਆਂ ਗਈਆਂ ਹਨ ਅਤੇ ਕਿਸ ਤਰੀਕ ਤੱਕ ਦੀਆਂ ਅਰਜ਼ੀਆਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਅਤੇ ਬਾਕੀ ਦੀਆਂ ਅਰਜ਼ੀਆਂ ਦਾ ਨਿਪਟਾਰਾ ਕਦੋਂ ਤੱਕ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਬ੍ਰਹਮ ਮਹਿੰਦਰਾ**: (ੳ) ਨਵੰਬਰ, 1980 ਤੋਂ ਲੈ ਕੇ 5 ਮਾਰਚ, 1993 ਤੱਕ ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਦੀਆਂ ਅਰਜ਼ੀਆਂ ਅਤੇ 2 ਅਕਤੂਬਰ, 1981 ਤੋਂ ਲੈ ਕੇ (ਜਿਸ ਮਿਤੀ

Original with;
Punjab Vidhan Sabha
Digitized by;
Panjab Digital Library

ਤੋਂ ਇਹ ਸਕੀਮ ਚਾਲੂ ਕੀਤੀ ਗਈ) 5 ਮਾਰਚ, 1993 ਤੱਕ ਅਪੰਗ ਵਿਅਕਤੀਆਂ ਨੂੰ ਸਹਾਇਤਾ ਦੇਣ ਲਈ ਅਰਜ਼ੀਆਂ ਜਿਹੜੀਆਂ ਪ੍ਰਾਪਤ ਹੋਈਆਂ ਸਨ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—

| | | | |
|---|---|---|---|
| (1) | ਬੁਢਾਪਾ ਪੈਨਸ਼ਨ | ... | 25235 |
| (2) | ਵਿਧਵਾ ਅਤੇ ਬੇ-ਸਹਾਰਾ ਔਰਤਾਂ ਨੂੰ ਵਿੱਤੀ ਸਹਾਇਤਾ | ... | 10708 |
| (3) | ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ | ... | 3458 |

(ਅ) ਅੱਜ ਦਿਨ ਤੱਕ ਪ੍ਰਾਪਤ ਅਰਜ਼ੀਆਂ ਦੀ ਛਾਣਬੀਣ ਕੀਤੀ ਜਾ ਰਹੀ ਹੈ। ਹਰੇਕ ਕੈਟਾਗਰੀ ਬਾਰੇ ਪ੍ਰਵਾਨਿਤ ਕੇਸਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

| | | | |
|---|---|---|---|
| (1) | ਬੁਢਾਪਾ ਪੈਨਸ਼ਨ | ... | 6497 |
| (2) | ਵਿਧਵਾ ਅਤੇ ਬੇਸਹਾਰਾ ਔਰਤਾਂ ਨੂੰ ਵਿੱਤੀ ਸਹਾਇਤਾ | ... | 2610 |
| (3) | ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ | ... | 777 |

ਸਾਰੀਆਂ ਲੰਬਿਤ ਅਰਜ਼ੀਆਂ ਦਾ ਨਿਪਟਾਰਾ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਕਰ ਦਿੱਤਾ ਜਾਵੇਗਾ ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮੇਰੇ ਜ਼ਿਲ੍ਹੇ ਵਿਚ ਐਪਲੀਕੇਸ਼ਨਾਂ ਪੈਨਸ਼ਨਾਂ ਵਾਸਤੇ ਮਨਜ਼ੂਰ ਕੀਤੀਆਂ ਗਈਆਂ ਹਨ, ਉਹ ਕਿਸ ਡੇਟ ਤੱਕ ਦੀਆਂ ਅਰਜ਼ੀਆਂ ਮਨਜ਼ੂਰ ਕੀਤੀਆਂ ਗਈਆਂ ਹਨ ?

**ਮੰਤਰੀ** : ਮੈਂ, ਸਪੀਕਰ ਸਾਹਿਬ, ਠੀਕ ਹੀ ਜਵਾਬ ਦਿੱਤਾ ਹੈ ਕਿ ਪੰਜ ਮਾਰਚ ਤੱਕ ਦੀਆਂ ਮਨਜ਼ੂਰ ਕੀਤੀਆਂ ਗਈਆਂ ਹਨ ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਫਿਗਰ ਦੱਸੀ ਹੈ, ਉਸ ਵਿੱਚ ਬਹੁਤ ਵੱਡੀ ਗਿਣਤੀ ਵਿਚ ਐਪਲੀਕੇਸ਼ਨਾਂ ਪੈਂਡਿੰਗ ਪਈਆਂ ਹਨ। ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਇਹ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਹੋਰ ਤਿੰਨ ਮਹੀਨੇ ਦਾ ਸਮਾਂ ਮੰਗਿਆ ਹੈ। ਕੀ ਮੰਤਰੀ ਜੀ ਇਸ ਸਮੇਂ ਤੋਂ ਪਹਿਲਾਂ ਪੈਨਸ਼ਨ ਲਗਵਾ ਦੇਣਗੇ।

**ਸ਼੍ਰੀ ਸਪੀਕਰ** : ਉਨਾਂ ਨੇ ਟਾਈਮ-ਬਾਊਂਡ ਸਮਾਂ ਦੱਸ ਦਿੱਤਾ ਹੈ, ਤਿੰਨ ਮਹੀਨੇ ਦਾ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਤਿੰਨ ਮਹੀਨੇ ਦਾ ਸਮਾਂ ਤਾਂ ਕਾਫੀ ਲੰਮਾ ਸਮਾਂ ਹੁੰਦਾ ਹੈ ।

**ਸ਼੍ਰੀ ਸਪੀਕਰ** : ਤਿੰਨ ਮਹੀਨੇ ਦਾ ਸਮਾ ਰੀਜ਼ਨੇਬਲ ਹੈ ।

---

Original with;
Punjab Vidhan Sabha
Digitized by;
Panjab Digital Library

## ਫਤਿਹਗੜ੍ਹ ਸਾਹਿਬ ਵਿਚ ਨਵੇਂ ਪਸ਼ੂ-ਚਿਕਿਤਸਾ ਹਸਪਤਾਲ ਅਤੇ ਡਿਸਪੈਂਸਰੀਆਂ ਖੋਲ੍ਹਣਾ

*941. **ਡਾਕਟਰ ਹਰਬੰਸ ਲਾਲ :** ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਇਸ ਸਮੇਂ ਕਿੰਨੇ ਪਸ਼ੂ-ਚਕਿਤਸਾ ਹਸਪਤਾਲ ਅਤੇ ਡਿਸਪੈਂਸਰੀਆਂ ਹਨ ਅਤੇ ਅਜਿਹੇ ਹਸਪਤਾਲ ਅਤੇ ਡਿਸਪੈਂਸਰੀਆਂ ਦੀ ਪਿੰਡ-ਵਾਰ ਸੂਚੀ ਕੀ ਹੈ ਜਿਨ੍ਹਾਂ ਨੂੰ ਚਾਲੂ ਸਾਲ ਦੇ ਦੌਰਾਨ ਖੋਲ੍ਹੇ ਜਾਣ ਦੀ ਤਜਵੀਜ਼ ਹੈ?

**Sardar Harbans Singh Sidhu :** 1. No. of existing Veterinary Hospitals -25

2. No. of existing Veterinary Dispensaries 30

It is proposed to open a new veterinary hospital and upgrade 4 veterinary dispensaries to hospitals during the current year in the said district. Village-wise list will be available after sanction is accorded by the concerned District Development & Planning Board which is competent authority to do so.

**ਡਾਕਟਰ ਹਰਬੰਸ ਲਾਲ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਉਨ੍ਹਾਂ ਨੇ ਜਵਾਬ ਦਿੱਤਾ ਹੈ, ਉਸ ਨਾਲ ਮੈਂ ਸੰਤੁਸ਼ਟ ਨਹੀਂ ਹਾਂ। ਜ਼ਿਲ੍ਹਾ ਪਲਾਨਿੰਗ ਬੋਰਡ ਵਿੱਚ ਪਿੰਡ ਭਗੜਾਣਾ ਵਿਖੇ ਹਸਪਤਾਲ ਪਾਸ ਹੋ ਚੁਕਿਆ ਹੈ ਪ੍ਰੰਤੂ ਉਸ ਨੂੰ ਇਗਨੋਰ ਕਰ ਦਿੱਤਾ ਗਿਆ ਹੈ। ਜਦੋਂ ਉਹ ਜ਼ਿਲ੍ਹਾ ਪਲਾਨਿੰਗ ਬੋਰਡ ਵੱਲੋਂ ਪਾਸ ਮਨਜ਼ੂਰ ਹੋ ਗਿਆ ਹੈ ਤਾਂ ਉਥੇ ਕਦੋਂ ਤੱਕ ਇਸ ਨੂੰ ਚਾਲੂ ਕਰ ਦਿੱਤਾ ਜਾਵੇਗਾ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਾਨੂੰ ਪਲਾਨਿੰਗ ਬੋਰਡ ਵੱਲੋਂ ਇਨਫਰਮੇਸ਼ਨ ਦਿੱਤੀ ਜਾਵੇਗੀ ਉਸੇ ਤਰ੍ਹਾਂ ਉਸ ਉਤੇ ਅਮਲ ਕੀਤਾ ਜਾਵੇਗਾ।

**ਡਾਕਟਰ ਹਰਬੰਸ ਲਾਲ :** ਸਪੀਕਰ ਸਾਹਿਬ, ਉਥੇ ਤਿੰਨ-ਚਾਰ ਮਹੀਨੇ ਹੋ ਗਏ ਹਨ, ਪਲਾਨਿੰਗ ਬੋਰਡ ਵੱਲੋਂ ਪਾਸ ਕੀਤੇ ਨੂੰ।

**ਰਾਜ ਮੰਤਰੀ :** ਸਾਨੂੰ ਜਦੋਂ ਵੀ ਇਨਫਰਮੇਸ਼ਨ ਆਵੇਗੀ, ਉਸ ਵੇਲੇ ਅਮਲ ਸ਼ੁਰੂ ਕਰ ਦਿੱਤਾ ਜਾਵੇਗਾ।

**ਸਰਦਾਰ ਸੁਰਜਨ ਸਿੰਘ ਜੋਗਾ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਨਵਾਂ ਜ਼ਿਲ੍ਹਾ ਮਾਨਸਾ ਬਣਿਆ ਹੈ, ਉਥੇ ਵੀ ਕੋਈ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਹੈ ?

**ਸ੍ਰੀ ਸਪੀਕਰ :** ਤੁਸੀਂ ਇਸ ਬਾਰੇ ਨਵਾਂ ਸਵਾਲ ਦੇ ਦਿਉ।

## ਰਾਜ ਵਿਚ ਨਵੇਂ ਵੈਟਰਨਰੀ ਹਸਪਤਾਲ/ਡਿਸਪੈਂਸਰੀਆਂ ਖੋਲ੍ਹਣਾ

*781. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ 1 ਅਪ੍ਰੈਲ, 1992 ਤੋਂ 31 ਜਨਵਰੀ, 1993 ਤੱਕ

Original with;
Punjab Vidhan Sabha
Digitized by;
Panjab Digital Library

ਦੇ ਸਮੇਂ ਦੌਰਾਨ ਸਰਕਾਰ ਦੁਆਰਾ ਖੋਲ੍ਹੇ ਗਏ ਵੈਟਰਨਰੀ ਹਸਪਤਾਲਾਂ/ਵੈਟਰਨਰੀ ਡਿਸਪੈਂਸਰੀਆਂ ਦੇ ਜ਼ਿਲ੍ਹਾ-ਵਾਰ ਨਾਂ ਕੀ ਕੀ ਹਨ ਅਤੇ ਉਕਤ ਹਸਪਤਾਲਾਂ/ਡਿਸਪੈਂਸਰੀਆਂ ਵਿਚ ਮਨਜ਼ੂਰ-ਸ਼ੁਦਾ ਸਟਾਫ ਅਤੇ ਨਿਯੁਕਤੀਆਂ ਦੇ ਵੇਰਵੇ ਕੀ ਹਨ ?

**ਸਰਦਾਰ ਹਰਬੰਸ ਸਿੰਘ ਸਿੱਧੂ :** ਸੂਚਨਾ ਸਦਨ ਦੀ ਮੇਜ਼ ਤੇ ਰੱਖ ਦਿੱਤੀ ਹੈ ।

**ਸੂਚਨਾ**

ਰਾਜ ਵਿੱਚ ਚਾਲੂ ਮਾਲੀ ਸਾਲ ਦੌਰਾਨ 5 ਨਵੇਂ ਪਸ਼ੂ ਹਸਪਤਾਲ ਖੋਲ੍ਹਣ ਦੀ ਤਜਵੀਜ਼ ਹੈ ਜਿਸ ਵਿਚ ਸਮਾਂ 1 ਅਪ੍ਰੈਲ, 1992 ਤੋਂ 31 ਜਨਵਰੀ, 1993 ਵੀ ਕਵਰ ਹੁੰਦਾ ਹੈ । 5 ਨਵੇਂ ਹਸਪਤਾਲ ਜ਼ਿਲ੍ਹੇਵਾਰ ਅਨੁਲੱਗ 'ਏ' (ਨੱਥੀ) ਵਿੱਚ ਦਿੱਤੀ ਸੂਚਨਾ ਅਨੁਸਾਰ ਖੋਲੇ ਜਾਣਗੇ।

2. ਇਸ ਤੋਂ ਇਲਾਵਾ ਚਾਲੂ ਮਾਲੀ ਸਾਲ ਦੌਰਾਨ 60 ਪਸ਼ੂ ਡਿਸਪੈਂਸਰੀਆਂ ਨੂੰ ਅਪਗ੍ਰੇਡ ਕਰਕੇ ਪਸ਼ੂ ਹਸਪਤਾਲ ਬਣਾਇਆ ਜਾਵੇਗਾ ਜਿਸ ਵਿੱਚ ਸਮਾਂ 1 ਅਪ੍ਰੈਲ, 1992 ਤੋਂ 31 ਜਨਵਰੀ, 1993 ਵੀ ਕਵਰ ਹੁੰਦਾ ਹੈ। ਇਹਨਾਂ ਸੰਸਥਾਵਾਂ ਦੀ ਜ਼ਿਲ੍ਹਾਵਾਰ ਵੰਡ ਸੂਚਨਾ ਅਨੁਲੱਗ 'ਬੀ' ਵਿਚ ਦਿੱਤੀ ਗਈ ਹੈ।

3. ਰਾਜ ਵਿੱਚ ਚਾਲੂ ਮਾਲੀ ਸਾਲ ਜਿਸ ਵਿਚ ਸਮਾਂ 1 ਅਪ੍ਰੈਲ, 1992 ਤੋਂ 31 ਜਨਵਰੀ, 1993 ਕਵਰ ਹੁੰਦਾ ਹੈ, ਦੌਰਾਨ ਨਵੀਆਂ ਪਸ਼ੂ ਡਿਸਪੈਂਸਰੀਆਂ ਖੋਲ੍ਹੇ ਜਾਣ ਦਾ ਮਸਲਾ ਸਰਕਾਰ ਦੇ ਵਿਚਾਰ ਅਧੀਨ ਹੈ ।

4. ਨਵੇਂ ਪਸ਼ੂ ਹਸਪਤਾਲ ਖੋਲ੍ਹਣ ਅਤੇ ਪਸ਼ੂ ਡਿਸਪੈਂਸਰੀਆਂ ਨੂੰ ਅਪਗਰੇਡ ਕਰਕੇ ਪਸ਼ੂ ਹਸਪਤਾਲ ਬਣਾਉਣ ਸਬੰਧੀ ਸਕੀਮ ਜ਼ਿਲ੍ਹਾ ਪਲਾਨਿੰਗ ਬੋਰਡਾਂ ਪਾਸ ਹੈ। ਇਹ ਬੋਰਡ ਇਹਨਾਂ ਸੰਸਥਾਵਾਂ ਦੇ ਖੋਲ੍ਹਣ ਲਈ ਪ੍ਰਵਾਨਗੀ ਦੇਣ ਵਾਸਤੇ ਸਮਰੱਥ ਹਨ। ਜਿਲ੍ਹਾ ਯੋਜਨਾ ਬੋਰਡਾਂ ਵੱਲੋਂ ਇਸ ਵਿੱਤੀ ਸਾਲ ਦੌਰਾਨ ਉਨਾਂ ਥਾਵਾਂ ਦੀ ਪਹਿਲਾਂ ਹੀ ਚੋਣ ਕੀਤੀ ਹੋਈ ਹੈ ਜਿਹੜੀਆਂ ਕਿ ਨਵੇਂ ਪਸ਼ੂ ਹਸਪਤਾਲ ਜਾਂ ਅਪਗਰੇਡ ਕਰਕੇ ਪਸ਼ੂ ਹਸਪਤਾਲ ਬਣਾਉਣ ਲਈ ਯੋਗ ਹਨ । ਇਨ੍ਹਾਂ ਦੀ ਅੰਤਿਮ ਪ੍ਰਵਾਨਗੀ ਛੇਤੀ ਮਿਲਣ ਦੀ ਆਸ ਹੈ ।

5. ਜ਼ਿਲ੍ਹਾ ਯੋਜਨਾ ਬੋਰਡਾਂ ਵੱਲੋਂ ਉਪਰ ਦਰਸਾਏ ਅਨੁਸਾਰ ਜ਼ਰੂਰੀ ਕਾਰਵਾਈ ਕਰਨ ਉਪਰੰਤ ਇਨ੍ਹਾਂ ਸੰਸਥਾਵਾਂ ਵਿਚ ਅਮਲੇ ਦੀ ਮਨਜ਼ੂਰੀ ਉਪਰੰਤ ਨਿਯੁਕਤੀ ਕਰ ਦਿਤੀ ਜਾਵੇਗੀ।

**ਅਨੁਲਗ 'ਏ'**

ਵਿੱਤੀ ਸਾਲ 1992-93 ਦੌਰਾਨ ਰਾਜ ਵਿੱਚ ਨਵੇਂ ਪਸ਼ੂ ਹਸਪਤਾਲ ਖੋਲ੍ਹਣ ਸੰਬੰਧੀ ਜ਼ਿਲ੍ਹਾ-ਵਾਰ ਟੀਚੇ :

| ਲੜੀ ਨੰ: | ਜ਼ਿਲੇ ਦਾ ਨਾਂ | | ਹਸਪਤਾਲਾਂ ਦੀ ਗਿਣਤੀ |
|---|---|---|---|
| 1 | ਫਤਿਹਗੜ੍ਹ ਸਾਹਿਬ | ... | 1 |
| 2 | ਬਠਿੰਡਾ | ... | 2 |
| 3 | ਸੰਗਰੂਰ | ... | 1 |
| 4 | ਫਰੀਦਕੋਟ | ... | 1 |

Original with;
Punjab Vidhan Sabha
Digitized by;
Punjab Digital Library

ਅਨੁਲਗ 'ਬੀ'

ਵਿੱਤੀ ਸਾਲ 1992-93 ਦੌਰਾਨ ਮੌਜੂਦਾ ਪਸ਼ੂ ਡਿਸਪੈਂਸਰੀਆਂ ਨੂੰ ਅਪਗਰੇਡ ਕਰਕੇ ਪਸ਼ੂ ਹਸਪਤਾਲ ਬਣਾਉਣ ਸੰਬੰਧੀ ਜ਼ਿਲ੍ਹਾ-ਵਾਰ ਟੀਚੇ :

| ਲੜੀ ਨੰ: | ਜ਼ਿਲ੍ਹੇ ਦਾ ਨਾਂ | | ਸੰਸਥਾਵਾਂ ਦੀ ਗਿਣਤੀ |
|---|---|---|---|
| 1 | ਅੰਮ੍ਰਿਤਸਰ | ... | 4 |
| 2 | ਫਿਰੋਜ਼ਪੁਰ | ... | 5 |
| 3 | ਗੁਰਦਾਸਪੁਰ | ... | 4 |
| 4 | ਜਲੰਧਰ | ... | 4 |
| 5 | ਕਪੂਰਥਲਾ | ... | 4 |
| 6 | ਲੁਧਿਆਣਾ | ... | 4 |
| 7 | ਫਤਿਹਗੜ੍ਹ ਸਾਹਿਬ | ... | 4 |
| 8 | ਹੁਸ਼ਿਆਰਪੁਰ | ... | 4 |
| 9 | ਸੰਗਰੂਰ | ... | 4 |
| 10 | ਬਠਿੰਡਾ | ... | 6 |
| 11 | ਮਾਨਸਾ | | 4 |
| 12 | ਪਟਿਆਲਾ | ... | 4 |
| 13 | ਰੋਪੜ | ... | 4 |
| 14 | ਫਰੀਦਕੋਟ | ... | 5 |
| | ਕੁੱਲ ਜੋੜ | ... | 60 |

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਇਹ ਸੂਚਨਾ ਤਾਂ ਸਦਨ ਦੀ ਮੇਜ਼ ਤੇ ਰੱਖ ਦਿੱਤੀ ਹੈ ਕਿ ਕਿੰਨੇ ਹਸਪਤਾਲ ਜਾਂ ਡਿਸਪੈਂਸਰੀਆਂ ਨਵੀਆਂ ਖੋਲ੍ਹੀਆਂ ਜਾਣੀਆਂ ਹਨ ਅਤੇ ਕਿੰਨੀਆਂ ਪੁਰਾਣੀਆਂ ਡਿਸਪੈਂਸਰੀਆਂ ਨੂੰ ਅਪਗਰੇਡ ਕਰਨਾ ਹੈ ਅਤੇ ਅਸੀਂ ਇਹ ਬਹੁ ਜ਼ਿਲ੍ਹਾ ਪਲਾਨਿੰਗ

Original with;
Punjab Vidhan Sabha
Digitized by;
Panjab Digital Library

ਬੋਰਡ ਦੀ ਰਿਕਮੈਨਡੇਸ਼ਨ ਦੇ ਨਾਲ ਕਰਾਂਗੇ। ਸਪੀਕਰ ਸਾਹਿਬ ਜਦੋਂ ਮੰਤਰੀ ਬਾਹਰ ਟੋਰਿਆਂ ਤੇ ਜਾਂਦੇ ਹਨ ਅਤੇ ਉਹ ਆਪਣੇ ਲੈਵਲ ਤੇ ਹੀ ਅਨਾਉਂਸਮੈਂਟ ਕਰ ਦਿੰਦੇ ਹਨ। ਅਨਾਉਂਸਮੈਂਟ ਤੋਂ ਬਾਅਦ ਫਿਰ ਉਸ ਦਾ ਕੇਸ ਬਣਾ ਕੇ ਜ਼ਿਲ੍ਹਾ ਪਲਾਨਿੰਗ ਬੋਰਡ ਵਿੱਚ ਭੇਜਿਆ ਜਾਂਦਾ ਹੈ ਅਤੇ ਉਥੇ ਪਾਸ ਕਰਾ ਲਿਆ ਜਾਂਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਮੰਤਰੀ ਜੀ ਨੇ ਅਨਾਉਂਸਮੈਂਟ ਆਪਣੇ ਤੌਰ ਤੇ ਹੀ ਕਰ ਦੇਣੀ ਹੈ ਤਾਂ ਹਰ ਜ਼ਿਲ੍ਹਾ ਪਲਾਨਿੰਗ ਬੋਰਡ ਕੋਲ ਕੀ ਅਖ਼ਤਿਆਰ ਰਹਿ ਜਾਂਦਾ ਹੈ ?

**Mr. Speaker** : It is a matter of opinion. It is not a specific supplementary.

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਰ, ਇਹ ਸਪਲੀਮੈਂਟਰੀ ਹੈ ਕਿ ਇਹ ਕਹਿੰਦੇ ਹਨ ਕਿ ਅਸੀਂ ਜ਼ਿਲ੍ਹਾਂ ਪਲਾਨਿੰਗ ਬੋਰਡ ਦੀ ਰਿਕੁਮੈਂਡੇਸ਼ਨ ਨੂੰ ਓਚਾ ਕਰਦੇ ਹਾਂ। ਮਗਰੋਂ ਜਦੋਂ ਮੰਤਰੀ ਜੀ ਆਪਣੇ ਤੌਰ ਤੇ ਪਹਿਲਾਂ ਹੀ ਬਾਹਰ ਅਨਾਊਸਮੈਂਟ ਕਰ ਦਿੰਦੇ ਹਨ ਅਤੇ ਬਾਅਦ ਵਿੱਚ ਡਿਸਟ੍ਰਿਕਟ ਪਲਾਨਿੰਗ ਬੋਰਡ ਨੂੰ ਰੈਫਰ ਕਰ ਦਿੰਦੇ ਹਨ, ਹਦਾਇਤਾਂ ਦਿੰਦੇ ਹਨ ਕਿ ਕਿਉਂਕਿ ਇਹ ਮੰਤਰੀ ਜੀ ਨੇ ਅਨਾਉਂਸ ਕਰ ਦਿੱਤਾ ਹੈ, ਇਸ ਲਈ ਇਸ ਨੂੰ ਜ਼ਰੂਰ ਪਾਸ ਕਰਨਾ ਹੈ। ਬਾਕੀ ਦੀਆਂ ਸਕੀਮਾਂ ਰਹਿ ਜਾਂਦੀਆਂ ਹਨ। ਇਸ ਤਰ੍ਹਾਂ ਪਾਲਿਸੀ ਹੋਣੀ ਚਾਹੀਦੀ ਹੈ ਕਿ ਸਾਰੀਆਂ ਐਪਲੀਕੇਸ਼ਨਾਂ ਆ ਜਾਣ, ਉਨ੍ਹਾਂ ਸਾਰੀਆਂ ਨੂੰ ਐਗਜ਼ਾਮਿਨ ਕਰਕੇ ਫੈਸਲਾ ਲੈਣਾ ਚਾਹੀਦਾ ਹੈ। ਕੀ ਮੰਤਰੀ ਜੀ ਇਹ ਤਬਦੀਲ ਕਰਨ ਨੂੰ ਤਿਆਰ ਹਨ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਤਾਂ ਆਪਣੀ ਓਪੀਨੀਅਨ ਦਿੰਦੇ ਹਨ ਪ੍ਰੰਤੂ ਉਸ ਬਾਰੇ ਫਾਈਨਲ ਡਿਸੀਜ਼ਨ ਹਮੇਸ਼ਾਂ ਜ਼ਿਲ੍ਹਾ ਪਲਾਨਿੰਗ ਬੋਰਡ ਵਿਚ ਹੀ ਲਿਆ ਜਾਂਦਾ ਹੈ। ਕੇਸ ਪਲਾਨਿੰਗ ਬੋਰਡ ਵਿੱਚ ਭੇਜਿਆ ਜਾਂਦਾ ਹੈ ਕਿ ਕਿੰਨੀਆਂ ਡਿਸਪੈਂਸਰੀਆਂ ਖੋਲ੍ਹੀਆਂ ਹਨ, ਉਸ ਦੇ ਅਨੁਸਾਰ ਹੀ ਕਾਰਵਾਈ ਕੀਤੀ ਜਾਂਦੀ ਹੈ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਜਿਹੜਾ ਇਨ੍ਹਾਂ ਨੇ ਦਸਿਆ ਹੈ ਉਸ ਦੇ ਬਾਰੇ ਕੀ ਕਰਾਈਟੇਰੀਆ ਬਣਾਇਆ ਹੈ ? ਇਹ ਕੰਸਟੀਚੂਐਂਸੀ ਵਾਈਜ਼ ਜਾਂ ਕਿਸ ਹਿਸਾਬ ਦੇ ਨਾਲ ਡਿਸਪੈਂਸਰੀਆਂ ਖੋਲ੍ਹਣਗੇ? ਕਿਉਂਕਿ ਅੱਜ ਕਿਹਾ ਜਾਂਦਾ ਹੈ ਕਿ ਪਸ਼ੂ ਧੰਨ ਦੀ ਗੱਲ ਹੈ ਅਤੇ ਵਾਈਟ ਰੇਵੋਲਿਊਸ਼ਨ ਵੀ ਆਇਆ ਹੈ। ਕੀ ਮੰਤਰੀ ਜੀ ਦੱਸਣਗੇ ਕਿ ਇਹ ਕਿਸ ਕਰਾਈਟੇਰੀਆ ਨਾਲ ਡਿਸਪੈਂਸਰੀਆਂ ਖੋਲ੍ਹਣਗੇ, ਕਿਉਂਕਿ ਪਿੰਡਾਂ ਵਿੱਚ ਇਨ੍ਹਾਂ ਦੀ ਬਹੁਤ ਜ਼ਿਆਦਾ ਮੰਗ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ. ਮੈਂ ਮਾਨਯੋਗ ਮੈਂਬਰ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਕਰਾਈਟੇਰੀਆ ਪਿੱਛੇ ਵੀ ਦਸਿਆ ਗਿਆ ਸੀ। ਆਬਾਦੀ ਦੇ ਮੁਤਾਬਿਕ ਫੈਸਲਾ ਕੀਤਾ ਜਾਂਦਾ ਹੈ ਕਿ ਉਸ ਪਿੰਡ ਵਿੱਚ ਡਿਸਪੈਂਸਰੀ ਖੋਲ੍ਹਣੀ ਹੈ। ਪਿੱਛੇ 10,300 ਦੀ ਆਬਾਦੀ ਤੇ ਇੱਕ ਹਸਪਤਾਲ ਖੋਲ੍ਹਦੇ ਸਨ, ਹੁਣ ਇਸ ਨੂੰ ਘਟਾ ਕੇ 500 ਕਰ ਦਿਤਾ ਹੈ। ਮੈਂ ਹੁਣ ਫਿਰ ਕਲੀਅਰ ਕਰ ਦਿੱਤਾ ਹੈ। ਮੈਂ ਮੈਂਬਰ ਸਾਹਿਬ ਨੂੰ ਪਹਿਲਾਂ ਹੀ ਦੱਸ ਦਿਤਾ ਸੀ ਅਤੇ ਹੁਣ ਦੱਸ ਦਿੱਤਾ ਹੈ।

**Mr. Speaker** : Next question Sardar Sukhdev Singh Shahbazpuri.

**Comrade Hardev Singh Arshi** : Supplementary, Sir.

**Mr. Speaker** : I am sorry. I have already called upon the next question.

---

Original with;
Punjab Vidhan Sabha
Digitized by;
Panjab Digital Library

### ਅੰਮ੍ਰਿਤਸਰ ਤੋਂ ਨੌਸ਼ਿਹਰਾ-ਢਾਲਾ ਬਰਾਸਤਾ ਪਿੰਡਾਂ ਲਹੀਆਂ ਅਤੇ ਚਾਹਲ ਤੱਕ ਬੱਸ ਸੇਵਾ ਚਾਲੂ ਕਰਨਾ

*828. **ਸਰਦਾਰ ਸੁਖਦੇਵ ਸਿਘ ਸ਼ਾਹਬਾਜ਼ਪੁਰੀ**: ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਚਾਹਲ, ਬਲਾਕ ਗੰਡੀਵਿੰਡ ਦੇ ਵਸਨੀਕਾਂ ਨੇ ਅੰਮ੍ਰਿਤਸਰ ਤੋਂ ਨੌਸ਼ਹਿਰਾ ਢਾਲਾ ਬਰਾਸਤਾ ਲਹੀਆਂ ਅਤੇ ਚਾਹਲ ਤੱਕ ਪੰਜਾਬ ਰੋਡਵੇਜ਼ ਦੀ ਬੱਸ ਸੇਵਾ ਚਾਲੂ ਕਰਨ ਬਾਰੇ ਦਸੰਬਰ, 1991 ਵਿੱਚ ਪ੍ਰਤੀਬੇਨਤੀ ਕੀਤੀ ਸੀ; ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ?

**Master Jagir Singh** : No, Sir.

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਇਹ ਜੋ ਦਸੰਬਰ, 1991 ਦੀ ਜਾਣਕਾਰੀ ਦਿੱਤੀ ਗਈ ਹੈ ਅਤੇ ਸਾਡੀ ਸਰਕਾਰ 1992 ਵਿਚ ਬਣੀ ਹੈ ਅਤੇ ਮੰਤਰੀ ਸਾਹਿਬ ਨੇ ਜਿਹੜਾ 'ਨਾਂਹ' ਵਿੱਚ ਜਵਾਬ ਦਿੱਤਾ ਹੈ, ਸਪੀਕਰ ਸਾਹਿਬ, ਇਹ ਮਾਮਲਾ ਮੇਰੇ ਹਲਕੇ ਨਾਲ ਸਬੰਧ ਰੱਖਦਾ ਹੈ। ਸਪੀਕਰ ਸਾਹਿਬ, ਪਿਡ ਚਾਹਲ ਬਲਾਕ ਗਾਂਧੀਵਿੰਡ ਦੇ ਵਸਨੀਕਾਂ ਦਾ ਇੱਕ ਡੈਪੂਟੇਸ਼ਨ, ਮੰਤਰੀ ਸਾਹਿਬ ਨੂੰ ਅੰਮ੍ਰਿਤਸਰ ਵਿਖੇ ਸਰਕਟ ਹਾਉਸ ਵਿੱਚ ਮਿਲਿਆ ਅਤੇ ਇਨ੍ਹਾਂ ਨੂੰ ਜ਼ੁਬਾਨੀ ਬੇਨਤੀ ਵੀ ਕੀਤੀ ਸੀ ਅਤੇ ਇੱਕ ਰਿਪਰੇਜ਼ੈਂਟੇਸ਼ਨ ਵੀ ਦਿੱਤੀ ਸੀ ਅਤੇ ਇਨ੍ਹਾਂ ਨੇ ਇਹ ਬੱਸ ਸਰਵਿਸ ਚਲਾਉਣ ਲਈ ਭਰੋਸਾ ਵੀ ਦਿਵਾ-ਇਆ ਸੀ। ਕਿਰਪਾ ਕਰਕੇ ਮੰਤਰੀ ਜੀ ਕੀ ਇਹ ਦੱਸਣਗੇ ਅਤੇ ਅਸ਼ੋਰੈਂਸ ਦੇਣਗੇ ਕਿ ਇਹ ਰੂਟ ਕਦੋਂ ਤੱਕ ਚਾਲੂ ਕਰ ਦਿਤਾ ਜਾਵੇਗਾ ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਕਿਹਾ ਕਿ ਕੋਈ ਰਿਪਰੇਜ਼ੈਂਟੇਸ਼ਨ ਦਿੱਤੀ ਹੈ, ਉਥੋਂ ਦੇ ਲੋਕਾਂ ਨੇ ਪਿੰਡ ਚਾਹਲ ਬਲਾਕ ਗਾਂਧੀਵਿੰਡ ਦੇ ਲੋਕਾਂ ਨੇ, ਮੈਂ ਆਪਣਾ ਰੀਕਾਰਡ ਮੰਗਵਾ ਕੇ ਘੋਖਿਆ ਹੈ। ਉਨ੍ਹਾਂ ਨੇ ਕੋਈ ਰਿਪਰੇਜ਼ੈਂਟੇਸ਼ਨ ਇਸ ਰੂਟ ਨੂੰ ਚਲਾਉਣ ਲਈ ਦਸੰਬਰ, 1991 ਵਿੱਚ ਨਹੀਂ ਦਿੱਤੀ। ਇਸ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਵਾਇਆ ਲੋਹੀਆਂ ਬੱਸ ਸਰਵਿਸ ਚਲਾਉਣ ਲਈ ਕੋਈ ਪਰਮਿਟ ਹੀ ਨਹੀਂ ਹੈ ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ**: ਸਪੀਕਰ ਸਾਹਿਬ, ਮੈਂ 1991 ਦੀ ਗੱਲ ਨਹੀਂ ਕੀਤੀ। ਮੈਂ ਦਸੰਬਰ, 1992 ਦੀ ਗਲ ਕੀਤੀ ਹੈ। ਇਹ ਰੂਟ ਬੜੀ ਅਹਿਮੀਅਤ ਰੱਖਦਾ ਹੈ ਕਿਉਂਕਿ ਇਹ ਬਾਰਡਰ ਦਾ ਏਰੀਆ ਹੈ। ਇਸ ਲਈ ਕੀ ਮੰਤਰੀ ਜੀ ਅਸ਼ੋਰੈਂਸ ਦੇਣਗੇ ਕਿ ਇਹ ਰੂਟ ਚਲਾਇਆ ਜਾਵੇਗਾ ?

**ਸ੍ਰੀ ਸਪੀਕਰ**: ਸ਼ਾਹਬਾਜ਼ਪੁਰੀ ਜੀ, ਇਨ੍ਹਾਂ ਨੇ ਬੜਾ ਕਲੀਅਰ ਉੱਤਰ ਦੇ ਦਿੱਤਾ ਹੈ ।

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਹੋਰ ਵਿਸਥਾਰ ਨਾਲ ਦੱਸ ਦਿੰਦਾ ਹਾਂ ਤਾਕਿ ਮਾਨਯੋਗ ਮੈਂਬਰ ਦੀ ਤਸੱਲੀ ਹੋ ਜਾਵੇ। ਮੈਂ ਬੇਨਤੀ ਕਰਦਾ ਹਾਂ ਕਿ ਅੰਮ੍ਰਿਤਸਰ ਵਿਖੇ ਦੋ ਡਿਪੂ ਹਨ, ਡਿਪੂ ਨੰਬਰ 1 ਅਤੇ ਡਿਪੂ ਨੰਬਰ 2, ਇਨ੍ਹਾਂ ਦੋਹਾਂ ਡਿਪੂਆਂ ਵਿੱਚ..........

Original with;
Punjab Vidhan Sabha
Digitized by;
Panjab Digital Library

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਕੋਈ ਵੀ ਬੱਸ ਚਲਾਉਣ ਜੋਗੀ ਨਹੀਂ।

**Mr. Speaker** : Sathi Ji, do not interrupt.

**ਰਾਜ ਮੰਤਰੀ** : ਇਨ੍ਹਾਂ ਦੋਹਾਂ ਡਿਪੂਆਂ ਵਿੱਚ ਕੋਈ ਵੀ ਰਿਪਰੇਜ਼ੈਂਟੇਸ਼ਨ ਨਹੀਂ ਆਈ। ਸਪੀਕਰ ਸਾਹਿਬ, ਮੈਂ ਕਹਿ ਦਿੰਦਾ ਹਾਂ ਕਿ ਕੋਈ ਮੁਤਾਲਬਾ ਨਹੀਂ ਆਇਆ ਅਤੇ ਅਜਿਹੀ ਕੋਈ ਗੱਲ ਨਹੀਂ ਕਿ ਰੂਟ ਨਹੀਂ ਹੈ। ਅਸੀਂ ਚਲਾ ਨਹੀਂ ਸਕਦੇ। (ਵਿਘਨ) (ਸ਼ੋਰ)

**Mr. Speaker** : Master Ji, please resume your seat. ਮੈਂ ਸਾਰੇ ਮਨਿਸਟਰ ਸਾਹਿਬਾਨ ਨੂੰ ਰਿਕੁਐਸਟ ਕਰਾਂਗਾ ਕਿ they should confine to the replies only.

**ਸ੍ਰੀ ਮਦਨ ਮੋਹਨ ਮਿੱਤਲ** : ** ** **

**ਸ੍ਰੀ ਸਪੀਕਰ** : ਮੈਂ ਪਹਿਲਾਂ ਵੀ ਸਾਰੇ ਮਨਿਸਟਰ ਸਾਹਿਬਾਨ ਨੂੰ ਰਿਕੁਐਸਟ ਕੀਤੀ ਹੈ ਕਿ they should confine to the replies only.

**श्रीमति लक्ष्मी कांता चावला** : अध्यक्ष महोदय, मैं आप के द्वारा मंत्री जी से पूछना चाहती हुं कि अगर जनता को वहां आवश्यकता है तो क्या सरकार आवश्यक और अनिवार्य साधन जूटा सकेगी ? (बैठे बैठे) मुझे लगता है कि प्रश्न समझ नहीं आया।

**ਰਾਜ ਮੰਤਰੀ** : ਦੁਬਾਰਾ ਬੋਲ ਦਿਓ।

**ਸ੍ਰੀ ਸਪੀਕਰ** : ਤੁਸੀਂ ਆਪਣਾ ਸਪਲੀਮੈਂਟਰੀ ਰਿਪੀਟ ਕਰ ਦਿਓ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਵੱਲੋਂ ਇਕ ਰੂਲਿੰਗ ਦੇ ਦਿਓ ਕਿਉਂਕਿ ਕੁਐਸਚਨ ਆਵਰ ਵਿਚ ਸਿਰਫ ਸਪਲੀਮੈਂਟਰੀਆਂ ਹੀ ਹੁੰਦੀਆਂ ਹਨ, ਪੁਆਇੰਟ ਆਫ ਆਰਡਰ ਨਹੀਂ ਹੁੰਦੇ। ਇਸ ਕਰਕੇ ਕਿਰਪਾ ਕਰਕੇ ਪੁਆਇੰਟਸ ਆਫ ਆਰਡਰ ਨਾ ਕਰਿਆ ਕਰਨ। ਮਿੱਤਲ ਸਾਹਿਬ ਨੇ ਪੁਆਇੰਟ ਆਫ ਆਰਡਰ ਕੀਤਾ ਹੈ, ਉਹ ਨਾ ਮੰਨਿਆ ਜਾਵੇ।

**Mr. Speaker** : I have not allowed. That is not a point of order.

**श्रीमति लक्ष्मी कांता चावला** : अध्यक्ष महोदय, मैं आप के माध्यम से कहना चाहती हूं कि अगर मास्टर जी पंजाबी बोलें तो मैं पंजाबी में पूछूंगी ।

**ਸ੍ਰੀ ਸਪੀਕਰ** : ਬੀਬੀ ਜੀ, ਸਿਰਫ ਸਪਲੀਮੈਂਟਰੀ ਪੁੱਛੋ।

**श्रीमति लक्ष्मी कांता चावला** : मैं पूछना चाहती हूं कि जो लोग दसवीं पास है, जिन के प्रार्थना पत्र आते है, उनकी आवश्यकता को ध्यान में रखकर क्या बस सेवा चालू की जाएगी ?

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਨਰਲ ਮੈਨੇਜਰ ਪੰਜਾਬ ਰੋਡਵੇਜ਼, ਅੰਮ੍ਰਿਤਸਰ ਡਿਪੂ ਨੰ: 2 ਨੇ ਇਨਫਾਰਮ ਕੀਤਾ ਹੈ ਕਿ ਅੰਮ੍ਰਿਤਸਰ ਤੋਂ ਨੌਸ਼ਿਹਰਾ ਢੱਲਾਂ ਵਾਇਆ ਲੋਹੀਆਂ ਵਾਸਤੇ ਬੱਸ ਸਰਵਿਸ ਦੇਣ ਲਈ ਕੋਈ ਦਰਖਾਸਤ ਨਹੀਂ ਆਈ। ਅਗਰ ਦਰਖਾਸਤ ਆਵੇਗੀ, ਅਸੀਂ ਸਰਵੇ ਕਰਾਂਗੇ ਔਰ ਸਰਵੇ ਕਰਵਾ ਕੇ ਆਰ. ਟੀ. ਏ. ਕੰਨਸਰਨਡ ਤੋਂ ਪਰਮਿਟ ਵਾਸਤੇ ਅਪਲਾਈ ਕਰਵਾਵਾਂਗੇ ਔਰ ਬੱਸ ਚਲਾਵਾਂਗੇ।

**ਸ੍ਰੀ ਸਪੀਕਰ**: ਅਗਲਾ ਸਵਾਲ। ਇਸ ਦੇ ਲਈ ਮੇਰੇ ਕੋਲ ਸਰਦਾਰ ਹਰਗੋਪਾਲ ਸਿੰਘ ਦੇ ਨਾਮ ਦੀ ਅਥਾਰਿਟੀ ਆਈ ਹੈ। ਸਰਦਾਰ ਹਰਗੋਪਾਲ ਸਿੰਘ।

---

### ਭਦੌੜ ਚੋਣ ਹਲਕੇ ਵਿਚ ਪਿੰਡ ਅਲਕਾਰਾ ਨੂੰ ਬੱਸ ਸੇਵਾ ਮੁਹੱਈਆ ਕਰਨਾ

*924. **ਸਰਦਾਰ ਨਿਰਮਲ ਸਿੰਘ ਨਿੰਮਾ** (ਸਰਦਾਰ ਹਰਗੋਪਾਲ ਸਿੰਘ ਐਡਵੋਕੇਟ ਵੱਲੋਂ ਪੇਸ਼ ਕੀਤਾ ਗਿਆ): ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਭਦੌੜ ਚੋਣ ਹਲਕੇ ਵਿਚ ਪੈਂਦੇ ਪਿੰਡ ਅਲਕਾਰਾ ਨੂੰ ਜ਼ਿਲ੍ਹਾ ਸੰਗਰੂਰ ਦੇ ਭਦੌੜ ਕਸਬੇ ਜਾਂ ਕਿਸੇ ਹੋਰ ਕਸਬੇ ਨਾਲ ਬੱਸ ਸੇਵਾ ਰਾਹੀਂ ਜੋੜਿਆ ਗਿਆ ਹੈ, ਜੇਕਰ ਹੈ ਤਾਂ ਉਕਤ ਰੂਟਾਂ ਤੇ ਚਲਾਈ ਜਾ ਰਹੀ ਬੱਸ ਸੇਵਾ ਦੇ ਵੇਰਵੇ ਕੀ ਹਨ; ਜੇਕਰ ਨਹੀਂ, ਤਾਂ ਉਕਤ ਪਿੰਡ ਨੂੰ ਬੱਸ ਸੇਵਾ ਕਦੋਂ ਮੁਹੱਈਆ ਕੀਤੇ ਜਾਣ ਦੀ ਸੰਭਾਵਨਾ ਹੈ ?

**Master Jagir Singh**: No, Sir. No time schedule can be given.

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਪਹਿਲਾਂ ਕੋਈ ਸ਼ਡਿਊਲ ਨਹੀਂ ਹੈ, ਤਾਂ ਕੀ ਉਨ੍ਹਾਂ ਨੂੰ ਬੱਸ ਸੇਵਾ ਠੀਕ ਤਰ੍ਹਾਂ ਮੁਹੱਈਆ ਕਰਨ ਲਈ ਇਨ੍ਹਾਂ ਦਾ ਕੋਈ ਵਿਚਾਰ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੇ, ਜਿਹੜਾ ਇਨ੍ਹਾਂ ਨੇ ਪਿੰਡ ਅਲਕਾਰਾ ਕਿਹਾ ਹੈ, ਲਿਖਿਆ ਹੈ ਕਿ ਇਹ ਭਦੌੜ ਨਾਲ ਕੁਨੈਕਟਿਡ ਨਹੀਂ ਹੈ। ਇਹ ਪਿੰਡ ਲਿੰਕ ਸੜਕ ਤੇ ਪੈਂਦਾ ਹੈ। ਮੈਂ ਨਿਮਰਤਾ ਨਾਲ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਪਿੰਡ ਦਾ ਸਰਵੇ ਕਰਵਾ ਕੇ ਜੇ ਪਾਸੀਬਲ ਹੋਇਆ, ਬੱਸ ਚਲ ਸਕਦੀ ਹੋਈ, ਉਥੇ ਸੜਕ ਹੈ ਜਾਂ ਲਿੰਕ ਸੜਕ ਹੈ, ਕੋਈ ਫਾਇਦਾ ਹੈ ਜਾਂ ਨਹੀਂ, ਸਾਰਾ ਕੁੱਝ ਦੇਖ ਕੇ ਫਿਰ ਆਰ. ਟੀ. ਏ. ਕਨਸਰਨਡ ਨੂੰ ਕਹਾਂਗੇ ਕਿ ਉਹ ਪਰਮਿਟ ਲਈ ਅਪਲਾਈ ਕਰਨ। ਹਾਲੀ ਕੁਝ ਨਹੀਂ ਕਹਿ ਸਕਦੇ।

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ**: ਸਪੀਕਰ ਸਾਹਿਬ, ਕੀ ਮੰਤਰੀ ਜੀ ਇਸ ਦੇ ਲਈ ਕੋਈ ਸਮਾਂ ਨਿਸਚਿਤ ਕਰ ਸਕਦੇ ਹਨ ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਦੁਬਾਰਾ ਕਹਿ ਦੇਣਾ ਚਾਹੁੰਦਾ ਹਾਂ ਕਿ no time schedule can be given for the present.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਨੈਕਸਟ ਕੁਐਸਚਨ। ਇਸ ਸਵਾਲ ਲਈ ਵੀ ਅਥਾਰਿਟੀ ਸਰਦਾਰ ਹਰਗੋਪਾਲ ਸਿੰਘ ਲਈ ਹੈ। ਸਰਦਾਰ ਹਰਗੋਪਾਲ ਸਿੰਘ।

---

**ਜ਼ਿਲ੍ਹਾ ਸੰਗਰੂਰ ਵਿਚ ਪਿੰਡ ਸੈਹਨਾ ਨੂੰ ਅਰਬਨ ਫੀਡਰ ਵੱਜੋਂ ਕਰਾਰ ਦੇਣਾ**

*947, **ਸਰਦਾਰ ਨਿਰਮਲ ਸਿੰਘ ਨਿੰਮਾ** (ਸਰਦਾਰ ਹਰਗੋਪਾਲ ਸਿੰਘ, ਐਡਵੋਕੇਟ ਵੱਲੋਂ ਪੇਸ਼ ਕੀਤਾ ਗਿਆ) : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ---

(ੳ) ਰਾਜ ਵਿਚ ਅਜਿਹੇ ਪਿੰਡਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜਿਹੜੇ ਇਸ ਸਮੇਂ ਅਰਬਨ ਫੀਡਰ ਲਗਾਉਣ ਦੇ ਸਿੱਟੇ ਵੱਜੋਂ 24 ਘੰਟੇ ਬਿਜਲੀ ਦੀ ਸਪਲਾਈ ਲੈ ਰਹੇ ਹਨ ;

(ਅ) ਕੀ ਸਰਕਾਰ ਦੀ ਜ਼ਿਲ੍ਹਾ ਸੰਗਰੂਰ ਵਿਚ ਪਿੰਡ ਸੈਹਨਾ ਵਿਚ ਅਰਬਨ ਫੀਡਰ ਲਗਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਲਗਾਏ ਜਾਣ ਦੀ ਸੰਭਾਵਨਾ ਹੈ?

**Sardar Harcharan Singh Brar** : (a) 772 Villages are at present getting electricity supply round the clock through 11 KV urban feeders.

The Zonewise breakup is :—

| | |
|---|---|
| (i) North Zone | .. 127 |
| (ii) South Zone | .. 69 |
| (iii) Central zone | .. 576 |

(b) At present there is no such proposal but when the village panchayat submits a resolution to the effect and deposit Rs. 5,000 as earnest money for bearing 50% of the cost, the installation of urban feeder in the village will be considered.

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਵਿੱਚ ਦੱਸਿਆ ਹੈ ਕਿ ਜਿਸ ਪਿੰਡ ਦੀ ਪੰਚਾਇਤ ਇਸ ਸਬੰਧ ਵਿੱਚ ਰੈਜ਼ੋਲਿਊਸ਼ਨ ਕਰਕੇ 50% ਹਿੱਸਾ ਪਾਉਣ ਲਈ ਬਤੌਰ ਬਿਆਨਾ ਪੰਜ ਹਜ਼ਾਰ ਰੁਪਿਆ ਜਮ੍ਹਾਂ ਕਰਾਉਂਦੀ ਹੈ, ਤਾਂ ਹੀ ਉਥੇ ਅਰਬਨ ਫੀਡਰ ਲਗ ਸਕਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਪਿੰਡ ਦੀ ਪੰਚਾਇਤ ਕੋਲ ਆਮਦਨ ਦਾ ਜ਼ਰੀਆ ਨਹੀਂ ਹੈ, ਜਿਸ ਪਿੰਡ ਦੀ ਪੰਚਾਇਤ ਦੀ ਕੋਈ ਆਮਦਨ ਨਹੀਂ ਹੈ ਉਸ ਪਿੰਡ ਦੇ ਬਾਰੇ ਇਹ ਬਿਨਾਂ ਬਿਆਨਾ ਜਮ੍ਹਾਂ ਕਰਵਾਏ ਅਰਬਨ ਫੀਡਰ ਲਗਾਉਣ ਲਈ ਕੋਈ ਵਿਚਾਰ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਅਜੇ ਤੱਕ ਤਾਂ 50% ਹਿੱਸਾ ਪਾਉਣ ਲਈ ਬਤੌਰ ਬਿਆਨਾ 51 ਹਜ਼ਾਰ ਰੁਪਿਆ ਜਮ੍ਹਾਂ ਕਰਵਾਉਣ ਦੀ ਹੀ ਗੌਰਮਿੰਟ ਦੀ ਪਾਲਿਸੀ ਹੈ ।

**ਸਰਦਾਰ ਰਾਜ ਸਿੰਘ ਖੇੜੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸ਼ੇਰਪੁਰ ਮੇਰੀ ਕੰਸਟੀਚਿਊਐਂਸੀ ਹੈ ਔਰ ਸ਼ੇਰਪੁਰ ਦੇ ਨਾਲ ਮੇਰਾ ਖੇੜੀ ਕਲਾਂ ਪਿੰਡ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਾਜ ਸਿੰਘ ਖੇੜੀ]

ਸਿਰਫ ਡੇਢ ਕਿਲੋਮੀਟਰ ਦੀ ਦੂਰੀ ਤੇ ਹੈ। ਕੀ ਸ਼ੇਰਪੁਰ ਦੇ ਸ਼ਹਿਰੀ ਫੀਡਰ ਦੇ ਨਾਲ ਖੇੜੀ ਪਿੰਡ ਨੂੰ ਜੋੜਨ ਦੀ ਤਜਵੀਜ਼ ਹੈ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਮੈਂ ਹੁਣੇ ਹੀ ਦੱਸਿਆ ਹੈ ਕਿ ਪਿੰਡ ਭਾਵੇਂ ਡੇਢ ਮੀਲ ਹੋਵੇ, ਡੇਢ ਕਿਲੋਮੀਟਰ ਜਾਂ ਘੱਟ ਹੋਵੇ, ਅਗਰ 50% ਕਾਸਟ ਉਹ ਬੇਅਰ ਕਰੇਗਾ ਤਾਂ ਉਥੇ ਇਨਸਟਾਲ ਕਰਨ ਵਾਸਤੇ ਵਿਚਾਰਿਆ ਜਾਵੇਗਾ।

**ਸ੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਅਗਰ ਪੰਚਾਇਤਾਂ 50% ਕਾਸਟ ਬੀਅਰ ਕਰਨਗੀਆਂ ਤਾਂ ਰਾਉਂਡ ਦੀ ਕਲੌਕ ਬਿਜਲੀ ਸਪਲਾਈ ਕੀਤੀ ਜਾਵੇਗੀ। ਲੇਕਿਨ ਜੋ ਪੰਜਾਬ ਸਰਕਾਰ ਨੇ ਪਾਲਿਸੀ ਦਿੱਤੀ ਹੈ ਔਰ ਕਮਿਟਮੈਂਟ ਕੀਤੀ ਹੈ, ਉਸ ਦੇ ਵਿਚ ਹੈ ਕਿ ਪਿੰਡਾਂ ਨੂੰ ਰਾਉਂਡ ਦੀ ਕਲੌਕ ਬਿਜਲੀ ਸਪਲਾਈ ਕੀਤੀ ਜਾਵੇਗੀ। ਇਨ੍ਹਾਂ ਦੀ ਸਟੇਟਮੈਂਟ ਕੰਟਰਾਡਿਕਟਰੀ ਹੈ to the policy of Government already declared. ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਗੱਲ ਠੀਕ ਹੈ ਜਾਂ ਪ੍ਰੈਜ਼ੀਡੈਂਟਲੀ ਜੋ ਮੰਤਰੀ ਜੀ ਨੇ ਕਿਹਾ ਹੈ ਇਹ ਠੀਕ ਹੈ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਚੰਗੀ ਤਰ੍ਹਾਂ ਪੜ੍ਹਿਆ ਨਹੀਂ ਹੋਣਾ, ਕਿਉਂਕਿ ਬਜਟ ਵਿਚ ਗੌਰਮਿੰਟ ਪਾਲਿਸੀ ਔਰ ਗਵਰਨਰ ਭਾਸ਼ਣ ਵਿਚ ਜੋ ਪਾਲਿਸੀ ਦਿੱਤੀ ਹੋਈ ਹੈ ਉਨ੍ਹਾਂ ਵਿਚ ਕੋਈ ਅੰਤਰ ਨਹੀਂ। ਉਨ੍ਹਾਂ ਦੇ ਮੁਤਾਬਿਕ ਇਹ ਹੈ ਕਿ 24 ਘੰਟੇ ਬਿਜਲੀ ਉਨ੍ਹਾਂ ਨੂੰ ਦਿੱਤੀ ਜਾਏਗੀ ਜਿਹੜੇ 50% ਡਿਪਾਜ਼ਿਟ ਕਰਾਉਣਗੇ।

## ਅਧਿਆਪਕਾਂ ਦੀ ਚੋਣ ਲਈ ਸੇਧਾਂ

*681. **ਸ੍ਰੀਮਤੀ ਵਿਮਲਾ ਡਾਂਗ** (ਕਾਮਰੇਡ ਹਰਦੇਵ ਸਿੰਘ ਅਰਸ਼ੀ ਵੱਲੋਂ ਪੇਸ਼ ਕੀਤਾ ਗਿਆ) : ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਸਕੂਲ ਲੈਕਚਰਾਰਾਂ, ਮਾਸਟਰਾਂ ਅਤੇ ਮਿਸਟਰੈਸਾਂ, ਜੇ. ਬੀ. ਟੀ. ਅਧਿਆਪਕਾਂ ਆਦਿ ਵੱਜੋਂ ਨਿਯੁਕਤੀਆਂ ਕਰਨ ਲਈ ਉਮੀਦਵਾਰਾਂ ਦੀ ਇੰਟਰਵਿਊ ਅਤੇ ਸਿਫਾਰਸ਼ ਕਰਨ ਲਈ ਨਿਯੁਕਤ ਕੀਤੀਆਂ ਚੋਣ ਕਮੇਟੀਆਂ ਦੁਆਰਾ ਪਾਲਣਾ ਕੀਤੇ ਜਾਣ ਲਈ ਕੋਈ ਸੇਧਾਂ ਨਿਰਧਾਰਤ ਕੀਤੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

**ਸ੍ਰੀ ਹਰਨਾਮ ਦਾਸ ਜੌਹਰ** : ਹਾਂ ਜੀ। ਸਕੂਲ ਲੈਕਚਰਾਰਾਂ, ਮਾਸਟਰਾਂ ਅਤੇ ਮਿਸਟਰੈਸਾਂ ਦੀ ਚੋਣ ਸਬੰਧੀ ਨਿਰਧਾਰਤ ਸੇਧਾਂ ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ।

Guidelines for selection of School Lecturers, Masters and Mistresses :—

| | | Marks |
|---|---|---|
| (a) | Academic Qualifications | 35% |
| (b) | Profession Qualifications | 35% |
| (c) | Supporting Qualifications (Experience etc.) | 15 |
| (d) | Interview Marks | 15 |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਉੱਤਰ ਦਿੱਤਾ ਹੈ ਕਿ ਜਿਹੜੀ ਅਕੈਡਮਿਕ ਕੁਆਲੀਫਿਕੇਸ਼ਨ ਹੈ, ਉਸ ਦੇ ਵਾਸਤੇ 35% ਪਰੋਫੈਸ਼ਨਲ ਕੁਆਲੀਫਿਕੇਸ਼ਨ ਵਾਸਤੇ 35% ਸਪੋਰਟਸ ਦੇ 15 ਔਰ ਇੰਟਰਵਿਊ ਦੇ ਵੀ 15 ਮਾਰਕਸ ਰੱਖੇ ਹਨ। ਮੈਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜੀ ਅਕੈਡਮਿਕ ਕੁਆਲੀਫਿਕੇਸ਼ਨ ਵਾਸਤੇ 35% ਮਾਰਕਸ ਦੱਸੇ ਹਨ ਬਾਕੀ ਪ੍ਰੋਫੈਸ਼ਨਲ ਦਾ ਤੇ ਚਲੋ ਹੋ ਗਿਆ ਕਿ ਬੀ. ਐਡ. ਹੋਣਗੇ ਉਸ ਦੇ ਵੀ 35% ਮਾਰਕਸ ਹੋ ਗਏ, ਪਰ ਕੀ ਜਿਹੜੀ ਅਕੈਡਮਿਕ ਕੁਆਲੀਫਿਕੇਸ਼ਨ ਹੈ, ਕੀ ਉਸਨੂੰ ਡਿਫਾਈਨ ਕੀਤਾ ਹੈ ਕਿਉਂਕਿ ਕੋਈ ਗੋਲਡ ਮੈਡਲਿਸਟ ਹੋਵੇਗਾ ਕੋਈ ਫਸਟ ਡਿਵੀਜ਼ਨ ਹੋਵੇਗਾ, ਕੋਈ ਸੈਕਿੰਡ ਅਤੇ ਥਰਡ ਡਿਵੀਜ਼ਨ ਹੋਵੇਗਾ। ਕੀ ਉਨ੍ਹਾਂ ਵਿਚ ਕੋਈ ਫਰਕ ਰੱਖਿਆ ਗਿਆ ਹੈ ਜਾਂ ਸਭ ਨੂੰ 35 ਮਾਰਕਸ ਦੇਣੇ ਹਨ ?

**ਮੰਤਰੀ** : ਸਪੀਕਰ ਸਾਹਿਬ, ਪਰਸੈਂਟੇਜ ਆਫ ਮਾਰਕਸ ਦੇ ਮੁਤਾਬਿਕ ਨੰਬਰ ਦਿੱਤੇ ਜਾਣਗੇ। ਫਸਟ ਡਿਵੀਜ਼ਨ ਨੂੰ ਵੱਖਰੇ ਹੋਣਗੇ, ਸੈਕਿੰਡ ਨੂੰ ਵੱਖਰੇ ਅਤੇ ਥਰਡ ਨੂੰ ਵੱਖਰੇ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਹਦਾਇਤਾਂ ਪਹਿਲਾਂ ਦਿੱਤੀਆਂ ਗਈਆਂ ਸਨ, ਕੀ ਉਨ੍ਹਾਂ ਵਿਚ ਕੋਈ ਸੋਧ ਕੀਤੀ ਗਈ ਹੈ ਕਿਉਂਕਿ ਉਨ੍ਹਾਂ ਹਦਾਇਤਾਂ ਵਿਚ ਤਾਂ ਸਭ ਨੂੰ ਇਕੋ ਜਿਹੇ ਮਾਰਕਸ ਮਿਲਣੇ ਸਨ ?

**ਮੰਤਰੀ** : ਜੋ ਕੁਝ ਸ਼ੁਰੂ ਵਿੱਚ ਸੀ, ਉਹੀ ਹੁਣ ਹੈ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਮੈਟਰ ਹੈ। ਮੈਂ ਸੀ. ਐਮ. ਸਾਹਿਬ ਦੀ ਇੰਟਰਵੈਨਸ਼ਨ ਚਾਹਾਂਗਾ। ਇਕ ਗੱਲ ਹੋਰ ਇਹ ਹੈ ਕਿ ਸਪੋਰਟਸ ਦੇ 15 ਮਾਰਕਸ ਰਖੇ ਹਨ। ਕੀ ਸਪੋਰਟਸ ਵੀ ਡਿਫਾਈਨ ਕੀਤੀ ਹੈ; ਇਕ ਤਾਂ ਬਲੌਕ ਲੈਵਲ ਤੇ ਹੋ ਸਕਦਾ ਹੈ, ਦੂਜਾ ਕੋਈ ਪੰਜਾਬ ਚੈਂਪੀਅਨ ਹੋ ਸਕਦਾ ਹੈ, ਫਿਰ ਕੋਈ ਆਲ ਇੰਡੀਆ ਲੈਵਲ ਦਾ ਹੋ ਸਕਦਾ ਹੈ। ਕੀ ਇਨ੍ਹਾਂ ਸਭ ਨੂੰ ਆਪਣੀ ਮਰਜ਼ੀ ਨਾਲ ਨੰਬਰ ਦੇਣਗੇ ਜਾਂ ਹਰ ਲੈਵਲ ਦੇ ਅਲਹਿਦਾ ਅਲਹਿਦਾ ਨੰਬਰ ਹੋਣਗੇ ?

**ਸ੍ਰੀ ਸਪੀਕਰ** : ਅਰਸ਼ੀ ਜੀ, ਜਵਾਬ ਉਨ੍ਹਾਂ ਨੇ ਦੇ ਦਿੱਤਾ ਹੈ, ਔਰ ਗਾਈਡਲਾਈਨਜ਼ ਟੇਬਲ ਤੇ ਰੱਖ ਦਿਤੀਆਂ ਹਨ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜਾ ਸਪੋਰਟਸ ਬਾਰੇ ਕਿਹਾ ਹੈ ਕੀ ਉਸ ਵਿਚ ਕੋਈ ਗਰੇਡੇਸ਼ਨ ਵੀ ਕੀਤੀ ਹੈ ਜਾਂ ਨਹੀਂ ਕਿਉਂਕਿ ਇਕ ਤਾਂ ਕੋਈ ਗੁੱਲੀ ਡੰਡੇ ਵਾਲਾ ਹੋ ਸਕਦਾ ਹੈ ਅਤੇ ਦੂਜਾ ਕੋਈ ਔਲੰਪਿਕ ਦਾ ਖਿਡਾਰੀ ਹੋ ਸਕਦਾ ਹੈ। ਕੀ ਦੋਨਾਂ ਨੂੰ ਹੀ ਇਹ ਉਹੀ 15 ਨੰਬਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਗੁੱਲੀ ਡੰਡੇ ਵਾਲੇ ਨੂੰ ਗੁੱਲੀ ਡੰਡੇ ਮੁਤਾਬਿਕ ਸਮਝਿਆ ਜਾਵੇਗਾ ਅਤੇ ਔਲੰਪਿਕ ਵਾਲੇ ਨੂੰ ਔਲੰਪਿਕ ਦੇ ਮੁਤਾਬਿਕ ਨੰਬਰ ਦਿੱਤੇ ਜਾਣਗੇ। ਮੈਂ ਭਰੋਸਾ ਦਿਵਾਉਂਦਾ ਹਾਂ ਕਿ ਜਿਹੋ ਜਿਹੇ ਪੱਧਰ ਤੇ ਕੋਈ ਖੇਡਿਆ ਹੋਵੇਗਾ ਉਸ ਦੇ ਮੁਤਾਬਿਕ ਨੰਬਰ ਦਿੱਤੇ ਜਾਣਗੇ. ਹਰ ਇਕ ਨੂੰ ਇਕ ਰੱਸੀ ਨਾਲ ਨਹੀਂ ਬੰਨ੍ਹਿਆ ਜਾਵੇਗਾ।

**Mr. Speaker** : Questions are over.

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਸਪੀਕਰ ਸਾਹਿਬ, ਕੱਲ੍ਹ ਜ਼ੀਰੋ ਆਵਰ ਦੇ ਦੌਰਾਨ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਨੂੰ ਸਸਪੈਂਡ ਕਰਨ ਦਾ ਮਾਮਲਾ ਆਪੋਜੀਸ਼ਨ ਵੱਲੋਂ ਉਠਾਇਆ ਗਿਆ ਸੀ ਅਤੇ ਤੁਹਾਡੇ ਵੱਲੋਂ ਭਰੋਸਾ ਆਇਆ ਸੀ ਕਿ ਤੁਸੀਂ ਵਿਚਾਰ ਕਰ ਰਹੇ ਹੋ। ਸੋ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੱਲ੍ਹ ਜੋ ਆਪੋਜੀਸ਼ਨ ਵੱਲੋਂ ਪ੍ਰਿਵਿਲੇਜ ਮੋਸ਼ਨ ਦਿੱਤੀ ਗਈ ਸੀ, ਕੀ ਉਸ ਤੇ ਵਿਚਾਰ ਕੀਤਾ ਗਿਆ ਹੈ ਜਾਂ ਨਹੀਂ ?

**ਸ੍ਰੀ ਸਪੀਕਰ** : ਮੈਂ ਕੱਲ੍ਹ ਕਹਿ ਦਿੱਤਾ ਸੀ Hargopal Ji, this is under my consideration. I will give the ruling today.

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ** ** **

**Mr. Speaker** : I have not allowed you to speak like that. Please sit down. You are not going on record.

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਸਪੀਕਰ ਸਾਹਿਬ, ਮੈਂ ਪੰਜਾਬ ਦੇ ਬੱਚਿਆਂ ਦੇ ਹਿੱਤ ਵਿਚ ਕੁਝ ਕਹਿਣਾ ਚਾਹੁੰਦੀ ਹਾਂ.........

**Mr. Speaker** : Prof. Laxmi Kanta Chawla, what is your point of order?

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ** ** **

**Mr. Speaker** : This is no point of order. I do not allow.

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ** ** **

**Mr. Speaker** : I have not allowed it. Behenji, please sit down.

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਹਰਦੇਵ ਸਿੰਘ ਅਰਸ਼ੀ ਬੋਲਣ ਲਈ ਖੜ੍ਹੇ ਹੋਏ)

**Mr. Speaker** : Arshi ji, what is your Point of Order?

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ** ** **

**Mr. Speaker** : This is no Point of Order.

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ ਬੋਲਣ ਲਈ ਖੜ੍ਹੇ ਸਨ)

**Mr. Speaker** : Shahbazpuri Ji, what is your Point of Order?

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ** ** **

**Mr. Speaker** : This is no Point of Order? Please sit down.

---

**Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ** **

**ਸ੍ਰੀ ਸਪੀਕਰ** : ਇਹ ਪੁਆਇੰਟ ਆਫ ਆਰਡਰ ਨਹੀਂ ਬਣਦਾ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜਪੁਰੀ** : ਸਪੀਕਰ ਸਾਹਿਬ, ਇਹ ਪੁਆਇੰਟ ਆਫ ਆਰਡਰ ਬਣਦਾ ਹੈ ਜੀ। ਇਹ ਮੇਰੇ ਨਾਲ ਜ਼ਿਆਦਤੀ ਹੈ, ਇਹ ਹਾਊਸ ਦੇ ਨਾਲ ਸਬੰਧਤ ਹੈ। ਇਹ ਪੁਆਇੰਟ ਆਫ ਆਰਡਰ ਬਣਦਾ ਹੈ।

**Mr. Speaker** : This is my interpretation of the Rules. Please sit down. ਤੁਸੀਂ ਮੇਰੇ ਨਾਲ ਚੈਂਬਰ ਵਿੱਚ ਆ ਕੇ ਗੱਲ ਕਰ ਲੈਣਾ, ਫਿਰ ਵੇਖ ਲਵਾਂਗਾ।

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀ ਮਦਨ ਮੋਹਨ ਮਿੱਤਲ ਬੋਲਣ ਲਈ ਖੜ੍ਹੇ ਸਨ)

**Mr. Speaker** : Mittal Ji, what is your Point of Order?

**ਸ੍ਰੀ ਮਦਨ ਮੋਹਨ ਮਿੱਤਲ** : ** ** **

**Mr. Speaker** : This is no Point of Order. (ਇਸ ਸਮੇਂ ਸਦਨ ਵਿਚ ਕਾਫੀ ਸ਼ੋਰ ਸੀ)

## WALK-OUT

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਸਦਨ ਵਿਚੋਂ ਵਾਕ-ਆਊਟ ਕਰ ਗਏ।)

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ** ** **

**ਸ੍ਰੀ ਸਪੀਕਰ** : ਠੀਕ ਹੈ, ਇਕ ਤੁਸੀਂ ਪ੍ਰਿਵਿਲੇਜ ਮੋਸ਼ਨ ਦਿੱਤੀ, ਉਸ ਤੇ ਮੈਂ ਰੂਲਿੰਗ ਦੇਵਾਂਗਾ। I have considered that. But it is no Point of Order.

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ** ** **

**Mr. Speaker** : No Point of Order.

**ਸ੍ਰੀ ਸਿੰਗਾਰਾ ਰਾਮ ਸਹੂੰਗੜਾ** : ** ** **

**Mr. Speaker** : No Point of Order.

**ਸ੍ਰੀ ਸਿੰਗਾਰਾ ਰਾਮ ਸਹੂੰਗੜਾ** : ** ** **

**Mr. Speaker** : I have not allowed it. It is no Point of Order. You are not going on record.

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ** ** **

**Mr. Speaker** : No Point of Order.

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ** ** **

**Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker** : Sathi Ji, please sit down. Your are not going on record.

**ਕਾਮਰੇਡ ਬਲਦੇਵ ਸਿੰਘ ਬਲਮਗੜ੍ਹ** : ਸਪੀਕਰ ਸਾਹਿਬ, ਕੁਐਸਚਨ ਦੇ ਸਮੇਂ ਵਿਚ ਸ਼ਾਹਬਾਜ਼ਪੁਰੀ ਜੀ ਨੇ ਇਕ ਸਵਾਲ ਕੀਤਾ ਸੀ ਔਰ ਮੰਤਰੀ ਸਾਹਿਬ ਨੇ ਉਸ ਤੇ ਪਰਸਨਲ ਅਟੈਕ ਕੀਤਾ ਸੀ।

**ਸ਼੍ਰੀ ਸਪੀਕਰ** : ਉਨਾਂ ਦੀ ਗੱਲ ਮੈਂ ਸੁਣ ਲਈ ਹੈ ਔਰ ਮੈਂ ਕਹਿ ਦਿੱਤਾ ਹੈ ਕਿ ਮੇਰੇ ਚੈਂਬਰ ਵਿਚ ਆ ਜਾਣ। He can come to my Chamber and discuss it there. I have given my ruling.

**ਸਰਦਾਰ ਸ਼ੇਰ ਸਿੰਘ ਗਗੋਵਾਲ** : ਸਪੀਕਰ ਸਾਹਿਬ ਪੁਆਇੰਟ ਆਫ ਆਰਡਰ 4 ਦਿਨ ਹੋ ਗਏ ਹਨ, ਆਪੋਜ਼ੀਸ਼ਨ ਨੂੰ ਇਹੀ ਗੱਲ ਕਰਦੇ, ਇਨ੍ਹਾਂ ਕੋਲ ਹੋਰ ਕੋਈ ਈਸ਼ੂ ਨਹੀਂ। ਜ਼ੀਰਾ ਸਾਹਿਬ ਤੇ ਪੁਆਇੰਟ ਆਫ ਆਰਡਰ ਕਰਦੇ ਹਨ। ਇਨ੍ਹਾਂ ਨੇ ਮਜ਼ਾਕ ਬਣਾਇਆ ਹੈ। ਇਨ੍ਹਾਂ ਨੂੰ ਪਤਾ ਹੈ ਜ਼ੀਰਾ ਸਾਹਿਬ ਨੇ ਇਸ ਹਾਊਸ ਦੀ ਇਕ ਮਹਾਨ ਹਸਤੀ ਦੀ ਬੇਜ਼ਤੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਵੇਲੇ ਇਹ ਚੁਪ ਸੀ ਜਦੋਂ ਉਹ ਭੱਜ-ਭੱਜ ਕੇ ਜਾ ਰਿਹਾ ਸੀ। ਮੈਂ ਬੇਨਤੀ ਕਰਦਾ ਹਾਂ ਕਿ ਉਸ ਨੂੰ ਕ਼ਾਇਦੇ ਕਾਨੂੰਨ ਨਾਲ ਹੀ ਉਸ ਨੂੰ ਸਸਪੈਂਡ ਕੀਤਾ ਗਿਆ ਹੈ। ......ਮਾੜੀ ਮੋਟੀ ਸੋਚ ਸਮਝ ਕੇ ਗੱਲ ਕਰਨੀ ਚਾਹੀਦੀ ਹੈ।

**ਸ਼੍ਰੀ ਸਪੀਕਰ** : ਤੁਸੀਂ ਬੈਠ ਜਾਓ।

**Mr. Speaker** : Now Call Attention Motions. Comrade Hardev Arshi, your call attention Motion.

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਤਰਸੇਮ ਜੋਧਾਂ, ਸੀ.ਪੀ.ਆਈ.(ਐਮ.), ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਜਨਤਾ ਦਲ), ਸਰਦਾਰ ਰਣਜੀਤ ਸਿੰਘ ਛੱਜਲਵਡੀ ਸ਼੍ਰੋਮਣੀ ਅਕਾਲੀ ਦਲ (ਕਾਬਲ) ਅਤੇ ਸਰਦਾਰ ਸੁਰਜਣ ਸਿੰਘ (ਆਈ.ਪੀ.ਐਫ.) ** ** ** ਨਾਹਰੇ ਲਗਾ ਰਹੇ ਸਨ।

**Mr. Speaker** : Whatever slogans are being raised are not to form part of the record.

---

## DHARNA

(At this stage, Hon. Members Comrade Tarsem Jodhan CPI(M) Sh. Vijay Kumar Sathi, Advocate (J.D.) Sardar Ranjit Singh Chhajalwadi (S.A.D.(K), Sardar Surjan Singh (IPF) rushed to the well of the House and sat in Dharna. They were raising * * * slogans. All the Members of the B.S.P., present in the House were raising * * slogans also joined Dharna).

**Mr. Speaker** : Nothing is to form part of the record. No slogans should be recorded. Please resume your seats. This is not the proper way. Please go to your seats. This is not the way. I am sorry. You cannot dictate like that. Arshi ji, please move your Call Attention Motion.

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਵੇਲੇ ਧਰਨੇ ਤੇ ਬੈਠੇ ਮੈਂਬਰ ਸਾਹਿਬਾਨ ਇਕੱਠੇ ਹੀ ** ** ਨਾਹਰੇ ਲਗਾ ਰਹੇ ਸਨ। )

**ਸ੍ਰੀ ਸਪੀਕਰ:** ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ। ਅਰਸ਼ੀ ਜੀ, ਤੁਸੀਂ ਬੋਲੋ।

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਸਪੀਕਰ ਸਾਹਿਬ, ਸਰਦਾਰ ਇੰਦਰਜੀਤ ਸਿੰਘ ਜ਼ੀਰਾ ਦੇ ਮਾਮਲੇ ਤੇ ਮੁੜ ਕੇ ਵਿਚਾਰ ਕਰਨਾ ਚਾਹੀਦਾ ਹੈ। ਤੁਸੀਂ ਹਾਊਸ ਨੂੰ 10 ਮਿੰਟਾਂ ਲਈ ਐਡਜਰਨ ਕਰ ਲਉ। ਹਾਊਸ ਨੂੰ ਐਡਜਰਨ ਕਰਕੇ, ਸਪੀਕਰ ਸਾਹਿਬ, ਕੋਈ ਹੱਲ ਕੱਢਣਾ ਚਾਹੀਦਾ ਹੈ। ਜਿਹੜਾ ਤੁਸੀਂ ਜ਼ੀਰਾ ਜੀ ਨੂੰ ਐਕਸਪੈੱਲ ਕੀਤਾ ਹੈ, ਉਸ ਨੂੰ ਵਾਪਸ ਲੈਣਾ ਚਾਹੀਦਾ ਹੈ। ਇਹ ਸਾਡੀ ਸਾਰਿਆਂ ਦੀ ਜਾਇਜ਼ ਮੰਗ ਹੈ। ਮੈਂ ਆਪਣੀ ਪਾਰਟੀ ਵੱਲੋਂ ਵੀ ਇਸ ਗੱਲ ਦੀ ਸਪੋਰਟ ਕਰਦਾ ਹਾਂ। ਸਰਦਾਰ ਇੰਦਰਜੀਤ ਸਿੰਘ ਜ਼ੀਰਾ ਦੀ ਸਜ਼ਾ ਖਤਮ ਹੋਣੀ ਚਾਹੀਦੀ ਹੈ। ਹਾਊਸ ਦੀਆਂ ਤਿੰਨ ਸਿਟਿੰਗਜ਼ ਅਜੇ ਰਹਿੰਦੀਆਂ ਹਨ। ਅਸੀਂ ਚਾਹੁੰਦੇ ਹਾਂ ਕਿ ਹਾਊਸ ਦੀ ਕਾਰਵਾਈ ਡੈਮੋਕਰੇਟਿਕ ਤਰੀਕੇ ਨਾਲ ਚਲੇ। ਸਪੀਕਰ ਸਾਹਿਬ, ਇਸ ਮਾਮਲੇ ਤੇ ਹਮਦਰਦੀ ਦੇ ਨਾਲ ਵਿਚਾਰ ਕਰਨਾ ਚਾਹੀਦਾ ਹੈ। (ਵਿਘਨ) (ਸ਼ੋਰ)।

**ਸੰਸਦੀ ਮਾਮਲਿਆਂ ਦੇ ਮੰਤਰੀ:** ਸਪੀਕਰ ਸਾਹਿਬ, ਇਹ ਮਾਮਲਾ ਬੜਾ ਹੀ ਗੰਭੀਰ ਸੀ। ਉਨ੍ਹਾਂ ਨੇ ਚੇਅਰ ਦੀ ਮਰਿਆਦਾ ਭੰਗ ਕੀਤੀ ਹੈ। (This is the decision of the House. This is not the way.) ਜਿਸ ਤਰੀਕੇ ਨਾਲ ਇਹ ਕਰ ਰਹੇ ਹਨ ਇਹ ਹਾਊਸ ਦੀਆਂ ਪਰੋਸੀਡਿੰਗਜ਼ ਨੂੰ ਬੰਦ ਕਰਾਉਣਾ ਚਾਹੁੰਦੇ ਹਨ।

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਸਪੀਕਰ ਸਾਹਿਬ, ਡੈਮੋਕਰੇਟਿਕ ਤਰੀਕੇ ਨਾਲ ਸਾਰੀ ਹਾਊਸ ਦੀ ਕਾਰਵਾਈ ਚਲਣੀ ਚਾਹੀਦੀ ਹੈ। ਮਨਿਸਟਰ ਸਾਹਿਬ ਨੇ ਕਹਿ ਦਿੱਤਾ ਕਿ ਇਸ ਨੂੰ ਰੀਕੰਸੀਡਰ ਕਰਨ ਲਈ ਅਸੀਂ ਤਿਆਰ ਨਹੀਂ ਹਾਂ। ਮਨਿਸਟਰ ਸਾਹਿਬ ਨੇ ਇਸ ਬਾਰੇ ਦੱਸ ਦਿੱਤਾ ਹੈ। ਸਾਨੂੰ ਬਹਿਸ ਕਰਨ ਦਾ ਹੱਕ ਹੈ। ਤੁਸੀਂ ਹਾਊਸ ਨੂੰ ਐਡਜਰਨ ਕਰ ਲਵੋ। (ਵਿਘਨ)

**ਸ੍ਰੀ ਸਪੀਕਰ:** ਅਰਸ਼ੀ ਜੀ, ਮੈਂ ਹਾਊਸ ਨੂੰ ਐਡਜਰਨ ਨਹੀਂ ਕਰਦਾ। I am not going to adjourn the House.) ਜੇਕਰ ਤੁਸੀਂ ਆਪਣੀ ਕਾਲ ਅਟੈਨਸ਼ਨ ਨਹੀਂ ਪੜ੍ਹਨੀ ਤਾਂ I will take up the next item now. (*Interruption-Noise*)

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਸਪੀਕਰ ਸਾਹਿਬ, ਅਸੀਂ ਪੀਸਫੁੱਲ ਤਰੀਕੇ ਨਾਲ ਕੰਮ ਕਰਨ ਨੂੰ ਤਿਆਰ ਹਾਂ। ਤੁਹਾਨੂੰ ਇਸ ਮਾਮਲੇ ਦਾ ਹੱਲ ਕੱਢਣਾ ਚਾਹੀਦਾ ਹੈ। (ਵਿਘਨ)

**ਸ੍ਰੀ ਸਪੀਕਰ:** ਅਰਸ਼ੀ ਜੀ, ਇਹ ਕੋਈ ਤਰੀਕਾ ਨਹੀਂ ਪਰੋਟੈਸਟ ਕਰਨ ਦਾ।

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਸਾਨੂੰ ਬਹਿਸ ਦਾ ਅਧਿਕਾਰ ਹੈ। ਅਸੀਂ ਤੁਹਾਨੂੰ ਕੋਆਪਰੇਟ ਕਰਨ ਲਈ ਵੀ ਤਿਆਰ ਹਾਂ।

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**Minister for Parliamentary Affairs**: Then why don't you condemn the action ?

---

## WALK-OUT

(ਇਸ ਵੇਲੇ ਮੈਂਬਰ ਸਾਹਿਬਾਨ ਕਾਮਰੇਡ ਹਰਦੇਵ ਸਿੰਘ ਅਰਸ਼ੀ ਅਤੇ ਕਾਮਰੇਡ ਅਜਾਇਬ ਸਿੰਘ ਰੌਂਤਾ (ਸੀ. ਪੀ. ਆਈ.) ਸਦਨ ਵਿਚੋਂ ਵਾਕ ਆਊਟ ਕਰ ਗਏ।) (ਵਿਘਨ) (ਸ਼ੋਰ)

**ਸ਼੍ਰੀ ਸਪੀਕਰ**: ਕਾਲ ਅਟੈਨਸ਼ਨ ਪੜ੍ਹਨ ਲਈ ਕੋਈ ਮੈਂਬਰ ਮੌਜੂਦ ਨਹੀਂ ਹੈ। ਇਸ ਲਈ ਮੈਂ ਅਗਲਾ ਬਿਜ਼ਨੈਸ ਲੈਂਦਾ ਹਾਂ। ਚੇਅਰਮੈਨ ਪਬਲਿਕ ਅਕਾਊਂਟਸ ਕਮੇਟੀ ਆਪਣੀ ਰਿਪੋਰਟ ਪੇਸ਼ ਕਰਨ।

---

## PRESENTATION OF REPORT OF THE COMMITTEE ON PUBLIC ACCOUNTS

**Chairman Public Accounts Committee, (Shri Khushhal Behl)** : Sir, I beg to present the 88th Report of the Committee on Public Accounts on the Appropriation Accounts of the Government of Punjab for the years 1980-81, 1981-82, 1982-83, 1983-84, 1984-85 and 1986-87, 1987-88, 1988-89 and 1989-90 and the Reports of the Comptroller and Auditor General of India (Civil) thereon General Report.

**Mr. Speaker** : There are 28 Demads for Grants which are to be discussed and voted upon today.

(Noise-interruptions—hardly anything was audible) If the Hon'ble Members agree, these Demands may be deemed to have been read and moved as per past practice.

(Voices: yes, yes.)

---

## DISCUSSION AND VOTING ON DEMANDS FOR GRANTS FOR THE YEAR, 1993-94

**Demand No. 15**

That a sum not exceeding Rs. 1,59,67,58,000 on Revenue Account and Rs. 7,62,77,20,000 on Capital Account be granted to the Governor to defray the charges that will come in course of payment for the year 1993-94 in respect of Irrigation and Power.

**Demand No. 23**

That a sum not exceeding Rs. 44,74,12,000 on Revenue Account be granted to the Governor to defray the charges that will come in course of payment for the year 1993-94, in respect of Rural Development and Panchayats.

**Demand No. 1**

That a sum not exceeding Rs. 1,35,53,76,000 on Revenue Account and Rs. 21,29,92,000 on Capital Account be granted to the Governor to defray the charges that will come in course of payment for the year 1993-94, in respect of Agriculture and Forests.

Original with;
Punjab Vidhan Sabha
Digitized by;
Panjab Digital Library

**Demand No. 2**

That a sum not exceeding Rs. 54,31,60,000 on Revenue Account and Rs. 1,47,50,000 on Capital Account be granted to the Governor to defray the charges that will come in course of payment for the year 1993-94, in respect of Animal Husbandry and Fisheries.

**Demand No. 3**

That a sum not exceeding Rs. 19,20,48,000 on Revenue Account and Rs. 29,72,90,000 on Capital Account be granted to the Governor to defray the charges that will come in course of payment for the year 1993-94, in respect of Co-operation.

**Demand No. 4**

That a sum not exceeding Rs. 5,24,02,000 on Revenue Account and Rs. 10,000 on Capital Account be granted to the Governor to defray the charges that will come in course of payment for the year 1993-94, in respect of Defence Services Welfare.

**Demand No. 6**

That a sum not exceeding Rs. 5,84,68,000 on Revenue Account be granted to the Governor to defray the charges that will come in course of payment for the year 1993-94, in respect of Elections.

**Demand No. 7**

That a sum not exceeding Rs. 21,95,30,000 on Revenue Account be granted to the Governor to defray the charges that will come in course of payment for the year 19 93-94, in respect of Excise and Taxation.

**Demand No. 8**

That a sum not exceeding Rs. 2,88,28,41,000 on Revenue Account and Rs. 15,45,25.000 on capital account be granted to the Governor to defray the charges that will come in course of payment for the year 1993-94 in pect of Finance.

**Demand No. 9**

That a sum not exceeding Rs. 6,81,92,000 on Revenue Account and Rs. 48,49,91,06.000 on Capital Account be granted the Governor to cefray the charges that will come in course of payment for the year 1993-94, in respect of Food and Supplies.

**Demand No. 10**

That a sum not exceeding Rs. 26,91,55,000 on Revenue Account be granted to the Governor to defray the charges that will come in course of payment for the year 1993-94, in respect of General Administration.

**Demand No. 11**

That a sum not exceeding Rs. 2,24,96,10,000 on Revenue Account be granted to the Governor to defray the charges that will come in course of payment for the year 1993-94, in respect of Health and Family Welfare.

**Demand No. 12**

That a sum not exceeding Rs. 4,01,94,10,000 on Revenue Account and Rs. 12,00,58,000 on Capital Account be granted to the Governor to defray the charges that will come in course of payment for the year 1993-94, in respect of Home Affairs and Justice.

Original with;
Punjab Vidhan Sabha
Digitized by;
Panjab Digital Library

[Mr. Speaker]

Demand No. 13

That a sum not exceeding Rs. 12,26,77,000 on Revenue Account and Rs. 21,03,00,000 on Capital Account be granted to the Governor to defray the charges that will come in course of payment for the year 1993-94, in respect of Industries.

Demand No. 14

That a sum not exceeding Rs. 7,19,53,000 on Revenue Account be granted to the Governor to defray the charges that will come in course of payment for the year 1993-94, in respect of Information and Public Relations.

Demand No. 16

That a sum not exceeding Rs. 7,28,83,000 on Revenue Account be granted to the Governor to defray the charges that will come in course of payment for the year 1993-94, in repect of Labour and Employment.

Demand No. 17

That a sum not exceeding Rs. 29,13,58,000 on Revenue Account and Rs. 36,65,16,000 on Capital Account be granted to the Governor to defray the charges that will come in course of payment for the year 1993-94, in respect of Local Government, Housing and Urban Development.

Demand No. 18

hat a sum not exceeding Rs 63,71,000 on Revenue Account be granted to the Governor to defray the charges that will come in course of payment for the year 1993-94, in respect of Personnel and Administrative Reforms.

Demand No. 19

That a sum not exceeding Rs. 3,45,29,65,000 on Revenue Account be granted to the Governor to defray the charges that will come in course of payment for the year 1993-94, in respect of Planning.

Demand No. 20

That a sum not exceeding Rs. 4,00,000 on Revenue Account be granted to the Governor to defray the charges that will come in course of payment for the year 1993-94, in respect of Programme Implementation.

Demand No. 21

That a sum not exceeding Rs. 2,28,91,99,000 on Revenue Account and Rs. 1,22,35,76,000 on Capital Account be granted to the Governor to defray the charges that will come in course of payment for the year 1993-94, in respect of Public Works.

Demand No. 22

That a sum not exceeding Rs. 1,00,52,02,000 on Revenue Account be granted to the Governor to defray the charges that will come in course of payment for the year 1993-94, in respect of Revenue and Rehabilitation.

Demand No. 24

That a sum not exceeding Rs. 2,16,60,000 on Revenue Account and Rs. 1,17,10,000 on Capital Account be granted to the Governor to defray the charges that will come in course of payment for the year 1993-94, in respect of Science Technology and Environment.

Original with;
Punjab Vidhan Sabha
Digitized by;
Panjab Digital Library

**Demand No. 26**

That a sum not exceeding Rs. 3,99,46,000 on Revenue Account be granted for the Governor to defray the charges that will come in course of payment to the year 1993-94, in respect of State Legislature.

**Demand No. 27**

That a sum not exceeding Rs. 40,27,51,000 on Revenue Account and Rs. 36,89,000on Capital Account be granted to the Governor to defray the charges that will come in course of payment for the year 1993-94, in respect of Tech nical Education and Industrial Training.

**Demand No. 28**

That a sum not exceeding Rs. 2,39,13,000 on Revenue Account and Rs. 70,50,000 on Capital Account be granted to the Governor to defray the charges that will come in course of payment for the year 1993-94, in respect of Tourism and Cultural Affairs.

**Demand No. 29**

That a sum not exceeding Rs. 1,45,61,24,000 on Revenue Account and Rs. 25,42,00,000 on Capital Account be granted to the Governor to defray the charges that will come in course of payment for the year 1993-94, in respect of Transport.

**Demand No. 30**

That a sum not exceeding Rs. 2,94,61,000 on Revenue Account be granted to the Governor to defray the charges that will come in course of payment for the year 1993-94, in respect of Vigilance.

**Mr. Speaker:** First of all, we will take up Demand No. 15 and Demand No. 23 and then the remaining 26 Demands.

If any Hon. Member wants to speak on these two demands, he may do so.

(No one rose to speak).

**Demand No. 15**

**Mr. Speaker :** Question is—

That a sum of not exceeding Rs. 1,59,67, 58,000 on Revenue Account and Rs. 7,62,77,20,000 on Capital Account be granted to the Governor to defray the charges that will come in course of payment for the year 1993-94, in respect of Irrigation and Power.

*The Motion was carried.*

**Demand No. 23**

**Mr. Speaker :** Question is—

That a sum not exceeding Rs. 44,74,12,000 on Revenue Account be granted to the Governor to defray the charges, that will come in course of payment for the year 1993-94 in respect of Rural Development and Pancya yats.

*The Motion was carried.*

Original with;
Punjab Vidhan Sabha
Digitized by;
Panjab Digital Library

**Demand No. 1**

**Mr. Speaker :** Question is—

That a sum not exceeding Rs. 1,35,53,76,000 on Revenue Account and Rs. 21,29,92,000 on Capital Account be granted to the Governor to defray the charges that will come in course of payment for the year 1993-94 in respect of Agriculture and Forests.

*The Motion was carried.*

**Demand No. 2**

**Mr. Speaker :** Question is—

That a sum not exceeding Rs. 54,31,60,000 on Revenue Account and Rs. 1,47,50,000 on Capital Account be granted to the Governor to defray the charges that will come in course of payment for the year 1993-94, in respect of Animal Husbandry and Fisheries.

*The Motion was carried.*

**Demand No. 3**

**Mr. Speaker :** Question is—

That a sum not exceeding Rs. 19,20,48,000 on Revenue Account and Rs. 29,72,90,000 on Capital Account be granted to the Governor to defray the charges that will come in cource of payment for the year 1993-94, in respect of Co-operation.

*The Motion was carried.*

**Demand No. 4**

**Mr. Speaker :** Question is—

That a sum not exceeding Rs. 5,24,02,000 on Revenue Account and Rs, 10,000 on Capital Account be granted to the Governor to defray the charges that will come in course of payment for the year 1993-94, in respect of Defence Services Welfare.

*The Motion was carried.*

**Demand No. 6**

**Mr. Speaker :** Question is—

That a sum not exceeding Rs. 5,84,68,000 on Revenue Account be granted to the Governor to defray the charges that will come in course of payment for the year 1993-94, in respect of Elections.

*The Motion was carried.*

**Demand No. 7**

**Mr. Speaker :** Question is—

That a sum not exceeding Rs. 21,95,35,000 on Revenue Account be granted to the Governor to defray the changes that will come in course of payment for the year 1993-94, in respect of Excise and Taxation.

*The Motion was carried.*

Original with;
Punjab Vidhan Sabha
Digitized by;
Panjab Digital Library

**Demand No. 8**

**Mr. Speaker :** Question is—

That a sum not exceeding Rs. 2,88,28,41,000 on Revenue Account and Rs. 15,45,25,000 on Capital Account be granted to the Governor to defray the charges that will come in course of payment for the year 1993-94 in respect of Finance.

*The Motion was carried.*

**Demand No. 9**

**Mr. Speaker :** Question is—

That a sum not exceeding Rs. 6,81,92,000 on Revenue Account and Rs. 8,49,91,06,000 on Capital Account be granted to the Governor to defray the charges that will come in course of payment for the year 1993-94 in respect of Food and Supplies.

*The Motion was carried.*

**Demand No. 10**

**Mr. Speaker :** Question is—

That a sum not exceeding Rs. 26,91,55,000 on Revenue Account be granted to the Governor to defray the charges that will come in course of payment for the year 1993-94, in respect of General Administration.

*The motion was carried.*

**Demand No. 11**

**Mr. Speaker :** Question is—

That a sum of not exceeding Rs. 2,24,96,10,000 on Revenue Account be granted to the Governor to defray the charges that will come in course of payment for the year 1993-94, in respect of Health and Family Welfare.

*The Motion was carried.*

**Demand No. 12**

**Mr. Speaker :** Question is—

That a sum not exceeding Rs. 4,01,94,10,000 on Revenue Account and Rs. 12,00,58,000 on Capital Account be granted to the Governor to defray the charges that will come in course of payment for the year 1993-94, in respect of Home Affairs and Justice.

*The Motion was carried.*

**Demand No. 13**

**Mr. Speaker :** Question is—

That a sum not exceeding Rs. 12,26,77,000 on Revenue Account and Rs.21,03,00.000 on Capital Account be granted to the Governor to defray the charges that will come in course of payment for the year 1993-94, in respect of Indusrties.

*The Motion was carried.*

Original with;
Punjab Vidhan Sabha
Digitized by;
Panjab Digital Library

**Demand No. 14**

**Mr. Speaker :** Question is—

That a sum not exceeding Rs. 7,19,53,000 on Revenue Account be granted to the Governor to defray the charges that will come in course of payment for the year 1993-94, in respect of Information and Public Relations.

*The Motion was carried.*

**Demand No. 16**

**Mr. Speaker :** Question is—

That a sum not exceeding Rs. 7,28,83,000 on Revenue Account be granted to the Governor to defray the charges that will come in course of payment for the year 1993-94, in respect of Labour and Employment.

*The Motion was carried.*

**Demand No. 17**

**Mr. Speaker :** Question is—

That a sum not exceeding Rs. 29,13,58,000 on Revenue Account and Rs. 36,65,16,000 on Capital Account be granted to the Governor to defray the charges hat will come in course of payment for the year 1993-94 in respect of Local Government, Housing and Urban Development.

*The Motion was carried.*

**Demand No. 18**

**Mr. Speaker** Question is—

That a sum not exceeding Rs. 63,71,000 on Revenue Account be granted to the Governor to defray the charges that will come in course of payment for the year 1993-94, in respect of Personnel and Administrative Reforms.

*The Motion was carried.*

**Demand No. 19**

**Mr. Speaker :** Question is—

That a sum not exceeding Rs. 3,45,29,65,000 on Revenue Account be granted to the Governor to defray the charges that will come in course of payment for the year 1993-94, in respect of Planning.

*The motion was carried—*

**Demand No. 20**

**Mr. Speaker :** Question is—

That a sum not exceeding Rs. 4,00,000 on Revenue Acccount be granted to the Governor to defray the charges that will come in course of payment for the year 1993-94, in respect of Programme Implementation.

*The Motion was carried.*

Original with;
Punjab Vidhan Sabha
Digitized by;
Punjab Digital Library

**Demand No. 21**

**Mr. Speaker :** Question is—

That a sum not exceeding Rs. 2,28,91,99,000 on Revenue Account and Rs 1,22,35,76,000 on Capital Account be granted to the Governor to defra the charges that will come in course of payment for the year 1993-94, in respect of Public Works.

*The Motion was carried.*

**Demand No. 22**

**Mr. Speaker :** Question is—

That a sum not exceeding Rs. 1,07,52,02,000 on Revenue Account be granted to the Governor to defray the charges that will come in course of payment for the year 1993-94 in respect of Revenue and Rehabilitation

*The Motion was carried.*

**Demand No. 24**

**Mr. Speaker :** Question is—

That a sum not exceeding Rs. 2,16,60,000 on Revenue Account aand Rs. 1,17,10,000 on Capital Account be granted to the Governor to)defray the charges that will come in course of payment for the year 1993-94, in respect of in Science Technology and Environment.

*The Motion was carried.*

**Demand No. 26**

**Mr. Speaker :** Question is—

That a sum not exceeding Rs. 3,99,46,000 on Revenue Account be granted to the Governor to defray the charges that will come in course of payment for the year 1993-94, in respect of State Legislature..

*The Motion was carried.*

**Demand No. 27**

**Mr. Speaker :** Question is—

That a sum not exceeding Rs. 40,27,51,000 on Revenue Account and Rs. 36,89,000 on Capital Account be granted to the Governor to defray the charges that will come in course of payment for the year 1993-94 in respect of Technical Education and Industrial Training.

*The Motion was carried.*

**Demand No. 28**

**Mr. Speaker :** Question is—

Original with;
Punjab Vidhan Sabha
Digitized by;
Panjab Digital Library

[Mr. Speaker]

That a sum not exceeding Rs. 2,39,13,000 on Revenue Account and Rs. 70,50,000 on Capital Account be granted to the Governor to defray the charges that will come in course of payment for the year 1993-94, in respect of Tourism and Cultural Affairs.

*The Motion was carried.*

**Demand No. 29**

**Mr. Speaker :** Question is—

That a sum not exceeding Rs. 1,45,61,24,000 on Revenue Account and Rs. 25,42,00,000 on Capital Account be granted to the Governor to defray the charges that will come in course of payment for the year 1993-94. in respect of Transport.

*The Motion was carried.*

**Demand No. 30**

**Mr. Speaker :** Question is—

That a sum not exceeding Rs. 2,94,61,000 on Revenue Account be granted to the Governor to defray the charges that will come in course of payment for the year 1993-94, in respect of Vigilance.

*The Motion was carried.*

**Mr. Speaker :** The House stands adjourned till 2.30 P.M., today,.

*10.17 A.M.

*(The Sabha then adjourned* till 2.30 P.M., on the 18th March,* 1993).

6821 PVS—Govt. Press U.T., Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1993

Published under the authority of the Punjab Vidhan Sabha and printed by the Controller, Govt. Press (U.T.), Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

18*th March,* 1993

(*Afternoon Sitting*)

**Vol. IV—No. 17**

OFFICIAL REPORT

**CONTENTS**

*Thursday, the* 18*th March*, 1993


| | | Page |
|---|---|---|
| Starred Questions and Answers | .. | (17)1 |
| Question of Privilege | .. | (17)15 |
| Papers laid on the Table of the House | .. | (17)16 |
| Dharna (s) | .. | (17)16,17 |
| Resolution *re*. Bringing more Agricultural Land under Irrigation System in the State | .. | (17)17 |
| Short Adjournment of the House | .. | (17)17 |
| Resolution *re*. Bringing more Agricultural Land under Irrigation System in the State (*Resumption*) | .. | (17)17 |
| Short Adjournment of the House | .. | (17)19 |
| Observation by the Speaker *re*. rescinding the suspension of Sardar Inderjit Singh Zira, M.L.A. | .. | (17)19 |



Punjab Vidhan Sabha Secretariat, Chandigarh.

Price : Rs..........



Original with;
Punjab Vidhan Sabha
Digitized by;
Panjab Digital Library

Motion *re.* rescinding the suspension of Sardar Inderjit Singh Zira, M.L.A. .. (17)20

Presentation of Report of the Committee on Public Undertakings .. (17)20

Resolution *re.* Bringing more Agricultural Land under Irrigation System in the State (*Resumption*) .. (17)21

Extension of time of the Sitting of the House .. (17)32

Resolution *re.* Bringing more Agricultural Land under Irrigation System in the State (*Resumption*) .. (17)32

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Thursday, the 18th March, 1993*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.30 P.M. Mr. Speaker (Sardar Harcharn Singh Ajnala) in the Chair.*

---

## STARRED QUESTIONS AND ANSWERS

### ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਵਿੱਚ ਇਕ ਨਵਾਂ ਰਸੋਈ ਘਰ ਸਥਾਪਤ ਕਰਨਾ

*612. **ਸ੍ਰੀਮਤੀ ਵਿਮਲਾ ਡਾਂਗ (ਕਾਮਰੇਡ ਹਰਦੇਵ ਸਿੰਘ ਅਰਸ਼ੀ ਵਲੋਂ ਪੇਸ਼ ਕੀਤਾ ਗਿਆ )** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਵਿੱਚ ਰੋਗੀਆਂ ਲਈ ਖਾਣਾ ਤਿਆਰ ਕਰਨ ਲਈ ਆਧੁਨਿਕ ਸਾਜ਼ੋ ਸਾਮਾਨ ਵਾਲਾ ਕੋਈ ਨਵਾਂ ਰਸੋਈ ਘਰ ਸਥਾਪਤ ਕੀਤਾ ਜਾ ਰਿਹਾ ਹੈ ; ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੱਕ ਅਤੇ ਉਕਤ ਹਸਪਤਾਲ ਵਿੱਚ ਡਾਈਟੀਸ਼ਿਅਨਜ਼ ਦੀਆਂ ਕਿੰਨੀਆਂ ਆਸਾਮੀਆਂ ਹਨ ?

**ਸਰਦਾਰ ਲਾਲ ਸਿੰਘ** : ਹਾਂ ਜੀ।

ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਵਿਖੇ ਇਕ ਆਧੁਨਿਕ ਰਸੋਈ ਘਰ ਦੀ ਸਥਾਪਨਾ ਕੀਤੀ ਜਾ ਰਹੀ ਹੈ, ਜਿਸ ਦੀ ਉਸਾਰੀ ਦਾ ਕੰਮ ਨੇੜੇ ਭਵਿੱਖ ਵਿੱਚ ਮੁਕੰਮਲ ਹੋਣ ਦੀ ਸੰਭਾਵਨਾ ਹੈ। ਇਸ ਹਸਪਤਾਲ ਲਈ ਭੋਜਨ ਨਿਸ਼ਚਿਤ ਕਰਨ ਵਾਲੇ (ਡਾਈਟਿਸ਼ੀਅਨ) ਦੀ ਇਕ ਆਸਾਮੀ ਮੰਨਜ਼ੂਰ-ਸ਼ੁਦਾ ਹੈ ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਇਹ ਬਿਲਡਿੰਗ ਤਿਆਰ ਹੋ ਕੇ ਨੇੜੇ ਭਵਿੱਖ ਵਿੱਚ ਹੈਲਥ ਡਿਪਾਰਟਮੈਂਟ ਨੂੰ ਹੈਂਡ ਓਵਰ ਹੋਣ ਵਾਲੀ ਹੈ । 31 ਮਾਰਚ, 1993 ਨੂੰ ਇਹ ਹਸਪਤਾਲ ਨੂੰ ਬਕਾਇਦਾ ਸੰਭਾਲ ਦਿੱਤੀ ਜਾਣੀ ਹੈ । ਇਹ ਬੜੀ ਖੁਸ਼ੀ ਦੀ ਗੱਲ ਹੈ। ਮੈਂ ਇਸ ਲਈ ਇਨ੍ਹਾਂ ਦਾ ਬਹੁਤ ਹੀ ਧੰਨਵਾਦੀ ਹਾਂ। ਇਹ ਬਹੁਤ ਹੀ ਮਾਡਰਨ ਕਿਚਨ ਹੈ, ਜਿਸ ਤਰ੍ਹਾਂ ਕਿ ਪੀ. ਜੀ. ਆਈ. ਦੀ ਕਿਚਨ ਹੈ, ਲੱਗ ਭੱਗ ਉਸੇ ਤਰ੍ਹਾਂ ਹੀ ਹੈ। ਇਨ੍ਹਾਂ ਨੇ ਡਾਇਟੀਸ਼ੀਅਨ ਦੀ ਆਸਾਮੀ ਬਾਰੇ ਇਹ ਨਹੀਂ ਦੱਸਿਆ ਕਿ ਇਹ ਆਸਾਮੀ ਸੈਂਕਸ਼ਨ ਕਰਕੇ ਉਥੇ ਡਿਪਿਊਟ ਕਰ ਦਿੱਤੀ ਹੈ ਜਾਂ ਨਹੀਂ। ਜੇਕਰ ਡਾਈਟੀਸ਼ੀਅਨ ਜਿਹੜਾ ਇਨ੍ਹਾਂ ਨੇ ਉਥੇ ਪੋਸਟ ਕਰਨਾ ਹੈ, ਉਹ ਆਪ ਇਸ ਕਿਚਨ ਦਾ ਚਾਰਜ ਲਵੇ ਤਾਂ ਠੀਕ ਹੈ। ਔਰ ਜੇਕਰ ਇਨ੍ਹਾਂ ਨੇ ਦੂਸਰੇ ਹੋਰ ਕਰਮਚਾਰੀਆਂ ਨੂੰ ਇਸ ਦਾ ਚਾਰਜ ਹੈਂਡ ਓਵਰ ਕਰ ਦਿੱਤਾ ਤਾਂ ਜਿਹੜੀ ਇਹ ਕਿਚਨ ਜੋ ਕਿ ਬਹੁਤ ਹੀ ਵਧੀਆ ਬਣੀ ਹੈ, ਉਸ ਦਾ ਤਾਂ ਬੇੜਾ ਹੀ ਗਰਕ ਹੋ ਜਾਵੇਗਾ। ਕੀ ਇਸਦਾ ਇਹ ਪ੍ਰਬੰਧ ਕਰਨਗੇ ਕਿ ਡਾਈਟੀਸ਼ੀਅਨ ਆਪ ਉਥੇ ਜਾ ਕੇ ਇਸ ਕਿਚਨ ਦਾ ਚਾਰਜ ਆਪ ਲਵੇ ?

**ਮੰਤਰੀ** : ਸਪੀਕਰ ਸਾਹਿਬ, ਬਿਲਡਿੰਗ ਤਿਆਰ ਹੋਣ ਤੋਂ ਬਾਅਦ ਪੀ. ਡਬਲਿਊ. ਡੀ. ਡਿਪਾਰਟਮੈਂਟ ਨੇ ਹੈਲਥ ਡਿਪਾਰਟਮੈਂਟ ਨੂੰ ਸੰਭਾਲਣੀ ਹੈ । ਅਜੇ ਤੱਕ ਹੈਲਥ ਡਿਪਾਰਟਮੈਂਟ ਨੂੰ

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਇਸ ਦਾ ਚਾਰਜ ਨਹੀਂ ਮਿਲਿਆ। ਅਸੀਂ ਟੈਂਪਰੇਰੀ ਤੌਰ ਤੇ ਅਸਿਸਟੈਂਟ ਡਾਈਟੀਸ਼ੀਅਨ ਨੂੰ ਫਰੀਦਕੋਟ ਮੈਡੀਕਲ ਕਾਲਜ ਤੋਂ ਬਦਲ ਕੇ ਏਥੇ ਲਗਾ ਦਿੱਤਾ ਹੈ। ਜਿੱਥੋਂ ਤੱਕ ਡਾਇਟੀਸ਼ੀਅਨ ਦੀ ਭਰਤੀ ਦਾ ਸਵਾਲ ਹੈ, ਉਹ ਪਬਲਿਕ ਸਰਵਿਸ ਕਮਿਸ਼ਨ ਨੇ ਪੂਰੀ ਕਰਨੀ ਹੈ। ਪਰ ਫਿਰ ਵੀ ਅਹਿਤਿਆਤ ਦੇ ਤੌਰ ਤੇ ਇਸ ਆਸਾਮੀ ਨੂੰ ਅਸੀਂ ਐਡਵਰਟਾਈਜ਼ ਕੀਤਾ ਸੀ, ਜਿਸ ਦੀ ਲਾਸਟ ਡੇਟ 2 ਫਰਵਰੀ, 1993 ਸੀ। ਇਸ ਵਾਸਤੇ 24 ਅਰਜ਼ੀਆਂ ਸਾਡੇ ਕੋਲ ਆ ਚੁੱਕੀਆਂ ਹਨ। ਜੇ ਪਬਲਿਕ ਸਰਵਿਸ ਕਮਿਸ਼ਨ ਦੇਰੀ ਕਰੇਗਾ ਤਾਂ ਅਸੀਂ ਆਪਣੇ ਤੌਰ ਤੇ ਐਡਹਾਕ ਤੇ ਭਰਤੀ ਕਰਕੇ ਡਾਇਟੀਸ਼ੀਅਨ ਲਗਾ ਦੇਵਾਂਗੇ।

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, ਇਨ੍ਹਾਂ ਨੇ ਉੱਤਰ ਵਿੱਚ ਕਿਹਾ ਹੈ ਕਿ ਅਸੀਂ ਇਸ ਵਾਸਤੇ ਟੈਮਪਰੇਰੀ ਐਡਜਸਟਮੈਂਟ ਕੀਤੀ ਹੈ। ਸਪੀਕਰ ਸਾਹਿਬ, ਇਹ ਜਿਹੜੀ ਹਸਪਤਾਲ ਵਾਸਤੇ ਕਿਚਨ ਬਣਾਈ ਗਈ ਹੈ ਔਰ ਜਿਹੜੀ ਪੀ. ਜੀ. ਆਈ. ਦੀ ਕਿਚਨ ਹੈ ਇਸ ਵਿੱਚ ਜਿੰਨੀਆਂ ਪੋਸਟਾਂ ਹਨ, ਉਨੀਆਂ ਪੋਸਟਾਂ ਏਥੇ ਵੀ ਜ਼ਰੂਰ ਚਾਹੀਦੀਆਂ ਹਨ ਕਿਉਂਕਿ ਇਸ ਦੀ ਬੈਡਿਡ ਕੈਪੇਸਿਟੀ ਕਿਤੇ ਜ਼ਿਆਦਾ ਹੈ। ਇਸ ਕਰਕੇ ਇਥੇ ਇਕ ਡਾਇਟੀਸ਼ੀਅਨ ਨਹੀਂ, ਘੱਟੋ ਘੱਟ ਦੋ ਡਾਇਟੀਸ਼ੀਅਨ, ਦੋ ਅਸਿਸਟੈਂਟ ਡਾਇਟੀਸ਼ੀਅਨ ਅਤੇ ਇਕ ਚੀਫ ਡਾਇਟੀਸ਼ੀਅਨ ਦੀਆਂ ਪੋਸਟਾਂ ਹੋਣੀਆਂ ਬਹੁਤ ਕੰਪਲਸਰੀ ਹਨ। ਕਿਉਂਕਿ ਏਥੇ ਡਿਫਰੈਂਟ ਬਿਮਾਰੀਆਂ ਦੇ ਪੇਸ਼ੈਂਟ ਆਉਂਦੇ ਹਨ, ਇਹ ਬੜਾ ਸੈਨਸੇਟਿਵ ਇਸ਼ੂ ਹੈ। ਕਿਸੇ ਨੂੰ ਕਿਸ ਤਰ੍ਹਾਂ ਦੀ ਖ਼ੁਰਾਕ ਦੇਣੀ ਹੈ, ਕਿਸੇ ਨੂੰ ਕਿਸ ਤਰ੍ਹਾਂ ਦੀ ਦੇਣੀ ਹੈ। ਇਸ ਗੱਲ ਦਾ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਕੀ ਇਹ ਇਨਾਂ ਪੋਸਟਾਂ ਲਈ ਉਸ ਮੁਤਾਬਿਕ ਹੀ ਪ੍ਰਬੰਧ ਕਰਨਗੇ ?

**ਸ੍ਰੀ ਸਪੀਕਰ**: ਅਰਸ਼ੀ ਜੀ, ਮਨਿਸਟਰ ਸਾਹਿਬ ਦਾ ਜਵਾਬ ਠੀਕ ਹੈ। ਹਾਲੇ ਬਿਲਡਿੰਗ ਹੈਂਡ ਓਵਰ ਨਹੀਂ ਹੋਈ। ਜਿਸ ਵੇਲੇ ਇਹ ਹੈਂਡ ਓਵਰ ਹੋ ਜਾਵੇਗੀ ਤਾਂ ਉਸ ਅਨੁਸਾਰ ਹੀ ਪ੍ਰਬੰਧ ਕਰਨੇ ਸ਼ੁਰੂ ਕਰ ਲੈਣਗੇ। ਟੈਂਪਰੇਰੀ ਤੌਰ ਤੇ ਇਨ੍ਹਾਂ ਨੇ ਇਹ ਪੋਸਟ ਐਡਵਰਟੀਇਜ਼ ਕਰ ਦਿੱਤੀ ਹੈ। ਡਾਇਟੀਸ਼ੀਅਨ ਦੀ ਪੋਸਟ ਦਾ ਜਿਹੜਾ ਬਕਾਇਦਾ ਸੈਂਕਸ਼ਨਡ ਨੰਬਰ ਹੈ। Second part of the supplementary is your suggestion; that is a matter of opinion. Let him examine it. ਪਹਿਲਾਂ ਬਿਲਡਿੰਗ ਤਾਂ ਇਨ੍ਹਾਂ ਕੋਲ ਆ ਜਾਵੇ।

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, 31 ਮਾਰਚ ਨੂੰ ਇਹ ਬਿਲਡਿੰਗ ਹੈਲਥ ਡਿਪਾਰਟਮੈਂਟ ਨੂੰ ਹੈਂਡ ਓਵਰ ਹੋਣ ਵਾਲੀ ਹੈ। ਇਸ ਬਾਰੇ ਮੈਨੂੰ ਆਪਣੇ ਤੌਰ ਤੇ ਵੀ ਜਾਣਕਾਰੀ ਹੈ। ਇਸ ਪਰਪੋਜ਼ਲ ਤੇ ਦੋ ਲੱਖ ਸੱਤਰ ਹਜ਼ਾਰ ਰੁਪਿਆ ਸਲਾਨਾ ਖਰਚਾ ਆਏਗਾ। ਜੇਕਰ ਇਸੇ ਤਰ੍ਹਾਂ ਹੀ ਛੇ ਮਹੀਨੇ ਇਸ ਦਾ ਪ੍ਰਬੰਧ ਹੋਰ ਹੱਥਾਂ ਵਿੱਚ ਚਲਾ ਗਿਆ ਤਾਂ ਉਹ ਸਾਰਾ ਕੁਝ ਬਰਬਾਦ ਹੋ ਜਾਵੇਗਾ। ਇਥੇ ਇਕ ਡਾਇਟੀਸ਼ੀਅਨ ਨਹੀਂ, ਦੋ ਅਸਿਸਟੈਂਟ ਡਾਇਟੀਸ਼ੀਅਨ ਤੋਂ ਇਲਾਵਾ ਇਕ ਚੀਫ ਡਾਇਟੀਸ਼ੀਅਨ ਦੀ ਰਿਕੁਆਇਰਮੈਂਟ ਹੈ। ਹੈਲਥ ਡਿਪਾਰਟਮੈਂਟ ਦੋ ਲੱਖ ਸੱਤਰ ਹਜ਼ਾਰ ਰੁਪਏ ਦਾ ਪ੍ਰਬੰਧ ਕਰਕੇ ਇਨ੍ਹਾਂ ਪੋਸਟਾਂ ਨੂੰ ਭਰਨ ਦਾ ਪ੍ਰਬੰਧ ਕਰੇ .........

**Mr. Speaker** : I do not allow it being anticipatory.

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਸਪੀਕਰ ਸਾਹਿਬ, ਕੀ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਿਹੜੀ ਨਵੀਂ ਕਿਚਨ ਬਣਾਈ ਜਾ ਰਹੀ ਹੈ, ਕੀ ਗੁਰੂ ਤੇਗ ਬਹਾਦਰ ਹਸਪਤਾਲ ਦੇ ਰੋਗੀਆਂ ਨੂੰ ਵੀ ਇਸ ਕਿਚਨ ਤੋਂ ਹੀ ਭੋਜਨ ਮਿਲੇਗਾ ਜਾਂ ਉਨ੍ਹਾਂ ਵਾਸਤੇ ਕੋਈ ਵੱਖਰਾ ਪ੍ਰਬੰਧ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਮੈਡੀਕਲ ਕਾਲਜ ਦੇ ਨਾਲ ਜਿੰਨੇ ਵੀ ਸਬੰਧਤ ਹਸਪਤਾਲ ਹਨ, ਉਨ੍ਹਾਂ ਸਾਰਿਆਂ ਵਿੱਚ ਖਾਣਾ ਇੱਥੋਂ ਹੀ ਸਪਲਾਈ ਹੋਵੇਗਾ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਅਗਲੀ ਜਾਣਕਾਰੀ ਸਿਹਤ ਮੰਤਰੀ ਇਸ ਬਾਰੇ ਦੇਣ ਕਿ ਕੀ ਇਕ ਡਾਇਟੀਸ਼ੀਅਨ ਤਿੰਨ ਹਸਪਤਾਲਾਂ ਦੇ ਰੋਗੀਆਂ ਨੂੰ ਖਾਣਾ ਬਣਾ ਕੇ ਖਆ ਸਕੇਗਾ ?

**ਸ੍ਰੀ ਸਪੀਕਰ :** ਇਹ ਸਵਾਲ ਪਹਿਲਾਂ ਡਿਸਕਸ ਹੋ ਚੁੱਕਿਆ ਹੈ। ਇਸ ਲਈ ਮੈਂ ਇਸ ਨੂੰ ਅਲਾਓ ਨਹੀਂ ਕਰਦਾ।

------

### ਪਰਿਵਾਰ ਭਲਾਈ ਸਕੀਮਾਂ ਨੂੰ ਉਤਸਾਹਿਤ ਕਰਨਾ

*904. **ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਰਿਵਾਰ ਭਲਾਈ ਸਕੀਮਾਂ ਨੂੰ ਉਤਸ਼ਾਹਿਤ ਕਰਨ ਲਈ ਵਿਆਹੁਤਾ ਜੋੜਿਆਂ ਨੂੰ ਖਾਸ ਕਰਕੇ ਸਰਕਾਰੀ ਕਰਮਚਾਰੀਆਂ ਜਿਨ੍ਹਾਂ ਦਾ ਕੇਵਲ ਇਕ ਹੀ ਬੱਚਾ ਹੈ, ਕੋਈ ਵਿਸ਼ੇਸ਼ ਸਹੂਲਤ/ਉਤਸ਼ਾਹ ਦੇਣ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸਦਾ ਵੇਰਵਾ ਕੀ ਹੈ ?

**ਸਰਦਾਰ ਲਾਲ ਸਿੰਘ :** ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਣਯੋਗ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਵਿਸ਼ੇਸ਼ ਸਹੂਲਤ, ਜਿਨ੍ਹਾਂ ਜੋੜਿਆਂ ਦੇ ਇਕ ਬੱਚਾ ਹੈ, ਉਨ੍ਹਾਂ ਨੂੰ ਦੇਣ ਬਾਰੇ ਮਾਮਲਾ ਤਾਂ ਸਰਕਾਰ ਦੇ ਵਿਚਾਰ ਅਧੀਨ ਹੈ। ਪਰ ਕੀ ਜਿਹੜੀ ਸਹੂਲਤ ਦੋ ਬੱਚਿਆਂ ਵਾਲਿਆਂ ਨੂੰ ਦਿੱਤੀ ਗਈ ਹੈ, ਉਹ ਇੱਕ ਬੱਚੇ ਵਾਲਿਆਂ ਨੂੰ ਦਿੱਤੀ ਜਾਵੇਗੀ ?

**ਮੰਤਰੀ :** ਇਹ ਸਹੂਲਤ 2 ਜਾਂ ਤਿੰਨ ਬੱਚਿਆਂ ਵਾਲਿਆਂ ਨੂੰ ਦਿੱਤੀ ਜਾਂਦੀ ਹੈ। ਸਹੂਲਤ ਸਿਰਫ ਇਹ ਹੈ ਕਿ ਜਿਹੜੇ ਸਰਕਾਰੀ ਮੁਲਾਜ਼ਮ ਹਨ, ਉਨ੍ਹਾਂ ਨੂੰ ਇੱਕ ਤਰੱਕੀ ਦਿੱਤੀ ਜਾਂਦੀ ਹੈ ਅਤੇ ਜਿਹੜਾ ਉਹ ਲੋਨ ਲੈਂਦੇ ਹਨ ਉਸ ਉਤੇ ਅੱਧਾ ਪ੍ਰਤੀਸ਼ਤ ਵਿਆਜ਼ ਘੱਟ ਲਿਆ ਜਾਂਦਾ ਹੈ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 2 ਜਾਂ 3 ਬੱਚਿਆਂ ਵਾਲੇ ਸਰਕਾਰੀ ਮਲਾਜ਼ਮਾਂ ਨੂੰ ਤਾਂ ਇਕ ਇੰਕਰੀਮੈਂਟ ਦਿੱਤੀ ਜਾਂਦੀ ਹੈ ਪਰ ਜਿਨ੍ਹਾਂ ਦਾ ਇਕ ਬੱਚਾ ਹੈ, ਉਨ੍ਹਾਂ ਨੂੰ ਵਿਸ਼ੇਸ਼ ਸਹੂਲਤ ਤਾਂ ਇਕ ਪਾਸੇ ਰਹੀ, ਦੂਸਰਿਆਂ ਦੀ ਤਰ੍ਹਾਂ ਇੰਕਰੀਮੈਂਟ ਵੀ ਨਹੀਂ ਦਿੱਤੀ ਜਾਂਦੀ। ਕੀ ਮੰਤਰੀ ਜੀ ਕੋਈ ਭਰੋਸਾ ਦਿਵਾਉਣਗੇ ਕਿ ਜਿਹੜਾ ਉਨ੍ਹਾਂ ਇਕ ਬੱਚੇ ਵਾਲਿਆਂ ਨਾਲ ਡਿਸਕਰੀਮੀਨੇਸ਼ਨ ਹੋ ਰਿਹਾ ਹੈ, ਉਸਨੂੰ ਦੂਰ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਕੋਈ ਵਿਸ਼ੇਸ਼ ਸਹੂਲਤ ਦੇਣ ਬਾਰੇ ਵੀ ਜਲਦੀ ਫੈਸਲਾ ਕੀਤਾ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਇਹ ਕੋਈ ਸਪੈਸੀਫਿਕ ਕੇਸ ਹੋਵੇ ਤਾਂ ਮੇਰੇ ਨੋਟਿਸ ਵਿਚ ਲਿਆ ਦੇਣ। ਉਨ੍ਹਾਂ ਨਾਲ ਧੱਕਾ ਦੂਰ ਕਰ ਦਿੱਤਾ ਜਾਵੇਗਾ। ਬਾਕੀ ਜਿਹੜਾ ਇਕ ਬੱਚੇ ਵਾਲਿਆਂ ਨੂੰ ਵਿਸ਼ੇਸ਼ ਸਹੂਲਤ ਦੇਣ ਬਾਰੇ ਮਾਮਲਾ ਹੈ, ਉਹ ਅਜੇ ਵਿਚਾਰ ਅਧੀਨ ਹੈ, ਅਤੇ ਫੈਸਲਾ ਨਹੀਂ ਹੋਇਆ।

**ਸਰਦਾਰ ਜਸਬੀਰ ਸਿੰਘ:** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਿਹਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਸਹੂਲਤ ਇਕ ਜਾਂ ਦੋ ਬੱਚਿਆਂ ਵਾਲਿਆਂ ਨੂੰ ਮਿਲਦੀ ਹੈ, ਉਹ ਸਹੂਲਤ ਤਿੰਨ ਬੱਚੇ ਹੋਣ ਉਪਰੰਤ ਜਾਰੀ ਰਹੇਗੀ ਜਾਂ ਵਾਪਸ ਲੈ ਲਈ ਜਾਵੇਗੀ ?

(ਕੋਈ ਜਵਾਬ ਨਹੀਂ ਆਇਆ)

Original with;
Punjab Vidhan Sabha
Digitized by;
Panjab Digital Library

ਸ੍ਰੀ ਮਦਨ ਮੋਹਨ ਮਿੱਤਲ : ਇਹ ਤਾਂ ਠੀਕ ਹੈ ਕਿ 2 ਜਾਂ 3 ਬੱਚਿਆਂ ਵਾਲਿਆਂ ਨੂੰ ਤਾਂ ਬੈਨੀਫਿਟ ਦੇਣ ਦੀ ਸਰਕਾਰ ਦੀ ਪ੍ਰੋਵੀਜ਼ਨ ਹੈ ਅਤੇ ਇਕ ਬੱਚੇ ਵਾਲਿਆਂ ਨੂੰ ਦੇਣ ਬਾਰੇ ਸਰਕਾਰ ਵੱਲੋਂ ਵਿਚਾਰ ਕੀਤਾ ਜਾ ਰਿਹਾ ਹੈ। ਲੇਕਿਨ ਜਿਹੜੀ ਆਮ ਪਬਲਿਕ ਹੈ, ਜੇਕਰ ਉਹ ਸਰਕਾਰ ਦੀ ਇਸ ਫੈਮਿਲੀ ਪਲਾਨਿੰਗ ਦੀ ਪਾਲਿਸੀ ਨੂੰ ਅਪਨਾਉਂਦੀ ਹੈ, ਤਾਂ ਕੀ ਉਨ੍ਹਾਂ ਦੇ ਬੱਚਿਆਂ ਨੂੰ ਐਡ-ਮਿਸ਼ਨ ਵਿੱਚ ਜਾਂ ਸਰਵਿਸ ਵਿੱਚ ਕੋਈ ਪਹਿਲ ਦਿੱਤੀ ਜਾਵੇਗੀ ? ਦੂਜਾ, (There are certain people who are married but otherwise they have taken oath that we will not have child. We will live as husband-wife. Although they have performed marriges. ਕੀ ਸਰਕਾਰ ਉਨ੍ਹਾਂ ਨੂੰ ਕੋਈ ਸਪੈਸ਼ਲ ਸਹੂਲਤ ਦੇਣ ਦਾ ਵਿਚਾਰ ਰੱਖਦੀ ਹੈ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਜਿਨ੍ਹਾਂ ਦੇ ਕੋਈ ਬੱਚਾ ਨਹੀਂ। ਪਹਿਲਾਂ ਤਾਂ ਇਹ ਦੇਖਣਾ ਪਵੇਗਾ ਕਿ ਬੱਚਾ ਉਨ੍ਹਾਂ ਦੀ ਆਪਣੀ ਮਰਜ਼ੀ ਨਾਲ ਨਹੀਂ ਹੈ ਜਾਂ ਵਾਹਿਗੁਰੂ ਦੀ ਮਰਜ਼ੀ ਨਾਲ ਨਹੀਂ ਹੈ। ਬਾਕੀ ਆਮ ਪਬਲਿਕ ਨੂੰ ਕੋਈ ਸਹੂਲਤ ਜਾਂ ਇਨਸੈਂਟਿਵ ਦੇਣ ਬਾਰੇ ਸਕੀਮ ਸਾਡੇ ਵਿਚਾਰ ਅਧੀਨ ਹੈ ਕਿ ਆਮ ਲੋਕ ਜਿਹੜੇ ਇੰਡਸਟਰੀ ਲਗਾਉਂਦੇ ਹਨ, ਅਤੇ ਲੋਨ ਲੈਂਦੇ ਹਨ ਅਤੇ ਇੰਡਸਟਰੀ ਚਲਾਉਂਦੇ ਹਨ, ਉਨ੍ਹਾਂ ਵਾਸਤੇ ਵੀ ਇੰਟਰਸਟ ਵਿੱਚ ਕੋਈ ਰਿਬੇਟ ਦਿੱਤੀ ਜਾਵੇ। ਇਸ ਬਾਰੇ ਅਸੀਂ ਇਕ ਸਕੀਮ ਵਿੱਤ ਵਿਭਾਗ ਨੂੰ ਭੇਜੀ ਹੋਈ ਹੈ, ਜੇ ਉਨ੍ਹਾਂ ਦੀ ਪ੍ਰਵਾਨਗੀ ਹੋਈ, ਤਾਂ ਇਸ ਬਾਰੇ ਜ਼ਰੂਰ ਵਿਚਾਰ ਕੀਤਾ ਜਾਵੇਗਾ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਮਾਨਯੋਗ ਸਪੀਕਰ ਸਾਹਬ, ਮੰਤਰੀ ਜੀ ਨੇ ਕਿਹਾ ਹੈ ਕਿ ਜੇ ਕੋਈ ਸਪੈਸੀਫਿਕ ਕੇਸ ਹੈ, ਮੇਰੀ ਜਾਣਕਾਰੀ ਵਿਚ ਲਿਆਉਣ, ਉਸਦੇ ਬਾਰੇ ਵਿਚਾਰ ਕਰਾਂਗਾ। ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਪਾਲਿਸੀ ਮੈਟਰ ਹੈ ਅਤੇ ਕਾਮਨ ਹੈ। ਸਰਕਾਰ ਨੂੰ ਇਸ ਸਬੰਧ ਵਿਚ ਕੋਈ ਪਾਲਿਸੀ ਬਣਾਉਣੀ ਚਾਹੀਦੀ ਹੈ ਤਾਂ ਕਿ ਇਸ ਸਬੰਧੀ ਵਾਰ-ਵਾਰ ਕਲੈਰੀ-ਫਿਕੇਸ਼ਨ ਨਾ ਲੈਣੀ ਪਵੇ। ਕੀ ਮੰਤਰੀ ਜੀ ਅਸ਼ੋਰੈਂਸ ਦਿਵਾਉਣਗੇ ਕਿ ਇਹੋ ਜਿਹੀ ਕੋਈ ਪਾਲਿਸੀ ਬਣਾਈ ਜਾਵੇਗੀ ਅਤੇ ਦੇਸ਼ ਦੇ ਹਿੱਤਾਂ ਨੂੰ ਮੁੱਖ ਰੱਖਕੇ ਉਸਦੇ ਮੁਤਾਬਿਕ ਯੋਗ ਵਿਅਕਤੀਆਂ ਨੂੰ ਸਹੂਲਤਾਂ ਦਿੱਤੀਆਂ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ ਮੈਂ ਪਹਿਲਾਂ ਦੱਸ ਚੁੱਕਾ ਹਾਂ, ਇਹ ਸਕੀਮ ਵਿਚਾਰ ਅਧੀਨ ਹੈ, ਜਲਦੀ ਫੈਸਲਾ ਕਰਾਂਗੇ।

---

### ਗਰੈਜੂਏਟ ਸੁਪਰਵਾਈਜ਼ਰਾਂ ਦੀਆਂ ਬਾਲ ਵਿਕਾਸ ਪ੍ਰਾਜੈਕਟ ਅਫ਼ਸਰ ਵਜੋਂ ਤਰੱਕੀਆਂ

*807. ਕਾਮਰੇਡ ਹਰਦੇਵ ਸਿੰਘ ਅਰਸ਼ੀ : ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ---

(ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਜੂਨ, 1987 ਵਿਚ ਕੁਝ ਗਰੈਜੂਏਟ ਇਸਤਰੀ ਸੁਪਰਵਾਈਜ਼ਰਾਂ ਨੂੰ ਬਾਲ ਵਿਕਾਸ ਪ੍ਰਾਜੈਕਟ ਅਫਸਰਾਂ ਵਜੋਂ ਤਰੱਕੀ ਦਿੱਤੀ ਸੀ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਨਾਂ ਕੀ ਹਨ ;

Original with;
Punjab Vidhan Sabha
Digitized by;
Panjab Digital Library

(ਅ) ਕੀ ਕਿਸੇ ਗਰੈਜੂਏਟ ਸੁਪਰਵਾਈਜ਼ਰ ਨੂੰ ਉਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਦੇ ਆਧਾਰ ਤੇ ਤਰੱਕੀ ਲਈ ਨਜ਼ਰ ਅੰਦਾਜ਼ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਨਾਂ ਕੀ ਹਨ ;

(ੲ) ਕੀ ਉਪਰੋਕਤ ਭਾਗ (ਅ) ਵਿਚ ਵਰਣਿਤ ਕੁਝ ਸੁਪਰਵਾਈਜ਼ਰਾਂ ਨੂੰ ਵਿਭਾਗ ਦੁਆਰਾ ਦੋਸ਼ ਮੁਕਤ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਨਾਂ ਕੀ ਹਨ ਅਤੇ ਉਨ੍ਹਾਂ ਨੂੰ ਬਾਲ ਵਿਕਾਸ ਪ੍ਰਾਜੈਕਟ ਅਫਸਰਾਂ ਵਜੋਂ ਕਿਸ ਕਿਸ ਤਰੀਕ ਨੂੰ ਤਰੱਕੀ ਦਿੱਤੀ ਗਈ ?

**Shri Brahm Mohindra** : (a) Yes Sir. Sarvshrimati Bhupinder Kaur, Vidyawati, Bimla Randhawa Daljit Kaur.

(b) Yes, Sir, Shrimati Anshu Thakur.

(c) Yes, Sir. Smt. Anshu Thakur. She has not been promated as Child Development Officer as Yet.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 13 ਫਰਵਰੀ, 1962 ਦੇ ਜੋ ਸਰਵਿਸ ਰੂਲਜ਼ ਹਨ, ਉਨ੍ਹਾਂ ਦੇ ਮੁਤਾਬਿਕ ਕੇਸ ਖਤਮ ਹੋਣ ਤੋਂ ਉਪਰਤ, ਉਸਨੂੰ ਪਿਛਲੀ ਡੇਟ ਤੋਂ ਪ੍ਰਮੋਸ਼ਨ ਦੇਣੀ ਜ਼ਰੂਰੀ ਹੈ। ਜਿਸ ਵੇਲੇ ਸ਼੍ਰੀਮਤੀ ਅੰਸ਼ੂ ਠਾਕੁਰ ਦਾ ਕੇਸ ਖਤਮ ਹੋ ਗਿਆ, ਫਿਰ ਉਸਨੂੰ 29 ਜੂਨ, 1987 ਤੋਂ ਜਿਸ ਮਿਤੀ ਤੋਂ ਉਸਦੀ ਪ੍ਰਮੋਸ਼ਨ ਬਣਦੀ ਸੀ, ਉਸਨੂੰ ਪਰਮੋਸ਼ਨ ਕਿਉਂ ਨਹੀਂ ਦਿੱਤੀ ਗਈ ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਦੀ ਜਾਣਕਾਰੀ ਲਈ ਦੱਸ ਦੇਣਾ ਚਾਹੁੰਦਾ ਹਾਂ ਕਿ ਸ਼੍ਰੀਮਤੀ ਅੰਸ਼ੂ ਠਾਕਰ ਨੂੰ ਸਕੱਤਰ ਸਮਾਜ ਭਲਾਈ ਵਲੋਂ ਪਰਸਨਲ ਹੀਅਰਿੰਗ ਵੀ ਦਿੱਤੀ ਗਈ ਸੀ, ਜਿੱਥੇ ਉਸਦੇ ਖਿਲਾਫ਼ ਇਨਕੁਆਇਰੀ ਚਲਦੀ ਸੀ। ਉਥੇ ਉਸਨੂੰ ਪਹਿਲਾਂ ਵਾਰਨਿੰਗ ਵੀ ਇਸ਼ੂ ਹੋਈ ਹੋਈ ਸੀ। ਇਸ ਸਬੰਧ ਵਿਚ ਮਾਨਯੋਗ ਮੈਂਬਰ ਸਾਹਿਬ ਮੈਨੂੰ ਮੇਰੇ ਆਫਿਸ ਵਿੱਚ ਵੀ ਮਿਲੇ ਸਨ ਅਤੇ ਮੈਂ ਦੱਸਿਆ ਸੀ ਕਿ ਜੋ ਕੋਈ ਇਸ ਕੇਸ ਵਿੱਚ ਲੈਪਸ ਹੋਇਆ, ਤਾਂ ਉਸਨੂੰ ਜ਼ਰੂਰ ਦੂਰ ਕਰਾਂਗੇ।

---

### ਸਹਾਇਕ ਬਾਲ ਵਿਕਾਸ ਪ੍ਰਾਜੈਕਟ ਅਫ਼ਸਰ ਦੀਆਂ ਆਸਾਮੀਆਂ ਸਿਰਜਨਾ

*808. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਅਪ੍ਰੈਲ, 1989 ਤੋਂ ਮਾਰਚ, 1991 ਤੱਕ ਦੇ ਸਮੇਂ ਦੌਰਾਨ ਸਮਾਜ ਭਲਾਈ ਵਿਭਾਗ ਵਿਚ ਸਹਾਇਕ ਬਾਲ ਵਿਕਾਸ ਪ੍ਰਾਜੈਕਟ ਅਫਸਰਾਂ ਦੀਆਂ ਕੁੱਲ ਕਿੰਨੀਆਂ ਆਸਾਮੀਆਂ ਸਿਰਜੀਆਂ ਗਈਆਂ ;

(ਅ) ਕੀ ਇਹ ਠੀਕ ਹੈ ਕਿ ਕੁਝ ਲੇਡੀ ਗਰੈਜੂਏਟ ਸੁਪਰਵਾਈਜ਼ਰਾਂ ਨੇ ਉਨ੍ਹਾਂ ਨੂੰ ਆਸਾਮੀਆਂ ਸਿਰਜਿਤ ਕਰਨ ਦੀ ਤਰੀਕ ਨੂੰ ਲੋੜੀਂਦੀਆਂ ਯੋਗਤਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਸਹਾਇਕ ਬਾਲ ਵਿਕਾਸ ਪ੍ਰਾਜੈਕਟ ਅਫ਼ਸਰ ਵਜੋਂ ਤਰੱਕੀ ਨਾ ਦੇਣ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਦੇ ਵਿਰੁੱਧ ਸਰਕਾਰ ਨੂੰ ਅਪੀਲ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਨਾਂ ਕੀ ਕੀ ਹਨ;

(ੲ) ਕੀ ਉਕਤ ਭਾਗ (ਅ) ਵਿਚ ਵਰਣਿਤ ਅਪੀਲਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ?

**Shri Brahm Mohindra**: (a) Three.

(b) Yes, Sir. Sarvshrimati Anshu Thakur, Amritpal Kaur, Anishia, Parmod Bala and Saroj Bala.

(c) These are under consideration of the Government.

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਦੀਆਂ ਸਪਸ਼ਟ ਹਦਾਇਤਾਂ ਹਨ 27 ਅਪ੍ਰੈਲ, 1982 ਦੀਆਂ ਕਿ ਜਿਸ ਡੇਟ ਨੂੰ ਕੋਈ ਨਵੀਂ ਪੋਸਟ ਕਰੀਏਟ ਹੁੰਦੀ ਹੈ, ਉਸ ਨੂੰ ਜੋ ਕਰਮਚਾਰੀ ਡੀਜ਼ਰਵ ਕਰਦੇ ਹਨ, ਉਸੇ ਡੇਟ ਨੂੰ ਹੀ ਉਸਦੀ ਯੋਗਤਾ ਅਤੇ ਕੁਆਲੀਫਿਕੇਸ਼ਨ ਵੇਖੀ ਜਾਣੀ ਹੈ। ਅਤੇ 1 ਅਪ੍ਰੈਲ, 1989 ਨੂੰ ਜੋ ਪ੍ਰੋਮੋਸ਼ਨਾਂ ਦਿੱਤੀਆਂ ਗਈਆਂ ਹਨ ਉਨ੍ਹਾਂ ਵਿਚੋਂ 4 ਗਰੇਡ ਸੁਪਰਵਾਈਜ਼ਰ ਨੂੰ ਨਜ਼ਰ-ਅੰਦਾਜ਼ ਕਰ ਦਿਤਾ ਗਿਆ ਹੈ, ਇਸ ਤਰ੍ਹਾਂ ਕਿਉਂ ਹੋਇਆ ?

**ਮੰਤਰੀ**: ਸਪੀਕਰ ਸਾਹਿਬ, ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਈ ਸਾਲ ਗਵਰਨਰੀ ਰਾਜ ਰਿਹਾ ਹੈ ਅਤੇ ਉਸ ਸਮੇਂ ਬਿਯੂਰੋਕਰੇਸੀ ਦਾ ਰਾਜ ਸੀ ਅਤੇ ਉਸ ਵੇਲੇ ਕੋਈ ਸੀਨੀਆਰਤਾ ਲਿਸਟ ਨਹੀਂ ਸੀ ਬਣਾਈ ਹੋਈ। ਪਾਪੂਲਰ ਸਰਕਾਰ ਆਉਣ ਦੇ ਬਾਅਦ ਇਹ ਬਣਾਈ ਜਾਂਦੀ ਹੈ ਅਗਰ ਕਿਸੇ ਨਾਲ ਕੋਈ ਬੇ-ਇਨਸਾਫੀ ਹੋਈ ਹੈ, ਉਸ ਨੂੰ ਹੁਣ ਜ਼ਰੂਰ ਦੂਰ ਕੀਤਾ ਜਾਵੇਗਾ ਅਤੇ ਪੂਰਾ ਇਨਸਾਫ ਕੀਤਾ ਜਾਵੇਗਾ।

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਅਸ਼ੋਰੈਂਸ ਚਾਹੁੰਦਾ ਹਾਂ ਕਿ ਜਿਨ੍ਹਾਂ ਚਾਰ ਕਰਮਚਾਰੀਆਂ ਦੀ ਪ੍ਰੋਮੋਸ਼ਨ 1 ਅਪ੍ਰੈਲ, 1989 ਤੋਂ ਬਣਦੀ ਸੀ, ਉਨ੍ਹਾਂ ਨੂੰ ਪਿਛਲੀ ਡੇਟ ਤੋਂ ਪ੍ਰੋਮੋਸ਼ਨ ਦਿਤੀ ਜਾਵੇਗੀ ?

**ਮੰਤਰੀ**: ਸਪੀਕਰ ਸਾਹਿਬ, ਇਹ ਕੇਸ ਪ੍ਰਸੋਨਲ ਡੀਪਾਰਟਮੈਂਟ ਨੂੰ ਭੇਜਿਆ ਹੋਇਆ ਹੈ। ਉਨ੍ਹਾਂ ਦੀ ਐਡਵਾਇਸ ਆ ਜਾਵੇ, ਉਸਦੇ ਮੁਤਾਬਿਕ ਫੈਸਲਾ ਲੈ ਲਵਾਂਗੇ।

---

## ਦਰਿਆ ਸਤਲੁਜ ਤੇ ਪੁਲ ਬਣਾਉਣਾ

*905. **ਸਰਦਾਰ ਅਵਤਾਰ ਸਿੰਘ ਕਰੀਮਪੁਰੀ**: ਕੀ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਰਾਹੋਂ, ਤਹਿਸੀਲ ਗੜ੍ਹਸ਼ੰਕਰ ਨੂੰ ਲੁਧਿਆਣਾ ਨਾਲ ਸਿੱਧੇ ਤੌਰ ਤੇ ਜੋੜਨ ਲਈ ਜ਼ਿਲ੍ਹਾ ਲੁਧਿਆਣਾ ਵਿਚ ਮਾਛੀਵਾੜਾ ਵਿਖੇ ਦਰਿਆ ਸਤਲੁਜ ਤੇ ਪੁਲ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ?

**ਸਰਦਾਰ ਜੋਗਿੰਦਰ ਸਿੰਘ ਮਾਨ**: ਸਰਕਾਰ ਦੇ ਫੰਡਾਂ ਵਿਚੋਂ ਸਤਲੁਜ ਦਰਿਆ ਤੇ ਮਾਛੀਵਾੜਾ ਵਿਖੇ ਪੁਲ ਬਣਾਉਣ ਦੀ ਕੋਈ ਪਰੋਪੋਜ਼ਲ ਨਹੀਂ ਹੈ ਜੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਸਰਕਾਰ ਦੇ ਫੰਡਾਂ ਵਿਚੋਂ ਸਤਲੁਜ ਦਰਿਆ ਤੇ ਮਾਛੀਵਾੜਾ ਵਿਖੇ ਪੁਲ ਬਣਾਉਣ ਦੀ ਕੋਈ ਪਰੋਪੋਜ਼ਲ ਨਹੀਂ ਹੈ। ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਥੋੜ੍ਹੇ ਦਿਨ ਹੋਏ ਮੰਤਰੀ ਜੀ ਦਾ ਇਹ ਬਿਆਨ ਅਖਬਾਰਾਂ ਵਿੱਚ ਆਇਆ ਸੀ ਕਿ ਜਿਹੜੀਆਂ ਪ੍ਰਾਈਵੇਟ ਫਰਮਜ਼ ਹਨ, ਉਨ੍ਹਾਂ ਨੂੰ ਠੇਕੇ ਦੇ ਕੇ ਪੁਲ ਬਣਵਾਉਣਗੇ ਅਤੇ ਬਾਅਦ ਵਿੱਚ ਉਹ ਪੈਸਾ ਟੋਲ-ਟੈਕਸ ਵਗੈਰਾ ਦੇ ਜ਼ਰੀਏ ਪੂਰਾ ਕਰ ਸਕਣਗੇ। ਕੀ ਸਤਲੁਜ ਦਰਿਆ ਤੇ ਮਾਛੀਵਾੜਾ ਵਿਖੇ ਪੁਲ ਬਣਾਉਣ ਦਾ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਐਮ. ਐਲ. ਏ. ਸਾਹਿਬ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਇਹ ਪ੍ਰਪੋਜ਼ਲ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਮਾਛੀਵਾੜਾ ਵਿਖੇ ਸਤਲੁਜ ਤੇ ਪੁਲ ਬਣਾਉਣ ਬਾਰੇ ਵੀ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ।

**ਸਰਦਾਰ ਈਸ਼ਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਲੁਧਿਆਣਾ—ਰਾਹੋਂ ਰੋਡ ਤੇ ਸਤਲੁਜ ਦਰਿਆ ਤੇ ਕੋਈ ਪੁਲ ਬਣਾਉਣ ਦਾ ਵਿਚਾਰ ਹੈ ਅਤੇ ਇਹ ਕਦੋਂ ਤੱਕ ਪੂਰਾ ਹੋ ਜਾਵੇਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀ ਪਰਪੋਜ਼ਲ ਹੈ, ਇਸ ਵਿਚ ਤਿੰਨ ਪੁਲ ਹਨ। ਇਕ ਤਾਂ ਲੁਧਿਆਣਾ ਤੋਂ ਰਾਹੋਂ ਅਤੇ ਇਕ ਮੁਕੇਰੀਆਂ ਤੋਂ ਗੁਰਦਾਸਪੁਰ। ਦੂਸਰਾ ਇਹ ਕਿ ਇਹ ਤਿੰਨੇ ਪੁਲ ਪ੍ਰਾਈਵੇਟ ਅਦਾਰਿਆਂ ਤੋਂ ਬਣਾਏ ਜਾ ਰਹੇ ਹਨ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਗੜ੍ਹਸ਼ੰਕਰ-ਡੰਗੀਆਂ ਚੋਅ ਦਾ ਪੁਲ ਬਣਾਉਣ ਲਈ ਦਸ ਲੱਖ ਰੁਪਿਆ ਮਨਜ਼ੂਰ ਹੋ ਚੁਕਿਆ ਹੈ। ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਇਹ ਕੰਮ ਕਦੋਂ ਤੱਕ ਸ਼ੁਰੂ ਹੋ ਜਾਵੇਗਾ ?

**ਸ੍ਰੀ ਸਪੀਕਰ** : ਇਹ ਸਪਲੀਮੈਂਟਰੀ ਸਵਾਲ ਨਾਲ ਸਬੰਧਤ ਨਹੀਂ ਹੈ। ਤੁਸੀਂ ਸੈਪਰੇਟ ਸਵਾਲ ਦੇ ਦਿਓ।

---

### ਪਿੰਡ ਸੈਹਣਾ ਤੋਂ ਮੱਲੀਆਂਵਾਲੀ ਤੱਕ ਸੜਕ ਬਣਾਉਣੀ

*954. **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ ਵਿਚ ਪਿੰਡ ਸੈਹਣਾ ਤੋਂ ਪਿੰਡ ਮੱਲੀਆਂਵਾਲੀ ਤੱਕ ਇਕ ਸੜਕ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੈ, ਤਾਂ ਇਸ ਦੇ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ;

(ਅ) ਕੀ ਸਰਕਾਰ ਉਪਰੋਕਤ ਭਾਗ (ੳ) ਵਿੱਚ ਵਰਣਿਤ ਸੜਕ ਦਾ ਨਾਂ ਪਰਮਵੀਰ ਚੱਕਰ ਵਿਜੇਤਾ ਕੈਪਟਨ ਕਰਮ ਸਿੰਘ ਦੇ ਨਾਂ ਤੇ ਰੱਖਣ ਦਾ ਵਿਚਾਰ ਰੱਖਦੀ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਜੋਗਿੰਦਰ ਸਿੰਘ ਮਾਨ :** (ਏ) ਤੇ (ਖੇ) ਹਾਲ ਦੀ ਘੜੀ ਕੋਈ ਤਜਵੀਜ਼ ਨਹੀਂ।

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਹੁਣ ਤਜਵੀਜ਼ ਨਹੀਂ ਹੈ, ਕੀ ਉਸ ਤੇ ਆਉਣ ਵਾਲੇ ਸੈਸ਼ਨ ਤੱਕ ਵਿਚਾਰ ਹੋ ਸਕਦੀ ਹੈ ?

**ਰਾਜ ਮੰਤਰੀ :** ਸਰ, ਗੌਰਮਿੰਟ ਦੀ ਬੜੀ ਸਪਸ਼ਟ ਪਾਲਿਸੀ ਹੈ। ਇਹ ਜਿਹੜੀ ਇੰਟਰ ਲਿੰਕ ਰੋਡ ਹੈ, ਇਹ ਭਦੌੜ ਮਾਰਕਿਟ ਕਮੇਟੀ ਵਿਚ ਪੈਂਦੀ ਹੈ। ਮਾਰਕਿਟ ਕਮੇਟੀ ਵੱਲੋਂ ਨਵੀਂ ਸੜਕ ਬਣਾਉਣ ਬਾਰੇ ਕੋਈ ਵੀ ਫੈਸਲਾ ਨਹੀਂ ਹੈ। ਜ਼ਿਲ੍ਹਾ ਪ੍ਰੀਸ਼ਦ ਨੇ ਵੀਹ ਕਰੋੜ ਰੁਪਿਆ ਮਿਸਿੰਗ ਲਿੰਕ/ਫਿਰਨੀਆਂ ਵਾਸਤੇ ਜਮ੍ਹਾਂ ਕਰਵਾਇਆ। ਸਰਕਾਰ ਦੀ ਪਰਪੋਜ਼ਲ ਹੈ ਕਿ ਇਨ੍ਹਾਂ ਨੂੰ ਕੰਪਲੀਟ ਕਰ ਲਿਆ ਜਾਵੇ। ਸੜਕ ਡਿਸਟ੍ਰਿਕਟ ਰੋਡ ਕਮੇਟੀ ਵੱਲੋਂ ਪਾਸ ਨਹੀਂ ਹੋਈ ਅਤੇ ਹਾਲੇ ਕੋਈ ਤਜਵੀਜ਼ ਨਹੀਂ ਹੈ।

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ :** ਸਪੀਕਰ ਸਾਹਿਬ, ਮੈਂ ਇਸ ਗੱਲ ਦਾ ਇਸ ਕਰਕੇ ਵਰਣਨ ਕੀਤਾ ਸੀ ਕਿਉਂਕਿ ਇਹ ਇਲਾਕਾ ਪਰਮਵੀਰ ਚੱਕਰ ਵਿਜੇਤਾ ਕੈਪਟਨ ਕਰਮ ਸਿੰਘ ਨਾਲ ਸਬੰਧਤ ਹੈ ਅਤੇ ਇਹ ਸੜਕ ਉਨ੍ਹਾਂ ਦੇ ਨਾਂ ਤੇ ਰੱਖੀ ਜਾਵੇਗੀ ਤਾਕਿ ਉਨ੍ਹਾਂ ਦਾ ਨਾਂ ਹਮੇਸ਼ਾ ਯਾਦ ਰੱਖ ਸਕੀਏ, ਜਿਨ੍ਹਾਂ ਨੇ ਸ਼ਹੀਦੀ ਪਾਈ।

**ਰਾਜ ਮੰਤਰੀ :** ਸਰ, ਜਿਥੋਂ ਤੱਕ ਨਾ ਰੱਖਣ ਦਾ ਸੰਬੰਧ ਹੈ, ਸਰਕਾਰ ਇਸ ਨਾਲ ਸਹਿਮਤ ਹੈ ਅਤੇ ਗੌਰਮਿੰਟ ਦੀ ਪਾਲਿਸੀ ਵੀ ਹੈ, ਇਹ ਉਨ੍ਹਾਂ ਨੂੰ ਟ੍ਰਿਬਿਊਟ ਹੋਵੇਗੀ। ਸੜਕ ਬਣਨ ਤੋਂ ਬਾਅਦ ਨਾਂ ਦੀ ਜਿਹੜੀ ਪਰਪੋਜ਼ਲ ਹੈ, ਉਹ ਮੰਨਣ ਨੂੰ ਤਿਆਰ ਹਾਂ।

---

**ਰਾਜ ਵਿਚ ਜੇਲ੍ਹ ਵਿਭਾਗ ਦੇ ਅਫਸਰਾਂ ਦੀ ਸੇਵਾ ਵਿਚ ਵਾਧਾ**

***613. ਸ਼੍ਰੀਮਤੀ ਵਿਮਲਾ ਡਾਂਗ (ਕਾਮਰੇਡ ਹਰਦੇਵ ਸਿੰਘ ਅਰਸ਼ੀ ਵਲੋਂ ਪੇਸ਼ ਕੀਤਾ ਗਿਆ) :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਰਤਮਾਨ ਸਰਕਾਰ ਦੇ ਕਾਰਜ-ਭਾਰ ਸੰਭਾਲਣ ਤੋਂ ਬਾਦ ਜੇਲ੍ਹ ਵਿਭਾਗ ਦੇ ਕਿਹੜੇ ਕਿਹੜੇ ਅਫਸਰਾਂ ਦੀ ਸੇਵਾ ਵਿਚ, ਉਨ੍ਹਾਂ ਦੀ ਸੇਵਾ ਨਿਵਰਤੀ ਦੀ ਤਰੀਕ ਤੋਂ ਬਾਅਦ ਵਾਧਾ ਕੀਤਾ ਗਿਆ ਹੈ ਅਤੇ ਹਰ ਇਕ ਕੇਸ ਵਿਚ ਕਿੰਨਾ ਕਿੰਨਾ ਵਾਧਾ ਕੀਤਾ ਗਿਆ ਅਤੇ ਇਸ ਦੇ ਕੀ ਕਾਰਣ ਹਨ ?

**Sardar Beant Singh :** Nil.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ 'ਨਿਲ' ਕਹਿ ਕੇ ਸੰਖੇਪ ਜਿਹਾ ਜਵਾਬ ਦੇ ਦਿੱਤਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਵਾਬ ਤੱਥਾਂ ਤੇ ਆਧਾਰਿਤ ਨਹੀਂ ਹੈ। ਵਰਤਮਾਨ ਸਮੇਂ ਵਿਚ ਆਈ. ਜੀ. (ਜੇਲ੍ਹ) ਦੀ ਟੈਨਿਓਰ 5 ਸਾਲ ਦੀ ਹੁੰਦੀ ਹੈ। ਇੱਕ ਨੂੰ ਗਵਰਨਰੀ ਰਾਜ ਸਮੇਂ ਐਕਸਟੈਨਸ਼ਨ ਮਿਲ ਗਈ। ਚਲੋ, ਇਸ ਦੀ ਰਿਟਾਇਰ-ਮੈਂਟ ਵਿਚ ਸਮਾਂ ਹੈ। ਦੂਸਰੇ ਪਾਸੇ ਜਨਵਰੀ, 1992 ਵਿਚ ਸੁਪਰਡੰਟ ਜਲੰਧਰ ਅਤੇ ਪਟਿਆਲਾ ਨੂੰ ਐਕਸਟੈਨਸ਼ਨ ਦਿੱਤੀ ਗਈ ਹੈ। ਮੈਂ ਪਰੂਫ ਨਾਲ ਕੁੱਝ ਦੱਸ ਰਿਹਾ ਹਾਂ। 28 ਫਰਵਰੀ, 1993 ਨੂੰ ਆਈ. ਜੀ. ਜੇਲ੍ਹ ਨੂੰ ਰਿਟਾਇਰਮੈਂਟ ਉਪਰੰਤ ਐਕਸਟੈਂਸ਼ਨ ਦਿੱਤੀ ਗਈ ਹੈ। ਟੈਕਨੀਕਲੀ ਤਾਂ ਗੱਲ ਠੀਕ ਹੈ ਪਰ ਇਸ ਵਿਚ ਐਕਸਟੈਨਸ਼ਨ ਸ਼ਬਦ ਨਹੀਂ ਪਾਇਆ ਜਾਂਦਾ ਬਲਿਕ ਰੀ-ਅਪੁਆਇੰਟ-ਮੈਂਟ ਪਾਇਆ ਜਾਂਦਾ ਹੈ। ਇਸ ਤਰ੍ਹਾਂ ਇਹ ਐਕਸਟੈਨਸ਼ਨ ਨਹੀਂ। ਪਹਿਲਾਂ ਤਾਂ ਮੈਂ ਇਹੀ ਸਵਾਲ ਪੁੱਛਦਾ ਹਾਂ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ ਐਕਸਟੈਨਸ਼ਨ ਅਤੇ ਰੀ-ਐਪੁਆਇੰਟਮੈਂਟ ਵਿਚ ਕਾਫੀ ਫਰਕ ਹੁੰਦਾ ਹੈ। ਦੋ ਅਫਸਰ ਜਿਹੜੇ ਇਨ੍ਹਾਂ ਨੇ ਕਹੇ ਜਗਦੀਸ਼ ਅਤੇ ਰਾਜਿੰਦਰ ਸਿੰਘ। ਕਿਉਂਕਿ ਉਸ ਸਮੇਂ ਜ਼ਿਆਦਾ ਏਬਲ ਅਫਸਰ ਅਵੇਲੇਬਲ ਨਹੀਂ ਸਨ, ਇਸ ਲਈ ਉਨ੍ਹਾਂ ਨੂੰ ਇਕ ਸਾਲ ਵਾਸਤੇ ਰੀ-ਅਪੁਆਇੰਟ ਕੀਤਾ ਗਿਆ। ਪਰ ਜਦੋਂ ਐਕਸਪਾਇਰੀ ਹੋ ਗਈ ਤਾਂ ਇਕ ਅਫਸਰ ਅਸਿਸਟੈਂਟ ਇੰਸਪੈਕਟਰ ਜਨਰਲ (ਜੇਲ੍ਹ) ਜੇ. ਐਸ. ਬੱਲ ਨੂੰ ਰੀ-ਅਪੁਆਇੰਟ ਕੀਤਾ ਗਿਆ। ਉਸਦੀ ਇੱਕ ਸਾਲ ਬਾਅਦ ਛੁੱਟੀ ਕਰ ਦਿੱਤੀ ਜਾਵੇਗੀ।

**ਸ਼੍ਰੀ ਸਪੀਕਰ** : ਤਹਾਡਾ ਸਵਾਲ ਐਕਸਟੈਨਸ਼ਨ ਦਾ ਹੈ। ਇਸ ਲਈ ਤੁਸੀਂ ਐਕਸਟੈਨਸ਼ਨ ਤੇ ਪੁੱਛੋ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਰਿਟਾਇਰਮੈਂਟ ਉਪਰੰਤ ਇਕ ਸਾਲ ਦੀ ਐਕਸਟੈਨਸ਼ਨ ਦਿੱਤੀ ਗਈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਚਲੋ, ਸੀ. ਐਮ. ਸਾਹਿਬ ਨੇ ਕਿਹਾ ਕਿ ਯੋਗ ਅਫਸਰ ਨਹੀਂ। ਚਲੋ ਇਕ ਪੋਸਟ ਵਾਸਤੇ ਤਾਂ ਹੋ ਸਕਦਾ ਹੈ ਕਿਉਂਕਿ ਡਿਪਾਰਟਮੈਂਟ ਸੈਂਸੇਟਿਵ ਹੈ ਅਤੇ ਮੈਂ ਐਗਰੀ ਕਰਦਾ ਹਾਂ। ਪਰ ਦੂਸਰੇ ਪਾਸੇ ਜਿਹੜੇ ਦੋ ਜੇਲ੍ਹ ਸੁਪਰਡੰਟ ਨੂੰ ਐਕਸਟੈਨਸ਼ਨ ਦਿੱਤੀ ਗਈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਚ ਕਈ ਕਿਸਮ ਦੀਆਂ ਡਰਾਅ-ਬੈਕਸ ਹਨ। ਇਸ ਨਾਲ ਹੇਠਲੇ ਬੰਦਿਆਂ ਨੂੰ ਕਾਫੀ ਫਰਕ ਪੈਂਦਾ ਹੈ। ਉਨ੍ਹਾਂ ਦੀ ਪਰਮੋਸ਼ਨ ਰੁਕਦੀ ਹੈ। ਡਿਪਾਰਟਮੈਂਟ ਵਿਚ ਬੇਕਾਇਦਗੀਆਂ ਪੈਦਾ ਹੁੰਦੀਆਂ ਹਨ। ਸੀ. ਐਮ. ਸਾਇਬ ਤੋਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਨ੍ਹਾਂ ਗੱਲਾਂ ਤੋਂ ਗੁਰੇਜ਼ ਕਰੇਗੀ ਕਿ ਰਿਟਾਇਰਮੈਂਟ ਤੋਂ ਬਾਅਦ ਐਕਸਟੈਨਸ਼ਨ ਨਹੀਂ ਦਿੱਤੀ ਜਾਵੇਗੀ।

**ਸ਼੍ਰੀ ਸਪੀਕਰ** : ਤੁਸੀਂ ਸਪੈਸਿਫਿਕ ਸਪਲੀਮੈਂਟਰੀ ਪੁੱਛੋ। ਤੁਸੀਂ ਤਾਂ ਬੜੇ ਸੀਜ਼ਨਡ ਪਾਰਲੀ-ਮੈਨਟੈਰੀਅਨ ਹੋ। There are no arguments required for that.

**ਸ਼੍ਰੀ ਮਦਨ ਮੋਹਨ ਮਿੱਤਲ** : ਜਵਾਬ ਤਾਂ ਆਇਆ ਨਹੀਂ ਜੀ।

**ਮੁੱਖ ਮੰਤਰੀ** : ਉਸ ਦਾ ਜਵਾਬ ਤਾਂ, ਸਪੀਕਰ ਸਾਹਿਬ, ਤੁਸੀਂ ਆਪ ਹੀ ਦੇ ਦਿੱਤਾ ਹੈ ਕਿ ਸਪਲੀ-ਮੈਂਟਰੀ ਨਹੀਂ ਬਣਦਾ। ਮੈਂ ਦੱਸ ਦਿੱਤਾ ਹੈ ਕਿ ਐਕਸਟੈਨਸ਼ਨ ਔਰ ਰੀ-ਅਪੁਆਇੰਟਮੈਂਟ ਵਿੱਚ ਫਰਕ ਹੈ। (ਵਿਘਨ)

**ਸ਼੍ਰੀ ਸਪੀਕਰ** : ਉਹ ਤਾਂ ਮੈਂ ਵੀ ਦੱਸ ਦਿੱਤਾ ਹੈ। (ਵਿਘਨ)

**ਮੁੱਖ ਮੰਤਰੀ** : ਮੈਂ ਇਸ ਦੇ ਬਾਰੇ ਐਸ਼ੋਰੈਂਸ ਨਹੀਂ ਦੇ ਸਕਦਾ। ਅਸੀਂ ਐਬਲਿਟੀ ਦੇ ਮੁਤਾਬਿਕ ਦੇਖਾਂਗੇ ਕਿ ਰਖਣਾ ਹੈ ਕਿ ਨਹੀਂ।

---

### ਫਤਿਹਗੜ੍ਹ ਸਾਹਿਬ ਵਿਖੇ, ਜ਼ਿਲ੍ਹਾ ਅਤੇ ਸ਼ੈਸ਼ਨਜ਼ ਅਦਾਲਤ ਸਥਾਪਤ ਕਰਨਾ

*938 **ਡਾਕਟਰ ਹਰਬੰਸ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਕੋਈ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਦਾ ਅਦਾਲਤ ਹੈ; ਜੇਕਰ ਨਹੀਂ ਤਾਂ ਇਸ ਦੇ ਕਦੋਂ ਤੱਕ ਸਥਾਪਤ ਕੀਤੇ ਜਾਣ ਦੀ ਸੰਭਾਵਨਾ ਹੈ?

**Sardar Beant Singh** : No Sir, however, the mater regarding setting up of the Court of district and Sessions Judge at Fatehgarh Sahib is under consideration of the Government in consultation with High Court of Punjab and Haryana.

Original with;
Punjab Vidhan Sabha
Digitized by;
Panjab Digital Library

**ਡਾਕਟਰ ਹਰਬੰਸ ਲਾਲ** : ਮਾਨਯੋਗ ਸਪੀਕਰ ਸਾਹਿਬ, ਕੀ ਮਾਨਯੋਗ ਮੁੱਖ ਮੰਤਰੀ ਜੀ ਦੱਸਣਗੇ ਕਿ ਫਤਿਹਗੜ੍ਹ ਸਾਹਿਬ ਜ਼ਿਲ੍ਹਾ ਬਣਨ ਦੇ ਬਾਵਜੂਦ ਵੀ ਸੈਸ਼ਨ ਜੱਜ ਦੀ ਅਦਾਲਤ ਨਾ ਹੋਣ ਕਰਕੇ ਇਨਸਾਫ ਲੈਣ ਲਈ ਹਾਲੇ ਵੀ ਲੋਕਾਂ ਨੂੰ ਪਟਿਆਲਾ ਵਿਖੇ ਜਾਣਾ ਪੈਂਦਾ ਹੈ ਅਤੇ ਲੋਕਾਂ ਨੂੰ ਇਹ ਇਨਸਾਫ਼ ਬੜਾ ਮਹਿੰਗਾ ਪੈਂਦਾ ਹੈ। ਕੀ ਲੋਕਾਂ ਦੀ ਤਕਲੀਫ ਨੂੰ ਮੁੱਖ ਰਖਦੇ ਹੋਏ ਫਤਿਹਗੜ੍ਹ ਸਾਹਿਬ ਵਿੱਚ 1993-94 ਦੇ ਸਾਲ ਅੰਦਰ ਇਹ ਕੋਰਟ ਚਾਲੂ ਕਰਾਉਣ ਦਾ ਭਰੋਸਾ ਮੁੱਖ ਮੰਤਰੀ ਜੀ ਦਿਵਾਉਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਜ਼ਿਲ੍ਹੇ ਨੂੰ ਬਣੇ ਥੋੜ੍ਹਾ ਚਿਰ ਹੀ ਹੋਇਆ ਹੈ। ਉਥੇ ਜੋ ਕਮਪਲੈਕਸ ਹੈ, ਜੋ ਸੈਸ਼ਨ ਜੱਜ ਦੀ ਕੋਰਟ ਲਈ ਦਫ਼ਤਰ ਬਣਾਉਣਾ ਹੈ ਉਸ ਦੇ ਵਾਸਤੇ ਜਗ੍ਹਾ ਵੀ ਸਿਲੈਕਟ ਨਹੀਂ ਹੋਈ। ਰੈਵੇਨਿਉ ਡੀਪਾਰਟਮੈਂਟ ਨੂੰ ਕਿਹਾ ਹੈ ਕਿ ਉਹ ਜਗ੍ਹਾ ਸਿਲੈਕਟ ਕਰੇ ਔਰ ਨੋਟੀਫੀਕੇਸ਼ਨ ਜਾਰੀ ਕਰੇ। ਉਹ ਪ੍ਰਾਸੈਸ ਵਿੱਚ ਹੈ। ਚੀਫ ਜਸਟਿਸ, ਪੰਜਾਬ ਐਂਡ ਹਰਿਆਣਾ ਹਾਈਕੋਰਟ, ਨਾਲ ਸਲਾਹ ਮਸ਼ਵਰਾ ਚੱਲ ਰਿਹਾ ਹੈ। ਮੈਂ ਸਮਝਦਾ ਹਾਂ ਕਿ ਜਲਦੀ ਫੈਸਲਾ ਲੈ ਲਵਾਂਗੇ ਔਰ ਸੈਸ਼ਨ ਜੱਜ ਦੀ ਕੋਰਟ ਬਣਾਵਾਂਗੇ।

**ਸ੍ਰੀ ਮਦਨ ਮੋਹਨ ਮਿੱਤਲ** : ਸਰ, ਮੇਰਾ ਸਪਲੀਮੈਂਟਰੀ ਇਹ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਥੋੜ੍ਹਾ ਸਮਾਂ ਹੋਇਆ ਹੈ ਜ਼ਿਲ੍ਹੇ ਬਣੇ ਨੂੰ, ਸੈਸ਼ਨ ਜੱਜ ਦੀ ਨਿਯੁੱਕਤੀ ਉਥੇ ਨਹੀਂ ਹੋ ਸਕੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਤੱਕ ਸੈਸ਼ਨ ਜੱਜ ਦੀ ਨਿਯੁਕਤੀ ਨਹੀਂ ਹੋ ਸਕਦੀ, ਜ਼ਿਲ੍ਹਾਂ ਤਾਂ ਬਣ ਗਿਆ ਹੈ, ਸੈਸ਼ਨ ਡਿਵੀਜ਼ਨ ਕਦੋਂ ਤਕ ਡਿਕਲੇਅਰ ਕਰ ਦੇਣਗੇ ?

ਦੂਸਰਾ, ਇਹ ਕਿ ਜਦੋਂ ਤੱਕ ਰੈਗੂਲਰ ਸੈਸ਼ਨ ਜੱਜ ਦੀ ਨਿਯੁਕਤੀ ਨਹੀਂ ਹੁੰਦੀ, ਕੀ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਹਾਈ ਕੋਰਟ ਨੂੰ ਰਿਕੁਐਸਟ ਕੀਤੀ ਜਾਵੇ ਕਿ ਲੋਕਾਂ ਨੂੰ ਇਨਸਾਫ਼ ਲੈਣ ਵਿੱਚ ਦੇਰ ਨਾ ਲੱਗੇ ਅਤੇ ਫਤਿਹਗੜ੍ਹ ਸਾਹਿਬ ਵਿੱਚ ਹੀ ਕੋਰਟ ਦੀ ਕੋਈ ਕੈਂਪ ਕੋਰਟ ਲਗਾਈ ਜਾਵੇ ਜਿਹੜੀ ਭਾਵੇਂ ਉਥੇ ਮਹੀਨੇ ਵਿੱਚ 10 ਦਿਨ ਦਾ ਹੀ ਟੂਰ ਕਰੇ ?

ਤੀਸਰੀ ਗੱਲ ਇਹ ਹੈ ਕਿ ਫਤਹਿਗੜ੍ਹ ਸਾਹਿਬ ਡਿਸਟ੍ਰਿਕਟ ਦੀ ਜਿਹੜੀ ਜੁਰਿਸਡਿਕਸ਼ਨ ਹੈ ਉਹ ਫਤਹਿਗੜ੍ਹ ਸਾਹਿਬ ਸ਼ਿਫਟ ਨਹੀਂ ਕੀਤੀ। Therefore, the people are going to the courts where the cases are pending. ਕੀ ਇਸ ਦੇ ਵਾਸਤੇ ਮੁੱਖ ਮੰਤਰੀ ਸਾਹਿਬ ਵਿਚਾਰ ਕਰਕੇ ਇਸ ਦੀ ਇਮਪਲੀਮੈਂਟੇਸ਼ਨ ਕਰਾਉਣਗੇ ਕਿ ਉਨ੍ਹਾਂ ਸਾਰਿਆਂ ਦੇ ਕੇਸਿਜ਼ ਜਿਨ੍ਹਾਂ ਦੇ ਫਤਿਹਗੜ੍ਹ ਸਾਹਿਬ ਡਿਸਟ੍ਰਿਕਟ ਵਿੱਚ ਫਾਲ ਕਰਨ, ਉਨ੍ਹਾਂ ਦਾ ਫੈਸਲਾ ਉਥੇ ਹੀ ਹੋ ਜਾਵੇ ?

**ਮੁੱਖ ਮੰਤਰੀ** : ਜਿੰਨਾ ਚਿਰ ਕੋਰਟ ਨਹੀਂ ਬਣ ਜਾਂਦੀ, ਉਤਨਾ ਚਿਰ ਤੱਕ ਵਿਚਾਰ ਕਰਨ ਦਾ ਕੋਈ ਸਵਾਲ ਹੀ ਪੈਂਦਾ ਨਹੀਂ ਹੁੰਦਾ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮੈਂ ਵੀ ਪੁੱਛਣਾ ਚਾਹੁੰਦਾ ਹਾਂ ਕਿ ਬਿਲਕੁਲ ਇਸੇ ਤਰ੍ਹਾਂ ਦੀ ਸਮੱਸਿਆਂ ਮਾਨਸਾ ਵਿੱਚ ਵੀ ਹੈ। ਮਾਨਸਾ ਵੀ ਨਵਾਂ ਡਿਸਟ੍ਰਿਕਟ ਬਣਿਆ ਹੈ। ਉਥੇ ਵੀ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਾਲੀ ਪ੍ਰਾਬਲਮ ਹੈ ਕਿ ਸੈਸ਼ਨ ਜੱਜ ਦੀ ਕੋਰਟ ਬਠਿੰਡਾ ਵਿੱਚ ਹੈ ਔਰ ਲੋਕਾਂ ਨੂੰ ਸਟਿੱਲ ਬਠਿੰਡੇ ਜਾਣਾ ਪੈਂਦਾ ਹੈ। ਸੈਸ਼ਨ ਜੱਜ ਦੀ ਕੋਰਟ ਮਾਨਸਾ ਵਿੱਚ ਸ਼ੁਰੂ ਨਾ ਕਰਨ ਵਿੱਚ ਕੀ ਦਿੱਕਤ ਹੈ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਦਾ ਜਵਾਬ ਵੀ ਉਹੀ ਹੈ।

**ਸ੍ਰੀ ਸਪੀਕਰ :** ਦੋਨਾਂ ਦੀ ਇੱਕੋ ਜਿਹੀ ਗੱਲ ਹੈ । ਅਗਲਾ ਸਵਾਲ।

**ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਨਵੀਆਂ ਡਿਸਪੈਂਸਰੀਆਂ ਅਤੇ ਸਿਹਤ ਕੇਂਦਰ ਖੋਲ੍ਹਣੇ**

*939. **ਡਾਕਟਰ ਹਰਬੰਸ ਲਾਲ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ --

(ੳ) ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਇਸ ਸਮੇਂ ਚਲ ਰਹੇ ਮੁਢਲੇ ਸਿਹਤ ਉਪ-ਕੇਂਦਰਾਂ, ਮੁਢਲੇ ਸਿਹਤ ਕੇਂਦਰਾਂ, ਸਿਹਤ ਕੇਂਦਰਾਂ ਅਤੇ ਹਸਪਤਾਲਾ ਦੀ ਗਿਣਤੀ ਅਤੇ ਉਹ ਥਾਵਾਂ ਜਿਥੇ ਇਹ ਸਥਿਤ ਹਨ; ਦਰਸਾਉਂਦੀ ਸੂਚੀ ਸਦਨ ਦੀ ਮੇਜ਼ ਤੇ ਰੱਖਣਗੇ ;

(ਅ) ਦੱਸਣਗੇ ਕਿ ਕੀ ਸਰਕਾਰ ਨੇੜੇ ਦੇ ਭਵਿੱਖ ਵਿਚ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਕੋਈ ਹੋਰ ਡਿਸਪੈਂਸਰੀਆਂ ਅਤੇ ਸਿਹਤ ਕੇਂਦਰ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੈ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਇਹ ਕਿਥੇ ਕਿਥੇ ਖੋਲ੍ਹੇ ਜਾਣਗੇ?

**ਸਰਦਾਰ ਲਾਲ ਸਿੰਘ :** (ੳ) ਇਸ ਸਮੇਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ 70 ਸਬ-ਸੈਂਟਰ, 13 ਪ੍ਰਾਇਮਰੀ ਹੈਲਥ ਸੈਂਟਰ, 2 ਕਮਿਊਨਿਟੀ ਹੈਲਥ ਸੈਂਟਰ ਅਤੇ 6 ਹਸਪਤਾਲ ਚੱਲ ਰਹੇ ਹਨ। ਇਹਨਾਂ ਸੰਸਥਾਵਾਂ ਦੇ ਸਥਾਨਾਂ ਦੀ ਸੂਚੀ ਨੱਥੀ ਕੀਤੇ ਅਨੁਸਾਰ , ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਇਸ ਸਮੇਂ ਜ਼ਿਲ੍ਹਾਂ ਫਤਿਹਗੜ੍ਹ ਸਾਹਿਬ ਵਿਚ ਨਵਾਂ ਹਸਪਤਾਲ ਅਤੇ ਡਿਸਪੈਂਸਰੀਆਂ ਖੋਲ੍ਹਣ ਦੀ ਕੋਈ ਤਜਵੀਜ਼ ਨਹੀਂ ਹੈ।

**ਸਬ-ਸੈਂਟਰ, ਪ੍ਰਾਇਮਰੀ ਹੈਲਥ ਸੈਂਟਰ, ਕਮਿਊਨਿਟੀ ਹੈਲਥ ਸੈਂਟਰ ਅਤੇ ਹਸਪਤਾਲਾਂ ਦੀ ਲਿਸਟ ਜ਼ਿਲ੍ਹਾ ਫਤਿਹਗੜ੍ਹ ਸਾਹਿਬ**

**(1) ਸਬ-ਸੈਂਟਰ**

1. ਨੰਦਪੁਰ ਕਲੌੜ
2. ਬਡਵਾਲ
3. ਨੌਗਾਵਾਂ
4. ਧੁੰਦਾਂ
5. ਤਲਾਨੀਆਂ
6. ਰੰਧਾਵਾਂ
7. ਖੇੜਾ
8. ਭੁਰਸ
9. ਝਾਮਪੁਰ
10. ਰੁਪਾਲ ਹੇੜੀ
11. ਘੁਮੰਡਗੜ੍ਹ
12. ਬਲਹੇੜੀ ਕਲਾਂ

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

13. ਪਮੂਰ
14. ਬਡਾਲੀ ਆਲਾ ਸਿੰਘ
15. ਬਡਾਲੀ ਆਈ.ਕੇ.
16. ਰੰਜਨਗੜ੍ਹ
17. ਕੋਟਲਾ ਭਾਈ-ਕੇ
18. ਕੋਟਲਾ ਬਜਵਾੜਾ
19. ਸੈਦਪੁਰ
20. ਮਹਿੰਦੀਆਂ
21. ਚਨਾਰਥਲ ਕਲਾਂ
22. ਕਲੌਰ
23. ਭਮਰਲ
24. ਨਬੀਪੁਰ
25. ਸੰਗਤਪੁਰ ਸੋਢੀਆਂ
26. ਛਲੇਰੀ ਖੁਰਦ
27. ਝੰਬਾਲ
28. ਮੁੱਲਾਂਪੁਰ
29. ਸਾਉਂਦਾਹੈਡ
30. ਧਰੰਗਹੇੜੀ
31. ਟਾਡਾ ਬਾਦਾ
32. ਲਾਡਪੁਰ
33. ਜਾਲਾ
34. ਫੱਗਣ ਮਾਜਰਾ
35. ਸੁਹੇੜਾ
36. ਧਾਂਡਾਂ
37. ਰੁੜਕੀ
38. ਪੰਜਾਲਾ
39. ਬਰਕਤਪੁਰ
40. ਸੈਣੀਧੁਰ
41. ਤਰਖਾਣ ਮਾਜਰਾ
42. ਆਨਸੋ ਮਾਜਰਾ
43. ਸਲਾਵੀ
44. ਬਰੰਗਾਂ
45. ਭੱਦਣਬੂਹਾ
46. ਖੇਨਾਲ
47. ਖੁੰਮਾਣਾ

Original with;
Punjab Vidhan Sabha
Digitized by;
Panjab Digital Library

48. ਸਲਾਣਾ ਜੀਵਨ ਸਿੰਘ ਵਾਲਾ
49. ਕਲਗੜ੍ਹ
50. ਸੁੰਗਾ ਕਲਾਂ
51. ਮਛਰੇਲ
52. ਲੱਖਾ ਸਿੰਘ ਵਾਲਾ
53. ਰੰਗਾਲਾ
54. ਪਾਵਲਾ
55. ਰਾਮਗੜ੍ਹ
56. ਖੰਟਮਾਨਪੁਰ
57. ਭਗੜਾਣਾ
58. ਹਵਾਲਾ
59. ਚਲਾਕੀ
60. ਮੰਡੀ
61. ਘੱਗਰਵਾਲ
62. ਗਰੀਗਾਂ
63. ਚੁੰਨੀ ਕਲਾਂ
64. ਸੰਗਤਪੁਰ
65. ਰਾਮਗੜ੍ਹ
66. ਅਜਨੇਰ
67. ਰਈਆ
68. ਸੰਘੋਲ
69. ਖਮਾਣੋ
70. ਨੈਣੋਵਾਲ

**(2) ਪ੍ਰਾਇਮਰੀ ਹੈਲਥ ਸੈਂਟਰ**

1. ਲਾਡਪੁਰ.
2. ਚਨਾਰਥਲ ਕਲਾਂ
3. ਬਗਰਾਨਾ
4. ਮੁੱਲਾਂਪੁਰ
5. ਭਾਂਮ ਰੱਜੀ
6. ਨੱਥੀਪੁਰ
7. ਸੰਗਤਪੁਰ ਸੋਢੀਆਂ
8. ਭੈਣੀ
9. ਨੈਣੋਵਾਲ
10. ਸੰਘੋਲ
11. ਨੰਦਪੁਰ ਕਲੌੜ

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

12. ਬਲਹੇੜੀ ਕਲਾਂ
13. ਨੌਗਾਵਾਂ

(3) **ਕਮਿਊਨਿਟੀ ਹੈਲਥ ਸੈਂਟਰ**

1. ਫਤਹਿਗੜ੍ਹ ਸਾਹਿਬ
2. ਮੰਡੀਗੋਬਿੰਦਗੜ੍ਹ

(4) **ਹਸਪਤਾਲ**

1. ਸਿਵਲ ਹਸਪਤਾਲ, ਫਤਹਿਗੜ੍ਹ ਸਾਹਿਬ
2. ਸਿਵਲ ਹਸਪਤਾਲ, ਮੰਡੀਗੋਬਿੰਦਗੜ੍ਹ
3. ਸਿਵਲ ਹਸਪਤਾਲ, ਬਸੀ ਪਠਾਣਾਂ
4. ਸਿਵਲ ਹਸਪਤਾਲ, ਅਮਲੋਹ
5. ਸਿਵਲ ਹਸਪਤਾਲ, ਮਾਲੋਂਵਾਲ
6. ਰੂਰਲ ਹਸਪਤਾਲ, ਨੰਦਪੁਰ ਕਲੌੜ

**ਡਾਕਟਰ ਹਰਬੰਸ ਲਾਲ** : ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਪਿੰਡ ਖੇੜਾ ਵਿਚ ਸਬ-ਸੈਂਟਰ ਨੂੰ 30 ਬੈਡਜ਼ ਦਾ ਅਤੇ ਫਤਿਹਗੜ੍ਹ ਡਿਸਟ੍ਰਿਕਟ ਹੈਡ-ਕੁਆਟਰ ਨੂੰ 50 ਬੈਡਜ਼ ਤੋਂ 100 ਬੈਡਜ਼ ਦਾ ਬਣਾਉਣ ਸਬੰਧੀ ਇਹ ਜੋ ਅਨਾਊਂਸਮੈਂਟ ਕੀਤੀ ਗਈ ਹੈ, ਕੀ 1993-94 ਵਿਚ ਇਹ ਬਣਾ ਕੇ ਚਾਲੂ ਕਰ ਦਿੱਤੇ ਜਾਣਗੇ ?

**ਮੰਤਰੀ** : ਸਪੀਕਰ ਸਾਹਿਬ, ਫਤਿਹਗੜ੍ਹ ਸਾਹਿਬ ਵਿਖੇ 50 ਬੈਡਜ਼ ਤੋਂ 100 ਬੈਡਜ਼ ਬਣਾਉਣ ਦੀ ਕੋਈ ਅਨਾਊਂਸਮੈਂਟ ਸਾਡੇ ਵਲੋਂ ਨਹੀਂ ਹੋਈ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਫਤਿਹਗੜ੍ਹ ਸਾਹਿਬ ਸਿਵਿਲ ਹਸਪਤਾਲ ਦੇ ਨਾਲ ਨਾਲ ਕਮਿਊਨਿਟੀ ਹੈਲਥ ਸੈਂਟਰ ਵੀ ਕੰਮ ਕਰ ਰਿਹਾ ਹੈ। ਜੇ ਜ਼ਰੂਰਤ ਸਮਝੀ ਗਈ ਤਾਂ ਪੈਸਿਆ ਨੂੰ ਵੇਖਦੇ ਹੋਏ ਉਹ ਹਸਪਤਾਲ 100 ਬੈਡਜ਼ ਦਾ ਜ਼ਰੂਰ ਕਰ ਦਿਆਂਗੇ।

**ਡਾਕਟਰ ਹਰਬੰਸ ਲਾਲ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ 50 ਬੈਡਜ਼ ਤੋਂ 100 ਬੈਡਜ਼ ਦੀ ਅਨਾਊਂਸਮੈਂਟ ਨਹੀਂ ਕੀਤੀ ਗਈ। ਸਪੀਕਰ ਸਾਹਿਬ, ਇਸ ਬਾਰੇ ਪੇਪਰਜ਼ ਵਿਚ ਆਮ ਨਿਊਜ਼ ਆਈ ਹੈ, ਉਹ ਮੈਂ ਮਨਿਸਟਰ ਸਾਹਿਬ ਨੂੰ ਮਿਲ ਕੇ ਦਿਖਾ ਦਿਆਂਗਾ।

ਦੂਸਰਾ, ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਹਾਲੇ ਫਤਿਹਗੜ੍ਹ ਸਾਹਿਬ ਵਿਚ ਨਵਾਂ ਹਸਪਤਾਲ ਖੋਲ੍ਹਣ ਦੀ ਕੋਈ ਤਜਵੀਜ਼ ਨਹੀਂ ਹੈ। ਮੈਂ ਅਰਜ਼ ਕਰਦਾ ਹਾਂ ਕਿ ਪਿੰਡ ਭਾਗਪੁਰ, ਬਲਾ, ਬੱਸੀਪਠਾਣਾ, ਦਫੇੜਾ ਬੜਹੇੜਾ, ਸਜਾਦਪੁਰ ਬਹੇੜਾ ਆਦਿ ਨਾਲ ਲਗਦੇ ਹਨ ਅਤੇ ਜੇਕਰ ਕੋਈ ਇੰਜੈਕਸ਼ਨ ਵੀ ਲਗਾਉਣਾ ਹੋਵੇ ਤਾਂ ਵੀ ਲੋਕ ਉਥੇ ਆਉਂਦੇ ਹਨ। ਕੀ ਕੋਈ ਡਿਸਪੈਂਸਰੀ ਜਾਂ ਕੋਈ ਹੋਰ ਹੈਲਥ ਸੈਂਟਰ ਖੋਲਣ ਨੂੰ ਤਿਆਰ ਹਨ ਤਾਂ ਕਿ ਪਿੰਡਾਂ ਦੇ ਲੋਕਾਂ ਨੂੰ ਕੋਈ ਤਕਲੀਫ਼ ਨਾ ਹੋਵੇ।

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਸਿਹਤ ਦਾ ਵਿਭਾਗ ਬਹੁਤ ਵੱਡਾ ਹੈ। ਇਸ ਵੇਲੇ 230 ਹਸਪਤਾਲ, 472 ਪ੍ਰਾਇਮਰੀ ਹੈਲਥ ਸੈਂਟਰ, 1342 ਸਬਸਿਡਰੀ ਹੈਲਥ ਸੈਂਟਰਜ਼, 2852 ਸਬ-ਸੈਂਟਰਜ਼ ਅਤੇ 116 ਕਮਿਊਨਿਟੀ ਸੈਂਟਰ ਚਲ ਰਹੇ ਹਨ। ਇਕ ਸੈਂਟਰ 5 ਹਜ਼ਾਰ ਦੀ ਆਬਾਦੀ ਨੂੰ ਕਵਰ ਕਰਦਾ ਹੈ। ਜੋ ਮੈਂ ਦਸਿਆ ਹੈ, ਇਸ ਸਭ ਨੂੰ ਚਲਾਉਣ ਵਾਸਤੇ ਬਹੁਤ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ। ਡਾਕਟਰਜ਼ ਚਾਹੀਦੇ ਹਨ, ਦਵਾਈਆਂ ਚਾਹੀਦੀਆਂ ਹਨ, ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ। ਸਰਕਾਰ ਦੀ ਪਾਲਿਸੀ ਹੈ ਜੋ ਮੌਜੂਦਾ ਚਲ ਰਹੇ ਹਨ ਇਨ੍ਹਾਂ ਨੂੰ ਅਸਰਦਾਰ ਢੰਗ ਨਾਲ ਚਲਾਇਆ ਜਾਵੇ ਬਜਾਏ ਇਸ ਦੇ ਕਿ ਨਵੇਂ ਸੱਬ-ਸੈਂਟਰਜ਼ ਖੋਲ੍ਹੇ ਜਾਣ। ਬਾਕੀ ਅਗਲੇ ਸਾਲ ਵੇਖਾਂਗੇ ਅਗਰ ਕੋਈ ਜ਼ਰੂਰਤ ਮਹਿਸੂਸ ਹੋਈ।

**Mr Speaker** : Questions are over.

---

## QUESTION OF PRIVILEGE

**Mr Speaker**: I received a notice of a Privilege Motion from Comrade Tarsem Jodhan, Sh. Sat Pal Gosain, Sh. Nirmal Singh Nimma, Shri Vijay Kumar Sathi Advocate, Prof. Laxmi Kanta Chawla, Com Hardev Singh Arshi and Comrade Ajaib Singh Raunta, M. L. As on 17th March 1993 and I had informed the House that this notice was under my consideration and would give my ruling later.

In the notice, the aforesaid 7 members have alleged that during the course of proceeding of the House on. 15th March, 1993, Sardar Inderjit Singh Zira, M. L. A. was assaulted by some Members of the ruling Party and Ministers and as such breach of privilege of the House had been committed.

I have gone through the proceedings of the sitting of the House held on 15th March, 1994. No incident of any assault on any Member had taken place during the course of the proceeding of the House. As a matter of fact the House had to be adjourned twice because of the disorderly behaviour of sardar Inderjit Singh Zira himself. Thus, no breach of privilege or contempt of the House is involved as alleged in the notice of the motion.

I, therefore, do not give my consent to the question of privilege being raised.

**ਸ੍ਰੀ ਸਤਨਾਮ ਸਿੰਘ ਕੈਂਥ** : ** ** **

**Mr. Speaker** : This is no Point of Order.

**Shri Vijay Kumar Sathi Advocate** : On a Point of Order, Sir.

**Mr. Speaker** : Sathi Ji, what is your Point of Order?

**Shri Vijay Kamar Sathi Advocate** : ** ** **

**Mr. Speaker** : My ruling cannot be discussed. No, you are not going on record.

**Shri Vijay Kumar Sathi Advocate** : ** ** **

---

** Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker :** Nothing to form part of the record.
(Interruption, Noise)

(ਇਸ ਸਮੇਂ ਸਦਨ ਵਿਚ ਹਾਜ਼ਰ ਬਹੁਜਨ ਸਮਾਜ ਪਾਰਟੀ ਦੇ ਸਾਰੇ ਮੈਂਬਰ ਸਾਹਿਬਾਨ ਖੜੇ ਸਨ)

**Mr. Speaker :** There are some Resolutions also. I would advise you to please sit down and participate in the discussion.

**ਸ੍ਰੀ ਸਤਨਾਮ ਸਿੰਘ ਕੈਂਥ :** ਸਪੀਕਰ ਸਾਹਿਬ, ਪਹਿਲਾਂ ਇਸ ਮਾਮਲੇ ਉੱਤੇ ਗੱਲਬਾਤ ਹੋਣੀ ਚਾਹੀਦੀ ਹੈ ..... (ਵਿਘਨ) (ਸ਼ੋਰ)

**ਸ੍ਰੀ ਸ਼ਿੰਗਾਰਾ ਰਾਮ ਸਹੁੰਗੜਾ :** ਸਪੀਕਰ ਸਾਹਿਬ, ਪਹਿਲਾਂ ਇਹ ਮਸਲਾ ਡਿਸਕਸ ਕਰੋ।

**Mr. Speaker :** I have not allowed you. Please sit down.

## PAPERS LAID ON THE TABLE OF THE HOUSE

**Minister for Paliamentary Affairs (Sardar Umrao Singh) :** Sir, I beg to lay on the Table the 27th Annual Report of the Punjab Poultry Development Corporation Ltd., for the year 1990-91, as required under section 619-A, of the Companies Act, 1956.

**Mr. Speaker :** Next item is Presentation of Report. Chairman, Committee on Public Undertakings to present the Report.

**ਸ੍ਰੀ ਸਤਨਾਮ ਸਿੰਘ ਕੈਂਥ :** ** ** **

**Mr. Speaker :** Kainth Ji, with due deference to you, I have not allowed your Point of Order. You please present your Report.

**ਸ੍ਰੀ ਸਤਨਾਮ ਸਿੰਘ ਕੈਂਥ :** ਸਪੀਕਰ ਸਾਹਿਬ, ਸਾਡੀ ਪਹਿਲਾਂ ਗੱਲ ਸੁਣੋ।

**Mr. Speaker :** You discuss things with me in my Chamber. Please sit down. Kainth Ji, you please present the Report so that we may be able to resume normal business, Please present the Report. (Interruption, Noise) If you do not want to present it, I come to the next item then.

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ** ** **

**Mr. Speaker :** You come to my Chamber please and discuss thing there. I have not allowed your Point of Order. Infact it is no Point of Order. I come to the Resolution.

## DHARNA

(ਇਸ ਸਮੇਂ ਸਦਨ ਵਿਚ ਹਾਜ਼ਰ ਬਹੁਜਨ ਸਮਾਜ ਪਾਰਟੀ ਦੇ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੋਂ ਉਠ ਕੇ ਸਦਨ ਦੇ ਵੱਲ ਵਿਚ ਧਰਨੇ ਤੇ ਬੈਠ ਗਏ ਅਤੇ ਉਹ ** * ਨਾਹਰੇ ਲਗਾ ਰਹੇ ਸਨ)

**ਸ੍ਰੀ ਸਪੀਕਰ :** ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ। Doctor (Mrs.) Malti Thapar to move Resolution. (Interruption) Please read out your Resolution.

**Expunged as ordered by the Chair.

Original with;
Punjab Vidhan Sabha
Digitized by;
Punjab Digital Library

## RESOLUTION RE. BRINGING MORE AGRICULTURAL LAND UNDER IRRIGATION SYSTEM IN THE STATE

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** (ਮੋਗਾ) : ਸਪੀਕਰ ਸਾਹਿਬ, ਮੈਂ ਤੁਹਾਡੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਰੈਜ਼ੋਲਿਊਸ਼ਨ ਨੂੰ ਮੂਵ ਕਰਨ ਲਈ ਸਮਾਂ ਦਿੱਤਾ ਹੈ। ਇਸ ਲਈ ਮੈਂ ਪ੍ਰਸਤਾਵ ਕਰਦੀ ਹਾਂ—

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਰਾਜ ਵਿਚ ਵਧੇਰੇ ਕਾਸ਼ਤਯੋਗ ਜ਼ਮੀਨ ਨੂੰ ਸਿੰਜਾਈ ਪ੍ਰਣਾਲੀ ਹੇਠ ਲਿਆਉਣ ਲਈ ਹੋਰ ਕਾਰਵਾਈ ਕਰੇ।"

(ਇਸ ਸਮੇਂ ਸਦਨ ਵਿਚ ਬਹੁਤ ਸ਼ੋਰ ਪੈ ਰਿਹਾ ਸੀ)

ਸਪੀਕਰ ਸਾਹਿਬ...........

**Mr. Speaker**: Please carry on.

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** : ਸਪੀਕਰ ਸਾਹਿਬ, ਮੈਂ ਤੁਹਾਡੀ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਮੌਕਾ ਦਿੱਤਾ ਹੈ ਕਿ ਮੈਂ ਇਹ ਆਪਣਾ ਅਹਿਮ ਮਤਾ ਜੋ ਹੈ, ਉਹ ਇਸ ਸਦਨ ਵਿਚ ਪੇਸ਼ ਕਰਾਂ।

(ਇਸ ਵੇਲੇ ਬੀ.ਐਸ.ਪੀ. ਦੇ ਮੈਂਬਰ ਸਾਹਿਬਾਨ ਸਦਨ ਦੇ ਵੈਲ ਵਿਚ ਧਰਨੇ ਤੇ ਬੈਠੇ ** ** ** ਨਾਹਰੇ ਲਗਾ ਰਹੇ ਸਨ। ਸ਼੍ਰੋਮਣੀ ਅਕਾਲੀ ਦਲ (ਕ) ਅਤੇ ਜਨਤਾ ਦਲ ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋਕੇ ਬਗੈਰ ਪਰਮਿਸ਼ਨ ਦੇ ਬੋਲ ਰਹੇ ਸਨ ਅਤੇ ਸਦਨ ਵਿਚ ਸ਼ੋਰ ਪੈਣ ਕਾਰਣ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**Mr. Speaker :** Slogans should not form part of the record. (Interruption, Noise)

## SHORT ADJOURNMENT OF THE HOUSE

**Mr. Speaker :** If you are not interested in Non-Official business, it is something else. (Interruption, Noise) I adjourn the House for full one hour.

*3.06 P.M.

(*The Sabha then adjourned** till 4.06 *P.M. the same day*)

(The House re-assembled at 4.06 P.M.)

(Mr. Deputy Speaker occupied the Chair.)

## DHARNA

(At this stage, Comrade Tarsem Jodhan (C.P.I.-M), Sardar Ranjit Singh Chhajalwadi, (S.A.D. K), Shri Vijay Kumar Sathi Advocate (J.D.) also joined the Dharna and were rasing ** ** ** slogans (Interruption, Noise)

**Mr. Deputy Speaker :** I would request the Members to please take their seats. The slogans being raised are not to be recorded.

## RESOLUTION RE. BRINGING MORE AGRICULTURAL LAND UNDER IRRIGATION SYSTEM IN THE STATE (*Resumption*)

**Mr. Deputy Speaker :** Doctor (Mrs.) Malti Thapar, please resume your discussion.

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ, ਮੈਨੂੰ ਅੱਜ ਨਾਨ-ਆਫੀਸ਼ਲ ਰੇਜ਼ੋਲਿਊਸ਼ਨ ਨੂੰ ਇਸ ਸਦਨ ਵਿਚ ਪੇਸ਼ ਕਰਨ ਦਾ ਮੌਕਾ ਦਿੱਤਾ ਹੈ ਅਤੇ ਮੈਂ ਸਿਫਾਰਸ਼ ਕਰਦੀ ਹਾਂ ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰੇ ਕਿ ਉਹ ਰਾਜ ਵਿਚ ਵਧੇਰੇ ਕਾਸ਼ਤਯੋਗ ਜ਼ਮੀਨ ਨੂੰ ਸਿੰਚਾਈ ਪ੍ਰਣਾਲੀ ਹੇਠ ਲਿਆਉਣ ਲਈ ਹੋਰ ਕਾਰਵਾਈ ਕਰੇ । ਇਹ ਇਹੋ ਜਿਹਾ ਮਸਲਾ ਹੈ, ਜਿਸ ਨਾਲ ਪੰਜਾਬ ਦੇ ਲੋਕਾਂ ਅਤੇ ਹਿੰਦੁਸਤਾਨ ਦੇ ਲੋਕਾਂ ਦਾ ਫਾਇਦਾ ਹੋਵੇਗਾ (ਸ਼ੋਰ)

ਡਿਪਟੀ ਸਪੀਕਰ ਸਾਹਿਬ, ਜ਼ਮੀਨ ਨੂੰ ਉਪਜਾਊ ਕਰਨ ਲਈ ਪਾਣੀ ਦੀ ਬਹੁਤ ਲੋੜ ਹੈ ਅਤੇ ਬਹੁਤ ਚੰਗੇ ਢੰਗ ਨਾਲ ਸਾਧਨ ਯੂਜ਼ ਕਰਨ ਦੀ ਲੋੜ ਹੈ। ਪਾਣੀ ਦਾ ਸਾਡੀ ਜ਼ਿੰਦਗੀ ਵਿਚ ਬੜਾ ਵੱਡਾ ਰੋਲ ਰਿਹਾ ਹੈ। ਪਸ਼ੂ-ਪੰਛੀ ਆਪਣੀ ਪਿਆਸ ਬੁਝਾਉਣ ਲਈ ਪਾਣੀ ਦੀ ਤਲਾਸ਼ ਕਰ ਲੈਂਦੇ ਹਨ ਪਰ ਫਸਲਾਂ ਦੇ ਲਈ ਪਾਣੀ ਦੀ ਜ਼ਰੂਰਤ ਬਹੁਤ ਜ਼ਿਆਦਾ ਹੈ। ਇਸ ਲਈ ਪਾਣੀ ਦਾ ਰੋਲ ਇਨਸਾਨ ਦੀ ਜ਼ਿੰਦਗੀ ਵਿਚ ਅਹਿਮ ਰਿਹਾ ਹੈ ਅਤੇ ਇਸ ਦਾ ਫਸਲਾਂ ਦੀ ਜ਼ਿੰਦਗੀ ਲਈ ਵੀ ਇਕ ਅਹਿਮ ਰੋਲ ਹੈ। ਇਸ ਲਈ ਡਿਪਟੀ ਸਪੀਕਰ ਸਾਹਿਬ,...............

(ਇਸ ਸਮੇਂ ਧਰਨੇ ਤੇ ਬੈਠੇ ਮੈਂਬਰ ਸਾਹਿਬਾਨ ** ** ਨਾਹਰੇ ਲਗਾ ਰਹੇ ਸਨ )।

**Mr. Deputy Speaker** : The slogans being raised are not to be recorded.

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** : ਡਿਪਟੀ ਸਪੀਕਰ ਸਾਹਿਬ, ਪਹਿਲੇ ਫਸਲਾਂ ਨੂੰ ਪਾਣੀ ਬਹੁਤ ਘੱਟ ਮਿਲਦਾ ਸੀ ਅਤੇ ਕਿਸਾਨਾਂ ਨੂੰ ਆਪਣੀ ਫਸਲ ਲਈ ਮੀਂਹ ਉਤੇ ਨਿਰਭਰ ਰਹਿਣਾ ਪੈਂਦਾ ਸੀ। ਉਨ੍ਹਾਂ ਦੀਆਂ ਅੱਖਾਂ ਕਈ ਵਾਰ ਮੀਂਹ ਦੀ ਉਡੀਕ ਵਿਚ ਥੱਕ ਜਾਂਦੀਆਂ ਸਨ । ਪਿਛਲੇ ਸਮੇਂ ਐਸੀ ਹੀ ਕਹਾਣੀ ਸੀ। ਫੇਰ ਇਨਸਾਨ ਨੇ ਆਪਣੀ ਅਕਲ ਅਤੇ ਸਮਝਦਾਰੀ ਦੇ ਨਾਲ ਨਹਿਰੀ ਪਾਣੀ ਦਾ ਇਸਤੇਮਾਲ ਕੀਤਾ । ਨਹਿਰੀ ਪਾਣੀ ਨੂੰ ਜੋ ਨੀਵੇਂ ਪਾਸੇ ਹੁੰਦਾ ਸੀ, ਉਸ ਪਾਣੀ ਨੂੰ ਉਪਰ ਲਿਆਉਣ ਲਈ ਯਤਨ ਕੀਤੇ ਅਤੇ ਨਹਿਰੀ ਪਾਣੀ ਨੂੰ ਖਿਚ ਕੇ ਆਪਣੇ ਖੇਤਾਂ ਵਿਚ ਲੈ ਆਂਦਾ ਪਰ ਫੇਰ ਵੀ ਪਾਣੀ ਦੀ ਘਾਟ ਮਹਿਸੂਸ ਹੁੰਦੀ ਰਹੀ ਕਿਉਂਕਿ ਇਰੀਗੇਸ਼ਨ ਦੇ ਸਾਧਨ ਇਤਨੇ ਨਹੀਂ ਸਨ।

(ਇਸ ਸਮੇਂ ਧਰਨੇ ਤੇ ਬੈਠੇ ਮੈਂਬਰ ਸਹਿਬਾਨ ** ** ਨਾਹਰੇ ਲਗਾ ਰਹੇ ਸਨ।) (*Interuption*, Noises)

**Mr. Deputy Speaker** : No slogan should form part of the proceedings. Doctor Thaper to please continue.

(ਇਸ ਸਮੇਂ ਧਰਨੇ ਤੇ ਬੈਠੇ ਮੈਂਬਰ ਸਾਹਿਬਾਨ ** ** ਨਾਹਰੇ ਲਗਾ ਰਹੇ ਸਨ।)
(ਵਿਘਨ) (ਸ਼ੋਰ)

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ :** ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਸਿੰਜਾਈ ਦੇ ਨਵੇਂ ਸਾਧਨ ਜੁਟਾਏ ਜਾਣ। ਸਾਡੇ ਪੰਜਾਬ ਵਿਚ ਫਸਲ ਦੀ ਪੈਦਾਵਾਰ ਵਿਚ ਕਾਫੀ ਵਾਧਾ ਹੋਇਆ ਹੈ। ਪੰਜਾਬ ਨੇ ਦੇਸ਼ ਦੇ ਅੰਨ ਭੰਡਾਰ ਵਿਚ ਕਾਫੀ ਹਿਸਾ ਪਾਇਆ ਹੈ। ਇਸ ਨਾਲ ਡਿਪਟੀ ਸਪੀਕਰ ਸਾਹਿਬ, ਸਾਡੇ ਦੇਸ਼ ਨੂੰ ਅਨਾਜ ਦੇ ਲਈ ਕਿਸੇ ਹੋਰ ਮੁਲਕ ਦੇ ਅੱਗੇ ਮੁਥਾਜ ਨਹੀਂ ਹੋਣਾ ਪੈ ਰਿਹਾ। ਪਹਿਲਾਂ ਅਸੀਂ ਦੂਸਰੇ ਮੁਲਕਾਂ ਕੋਲੋਂ ਅਨਾਜ ਮੰਗਦੇ ਹੁੰਦੇ ਸੀ। ਉਨ੍ਹਾਂ ਮੁਲਕਾਂ ਕੋਲੋ ਪੰਜਾਬ ਦੇ ਕਿਸਾਨਾਂ ਨੇ ਛੁਟਕਾਰਾ ਦਿਵਾਇਆ ਹੈ। ਅੱਜ ਹਿੰਦੁਸਤਾਨ ਇੱਕ ਅੰਨ ਦਾ ਭੰਡਾਰ ਹੈ। ਜਿਸ ਕਰਕੇ ਹਿੰਦੁਸਾਨ ਦੀ ਇਜ਼ੱਤ ਸਾਰੇ ਮੁਲਕਾਂ ਵਿਚ ਹੋ ਗਈ ਹੈ। ਮੇਰਾ ਕਹਿਣ ਦਾ ਮਤਲਬ ਹੈ ਕਿ ਸਾਨੂੰ ਆਪਣੀ ਰੋਟੀ ਦੇ ਲਈ ਹੁਣ ਕਿਸੇ ਹੋਰ ਅਗੇ ਹੱਥ ਨਹੀਂ ਅੱਡਣਾ ਪੈਂਦਾ। ਡਿਪਟੀ ਸਪੀਕਰ ਸਾਹਿਬ, ਇਸ ਦਾ ਸੇਹਰਾ ਸਾਡੇ ਪੰਜਾਬ ਦੇ ਕਿਸਾਨਾਂ ਤੇ ਹੈ ਅਤੇ ਸਾਡੇ ਪੰਜਾਬ ਦੀ ਉਪਜਾਊ ਧਰਤੀ ਤੇ ਹੈ। (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਖੇਤੀਬਾੜੀ ਦਾ ਇੱਕ ਮੁੱਖ ਧੰਦਾ ਹੈ। ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਪਾਣੀ ਤਾਂ ਹੈ, ਪਰ ਪਾਣੀ ਕਾਫੀ ਮਾਤਰਾ ਵਿਚ ਨਹੀਂ ਹੈ। ਪੰਜਾਬ ਵਿਚ ਕਿਸਾਨਾਂ ਨੂੰ ਪਾਣੀ ਦੀ ਥੁੜ੍ਹ ਰਹਿੰਦੀ ਹੈ। (ਵਿਘਨ) (ਸ਼ੋਰ)

## SHORT ADJOURNMENT OF THE HOUSE

**ਸ੍ਰੀ ਡਿਪਟੀ ਸਪੀਕਰ:** ਕਿਉਂਕਿ ਮੈਂਬਰਜ਼ ਹਾਊਸ ਦੀ ਕਾਰਵਾਈ ਵਿਚ ਵਿਘਨ ਪਾ ਰਹੇ ਹਨ, ਇਸ ਕਰਕੇ I adjourn the House for two hours.

*4.12. P.M. | (The Sabha then adjourned* till 6.12. P.M. the same day)

*(The House reassembled at 6.12.P.M.)*

*(Mr. Speaker occupied the Chair.)*

## OBSERVATION BY THE SPEAKER RE. RESCINDING THE SUSPENSION OF SARDAR INDERJIT SINGH ZIRA, M.L.A.

**ਸ੍ਰੀ ਸਪੀਕਰ :** ਪੇਸ਼ਤਰ ਇਸਦੇ ਕਿ ਜਿਹੜਾ ਰੈਜ਼ੋਲਿਊਸ਼ਨ ਪੇਸ਼ ਹੋਇਆ ਹੈ, ਉਸਨੂੰ ਟੇਕ-ਅਪ ਕਰੀਏ, ਮੈਂ ਇਹ ਦੱਸਣਾ ਚਾਹਵਾਂਗਾ ਕਿ ਮੇਰੇ ਚੈਂਬਰ ਵਿੱਚ ਸਾਰੇ ਲੀਡਰ ਸਹਿਬਾਨ ਆਪੋਜ਼ੀਸ਼ਨ ਦੇ ਮੌਜੂਦ ਸਨ ਤੇ ਬੜੇ ਅੱਛੇ ਮਾਹੌਲ ਵਿੱਚ ਸਾਰੀ ਗੱਲਬਾਤ ਹੋਈ ਹੈ। ਸਰਦਾਰ ਇੰਦਰਜੀਤ ਸਿੰਘ ਜ਼ੀਰਾ ਵੀ ਆਏ ਔਰ ਇਨ੍ਹਾਂ ਗੱਲਾਂ-ਬਾਤਾਂ ਵਿਚੋਂ ਐਮੀਕੇਬਲੀ ਹੱਲ ਇਹੋ ਨਿਕਲਿਆ ਕਿ ਇਸ ਸਾਰੀ ਚੀਜ਼ ਦਾ ਪੰਜਾਬ ਅਸੈਂਬਲੀ ਦੀਆਂ ਪੁਰਾਣੀਆਂ ਪਰੰਪਰਾਵਾਂ ਨੂੰ ਸਾਹਮਣੇ ਰਖਦਿਆਂ ਹੋਇਆਂ ਹੈਪੀ ਐਂਡਿੰਗ ਹੋਵੇ। ਸੋ ਰਿਗਰੈਟਸ ਉਨ੍ਹਾਂ ਨੇ ਜ਼ਾਹਿਰ ਕੀਤਾ ਔਰ ਉਹਦੇ ਮੁਤਾਬਿਕ ਅਸੀਂ ਸਾਰੇ ਹੀ ਸੈਟੀਸਫਾਈਡ ਸੀ। ਮੇਰਾ ਵੀ ਓਪਨ-ਮਾਈਂਡ ਹੈ । ਮੈਂ ਅੱਜ ਤੱਕ, ਚਾਹੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਹੋਣ ਜਾਂ ਟਰੈਜ਼ਰੀ ਦੇ ਮੈਂਬਰ ਸਾਹਿਬਾਨ ਹੋਣ, ਹਮੇਸ਼ਾ ਯਤਨ ਕੀਤਾ ਹੈ ਕਿ ਮੈਂ ਤਕਰੀਬਨ ਇਕੋ ਤਕੜੀ ਨਾਲ ਤੋਲ ਸਕਾਂ। ਇਹ ਸਾਰੀਆਂ ਚੀਜ਼ਾਂ ਨੂੰ ਸਾਹਮਣੇ ਰਖਦਿਆਂ ਹੋਇਆਂ ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਿਹੜੀ ਮੋਸ਼ਨ ਆਈ ਹੋਈ ਹੈ, ਉਸਨੂੰ ਅਗਰ ਰਿਸਿੰਡ ਕੀਤਾ ਜਾਵੇ, ਹਾਊਸ ਦੀ ਪਰਮਿਸ਼ਨ ਨਾਲ That will soothen the whole matter.

Original with;
Punjab Vidhan Sabha
Digitized by;
Panjab Digital Library

## MOTION RE. RESCINDING THE SUSPENSION OF SARDAR INDERJIT SINGH ZIRA, M.L.A.

**ਸੰਸਦੀ ਮਾਮਲਿਆਂ ਦੇ ਮੰਤਰੀ (ਸਰਦਾਰ ਉਮਾਰਓ ਸਿੰਘ) :** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਹੀ ਧੰਨਵਾਦੀ ਹਾਂ ਕਿ ਤੁਸੀਂ ਆਪਣੇ ਚੈਂਬਰ ਵਿੱਚ ਸਾਰੇ ਗਰੁੱਪਸ ਦੇ ਲੀਡਰ ਸਾਹਿਬਾਨ ਨੂੰ, ਸਾਡੇ ਬਹੁਜਨ ਸਮਾਜ ਪਾਰਟੀ ਦੇ ਲੀਡਰ ਸਾਹਿਬ ਜੋ ਅੱਜ ਹੀ ਆਏ ਹਨ ਕੈਂਥ ਜੀ, ਮਿੱਤਲ ਜੀ, ਅਰਸ਼ੀ ਜੀ, ਸਾਥੀ ਜੀ, ਜੋਧਾਂ ਜੀ ਸਾਰਿਆਂ ਨੇ ਉੱਥੇ ਬੈਠ ਕੇ ਠੰਡੇ ਦਿਲ ਨਾਲ ਉਸਤੇ ਵਿਚਾਰ ਕੀਤਾ ਔਰ ਜੋ 16 ਤਾਰੀਖ ਨੂੰ ਹੋਇਆ ਹੈ, ਉਸ ਬਾਰੇ ਸਾਰੇ ਮਹਿਸੂਸ ਕਰ ਰਹੇ ਸੀ ਕਿ ਇਹ ਸਾਰੀ ਗੱਲ ਚਾਹੇ ਉਹ ਹਾਊਸ ਤੋਂ ਬਾਹਰ ਹੋਈ ਹੈ ਅਤੇ ਚਾਹੇ ਹਾਊਸ ਦੇ ਵਿੱਚ ਹੋਈ ਹੈ, ਚੰਗੇ ਢੰਗ ਨਾਲ ਨਹੀਂ ਹੋਈ ਔਰ ਉਸ ਤੋਂ ਬਾਅਦ ਸਪੀਕਰ ਸਾਹਿਬ, ਜਿਸ ਖੁਸ਼ਅਸਲੂਬੀ ਦੇ ਨਾਲ, ਜਿਸ ਪਿਆਰ ਦੇ ਨਾਲ ਤੁਸੀਂ ਇਹ ਸਾਰਾ ਫਰਜ਼ ਨਿਭਾਇਆ ਹੈ, ਉਸ ਦੇ ਲਈ ਮੈਂ ਤੁਹਾਡਾ ਵੀ ਅਤੇ ਖਾਸ ਤੌਰ ਤੇ ਆਪੋਜ਼ੀਸ਼ਨ ਦਾ ਵੀ, ਧੰਨਵਾਦ ਕਰਦਾ ਹਾਂ। ਮੈਂ ਆਪਣੇ ਸਾਥੀਆਂ ਵੱਲੋਂ ਅਤੇ ਮੁੱਖ ਮੰਤਰੀ ਜੀ ਵੱਲੋਂ ਅਸ਼ੋਰੈਂਸ ਦਿੰਦਾ ਹਾਂ ਅਤੇ ਦੂਜਿਆਂ ਤੋਂ ਵੀ ਆਸ ਕਰਦਾ ਹਾਂ ਕਿ ਜਿੰਨਾ ਵੀ ਸੈਸ਼ਨ ਬਾਕੀ ਰਹਿੰਦਾ ਹੈ, ਉਸ ਨੂੰ ਅਸੀਂ ਬਹੁਤ ਚੰਗੀ ਤਰ੍ਹਾਂ ਚਲਾਈਏ ਤਾਂਕਿ ਸਾਡੇ ਤੇ ਜੋ ਜ਼ਿੰਮੇਵਾਰੀਆਂ ਹਨ, ਉਨ੍ਹਾਂ ਨੂੰ ਅਸੀ ਚੰਗੀ ਤਰ੍ਹਾਂ ਨਿਭਾ ਸਕੀਏ। ਇਨ੍ਹਾਂ ਸ਼ਬਦਾਂ ਨਾਲ :

Sir, I beg to move—

> That this House rescinds its earlier decision taken on the 16th March, 1993, suspending Sardar Inderjit Singh Zira, ML.A., from the service of the House for the remainder of the Session, in view of the regrets expressed by him.

**Mr. Speaker : Motion moved**—

> That this House rescinds its earlier decision taken on the 16th March, 1993, suspending Sardar Inderjit Singh Zira, M.L.A. from the service of the House for the remainder of the Session, in view of the regrets expressed by him.

**Mr. Speaker :** Question is—

> That this House rescinds its earlier decision taken on the 16th March, 1993, suspending Sardar Inderjit Singh Zira, M.L.A. from the service of the House for the remainder of the Session, in view of the regrets expressed by him.

*The Motion was carried unanimously.*
(Thumping)

**Mr. Speaker :** I will now request Mr. Kainth to present his report.

---

## PRESENTATION OF REPORT OF THE COMMITTEE ON PUBLIC UNDERTAKINGS

**ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸ੍ਰੀ ਸਤਨਾਮ ਸਿੰਘ ਕੈਂਥ) :** ਮੈਂ ਪੰਜਾਬ ਜ਼ਮੀਨ ਵਿਕਾਸ ਅਤੇ ਸੁਧਾਰ ਕਾਰਪੋਰੇਸ਼ਨ ਸਬੰਧੀ ਸਾਲ 1978-79 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਵਪਾਰਕ) ਵਿਚ ਆਉਂਦੇ ਆਡਿਟ ਪੈਰਿਆਂ ਤੇ ਸਾਲ 1992-93 ਲਈ ਸਰਕਾਰੀ ਕਾਰੋਬਾਰ ਕਮੇਟੀ ਦੀ 41ਵੀਂ ਰਿਪੋਰਟ ਪੇਸ਼ ਕਰਦਾ ਹਾਂ।

---

Original with;
Punjab Vidhan Sabha
Digitized by;
Panjab Digital Library

## RESOLUTION RE: BRINGING MORE AGRICULTURAL LAND UNDER IRRIGATION SYSTEM IN THE STATE
(*Resumption*)

**ਸ੍ਰੀ ਸਪੀਕਰ :** ਹੁਣ ਮੈਂ ਸ੍ਰੀਮਤੀ ਮਾਲਤੀ ਥਾਪਰ ਨੂੰ ਰਿਕੁਐਸਟ ਕਰਦਾ ਹਾਂ ਕਿ ਉਹ ਆਪਣੇ ਰੇਜ਼ੋਲਿਊਸ਼ਨ ਤੇ ਆਪਣੀ ਤਕਰੀਰ ਨੂੰ ਜਾਰੀ ਰੱਖਣ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਮੌਕਾ ਦਿੱਤਾ ਹੈ ਕਿ ਜਿਹੜਾ ਮਤਾ ਮੈਂ ਇਸ ਸਦਨ ਦੇ ਵਿਚ ਸ਼ਾਮ ਨੂੰ ਰੱਖਿਆ ਸੀ, ਉਸ ਨੂੰ ਕੰਟੀਨਿਉ ਕਰਾਂ। ਮੇਰਾ ਮਤਾ ਇਹ ਸੀ ਕਿ :

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਰਾਜ ਵਿਚ ਵਧੇਰੇ ਕਾਸ਼ਤਯੋਗ ਜ਼ਮੀਨ ਨੂੰ ਸਿੰਜਾਈ ਪ੍ਰਣਾਲੀ ਹੇਠ ਲਿਆਉਣ ਲਈ ਹੋਰ ਕਾਰਵਾਈ ਕਰੇ।"

ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸਿਆ ਸੀ ਕਿ ਇਹ ਜਿਹੜਾ ਮਤਾ ਅੱਜ ਮੈਂ ਤੁਹਾਡੀ ਇਜਾਜ਼ਤ ਦੇ ਨਾਲ ਇਸ ਸਦਨ ਵਿਚ ਪੇਸ਼ ਕਰ ਰਹੀ ਹਾਂ, ਇਹ ਇਕ ਬਹੁਤ ਹੀ ਅਹਿਮ ਮਤਾ ਹੈ। ਇਸ ਦੇ ਨਾਲ ਇਕੱਲੇ ਪੰਜਾਬ ਦੇ ਲੋਕਾਂ ਨੂੰ ਹੀ ਨਹੀਂ ਬਲਕਿ ਹਿੰਦੁਸਤਾਨ ਦੇ ਲੋਕਾਂ ਨੂੰ ਵੀ ਇਸ ਮਤੇ ਦੇ ਪਾਸ ਹੋਣ ਨਾਲ ਵਧੇਰੇ ਫਾਇਦਾ ਪਹੁੰਚੇਗਾ। ਮੈਂ ਬਿਆਨ ਕਰ ਰਹੀ ਸੀ ਕਿ ਸਾਡੇ ਪੰਜਾਬ ਦੇ ਵਿਚ, ਹਿੰਦੁਸਤਾਨ ਦੇ ਵਿਚ, ਸਿੰਜਾਈ ਦੀਆਂ ਸਹੂਲਤਾਂ ਦੀ ਥੁੜ ਹੈ ਪਰ ਇਸ ਨੂੰ ਕਾਫੀ ਹੱਦ ਤਕ ਅਸੀਂ ਪੂਰਾ ਕਰ ਸਕਦੇ ਹਾਂ। ਇਥੇ ਨਦੀਆਂ, ਦਰਿਆਵਾਂ ਤੋਂ ਹਰ ਸਾਲ ਹੀ ਘਟ ਪਾਣੀ ਸਿੰਜਾਈ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਨ੍ਹਾਂ ਦਰਿਆਵਾਂ ਵਿਚ ਪਾਣੀ ਦੀ ਘਾਟ ਨਹੀਂ ਹੈ। ਹਰ ਸਾਲ ਜਿੰਨਾ ਪਾਣੀ ਸਾਡੇ ਦਰਿਆਵਾਂ ਵਿਚ ਆਉਂਦਾ ਹੈ, ਜੇ ਅਸੀਂ ਉਸ ਸਾਰੇ ਨੂੰ ਸਾਰੇ ਭਾਰਤ ਦੀ ਜ਼ਮੀਨ ਤੇ ਬਰਾਬਰ ਚਲਾ ਦੇਈਏ ਤਾਂ ਸਾਰੇ ਹਿੰਦੁਸਤਾਨ ਦੀ ਜ਼ਮੀਨ ਤੇ 20" ਪਾਣੀ ਫਿਰ ਜਾਏਗਾ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ ਕਿ ਅਸੀਂ ਇਨ੍ਹਾਂ ਦਰਿਆਵਾਂ ਦੇ ਪਾਣੀਆਂ ਨੂੰ ਖੇਤਾਂ ਤੱਕ ਪਹੁੰਚਾ ਕੇ ਇਸ ਦਾ ਚੰਗੀ ਤਰ੍ਹਾਂ ਇਸਤੇਮਾਲ ਕਰ ਸਕਦੇ ਹਾਂ। ਜੇ ਅਸੀਂ ਇਹੋ ਜਿਹੀਆਂ ਸਕੀਮਾਂ ਬਣਾ ਸਕੀਏ ਜਿਸ ਨਾਲ ਅਸੀਂ ਇਹ ਪਾਣੀ ਸਿੰਜਾਈ ਲਈ ਇਸਤੇਮਾਲ ਕਰ ਸਕੀਏ ਤਾਂ ਸਾਡੀ ਜਿਹੜੀ ਮੁਸ਼ਕਲ ਹੈ, ਉਹ ਕਾਫੀ ਹੱਦ ਤਕ ਦੂਰ ਹੋ ਸਕਦੀ ਹੈ। ਪਰ, ਭਾਰਤ ਵਿਚ ਪਾਣੀ ਦੀ ਮਾਤਰਾ ਬਹੁਤ ਜ਼ਿਆਦਾ ਹੈ ਪਰ ਇਸ ਦੀ ਵੰਡ ਠੀਕ ਨਹੀਂ ਹੈ। ਸਿੰਜਾਈ ਦੇ ਲਈ ਪਾਣੀ ਦੇ ਭੰਡਾਰਾਂ ਵਿਚ ਵਾਧਾ ਕਰਨਾ, ਅਤੇ ਸਾਡੇ ਲਈ ਜੋ ਵੀ ਇਹ ਕੰਮ ਕਰੇਗਾ ਇਹ ਇਕ ਬਹੁਤ ਹੀ ਮਹਾਨ ਕੰਮ ਹੋਵੇਗਾ। ਸਿੰਜਾਈ ਅਸੀਂ ਕਈ ਤਰੀਕਿਆਂ ਨਾਲ ਕਰ ਸਕਦੇ ਹਾਂ ਅਤੇ ਇਸਦੇ ਨਾਲ ਹੀ ਜਿਹੜਾ ਪਾਣੀ ਦਾ ਨੁਕਸਾਨ ਹੁੰਦਾ ਹੈ, ਉਸ ਨੂੰ ਅਸੀਂ ਘੱਟ ਕਰ ਸਕਦੇ ਹਾਂ। ਦੂਸਰਾ, ਅਸੀਂ ਪਾਣੀ ਦੀ ਠੀਕ ਮਾਤਰਾ ਦੇ ਵਿਚ ਵਰਤੋਂ ਕਰ ਸਕੀਏ। ਤੀਸਰਾ, ਸਰ, ਜਿਹੜੇ ਪੰਜਾਬ ਦੇ ਵਿੱਚ ਸਿੰਜਾਈ ਦੇ ਸਾਧਨ ਹਨ, ਉਹ ਇਕ ਖੁੱਲ੍ਹੀ ਸਿੰਚਾਈ ਹੁੰਦੀ ਹੈ ਜਿਸ ਦੇ ਨਾਲ ਘਟ ਸਿੰਚਾਈ ਹੁੰਦੀ ਹੈ, ਜਿਸ ਦੇ ਕਾਰਣ ਸਾਡਾ ਕਾਫੀ ਪਾਣੀ ਜੋ ਹੈ ਉਹ ਵੇਸਟ ਚਲਾ ਜਾਂਦਾ ਹੈ। ਅਸੀਂ ਪਾਣੀ ਦੀ ਮਾਤਰਾ ਨੂੰ ਹੋਰ ਵੀ ਜ਼ਿਆਦਾ ਸਿੰਚਾਈ ਦੇ ਵਿਚ ਯੂਜ਼ ਕਰ ਸਕਦੇ ਹਾਂ, ਜੇ ਅਸੀਂ ਜਲ ਨਿਕਾਸ ਪ੍ਰਣਾਲੀ ਦੇ ਵਿਚ ਵੀ ਖਿਆਲ ਰੱਖ ਸਕੀਏ।

ਸਪੀਕਰ ਸਾਹਿਬ, ਪਿਛਲੇ 20 ਸਾਲਾਂ ਤੋਂ ਸਾਡੇ ਪੰਜਾਬ ਵਿਚ ਸਿੰਚਾਈ ਦੇ ਸਾਧਨਾਂ ਵਿੱਚ ਬਹੁਤ ਹੀ ਜ਼ਿਆਦਾ ਵਾਧਾ ਹੋਇਆ ਹੈ। ਸਾਡੇ ਪੰਜਾਬ ਵਿੱਚ ਕੁਦਰਤੀ ਵਸੀਲਿਆਂ ਤੋਂ ਪਾਣੀ ਬਹੁਤ ਜ਼ਿਆਦਾ ਮਾਤਰਾ ਦੇ ਵਿੱਚ ਮਿਲਦਾ ਹੈ। ਸਪੀਕਰ ਸਾਹਿਬ, ਸਾਡਾ ਪੰਜਾਬ ਇਕ ਉਹ ਸੂਬਾ ਹੈ, ਇਕ ਉਹ ਪ੍ਰਦੇਸ਼

Original with;
Punjab Vidhan Sabha
Digitized by;
Panjab Digital Library

[ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ]

ਹੈ, ਜਿਸ ਦੇ ਵਿੱਚ ਤਕਰੀਬਨ 81 ਪ੍ਰਤੀਸ਼ਤ ਤੋਂ ਲੈ ਕੇ 84 ਪ੍ਰਤੀਸ਼ਤ ਤੱਕ ਏਰੀਆ ਅੰਡਰ ਕਲਟੀਵੇਸ਼ਨ ਹੈ ਔਰ ਸਾਡਾ ਕਿਰਸਾਨ ਅਤੇ ਮਜ਼ਦੂਰ ਖੇਤਾਂ ਦੇ ਵਿੱਚ ਮਿੱਟੀ 'ਚ ਮਿੱਟੀ ਹੋ ਕੇ ਦੇਸ਼ ਦੇ ਲਈ ਅਨਾਜ ਪੈਦਾ ਕਰਦਾ ਹੈ। ਮੈਂ ਪੰਜਾਬ ਦੇ ਲੋਕਾਂ ਦੀ ਗੱਲ ਨਾ ਕਰਦੀ ਹੋਈ ਸਾਰੇ ਦੇਸ਼ ਦੀ ਗੱਲ ਕਰਦੀ ਹਾਂ। ਪਿਛਲੇ ਦਿਨਾਂ ਵਿੱਚ ਵੀ ਮੈਂ ਗਵਰਨਰ ਸਾਹਿਬ ਦੇ ਐਡਰੈਸ ਤੇ ਸਪੀਚ ਵਿਚ ਦੱਸਿਆ ਸੀ ਕਿ ਸਾਡੇ ਪੰਜਾਬ ਦੇ ਵਿੱਚ ਬਹੁਤ ਹਿੱਸੇ ਅਜਿਹੇ ਹਨ ਜਿਥੇ ਜ਼ਮੀਨ ਹੇਠਲੇ ਪਾਣੀ ਦੀ ਸਤਹ 20 ਸਾਲ ਪਹਿਲਾਂ 10-12 ਫੁੱਟ ਤੇ ਸੀ, ਅੱਜ ਉਹ 60-70 ਫੁੱਟ ਤੇ ਜਾ ਪਹੁੰਚੀ ਹੈ। ਇਹ ਸਿੰਚਾਈ ਦੇ ਲਈ ਬਹੁਤ ਹੀ ਫਿਕਰ ਵਾਲੀ ਗੱਲ ਹੈ। ਸਰ, ਇਕ ਗੈਰ-ਸਰਕਾਰੀ ਅਨੁਮਾਨ ਅਨੁਸਾਰ ਜਿਹੜੀ ਪਾਣੀ ਦੀ ਸਤਾਹ ਹੈ ਉਹ ਹਰ ਸਾਲ 2 ਫੁੱਟ ਤੋਂ ਲੈ ਕੇ ਚਾਰ ਫੁੱਟ ਤੱਕ ਹੇਠਾਂ ਨੂੰ ਚਲੀ ਜਾਂਦੀ ਹੈ, ਜਿਸ ਦੇ ਨਾਲ ਸਾਡੇ ਕਿਸਾਨ ਨੂੰ ਬਹੁਤ ਜ਼ਿਆਦਾ ਚਿੰਤਾ ਹੋ ਰਹੀ ਹੈ। ਸਰ, ਸਾਡੇ ਪੰਜਾਬ ਦੇ ਵਿੱਚ ਜਿਹੜੀ ਪੰਜਾਬ ਦੀ ਲੈਂਡ ਅੰਡਰ ਕਲਟੀਵੇਸ਼ਨ ਹੈ, ਉਹ ਲੱਗਭੱਗ 50 ਲੱਖ 36 ਹਜ਼ਾਰ ਹੈਕਟੇਅਰ ਹੈ, ਔਰ ਇਹ ਸਾਡੀ ਪੰਜਾਬ ਦੀ ਟੋਟਲ ਜ਼ਮੀਨ ਜੋ ਹੈ ਉਸਦਾ 83 ਪ੍ਰਤੀਸ਼ਤ ਤੋਂ ਵੱਧ ਹੈ, ਜਿਸ ਤੇ ਕਿ ਕਲਟੀਵੇਸ਼ਨ ਹੁੰਦੀ ਹੈ। ਇਸ ਦੇ ਵਿਚ ਸਰ, ਜਿਹੜੀ ਸਿੰਚਾਈ ਹੈ ਕਨਾਲ ਦੁਆਰਾ, ਉਹ 15 ਲੱਖ 10 ਹਜ਼ਾਰ ਹੈਕਟੇਅਰ ਰਕਬੇ ਤੇ ਹੋ ਰਹੀ ਹੈ। ਸਾਡੇ ਪੰਜਾਬ ਦੇ ਵਿੱਚ ਲਗਭੱਗ 9 ਲੱਖ ਤੋਂ ਵੱਧ ਟਿਊਬਵੈਲਜ਼ ਹਨ ਜਿਨ੍ਹਾਂ ਵਿਚੋਂ ਦੋ ਲੱਖ ਦੇ ਕਰੀਬ ਡੀਜ਼ਲ ਨਾਲ ਚਲਦੇ ਹਨ ਔਰ 7 ਲੱਖ ਦੇ ਕਰੀਬ ਟਿਊਬਵੈਲ ਜੋ ਹਨ ਉਹ ਇਲੈਕਟਰੀਸਿਟੀ ਨਾਲ ਚਲਦੇ ਹਨ। ਟਿਊਬਵੈਲਾਂ ਦੇ ਨਾਲ 24 ਲੱਖ 33 ਹਜ਼ਾਰ ਹੈਕਟੇਅਰ ਜ਼ਮੀਨ ਦੀ ਸਿੰਚਾਈ ਹੁੰਦੀ ਹੈ। ਸਰ ਅਜੇ ਵੀ ਮੈਂ ਇਹ ਦੱਸਣਾ ਚਾਹੁੰਦੀ ਹਾਂ ਕਿ ਬਹੁਤ ਸਾਰੀ ਜਮੀਨ ਦਾ ਰਕਬਾ ਅਜਿਹਾ ਹੈ ਜਿੱਥੇ ਕਿ ਸਾਨੂੰ ਸਿੰਚਾਈ ਦੇ ਪੂਰੇ ਸਾਧਨ ਨਹੀਂ ਮਿਲਦੇ। ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਜਿਹੜੀ ਟਿਊਬਵੈਲਾਂ ਰਾਹੀਂ ਖੇਤੀ ਹੁੰਦੀ ਹੈ ਇਹ ਸਾਡੇ ਜਿਹੜੇ ਨੈਚੂਰਲ ਰੀਸੋਰਸਿਜ਼ ਹਨ, ਉਨ੍ਹਾਂ ਦੀ ਐਕਸਪਾਲਾਇਟੇਸ਼ਨ ਹੈ। ਜੇ ਅਸੀਂ ਅੱਜ ਦੇ ਸਾਇੰਟਿਫਿਕ ਯੁੱਗ ਵਿਚ ਰਹਿੰਦੇ ਹੋਏ ਇਸ ਗੱਲ ਵੱਲ ਧਿਆਨ ਨਾ ਦੇਈਏ ਤਾਂ ਜਿਹੜੀਆਂ ਸਾਡੀਆਂ ਆਉਣ ਵਾਲੀਆਂ ਨਸਲਾਂ ਹਨ ਸਾਡੀਆਂ ਆਉਣ ਵਾਲੀਆਂ ਜੈਨਰੇਸ਼ਨਜ਼ ਹਨ, ਸਾਡੇ ਜਿਹੜੇ ਵਾਰਸ ਹਨ, ਉਹ ਸਾਨੂੰ ਇਸ ਗੱਲ ਲਈ ਮੁਆਫ਼ ਨਹੀਂ ਕਰਨਗੇ।

ਸਪੀਕਰ ਸਾਹਿਬ, ਮੈਂ ਗੱਲ ਕਰ ਰਹੀ ਸੀ ਕਿ ਸਾਡੇ ਪੰਜਾਬ ਦੇ ਵਿੱਚ ਪਾਣੀ ਦਾ ਜੋ ਲੈਵਲ ਹੈ ਉਹ ਅੱਜ ਬੜੀ ਤੇਜ਼ੀ ਨਾਲ ਨੀਚੇ ਜਾ ਰਿਹਾ ਹੈ ਜੋ ਕਿ ਸਾਡੇ ਲਈ ਇਕ ਬਹੁਤ ਹੀ ਫਿਕਰ ਵਾਲੀ ਗੱਲ ਹੈ। ਸਰ, ਅੱਜ ਸਰਕਾਰ ਦੀ ਇਹ ਡਿਊਟੀ ਬਣਦੀ ਹੈ ਕਿ ਉਹ ਇਸ ਪਾਸੇ ਬਹੁਤ ਹੀ ਸੰਜੀਦਾ ਢੰਗ ਨਾਲ ਸੋਚੇ, ਸੀਰੀਅਸਲੀ ਸੋਚੇ ਕਿ ਆਉਣ ਵਾਲੇ ਸਮੇਂ ਦੇ ਵਿੱਚ ਸਾਡੇ ਦੇਸ਼ ਦੇ ਅੰਨ-ਦਾਤਾ, ਸਾਡੇ (ਇਸ ਵੇਲੇ ਮਾਨਯੋਗ ਮੈਂਬਰ ਸਰਦਾਰ ਇੰਦਰਜੀਤ ਸਿੰਘ ਜ਼ੀਰਾ, ਬੀ. ਐਸ. ਪੀ., ਸੀ. ਪੀ. ਆਈ, ਸੀ.ਪੀ.ਆਈ (ਐਮ.), ਜਨਤਾ ਦਲ ਅਤੇ ਸਰਦਾਰ ਨਿਰਮਲ ਸਿੰਘ ਮਹੰਤ, ਕਾਂਗਰਸ (ਆਈ) ਦੇ ਨਾਲ ਸਦਨ ਵਿੱਚ ਆਏ) ।

ਕਿਸਾਨ ਨੂੰ ਕੋਈ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਸਰਕਾਰ ਉਨ੍ਹਾਂ ਵਾਸਤੇ ਕੋਈ ਹੱਲ ਕਢੇ। ਸਪੀਕਰ ਸਾਹਿਬ, ਸਾਡੇ ਪੰਜਾਬ ਦਾ ਜਿਹੜਾ ਇਰੀਗੇਸ਼ਨ ਸਿਸਟਮ ਹੈ, ਇਸ ਦੀ ਓਵਰ-ਹਾਲਿੰਗ ਦੀ ਜ਼ਰੂਰਤ ਹੈ। ਅੱਜ ਸਾਡੇ ਪੰਜਾਬ ਨੂੰ ਸੱਭ ਤੋਂ ਜ਼ਿਆਦਾ ਜ਼ਰੂਰਤ ਹੈ ਨੈਚੂਰਲ ਰੀਸੋਰਸਿਜ਼ ਦੀ ਜਿਹੜੇ ਕਿ ਸਾਡੇ ਸਿੰਚਾਈ ਦੇ ਸਾਧਨਾਂ ਨੂੰ ਬਚਾ ਸਕਣ। ਸਪੀਕਰ ਸਾਹਿਬ, ਜਿਹੜੇ ਸਾਡੇ ਨੈਚੂਰਲ ਰੀਸੋਰਸਿਜ਼ ਹਨ,

Original with;
Punjab Vidhan Sabha
Digitized by;
Panjab Digital Library

ਇਰੀਗੇਸ਼ਨ ਦੇ, ਇਹ ਤਾਂ ਹੀ ਬਚ ਸਕਦੇ ਹਨ ਜੇਕਰ ਨਹਿਰਾਂ ਦਾ ਪਾਣੀ ਸਾਨੂੰ ਮਿਲ ਸਕੇ ਔਰ ਅਸੀਂ ਉਸ ਪਾਣੀ ਨੂੰ ਸਲੀਕੇ ਦੇ ਨਾਲ ਵਰਤ ਸਕੀਏ ਅਤੇ ਜ਼ਿਆਦਾ ਤੋਂ ਜ਼ਿਆਦਾ ਅਨਾਜ ਪੈਦਾ ਕਰ ਸਕੀਏ।

ਸਰ, ਅੱਜ ਮੈਂ ਤੁਹਾਡੇ ਰਾਹੀਂ ਭਾਰਤ ਸਰਕਾਰ ਦੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਇਹ ਅਪੀਲ ਕਰਦੀ ਹਾਂ ਕਿ ਪੰਜਾਬ ਦਾ ਜਿਹੜਾ ਪਾਣੀ ਦਾ ਮਸਲਾ ਹੈ, ਇਹ ਇਕ ਬਹੁਤ ਹੀ ਅਹਿਮ ਮਸਲਾ ਹੈ। ਜਦੋਂ ਦੀ ਪੰਜਾਬ ਦੀ ਵੰਡ ਹੋਈ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜਦੋਂ ਸਾਡੀ ਪੰਜਾਬ ਸਟੇਟ ਰੀ-ਆਰਗੇਨਾਈਜ਼ ਹੋਈ ਸੀ ਤਾਂ ਉਸ ਵੇਲੇ ਕਹਿਣ ਦਾ ਮਤਲਬ ਹੈ ਕਿ ਕਿਸੇ ਗਲਤੀ ਕਰਕੇ ਜਾਂ ਕਿਸੇ ਸਾਜਿਸ਼ ਕਰਕੇ ਯਮੁਨਾ ਦੇ ਪਾਣੀ ਉਤੇ ਜਿਹੜਾ ਪੰਜਾਬ ਦਾ 60 ਪ੍ਰਤੀਸ਼ਤ ਹਿੱਸਾ ਬਣਦਾ ਸੀ, ਉਸ ਤੋਂ ਸਾਡੇ ਪੰਜਾਬ ਨੂੰ ਵਾਂਝੇ ਰੱਖਿਆ ਗਿਆ ਔਰ ਪੰਜਾਬ ਨੂੰ ਉਸ ਪਾਣੀ ਦਾ ਹਿੱਸਾ ਜੋ ਕਿ ਕਾਨੂੰਨੀ ਅਤੇ ਕੁਦਰਤੀ ਹੱਕ ਬਣਦਾ ਸੀ, ਉਹ ਸਾਡੇ ਪੰਜਾਬ ਨੂੰ ਨਹੀਂ ਦਿੱਤਾ ਗਿਆ। ਸਪੀਕਰ ਸਾਹਿਬ, ਇਸ ਗਲਤੀ ਨੂੰ ਸੁਧਾਰਨ ਲਈ ਮੈਂ ਆਪਣੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗੀ ਕਿ ਉਹ ਆਪਣੀ ਪੁਲੀਟੀਕਲ ਵਿੱਲ ਨੂੰ ਦਿਖਾਉਂਦੇ ਹੋਏ, ਜਿਸ ਤਰ੍ਹਾਂ ਕਿ ਪੰਜਾਬ ਦੇ ਮੁੱਖ ਮੰਤਰੀ ਅਤੇ ਇਰੀਗੇਸ਼ਨ ਮਨਿਸਟਰ ਹੋਰਾਂ ਨੇ ਵੀ ਉਨ੍ਹਾਂ ਨੂੰ ਇਹ ਅਪੀਲ ਕੀਤੀ ਹੈ ਕਿ ਜੋ ਪੰਜਾਬ ਦਾ ਯਮੁਨਾ ਦੇ ਪਾਣੀ ਅਤੇ ਹੋਰ ਦੂਸਰਾ ਹੱਕ ਬਣਦਾ ਹੈ, ਉਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਸਰ, ਕੁਝ ਦਿਨਾਂ ਦੀ ਗੱਲ ਹੈ ਤੁਸੀਂ ਵੀ ਸਾਰਿਆਂ ਨੇ ਪੇਪਰਾਂ ਵਿੱਚ ਪੜ੍ਹਿਆ ਹੋਵੇਗਾ ਕਿ ਸ੍ਰੀ ਸ਼ੇਰ ਸਿੰਘ, ਜਿਹੜੇ ਕਿ ਯੂਨਾਈਟਡ ਪੰਜਾਬ ਵਿੱਚ ਇਰੀਗੇਸ਼ਨ ਦੇ ਮਨਿਸਟਰ ਸਨ ਉਨ੍ਹਾਂ ਨੇ ਵੀ ਇਹ ਗੱਲ ਕਬੂਲ ਕੀਤੀ ਸੀ ਕਿ ਯਮੁਨਾ ਦੇ ਪਾਣੀ ਉਤੇ ਪੰਜਾਬ ਦਾ ਪੂਰਾ ਹਿੱਸਾ ਹੈ। ਸਰ, ਪੰਜਾਬ ਦੇ ਲੋਕਾਂ ਨੇ, ਜਿਵੇਂ ਕਿ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਅਤੇ ਅਸੀਂ ਵੀ ਮਹਿਸੂਸ ਕਰਦੇ ਹਾਂ ਕਿ ਪੂਰੇ 10 ਸਾਲ ਤੋਂ ਵੀ ਜ਼ਿਆਦਾ ਸੰਤਾਪ ਭੋਗਿਆ ਹੈ ਔਰ ਉਸ ਤੋਂ ਬਾਅਦ ਹੁਣ ਪੰਜਾਬ ਦੇ ਲੋਕਾਂ ਨੂੰ ਕੁਝ ਥੋੜ੍ਹੀ ਜਿਹੀ ਰਾਹਤ ਮਿਲੀ ਹੈ ਔਰ ਪੰਜਾਬ ਵਿੱਚ 10 ਸਾਲਾਂ ਦੀ ਕਤਲੋ-ਗਾਰਤ ਤੋਂ ਬਾਅਦ ਸਾਨੂੰ ਇਕ ਸੁਖਾਵਾਂ ਮਾਹੌਲ ਮਿਲਿਆ ਹੈ। ਇਸ ਲਈ, ਸਰ, ਮੈਂ ਕਹਿਣਾ ਚਾਹੁੰਦੀ ਹਾਂ ਕਿ ਅੱਜ ਜ਼ਰੂਰਤ ਹੈ, ਸਾਨੂੰ ਸਾਰਿਆਂ ਨੂੰ ਮਿਲ ਕੇ ਆਪਣੇ ਕਿਸਾਨ ਦੇ ਫਿਊਚਰ ਬਾਰੇ ਸੋਚਣਾ ਚਾਹੀਦਾ ਹੈ। ਅੱਜ ਸਾਨੂੰ ਜ਼ਰੂਰਤ ਹੈ ਖੁਸ਼ਹਾਲੀ ਨੂੰ ਕਾਇਮ ਰੱਖਣ ਦੀ। ਸਰ, ਇਹ ਖੁਸ਼ਹਾਲੀ ਅਸੀ ਤਾਂ ਹੀ ਕਾਇਮ ਕਰ ਸਕਦੇ ਹਾਂ ਜੇਕਰ ਸਾਡੇ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਵੇਗਾ ਔਰ ਪੰਜਾਬ ਦਾ ਕਿਸਾਨ ਤਾਂ ਹੀ ਖੁਸ਼ਹਾਲ ਹੋਵੇਗਾ ਜਦੋਂ ਉਸਦੀ ਆਪਣੀ ਉਪਜ ਅੱਛੀ ਹੋਵੇਗੀ ਔਰ ਉਸ ਦੇ ਨਾਲ ਸਾਡੇ ਪੰਜਾਬ ਦੇ ਲੋਕਾਂ ਨੂੰ ਖੁਸ਼ਹਾਲੀ ਮਿਲੇਗੀ।

**ਸ੍ਰੀ ਸਪੀਕਰ** : ਡਾਕਟਰ ਸਾਹਿਬਾ, ਪਲੀਜ਼ ਵਾਈਂਡ ਅੱਪ ਕਰੋ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** : ਸਰ, ਮੈਂ ਇਹ ਬੜਾ ਅਹਿਮ ਮਤਾ ਸਦਨ ਵਿੱਚ ਪੇਸ਼ ਕੀਤਾ ਹੈ ਔਰ ਮੈਂ ਸਟੇਟ ਗੌਰਮਿੰਟ ਨੂੰ ਅਪੀਲ ਕਰਾਂਗੀ ਪੰਜਾਬ ਸਟੇਟ ਦੇ ਮਹਾਨ ਸਪੂਤ ਸਾਡੇ ਮੁੱਖ ਮੰਤਰੀ ਜੀ ਨੂੰ ਜਿਹੜੇ ਖੁਦ ਵੀ ਇਕ ਕਿਸਾਨ ਹਨ, ਅੱਜ ਪੰਜਾਬ ਦੇ ਕਿਸਾਨਾਂ ਵਾਸਤੇ ਐਸੇ ਸਿੰਚਾਈ ਦੇ ਸਾਧਨਾਂ ਰਾਹੀਂ ਪਾਣੀ ਦੇ ਸੋਮਿਆਂ ਦਾ ਵਿਕਾਸ ਕਰੀਏ ਜਿਨ੍ਹਾਂ ਨਾਲ ਅਸੀਂ ਵੱਧ ਤੋਂ ਵੱਧ ਜ਼ਮੀਨ ਨੂੰ ਸਿੰਚਾਈ ਥੱਲੇ ਲਿਆ ਕੇ ਜ਼ਿਆਦਾ ਤੋਂ ਜ਼ਿਆਦਾ ਅਨਾਜ ਪੈਦਾ ਕਰ ਸਕੀਏ। ਅੱਜ ਜ਼ਰੂਰਤ ਹੈ ਐਸੇ ਇਰੀਗੇਸ਼ਨ ਸਿਸਟਮ ਦੀ ਜਿਸ ਦੇ ਨਾਲ ਅਸੀਂ, ਜਿਵੇਂ ਨਹਿਰਾਂ ਦੇ ਪਾਣੀ ਰਾਹੀਂ 30 ਤੋਂ 32 ਪ੍ਰਤੀਸ਼ਤ ਏਰੀਆ ਸਿੰਚਾਈ ਹੁੰਦਾ ਹੈ, ਅਗਰ ਇਸ ਨੂੰ ਅੱਛੀ ਤਰ੍ਹਾਂ ਚੈਨੇਲਾਈਜ਼ ਕਰੀਏ ਤਾਂ ਨਹਿਰੀ ਪਾਣੀ ਤੋਂ 70 ਤੋਂ ਲੈ ਕੇ 80 ਪ੍ਰਤੀਸ਼ਤ ਏਰੀਏ ਨੂੰ ਯੂਜ਼ ਕਰ ਸਕਦੇ ਹਾਂ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਪਲੀਜ਼ ਵਾਈਂਡ ਅੱਪ ਕਰੋ ਜੀ ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਪੁਆਇੰਟ ਆਫ ਆਰਡਰ, ਸਰ ।

**ਸ੍ਰੀ ਸਪੀਕਰ :** ਕਰੀਮਪੁਰੀ ਜੀ, ਕੋਈ ਪੁਆਇੰਟ ਆਫ ਆਰਡਰ ਨਹੀਂ । ਤੁਸੀਂ ਇੰਟਰੱਪਟ ਨਾ ਕਰੋ ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਰ, ਮੈਂ ਤਾਂ ਇਹੀ ਕਹਿਣਾ ਹੈ ਕਿ ਤੁਸੀਂ ਇਨ੍ਹਾਂ ਨੂੰ ਖੁੱਲ੍ਹਾ ਟਾਈਮ ਦੇ ਦਿਓ ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਸਰ, ਅੱਜ ਲੋੜ ਹੈ ਕਿ ਖਾਲਿਆਂ ਨੂੰ ਪੱਕਿਆਂ ਕਰਕੇ ਜਿਹੜੀ ਸੀਪੇਜ ਦੁਆਰਾ ਪਾਣੀ ਦੀ ਵੇਸਟੇਜ ਹੁੰਦੀ ਹੈ, ਉਸ ਨੂੰ ਰੋਕ ਸਕੀਏ। ਸਪੀਕਰ ਸਾਹਿਬ, ਅੱਜ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਮੇਰੇ ਕਿਸਾਨ ਭਰਾ ਇਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਨਹਿਰੀ ਪਾਣੀ ਮਿਲੇ ਜਿਸ ਦੇ ਨਾਲ ਉਹ ਜ਼ਿਆਦਾ ਤੋਂ ਜ਼ਿਆਦਾ ਅਨਾਜ ਪੈਦਾ ਕਰ ਸਕਣ ਔਰ ਆਪਣੀ ਜ਼ਮੀਨ ਨੂੰ ਉਪਜਾਊ ਬਣਾ ਸਕਣ। ਸਪੀਕਰ ਸਾਹਿਬ, ਅੱਜ ਅਸੀਂ ਪੰਜਾਬ ਦੇ ਇਰੀਗੇਸ਼ਨ ਸਿਸਟਮ ਨੂੰ ਪਲਾਨਡ ਕਰੀਏ ਜਿਸ ਨਾਲ ਜਿਹੜਾ ਬਾਰਸ਼ਾਂ ਦਾ ਵਾਧੂ ਪਾਣੀ ਹੈ ਉਸ ਨੂੰ ਚੰਗੇ ਢੰਗ ਨਾਲ ਇਕੱਠਾ ਕਰ ਸਕੀਏ ਅਤੇ ਉਸਦੀ ਵਰਤੋਂ ਕਰੀਏ ਤਾਂ ਬਹੁਤ ਸਾਰੀ ਜ਼ਮੀਨ ਨੂੰ ਅਸੀਂ ਉਪਜਾਊ ਬਣਾ ਸਕਦੇ ਹਾਂ। ਸਪੀਕਰ ਸਾਹਿਬ, ਸਾਡੇ ਜ਼ਿਲ੍ਹਿਆਂ ਵਿੱਚ ਮੇਨਲੀ ਸਿੰਚਾਈ ਟਿਊਬਵੈਲਜ਼ ਨਾਲ ਹੁੰਦੀ ਹੈ ਪਰ ਟਿਊਬਵੈਲਜ਼ ਨਾਲ ਵੀ ਮੁਸ਼ਕਲ ਆਵੇਗੀ ਕਿਉਂਕਿ ਪਾਣੀ ਦੀ ਤਹਿ ਜਿਹੜੀ ਹੈ, ਉਹ ਬਹੁਤ ਹੀ, ਥੱਲੇ ਜਾ ਰਹੀ ਹੈ। ਹੁਣ ਸਾਡੀ ਸਟੇਟ ਦੇ ਲੋਕਾਂ ਦਾ ਜਿਹੜਾ ਜ਼ਿਆਦਾ ਧਿਆਨ ਹੈ ਉਹ ਨੈਚੂਰਲ ਰੀਸੋਰਸਿਜ਼ ਵੱਲ ਜਾ ਰਿਹਾ ਹੈ। ਇਸ ਲਈ ਜਿਹੜਾ ਸਾਡਾ ਅੰਮ੍ਰਿਤਸਰ ਵਿਖੇ ਇੱਕ ਇਰੀਗੇਸ਼ਨ ਪਾਵਰ ਡੀਵੈਲਪਮੈਂਟ ਇੰਸਟੀਚਿਊਟ ਹੈ, ਜਿਹੜਾ ਕਿ ਬਹੁਤ ਹੀ ਅੱਛਾ ਕੰਮ ਕਰ ਰਿਹਾ ਹੈ, ਮੈਂ ਚਾਹੁੰਦੀ ਹਾਂ ਕਿ ਉਸ ਨੂੰ ਹੋਰ ਜ਼ਿਆਦਾ ਪਰੋਤਸਾਹਿਤ ਕਰੀਏ ਅਤੇ ਜੋ ਉਥੇ ਕਮੀਆਂ ਹਨ, ਇਕੁਇਪਮੈਂਟਸ ਦੀ ਕਮੀ ਹੈ, ਉਹ ਪਰੋਵਾਈਡ ਕਰੀਏ ।

**Mr. Speaker :** Please try to wind up.

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਸਪੀਕਰ ਸਾਹਿਬ, ਡੀਪ ਇਰੀਗੇਸ਼ਨ ਦੀਆਂ ਸਕੀਮਾਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਜ਼ਮੀਨ ਨੂੰ ਇਰੀਗੇਟ ਕੀਤਾ ਜਾ ਸਕੇ। ਅਖੀਰ ਵਿੱਚ ਮੈਂ ਬੇਨਤੀ ਕਰਦੀ ਹਾਂ ਕਿ ਇਹ ਇੱਕ ਅਹਿਮ ਮਤਾ ਹੈ ਅਤੇ ਇਸ ਨੂੰ ਮੈਂ ਡਿਸਕਸ਼ਨ ਲਈ ਹਾਊਸ ਵਿੱਚ ਪੇਸ਼ ਕਰਦੀ ਹਾਂ ਅਤੇ ਤੁਹਾਨੂੰ ਅਪੀਲ ਕਰਦੀ ਹਾਂ ਕਿ ਇਸ ਨੂੰ ਪਾਸ ਕਰਕੇ ਅਸੀਂ ਪੰਜਾਬ ਦੇ ਲੋਕਾਂ ਨੂੰ ਖੁਸ਼ਹਾਲ ਬਣਾਈਏ। ਅਖੀਰ ਵਿੱਚ ਮੈਂ ਵਧਾਈ ਦਿੰਦੀ ਹਾਂ ਮੁੱਖ ਮੰਤਰੀ ਸਾਹਿਬ ਨੂੰ ਜਿਨ੍ਹਾਂ ਨੇ ਅਨੰਦਪੁਰ ਦੇ ਮਤੇ ਨੂੰ ਕੈਂਸਲ ਕਰਵਾਕੇ ਆਪਣੀ ਪੁਲੀਟੀਕਲ ਵਿੱਚ ਦਾ ਪਰੀਚੈ ਦਿਤਾ ਹੈ। ਸਰ, ਮੈਂ ਆਪਣੀ ਕਾਂਸਟੀਚਿਊਐਂਸੀ ਦੀ ਗੱਲ ਨਹੀਂ ਕੀਤੀ, ਮੋਗੇ ਨੂੰ ਜ਼ਰੂਰ ਡਿਸਟ੍ਰਿਕਟ ਬਣਾਇਆ ਜਾਵੇ ।

**Mr. Speaker :** Please wind up.

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਸਪੀਕਰ ਸਾਹਿਬ, ਮੋਗਾ ਵਿਖੇ ਪੋਲੀਟੈਕਨਿਕ ਕਾਲਜ ਬਣਾਉਣ ਬਾਰੇ ਅਨਾਊਂਸਮੈਂਟ ਕੀਤੀ ਗਈ ਸੀ, ਉਸ ਬਾਰੇ ਵੀ ਬਜਟ ਵਿੱਚ ਕੁਝ ਨਹੀਂ ਲਿਖਿਆ ਗਿਆ । ਇਹ ਬੜਾ ਅਹਿਮ ਮਸਲਾ ਹੈ ਜਿਸ ਬਾਰੇ ਮੈਂ ਕਹਿਣਾ ਚਾਹੁੰਦੀ ਹਾਂ।

Original with;
Punjab Vidhan Sabha
Digitized by;
Punjab Digital Library

**Mr. Speaker** : Dr. Sahib, you will have to obey the Chair. Please sit down.

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ : ਸਰ, ਮੈਂ ਬੈਠਦੀ ਹਾਂ ਜੀ।

**Mr. Speker** : Motion moved—

This House recommends to the State Government to take further steps to bring more agricultural land under irrigation system in the State.

ਸਹੁੰਗੜਾ ਜੀ, ਟਾਈਮ ਦੀ ਥੋੜ੍ਹੀ ਜਿਹੀ ਬੰਦਸ਼ ਹੈ, ਪੰਜ-ਸੱਤ ਮਿੰਟ ਵਿੱਚ ਹੀ ਬੰਦ ਕਰੋ।

ਸ੍ਰੀ ਸ਼ਿੰਗਾਰਾ ਰਾਮ ਸਹੁੰਗੜਾ (ਗੜ੍ਹਸ਼ੰਕਰ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਇਸ ਮਹਾਨ ਸਦਨ ਦੇ ਅੰਦਰ ਬੋਲਣ ਦਾ ਸਮਾਂ ਦਿਤਾ ਮੈਂ। ਦਿਹਾਤੀ ਵਿਕਾਸ ਲਈ ਇਰੀਗੇਸ਼ਨ ਸਬੰਧੀ ਆਪਣੀ ਗੱਲਬਾਤ ਰੱਖਾਂਗਾ, ਕਿਉਂਕਿ ਜਿਹੜਾ ਬਜਟ ......

ਸ੍ਰੀ ਸਪੀਕਰ : ਕੈਂਥ ਜੀ, ਤੁਸੀਂ ਬੋਲੋ।

ਸ੍ਰੀ ਸਤਨਾਮ ਸਿੰਘ ਕੈਂਥ (ਬੰਗਾ, ਐਸ.ਸੀ.) : ਮਾਨਯੋਗ ਸਪੀਕਰ ਸਾਹਿਬ, ਮੈਂ ਡਾਕਟਰ ਮਾਲਤੀ ਥਾਪਰ ਦੁਆਰਾ ਪੇਸ਼ ਕੀਤੇ ਗਏ ਮਤੇ ਨਾਲ, ਕਿ ਰਾਜ ਵਿੱਚ ਵਧੇਰੇ ਕਾਸ਼ਤਯੋਗ ਜ਼ਮੀਨ ਨੂੰ ਸਿੰਚਾਈ ਪ੍ਰਣਾਲੀ ਹੇਠ ਲਿਆਉਣਾ ਚਾਹੀਦਾ ਹੈ, ਸਹਿਮਤ ਹਾਂ ਕਿਉਂਕਿ ਪੰਜਾਬ ਜਿਹੜਾ ਹੈ ਉਹ ਮੁੱਖ ਰੂਪ ਵਿੱਚ ਜੇ ਨਿਰਭਰ ਕਰਦਾ ਹੈ ਤਾਂ ਖੇਤੀ ਤੇ ਕਰਦਾ ਹੈ। ਖੇਤੀ ਪੰਜਾਬ ਦੀ ਇਨਕਮ ਦਾ ਮੇਜਰ ਸੋਰਸ ਹੈ ਅਤੇ ਪੰਜਾਬ ਵਿੱਚ ਬਹੁਤ ਸਾਰੇ ਐਸੇ ਇਲਾਕੇ ਹਨ, ਅਗਰ ਉਨ੍ਹਾਂ ਨੂੰ ਸਿੰਚਾਈ ਦੀਆਂ ਸਹੂਲਤਾਂ ਮਿਲ ਜਾਣ ਤਾਂ ਜਿਹੜਾ ਖੇਤੀ ਦੇ ਅੰਦਰ ਪੰਜਾਬ ਨੇ ਪਹਿਲਾਂ ਨਾਮਣਾ ਖੱਟਿਆ ਹੈ, ਉਹ ਹੋਰ ਵੀ ਉੱਚਾ ਹੋ ਸਕਦਾ ਹੈ ਕਿਉਂਕਿ ਪੰਜਾਬ ਅੰਦਰ ਅਸੀਂ ਦੇਖਦੇ ਹਾਂ ਕਿ ਦੂਜੀਆਂ ਸਟੇਟਾਂ ਦੇ ਕੰਪੈਰੇਟਿਵ ਪੰਜਾਬ ਵਿਚ ਨੈਚੂਰਲ ਰਿਸੋਰਸਿਜ਼ ਜਿਵੇਂ ਪਾਣੀ ਹੈ, ਉਹ ਬਹੁਤ ਘੱਟ ਹੈ। ਭਾਵੇਂ ਪੰਜਾਬ ਅੰਦਰ ਨੈਚੂਰਲ ਰਿਸੋਰਸਿਜ਼ ਅਤੇ ਪਾਣੀ ਦੀ ਕਮੀ ਨਹੀਂ, ਪਰ ਅੱਜ ਜ਼ਰੂਰਤ ਹੈ ਕਿ ਸਰਕਾਰ ਇਹੋ ਜਿਹੇ ਸਾਧਨਾਂ ਦਾ ਪ੍ਰਬੰਧ ਕਰੇ ਕਿ ਅਸੀਂ ਨੈਚੂਰਲ ਰਿਸੋਰਸਿਜ਼ ਦੀ ਵੱਧ ਤੋਂ ਵੱਧ ਵਰਤੋਂ ਕਰ ਸਕੀਏ। ਜਿਸ ਤਰ੍ਹਾਂ ਹੁਸ਼ਿਆਰਪਰ ਨੂੰ ਕੰਡੀ ਏਰੀਆ ਕਿਹਾ ਜਾਂਦਾ ਹੈ। ਜਿਥੇ ਲਗਭਗ ਸਾਢੇ ਪੰਜ ਲੱਖ ਲੋਕਾਂ ਦਾ ਬੈਲਟ ਹੈ, ਉਥੇ ਆਜ਼ਾਦੀ ਮਿਲਣ ਦੇ 45 ਸਾਲਾਂ ਬਾਅਦ ਵੀ ਖੇਤੀ ਦੇ ਖੇਤਰ ਵਿਚ ਅਤੇ ਪੀਣ ਵਾਲੇ ਪਾਣੀ ਦਾ ਲੋਕਾਂ ਲਈ ਪਰਾਪਰ ਪ੍ਰਬੰਧ ਨਹੀਂ ਹੋ ਰਿਹਾ। ਇਸ ਲਈ ਮੈਂ ਇਸ ਸਦਨ ਵਿਚ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਏਰੀਏ ਵਿਚ ਪਾਣੀ ਦਾ ਪ੍ਰਬੰਧ ਕੀਤਾ ਜਾਵੇ। ਜਿੱਥੇ ਲੋਕਾਂ ਨੂੰ ਖੇਤੀ ਵਾਸਤੇ ਪਾਣੀ ਮੁਹੱਈਆ ਕੀਤਾ ਜਾਵੇ, ਉਥੇ ਪੀਣ ਵਾਸਤੇ ਵੀ ਪਾਣੀ ਦਾ ਪ੍ਰਬੰਧ ਕੀਤਾ ਜਾਵੇ, ਜਿਸ ਨਾਲ ਲੋਕੀ ਇਹ ਮਹਿਸੂਸ ਨਾ ਕਰਨ ਕਿ ਉਨ੍ਹਾਂ ਨੂੰ ਪਾਣੀ ਦੀ ਕਮੀ ਹੈ। ਜਿਸ ਤਰ੍ਹਾਂ ਪੰਜਾਬ ਅੰਦਰ ਹਰਿਆਣਾ ਐਸ.ਵਾਈ.ਐਲ. ਨਹਿਰ ਦਾ ਕਲੇਮ ਕਰਦਾ ਹੈ, ਉਸੇ ਤਰ੍ਹਾਂ ਪੰਜਾਬ ਦਾ ਯਮੁਨਾ ਦੇ ਪਾਣੀ ਤੇ ਕਲੇਮ ਬਣਦਾ ਹੈ। ਮੈਂ ਪੰਜਾਬ ਸਰਕਾਰ ਨੂੰ ਕਹਿੰਦਾ ਹਾਂ ਕਿ ਇਸ ਕੇਸ ਨੂੰ ਪੁਰਜ਼ੋਰ ਢੰਗ ਨਾਲ ਸੈਂਟਰ ਅੱਗੇ ਰੱਖਣਾ ਚਾਹੀਦਾ ਹੈ ਕਿ ਯਮੁਨਾ ਦੇ ਪਾਣੀ ਉਤੇ ਵੀ ਪੰਜਾਬ ਦਾ ਹਿੱਸਾ ਹੈ, ਪੰਜਾਬ ਦਾ ਕਲੇਮ ਬਣਦਾ ਹੈ। ਲੇਕਿਨ ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬ ਸਰਕਾਰ ਇਸ ਕਲੇਮ ਨੂੰ ਪਰਾਪਰ ਢੰਗ ਨਾਲ ਸੈਂਟਰ ਅੱਗੇ ਪੇਸ਼ ਨਹੀਂ ਕਰ ਸਕੀ। ਇਸ ਸਬੰਧ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਤਨਾਮ ਸਿੰਘ ਕੈਂਥ]

ਵਿਚ ਸੈਂਟਰ ਵਿੱਚ ਜੋ ਮੀਟਿੰਗ ਬੁਲਾਈ ਗਈ ਸੀ, ਉਸ ਵਿਚ ਬਾਕੀ ਸਟੇਟਾਂ ਨੂੰ ਤਾਂ ਕਾਲ ਕੀਤਾ ਹੈ ਪਰ ਪੰਜਾਬ ਨੂੰ ਕਾਲ ਕਰਨ ਤੋਂ ਇਨਕਾਰ ਕੀਤਾ ਹੈ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪੰਜਾਬ ਦੇ ਨੈਚੂਰਲ ਰਿਸੋਰਸਿਜ਼ ਹਨ, ਉਹ ਨਹੀਂ ਵਧਾਏ ਜਾ ਸਕੇ ਕਿਉਂਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ, ਅਗਰ ਪੰਜਾਬ ਦੀ ਖੇਤੀ ਨੂੰ ਡਿਵੈਲਪ ਕਰਨਾ ਹੈ ਅਤੇ ਪਰੋਡਕਸ਼ਨ ਵਧਾਉਣੀ ਹੈ ਤਾਂ ਸਿੰਚਾਈ ਦਾ ਪਰਾਪਰ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਖੇਤਰ ਇਸ ਵਿਚ ਆਉਣੇ ਚਾਹੀਦੇ ਹਨ! ਮੈਂ ਆਪਣੇ ਵੱਲੋਂ ਅਤੇ ਆਪਣੇ ਪਾਰਟੀ ਵੱਲੋਂ ਇਸ ਨਾਲ ਸਹਿਮਤ ਹਾਂ ਕਿ ਵੱਧ ਤੋਂ ਵੱਧ ਏਰੀਏ ਇਸ ਥੱਲੇ ਆਉਣੇ ਚਾਹੀਦੇ ਹਨ ਤਾਂ ਕਿ ਪਾਣੀ ਮੁਹੱਈਆ ਹੋ ਸਕੇ ਜਿਸ ਨਾਲ ਲੋਕਾਂ ਦੀ ਇਨਕਮ ਵੱਧੇ ਅਤੇ ਐਗਰੋ ਬੇਸਡ ਇੰਡਸਟਰੀ ਲੱਗ ਸਕੇ। ਇਨ੍ਹਾਂ ਸ਼ਬਦਾਂ ਨਾਲ ਮੈਂ ਧੰਨਵਾਦ ਕਰਦਾ ਹਾਂ "ਜੈ ਭੀਮ, ਜੈ ਭਾਰਤ।"

**ਡਾਕਟਰ ਰਮੇਸ਼ ਦੱਤ (ਅਨੰਦਪੁਰ ਸਾਹਿਬ)** : ਮਾਨਯੋਗ ਸਪੀਕਰ ਸਾਹਿਬ, ਅੱਜ ਜੋ ਮਤਾ ਡਾਕਟਰ ਸਾਹਿਬ ਨੇ ਲਿਆਂਦਾ ਹੈ ਮੈਂ ਸਮਝਦਾ ਹਾਂ ਕਿ ਇਹ ਮਤਾ ਬਹੁਤ ਪਹਿਲਾਂ ਲਿਆਉਣਾ ਚਾਹੀਦਾ ਸੀ ਅਤੇ ਉਸ ਤੇ ਅਮਲ ਹੋਣਾ ਚਾਹੀਦਾ ਸੀ ਕਿਉਂਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਇਹ ਅਨਾਜ ਸਾਰੇ ਹਿੰਦੁਸਤਾਨ ਵਿਚ ਸੱਭ ਤੋਂ ਵੱਧ ਸਪਲਾਈ ਕਰਦਾ ਹੈ। ਅੱਜ ਦੇ ਯੁੱਗ ਵਿਚ ਖੇਤੀ ਵਿਚ ਫਸਲ ਲੈਣ ਵਾਸਤੇ, ਅਨਾਜ ਲੈਣ ਵਾਸਤੇ ਪਾਣੀ ਅਤੇ ਬਿਜਲੀ ਦਾ ਅਜਿਹਾ ਰਿਸ਼ਤਾ ਹੈ ਜਿਵੇਂ ਨਹੁੰ ਮੈਸ ਦਾ ਹੁੰਦਾ ਹੈ। ਅਗਰ ਪਾਣੀ ਨਹੀਂ ਤਾਂ ਖੇਤੀ ਨਹੀਂ ਹੋ ਸਕਦੀ ਅਤੇ ਜੇ ਬਿਜਲੀ ਨਹੀਂ ਤਾਂ ਵੀ ਖੇਤੀ ਨਹੀਂ ਹੋ ਸਕਦੀ ਮੈਂ ਸਮਝਦਾ ਹਾਂ ਕਿ ਵੱਧ ਤੋਂ ਵੱਧ ਜ਼ਮੀਨ ਪੰਜਾਬ ਅੰਦਰ ਇਰੀਗੇਸ਼ਨ ਅਧੀਨ ਲਿਆਉਣੀ ਚਾਹੀਦੀ ਹੈ ਅਤੇ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਸ ਦਾ ਸਮਰਥਨ ਕਰਦਾ ਹਾਂ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਕੰਡੀ ਏਰੀਆ ਹੈ, ਖਾਸ ਤੌਰ ਤੇ ਰੋਪੜ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ 90 ਪ੍ਰਤੀਸ਼ਤ ਏਰੀਆ ਇਰੀਗੇਸ਼ਨ ਥੱਲੇ ਹੈ ਪਰ ਅਨੰਦਪੁਰ ਸਾਹਿਬ ਤਹਿਸੀਲ ਵਿਚ ਨੰਗਲ ਡੈਮ ਦੇ ਉਪਰਲੇ ਪਾਸੇ ਇਰੀਗੇਸ਼ਨ ਸਿਸਟਮ ਬਹੁਤ ਘੱਟ ਹੈ। ਮੈਂ ਸਮਝਦਾ ਹਾਂ ਕਿ ਇਸ ਏਰੀਏ ਨੂੰ ਕਿਸੇ ਤਰੀਕੇ ਨਾਲ ਚਾਹੇ ਡੀਪ ਟਿਊਬਵੈਲ ਲਾਉਣ ਦੇ ਤਰੀਕੇ ਨਾਲ ਜਾਂ ਦਰਿਆ ਚੈਨੇਲਾਈਜ਼ ਕਰਕੇ ਖੇਤੀ ਯੋਗ ਸਿੰਚਾਈ ਸਾਧਨ ਮੁੱਹਈਆ ਕੀਤੇ ਜਾਣ। ਪਾਣੀ ਦਾ, ਮੈਂ ਸਮਝਦਾ ਹਾਂ ਕਿ ਜਿੰਨਾ ਇਸਤੇਮਾਲ ਸਾਡੇ ਪੰਜਾਬ ਦੇ ਅੰਦਰ ਹੁੰਦਾ ਹੈ ਖਾਸ ਤੌਰ ਤੇ ਸਾਡੇ ਜ਼ਿਲ੍ਹੇ ਵਿਚੋਂ ਇਹਦੇ ਲਈ 2 ਨਹਿਰਾਂ ਵੀ ਕੱਢੀਆਂ ਗਈਆਂ ਹਨ, ਸਾਰੇ ਪੰਜਾਬ ਨੂੰ ਪਾਣੀ ਦਿੱਤਾ ਗਿਆ ਹੈ ਉਸ ਇਲਾਕੇ ਦੀ ਜਿਥੇ ਸ਼ਿਵਾਲਿਕ ਰੇਂਜ਼ ਹੈ ਜਿਹੜਾ ਕਿ ਪਾਣੀ ਨੂੰ ਕੰਟਰੋਲ ਕਰਦੀ ਹੈ ਔਰ ਜ਼ਮੀਨ ਨੂੰ ਹੜ੍ਹਨ ਤੋਂ ਵੀ ਬਚਾਂਦੀ ਹੈ, ਉਹ ਮੈਂ ਸਮਝਦਾ ਹਾਂ ਕਿ ਚਾਹੇ ਉਹ ਹੁਸ਼ਿਆਰਪੁਰ ਦਾ ਪਰਲਾ ਹਿੱਸਾ ਹੈ ਸ਼ਿਵਾਲਿਕ ਦਾ, ਚਾਹੇ ਉਹ ਨੰਗਲ ਤੋਂ ਲੈ ਕੇ ਰੋਪੜ ਤਕ ਦਾ ਹਲਕਾ ਹੈ, ਜੇ ਇਸ ਦੇ ਵਿੱਚ, ਨੰਗਲ ਤੋਂ ਸਤਲੁਜ ਦਰਿਆ ਜਿਹੜਾ ਨਿਕਲਿਆ ਹੈ, ਨੰਗਲ ਡੈਮ ਤੋਂ ਲਗ ਕੇ ਅਪ ਟੂ ਰੋਪੜ ਔਰ ਓਨ-ਵਰਡ, ਇਸ ਨੂੰ ਚੈਨੇਲਾਈਜ਼ ਕਰ ਦਿੱਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਹਜ਼ਾਰਾਂ ਏਕੜ ਜ਼ਮੀਨ ਜੋ ਹੈ ਉਸ ਦੇ ਵਿੱਚ ਰੱਜ ਕੇ ਪੈਦਾਵਾਰ ਹੋ ਸਕਦੀ ਹੈ ਇਸ ਨਾਲ ਜਿਥੇ ਲੋਕਾਂ ਦੇ ਖਾਣ ਪੀਣ ਦਾ ਜਾਂ ਰਹਿਣ ਦਾ ਮਿਆਰ ਉਚਾ ਹੋਵੇਗਾ, ਉਥੇ ਪੰਜਾਬ ਦੇ ਵਿੱਚ ਖੇਤੀ ਦੀ ਪੈਦਾਵਾਰ ਵੀ ਹੋਰ ਵਧੇਗੀ। ਇਸੀ ਤਰੀਕੇ ਨਾਲ ਇਕ ਸੂਆਂ ਹਿਮਾਚਲ ਪ੍ਰਦੇਸ਼ ਵਿਚੋਂ ਆਉਂਦਾ ਹੈ, ਉਸ ਦਾ ਕਾਫ਼ੀ ਵੱਡਾ ਏਰੀਆ ਜਿਹੜਾ ਹੈ ਉਹ ਪੰਜਾਬ ਦੇ ਅੰਦਰ ਸ਼ੁਰੂ ਹੋ ਜਾਂਦਾ ਹੈ। ਅਤੇ ਇਸ ਤਰ੍ਹਾਂ ਉਸ ਏਰੀਏ ਦਾ ਬਹੁਤ ਸਾਰਾ ਹਿੱਸਾ ਜਿਹੜਾ ਨਾਲ ਲਗਵਾਂ ਹੈ ਉਸ ਨੂੰ ਵੀ ਚੈਨੇਲਾਈਜ਼ ਕਰ ਦਿੱਤਾ ਜਾਵੇ। ਸਤਲੁਜ ਦਰਿਆ ਦੇ ਦੋਹੇਂ ਕੰਢੇ ਅੱਪ ਟੂ ਰੋਪੜ ਔਰ ਰੋਪੜ ਤੋਂ

Original with;
Punjab Vidhan Sabha
Digitized by;
Panjab Digital Library

ਲੁਧਿਆਣਾ ਤਕ ਓਨਵਰਡ ਹਰ ਵਾਰੀ ਹੜ੍ਹ ਆਉਣ ਨਾਲ ਤੀਜੇ ਚੌਥੇ ਸਾਲ ਹਜ਼ਾਰਾਂ ਏਕੜ ਜ਼ਮੀਨ ਜਿਹੜੀ ਹੈ ਉਹ ਢਾਹ ਲਗੀ ਹੋਈ ਹੈ ਉਨ੍ਹਾਂ ਦੀ ਢਾਹ ਰੋਕ ਦਿੱਤੀ ਜਾਵੇ ਤਾਂ ਉਥੇ ਜ਼ਮੀਨ ਹੜ੍ਹਨ ਤੋਂ ਬਚਾਈ ਜਾ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਉਥੇ ਲੱਖਾਂ ਏਕੜ ਜ਼ਮੀਨ ਜਿਹੜੀ ਲੋਕਾਂ ਦੀ ਹੈ, ਕਿਸਾਨਾਂ ਦੀ ਹੈ, ਉਹ ਆਬਾਦ ਕੀਤੀ ਜਾ ਸਕਦੀ ਹੈ। ਇਸੀ ਤਰੀਕੇ ਨਾਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੇ ਬਜਟ ਦੇ ਵਿੱਚ ਕਿਉਂਕਿ ਕਾਫੀ ਦੇਰ ਤੋਂ ਲਗਾਤਾਰ ਜਿਹੜੇ ਬਾਕੀ ਦੇ ਜ਼ਿਲ੍ਹੇ ਹਨ ਕੰਡੀ ਦਾ ਏਰੀਆ ਹੈ, ਚਾਹੇ ਚੰਗੜ ਦਾ ਏਰੀਆ ਹੈ, ਚਾਹੇ ਸ਼ਿਵਾਲਿਕ ਹਿੱਲ ਦੇ ਨਾਲ, ਬਾਰਡਰ ਦੇ ਨਾਲ ਲਗਦਾ ਏਰੀਆ ਹੈ, 1 ਅਪਰੈਲ, 1979 ਤੋਂ ਮੈਂ ਸਮਝਦਾ ਹਾਂ ਕਿ ਰਾਵੀ ਦਾ ਪਾਣੀ ਵੀ ਜਿਸ ਦੇ ਕਿ ਅਸੀਂ ਪੂਰੇ ਪੈਸੇ ਦੇ ਚੁੱਕੇ ਹਾਂ ਉਸ ਦੇ ਉਪਰ ਪੰਜਾਬ ਦਾ ਪੂਰਾ ਅਧਿਕਾਰ ਬਣ ਚੁੱਕਾ ਹੈ ਉਸ ਨੂੰ ਵੀ ਅਸੀਂ ਪੂਰੀ ਤਰ੍ਹਾਂ ਨਾਲ ਇਸਤੇਮਾਲ ਕਰੀਏ। ਪਠਾਨਕੋਟ ਦੇ ਏਰੀਏ ਦੇ ਵਿੱਚ ਥੀਨ ਡੈਮ ਨੂੰ ਜਾਂ ਜਿਹੜੀ ਸ਼ਾਹਪੁਰ ਕੰਡੀ ਨਹਿਰ ਹੈ, ਉਹ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਸ਼ਾਇਦ ਸਾਡਾ ਏਰੀਆ ਉਸ ਦੇ ਵਿੱਚ ਇਨਕਲੂਡ ਨਹੀਂ ਹੈ, ਜੇ ਉਸ ਨੂੰ ਮੁਕੰਮਲ ਕਰ ਦਿੱਤਾ ਜਾਵੇ ਤਾਂ ਗੁਰਦਾਸਪੁਰ-ਪਠਾਨਕੋਟ ਤੋਂ ਲਗ ਕੇ ਬਲਾਚੌਰ ਰੋਪੜ ਦਾ ਜਿਹੜਾ ਹਜ਼ਾਰਾਂ ਏਕੜ ਜ਼ਮੀਨ ਰਕਬਾ ਹੈ ਉਹ ਖੇਤੀ ਥਲੇ ਅਸੀਂ ਲਿਆ ਸਕਦੇ ਹਾਂ। ਇਸੀ ਤਰੀਕੇ ਦੇ ਨਾਲ ਨੰਗਲ ਡੈਮ ਤੋਂ ਲਗ ਕੇ ਉਰਲੇ ਪਾਸੇ ਰੋਪੜ ਤਕ ਔਰ ਪਖਾਲੀ ਤਕ ਜਿੰਨਾ ਸਾਰਾ ਚੰਗੜ ਦਾ ਏਰੀਆ ਹੈ ਇਸ ਨੂੰ ਇਰੀ-ਗੇਸ਼ਨ ਦੇ ਥੱਲੇ ਲਿਆਂਦਾ ਜਾਵੇ। ਅੱਜ ਕੀ ਹੋ ਰਿਹਾ ਹੈ ਕਿ ਜਿਹੜਾ ਡੀਪ ਟਿਊਬਵੈਲ ਦਾ ਏਰੀਆ ਹੈ ਉਸ ਦਾ ਲੈਵਲ ਵੀ ਥੱਲੇ ਨੂੰ ਜਾ ਰਿਹਾ ਹੈ, ਉਸ ਦਾ ਪਾਣੀ ਘੱਟ ਰਿਹਾ ਹੈ। ਮੈਂ ਸਮਝਦਾ ਹਾਂ ਕਿ ਰੋਪੜ ਦੇ ਔਰ ਹੁਸ਼ਿਆਰਪੁਰ ਦੇ ਏਰੀਏ ਦੇ ਅੰਦਰ ਜਿਹੜੇ ਪਹਾੜਾਂ ਦੇ ਵਿਚੋਂ ਕੁਝ ਸੂਏ ਨਿਕਲਦੇ ਹਨ ਉਥੇ ਉਨ੍ਹਾਂ ਨੂੰ ਡੈਮ ਲਾ ਕੇ ਪਾਣੀ ਦਾ ਸਤਹ ਉਪਰ ਕੀਤੀ ਜਾ ਸਕਦੀ ਹੈ। ਉਸ ਦੇ ਨਾਲ ਹੀ ਅੱਜ ਪਾਣੀ ਦੇ ਅੰਦਰ ਵੀ ਡੂੰਘੇ ਟਿਊਬਵੈੱਲ ਲਾਂ ਕੇ ਜਾਂ ਥੱਲੇ ਦੇ ਫਲੋਅ ਤੋਂ ਲਿਆ ਕੇ ਪਹਾੜ ਦੇ ਨਾਲ ਦੋਹਾਂ ਪਾਸੇ ਹਜ਼ਾਰਾਂ ਏਕੜ ਜ਼ਮੀਨ ਜਿਹੜੀ ਹੈ, ਉਹ ਇਰੀਗੇਟ ਕੀਤੀ ਜਾ ਸਕਦੀ ਹੈ। ਮੈਂ ਇਸ ਮਤੇ ਦੇ ਬਾਰੇ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਹਿਮਾਚਲ ਦੇ ਨਾਲ-ਨਾਲ ਲਗਦੇ ਏਰੀਏ ਦੇ ਅੰਦਰ ਜੋ ਪੰਜਾਬ ਦਾ ਏਰੀਆ ਹੈ, ਉਥੇ ਸਾਨੂੰ ਲਿਫਟ ਇਰੀਗੇਸ਼ਨ ਸਕੀਮ ਚਾਲੂ ਕਰਨੀ ਚਾਹੀਦੀ ਹੈ ਹਿਮਾਚਲ ਦਾ ਸੂਬਾ ਪੰਜਾਬ ਦੇ ਸੂਬੇ ਨਾਲੋਂ ਕਿਤੇ ਫਾਈਨਾਂਸ਼ੀਅਲ ਤੌਰ ਤੇ ਪਿੱਛੇ ਹੈ ਜੇ ਉਹ ਲਿਫਟ ਇਰੀਗੇਸ਼ਨ ਨਾਲ ਸਕੀਮ ਜਿਹੜੀ ਹੈ ਉਹ ਚਾਲੂ ਕਰ ਕਦੇ ਹਨ ਤਾਂ ਮੈਂ ਸਮਝਦਾ ਹਾਂ ਕਿ ਦੋਨੋ ਹੀ ਨਹਿਰਾਂ ਜਿਹੜੀਆਂ ਨੰਗਲ ਤੋਂ ਨਿਕਲਦੀਆਂ ਹਨ ਚਾਹੇ ਭਾਖੜਾ ਮੇਨ ਕਨਾਲ ਹੈ ਚਾਹੇ ਐਸ.ਵਾਈ.ਐਲ., ਐਸ. ਵਾਈ.ਐਲ. ਤਾਂ ਹਾਲੀਂ ਕੀਰਤਪੁਰ ਸਾਹਿਬ ਤਕ ਲਾਈ ਹੈ, ਬਾਕੀ ਉਸ ਦਾ ਪਾਣੀ ਵੀ ਦਰਿਆ ਦੇ ਅੰਦਰ ਫਾਲਤੂ ਜਾ ਰਿਹਾ ਹੈ ਸਿਰਫ ਉਥੇ ਤੋਂ ਬਿਜਲੀ ਲਈ ਜਾ ਰਹੀ ਹੈ, ਮੈਂ ਸਮਝਦਾ ਹਾਂ ਕਿ ਸਾਡੇ ਏਰੀਏ ਵਿੱਚ ਤਾਂ ਨੰਗਲ ਤੋਂ ਲੈ ਕੇ ਕੀਰਤਪੁਰ ਔਰ ਭਰਤਗੜ੍ਹ ਤਕ ਇਸ ਤਰ੍ਹਾਂ ਦਾ ਏਰੀਆ ਹੈ, ਜਿਥੇ ਬਰਸਾਤ ਦੇ ਦਿਨਾਂ ਵਿਚ ਪੀਣ ਲਈ ਵੀ ਪਾਣੀ ਨਹੀਂ ਮਿਲਦਾ ਉਥੇ ਲਿਫਟ ਇਰੀਗੇਸ਼ਨ ਨਾਲ ਪਾਣੀ ਦਿੱਤਾ ਜਾਵੇ। ਉਥੇ ਨਹਿਰ ਤੋਂ ਫਾਲਤੂ ਪਾਣੀ ਜਿਹੜਾ ਹੈ, ਮੈਂ ਇਰੀਗੇਸ਼ਨ ਮਨਿਸਟਰ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਜ਼ਬਾਨੀ ਵੀ ਕਹਿ ਕੇ ਆਇਆ ਸੀ, ਇਨ੍ਹਾਂ ਨੂੰ ਜ਼ਬਾਨੀ ਵੀ ਰਿਕੁਐਸਟ ਕੀਤੀ ਸੀ ਕਿਓਂਕਿ ਅੱਜ ਇਹ ਗੱਲ ਮਤੇ ਰਾਹੀਂ ਆਈ ਹੈ ਫਿਰ ਕਹਿਣਾ ਚਾਹੁੰਦਾ ਹਾਂ ਜੇ ਉਸ ਏਰੀਏ ਵਿੱਚ ਲਿਫਟ ਇਰੀਗੇਸ਼ਨ ਨਾਲ ਉਪਰ ਪਾਣੀ ਦਿੱਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਉਹ ਲੋਕ ਵੀ ਸਮਝ ਸਕਦੇ ਹਨ ਕਿ ਅਸੀਂ ਪੰਜਾਬ ਵਿੱਚ ਰਹਿ ਰਹੇ ਲੋਕ ਵੀ ਹਿਮਾਚਲ ਨਾਲੋਂ ਕਿਸੇ ਤਰ੍ਹਾਂ ਨਾਲ ਪਿੱਛੇ ਨਹੀਂ ਹਾਂ ਔਰ ਉਥੇ ਦੀ ਜਿਹੜੀ ਖੇਤੀ ਹੈ, ਉਹ ਹੋਰ ਵਧ ਸਕਦੀ ਹੈ ਔਰ ਉਥੇ ਦੇ ਲੋਕ ਆਪਣੇ ਪੈਰਾਂ ਤੇ ਆਪ ਖੜੇ ਹੋ ਸਕਦੇ ਹਨ।

Original with;
Punjab Vidhan Sabha
Digitized by;
Panjab Digital Library

**Mr. Speaker** : Wind up please.

**ਡਾਕਟਰ ਰਮੇਸ਼ ਦੱਤ** : ਸੋ ਅੰਤ ਵਿੱਚ, ਸਪੀਕਰ ਸਾਹਿਬ, ਮੈਂ ਇਕ ਵਾਰੀ ਫਿਰ ਇਸ ਮਤੇ ਦਾ ਸਮਰਥਨ ਕਰਦਾ ਹੋਇਆ ਕਹਿਣਾ ਚਾਹੁੰਦਾ ਹਾਂ ਕਿ ਉਸ ਏਰੀਏ ਨੂੰ ਵੱਧ ਤੋਂ ਵੱਧ ਫੰਡ ਅਲਾਟ ਕੀਤੇ ਜਾਣ ਜਿਹੜਾ ਕਿ ਬੈਕਵਰਡ ਏਰੀਆ ਹੈ ਜਾਂ ਸੈਮੀ ਹਿਲੀ ਏਰੀਆ ਹੈ ਤਾਂ ਕਿ ਉਹ ਲੋਕ ਵੀ ਬਾਕੀ ਪੰਜਾਬ ਦੇ ਲੋਕਾਂ ਦੇ ਬਰਾਬਰ ਆ ਕੇ ਆਪਣੀ ਖੇਤੀ ਔਰ ਰੋਜ਼ਗਾਰ ਸੁਧਾਰ ਸਕਣ ਔਰ ਆਪਣਾ ਸਟੈਂਡਰਡ ਉਚਾ ਕਰ ਸਕਣ। ਪੰਜਾਬ ਸਰਕਾਰ ਅਗੇ ਵੀ ਮੈਂ ਬੇਨਤੀ ਕਰਾਂਗਾ ਕਿ ਇਸ ਏਰੀਏ ਵਾਸਤੇ ਰੇਸ਼ੋ ਪ੍ਰੋਪੋਰਸ਼ਨ ਤੋਂ ਵੱਧ ਫੰਡ ਅਲਾਟ ਕੀਤੇ ਜਾਣ ਔਰ ਅੰਤ ਵਿੱਚ ਇਸ ਮਤੇ ਦਾ ਸਮਰਥਨ ਕਰਦਾ ਹੋਇਆ ਉਮੀਦ ਕਰਦਾ ਹਾਂ ਕਿ ਪੰਜਾਬ ਸਰਕਾਰ ਇਸ ਤੇ ਵੱਧ ਤੋਂ ਵੱਧ ਅਮਲ ਕਰੇਗੀ। ਇਨ੍ਹਾਂ ਦਾ ਵੀ ਧੰਨਵਾਦ, ਮਤਾ ਲਿਆਉਣ ਵਾਲੇ ਦਾ ਵੀ ਧੰਨਵਾਦ ਔਰ ਸਪੀਕਰ ਸਾਹਿਬ ਤੁਹਾਡਾ ਵੀ ਧੰਨਵਾਦ ਜਿਨ੍ਹਾਂ ਨੇ ਮੈਨੂੰ ਟਾਈਮ ਦਿਤਾ ਹੈ।

**ਸਰਦਾਰ ਬ੍ਰਿਜਭੁਪਿੰਦਰ ਸਿੰਘ (ਲੋਹੀਆਂ)** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿਚ ਬੋਲਣ ਦਾ ਮੌਕਾ ਦਿਤਾ ਹੈ। ਪਹਿਲੀ ਗੱਲ ਤਾਂ ਮੈਂ ਇਸ ਮਤੇ ਦਾ ਸਮਰਥਨ ਕਰਦਾ ਹਾਂ ਕਿਉਂਕਿ ਇਸ ਦੇ ਨਾਲ ਸਾਡੇ ਪੰਜਾਬ ਦਾ ਹੋਰ ਰਕਬਾ ਇਰੀਗੇਸ਼ਨ ਥੱਲੇ ਆਉਂਣਾ ਹੈ। ਭਾਵੇਂ ਬਹੁਤ ਥੋੜੀ ਪਰਸੈਂਟੇਜ ਆਵੇਗੀ ਪਰ ਸਾਡੀ ਸਟੇਟ ਐਗਰੋਬੇਸਡ ਹੈ, ਇਸ ਲਈ ਬਹੁਤ ਅੱਛੀ ਗੱਲ ਹੈ। ਇਹ ਜਿਹੜਾ ਰਕਬਾ ਇਰੀਗੇਸ਼ਨ ਥੱਲੇ ਆਵੇਗਾ, ਉਹ ਕੋਈ 8 ਪ੍ਰਤੀਸ਼ਤ ਹੋਵੇਗਾ ਅਤੇ ਇਸ ਦੇ ਨਾਲ ਸਾਡੀ ਪਰੋਡਕਸ਼ਨ ਜ਼ਿਆਦਾ ਉਚੀ ਹੋਵੇਗੀ। ਮੈਂ ਇਹ ਵੀ ਕਹਾਂਗਾ ਕਿ ਸਾਡਾ ਗਰਾਊਂਡ ਵਾਟਰ ਲੈਵਲ ਥੱਲੇ ਜਾ ਰਿਹਾ ਹੈ, ਸਾਨੂੰ ਇਸ ਦੇ ਬਾਰੇ ਕੁਝ ਨਾ ਕੁਝ ਜ਼ਰੂਰ ਸੋਚਣਾ ਚਾਹੀਦਾ ਹੈ। ਜਿਹੜਾ ਮਾਲਤੀ ਜੀ ਨੇ ਕਿਹਾ ਹੈ, ਉਸ ਦੇ ਬਾਰੇ ਮੈਂ ਜ਼ਰੂਰ ਕਹਾਂਗਾ ਕਿ ਜਮਨਾ ਦੇ ਪਾਣੀ ਵਾਸਤੇ ਸਾਨੂੰ ਜ਼ਰੂਰ ਪ੍ਰਾਈਮ ਮਨਿਸਟਰ ਸਾਹਿਬ ਨਾਲ ਗੱਲ ਕਰਨੀ ਚਾਹੀਦਾ ਹੈ ਕਿ ਸਾਨੂੰ ਇਸ ਵਿਚੋਂ ਸਾਡਾ ਪੂਰਾ ਹਿੱਸਾ ਮਿਲਣਾ ਚਾਹੀਦਾ ਹੈ। ਸਾਡੇ ਪੰਜਾਬ ਵਿਚ ਹਾਲੇ ਵੀ ਪਾਣੀ ਦੀ ਥੁੜ ਹੈ। ਮੈਂ ਬੇਨਤੀ ਕਰਦਾ ਹਾਂ ਕਿ ਹਾਲਾਂਕਿ ਸਾਡਾ ਜੀਓਗਰਾਫੀਕਲ ਏਰੀਆ 5 ਪ੍ਰਤੀਸ਼ਤ ਹੈ ਪਰ ਸਾਡੇ ਪੰਜਾਬ ਦੀ ਪਰੋਡਕਸ਼ਨ ਕਾਫ਼ੀ ਜ਼ਿਆਦਾ ਕਾਟਨ ਦੀ ਪ੍ਰੋਡਕਸਨ 28% ਵੀਟ ਦੀ 26% ਔਰ ਪੈਡੀ ਦੀ ਤਕਰੀਬਨ 17, 18% ਹੈ ਜਿਹੜੀ ਕਿ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਕਿਸਾਨ ਵਾਸਤੇ ਬੜੀ ਸ਼ਲਾਘਾਯੋਗ ਗੱਲ ਹੈ ਜੇ ਸਾਨੂੰ ਪਾਣੀ ਔਰ ਬਿਜਲੀ ਹੋਰ ਮਿਲ ਜਾਂਵੇ ਤਾਂ ਮੈਂ ਸਮਝਦਾ ਹਾਂ ਕਿ ਇਸ ਪਰੋਡਕਸ਼ਨ ਵਿਚ ਹੋਰ ਵਾਧਾ ਹੋ ਸਕਦਾ ਹੈ। ਸਪੀਕਰ ਸਾਹਿਬ, ਮੇਰਾ ਥੋੜਾ ਜਿਹਾ ਸੁਝਾਓ ਹੈ ਕਿ ਮੈਂ ਭਾਖੜਾ ਬਿਆਸ ਤੇ ਬਤੌਰ ਮੈਂਬਰ ਕਮੇਟੀ ਗਿਆ ਸੀ। ਅਸੀਂ ਵੇਖਿਆ ਕਿ ਭਾਖੜਾ ਬਿਆਸ ਦਾ ਜਿਹੜਾ ਪਹਿਲਾ ਯੂਨਿਟ ਸੀ, ਉਹ 90 ਯੂਨਿਟਸ ਦਾ ਸੀ ਬਾਅਦ ਵਿਚ ਜਿਹੜਾ ਅਪਗਰੇਡ ਕਰਕੇ 110 ਕਰ ਦਿਤਾ। ਦੂਸਰਾ ਜਿਹੜਾ 120 ਦਾ ਸੀ, ਉਹ ਅਪਗਰੇਡ ਕਰਕੇ 140 ਦਾ ਕਰ ਦਿਤਾ। ਮੈਂ ਕਹਿੰਦਾ ਹਾਂ ਕਿ 110 ਵਾਲਾ ਅਗਰ 140 ਤੇ ਚਲਾ ਜਾਂਦਾ ਤਾਂ ਸਾਨੂੰ ਬਿਜਲੀ ਦੀ ਬਹੁਤ ਜ਼ਿਆਦਾ ਪਰੋਡਕਸ਼ਨ ਆ ਸਕਦੀ ਸੀ। ਮੈਂ ਇਰੀਗੇਸ਼ਨ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਸਾਡੀਆਂ ਇਹ ਬੜੀਆਂ ਪੁਰਾਣੇ ਮਾਡਲ ਦੀਆਂ ਟਰਬਾਈਨਜ਼ ਹਨ। ਅਗਰ ਨਵੀਆਂ ਟਰਬਾਈਨਜ਼ ਇਸ ਇਨਫਰਾਸਟਰਕਚਰ ਵਿਚ ਲਗਾ ਦਿਤੀਆਂ ਜਾਣ ਤਾਂ ਸ਼ਾਇਦ ਇਲੈਕਟ੍ਰਿਸਿਟੀ ਵਿਚ ਜ਼ਿਆਦਾ ਵਾਧਾ ਹੋ ਸਕਦਾ ਹੈ। ਜਿਹੜੀ ਹੁਣ ਮੌਜੂਦਾ ਟਰਬਾਈਨ ਹੈ ਅਗਰ ਇਹ 140 ਦੇ ਸਕਦੀ ਹੈ ਤਾਂ ਜਿਹੜੀ ਨਵੇਂ ਮਾਡਲ ਔਰ ਡਿਜ਼ਾਈਨ ਦੀ ਟਰਬਾਈਨ ਲਗਾਈ ਜਾਵੇਗੀ ਤਾਂ ਇਹ 175 ਤਕ ਵੀ ਪਰੋਡਕਸ਼ਨ ਦੇ ਸਕਦੀ ਹੈ। ਇਸ ਤਰਾਂ ਅਗਰ 10 ਨਾਲ ਮਲਟੀਪਲਾਈ ਕਰੀਏ

Original with;
Punjab Vidhan Sabha
Digitized by;
Panjab Digital Library

ਤਾਂ ਥਰਮਲ ਪਲਾਂਟ ਦੇ ਇਕ ਯੂਨਿਟ ਜਿਨੀ ਪਰੋਡਕਸ਼ਨ ਮਿਲ ਸਕਦੀ ਹੈ। ਇਸ ਦੇ ਨਾਲ ਹੀ ਰਣਜੀਤ ਸਾਗਰ ਡੈਮ ਜੋ ਹੈ ਉਸ ਦੇ ਪੈਨ ਸਟਰੋਕ ਵੱਡੇ ਹਨ ਅਤੇ ਹਾਈਟ ਵੀ ਜ਼ਿਆਦਾ ਹੈ। ਇਸ ਤੇ ਮਾਡਰਨ ਤੋਂ ਮਾਡਰਨ ਟਰਬਾਈਨ ਫਿਟ ਕਰਕੇ ਵੱਧ ਤੋਂ ਵੱਧ ਬਿਜਲੀ ਲੈਣੀ ਚਾਹੀਦੀ ਹੈ। ਸਾਡਾ ਮੇਨ ਮੁੱਦਾ ਹੈ, ਜ਼ਿਆਦਾ ਤੋਂ ਜਿਆਦਾ ਬਿਜਲੀ ਦੀ ਪਰੋਡਕਸ਼ਨ। ਸਪੀਕਰ ਸਾਹਿਬ, ਜਿਹੜਾ ਕੰਡੀ ਦਾ ਏਰੀਆ ਹੈ, ਇਸ ਵਿਚ ਨਹਿਰਾਂ ਦੇ ਪਾਣੀ ਨਾਲ ਸਿੰਚਾਈ ਨਹੀਂ ਹੋ ਸਕਦੀ। ਡੀਪ ਟੀਊਬਵੈਲਜ਼ ਰਾਹੀਂ ਪਾਣੀ ਚੁਕ ਕੇ ਸਿੰਚਾਈ ਲਈ ਇਸਤੇਮਾਲ ਲਿਆ ਸਕਦੇ ਹਾਂ। ਦੂਸਰੇ ਸਾਡੇ ਵੇਈਆਂ ਹਨ। ਮੇਰੇ ਇਲਾਕੇ ਵਿਚ ਇਕ ਚਿੱਟੀ ਵੇਈ ਹੈ। ਸ਼ਾਇਦ ਉਸ ਤੇ ਅੰਗਰੇਜ਼ਾਂ ਦੇ ਸਮੇਂ ਢਾਵਾਂ ਲਾਈਆਂ ਸਨ, ਉਹ ਟੁਟ ਗਈਆਂ ਹਨ ਅਤੇ ਪਾਣੀ ਕਾਫੀ ਥੱਲੇ ਚਲਾ ਗਿਆ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੰਨੀਆਂ ਵੇਈਆਂ ਹਨ ਦੁਆਬੇ ਵਿਚ ਉਨ੍ਹਾਂ ਤੇ ਠੋਕਰਾਂ ਲਗਣੀਆਂ ਚਾਹੀਦੀਆਂ ਹਨ, ਆਸ ਹੈ ਕਿ ਪਾਣੀ ਉਪਰ ਆ ਜਾਏਗਾ।

ਇਸ ਦੇ ਨਾਲ ਮੈਂ ਇਹ ਵੀ ਕਹਾਂਗਾ ਕਿ ਕਾਟਨ ਔਰ ਝੋਨੇ ਦੇ ਲਈ ਕੁਝ ਨਾ ਕੁਝ ਹੋਰ ਵੀ ਕਰਨਾ ਚਾਹੀਦਾ ਹੈ ਕਿਉਂਕਿ ਝੋਨਾ ਪਾਣੀ ਬਹੁਤ ਜ਼ਿਆਦਾ ਲੈਂਦਾ ਹੈ। ਪਰ ਉਸ ਦੇ ਮੁਕਾਬਲੇ ਪਰੋਡਕਸ਼ਨ ਇਤਨੀ ਨਹੀਂ। ਇਸ ਦੇ ਨਾਲ ਹੀ ਵਾਟਰ ਲੈਵਲ ਬਹੁਤ ਥੱਲੇ ਚਲਾ ਗਿਆ ਹੈ। ਸਪੀਕਰ ਸਾਹਿਬ, ਮੈਂ ਇਕ ਵਾਰੀ ਫਿਰ ਇਸ ਮਤੇ ਦੀ ਤਾਈਦ ਕਰਦਾ ਹਾਂ ਕਿ ਇਹ ਮੱਤਾ ਬਹੁਤ ਅੱਛਾ ਹੈ। ਮੈਂ ਨਾਲ ਹੀ ਕਹਿਣਾ ਚਾਹੁੰਦਾ ਹਾਂ ਕਿ ਦਾਲ ਏਰੀਆ ਵਧਾਇਆ ਜਾਏ ਨਾਲ ਹੋਰ ਜ਼ਿਆਦਾ ਪਰੋਡਕਸ਼ਨ ਮਿਲੇਗੀ। ਮੈਂ ਇਹ ਵੀ ਕਹਾਂਗਾ ਕਿ ਜੇਕਰ ਸਾਡੇ ਇਲੈਕਟ੍ਰਿਸਿਟੀ ਵਧੇਗੀ ਤਾਂ ਇਸ ਦੇ ਨਾਲ ਇੰਡਸਟਰੀ ਦੇ ਖੇਤਰ ਵਿਚ ਕਾਫੀ ਤਰੱਕੀ ਹੋਵੇਗੀ। ਪੰਜਾਬ ਡਿਸਟਰਬਡ ਏਰੀਆ ਰਿਹਾ ਹੈ ਜੇਕਰ ਵਧ ਇਲੈਕਟ੍ਰਿਸਿਟੀ ਆ ਜਾਵੇ ਤਾਂ ਇੰਡਸਟਰੀ ਕਾਫੀ ਤਰੱਕੀ ਕਰ ਸਕਦੀ ਹੈ ਅਤੇ ਹੋਰ ਇੰਡਸਟਰੀ ਵੀ ਲਗਾਈ ਜਾ ਸਕਦੀ ਹੈ। ਸਪੀਕਰ ਸਾਹਿਬ, ਮੈਂ ਹਾਊਸ ਦਾ ਹੋਰ ਸਮਾਂ ਨਾ ਲੈਂਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** (ਬੁਢਲਾਡਾ) : ਸਪੀਕਰ ਸਾਹਿਬ, ਧੰਨਵਾਦ ਜੀ ਤੁਹਾਡਾ। ਸਭ ਤੋਂ ਪਹਿਲਾਂ ਜੋ ਮੈਡਮ ਨੇ ਰੈਜ਼ੋਲਿਊਸ਼ਨ ਰਖਿਆ ਹੈ, ਮੈਂ ਆਪਣੇ ਗਰੁੱਪ ਦੇ ਵਲੋਂ ਪੂਰੀ ਤਰ੍ਹਾਂ ਸਹਿਮਤੀ ਪ੍ਰਗਟ ਕਰਦਾ ਹਾਂ।

**ਸ੍ਰੀ ਸਪੀਕਰ** : ਅਰਸ਼ੀ ਜੀ, ਟਾਈਮ ਦਾ ਖਿਆਲ ਰਖਣਾ।

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਹਾਂ ਜੀ, ਬਹੁਤ ਸੰਖੇਪ ਦੇ ਵਿਚ ਕਹਾਂਗਾ। ਦੂਸਰਾ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਜੇ ਸਾਰੇ ਹਿੰਦੁਸਤਾਨ ਨੂੰ ਕੰਪੇਅਰ ਕਰ ਲਿਆ ਜਾਵੇ ਤਾਂ ਸਭ ਤੋਂ ਜ਼ਿਆਦਾ ਇਰੀਗੇਟਿਡ ਏਰੀਆ ਜੋ ਹੈ ਉਹ ਪੰਜਾਬ ਦੇ ਵਿਚ ਹੀ ਹੈ ਜੀ, ਐਕਸੈਪਟ ਜਿਹੜਾ ਸਾਡੇ ਸਾਰਿਆਂ ਵਾਸਤੇ ਚਿੰਤਾ ਦਾ ਕਾਰਣ ਹੈ ਕਿ ਜਿਹੜਾ ਕੰਡੀ ਦਾ ਏਰੀਆ ਹੈ, ਉਹ ਜ਼ਰੂਰ ਕੈਨਾਲ ਵਾਟਰ ਤੋਂ ਅਣਭਿੱਜ ਰਿਹਾ ਹੈ। ਔਰ ਠੀਕ ਹੈ ਕਿ ਇਸ ਵਿਚ ਕੁਝ ਡਰਾਅਬੈਕਸ ਵੀ ਹਨ ਜਿਹੜੇ ਮੈਂ ਸਮਝਦਾ ਹਾਂ ਕਿ ਗੌਰਮਿੰਟ ਨੂੰ ਬੜੇ ਸੀਰੀਅਸਲੀ ਐਗਜ਼ਾਮਿਨ ਕਰਨੇ ਚਾਹੀਦੇ ਹਨ ਕਿ ਜਿਹੜਾ ਕੈਨਾਲ ਵਾਟਰ ਹੈ, ਅਸੀਂ ਉਸ ਦੀ ਕਿਸ ਤਰ੍ਹਾਂ ਵੱਧ ਤੋਂ ਵੱਧ ਵਰਤੋਂ ਕਰ ਸਕਦੇ ਹਾਂ। ਕਿਵੇਂ ਹੋਰ ਚੰਗੇ ਤਰੀਕੇ ਨਾਲ ਕੁਦਰਤੀ ਰਿਸੋਰਸਿਜ਼ ਯੂਜ਼ ਕਰ ਕਰ ਸਕਦੇ ਹਾਂ, ਕਿਉਂਕਿ ਅਜੇ ਵੀ ਪੰਜਾਬ ਦੇ ਵਿਚ ਜਿਹੜਾ 80 ਪ੍ਰਤੀਸ਼ਤ ਏਰੀਆ ਹੈ, ਉਹ ਜ਼ਿਆਦਾ ਅਤੇ ਮੁੱਖ ਤੌਰ ਤੇ ਲੋਕਾਂ ਦੇ ਨਿੱਜੀ ਸਾਧਨ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਜੋ ਹਨ, ਪੰਪਿੰਗ ਸੈਟ, ਬਿਜਲੀ ਪੰਪਿੰਗ ਸੈਟ ਜਾਂ ਦੂਸਰੇ ਜਿਹੜੇ ਟਿਊਬਵੈਲਜ਼ ਨੇ ਉਹ ਉਨ੍ਹਾਂ ਦੇ ਰਾਹੀਂ ਇਰੀਗੇਟ ਹੋ ਰਿਹਾ ਹੈ। ਇਹ ਗੱਲ ਜ਼ਰੂਰ ਸਰਕਾਰ ਨੂੰ ਧਿਆਨ ਵਿਚ ਰਖਣੀ ਚਾਹੀਦੀ ਹੈ। ਫਿਰ ਕੰਡੀ ਏਰੀਆ ਬਾਰੇ ਸਪੀਕਰ ਸਾਹਿਬ, ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਗੌਰਮਿੰਟ ਨੇ ਆਪਣੇ ਤੌਰ ਤੇ ਡੂੰਘੇ ਟਿਊਬਵੈਲ ਲਗਾਉਣ ਦੀ ਕੋਸ਼ਿਸ਼ ਕੀਤੀ ਹੈ ਲੇਕਿਨ ਉਨ੍ਹਾਂ ਸਾਰਿਆਂ ਦਾ ਮੈਂ ਸਮਝਦਾ ਹਾਂ ਕਿ ਰਿਜ਼ਲਟ ਨਹੀਂ ਨਿਕਲ ਸਕਿਆ ਔਰ ਸਾਡੇ ਵਾਸਤੇ ਬੜੇ ਦੁੱਖ ਦੀ ਗੱਲ ਹੈ ਕਿ ਜਿੰਨੀਆਂ ਵੱਡੀਆਂ ਨਹਿਰਾਂ ਨੇ ਉਹ ਉਸ ਏਰੀਏ ਦੇ ਕੋਲ ਦੀ ਆਉਣ, ਉਸ ਦੇ ਵਿਚੋਂ ਦੀ ਆਉਣ ਲੇਕਿਨ ਉਹ ਏਰੀਆ ਸੁੱਕਾ ਹੋਵੇ ਅਤੇ ਬਾਕੀ ਪੰਜਾਬ ਨੂੰ ਪਾਣੀ ਮਿਲੇ। ਉਸ ਦੇ ਵਿਚ ਮੈਂ ਸਮਝਦਾ ਹਾਂ ਕਿ ਗੌਰਮਿੰਟ ਬਕਾਇਦਾ ਇਹ ਯੋਜਨਾ ਰਖ ਕੇ ਉਸ ਦੇ ਵਾਸਤੇ ਇਕ ਉਚੇਚਾ ਫੰਡ ਰਖੇ। ਜਿਹੜੀ ਅਪਲਿਫਟ ਸਕੀਮ ਹੈ, ਉਸ ਦੇ ਵਾਸਤੇ ਯਤਨ ਕਰਨੇ ਚਾਹੀਦੇ ਹਨ, ਔਰ ਜਿਤਨਾ ਚਿਰ ਅਸੀਂ ਅਪਲਿਫਟ ਸਕੀਮ ਲਾਗੂ ਨਹੀਂ ਕਰਦੇ ਉਤਨਾਂ ਚਿਰ ਜੋ ਕੰਡੀ ਦਾ ਏਰੀਆ ਹੈ, ਉਥੇ ਅਸੀਂ ਪਾਣੀ ਨਹੀਂ ਪਹੁੰਚਾ ਸਕਦੇ। ਇਹ ਗੱਲ ਵੀ ਐਗਜ਼ਾਮਿਨ ਕਰਨੀ ਚਾਹੀਦੀ ਹੈ।

ਦੂਸਰਾ, ਸਪੀਕਰ ਸਾਹਿਬ, ਕਿਉਂਕਿ ਇਥੇ ਮੈਨਸ਼ਨ ਕੀਤਾ ਹੈ, ਮੈਂਬਰ ਸਾਹਿਬਾਨ ਨੇ ਔਰ ਮੈਡਮ ਨੇ ਵੀ, ਜਿਹੜਾ ਵਾਟਰ ਡਿਸਪਿਊਟ ਦਾ ਮਾਮਲਾ ਹੈ, ਉਸ ਤੇ ਮੈਂ ਸੰਖੇਪ ਵਿਚ ਜ਼ਰੂਰ ਇਕ ਸ਼ਬਦ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਨਾਜ਼ੁਕ ਕਿਸਮ ਦਾ ਮਾਮਲਾ ਹੈ। ਅਸੀਂ ਮੁਲਕ ਦੇ ਇੰਟਰੱਸਟ ਵੀ ਧਿਆਨ ਵਿਚ ਰਖਣੇ ਹਨ, ਔਰ ਸਟੇਟ ਦੇ ਵੀ, ਨਾ ਤਾਂ ਇਹ ਗੈਰ-ਜ਼ਿੰਮੇਵਾਰਾਨਾ ਬਿਆਨ-ਬਾਜ਼ੀ ਜੋ ਹੈ, ਉਸ ਦੇ ਨਾਲ ਹੱਲ ਹੋ ਸਕਦਾ ਹੈ ਔਰ ਨਾ ਜਿਹੜਾ ਮੈਂ ਸਮਝਦਾ ਹਾਂ ਕਿ ਪਾਪੂਲਿਸਟ ਤਰੀਕੇ ਹਨ, ਉਨ੍ਹਾਂ ਨਾਲ ਹੱਲ ਹੋ ਸਕਦਾ ਹੈ। ਮੈਂ ਇਹ ਆਪਣੇ ਤਜਰਬੇ ਤੋਂ ਗੱਲ ਕਹਿ ਸਕਦਾ ਹਾਂ ਕਿ ਇਹ ਕੇਂਦਰ ਔਰ ਜੋ ਸਟੇਟਾਂ ਦੀਆਂ ਸਰਕਾਰਾਂ ਹਨ, ਉਹ ਆਪਣੇ ਤੌਰ ਉਤੇ ਮਸਲਾ ਹੱਲ ਨਹੀਂ ਕਰ ਸਕਦੀਆਂ। ਕਿਉਂਕਿ ਕਲੇਮ ਫਿਰ ਕਾਊਂਟਰ ਕਲੇਮ ਔਰ ਇਹ ਐਕਸਪੀਰੀਐਂਸ ਜਿਹੜਾ ਦੂਸਰੀਆਂ ਸਟੇਟਾਂ ਦਾ ਹੈ, ਜੋ ਕ੍ਰਿਸ਼ਨਾਂ ਔਰ ਕਾਵੇਰੀ ਰਿਵਰਜ਼ ਦਾ ਝਗੜਾ ਹੈ, ਉਸ ਤੋਂ ਵੀ ਮੈਂ ਸਮਝਦਾ ਹਾਂ ਕਿ ਸਾਨੂੰ ਇਸ ਗੱਲ ਉਤੇ ਜ਼ੋਰ ਦੇਣਾ ਚਾਹੁੰਦਾ ਹੈ ਕਿ ਇਹ ਮਸਲਾ ਵਾਟਰ ਡਿਸਪਿਊਟ ਦਾ ਜੋ ਹੈ ਇਸ ਨੂੰ ਸੁਪਰੀਮ ਕੋਰਟ ਦੇ ਹਵਾਲੇ ਕਰ ਦਿੱਤਾ ਜਾਵੇ ਉਥੇ ਜੋ ਵੀ ਫੈਸਲਾ ਹੋ ਜਾਵੇ, ਸਾਰੀਆਂ ਸਬੰਧਤ ਧਿਰਾਂ ਜੋ ਵੀ ਹਨ ਉਹ ਮੰਨਣ ਵਾਸਤੇ ਪਾਬੰਦ ਹੋਣਗੀਆਂ। ਇਕ ਗੱਲ ਸਪੀਕਰ ਸਾਹਿਬ, ਮੈਂ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਜ਼ੋਰ ਤਾਂ ਆਪਣੇ ਵਲੋਂ ਬਹੁਤ ਦੇ ਰਹੇ ਹਾਂ ਲੇਕਿਨ ਸਾਡੀਆਂ ਜੋ ਯੋਜਨਾਵਾਂ ਜਾਂ ਪਲੈਨਾਂ ਹਨ, ਬੜੀਆਂ ਨਾਕਸ ਹਨ ਔਰ ਸਾਡੇ ਵਾਸਤੇ ਚਿੰਤਾ ਦੀ ਗੱਲ ਹੈ ਕਿ ਲੰਬੇ ਸਮੇਂ ਤੋਂ ਰਾਵੀ ਦਾ ਜਿਹੜਾ ਪਾਣੀ ਹੈ, ਉਹ ਪਾਕ ਨੂੰ ਜਾ ਰਿਹਾ ਹੈ ਔਰ ਇਥੇ ਅਸੀਂ ਪਾਣੀ ਦੇ ਵਾਸਤੇ ਲੜਾਈ ਝਗੜਾ ਕਰ ਰਹੇ ਹਾਂ। ਇਕ ਦੂਸਰੇ ਉਤੇ ਹੱਲਾ ਹੋ ਰਿਹਾ ਹੈ, ਕਲੇਮ ਔਰ ਕਾਊਂਟਰ ਕਲੇਮ ਹੋ ਰਹੇ ਹਨ। ਇਸ ਦੇ ਵਾਸਤੇ ਸਰਕਾਰ ਕਿਉਂ ਚਿੰਤਤ ਨਹੀਂ ਹੁੰਦੀ। ਖਰਚੇ ਵੀ ਵੱਧ ਰਹੇ ਹਨ ਲਗਾਤਾਰ, ਕਰੋੜਾਂ ਤੋਂ ਕਈ ਕਰੋੜਾਂ ਤੇ ਜਾਂ ਪਹੁੰਚੇ ਹਨ ਇਸ ਲਈ ਟਾਈਮ ਬਾਊਂਡ ਕਰਕੇ, ਬੜੇ ਜੰਗੀ ਪੱਧਰ ਉਤੇ ਜੋ ਥੀਨ ਡੈਮ ਦੀ ਉਸਾਰੀ ਹੈ, ਉਹ ਕਰਨੀ ਚਾਹੀਦੀ ਹੈ। ਐਸੇ ਹੋਰ ਵੀ 2-3 ਹਾਈਡਲ ਪ੍ਰਾਜੈਕਟ ਹਨ ਜਿਨ੍ਹਾਂ ਨੂੰ ਬਾਕਾਇਦਾ ਟਾਈਮ-ਬਾਊਂਡ ਕਰਨਾ ਚਾਹੀਦਾ ਹੈ ਉਸ ਦੀ ਪ੍ਰਾਪਰ ਸੁਪਰਵੀਜ਼ਨ ਔਰ ਜੰਗੀ ਪੱਧਰ ਉਤੇ ਉਸ ਦੀ ਉਸਾਰੀ ਕਰਨੀ ਚਾਹੀਦੀ ਹੈ। ਮੈਂ ਸਹਿਮਤ ਹਾਂ, ਮੈਂਬਰਾਂ ਨੇ ਜੋ ਇਹ ਚਿੰਤਾ ਪ੍ਰਗਟ ਕੀਤੀ ਹੈ ਕਿ ਸਾਡੇ ਵਾਟਰ ਰਿਸੋਰਸਿਜ਼ ਡਿਪਲੀਟ ਹੋ ਰਹੇ ਹਨ ਇਸ ਦੇ ਬਾਰੇ ਵੀ ਪੂਰੇ ਤੌਰ ਤੇ ਚਿੰਤਤ ਹੋ ਕੇ ਸੋਚਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਵਰਤੋਂ ਕਰਨੀ ਹੈ। ਮੈਂ

Original with;
Punjab Vidhan Sabha
Digitized by;
Panjab Digital Library

ਆਖਰੀ ਨੁਕਤੇ ਇਕ ਦੋ ਕਹਿਣਾ ਚਾਹੁੰਦਾ ਹਾਂ ਸਪੀਕਰ ਸਾਹਿਬ, ਅਸੀਂ ਪਿਛੇ ਇਕ ਵਧੀਆ ਯਤਨ ਕੀਤਾ ਕਿ ਸਰਕਾਰ ਨੇ ਪੱਕੇ ਖਾਲੇ ਬਣਾਏ ਔਰ ਪੱਕੀਆਂ ਨਹਿਰਾਂ ਕਰ ਦਿੱਤੀਆਂ ਤਾਂ ਕਿ ਜਿਹੜੀ ਪਾਣੀ ਦੀ ਵੇਸਟੇਜ ਹੁੰਦੀ ਹੈ, ਉਸ ਦੀ ਪ੍ਰਾਪਰ ਵਰਤੋਂ ਕਰ ਸਕੀਏ। ਉਹ ਕਦਮ ਸਰਕਾਰ ਦਾ ਹਾਂ-ਪੱਖੀ, ਸ਼ਲਾਘਾਯੋਗ ਸੀ, ਲੇਕਿਨ ਮੈਨੂੰ ਬਹੁਤ ਹੈਰਾਨੀ ਹੈ ਕਿ ਉਹ ਬੜੀ ਤੇਜ਼ੀ ਨਾਲ ਟੁੱਟ ਰਹੇ ਹਨ। 30--40 ਪ੍ਰਤੀਸ਼ਤ ਪੱਕੇ ਖਾਲੇ ਔਰ ਕਸੀਆਂ ਟੁੱਟ ਗਈਆਂ ਹਨ। ਉਨ੍ਹਾਂ ਦੀ ਰਿਪੇਅਰ ਕਿਸਾਨ ਆਪਣੇ ਤੌਰ ਤੇ ਤਾਂ ਕਰ ਨਹੀਂ ਸਕਦਾ। ਉਹ ਪਰਪਜ਼ ਜਿਸ ਨੂੰ ਲੈ ਕੇ ਪੱਕੇ ਕੀਤੇ ਸੀ, ਉਹ ਪਰਪਜ਼ ਤਾਂ ਹੱਲ ਹੁੰਦਾ ਨਜ਼ਰ ਨਹੀਂ ਆਉਂਦਾ। ਇਸ ਕਰਕੇ ਮੇਰੀ ਬੇਨਤੀ ਹੈ ਕਿ ਗੌਰਮਿੰਟ ਨੂੰ ਉਚੇਚੇ ਤੌਰ ਤੇ ਫੰਡ ਕਿਸੇ ਨਾ ਕਿਸੇ ਪਾਸਿਉਂ ਮੁਹੱਈਆ ਕਰਨੇ ਚਾਹੀਦੇ ਹਨ। ਕੈਨਾਲ ਡਿਪਾਰਟਮੈਂਟ ਚਾਹੇ ਕਿਸੇ ਹੋਰ ਨੂੰ ਦੇ ਦਿਓ। ਇਹ ਰਿਸਪਾਂਸਿਬਿਲਿਟੀ ਗੌਰਮਿੰਟ ਦੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਮੇਨਟੀਨੈਂਸ ਪ੍ਰਾਪਰ ਤਰੀਕੇ ਦੇ ਨਾਲ ਕੀਤੀ ਜਾਵੇ ਔਰ ਇਸ ਗੱਲ ਨੂੰ ਵੀ ਐਗਜ਼ਾਮਿਨ ਕਰਨਾ ਚਾਹੀਦਾ ਹੈ ਕਿ ਹੋਰ ਵੀ ਨਹਿਰਾਂ ਹੋ ਸਕਦੀਆਂ ਹਨ, ਜਿਹੜੀਆਂ ਪੱਕੀਆਂ ਕੀਤੀਆਂ ਜਾਣੀਆਂ ਜ਼ਰੂਰੀ ਹਨ ਤਾਂ ਕਿ ਪਾਣੀ ਦੀ ਜੋ ਵੇਸਟੇਜ ਹੈ, ਲੀਕੇਜ ਹੈ, ਉਸ ਨੂੰ ਬਚਾ ਕੇ ਪਾਣੀ ਦੀ ਵਰਤੋਂ ਕਰਕੇ ਹੋਰ ਵਾਧੂ ਰਕਬਾ ਪਾਣੀ ਦੇ ਥੱਲੇ ਲਿਆ ਸਕੀਏ।

ਇਸ ਤਰ੍ਹਾਂ, ਸਪੀਕਰ ਸਾਹਿਬ, ਮੈਂ ਆਖਿਰ ਵਿਚ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮਾਨਯੋਗ ਮੰਤਰੀ ਜੀ ਬੈਠੇ ਹਨ। ਅੱਜ ਦੇ ਸਮੇਂ ਵਿਚ ਜਦੋਂ ਕਿ ਅਸੀਂ ਬਹੁਤ ਤੇਜ਼ੀ ਨਾਲ ਤਰੱਕੀ ਕਰ ਰਹੇ ਹਾਂ, ਮੈਂ ਸਮਝਦਾ ਹਾਂ ਕਿ ਬਿਜਲੀ ਇਕ ਬੁਨਿਆਦੀ ਜ਼ਰੂਰਤ ਹੈ ਤਰੱਕੀ ਦੀ, ਚਾਹੇ ਖੇਤੀ ਬਾੜੀ ਹੋਵੇ, ਚਾਹੇ ਇੰਡਸਟਰੀ ਹੋਵੇ, ਲੇਕਿਨ ਬਿਜਲੀ ਦੇ ਮਾਮਲੇ ਵਿਚ ਵੀ ਮੈਂ ਸਮਝਦਾ ਹਾਂ ਕਿ ਸਾਡੀ ਕੋਈ ਸੋਚੀ-ਸਮਝੀ ਪਲਾਨਿੰਗ ਇਸ ਤਰ੍ਹਾਂ ਦੀ ਨਹੀਂ ਹੈ। ਇਸ ਲਈ ਘਟੋ ਘੱਟ ਆਉਣ ਵਾਲੇ 20 ਸਾਲਾਂ ਨੂੰ ਧਿਆਨ ਵਿਚ ਰੱਖ ਕੇ ਪਲਾਨਿੰਗ ਹੋਣੀ ਚਾਹੀਦੀ ਹੈ। ਉਸ ਦੇ ਵਾਸਤੇ ਫੰਡਜ਼ ਦੀ ਪਰੋਵੀਜ਼ਨ ਕਰਨੀ ਚਾਹੀਦੀ ਹੈ। ਹੋਰ ਜ਼ਿਆਦਾ ਰਕਬਾ ਪਾਣੀ ਥੱਲੇ ਆ ਸਕਦਾ ਹੈ, ਲੇਕਿਨ ਲੱਖਾਂ ਐਪਲੀਕੇਸ਼ਨਜ਼ ਕਿਸਾਨਾਂ ਦੀਆਂ ਪੈਂਡਿੰਗ ਪਈਆਂ ਹਨ, ਟਿਊਬਵੈਲਜ਼ ਦੇ ਕੁਨੈਕਸ਼ਨ ਵਾਸਤੇ ਪਰ ਕਿਉਂਕਿ ਸਾਡੇ ਪਾਸ ਇਸ ਤਰ੍ਹਾਂ ਦੇ ਸਾਧਨ ਨਹੀਂ, ਪੈਸਾ ਅਸੀਂ ਦੇ ਨਹੀਂ ਸਕਦੇ। ਇਸੇ ਤਰ੍ਹਾ ਉਧਰ ਜਿਹੜੇ ਹਾਈਡਲ ਪਰੋਜੈਕਟ ਹਨ, ਉਹ ਮੁਕੰਮਲ ਨਹੀਂ ਹੋ ਰਹੇ। ਸੋ ਇਹ ਗੱਲ ਐਗਜ਼ਾਮਿਨ ਕਰਕੇ ਪੂਰੀ ਤਰ੍ਹਾਂ ਸੁਚੇਤ ਹੋ ਕੇ ਐਫਰਟਸ ਕਰਨੇ ਚਾਹੀਦੇ ਹਨ ਤਾਂ ਕਿ ਲੋਕਾਂ ਨੂੰ ਬਿਜਲੀ ਦੇ ਕੁਨੈਕਸ਼ਨ ਮਿਲ ਸਕਣ। ਆਖਿਰ ਵਿਚ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਟੇਲ ਦੇ ਇਲਾਕੇ ਹਨ ਜਿਸ ਤਰ੍ਹਾਂ ਮੇਰਾ ਇਲਾਕਾ ਹੈ, ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ। ਜਿਸ ਦਾ ਸਿੱਟਾ ਇਹ ਹੁੰਦਾ ਹੈ। ਕਿ ਅਸੀਂ ਜੋ ਕੁਝ ਅਚੀਵ ਕਰਨਾ ਚਾਹੁੰਦੇ ਹਾਂ ਔਰ ਖੇਤੀਬਾੜੀ ਵਿਚ ਜਿਹੜਾ ਸਾਡਾ ਸਲੋਗਨ ਹੈ, ਡਾਈਵਰਸਿਟੀ ਇਨ ਕਰਾਪਸ, ਉਸ ਵਾਸਤੇ ਪਾਣੀ ਦੀ ਬਹੁਤ ਮਾਤਰਾ ਚਾਹੀਦੀ ਹੈ। ਸਾਡੇ ਸ਼ੂਗਰ ਮਿਲਾਂ ਲਗੀਆਂ ਹਨ ਲੇਕਿਨ ਉਸ ਵਾਸਤੇ ਪਾਣੀ ਦੀ ਪੂਰੀ ਮਾਤਰਾ ਨਹੀਂ। ਕਿਉਂਕਿ ਗੰਨੇ ਦੀ ਜਿਹੜੀ ਫਸਲ ਹੈ, ਉਹ ਪਾਣੀ ਦੀ ਫਸਲ ਹੈ ਔਰ ਜਿੰਨਾ ਚਿਰ ਟੇਲ ਵਾਲੇ ਇਲਾਕੇ ਨੂੰ ਪਾਣੀ ਨਹੀਂ ਮਿਲਦਾ, ਗੰਨੇ ਦੀ ਫਸਲ ਨਹੀਂ ਹੋ ਸਕਦੀ। ਮੇਰੇ ਆਪਣੇ ਇਲਾਕੇ ਵਿਚ ਮਿੱਲ ਲਗੀ ਹੈ ਪਰ ਪਾਣੀ ਦੀ ਘਾਟ ਹੈ। ਇਸੇ ਤਰ੍ਹਾਂ ਸਾਰੇ ਪੰਜਾਬ ਵਿਚ ਜਿਹੜੇ ਜਿਹੜੇ ਏਰੀਆ ਵਿਚ ਟੇਲ ਪੈਂਦੇ ਹਨ, ਉਨ੍ਹਾਂ ਬਾਰੇ ਸਰਕਾਰ ਨੂੰ ਕੋਈ ਸਪੈਸ਼ਲ ਸਕੀਮ ਬਣਾ ਕੇ ਪਾਣੀ ਦੀ ਕਪੈਸਿਟੀ ਨੂੰ ਵਧਾਉਣਾ ਚਾਹੀਦਾ ਹੈ। ਸਰਕਾਰ ਨੂੰ ਇਹ ਐਗਜ਼ਾਮਿਨ ਕਰ ਲੈਣਾ ਚਾਹੀਦਾ ਹੈ ਕਿ ਹੋ ਸਕਦਾ ਹੈ ਕਿ 20 ਸਾਲ ਪਹਿਲੇ ਜੋ ਕਿਸੇ ਏਰੀਏ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਵਿਚ ਪਾਣੀ ਦਿਤਾ ਗਿਆ ਹੋਵੇ ਉਹ ਉਸ ਵੇਲੇ ਦੀ ਫਸਲ ਨੂੰ ਮੁੱਖ ਰਖਕੇ ਦਿੱਤਾ ਗਿਆ ਹੋਵੇ, ਪਰ ਹੁਣ 20 ਸਾਲ ਬਾਅਦ ਹਾਲਾਤ ਬਦਲ ਸਕਦੇ ਹਨ ਅੌਰ ਪਾਣੀ ਦੀ ਲੋੜ ਉਥੇ ਜ਼ਿਆਦਾ ਹੋ ਸਕਦੀ ਹੈ। ਇਸ ਕਰਕੇ ਬੇਨਤੀ ਹੈ ਕਿ ਇਹ ਵੀ ਠੀਕ ਤਰੀਕੇ ਨਾਲ ਐਗਜ਼ਾਮਿਨ ਕਰਕੇ ਟੇਲ ਵਾਲੇ ਇਲਾਕੇ ਨੂੰ ਪਾਣੀ ਪਹੁੰਚਾਉਣ ਚਾਹੀਦਾ ਹੈ। ਸੋ ਸਪੀਕਰ ਸਾਹਿਬ, ਆਖਿਰ ਵਿਚ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ ਅੌਰ ਮੈਂ ਇਸ ਮਤੇ ਦੀ ਆਪਣੇ ਗਰੁਪ ਵਲੋਂ ਸਪੋਰਟ ਕਰਦਾ ਹਾਂ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ (ਜ਼ੀਰਾ)**: ਸਪੀਕਰ ਸਾਹਿਬ ,ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਾਡਾ ਸੂਬਾ ਖੇਤੀ ਪ੍ਰਧਾਨ ਸੂਬਾ ਹੈ। ਇਸ ਲਈ ਇਸ ਦਾ ਵੱਧ ਤੋਂ ਵੱਧ ਰਕਬਾ ਸਿੰਚਾਈ ਥੱਲੇ ਆਉਣਾ ਚਾਹੀਦਾ ਹੈ। ਅਸੀਂ ਜਾਣਦੇ ਹਾਂ ਕਿ ਦਰਿਆਵਾਂ ਦਾ ਪਾਣੀ ਵੀ ਘਟਦਾ ਜਾ ਰਿਹਾ ਹੈ ਅੌਰ ਜਿਹੜੀਆਂ ਖੂਹੀਆਂ ਵੀ ਹਨ ਉਨ੍ਹਾਂ ਦਾ ਪਾਣੀ ਵੀ ਥੱਲੇ ਨੂੰ ਜਾ ਰਿਹਾ ਹੈ। 40-40 ਫੁੱਟ ਤੇ ਪਾਣੀ ਮਿਲਦਾ ਹੈ ਜਿਸ ਨਾਲ ਅਨੇਕਾਂ ਮੌਤਾਂ ਵੀ ਹੋ ਜਾਂਦੀਆਂ ਹਨ ਇਸ ਲਈ ਦਰਿਆਵਾਂ ਦੇ ਪਾਣੀ ਦੀ ਬਹੁਤ ਮਹੱਤਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਐਸ.ਵਾਈ.ਐਲ ਦੀ ਗੱਲ ਚਲਦੀ ਹੈ, ਇਸ ਲਈ ਸਾਡੀ ਪਾਰਟੀ ਅੌਰ ਹੋਰ ਸਭ ਪਾਰ-ਟੀਆਂ ਨੂੰ ਵੀ ਇਸ ਵਾਸਤੇ ਡਟ ਕੇ ਗਲ ਕਰਨੀ ਚਾਹੀਦੀ ਹੈ ਅੌਰ ਇਸ ਦਾ ਇਕ ਤੁਬਕਾ ਵੀ ਬਾਹਰ ਨਹੀਂ ਜਾਣ ਦੇਣਾ ਚਾਹੀਦਾ ਕਿਉਂਕਿ ਇਥੇ ਪਾਣੀ ਦੀ ਵੀ ਘਾਟ ਹੈ ਅੌਰ ਬਿਜਲੀ ਦੀ ਵੀ ਘਾਟ ਹੈ।

## EXTENSION OF TIME OF THE SITTING OF THE HOUSE

**ਸ੍ਰੀ ਸਪੀਕਰ**: ਜ਼ੀਰਾ ਸਾਹਿਬ, ਇਕ ਮਿੰਟ। ਜੇ ਹਾਊਸ ਦੀ ਮਨਜ਼ੂਰੀ ਹੋਵੇ, ਕਿਉਂਕਿ ਮੈਂਬਰ ਸਾਹਿਬਾਨ ਬੋਲਣਾ ਚਾਹੁੰਦੇ ਹਨ, ਤਾਂ 15 ਮਿੰਟ ਲਈ ਹਾਊਸ ਦਾ ਸਮਾਂ ਵਧਾ ਦਿੱਤਾ ਜਾਵੇ।

Is it the pleasure of the House that the time of the sitting of the House may be extended by 15 minutes ?

**Voices :** Yes, Yes.

**Mr. Speaker :** The time of the sitting of the House is extended by 15 minutes i.e. upto 7.15 P.M. Zira Ji, please carry on.

## RESOLUTION RE. BRINGING MORE AGRICULTURAL LAND UNDER IRRIGATION SYSTEM IN THE STATE (*Resumption*)

**ਸਰਦਾਰ ਇੰਦਰਜੀਤ ਸਿੰਘ ਜ਼ੀਰਾ**: ਸਪੀਕਰ ਸਾਹਿਬ, ਮੈਂ ਬਿਜਲੀ ਦੇ ਬਾਰੇ ਗੱਲ ਕਰ ਰਿਹਾ ਸੀ। ਇਸ ਵੇਲੇ ਜਿਨ੍ਹਾਂ ਨੂੰ ਕੁਨੈਕਸ਼ਨ ਲੈਣ ਵਾਸਤੇ ਅਪਲਾਈ ਕੀਤਿਆਂ 4-5 ਸਾਲ ਹੋ ਗਏ ਹਨ, ਉਨ੍ਹਾਂ ਨੂੰ ਵੀ ਕੁਨੈਕਸ਼ਨਾਂ ਨਹੀਂ ਮਿਲੇ। ਬਿਜਲੀ ਦੀ ਡਿਮਾਂਡ ਬਹੁਤ ਹੈ ਅੌਰ ਦਰਖਾਸਤਾਂ ਪੈਂਡਿੰਗ ਪਈਆਂ ਹਨ। ਇਸ ਦੇ ਇਲਾਵਾ ਮੈਂ ਇਕ ਗੱਲ ਵਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਦੋਂ ਦਰਖਾਸਤ ਦੇਣ ਤੋਂ ਬਾਅਦ ਟੈਸਟ ਰਿਪੋਰਟ ਦਿੱਤੀ ਜਾਂਦੀ ਹੈ ਤਾਂ ਉਸ ਵੇਲੇ ਜ਼ਿਮੀਦਾਰਾਂ ਨੂੰ ਮੋਟਰ ਵੀ ਲਾਉਣੀ ਪੈਂਦੀ ਹੈ ਅੌਰ ਕੋਠੀ ਵੀ ਪਾਉਣੀ ਪੈਂਦੀ ਹੈ ਪਰ ਉਸ ਤੋਂ ਬਾਅਦ ਦੋ ਦੋ ਸਾਲ ਤਕ ਉਸ ਜ਼ਿਮੀਂਦਾਰ ਨੂੰ ਕੁਨੈਕਸ਼ਨ ਨਹੀਂ ਮਿਲਦਾ। ਇਸ ਨਾਲ ਜ਼ਿਮੀਦਾਰਾਂ ਦਾ ਬਹੁਤ ਨੁਕਸਾਨ ਹੁੰਦਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਟੈਸਟ ਰਿਪੋਰਟ ਹੋਣ ਤੋਂ ਬਾਅਦ ਕੁਨੈਕਸ਼ਨ ਦੇਣ ਦਾ ਕੰਮ ਡੇਟ ਬਾਊਂਡ ਕਰਨਾ ਚਾਹੀਦਾ ਹੈ। ਜਦੋਂ ਵੀ ਟੈਸਟ ਰਿਪੋਰਟ ਆਵੇ ਉਸ ਦੇ ਦੋ ਮਹੀਨੇ ਦੇ

Original with;
Punjab Vidhan Sabha
Digitized by;
Panjab Digital Library

ਅੰਦਰ ਅੰਦਰ ਕੁਨੈਕਸ਼ਨ ਦੇ ਦੇਣਾ ਚਾਹੀਦਾ ਹੈ। ਕਿਉਂਕਿ ਜਦੋਂ ਵੱਧ ਤੋਂ ਵੱਧ ਏਰੀਆ ਸਿੰਚਾਈ ਥੱਲੇ ਆਵੇਗਾ, ਸਾਡਾ ਸੂਬਾ ਤਰੱਕੀ ਕਰੇਗਾ। ਇਸ ਲਈ ਜਿਹੜਾ ਇਹ ਅਨੰਦਪੁਰ ਦਾ ਮਤਾ ਇਸ ਵਿਚ ਪਾਣੀ ਦੀ ਹੀ ਗੱਲ ਕੀਤੀ ਗਈ ਹੈ। ਜਿਹੜੀ ਵੱਧ ਅਧਿਕਾਰਾਂ ਦੀ ਗੱਲ ਹੈ, ਉਹ ਪਾਣੀ ਦੇ ਨਾਲ ਹੀ ਤੁਅੱਲਕ ਰਖਦੀ ਹੈ। ਜੇ ਸਟੇਟ ਕੋਲ ਵੱਧ ਅਧਿਕਾਰ ਹੋਣਗੇ ਤਾਂ ਸਾਡੇ ਕੋਲ ਪਾਣੀ ਵੀ ਜ਼ਿਆਦਾ ਹੀ ਆਵੇਗਾ। ਜਿੰਨੀ ਦੇਰ ਤੱਕ ਵੱਧ ਅਧਿਕਾਰ ਨਹੀਂ ਮਿਲਦੇ ਉਤਨੀ ਦੇਰ ਤੱਕ ਸਾਡਾ ਸੂਬਾ ਖੁਸ਼ਹਾਲ ਨਹੀਂ ਹੋ ਸਕਦਾ। ਇਨ੍ਹਾਂ ਸਬਦਾਂ ਦੇ ਨਾਲ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ :

**ਕਾਮਰੇਡ ਬਲਦੇਵ ਸਿੰਘ ਬਲਮਗੜ੍ਹ (ਮਲੋਟ, ਐਸ.ਸੀ) :** ਸਪੀਕਰ ਸਾਹਿਬ, ਇਹ ਮਤਾ ਬੜਾ ਅਹਿਮ ਮਤਾ ਹੈ। ਸਾਰੇ ਹਿੰਦੁਸਤਾਨ ਦੇ ਵਿਚ ਪੰਜਾਬ ਹੀ ਕੇਵਲ ਐਸਾ ਸੂਬਾ ਹੈ, ਜਿਹੜਾ ਖੇਤੀਬਾੜੀ ਵਿਚ ਖੁਸ਼ਹਾਲ ਸੂਬਾ ਹੈ ਅਤੇ ਖੇਤੀ ਬਾੜੀ ਤੇ ਨਿਰਭਰ ਕਰਦਾ ਹੈ। ਜੇਕਰ ਅਸੀਂ ਹੋਰ ਵਾਧੂ ਰਕਬਾ ਸਿੰਚਾਈ ਦੇ ਥੱਲੇ ਨਹੀਂ ਲਿਆਂਦਾ ਅਤੇ ਹੋਰ ਵਾਧੂ ਪਾਣੀ ਨਾ ਦਿੱਤਾ ਤਾਂ ਸਾਡੀ ਖੇਤੀ ਪਹਿਲੇ ਨਾਲੋਂ ਪਿਛੜ ਜਾਵੇਗੀ। ਸਪੀਕਰ ਸਾਹਿਬ, ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਧਰਤੀ ਹੇਠਲੇ ਪਾਣੀ ਦਾ ਲੈਵਲ ਥੱਲੇ ਜਾ ਰਿਹਾ ਹੈ। ਜੇਕਰ ਹੋਰ ਰਕਬਾ ਸਿੰਚਾਈ ਥੱਲੇ ਲਿਆਉਣਾ ਹੈ, ਜਿਵੇਂ ਇਸ ਮਤੇ ਵਿਚ ਦਸਿਆ ਗਿਆ ਹੈ, ਫੇਰ ਸਾਨੂੰ ਹੋਰ ਸੋਰਸਿਜ਼ ਲੱਭਣੇ ਪੈਣਗੇ ਅਤੇ ਸਰਕਾਰ ਨੂੰ ਇਸ ਉਤੇ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ ਕਿ ਪਾਣੀ ਦਾ ਲੈਵਲ ਜਿਹੜਾ ਧਰਤੀ ਵਿਚ ਥੱਲ ਨੂੰ ਜਾ ਰਿਹਾ ਹੈ, ਇਸ ਨੂੰ ਉਪਰ ਕਿਸ ਤਰ੍ਹਾਂ ਲਿਆਂਦਾ ਜਾ ਸਕਦਾ ਹੈ। ਇਸੇ ਤਰ੍ਹਾ ਸਾਡਾ ਥੀਨ ਡੈਮ ਹੈ, ਇਸ ਦਾ ਬਹੁਤ ਸਾਰਾ ਪਾਣੀ ਵੇਸਟ ਚਲਾ ਜਾਂਦਾ ਹੈ। ਇਸ ਥੀਨ ਡੈਮ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਕੇ ਪਾਣੀ ਦੀ ਵੇਸਟੇਜ ਨੂੰ ਰੋਕਣਾ ਚਾਹੀਦਾ ਹੈ। ਇਸੇ ਤਰੀਕੇ ਨਾਲ ਸਾਡਾ ਪਾਣੀ ਰਾਵੀ ਦਰਿਆ ਦਾ ਪਾਕਿਸਤਾਨ ਵਿਚ ਜਾ ਰਿਹਾ ਹੈ। ਇਸ ਨੂੰ ਰੋਕਣ ਲਈ ਡੈਮ ਬਨਾਉਣਾ ਚਾਹੀਦਾ ਹੈ। ਇਸ ਦਰਿਆ ਉਤੇ ਬੰਨ ਲਗਾਉਣਾ ਚਾਹੀਦਾ ਹੈ । ਜਿਸ ਤਰ੍ਹਾਂ ਪਹਿਲੇ ਹਰੀਕੇ ਪੱਤਨ ਤੇ ਬੰਨ੍ਹ ਲਗਾ ਹੋਇਆ ਹੈ, ਇਸ੍ਹ ਤੋਂ ਅਗੇ ਹੋਰ ਬੰਧ ਲਗਾਇਆ ਜਾਵੇ। ਇਸ ਦੇ ਨਾਲ ਵੱਧ ਤੋਂ ਵੱਧ ਪਾਣੀ ਨੂੰ ਰੋਕਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਘੱਗਰ ਦਰਿਆ ਤੇ ਡੈਮ ਬਣਾ ਕੇ ਪਾਣੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਅਤੇ ਜਿਹੜਾ ਬਰਸਾਤ ਦਾ ਪਾਣੀ ਵੇਸਟ ਹੁੰਦਾ ਹੈ, ਉਸ ਨੂੰ ਮਹੀਨੇ 2 ਮਹੀਨੇ ਲਈ ਇਕੱਠਾ ਕਰਨ ਲਈ ਪਰੋਜੈਕਟ ਬਨਾਉਣਾ ਚਾਹੀਦਾ ਹੈ। ਇਸ ਉਤੇ ਬੰਨ ਬਣਾਇਆ ਜਾਣਾ ਚਾਹੀਦਾ ਹੈ ਔਰ ਇਸ ਪਾਣੀ ਦੀ ਧਰਤੀ ਵਿਚ ਸੀਪੇਜ਼ ਹੋਣ ਦੇਣੀ ਚਾਹੀਦੀ ਹੈ ਔਰ ਬਾਦ ਵਿਚ ਉਹ ਪਾਣੀ ਕੱਢ ਕੇ ਸਿੰਜਾਈ ਦੇ ਕੰਮ ਵਿਚ ਯੂਜ਼ ਕਰਨਾ ਚਾਹੀਦਾ ਹੈ। ਵਾਧੂ ਪਾਣੀ ਖੇਤੀ ਨੂੰ ਦੇਣ ਨਾਲ ਖੇਤੀ ਬਾੜੀ ਵਿਚ ਉੱਨਤੀ ਹੋਵੇਗੀ ਅਤੇ ਕਾਸ਼ਤਯੋਗ ਰਕਬਾ ਵਧੇਗਾ। ਇਸ ਕੰਮ ਲਈ ਸਾਨੂੰ ਬਿਜਲੀ ਦੀ ਲੋੜ ਪਵੇਗੀ : ਇਸ ਲਈ ਬਿਜਲੀ ਪੈਦਾ ਕਰਨ ਲਈ ਸਾਨੂੰ ਪਰੋਜੈਕਟ ਬਨਾਉਣੇ ਚਾਹੀਦੇ ਹਨ ਔਰ ਜਿਹੜੇ ਡੈਮਾਂ ਉਤੇ ਸਾਡੇ ਬਿਜਲੀ ਪੈਦਾ ਕਰਨ ਵਾਲੇ ਪਰੋਜੈਕਟਾਂ ਲਈ ਕੰਮ ਚਲ ਰਿਹਾ ਹੈ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮੁਕੰਮਲ ਕੀਤਾ ਜਾਵੇ। ਇਸ ਦੇ ਨਾਲ ਹੀ ਪੰਜਾਬ ਵਿਚ ਆਟੋਮੈਟਿਕ ਐਨਰਜੀ ਲਈ ਪਲਾਂਟ ਲਗਾਉਣਾ ਚਾਹੀਦਾ ਹੈ ਤਾਂ ਕਿ ਕਿਸਾਨਾਂ ਨੂੰ ਵੇਲੇ ਸਿਰ ਬਿਜਲੀ ਮਿਲ ਸਕੇ ਅਤੇ ਕਿਸਾਨਾਂ ਦਾ ਫਾਇਦਾ ਹੋ ਸਕੇ। ਸਰਕਾਰ ਕੋਲ ਪਿਛਲੇ 5-7 ਸਾਲਾਂ ਤੋਂ ਮੋਟਰਾਂ ਦੇ ਕਨੈਕਸ਼ਨਾਂ ਲਈ ਐਪਲੀਕੇਸ਼ਨਾਂ ਪੈਂਡਿੰਗ ਪਈਆਂ ਹਨ। ਇਨ੍ਹਾਂ ਨੂੰ ਜਲਦੀ ਤੋਂ ਜਲਦੀ ਨਿਪਟਾ ਦਿੱਤਾ ਜਾਵੇ । ਬਿਜਲੀ ਦੇ ਕੁਨੈਕਸ਼ਨ ਦੇਣ ਨਾਲ ਕਿਸਾਨ ਖੇਤਾਂ ਨੂੰ ਪਾਣੀ ਚੰਗੀ ਤਰ੍ਹਾਂ ਅਤੇ ਸਮੇਂ ਸਿਰ ਲਗਾ ਸਕਣਗੇ ਇਸੇ ਤਰ੍ਹਾਂ ਵੱਧ ਤੋਂ ਵੱਧ ਡੈਮ ਪੰਜਾਬ ਵਿਚ ਉਸਾਰੇ ਜਾਣ। ਮਲੋਟ, ਅਬੋਹਰ, ਲੰਬੀ, ਮੁਕਤਸਰ ਦੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਬਲਮਗੜ੍ਹ ]

ਇਲਾਕੇ ਟੇਲ ਤੇ ਹਨ, ਇਸ ਲਈ ਇਥੇ ਪਾਣੀ ਦੀ ਘਾਟ ਹੋਣ ਕਰਕੇ ਵਾਧੂ ਸਿੰਚਾਈ ਨਹੀਂ ਹੋ ਰਹੀ ਇਸ ਇਲਾਕੇ ਵਿਚ ਅਤੇ ਖਾਸ ਕਰਕੇ ਅਬੋਹਰ ਦੇ ਇਲਾਕੇ ਦੇ ਸੂਏ ਵੱਡੇ ਕੀਤੇ ਜਾਣ, ਅਤੇ ਬਰਮਾਂ ਨੂੰ ਪੱਕਾ ਕੀਤਾ ਜਾਵੇ ਦਰਿਆਵਾਂ ਤੇ ਬੰਨ੍ਹ ਲਗਾ ਕੇ ਕਿਸਾਨਾਂ ਨੂੰ ਵਾਧੂ ਪਾਣੀ ਦਿੱਤਾ ਜਾਵੇ ਅਤੇ ਹੋਰ ਵਾਧੂ ਰਕਬੇ ਨੂੰ ਸਿੰਚਾਈ ਦੇ ਥੱਲੇ ਲਿਆਂਦਾ ਜਾਵੇ। ਇਸ ਲਈ ਸਪੀਕਰ ਸਾਹਿਬ, ਜਿਹੜੇ ਸੁਝਾਅ ਮੈਂ ਸਰਕਾਰ ਨੂੰ ਦਿੱਤੇ ਹਨ ਉਸ ਦੇ ਨਾਲ ਸਿੰਚਾਈ ਹੋਰ ਰਕਬੇ ਤੇ ਕਰਨ ਵਿਚ ਮਦਦ ਮਿਲੇਗੀ ਅਤੇ ਖੇਤੀ ਬਾੜੀ ਵਿਚ ਵਾਧਾ ਹੋਵੇਗਾ। ਮੈਂ ਸਪੀਕਰ ਸਾਹਿਬ, ਇਸ ਮਤੇ ਦੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਇਸ ਨੂੰ ਪਾਸ ਕਰ ਦਿੱਤਾ ਜਾਵੇ। ਤੁਹਾਡਾ ਮੈਂ ਧੰਨਵਾਦੀ ਹਾਂ।

**ਸ੍ਰੀ ਵਿਜੈ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ) :** ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਸਮਾਂ ਦਿਤਾ ਹੈ। ਇਹ ਮਤਾ ਡਾਕਟਰ ਮਾਲਤੀ ਥਾਪਰ ਨੇ ਰਖਿਆ ਹੈ ਅਤੇ ਮੈਂ ਇਸ ਮਤੇ ਦੀ ਪਰਜ਼ੋਰ ਪਰੋੜਤਾ ਕਰਦਾ ਹਾਂ। ਮੈਂ, ਸਪੀਕਰ ਸਾਹਿਬ; ਸਮਝਦਾ ਹਾਂ ਕਿ ਪੰਜਾਬ ਜੋ ਇਕ ਕ੍ਰਿਸ਼ੀ ਪ੍ਰਧਾਨ ਸੂਬਾ ਹੈ, ਇਹ ਸਾਡੇ ਮੁਲਕ ਦਾ ਢਿੱਡ ਭਰਦਾ ਹੈ। ਕਿਸਾਨਾਂ ਲਈ ਬਿਜਲੀ ਅਤੇ ਪਾਣੀ ਦੀ ਬਹੁਤ ਲੋੜ ਹੈ। ਪਾਣੀ ਦਿਨ ਬ-ਦਿਨ ਠਾਂਹ ਨੂੰ ਜਾ ਰਿਹਾ ਹੈ। ਜਿਸ ਦੇ ਨਤੀਜੇ ਵਜੋਂ ਕਿਸਾਨ ਨੂੰ ਆਪਣੀ ਹਾੜ੍ਹੀ ਅਤੇ ਸਾਉਣੀ ਦੀ ਫਸਲ ਵੇਲੇ ਜੇ ਬਾਰਸ਼ ਨਾ ਪਵੇ ਤਾਂ ਪਾਣੀ ਡੂੰਘਾ ਹੋਣ ਕਾਰਨ ਆਪਣੀਆਂ ਮੋਟਰਾਂ ਡੂੰਘੀਆਂ ਕਰਨੀਆਂ ਪੈਂਦੀਆਂ ਹਨ। ਮੇਰਾ ਇਲਾਕਾ ਖਾਸ ਕਰ ਪੇਂਡੂ ਹੈ। ਅਸੀਂ ਪਿੰਡਾਂ ਵਿਚ ਇਹ ਹਾਲਾਤ ਦੇਖਦੇ ਹਾਂ। ਇਸ ਲਈ ਪਿੰਡਾਂ ਦੇ ਲੋਕਾਂ ਨੂੰ ਬਿਜਲੀ ਅਤੇ ਪਾਣੀ ਬਹੁਤ ਜ਼ਰੂਰੀ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਮੇਰੇ ਫਾਜ਼ਲ ਦੋਸਤ ਅਰਸ਼ੀ ਜੀ ਨੇ ਕਿਹਾ ਹੈ ਕਿ ਖਾਲੇ ਪਕੇ ਕੀਤੇ ਗਏ ਹਨ ਮਗਰ ਖਾਲੇ ਪੱਕੇ ਕਰਨ ਵਿਚ ਬਹੁਤ ਕਮੀਆਂ ਆਈਆ ਹਨ। ਸਬ-ਸਟੈਂਡਰਡ ਦਾ ਕੰਮ ਹਇਆ ਹੈ, ਉਥੇ ਸੀਮਿੰਟ ਨਹੀਂ ਲਗਿਆ ਔਰ ਉਹ ਟੁੱਟ ਚਕੇ ਹਨ। ਉਨ੍ਹਾਂ ਤੇ ਦੋਬਾਰਾ ਗੌਰ ਕਰਨੀ ਚਾਹੀਦੀ ਹੈ ਤਾਂ ਕਿ ਪਾਣੀ ਦੀ ਸੀਪੇਜ ਘਟੇ। ਕਿਸਾਨ ਲਈ ਪਾਣੀ ਹੀ ਜਾਨ ਹੈ। ਪਾਣੀ ਕਿਸਾਨਾਂ ਦੇ ਖੇਤਾ ਵਿਚ ਅਖੀਰ ਤਕ ਪਹੁੰਚੇ। ਐਸ.ਵਾਈ.ਐਲ. ਦੀ ਗੱਲ ਚਲਦੀ ਹੈ। ਸਾਡੇ ਪੰਜਾਬ ਵਿਚ ਜ਼ਮੀਨ ਵੀ ਘੱਟ ਰਹੀ ਹੈ ਤੇ ਪਾਣੀ ਦਾ ਲੈਵਲ ਥੱਲੇ ਜਾ ਰਿਹਾ ਹੈ। ਪੰਜਾਬ ਦੇ ਕਿਸਾਨਾਂ ਨੇ ਕਣਕ, ਝੋਨਾਂ ਪੈਦਾ ਕਰਕੇ ਪਾਕਿਸਤਾਨ ਨੂੰ ਨਹੀਂ ਦਿਤਾ ਔਰ ਨਾ ਹੀ ਅਫਗਾਨਿਸਤਾਨ ਨੂੰ ਦਿੱਤਾ ਹੈ। ਬਲਕਿ ਪੰਜਾਬ ਦੇ ਕਿਸਾਨ ਨੇ ਕੇਂਦਰੀ ਪੂਲ ਵਿਚ 60 ਫੀਸਦੀ ਤੋਂ ਵੱਧ ਹਿੱਸਾ ਪਾਇਆ ਹੈ। ਪੰਜਾਬ ਦਾ ਕਿਸਾਨ ਵੱਧ ਤੋਂ ਵੱਧ ਉਤਪਾਦਨ ਕਰ ਸਕਦਾ ਹੈ। ਸਪੀਕਰ ਸਾਹਿਬ, ਪੰਜਾਬ, ਹਰਿਆਣਾ ਅਤੇ ਰਾਜਿਸਥਾਨ ਤੋਂ ਵੀ ਵੱਧ ਅਨਾਜ ਪੈਦਾ ਕਰਦਾ ਹੈ। ਪੰਜਾਬ ਹਿੰਦੁਸਤਾਨ ਦਾ ਇਕ ਹਿੱਸਾ ਹੈ ਔਰ ਜੇਕਰ ਹਿੰਦੁਸਤਾਨ ਪੰਜਾਬ ਨੂੰ ਆਪਣਾ ਇਕ ਹਿੱਸਾ ਮੰਨਦਾ ਹੈ ਤਾਂ ਕੇਂਦਰੀ ਸਰਕਾਰ ਨੂੰ ਪੰਜਾਬ ਦੀ ਭੁੱਖ ਪਹਿਲਾਂ ਦੂਰ ਕਰਨੀ ਚਾਹੀਦੀ ਹੈ। ਪਾਣੀ ਲਈ ਇਸ ਪਵਿੱਤਰ ਸਦਨ ਵਿਚ ਇਹ ਜ਼ੋਰ ਦੇਣਾ ਚਾਹੀਦਾ ਹੈ ਕਿ ਐਸ.ਵਾਈ.ਐਲ.ਨੂੰ ਉਦੋਂ ਤਕ ਪਾਣੀ ਨਹੀਂ ਜਾਣਾ ਚਾਹੀਦਾ ਜਦ ਤਕ ਕਿ ਸਾਡੀ ਲੋੜ ਪੂਰੀ ਨਹੀਂ ਹੁੰਦੀ। ਸਪੀਕਰ ਸਾਹਿਬ, ਬਿਜਲੀ ਲਈ ਥਰਮਲ ਪਲਾਂਟ ਲਈ ਕੋਲਾ ਚਾਹੀਦਾ ਹੈ। ਹਾਈਡਰੋ ਸਿਸਟਮ, ਸੋਲਰ ਸਿਸਟਮ ਬਹੁਤ ਜ਼ਰੂਰੀ ਹਨ। ਪੰਜਾਬ ਸਰਕਾਰ ਨੂੰ ਇਸ ਪਾਸੇ ਤਵੱਜੋ ਦੇਣੀ ਚਾਹੀਦੀ. . . ।

**ਸ੍ਰੀ ਸਪੀਕਰ :** ਵਾਈਂਡ ਅੱਪ ਕਰੋ।

Original with;
Punjab Vidhan Sabha
Digitized by;
Panjab Digital Library

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਹਾਈਡਰੋ ਸਿਸਟਮ ਅਤੇ ਸੋਲਰ ਸਿਸਟਮ ਦੇ ਨਾਲ ਬਿਜਲੀ ਅਤੇ ਪਾਣੀ ਦੀ ਘਾਟ ਪੂਰੀ ਹੋ ਸਕਦੀ ਹੈ। ਪੰਜਾਬ ਦੇ ਕਿਸਾਨ ਨੂੰ ਇਸ ਦੇ ਨਾਲ ਬਿਜਲੀ ਹੋਰ ਮਿਲ ਸਕਦੀ ਹੈ। ਇਥੇ ਸਪੀਕਰ ਸਾਹਿਬ, ਪੰਜਾਬ ਵਿਚ ਅਟਾਮਿਕ ਪਾਵਰ ਪਲਾਂਟ ਲਗਾਇਆ ਜਾਵੇ ਤਾਂ ਕਿ ਸਾਡੀ ਬਿਜਲੀ ਦੀ ਘਾਟ ਪੂਰੀ ਹੋ ਸਕੇ। ਸਾਨੂੰ ਪਾਣੀ ਅਤੇ ਬਿਜਲੀ ਤੇ ਵੱਧ ਤੋਂ ਵੱਧ ਪੈਸਾ ਖਰਚ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਨਾਲ ਮੈਂ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਥੀਨ ਡੈਮ ਤੇ ਜੋ ਕੰਮ ਚਲਦਾ ਹੈ ਉਹ 2001 ਵਿਚ ਪੂਰਾ ਹੋਵੇਗਾ ਔਰ ਸਾਨੂੰ ਉਸ ਤੇ ਵਾਰ ਲੈਵਲ ਤੇ ਪੈਸਾ ਖਰਚ ਕਰਨਾ ਚਾਹੀਦਾ ਹੈ। ਜਿਹੜਾ ਸਾਡਾ ਪਾਣੀ ਪਾਕਿਸਤਾਨ ਨੂੰ ਜਾਂਦਾ ਹੈ, ਉਹ ਨਾ ਜਾਵੇ ਇਸ ਲਈ ਥੀਨ ਡੈਮ ਸਾਨੂੰ ਜਲਦੀ ਤੋਂ ਜਲਦੀ ਪੂਰਾ ਕਰਨਾ ਚਾਹੀਦਾ ਹੈ। ਇਸ ਦੇ ਨਾਲ ਸਾਨੂੰ ਪਾਣੀ ਅਤੇ ਬਿਜਲੀ ਮਿਲੇਗੀ। ਇਸ ਨਾਲ ਸਾਡੀ ਬਿਜਲੀ ਅਤੇ ਪਾਣੀ ਦੀ ਘਾਟ ਪੂਰੀ ਹੋ ਸਕੇਗੀ। ਸਪੀਕਰ ਸਾਹਿਬ, ਇਸ ਨਾਲ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਵੇਗਾ। ਪੰਜਾਬ ਖੁਸ਼ਹਾਲ ਹੋਵੇਗਾ।

**ਸ੍ਰੀ ਸਪੀਕਰ :** ਸਾਥੀ ਜੀ, ਵਾਈਂਡ ਅੱਪ ਕਰੋ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਬੱਸ ਮੈਂ ਇੱਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਮੰਤਰੀ ਜੀ, ਕਿਸਾਨਾਂ ਦੀ ਜੋ ਮੰਗ ਹੈ ਕਿ ਬਿਜਲੀ ਦੇ ਕੁਨੈਕਸ਼ਨ 5 ਹਾਰਸ ਪਾਵਰ ਅਤੇ 10 ਹਾਰਸ ਪਾਵਰ ਦੇ ਦਿਤੇ ਜਾਣ, ਉਨ੍ਹਾਂ ਦੀ ਇਹ ਮੰਗ ਪੂਰੀ ਕੀਤੀ ਜਾਵੇ। ਸਪੀਕਰ ਸਾਹਿਬ, ਮੈਂ ਪੁਰਜ਼ੋਰ ਸ਼ਬਦਾਂ ਵਿਚ ਇਸ ਮਤੇ ਦਾ ਸਮਰਥਨ ਕਰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ।

**ਸ੍ਰੀ ਹੰਸ ਰਾਜ ਜੋਸਨ (ਜਲਾਲਾਬਾਦ) :** ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਉਸ ਮਤੇ ਤੇ ਜਿਹੜਾ ਡਾਕਟਰ ਮਾਲਤੀ ਥਾਪਰ ਨੇ ਹਾਊਸ ਵਿਚ ਲਿਆਂਦਾ ਹੈ, ਬੋਲਣ ਦਾ ਮੌਕਾ ਦਿੱਤਾ ਹੈ।

**ਸ੍ਰੀ ਸਪੀਕਰ :** ਜੋਸਨ ਜੀ, ਤੁਹਾਡੇ ਕੋਲ ਸਿਰਫ 4 ਮਿੰਟ ਹਨ।

**ਸ੍ਰੀ ਹੰਸ ਰਾਜ ਜੋਸ਼ਨ :** ਮੈਂ, ਸਪੀਕਰ ਸਾਹਿਬ, ਉਸ ਮਤੇ ਨੂੰ ਪਾਸ ਕਰਾਉਣ ਵਾਸਤੇ, ਉਸਦੀ ਹਮਾਇਤ ਕਰਨ ਲਈ ਖੜਾ ਹੋਇਆ ਹਾਂ। ਸਪੀਕਰ ਸਾਹਿਬ, ਪੰਜਾਬ ਭਾਰਤ ਦਾ ਇਕ ਖੇਤੀ ਪ੍ਰਧਾਨ ਸੂਬਾ ਹੈ ਔਰ ਏਥੇ ਪਾਣੀ ਔਰ ਬਿਜਲੀ ਦੀ ਬੜੀ ਮਹੱਤਤਾ ਹੈ ਕਿਉਂਕਿ ਪੰਜਾਬ ਸੈਂਟਰ ਦੇ ਫੂਡ ਭੰਡਾਰ ਵਿੱਚ 75 ਪ੍ਰਤੀਸ਼ਤ ਹਿੱਸਾ ਪਾਉਂਦਾ ਹੈ ਪਰ ਉਸਦੀ ਇਰੀਗੇਸ਼ਨ ਦੀ ਪਾਵਰ ਦਿਨੋ ਦਿਨ ਘਟਦੀ ਜਾ ਰਹੀ ਹੈ। ਇਥੇ ਪਾਣੀ ਦਾ ਲੈਵਲ ਦਿਨੋ-ਦਿਨ ਨੀਚੇ ਜਾ ਰਿਹਾ ਹੈ। ਜਿਥੇ ਅੱਗੇ 10 ਫੁੱਟ ਟੋਆ ਖੋਦਣ ਤੇ ਪਾਣੀ ਨਿਕਲ ਆਉਂਦਾ ਸੀ, ਉਸ ਜਗਾ ਤੇ ਹੁਣ 40 ਫੁਟ ਦਾ ਟੋਆ ਖੋਦਣ ਤੇ ਵੀ ਪਾਣੀ ਨਹੀਂ ਮਿਲਦਾ। ਇਸ ਲਈ ਨੈਚੁਰਲ ਵਾਟਰ ਨੂੰ ਅਹਿਮੀਅਤ ਦੇਣੀ ਚਾਹੀਦੀ ਹੈ। ਜਿਹੜਾ ਦਰਿਆਵਾਂ ਦਾ ਪਾਣੀ ਹੈ, ਉਸਨੂੰ ਸੰਭਾਲ ਕੇ ਵਰਤਣਾ ਚਾਹੀਦਾ ਹੈ ਅਤੇ ਉਸਦੀ ਮੈਕਸੀਮਮ ਯੁਟੇਲਾਈਜ਼ੇਸ਼ਨ ਕਰਨੀ ਚਾਹੀਦੀ ਹੈ। ਸਰਕਾਰ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਇਸਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਪੰਜਾਬ ਵਿੱਚ ਪਹਿਲਾਂ ਬਹੁਤ ਕੱਚੀਆਂ ਨਹਿਰਾਂ ਸਨ। ਸਾਡੀ ਗੌਰਮਿੰਟ ਉਨ੍ਹਾਂ ਨਹਿਰਾਂ ਨੂੰ ਪੱਕੀਆਂ ਬਣਾਉਣ ਜਾ ਰਹੀ ਹੈ। ਫਿਰੋਜ਼ਪੁਰ ਈਸਟਰਨ ਰੀਜਨ ਦੀ ਨਹਿਰ ਨੂੰ ਪੱਕਾ ਕਰਾਉਣ ਦਾ ਕੰਮ ਇਰੀਗੇਸ਼ਨ ਮਨਿਸਟਰ ਨੇ ਸ਼ੁਰੂ ਕਰ ਦਿੱਤਾ ਸੀ ਕਿਉਂਕਿ ਜ਼ਿਮੀਦਾਰਾਂ ਨੂੰ ਟੇਲਾਂ ਤੇ ਪਾਣੀ ਨਹੀਂ ਜਾਂਦਾ ਸੀ। ਇਸ ਨੂੰ ਪੱਕਾ ਕਰਨ ਨਾਲ, ਸਪੀਕਰ ਸਾਹਿਬ, ਕੱਲਰ ਵਾਲਾ ਰਕਬਾ ਵੀ ਆਬਾਦ ਹੋ ਜਾਵੇਗਾ। ਮੈਂ ਇਰੀਗੇਸ਼ਨ ਐਂਡ ਪਾਵਰ ਮਨਿਸਟਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਹੰਸ ਰਾਜ ਜੋਸ਼ਨ]

ਨੂੰ ਬੇਨਤੀ ਕਰਾਂਗਾ ਕਿ ਜਿਨ੍ਹਾਂ ਇਲਾਕਿਆਂ ਵਿੱਚ ਟੇਲਾਂ ਤੇ ਪਾਣੀ ਨਹੀਂ ਜਾਂਦਾ, ਉਨ੍ਹਾਂ ਇਲਾਕਿਆਂ ਦੀਆਂ ਨਹਿਰਾਂ ਨੂੰ ਪੱਕੀਆਂ ਕਰਾਉਣ ਦੇ ਨਾਲ ਨਾਲ ਨਹਿਰਾਂ ਦੀ ਸਫਾਈ ਵੀ ਕਰਾਉਣੀ ਚਾਹੀਦੀ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਾਂਗਾ ਕਿ ਜਿਥੇ ਨਹਿਰਾਂ ਪੱਕੀਆਂ ਕਰਾ ਦਿੱਤੀਆਂ ਗਈਆਂ ਹਨ, ਉਸਦੇ ਨਾਲ ਖਾਲਿਆਂ ਨੂੰ ਵੀ ਪੱਕਾ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਏਰੀਆ ਇਰੀਗੇਸ਼ਨ ਦੀ ਕਮਾਂਡ ਵਿੱਚ ਆ ਸਕੇ। ਇਸ ਦੇ ਨਾਲ ਹੀ ਮੈਂ ਥੋੜ੍ਹਾ ਜਿਹਾ ਬਿਜਲੀ ਬਾਰੇ ਵੀ ਕਹਾਂਗਾ।

**ਸ੍ਰੀ ਸਪੀਕਰ :** ਜੋਸ਼ਨ ਜੀ, ਵਾਈਂਡ ਅੱਪ ਕਰੋ।

**ਸ੍ਰੀ ਹੰਸ ਰਾਜ ਜੋਸ਼ਨ :** ਸਪੀਕਰ ਸਾਹਿਬ, ਪੰਜਾਬ ਵਿੱਚ ਇਸ ਟਾਈਮ ਬਹੁਤ ਜ਼ਿਆਦਾ ਐਪਲੀਕੇਸ਼ਨਾਂ ਬਿਜਲੀ ਦੇ ਕਨੈਕਸ਼ਨਾਂ ਲੈਣ ਲਈ ਪਈਆਂ ਹਨ। ਮੈਂ ਇਰੀਗੇਸ਼ਨ ਐਂਡ ਪਾਵਰ ਮਨਿਸਟਰ ਨੂੰ ਬੇਨਤੀ ਕਰਾਂਗਾ ਕਿ ਕੋਈ ਇਹੋ ਜਿਹੇ ਵਸੀਲੇ ਪੈਦਾ ਕੀਤੇ ਜਾਣ ਅਤੇ ਉਨ੍ਹਾਂ ਲੋਕਾਂ ਦੀਆਂ ਐਪਲੀਕੇਸ਼ਨਾਂ ਤੇ ਗੌਰ ਕੀਤਾ ਜਾਵੇ ਉਨ੍ਹਾਂ ਨੂੰ ਬਿਜਲੀ ਦੇ ਕੁਨੈਕਸ਼ਨ ਦਿੱਤੇ ਜਾਣ ਤਾਂ ਜੋ ਵੱਧ ਤੋਂ ਵੱਧ ਏਰੀਆ ਇਰੀਗੇਸ਼ਨ ਦੀ ਕਮਾਂਡ ਥੱਲੇ ਲਿਆਂਦਾ ਜਾਵੇ। ਇਸਦੇ ਨਾਲ ਹੀ ਮੈਂ ਸਰਕਾਰ ਨੂੰ ਅਰਜ਼ ਕਰਦਾ ਹਾਂ ਕਿ ਜਿਹੜਾ ਸਤਲੁਜ ਦਰਿਆ ਨੂੰ ਸਾਫ ਕਰਨ ਦਾ ਕੰਮ ਚਾਲੂ ਕੀਤਾ ਹੈ, ਉਸਦੇ ਤਹਿਤ ਜਿਹੜਾ ਪਾਣੀ ਟੋਏ ਦੇ ਰੂਪ ਵਿੱਚ ਖੜਾ ਹੋ ਜਾਂਦਾ ਹੈ, ਉਹ ਵੀ ਜ਼ਮੀਨਾਂ ਦੀ ਕਾਸ਼ਤ ਲਈ ਯੂਜ਼ ਹੋ ਸਕਦਾ ਹੈ ਇਸਦੇ ਨਾਲ ਹੀ ਜਿਹੜਾ ਮਤਾ ਡਾਕਟਰ ਮਾਲਤੀ ਥਾਪਰ ਨੇ ਲਿਆਂਦਾ ਹੈ, ਮੈਂ ਉਸਦੀ ਪਰੋੜਤਾ ਕਰਦਾ ਹਾਂ; ਧੰਨਵਾਦ।

**ਕਾਮਰੇਡ ਤਰਸੇਮ ਜੋਧਾਂ** (ਕਿਲਾ ਰਾਏਪੁਰ): ਮਾਨਯੋਗ ਸਪੀਕਰ ਸਾਹਿਬ, ਜੋ ਮਤਾ ਏਥੇ ਡਾਕਟਰ ਮਾਲਤੀ ਥਾਪਰ ਜੀ ਨੇ ਪੇਸ਼ ਕੀਤਾ ਹੈ, ਮੈਂ ਉਸਦੀ ਪੁਰਜ਼ੋਰ ਪਰੋੜਤਾ ਕਰਦਾ ਹਾਂ। ਇਸ ਸਬੰਧ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੰਡੀ ਕਨਾਲ ਨਹਿਰ ਨੂੰ ਵਾਰ ਫੁਟਿੰਗ ਤੇ ਬਣਾਉਣਾ ਚਾਹੀਦਾ ਹੈ। ਪਰ ਉਸ ਦੇ ਲਈ ਜਿਹੜਾ 9 ਕਿਲੋਮੀਟਰ ਬਣਾਉਣ ਲਈ ਪੈਸਾ ਰਖਿਆ ਹੈ, ਉਹ ਘੱਟ ਰਖਿਆ ਗਿਆ ਹੈ। ਉਸ ਨਾਲ ਤਾਂ ਇਹ ਕਨਾਲ 21 ਵੀਂ ਸਦੀ ਤੱਕ ਵੀ ਨਹੀਂ ਬਣ ਸਕਦੀ। ਬਾਕੀ ਜਿਹੜਾ ਥੀਨ ਡੈਮ ਬਣਾਉਣ ਵਾਸਤੇ 220 ਕਰੋੜ ਰੁਪਿਆ ਰਖਿਆ ਹੈ, ਉਸ ਨਾਲ ਤਾਂ ਮੁਲਾਜ਼ਮਾਂ ਦੀਆਂ ਤਨਖਾਹਾਂ ਹੀ ਦਿੱਤੀਆਂ ਜਾ ਸਕਣਗੀਆਂ। ਉਥੋਂ ਕੁਰੱਪਸ਼ਨ ਨੂੰ ਹਟਾਇਆ ਜਾਵੇ ਅਤੇ ਜਿਹੜਾ ਉਥੇ ਅਨ-ਪਲਾਨਡ ਤਰੀਕੇ ਨਾਲ ਕੰਮ ਚਲ ਰਿਹਾ ਹੈ, ਉਸਤੇ ਰੋਕ ਲਾਈ ਜਾਵੇ। ਖਰੜ ਦਾ ਇਲਾਕਾ ਵੀ ਖੁਸ਼ਕ ਅਤੇ ਬੇਰਾਨੀ ਇਲਾਕਾ ਹੈ। ਰਾਜਪੁਰਾ ਇਲਾਕੇ ਬਾਰੇ ਵੀ ਜਿਹੜਾ ਨਰਵਾਣਾ ਬਰਾਂਚ ਵਿਚੋਂ ਪਾਣੀ ਹਰਿਆਣਾ ਵਿੱਚ ਜਾ ਰਿਹਾ ਹੈ, ਉਸ ਵੱਲ ਧਿਆਨ ਦਿੱਤਾ ਜਾਵੇ। ਇਸੇ ਢੰਗ ਨਾਲ ਖਾਲ੍ਹੇ ਪੱਕੇ ਕੀਤੇ ਜਾਣ ਅਤੇ ਪਾਣੀ ਦੀ ਵੇਸਟੇਜ ਰੋਕਣ ਵਾਸਤੇ ਸਿਲਟ ਨੂੰ ਹਟਾਉਣ ਦਾ ਵੀ ਸਰਕਾਰ ਪ੍ਰਬੰਧ ਕਰੇ। ਦਰਿਆਵਾਂ ਦੇ ਪਾਣੀ ਦੀ ਸੰਭਾਲ ਕੀਤੀ ਜਾਵੇ ਅਤੇ ਇਸਦੇ ਨਾਲ ਹੀ ਬਿਜਲੀ ਦੀ ਚੋਰੀ ਨੂੰ ਰੋਕਣ ਵਾਸਤੇ ਸਰਕਾਰ ਕਦਮ ਚੁਕੇ ...... ।

**Mr. Speaker :** The House stands adjourned till 9.00 A.M. on Friday, the 19th March, 1993.

*7.15 P.M.

(*The Sabha then adjourned* till* 9.00 *A.M on Friday, the* 19th *March,* 1993.)

6820/P.V.S. Govt. Press, U.T., Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

(C) 1993

Published under the authority of the Punjab Vidhan Sabha and Printed by the Controller, Ptg. & Staty. Deptt., (U.T.), Chd.

riginal with;
unjab Vidhan Sabha
igitized by;
Panjab Digital Library

18

# Punjab Vidhan Sabha Debates

*19th March, 1993*

**Vol. IV-No. 18**

OFFICIAL REPORT

CONTENTS

*Friday, the 19th March, 1993*


| | Page |
|---|---|
| Starred Questions and Answers .. | (18) 1 |
| Unstarred Questions and Answers .. | (18) 30 |
| Walk Outs .. | (18) 32 |
| Presentation of Third Report of the Business Advisory Committee .. | (18) 32 |
| Presentation of Reports of the Committees .. | (18)33 |
| **Financial Business** | |
| The Punjab Appropriation (No. 2) Bill, 1993 .. | (18) 34 |
| Appendix ... | i |



**Punjab Vidhan Sabha Secretariat, Chandigarh.**

**Price: Rs.**



Original with;
Punjab Vidhan Sabha
Digitized by;
Panjab Digital Library

*The Vi*
*Sector 1, C*
*Ajnala) in*

*964. ਡ
ਠੀਕ ਹੈ ਕਿ ਪੰਜ
ਮਿਤੀ 27 ਨਵੰਬਰ
ਉਨ੍ਹਾਂ ਸੁਪਰਵਾਈਜ਼
ਬਾਲਗ ਸਿਖਿਆ
ਅਜਿਹਾ ਹੋਵੇ, ਤਾਂ
ਸਮਾ ਲਿਆ ਗਿਆ

**ਸ਼੍ਰੀ ਹਰਨਾ**
ਕੋਰਟ ਨੇ
ਉਪਰੰਤ ਹਾਈ ਕੋ

**ਡਾਕਟਰ ਰਮੇ**
ਕਿ ਸਰਕਾਰ ਨੇ ਕਿ
ਹੋਇਆ ਹੈ ?

**ਮੰਤਰੀ** : ਤ
ਮੇਰੇ ਕੋਲ ਤਾਰੀਕ

**ਸ਼੍ਰੀ ਸਪੀਕਰ**
ਹੈ ਅਤੇ ਹਾਈ ਕੋਰ

**ਡਾਕਟਰ ਰਮੇ**
ਜਿਹੜੀ ਗੱਲ ਇਨ੍ਹਾਂ ਨੇ
ਦੂਸਰੀ ਗੱਲ, ਸਪੀਕ
ਕੁੜੀਆਂ ਨੇ ਇਸ ਵਿ
ਵਿਚ ਉਨ੍ਹਾਂ ਨੂੰ ਇੰਟ
ਚਾਹੁੰਦਾ ਹਾਂ ਕਿ ਹਿਊ
ਨੂੰ ਸੂਟੇਬਲ ਪੋਸਟਾਂ

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Friday, the 19th March, 1993*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9·00 A.M. Mr. Speaker (Sardar Harcharn Singh Ajnala) in the Chair.*

## STARRED QUESTIONS AND ANSWERS

### ਬਾਲਗ ਸਿਖਿਆ ਸੁਪਰਵਾਈਜ਼ਰਾਂ ਨੂੰ ਸਮਾਉਣਾ

*964. **ਡਾਕਟਰ ਰਮੇਸ਼ ਦੱਤ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 1991 ਦੀ ਸਿਵਲ ਰਿਟ ਪੈਟੀਸ਼ਨ ਨੰ: 4495 ਤੇ ਮਿਤੀ 27 ਨਵੰਬਰ, 1991 ਦੇ ਆਪਣੇ ਫੈਸਲੇ ਦੁਆਰਾ ਰਾਜ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਉਹ ਉਨ੍ਹਾਂ ਸੁਪਰਵਾਈਜ਼ਰਾਂ ਜਿਨ੍ਹਾਂ ਨੇ 6 ਜੂਨ, 1986 ਤੋਂ 30 ਮਈ, 1988 ਦੇ ਅਰਸੇ ਦੇ ਦੌਰਾਨ ਰਾਜ ਵਿਚ ਬਾਲਗ ਸਿਖਿਆ ਕੇਂਦਰਾਂ ਵਿਚ ਕੰਮ ਕੀਤਾ ਸੀ, ਨੂੰ ਮੁਨਾਸਬ ਨੌਕਰੀਆਂ ਤੇ ਲਗਾਇਆ ਜਾਵੇ, ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਸੁਪਰਵਾਈਜ਼ਰਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਹੁਣ ਤਕ ਸਮਾ ਲਿਆ ਗਿਆ ਹੈ ਅਤੇ ਉਨ੍ਹਾਂ ਦੀਆਂ ਨਿਯੁਕਤੀਆਂ ਦੀਆਂ ਤਰੀਕਾਂ ਕੀ ਕੀ ਹਨ ?

**ਸ੍ਰੀ ਹਰਨਾਮ ਦਾਸ ਜੌਹਰ** : ਹਾਂ ਜੀ ।

ਕੋਰਟ ਨੇ ਹਦਾਇਤਾਂ ਕਰ ਦਿੱਤੀਆਂ ਸਨ ਪਰੰਤੂ ਬਾਅਦ ਵਿੱਚ ਸਰਕਾਰ ਵੱਲੋਂ ਅਪੀਲ ਕਰਨ ਉਪਰੰਤ ਹਾਈ ਕੋਰਟ ਨੇ ਸਟੇਅ ਦੇ ਦਿੱਤੀ ਸੀ। ਮੈਟਰ ਸਬਜੂਡਿਸ ਹੈ।

**ਡਾਕਟਰ ਰਮੇਸ਼ ਦੱਤ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਕਿਹੜੀ ਤਰੀਕ ਨੂੰ ਅਪੀਲ ਪਾਈ ਹੈ ਅਤੇ ਕਿਹੜੀ ਤਰੀਕ ਨੂੰ ਸਟੇਅ ਆਰਡਰ ਹੋਇਆ ਹੈ ?

**ਮੰਤਰੀ** : ਤਰੀਕ ਤਾਂ ਜੀ ਇਹ ਵੱਖਰੇ ਤੌਰ ਤੇ ਪੁੱਛ ਲੈਣ, ਮੈਂ ਦੱਸ ਦਿਆਂਗਾ। ਇਸ ਵੇਲੇ ਮੇਰੇ ਕੋਲ ਤਾਰੀਕ ਨਹੀਂ ਹੈ।

**ਸ੍ਰੀ ਸਪੀਕਰ** : ਡਾਕਟਰ ਰਮੇਸ਼ ਦੱਤ ਜੀ, ਮੰਤਰੀ ਜੀ ਨੇ ਦੱਸ ਦਿੱਤਾ ਹੈ ਕਿ ਇਹ ਸਬਜੂਡਿਸ ਮੈਟਰ ਹੈ ਅਤੇ ਹਾਈ ਕੋਰਟ ਨੇ ਇਸ ਵਿਚ ਸਟੇਅ ਦਿੱਤਾ ਹੋਇਆ ਹੈ।

**ਡਾਕਟਰ ਰਮੇਸ਼ ਦੱਤ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਗੱਲ ਇਨ੍ਹਾਂ ਨੇ ਦਸੀ ਹੈ, ਉਹ ਹੈ ਵੀ ਜਾਂ ਨਹੀਂ ਕਿਉਂਕਿ ਮੇਰੀ ਇਨਫਰਮੇਸ਼ਨ ਕੋਈ ਹੋਰ ਹੈ। ਦੂਸਰੀ ਗੱਲ, ਸਪੀਕਰ ਸਾਹਿਬ. ਇਹ ਹੈ ਕਿ ਇਹ ਨੈਸ਼ਨਲ ਸਕੀਮ ਹੈ ਅਤੇ 5–5, 6–6, 7–7 ਸਾਲ ਕੁੜੀਆਂ ਨੇ ਇਸ ਵਿਚ ਕੰਮ ਕੀਤਾ ਹੈ। ਉਹ ਕੁੜੀਆਂ ਓਵਰਏਜ ਹੋ ਰਹੀਆਂ ਹਨ। ਪਿਛਲੀ ਕਮੇਟੀ ਵਿਚ ਉਨ੍ਹਾਂ ਨੂੰ ਇੰਟਰਵਿਊ ਵਾਸਤੇ ਵੀ ਬੁਲਾਇਆ ਗਿਆ ਸੀ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹਿਊਮਨ ਗਰਾਊਂਡਜ਼ ਤੇ ਅਤੇ ਨੈਸ਼ਨਲ ਇੰਟਰੱਸਟ ਨੂੰ ਵੇਖਦੇ ਹੋਏ ਕੀ ਸਰਕਾਰ ਉਨ੍ਹਾਂ ਨੂੰ ਸੂਟੇਬਲ ਪੋਸਟਾਂ ਤੇ ਲਾਉਣ ਦਾ ਵਿਚਾਰ ਕਰੇਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸੌਰੀ, ਸਰ, ਲਾਈਟ ਘੱਟ ਹੋਣ ਕਰਕੇ ਠੀਕ ਤਰ੍ਹਾਂ ਨਜ਼ਰ ਨਹੀਂ ਸੀ ਆ ਰਿਹਾ। ਜਿਹੜਾ ਇਨ੍ਹਾਂ ਨੇ ਸਟੇਅ ਬਾਰੇ ਪੁੱਛਿਆ ਹੈ, ਇਹ ਸਟੇਅ ਮਿਤੀ 24 ਫਰਵਰੀ, 1992 ਨੂੰ ਮਿਲਿਆ ਹੈ ਅਤੇ ਜਿੱਥੋਂ ਤੱਕ ਉਨ੍ਹਾਂ ਸੁਪਰਵਾਈਜ਼ਰਾਂ ਦਾ ਸਵਾਲ ਹੈ ਜਿਹੜੇ ਕਿ ਅਡੱਲਟ ਐਜੂਕੇਸ਼ਨ ਨੂੰ ਸੁਪਰਵਾਈਜ਼ ਕਰ ਰਹੇ ਸੀ, ਉਨ੍ਹਾਂ ਦੀ ਕੁਆਲੀਫਿਕੇਸ਼ਨਜ਼ ਡਿਫਰੈਂਟ ਕਿਸਮ ਦੀਆਂ ਸਨ। ਉਨ੍ਹਾਂ ਨੂੰ ਡਿਪਾਰਟਮੈਂਟਲ ਸਿਲੈਕਸ਼ਨ ਕਮੇਟੀਆਂ ਦੇ ਸਾਹਮਣੇ ਚਾਂਸ ਦਿੱਤਾ ਗਿਆ ਸੀ ਅਤੇ ਜਿਹੜੇ ਅਡਜਸਟ ਹੋ ਸਕੇ, ਉਹ ਸਾਰੇ ਐਡਜਸਟ ਕਰ ਲਏ ਸਨ। ਜਿਹੜੇ ਨਹੀਂ ਹੋ ਸਕੇ ਸਨ, ਉਨ੍ਹਾਂ ਨੇ ਪਟੀਸ਼ਨ ਫਾਈਲ ਕਰ ਦਿੱਤੀ ਸੀ। ਕੋਰਟ ਨੇ ਜਿਹੜੀਆਂ ਹਦਾਇਤਾਂ ਦਿੱਤੀਆਂ, ਉਸ ਦੇ ਵਿਰੁਧ ਅਸੀਂ ਅਪੀਲ ਕੀਤੀ ਔਰ ਉਸ ਤੇ ਸਾਨੂੰ ਸਟੇਅ ਮਿਲਿਆ ਹੋਇਆ ਹੈ। ਅਗਰ ਕੋਈ ਸੂਟੇਬਲ ਕੈਂਡੀਡੇਟ ਹੋਣਗੇ ਤਾਂ ਉਨ੍ਹਾਂ ਤੇ ਅਸੀਂ ਹਰ ਹਾਲਤ ਵਿਚ ਵਿਚਾਰ ਕਰ ਲਵਾਂਗੇ।

**ਸ੍ਰੀ ਮਦਨ ਮੋਹਨ ਮਿੱਤਲ**: ਸਪੀਕਰ ਸਾਹਿਬ, ਜਿਹੜਾ ਪ੍ਰਸ਼ਨ ਹੈ, ਉਹ ਇਹ ਹੈ ਕਿ ਜਿਨ੍ਹਾਂ ਦੀ ਗੌਰਮਿੰਟ ਸਰਵਿਸ ਵਾਸਤੇ ਏਜ ਐਕਸਪਾਇਰ ਹੋ ਰਹੀ ਹੈ, ਕੀ ਉਨ੍ਹਾਂ ਨੂੰ ਏਜ ਦਾ ਬੈਨੀਫਿਟ ਦਿੱਤਾ ਜਾਵੇਗਾ? ਕਿਉਂਕਿ ਕੇਸ ਹਾਈ ਕੋਰਟ ਵਿਚ ਪੈਂਡਿੰਗ ਹੈ, ਸਟੇਅ ਨੇ ਉਪਰੇਟ ਕਰਨਾ ਹੈ, ਅਪੀਲ ਪੈਂਡਿੰਗ ਹੈ ਅਤੇ ਇਸ ਦੌਰਾਨ ਜਿਨ੍ਹਾਂ ਦੀ ਏਜ ਐਕਸਪਾਇਰ ਹੋ ਜਾਵੇਗੀ, ਕੀ ਉਨ੍ਹਾਂ ਨੂੰ ਇਸ ਗੱਲ ਦਾ ਬੈਨੀਫਿਟ ਦਿੱਤਾ ਜਾਵੇਗਾ? ਕੀ ਮੰਤਰੀ ਜੀ ਏਜ ਦਾ ਇਹ ਬੈਨੀਫਿਟ ਦੇਣ ਦਾ ਭਰੋਸਾ ਦਿਵਾਉਣਗੇ?

**ਮੰਤਰੀ**: ਸਪੀਕਰ ਸਾਹਿਬ, ਜਿਹੜਾ ਕੋਈ ਕੇਸ ਕੋਰਟ ਦੇ ਕੋਲ ਹੋਵੇ, ਉਸ ਤੇ ਕੋਈ ਉਪੀਨੀਅਨ ਨਹੀਂ ਦਿੱਤੀ ਜਾ ਸਕਦੀ। ਜੋ ਵੀ ਡਾਇਰੈਕਸ਼ਨ ਕੋਰਟ ਵਲੋਂ ਦਿੱਤੀ ਜਾਵੇਗੀ, ਉਸ ਦੇ ਮੁਤਾਬਿਕ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

**Shri Madan Mohan Mittal** : Excuse me, Sir, I may put my Question again. The matter is pending before the High Court or the Supreme Court and there is a stay. ਕੱਲ੍ਹ ਨੂੰ ਅਗਰ ਸਰਕਾਰ ਦੀ ਅਪੀਲ ਡਿਸਮਿਸ ਹੋ ਗਈ ਤਾਂ ਕੀ ਸਰਕਾਰ ਇਸ ਗੱਲ ਦਾ ਖਿਆਲ ਰੱਖੇਗੀ ਕਿ ਜਿਨ੍ਹਾਂ ਦੀ ਏਜ ਖਤਮ ਹੋ ਗਈ ਹੈ, ਉਨ੍ਹਾਂ ਨੂੰ ਇਹ ਏਜ ਦਾ ਬੈਨੀਫਿਟ ਦਿੱਤਾ ਜਾਵੇ?

**ਸ੍ਰੀ ਸਪੀਕਰ**: ਮੰਤਰੀ ਜੀ, ਜੇ ਤੁਸੀਂ ਇਸ ਗੱਲ ਨੂੰ ਕਲੈਰੀਫਾਈ ਕਰ ਸਕਦੇ ਹੋ ਤਾਂ ਕਰ ਦਿਓ।

**Minister**: Ours is a welfare State and we have to look after the interst of each and every person. ਜੋ ਸਰਕਾਰ ਕਰ ਸਕੇਗੀ, ਜ਼ਰੂਰ ਕਰੇਗੀ।

---

**ਪ੍ਰਾਈਵੇਟ ਪ੍ਰਬੰਧ ਹੇਠਲੇ (ਸਹਾਇਤਾ ਪ੍ਰਾਪਤ) ਸਕੂਲਾਂ ਦੇ ਕਰਮਚਾਰੀਆਂ ਨੂੰ ਪੈਨਸ਼ਨ ਲਾਭ**

*946. (1) **ਸਾਥੀ ਵਿਜੇ ਕੁਮਾਰ**
(2) **ਸਰਦਾਰ ਇੰਦਰਜੀਤ ਸਿੰਘ ਜ਼ੀਰਾ** } :ਕੀ ਸਿਖਿਆ ਮੰਤਰੀ ਕਿਰਪਾ
(3) **ਕਾਮਰੇਡ ਤਰਸੇਮ ਜੋਧਾਂ**

ਕਰਕੇ ਦੱਸਣਗੇ ਕਿ ਰਾਜ ਵਿਚ ਪ੍ਰਾਈਵੇਟ ਪ੍ਰਬੰਧ ਹੇਠਲੇ ਮਾਣਤਾ ਪ੍ਰਾਪਤ (ਸਹਾਇਤਾ ਪ੍ਰਾਪਤ) ਸਕੂਲਾਂ ਦੇ ਕਰਮਚਾਰੀਆਂ ਨੂੰ ਪੈਨਸ਼ਨਾਂ ਅਤੇ ਗਰੈਚੂਟੀ ਆਦਿ ਦੇ ਲਾਭ ਦੇਣ ਲਈ ਜਨਵਰੀ, 1990 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਸਰਕਾਰ ਦੁਆਰਾ ਖਜ਼ਾਨੇ ਵਿਚ ਜਮ੍ਹਾਂ ਕਰਵਾਈ ਗਈ ਰਕਮ ਦਾ ਵੇਰਵਾ ਕੀ ਹੈ?

Original with;
Punjab Vidhan Sabha
Digitized by;
Panjab Digital Library

**ਸ੍ਰੀ ਹਰਨਾਮ ਦਾਸ ਜੌਹਰ :** ਕੋਈ ਰਕਮ ਜਮ੍ਹਾਂ ਨਹੀਂ ਕਰਾਈ ਜੀ।

**ਕਾਮਰੇਡ ਤਰਸੇਮ ਜੋਧਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ/ਕਰਮਚਾਰੀਆਂ ਲਈ ਪੈਨਸ਼ਨ ਦਾ ਐਲਾਨ ਹੋ ਗਿਆ ਹੈ ਤਾਂ ਉਹ ਪੈਸੇ ਕਿਉਂ ਜਮ੍ਹਾਂ ਨਹੀਂ ਕਰਵਾਏ ਜਾ ਰਹੇ?

**ਮੰਤਰੀ :** ਸਪੀਕਰ ਸਾਹਿਬ, ਪ੍ਰਾਈਵੇਟ ਸਕੂਲਾਂ ਨੂੰ ਜੋ ਪੈਨਸ਼ਨ ਦੇਣੀ ਹੈ ਉਹ ਪੈਸੇ ਸਰਕਾਰ ਨੇ ਨਹੀਂ ਜਮ੍ਹਾਂ ਕਰਵਾਉਣੇ ਬਲਕਿ ਪ੍ਰਾਈਵੇਟ ਸਕੂਲਾਂ ਦੀ ਮਨੇਜਮੈਂਟਸ ਨੇ ਕਰਵਾਉਣੇ ਹਨ। ਜਿਹੜਾ ਉਨ੍ਹਾਂ ਦਾ ਪਰਾਵੀਡੈਂਟ ਫੰਡ ਉਥੇ ਕੱਟਿਆ ਜਾਂਦਾ ਹੈ ਉਹ ਵਿਆਜ ਸਮੇਤ ਜਮ੍ਹਾਂ ਉਨ੍ਹਾਂ ਨੇ ਕਰਵਾਉਣਾ ਹੈ। ਹਾਲੇ ਤਕ ਉਨ੍ਹਾਂ ਮਨੇਜਮੈਂਟ ਨੇ 15 ਕਰੋੜ ਰੁਪਿਆ ਜਮ੍ਹਾਂ ਕਰਵਾ ਦਿੱਤਾ ਹੈ। ਬਾਕੀ ਕੁਝ ਬਕਾਇਆ ਹੈ ਔਰ ਜਿਹੜਾ ਸਾਡਾ ਇਹ ਕੇਸ ਹੈ ਉਹ ਪਰਾਸੈਸ ਹੋ ਰਿਹਾ ਹੈ। ਮੇਰਾ ਖਿਆਲ ਹੈ ਕਿ ਜਦੋਂ ਇਹ ਪਰਾਸੈਸ ਕੰਪਲੀਟ ਹੋ ਜਾਵੇਗਾ ਤਾਂ ਫਿਰ ਪੈਨਸ਼ਨਾਂ ਦੇ ਦਿੱਤੀਆਂ ਜਾਣਗੀਆਂ। ਸਰਕਾਰ ਇਸ ਬਾਰੇ ਕਮਿੱਟਡ ਹੈ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਵਿੱਚ ਨਾ ਕਿਹਾ ਹੈ ਹੁਣ ਥੋਹੜਾ ਜਿਹਾ 'ਹਾਂ' ਕਿਹਾ ਹੈ। ਫਿਰ ਵੀ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੈਨਸ਼ਨ ਰੂਲ 21 ਤਹਿਤ ਮੈਨੇਜਮੈਂਟਸ ਨੂੰ ਆਪਣਾ ਹਿੱਸਾ ਵਿਆਜ ਸਮੇਤ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ ਪਰ ਇਸ ਦੇ ਕੀ ਕਾਰਨ ਹਨ ਕਿ ਉਹ ਜਮ੍ਹਾਂ ਨਹੀਂ ਕਰਵਾਇਆ ਗਿਆ ਔਰ ਜਿਨ੍ਹਾਂ ਨੇ ਅਜੇ ਤੱਕ ਜਮ੍ਹਾਂ ਨਹੀਂ ਕਰਵਾਇਆ ਕੀ, ਮੰਤਰੀ ਜੀ ਇਸ ਨੂੰ ਟਾਈਮ ਬਾਊਂਡ ਕਰਕੇ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਕੁਝ ਰੁਪਿਆ ਸਾਡੇ ਕੋਲ ਜਮ੍ਹਾਂ ਕਰਵਾਇਆ ਗਿਆ ਹੈ। ਮੈਨੇਜਮੈਂਟਾਂ ਲਈ ਇਹ ਪੈਸਾ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ। ਉਨ੍ਹਾਂ ਨੂੰ ਲਿਖਿਆ ਗਿਆ ਹੈ ਕਿ ਉਹ ਜਲਦੀ ਤੋਂ ਜਲਦੀ ਇਹ ਪੈਸਾ ਜਮ੍ਹਾਂ ਕਰਵਾਉਣ। ਟਾਈਮ ਬਾਊਂਡ ਵੀ ਕਰ ਦਿਆਂਗੇ, ਜੇਕਰ ਉਹ ਜਲਦੀ ਜਮ੍ਹਾਂ ਨਹੀਂ ਕਰਾਉਣਗੇ ਤਾਂ। ਔਰ ਜੋ ਮੁਨਾਸਿਬ ਐਕਸ਼ਨ ਹੋਏਗਾ ਉਹ ਵੀ ਜ਼ਰੂਰ ਲੈ ਲਿਆ ਜਾਵੇਗਾ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਸਭਾਪਤੀ ਮਹੋਦਯ, ਮੈਂ ਆਪ ਜੀ ਦੁਆਰਾ ਵਿਦਿਆ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦੀ ਹਾਂ ਕਿ ਜਿਹੜਾ 18 ਲੱਖ ਰੁਪਿਆ ਪ੍ਰਾਈਵੇਟ ਸਕੂਲਾਂ ਦੀ ਮੈਨੇਜਮੈਂਟਸ ਨੇ ਜਮ੍ਹਾਂ ਕਰਵਾਇਆ ਹੈ ਹਰ ਮਹੀਨੇ, ਕੀ ਉਹ ਪੈਨਸ਼ਨ ਦੇਣ ਵਾਸਤੇ ਜਮ੍ਹਾਂ ਕਰਵਾ ਰਹੇ ਹਨ ?

**ਮੰਤਰੀ:** ਸਪੀਕਰ ਸਾਹਿਬ, ਮੈਂ ਤਾਂ 15 ਕਰੋੜ ਰੁਪਏ ਕਿਹਾ ਹੈ ਹੁਣ ਇਨ੍ਹਾਂ ਨੇ 18 ਲੱਖ ਰੁਪਏ ਪਤਾ ਨਹੀਂ ਕਿੱਥੋਂ ਕਹਿ ਦਿੱਤਾ।

**Mr. Speaker :** I do not allow.
ਉਨ੍ਹਾਂ ਨੇ ਦੱਸਿਆ ਹੈ ਕਿ ਏਨੀ ਅਮਾਊਂਟ ਜਮ੍ਹਾਂ ਹੋ ਗਈ ਹੈ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਨਹੀਂ ਦੱਸਿਆ ਕਿ 18 ਲੱਖ ਰੁਪਿਆ ਇਹ ਕਿਸ ਵਾਸਤੇ ਲੈ ਰਹੇ ਹਨ ਹਰ ਮਹੀਨੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮੈਨੇਜਮੈਂਟਸ ਇਹ ਪੈਸਾ ਜਮ੍ਹਾਂ ਨਹੀਂ ਕਰਵਾ ਰਹੀਆਂ ਉਨ੍ਹਾਂ ਦੇ ਖਿਲਾਫ ਇਹ ਕੀ ਐਕਸ਼ਨ ਲੈਣਗੇ ?

**ਮੰਤਰੀ**: ਸਪੀਕਰ ਸਾਹਿਬ, ਪਤਾ ਨਹੀਂ ਇਨ੍ਹਾਂ ਨੂੰ ਕਿਉਂ ਸਮਝ ਨਹੀਂ ਆਈ। ਮੈਂ ਪਹਿਲਾਂ ਹੀ ਕਿਹਾ ਹੈ ਕਿ ਜੋ ਮੁਨਾਸਿਬ ਐਕਸ਼ਨ ਲੈਣਾ ਹੋਵੇਗਾ ਉਹ ਜ਼ਰੂਰ ਲਵਾਂਗੇ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੈਨੂੰ ਠੀਕ ਜਵਾਬ ਨਹੀਂ ਮਿਲਿਆ ਮੇਰੀ ਪ੍ਰਾਰਥਨਾ ਹੈ ਕਿ ਸਾਨੂੰ ਠੀਕ ਜਵਾਬ ਲੈ ਕੇ ਦਿਓ।

**Mr. Speaker**: Please next question.

---

**Starred Question No. 942**

**Mr. Speaker** : Shri Harbans Lal is not present in the House and there is no authority also.

(This question was not put as the hon. Member concerned was not present in the House.)

---

**ਜ਼ਿਲ੍ਹਾ ਫਰੀਦਕੋਟ ਵਿਚ ਬੁਢਾਪਾ ਅਤੇ ਵਿਧਵਾ ਪੈਨਸ਼ਨ ਦੇ ਪੈਂਡਿੰਗ ਕੇਸਾਂ ਦਾ ਨਿਪਟਾਰਾ ਕਰਨਾ**

*966. **ਡਾਕਟਰ (ਸ੍ਰੀਮਤੀ) ਮਾਲਤੀ ਥਾਪਰ**: ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਵੇਲੇ ਜ਼ਿਲ੍ਹਾ ਫਰੀਦਕੋਟ ਵਿਚ ਪੈਂਡਿੰਗ ਪਏ ਵਿਧਵਾ ਅਤੇ ਬੁਢਾਪਾ ਪੈਨਸ਼ਨ ਦੇ ਕੇਸਾਂ ਦੀ ਗਿਣਤੀ ਕਿੰਨੀ ਹੈ ਅਤੇ ਇਹ ਕੇਸ ਕਦੋਂ ਤੱਕ ਨਿਪਟਾ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਮੇਜ ਸਿੰਘ** (ਰਾਜ ਮੰਤਰੀ, ਸਮਾਜ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ):

| | |
|---|---|
| (ਏ) ਬੁਢਾਪਾ ਪੈਨਸ਼ਨ | 958 |
| ਵਿਧਵਾ ਪੈਨਸ਼ਨ | 637 |

(ਬੀ) ਲੰਬਿਤ ਕੇਸਾਂ ਦਾ ਨਿਪਟਾਰਾ ਤਿੰਨ ਮਹੀਨੇ ਦੇ ਅੰਦਰ-ਅੰਦਰ ਕਰ ਦਿੱਤਾ ਜਾਵੇਗਾ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ**: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਹ ਜਿਹੜੇ ਕੇਸ ਪੈਂਡਿੰਗ ਪਏ ਹਨ ਉਹ ਕਦੋਂ ਤੋਂ ਪੈਂਡਿੰਗ ਪਏ ਹਨ ? ਜਿਹੜੀ ਗਿਣਤੀ ਉਨ੍ਹਾਂ ਨੇ ਦੱਸੀ ਹੈ, ਖਿਆਲ ਹੈ ਕਿ ਉਨ੍ਹਾਂ ਨੂੰ ਪੂਰੀ ਇਨਫਰਮੇਸ਼ਨ ਨਹੀਂ ਮਿਲੀ। ਇਕੱਲੇ ਮੋਗਾ ਵਿੱਚ ਹੀ 3 ਹਜ਼ਾਰ ਕੇਸ ਤਾਂ ਬੁਢਾਪਾ ਪੈਨਸ਼ਨ ਦੇ ਪਏ ਹਨ ਅਤੇ ਵਿਧਵਾ ਪੈਨਸ਼ਨ ਦੇ 1,300 ਕੇਸ ਪਏ ਹਨ। ਸਰ, ਮੇਰੀ ਸਪਲੀਮੈਂਟਰੀ ਇਹ ਹੈ ਕਿ ਕਦੋਂ ਤੋਂ ਇਹ ਕੇਸ ਪੈਂਡਿੰਗ ਪਏ ਹਨ ਅਤੇ ਕੀ ਮੰਤਰੀ ਜੀ ਕੋਈ ਟਾਈਮ-ਬਾਊਂਡ ਤਰੀਕ ਦੱਸਣਗੇ ਕਿ ਕਦੋਂ ਤੱਕ ਇਹ ਕੇਸ ਕਲੀਅਰ ਕਰ ਦਿੱਤੇ ਜਾਣਗੇ ?

**ਸ੍ਰੀ ਸਪੀਕਰ**: ਟਾਈਮ ਬਾਰੇ ਤਾਂ ਉਨ੍ਹਾਂ ਨੇ ਪਹਿਲਾਂ ਹੀ ਦੱਸ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ, ਸਮਾਜ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ :** ਦਸੰਬਰ, 1992 ਵਿੱਚ 8372 ਲਾਭ-ਪਾਤਰੀਆਂ ਨੂੰ ਅਦਾਇਗੀ ਕੀਤੀ ਗਈ। ਸਤੰਬਰ, 1992 ਵਿੱਚ 1,269 ਲਾਭ-ਪਾਤਰੀਆਂ ਨੂੰ ਅਦਾਇਗੀ ਕੀਤੀ ਗਈ। ਤੀਜੇ ਤਿਮਾਹੀ ਸਮੇਂ ਦੀ 958 ਲਾਭ-ਪਾਤਰੀਆਂ ਨੂੰ ਅਦਾਇਗੀ ਅਜੇ ਕੀਤੀ ਜਾਣੀ ਹੈ।

**ਸ਼੍ਰੀ ਵਿਜੈ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੈਨਸ਼ਨਾਂ ਦਾ ਪੈਸਾ ਪਲਾਨਿੰਗ ਬੋਰਡ ਰਾਹੀਂ ਆਉਂਦਾ ਹੈ। ਮਗਰ ਪਲਾਨਿੰਗ ਬੋਰਡ ਵਾਲੇ ਪੈਸਾ ਤਾਂ ਹੀ ਦੇਣਗੇ ਜਦੋਂ ਉਨ੍ਹਾਂ ਪਾਸ ਉਤੋਂ ਪੈਸਾ ਆਵੇਗਾ। ਕੀ ਮੰਤਰੀ ਸਾਹਿਬ ਇਹ ਐਸ਼ੋਰੈਂਸ ਦਿਵਾਉਣਗੇ ਕਿ ਇਹ ਪੈਸਾ ਥੱਲੇ ਕਦੋਂ ਤੱਕ ਭੇਜ ਦਿੱਤਾ ਜਾਵੇਗਾ।

**Mr. Speaker**: I do not allow this supplementary.

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਸਪੀਕਰ ਸਾਹਿਬ, ਮੈਂ ਤਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਬੁਢਾਪਾ ਪੈਨਸ਼ਨ ਜਾਂ ਵਿਧਵਾ ਪੈਨਸ਼ਨ ਦੇਣ ਦੇ ਕੇਸਿਜ਼ ਹਨ, ਕੀ ਇਸ ਪ੍ਰੋਸੈਸ ਨੂੰ ਸਿੰਪਲੀਫਾਈ ਕਰਨ ਦਾ ਉਨ੍ਹਾਂ ਦਾ ਕੋਈ ਵਿਚਾਰ ਹੈ ਤਾਂ ਕਿ ਜੋ ਵੀ ਕੋਈ ਅਪਲਾਈ ਕਰੇ ਉਸ ਨੂੰ ਉਸੇ ਵਕਤ ਹੀ ਪੈਨਸ਼ਨ ਲਗ ਜਾਵੇ।

**Mr. Speaker**: Please put a separate question.

---

**ਬਲਾਕ ਸ੍ਰੀ ਹਰਗੋਬਿੰਦਪੁਰ ਵਿਚ ਪਸ਼ੂ ਚਿਕਿਤਸਾ ਹਸਪਤਾਲਾਂ/ਡਿਸਪੈਂਸਰੀਆਂ ਵਿਚ ਖਾਲੀ ਆਸਾਮੀਆਂ ਨੂੰ ਭਰਨਾ**

*961. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ (ਕਾਮਰੇਡ ਹਰਦੇਵ ਸਿੰਘ ਅਰਸ਼ੀ** ਵਲੋਂ ਪੇਸ਼ ਕੀਤਾ ਗਿਆ) : ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਬਲਾਕ ਸ੍ਰੀ ਹਰਗੋਬਿੰਦਪੁਰ ਜ਼ਿਲ੍ਹਾ ਗੁਰਦਾਸਪੁਰ ਦੇ ਅਜਿਹੇ ਪਸ਼ੂ ਚਿਕਿਤਸਾ ਹਸਪਤਾਲਾਂ/ਡਿਸਪੈਂਸਰੀਆਂ ਦੀ ਸੂਚੀ ਸਦਨ ਦੇ ਮੇਜ਼ ਤੇ ਰੱਖਣਗੇ :—

1. ਜਿਹੜੇ ਬਿਨਾਂ ਇਮਾਰਤਾਂ ਤੋਂ ਹਨ ;
2. ਜਿਨ੍ਹਾਂ ਵਿਚ ਇਸ ਸਮੇਂ ਵੈਟਰਨਰੀ ਡਾਕਟਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ ; ਅਤੇ
3. ਜਿਨ੍ਹਾਂ ਵਿਚ ਇਸ ਸਮੇਂ ਵੈਟਰਨਰੀ ਫਾਰਮਾਸਿਸਟਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ :

(ਅ) ਦੱਸਣਗੇ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਖਾਲੀ ਆਸਾਮੀਆਂ ਨੂੰ ਭਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਬੰਸ ਸਿੰਘ ਸਿੱਧੂ**: ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

**ਲੋੜੀਦੀ ਸੂਚਨਾ**

(ੳ) (i) ਬਿਨਾਂ ਇਮਾਰਤਾਂ ਦੇ ਹਸਪਤਾਲ — ਬਿਨਾਂ ਇਮਾਰਤਾਂ ਦੇ ਡਿਸਪੈਂਸਰੀਆਂ

| ਬਿਨਾਂ ਇਮਾਰਤਾਂ ਦੇ ਹਸਪਤਾਲ | ਬਿਨਾਂ ਇਮਾਰਤਾਂ ਦੇ ਡਿਸਪੈਂਸਰੀਆਂ |
|---|---|
| (1) ਉਧਨਵਾਲ | (1) ਭਾਮਬਰੀ |
| (2) ਇਨੋਕੋਟ | (2) ਭੋਜਾ |

(ii) ਵੈਟਨਰੀ ਡਾਕਟਰਾਂ ਦੀਆਂ ਖਾਲੀ ਆਸਾਮੀਆਂ

1. ਭਾਮ
2. ਉਧਨਵਾਲ
3. ਮਾੜੀ ਭੁਚੀਆਂ
4. ਕਨਡਾਲਾ
5. ਪੱਡਾ
6. ਇਨੋਕੋਟ

(iii) ਵੈਟਨਰੀ ਫਾਰਮਾਸਿਸਟਾਂ ਦੀ ਕੋਈ ਆਸਾਮੀ ਖਾਲੀ ਨਹੀਂ ਹੈ ।

(ਅ) ਵੈਟੀ ਅਫਸਰਾਂ ਦੀਆਂ ਖਾਲੀ ਆਸਾਮੀਆਂ ਪੰਜਾਬ ਲੋਕ ਸੇਵਾ ਕਮਿਸ਼ਨ ਵਲੋਂ 73 ਸਿਫਾਰਸ਼ ਕੀਤੇ ਉਮੀਦਵਾਰਾਂ ਵਿਚੋਂ ਉਹਨਾਂ ਦੇ ਚਾਲਚਲਣ ਵੈਰੀਫੀਕੇਸ਼ਨ ਉਪਰੰਤ ਨਿਯੁਕਤੀ ਕੀਤੀ ਜਾ ਰਹੀ ਹੈ। ਬਾਰਡਰ ਏਰੀਏ ਵਿੱਚ ਖਾਲੀ ਆਸਾਮੀਆਂ ਨੂੰ ਭਰਨ ਲਈ ਤਰਜੀਹ ਦਿੱਤੀ ਜਾ ਰਹੀ ਹੈ ।

**ਸ਼੍ਰੀ ਸਪੀਕਰ**: ਅਰਸ਼ੀ ਜੀ, ਸਪਲੀਮੈਂਟਰੀ ਪੁੱਛੋ ।

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਰ, ਮੇਰੀ ਜਵਾਬ ਨਾਲ ਤਸੱਲੀ ਹੈ ਜੀ।

---

**ਨਿਸ਼ਾਨਵਾਲੇ ਪ੍ਰਸ਼ਨ ਨੰਬਰ 950 ਅਤੇ 943**

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ )

---

**ਨਿਸ਼ਾਨਵਾਲਾ ਪ੍ਰਸ਼ਨ ਨੰ:*951**

**ਸ਼੍ਰੀ ਸਪੀਕਰ** : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜਿਹੜੀ ਕਿ ਮੈਂ ਅਲਾਓ ਕਰ ਦਿੱਤੀ ਹੈ।

---

**Starred Question No. 948**

**Mr. Speaker**: The concerned Member is not present in the House and he has not given authority to any other Hon'ble Member.

(This question was not put as the hon. Member concerned was not present in the House.)

**Mr. Speaker**: We come to the next question.

*For Starred Question No. 951 and reply there to, please see PVS Debates dated 6th April, 1992.

Original with;
Punjab Vidhan Sabha
Digitized by;
Panjab Digital Library

ਲੋਕ ਸੰਪਰਕ ਵਿਭਾਗ ਵਿਚ ਫੰਡਾਂ ਦਾ ਗਬਨ/ਕੁਵਰਤੋਂ

*956. ਸ੍ਰੀ ਮਦਨ ਮੋਹਨ ਮਿੱਤਲ: ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਲੋਕ ਸੰਪਰਕ ਵਿਭਾਗ ਦੇ ਫਿਲਮ ਡਿਵੀਜ਼ਨ ਸੈਕਸ਼ਨ ਦੇ ਕੁਝ ਕਰਮਚਾਰੀਆਂ/ਅਫਸਰਾਂ ਦੁਆਰਾ ਫੰਡਾਂ ਦੇ ਕਥਿਤ ਗਬਨ ਅਤੇ ਕੁਵਰਤੋਂ ਸਬੰਧੀ ਸਾਲ 1992 ਵਿਚ ਕੋਈ ਸ਼ਿਕਾਇਤ ਪ੍ਰਾਪਤ ਹੋਈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਕਥਿਤ ਦੋਸ਼ਾਂ ਦੀ ਕੋਈ ਜਾਂਚ-ਪੜਤਾਲ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਜਾਂਚ-ਪੜਤਾਲ ਦੇ ਸਿਟਿਆਂ ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ?

**Sardar Beant Singh**: (a) Yes. An anonymous complaint was received in November, 1992, regarding alleged embezzlement and misappropriation of funds by some officials/officers of Film Division Section of the Public Relations Department.

(b) Deputy Controller (Finance and Accounts) of the Public Relations Department, Punjab, has been entrusted to enquire into the alleged charges of embezzlement and misappropriation of funds. Report is awaited.

**ਸ੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਕੰਪਲੇਂਟ ਵੀ ਹੈ ਅਤੇ ਇਨਵੈਸਟੀਗਸ਼ਨ ਵੀ ਜਾਰੀ ਹੈ। ਮੇਰੀ ਇਨਫਰਮੇਸ਼ਨ ਹੈ ਕਿ ਕੁਝ ਕਰਮਚਾਰੀਆਂ ਨੇ ਸਰਕਾਰ ਦੇ ਫੰਡਜ਼ ਦੀ ਦੁਰ-ਵਰਤੋਂ ਕੀਤੀ ਹੈ ਅਤੇ ਐਮਬੈਜ਼ਲਮੈਂਟ ਕੀਤੀ ਹੈ। ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪ੍ਰਿਲਿਮਨਰੀ ਇਨਕੁਆਇਰੀ ਕਰਕੇ ਪ੍ਰਾਈਮਾ-ਫੇਸਾਈ ਐਵੀਡੈਂਸ ਆ ਗਈ ਹੈ ਕਿ ਸਰਕਾਰੀ ਫੰਡਜ਼ ਦੀ ਦੁਰ ਵਰਤੋਂ ਕੀਤੀ ਗਈ ਹੈ ਅਤੇ ਬੋਗਸ ਬਿਲ ਪੇਸ਼ ਕਰਕੇ ਇਸ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਕੀ ਸਬੰਧਤ ਕਰਮਚਾਰੀਆਂ ਨੂੰ ਜਿਹੜੇ ਇਸ ਵਿੱਚ ਇਨਵਾਲਵਡ ਹਨ, ਸਸਪੈਂਡ ਕਰਨਗੇ ?

**ਸ੍ਰੀ ਸਪੀਕਰ**: ਮਿੱਤਲ ਜੀ, ਇਕ ਇਕ ਸਪਲੀਮੈਂਟਰੀ ਦਾ ਜਵਾਬ ਪੁੱਛੋ।

**ਮੁੱਖ ਮੰਤਰੀ**: ਐਮਬੈਜ਼ਲਮੈਂਟ ਹੋਈ ਹੈ, ਇਹ ਠੀਕ ਹੈ ਕਿ ਉਨ੍ਹਾਂ ਨੇ ਫੰਡਜ਼ ਦੀ ਮਿਸ-ਐਪਰੋਪਰੀਏਸ਼ਨ ਵੀ ਕੀਤੀ ਹੈ। ਪ੍ਰਿਲਿਮਨਰੀ ਇਨਕੁਆਇਰੀ ਹੋਈ ਹੈ, ਲੇਕਿਨ ਪੂਰੀ ਇਨਕੁਆਇਰੀ ਹੋਣ ਤੋਂ ਬਾਅਦ ਐਕਸ਼ਨ ਲਵਾਂਗੇ ।

**ਸ੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਕਿਉਂਕਿ ਇਨਕੁਆਇਰੀ ਵੀ ਹੋ ਰਹੀ ਹੈ ਅਤੇ ਕੁਝ ਚੀਜ਼ਾਂ ਲਾਈਟ ਵਿੱਚ ਵੀ ਆਈਆਂ ਹਨ that funds are being embezzled and have been embezzled । ਮੇਰੀ ਜਾਣਕਾਰੀ ਇਹ ਹੈ ਕਿ ਆਫੀਸਰਜ਼/ਆਫੀਸ਼ੀਅਲਜ਼ ਜਿਹੜੇ ਇਸ ਕੇਸ ਵਿੱਚ ਇਨਵਾਲਵਡ ਹਨ ਉਹ ਡਾਕੂਮੈਂਟਸ ਅਤੇ ਡਾਕੂਮੈਂਟਰੀ ਐਵੀਡੈਂਸ ਨੂੰ ਡਿਸਟਰਾਏ ਕਰਨਾ ਚਾਹੁੰਦੇ ਹਨ। ਕੀ ਮੁੱਖ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਉਹ ਡਾਕੂਮੈਂਟਸ ਅਤੇ ਡਾਕੂਮੈਂਟਰੀ ਐਵੀਡੈਂਸ ਨੂੰ ਡਿਸਟਰਾਏ ਨਾ ਕਰ ਸਕਣ, ਇਸ ਲਈ ਇਹ ਸਬੰਧਤ ਅਧਿਕਾਰੀ ਤੋਂ ਲੈ ਕੇ ਕਿਸੇ ਭਰੋਸੇ ਵਾਲੇ ਅਫਸਰ ਨੂੰ ਦਿਤੇ ਜਾਣਗੇ ? ਕੀ ਮੁੱਖ ਮੰਤਰੀ ਜੀ ਭਰੋਸਾ ਦਿਵਾਉਣਗੇ ?

Original with;
Punjab Vidhan Sabha
Digitized by;
Panjab Digital Library

**Mr Speaker**: Mittal Ji, you are seeking information not imparting it,

**ਸ਼੍ਰੀ ਮਦਨ ਮੋਹਨ ਮਿੱਤਲ**: ਸਪੀਕਰ ਸਾਹਿਬ, ਕੀ ਮੁੱਖ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਸਬੰਧਤ ਰਿਕਾਰਡ ਸੀਲ ਕਰਾਉਣਗੇ ? ਦੂਸਰੀ ਗੱਲ ਕਿ ਜਿਨ੍ਹਾਂ ਅਫਸਰਾਂ ਦੇ ਅਗੇਂਸਟ ਚਾਰਜਿਜ਼ ਹਨ ਉਨ੍ਹਾਂ ਤੋਂ ਲੈ ਕੇ ਦੂਜੇ ਭਰੋਸੇ ਵਾਲੇ ਅਫਸਰਾਂ ਨੂੰ ਰਿਕਾਰਡ ਦੇਣਗੇ ?

**ਮੁੱਖ ਮੰਤਰੀ**: ਇਹ ਤਾਂ ਭਰੋਸਾ ਦਿਵਾਇਆ ਹੈ ਮੈਂ ਪਹਿਲਾਂ ਵੀ ਕਿਹਾ ਹੈ ਇਨਕੁਆਇਰੀ ਕਰਵਾ ਰਹੇ ਹਾਂ ਅਤੇ ਪੂਰੀ ਇਨਕੁਆਇਰੀ ਹੋਣ ਤੋਂ ਬਾਅਦ ਐਕਸ਼ਨ ਲਵਾਂਗੇ।

---

**ਸ਼੍ਰੀ ਗੁਰੂ ਹਰਗੋਬਿੰਦਪੁਰ ਬਲਾਕ ਵਿਚ ਟਰਾਂਸਫਾਰਮਰਜ਼ ਨੂੰ ਬਦਲਣਾ**

*960. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ (ਕਾਮਰੇਡ ਹਰਦੇਵ ਸਿੰਘ ਅਰਸ਼ੀ ਵਲੋਂ ਪੇਸ਼ ਕੀਤਾ ਗਿਆ)** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ —

(ੳ) ਦੱਸਣਗੇ ਕਿ ਬਿਜਲੀ ਦੇ ਅਜਿਹੇ ਟਰਾਂਸਫਾਰਮਰਜ਼ ਜਿਹੜੇ ਸੜ ਜਾਂਦੇ ਹਨ ਜਾਂ ਨਕਾਰਾ ਹੋ ਜਾਂਦੇ ਹਨ, ਨੂੰ ਬਦਲਣ ਸਬੰਧੀ ਮੌਜੂਦਾ ਨੀਤੀ ਦੇ ਵੇਰਵੇ ਕੀ ਹਨ ;

(ਅ) ਬਲਾਕ ਸ੍ਰੀ ਹਰਗੋਬਿੰਦਪੁਰ, ਜ਼ਿਲ੍ਹਾ ਗੁਰਦਾਸਪੁਰ ਵਿਚ ਸਾਲ 1992-93 ਦੇ ਦੌਰਾਨ ਸੜ ਗਏ ਜਾਂ ਨਕਾਰਾ ਹੋ ਗਏ ਟਰਾਂਸਫਾਰਮਾਂ ਦੇ ਵੇਰਵੇ ਦਰਸਾਉਂਦੀ ਪਿੰਡ ਵਾਰ ਸੂਚੀ ਸਦਨ ਦੀ ਮੇਜ਼ ਤੇ ਰੱਖਣਗੇ ਅਤੇ ਉਕਤ ਟਰਾਂਸਫਾਰਮਰਜ਼ ਕਿਸ ਕਿਸ ਤਰੀਕ ਨੂੰ ਬਦਲੇ ਗਏ ?

**Sardar Harcharan Singh Brar**: (a) The power transformers which are burnt out or rendered out of order, are replaced with new ones or repaired ones, depending upon their availability and in the meanwhile arrangements if possible are made for giving supply to the affected area from another Sub-Station, close by.

(b) List attached (Annexure 'A' and 'B')

**ANNEXURE 'A'**

Damaged Power Transformers in Sri Hargobindpur Block during 1992

| Serial No. | Description | Date of Damage | Date of replacement | Remarks |
|---|---|---|---|---|
| 1 | 6·3/8 MVA, 66/11 KV Power Transformer at village Udhanwal | 15-5-92 | 31-8-92 | Load was shifted on 15th May, 1992 on 2nd 10/12·5 MVA, 66/11 KV transformer existing at the same station. |

Original with;
Punjab Vidhan Sabha
Digitized by;
Panjab Digital Library

## ANNEXURE-'B'

**Detail of Burnt/damage transformers replaced under Sri Hargobindpur Block during 1992-93**

| Serial No. | Description of Transformer | Date on which Transformer Burnt | Date on which Transformer replaced |
|---|---|---|---|
| 1 | 2 | 3 | 4 |
| 1 | 63 KVA Harbhajan Singh Subhala .. | 7-4-92 | 11-4-92 |
| 2 | 63 KVA Pal Singh Palochak .. | 7-4-92 | 11-4-92 |
| 3 | 100 KVA Tara Singh Aulakh .. | 2-4-92 | 6-4-92 |
| 4 | 63 KVA Geja Singh Sohian .. | 6-4-92 | 9-4-92 |
| 5 | 63 KVA Ram Singh Kotli .. | 6-4-92 | 9-4-92 |
| 6 | 25 KVA Swarn Singh Khawaja Bains .. | 6-4-92 | 7-4-92 |
| 7 | 100 KVA Pind Khazaha .. | 3-4-92 | 7-4-92 |
| 8 | 63 KVA Pejo Chak .. | 14-4-92 | 15-4-92 |
| 9 | 63 KVA Bir Singh Ghuman .. | 14-4-92 | 16-4-92 |
| 10 | 50 KVA Jagir Singh Bhoma .. | 30-3-92 | 2-4-92 |
| 11 | 63 KVA Amrik Singh Bhatiwal .. | 20-4-92 | 21-4-92 |
| 12 | 63 KVA Dial Singh Dherwali .. | 20-4-92 | 21-4-92 |
| 13 | 63 KVA Charan Singh Nangal Jhor .. | 18-4-92 | 20-4-92 |
| 14 | 100 KVA Harnam Singh Dhapi .. | 18-4-92 | 20-4-92 |
| 15 | 25 KVA Baba Manj Mari Bhanva .. | 18-4-92 | 20-4-92 |
| 16 | 100 KVA Marhi Bhanwa .. | 18-4-92 | 20-4-92 |
| 17 | 100 KVA Atepur .. | 19-4-92 | 20-4-92 |
| 18 | 63 KVA Mehmood Pur .. | 20-4-92 | 21-4-92 |
| 19 | 63 KVA Karnail Singh Kiri Afgana .. | 20-4-92 | 22-4-92 |
| 20 | 100 KVA Gurdit Singh Dhanoa .. | 21-4-92 | 22-4-92 |
| 21 | 63 KVA Sardul Singh Sthala .. | 22-4-92 | 23-4-92 |
| 22 | 63 KVA Jagra .. | 24-4-92 | 25-4-92 |
| 23 | 100 KVA Cheema Khundi Babe Di Khuhi .. | 20-4-92 | 22-4-92 |
| 24 | 100 KVA Nadha Manda .. | 19-4-92 | 20-4-92 |

Original with;
Punjab Vidhan Sabha
Digitized by;
Panjab Digital Library

[Minister for Irrigarion and Power],

| 1 | 2 | | 3 | 4 |
|---|---|---|---|---|
| 25 | 100 KVA Rangia Singh Gandeka | .. | 22-4-92 | 24-4-92 |
| 26 | 63 KVA Kulwant Singh Sri Hargobindpur | .. | 24-4-92 | 25-4-92 |
| 27 | 100 KVA Dhian Singh Sohian | .. | 3-5-92 | 5-5-92 |
| 28 | 25 KVA Lachman Singh Sohian | .. | 6-5-92 | 7-5-92 |
| 29 | 100 KVA Gram Panchayat Rajoa | .. | 5-5-92 | 7-5-92 |
| 30 | 100 KVA Nurpur Gachrai | .. | 5-5-92 | 7-5-92 |
| 31 | 100 KVA Swaran Singh Bham | .. | 3-5-92 | 6-5-92 |
| 32 | 100 KVA Phoja Singh Bhagtpur | .. | 30-4-92 | 3-5-92 |
| 33 | 63 KVA Gurmukh Singh Bariar | .. | 6-5-92 | 7-5-92 |
| 34 | 100 KVA School Ghuman | .. | 7-5-92 | 8-5-92 |
| 35 | 100 KVA Arjan Singh Meko | .. | 6-5-92 | 11-5-92 |
| 36 | 100 KVA Kotla Suba Singh | .. | 4-5-92 | 7-5-92 |
| 37 | 100 KVA Bharth | .. | 7-5-92 | 12-5-92 |
| 38 | 25 KVA Ajit Singh Sohian | .. | 8-5-92 | 12-5-92 |
| 39 | 63 KVA Dilbagh Singh Bilabalu | .. | 11-5-92 | 12-5-92 |
| 40 | 50 KVA Dharshan Singh Talwandi Bhindra | .. | 12-5-92 | 14-5-92 |
| 41 | 100 KVA Sadu Singh Phedee | .. | 12-5-92 | 14-5-92 |
| 42 | 63 KVA Kewal Singh Bhagbe | .. | 13-5-92 | 14-5-92 |
| 43 | 25 KVA Sewa Singh Sakhowal | .. | 14-5-92 | 15-5-92 |
| 44 | 100 KVA Mela Singh Kotli | .. | 15-5-92 | 16-5-92 |
| 45 | 50 KVA Jan Mohamad Bhatiwal | .. | 17-5-92 | 18-5-92 |
| 46 | 63 KVA Boota Singh Ghuman | .. | 17-5-92 | 18-5-92 |
| 47 | 100 KVA Mahinder Singh Nawan Pind | .. | 16-5-92 | 19-5-92 |
| 48 | 100 KVA Swaran Singh Bham | .. | 8-5-92 | 12-5-92 |
| 49 | 63 KVA Balerwal | .. | 20-5-92 | 22-5-92 |
| 50 | 100 KVA Gram Panchayat Rajoa | .. | 21-5-92 | 22-5-92 |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 51 | 100 KVA Amar Singh Mari Adda .. | 24-5-92 | 26-5-92 |
| 52 | 100 KVA Joginder Singh Dhirowal .. | 24-5-92 | 25-5-92 |
| 53 | 25 KVA Bhal Singh Nangal .. | 24-5-92 | 26-5-92 |
| 54 | 63 KVA Hazara Singh Mari Bhuchian .. | 26-5-92 | 28-5-92 |
| 55 | 100 KVA Sajan Singh Sidhwan .. | 28-5-92 | 30-5-92 |
| 56 | 100 KVA Bithwaj .. | 1-6-92 | 3-6-92 |
| 57 | 100 KVA Goja Singh Bhagtupur .. | 1-6-92 | 3-6-92 |
| 58 | 100 KVA Mohan Singh Daghoa .. | 3-6-92 | 5-6-92 |
| 59 | 100 KVA Raghbir Singh Boja .. | 2-6-92 | 5-6-92 |
| 60 | 100 KVA Boota Singh Kore .. | 31-5-92 | 5-6-92 |
| 61 | 63 KVA Kisana Rice Mill Udhenwal .. | 2-6-92 | 6-6-92 |
| 62 | 100 KVA Bharth .. | 4-6-92 | 6-6-92 |
| 63 | 50 KVA Bharshan Singh Talwandi .. | 3-6-92 | 5-6-92 |
| 64 | 63 KVA Bhachan Singh Baghe .. | 5-6-92 | 7-6-92 |
| 65 | 63 KVA Lakhwinder Kaur Bham .. | 7-6-92 | 9-6-92 |
| 66 | 63 KVA Bir Singh Mari Dhanwa .. | 6-6-92 | 9-6-92 |
| 67 | 100 KVA Kundan Singh Pandori .. | 7-6-92 | 10-6-92 |
| 68 | 63 KVA Ajaib Singh Pandori .. | 7-6-92 | 10-6-92 |
| 69 | 63 KVA Charan Singh Kour .. | 6-5-92 | 10-6-92 |
| 70 | 100 KVA Chanan Singh Kirri Afghana .. | 9-6-92 | 11-6-92 |
| 71 | 100 KVA Bachan Singh Bhoma .. | 9-6-92 | 11-6-92 |
| 72 | 100 KVA Roor Singh Chona .. | 9-6-92 | 10-6-92 |
| 73 | 25 KVA Jaspal Singh Mari Buchian .. | 14-6-92 | 15-6-92 |
| 74 | 63 KVA Dalip Singh Mand .. | 11-6-92 | 16-6-92 |
| 75 | 100 KVA Bediwala Sekhowal .. | 14-6-92 | 17-6-92 |
| 76 | 25 KVA Tarlok Singh Gandeke .. | 15-6-92 | 17-6-92 |

Original with;
Punjab Vidhan Sabha
Digitized by;
Panjab Digital Library

[Minister for Irrigation and Power]

| 1 | 2 | 3 | 4 |
|---|---|---|---|
| 77 | 63 KVA Lal Singh Khajala .. | 13-6-92 | 16-6-92 |
| 78 | 63 KVA Dalip Singh Bhoma .. | 17-6-92 | 18-6-92 |
| 79 | 100 KVA Gopal Singh Kotla Suba Singh .. | 15-6-92 | 19-6-92 |
| 80 | 100 KVA Kala Cheema .. | 18-6-92 | 20-6-92 |
| 81 | 63 KVA Pal Singh Tapiala .. | 13-6-92 | 19-6-92 |
| 82 | 100 KVA Baghwala Ghuman .. | 21-6-92 | 24-6-92 |
| 83 | 63 KVA Gur Sanght Singh Bharth .. | 23-6-92 | 25-6-92 |
| 84 | 100 KVA Nawan Pind .. | 23-6-92 | 26-6-92 |
| 85 | 100 KVA Sadha Singh Mandiala .. | 23-6-92 | 26-6-92 |
| 86 | 63 KVA PSTC No. 29 .. | 1-7-92 | 2-7-92 |
| 87 | 63 KVA Do No. 15 .. | 1-7-92 | 2-7-92 |
| 88 | 63 KVA Balwant Singh Pejo Chak .. | 1-7-92 | 3-7-92 |
| 89 | 25 KVA Radha Swami Ghuman .. | 1-7-92 | 3-7-92 |
| 90 | 25 KVA Charan Singh Kore .. | 1-7-92 | 3-7-92 |
| 91 | 25 KVA Kulwinder Singh Mari Bhanwa .. | 1-7-92 | 3-7-92 |
| 92 | 100 KVA Sain Dass Harchowal .. | 3-7-92 | 4-7-92 |
| 93 | 63KVA Jagir Singh Dhode .. | 29-6-92 | 3-7-92 |
| 94 | 25KVA Surta Singh Madiala .. | 26-6-92 | 4-7-92 |
| 95 | 63 KVA Bhagtoo Pur .. | 3-7-92 | 7-7-92 |
| 96 | 63 KVA Teja Singh Madiala .. | 4-7-92 | 7-7-92 |
| 97 | 63KVA Tarlok Nath Kishan Kot .. | 7-7-92 | 9-7-92 |
| 98 | 63 KVA Teja Singh Lala Sohiana .. | 7-7-92 | 9-7-92 |
| 99 | 63KVA Dev Raj Rajoa .. | 7-7-92 | 9-7-92 |
| 100 | 100KVA Mohinder Singh Khazala .. | 10-7-92 | 12-7-92 |
| 101 | 100KVA Gajan Singh Sidhwana .. | 11-7-92 | 12-7-92 |
| 102 | 100KVA Bachan Singh Aulakh .. | 12-7-92 | 14-7-92 |
| 103 | 100KVA Jagga Singh Bhatiwal .. | 10-7-92 | 15-7-92 |
| 104 | 63KVA Teja Singh Madiala .. | 10-7-92 | 13-7-92 |
| 105 | 100KVA Harnam Singh Dhapi .. | 14-7-92 | 17-7-92 |

Original with;
Punjab Vidhan Sabha
Digitized by;
Panjab Digital Library

| 1 | 2 | | 3 | 4 |
|---|---|---|---|---|
| 106 | 63KVA Public Health Mari Dhanwa | .. | 20-7-92 | 21-7-92 |
| 107 | 63KVA Pind Panjo Chak | .. | 20-7-92 | 21-7-92 |
| 108 | 25KVA Banta Singh Harchowal | .. | 20-7-92 | 21-7-92 |
| 109 | 100 KVA Attwal | .. | 18-7-92 | 21-7-92 |
| 110 | 100 KVA School Bolewal | .. | 19-7-92 | 21-7-92 |
| 111 | 63 KVA Anoop Singh Bithwa | .. | 20-7-92 | 22-7-92 |
| 112 | 63KVA Bakshish Singh Chole Chak | .. | 22-7-92 | 24-7-92 |
| 113 | 25KVA Mohinder Singh Kiri Afghana | .. | 26-7-92 | 28-7-92 |
| 114 | 100 KVA Harbans Singh Enokote | .. | 28-7-92 | 29-7-92 |
| 115 | 63KVA Mehmohd Pur No. 1 | .. | 25-7-92 | 27-7-92 |
| 116 | 63KVA Mehmehd Pur No. 2 | .. | 25-7-92 | 27-7-92 |
| 117 | 63KVA Anoop Singh Vithva | .. | 24-7-92 | 28-7-92 |
| 118 | 50KVA Jagir Singh Bhoma | .. | 26-7-92 | 29-7-92 |
| 119 | 50KVA Roor Singh Vila Bajoo | .. | 28-7-92 | 30-7-92 |
| 120 | 25KVA Lakhwinder Singh Vithva | .. | 28-7-92 | 30-7-92 |
| 121 | 63 KVA Teja Singh Mandiala | .. | 30-7-92 | 1-8-92 |
| 122 | 100 KVA Rest House Athwal | .. | 29-7-92 | 1-8-92 |
| 123 | 100 KVA Wasan Singh Bhag | .. | 4-8-92 | 6-8-92 |
| 124 | 25KVA Satwinder Singh Mari Tanda | .. | 4-8-92 | 6-8-92 |
| 125 | 100 KVA Mari Thata | .. | 4-8-92 | 7-8-92 |
| 126 | 100 KVA School Veela Bajoo | .. | 1-8-92 | 6-8-92 |
| 127 | 100 KVA Ishar Singh Bhag | .. | 5-8-92 | 7-8-92 |
| 128 | 100KVA Mohinder Kaur Bharth | .. | 5-8-92 | 7-8-92 |
| 129 | 63 KVA Harwant Singh Kiri Afghana | .. | 10-8-92 | 13-8-92 |
| 130 | 100KVA Tarlok Singh Keri | .. | 9-8-92 | 10-8-92 |
| 131 | 63KVA Tarlochan Singh Khokarwal | .. | 11-8-92 | 13-8-92 |
| 132 | 63KVA PSTC No. 13 Aulokh Khurd | .. | 16-8-92 | 19-8-92 |
| 133 | 63KVA Sukhdev Singh Bariar | .. | 18-8-92 | 20-8-92 |
| 134 | 100 KVA Police Choki Ghuman | .. | 22-8-92 | 24-8-92 |

Original with;
Punjab Vidhan Sabha
Digitized by;
Panjab Digital Library

[Minister for Irrigation and Power]

| 1 | 2 | | 3 | 4 |
|---|---|---|---|---|
| 135 | 25KVA Bachan Singh Bariar | .. | 22-8-92 | 24-8-92 |
| 136 | 63KVA Pind Kam | .. | 22-8-92 | 24-8-92 |
| 137 | 100KVA Sohan Singh Sidhwan | .. | 24-8-92 | 26-8-92 |
| 138 | 100KVA Mohinder Kaur Bharth | .. | 26-8-92 | 27-8-92 |
| 139 | 100KVA Karnail Singh Cheema | .. | 26-8-92 | 28-8-92 |
| 140 | 50KVA Tejandir Singh Meko | .. | 22-8-92 | 27-8-92 |
| 141 | 63KVA Uttam Singh Mandiala | .. | 26-8-92 | 27-8-92 |
| 142 | 100KVA Police Chowki Ghuman | .. | 26-8-92 | 29-8-92 |
| 143 | 50KVA Mohinder Singh Dekora | .. | 27-8-92 | 30-8-92 |
| 144 | 100KVA Makhan Singh Mand | .. | 31-8-92 | 4-9-92 |
| 145 | 100KVA Joginder Singh Dekhoa | .. | 31-8-92 | 4-9-92 |
| 146 | 63KVA Charan Kaur Bhoma | .. | 1-9-92 | 5-9-92 |
| 147 | 25KVA Mangal Singh Aulokh | .. | 31-8-92 | 3-9-92 |
| 148 | 100 KVA Mohinder Singh Nawan Pind | .. | 1-9-92 | 3-9-92 |
| 149 | 100KVA Dhian Singh Bhajri | .. | 30-8-92 | 3-9-92 |
| 150 | 25KVA Karam Singh Bhajji | .. | 3-9-92 | 6-9-92 |
| 151 | 63KVA Jagir Singh Bholewal | .. | 2-9-92 | 5-9-92 |
| 152 | 63KVA Foja Singh Sekhowal | .. | 3-9-92 | 5-9-92 |
| 153 | 100KVA Piara Singh Sakhowal | .. | 3-9-92 | 5-9-92 |
| 154 | 100KVA Baghwal Ghuman | .. | 2-9-92 | 4-9-92 |
| 155 | 63KVA Sardul Singh Sukala | .. | 4-9-92 | 8-9-92 |
| 156 | 63KVA Public Health Mari Tanda | .. | 4-9-92 | 8-9-92 |
| 157 | 63KVA Karam Singh Pede | .. | 7-9-92 | 9-9-92 |
| 158 | 100KVA Ghuman | .. | 10-9-92 | 14-9-92 |
| 159 | 100KVA Jhanda Singh Ghuman | .. | 9-9-92 | 14-9-92 |
| 160 | 25KVA Banta Singh Harchowal | .. | 15-9-92 | 19-9-92 |
| 161 | 63KVA Karnail Singh Nahra Chowk | .. | 15-9-92 | 18-9-92 |
| 162 | 100KVA Noorpur Machrai | .. | 15-9-92 | 18-9-92 |
| 163 | 100KVA Bolewal | .. | 26-9-92 | 28-9-92 |
| 164 | 63KVA Puna Singh Siri Hargobind pur | .. | 27-9-92 | 29-9-92 |

Original with;
Punjab Vidhan Sabha
Digitized by;

| 1 | 2 | 3 | 4 |
|---|---|---|---|
| 165 | 100KVA Pind Mand .. | 28-9-92 | 30-9-92 |
| 166 | 63KVA PSTC No. 12 Keri .. | 8-10-92 | 12-10-92 |
| 167 | 25KVA Karam Singh Srihargobindpur .. | 12-10-92 | 15-10-92 |
| 168 | 63KVA Pind Machrwa .. | 12-10-92 | 15-10-92 |
| 169 | 100KVA Dogar Mehesh .. | 19-10-92 | 21-10-92 |
| 170 | 63KVA Pind Kam .. | 18-10-92 | 21-10-92 |
| 171 | 100 KVA Shiv Mandi Sri Hargobindpur .. | 20-10-92 | 22-10-92 |
| 172 | 100KVA Bir Singh Bolewal .. | 20-10-92 | 23-10-92 |
| 173 | 100KVA Jagtar Singh Attwal .. | 20-10-92 | 23-10-92 |
| 174 | 63KVA Kundan Singh Cheema Khundi .. | 22-10-92 | 23-10-92 |
| 175 | 220KVA Police Station Sri Hargobindpur .. | 20-10-92 | 22-10-92 |
| 176 | 63KVA Sohan Singh Sekhowal .. | 24-10-92 | 26-10-92 |
| 177 | 25KVA Sajda Singh Dogar Mehesh .. | 28-10-92 | 30-10-92 |
| 178 | 63KVA Sardol Singh Sakala .. | 29-10-92 | 30-10-92 |
| 179 | 100KVA Pind Matele .. | 29-10-92 | 30-10-92 |
| 180 | 100KVA Dhian Singh Sohiana .. | 29-10-92 | 30-10-92 |
| 181 | 63KVA Amarjit Singh FattaKula .. | 28-10-92 | 4-11-92 |
| 182 | 63KVA Tehl Singh Aulokh .. | 1-11-92 | 4-11-92 |
| 183 | 100KVA Technical Ground Srihargobindpur .. | 3-11-92 | 4-11-92 |
| 184 | 100KVA Kundan Singh Pandori .. | 30-10-92 | 5-11-92 |
| 185 | 63KVA Karnail Singh Ghuman .. | 4-11-92 | 5-11-92 |
| 186 | 63KVA Jagat Singh Dekhoa .. | 5-11-92 | 7-11-92 |
| 187 | 63KVA Charan Singh Mathela .. | 12-11-92 | 14-12-92 |
| 188 | 63KVA Mari Bhuchaian .. | 28-1-93 | 2-2-93 |
| 189 | 63KVA Mari Bhuchiana .. | 26-11-92 | 28-11-92 |
| 190 | 100KVA Bhisht Singh Mari Bhuchiana .. | 26-11-92 | 28-11-92 |
| 191 | 100KVA Bhet Patan .. | 2-12-92 | 4-12-92 |
| 192 | 100KVA Aulokh Kala .. | 4-12-92 | 8-12-92 |
| 193 | 63KVA PSTC Kiri Afghana .. | 5-12-92 | 10-12-92 |

Original with;
Punjab Vidhan Sabha
Digitized by;
Panjab Digital Library

[Minister for Irrigation and Power]

| 1 | 2 | | 3 | 4 |
|---|---|---|---|---|
| 194 | 63KVA Harbans Singh Cheema Khudi | .. | 4-12-92 | 8-12-92 |
| 195 | 63KVA Pind Mari Bhuchiana | .. | 30-11-92 | 3-12-92 |
| 196 | 63KVA Gian Singh Dhariwal | .. | 20-12-92 | 21-12-92 |
| 197 | 100KVA Cheema Puti | .. | 21-12-92 | 22-12-92 |
| 198 | 63KVA Sadhu Singh Bhatiwal | .. | 25-11-92 | 28-11-92 |
| 199 | 100KVA Makhan Singh Bhage | .. | 2-12-92 | 4-12-92 |
| 200 | 50KVA Lal Singh Sidhwana | .. | 3-12-92 | 5-12-92 |
| 201 | 63KVA Ajit Singh Pode | .. | 12-12-92 | 17-12-92 |
| 202 | 25KVA Baba Singh Diri Afgana | .. | 31-12-92 | 2-1-93 |
| 203 | 63KVA Mohinder Singh Machg | .. | 7-1-93 | 9-1-93 |
| 204 | 25KVA Baba Manj Mari | .. | 4-1-93 | 8-1-93 |
| 205 | 100KVA Bahadur Singh Pandori | .. | 27-12-92 | 30-12-92 |
| 206 | 63KVA Surjit Singh Meke | .. | 28-12-92 | 30-12-92 |
| 207 | 100KVA Bagh Wala Ghuman | .. | 4-1-93 | 6-1-93 |
| 208 | 100KVA Dhakoha | .. | 23-1-93 | 26-1-93 |
| 209 | 100KVA Makhan Singh Baeghe | .. | 1-2-93 | 6-2-93 |
| 210 | 100KVA School Ghuman | .. | 31-1-93 | 5-2-93 |
| 211 | 100KVA Langiawali | .. | 30-1-93 | 4-2-93 |
| 212 | 100KVA Kulwant Singh Pandori | .. | 28-1-93 | 2-2-93 |
| 213 | 63KVA Jagir Singh Mandimehla | .. | 31-1-93 | 4-2-93 |
| 214 | 100KVA School Vilabajoo | .. | 28-1-93 | 3-2-93 |
| 215 | 25KVA Jagtar Singh Kohli | .. | 10-2-93 | 16-2-93 |
| 216 | 25KVA Mukhtar Singh Sero | .. | 10-2-93 | 16-2-93 |
| 217 | 100KVA Arjun Singh Meko | .. | 28-2-93 | 5-3-93 |
| 218 | 100KVA Kulwant Singh Pandori | .. | 10-3-93 | 16-3-93 |
| 219 | 100KVA Ishar Singh Aulokh | .. | 31-1-93 | 3-2-93 |
| 220 | 63KVA Faghan Singh Mari Pankab | .. | 31-1-93 | 3-2-93 |
| 221 | 25KVA Harjit Singh Mali Dhanwa | .. | 3-2-93 | 8-2-93 |
| 222 | 100KVA Sain Dass Harchowal | .. | 4-2-93 | 8-2-93 |

Original with;
Punjab Vidhan Sabha
Digitized by;
Panjab Digital Library

| 1 | | 2 | 3 | 4 |
|---|---|---|---|---|
| 223 | 63KVA Narang Singh Rajoa | .. | 9-2-93 | 10-2-93 |
| 224 | 63KVA Gian Singh Dhariwal | .. | 2-2-93 | 4-2-93 |
| 225 | 63KVA Kishan Singh Cheema Reuti | .. | 8-2-93 | 10-2-93 |
| 226 | 63KVA Salwinder Singh | .. | 8-2-93 | 10-2-93 |
| 227 | 100KVA Dalip Singh Aulokh | .. | 28-2-93 | 2-3-93 |
| 228 | 50KVA Pind Samrala | .. | 2-3-93 | 4-3-93 |
| 229 | 63KVA Pind Samrala | .. | 2-3-93 | 4-3-93 |
| 230 | 63KVA Pind Balrwal | .. | 20-1-93 | 4-3-93 |
| 231 | 100KVA Tarbh | .. | 1-2-93 | 3-2-93 |

Due to outstanding amount of Rs. 30,000/- against 46 No. defaulters, the transfomerr was not replaced.

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਇੱਕੋ ਬਲਾਕ ਦੇ ਵਿੱਚ 231 ਟਰਾਂਸ-ਫਾਰਮਰ ਸੜ ਗਏ ਹਨ। ਇੰਨੀ ਵੱਡੀ ਸੰਖਿਆ ਵਿੱਚ ਟਰਾਂਸਫਾਰਮਰਜ਼ ਦੇ ਸੜਨ ਦਾ ਕੀ ਕਾਰਨ ਹੈ ?

**Minister** : Over loading.

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਨੂੰ ਕਦੇ ਨਜ਼ਰ-ਅੰਦਾਜ਼ ਤਾਂ ਨਹੀਂ ਕੀਤਾ ਜਾ ਰਿਹਾ ਕਿ ਇੰਨੀ ਵੱਡੀ ਗਿਣਤੀ ਵਿੱਚ ਇੰਨੇ ਟਰਾਂਸਫਾਰਮਰਜ਼ ਸੜ ਗਏ, ਇਸ ਦਾ ਕਾਰਨ ਸਬ-ਸਟੈਂਡਰਡ ਕੁਆਲਿਟੀ ਦੀ ਖਰੀਦ ਹੋਵੇ। ਪਿੱਛੇ ਜਿਹੇ ਗਾਜ਼ੀਆਬਾਦ ਦੀਆਂ ਦੋ ਫਰਮਾਂ ਤੋਂ ਸਬ-ਸਟੈਂਡਰਡ ਕੁਆਲਿਟੀ ਦੇ ਟਰਾਂਸਫਾਰਮਰਜ਼ ਖਰੀਦੇ ਗਏ, ਮੇਰੇ ਕੋਲ ਡਾਕੂ-ਮੈਂਟਰੀ ਪਰੂਫ ਹੈ ਅਤੇ ਉਹ ਘਟੀਆ ਕੁਆਲਿਟੀ ਦੇ ਸਨ ਜਿਹੜੇ ਖਰੀਦੇ ਗਏ, ਇਸ ਤਰ੍ਹਾਂ ਦੇ ਮਾਮਲੇ ਜਿਹੜੇ ਨੋਟਿਸ ਵਿੱਚ ਆਉਂਦੇ ਹਨ ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਉਨ੍ਹਾਂ ਦੀ ਇਨਕੁਆਇਰੀ ਕਰਵਾਕੇ, ਦੋਸ਼ੀਆਂ ਵਿਰੁੱਧ ਐਕਸ਼ਨ ਲੈਣਗੇ ?

**ਸ੍ਰੀ ਸਪੀਕਰ** : ਅਰਸ਼ੀ ਜੀ, ਕੋਈ ਸਪੈਸੀਫਿਕ ਗੱਲ ਪੁੱਛੋ ਤਾਂ ਉਹ ਦੱਸ ਵੀ ਦੇਣ।

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਸਪੀਕਰ ਸਾਹਿਬ, ਮੈਂ ਡਾਕੂਮੈਂਟਰੀ ਪਰੂਫ ਦੇ ਆਧਾਰ ਤੇ ਪੁੱਛ ਰਿਹਾ ਹਾਂ ਕਿ ਜੋ ਘਟੀਆ ਕੁਆਲਿਟੀ ਦੀ ਪਰਚੇਜ਼ ਕੀਤੀ ਜਾਂਦੀ ਹੈ ਅਤੇ 500 ਟਰਾਂਸ-ਫਾਰਮਰਜ਼ ਬਿਜਲੀ ਬੋਰਡ ਵੱਲੋਂ ਜੋ ਘਟੀਆ ਕੁਆਲਿਟੀ ਦੇ ਖਰੀਦੇ ਗਏ ਹਨ, ਮੈਂ ਪਰੂਫ ਦੇ ਨਾਲ ਗੱਲ ਕਰ ਰਿਹਾ ਹਾਂ, ਉਨ੍ਹਾਂ ਸਬੰਧੀ ਇਨਕੁਆਇਰੀ ਕਰਵਾ ਕੇ ਕੀ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਨੂੰ ਸਜ਼ਾ ਦਿੱਤੀ ਜਾਵੇਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਵੈਸੇ ਕੁਝ ਹੱਦ ਤੱਕ ਇਹ ਗੱਲ ਠੀਕ ਹੈ ਲੇਕਿਨ ਮਾਨਯੋਗ ਮੈਂਬਰ ਸਾਹਿਬ ਨੇ ਆਪਣੇ ਕੁਐਸਚਨ ਵਿੱਚ ਟਰਾਂਸਫਾਰਮਰਜ਼ ਦੇ ਸੜਨ ਦੀ ਗਿਣਤੀ ਪੁੱਛੀ ਸੀ ਅਤੇ ਕਿਹਾ ਸੀ ਕਿ ਬਹੁਤ ਸਾਰੇ ਟਰਾਂਸਫਾਰਮਰਜ਼ ਸੜ ਗਏ ਹਨ, ਇਸਦਾ ਮੁੱਖ ਕਾਰਨ ਪਿਛਲੇ ਹਾਲਾਤ ਸੀ ਕਿਉਂਕਿ ਸਾਡੇ ਜੋ ਕਰਮਚਾਰੀ ਹਨ ਉਹ ਪੂਰੀ ਚੈਕਿੰਗ ਨਹੀਂ ਸੀ ਕਰਨ ਜਾ ਸਕਦੇ ਅਤੇ ਲੋਕ ਬਿਜਲੀ ਦੀ ਨਜਾਇਜ਼ ਵਰਤੋਂ ਕਰਦੇ ਸਨ, ਜਿਸ ਕਾਰਨ ਓਵਰ ਲੋਡਿੰਗ ਕਰਕੇ ਇੰਨੀ ਵੱਡੀ ਸੰਖਿਆ ਵਿੱਚ ਟਰਾਂਸਫਾਰਮਰਜ਼ ਸੜ ਗਏ ।

**ਸ੍ਰੀ ਫਕੀਰ ਚੰਦ** : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਵਾਲ ਓਵਰ ਲੋਡਿੰਗ ਦਾ ਹੈ ਉਸ ਵਿੱਚ ਮੈਂ ਦੱਸਦਾ ਹਾਂ ਕਿ ਘਰਾਂ ਵਿਚ ਮਿੰਨੀ ਸਰਕਟਸ ਬਰੇਕਰ (ਐਮ. ਸੀ. ਬੀ.) ਲਗਾ ਕੇ ਸੜਨ ਤੋਂ ਰੋਕਿਆ ਜਾ ਸਕਦਾ ਹੈ ਅਤੇ ਜਿਆਦਾ ਸੇਵਿੰਗ ਹੋ ਸਕਦੀ ਹੈ ?

**Mr. Speaker**: It is just a suggestion, not a supplementary. We come to the next question then.

---

**ਮਿਉਂਨਿਸਪਲ ਕਮੇਟੀ, ਧੂਰੀ ਦੇ ਦਫ਼ਤਰ ਵਿਚ ਲੱਗੇ ਟੈਲੀਫੂਨਾਂ ਦੇ ਵੇਰਵੇ**

*975. **ਸਰਦਾਰ ਧਨਵੰਤ ਸਿੰਘ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਉਂਨਿਸਪਲ ਕਮੇਟੀ, ਧੂਰੀ, ਜ਼ਿਲ੍ਹਾ ਸੰਗਰੂਰ ਦੇ ਦਫਤਰ ਵਿਚ ਲੱਗੇ ਸਰਕਾਰੀ ਟੈਲੀਫੂਨਾਂ ਦੀ ਕੁਲ ਗਿਣਤੀ ਕਿੰਨੀ ਹੈ ਅਤੇ ਉਕਤ ਕਮੇਟੀ ਦੇ ਅਫਸਰਾਂ ਦੇ ਨਿਵਾਸ ਸਥਾਨਾਂ ਤੇ ਕਿੰਨੇ ਸਰਕਾਰੀ ਟੈਲੀਫੂਨ ਲਗਾਏ ਗਏ ਹਨ ?

**Doctor Kewal Krishan** : There are two Official Telephones of Municipal Committee, Dhuri. One is installed in the office of the Executive Officer and the second is installed at the residence of President Municipal Committee, Dhuri. There is no telephone at the residence of any officer of the Municipal Committee.

**ਸਰਦਾਰ ਧਨਵੰਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰ ਯੋਗ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਦੋ ਟੈਲੀਫੋਨ ਹਨ : ਇੱਕ ਤਾਂ ਮਿਉਂਸਪੈਲਿਟੀ ਵਿੱਚ ਲੱਗਿਆ ਹੋਇਆ ਹੈ ਅਤੇ ਦੂਜਾ ਮਿਉਂਸਪੈਲਿਟੀ ਪ੍ਰਧਾਨ ਦੇ ਘਰ ਲੱਗਿਆ ਹੋਇਆ ਹੈ । ਇਹ ਟੈਲੀਫੂਨ ਈ. ਓ. ਦੇ ਨਾਂ ਤੇ 1973 ਤੋਂ ਲੱਗਿਆ ਹੋਇਆ ਹੈ ਅਤੇ ਇਸ ਦਾ ਮਿਸ-ਯੂਜ਼ ਹੋ ਰਿਹਾ ਹੈ। ਕੀ ਮੰਤਰੀ ਜੀ ਦੱਸਣਗੇ ਕਿ ਜਿਸ ਬੰਦੇ ਨੇ ਮਿਸ-ਯੂਜ਼ ਕੀਤਾ ਹੈ, ਉਸ ਦੇ ਖਿਲਾਫ ਕੀ ਐਕਸ਼ਨ ਲਿਆ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, 1973-74 ਵਿਚ ਇਕ ਟੈਲੀਫੂਨ ਨੰ : 2143 ਈ. ਓ. ਦੇ ਘਰ ਲੱਗਿਆ ਸੀ । 1979 ਵਿਚ ਜਦੋਂ ਇਲੈਕਸ਼ਨਾਂ ਹੋਈਆਂ ਅਤੇ ਪਰੈਜ਼ੀਡੈਂਟ ਭੀਮ ਸੈਨ ਜਿੰਦਲ ਚੁਣੇ ਗਏ ਅਤੇ ਟੈਲੀਫੂਨ ਉਨ੍ਹਾਂ ਦੇ ਘਰ ਸ਼ਿਫਟ ਕਰ ਦਿੱਤਾ ਗਿਆ। 1985 ਤੱਕ ਇਹ ਟੈਲੀਫੂਨ ਉਥੇ ਹੀ ਰਿਹਾ ਅਤੇ ਡਿਊ ਕਾਲਾਂ ਦੇ ਖਰਚੇ ਦਾ ਮਿਉਂਸਪੈਲਟੀ ਤੇ ਬੋਝ ਨਹੀਂ ਪਿਆ ਪਰ ਫਿਰ ਵੀ ਰਿਟ ਪਟੀਸ਼ਨ ਨੰਬਰ 16385 ਹਾਈ ਕੋਰਟ ਵਿਚ ਕੀਤੀ ਗਈ। ਜਿਹੜੀ ਡਿਸਮਿਸ ਹੋ ਗਈ। ਹੁਣ ਇਹ ਟੈਲੀਫੋਨ ਉਨ੍ਹਾਂ ਦੇ ਮੁੜ ਪਰੈਜ਼ੀਡੈਂਟ ਬਣਨ ਤੇ ਲੱਗਿਆ ਹੈ ਅਤੇ ਮਿਸ-ਯੂਜ਼ ਨਹੀਂ ਹੋ ਰਿਹਾ ।

Original with;
Punjab Vidhan Sabha
Digitized by;
Punjab Digital Library

**ਸਰਦਾਰ ਧਨਵੰਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਕਿ ਟੈਲੀਫੂਨ ਉਥੇ 1985 ਤੋਂ ਲਗਾ ਪਰ 1992 ਤੱਕ ਕੋਈ ਇਲੈਕਸ਼ਨ ਨਹੀਂ ਹੋਏ ਅਤੇ ਪਰ ਮੈਂ ਬੜੇ ਅਦਬ ਅਤੇ ਸਤਿਕਾਰ ਨਾਲ ਮਾਨਯੋਗ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਰਿੱਟ ਹੋ ਜਾਵੇ, ਸਟੇਅ ਹੋ ਜਾਵੇ ਅਤੇ ਫਿਰ ਰਿੱਟ ਡਿਸਮਿਸ ਹੋ ਜਾਵੇ ਇਸ ਨਾਲ ਮੇਰੇ ਵਿਚਾਰ ਅਨੁਸਾਰ ਪਾਵਰਾਂ ਖੋਹੀਆਂ ਜਾਂਦੀਆਂ ਹਨ ਅਤੇ ਕੋਈ ਐਕਸ਼ਨ ਨਹੀਂ ਲਿਆ ਜਾਂਦਾ।

**ਮੰਤਰੀ** : ਮੈਂ ਪਹਿਲਾਂ ਵੀ ਅਰਜ਼ ਕੀਤੀ ਸੀ ਕਿ ਮਿਉਂਸਪੈਲਟੀ ਤੇ ਖਰਚੇ ਦਾ ਕੋਈ ਬੋਝ ਨਹੀਂ ਹੈ। ਮਿਉਂਸਪੈਲਟੀ ਤੇ 1979 ਤੋਂ 1985 ਤੱਕ ਅਤੇ ਫਿਰ 1985 ਤੋਂ 1992 ਤੱਕ ਖਰਚਾ ਜਸਟੀਫਾਈਡ ਹੋਇਆ ਹੈ ਕਿ 1985 ਤੋਂ 1992 ਤੱਕ ਉਨ੍ਹਾਂ ਕੋਲ ਟੈਲੀਫੂਨ ਰਿਹਾ। ਜੋ ਹਾਈ ਕੋਰਟ ਵਿਚ ਰਿਟ ਪਟੀਸ਼ਨ ਕੀਤੀ ਗਈ, ਉਹ ਡਿਸਮਿਸ ਹੋ ਗਈ ਅਤੇ ਇਸ ਨੂੰ ਫਿਰ ਵੀ ਵਿਚਾਰਿਆ ਗਿਆ ਅਤੇ ਕੋਈ ਵੀ ਖਰਚਾ ਟੈਲੀਫੂਨ ਦਾ ਨਹੀਂ ਪਿਆ। ਇਸ ਕਰਕੇ ਆਨਰੇਬਲ ਹਾਈ ਕੋਰਟ ਨੇ ਉਸ ਨੂੰ ਮਿਸਯੂਜ਼ ਕਰਾਰ ਨਹੀਂ ਦਿਤਾ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਮਿਸ-ਯੂਜ਼ ਨਹੀਂ ਹੋਇਆ।

---

## ਬਠਿੰਡਾ ਵਿਚ ਸੀਵਰੇਜ ਵਿਛਾਉਣਾ

*931. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਇਹ ਠੀਕ ਹੈ ਕਿ ਅਰਬਨ ਰੀਨਿਊਅਲ ਪ੍ਰਾਜੈਕਟ (ਯੂ. ਆਰ. ਪੀ.) ਅਧੀਨ ਬਠਿੰਡਾ ਸ਼ਹਿਰ ਵਿਚ ਸੀਵਰੇਜ ਸਿਸਟਮ ਵਿਚ ਸੁਧਾਰ ਕਰਨ ਲਈ ਗਵਰਨਰ-ਇਨ ਕੌਂਸਲ ਦੁਆਰਾ ਸਾਲ 1990 ਦੇ ਦੌਰਾਨ 20 ਕਰੋੜ ਰੁਪਏ ਤੋਂ ਵੱਧ ਦੀ ਰਕਮ ਮਨਜ਼ੂਰ ਕੀਤੀ ਗਈ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਉਕਤ ਕੰਮ ਨੂੰ ਸ਼ੁਰੂ ਕਰਨ ਲਈ ਟੈਂਡਰ ਮੰਗੇ ਗਏ ਸਨ ; ਜੇਕਰ ਅਜਿਹਾ ਹੋਵੇ, ਤਾਂ ਉਕਤ ਸਕੀਮ ਤੇ ਹੁਣ ਤੱਕ ਕਿੰਨੀ ਰਕਮ ਖਰਚ ਕੀਤੀ ਗਈ ?

**Dr. Kewal Krishan** : (a) No. Sir.

(b) Question does not arise.

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਇਨ੍ਹਾਂ ਨੇ ਦੋ ਟੁੱਕ ਜਵਾਬ ਦੇ ਦਿੱਤਾ ਕਿ ਨੋ ਸਰ'। ਜਦ ਕਿ ਹਕੀਕਤ ਇਸ ਦੇ ਉਲਟ ਹੈ ਸਾਲ 1990 ਵਿੱਚ 20 ਕਰੋੜ ਰੁਪਿਆ ਸੀਵਰੇਜ ਸਿਸਟਮ ਦੀ ਇੰਮਪਰੂਵਮੈਂਟ ਲਈ ਸੈਂਕਸ਼ਨ ਕੀਤਾ ਗਿਆ। ਇਸ ਬਾਰੇ ਪੁਲੀਟੀਕਲ ਪਾਰਟੀਆਂ ਦੀ ਮੀਟਿੰਗ ਵੀ ਹੋਈ। ਪਲਾਨਿੰਗ ਸਕੱਤਰ ਅਤੇ ਦੋ ਸਕੱਤਰ ਵੀ ਹਾਜ਼ਰ ਸਨ ਜਿਸ ਵਿਚ ਪੈਸਾ ਖਰਚ ਕਿਸ ਤਰ੍ਹਾਂ ਕਰਨਾ ਹੈ, ਵਿਚਾਰਿਆ ਗਿਆ, ਫਿਰ ਇਹ ਪੈਸਾ ਸੈਂਕਸ਼ਨ ਕਿਉਂ ਨਹੀਂ ਹੋਇਆ ?

**ਮੰਤਰੀ**: ਸਪੀਕਰ ਸਾਹਿਬ, ਮੈਂ ਦੁਬਾਰਾ ਕਹਾਂਗਾ ਕਿ 1990 ਤੱਕ ਇਹ ਰਾਸ਼ੀ ਸੈਂਕਸ਼ਨ ਨਹੀਂ ਹੋਈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਸਪੀਕਰ ਸਾਹਿਬ, ਬਠਿੰਡੇ ਵਿਚ ਸੀਵਰੇਜ ਦੀ ਸਮੱਸਿਆ ਨੂੰ ਸਾਰੇ ਹੀ ਜਾਣਦੇ ਹਨ ਅਤੇ ਇਹ ਬਹੁਤ ਹੀ ਗੰਭੀਰ ਹੈ ਅਤੇ ਕਾਫੀ ਸਮੇਂ ਤੋਂ ਚਲੀ ਆ ਰਹੀ ਹੈ। ਇਸ ਵਾਸਤੇ ਜੋ ਮਿਊਂਸਪਲ ਕਮੇਟੀ ਹੈ, ਕੀ ਉਸ ਕੋਲ ਇਤਨੇ ਫੰਡਜ਼ ਦੇ ਰੀਸੋਰਸਜ਼ ਨਹੀਂ ਕਿ ਕੋਈ ਸੁਧਾਰ ਕਰ ਸਕੇ ? ਕੀ ਗੌਰਮਿੰਟ ਵੱਧ ਤੋਂ ਵੱਧ ਪੈਸਾ ਇਸ ਵਾਸਤੇ ਦੇਣ ਲਈ ਵਿਚਾਰ ਕਰ ਰਹੀ ਹੈ ਤਾਂ ਕਿ ਸੀਵਰੇਜ ਦਾ ਸੁਧਾਰ ਕੀਤਾ ਜਾ ਸਕੇ ?

**ਮੰਤਰੀ:** ਸਪੀਕਰ ਸਾਹਿਬ, ਮਈ, 1991 ਵਿਚ ਗਵਰਨਰ-ਇਨ-ਕੌਂਸਲ ਨੇ ਇਕ ਫੈਸਲਾ ਕੀਤਾ ਸੀ ਔਰ 14.5 ਕਰੋੜ ਰੁਪਿਆ ਇਸ ਕੰਮ ਦੇ ਲਈ ਇਕ ਵੈਲ ਰਿਪਿਊਟਿਡ ਏਜੰਸੀ ਨੂੰ ਦਿੱਤਾ ਗਿਆ ਸੀ ਪਰ ਉਸ ਦੇ ਨਾਲ ਸੀਵਰੇਜ ਦੀ ਸਮੱਸਿਆ ਹੱਲ ਨਹੀਂ ਹੋ ਸਕੀ, ਕੁੱਝ ਪ੍ਰਾਬਲਮਜ਼ ਰਹੀਆਂ। ਹੁਣ ਪੰਜਾਬ ਸਰਕਾਰ ਨੇ 1 ਕਰੋੜ ਰੁਪਿਆ ਰੀਸੈਂਟਲੀ ਦਿੱਤਾ ਹੈ। 50 ਲੱਖ ਰੁਪਿਆ 31 ਮਾਰਚ, ਤਕ ਖਰਚ ਕੀਤਾ ਜਾਵੇਗਾ ਔਰ ਨੈਕਸਟ ਫਾਈਨਾਂਸ਼ੀਅਲ ਈਅਰ ਵਿੱਚ ਵੀ ਪੈਸੇ ਦੇਵਾਂਗੇ ਤਾਂਕਿ ਬਠਿੰਡੇ ਦਾ ਸੀਵਰੇਜ ਠੀਕ ਤਰ੍ਹਾਂ ਚਲੇ, ਕੋਈ ਪ੍ਰਾਬਲਮ ਨਾ ਹੋਵੇ।

---

**ਅੰਮ੍ਰਿਤਸਰ ਅਤੇ ਫਰੀਦਕੋਟ ਜ਼ਿਲ੍ਹਿਆਂ ਵਿਚ ਨਵੀਂ ਮਾਰਕੀਟ ਕਮੇਟੀਆਂ ਬਣਾਉਣੀਆਂ**

*958. (1) **ਕਾਮਰੇਡ ਅਜਾਇਬ ਸਿੰਘ ਰੌਂਤਾ**
(2) **ਸ਼੍ਰੀਮਤੀ ਵਿਮਲਾ ਡਾਂਗ** } : ਕੀ ਖੇਤੀ ਬਾੜੀ ਅਤੇ ਜੰਗਲਾਤ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ––

(ੳ) ਕੀ ਅੰਮ੍ਰਿਤਸਰ ਅਤੇ ਫਰੀਦਕੋਟ ਜ਼ਿਲ੍ਹਿਆਂ ਵਿਚ ਕੋਈ ਨਵੀਆਂ ਮਾਰਕੀਟ ਕਮੇਟੀਆਂ ਬਣਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹੀਆਂ ਕਮੇਟੀਆਂ ਬਣਾਉਣ ਲਈ ਕੀ ਕਸੌਟੀ ਨਿਸਚਿਤ ਕੀਤੇ ਜਾਣ ਦਾ ਵਿਚਾਰ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਨਵੀਆਂ ਮਾਰਕੀਟ ਕਮੇਟੀਆਂ ਬਣਾਉਣ ਲਈ ਕੋਈ ਪ੍ਰਤਿਬੇਨਤੀਆਂ ਪ੍ਰਾਪਤ ਹੋਈਆਂ ਹਨ, ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ: (ਏ) ਨਹੀਂ ਜੀ।

(ਬੀ) ਹਾਂ ਜੀ। ਅੰਮ੍ਰਿਤਸਰ ਅਤੇ ਫਰੀਦਕੋਟ ਜ਼ਿਲ੍ਹਿਆਂ ਵਿਖੇ ਹੇਠ ਲਿਖੀਆਂ ਥਾਵਾਂ ਤੇ ਨਵੀਆਂ ਮਾਰਕੀਟ ਕਮੇਟੀਆਂ ਸਥਾਪਿਤ ਕਰਨ ਬਾਰੇ ਪ੍ਰਤੀ ਬੇਨਤੀਆਂ ਪ੍ਰਾਪਤ ਹੋਈਆਂ ਹਨ:––

(1) ਅਮਰਕੋਟ (ਜ਼ਿਲ੍ਹਾ ਅੰਮ੍ਰਿਤਸਰ)।

(2) ਰਾਜਾ ਸਾਂਸੀ (ਜ਼ਿਲ੍ਹਾ ਅੰਮ੍ਰਿਤਸਰ)।

(3) ਤਰਸਿੱਕਾ (ਜ਼ਿਲ੍ਹਾ ਅੰਮ੍ਰਿਤਸਰ)।

(4) ਸਾਦਿਕ (ਜ਼ਿਲ੍ਹਾ ਫਰੀਦਕੋਟ)।

Original with;
Punjab Vidhan Sabha
Digitized by;
Punjab Digital Library

**ਕਾਮਰੇਡ ਅਜਾਇਬ ਸਿੰਘ ਰੌਂਤਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਤਜਵੀਜ਼ ਆਈ ਹੈ ਸਰਕਾਰ ਦਾ ਕੀ ਵਿਚਾਰ ਹੈ ਕਿ ਜੋ ਮਾਰਕਿਟ ਕਮੇਟੀਆਂ ਬਣਾਉਣ ਵਾਸਤੇ ਦਰਖਾਸਤਾਂ ਆਈਆਂ ਹਨ ਜਿਹੜੇ ਪਿੰਡ ਉਸ ਮਾਰਕੀਟ ਕਮੇਟੀ ਨਾਲ ਨਹੀਂ ਜੁੜਨਾ ਚਾਹੁੰਦੇ ਕੀ ਮਨਿਸਟਰ ਸਾਹਿਬ ਇਸ ਗੱਲ ਲਈ ਐਸ਼ੋਅਰ ਕਰਾਉਣਗੇ ਕਿ ਉਨ੍ਹਾਂ ਨੂੰ ਜਬਰਦਸਤੀ ਤਾਂ ਨਹੀਂ ਜੋੜਿਆ ਜਾਵੇਗਾ ?

**ਸ੍ਰੀ ਸਪੀਕਰ** : ਇਹ ਸਪਲੀਮੈਂਟਰੀ ਤਾਂ ਤੁਹਾਡਾ ਕੋਈ ਸਪੈਸਿਫਿਕ ਨਹੀਂ ਬਣਦਾ । ਹੋਰ ਕੋਈ ਸਪਲੀਮੈਂਟਰੀ ਪੁੱਛ ਲਓ ।

**ਕਾਮਰੇਡ ਅਜਾਇਬ ਸਿਘ ਰੌਂਤਾ**: ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਹੈ ਕਿ ਮੰਤਰੀ ਜੀ ਨੇ ਭਾਗ (ੳ) ਵਿਚ ਕਿਹਾ ਹੈ 'ਨਹੀਂ ਜੀ'। ਭਾਗ (ਅ) ਵਿਚ ਜੋ ਇਨ੍ਹਾਂ ਕੁਲ ਚਾਰ ਮਾਰਕੀਟ ਕਮੇਟੀਆਂ ਬਣਾਉਣ ਬਾਰੇ ਬੱਸਿਆ ਹੈ, ਮੇਰੀ ਜਾਣਕਾਰੀ ਹੈ ਕਿ 15–16 ਪਿੰਡ ਅਮਰਕੋਟ ਦੀ ਮਾਰਕੀਟ ਕਮੇਟੀ ਨਾਲ ਨਹੀਂ ਜੁੜਨਾ ਚਾਹੁੰਦੇ ਕੀ ਮਾਰਕੀਟ ਕਮੇਟੀਆਂ ਬਣਾਉਣ ਲਈ ਪ੍ਰਤੀ ਬੇਨਤੀਆਂ ਤੇ ਵਿਚਾਰ ਕਰਦੇ ਸਮੇਂ ਉਨ੍ਹਾਂ ਪਿੰਡਾਂ ਨੂੰ ਧੱਕੇ ਨਾਲ ਤਾਂ ਨਹੀਂ ਜੋੜਿਆ ਜਾਵੇਗਾ ਜਿਹੜੇ ਉਸ ਮਾਰਕੀਟ ਕਮੇਟੀ ਨਾਲ ਨਹੀਂ ਜੁੜਨਾ ਚਾਹੰਦੇ ?

**ਮੰਤਰੀ** : ਸਪੀਕਰ ਸਾਹਿਬ, ਪੱਕਾ ਕਰਨ ਦਾ ਕੋਈ ਇਰਾਦਾ ਨਹੀਂ ਅਤੇ ਨਾ ਹੀ ਕੋਈ ਜ਼ਰੂਰਤ ਹੈ ਪੱਕਾ ਕਰਨ ਦੀ। ਸਾਡੀਆਂ ਮਾਰਕੀਟ ਕਮਟੀਆਂ ਜੋ 1985 ਵਿਚ ਬਣੀਆਂ ਉਹ ਇਸ ਵੇਲੇ 143 ਹਨ, ਸਾਡੀ ਸਰਕਾਰ ਦੀ ਪਾਲਿਸੀ ਇਹ ਹੈ ਕਿ ਮਾਰਕੀਟ ਕਮੇਟੀਆਂ ਤੇ ਖਰਚਾ ਘੱਟ ਕੀਤਾ ਜਾਵੇ ਔਰ ਉਹ ਪੈਸਾ ਬਚਾ ਕੇ ਕਿਸਾਨਾਂ ਦੀਆਂ ਸੜਕਾਂ ਵਾਸਤੇ, ਮਜ਼ਦੂਰਾਂ ਵਾਸਤੇ ਔਰ ਹੋਰ ਦੂਸਰੇ ਕੰਮਾਂ ਪਾਸੇ ਲਾਇਆ ਜਾਵੇ। ਇਹ ਕੋਈ ਐਸੀ ਗੱਲ ਨਹੀਂ ਕਿ ਕਿਸੇ ਨੂੰ ਧੱਕੇ ਨਾਲ ਜੋੜਾਂਗੇ। ਬਾਕੀ ਇਹ ਗੱਲ ਹੈ ਕਿ ਫਸਲ ਦੂਰ ਨਾ ਲਿਜਾਣੀ ਪਵੇ ਉਸ ਦੇ ਵਾਸਤੇ ਪ੍ਰਚੇਜ਼ ਸੈਂਟਰ ਅਲਹਿਦਾ ਅਲਹਿਦਾ ਬਣਾਏ ਗਏ ਹਨ। ਐਸੀ ਗੱਲ ਨਹੀਂ ਕਿ ਕਿਸੇ ਨਾਲ ਧੱਕਾ ਕਰੀਏ ।

**Mr Speaker** : Next question. Shri Raghu Nath Sahai Puri.

**ਕੁਝ ਅਵਾਜ਼ਾਂ** : ਵਿੱਚ ਕੁਝ ਸਵਾਲ ਰਹਿ ਗਏ ਹਨ ਜੀ।

**ਸਿੱਖਿਆ ਮੰਤਰੀ** : ਸਰ, 2–3 ਕੁਐਸਚਨ ਵਿੱਚ ਰਹਿ ਗਏ ਹਨ। ਪਹਿਲਾਂ ਉਹ ਕਰਨੇ ਹਨ ਜਾਂ ਮੈਂ ਜਵਾਬ ਦੇਵਾਂ ਜੀ।

**ਸ੍ਰੀ ਸਪੀਕਰ** : ਠੀਕ ਹੈ। Resume your seat. Next question.

---

**Starred Question No. 949**

**Mr Speaker** : Malkiat Singh Birmi is not present in the House. ਨਾ ਹੀ ਉਨ੍ਹਾਂ ਦੀ ਕੋਈ ਅਥਾਰਿਟੀ ਆਈ ਹੈ।

(ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਉਪਰੋਕਤ ਪ੍ਰਸ਼ਨ ਪੇਸ਼ ਨਹੀਂ ਹੋਇਆ)।

**ਸ੍ਰੀ ਸਪੀਕਰ** : ਉਸ ਦੇ ਬਾਅਦ ਨੈਕਸਟ ਕੁਐਸਚਨ, ਡਾਕਟਰ (ਸ੍ਰੀਮਤੀ) ਮਾਲਤੀ ਥਾਪਰ।

Original with;
Punjab Vidhan Sabha
Digitized by;
Panjab Digital Library

**ਪਿੰਡ ਡਾਗਰੂ, ਤਹਿਸੀਲ ਮੋਗਾ ਵਿਖੇ 25--ਬਿਸਤਰਿਆਂ ਦਾ ਹਸਪਤਾਲ ਕਾਇਮ ਕਰਨਾ**

*953. **ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ :** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਡਾਗਰੂ, ਤਹਿਸੀਲ ਮੋਗਾ ਵਿਖੇ 25-ਬਿਸਤਰਿਆਂ ਦਾ ਹਸਪਤਾਲ ਸਥਾਪਿਤ ਕਰਨ ਲਈ ਬਿਲਡਿੰਗ ਤਿਆਰ ਹੈ ਅਤੇ ਸਿਹਤ ਵਿਭਾਗ ਨੂੰ ਸੌਂਪ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਹਸਪਤਾਲ ਦੇ ਹੁਣ ਤੱਕ ਸ਼ੁਰੂ ਨਾ ਕਰਨ ਦੇ ਕੀ ਕਾਰਨ ਹਨ ?

**ਸਰਦਾਰ ਲਾਲ ਸਿੰਘ :** ਨਹੀਂ ਜੀ।

ਸਬਸਿਡਰੀ ਹੈਲਥ ਸੈਂਟਰ ਡਗਰੂ, ਜ਼ਿਲ੍ਹਾ ਫਰੀਦਕੋਟ ਦੀ ਇਮਾਰਤ ਅਜੇ ਤਿਆਰ ਨਹੀਂ ਹੈ ਅਤੇ ਇਸ ਦਾ ਚਾਰਜ ਸਿਹਤ ਵਿਭਾਗ ਨੂੰ ਅਜੇ ਨਹੀਂ ਦਿਤਾ ਗਿਆ ਹੈ। ਇਸ ਲਈ ਇਸ ਨਵੀਂ ਇਮਾਰਤ ਵਿੱਚ ਕੰਮ ਕਰਨਾ ਸ਼ੁਰੂ ਨਹੀਂ ਕੀਤਾ ਹੈ।

**ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਸਭ ਤੋਂ ਪਹਿਲਾਂ ਜਿਹੜੀ ਇਨ੍ਹਾਂ ਨੇ ਸਟੇਟਮੈਂਟ ਹਾਊਸ ਵਿਚ ਦਿੱਤੀ ਹੈ ਕਿ ਬਿਲਡਿੰਗ ਤਿਆਰ ਨਹੀਂ ਹੈ ਮੈਂ ਇਸ ਤੇ ਡਿਫਰ ਕਰਦੀ ਹਾਂ ਕਿਉਂਕਿ ਬਿਲਡਿੰਗ ਤਾਂ ਬਿਲਕੁਲ ਤਿਆਰ ਹੈ ........... ।

**Mr. Speaker :** It is a question of opinion. Please ask your supplimentary.

**ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਜੇ ਉਹ ਬਿਲਡਿੰਗ ਤਿਆਰ ਹੋਵੇ ਤਾਂ ਕੀ ਮਨਿਸਟਰ ਸਾਹਿਬ ਐਸ਼ੋਰੈਂਸ ਦੇਣਗੇ ਕਿ ਕਿੰਨੇ ਚਿਰ ਵਿਚ ਉਥੇ ਸ਼ਿਫਟ ਕਰ ਜਾਣਗੇ ?

**ਮੰਤਰੀ :** ਸਪੀਕਰ ਸਾਹਿਬ, ਬਿਲਡਿੰਗ ਜਿਹੜੀ ਹੈ ਉਹ ਪੀ. ਡਬਲਿਯੂ. ਡੀ. ਨੇ ਤਿਆਰ ਕਰਨੀ ਹੈ ਉਸ ਦੇ ਬਾਅਦ ਹੈਲਥ ਡਿਪਾਰਟਮੈਂਟ ਨੂੰ ਹੈਂਡ ਓਵਰ ਕਰਨੀ ਹੈ। ਅਜੇ ਬਿਲਡਿੰਗ ਤਿਆਰ ਹੋਣ ਵਿਚ ਕੁਝ ਘਾਟਾਂ ਹਨ। ਜਦੋਂ ਬਿਲਡਿੰਗ ਮਿਲੇਗੀ ਉਦੋਂ ਆਲਰੇਡੀ ਵਰਕ ਕਰ ਰਿਹਾ ਸਟਾਫ ਉਥੇ ਸ਼ਿਫਟ ਕਰ ਦਿਆਂਗੇ।

---

**ਨੰਗਲ ਵਿਖੇ ਇਕ 100-ਬਿਸਤਰਿਆਂ ਵਾਲਾ ਹਸਪਤਾਲ ਖੋਲ੍ਹਣਾ**

*955. **ਸ਼੍ਰੀ ਮਦਨ ਮੋਹਨ ਮਿੱਤਲ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਨੰਗਲ ਵਿਖੇ ਇਕ 100-ਬਿਸਤਰਿਆਂ ਵਾਲਾ ਸਿਵਲ ਹਸਪਤਾਲ ਖੋਲ੍ਹਣ ਦਾ ਵਿਚਾਰ ਹੈ ; ਜੇਕਰ ਹੈ, ਤਾਂ ਕਦੋਂ ?

**ਸਰਦਾਰ ਲਾਲ ਸਿੰਘ :** ਨਹੀਂ ਜੀ। ਨੰਗਲ ਵਿਖੇ 100 ਬਿਸਤਰਿਆਂ ਦਾ ਹਸਪਤਾਲ ਖੋਲ੍ਹਣ ਦੀ ਕੋਈ ਤਜਵੀਜ਼ ਨਹੀਂ ਹੈ ।

**ਸ਼੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੰਤਰੀ ਜੀ ਤੋਂ ਇਹ ਪ੍ਰਸ਼ਨ ਪੁੱਛਣਾ ਚਾਹੁੰਦਾ ਹਾਂ ਕਿ ਜੇ ਉਥੇ ਸੌ-ਬਿਸਤਰਿਆਂ ਦਾ ਨਹੀਂ ਤਾਂ ਕੋਈ ਉਸ ਤੋਂ ਘੱਟ ਬਿਸਤਰਿਆਂ ਦਾ ਹਸਪਤਾਲ ਖੋਲ੍ਹਣ ਦਾ ਵਿਚਾਰ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ ਸਾਹਿਬ, ਉਥੇ ਕੋਈ ਵੀ ਬਿਸਤਰੇ ਦਾ ਹਸਪਤਾਲ ਖੋਲ੍ਹਣ ਦੀ ਤਜਵੀਜ਼ ਨਹੀਂ ਕਿਉਂਕਿ ਨੰਗਲ ਵਿਖੇ 100-ਬਿਸਤਰਿਆਂ ਦਾ ਹਸਪਤਾਲ ਆਲਰੈਡੀ ਬੀ. ਬੀ. ਐਮ. ਬੀ. ਦਾ ਵਰਕ ਕਰ ਰਿਹਾ ਹੈ, ਇਸ ਲਈ ਹੋਰ ਹਸਪਤਾਲ ਦੀ ਕੋਈ ਲੋੜ ਨਹੀਂ।

**ਸ੍ਰੀ ਮਦਨ ਮੋਹਨ ਮਿੱਤਲ**: ਸਪੀਕਰ ਸਾਹਿਬ, ਮੇਰਾ ਸੈਕੰਡ ਸਪਲੀਮੈਂਟਰੀ ਇਹ ਹੈ ਕਿ ਮੰਤਰੀ ਜੀ ਨੇ ਦੱਸਿਆ ਹੈ ਕਿ already there is one hospital being run by the B.B.M.B., Canal Deptt. ਪਰ ਉਸ ਹਸਪਤਾਲ ਵਿਚ ਇਹ ਹੈ ਕਿ ਜੋ ਐਮਪਲਾਈਜ਼ ਬੀ.ਬੀ.ਐਮ.ਬੀ. ਦੇ ਹਨ ਉਨ੍ਹਾਂ ਨੂੰ ਹੀ ਪੂਰੀ ਫੈਸਿਲਟੀ ਦਿਤੀ ਜਾਂਦੀ ਹੈ। ਜੇਕਰ ਕੋਈ ਨਾਨ-ਐਮਪਲਾਈ ਜਾਂਦਾ ਹੈ ਤਾਂ they are over-charged. If a person has to hire an ambulance, he has to pay more. He is charged heavily. ਜੇ ਮੰਤਰੀ ਜੀ ਹਸਪਤਾਲ ਨਹੀਂ ਖੋਲ੍ਹਦੇ ਤਾਂ ਜਿਹੜੀਆਂ ਫੈਸਿਲਟੀਜ਼ ਐਮਪਲਾਈਜ਼ ਨੂੰ ਦਿੱਤੀਆਂ ਜਾਂਦੀਆਂ ਹਨ ਉਹ ਨਾਨ-ਐਮਪਲਾਈਜ਼ ਨੂੰ ਵੀ ਮਿਲਣੀਆਂ ਚਾਹੀਦੀਆਂ ਹਨ ਕਿਉਂਕਿ Punjab Government contributes more than 60% finance for the hospital.

**ਮੰਤਰੀ** : ਇਹ ਠੀਕ ਹੈ ਜਿਥੋਂ ਤੱਕ ਫਾਇਨਾਂਸਿਜ਼ ਦਾ ਸੁਆਲ ਹੈ ਪੰਜਾਬ ਗੌਰਮਿੰਟ ਕਰਦੀ ਹੈ ਔਰ ਜੋ ਡਾਕਟਰਜ਼ ਹਨ ਅਤੇ ਦੂਸਰਾ ਪੈਰਾਮੈਡੀਕਲ ਸਟਾਫ ਹੈ ਉਹ ਵੀ ਅਸੀਂ ਭੇਜਦੇ ਹਾਂ। ਜਿਹੜੀ ਇਨ੍ਹਾਂ ਦੀ ਤਜਵੀਜ਼ ਹੈ ਉਸ ਤੇ ਵੀ ਵਿਚਾਰ ਕਰ ਲਵਾਂਗੇ।

---

**ਐਡਹਾਕ ਲੈਕਚਰਾਰਾਂ ਦੀਆਂ ਸੇਵਾਵਾਂ ਰੈਗੂਲਰ ਕਰਨਾ**

*957. (1) **ਕਾਮਰੇਡ ਅਜਾਇਬ ਸਿੰਘ ਰੌਂਤਾ**
(2) **ਸ੍ਰੀਮਤੀ ਵਿਮਲਾ ਡਾਂਗ** } : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਰਾਜ ਵਿਚ, ਇਸ ਸਮੇਂ ਲੜਕਿਆਂ ਲਈ ਸਰਕਾਰੀ ਕਾਲਜਾਂ ਅਤੇ ਲੜਕੀਆਂ ਲਈ ਸਰਕਾਰੀ ਕਾਲਜਾਂ ਵਿਚ ਐਡਹਾਕ ਲੈਕਚਰਾਰਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਕਿੰਨੀ ਹੈ ਅਤੇ ਅਜਿਹੇ ਲੈਕਚਰਾਰਾਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਦਾ ਸੇਵਾ ਕਾਲ ਸਭ ਤੋਂ ਜ਼ਿਆਦਾ ਅਤੇ ਸਭ ਤੋਂ ਘੱਟ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਲੈਕਚਰਾਰਾਂ ਦੀਆਂ ਸੇਵਾਵਾਂ ਕਿਹੜੇ ਕਾਰਨਾਂ ਕਰਕੇ ਅਜੇ ਤੱਕ ਰੈਗੂਲਰ ਨਹੀਂ ਕੀਤੀਆਂ ਗਈਆਂ ਹਨ ?

**ਸ੍ਰੀ ਹਰਨਾਮ ਦਾਸ ਜੌਹਰ**: (ੳ) ਮੰਗੀ ਗਈ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ। ਹਰ ਇੱਕ ਤਦ-ਅਰਥ ਆਧਾਰ ਤੇ ਲੱਗੇ ਲੈਕਚਰਾਰ ਦਾ ਨਾਂ, ਕੁੱਲ ਸੇਵਾ ਦੱਸਣਾ ਉਚਿਤ ਨਹੀਂ ਹੋਵੇਗਾ ਕਿਉਂਕਿ ਇਸ ਸੂਚਨਾ ਨੂੰ ਇਤਨੇ ਥੋੜ੍ਹੇ ਸਮੇਂ ਵਿਚ ਇਕੱਠੀ ਕਰਨ ਲਈ ਕੀਤੀ ਮੇਹਨਤ, ਸਮਾਂ ਅਤੇ ਖਰਚਾ, ਲੈਕਚਰਾਰਾਂ ਦੇ ਨਾਂ ਅਤੇ ਸੇਵਾ ਦਾ ਵੇਰਵਾ ਦੱਸਣਾ, ਆਪਸ ਵਿਚ ਸਮਮਾਪੀ ਨਹੀਂ ਹੋਣਗੇ।

(ਅ) ਸਰਕਾਰੀ ਕਾਲਜਾਂ ਦੇ ਲੈਕਚਰਾਰ ਪੰਜਾਬ ਲੋਕ ਸੇਵਾ ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਨਿਯਮਤ ਆਧਾਰ ਤੇ ਨਿਯੁਕਤ ਕੀਤੇ ਜਾਂਦੇ ਹਨ। 243 ਤਦਅਰਥ ਲੈਕਚਰਾਰਾਂ ਦੀਆਂ ਸੇਵਾਵਾਂ ਨਿਯਮਤ ਕਰਨ ਲਈ ਮਾਮਲਾ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ, ਉਨ੍ਹਾਂ ਦੀ ਕਲੀਅਰੈਂਸ ਲਈ ਭੇਜਿਆ ਹੋਇਆ ਹੈ ਅਤੇ ਇਸ ਦੀ ਉਡੀਕ ਹੈ। ਇਨ੍ਹਾਂ 243 ਲੈਕਚਰਾਰਾਂ ਤੋਂ ਇਲਾਵਾ, 109 ਹੋਰ ਤਦ-ਅਰਥ ਲੈਕਚਰਾਰ ਜਨਵਰੀ, 1993 ਵਿਚ ਨਿਯੁਕਤ ਕੀਤੇ ਗਏ ਸਨ ਅਤੇ ਉਨ੍ਹਾਂ ਦੇ ਕੇਸ ਸੇਵਾ ਨਿਯਮਤ ਕਰਨ ਲਈ ਕਵਰ ਨਹੀਂ ਹੁੰਦੇ।

Original with;
Punjab Vidhan Sabha
Digitized by;
Panjab Digital Library

[Minister for Education]

INFORMATION

| Serial No | Name of District | | Number of old *ad hoc* lecturers | Number of new *ad hoc* lecturers |
|---|---|---|---|---|
| 1. | Amritsar | .. | 31 | 14 |
| 2. | Gurdaspur | .. | 08 | 06 |
| 3. | Jalandhar | .. | 04 | 01 |
| 4. | Kapurthala | .. | 07 | 01 |
| 5. | Hoshiarpur | .. | 26 | 17 |
| 6. | Patiala | .. | 37 | 05 |
| 7. | Fatehgarh Sahib | .. | 03 | 01 |
| 8. | Ropar | .. | 25 | 12 |
| 9. | Sangrur | .. | 38 | 17 |
| 10. | Ludhiana | .. | 23 | 14 |
| 11. | Ferozepur | .. | 04 | 06 |
| 12. | Bathinda | .. | 12 | 03 |
| 13. | Faridkot | .. | 25 | 12 |
| 14. | Mansa | .. | .. | .. |
| | Total | .. | 243 | 109 |

| No. of *ad hoc* lecturers appointed | Year of recruitment |
|---|---|
| **Old** | |
| 90 | 1979-80 |
| 85 | 1981—85 |
| 68 | 1986 onward |
| **New** | |
| 109 | January, 1993 |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਆਪ ਦੇ ਰਾਹੀਂ ਮਾਨਯੋਗ ਵਿਦਿਆ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਬੜੀ ਲੰਬੀ ਸਰਵਿਸ ਵਾਲੇ, ਪੰਜ ਸਾਲ ਤੋਂ 14 ਸਾਲਾਂ ਦੀ ਸਰਵਿਸ ਵਾਲੇ ਲੈਕਚਰਾਰ ਬੈਠੇ ਹਨ, ਮੈਂ ਸਰਕਾਰ ਤੋਂ ਜਾਣਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਸਰਕਾਰ ਕਦੋਂ ਤਕ ਰੈਗੂਲਰ ਕਰੇਗੀ ਔਰ ਸਮਾਂ-ਬੱਧ ਤਰੀਕੇ ਨਾਲ ਕਦੋਂ ਤਕ ਉਹ ਲੈਕਚਰਾਰ ਰੈਗੂਲਰ ਕੀਤੇ ਜਾਣਗੇ। ਸਪੀਕਰ ਸਾਹਿਬ, ਸੁਪਰੀਮ ਕੋਰਟ ਨੇ ਫੈਸਲਾ ਕੀਤਾ ਹੈ ਕਿ ਜਿਹੜੇ ਐਡਹਾਕ ਤੌਰ ਤੇ ਕਾਫੀ ਦੇਰ ਤੋਂ ਲਗੇ ਹੋਏ ਹਨ ਉਹ ਰੈਗੂਲਰ ਹੋਣੇ ਚਾਹੀਦੇ ਹਨ। ਇਸ ਦੇ ਬਾਰੇ ਵੀ ਵਿਦਿਆ ਮੰਤਰੀ ਜੀ ਦੱਸਣਗੇ ਕਿ ਉਨ੍ਹਾਂ ਦੀਆਂ ਸਰਵਿਸਿਜ਼ ਕਦੋਂ ਤੱਕ ਰੈਗੂਲਰ ਕਰ ਦਿੱਤੀਆਂ ਜਾਣਗੀਆਂ ?

**ਮੰਤਰੀ :** ਸਪੀਕਰ ਸਾਹਿਬ, ਲੈਕਚਰਾਰ ਪਹਿਲਾਂ ਹਾਈਕੋਰਟ ਵਿਚ ਗਏ, ਫੇਲ੍ਹ ਹੋ ਗਏ, ਫਿਰ ਉਹ ਸੁਪਰੀਮ ਕੋਰਟ ਵਿਚ ਗਏ, ਉਥੇ ਵੀ ਫੇਲ੍ਹ ਹੋ ਗਏ। ਫਿਰ ਸੁਪਰੀਮ ਕੋਰਟ ਨੇ ਕਿਹਾ ਕਿ ਉਨ੍ਹਾਂ ਦੇ ਕੇਸ ਐਗਜ਼ਾਮਿਨ ਕੀਤੇ ਜਾਣ ਰੈਗੂਲਰ ਕਰਨ ਵਾਸਤੇ। ਸਪੀਕਰ ਸਾਹਿਬ, ਉਹ ਕਲਾਸ ਵਨ ਅਫਸਰ ਹਨ, ਉਨ੍ਹਾਂ ਦੀ ਰਿਕਰੂਟਮੈਂਟ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਹੁੰਦੀ ਹੈ। ਇਸ ਲਈ ਜਿਤਨੇ ਵੀ ਉਹ ਮਨਜ਼ੂਰ ਕਰਕੇ ਭੇਜਣਗੇ ਉਹ ਹਰ ਹਾਲਤ ਵਿਚ ਰੱਖ ਲਵਾਂਗੇ, ਇਹ ਸਾਡੀ ਸਰਕਾਰ ਦੀ ਪਾਲਿਸੀ ਹੈ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਣਕਾਰੀ ਲੈਣੀ ਚਾਹੁੰਦਾ ਹਾਂ। ਇਕ ਵਾਰੀ ਜਦੋਂ ਤੁਸੀਂ ਪ੍ਰਸ਼ਨ ਸਵੀਕਾਰ ਕਰ ਲਿਆ ਤਾਂ ਡਿਪਾਰਟਮੈਂਟ ਆਪਣੇ ਉੱਤਰ ਵਿਚ ਇਹ ਕਹਿ ਦੇਵੇ ਕਿ ਇਹ ਸਬੰਧਤ ਨਹੀਂ ਹੈ, ਪ੍ਰਸ਼ਨ ਦਾ ਉੱਤਰ ਹੀ ਅਧੂਰਾ ਦੇ ਦਿੱਤਾ ਜਾਵੇ, ਕੀ ਇਹ ਠੀਕ ਹੈ ? ਪੂਰਾ ਉੱਤਰ ਹੀ ਨਹੀਂ ਦਿੱਤਾ ਗਿਆ ਆਪਣੇ ਤੌਰ ਉਤੇ ਹੀ ਕਹਿ ਦਿਤਾ ਗਿਆ ਹੈ ਕਿ ਨਾਮ ਨਹੀਂ ਦੱਸ ਸਕਦੇ.........।

**ਸ੍ਰੀ ਸਪੀਕਰ :** ਤੁਸੀਂ ਸਪਲੀਮੈਂਟਰੀ ਕਰੋ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਸੀ ਕਿ 14/15 ਸਾਲਾਂ ਤੋਂ ਵੱਧ ਦੇ ਐਡਹਾਕ ਬੇਸਿਜ਼ ਉਤੇ ਲੈਕਚਰਾਰ ਜਿਹੜੇ ਲਗੇ ਹੋਏ ਹਨ ਪਰ ਉਹ ਰੈਗੂਲਰ ਨਹੀਂ ਕੀਤੇ ਗਏ ਤਾਂ ਵਿਦਿਆ ਮਹਿਕਮੇਂ ਨੇ ਜਵਾਬ ਦੇਣ ਲਗਿਆਂ ਲਿਖ ਦਿੱਤਾ ਕਿ ਇਹ ਜਾਣਕਾਰੀ ਨਹੀਂ ਦੇ ਸਕਦੇ। ਇਕ ਪਰਟੀਕੁਲਰ ਜਾਣਕਾਰੀ ਮੰਗੀ ਜਾ ਰਹੀ ਹੈ ਔਰ ਉਹ ਪ੍ਰਸ਼ਨ ਸਵੀਕਾਰ ਕਰ ਲਿਆ ਗਿਆ ਹੈ ਫਿਰ ਆਪਣੇ ਵਲੋਂ ਕਿਵੇਂ ਡਿਪਾਰਟਮੈਂਟ ਕਹਿ ਸਕਦਾ ਹੈ ਕਿ ਜਾਣਕਾਰੀ ਦੇ ਨਹੀਂ ਸਕਦੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਜੀ ਨਿਮਰਤਾ ਨਾਲ ਦੱਸਿਆ ਹੈ ਕਿ ਜੋ ਇਨ੍ਹਾਂ ਨੇ ਸੰਨ 1979-80 ਤੋਂ ਇਨ੍ਹਾਂ ਨੇ ਇਨਫਰਮੇਸ਼ਨ ਮੰਗੀ ਹੈ, ਬੜੀ ਮਾਇਨਿਊਟ ਡਿਟੇਲ ਮੰਗੀ ਸੀ ਕਿ ਉਨ੍ਹਾਂ ਦੇ ਨਾਮ ਕੀ ਹਨ ਔਰ ਕਿਹੜੀ ਕਿਹੜੀ ਡੇਟ ਤੋਂ ਕੌਣ ਕੌਣ ਲਗਿਆ ਹੈ। ਇਸ ਕਰਕੇ ਮੈਂ ਇਹ ਜਵਾਬ ਦਿੱਤਾ ਹੈ। ਵੈਸੇ ਜਿਹੜੇ ਸੰਨ 1979-80 ਤੋਂ ਐਡਹਾਕ ਤੇ ਲਗੇ ਹੋਏ ਹਨ ਉਨ੍ਹਾਂ ਦੀ ਤਾਦਾਦ 90 ਹੈ, 1981 ਤੋਂ 1985 ਤੱਕ ਦੀ ਤਾਦਾਦ 85 ਹੈ ਔਰ 1986 ਤੋਂ ਬਾਅਦ ਦੀ ਤਾਦਾਦ 68 ਹੈ ਔਰ ਜਿਹੜੇ ਨਵੇਂ ਹੁਣ ਰੱਖੇ ਹਨ ਉਹ ਹਨ 109 ਜਿਹੜੇ ਜਨਵਰੀ, 1993 ਵਿਚ ਰਖੇ ਹਨ।

**ਸਰਦਾਰ ਸ਼ਮਸ਼ੇਰ ਸਿੰਘ ਰਾਏ :** ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੈਕਚਰਾਰ ਬਾਰੇ ਕਹਿੰਦੇ ਹਨ ਕਿ ਹਾਈ ਕੋਰਟ ਜਾਂ ਸੁਪਰੀਮ ਕੋਰਟ ਨੇ ਡਾਇਰੈਕਸ਼ਨ ਦਿੱਤੀ ਹੈ ਉਸ ਨੂੰ ਮੱਦੇਨਜ਼ਰ ਰਖਦੇ ਹੋਏ ਕਦੋਂ ਤਕ ਪਬਲਿਕ ਸਰਵਿਸ ਕਮਿਸ਼ਨ ਦੇ ਥਰੂ ਉਨ੍ਹਾਂ ਨੂੰ ਇਹ ਰੈਗੂਲਰ ਕਰ ਦੇਣਗੇ, ਕੀ ਟਾਈਮ-ਬਾਊਂਡ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ ਸਾਹਿਬ, ਪਬਲਿਕ ਸਰਵਿਸ ਕਮਿਸ਼ਨ ਲਈ ਅਸੀ. ਡੇਟ ਤਾਂ ਨਹੀਂ ਫਿਕਸ ਕਰ ਸਕਦੇ, ਸਰਕਾਰ ਪ੍ਰਾਰਥਨਾ ਕਰ ਸਕਦੀ ਹੈ ਕਿ ਜਲਦੀ ਤੋਂ ਜਲਦੀ ਕਲੀਅਰ ਕਰਕੇ ਭੇਜੋ। ਸਰਕਾਰ ਦਾ ਇਹ ਨਿਰਣਾ ਹੈ ਕਿ ਉਨ੍ਹਾਂ ਦੇ ਮਗਰ ਲਗੇ ਰਹੀਏ ਔਰ ਸਰਕਾਰ ਦਾ ਵੀ ਇੰਟਰੈਸਟ ਹੈ ਕਿ ਜਲਦੀ ਤੋਂ ਜਲਦੀ ਜਿਹੜੇ ਐਡਹਾਕ ਤੇ ਹਨ ਉਹ ਵੀ ਰੈਗੂਲਰ ਹੋਣ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਸਪੀਕਰ ਸਾਹਿਬ, ਕੀ ਸਿਖਿਆ ਮੰਤਰੀ ਜੀ ਦੱਸਣਗੇ ਕਿ ਇਕ ਨਿਯਮ ਹੈ ਕਿ ਜੋ ਡੇਅਲੀ ਵੇਜਿਜ਼ ਉੱਤੇ ਵਿਅਕਤੀ ਕੰਮ ਕਰਦਾ ਹੈ, ਉਹ ਵੀ ਨਿਸ਼ਚਿਤ ਸਮਾਂ ਹੋਣ ਤੋਂ ਬਾਅਦ ਪੱਕਾ ਹੋ ਜਾਂਦਾ ਹੈ ਪਰ 14/14 ਸਾਲਾਂ ਤੋਂ ਲੈਕਚਰਾਰ ਕੰਮ ਕਰਦੇ ਆ ਰਹੇ ਹਨ, ਪੋਸਟ ਵੀ ਹੈ, ਟੀਚਰ ਵੀ ਹਨ, ਉਨ੍ਹਾਂ ਨੂੰ ਫਿਰ ਵੀ ਪੱਕਿਆਂ ਨਹੀਂ ਕੀਤਾ ਗਿਆ, ਕੀ ਇਸ ਨਾਲ ਐਕਸਪਲਾਇਟੇਸ਼ਨ ਨਹੀਂ ਹੋਵੇਗੀ ?

**ਸ਼੍ਰੀ ਸਪੀਕਰ**: ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਸਪੀਕਰ ਸਾਹਿਬ, ਪੋਸਟ ਵੀ ਹੈ, ਟੀਚਰ ਵੀ ਹੈ ਪਰ ਉਹ ਇਤਨੇ ਸਾਲਾਂ ਤੋਂ ਐਡਹਾਕ ਉੱਤੇ ਚਲ ਰਿਹਾ ਹੈ, ਕਿਆ ਰੀਜ਼ਨ ਹੈ ਕਿ ਉਨਾਂ ਨੂੰ ਪੱਕਿਆਂ ਨਹੀਂ ਕੀਤਾ ਜਾ ਰਿਹਾ ?

(ਕੋਈ ਉੱਤਰ ਨਹੀਂ ਆਇਆ)

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਜੋ ਮੈਂ ਪੁੱਛਿਆ ਹੈ, ਉਸ ਦਾ ਜਵਾਬ ਸਹੀ ਰੂਪ ਵਿਚ ਨਹੀਂ ਦਿੱਤਾ ਗਿਆ। ਮੈਂ ਇਸ ਕਰਕੇ ਮਾਮਲੇ ਨੂੰ ਸੀਰੀਅਸਲੀ ਲੈ ਰਿਹਾ ਹਾਂ। ਪਹਿਲਾਂ ਵੀ ਮੇਰਾ ਪ੍ਰਸ਼ਨ ਸੀ ਔਰ ਹੁਣ ਵਾਲਾ ਵੀ ਆਪ ਦੇ ਸਾਹਮਣੇ ਹੈ ਲੇਕਿਨ ਉਸ ਦਾ ਜਵਾਬ ਐਜੂਕੇਸ਼ਨ ਡਿਪਾਰਟਮੈਂਟ ਨੇ ਤੋੜ ਮਰੋੜ ਕੇ ਦਿੱਤਾ ਹੈ। ਸਪੀਕਰ ਸਾਹਿਬ, ਅਗਰ ਲੰਬੀ ਇਨਫਰਮੇਸ਼ਨ ਸੀ ਤਾਂ ਤੁਹਾੜੇ ਪਾਸੋਂ ਮਹਿਕਮਾ ਹੋਰ ਸਮਾਂ ਲੈ ਸਕਦਾ ਹੈ, ਐਕਸਟੈਨਸ਼ਨ ਲੈ ਸਕਦਾ ਹੈ ਲੇਕਿਨ ਜੇਕਰ ਇਨਫਰਮੇਸ਼ਨ ਤੋਂ ਵਾਂਝਿਆ ਰਖਿਆ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਰੂਲਜ਼ ਦੀ ਉਲੰਘਣਾ ਹੈ।

**ਸ਼੍ਰੀ ਸਪੀਕਰ**: ਇਨ੍ਹਾਂ ਨੇ ਕਿਹਾ ਹੈ ਕਿ ਇਨਫਰਮੇਸ਼ਨ ਬਹੁਤ ਲੰਬੀ ਹੈ ਔਰ ਸ਼ਾਇਦ ਤੁਹਾਨੂੰ ਇਤਨਾ ਲਾਭ ਨਹੀਂ ਪਹੁੰਚ ਸਕਦਾ ਜਿਤਨਾ ਲੇਬਰ ਔਰ ਟਾਈਮ ਲਗਣਾ ਹੈ ਲੇਕਿਨ ਫਿਰ ਵੀ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਉਹ ਤੁਹਾਨੂੰ ਇਨਫਰਮੇਸ਼ਨ ਸਪਲਾਈ ਕਰ ਦੇਣ।

**ਸ਼੍ਰੀ ਮਦਨ ਮੋਹਨ ਮਿੱਤਲ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਨਾਲ ਹੋਰ ਸਰਕਾਰੀ ਕਰਮਚਾਰੀ ਜਿਹੜੇ ਐਡਹਾਕ ਤੇ ਲਗੇ ਸਨ ਉਨ੍ਹਾਂ ਨੂੰ ਰੇਗੂਲਰ ਕੀਤਾ ਹੈ ਕੀ ਇਸ ਤਰ੍ਹਾਂ ਇਹ ਵੀ ਕਰਨਗੇ ? ਇਨ੍ਹਾਂ ਨੂੰ ਰੈਗੂਲਰ ਕਰਨ ਵਾਸਤੇ ਕੈਬਨਿਟ ਵਿਚ ਲਿਆ ਕੇ ਕੋਈ ਨਿਯਮਾਂ ਵਿਚ ਤਬਦੀਲੀ ਕਰਨਗੇ ?

**ਮੰਤਰੀ**: ਕਲੀਅਰ ਨਹੀਂ ਹੋਇਆ।

**ਸ਼੍ਰੀ ਸਪੀਕਰ**: ਕਲੀਅਰ ਕਰ ਦਿਓ ਪਰ ਬਰੀਫ਼।

Original with;
Punjab Vidhan Sabha
Digitized by;
Panjab Digital Library

**ਸ੍ਰੀ ਮਦਨ ਮੋਹਨ ਮਿੱਤਲ :** ਮੈਂ ਬਰੀਫ ਹੀ ਕਰਾਂਗਾ ਕਿ ਜਿਸ ਤਰੀਕੇ ਨਾਲ ਪੰਜਾਬ ਸਰਕਾਰ ਨੇ ਜਿਹੜੇ ਐਡਹਾਕ ਤੇ ਕਰਮਚਾਰੀ ਲਗੇ ਸਨ ਉਨ੍ਹਾਂ ਦੀ ਡੇਟ ਫਿਕਸ ਕਰਕੇ ਉਨ੍ਹਾਂ ਦੀ ਸਰਵਿਸ ਨੂੰ ਰੈਗੂਲਰ ਕੀਤਾ ਹੈ ਕੀ ਇਸ ਤਰ੍ਹਾਂ ਜਿਹੜੇ ਐਡਹਾਕ ਤੇ ਟੀਚਰਜ਼ ਲਗੇ ਹਨ ਔਰ ਕਾਫੀ ਸਮੇਂ ਤੋਂ ਰੈਗੂਲਰ ਪੜ੍ਹਾ ਰਹੇ ਹਨ, ਕੀ ਉਨ੍ਹਾਂ ਟੀਚਰਜ਼ ਨੂੰ ਵੀ ਰੈਗੂਲਰ ਕਰਨ ਵਾਸਤੇ ਕੈਬਨਿਟ ਵਿਚ ਲਿਜਾਕੇ ਕੋਈ ਰੂਲਜ਼ ਵਿਚ ਤਬਦੀਲੀ ਕਰਨਗੇ ਔਰ ਉਨ੍ਹਾਂ ਨੂੰ ਰੈਗੂਲਰ ਕਰਨ ਦੀ ਕੋਸ਼ਿਸ਼ ਕਰਨਗੇ ?

**ਮੰਤਰੀ :** ਵਿਚਾਰ ਤਾਂ ਕੀਤਾ ਜਾ ਸਕਦਾ ਹੈ।

---

## ਜ਼ਿਲ੍ਹਾ ਗੁਰਦਾਸਪੁਰ ਵਿਚ ਨਵੇਂ ਗੌਰਮਿੰਟ ਡਿਗਰੀ ਕਾਲਜ ਖੋਲ੍ਹਣੇ

*952. **ਸ੍ਰੀ ਰਘੁਨਾਥ ਸਹਾਏ ਪੁਰੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲ੍ਹਾ ਗੁਰਦਾਸਪੁਰ ਵਿਚ ਇਸ ਸਮੇਂ ਚਲ ਰਹੇ ਗੌਰਮਿੰਟ ਡਿਗਰੀ ਕਾਲਜਾਂ ਦੇ ਵੇਰਵੇ ਕੀ ਹਨ ;

(ਅ) ਕੀ ਸਰਕਾਰ ਦੀ ਉਕਤ ਜ਼ਿਲ੍ਹੇ ਵਿਚ ਕੋਈ ਨਵੇਂ ਕਾਲਜ ਖੋਲ੍ਹਣ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ?

**ਸ੍ਰੀ ਹਰਨਾਮ ਦਾਸ ਜੌਹਰ :** (ਏ) ਜ਼ਿਲ੍ਹਾ ਗੁਰਦਾਸਪੁਰ ਵਿੱਚ ਥੱਲੇ ਲਿਖੇ ਸਰਕਾਰੀ ਕਾਲਜ ਇਸ ਸਮੇਂ ਹਨ :—

(1) ਸਰਕਾਰੀ ਕਾਲਜ, ਗੁਰਦਾਸਪੁਰ।

(2) ਗੁਰੂ ਨਾਨਕ ਸਰਕਾਰੀ ਕਾਲਜ ਆਫ ਐਜੂਕੇਸ਼ਨ, ਗੁਰਦਾਸਪੁਰ।

(3) ਗੁਰੂ ਨਾਨਕ ਸਰਕਾਰੀ ਕਾਲਜ, ਕਾਲਾ ਅਫਗਾਨਾ।

(ਬੀ) ਨਹੀਂ ਜੀ।

**ਸ੍ਰੀ ਰਘੁਨਾਥ ਸਹਾਏ ਪੁਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਤੁਸੀਂ ਕਾਲਜ ਦੱਸੇ ਹਨ ਇਹ ਮੇਰੇ ਹਲਕੇ ਸੁਜਾਨਪੁਰ ਤੋਂ ਬਹੁਤ ਦੂਰ ਪੈਂਦੇ ਹਨ ਔਰ ਬੱਚਿਆਂ ਨੂੰ ਮੁਸ਼ਕਲ ਹੁੰਦੀ ਹੈ। ਇਸ ਲਈ ਕੀ ਮੰਤਰੀ ਸਾਹਿਬ ਸੁਜਾਨਪੁਰ ਦੇ ਹਲਕੇ ਵਿਚ ਕੋਈ ਕਾਲਜ ਖੋਲ੍ਹ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਪਹਿਲੇ ਵੀ ਸਵਾਲ ਕੀਤਾ ਸੀ ਔਰ ਮੈਂ ਦੱਸਿਆ ਸੀ ਕਿ ਇਨ੍ਹਾਂ ਤਿੰਨ ਤੋਂ ਇਲਾਵਾ ਗੁਰਦਾਸਪੁਰ ਜ਼ਿਲ੍ਹੇ ਵਿਚ 11 ਹੋਰ ਪ੍ਰਾਈਵੇਟ ਕਾਲਜ ਹਨ। ਹੁਣ ਮੌਜੂਦਾ ਸਾਡੇ ਕੋਲ ਕੋਈ ਪਲਾਨਿੰਗ ਨਹੀਂ ਹੈ। ਨਰੋਟ ਜੈਮਲ ਸਿੰਘ ਬੈਕਵਰਡ ਇਲਾਕਾ ਹੈ ਮੈਂ ਉਥੇ ਗਿਆ ਸੀ ਉਥੇ 2-3 ਸਕੂਲ ਹਨ ਪਰ ਕਾਲਜ ਨਹੀਂ ਔਰ ਉਨ੍ਹਾਂ ਬੱਚਿਆਂ ਨੂੰ ਕਠੂਆ ਪੜ੍ਹਨ ਲਈ ਜਾਣਾ ਪੈਂਦਾ ਹੈ। ਉਥੇ ਦੇ ਲੋਕਾਂ ਦੀ ਮੁਸ਼ਕਲ ਨੂੰ ਵੇਖ ਕੇ ਔਰ ਉਨ੍ਹਾਂ ਨੇ ਮੰਗ ਵੀ ਕੀਤੀ ਸੀ ਕਿ ਕਾਲਜ ਖੋਲ੍ਹਿਆ ਜਾਵੇ ਮੈਂ ਇਹ ਕਿਹਾ ਸੀ ਕਿ ਜੇ ਉਸ ਇਲਾਕੇ ਵਾਲੇ ਕੋਈ ਜ਼ਮੀਨ ਅਤੇ ਹੋਰ ਜਿਹੜੀ ਇਹ ਇਸ ਵਾਸਤੇ ਸਹੂਲਤ ਦੇ ਸਕਦੇ ਹਨ ਤਾਂ ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਰਘੁਨਾਥ ਸਹਾਏ ਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹਵਾਂਗਾ ਕਿ ਸੁਜਾਨਪੁਰ ਵਿਚ ਕੋਈ ਵੀ ਸਰਕਾਰੀ ਕਾਲਜ ਨਹੀਂ ਔਰ ਪ੍ਰਾਈਵੇਟ ਕਾਲਜ ਵਿਚ ਗਰੀਬ ਬਚਿਆਂ ਦਾ ਪੜ੍ਹਨਾ ਮੁਸ਼ਕਲ ਹੁੰਦਾ ਹੈ। ਇਸ ਲਈ ਜੋ ਉਸ ਹਲਕੇ ਦੇ ਲੋਕ ਜ਼ਮੀਨ ਵਗੈਰਾ ਦੇ ਦੇਣ ਕੀ ਇਹ ਭਰੋਸਾ ਦਿਵਾਉਣਗੇ ਕਿ ਉਥੇ ਕਾਲਜ ਖੋਲ੍ਹਿਆ ਜਾਵੇਗਾ ਕਿਉਂਕਿ ਸੁਜਾਨਪੁਰ ਵਾਲਿਆਂ ਨੂੰ ਪੜ੍ਹਨ ਵਾਸਤੇ ਨਰੋਟ ਜੈਮਲ ਸਿੰਘ ਜਾਣਾ ਪੈਂਦਾ ਹੈ।

**ਮੰਤਰੀ** : ਸਪੀਕਰ ਸਾਹਿਬ, ਵਿਸ਼ਵਾਸ ਨਹੀਂ ਦਿਵਾਇਆ ਜਾ ਸਕਦਾ ਕਿਉਂਕਿ ਉਥੇ ਪਹਿਲਾਂ ਹੀ ਬਹੁਤ ਕਾਲਜ ਹਨ।

## ਸੰਸਕ੍ਰਿਤ ਅਧਿਆਪਕਾਂ ਦੀਆਂ ਆਸਾਮੀਆਂ ਨੂੰ ਹੋਰ ਆਸਾਮੀਆਂ ਵਿਚ ਬਦਲਣਾ

*976. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਸਰਕਾਰੀ ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ ਸਾਲ 1988 ਅਤੇ 1992 ਦੇ ਦੌਰਾਨ ਸੰਸਕ੍ਰਿਤ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੀ ਕ੍ਰਮਵਾਰ ਕੁਲ ਗਿਣਤੀ ਕਿੰਨੀ ਕਿੰਨੀ ਸੀ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਵਿਚੋਂ ਸਾਲ 1988 ਤੋਂ 31 ਦਸੰਬਰ, 1992 ਤੱਕ ਦੇ ਸਮੇਂ ਦੇ ਦੌਰਾਨ ਕਿੰਨੀਆਂ ਆਸਾਮੀਆਂ ਦੂਜੇ ਵਿਸ਼ਿਆਂ ਦੀਆਂ ਆਸਾਮੀਆਂ ਵਿਚ ਤਬਦੀਲ ਕੀਤੀਆਂ ਗਈਆਂ ;

(ੲ) ਕੀ ਇਨ੍ਹਾਂ ਦੋ ਜ਼ਿਲ੍ਹਿਆਂ ਵਿਚ ਉਕਤ ਸਕੂਲਾਂ ਵਿਚ ਹੋਰ ਆਸਾਮੀਆਂ ਨੂੰ ਵੀ ਹੋਰ ਵਿਸ਼ਿਆਂ ਦੀਆਂ ਆਸਾਮੀਆਂ ਵਿਚ ਤਬਦੀਲ ਕੀਤਾ ਗਿਆ ਸੀ ?

**ਸ੍ਰੀ ਹਰਨਾਮ ਦਾਸ ਜੌਹਰ** : (ੳ) ਮੰਗੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕੇਵਲ ਇਕ ਆਸਾਮੀ ਸਾਲ 1989 ਵਿੱਚ ਹਿੰਦੀ ਵਿੱਚ ਕਨਵਰਟ ਕੀਤੀ ਗਈ ਸੀ।

(ੲ) ਹਾਂ ਜੀ, ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ੳ) ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਸੰਸਕ੍ਰਿਤ ਅਧਿਆਪਕਾਂ ਦੀ ਮਨਜ਼ੂਰਸ਼ੁਦਾ ਨਫਰੀ ਬਾਰੇ ਸੂਚਨਾ :

| **ਜ਼ਿਲ੍ਹਾ ਅੰਮ੍ਰਿਤਸਰ** | 1988 | 1992 |
|---|---|---|
| ਸੰਸਕ੍ਰਿਤ ਲੈਕਚਰਾਰ | 2 | 2 |
| ਸੰਸਕ੍ਰਿਤ ਅਧਿਆਪਕ | 5 | 4 |
| **ਗੁਰਦਾਸਪੁਰ** | | |
| ਸੰਸਕ੍ਰਿਤ ਅਧਿਆਪਕ | 22 | 22 |

Original with;
Punjab Vidhan Sabha
Digitized by;
Panjab Digital Library

(ੲ) ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਬਾਕੀ ਵਿਸ਼ਿਆਂ ਵਿੱਚ ਅਧਿਆਪਕਾਂ ਦੀਆਂ ਕਨਵਰਟ ਹੋਈਆਂ ਆਸਾਮੀਆਂ ਦੇ ਵੇਰਵੇ :

| ਸਕੂਲ ਦਾ ਨਾਂ | ਆਸਾਮੀ | ਜਿਸ ਵਿੱਚ ਆਸਾਮੀ ਕਨਵਰਟ ਕੀਤੀ ਗਈ | ਕਦੋਂ ਆਸਾਮੀ ਕਨਵਰਟ ਕੀਤੀ ਗਈ |
|---|---|---|---|
| **ਜ਼ਿਲ੍ਹਾ ਅੰਮ੍ਰਿਤਸਰ** | | | |
| 1. ਸ.ਹ.ਸ., ਭਕਨਾ | ਐਸ.ਵੀ | ਆਰਟ ਤੇ ਕਰਾਫਟ | 1991 |
| 2. ਸ.ਹ.ਸ., ਮਹਾਨਾ | ਉਹੀ | ਉਹੀ | 1991 |
| 3. ਸ.ਹ.ਸ., ਵਡਾਲਾ ਕਲ | ਉਹੀ | ਉਹੀ | 1990 |
| 4. ਸ.ਸ.ਸ.ਸ., ਮਾਲ ਰੋਡ, ਅੰਮ੍ਰਿਤਸਰ | ਸ.ਸ.ਮਾਸਟਰ | ਹੋਮ ਸਾਇੰਸ | 1990 |
| 5. ਸ.ਹ.ਸ., ਡੇਰਾ ਸਾਹਿਬ | ਸਾਇੰਸ | ਹਿਸਾਬ | 1990 |
| 6. ਸ.ਹ.ਸ. ਵਡਾਲਾ ਵੀਰਮ ਭੋਮਾ | ਸ.ਸ. ਮਾਸਟਰ | ਹਿਸਾਬ | 1990 |
| 7. ਸ.ਹ.ਸ., ਨਾਗ ਕਲਾਂ | ਸ.ਸ. ਮਾਸਟਰ | ਹਿਸਾਬ | 1990 |
| **ਜ਼ਿਲ੍ਹਾ ਗੁਰਦਾਸਪੁਰ** | ਕੋਈ ਨਹੀਂ | | |

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੈਂ ਸਿੱਖਿਆ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਇਸ ਸਦਨ ਵਿਚ ਜੋ ਜਵਾਬ ਇਨ੍ਹਾਂ ਨੇ ਸਦਨ ਦੀ ਮੇਜ਼ ਤੇ ਰਖਿਆ ਹੈ ਉਹ ਸੈਸ਼ਨ ਸ਼ੁਰੂ ਹੋਣ ਤੋਂ 5 ਮਿੰਟ ਪਹਿਲੇ ਮਿਲਿਆ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਜਵਾਬ ਵਿਚ ਗੁਰਦਾਸਪੁਰ ਜ਼ਿਲ੍ਹੇ ਵਿਚ 7 ਪੋਸਟਾਂ ਦੱਸੀਆਂ ਹਨ ਅਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਵੀ 7 ਪੋਸਟਾਂ ਦੱਸੀਆਂ ਗਈਆਂ ਹਨ। ਜਿਥੋਂ ਤੱਕ ਐਸ.ਵੀ.ਕਾਡਰ ਦਾ ਸਬੰਧ ਹੈ ਇਹ ਪੋਸਟ ਹਿੰਦੀ ਦੀ ਜਾਂ ਪੰਜਾਬੀ ਦੀ ਹੈ, ਇਸ ਬਾਰੇ ਜਾਣਕਾਰੀ ਦੇ ਦੇਣ।

**ਮੰਤਰੀ** : ਸਪੀਕਰ ਸਾਹਿਬ, ਐਸ.ਵੀ.ਟੀਚਰ ਦਾ ਕਾਡਰ ਪੁਰਾਣਾ ਸੀ ਉਹ ਖਤਮ ਕਰ ਦਿੱਤਾ ਹੋਇਆ ਹੈ। ਜਿਥੇ ਕਿਧਰੇ ਐਸ.ਵੀ. ਟੀਚਰ ਦੀ ਲੋੜ ਹੁੰਦੀ ਹੈ ਉਥੇ ਕਨਵਰਟ ਨਹੀਂ ਕੀਤਾ ਜਾਂਦਾ, ਖਾਸ ਤੋਰ ਤੇ ਮੈਥੇਮੈਟਿਕ ਅਤੇ ਸਾਇੰਸ ਵਿਚ ਕਨਵਰਟ ਨਹੀਂ ਕਰਦੇ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਜਿਹੜਾ ਮੇਰਾ ਸਵਾਲ ਸੀ ਉਸ ਦਾ ਜਵਾਬ ਇਨ੍ਹਾਂ ਨੇ ਗੋਲਮੋਲ ਕਰ ਦਿੱਤਾ ਹੈ। ਇਹ ਐਸ.ਵੀ ਟੀਚਰ ਸੰਸਕ੍ਰਿਤ ਦਾ ਸੀ ਪਰ ਇਨ੍ਹਾਂ ਨੇ ਕਨਵਰਟ ਕਰਾਫਟ ਟੀਚਰ ਵਿਚ ਕਰ ਦਿੱਤਾ ਹੈ। ਇਹ ਮੈਨੂੰ ਐਸ.ਵੀ. ਦਾ ਮੀਨਿੰਗ ਦੱਸ ਦੇਣ ? ਜੇਕਰ ਬੱਚੇ ਉਥੇ ਹਿੰਦੀ ਪੜ੍ਹਦੇ ਹੋਣਗੇ ਫੇਰ ਇਹ ਪੰਜਾਬੀ ਟੀਚਰ ਕਿਸ ਤਰ੍ਹਾਂ ਲਗਾ ਸਕਦੇ ਹਨ?

**ਮੰਤਰੀ** : ਸਪੀਕਰ ਸਾਹਿਬ, ਇਹ ਪੋਸਟ ਪੁਰਾਣੇ ਕਾਡਰ ਦੀ ਸੀ, ਜਿਹੜੀ ਕਈ ਸਾਲਾਂ ਤੋਂ ਖਤਮ ਕਰ ਦਿੱਤੀ ਗਈ ਹੋਈ ਹੈ। ਇਸ ਨੂੰ ਸਾਡੀ ਸਰਕਾਰ ਨੇ ਕਨਵਰਟ ਨਹੀਂ ਕੀਤਾ, ਇਹ 1989 ਵਿਚ ਕਨਵਰਟ ਹੋਈ ਸੀ।

Original with;
Punjab Vidhan Sabha
Digitized by;
Panjab Digital Library

**ਡਾਕਟਰ ਰਮੇਸ਼ ਦੱਤ** : ਸਪੀਕਰ ਸਾਹਿਬ, ਜਿਹੜੇ ਸਕੂਲਾਂ ਦੇ ਵਿਚ ਸੰਸਕ੍ਰਿਤ ਦਾ ਟੀਚਰ ਲਗਾ ਹੋਇਆ ਹੈ ਔਰ ਬੱਚੇ ਵੀ ਸੰਸਕ੍ਰਿਤ ਪੜ੍ਹਦੇ ਹਨ ਪਰ ਜੇਕਰ ਉਥੇ ਸੰਸਕ੍ਰਿਤ ਦਾ ਟੀਚਰ ਨਾ ਹੋਵੇ ਉਸ ਸਕੂਲ ਵਿਚ ਇਹ ਸਬਜੈਕਟ ਹੀ ਖਤਮ ਕਰ ਦਿੰਦੇ ਹਨ ਜਦ ਕਿ ਬੱਚੇ ਸੰਸਕ੍ਰਿਤ ਪੜ੍ਹਨਾ ਚਾਹੁੰਦੇ ਹਨ। ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਕੀ ਉਥੇ ਇਹ ਸੰਸਕ੍ਰਿਤ ਦਾ ਟੀਚਰ ਪੋਸਟ ਨੂੰ ਕਨਵਰਟ ਕਰਕੇ ਭੇਜਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੰਸਕ੍ਰਿਤ ਦੀ ਕੋਈ ਪੋਸਟ ਅਸੀਂ ਕਨਵਰਟ ਨਹੀਂ ਕੀਤੀ। ਇਕ ਆਸਾਮੀ 1989 ਵਿੱਚ ਹਿੰਦੀ ਵਿਚ ਕਨਵਰਟ ਕੀਤੀ ਗਈ ਸੀ ਔਰ ਉਸ ਵਕਤ ਸ਼ਾਇਦ ਉਥੇ ਲੋੜ ਨਾ ਹੋਵੇ। ਸਪੀਕਰ ਸਾਹਿਬ, ਸਾਡੀ ਕੋਈ ਮਨਸ਼ਾ ਨਹੀਂ ਹੈ ਕਿ ਸੰਸਕ੍ਰਿਤ ਦੀ ਕੋਈ ਵੀ ਪੋਸਟ ਕਨਵਰਟ ਕਰ ਦਿੱਤੀ ਜਾਵੇ।

**Mr. Speaker** : Questions are over.

---

## UNSTARRED QUESTIONS AND ANSWERS

### ਸ਼ੌਰਯਾ ਚੱਕਰ ਇਨਾਮ ਜੇਤੂਆਂ ਨੂੰ ਲਾਭ ਦੇਣਾ

126. **ਸ੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼ੌਰਯਾ ਚੱਕਰ ਇਨਾਮ ਜੇਤੂ ਕੋਈ ਅਸੈਨਿਕ ਪੰਜਾਬ ਸਰਕਾਰ ਵਲੋਂ ਕਿਸੇ ਲਾਭ, ਜਿਸ ਤਰ੍ਹਾਂ ਨਗਦੀ, ਪੈਨਸ਼ਨ, ਜ਼ਮੀਨ ਅਤੇ ਨੌਕਰੀ ਲੈਣ ਦਾ ਹੱਕਦਾਰ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ ਅਤੇ ਇਨ੍ਹਾਂ ਲਈ ਨਿਯਤ ਲੋੜੀਂਦੀ ਸ਼ਰਤਾਂ ਕੀ ਹਨ ?

**Sardar Beant Singh** : Shaurya Award is a National Award which is given by the Government of India on the recommendation of State Government, Civilian Shaurya Chakar Awardee is not entitled to any benefit such as cash, pension, land and job from Punjab Government.

---

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ 128

(ਇਸ ਸਵਾਲ ਦੀ *ਐਕਸਟੈਨਸ਼ਨ ਮੰਗੀ ਗਈ ਹੈ।)

---

ਬਿਨਾ ਨਿਸ਼ਾਨਵਾਲਾ ਪ੍ਰਸ਼ਨ ਨੰਬਰ 127

(ਇਸ ਸਵਾਲ ਦੀ *ਐਕਸਟੈਨਸ਼ਨ ਮੰਗੀ ਗਈ ਹੈ)

**ਸ੍ਰੀ ਸਤਨਾਮ ਸਿੰਘ ਕੈਂਥ** : ** ** **

**Mr. Speaker** : Please sit down. I have heard you. This is no point of order ਐਪਰੋਪਰੀਏਸ਼ਨ ਬਿਲ ਤੇ ਡਿਸਕਸ਼ਨ ਹੋਣੀ ਹੈ, you can raise this point, you can discuss it at that time.

---

*For Unstarred Questions No. 127 and 128 and replies thereto, please see Appendix to this Debate.

**Expunged as ordered by the Chair.

Original with;
Punjab Vidhan Sabha
Digitized by;
Punjab Digital Library

**ਸ੍ਰੀ ਮਦਨ ਮੋਹਨ ਮਿੱਤਲ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਦੂਸਰੀ ਗੱਲ ਇਹ ਹੈ ਕਿ ਮੈਂ ਐਡਜਰਨਮੈਂਟ ਮੋਸ਼ਨ ਤੁਹਾਡੀ ਪਹਿਲਾਂ ਹੀ ਡਿਸਅਲਾਓ ਕਰ ਦਿੱਤੀ ਹੈ ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਸਾਡੀ ਪਾਰਟੀ ਵਲੋਂ ਵੀ ਇਕ ਕੰਮ ਰੋਕੂ ਮਤਾ ਦਿੱਤਾ ਗਿਆ ਸੀ ਪਰ ਟਾਈਮ ਘੱਟ ਹੋਣ ਕਰਕੇ ਸ਼ਾਇਦ ਤੁਸੀਂ ਸਾਡਾ ਮਤਾ ਡਿਸਅਲਾਓ ਕਰ ਦਿੱਤਾ ਹੋਵੇ ਪਰ ਸਾਨੂੰ ਇਸ ਚੀਜ਼ ਦਾ ਕੋਈ ਪਤਾ ਨਹੀਂ ਲਗਿਆ।

**ਸ੍ਰੀ ਸਪੀਕਰ** : ਇਸ ਬਾਰੇ ਤੁਹਾਨੂੰ ਇਨਫਰਮੇਸ਼ਨ ਮਿਲ ਜਾਵੇਗੀ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਪਾਰਲੀਮੈਂਟ ਵਿਚ, ਸਪੀਕਰ ਸਾਹਿਬ, ਪੰਚਾਇਤ ਅਮੈਂਡਮੈਂਟ ਬਿਲ ਪੇਸ਼ ਹੋਇਆ ਹੈ। ਉਸ ਦੀ ਰੋਸ਼ਨੀ ਵਿਚ ਵਾਰਡ ਅਤੇ ਜੋਨਜ਼ ਪਹਿਲਾਂ ਹੀ ਬਣਾਉਣੇ ਸ਼ੁਰੂ ਕਰ ਦਿੱਤੇ ਗਏ ਹਨ। ਇਸ ਬਿਲ ਨੂੰ ਲਾਗੂ ਹੋਣ ਲਈ ਤਕਰੀਬਨ ਇੱਕ ਸਾਲ ਹੋਰ ਲਗ ਜਾਵੇਗਾ । ਅਜੇ ਬਿਲ ਵਿਚ, ਸਪੀਕਰ ਸਾਹਿਬ, ਕੋਈ ਅਮੈਂਡਮੈਂਟ ਨਹੀਂ ਹੋਈ। ਇਹ ਅਨਡੈਮੋਕਰੇਟਿਕ ਹੈ। ਪੰਜਾਬ ਸਰਕਾਰ ਹਾਊਸ ਵਿੱਚ ਬਿਲ ਲਿਆਵੇ ਅਤੇ ਫਿਰ ਬਹਿਸ ਉਸ ਤੇ ਹੋ ਜਾਵੇਗੀ। ਉਸ ਤੋਂ ਬਾਅਦ ਹੀ ਪੰਚਾਇਤ ਅਮੈਂਡਮੈਂਟ ਬਿਲ ਲਾਗੂ ਹੋਣਾ ਚਾਹੀਦਾ ਹੈ । ਸਪੀਕਰ ਸਾਹਿਬ, ਨਹੀਂ ਤਾਂ ਇਸ ਦੇ ਪ੍ਰੋਜੈਕਟਿਵ ਸਿੱਟੇ ਨਹੀਂ ਬਲਕਿ ਨੈਗੇਟਿਵ ਸਿੱਟੇ ਨਿਕਲਣਗੇ।(ਵਿਘਨ)

**Mr. Speaker** : You are just repeating the same thing which Mr. Mittal has repeated.

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਬੜਾ ਸੀਰੀਅਸ ਮਾਮਲਾ ਹੈ । ਲੋਕਾਂ ਵਿੱਚ ਰਿਜ਼ੈਂਟਮੈਂਟ ਹੈ । ਹਾਊਸ ਚਲ ਰਿਹਾ ਹੋਵੇ, ਹਾਊਸ ਨੂੰ ਕਾਨਫੀਡੈਂਸ ਵਿੱਚ ਲਏ ਬਿਨਾਂ ਵਾਰਡ ਜਾਂ ਜੋਨਜ਼ ਬਣਾਏ ਜਾ ਰਹੇ ਹਨ ।

**ਸ੍ਰੀ ਸਪੀਕਰ** : ਅਰਸ਼ੀ ਜੀ, ਤੁਹਾਡੀ ਐਡਜਰਨਮੈਂਟ ਮੋਸ਼ਨ ਬਾਰੇ ਤੁਹਾਨੂੰ ਇੰਟੀਮੇਸ਼ਨ ਚਲੀ ਜਾਵੇਗੀ। ਬਾਕੀ ਇਸ ਮਾਮਲੇ ਨੂੰ ਤੁਸੀਂ ਐਪਰੋਪਰੀਏਸ਼ਨ ਬਿਲ ਤੇ ਡਿਸਕਸ਼ਨ ਵੇਲੇ ਡਿਸਕਸ ਕਰ ਲੈਣਾ ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਹਾਊਸ ਨੂੰ ਕੋਈ ਜਾਣਕਾਰੀ ਇਸ ਬਾਰੇ ਦਿੱਤੀ ਜਾਵੇ। ਇਹ ਬੜਾ ਅਹਿਮ ਮਸਲਾ ਹੈ। ਜਦੋਂ ਹਾਊਸ ਚਲ ਰਿਹਾ ਹੋਵੇ, ਇਹ ਆਪਣੇ ਤੌਰ ਤੇ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ ਜਿਸ ਤੋਂ ਜਾਪਦਾ ਹੈ ਕਿ ਕਿਸੇ ਵਿਸ਼ੇਸ਼ ਪਾਰਟੀ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਇਹ ਕੀਤਾ ਜਾ ਰਿਹਾ ਹੈ।

**ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਕੱਲ ਰੂਰਲ ਡਿਵੈਲਪਮੈਂਟ ਤੇ ਬਹਿਸ ਸੀ। ਉਦੋਂ ਇਹ ਨੁਕਤਾ ਤੁਸੀਂ ਉਠਾ ਸਕਦੇ ਸੀ। ਮੈਂ ਜਵਾਬ ਦੇ ਸਕਦਾ ਸੀ।

**Mr. Speaker** : Please sit down. Sardar Umrao Singh ji.

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਪੰਜਾਬ ਦਾ ਇਕ ਅਹਿਮ ਮਸਲਾ ਲਿਆਉਣਾ ਚਾਹੁੰਦਾ ਹਾਂ .........(ਵਿਘਨ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

## WALK OUTS

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ। ਅਸੀਂ ਇਸ ਬਾਰੇ ਵਾਕ-ਆਊਟ ਕਰਦੇ ਹਾਂ।

(ਇਸ ਸਮੇਂ ਸੀ.ਪੀ.ਆਈ. ਦੇ ਮੈਂਬਰ ਸਾਹਿਬਾਨ ਕਾਮਰੇਡ ਹਰਦੇਵ ਸਿੰਘ ਅਰਸ਼ੀ ਅਤੇ ਕਾਮਰੇਡ ਅਜਾਇਬ ਸਿੰਘ ਰੌਂਤਾ ਹਾਊਸ ਵਿਚੋਂ ਵਾਕ ਆਊਟ ਕਰ ਗਏ।)

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਕਾਮਰੇਡ ਤਰਸੇਮ ਜੋਧਾਂ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ।

**ਕਾਮਰੇਡ ਤਰਸੇਮ ਜੋਧਾਂ**: ਸਪੀਕਰ ਸਾਹਿਬ, ਦੂਸਰੀ ਗੱਲ ਇਹ ਹੈ ਕਿ ਜੋ ਜ਼ੋਨ ਬਣਾਏ ਜਾ ਰਹੇ ਹਨ, ਉਨ੍ਹਾਂ ਸਬੰਧੀ ਸਰਕਾਰ ਨੂੰ ਸਪਸ਼ਟ ਜ਼ਰੂਰ ਕਰਨਾ ਚਾਹੀਦਾ ਹੈ। ਫੀਲਡ ਵਿਚ ਬਹੁਤ ਬੇਚੈਨੀ ਪਾਈ ਜਾ ਰਹੀ ਹੈ। ਇਸ ਦੇ ਪਰੋਟੈਸਟ ਵਜੋਂ ਅਸੀਂ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਸੀ.ਪੀ.ਆਈ(ਐਮ.) ਦੇ ਮਾਨਯੋਗ ਮੈਂਬਰ ਕਾਮਰੇਡ ਤਰਸੇਮ ਜੋਧਾਂ, ਜਨਤਾ ਦਲ ਦੇ ਮਾਨਯੋਗ ਮੈਂਬਰ ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ ਅਤੇ ਸ਼੍ਰੋਮਣੀ ਅਕਾਲੀ ਦਲ (ਕਾਬਲ) ਦੇ ਮਾਨਯੋਗ ਮੈਂਬਰ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਵਾਕ ਆਊਟ ਕਰ ਗਏ)।

---

## PRESENTATION OF THIRD REPORT OF THE BUSINESS ADVISORY COMMITTEE

**Mr. Speaker**: I have to present the Third Report to the House of the Business Advisory Committee which reads as under:—

After some discussion, the Committee recommended that after its sitting on the 19th March, 1993, the House will meet on 6th and 7th April, 1993, to transact the business as under:—

| | |
|---|---|
| Tuesday, the 6th April, 1993 (2·00 P.M.) | Legislative Business |
| Wednesday, the 7th April, 1993 (9·00 A.M.) | (i) Motion under Rule 16 regarding adjournment of the House *sine die*. |
| | (ii) Legislative Business. |
| | (iii) Discussion on the following Annual Reports/Statements:— |
| | (a) The Annual Reports of the Punjab Police Housing Corporation Ltd., for the years |

**Expunged as ordered by the Chair.

Original with;
Punjab Vidhan Sabha
Digitized by;
Panjab Digital Library

1989-90 and 1990-91 which were laid on the Table of the House on the 23rd February, 1993.

(b) The Annual Statement of Accounts of the Punjab Housing Development Board for the year from 1986-87 to 1989-90, which were laid on the Table of the House on the 3rd March, 1993.

(If need be, time will be extended for the discussion of these Annual Reports/Statements)

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistant at with the above recommendations, that rule/those rules will stand suspended to that extent.

**Minister for Parliamentary Affairs** (Sadar Umrao Singh): Sir, I beg to move—

> That this House agree with the recommendations contained in the Third Report of the Business Advisory Committee.

**Mr. Speaker:** Motion moved—

> That this House agrees with the recommendations contained in the Third Report of the Business Advisory Committee.

**Mr. Speaker :** Question is—

> That this House agrees with the recommendations contained in the Third Report of the Business Advisory Committee.

*The Motion was carried unanimously.*

## PRESENTATION OF REPORTS OF THE COMMITTEES

**ਮੈਂਬਰ, ਅਨੁਮਾਨ ਕਮੇਟੀ** : (ਸਰਦਾਰ ਅਵਤਾਰ ਸਿੰਘ ਬਰਾੜ) ਮਾਨਯੋਗ ਸਪੀਕਰ ਸਾਹਿਬ, ਮੈਂ ਸਾਲ 1992-93 ਲਈ ਸਹਿਕਾਰਤਾ ਵਿਭਾਗ ਦੇ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

ਮਾਨਯੋਗ ਸਪੀਕਰ ਸਾਹਿਬ, ਮੈਂ ਸਾਲ 1992-93 ਲਈ ਖੁਰਾਕ ਤੇ ਸਪਲਾਈ ਵਿਭਾਗ ਦੇ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਵੀ ਪੇਸ਼ ਕਰਦਾ ਹਾਂ।

**Chairman, Committee on Government Assurances (Shri Raghunath Sahai Puri)** : Sir, I beg to present the 27th Report of the Committee on Government Assurances for the year 1992-93.

**Mr. Speaker:** Now, we come to the Financial Business.

Original with;
Punjab Vidhan Sabha
Digitized by:
Panjab Digital Library

## FINANCIAL BUSINESS

### THE PUNJAB APPROPRIATION (NO. 2) BILL, 1993

**Finance Minster** (Doctor Kewal Krishan): Sir, I beg to introduce the Punjab Appropriation (No. 2) Bill.

Sir, I also beg to move—

That the Punjab Appropriation (No. 2) Bill be taken into consideration at once.

**Mr. Speaker:** Motion moved—

That the Punjab Appropriation (No. 2) Bill be taken into consideration at once.

**ਸ੍ਰੀ ਸਪੀਕਰ** : ਕੈਂਥ ਜੀ, ਤੁਸੀਂ ਬੋਲੋਗੇ ? ਇਸ ਦੇ ਥੱਲੇ ਸਾਰੀਆਂ ਗਰਾਂਟਾ ਕਵਰਡ ਨੇ।

**ਸ੍ਰੀ ਸਤਨਾਮ ਸਿੰਘ ਕੈਂਥ** (ਬੰਗਾ, ਐਸ. ਸੀ.) : ਸਪੀਕਰ ਸਾਹਿਬ, ਮੈਂ ਤਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਪਰੋਪਰੀਏਸ਼ਨ ਬਿੱਲ ਤੇ ਬੋਲਣ ਦਾ ਸਮਾਂ ਦਿੱਤਾ ਹੈ। ਭਾਵੇਂ ਬਹੁਤ ਸਾਰੇ ਇਸ ਦੇ ਪਹਿਲੂ ਅਜਿਹੇ ਹਨ ਜਿਹੜੇ ਬਜਟ ਦੀ ਡਿਸਕਸ਼ਨ ਦੇ ਅੰਦਰ ਪਹਿਲਾਂ ਹੀ ਆ ਚੁਕੇ ਹਨ, ਫਿਰ ਵੀ ਬਹੁਤ ਸਾਰੇ ਪਹਿਲੂ ਅਜਿਹੇ ਹਨ ਜਿਨ੍ਹਾਂ ਵਾਸਤੇ ਯੋਗ ਪ੍ਰਬੰਧ ਨਹੀਂ ਕੀਤਾ ਗਿਆ ਅਤੇ ਜਿਹੜੇ ਲੋਕਾਂ ਦੀਆਂ ਭਾਵਨਾਵਾਂ ਅਤੇ ਆਸ਼ਾਵਾਂ ਦੇ ਮੁਤਾਬਿਕ ਪੂਰੇ ਨਹੀਂ ਉਤਰਦੇ।

ਜਿਥੋਂ ਤੱਕ ਔਰਤਾਂ ਅਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼ਰੇਣੀਆਂ ਦੀ ਭਲਾਈ ਦੀ ਗੱਲ ਹੈ ਪੰਜਾਬ ਦੇ ਅੰਦਰ ਲਗਭਗ 43-44 ਪ੍ਰਤੀਸ਼ਤ ਦੇ ਕਰੀਬ ਇਨ੍ਹਾਂ ਦੀ ਪਾਪੂਲੇਸ਼ਨ ਹੈ ਔਰ ਪੰਜਾਬ ਦੇ ਅੰਦਰ ਪਿਛਲੀਆਂ ਜਿਹੜੀਆਂ ਇਲੈਕਸ਼ਨਾਂ ਹੋਈਆਂ ਹਨ ਉਨ੍ਹਾਂ ਦੇ ਅੰਦਰ ਸਮਾਜ ਦੇ ਇਸ ਹਿੱਸੇ ਦਾ ਇਕ ਬੜਾ ਭਾਰੀ ਯੋਗਦਾਨ ਰਿਹਾ ਹੈ ਲੇਕਿਨ ਜਿਸ ਵੇਲੇ ਅਸੀਂ ਉਨ੍ਹਾਂ ਦੀਆਂ ਮੰਗਾਂ ਵੱਲ ਦੇਖਦੇ ਹਾਂ ਤਾਂ ਪਿਛਲਾ ਸਾਲ ਜਿਹੜਾ ਸੀ ਉਹ ਉਨ੍ਹਾਂ ਵਾਸਤੇ ਬੜਾ ਨਾ-ਕਾਮਯਾਬ ਸਾਲ ਰਿਹਾ ਔਰ ਪਿਛਲੇ ਸਾਲ ਦੇ ਦੌਰਾਨ ਉਨ੍ਹਾਂ ਦੀ ਭਲਾਈ ਵਾਸਤੇ ਕੁਝ ਵੀ ਨਹੀਂ ਹੋਇਆ, ਜਿੰਨਾ ਕੁ ਹੋਣਾ ਚਾਹੀਦਾ ਸੀ ਉਹ ਵੀ ਨਹੀਂ ਹੋ ਸਕਿਆ। ਪਿਛਲੇ ਸਾਲ ਇਸ ਸਦਨ ਦੀ ਫਲੋਰ ਤੇ ਸਾਡੇ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਪੰਜ ਹਜ਼ਾਰ ਰੁਪਏ ਦੇ ਕਰਜ਼ੇ ਇਨ੍ਹਾਂ ਦੇ ਮੁਆਫ ਕਰ ਦਿੱਤੇ ਜਾਣਗੇ ਲੇਕਿਨ ਅੱਜ ਵੀ ਲੋਕਾਂ ਨੂੰ ਇਹ ਕਲੈਰੀਫੀਕੇਸ਼ਨ ਨਹੀਂ ਹੈ ਕਿ ਪੰਜ ਹਜ਼ਾਰ ਰਪਏ ਦੇ ਜਿਹੜੇ ਕਰਜ਼ੇ ਹਨ ਉਸ ਵਿੱਚ ਕਿਹੜੀਆਂ ਕਿਹੜੀਆਂ ਆਈਟਮਜ਼ ਆਉਣੀਆਂ ਹਨ ਕਿਉਂਕਿ ਸੀ.ਐਮ.ਸਾਹਿਬ ਨੇ ਕਲੈਰੀਫਾਈ ਨਹੀਂ ਕੀਤਾ ਸੀ ਕਿ ਕਿਹੜੇ ਕਿਹੜੇ ਕਰਜ਼ੇ ਮੁਆਫ ਹੋਣਗੇ, ਇਹ ਕਰਜ਼ੇ ਕਾਰਪੋਰੇਸ਼ਨ ਦੇ ਮੁਆਫ ਕਰਨੇ ਹਨ, ਕੋਆਪਰੇਟਿਵ ਬੈਂਕਾਂ ਦੇ ਕਰਜ਼ੇ ਮੁਆਫ ਕਰਨੇ ਜਾਂ ਕਿ ਕਮਰਸ਼ੀਅਲ ਬੈਂਕਾਂ ਦੇ ਕਰਜ਼ਿਆਂ ਦੀ ਮੁਆਫੀ ਹੋਣੀ ਹੈ। ਗਰੀਬ ਲੋਕਾਂ ਵਾਸਤੇ ਜਿਹੜੇ ਇਹ ਕਰਜ਼ੇ ਮੁਆਫ ਕੀਤੇ ਜਾਣੇ ਸਨ ਉਨ੍ਹਾਂ ਦੇ ਅੰਦਰ ਇਸ ਗੱਲ ਦੀ ਬੜੀ ਕਨਫਿਊਜ਼ਨ ਹੈ, ਉਹ ਬੜੀ ਉਲਝਨ ਵਿੱਚ ਫਸ ਗਏ ਹਨ, ਇਸ ਐਲਾਨ ਨਾਲ ਤਾਂ ਸਗੋਂ ਉਨ੍ਹਾਂ ਤੇ ਹੋਰ ਮੁਸੀਬਤ ਪੈ ਗਈ ਹੈ ਕਿਉਂਕਿ ਉਹ ਸਮਝਦੇ ਹਨ ਕਿ ਉਨ੍ਹਾਂ ਦੇ ਇਹ ਕਰਜ਼ੇ ਮੁਆਫ ਹੋ ਗਏ ਹਨ ਲੇਕਿਨ ਅਧਿਕਾਰੀ ਉਨ੍ਹਾਂ ਦੇ ਮਗਰ ਨੋਟਿਸ ਲਈ ਫਿਰਦੇ ਹਨ ਔਰ ਲੋਕ ਸਾਨੂੰ ਪੁੱਛਦੇ ਹਨ ਕਿ ਸਾਡੇ ਕਰਜ਼ੇ ਮੁਆਫ ਹੋ ਗਏ ਹਨ ਜਾਂ ਨਹੀਂ। ਜੇ ਹੋ ਗਏ ਹਨ ਤਾਂ ਸਾਡੇ ਮਗਰ ਮਹਿਕਮੇ ਦੇ ਅਧਿਕਾਰੀ ਕਿਉਂ ਫਿਰਦੇ ਹਨ? ਸਰਕਾਰ ਨੂੰ ਇਸ ਗੱਲ ਨੂੰ ਕਲੈਰੀਫਾਈ ਕਰਨਾ ਚਾਹੀਦਾ ਹੈ ਔਰ ਲੋਕਾਂ ਨੂੰ ਇਸ

Original with;
Punjab Vidhan Sabha
Digitized by;
Panjab Digital Library

ਬਾਰੇ ਸਹੀ ਗਾਈਡ ਕਰਨਾ ਚਾਹੀਦਾ ਹੈ ਤਾਂ ਕਿ ਲੋਕੀਂ ਇਸ ਉਲਝਣ ਵਿਚੋਂ ਨਿਕਲ ਸਕਣ ਔਰ ਲੋਕਾਂ ਨੂੰ ਪਤਾ ਲਗ ਸਕੇ ਕਿ ਸਾਡੇ ਕਰਜ਼ੇ ਮੁਆਫ ਹੋਏ ਹਨ ਜਾਂ ਨਹੀਂ। ਜਿਹੜਾ ਪਹਿਲਾਂ ਕਰਜ਼ਾ ਮੁਆਫੀ ਦਾ ਐਲਾਨ ਕੀਤਾ ਗਿਆ ਹੈ ਉਹ ਤਾਂ ਇਕ ਤਰ੍ਹਾਂ ਨਾਲ ਡਰਾਮਾ ਬਣ ਕੇ ਰਹਿ ਗਿਆ ਹੈ ਕਿਉਂਕਿ ਉਸ ਐਲਾਨ ਦੀ ਕੋਈ ਵੀ ਇੰਪਲੀਮੈਨਟੇਸ਼ਨ ਨਹੀਂ ਹੋਈ ਔਰ ਲੋਕੀਂ ਅੱਜ ਤੱਕ ਉਲਝਣ ਵਿੱਚ ਹਨ, ਉਹ ਤਾਂ ਅੱਗੇ ਨਾਲੋਂ ਵੀ ਮੁਸੀਬਤ ਵਿੱਚ ਆ ਗਏ ਹਨ।

ਜਿਥੋਂ ਤੱਕ ਪੰਜਾਬ ਦੇ ਵਿੱਚ ਰਿਜ਼ਰਵੇਸ਼ਨ ਐਕਟ ਬਨਾਉਣ ਦੀ ਗੱਲ ਹੈ, ਪਿਛਲੇ ਸਾਲ ਵੀ ਇਸ ਸਦਨ ਦੀ ਫਲੋਰ ਤੇ ਇਹ ਵਾਅਦਾ ਕੀਤਾ ਗਿਆ ਸੀ ਕਿ ਰਿਜ਼ਰਵੇਸ਼ਨ ਐਕਟ ਬਣਾਇਆ ਜਾਵੇਗਾ ਲੇਕਿਨ ਅੱਜ ਤੱਕ ਉਹ ਸਦਨ ਦੀ ਫਲੋਰ ਤੇ ਨਹੀਂ ਲਿਆਂਦਾ ਗਿਆ। ਮੈਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਏਜੰਡਾ ਵੀ ਲਿਆਂਦਾ ਜਾ ਰਿਹਾ ਹੈ ਉਹ ਵੀ ਜਿਹੜੇ ਆਈ.ਏ.ਐਸ. ਔਰ ਆਈ.ਪੀ.ਐਸ ਅਤੇ ਗਜ਼ਟਿਡ ਅਫਸਰ ਹਨ ਉਨ੍ਹਾਂ ਲਈ ਰਿਜ਼ਰਵੇਸ਼ਨ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਹੜਾ ਕਿ ਇਕ ਬਹੁਤ ਗਲਤ ਟਰੈਂਡ ਹੋਏਗਾ ਕਿਉਂਕਿ ਇਹ ਚੀਜ਼ ਨਹੀਂ ਹੋਣੀ ਚਾਹੀਦੀ ਔਰ ਇਹ ਬਿੱਲ ਸੋਸਾਇਟੀ ਦੇ ਇਸ ਸੈਕਸ਼ਨ ਨੂੰ ਵੀ ਸਹੂਲਤਾਂ ਮਿਲਣ ਵਾਸਤੇ ਹੋਣਾ ਚਾਹੀਦਾ ਹੈ ਔਰ ਜਿਹੜਾ ਬੈਕਲਾਗ ਹੈ ਉਹ ਵੀ ਪੂਰਾ ਨਹੀਂ ਹੋ ਰਿਹਾ। ਮੇਰੇ ਕਹਿਣ ਤੋਂ ਭਾਵ ਹੈ ਕਿ ਬਜਟ ਦੇ ਅੰਦਰ ਜਿਹੜੀਆਂ ਮੰਗਾਂ ਸ਼ਡਿਊਲਡ ਕਾਸਟਸ ਦੀ ਬਿਹਤਰੀ ਵਾਸਤੇ ਰੱਖੀਆਂ ਗਈਆਂ ਹਨ ਉਹ ਜ਼ੀਰੋ ਦੇ ਬਰਾਬਰ ਹਨ ਜਾਂ ਨਥਿੰਗ ਹੀ ਹਨ। ਪਿਛਲੇ ਸਾਲ ਦੇ ਵਿੱਚ ਵੀ ਬਜਟ ਵਿੱਚ ਜੋ ਸਕੀਮਾਂ ਰੱਖੀਆਂ ਗਈਆਂ, ਉਨ੍ਹਾਂ ਵਾਸਤੇ ਜੋ ਪੈਸਾ ਰੱਖਿਆ ਗਿਆ ਉਹ ਸਾਰੇ ਦਾ ਸਾਰਾ ਲੈਪਸ ਹੋ ਗਿਆ ਕਿਉਂਕਿ ਸਮਾਜ ਭਲਾਈ ਵਾਲੇ ਕੁਝ ਵੀ ਨਹੀਂ ਕਰ ਸਕੇ ਉਹ ਸੁੱਤੇ ਬੈਠੇ ਰਹੇ, ਉਹ ਲੋਕਾਂ ਨੂੰ ਜਾਣਕਾਰੀ ਤੱਕ ਵੀ ਨਹੀਂ ਦੇ ਸਕੇ ਕਿਉਂਕਿ ਉਨ੍ਹਾਂ ਦੇ ਅਧਿਕਾਰੀਆਂ ਨੂੰ ਵੀ ਕੋਈ ਜਾਣਕਾਰੀ ਨਹੀਂ ਸੀ, ਲੋਕਾਂ ਨੂੰ ਉਹ ਕੀ ਜਾਣਕਾਰੀ ਦੇ ਸਕਦੇ ਸੀ। ਇਹ ਵੀ ਦੁੱਖ ਹੁੰਦਾ ਹੈ ਕਿ ਸਬੰਧਤ ਮਨਿਸਟਰ ਵੀ ਨਹੀਂ ਚਾਹੁੰਦੇ ਕਿ ਮੈਨੂੰ ਸਮਾਜ ਭਲਾਈ ਮਹਿਕਮੇ ਤੇ ਲਗਾਇਆ ਜਾਵੇ। ਪੰਜਾਬ ਦੇ ਵਿੱਚ ਸੱਤ ਸ਼ਡਿਊਲਡ ਕਾਸਟਸ ਮਨਿਸਟਰ ਹਨ ਉਨ੍ਹਾਂ ਵਿਚੋਂ ਕੋਈ ਵੀ ਮਨਿਸਟਰ ਭਲਾਈ ਵਿਭਾਗ ਲੈਣ ਲਈ ਤਿਆਰ ਨਹੀਂ ਹੈ। ਇਸ ਲਈ ਮੇਰੀ ਬੇਨਤੀ ਹੈ, ਸਪੀਕਰ ਸਾਹਿਬ, ਕਿ ਇਹ ਸਮਾਜ ਭਲਾਈ ਵਿਭਾਗ ਦੀਆਂ ਜੋ ਸਕੀਮਾਂ ਹਨ ਉਨ੍ਹਾਂ ਨੂੰ ਜ਼ੋਰਦਾਰ ਢੰਗ ਨਾਲ ਲਾਗੂ ਕਰਨਾ ਚਾਹੀਦਾ ਹੈ ਤਾਂ ਕਿ ਗਰੀਬ ਲੋਕਾਂ ਤਕ ਭਲਾਈ ਸਕੀਮਾਂ ਪਹੁੰਚ ਸਕਣ।

ਸਪੀਕਰ ਸਾਹਿਬ, ਜਿਥੋਂ ਤਕ ਆਬਕਾਰੀ ਅਤੇ ਕਰ ਨੀਤੀ ਦਾ ਸਵਾਲ ਹੈ, ਇਸ ਬਾਰੇ ਪਹਿਲੀ ਗੱਲ ਤਾਂ ਇਹ ਹੈ ਕਿ ਆਬਕਾਰੀ ਪਾਲਿਸੀ ਜਿਹੜੀ ਇਨ੍ਹਾਂ ਦੀ ਸੀ ਉਹ ਇਸ ਸਦਨ ਤੋਂ ਬਾਹਰ ਰੱਖੀ ਗਈ ਲੇਕਿਨ ਹੁਣ ਜਿਹੜੀ ਠੇਕਿਆਂ ਦੀ ਨਿਲਾਮੀ ਹੋਈ ਹੈ, ਸਰਕਾਰ ਇਹ ਕਲੇਮ ਕਰਦੀ ਹੈ ਕਿ ਸਾਨੂੰ ਇਸ ਤੋਂ ਵੱਡੇ ਪੈਮਾਨੇ ਤੇ ਫਾਇਦਾ ਹੋਇਆ ਹੈ ਔਰ ਪਿਛਲੇ ਸਾਲ ਨਾਲੋਂ ਸਾਡੀ ਆਮਦਨੀ ਵੀ ਵਧੀ ਹੈ। ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਆਮਦਨੀ ਵਿੱਚ ਵਾਧਾ ਪਾਲਿਸੀ ਕਰਕੇ ਨਹੀਂ ਸਗੋਂ ਪੰਜਾਬ ਦੇ ਵਿੱਚ ਠੀਕ ਹਾਲਾਤ ਕਾਰਨ ਹੋਇਆ ਹੈ। ਇਸ ਕਰਕੇ ਨਹੀਂ ਕਿ ਅੱਗੇ ਵਾਲੇ ਸਿਸਟਮ ਵਿੱਚ ਸੁਧਾਰ ਕਾਰਨ ਹੋਇਆ ਹੈ। ਅੱਗੇ ਹੁੰਦਾ ਇਹ ਸੀ ਕਿ ਠੇਕੇ ਨੂੰ ਯੂਨਿਟ ਮੰਨ ਕੇ ਇਕ ਸ਼ਹਿਰ ਨੂੰ ਹਿੱਸਿਆਂ ਵਿੱਚ ਵੰਡਿਆ ਜਾਂਦਾ ਸੀ, ਫਿਰ ਬੋਲੀ ਕੀਤੀ ਜਾਂਦੀ ਸੀ ਲੇਕਿਨ ਇਸ ਵਾਰ ਬੋਲੀ ਨਾ ਕਰਕੇ ਜਿਹੜੀ ਅਲਾਟਮੈਂਟ ਕੀਤੀ ਗਈ ਇਕ ਜ਼ਿਲ੍ਹੇ ਦੇ ਵਿਚ ਕਿਹਾ ਗਿਆ ਕਿ ਤੂੰ ਏਨੇ ਕਰੋੜ ਰੁਪਏ ਦੇ ਅਤੇ ਸਾਰਾ ਜ਼ਿਲ੍ਹਾ ਤੈਨੂੰ ਦਿੱਤਾ। ਫਤਿਹਗੜ੍ਹ ਸਾਹਿਬ ਦੀ 13 ਕਰੋੜ 90 ਲੱਖ ਰੁਪਏ ਦੀ ਲੋਕਾਂ ਦੇ ਸਾਹਮਣੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਤਨਾਮ ਸਿੰਘ ਕੈਂਥ]

ਬੋਲੀ ਹੋਈ ਲੇਕਿਨ ਬਾਅਦ ਦੇ ਵਿੱਚ ਘੱਟ ਕੀਤੀ ਗਈ ਲੱਗਭਗ 30 ਲੱਖ ਰੁਪਏ ਬੋਲੀ ਘੱਟ ਕੀਤੀ ਗਈ। ਖੰਨਾ ਅਤੇ ਇਸ ਦੇ ਨੇੜੇ ਦੋਰਾਹਾ ਤੇ ਪਾਇਲ ਸਾਰੇ ਨੂੰ ਇਕ ਯੂਨਿਟ ਮੰਨ ਕੇ ਅਤੇ ਜਿਹੜੇ ਵਪਾਰੀ ਸਨ ਉਹ ਤਿਆਰ ਵੀ ਨਹੀਂ ਸਨ, ਉਨ੍ਹਾਂ ਨੂੰ ਕੋਈ ਇਨਫਰਮੇਸ਼ਨ ਨਹੀਂ ਸੀ। ਸਾਰੇ ਦੇ ਸਾਰੇ ਨੂੰ ਯੂਨਿਟ ਮੰਨ ਕੇ ਠੇਕੇ ਦਿੱਤੇ ਗਏ ਅਤੇ ਚੰਦ ਲੋਕਾਂ ਨੇ ਹੀ ਬੋਲੀਆਂ ਦਿੱਤੀਆਂ ਅਤੇ ਚੰਦ ਲੋਕਾਂ ਨੂੰ ਪਾਲਿਆ ਗਿਆ। ਮੇਰਾ ਭਰੋਸਾ ਹੈ ਕਿ ਜੇਕਰ ਸਰਕਾਰ ਪੁਰਾਣੀ ਪਾਲਿਸੀ ਨੂੰ ਅਡਾਪਟ ਕਰਦੀ ਅਤੇ ਉਸੇ ਤਰ੍ਹਾਂ ਹੀ ਠੇਕੇ ਦਿੰਦੀ ਤਾਂ ਲੁਧਿਆਣਾ ਜ਼ਿਲ੍ਹੇ ਵਿਚ 10 ਕਰੋੜ ਰੁਪਏ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ 10 ਕਰੋੜ ਰੁਪਏ ਵੱਧ ਆਬਕਾਰੀ ਵਜੋਂ ਵਧਾਏ ਜਾ ਸਕਦੇ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਚੀਜ਼ ਹੋਈ ਹੈ ਇਸ ਨਾਲ ਚੰਦ ਕੁ ਮੁੱਠੀ ਭਰ ਲੋਕਾਂ ਨੂੰ ਹੀ ਲਾਭ ਹੋਇਆ ਹੈ। ਇਹ ਲਾਭ ਸਮਾਜ ਦੇ ਦੂਸਰੇ ਲੋਕਾਂ ਵਿੱਚ ਵੀ ਜਾਣਾ ਚਾਹੀਦਾ ਹੈ।

**ਆਬਕਾਰੀ ਅਤੇ ਕਰ ਮੰਤਰੀ :** ਮੇਰਾ ਪੁਆਇੰਟ ਆਫ ਆਰਡਰ ਹੈ। ਸਰ, ਮਾਨਯੋਗ ਮੈਂਬਰ ਸਾਹਿਬ ਨੇ ਐਕਸਾਈਜ਼ ਡਿਪਾਰਟਮੈਂਟ ਬਾਰੇ ਗੱਲ ਕੀਤੀ ਹੈ। ਮੈਂ ਇਥੇ ਇਹ ਕਲੀਅਰ ਕਰਨਾ ਚਾਹੁੰਦਾ ਹਾਂ ਕਿ ਲਾਸਟ ਈਅਰ ਵਾਲੀ ਹੀ ਪਾਲਿਸੀ ਹੈ Auction means auction ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਠੇਕੇਦਾਰਾਂ ਨੂੰ ਦੱਸਿਆ ਨਹੀਂ ਜਾਂਦਾ, ਸਾਰੇ ਠੇਕੇਦਾਰਾਂ ਨੂੰ ਇਕ ਦਿਨ ਪਹਿਲਾਂ ਦੱਸਿਆ ਜਾਂਦਾ ਹੈ ਕਿ ਐਨੇ ਸਰਕਲ ਬਣਾਏ ਗਏ ਹਨ। ਜਿਹੜੀ ਗੱਲ ਖੰਨਾ ਬਾਰੇ ਸਪੈਸੀਫਿਕ ਕੀਤੀ ਗਈ ਹੈ, ਉਸ ਦਾ ਸਰਕਲ ਵੀ ਪਿਛਲੇ ਸਾਲ ਦੇ ਸਰਕਲ ਵਾਲਾ ਹੀ ਬਣਾਇਆ ਗਿਆ ਹੈ ਔਰ ਉਸ ਦੇ ਮੁਤਾਬਿਕ ਬਿੱਡ ਵੀ ਹੋਈ ਹੈ ਅਤੇ ਬਿਡਰ ਵੀ ਆਏ ਹਨ। ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਇਸ ਮਾਮਲੇ ਵਿੱਚ ਕਿਸੇ ਦੀ ਵੀ ਫੇਵਰ ਨਹੀਂ ਕਰਦੀ। ਆਕਸ਼ਨਾਂ ਵੀ ਹੋਈਆਂ ਹਨ ਅਤੇ ਆਕਸ਼ਨਾਂ ਕਰਕੇ ਹੀ ਇਨ੍ਹਾਂ ਰੈਵੀਨਿਊ ਵਿਚ ਵਾਧਾ ਹੋਇਆ ਹੈ ਜਿਸ ਬਾਰੇ ਡਾਕਟਰ ਸਾਹਿਬ ਆਪ ਤੁਹਾਨੂੰ ਦੱਸਣਗੇ (ਥੰਪਿੰਗ)। ਖੰਨਾ ਸਰਕਲ ਵਿੱਚ ਤਾਂ ਇਕ ਮਾਨਯੋਗ ਮੰਤਰੀ ਦੇ ਭਰਾ ਵੀ ਬੋਲੀ ਵਿਚ ਸ਼ਾਮਿਲ ਹੋਇਆ ਸੀ, ਪਰ ਉਸ ਦੀ ਫੇਵਰ ਨਹੀਂ ਕੀਤੀ ਅਤੇ ਮੈਰਿਟ ਉਤੇ ਹੀ ਠੇਕਾ ਦਿੱਤਾ ਗਿਆ ਹੈ। ਜਿਸ ਨੇ ਵੱਧ ਬੋਲੀ ਦਿੱਤੀ, ਉਸਨੂੰ ਦੇ ਦਿੱਤਾ।

**ਸ੍ਰੀ ਸਪੀਕਰ :** ਕੈਂਥ ਜੀ, ਤੁਸੀਂ ਆਪਣੀ ਸਪੀਚ ਜਾਰੀ ਰੱਖੋ।

**ਸ੍ਰੀ ਸਤਨਾਮ ਸਿੰਘ ਕੈਂਥ :** ਪੰਜਾਬ ਦੇ ਅੰਦਰ ਸਿਖਿਆ ਕਾਫੀ ਚੰਗੀ ਹੈ। ਪੰਜਾਬ ਵਿੱਚ ਜਿਹੜੇ ਐਡਹਾਕ ਟੀਚਰ ਹਨ, ਉਨ੍ਹਾਂ ਨੂੰ ਪੱਕਿਆਂ ਕਰਨਾ ਚਾਹੀਦਾ ਹੈ। ਜਦੋਂ ਉਨ੍ਹਾਂ ਦੀ ਐਪੁਆਇੰਟਮੈਂਟ ਹੋ ਗਈ ਹੈ ਤਾਂ ਫਿਰ ਉਨ੍ਹਾਂ ਨੂੰ ਐਡਹਾਕ ਬੇਸਿਸ ਤੇ ਚਾਰ-ਚਾਰ ਜਾਂ ਪੰਜ-ਪੰਜ ਸਾਲ ਤੱਕ ਨਹੀ ਰੱਖਿਆ ਜਾਣਾ ਚਾਹੀਦਾ।

ਸਹਿਕਾਰਤਾ ਲਹਿਰ ਨੂੰ ਪੰਜਾਬ ਵਿੱਚ ਹੋਰ ਜ਼ਿਆਦਾ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਕਿ ਇਸ ਲਹਿਰ ਦਾ ਲਾਭ ਆਮ ਕਿਸਾਨਾਂ ਅਤੇ ਗਰੀਬਾਂ ਤੱਕ ਪਹੁੰਚ ਸਕੇ। ਇਸ ਨੂੰ ਠੀਕ ਢੰਗ ਨਾਲ ਯੂਨਾਈਟ ਕਰਨਾ ਚਾਹੀਦਾ ਹੈ। ਇਸ ਦੇ ਨਾਲ ਖੁਰਾਕ ਅਤੇ ਸਪਲਾਈ ਵਿਭਾਗ ਦੇ ਵਿੱਚ ਜਿਹੜਾ ਪਬਲਿਕ ਡਿਸਟਰੀਬਿਊਸ਼ਨ ਸਿਸਟਮ ਹੈ, ਇਸ ਨੂੰ ਦਰੁਸਤ ਕਰਨ ਦੀ ਲੋੜ ਹੈ। ਇਕ ਲਾਇਸੈਂਸਡ ਡਿਪੂ ਹੋਲ-ਡਰ ਕਈ ਕਈ ਡਿਪੂਆਂ ਦਾ ਮਾਲਕ ਬਣੀ ਬੈਠਾ ਹੈ। ਕੋਈ ਡਿਪੂ ਕਿਸੇ ਦੇ ਨਾਂ ਤੇ ਅਤੇ ਕੋਈ ਡਿਪੂ ਕਿਸੇ ਦੇ ਨਾਂ ਤੇ ਲੈ ਕੇ ਉਹ ਸੱਤ ਸੱਤ ਡਿਪੂਆਂ ਨੂੰ ਸਾਂਭੀ ਬੈਠਾ ਹੈ, ਇਸ ਦੇ ਨਾਲ ਇਸ ਵਿੱਚ ਘਪਲੇਬਾਜ਼ੀ ਵਧਦੀ ਹੈ, ਰਿਸ਼ਵਤ ਦੀ ਭਾਵਨਾ ਵਧਦੀ ਹੈ ਅਤੇ ਬਲੈਕ ਮਾਰਕੀਟਿੰਗ ਵਧਦੀ ਹੈ। ਡਿਪਾਰਟਮੈਂਟ ਇਸ ਸਿਸਟਮ ਵਿੱਚ ਐਸਾ ਪ੍ਰਬੰਧ ਕਰੇ ਕਿ ਇਕ ਡਿਪੂ ਹੋਲਡਰ ਦੇ ਕੋਲ ਇਕ ਹੀ ਲਾਇਸੈਂਸ ਹੋਵੇ ਅਤੇ ਉਸ ਕੋਲ ਇਕੋ ਹੀ ਡਿਪੂ ਹੋਵੇ।

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਸਿਹਤ ਸਹੂਲਤਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਅਸੀਂ ਦੇਖਦੇ ਹਾਂ ਕਿ ਪਿੰਡਾਂ ਦੇ ਅੰਦਰ ਸਿਹਤ ਸਹੂਲਤਾਂ ਦੀ ਬੜੀ ਕਮੀ ਹੈ ਔਰ ਜਿਹੜਾ ਉਨ੍ਹਾਂ ਤੇ ਖਰਚਾ ਹੋ ਰਿਹਾ ਹੈ ਉਹ ਬਹੁਤ ਘੱਟ ਹੈ। ਜਿਸ ਤਰ੍ਹਾਂ ਅਸੀਂ ਸ਼ਹਿਰਾਂ ਅੰਦਰ ਸਿਹਤ ਸਹੂਲਤਾਂ ਦੇਣ ਬਾਰੇ ਬੜਾ ਜ਼ੋਰ ਲਗਾਇਆ ਹੈ। ਉਸੇ ਤਰ੍ਹਾਂ ਸਾਨੂੰ ਪਿੰਡਾਂ ਵਿਚ ਇਹ ਸਹੂਲਤਾਂ ਵਧਾਉਣੀਆਂ ਚਾਹੀਦੀਆਂ ਹਨ ਕਿਉਂਕਿ ਸਾਡੇ ਪੰਜਾਬ ਦੀ ਬਹੁਤੀ ਪਾਪੂਲੇਸ਼ਨ ਪਿੰਡਾਂ ਵਿਚ ਹੀ ਰਹਿੰਦੀ ਹੈ। ਉਥੇ ਹੋਰ ਜ਼ਿਆਦਾ ਡਿਸਪੈਂਸਰੀਆਂ ਖੋਲ੍ਹਣੀਆਂ ਚਾਹੀਦੀਆਂ ਹਨ ਤਾਂ ਕਿ ਪਿੰਡਾਂ ਵਿਚ ਵੀ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆਂ ਹੋ ਸਕਣ। ਇਸ ਦੇ ਨਾਲ ਹੀ ਕਿਰਤੀਆਂ ਦੀਆਂ ਜਿਹੜੀਆਂ ਮਿਨੀਮੱਮ ਵੇਜਿਜ਼ ਹਨ, ਉਨ੍ਹਾਂ ਵਿੱਚ ਵੀ ਸੁਧਾਰ ਆਉਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਲੋਕਾਂ ਦੀ ਵੀ ਬਿਹਤਰੀ ਹੋ ਸਕੇ। ਇਨਾਂ ਸ਼ਬਦਾਂ ਦੇ ਨਾਲ ਹੀ ਮੈਂ ਜਗ੍ਹਾਂ ਲੈਂਦਾ ਹਾਂ। ਜੈ ਭੀਮ, ਜੈ ਭਾਰਤ।

**ਸ੍ਰੀ ਸਪੀਕਰ** : ਮੈਂ ਰਿਕੁਐਮਟ ਕਰਾਂਗਾ ਮੰਤਰੀ ਸਾਹਿਬਾਨ ਨੂੰ ਕਿ ਜਿਹੜੇ ਵੀ ਮਾਨਯੋਗ ਮੈਂਬਰ ਕੋਈ ਪੁਆਇੰਟਸ ਰੇਜ਼ ਕਰਦੇ ਹਨ ਉਹ ਕਿਰਪਾ ਕਰਕੇ ਜ਼ਰੂਰ ਨੋਟ ਕਰ ਲਏ ਜਾਣ।

**ਸ੍ਰੀ ਮਦਨ ਮੋਹਨ ਮਿੱਤਲ** (ਨੰਗਲ): ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਜੋ ਐਪਰੋਪਰੀਏਸ਼ਨ ਬਿੱਲ ਪੇਸ਼ ਕੀਤਾ ਹੈ ਮੈਨੂੰ, ਇਸ ਵਿੱਚ ਹਿੱਸਾ ਲੈਣ ਵਾਸਤੇ ਜੋ ਤੁਸੀਂ ਟਾਈਮ ਦਿੱਤਾ ਹੈ ਮੈਂ ਉਸ ਦੇ ਲਈ ਧੰਨਵਾਦੀ ਹਾਂ। ਸਰ, ਜੋ ਗੱਲਾਂ ਬਜਟ ਦੀ ਬਹਿਸ ਵਿੱਚ ਆਈਆਂ ਹਨ ਮੈਂ ਉਨ੍ਹਾਂ ਨੂੰ ਰਿਪੀਟ ਨਹੀਂ ਕਰਾਂਗਾ, ਜੋ ਗੱਲਾਂ ਰਹਿ ਗਈਆਂ ਉਨ੍ਹਾਂ ਦੇ ਬਾਰੇ ਹੀ ਕੁਝ ਗੱਲਾਂ ਵਿੱਤ-ਮੰਤਰੀ ਜੀ ਦੇ ਧਿਆਨ ਵਿਚ ਲਿਆਵਾਂਗਾ। ਕੱਲ ਡੀਮਾਂਡਜ਼ ਤੇ ਬਹਿਸ ਨਹੀਂ ਹੋ ਸਕੀ। It was an unfortunate situation. ਬਹੁਤ ਸਾਰੀਆਂ ਗੱਲਾਂ ਡੀਮਾਂਡਜ਼ ਦੀ ਬਹਿਸ ਵਿੱਚ ਆ ਜਾਂਦੀਆਂ ਅਤੇ ਇਸ ਤੇ ਵੀ ਵਿੱਤ ਮੰਤਰੀ ਜੀ ਧਿਆਨ ਵਿੱਚ ਰੱਖਣ ਅਤੇ ਮਹਿਕਮਿਆਂ ਦੇ ਮੰਤਰੀ ਸਾਹਿਬਾਨ ਵੀ ਧਿਆਨ ਵਿੱਚ ਰੱਖਣ ਕਿਉਂਕਿ ਡੀਮਾਂਡਜ਼ ਸਰਕਾਰ ਪਾਸ ਕਰ ਚੁੱਕੀ ਹੈ, ਡਿਪਾਰਟਮੈਂਟਸ ਦੇ ਖਰਚੇ ਤਾਂ ਪਾਸ ਹੋ ਚੁੱਕੇ ਹਨ ਅਤੇ ਹੁਣ ਤਾਂ ਮਨਜ਼ੂਰੀ ਸਿਰਫ ਇਸ ਗੱਲ ਦੀ ਹੋਣੀ ਹੈ ਕਿ ਉਹ ਡਿਫਰੈਂਅ ਕਿਸ ਤਰ੍ਹਾਂ ਕਰਨੇ ਹਨ, ਖਰਚੇ ਕਿਸ ਤਰ੍ਹਾਂ ਕੀਤੇ ਜਾਣੇ ਹਨ। ਇਸ ਸਬੰਧ ਵਿੱਚ ਮੇਰੀ ਤਾਂ ਸਿਰਫ਼ ਇਹੀ ਬੇਨਤੀ ਹੈ ਕਿ ਇਹ ਖਰਚੇ ਪੂਰੀ ਘੋਖ ਕਰਕੇ ਕੀਤੇ ਜਾਣ ਕਿਉਂਕਿ ਏਡਾ ਵੱਡਾ ਜੋ ਬਜਟ ਅਸੀਂ ਪਾਸ ਕਰਦੇ ਹਾਂ, ਉਹ ਪੈਸਾ ਲੋਕਾਂ ਦੀ ਮਿਹਨਤ ਅਤੇ ਖੂਨ-ਪਸੀਨੇ ਦੀ ਕਮਾਈ ਦਾ ਪੈਸਾ ਹੁੰਦਾ ਹੈ। ਇਸ ਲਈ ਜੇ ਇਹ ਪੈਸਾ ਉਨ੍ਹਾਂ ਦੀ ਭਲਾਈ ਲਈ ਇਸਤੇਮਾਲ ਨਾ ਹੋਵੇ ਅਤੇ ਇਸ ਵਿੱਚ ਮਿਸ-ਯੂਟੇਲਾਈਜੇਸ਼ਨ ਹੋ ਜਾਵੇ ਅਤੇ ਅੰਡਰ-ਯੂਟੇਲਾਈਜੇਸ਼ਨ ਹੋ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਜਿਸ ਪਰਪਜ਼ ਲਈ ਅਸੀਂ ਇਕੱਠੇ ਹੋਏ ਹਾਂ ਉਹ ਗੱਲ ਨਹੀਂ ਹੋ ਸਕਦੀ, ਡੀਫੀਟ ਹੁੰਦਾ ਹੈ। ਐਸੇ ਬਹੁਤ ਸਾਰੇ ਖਰਚੇ ਜਿਹੜੇ ਹਨ, ਜੋ ਨਾਨ-ਪ੍ਰੋਡੱਕਟਿਵ ਹਨ ਅਤੇ ਐਡਮਨਿਸਟਰੇਟਿਵ ਐਕਸਪੈਂਡੀਚਰ ਬਹੁਤ ਜ਼ਿਆਦਾ ਹੈ ਲੇਕਿਨ ਵਿੱਤ ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਇਸ ਨੂੰ ਘਟਾਉਣ ਦੀ ਬਹੁਤ ਕੋਸ਼ਿਸ਼ ਕੀਤੀ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਕੋਸ਼ਿਸ਼ ਜ਼ਰੂਰ ਕੀਤੀ ਹੈ ਪਰ ਅਜੇ ਵੀ ਬਹੁਤ ਸਾਰੇ ਖਰਚੇ ਐਸੇ ਹਨ, ਜਿਨ੍ਹਾਂ ਨੂੰ ਘਟਾਇਆ ਜਾ ਸਕਦਾ ਹੈ ਅਤੇ ਇਨ੍ਹਾਂ ਖਰਚਿਆਂ ਨੂੰ ਘਟਾ ਕੇ ਜੋ ਪੈਸਾ ਬਚੇਗਾ ਉਸ ਨੂੰ ਪ੍ਰੋਜੈਕਟ ਸਾਈਡ ਤੇ ਲਗਾਇਆ ਜਾਵੇ। ਜੇ ਅਸੀਂ ਆਪਣੀ ਸਟੇਟ ਨੂੰ ਅੱਗੇ ਵਧਾਉਣਾ ਚਾਹੁੰਦਾ ਹਾਂ ਅਤੇ ਸੋਸ਼ਲ-ਵੈਲਫੇਅਰ ਸਟੇਟ ਬਣਾਉਣਾ ਚਾਹੁੰਦੇ ਹਾਂ ਤਾਂ ਸਾਡੇ ਜੋ ਹੈਲਥ, ਐਜੂਕੇਸ਼ਨ, ਅਤੇ ਇਰੀਗੇਸ਼ਨ ਦੇ ਮੇਨ ਕੰਮ ਹਨ, ਇਨ੍ਹਾਂ ਚੀਜ਼ਾਂ ਵੱਲ ਪੈਸਾ ਖਰਚ ਕੀਤਾ ਜਾਣਾ ਚਾਹੀਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਵਿੱਤ ਮੰਤਰੀ ਜੀ ਸਾਰੇ ਮਹਿਕਮਿਆਂ ਨੂੰ ਇਸ ਗੱਲ ਦੀਆਂ ਹਦਾਇਤਾਂ ਦੇਣ ਕਿ ਵੇਸਟਫੁੱਲ ਐਕਸਪੈਂਡੀਚਰ ਘਟਾਉਣ ਅਤੇ ਜੋ ਟੂਰਜ਼ ਤੇ ਮੀਟਿੰਗਾਂ ਤੇ ਫਾਲਤੂ ਖਰਚ ਹੁੰਦਾ ਹੈ ਜੋ ਪੈਟਰੋਲ ਦਾ ਪੈਸਾ ਸਰਕਾਰੀ ਵਾਹਨਾਂ ਤੇ ਖਰਚ ਕੀਤਾ ਜਾਂਦਾ ਹੈ, ਉਨ੍ਹਾਂ ਖਰਚਿਆਂ ਵਿੱਚ ਜਿੰਨੀ ਕਟੌਤੀ ਕੀਤੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ ]

ਜਾਵੇ, ਥੋੜ੍ਹੀ ਹੈ । ਸਪੀਕਰ ਸਾਹਿਬ, ਸਾਡਾ ਗੁਆਂਢੀ ਸੂਬਾ ਹਿਮਾਚਲ ਪ੍ਰਦੇਸ਼ ਹੈ ਉਥੇ ਜਿਹੜੀ ਪਹਿਲੀ ਸਰਕਾਰ ਸੀ ਉਸ ਨੇ ਹਦਾਇਤਾਂ ਜਾਰੀ ਕੀਤੀਆਂ ਕਿ ਸ਼ੁਕਰਵਾਰ ਈਵਨਿੰਗ ਤੋਂ ਬਾਅਦ ਕੋਈ ਵੀ ਸਰਕਾਰੀ ਵਾਹਨ ਬਾਹਰ ਨਹੀਂ ਨਿਕਲੇਗਾ ਅਤੇ ਹਰ ਅਫਸਰ ਉਸ ਨੂੰ ਗੈਰਜ਼ ਵਿੱਚ ਬੰਦ ਕਰਵਾ ਦੇਵੇਗਾ। ਸਪੀਕਰ ਸਾਹਿਬ, ਇਸ ਦੇ ਨਾਲ ਕਰੋੜਾਂ ਰੁਪਏ ਉਥੋਂ ਦੀ ਸਰਕਾਰ ਨੇ ਬਚਾ ਲਏ। ਮੈਂ ਨਿਵੇਦਨ ਕਰਾਂਗਾ ਵਿੱਤ ਮੰਤਰੀ ਜੀ ਨੂੰ ਕਿ ਉਹ ਵੀ ਇਸ ਤਰ੍ਹਾਂ ਦਾ ਉਪਰਾਲਾ ਪੰਜਾਬ ਵਿੱਚ ਕਰ ਲੈਣ ਅਤੇ ਬਹੁਤ ਸਾਰਾ ਪੈਸਾ ਬਚਾ ਕੇ ਦੂਸਰੀਆਂ ਜੋ ਸਕੀਮਾਂ ਹਨ, ਡੀਵੈਲਪਮੈਂਟ ਪ੍ਰੋਜੈਕਟ ਹਨ ਉਨ੍ਹਾਂ ਵੱਲ ਲਗਾਇਆ ਜਾ ਸਕਦਾ ਹੈ ਅਤੇ ਲੋਕਾਂ ਨੂੰ ਜੋ ਰਾਹਤ ਦੀ ਜ਼ਰੂਰਤ ਹੈ ਉਹ ਦਿੱਤੀ ਜਾ ਸਕਦੀ ਹੈ ਨਹੀਂ ਤਾਂ ਮੋਸਟਲੀ, ਸ਼ਨਿਚਰ-ਐਤਵਾਰ ਨੂੰ ਸਰਕਾਰੀ ਅਫਸਰ, ਸਰਕਾਰੀ ਵਾਹਨਾਂ ਤੇ ਟੂਰ ਬਣਾ ਕੇ ਆਪਣੇ ਕੰਮਾਂ ਲਈ ਬਾਹਰ ਚਲੇ ਜਾਂਦੇ ਹਨ ਅਤੇ ਸਰਕਾਰੀ ਪੈਸੇ ਦਾ ਦੁਰ-ਉਪਯੋਗ ਕਰਦੇ ਹਨ।

ਸਪੀਕਰ ਸਾਹਿਬ, ਕੱਲ ਇੱਥੇ ਜੇਲ੍ਹ ਡੀਪਾਰਟਮੈਂਟ ਦੇ ਇਕ ਅਫਸਰ ਨੂੰ ਐਕਸਟੈਨਸ਼ਨ ਦੇਣ ਦਾ ਸਵਾਲ ਆਇਆ ਸੀ ਲੇਕਿਨ ਉਸਨੂੰ ਇਹ ਕਹਿ ਕੇ ਟਾਲ ਦਿੱਤਾ ਗਿਆ ਕਿ ਐਕਸਟੈਂਨਸ਼ਨ ਨਹੀਂ, ਰੀ-ਇੰਪਲਾਈਮੈਂਟ ਦਿੱਤੀ ਹੈ। ਸਪੀਕਰ ਸਾਹਿਬ, ਇਹ ਤਾਂ ਇਸ ਤਰ੍ਹਾਂ ਦੀ ਗੱਲ ਹੈ ਕਿ ਇਕ ਐਮ.ਐਲ.ਏ. ਸਾਹਿਬ ਇਕ ਮੰਤਰੀ ਜੀ ਨੂੰ ਮਿਲੇ ਅਤੇ ਅੱਗੋਂ ਮੰਤਰੀ ਜੀ ਕਹਿਣ ਲੱਗੇ ਕਿ ਮੇਰੇ ਨਾਲ ਟਰਾਂਸਫਰ ਬਾਰੇ ਕੋਈ ਗੱਲ ਨਾ ਕਰੀਂ ਕਿਉਂਕਿ ਅਸੀਂ ਬਾਹਰ ਲਿੱਖ ਕੇ ਲਗਾ ਦਿੱਤਾ ਹੈ ਕਿ ਟਰਾਂਸਫਰਜ਼ ਬੰਦ ਕਰ ਦਿੱਤੀਆਂ ਹਨ ਤਾਂ ਉਹ ਮਾਨਯੋਗ ਮੈਂਬਰ ਅੱਗੋਂ ਕਹਿਣ ਲੱਗਾ ਕਿ ਮੈਂ ਟਰਾਂਸਫਰ ਦੀ ਗੱਲ ਨਹੀਂ ਕਰਨ ਲੱਗਾ ਮੈਂ ਤਾਂ ਬਦਲੀ ਦੀ ਗੱਲ ਕਰਨੀ ਹੈ । There is no difference between the transfer and 'Badli'. It really happened with one of the MLAs and the Minister. I do not want to name ਸਰ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਰੀ-ਇਮਪਲਾਈਮੈਂਟ ਅਤੇ ਐਕਸਟੈਨਸ਼ਨ ਵਿੱਚ ਕੀ ਫਰਕ ਹੈ ?

**ਸ਼੍ਰੀ ਸਪੀਕਰ**: ਮਿੱਤਲ ਜੀ, ਤੁਹਾਨੂੰ ਐਪਰੋਪਰੀਏਸ਼ਨ ਬਿੱਲ ਤੇ ਬੋਲਣ ਲਈ ਟਾਈਮ ਮਿਲਿਆ ਹੈ, ਦੂਜੇ ਪਾਸੇ ਨਾ ਜਾਵੋ।

**ਸ਼੍ਰੀ ਮਦਨ ਮੋਹਨ ਮਿੱਤਲ**: ਸਰ, ਮੈਂ ਅਰਜ਼ ਕਰ ਰਿਹਾ ਹਾਂ ਕਿ ਜੇ ਅਸੀਂ ਰੀ-ਇੰਪਲਾਇਮੈਂਟ ਇਸ ਤਰੀਕੇ ਨਾਲ ਕਰਾਂਗੇ ਤਾਂ ਜੋ ਲੋਕ ਸਰਵਿਸ ਕਰ ਰਹੇ ਹਨ, ਉਨ੍ਹਾਂ ਦੀ ਪ੍ਰੋਮੋਸ਼ਨ ਰੁੱਕ ਜਾਵੇਗੀ ਉਨ੍ਹਾਂ ਵਿੱਚ ਡਿਸ ਸੈਟਿਸਫੈਕਸ਼ਨ ਆਵੇਗੀ ਅਤੇ ਮੈਂ ਇਕੱਲੇ ਜੇਲ੍ਹ ਵਿਭਾਗ ਦੀ ਗੱਲ ਨਹੀਂ ਕਰਦਾ, ਮੇਰੀ ਜਾਣਕਾਰੀ ਵਿੱਚ ਹੈ ਕਿ ਬਹੁਤ ਸਾਰੇ ਆਈ.ਏ.ਐਸ. ਆਫੀਸਰਜ਼ ਨੂੰ ਜਿਹੜੇ ਰੀਟਾਇਰ ਹੋ ਰਹੇ ਹਨ, ਉਨ੍ਹਾਂ ਨੂੰ ਇਕ ਐਸੀ ਸਕੀਮ ਹੈ ਜਿਸ ਰਾਹੀਂ ਰੀ-ਇਮਪਲਾਇ ਕੀਤਾ ਜਾ ਰਿਹਾ ਹੈ । ਮੈਂ ਸਮਝਦਾ ਹਾਂ ਕਿ ਜੇ ਅਸੀਂ ਐਸਾ ਕਰਾਂਗੇ ਤਾਂ ਜਿਨ੍ਹਾਂ ਦੀ ਪ੍ਰੋਮੋਸ਼ਨ ਹੋਣ ਵਾਲੀ ਹੈ, ਐਸੀ ਕੋਈ ਗੱਲ ਨਹੀਂ ਕਿ ਉਸਦਾ ਕੋਈ ਬਦਲ ਨਹੀਂ ਹੈ ਜਾਂ ਐਫੀਸ਼ੈਂਟ ਇਮਪਲਾਈਜ਼ ਪੰਜਾਬ ਵਿੱਚ ਨਹੀਂ ਹਨ। ਮੈਂ ਸਮਝਦਾ ਹਾਂ ਕਿ ਇਸ ਤੇ ਰੋਕ ਲਗਾਈ ਜਾਣੀ ਚਾਹੀਦਾ ਹੈ It leads to frustration in the employees who lose the chances of their promotion due to this policy. I agree ਕਿ ਕੋਈ ਇੱਕ ਅੱਧਾ ਐਕਸੈਪਸ਼ਨਲ ਕੇਸ ਹੋ ਸਕਦਾ ਹੈ like the Director General of Police Punjab ਲਾਅ ਐਂਡ ਆਰਡਰ ਦੀ ਸਥਿਤੀ ਵਿਚ ਜੋ ਸੁਧਾਰ ਹੋਇਆ ਹੈ, ਉਸ ਦਾ ਅਸੀਂ ਸਾਰਿਆਂ ਨੇ ਸਵਾਗਤ ਕੀਤਾ ਹੈ। ਡਾਇਰੈਕਟਰ ਜਨਰਲ ਆਫ ਪੁਲਿਸ ਦਾ ਜੋ ਪੀਰੀਅਡ ਐਕਸਟੈਂਡ ਕੀਤਾ ਹੈ, ਉਸ ਨੂੰ ਕਿਸੇ ਨੇ ਕਰਿਟੀਸਾਈਜ਼ ਨਹੀਂ ਕੀਤਾ ਪਰ ਜੇਕਰ ਜਨਰਲ ਹੀ ਹਰ ਅਫਸਰ ਨੂੰ ਐਕਸਟੈਨਸ਼ਨ ਦਿੱਤੀ ਜਾਵੇ

Original with;
Punjab Vidhan Sabha
Digitized by;
Panjab Digital Library

ਤਾਂ ਇਸ ਨਾਲ ਸਰਵਿਸਿਜ਼ ਇੰਪ੍ਰੂਵ ਨਹੀਂ ਹੋਣਗੀਆਂ ਬਲਕਿ ਇਨ੍ਹਾਂ ਵਿਚ ਘਾਟ ਆ ਜਾਵੇਗੀ। ਸਪੀਕਰ ਸਾਹਿਬ, ਕੱਲ ਇੱਥੇ ਡਿਸਕਸ਼ਨ ਹੋ ਰਹੀ ਸੀ ਕਿ ਪਿੰਡਾਂ ਵਿਚ ਫੀਡਰਜ਼ ਦੀ ਸਰਵਿਸ ਇੰਪ੍ਰੂਵ ਕਰਕੇ 24 ਆਵਰਜ਼ ਕੀਤੀ ਜਾਵੇਗੀ । ਮੈਂ ਪ੍ਰਸ਼ਨ ਵੀ ਕੀਤਾ ਸੀ ਕਿ There is contradiction in the reply made by the Minister and the speech made in the Budget speech itself. ਮੈਂ ਜਾ ਕੇ ਇਸ ਨੂੰ ਪੜ੍ਹਿਆ, ਉਸ ਵਿਚ ਲਿਖਿਆ ਸੀ ਕਿ ਮੈਚਿੰਗ ਬੇਸਿਜ਼ ਤੇ ਹੋਵੇਗੀ। I have gone through it. ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਚਿਗ ਬੇਸਿਜ਼ ਵਾਸਤੇ 50 ਪ੍ਰਤੀਸ਼ਤ ਨਹੀਂ ਲਿਖਿਆ ਹੈ। ਅਗਰ ਮੈਚਿੰਗ ਬੇਸਿਜ਼ ਰੱਖਿਆ ਹੈ ਤਾਂ ਮੈਂ ਵਿੱਤ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੰਡੀ ਦੇ ਏਰੀਆ ਵਿਚ ਰੂਰਲ ਇਲੈਕਟਰੀਫੀਕੇਸ਼ਨਜ਼ ਵਾਸਤੇ ਦੋ ਕਰੋੜ ਰੁਪਿਆ ਰੱਖਿਆ ਗਿਆ ਹੈ। ਕੰਡੀ ਦੇ ਏਰੀਆ ਵਿਚ ਜਿਵੇਂ ਰੋਪੜ, ਹੁਸ਼ਿਆਰਪਰ, ਔਰ ਗੁਰਦਾਸ-ਪੁਰ ਸ਼ਿਵਾਲਿਕ ਰੇਂਜ਼ ਹੋਣ ਕਰਕੇ ਪਾਣੀ ਦਾ ਉਤਪਾਦਨ ਕਰਕੇ ਪੰਜਾਬ ਦੀ ਜ਼ਮੀਨ ਨੂੰ ਇਰੀਗੇਟ ਕੀਤਾ ਹੈ, ਨਹਿਰਾਂ ਦਿੱਤੀਆਂ ਹਨ, ਵੱਧ ਤੋਂ ਵੱਧ ਬਿਜਲੀ ਦਾ ਉਤਪਾਦਨ ਕੀਤਾ ਹੈ, ਉਥੇ ਮੈਚਿੰਗ ਦਾ ਜੋ ਸਿਸਟਮ ਹੈ, ਜਿਥੋਂ ਪੰਚਾਇਤਾਂ ਨੂੰ ਆਮਦਨ ਕੋਈ ਨਹੀਂ ਆਉਂਦੀ ਹੈ, ਉਸ ਨਾਲ ਪਿੰਡ ਡੀਬਾਰ ਹੋ ਜਾਣਗੇ। They should be able to match the demands. ਔਰ ਇਨ੍ਹਾਂ ਨੂੰ Without any contribution by the Gram Panchayats ਬਿਜਲੀ 24 ਘੰਟੇ ਦੇਣ ਵਾਸਤੇ ਫੀਡਰ ਲਗਾ ਦਿੱਤੇ ਜਾਣ। ਲੋਕੀਂ ਵਿੱਤ ਮੰਤਰੀ ਜੀ ਨੂੰ ਵਧਾਈ ਦੇਣਗੇ ਕਿਉਂਕਿ ਉਹ ਇਸੀ ਇਲਾਕੇ ਦੇ ਹਨ ਅਤੇ ਉਨ੍ਹਾਂ ਨੂੰ ਖੁਸ਼ੀ ਹੋਵੇਗੀ। ਬਰਾੜ ਸਾਹਿਬ ਜੋ ਕਿ ਇਰੀਗੇਸ਼ਨ ਦੇ ਮੰਤਰੀ ਹਨ, ਉਹ ਖੁਲ੍ਹਦਿਲੇ ਹਨ ਤੇ ਇਸ ਨੂੰ ਪ੍ਰਵਾਨ ਕਰਨਗੇ ਕਿਉਂਕਿ ਇਹ ਇੱਕ ਪਛੜਿਆ ਇਲਾਕਾ ਹੈ। ਇਸ ਲਈ ਇਸ ਗੱਲ ਨੂੰ ਮੰਨ ਕੇ ਵਧੇਰੇ ਸਰਵਿਸ without any matching share and without any contribution ਅਲਾਓ ਕਰ ਦੇਣੀ ਚਾਹੀਦੀ ਹੈ। ਇਸ ਇਲਾਕੇ ਨੂੰ ਇਰੀਗੇਸ਼ਨ ਫੈਸਿਲਟੀ ਵਾਸਤੇ ਕੱਲ ਮੇਰੇ ਸਾਥੀ ਰਮੇਸ਼ ਦੱਤ ਜੀ ਨੇ ਨਾਨ-ਆਫੀਸ਼ੀਅਲ ਬਿਲ ਤੇ ਬਹੁਤ ਸਾਰੀਆਂ ਗੱਲਾਂ ਕਹੀਆਂ ਪਰ ਮੈਂ ਇਨ੍ਹਾਂ ਵਿਚ ਕੁਝ ਐਡ ਕਰਨਾ ਚਾਹੁੰਦਾ ਹਾਂ। ਇਸ ਇਲਾਕੇ ਨੇ ਸੱਭ ਤੋਂ ਜ਼ਿਆਦਾ ਪਾਣੀ ਦਿੱਤਾ ਹੈ। ਅੰਗਰੇਜ਼ੀ ਦੇ ਕਵੀ ਕੀਟਸ ਨੇ ਇਕ ਗੱਲ ਕਹੀ ਸੀ ਜਿਸ ਨੂੰ ਤੁਸੀਂ ਵੀ ਸਾਰੇ ਜਾਣਦੇ ਹੋ ਕਿ :

Water, water everywhere,
Not a drop to drink.

ਸਾਰਾ ਪਾਣੀ ਸਾਡੇ ਇਲਾਕੇ ਵਿਚੋਂ ਜਾਂਦਾ ਹੈ ਔਰ ਉਸ ਇਲਾਕੇ ਵਿਚ ਹੜ੍ਹਾਂ ਨੂੰ ਰੋਕਣ ਵਾਸਤੇ ਪਹਾੜ ਵੀ ਅਸੀਂ ਥਾਮ ਕੇ ਖੜ੍ਹੇ ਹਾਂ ਜਿਸ ਕਾਰਨ ਨੁਕਸਾਨ ਨਾ ਪਹੁੰਚੇ। ਇਸ ਲਈ ਇਸ ਇਲਾਕੇ ਵਾਲੇ ਪਾਸੇ ਧਿਆਨ ਦਿੱਤਾ ਜਾਵੇ ਹੋਰ ਜ਼ਿਆਦਾ ਇਰੀਗੇਟ ਕਰਨ ਵਾਸਤੇ ਕਿਉਂਕਿ ਪੰਜਾਬ ਦੀ 90 ਪ੍ਰਤੀਸ਼ਤ ਜ਼ਮੀਨ ਇਰੀਗੇਟ ਹੋ ਚੁੱਕੀ ਹੈ ਅਤੇ ਇਸ ਇਲਾਕੇ ਵਿਚ 60-63 ਪ੍ਰਤੀਸ਼ਤ ਇਰੀਗੇਸ਼ਨ ਹੋ ਗਈ ਹੈ। ਮੈਂ ਇਸ ਗੱਲ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਭਾਵੇਂ ਪੈਸੇ ਇਰੀਗੇਸ਼ਨ ਵਾਸਤੇ ਅਲਾਟ ਹੋ ਗਏ ਹਨ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਵੱਧ ਪੈਸੇ ਲੈ ਕੇ ਇਰੀਗੇਸ਼ਨ, ਡੀਪ ਟਿਊਬਵੈਲ ਦੀ ਪ੍ਰੋਵੀਜ਼ਨ ਰੱਖੀ ਜਾਵੇ ਅਤੇ ਇਸ ਨੂੰ ਇੰਪਰੂਵ ਕੀਤਾ ਜਾਵੇ।

**ਸ੍ਰੀ ਸਪੀਕਰ :** ਤੁਸੀਂ ਬਜਟ ਸਪੀਚ ਤੇ ਕਹਿ ਦਿੱਤਾ ਹੈ, ਇਸ ਲਈ ਤੁਸੀਂ ਬਿਲ ਤੇ ਹੀ ਬੋਲੋ ਅਤੇ ਟਾਈਮ ਦਾ ਵੀ ਖਿਆਲ ਰਖੋ। ਬਾਕੀ ਮੈਂਬਰ ਸਾਹਿਬਾਨ ਨੇ ਵੀ ਬੋਲਣਾ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਮਦਨ ਮੋਹਨ ਮਿੱਤਲ** : ਦੂਸਰਾ, ਮੈਂ ਡਰੇਨੇਜ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਪਹਾੜਾਂ ਨਾਲ ਹੜ੍ਹ ਤਾਂ ਰੋਕ ਦਿੱਤੇ ਹਨ ਪਰ ਛੋਟੇ ਕਿਸਾਨ ਜੋ ਹਨ, ਉਨ੍ਹਾਂ ਦਾ ਹੜ੍ਹਾਂ ਨਾਲ ਨੁਕਸਾਨ ਹੁੰਦਾ ਹੈ, ਜ਼ਮੀਨ ਦਾ ਨੁਕਸਾਨ ਹੁੰਦਾ ਹੈ ਕਿਉਂਕਿ ਛੋਟਾ ਕਿਸਾਨ 2-4 ਏਕੜ ਜ਼ਮੀਨ ਦਾ ਮਾਲਕ ਹੁੰਦਾ ਹੈ। 1990 ਵਿਚ ਮਾਨਯੋਗ ਗਵਰਨਰ ਸਾਹਿਬ ਨੇ ਅਨੰਦਪੁਰ ਸਾਹਿਬ ਵਿਖੇ ਸਾਡੇ ਵਲੋਂ ਬੇਨਤੀ ਕਰਨ ਤੇ 80 ਲੱਖ ਰੁਪਿਆ ਮਨਜ਼ੂਰ ਕੀਤਾ ਸੀ ਪਰ ਉਹ ਪੈਸੇ ਹਾਲੇ ਤੱਕ ਨਹੀਂ ਦਿੱਤੇ ਗਏ । ਕੇਵਲ 25-30 ਲੱਖ ਰੁਪਿਆ ਹੀ ਪਹੁੰਚਿਆ ਹੈ। ਇਸ ਲਈ ਡਰੇਨੇਜ ਸਿਸਟਮ ਵਾਸਤੇ, ਫਲੱਡ ਕੰਟਰੋਲ ਵਾਸਤੇ ਜੋ ਪੈਸੇ ਐਲੋਕੇਟ ਕੀਤੇ ਜਾਂਦੇ ਹਨ, ਉਹ ਪੈਸਾ ਦਿੱਤਾ ਜਾਵੇ ਅਤੇ ਵੱਧ ਤੋਂ ਵੱਧ ਹਿੱਸਾ ਪਾਉਣਾ ਚਾਹੀਦਾ ਹੈ। ਜਿਸ ਤਰ੍ਹਾਂ ਅਸੀਂ ਇਕ ਪਾਸੇ ਤਰੱਕੀ ਵਿਚ ਹਿੱਸਾ ਪਾ ਰਹੇ ਹਾਂ ਉਥੇ ਹੋਰ ਜ਼ਿਆਦਾ ਹਿੱਸਾ ਪਾ ਕੇ ਇਲਾਕੇ ਦੀ ਤਰੱਕੀ ਕੀਤੀ ਜਾਵੇ। ਮੁੱਖ ਮੰਤਰੀ ਜੀ ਦਾ ਬਿਆਨ ਪੜ੍ਹਿਆ, ਵੈਸੇ ਤਾਂ ਇਹ ਗੱਲ ਹਾਊਸ ਵਿਚ ਕਹਿਣੀ ਚਾਹੀਦੀ ਸੀ ਪਰ ਮੈਂ ਬਹੁਤ ਜ਼ਿਆਦਾ ਟੈਕਨੀਕਲੀ ਨਹੀਂ ਜਾਂਦਾ, ਝੁੱਗੀ-ਝੌਂਪੜੀਆਂ ਵਾਲਿਆਂ ਲਈ ਇਨ੍ਹਾਂ ਨੇ ਤਿੰਨ ਸ਼ਹਿਰ ਸਿਲੈਕਟ ਕੀਤੇ ਹਨ- ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ। ਸਰ, ਮੈਂ ਨਿਵੇਦਨ ਕਰਾਂਗਾ ਕਿ ਸਾਰੇ ਪੰਜਾਬ ਵਿੱਚ ਹੋਰ ਥਾਵਾਂ ਤੇ ਵੀ ਝੁੱਗੀ-ਝੌਂਪੜੀ ਵਾਲੇ 1950 ਤੋਂ ਰਹਿ ਰਹੇ ਹਨ ਔਰ ਕਈ ਵਾਰ ਐਸਾ ਵੀ ਦੇਖਿਆ ਹੈ ਕਿ ਉਨ੍ਹਾਂ ਦੀ ਐਸੀ ਵੀ ਹਾਲਤ ਰਹੀ ਹੈ ਕਿ ਪੁਲਿਸ ਉਨ੍ਹਾਂ ਨੂੰ ਕ੍ਰਿਮੀਨਲ ਸਮਝ ਕੇ ਵੀ ਪਕੜ ਕੇ ਲੈ ਜਾਂਦੀ ਰਹੀ ਹੈ। ਇਸ ਕਰਕੇ ਮੇਰਾ ਨਿਵੇਦਨ ਹੈ ਕਿ ਜਿਹੜੇ ਲੋਕ ਇਸ ਤਰ੍ਹਾਂ ਕਬਜ਼ਾ ਕਰਕੇ ਬੈਠੇ ਹਨ ਉਨ੍ਹਾਂ ਨੂੰ ਰੈਗੂਲੇਟ ਕਰਕੇ ਉਨ੍ਹਾਂ ਦੇ ਰਹਿਣ ਵਾਸਤੇ ਕੋਈ ਮਕਾਨਾਂ ਦਾ ਪ੍ਰੋਵੀਜ਼ਨ ਕੀਤਾ ਜਾਵੇ । ਹਰ ਸ਼ਹਿਰ ਦੇ ਵਿੱਚ ਇਸ ਤਰ੍ਹਾਂ ਦੇ ਲੋਕ ਮਜ਼ਦੂਰੀ ਕਰ ਰਹੇ ਹਨ, ਕਈ ਉਨ੍ਹਾਂ ਵਿੱਚ ਪੇਂਟਰ ਵੀ ਹਨ ਜਾਂ ਦੂਸਰਾ ਕੋਈ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਰੀਸੈਟਲ ਕੀਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਸ ਵੇਲੇ ਕਈ ਹਾਊਸਿੰਗ ਬੋਰਡ ਦੀਆਂ ਸਕੀਮਾਂ ਚਲ ਰਹੀਆਂ ਹਨ, ਉਨ੍ਹਾਂ ਲੋਕਾਂ ਨੂੰ ਵੀ ਕੁਝ ਪੈਸੇ ਦੇ ਕੇ ਉਨ੍ਹਾਂ ਵਾਸਤੇ ਵੀ ਕੋਈ ਹਾਊਸਿੰਗ ਦੀ ਸਕੀਮ ਇਨਟਰੋਡਿਊਸ ਕੀਤੀ ਜਾਵੇ ਤਾਂ ਇਹ ਬਹੁਤ ਅੱਛੀ ਗੱਲ ਹੋਵੇਗੀ ਔਰ ਉਹ ਇਕ ਚੰਗੇ ਅੱਛੇ ਨਾਗਰਿਕ ਦੀ ਤਰ੍ਹਾਂ ਆਪਣਾ ਜੀਵਨ ਗੁਜ਼ਾਰ ਸਕਣਗੇ। ਮੈਂ ਸਮਝਦਾ ਹਾਂ ਕਿ ਅਗਰ ਇਸ ਤਰ੍ਹਾਂ ਦੀ ਕੋਈ ਹਾਊਸਿੰਗ ਸਕੀਮ ਬਣਾ ਕੇ ਇਮਪਲੀਮੈਂਟ ਕੀਤੀ ਜਾਵੇ ਤਾਂ ਇਸ ਦਾ ਉਨ੍ਹਾਂ ਲੋਕਾਂ ਨੂੰ ਜ਼ਿਆਦਾ ਲਾਭ ਹੋ ਸਕਦਾ ਹੈ।

ਅਗਲੀ ਗੱਲ, ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਏਥੇ ਵਡੇ ਵਡੇ ਬ੍ਰਿਜਿਜ਼ ਬਣਾਉਣ ਦੀ ਗੱਲ ਕੀਤੀ ਗਈ ਹੈ, ਵਡੇ ਵਡੇ ਬ੍ਰਿਜਿਜ਼ ਬਣਾਉਣ ਦੀਆਂ ਇਥੇ ਕਈ ਵਾਰੀ ਗੱਲਾਂ ਆਉਂਦੀਆਂ ਹਨ ਔਰ ਕੁਝ ਬਣਾਏ ਵੀ ਹਨ, ਰੇਲਵੇ ਓਵਰ ਬ੍ਰਿਜਿਜ਼ ਵੀ ਬਣਾਏ ਹਨ ਔਰ ਕੁਝ ਬਣਾਏ ਵੀ ਜਾ ਰਹੇ ਹਨ ਪਰ, ਸਰ, ਕੁਝ ਐਸੇ ਵੀ ਹਨ ਜਿਹੜੇ ਦਰਿਆਵਾਂ ਦੇ ਇਧਰਲੇ ਪਾਸੇ ਲਗਦੇ ਹਨ ਜਿਵੇਂ ਮੇਰੇ ਨੰਗਲ ਹਲਕੇ ਵਿੱਚ ਤਿੰਨ ਚਾਰ ਦਰਿਆ ਦੇ ਕਰੀਜ਼ ਵਿਚੋਂ ਦੀ ਨਿਕਲਦੇ ਹਨ ਔਰ ਉਥੇ ਦੇ ਲੋਕ ਟਾਪੂ ਦੀ ਸ਼ਕਲ ਵਿੱਚ ਰਹਿੰਦੇ ਹਨ। ਜਿਸ ਵੇਲੇ ਇਥੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਉਥੇ ਇਕ ਬੋਟ ਬ੍ਰਿਜ ਮਨਜ਼ੂਰ ਵੀ ਕੀਤਾ ਸੀ ਔਰ ਉਹ ਇਕ ਪਾਸੇ ਚਲ ਵੀ ਰਿਹਾ ਹੈ। ਉਹ ਬੇਲਿਆਂ ਦੇ ਪਿੰਡ ਹਨ। ਮੇਰਾ ਖਿਆਲ ਹੈ ਕਿ ਵਿੱਤ ਮੰਤਰੀ ਸਾਹਿਬ ਸ਼ਾਇਦ ਕਈ ਵਾਰ ਉਧਰ ਗਏ ਵੀ ਹੋਣਗੇ। ਉਥੇ ਦੇ ਲੋਕਾਂ ਨੂੰ ਬੜੀ ਪ੍ਰਾਬਲਮ ਹੈ। ਜੇ ਉਥੇ ਦੂਸਰਾ ਕੋਈ ਇਕ ਹੋਰ ਬ੍ਰਿਜ ਹੋ ਜਾਵੇ ਤਾਂ ਇਸ ਦੇ ਨਾਲ ਉਨ੍ਹਾਂ ਲੋਕਾਂ ਨੂੰ ਆਉਣ ਵਾਸਤੇ ਵਾਇਆ ਅਨੰਦਪੁਰ ਸਾਹਿਬ ਨੰਗਲ ਆਉਣ ਦੀ ਲੋੜ ਨਹੀਂ ਪਵੇਗੀ ਔਰ ਫਿਰ ਇਸ ਤੇ ਖਰਚਾ ਕੋਈ ਬਹੁਤਾ ਨਹੀਂ ਹੈ। 40 ਜਾਂ 50 ਲੱਖ ਰੁਪਏ ਦਾ ਵੱਧ ਤੋਂ ਵੱਧ ਇਸ ਤੇ ਖਰਚਾ ਹੈ। ਇਕ ਵਾਰੀ ਸ਼ਾਇਦ

Original with;
Punjab Vidhan Sabha
Digitized by;
Panjab Digital Library

ਪਲੈਨਿੰਗ ਬੋਰਡ ਨੇ 10 ਲੱਖ ਰੁਪਿਆ ਸੈਂਕਸ਼ਨ ਵੀ ਕਰ ਦਿੱਤਾ ਸੀ । ਸਟੇਟ ਪਲੈਨਿੰਗ ਨੇ ਇਹ ਸਕੀਮ ਸ਼ੈਲਵ ਕਰ ਦਿੱਤੀ ਹੈ। ਇਸ ਕਰਕੇ ਮੈਂ ਨਿਵੇਦਨ ਕਰਾਂਗਾ ਕਿ ਜੋ ਪੈਸੇ ਇਮਪਰੂਵਮੈਂਟ ਵਾਸਤੇ ਰਖੇ ਹਨ ਅਗਰ ਉਹ ਪੈਸੇ ਇਧਰ ਡਾਇਵਰਟ ਕਰ ਦਿੱਤੇ ਜਾਣ ਤਾਂ ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਲੋਕਾਂ ਨੂੰ ਬੜੀ ਸਹੂਲਤ ਹੋ ਸਕਦੀ ਹੈ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕੁਝ ਗੱਲਾਂ ਪਬਲਿਕ ਅੰਡਰ-ਟੇਕਿੰਗਜ਼ ਦੇ ਬਾਰੇ ਕਹਿਣਾ ਚਾਹੁੰਦਾ ਹਾਂ Public undertakings right from the birth upto death ਦੇਸ਼ ਦੀ ਤਰੱਕੀ ਵਿੱਚ ਬਹੁਤ ਵਡੀਆਂ ਰੁਕਾਵਟਾਂ ਰਹੀਆਂ ਹਨ। ਦੂਸਰਾ, ਸਰ, ਅਸੀਂ ਨਕਲ ਕਰਕੇ ਸਾਰੇ ਸਿਸਟਮ ਨੂੰ ਹੀ ਚੇਂਜ ਕਰ ਦਿੱਤਾ ਹੈ ਲੇਕਿਨ ਜਿਨ੍ਹਾਂ ਦੀ ਅਸੀਂ ਨਕਲ ਕੀਤੀ ਹੈ ਉਨ੍ਹਾਂ ਦਾ ਤਾਂ ਇਕਨਾਮਿਕ ਸਿਸਟਮ ਹੀ ਸਾਰਾ ਫਲਾਪ ਹੋ ਗਿਆ ਹੈ ਔਰ ਤਕਰੀਬਨ ਉਹ ਮੁਲਕ ਹੀ ਖਤਮ ਹੋ ਗਿਆ ਹੈ । ਫਿਰ ਵੀ ਦੇਰ ਆਏ ਦਰੁਸਤ ਆਏ Now we are coming back to privatisation. ਪਬਲਿਕ ਅੰਡਰ ਟੇਕਿੰਗਜ਼ ਦੇ ਨਾਲ ਲਾਸ ਹੀ ਲਾਸ ਹੈ। ਜੋ ਬਜਟ ਸਾਡਾ ਡੇਫੀਸਿਟ ਵਿੱਚ ਹੈ ਉਸ ਦੇ ਡੇਫੀਸਿਟ ਦਾ ਇਕ ਮੇਨ ਰੀਜ਼ਨ ਵੀ ਇਹ ਪਬਲਿਕ ਅੰਡਰਟੇਕਿੰਗਜ਼ ਹਨ Most of the Public Undertakings are going under loss, whether these are run by the Central Government or by the State Government. ਉਸ ਦੇ ਬਾਰੇ ਸਾਡੇ ਵਿੱਤ ਮੰਤਰੀ ਸਾਹਿਬ ਦੀ ਮਜਬੂਰੀ ਹੋ ਗਈ ਹੈ ਔਰ ਹਰ ਪਾਸੇ ਘਾਟਾ, ਹਰ ਪਾਸੇ ਘਾਟਾ, He had to show deficit budget. ਮੈਂ ਨਿਵੇਦਨ ਕਰਾਂਗਾ ਕਿ ਇਹ ਨਹੀਂ ਕਿ ਸਾਰੀਆਂ ਘਾਟੇ ਵਿੱਚ ਹਨ, ਇਕ ਦੋ ਇਮਪਰੂਵ ਕੀਤੀਆਂ ਹਨ ਜਿਵੇਂ ਕਿ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਿੱਚ ਇਮਪਰੂਵਮੈਂਟ ਆਈ ਹੈ ਪਰ ਬਹੁਤ ਸਾਰੀਆਂ ਕਾਰਪੋਰੇਸ਼ਨਜ਼ ਜੋ ਹਨ ਉਹ ਘਾਟੇ ਵਿੱਚ ਜਾ ਰਹੀਆਂ ਹਨ। ਜਿਹੜੀਆਂ ਘਾਟੇ ਵਿੱਚ ਜਾ ਰਹੀਆਂ ਹਨ ਜਿਨ੍ਹਾਂ ਵਿੱਚ ਉਤਪਾਦਨ ਘੱਟ ਹੋ ਰਿਹਾ ਹੈ ਔਰ ਐਡਮਨਿਸਟਰੇਸ਼ਨ ਤੇ ਜ਼ਿਆਦਾ ਖ਼ਰਚ ਹੋ ਰਿਹਾ ਹੈ, ਉਨ੍ਹਾਂ ਨੂੰ ਬੰਦ ਕਰਕੇ 49-51 ਦੀ ਰੇਸ਼ੋ ਵਿੱਚ ਪੀ.ਐਸ.ਆਈ.ਡੀ.ਸੀ. ਅੰਡਰ ਫਲੋਟ ਕੀਤਾ ਜਾਵੇ ਤਾਂ ਇਸ ਦੇ ਨਾਲ ਸਰਕਾਰ ਦਾ ਖਰਚਾ ਬਚ ਸਕਦਾ ਹੈ। ਮੈਂ ਕਿਸੇ ਕੈਪੀਟਲ ਸਿਸਟਮ ਦਾ ਹਾਮੀ ਨਹੀਂ ਹਾਂ ਔਰ ਨਾ ਹੀ ਮੇਰੀ ਪਾਰਟੀ ਦਾ ਕੋਈ ਇਸ ਸਿਸਟਮ ਵਿਚ ਵਿਸ਼ਵਾਸ਼ ਹੈ ਲੇਕਿਨ ਅਸੀਂ ਚਾਹੁੰਦੇ ਹਾਂ ਕਿ ਜੋ ਸਰਕਾਰ ਦੀਆਂ ਕਾਰਪੋਰੇਸ਼ਨਾਂ ਘਾਟੇ ਵਿੱਚ ਜਾ ਰਹੀਆਂ ਹਨ ਉਨ੍ਹਾਂ ਨੂੰ ਇਮਪਰੂਵ ਕੀਤਾ ਜਾਵੇ । ਟੂਰਿਜ਼ਿਮ ਦੇ ਮਹਿਕਮੇ ਵਿੱਚ ਵੀ ਮੈਂ ਦੇਖਿਆ ਹੈ ਕਿ ਜਿੰਨੇ ਟੂਰਿਜ਼ਿਮ ਡੀਪਾਰਟਮੈਂਟ ਦੇ ਹੋਟਲ ਜਾਂ ਰੈਸਟੋਰੈਂਟ ਖੋਲ੍ਹੇ ਜਾ ਰਹੇ ਹਨ ਉਹ ਘਾਟੇ ਵਿੱਚ ਜਾ ਰਹੇ ਹਨ and the private hotels are running in profit.

**ਸ਼੍ਰੀ ਸਪੀਕਰ :** ਵਕਤ ਦਾ ਵੀ ਧਿਆਨ ਰੱਖ ਲਓ ।

**ਸ਼੍ਰੀ ਮਦਨ ਮੋਹਨ ਮਿੱਤਲ :** ਠੀਕ ਹੈ ਜੀ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕੁਝ ਸਰਕਾਰ ਦੀਆਂ ਜ਼ਮੀਨਾਂ ਪਈਆਂ ਸਨ ਔਰ ਇਨਫਲੂਐਂਸ਼ਲ ਲੋਕ ਉਨ੍ਹਾਂ ਤੇ ਕਬਜ਼ਾ ਕਰ ਲੈਂਦੇ ਹਨ ਅਤੇ ਫਿਰ ਰਿਜ਼ਰਵ ਪ੍ਰਾਈਸ ਤੇ ਉਹ ਪ੍ਰਾਪਰਟੀ ਪਰਚੇਜ਼ ਕਰ ਲੈਂਦੇ ਹਨ। ਮੈਂ ਨਿਵੇਦਨ ਕਰਦਾ ਹਾਂ ਕਿ ਲੁਧਿਆਣਾ ਵਿਚ ਬਹੁਤ ਸਾਰੀਆਂ ਪ੍ਰਾਪਰਟੀਆਂ ਹਨ ਇਨਫ਼ਲੂਐਂਸ਼ਲ ਲੋਕਾਂ ਨੇ ਕਬਜ਼ਾ ਕਰ ਲਿਆ

Original with;
Punjab Vidhan Sabha
Digitized by:
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਸੀ ਅਤੇ ਹੁਣ ਉਹ ਅਗੇ ਵੇਚਦੇ ਜਾ ਰਹੇ ਹਨ। ਇਸੇ ਤਰ੍ਹਾਂ ਮੈਂ ਦੋ ਤਿੰਨ ਥਾਵਾਂ ਦਾ ਹੋਰ ਜ਼ਿਕਰ ਕਰਾਂਗਾ। ਕਿਚਲੂ ਨਗਰ ਹੈ ਜਿਵੇਂ ਨਿਊ ਮਾਧੋਪੁਰ ਟਾਊਨ ਹੈ, ਜਿਹੜੇ ਇਨਫ਼ਲੂਐਂਸ਼ਲ ਲੋਕ ਹਨ ਉਹ ਅਗੇ ਵੇਚੀ ਜਾ ਰਹੇ ਹਨ, ਸਰਕਾਰ ਚੈਕ ਨਹੀਂ ਕਰ ਰਹੀ ਹਾਲਾਂਕਿ ਡਿਸਟਿਕਟ ਐਡਮਨਿਸਟਰੇਸ਼ਨ ਦੇ ਨੋਟਿਸ ਵਿਚ ਵੀ ਲਿਆਂਦਾ ਗਿਆ ਸੀ, ਡਾਕਟਰ ਸਾਹਿਬ ਬੈਠੇ ਹਨ ਮੈਂ ਇਨ੍ਹਾਂ ਦੇ ਨੋਟਿਸ ਵਿੱਚ ਲੇ ਆਂਦਾ ਹੈ, ਇਹ ਜ਼ਰੂਰ ਵੇਖਣਗੇ।

ਇਥੇ ਕਿਹਾ ਗਿਆ ਹੈ ਕਿ ਵਨ ਸੋਰਸ ਤੇ ਟੈਕਸ ਲਗਾ ਦਿਤਾ ਹੈ ਔਰ ਇੰਸਪੈਕਟਰੀ ਰਾਜ ਖ਼ਤਮ ਕਰ ਦਿੱਤਾ ਹੈ। ਠੀਕ ਹੈ' ਚੰਗੀ ਗੱਲ ਹੈ ਪੰਜਾਬ ਦੇ ਲੋਕਾਂ ਤੇ ਵਨ ਸੋਰਸ ਤੇ ਟੈਕਸ ਲਗਾ ਹੈ ਪਰ ਲੋਕਾਂ ਤੇ ਜਿਹੜਾ ਬੀਲੋਅ ਦੀ ਟੇਬਲ ਟੈਕਸ ਲੱਗਾ ਹੈ ਸਰਕਾਰ ਨੂੰ ਇਸ ਬਾਰੇ ਵੀ ਬਿਆਨ ਦੇਣਾ ਚਾਹੀਦਾ ਹੈ। ਜਿਹੜਾ ਬ੍ਰਿਕ ਕਿਲਨਜ਼ ਤੇ ਐਟ ਸੋਰਸ ਇਨ ਵਨ ਇਨਸਟਾਲਮੈਂਟ ਟੈਕਸ ਲਗਾਇਆ ਹੈ ਪਰ ਹਰ ਇਕ ਬ੍ਰਿਕ ਕਿਲਨ ਓਨਰ ਨੇ ਪੰਜ ਹਜ਼ਾਰ ਰੁਪਿਆ ਕੰਟ੍ਰੀਬਿਊਟ ਕੀਤਾ ਜੇ ਇਹ ਹੈ ਤਾਂ it is a very bad part of the history. ਮੈਂ ਸਮਝਦਾ ਹਾਂ ਕਿ ਇਕ ਹੋਰ ਡਿਫ਼ੈਕਟ ਹੈ ਜਿਸ ਦੀ ਚਰਚਾ ਹੈ, ਇਸ ਦੀ ਕਲੈਰੀਫ਼ਿਕੇਸ਼ਨ ਆਉਣੀ ਚਾਹੀਦੀ ਹੈ। ਮੈਂ ਤਾਂ ਚਾਹੁੰਦਾ ਹਾਂ ਕਿ ਤੁਸੀਂ ਬਾਕੀ ਚੀਜ਼ਾਂ ਤੇ ਵੀ ਐਟ ਸੋਰਸ ਟੈਕਸ ਲਗਾ ਦਿਓ। Market Committee is to assess the tax. ਪਰ ਜੇ ਇਕ ਮਾਰਕੀਟ ਕਮੇਟੀ ਫੀਸ ਅਸੈਸ ਕਰਕੇ ਲੈ ਲੈਂਦੀ ਹੈ ਤਾਂ ਜੋ ਦੂਸਰੀ ਵਿੱਚ ਜਾਵੇ ਤਾਂ ਦੋਬਾਰਾ ਫੀਸ ਦੇਣੀ ਪੈਂਦੀ ਹੈ। ਮੈਂ ਦੱਸਦਾ ਹਾਂ ਕਿ ਅਗਰ ਲੁਧਿਆਣਾ ਵਾਲਾ ਸਮਰਾਲਾ ਵਿਚ ਚਲਾ ਜਾਵੇ ਤਾਂ ਫਿਰ ਉਸ ਨੂੰ ਸਮਰਾਲੇ ਵੀ ਫੀਸ ਦੇਣੀ ਪੈਂਦੀ ਹੈ। ਮੈਂ ਕਹਿੰਦਾ ਹਾਂ ਕਿ ਇਸ ਦੇ ਬਾਰੇ ਲੋਕਾਂ ਵਿਚ ਬੜਾ ਅੱਨਰੈਸਟ ਹੈ, ਪ੍ਰੋਚੇਜ਼ਰ ਵਿਚ ਵੀ ਹੈ ਅਤੇ ਸੈਲਰਜ਼ ਵਿਚ ਵੀ ਹੈ, ਇਸ ਵਿਚ ਜ਼ਰੂਰੀ ਅਮੈਂਡਮੈਂਟ ਕਰਕੇ ਲੋਕਾਂ ਨੂੰ ਸ਼ਾਂਤ ਕਰਨਾ ਚਾਹੀਦਾ ਹੈ।

**Mr. Speaker** : Mittal Sahib, please wind up.

**ਸ਼੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮੈਂ ਹੁਣ ਮੈਡੀਕਲ ਸਰਵਿਸਿਜ਼ ਬਾਰੇ ਅਹਜ਼ ਕਰਨੀ ਚਾਹੁੰਦਾ ਹਾਂ। ਹੈਲਥ ਮਨਿਸਟਰ ਸਾਹਿਬ ਬੈਠੇ ਨਹੀਂ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਲਾਈਫ ਸੇਵਿੰਗ ਡਰਗਜ਼ ਹਨ ਉਨ੍ਹਾਂ ਤੇ ਟੈਕਸ ਮਾਫ਼ ਹੋਣਾ ਚਾਹੀਦਾ ਹੈ। ਸਿਵਿਲ ਹਸਪਤਾਲਾਂ ਦੀ ਹਾਲਤ ਇੰਪਰੂਵ ਕਰਨੀ ਚਾਹੀਦੀ ਹੈ। ਮੈਂ ਮਿਸਾਲ ਦੇ ਤੌਰ ਤੇ ਦਸਣਾ ਚਾਹੁੰਦਾ ਹਾਂ ਕਿ ਸਾਡੇ ਮੈਂਬਰ ਸਾਹਿਬ ਸ਼੍ਰੀ ਸੱਤ ਪਾਲ ਜੀ ਗੁਸਾਈਂ ਲੁਧਿਆਣਾ ਹਸਪਤਾਲ ਵਿਚ ਹਰਨੀਆਂ ਦੇ ਓਪਰੇਸ਼ਨ ਲਈ ਦਾਖ਼ਲ ਸਨ, ਉਨ੍ਹਾਂ ਦਾ ਕਮਰਾ ਨੰ: 61 ਸੀ ਪਰ ਜਿਹੜਾ ਮਰੀਜ਼ ਬੈਡ ਨੰ: 61 ਤੇ ਸੀ ਉਸ ਦਾ ਬਲੱਡ ਗਰੁੱਪ ਟੈਸਟ ਕਰ ਲਿਆ। ਤੁਸੀਂ ਆਪ ਇਮੈਜਨ ਕਰੋ ਕਿ ਅਗਰ ਓਪਰੇਸ਼ਨ ਦੇ ਸਮੇਂ ਬੈਡ ਨੰ: 61 ਵਾਲੇ ਦਾ ਬਲੱਡ ਗਰੁੱਪ ਚੜ੍ਹ ਜਾਂਦਾ ਤਾਂ ਕੀ ਹਾਲਤ ਹੋਣੀ ਸੀ। ਇਸੇ ਤਰੀਕੇ ਨਾਲ ਮੈਂ ਇਕ ਹੋਰ ਇਨਸਟਾਂਸ ਉਸ ਹਸਪਤਾਲ ਦੀ ਦੇਣਾ ਚਾਹੁੰਦਾ ਹਾਂ ਕਿ 1990 ਦੀ ਗੱਲ ਹੈ ਕਿ ਇਕ ਐਨ.ਸੀ.ਸੀ; ਲੇਡੀ ਅਫ਼ਸਰ, ਮਿਸਿਜ਼ ਸ਼ਰਮਾਂ, ਫੈਮਿਲੀ ਪਲਾਨਿੰਗ ਦੀ ਸਕੀਮ ਤਹਿਤ ਓਪਰੇਸ਼ਨ ਲਈ ਉਥੇ ਦਾਖਲ ਹੋਈ। ਇਸੇ ਤਰ੍ਹਾਂ ਉਸ ਦੇ ਕਮਰੇ ਦੇ ਨੰਬਰ ਮੁਤਾਬਕ ਉਸੇ ਨੰਬਰ ਦੇ ਬੈਡ ਦੇ ਮਰੀਜ਼ ਦਾ ਬਲੱਡ ਗਰੁੱਪ ਡਿਊਰਿੰਗ ਓਪਰੇਸ਼ਨ ਲਗਾ ਦਿੱਤਾ। As a result, the lady expired. I had made a complaint about this matter. The poor lady had to lose her life. ਇਸ ਲਈ ਇਧਰ ਧਿਆਨ ਦੇਣ ਦੀ ਲੋੜ ਹੈ ਅਤੇ ਹਸਪਤਾਲਾਂ ਦੀ ਹਾਲਤ ਇੰਪਰੂਵ ਕਰਨ ਦੀ ਲੋੜ ਹੈ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਸਿੱਖਿਆ ਮੰਤਰੀ ਜੀ ਕਹਿੰਦੇ ਹਨ ਕਿ ਸਕੂਲਾਂ ਵਿਚ ਟੈਰੋਰਿਸਟਾਂ ਦੀ ਕੋਈ ਡਿਕਟੇਟ ਨਹੀਂ ਚਲਦੀ। ਚੰਗੀ ਗੱਲ ਹੈ, ਅਸੀਂ ਵੈਲਕੰਮ ਕਰਦੇ ਹਾਂ। ਅਸੀਂ ਇਸ ਡਿਕਟੇਟ ਦੀ ਡੱਟ ਕੇ ਵਿਰੋਧਤਾ ਕਰਦੇ ਰਹੇ ਹਾਂ ਔਰ ਕਰ ਵੀ ਰਹੇ ਹਾਂ। ਮੈਂ ਅਰਜ਼ ਕਰਦਾ ਹਾਂ ਕਿ ਹਾਲੇ ਵੀ ਕਿਤੇ ਕਿਤੇ ਚਲਦੀ ਹੈ। ਡਾਕਟਰ ਸਾਹਿਬ ਮੇਰੇ ਨਾਲ ਸਹਿਮਤ ਹੋਣਗੇ ਕਿ ਹਾਲੇ ਵੀ ਪਿੰਡਾਂ ਦੇ ਸਕੂਲਾਂ ਵਿਚ ਜੰਨ ਗਣ ਮੰਨ ਨਹੀਂ ਗਾਇਆ ਜਾਂਦਾ ਔਰ ਡਰੈਸਿਜ਼ ਵੀ ਕੁਰੈਕਟ ਨਹੀਂ ਹਨ। ਇਹ ਗੱਲ ਮੈਂ ਕ੍ਰਿਟੀਸਾਈਜ਼ ਕਰਨ ਵਾਸਤੇ ਨਹੀਂ ਕਰ ਰਿਹਾ ਬਲਕਿ ਸੂਬੇ ਦੀ ਹਾਲਤ ਸੁਧਾਰਨ ਵਾਸਤੇ ਕਰ ਰਿਹਾ ਹਾਂ। ਸਪੀਕਰ ਸਾਹਿਬ, ਅਗਰ ਅਸੀਂ ਇਨ੍ਹਾਂ ਗੱਲਾਂ ਵਾਸਤੇ ਇੰਪਰੂਵ ਕਰਾਂਗੇ, ਇਸ ਨਾਲ ਹੌਸਲਾ ਵਧੇਗਾ, ਇਮੇਜ ਵਧੇਗਾ ਔਰ ਅਸੀਂ ਕਹਿ ਸਕਾਂਗੇ ਕਿ ਜਿਸ ਪੱਧਰ ਤੇ ਲੜਾਈ ਲੜੀ ਔਰ ਹਰ ਪਹਿਲੂ ਉਤੇ ਸੁਧਾਰ ਕੀਤਾ ਹੈ, ਉਹ ਵੀ ਸਾਰਿਆਂ ਦੇ ਸਾਹਮਣੇ ਹੈ। ਲੇਕਿਨ ਅੱਜ ਜੋ ਸੰਸਕਰਿਤ ਔਰ ਹਿੰਦੀ ਟੀਚਰਾਂ ਦੀ ਗੱਲ ਕਹਿ ਰਹੇ ਸੀ, ਸਪੀਕਰ ਸਾਹਿਬ, ਤੁਸੀਂ ਵੀ ਪੁਰਾਣੇ ਜ਼ਮਾਨੇ ਦੇ ਪੜ੍ਹੇ ਹੋਏ ਹੋ। ਐਸ.ਵੀ. ਟੀਚਰ ਤਾਂ ਕੋਈ ਰਿਹਾ ਹੀ ਨਹੀਂ ਹੈ ਔਰ ਰਿਪੋਰਟ ਦੇ ਦਿੱਤੀ ਕਿ ਐਸ.ਵੀ. ਟੀਚਰਜ਼ ਔਰ ਪੰਜਾਬੀ ਟੀਚਰਜ਼ ਉਨ੍ਹਾਂ ਪਿੰਡਾਂ ਦੇ ਵਿਚ ਚੇਂਜ ਕਰ ਦਿਤੇ ਹਨ। Sir, S.V. Teachers are those who were either Sanskrit or Hindi or Punjabi teachers. ਉਨ੍ਹਾਂ ਪਿੰਡਾਂ ਦੇ ਵਿਚ ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੋ ਕਿ ਅੰਮ੍ਰਿਤਸਰ, ਗੁਰਦਾਸਪੁਰ, ਜ਼ਿਲ੍ਹਿਆਂ ਦੇ ਵਿਚ ਕੋਈ ਲੜਕੀ ਬਿੰਦੀ ਨਹੀਂ ਸੀ ਲਗਾ ਸਕਦੀ, ਕੋਈ ਹਿੰਦੀ ਨਹੀਂ ਸੀ ਪੜ੍ਹਾ ਸਕਦੀ, ਕੋਈ ਸੰਸਕ੍ਰਿਤ ਨਹੀਂ ਸੀ ਪੜ੍ਹਾ ਸਕਦਾ। ਉਹ ਪੋਸਟਾਂ ਕਨਵਰਟ ਹੋਈਆਂ, ਅਬਾਲਿਸ਼ ਹੋਈਆਂ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਪੋਸਟਾਂ ਨੂੰ ਦੁਬਾਰਾ ਬਹਾਲ ਕੀਤਾ ਜਾਵੇ ਤਾਂ ਕਿ ਲੋਕਾਂ ਨੂੰ ਲਗੇ ਕਿ ਸਰਕਾਰ ਨੇ ਇਸ ਤਰੀਕੇ ਨਾਲ ਡਰ ਭੈਅ ਦੂਰ ਕੀਤਾ ਹੈ, ਇਨਸਟੀਚਿਊਸ਼ਨਜ਼ ਵਿਚ ਵੀ ਅਸੀਂ ਕਾਮਯਾਬ ਹੋਏ ਹਾਂ ਤਾਂਕਿ ਅਸੀਂ ਲੋਕਾਂ ਦਾ ਹੋਰ ਭਰੋਸਾ ਕਾਇਮ ਕਰ ਸਕੀਏ, ਔਰ ਉਨ੍ਹਾਂ ਦਾ ਭਰੋਸਾ ਜਿੱਤ ਸਕੀਏ।

**Mr. Speaker** : Please wind up.

**ਸ਼੍ਰੀ ਮਦਨ ਮੋਹਨ ਮਿੱਤਲ** : ਵਾਈਂਡ ਅੱਪ ਹੀ ਕਰਨ ਲਗਾ ਹਾਂ ਜੀ। ਦੋ ਮਿੰਟ ਵਿਚ ਕਨਕਲੂਡ ਕਰ ਰਿਹਾ ਹਾਂ। ਸਰ ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਯੂਨੀਵਰਸਿਟੀ ਦੇ ਬਾਰੇ ਬੜੇ ਜ਼ੋਰਾਂ ਨਾਲ ਸਿਖਿਆ ਮੰਤਰੀ ਨੇ ਕਿਹਾ ਕਿ ਪੂਰੀ ਤਰ੍ਹਾਂ ਪੰਜਾਬ ਯੂਨੀਵਰਸਿਟੀ ਉਤੇ ਕੰਟਰੋਲ ਕਰ ਲਿਆ ਹੈ। ਸਰ, ਮੈਂ ਨਿਵੇਦਨ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਯੂਨੀਵਰਸਿਟੀ ਵਿਚ ਅਗਰ ਕਿਸੇ ਨੇ ਐਮ.ਏ. ਔਰ ਪੀ.ਐਚ.ਡੀ. ਕਰਨੀ ਹੋਵੇ, ਔਰ ਅਸੀਂ ਇਤਨੇ ਪੈਸੇ ਦੇ ਰਹੇ ਹਾਂ ਔਰ ਇਹ ਵੀ ਕਹਿ ਰਹੇ ਹਾਂ ਕਿ ਸਾਰੀਆਂ ਲੈਂਗੁਏਜਿਜ਼ ਦੀ ਤਰੱਕੀ ਕਰ ਰਹੇ ਹਾਂ, ਉਥੇ ਕੇਵਲ ਪੀ.ਐਚ.ਡੀ. ਕਰਨੀ ਹੋਵੇ ਤਾਂ ਕੇਵਲ ਇੰਗਲਿਸ਼ ਮੀਡੀਅਮ ਵਿਚ ਹੀ ਕਰ ਸਕਦੇ ਹਨ। ਪੰਜਾਬ ਯੂਨੀਵਰਸਿਟੀ ਵਿਚ ਕੇਵਲ ਇੰਗਲਿਸ਼ ਮੀਡੀਅਮ ਵਿਚ ਹੀ ਕਰ ਸਕਦੇ ਹਾਂ ਔਰ ਦੂਸਰੀਆਂ ਲੈਂਗੁਏਜਿਜ਼ ਨਹੀਂ ਹਨ। ਅਸੀਂ ਇਕ ਪਾਸੇ ਤਾਂ ਰਾਸ਼ਟਰੀ ਏਕਤਾ ਦੀ ਗੱਲ ਕਰਦੇ ਹਾਂ, ਅਗਰ ਦੂਸਰੀ ਯੂਨੀਵਰਸਿਟੀ ਦੇ ਸਟੂਡੈਂਟਸ ਇਥੇ ਆ ਜਾਣ, ਉਹ ਇਥੋਂ ਕੁਝ ਸਿੱਖਣ ਔਰ ਇਥੇ ਦੀ ਯੂਨੀਵਰਸਿਟੀ ਦਾ ਨਾਮ ਹੈ, ਪੰਜਾਬ ਯੂਨੀਵਰਸਿਟੀ ਦਾ, ਇਸ ਲਈ ਮੈਂ ਸਮਝਦਾ ਹਾਂ ਕਿ ਬਾਕੀ ਲੈਂਗੁਏਜਿਜ਼ ਵੀ ਅਲਾਓ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਹੋਰ ਸਟੂਡੈਂਟਸ ਵੀ ਇਥੇ ਆਉਣ। ਸਪੀਕਰ ਸਾਹਿਬ, ਇਥੇ ਪੰਜਾਬ ਯੂਨੀਵਰਸਿਟੀ ਵਿਚ ਡਾਕਟਰ ਹਜ਼ਾਰੀ ਲਾਲ ਦਵੇਦੀ ਹੈਡ ਆਫ ਦੀ ਹਿੰਦੀ ਡਿਪਾਰਟਮੈਂਟ ਆ ਗਏ, ਉਨ੍ਹਾਂ ਦੇ ਆਉਣ ਨਾਲ ਬਿਹਾਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਔਰ ਉਤਰ ਪ੍ਰਦੇਸ਼ ਦੇ ਸਟੂਡੈਂਟਸ ਜੋ ਸਨ ਉਹ ਸਾਰੇ ਪੰਜਾਬ ਯੂਨੀਵਰਸਿਟੀ ਵਿਚ ਦਾਖਲ ਹੋ ਗਏ because of that doctor. ਔਰ ਅਸੀਂ ਵੇਖਿਆ ਹੈ ਕਿ ਜਦੋਂ ਡਾਕਟਰ ਸਾਹਿਬ ਆਪਣੇ ਘਰ ਤੋਂ ਆਏ ਜੋ ਉਨ੍ਹਾਂ ਦੇ ਵਿਦਿਆਰਥੀ ਸਨ ਉਹ ਸੜਕਾਂ ਤੇ ਖੜੇ ਉਨ੍ਹਾਂ ਨੂੰ ਦੰਡ ਵਿਤ ਪ੍ਰਣਾਮ ਕਰਦੇ ਸਨ। ਇਸ ਲਈ ਜੋ ਕੌਮੀ ਏਕਤਾ ਦੇ ਵਧਾਉਣ ਵਾਲੀਆਂ ਲੈਂਗੂਏਜਿਜ਼ ਹਨ ਉਹ ਵੀ ਇਥੇ ਇੰਟਰੋਡਿਊਸ ਕੀਤੀਆਂ ਜਾਣ, ਤਾਂ ਕਿ ਇਥੇ ਬਾਕੀ ਸਟੇਟਾਂ ਦੇ ਸਟੂਡੈਂਟਸ ਵੀ ਇਥੇ ਆਉਣ ਔਰ ਆਪਸੀ ਤਾਲ ਮੇਲ ਹੋਵੇ ਔਰ ਇਟਰ ਸਟੇਟ ਤਾਲਮੇਲ ਹੋਵੇ ਔਰ ਬਾਕੀ ਭਾਸ਼ਾਵਾਂ ਨੂੰ ਵੀ ਡਿਵੈਲਪ ਹੋਣ ਦੇ ਚਾਂਸ ਮਿਲ ਸਕਣ।

ਆਖਿਰ ਵਿਚ ਇਕ ਗੱਲ ਹੋਰ ਮੈਂ ਆਪ ਦੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਪੰਚਾਇਤਾਂ ਦੇ ਇਲੈਕਸ਼ਨ ਹੋ ਗਏ, ਚੋਣਾਂ ਹੋ ਗਈਆਂ, ਹੁਣ ਬਲਾਕ ਸੰਮਿਤੀਆਂ ਔਰ ਜ਼ਿਲ੍ਹਾ ਪ੍ਰੀਸ਼ਦਾਂ ਦੇ ਇਲੈਕਸ਼ਨ ਹੋਣੇ ਹਨ। ਮੈਂ ਕਹਾਂਗਾ ਕਿ ਮੰਤਰੀ ਜੀ ਆਸ਼ਵਾਸਨ ਦੇਣ ਕਿ ਜੋ ਜ਼ੋਨ ਜਾਂ ਵਾਰਡ ਬਨਣਗੇ, ਹਾਊਸ ਵਿਚ ਜਦੋਂ ਤਕ ਉਨ੍ਹਾਂ ਬਾਰੇ ਚਰਚਾ ਨਹੀਂ ਹੋਵੇਗੀ, ਬਿੱਲ ਨਹੀਂ ਲਿਆਵਾਂਗੇ ਉਤਨਾਂ ਚਿਰ ਤਕ ਨਹੀਂ ਬਣਨਗੇ ਔਰ ਆਰਡੀਨੈਂਸ ਰਾਹੀਂ ਨਹੀਂ ਕਰੋਗੇ। ਕਿਸੇ ਇਕ ਪਾਰਟੀ ਨੂੰ ਹਿਤ ਪਹੁੰਚਾਉਣ ਵਾਸਤੇ ਐਸਾ ਕੰਮ ਨਹੀਂ ਕਰੋਗੇ, ਪੰਜਾਬ ਦੀ ਇਕ ਸਰਵਪੱਖੀ ਉਨਤੀ ਲਈ ਇਸ ਪਾਸੇ ਵਿਚਾਰ ਕਰਨਾ ਚਾਹੀਦਾ ਹੈ, ਕਿਸੇ ਇਕ ਪਾਰਟੀ ਹਿਤ ਨੂੰ ਸਾਹਮਣੇ ਨਹੀਂ ਰਖਿਆ ਜਾਣਾ ਚਾਹੀਦਾ। ਲੋਕਾਂ ਦੇ ਉਬਜੈਕਸ਼ਨ ਸੁਣ ਕਰਕੇ, ਟਾਈਮ-ਬਾਊਂਡ ਤਰੀਕੇ ਨਾਲ ਬਣਾਉਣੇ ਪੈਣ, ਵੈਸੇ ਤਾਂ ਹਾਲੇ ਬਣਾਉਣ ਦੀ ਜ਼ਰੂਰਤ ਨਹੀਂ, ਕਿਉਂਕਿ ਅਜੇ ਐਕਟ ਲਾਗੂ ਨਹੀਂ ਹੋਇਆ ਲੇਕਿਨ ਅਗਰ ਕਰਨਾ ਵੀ ਪਵੇ ਤਾਂ ਮੈਂ ਕਹਾਂਗਾ ਕਿ ਪਾਰਟੀ ਇਜ਼ਮ ਤੋਂ ਉਪਰ ਉਠ ਕੇ ਠੀਕ ਤਰੀਕੇ ਨਾਲ ਕੀਤਾ ਜਾਵੇ, ਕੋਈ ਕਰਾਈਟੇਰੀਆ ਫਿਕਸ ਹੋਵੇ, ਤਾਂ ਹੀ ਲੋਕਾਂ ਦਾ ਭਰੋਸਾ ਸਰਕਾਰ ਜਿੱਤ ਸਕੇਗੀ।

ਮੈਂ ਆਖਰੀ ਗੱਲ ਕਹਾਂਗਾ ਕਿ ਜੋ ਪੈਸੇ ਪਾਸ ਕਰਕੇ ਵਿੱਤ ਮੰਤਰੀ ਜੀ ਦੁਆਰਾ ਦਿੱਤੇ ਹਨ, ਉਹ ਸਹੀ ਤਰੀਕੇ ਨਾਲ ਇਸਤੇਮਾਲ ਹੋਣ, ਉਨ੍ਹਾਂ ਦੀ ਮਿਸਯੂਟੀਲਾਈਜ਼ੇਸ਼ਨ ਨਾ ਹੋਵੇ।

**ਸਰਦਾਰ ਜਗਤਾਰ ਸਿੰਘ ਮੁਲਤਾਨੀ (ਭੁਲੱਥ)**: ਸਪੀਕਰ ਸਾਹਿਬ, ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਐਪਪ੍ਰੋਪਰੀਏਸ਼ਨ ਬਿੱਲ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਇਹ ਰੂਰਲ ਡਿਵੈਲਪਮੈਂਟ ਵਾਸਤੇ ਜੋ ਪਿਛਲੇ ਸਾਲ ਵਿਚ ਸੁੰਦਰ ਗਰਾਮ ਦੀ ਜੋ ਰਕਮ ਸੀ ਇਸ ਸਾਲ ਵੀ ਤਕਰੀਬਨ ਓਨੀ ਹੀ ਰਕਮ ਯਾਨੀ 27 ਕਰੋੜ ਰੁਪਏ ਉਨਤ ਗਰਾਮ ਲਈ ਰਖੀ ਗਈ ਹੈ ਜਦ ਕਿ ਅਸੀਂ ਚਾਹੁੰਦੇ ਹਾਂ ਕਿ ਮਹਾਤਮਾ ਗਾਂਧੀ ਜੀ ਦਾ ਸੁਪਨਾ ਪੂਰਾ ਕਰਨਾ ਹੈ ਔਰ ਆਪਣੇ ਪਿੰਡਾਂ ਨੂੰ ਉੱਨਤ ਪਿੰਡ ਬਣਾਉਣਾ ਹੈ, ਇਸ ਕਰਕੇ ਮੇਰੀ ਪੁਰਜ਼ੋਰ ਪੰਜਾਬ ਸਰਕਾਰ ਅਗੇ ਮੰਗ ਹੈ ਕਿ ਪਿੰਡਾਂ ਦਾ ਮਸਲਾ ਬੜਾ ਗੰਭੀਰ ਹੈ।

**ਸ਼੍ਰੀ ਸਪੀਕਰ**: ਮੁਲਤਾਨੀ ਜੀ, ਸਿਰਫ ਦਸ ਮਿੰਟ ਹਨ, ਇਸ ਟਾਈਮ ਵਿਚ ਤੁਸੀਂ ਵਾਈਂਡ ਅੱਪ ਕਰਨਾ ਹੈ।

**ਸਰਦਾਰ ਜਗਤਾਰ ਸਿੰਘ ਮੁਲਤਾਨੀ**; ਸਪੀਕਰ ਸਾਹਿਬ, ਠੀਕ ਹੈ ਜੀ। ਪਿੰਡਾਂ ਵਿਚ ਭਾਰਤ ਵਸਦਾ ਹੈ। ਜੇਕਰ ਪਿੰਡ ਠੀਕ ਹੋ ਗਏ ਤਾਂ ਭਾਰਤ ਸਾਰਾ ਆਪਣੇ ਆਪ ਠੀਕ ਹੋ ਜਾਵੇਗਾ। ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ 643 ਨਵੀਆਂ ਪੰਚਾਇਤਾਂ ਬਣਾਈਆਂ ਹਨ ਔਰ ਬੜਾ ਵੱਡਾ ਪਿੰਡਾਂ ਦੇ ਬੈਨੀਫਿਟ ਦਾ ਕੰਮ ਕੀਤਾ ਹੈ ਕਿਉਂਕਿ ਹੱਦ-ਬਸਤਾਂ ਦਾ ਝਗੜਾ ਸੀ, ਇਕ-ਇਕ ਵਿਚ ਪੰਜ-ਪੰਜ, ਛੇ-ਛੇ ਪਿੰਡ ਹੁੰਦੇ ਸਨ, ਵੱਖਰੀ ਪੰਚਾਇਤ ਨਹੀਂ ਸੀ ਬਣ ਸਕਦੀ। ਮੈਂ ਬੇਨਤੀ ਕਰਾਂਗਾ

Original with;
Punjab Vidhan Sabha
Digitized by;
Panjab Digital Library

ਕਿ 643 ਪਿੰਡਾਂ ਨੂੰ ਲਾਭ ਮਿਲੇਗਾ। ਮੈਂ ਸਮਝਦਾ ਹਾਂ ਕਿ ਜਿਹੜਾ ਲੋਐਸਟ ਸਟੈਂਡਰਡ ਹੈ, ਉਥੇ ਜਿਹੜਾ ਪੰਜਾਬ ਸਰਕਾਰ ਨੇ ਕਦੇ ਕੋਈ ਪੈਸਾ ਨਹੀਂ ਲਗਾਇਆ, ਉਥੇ ਇਹ 643 ਨਵੀਆਂ ਪੰਚਾਇਤਾਂ ਬਣਾ ਕੇ ਬੜਾ ਵਧੀਆ ਕੰਮ ਕੀਤਾ ਹੈ ਔਰ ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਦੀ ਹੌਸਲਾ ਅਫ਼ਜਾਈ ਵਾਸਤੇ ਸਪੈਸ਼ਲ ਤੌਰ ਤੇ 2–2 ਲੱਖ ਰੁਪਿਆ ਇਨ੍ਹਾਂ ਪੰਚਾਇਤਾਂ ਨੂੰ ਐਲੋਕੇਟ ਕਰਨਾ ਚਾਹੀਦਾ ਹੈ ਤਾਂਕਿ ਇਹ ਜਿਹੜੀਆਂ ਨਵੀਆਂ ਪੰਚਾਇਤਾਂ ਹਨ ਇਹ ਵੀ ਦੇਸ਼ ਦੀ ਆਜ਼ਾਦੀ ਦਾ ਮਾਣ ਹਾਸਲ ਕਰ ਸਕਣ ਔਰ ਇਨ੍ਹਾਂ ਦੀ ਵੀ ਡਿਵੈਲਪਮੈਂਟ ਹੋਵੇ।

ਸਪੀਕਰ ਸਾਹਿਬ, ਬਹੁਤ ਸਾਰੇ ਪਿੰਡ ਐਸੇ ਹਨ ਜਿਨ੍ਹਾਂ ਕੋਲ ਆਪਣੇ ਇਨਕਮ ਦੇ ਸੋਰਸ ਨਹੀਂ ਹਨ ਮੈਂ ਸਮਝਦਾ ਹਾਂ ਕਿ ਅਜਿਹੇ ਪਿੰਡਾਂ ਨੂੰ 25 ਪ੍ਰਤੀਸ਼ਤ ਹਿੱਸਾ ਮੁਆਫ਼ ਕਰਨਾ ਚਾਹੀਦਾ ਹੈ ਕਿਉਂਕਿ ਜਿਹੜੇ ਵਡੇ ਵਡੇ ਪਿੰਡ ਹਨ ਉਹ ਤਾਂ ਮੈਚਿੰਗ ਗਰਾਂਟਸ ਦੇ ਕੇ ਹਿੱਸਾ ਲੈ ਜਾਂਦੇ ਹਨ ਪਰ ਜਿਹੜੇ ਛੋਟੇ ਪਿੰਡ ਹਨ ਉਨ੍ਹਾਂ ਦੀ ਡਿਵੈਲਪਮੈਂਟ ਨਹੀਂ ਹੁੰਦੀ । ਇਸ ਲਈ ਉਨ੍ਹਾਂ ਛੋਟੇ ਪਿੰਡਾਂ ਵਾਸਤੇ ਇਹ ਰਕਮ ਜ਼ਰੂਰ ਵਧਾਈ ਜਾਵੇ। ਬਾਕੀ ਰੂਰਲ ਡਿਵੈਲਪਮੈਂਟ ਵਾਸਤੇ ਪਹਿਲੇ ਵੀ 27 ਕਰੋੜ ਹੀ ਰਖਿਆ ਸੀ ਔਰ ਹੁਣ ਵੀ 27 ਕਰੋੜ ਹੀ ਰਖਿਆ ਹੈ ਪਰ ਜੋ ਮੈਂ ਦੋ ਗੱਲਾਂ ਕਹੀਆਂ ਹਨ ਕਿ ਇਕ ਤਾਂ ਛੋਟੇ ਪਿੰਡਾਂ ਦੀ ਰਕਮ ਵਧਾਈ ਜਾਵੇ ਔਰ ਦੂਸਰਾ ਜਿਹੜੇ 643 ਨਵੀਆਂ ਪੰਚਾਇਤਾਂ ਬਣੀਆਂ ਹਨ ਉਨ੍ਹਾਂ ਨੂੰ ਸਪੈਸ਼ਲ ਤੌਰ ਤੇ ਗਰਾਂਟ ਦੇਣੀ ਚਾਹੀਦੀ ਹੈ ।

ਇਸ ਦੇ ਨਾਲ ਹੀ ਸਰਕਾਰ ਨੇ ਇਕ ਬਹੁਤ ਵੱਡਾ ਉੱਦਮ ਕੀਤਾ ਹੈ ਜਿਹੜੇ ਵੱਡੇ ਪਿੰਡ ਸਨ, ਨਗਰ ਸਨ ਉਥੇ ਨੋਟੀਫਾਈਡ ਏਰੀਆ ਬਣਾਏ ਹਨ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਵਾਸਤੇ ਵੀ ਸਪੈਸ਼ਲ ਰਕਮ ਐਲੋਕੇਟ ਕਰਨੀ ਚਾਹੀਦੀ ਹੈ ਤਾਂਕਿ ਉਥੇ ਜਿਹੜਾ ਸੀਵਰੇਜ ਆਦਿ ਦਾ ਪ੍ਰਬੰਧ ਹੈ ਠੀਕ ਤਰ੍ਹਾਂ ਕੀਤਾ ਜਾ ਸਕੇ ।

ਸਪੀਕਰ ਸਾਹਿਬ, ਮੇਰਾ ਭੁਲੱਥ ਹਲਕਾ ਹੈ ਔਰ ਇਹ ਸਾਰਾ ਪੇਂਡੂ ਹਲਕਾ ਹੈ ਇਸ ਵਾਸਤੇ ਮੈਂ ਪੁਰਜੋਰ ਮੰਗ ਕਰਦਾ ਹਾਂ ਕਿ ਉਥੇ ਹੁਣ ਜੋ ਬਲਾਕ ਸੰਮਿਤੀਆਂ ਦੀਆਂ ਚੋਣਾਂ ਹੋਈਆਂ ਹਨ, ਹੁਣ ਤਕ ਉਥੇ ਇਹ ਹੈ ਕਿ ਜਿਹੜਾ ਆਦਮੀ ਜਿਥੋਂ ਮਰਜ਼ੀ ਆਏ ਵੋਟ ਬਣਵਾ ਸਕਦਾ ਹੈ ਪਰ ਇਸ ਤਰ੍ਹਾਂ ਨਾਲ ਬੈਲੰਸਡ ਡਿਵੈਲਪਮੈਂਟ ਨਹੀਂ ਹੁੰਦੀ । ਇਸ ਲਈ ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਲੈਂਡ ਮਾਰਟਗੇਜ ਬੈਂਕ ਦੀਆਂ ਇਲੈਕਸ਼ਨ ਵੇਲੇ ਜਾਂ ਸੈਂਟਰਲ ਕੋਆਪਰੇਟਿਵ ਬੈਂਕ ਦੀਆਂ ਇਲੈਕਸ਼ਨ ਵੇਲੇ ਜਾਂ ਹਾਉਸ ਫੈਡ ਦੀਆਂ ਇਲੈਕਸ਼ਨਾਂ ਵੇਲੇ ਜ਼ੋਨ ਬਣਾਏ ਜਾਂਦੇ ਹਨ ਉਸੇ ਤਰ੍ਹਾਂ ਹੁਣ ਸੰਮਿਤੀਆਂ ਦੀਆਂ ਇਲੈਕਸ਼ਨਾਂ ਵੇਲੇ ਵੀ 15–20 ਜ਼ੋਨ ਬਣਾਏ ਜਾ ਸਕਦੇ ਹਨ ਤਾਂਕਿ ਜਿਹੜੇ ਪਿੰਡਾਂ ਦੇ ਨੁਮਾਂਇੰਦੇ ਹਨ ਉਹ ਪੂਰੀ ਤਰ੍ਹਾਂ ਹਿੱਸਾ ਪਾ ਸਕਣ ਔਰ ਬਾਅਦ ਵਿਚ ਜ਼ਿਲ੍ਹਾ ਪਰੀਸ਼ਦਾਂ ਵਿਚ ਵੀ ਆ ਸਕਣ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਨਾਲ ਡਿਵੈਲਪਮੈਂਟ ਠੀਕ ਹੋ ਸਕੇਗੀ। ਇਨ੍ਹਾਂ 20 ਜ਼ੋਨਾਂ ਦੇ ਵਿਚ 25 ਪ੍ਰਤੀਸ਼ਤ ਹਿੱਸਾ ਸ਼ਡਿਊਲਡ ਕਾਸਟ ਲਈ ਔਰ 2% ਲੇਡੀਜ਼ ਵਾਸਤੇ ਵੀ ਰਿਜ਼ਰਵ ਕਰਨਾ ਚਾਹੀਦਾ ਹੈ ਤਾਂਕਿ ਹਰ ਹਲਕੇ ਦਾ ਵਿਕਾਸ ਠੀਕ ਤਰੀਕੇ ਨਾਲ ਹੋ ਸਕੇ।

ਸਪੀਕਰ ਸਾਹਿਬ, ਮੈਂ ਪਿਛਲੀ ਵਾਰ ਵੀ ਮੰਗ ਕੀਤੀ ਸੀ ਦੋਆਬੇ ਮੈਡੀਕਲ ਕਾਲਜ ਵਾਸਤੇ, ਹੁਣ ਸਰਦਾਰ ਬੇਅੰਤ ਸਿੰਘ ਜੀ ਨੇ ਇਹ ਦੇ ਦਿੱਤਾ ਹੈ, ਇਸ ਲਈ ਅਸੀਂ ਇਨ੍ਹਾਂ ਦੇ ਧੰਨਵਾਦੀ ਹਾਂ, ਇਸੇ ਤਰ੍ਹਾਂ ਹੁਣ ਅਸੀਂ ਇਕ ਹਵਾਈ ਅੱਡੇ ਦੀ ਮੰਗ ਕੀਤੀ ਹੈ ਕਿ ਕਪੂਰਥਲੇ ਵਿਚ ਇਕ ਹੋਣਾ ਚਾਹੀਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਤਾਰ ਸਿੰਘ ਮੁਲਤਾਨੀ]
ਹੈ, ਇਹ ਗੱਲ ਵੀ ਮੰਨ ਲਈ ਹੈ, ਇਸ ਵਾਸਤੇ ਥਾਂ ਤਾਂ ਐਕੁਆਇਰ ਕਰ ਲਈ ਹੈ ਔਰ ਮੈਂ ਉਮੀਦ ਕਰਦਾ ਹਾਂ ਕਿ ਉਸਾਰੀ ਦਾ ਕੰਮ ਵੀ ਜਲਦੀ ਸ਼ੁਰੂ ਹੋ ਜਾਵੇਗਾ ।

ਸਪੀਕਰ ਸਾਹਿਬ, ਸੋਸ਼ਲ ਵੈਲਫੇਅਰ ਦੇ ਸਬੰਧ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਇਸ ਪ੍ਰੋਗਰਾਮ ਨੂੰ ਅੱਗੇ ਤੋਰਨ ਵਾਸਤੇ ਸਰਕਾਰ ਨੇ ਬਹੁਤ ਵਧੀਆ ਕੰਮ ਕੀਤੇ ਹਨ। ਸਰਕਾਰ ਨੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਅਤੇ ਮਿਉਂਸੀਪਲ ਕਮੇਟੀਜ਼ ਦੀਆਂ ਇਲੈਕਸ਼ਨਾਂ ਕਰਵਾ ਦਿੱਤੀਆਂ ਹਨ ਅਤੇ ਲਾਅ ਐਂਡ ਆਰਡਰ ਨੂੰ ਬਹੁਤ ਅੱਛਾ ਬਣਾ ਦਿੱਤਾ ਹੈ। ਇਸ ਦੇ ਨਾਲ ਹੀ ਮੈਂ ਮੰਗ ਕਰਦਾ ਹਾਂ ਕਿ ਸਮਾਜ ਭਲਾਈ ਸਕੀਮਾਂ ਨੂੰ ਸਿਰੇ ਚੜ੍ਹਾਇਆ ਜਾਵੇ। ਇਸ ਦੇ ਵਿਚ ਸਪੈਸ਼ਲ ਐਕਸਟਰਾ ਗ੍ਰਾਂਟ ਐਲੋਕੇਟ ਕੀਤੀ ਜਾਣੀ ਚਾਹੀਦੀ ਹੈ । ਸਮਾਜ ਦਾ ਜਿਹੜਾ ਪਿਛਲਾ ਵਰਗ ਹੈ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਬਰਾਬਰਤਾ ਦੇਣ ਲਈ ਸਰਕਾਰ ਨੂੰ ਯਤਨ ਕਰਨੇ ਚਾਹੀਦੇ ਹਨ। ਇਹ ਸਾਡੇ ਮਹਾਤਮਾ ਗਾਂਧੀ ਜੀ ਦਾ ਸੁਪਨਾ ਸੀ ਜਿਸ ਨੂੰ ਅਸੀਂ ਸਾਕਾਰ ਕਰਨਾ ਹੈ। ਇਸ ਸਮਾਜ ਦੇ ਪਿਛੜੇ ਵਰਗ ਲਈ ਸਪੈਸ਼ਲ ਰਕਮ ਐਲੋਕੇਟ ਕੀਤੀ ਜਾਣੀ ਚਾਹੀਦੀ ਹੈ । ਪਛੜੀਆਂ ਸ਼੍ਰੇਣੀਆਂ ਨੂੰ ਰਿਜ਼ਰਵੇਸ਼ਨ ਦੇਣ ਲਈ ਮੰਡਲ ਕਮਿਸ਼ਨ ਨੇ ਆਪਣੀ ਸਿਫਾਰਸ਼ ਸਰਕਾਰ ਨੂੰ ਦਿੱਤੀ ਸੀ ਅਤੇ ਸੁਪਰੀਮ ਕੋਰਟ ਨੇ ਵੀ ਆਪਣਾ ਫੈਸਲਾ ਇਨ੍ਹਾਂ ਦੇ ਹੱਕ ਵਿਚ ਦੇ ਦਿੱਤਾ ਹੈ ਅਤੇ ਸੈਂਟਰਲ ਗੌਰਮਿੰਟ ਦੇ ਕਮਿਸ਼ਨ ਨੇ ਵੀ ਫੈਸਲਾ ਦੇ ਦਿੱਤਾ ਹੈ ਅਤੇ ਇਸ ਨੇ ਇਨਕਮ ਦੀ ਇਕ ਲੱਖ ਰੁਪਏ ਦੀ ਲਿਮਿਟ ਫਿਕਸ ਕੀਤੀ ਹੈ। ਇਹ ਇਨਕਮ ਲਿਮਿਟ ਬਿਲਕੁਲ ਠੀਕ ਹੈ। ਇਹ ਜਾਇਜ਼ ਹੈ । ਬੈਕਵਰਡ ਕਲਾਸਿਜ਼ ਦੇ ਲਈ ਚੌਧਰੀ ਭਜਨ ਲਾਲ ਦੀ ਸਰਕਾਰ ਨੇ 5 ਪ੍ਰਤੀਸ਼ਤ ਤੋਂ 10 ਪ੍ਰਤੀਸ਼ਤ ਤੱਕ ਰਿਜ਼ਰਵੇਸ਼ਨ ਕਰ ਦਿੱਤੀ ਹੈ ਪਰ ਮੈਂ ਆਪਣੀ ਸਰਕਾਰ ਤੋਂ ਮੰਗ ਕਰਾਂਗਾ ਕਿ ਪੰਜਾਬ ਵਿਚ ਪਛੜੀਆਂ ਸ਼੍ਰੇਣੀਆਂ ਲਈ 5 ਪ੍ਰਤੀਸ਼ਤ ਤੋਂ 27 ਪ੍ਰਤੀਸ਼ਤ ਰਿਜ਼ਰਵੇਸ਼ਨ ਕਰ ਦੇਣੀ ਚਾਹੀਦੀ ਹੈ । ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਇਨ੍ਹਾਂ ਲਈ ਰਿਜ਼ਰਵੇਸ਼ਨ ਇਨ ਪਰਮੋਸ਼ਨ 2 ਪ੍ਰਤੀਸ਼ਤ ਕਰ ਦਿੱਤੀ ਸੀ ਅਤੇ 14 ਪ੍ਰਤੀਸ਼ਤ ਅਨੁਸੂਚਿਤ ਜਾਤੀਆਂ ਦੇ ਲਈ ਰਿਜ਼ਰਵੇਸ਼ਨ ਕੀਤੀ ਸੀ ਪਰ ਮੈਂ ਸਮਝਦਾ ਹਾਂ ਕਿ ਇਸ ਵਿਚ ਵਾਧਾ ਕੀਤਾ ਜਾਵੇ। ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦਾ ਸੈਨਸਿਜ਼ ਹੋਣਾ ਬੜਾ ਜ਼ਰੂਰੀ ਹੈ। ਬੈਕਵਰਡ ਕਲਾਸਿਜ਼ ਦਾ ਕੋਟਾ ਇਨ ਪਰਮੋਸ਼ਨ 13 ਪ੍ਰਤੀਸ਼ਤ ਜਾਂ 14 ਪ੍ਰਤੀਸ਼ਤ ਤੱਕ ਕਰ ਦੇਣਾ ਚਾਹੀਦਾ ਹੈ 27 ਪ੍ਰਤੀਸ਼ਤ ਰੇਸ਼ੋ ਨੂੰ ਮੁੱਖ ਰਖਦੇ ਹੋਏ। ਇਨ੍ਹਾਂ ਦਾ ਇਨ ਪਰਮੋਸ਼ਨ 13–14 ਪ੍ਰਤੀਸ਼ਤ ਕੋਟਾ ਫਿਕਸ ਕਰ ਦੇਣਾ ਚਾਹੀਦਾ ਹੈ। ਅੱਜ ਕੱਲ ਟੈਕਨੀਕਲ ਐਜੂਕੇਸ਼ਨ ਦਾ ਯੁਗ ਹੈ। ਜਿਹੜਾ ਬਜਟ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਟੈਕਨੀਕਲ ਐਜੂਕੇਸ਼ਨ ਦੇ ਸਬੰਧ ਵਿਚ ਰਖਿਆ ਹੈ ਇਹ ਬਜਟ ਥੋੜ੍ਹਾ ਹੈ, ਇਸ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਆਰਟਸ ਕਾਲਜਾਂ ਦਾ ਕੋਈ ਲਾਭ ਨਹੀਂ ਰਿਹਾ, ਇਹ ਸਿੰਪਲੀ ਅਨਇੰਪਲਾਇਡ ਗਰੈਜੂਏਟਸ ਹੀ ਪੈਦਾ ਕਰਦੇ ਹਨ। ਟੈਕਨੀਕਲ ਐਜੂਕੇਸ਼ਨ ਦੇ ਲਈ ਵਰਲਡ ਬੈਂਕ ਤੋਂ ਸਾਨੂੰ ਏਡ ਮਿਲਣੀ ਹੈ, ਇਸ ਲਈ ਸਰਕਾਰ ਨੂੰ ਟੈਕਨੀਕਲ ਐਜੂਕੇਸ਼ਨ ਨੂੰ ਵਧਾਉਣ ਲਈ ਬਜਟ ਵਿਚ ਹੋਰ ਪ੍ਰੋਵੀਜ਼ਨ ਕਰਨ ਦੀ ਲੋੜ ਹੈ ਅਤੇ ਇਸ ਵਿਚ ਸਿਰਫ 15 ਕਰੋੜ ਰੁਪਿਆ ਰਖਿਆ ਗਿਆ ਹੈ। ਇਸ ਸਾਲ ਮੈਂ ਸਮਝਦਾ ਹਾਂ ਕਿ ਐਕਸਾਈਜ਼ ਮਨਿਸਟਰ ਸਾਹਿਬ ਨੇ ਸਰਕਾਰ ਦੇ ਰੈਵੇਨਿਊ ਵਿਚ ਕਾਫੀ ਵਾਧਾ ਕੀਤਾ ਹੈ ਅਤੇ ਇਹ 70--80 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਇਥੇ ਇਕ ਗਲਤ ਸਵਾਲ ਕੀਤਾ ਗਿਆ ਸੀ ਜਿਸ ਦਾ ਮਨਿਸਟਰ ਸਾਹਿਬ ਨੇ ਜਵਾਬ ਵੀ ਦਿੱਤਾ ਸੀ, ਪਰ, ਸਪੀਕਰ ਸਾਹਿਬ, ਜਿਹੜੀ ਨੇਕ ਨੀਤੀ ਨਾਲ ਅਤੇ ਇਮਾਨਦਾਰੀ ਦੇ ਨਾਲ ਸ਼ਰਾਬ ਦੇ ਠੇਕਿਆਂ ਨੂੰ ਨੀਲਾਮ ਕੀਤਾ ਹੈ। ਇਸ ਦੇ ਨਾਲ ਸਰਕਾਰ ਨੂੰ ਤਕਰੀਬਨ 100 ਕਰੋੜ ਰੁਪਿਆ ਇਸ ਸਾਲ ਆਮਦਨ ਹੋਣ ਦੀ ਆਸ ਹੈ। ਇਸ ਲਈ ਸਰਕਾਰ ਨੂੰ ਮੈਂ ਬੇਨਤੀ ਕਰਾਂਗਾ ਕਿ ਟੈਕਨੀਕਲ ਐਜੂਕੇਸ਼ਨ ਦੇ ਲਈ 15 ਕਰੋੜ ਰੁਪਿਆ ਹੋਰ

Original with;
Punjab Vidhan Sabha
Digitized by;
Panjab Digital Library

ਰੱਖਣ ਦੀ ਲੋੜ ਹੈ, ਇਸ ਬਜਟ ਵਿਚ ਇਹ ਪ੍ਰੋਵਾਈਡ ਕੀਤਾ ਜਾਵੇ ਇਸ ਦੇ ਨਾਲ ਬੇਰੁਜ਼ਗਾਰੀ ਦੂਰ ਹੋਵੇਗੀ। ਮੇਰਾ ਹਲਕਾ ਪਛੜਿਆ ਹੋਇਆ ਹੈ। ਕਪੂਰਥਲਾ ਅਤੇ ਫਗਵਾੜਾ ਵਿਚ ਇੰਡਸਟਰੀ ਲਗੀ ਹੋਈ ਹੈ, ਆਈ.ਟੀ.ਆਈ. ਦੇ ਸੈਂਟਰ ਹਨ, ਸੁਲਤਾਨਪੁਰ ਵਿਚ ਵੀ ਆਈ.ਟੀ.ਆਈ. ਦੇ ਸੈਂਟਰ ਹਨ ਪਰ ਮੇਰੇ ਹਲਕਾ ਭੁਲੱਥ ਵਿਚ ਆਈ.ਟੀ.ਆਈ. ਇੰਸਟੀਚਿਊਟ ਖੋਲ੍ਹ ਦਿੱਤਾ ਜਾਵੇ। ਇਸ ਦੇ ਲਈ ਅਸੀਂ ਮਿਲ ਕੇ ਸਰਕਾਰ ਨੂੰ 20–25 ਏਕੜ ਜ਼ਮੀਨ ਫਰੀ ਆਫ ਕਾਸਟ ਦੇਵਾਂਗੇ ਅਤੇ ਹੋਰ ਪੈਸਾ ਵੀ ਇਕੱਠਾ ਕਰਕੇ ਆਪਣੇ ਵਲੋਂ ਕੰਟਰੀਬਿਊਸ਼ਨ ਸਰਕਾਰ ਨੂੰ ਦੇਵਾਂਗੇ। ਇਸ ਲਈ ਸਰਕਾਰ ਨੂੰ 1993-94 ਵਿਚ ਆਈ.ਟੀ.ਆਈ. ਪ੍ਰੋਵਾਈਡ ਕਰ ਦੇਣਾ ਚਾਹੀਦਾ ਹੈ। ਇਸ ਦੇ ਲਈ ਮੈਂ ਸਰਕਾਰ ਦਾ ਬੜਾ ਧੰਨਵਾਦੀ ਹੋਵਾਂਗਾ।

**Mr. Speaker** : Wind up please.

**ਸਰਦਾਰ ਜਗਤਾਰ ਸਿੰਘ ਮੁਲਤਾਨੀ** : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਨੇ ਪਿੰਡਾਂ ਵਿਚ 24 ਘੰਟੇ ਬਿਜਲੀ ਦੀ ਸਪਲਾਈ ਕਰਨ ਦਾ ਵਾਅਦਾ ਕੀਤਾ ਹੈ। ਇਸ ਦੇ ਲਈ ਇਰੀ-ਗੇਸ਼ਨ ਮਨਿਸਟਰ ਸਾਹਿਬ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਪਿੰਡਾਂ ਵਿਚ ਲਗਾਤਾਰ 24 ਘੰਟੇ ਬਿਜਲੀ ਦੇਣ ਦਾ ਫੈਸਲਾ ਕੀਤਾ। ਕਾਫੀ ਦੇਰ ਤੋਂ ਇਹ ਮੰਗ ਚਲੀ ਆ ਰਹੀ ਸੀ ਜਿਸ ਨੂੰ ਇਨ੍ਹਾਂ ਨੇ ਪੂਰਾ ਕੀਤਾ ਹੈ ਪਰ ਇਸ ਨੂੰ ਮਿੱਤਲ ਸਾਹਿਬ ਨੇ ਗਲਤ ਤਰੀਕੇ ਨਾਲ ਹਾਊਸ ਵਿਚ ਪੇਸ਼ ਕੀਤਾ ਹੈ। ਸਰਕਾਰ ਨੇ ਕਿਹਾ ਸੀ ਕਿ ਅਸੀਂ ਬਿਜਲੀ ਦੀ ਸਪਲਾਈ 24 ਘੰਟੇ ਦੀ ਕਰਾਂਗੇ, ਸਰਕਾਰ ਇਸ ਦੇ ਲਈ ਮੁਬਾਰਕ-ਬਾਦ ਦੀ ਪਾਤਰ ਹੈ। ਇਹ ਬਹੁਤ ਵੱਡਾ ਕਦਮ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਇਰੀਗੇਸ਼ਨ ਮਨਿਸਟਰ ਸਾਹਿਬ ਜੋ ਪਿੰਡਾਂ ਦੇ ਨਾਲ ਸਬੰਧ ਰਖਦੇ ਹਨ ਚੁੱਕਿਆ ਹੈ। ਇਸ ਉਤੇ 300 ਕਰੋੜ ਰੁਪਿਆ ਹੌਲੀ ਹੌਲੀ ਖਰਚ ਕੀਤਾ ਜਾਣਾ ਹੈ। ਇਸ ਬਜਟ ਵਿਚ ਇਸ ਦੇ ਲਈ 25 ਕਰੋੜ ਰੁਪਿਆ ਰਖਿਆ ਗਿਆ ਹੈ ਜਿਸ ਵਿਚ ਵਾਧਾ ਕਰਨ ਦੀ ਲੋੜ ਹੈ। ਸੀਪਰਕ ਸਾਹਿਬ, ਮੈਂ ਬੇਨਤੀ ਕਰਾਂਗਾ ਕਿ 10 ਕਰੋੜ ਰੁਪਿਆ ਇਸ ਲਈ ਹੋਰ ਵਧਾਉਣਾ ਚਾਹੀਦਾ ਹੈ। ਇਹ ਰੁਪਿਆ ਵਧਾਉਣਾ ਬਹੁਤ ਹੀ ਜ਼ਰੂਰੀ ਹੈ। ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਜੀ ਨੇ 24 ਘੰਟੇ ਬਿਜਲੀ ਦੇਣ ਦਾ ਪ੍ਰੋਗਰਾਮ ਬਣਾਇਆ ਹੈ, ਮੈਂ ਇਸ ਦੇ ਲਈ ਉਨ੍ਹਾਂ ਦਾ ਬਹੁਤ ਧੰਨਵਾਦੀ ਹਾਂ।

**ਸਪੀਕਰ ਸਾਹਿਬ**, ਕੋਆਪਰੇਟਿਵ ਮੂਵਮੈਂਟ ਪਿੰਡਾਂ ਵਿਚ ਕੰਮ ਕਰੇ, ਇਹ ਪਹਿਲਾਂ ਫੈਸਲਾ ਹੋਇਆ ਸੀ ਔਰ ਇਹ ਹਰ ਹਾਲਤ ਵਿਚ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਮਾਰਕਫੈਡ ਵੀ ਜ਼ਿਮੀਂਦਾਰ ਦਾ ਫਾਇਦਾ ਕਰ ਰਿਹਾ ਹੈ।

**ਸ੍ਰੀ ਸਪੀਕਰ** : ਵਾਈਂਡ ਅੱਪ ਕਰੋ।

**ਸਰਦਾਰ ਜਗਤਾਰ ਸਿੰਘ ਮੁਲਤਾਨੀ** : ਸਪੀਕਰ ਸਾਹਿਬ, ਜੋ ਕਿਸਾਨਾਂ ਲਈ ਕਰੈਡਿਟ ਲਿਮਿਟ ਰੱਖੀ ਹੈ ਇਹ ਇਸ ਵੇਲੇ 20,000 ਰੁਪਿਆ ਰੱਖੀ ਗਈ ਹੈ ਇਹ ਵਧਾ ਕੇ ਪੰਜਾਬ ਸਰਕਾਰ ਨੂੰ 50,000 ਰੁਪਿਆ ਕਰ ਦੇਣੀ ਚਾਹੀਦੀ ਹੈ।

**Mr. Speaker** : Please sit down.

Original with;
Punjab Vidhan Sabha
Digitized by;
Panjab Digital Library

**ਸਰਦਾਰ ਜਗਤਾਰ ਸਿੰਘ ਮੁਲਤਾਨੀ** : ਸਪੀਕਰ ਸਾਹਿਬ, ਐਜੂਕੇਸ਼ਨ ਦੇ ਸਬੰਧ ਵਿਚ ਮੈਂ ਥੋੜ੍ਹੀ ਜਿਹੀ ਬੇਨਤੀ ਕਰਨੀ ਹੈ। ਸਪੀਕਰ ਸਾਹਿਬ, ਸਾਡਾ ਨਰੋਟ ਦਾ ਏਰੀਆ ਹੈ। (ਵਿਘਨ) ਸਾਡੇ ਇਲਾਕੇ ਦੇ ਬੱਚੇ ਜੰਮੂ ਕਸ਼ਮੀਰ ਪੜ੍ਹਨ ਵਾਸਤੇ ਜਾਂਦੇ ਹਨ। ਇਹ ਬੜੀ ਹੀ ਹੈਰਾਨੀ ਦੀ ਗੱਲ ਹੈ। ਪੰਜਾਬ ਇੱਕ ਅੰਨ-ਦਾਤਾ ਹੋਵੇ ਅਤੇ ਪੰਜਾਬ ਦੇ ਬੱਚੇ ਨਰੋਟ ਤੋਂ ਜੰਮੂ-ਕਸ਼ਮੀਰ ਪੜ੍ਹਨ ਵਾਸਤੇ ਜਾਣ। ਮੈਂ ਪੰਜਾਬ ਸਰਕਾਰ ਨੂੰ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਕਹਿਣਾ ਚਾਹੁੰਦਾਂ ਹਾਂ ਕਿ ਉਥੇ ਇਕ ਕਾਲਜ ਖੋਲ੍ਹਣਾ ਚਾਹੀਦਾ ਹੈ। ਇਹ ਇਲਾਕਾ ਸਟੇਟ ਦੇ ਬਾਰਡਰ ਤੇ ਪੈਂਦਾ ਹੈ। ਸਪੀਕਰ ਸਾਹਿਬ, ਉਥੋਂ ਦੇ ਲੋਕ ਕਾਲਜ ਵਾਸਤੇ ਜ਼ਮੀਨ ਵੀ ਦੇਣ ਲਈ ਤਿਆਰ ਹਨ ਅਤੇ ਕਾਲਜ ਵਾਸਤੇ ਪੈਸੇ ਵੀ ਦੇਣ ਲਈ ਤਿਆਰ ਹਨ। ਨਰੋਟ ਵਿਚ ਇਕ ਕਾਲਜ ਜ਼ਰੂਰ ਖੋਲ੍ਹਿਆ ਜਾਵੇ। ਜੇਕਰ ਉਥੇ ਕਾਲਜ ਖੁਲ੍ਹ ਜਾਵੇਗਾ ਤਾਂ ਫਿਰ ਉਥੋਂ ਦੇ ਬੱਚੇ ਜੰਮੂ-ਕਸ਼ਮੀਰ ਵਿਚ ਪੜ੍ਹਨ ਵਾਸਤੇ ਨਹੀਂ ਜਾਣਗੇ, ਉਨ੍ਹਾਂ ਬੱਚਿਆਂ ਨੂੰ ਜੰਮੂ ਕਸ਼ਮੀਰ ਵਿਚ ਪੜ੍ਹਨ ਵਾਸਤੇ ਨਹੀਂ ਜਾਣਾ ਪਵੇਗਾ। ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਪਰੋਪਰੀਏਸ਼ਨ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ।

**ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ (ਦੀਨਾ ਨਗਰ, ਐਸ.ਸੀ.)**: ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਪਰੋਪਰੀਏਸ਼ਨ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਅਤੇ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਜਿਨ੍ਹਾਂ ਨੇ ਪੰਜਾਬ ਦੇ ਹਾਲਾਤ ਤੇ ਕੰਟਰੋਲ ਪਾਇਆ। ਜਿਹੜਾ ਵਾਅਦਾ ਹਾਲਾਤ ਨੂੰ ਠੀਕ ਕਰਨ ਦਾ ਕੀਤਾ ਸੀ ਉਹ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਪੂਰਾ ਕਰ ਦਿਖਾਇਆ ਹੈ। (ਥੰਪਿੰਗ) ਪਹਿਲਾਂ ਮਿਊਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਕਰਾਈਆਂ ਫਿਰ ਉਸ ਤੋਂ ਬਾਅਦ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਾਈਆਂ, ਇਸ ਦੇ ਵਾਸਤੇ ਸਰਦਾਰ ਬੇਅੰਤ ਸਿੰਘ ਜੀ, ਡਾਕਟਰ ਕੇਵਲ ਕ੍ਰਿਸ਼ਨ ਜੀ ਅਤੇ ਸਰਦਾਰ ਉਮਰਾਓ ਸਿੰਘ ਜੀ ਵਧਾਈ ਦੇ ਪਾਤਰ ਹਨ। ਸਪੀਕਰ ਸਾਹਿਬ, ਪੁਲਿਸ ਨੇ ਅਤਿਵਾਦ ਨੂੰ ਕੰਟਰੋਲ ਕਰਨ ਵਿਚ ਕਾਫੀ ਮਦਦ ਕੀਤੀ ਹੈ ਉਸ ਦੀ ਵੀ ਮੈਂ ਸ਼ਲਾਘਾ ਕਰਦਾ ਹਾਂ ਕਿ ਪੁਲਿਸ ਨੇ ਅਤਿਵਾਦ ਤੇ ਕੰਟਰੋਲ ਪਾਇਆ ਹੈ।(ਥੰਪਿੰਗ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ ਸਾਹਿਬ ਨੂੰ ਦੱਸਣਾ ਚਾਹੁੰਦਾਂ ਹਾਂ ਕਿ ਉਹ ਪੁਲਿਸ ਤੇ ਵੀ ਕੰਟਰੋਲ ਕਰਨ, ਪੁਲਿਸ ਵਾਲੇ ਆਪਣੀਆਂ ਮਨ ਮਾਨੀਆਂ ਕਰਦੇ ਹਨ ਅਤੇ ਲੋਕਾਂ ਨੂੰ ਪਰੇਸ਼ਾਨ ਕਰਦੇ ਹਨ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਅਤੇ ਡਾਕਟਰ ਕੇਵਲ ਕ੍ਰਿਸ਼ਨ ਜੀ ਦਾ ਬਹੁਤ ਧੰਨਵਾਦੀ ਹਾਂ ਅਤੇ ਉਹ ਵਧਾਈ ਦੇ ਪਾਤਰ ਹਨ ਕਿਉਂਕਿ ਉਨ੍ਹਾਂ ਨੇ ਟੈਕਸ ਫਰੀ ਬਜਟ 1993-94 ਦਾ ਇਸ ਸਦਨ ਵਿਚ ਪੇਸ਼ ਕੀਤਾ ਹੈ। ਸਪੀਕਰ ਸਾਹਿਬ, ਇਹ ਇੱਕ ਬਹੁਤ ਹੀ ਅੱਛਾ ਬਜਟ ਹੈ ਜੋ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਹੈ। ਮੈਂ ਇਸ ਦੀ ਸ਼ਲਾਘਾ ਕਰਦਾ ਹਾਂ। ਸਪੀਕਰ ਸਾਹਿਬ, ਐਜੂ-ਕੇਸ਼ਨ ਲਈ ਇਨ੍ਹਾਂ ਨੇ 50 ਕਰੋੜ 91 ਲੱਖ ਰੁਪਿਆ ਰਖਿਆ ਹੈ। ਇਹ ਬਿਲਕੁਲ ਠੀਕ ਹੈ ਪਰ ਅਗਰ ਹੋਰ ਪੈਸੇ ਦੀ ਜ਼ਰੂਰਤ ਹੋਵੇ ਤਾਂ ਪੰਜਾਬ ਸਰਕਾਰ ਨੂੰ ਹੋਰ ਪੈਸਾ ਵੀ ਐਜੂਕੇਸ਼ਨ ਵਾਸਤੇ ਵਧਾ ਦੇਣਾ ਚਾਹੀਦਾ ਹੈ। ਕਿਉਂਕਿ ਅੱਜ ਕੱਲ ਜਨਰਲ ਐਜੂਕੇਸ਼ਨ ਔਰ ਟੈਕਨੀਕਲ ਐਜੂਕੇਸ਼ਨ ਦੋਨਾਂ ਦੀ ਹੀ ਜ਼ਰੂਰਤ ਹੈ। ਜੋ ਅੱਜ ਜ਼ਮਾਨਾਂ ਚਲ ਰਿਹਾ ਹੈ ਬੜੀ ਤੇਜ਼ ਰਫਤਾਰ ਨਾਲ ਚਲ ਰਿਹਾ ਹੈ ਔਰ ਬਾਹਰਲੇ ਮੁਲਕਾਂ ਦੇ ਨਾਲ ਅਗਰ ਅਸੀਂ ਬਰਾਬਰੀ ਕਰਨੀ ਹੈ ਤਾਂ ਐਜੂਕੇਸ਼ਨ ਦੇ ਮਿਆਰ ਨੂੰ ਸਾਨੂੰ ਜ਼ਰੂਰ ਉਪਰ ਚੁਕਣਾ ਚਾਹੀਦਾ ਹੈ। ਜੋ ਇੰਜੀਨੀਅਰਿੰਗ ਕਾਲਜ ਫਿਰੋਜ਼ਪੁਰ ਔਰ ਗੁਰਦਾਸਪੁਰ ਵਿੱਚ ਬਣਾਉਣ ਦਾ ਵਾਇਦਾ ਕੀਤਾ ਹੈ, ਅਨਾਂਊਸਮੈਂਟ ਕੀਤੀ ਗਈ ਹੈ, ਅਸੀਂ ਫਿਰੋਜ਼ਪੁਰ ਵਾਲੇ ਔਰ ਗੁਰਦਾਸਪੁਰ ਵਾਲੇ ਇਸ ਦੇ ਲਈ ਸੀ.ਐਮ. ਸਾਹਿਬ ਦਾ ਬੜਾ ਧੰਨਵਾਦ ਕਰਦੇ ਹਾਂ। ਸਪੀਕਰ ਸਾਹਿਬ, ਜੋ 200 ਪ੍ਰਾਈਮਰੀ ਸਕੂਲ

Original with;
Punjab Vidhan Sabha
Digitized by;
Panjab Digital Library

ਅਪਗਰੇਡ ਕਰਕੇ ਮਿਡਲ ਬਣਾਉਣ ਦਾ ਵਾਇਦਾ ਕੀਤਾ ਹੈ ਅਤੇ 100 ਮਿਡਲ ਸਕੂਲ ਹਾਈ ਕਰਨ ਦਾ ਅਤੇ 70 ਹਾਈ ਸਕੂਲ ਪਲੱਸ 2 ਕਰਨ ਦਾ ਵਾਇਦਾ ਕੀਤਾ ਹੈ, ਇਹ ਸਰਕਾਰ ਦਾ ਸ਼ਲਾਘਾਯੋਗ ਕਦਮ ਹੈ ਔਰ ਮੈਂ ਆਸ ਕਰਦਾ ਹਾਂ ਕਿ ਇਹ ਜਲਦੀ ਤੋਂ ਜਲਦੀ ਅਪਗਰੇਡ ਕੀਤੇ ਜਾਣਗੇ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਜੂਕੇਸ਼ਨ ਮਨਿਸਟਰ ਸਾਹਿਬ ਔਰ ਸੀ.ਐਮ. ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਵੇਲੇ ਟੀਚਰਜ਼ ਦੀ ਸਟਰੈਂਥ ਜਿਹੜੀ ਹੈ ਉਹ ਬਹੁਤ ਘੱਟ ਹੈ। ਉਸ ਘਾਟ ਨੂੰ ਪੂਰਾ ਕਰਨਾ ਚਾਹੀਦਾ ਹੈ। ਕਈ ਪਿੰਡਾਂ ਵਿੱਚ ਜੇ 8 ਟੀਚਰਾਂ ਦੀ ਜ਼ਰੂਰਤ ਹੈ ਤਾਂ ਉਥੇ 4 ਟੀਚਰ ਹੀ ਲਗਾਏ ਹੋਏ ਹਨ। ਮੇਰੇ ਹਲਕੇ ਵਿੱਚ ਇਕ ਪਿੰਡ ਭਦਿਆਲ ਹੈ। ਉਹ ਦਰਿਆਉਂ ਪਾਰ ਪੈਂਦਾ ਹੈ। ਦੋ ਦਰਿਆ ਵਿੱਚ ਪੈਂਦੇ ਹਨ। ਉਥੇ ਮਿਡਲ ਸਕੂਲ ਵਿੱਚ 4 ਟੀਚਰ ਲੱਗੇ ਹੋਏ ਹਨ ਪਰ ਚਾਰਾਂ ਵਿਚੋਂ 2 ਇਕ ਹਫਤੇ ਆ ਜਾਂਦੇ ਹਨ ਅਤੇ 2 ਅਗਲੇ ਹਫਤੇ ਆ ਜਾਂਦੇ ਹਨ। ਉਨ੍ਹਾਂ ਨੇ ਵਾਰੀਆਂ ਲਾਈਆਂ ਹੋਈਆਂ ਹਨ। ਇਸ ਤਰੀਕੇ ਨਾਲ ਬੱਚੇ ਪੜ੍ਹਾਈ ਵਿਚ ਪੱਛੜੇ ਰਹਿ ਜਾਂਦੇ ਹਨ। ਫੇਰ ਉਹ ਸਕੂਲ ਵੀ ਅੱਠਵੀਂ ਜਮਾਤ ਤੱਕ ਹੈ। ਉਥੇ ਪਿੰਡ ਦੀਆਂ ਜਿਹੜੀਆਂ ਲੜਕੀਆਂ ਹਨ, ਉਹ ਅੱਠਵੀਂ ਪਾਸ ਕਰਕੇ ਹੀ ਰਹਿ ਜਾਂਦੀਆਂ ਹਨ। ਮੈਂ ਤੁਹਾਡੇ ਰਾਹੀਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਸਕੂਲ ਨੂੰ ਮਿਡਲ ਦੀ ਬਜਾਏ ਹਾਈ ਕੀਤਾ ਜਾਵੇ।

ਏਸੇ ਤਰ੍ਹਾਂ ਹੀ, ਸਰ, ਮੇਰੇ ਦੀਨਾਨਗਰ ਹਲਕੇ ਵਿੱਚ ਇਕ ਪਿੰਡ ਪਟਵਾਹਾ ਹੈ, ਉਥੇ ਅੱਠਵੀਂ ਤੱਕ ਸਕੂਲ ਹੈ। ਅਗਰ ਉਸਨੂੰ ਹਾਈ ਸਕੂਲ ਬਣਾਇਆ ਜਾਵੇ ਤਾਂ ਉਥੋਂ ਦੇ 25-26 ਪਿੰਡਾਂ ਦੇ ਬੱਚਿਆਂ ਨੂੰ ਫਾਇਦਾ ਹੋ ਸਕਦਾ ਹੈ। ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਔਰ ਵਿੱਤ ਮੰਤਰੀ ਦਾ ਬੜਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਵੈਲਫੇਅਰ ਆਫ ਸ਼ਡਿਊਲਡ ਕਾਸਟਸ ਅਤੇ ਵੈਲਫੇਅਰ ਆਫ ਵੂਮੈਨ ਐਂਡ ਬੈਕਵਰਡ ਕਲਾਸਿਜ਼ ਵਾਸਤੇ 1992-93 ਵਿੱਚ 26.16 ਕਰੋੜ ਰੁਪਏ ਦੇ ਮੁਕਾਬਲੇ ਹੁਣ 37.02 ਕਰੋੜ ਰੁਪਿਆ ਰਖਿਆ ਹੈ। ਇਹ ਇਕ ਸ਼ਲਾਘਾਯੋਗ ਕਦਮ ਹੈ। (ਥੰਪਿੰਗ)

ਸਪੀਕਰ ਸਾਹਿਬ, 1993-94 ਵਿੱਚ 25,000 ਬੈਨੀਫਿਸ਼ਰੀਜ਼ ਨੂੰ 11 ਕਰੋੜ ਰੁਪਏ ਦੀ ਸਬਸਿਡੀ ਦੇਣ ਦੀ ਇਨ੍ਹਾਂ ਨੇ ਅਨਾਊਂਸਮੈਂਟ ਕੀਤੀ ਹੈ, ਮੈਂ ਇਸ ਦੇ ਲਈ ਸਰਕਾਰ ਦਾ ਬੜਾ ਧੰਨਵਾਦੀ ਹਾਂ। ਜਿਹੜੇ ਕੱਚੇ ਮਕਾਨਾਂ ਨੂੰ ਪੱਕਾ ਬਣਾਉਣ ਦਾ ਵਾਇਦਾ ਕੀਤਾ ਹੈ, ਉਨ੍ਹਾਂ ਲਈ ਵੀ ਮੈਂ ਬੜਾ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸੀ.ਐਮ ਸਾਹਿਬ, ਵਿੱਤ ਮੰਤਰੀ ਸਾਹਿਬ ਅਤੇ ਵਿਕਾਸ ਮੰਤਰੀ ਜੋ ਇਸ ਵੇਲੇ ਨਹੀਂ ਹਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਦੀ ਸਕੀਮ ਹੈ ਕਿ ਜਿਹੜੇ ਸ਼ਡਿਊਲਡ ਕਾਸਟ ਹਨ, ਉਨ੍ਹਾਂ ਨੂੰ ਪਿੰਡ ਤੋਂ ਬਾਹਰ ਜਗ੍ਹਾ ਦੇਣੀ ਹੈ, ਇਹ ਇਕ ਕਿਸਮ ਦੀ ਅਲੱਗਵਾਦ ਕਰਨ ਦੀ ਗਲਤ ਕੋਸ਼ਿਸ਼ ਹੈ। ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੂੰ ਵੀ ਪਿੰਡ ਦੀ ਫਿਰਨੀ ਦੇ ਅੰਦਰ ਹੀ ਵਸਾਉਣਾ ਚਾਹੀਦਾ ਹੈ। ਬਾਕੀ ਜੋ ਸੀ.ਐਮ.ਸਾਹਿਬ ਨੇ 5000 ਰੁਪਏ ਦੇ ਕਰਜ਼ੇ ਮੁਆਫ ਕਰਨ ਦੀ ਅਨਾਊਂਸਮੈਂਟ ਕੀਤੀ ਹੈ ਔਰ ਕਰ ਵੀ ਦਿੱਤੇ ਹਨ, ਇਸ ਦੇ ਲਈ ਸਾਰੇ ਸ਼ਡਿਊਲਡ ਕਾਸਟ ਉਨ੍ਹਾਂ ਨੂੰ ਯਾਦ ਰੱਖਣਗੇ ਅਤੇ ਉਨ੍ਹਾਂ ਦੇ ਬੱਚੇ ਵੀ ਯਾਦ ਰੱਖਣਗੇ। ਮੈਂ, ਸਪੀਕਰ ਸਾਹਿਬ, ਉਨ੍ਹਾਂ ਦਾ ਬੜਾ ਧੰਨਵਾਦੀ ਹੋਵਾਂਗਾ ਜੇ ਇਹ ਉਨ੍ਹਾਂ ਦੇ ਮਕਾਨ ਵੀ ਪੱਕੇ ਕਰਾ ਦੇਣ। ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਦੇ ਧਿਆਨ ਵਿਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ 1992-93 ਵਿਚ ਵੈਹੀਕਲਜ਼ ਖਰੀਦਣ ਵਾਸਤੇ ਅਤੇ ਜ਼ਮੀਨ ਖਰੀਦਣ ਵਾਸਤੇ ਪ੍ਰੋਵੀਜ਼ਨ ਰੱਖੀ ਗਈ ਸੀ ਲੇਕਿਨ 1993-94 ਵਿਚ ਇਨ੍ਹਾਂ ਵਾਸਤੇ ਕੋਈ ਪ੍ਰੋਵੀਜ਼ਨ ਨਹੀਂ ਰੱਖੀ ਗਈ ਹੈ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਸਾਲ ਵੀ ਇਨ੍ਹਾਂ ਵਾਸਤੇ ਵਿੱਤ ਮੰਤਰੀ ਜੀ ਕੋਈ ਰਕਮ ਮੁਹੱਈਆ ਕਰਨ ਤਾਂ ਕਿ ਇਹ ਜੀਪਾਂ ਅਨੁਸੂਚਿਤ ਜਾਤੀਆਂ ਦੇ ਲੋਕ ਖਰੀਦ ਸਕਣ।

**ਸ੍ਰੀ ਸਪੀਕਰ :** ਵਾਈਂਡ ਅੱਪ ਕਰੋ ਜੀ।

Original with;
Punjab Vidhan Sabha
Digitized by;
Panjab Digital Library

**ਸ੍ਰੀ ਕ੍ਰਿਸ਼ਨ ਕੁਮਾਰ ਕੌਸ਼ਲ** : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਜੋ ਇਹ ਕਿਹਾ ਹੈ ਕਿ ਅਸੀਂ ਨੈਕਸਟ ਸੈਸ਼ਨ ਵਿਚ ਰਿਜ਼ਰਵੇਸ਼ਨ ਐਕਟ ਪੇਸ਼ ਕਰਾਂਗੇ, ਇਸ ਦੇ ਲਈ ਮੈਂ ਸੀ.ਐਮ. ਸਾਹਿਬ ਦਾ ਧੰਨਵਾਦੀ ਹਾਂ। ਇਸ ਦੇ ਨਾਲ ਹੀ ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੈਂ ਮਹਾਸ਼ਾ ਬਰਾਦਰੀ ਨਾਲ ਸਬੰਧ ਰਖਦਾ ਹਾਂ ਜੋ ਕਿ ਸਿਰਫ ਗੁਰਦਾਸਪੁਰ ਵਿਚ ਹੀ ਪਾਈ ਜਾਂਦੀ ਹੈ। ਥੋੜੀ ਬਹੁਤ ਲੁਧਿਆਣਾ ਅਤੇ ਜਲੰਧਰ ਵਿਚ ਵੀ ਪਾਈ ਜਾਂਦੀ ਹੈ। ਸਾਡਾ ਇਕ ਵੀ ਰਿਪਰਜ਼ੈਨਟੇਟਿਵ ਸਰਕਾਰੀ ਨੌਕਰੀ ਵਿਚ ਨਹੀਂ ਹੈ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਬਾਲਮੀਕੀਆਂ ਨੂੰ ਉਪਰ ਚੁੱਕਣ ਵਾਸਤੇ ਉਨ੍ਹਾਂ ਲਈ ਸਪੈਸ਼ਲ ਰਿਜ਼ਰਵੇਸ਼ਨ ਰੱਖੀ ਗਈ ਹੈ, ਉਸੇ ਤਰ੍ਹਾਂ ਸਾਡੇ ਵਾਸਤੇ ਵੀ ਕੋਈ ਸਪੈਸ਼ਲ ਰਿਜ਼ਰਵੇਸ਼ਨ ਰਖੀ ਜਾਵੇ।

ਸਪੀਕਰ ਸਾਹਿਬ, ਇਸ ਸਰਕਾਰ ਨੇ ਜਿਥੇ ਆਤੰਕਵਾਦ ਤੇ ਕੰਟਰੋਲ ਕੀਤਾ ਹੈ, ਉਥੇ ਪਿੰਡਾਂ ਦਾ ਵਿਕਾਸ ਕਰਨ ਵਾਸਤੇ ਵੀ ਇਸ ਨੇ ਜ਼ਿਆਦਾ ਪਰੋਵੀਜ਼ਨ ਕਰਕੇ ਪੇਂਡੂ ਲੋਕਾਂ ਦਾ ਫਾਇਦਾ ਕੀਤਾ ਹੈ ਪਿਛਲੇ ਸਾਲ ਦਿਹਾਤੀ ਵਿਕਾਸ ਲਈ 150 ਕਰੋੜ ਰੁਪਏ ਦੀ ਪਰੋਵੀਜ਼ਨ ਸੀ ਜਦ ਕਿ ਏਸੇ ਸਾਲ ਇਹ ਰਕਮ ਵਧਾ ਕੇ 200 ਕਰੋੜ ਰੁਪਏ ਕਰ ਦਿਤੀ ਗਈ ਹੈ। ਇਸ ਗੱਲ ਲਈ ਮੈਂ ਸਰਕਾਰ ਦਾ ਬਹੁਤ ਧੰਨਵਾਦੀ ਹਾਂ।

**ਸ੍ਰੀ ਸਪੀਕਰ** : ਕੌਸ਼ਲ ਸਾਹਿਬ, ਤੁਸੀਂ ਵਾਈਂਡ ਅਪ ਕਰੋ।

**ਸ੍ਰੀ ਕ੍ਰਿਸ਼ਨ ਕੁਮਾਰ ਕੌਸ਼ਲ** : ਇਸ ਤੋਂ ਇਲਾਵਾ ਰਿਜ਼ਰਵੇਸ਼ਨ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਰੋਸਟਰ ਨੂੰ ਸਖਤੀ ਨਾਲ ਮੇਨੇਟੇਨ ਕਰਵਾਇਆ ਜਾਵੇ ਅਤੇ ਜਿਹੜੀਆਂ ਪਰੋਮੋਸ਼ਨਾਂ ਹਨ, ਉਹ ਸੀਨੀਆਰਟੀ-ਕਮ-ਮੈਰਿਟ ਦੇ ਆਧਾਰ ਤੇ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸ੍ਰੀ ਸਪੀਕਰ** : ਹਾਂ ਜੀ, ਸਰਦਾਰ ਅਜਾਇਬ ਸਿੰਘ ਜੀ, ਤੁਹਾਡੇ ਵਾਸਤੇ ਸਿਰਫ 10 ਮਿੰਟ ਹਨ।

**ਕਾਮਰੇਡ ਅਜਾਇਬ ਸਿੰਘ ਰੌਂਤਾ (ਨਿਹਾਲ ਸਿੰਘ ਵਾਲਾ, ਐਸ.ਸੀ.)** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅਜ ਇਸ ਮਹਾਨ ਸਦਨ ਵਿਚ ਐਪ੍ਰੋਪ੍ਰੀਏਸ਼ਨ ਬਿਲ ਤੇ ਆਪਣੇ ਵਿਚਾਰ ਰਖੱਣ ਦਾ ਮੌਕਾ ਦਿੱਤਾ ਹੈ। ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਜਿਹੜਾ ਸਾਡਾ ਡੈਮੋਕਰੇਟਿਕ ਢਾਂਚਾ ਹੈ, ਉਹ ਢਹਿੰਦੇ ਪਾਸੇ ਨੂੰ ਜਾ ਰਿਹਾ ਹੈ ਕਿਉਂਕਿ ਜਦ ਇਸ ਮਹਾਨ ਸਦਨ ਵਿੱਚ ਵੱਖ-ਵੱਖ ਵਿਸ਼ਿਆਂ ਤੇ ਬਹਿਸ ਚਲ ਰਹੀ ਹੁੰਦੀ ਹੈ ਤਾਂ ਅਫਸਰ ਸਾਹਿਬਾਨ ਦੀਆਂ ਗੈਲਰੀਆਂ ਹਾਊਸ ਵਿਚ ਖਾਲੀ ਪਈਆਂ ਹੁੰਦੀਆਂ ਹਨ ਅਤੇ ਮੰਤਰੀ ਸਾਹਿਬਾਨ ਦੀਆਂ ਸੀਟਾਂ ਵੀ ਖਾਲੀ ਪਈਆਂ ਹੁੰਦੀਆਂ ਹਨ। ਇਸ ਵਜ੍ਹਾ ਕਰਕੇ ਜਿਹੜੀਆਂ ਗੱਲਾਂ ਨੋਟ ਕਰਨ ਵਾਲੀਆਂ ਹੁੰਦੀਆਂ ਹਨ, ਉਹ ਰਹਿ ਜਾਂਦੀਆਂ ਹਨ। ਇਹ ਬਹੁਤ ਮਾੜਾ ਰਵੱਈਆ ਹੈ। ਇਸ ਕਰਕੇ ਸਰਕਾਰ ਅਤੇ ਅਫਸਰ ਸਾਹਿਬਾਨ ਨੂੰ ਇਨ੍ਹਾਂ ਗੱਲਾਂ ਦਾ ਖਿਆਲ ਰੱਖਣਾ ਚਾਹੀਦਾ ਹੈ।

**ਸ੍ਰੀ ਸਪੀਕਰ** : ਤੁਸੀਂ ਐਪਰੋਪਰੀਏਸ਼ਨ ਬਿੱਲ ਤੇ ਬੋਲੋ, ਤੁਹਾਡੇ ਪੁਆਇੰਟਸ ਨੋਟ ਹੋ ਰਹੇ ਹਨ।

ਕਾਮਰੇਡ ਅਜਾਇਬ ਸਿੰਘ ਰੌਂਤਾ : ਸਪੀਕਰ ਸਾਹਿਬ, ਖਰਚਿਆਂ ਦੀ ਮਨਜ਼ੂਰੀ 7452 ਕਰੋੜ ਰੁਪਏ ਦੀ ਮੰਗੀ ਗਈ ਹੈ ਜਿਸ ਵਿਚੋਂ ਪਲੈਨ ਵਿੱਚ 1250 ਕਰੋੜ ਰੁਪਿਆ ਰਖਿਆ ਗਿਆ ਜਦ ਕਿ ਪਿਛਲੇ ਸਾਲ ਇਹ 1150 ਕਰੋੜ ਰੁਪਏ ਸੀ ਇਸ ਤਰੀਕੇ ਨਾਲ 100 ਕਰੋੜ ਰੁਪਏ ਦੀ ਰਕਮ ਜ਼ਿਆਦਾ

Original with;
Punjab Vidhan Sabha
Digitized by;
Panjab Digital Library

ਰੱਖੀ ਗਈ ਹੈ। ਜੇ ਕੀਮਤਾਂ ਦੇ ਵਾਧੇ ਨੂੰ ਧਿਆਨ ਵਿਚ ਰਖੀਏ ਤਾਂ ਇਸ ਨਾਲ ਜੋ ਟੀਚੇ ਹਨ, ਉਹ ਪੂਰੇ ਨਹੀਂ ਹੋ ਸਕਦੇ। ਸੋਸ਼ਲ ਸਰਵਿਸਿਜ਼ ਅਤੇ ਜਨਰਲ ਸਰਵਿਸਿਜ਼ ਨੂੰ ਛੱਡ ਕੇ ਜੋ ਪਲੈਨ ਵਿਚ ਕਟੌਤੀ ਕੀਤੀ ਗਈ ਹੈ, ਮੈਂ ਸਮਝਦਾ ਹਾਂ ਕਿ ਜੇਕਰ ਇਹ ਪਲੈਨ ਬਣਾਉਣ ਤੋਂ ਪਹਿਲਾਂ ਐਮ.ਐਲ.ਏ. ਸਾਹਿਬਾਨ ਦੀ ਇਕ ਸਲਾਹਕਾਰ ਕਮੇਟੀ ਬਣਾ ਦਿੱਤੀ ਜਾਂਦੀ ਤਾਂ ਇਹ ਘਾਟਾ ਨਾ ਹੁੰਦਾ। ਮੈਨੂੰ ਅਫਸੋਸ ਹੈ ਕਿ ਟੈਕਨੀਕਲ ਅਤੇ ਸਿਹਤ ਸੇਵਾਵਾਂ ਵਿਚ ਵੀ ਪਲੈਨ ਵਿਚ ਬਹੁਤ ਸਾਰੀ ਕਟੌਤੀ ਕੀਤੀ ਗਈ ਹੈ। 4 ਮੁੱਖ ਡਿਪਾਰਟਮੈਂਟਸ ਤੇ ਜ਼ਿਆਦਾ ਖਰਚ ਕੀਤਾ ਗਿਆ ਹੈ ਜਿਵੇਂ ਪੁਲਿਸ, ਹੈਲਥ, ਸਿੰਜਾਈ ਅਤੇ ਸਿਖਿਆ। ਪੁਲਿਸ ਤੇ ਜਿਹੜੀ ਐਡੀ ਵੱਡੀ ਰਕਮ ਰੱਖੀ ਗਈ ਹੈ, ਉਹ ਕੇਂਦਰ ਦੀਆਂ ਨੀਤੀਆਂ ਕਰਕੇ ਸਾਡੇ ਪੰਜਾਬ ਦੇ ਖਜ਼ਾਨੇ ਤੇ ਬੋਝ ਪਿਆ ਹੈ। ਇਸ ਕਰਕੇ ਸਾਡੀ ਪੰਜਾਬ ਸਰਕਾਰ ਨੂੰ ਕੇਂਦਰ ਨੂੰ ਪੁਰਜ਼ੋਰ ਅਪੀਲ ਕਰਨੀ ਚਾਹੀਦੀ ਹੈ ਕਿ ਇਹ ਪੁਲਿਸ ਦਾ ਖਰਚਾ ਉਹ ਆਪ ਝੱਲੇ ਅਤੇ ਇਹੀ ਰਕਮ ਉਧਰੋਂ ਬਚਾ ਕੇ ਪੰਜਾਬ ਦੀ ਬਿਹਤਰੀ ਅਤੇ ਵਿਕਾਸ ਲਈ ਲਾਈ ਜਾਵੇ।

ਸਪੀਕਰ ਸਾਹਿਬ, ਪੇਂਡੂ ਇਲਾਕੇ ਦੇ ਵਿਕਾਸ ਦਾ ਮਤਲਬ ਸਿਰਫ ਗਲੀਆਂ ਨਾਲੀਆਂ ਪੱਕੀਆਂ ਕਰਨਾ ਹੀ ਨਹੀਂ ਹੁੰਦਾ। ਇਸ ਦੇ ਨਾਲ ਨਾਲ ਪਿੰਡਾਂ ਵਿਚ ਵਸਣ ਵਾਲੇ ਜਿਹੜੇ ਨੌਜਵਾਨ ਹਨ, ਉਨ੍ਹਾਂ ਦੇ ਭਵਿੱਖ ਵਾਸਤੇ ਕੋਈ ਪਲੈਨ ਵੀ ਬਣਾਉਣੀ ਚਾਹੀਦੀ ਹੈ ਅਤੇ ਅਜਿਹੀ ਕਿਸੇ ਪਲੈਨ ਦਾ ਜ਼ਿਕਰ ਇਸ ਵਿੱਚ ਨਹੀਂ ਹੈ। ਇਥੇ ਕੁਰੱਪਸ਼ਨ ਦੀ ਗੱਲ ਵੀ ਕੀਤੀ ਜਾਂਦੀ ਰਹੀ ਹੈ ਕਿ ਸਾਲ 1993-94 ਦਾ ਸਾਲ ਐਂਟੀ-ਕੁਰੱਪਸ਼ਨ ਸਾਲ ਮਨਾ ਰਹੇ ਹਾਂ ਅਤੇ ਸਰਕਾਰ ਵਾਇਦਾ ਕਰਦੀ ਹੈ ਕਿ ਅਸੀਂ ਇਸ ਨੂੰ ਖਤਮ ਕਰਾਂਗੇ ਲੇਕਿਨ ਮੈਂ ਸਮਝਦਾ ਹਾਂ ਕਿ ਜਦ ਤੱਕ ਲੋਕਪਾਲ ਦੀ ਨਿਯੁਕਤੀ ਨਹੀਂ ਹੁੰਦੀ ,ਤੱਦ ਤਕ ਇਹ ਕੰਮ ਅਧੂਰਾ ਹੀ ਰਹੇਗਾ। ਜੇਕਰ ਲੋਕਾਂ ਨੂੰ ਮਨਿਸਟਰਾਂ, ਐਮ.ਐਲ.ਏ. ਸਾਹਿਬਾਨ ਜਾਂ ਕਿਸੇ ਅਫਸਰ ਸਾਹਿਬਾਨ ਦੇ ਵਿਰੁੱਧ ਕੋਈ ਸ਼ਿਕਾਇਤ ਹੋਵੇ ਤਾਂ ਉਹ ਹਲਫ਼ੀਆ ਬਿਆਨ ਦੇ ਕੇ ਆਪਣੀ ਸ਼ਿਕਾਇਤ ਕਰ ਸਕਣ। ਜਦੋਂ ਅਛੂਤਾ ਮੈਨਨ ਸਰਕਾਰ ਬਣੀ ਸੀ ਤਾਂ ਸੀ.ਪੀ.ਆਈ.ਸਰਕਾਰ ਨੇ ਇਹ ਮੰਗ ਪੂਰੀ ਕੀਤੀ ਸੀ ਔਰ ਅੱਜ ਤੋਂ ਕੁਝ ਸਾਲ ਪਹਿਲਾਂ ਇਹ ਕੰਮ ਹੋਇਆ ਸੀ। ਮੈਂ ਸਮਝਦਾ ਹਾਂ ਕਿ ਸਾਡੇ ਪੰਜਾਬ ਦੇ ਵਿਚ ਵੀ ਲੋਕਪਾਲ ਦੀ ਅਦਾਲਤ ਜ਼ਰੂਰ ਸਥਾਪਿਤ ਹੋਣੀ ਚਾਹੀਦੀ ਹੈ।

ਸਪੀਕਰ ਸਾਹਿਬ, ਅਫਸਰ ਸਾਹਿਬਾਨ ਅਤੇ ਵਜ਼ੀਰ ਸਾਹਿਬਾਨ ਦੇ ਫਜ਼ੂਲ ਖਰਚਿਆਂ ਨੂੰ ਰੋਕਣ ਸਬੰਧੀ ਇਥੇ ਸੁਝਾਅ ਦਿੱਤੇ ਗਏ ਹਨ, ਇਨ੍ਹਾਂ ਬਾਰੇ ਸਪਲੀਮੈਂਟਰੀ ਗਰਾਂਟਸ ਤੇ ਵੀ ਬੋਲਿਆ ਗਿਆ ਸੀ। ਸਾਡੇ ਵਿੱਤ ਮੰਤਰੀ ਜੀ ਇਸ ਤੇ ਬਿਲਕੁਲ ਚੁੱਪ ਰਹੇ, ਉਨ੍ਹਾਂ ਨੇ ਇਨ੍ਹਾਂ ਸੁਝਾਵਾਂ ਬਾਰੇ ਆਪਣਾ ਕੋਈ ਜਵਾਬ ਨਹੀਂ ਦਿੱਤਾ। ਹਨੂਮਨਥੱਈਆਂ ਕਮੇਟੀ ਦੀ ਰਿਪੋਰਟ ਅਨੁਸਾਰ ਜਿਹੜੀ ਵਜ਼ੀਰਾਂ ਦੀ ਗਿਣਤੀ ਹੈ ਉਹ ਐਮ.ਐਲ.ਏ. ਸਾਹਿਬਾਨ ਦੀ ਗਿਣਤੀ ਤੋਂ 10 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ ਮੈਂ ਸਮਝਦਾ ਹਾਂ ਕਿ ਇਸ ਕਮੇਟੀ ਦੀ ਰਿਪੋਰਟ ਅਨੁਸਾਰ ਮੁੱਖ ਮੰਤਰੀ ਸਾਹਿਬ ਨੂੰ 12 ਵਜ਼ੀਰ ਰੱਖ ਕੇ ਬਾਕੀ ਦੇ ਵਜ਼ੀਰਾਂ ਦੀ ਛਾਂਟੀ ਕਰ ਦੇਣੀ ਚਾਹੀਦੀ ਹੈ। ਮੇਰੀ ਬੇਨਤੀ ਹੈ ਕਿ ਪੰਜਾਬ ਦੀ ਹਾਲਤ ਤਾਂ ਹੀ ਬਿਹਤਰ ਹੋ ਸਕਦੀ ਹੈ। ਇਸ ਸਮੇਂ ਤਾਂ ਮੈਂ ਸਮਝਦਾ ਹਾਂ ਕਿ 27 ਵਜ਼ੀਰ ਹਨ ਔਰ ਜਿਹੜੇ ਬਾਕੀ ਐਮ.ਐਲ.ਏ. ਰਹਿੰਦੇ ਹਨ ਬੋਰਡ ਅਤੇ ਕਾਰਪੋਰੇਸ਼ਨਾਂ ਦੇ ਚੇਅਰਮੈਨ ਲੱਗਣੇ ਵਾਲੇ ਰਹਿੰਦੇ ਹਨ ਉਹ ਉਨ੍ਹਾਂ ਵੱਲ ਝਾਕਦੇ ਰਹਿੰਦੇ ਹਨ ਕਿ ਕਦੋਂ ਚੇਅਰਮੈਨ ਬਣੀਏ, ਆਪਣੀ ਕੁਰਸੀ ਅਤੇ ਗੱਦੀ ਤੇ ਬੈਠ ਕੇ ਚਾਰ ਪੈਸੇ ਬਣਾਉਣ ਵਾਲੇ ਪਾਸੇ ਚਲੀਏ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਸਮੇਂ ਸਾਡੇ ਵਿੱਤ ਕਮਿਸ਼ਨਰ 7 ਹਨ ਜਿਹੜੇ ਕਿ ਪਹਿਲਾਂ ਕੇਵਲ ਤਿੰਨ ਹੁੰਦੇ ਸਨ ਔਰ ਸੈਕਟਰੀ ਜੋ ਹਨ ਉਹ ਇਸ ਵੇਲੇ 31 ਹਨ ਜੋ ਕਿ ਪਹਿਲਾਂ 10 ਹੁੰਦੇ ਸਨ। ਇਸ ਤੋਂ ਇਲਾਵਾ ਐਡੀਸ਼ਨਲ ਸੈਕਟਰੀ 11 ਅਤੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਜਾਇਬ ਸਿਘ ਰੌਂਤਾ]

ਸਪੈਸ਼ਲ ਸੈਕਟਰੀ 5 ਹਨ ਜੋ ਕਿ ਪਹਿਲਾਂ ਬਿਲਕੁਲ ਹੀ ਨਹੀਂ ਹੁੰਦੇ ਸਨ। ਹਰ ਕਮਿਸ਼ਨਰ ਕੋਲ ਇਕ ਇਕ ਅਡੀਸ਼ਨਲ ਕਮਿਸ਼ਨਰ ਹੈ। ਇਸ ਤਰ੍ਹਾਂ ਇਹ ਭਰਤੀ ਕਰਕੇ ਸਾਡੇ ਖਜ਼ਾਨੇ ਤੇ ਵੱਧ ਵਿੱਤੀ ਬੋਝ ਪਾਇਆ ਗਿਆ ਹੈ। ਇਨ੍ਹਾਂ ਦੀ ਛਾਂਟੀ ਕਰਕੇ ਇਹ ਵਿੱਤੀ ਭਾਰ ਨੂੰ ਘਟਾਇਆ ਜਾਣਾ ਚਾਹੀਦਾ ਹੈ!

ਸਪੀਕਰ ਸਾਹਿਬ, ਮਨਿਸਟਰਾਂ ਦੇ ਸਫ਼ਰ ਭੱਤੇ ਅਤੇ ਹੋਰ ਖਰਚੇ ਜਿਵੇਂ ਪ੍ਰਾਈਵੇਟ ਮਕਾਨ, ਟੈਲੀਫੂਨਾਂ ਦੀਆਂ ਕਾਲਾਂ, ਕੋਠੀਆਂ ਅਤੇ ਦਫ਼ਤਰਾਂ ਦੀ ਸਜਾਵਟ ਤੇ ਬਿਲਕੁਲ ਪਾਬੰਦੀ ਹੋਣੀ ਚਾਹੀਦੀ ਹੈ। ਇਸ ਨਾਲ ਲੱਖਾਂ ਰੁਪਏ ਦੀ ਬੱਚਤ ਹੋ ਸਕਦੀ ਹੈ। ਏਸੇ ਤਰ੍ਹਾਂ ਹੀ ਜਾਹਲੀ ਮੈਡੀਕਲ ਬਿਲਾਂ ਰਾਹੀਂ ਪੈਸੇ ਨੂੰ ਵੀ ਨਜਾਇਜ਼ ਬਟੋਰਿਆ ਜਾ ਰਿਹਾ ਹੈ। ਇਨ੍ਹਾਂ ਪੈਸਿਆਂ ਤੇ ਸੀਲਿੰਗ ਲਾਉਣੀ ਚਾਹੀਦੀ ਹੈ ਕਿਉਂਕਿ ਵੱਡੇ ਪੈਮਾਨੇ ਤੇ ਲੋਕੀਂ ਬੀਮਾਰੀ ਦੇ ਨਾਂ ਤੇ ਪੈਸੇ ਲੈਂਦੇ ਹਨ। ਗੈਂਦਾ ਮੱਲ-ਹੇਮ ਰਾਜ ਦੀ ਦੁਕਾਨ ਤੋਂ ਜਾ ਕੇ ਲਿਪਸਟਿਕਾਂ, ਸੁਰਖੀਆਂ, ਬਿੰਦੀਆਂ, ਪਾਊਡਰ ਖਰੀਦੇ ਜਾਂਦੇ ਹਨ। ਜਿਹੜਾ ਕੋਈ ਐਕਚੂਅਲੀ ਬੀਮਾਰ ਹੈ ਉਸ ਨੂੰ ਹੀ ਮੈਡੀਕਲ ਬਿਲ ਦੀ ਸਹੂਲਤ ਹੋਣੀ ਚਾਹੀਦੀ ਹੈ।

ਇਸ ਵੇਲੇ ਜੋ ਮੁਲਾਜ਼ਮਾਂ ਦੀਆਂ ਹੜਤਾਲਾਂ ਹੋ ਰਹੀਆਂ ਹਨ, ਉਨ੍ਹਾਂ ਦੀਆਂ ਕੁਝ ਮੁਸ਼ਕਲਾਂ ਹਨ। ਪਿੰਡਾਂ ਦੇ ਕਰਮਚਾਰੀਆਂ ਨੂੰ ਮਕਾਨ ਕਿਰਾਇਆ ਭੱਤਾ ਨਹੀਂ ਦਿੱਤਾ ਜਾਂਦਾ ਹੈ। ਗਵਰਨਰੀ ਰਾਜ ਤੋਂ ਇਹ ਬੰਦ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕਰਮਚਾਰੀਆਂ ਦੀ ਸਰਵਿਸ ਦੇ ਵਿੱਚ ਸਟੈਗਨੇਸ਼ਨ ਹੈ। ਜੋ ਆਈ.ਏ.ਐਸ. ਜਾਂ ਪੀ.ਸੀ.ਐਸ. ਅਫ਼ਸਰ ਹਨ ਉਨ੍ਹਾਂ ਵਾਸਤੇ ਬਹੁਤ ਪਰਮੋਸ਼ਨਾਂ ਹਨ ਪਰ ਹੇਠਲੇ ਕਰਮਚਾਰੀਆਂ ਦੀ ਸਰਵਿਸ ਵਿੱਚ ਸਟੈਗਨੇਸ਼ਨ ਚੱਲ ਰਹੀ ਹੈ। ਸਰਕਾਰ ਨੂੰ ਇਸ ਬਾਰੇ ਜ਼ਰੂਰ ਕੋਈ ਕੁਝ ਨਾ ਕੁਝ ਸੋਚਣਾ ਚਾਹੀਦਾ ਹੈ।

ਸਪੀਕਰ ਸਾਹਿਬ, ਸਮਾਜ ਭਲਾਈ ਬਾਰੇ ਮੈਂ ਪਹਿਲਾਂ ਵੀ ਡੀਟੇਲ ਵਿੱਚ ਬੋਲਦਿਆਂ ਹੋਇਆਂ ਆਪਣਾ ਪੁਆਇੰਟ ਰੱਖਿਆ ਸੀ, ਪਿੰਡਾਂ ਦੇ ਵਿੱਚ ਜੋ ਬੇ-ਜ਼ਮੀਨੇ ਖੇਤੀ ਮਜ਼ਦੂਰ ਹਨ ਉਨ੍ਹਾਂ ਬਾਰੇ ਮੈਂ ਹੁਣ ਦੁਹਰਾਉਣਾ ਵੀ ਨਹੀਂ ਚਾਹੁੰਦਾ। ਜਿਹੜੇ ਪਿਛਲੇ ਸਾਲ ਪੰਜ ਹਜ਼ਾਰ ਰੁਪਏ ਦੇ ਕਰਜ਼ੇ ਮੁਆਫ਼ ਕਰਨ ਦਾ ਐਲਾਨ ਕੀਤਾ ਗਿਆ ਸੀ ਉਹ ਵੀ ਸਾਡੀ ਸਰਕਾਰ ਹਾਲੇ ਤੱਕ ਲਾਗੂ ਨਹੀਂ ਕਰਵਾ ਸਕੀ। ਮੇਰੀ ਇਸ ਸਰਕਾਰ ਕੋਲ ਪੁਰਜ਼ੋਰ ਮੰਗ ਹੈ ਕਿ ਸਮਾਜ ਭਲਾਈ ਵਿਭਾਗ ਦੀਆਂ ਸਕੀਮਾਂ ਤੇ ਜੋ ਕਟੌਤੀ ਕੀਤੀ ਗਈ ਹੈ ਉਹ ਬਹਾਲ ਹੋਣੀ ਚਾਹੀਦੀ ਹੈ।

ਰਿਜ਼ਰਵੇਸ਼ਨ ਐਕਟ ਬਾਰੇ ਜੋ ਚਰਚਾ ਆਇਆ ਸੀ ਕਿ ਰਿਜ਼ਰਵੇਸ਼ਨ ਐਕਟ ਜੋ ਹੈ ਉਹ ਬਣਾਵਾਂਗੇ ਪਰ ਇਸ ਸਬੰਧੀ ਜੋ ਨੌਕਰੀਆਂ ਦੇ ਵਿਚ ਬੈਕਲਾਗ ਹੈ ਉਸ ਬਾਰੇ ਵੀ ਸਰਕਾਰ ਨੇ ਚੁੱਪ ਧਾਰੀ ਹੋਈ ਹੈ ਔਰ ਨਾ ਹੀ ਰਿਜ਼ਰਵੇਸ਼ਨ ਐਕਟ ਬਾਰੇ ਹਾਲੇ ਤੱਕ ਕੁਝ ਕੀਤਾ ਗਿਆ ਹੈ। ਜੋ ਬੈਕਲਾਗ ਚੱਲ ਰਿਹਾ ਹੈ ਉਸ ਘਾਟੇ ਨੂੰ ਵੀ ਪੂਰਾ ਕੀਤਾ ਜਾਣਾ ਚਾਹੀਦਾ ਹੈ। ਕੇਰਲ ਪੈਟਰਨ ਤੇ ਜੋ ਭਾਰਤ ਸਰਕਾਰ ਨੇ ਸੀ.ਪੀ.ਐਫ. ਫੰਡ ਅਧੀਨ ਆਉਂਦੇ ਮਜ਼ਦੂਰ ਹਨ ਉਹਨ੍ਹਾਂ ਵਾਸਤੇ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਹੈ। ਦੋ ਰੁਪਏ ਪ੍ਰਤੀ ਪੁਆਇੰਟ ਮਹਿੰਗਾਈ ਭੱਤਾ ਲਾਗੂ ਕੀਤਾ ਹੈ ਇਹ ਖੇਤੀ ਮਜ਼ਦੂਰਾਂ ਤੇ ਵੀ ਲਾਗੂ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਨੀ ਹੈ ਕਿ ਪੰਜਾਬ ਸਰਕਾਰ ਨੂੰ ਦਬਾਅ ਪਾ ਕੇ ਕੇਂਦਰ ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਜੋ ਡੰਕਲ ਤਜਵੀਜ਼ਾਂ ਹਨ ਉਹ ਸਾਡੇ ਕਿਸਾਨ ਹਿਤ ਮਾਰੂ, ਕਿਸਾਨ ਵਿਰੋਧੀ ਤਜਵੀਜ਼ਾਂ ਹਨ। ਸਾਨੂੰ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਤੇ ਦਬਾਅ ਪਾ ਕੇ ਇਨ੍ਹਾਂ ਡੰਕਲ ਤਜਵੀਜ਼ਾਂ ਨੂੰ ਰੱਦ ਕਰਵਾਉਣਾ ਚਾਹੀਦਾ ਹੈ।

**ਸ੍ਰੀ ਸਪੀਕਰ** : ਰੌਂਤਾ ਜੀ, ਵਾਈਂਡ-ਅੱਪ ਕਰੋ ਜੀ। ਹੋਰ ਮੈਂਬਰਜ਼ ਵੀ ਬੋਲਣ ਵਾਲੇ ਹਨ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅਜਾਇਬ ਸਿੰਘ ਰੋਂਤਾ** : ਬੱਸ ਜੀ, ਸਪੀਕਰ ਸਾਹਿਬ, ਮੈਂ ਇਕ ਆਖਰੀ ਪੁਆਇੰਟ ਹੋਰ ਕਹਿਣਾ ਹੈ ਕਿ ਮੇਰੇ ਹਲਕੇ ਸਮੇਤ ਪੇਂਡੂ ਇਲਾਕਿਆਂ ਦੇ ਵਿੱਚ ਕਦੇ ਵੀ ਕੋਈ ਇਨਸਪੈਕਟਰ ਚੈਕਿੰਗ ਕਰਨ ਲਈ ਨਹੀਂ ਜਾਂਦੇ। ਗਰਾਂਟਾਂ ਦੇ ਵਿੱਚ ਵੱਡੇ-ਵੱਡੇ ਘਪਲੇ ਹੁੰਦੇ ਹਨ। 100 ਪ੍ਰਾਇਮਰੀ ਸਕੂਲਾਂ ਪਿੱਛੇ ਇਕ ਪ੍ਰਾਇਮਰੀ ਸਕੂਲ ਅਫ਼ਸਰ ਹੋਣਾ ਚਾਹੀਦਾ ਹੈ ਤਾਂ ਕਿ ਹਰ ਜ਼ਿਲ੍ਹੇ ਵਿੱਚ ਜਾ ਕੇ ਅਫ਼ਸਰ ਆਪ ਸਕੂਲ ਚੈਕ ਕਰਨ। ਮਿਡਲ ਸਕੂਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦਾ ਪ੍ਰਬੰਧਕੀ ਢਾਂਚਾ ਬੀ. ਡੀ.ਪੀ.ਓ. ਤੱਕ ਹੈ।

**ਸ੍ਰੀ ਸਪੀਕਰ** : ਰੋਂਤਾ ਜੀ, ਤੁਸੀਂ ਹੁਣ ਵਾਈਂਡ-ਅੱਪ ਕਰੋ।

**ਕਾਮਰੇਡ ਅਜਾਇਬ ਸਿੰਘ ਰੋਂਤਾ** : ਸਾਡੀ ਪਾਰਟੀ ਦੇ ਲੀਡਰ ਸ੍ਰੀਮਤੀ ਵਿਮਲਾ ਡਾਂਗ ਜੀ ਨੇ ਮਿਤੀ 30 ਦਸੰਬਰ, 1992 ਨੂੰ ਇਕ ਪੱਤਰ ਲਿਖਿਆ ਸੀ ਮਾਨਯੋਗ ਸਿਹਤ ਮੰਤਰੀ ਜੀ ਨੂੰ ਕਿ ਅੰਮ੍ਰਿਤਸਰ ਵਿੱਚ ਬੱਚੇ ਚੁਰਾ ਕੇ ਵੇਚਣ ਵਾਲੇ ਗਰੋਹ ਬੜੇ ਸਰਗਰਮ ਹਨ। ਉਥੇ ਖੁਰਸ਼ੀਦ ਨਰਸ ਦੇ ਇਕ ਬੱਚਾ ਪੈਦਾ ਹੋਇਆ ਸੀ, । ਬੱਚਾ ਤਾਂ ਘਰ ਹੋਇਆ ਸੀ ਪਰ ਜਦੋਂ ਉਹ ਸਿਵਲ ਹਸਪਤਾਲ ਚਲੀ ਗਈ ਤਾਂ ਉਸ ਦੇ ਬੱਚੇ ਨੂੰ ਉਥੋਂ ਚੁਰਾ ਕੇ ਵੇਚ ਦਿੱਤਾ ਗਿਆ। ਅੱਜ ਤੱਕ ਸਾਡੇ ਮਾਨਯੋਗ ਲੀਡਰ ਸ੍ਰੀਮਤੀ ਵਿਮਲਾ ਡਾਂਗ ਜੀ ਨੂੰ ਉਸ ਲੈਟਰ ਦਾ ਜਵਾਬ ਨਹੀਂ ਮਿਲਿਆ ਅਤੇ ਨਾ ਹੀ ਬੱਚਾ ਮਿਲਿਆ ਹੈ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸ੍ਰੀ ਸਪੀਕਰ** : ਰਣਜੀਤ ਸਿੰਘ ਛੱਜਲਵੱਡੀ ਜੀ, ਤੁਹਾਨੂੰ ਕੇਵਲ 10 ਮਿੰਟ ਲਈ ਬੋਲਣ ਦਾ ਸਮਾਂ ਮਿਲੇਗਾ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** (ਖਡੂਰ ਸਾਹਿਬ, ਐਸ.ਸੀ.) : ਸਪੀਕਰ ਸਾਹਿਬ, ਮੈਂ ਰੂਰਲ ਡਿਵੈਲਪਮੈਂਟ ਤੋਂ ਸ਼ੁਰੂ ਕਰਦਾ ਹਾਂ। ਇਹ ਠੀਕ ਹੈ ਕਿ ਕਾਫੀ ਪਿੰਡਾਂ ਵਿੱਚ ਗਲੀਆਂ ਅਤੇ ਨਾਲੀਆਂ ਪੱਕੀਆਂ ਬਣਾ ਦਿੱਤੀਆਂ ਗਈਆਂ ਹਨ ਅਤੇ ਹੋਰ ਵੀ ਗਲੀਆਂ ਨਾਲੀਆਂ ਪੱਕੀਆਂ ਕਰਨ ਦਾ ਪ੍ਰੋਗਰਾਮ ਸਰਕਾਰ ਨੇ ਸ਼ੁਰੂ ਕੀਤਾ ਹੋਇਆ ਹੈ। ਪਰ ਪਿੰਡਾਂ ਵਿੱਚ ਕਿਤੇ ਵੀ ਸੀਵਰੇਜ ਜਾਂ ਲੈਟਰੀਨ ਦਾ ਪ੍ਰਬੰਧ ਨਹੀਂ ਹੈ। ਪਿੰਡਾਂ ਵਿੱਚ ਹੁਣ ਜ਼ਮੀਨ ਘੱਟ ਹੋਣ ਕਾਰਨ, ਜਿਹੜੀ ਜ਼ਮੀਨ ਪਿੰਡਾਂ ਦੇ ਬਿਲਕੁਲ ਨਾਲ ਲਗਦੀ ਹੈ ਜਾਂ ਫਿਰਨੀਆਂ ਦੇ ਨਾਲ ਲਗਦੀ ਹੈ, ਹੁਣ ਉਥੇ ਵੀ ਬਿਜਾਈ ਕੀਤੀ ਜਾਂਦੀ ਹੈ। ਪਿੰਡਾਂ ਵਿੱਚ ਲੋਕਾਂ ਨੂੰ ਖਾਸ ਕਰਕੇ ਗਰੀਬ ਅਤੇ ਮਜ਼ਦੂਰਾਂ ਨੂੰ ਬਾਹਰ ਲੈਟਰੀਨ ਜਾਣ ਦੀ ਔਖ ਹੁੰਦੀ ਹੈ। ਕਈ ਵਾਰੀ ਜ਼ਿਮੀਂਦਾਰਾਂ ਦਾ ਅਤੇ ਗਰੀਬ ਮਜ਼ਦੂਰਾਂ ਦਾ ਝਗੜਾ ਹੋ ਜਾਂਦਾ ਹੈ ਤਾਂ ਉਹ ਉਨ੍ਹਾਂ ਗਰੀਬਾਂ ਨੂੰ ਬਾਹਰ ਖੇਤਾਂ ਵਿੱਚ ਟੱਟੀ-ਪਿਸ਼ਾਬ ਜਾਣ ਤੇ ਪਾਬੰਦੀ ਲਗਾਉਣ ਦੀ ਕੋਸ਼ਿਸ ਕਰਦੇ ਹਨ। ਜੇਕਰ ਸਰਕਾਰ ਪਿੰਡਾ ਵਿੱਚ ਲੈਟਰੀਨ ਵਗੈਰਾ ਦਾ ਪ੍ਰਬੰਧ ਕਰ ਦੇਵੇ ਤਾਂ ਇਹ ਇਕ ਬਹੁਤ ਹੀ ਵਧੀਆਂ ਪ੍ਰਬੰਧ ਹੋਵੇਗਾ।

ਪਿੰਡਾਂ ਵਿੱਚ ਕੁਝ ਪੰਚਾਇਤਾਂ ਨੇ ਬੇ-ਨਾਮੀ ਜ਼ਮੀਨਾਂ ਉਤੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ ਜਾਂਦਾ। ਖਾਸ ਕਰਕੇ ਮੇਰੇ ਆਪਣੇ ਪਿੰਡ ਛੱਜਲਵੱਡੀ ਵਿੱਚ ਇਸ ਤਰ੍ਹਾਂ ਦੀ ਜ਼ਮੀਨ ਉਤੇ ਹਾਈ ਕੋਰਟ ਨੇ ਫੈਸਲਾ ਕਰ ਦਿੱਤਾ ਹੈ ਕਿ ਉਹ ਜ਼ਮੀਨ ਛੁਡਵਾ ਦਿੱਤੀ ਜਾਵੇ। ਪਰ 10 ਸਾਲ ਹੋ ਗਏ ਹਨ ਅਜੇ ਤੱਕ ਇਸ ਪਾਸੇ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਇਸੇ ਤਰ੍ਹਾਂ ਫੋਕਲ ਪੁਆਇੰਟ ਜਿਹੜੇ ਕਿ ਬੰਦ ਕਰ ਦਿੱਤੇ ਗਏ ਹਨ, ਉਨ੍ਹਾਂ ਫੋਕਲ ਪੁਆਇੰਟਾਂ ਤੋਂ ਪਿੰਡਾਂ ਦੇ ਲੋਕਾਂ ਨੂੰ ਕਾਫੀ ਫਾਇਦਾ ਪਹੁੰਚਿਆ ਸੀ। ਮੇਰੀ ਬੇਨਤੀ ਹੈ ਕਿ ਉਨ੍ਹਾਂ ਬੰਦ ਕੀਤੇ ਹੋਏ ਫੋਕਲ ਪੁਆਇੰਟਾਂ ਨੂੰ ਦੁਬਾਰਾ ਚਾਲੂ ਕਰ ਦਿੱਤਾ ਜਾਣਾ ਚਾਹੀਦਾ ਹੈ।

ਪਿਛਲੇ ਸਾਲ ਵਿੱਤ ਮੰਤਰੀ ਜੀ ਨੇ ਕਿਹਾ ਸੀ ਕਿ ਪ੍ਰਾਈਵੇਟ ਸਕੂਲਾਂ ਵਿੱਚ ਵੀ ਪੈਨਸ਼ਨ ਸਕੀਮ ਲਾਗੂ ਕਰ ਦੇਵਾਂਗੇ ਪਰ ਅਜੇ ਤੱਕ ਇਹ ਲਾਗੂ ਨਹੀਂ ਕੀਤੀ ਗਈ। ਮੈਂ ਕਹਿੰਦਾ ਹਾਂ ਕਿ ਇਸ ਸਕੀਮ ਨੂੰ ਲਾਗੂ ਕਰਨ ਬਾਰੇ ਇਸੇ ਸੈਸ਼ਨ ਵਿਚ ਹੀ ਐਲਾਨ ਕਰਨਾ ਚਾਹੀਦਾ ਹੈ ਤਾਂ ਕਿ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਨੂੰ, ਜੋ ਕਿ ਹੜਤਾਲ ਵੱਲ ਵੀ ਆ ਰਹੇ ਹਨ, ਹੜਤਾਲ ਨਾ ਹੋ ਸਕੇ ਅਤੇ ਉਨ੍ਹਾਂ ਨੂੰ ਇਨਸਾਫ ਵੀ ਮਿਲ ਸਕੇ।

ਸਪੀਕਰ ਸਾਹਿਬ, ਪਿਛਲੇ ਸਾਲ ਸੀ.ਐਮ. ਸਾਹਿਬ ਨੇ ਐਲਾਨ ਕੀਤਾ ਸੀ ਕਿ ਅਸੀਂ ਸ਼ਡਿਊਲਡ ਕਾਸਟਾਂ ਵਾਸਤੇ ਰਿਜ਼ਰਵੇਸ਼ਨ ਐਕਟ ਬਣਾਵਾਂਗੇ ਪਰ ਉਹ ਐਕਟ ਅਜੇ ਤੱਕ ਨਹੀਂ ਬਣਿਆ। ਉਹ ਐਕਟ ਲਾਗੂ ਕਰਨਾ ਚਾਹੀਦਾ ਹੈ ਤਾਂ ਕਿ ਜੋ ਜਿਹੜੇ ਗਰੀਬ ਮੁਲਾਜ਼ਮ ਹਨ, ਜਿਨ੍ਹਾਂ ਦੀ ਪਰਮੋਸ਼ਨ ਨਹੀਂ ਕੀਤੀ ਜਾ ਰਹੀ ਅਤੇ ਜਿਹੜੇ ਅਫਸਰ ਉਨ੍ਹਾਂ ਨੂੰ ਰੋਕਦੇ ਹਨ ਉਨਾਂ ਨੂੰ ਕੋਈ ਸਜ਼ਾ ਮਿਲ ਸਕੇ। ਸਪੀਕਰ ਸਾਹਿਬ, ਜਦੋਂ ਗਿਆਨੀ ਜ਼ੈਲ ਸਿੰਘ ਜੀ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਫਿਫਟੀ-ਫਿਫਟੀ ਦੀ ਰਿਜ਼ਰਵੇਸ਼ਨ ਕੀਤੀ ਸੀ ਪਛੜੀਆਂ ਸ਼੍ਰੇਣੀਆਂ ਵਾਸਤੇ, ਉਸ ਉਤੇ ਅਮਲ ਨਹੀਂ ਹੋ ਰਿਹਾ ਹੈ। ਜੇਕਰ ਉਸ ਉਤੇ ਅਮਲ ਕਰ ਦਿੱਤਾ ਜਾਵੇ ਤਾਂ ਇਹ ਬਹੁਤ ਸ਼ਲਾਘਾਯੋਗ ਕੰਮ ਹੋਵੇਗਾ।

ਪੰਜਾਬ ਵਿਚ ਬੇ-ਰੁਜ਼ਗਾਰੀ ਬਹੁਤ ਜ਼ਿਆਦਾ ਹੈ। ਖਾਸ ਕਰਕੇ ਪਛੜੀਆਂ ਸ਼੍ਰੇਣੀਆਂ ਦੇ ਗਰੀਬ ਲੋਕਾਂ ਵਿੱਚ ਔਰ ਸਰਕਾਰ ਇਸ ਨੂੰ ਦੂਰ ਕਰਨ ਦੇ ਉਪਰਾਲੇ ਵੀ ਕਰ ਰਹੀ ਹੈ। ਪਛੜੀਆਂ ਸ਼੍ਰੇਣੀਆਂ ਵਾਲਿਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ ਕਿਉਂਕਿ ਉਹ ਘੱਟ ਪੜ੍ਹੇ-ਲਿਖੇ ਹੁੰਦੇ ਹਨ। ਜਿਹੜੀ ਸਰਕਾਰ ਨੇ ਟਰਾਂਸਪੋਰਟ ਦੀ ਨੀਤੀ ਜਾਂ ਐਕਟ ਬਣਾਇਆ ਹੈ ਉਸ ਵਿੱਚ ਪਛੜੀਆਂ ਸ਼੍ਰੇਣੀਆਂ ਦੇ ਰੂਟ ਪਰਮਿਟਾਂ ਬਾਰੇ ਕੋਈ ਰਿਜ਼ਰਵੇਸ਼ਨ ਨਹੀਂ ਕੀਤੀ। ਇਸ ਵਿਸ ਰਿਜ਼ਰਵੇਸ਼ਨ ਕੀਤੀ ਜਾਵੇ ਤਾਂ ਕਿ ਉਹ ਗਰੀਬ ਲੋਕਾਂ ਨਾਲ ਇਨਸਾਫ ਹੋ ਸਕੇ ਅਤੇ ਉਹ ਵੀ ਤਰੱਕੀ ਕਰ ਸਕਣ।

ਸਿਹਤ ਸਹੂਲਤਾਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਹਸਪਤਾਲਾਂ ਵਿੱਚ ਦਵਾਈਆਂ ਦੀ ਬੜੀ ਘਾਟ ਰਹਿੰਦੀ ਹੈ। ਜਿਸ ਤਰ੍ਹਾਂ ਨਵੇਂ ਜ਼ਿਲ੍ਹੇ ਬਣਾਉਣੇ ਹਨ ਜਾਂ ਨਵੀਆਂ ਸਬ-ਤਹਿਸੀਲਾਂ ਬਣਾਉਣੀਆਂ ਹਨ ਜਾਂ ਪੁਲਿਸ ਲਾਈਨਜ਼ ਬਣਾਉਣੀਆਂ ਹਨ ਇਨ੍ਹਾਂ ਪਾਸਿਆਂ ਵੱਲ ਖਰਚਾ ਘਟਾ ਕੇ ਹਸਪਤਾਲਾਂ ਵਿੱਚ ਦਵਾਈਆਂ ਮੁਹੱਈਆ ਕਰਾਉਣੀਆਂ ਚਾਹੀਦੀਆਂ ਹਨ। ਅੱਜ ਕੱਲ ਇਕ ਕਪਸੂਲ ਹੀ 20-25 ਰਪਏ ਦਾ ਆਉਂਦਾ ਹੈ ਅਤੇ ਗਰੀਬ ਇੰਨੀਆਂ ਮਹਿੰਗੀਆਂ ਦਵਾਈਆਂ ਖਰੀਦਣ ਤੋਂ ਅਸਮਰਥ ਹੁੰਦੇ ਹਨ। ਇਸ ਪਾਸੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਗਰੀਬ ਲੋਕਾਂ ਨੂੰ ਦਵਾਈਆਂ ਆਦਿ ਲੈਣ ਵਿੱਚ ਕੋਈ ਪ੍ਰਾਬਲਮ ਨਾ ਹੋਵੇ।

ਸਪੀਕਰ ਸਾਹਿਬ, ਜਿਹੜੀ ਇਥੇ ਬਿਜਲੀ ਦੀ ਪਾਵਰ ਦੀ ਹਾਲਤ ਹੈ ਉਹ ਸਾਡੇ ਗੁਆਂਢੀ ਰਾਜਾਂ ਨਾਲੋਂ ਤਸੱਲੀਬਖਸ਼ ਹੈ ਲੇਕਿਨ ਬਿਜਲੀ ਮਹਿੰਗੀ ਬਹੁਤ ਹੈ। ਸੈਂਟਰਲ ਗੌਰਮਿੰਟ ਸਾਡੇ ਤੇ ਥਰਮਲ ਪਲਾਂਟ ਠੋਸੀ ਜਾ ਰਹੀ ਹੈ। ਕਦੇ ਕੋਇਲੇ ਦਾ ਰੇਟ ਵੱਧ ਗਿਆ ਅਤੇ ਕਦੇ ਰੇਲ ਦਾ ਭਾੜਾ ਵੱਧ ਗਿਆ, ਇਸ ਦੇ ਨਾਲ ਬਿਜਲੀ ਦੇ ਰੇਟ ਵੱਧਦੇ ਹਨ। ਜੇ ਸਾਡੇ ਆਟੋਮਿਕ ਪਲਾਂਟ ਲਗਾਏ ਜਾਣ ਤਾਂ ਬਿਜਲੀ ਸਸਤੀ ਹੋ ਸਕਦੀ ਹੈ। ਇਸ ਤਰ੍ਹਾਂ ਜੋ ਵੱਡੀ ਗਿਣਤੀ ਵਿੱਚ ਬਿਜਲੀ ਦੀ ਚੋਰੀ ਸ਼ਹਿਰਾਂ ਅਤੇ ਪਿੰਡਾਂ ਵਿੱਚ ਹੁੰਦੀ ਹੈ, ਉਸ ਨੂੰ ਰੋਕਿਆ ਜਾਵੇ ਤਾਂ ਕਿਸਾਨਾਂ ਨੂੰ ਬਿਜਲੀ ਫਰੀ ਮਿਲ ਸਕਦੀ ਹੈ।

Original with;
Punjab Vidhan Sabha
Digitized by;
Panjab Digital Library

Mr. Speaker : Chhajalwadi ji, try to wind up.

**ਸਰਦਾਰ ਰਣਜੀਤ ਸਿੰਘ ਛੱਜਲਵਡੀ** : ਸਪੀਕਰ ਸਾਹਿਬ, ਪਿਛਲੇ ਸਾਲ ਜਿਹੜੀ ਕਣਕ 560 ਰੁਪਏ ਪ੍ਰਤੀ ਕੁਵਿੰਟਲ ਦੇ ਹਿਸਾਬ ਨਾਲ ਬਾਹਰੋਂ ਦੂਜੇ ਦੇਸ਼ਾਂ ਤੋਂ ਮੰਗਵਾਈ ਗਈ ਹੈ ਇਥੇ ਕਿਸਾਨ ਨੂੰ 250, 330 ਰੁਪਏ ਪ੍ਰਤੀ ਕੁਵਿੰਟਲ ਦੇ ਹਿਸਾਬ ਨਾਲ ਕਣਕ ਦਾ ਭਾਅ ਦਿੱਤਾ ਗਿਆ ਹੈ, ਅਗਰ ਇੰਨਾਂ ਭਾਅ ਇਥੇ ਦਿਤਾ ਜਾਵੇ ਅਤੇ ਕਿਸਾਨਾਂ ਨੂੰ ਖਾਦਾਂ ਤੇ ਸਬਸਿਡੀ ਦਿੱਤੀ ਜਾਵੇ ਤਾਂ ਇਥੇ ਦਾ ਕਿਸਾਨ ਹੋਰ ਵੀ ਜ਼ਿਆਦਾ ਕਣਕ ਉਗਾ ਸਕਦਾ ਹੈ ਅਤੇ ਇਸ ਤਰ੍ਹਾਂ ਨਾਲ ਜੋ ਬਿਦੇਸ਼ੀ ਮੁਦਰਾ ਦੂਜੇ ਦੇਸ਼ਾਂ ਨੂੰ ਦੇਣੀ ਪਈ ਹੈ ਉਹ ਬਚ ਸਕਦੀ ਹੈ ਅਤੇ ਇਸ ਤਰ੍ਹਾ ਕਿਸਾਨ ਵੀ ਖੁਸ਼ਹਾਲ ਹੋ ਸਕਦਾ ਹੈ। ਸਪੀਕਰ ਸਾਹਿਬ, ਮੈਂ ਅਖੀਰ ਵਿੱਚ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ ।

**ਸ੍ਰੀ ਸਪੀਕਰ** : ਡਾਕਟਰ ਹਰਬੰਸ ਲਾਲ, ਤੁਸੀਂ 10 ਮਿੰਟ ਬੋਲਣਾ ਹੈ।

**ਡਾਕਟਰ ਹਰਬੰਸ ਲਾਲ** (ਸਰਹਿੰਦ): ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਪਰੋਪਰੀਏਸ਼ਨ ਬਿਲ ਤੇ ਬੋਲਣ ਦਾ ਸਮਾਂ ਦਿੱਤਾ ਹੈ। ਸੱਭ ਤੋਂ ਪਹਿਲਾਂ ਮੈਂ ਆਪਣੇ ਜ਼ਿਲ੍ਹੇ ਦੀ ਗੱਲ ਕਰਦਾਂ ਹਾਂ ਕਿ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਸੜਕਾਂ ਦੀ ਬੜੀ ਘਾਟ ਹੈ ਪਰ ਹੁਣ ਪਿੱਛੇ ਸੜਕਾਂ ਦੀ ਰੀਪੇਅਰ ਵਾਸਤੇ ਜੋ ਸਰਕਾਰ ਨੇ ਫੰਡਜ਼ ਦਿਤੇ ਹਨ, ਮੈਂ ਉਸਦੇ ਲਈ ਧੰਨਵਾਦੀ ਹਾਂ ਕਿ ਬਹੁਤ ਫੰਡਜ਼ ਦਿਤੇ ਹਨ ਪਰ ਸਰਕਾਰ ਨੂੰ ਜਿਹੜੀਆਂ ਲਿੰਕ-ਸੜਕਾਂ ਇਕ-ਇਕ, ਦੋ-ਦੋ ਕਿਲੋਮੀਟਰ, ਮੰਡੀਆਂ ਅਤੇ ਸ਼ਹਿਰਾਂ ਨੂੰ ਜੋੜਨ ਤੋਂ ਰਹਿੰਦੀਆਂ ਹਨ, ਉਨ੍ਹਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਦੂਜਾ ਜਿਸ ਤਰ੍ਹਾਂ ਅਸੀਂ ਇੱਕ ਦੂਜੇ ਨੂੰ ਆਪਸ ਵਿਚ ਜੋੜਨ ਲਈ ਲੱਗੇ ਹਾਂ, ਆਪਸੀ ਭਾਈਚਾਰੇ ਨੂੰ ਬਣਾਉਣ ਵਿੱਚ ਲੱਗੇ ਹੋਏ ਹਾਂ, ਮੈਂ ਸਮਝਦਾ ਹਾਂ ਕਿ ਇਸ ਵਿੱਚ ਇਨ੍ਹਾਂ ਸੜਕਾਂ ਨੂੰ ਵੀ ਬਣਾਇਆ ਜਾਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਦੇ ਬਣ ਜਾਣ ਨਾਲ ਪਿੰਡਾਂ ਦੇ ਲੋਕ ਸ਼ਹਿਰਾਂ ਵਿੱਚ ਅਕਸਰ ਆ ਜਾ ਸਕਦੇ ਹਨ ਅਤੇ ਉਨ੍ਹਾਂ ਦਾ ਆਪਸ ਵਿੱਚ ਭਾਈਚਾਰਾ ਵੱਧਦਾ ਹੈ, ਇਸ ਲਈ ਸਰਕਾਰ ਨੂੰ ਇਸ ਪਾਸੇ ਖਾਸ ਕਦਮ ਚੁੱਕਣੇ ਚਾਹੀਦੇ ਹਨ। ਸਪੀਕਰ ਸਾਹਿਬ, ਫਤਿਹਗੜ੍ਹ ਸਾਹਿਬ 300 ਸਾਲਾਂ ਤੋਂ ਪਛੜਿਆ ਹੋਇਆ ਹੈ ਅਤੇ ਇਸਦੀ ਡੀਵੈਲਪਮੈਂਟ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ। ਮੈਂ ਧੰਨਵਾਦੀ ਹਾਂ ਮਾਨ ਸਾਹਿਬ ਦਾ ਜਿਨ੍ਹਾਂ ਨੇ ਸੜਕਾਂ ਬਣਵਾ ਕੇ ਇਸ ਸ਼ਹਿਰ ਦੀ ਡੀਵੈਲਪਮੈਂਟ ਵੱਲ ਉਸਾਰੂ ਕਦਮ ਚੁਕਿਆ ਹੈ। ਸਾਡਾ ਇਲਾਕਾ ਇੰਡਸਟਰੀ ਪੱਖੋਂ ਵੀ ਪਛੜਿਆ ਹੋਇਆ ਹੈ। ਇੰਡਸਟਰੀ ਬਹੁਤ ਘੱਟ ਹੈ, ਬੱਸੀ ਦੀ ਆਬਾਦੀ ਇਸੇ ਕਰਕੇ ਕਾਫੀ ਘਟੀ ਹੈ ਕਿਉਂਕਿ ਸਾਡੇ ਇਲਾਕੇ ਵਿੱਚ ਇੰਡਸਟਰੀ ਬਿਲਕੁਲ ਨਹੀਂ ਹੈ। ਮੈਂ ਕਹਾਂਗਾ ਸਾਡੇ ਹੈਵੀ-ਯੂਨਿਟ ਲਗਾਏ ਜਾਣ ਤਾਂ ਜੋ ਇੰਡਸਟਰੀ ਪੱਖੋਂ ਪਛੜਿਆ ਜ਼ਿਲ੍ਹਾ ਡੀਵੈਲਪ ਹੋ ਸਕੇ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇੱਕ ਪਾਸੇ ਤਾਂ ਇੰਡਸਟਰੀ ਲਈ ਉਪਰਾਲੇ ਕੀਤੇ ਜਾ ਰਹੇ ਹਨ। ਮੇਰੇ ਹਲਕੇ ਵਿੱਚ ਬੱਸ-ਬਾਡੀ ਅਤੇ ਟਰੱਕ ਬਾਡੀ ਬਣਾਉਣ ਦੀਆਂ ਇੰਡਸਟਰੀਜ਼ ਹਨ ਉਨ੍ਹਾਂ ਨੂੰ ਮੰਡੀ-ਬੋਰਡ ਵਲੋਂ ਨੋਟਿਸ ਜਾਰੀ ਕੀਤੇ ਗਏ ਹਨ ਕਿ ਜਲਦੀ ਤੋਂ ਜਲਦੀ ਆਪਣੀ ਇੰਡਸਟਰੀ ਉਥੋਂ ਚੁੱਕ ਕੇ ਕਿਸੇ ਹੋਰ ਥਾਂ ਤੇ ਚਲੇ ਜਾਵੋ। ਇਕ-ਇਕ ਇੰਡਸਟਰੀ ਵਿੱਚ 40-40, 50-50 ਬੰਦੇ ਕੰਮ ਕਰਦੇ ਹਨ ਅਤੇ ਉਨ੍ਹਾਂ ਦੇ ਰੋਜ਼ਗਾਰ ਚਲੇ ਹੋਏ ਹਨ। ਜੇ ਸਰਕਾਰ ਵੱਲੋਂ ਇਸ ਤਰ੍ਹਾਂ ਕੀਤਾ ਗਿਆ ਤਾਂ ਇਸ ਇੰਡਸਟਰੀ ਨੂੰ ਬਹੁਤ ਵੱਡਾ ਧੱਕਾ ਲੱਗੇਗਾ। ਇਸ ਲਈ ਸਰਕਾਰ ਨੂੰ ਵਿਸ਼ਵਾਸ ਦਿਵਾਉਣਾ ਚਾਹੀਦਾ ਹੈ ਤਾਂ ਜੋ ਸਰਹਿੰਦ ਅਤੇ ਫਤਿਹਗੜ੍ਹ ਸਾਹਿਬ ਦਾ ਪਛੜਿਆ ਹੋਇਆ ਇਲਾਕਾ ਡੀਵੈਲਪ ਹੋ ਸਕੇ। ਮੈਂ ਮਾਨ ਸਾਹਿਬ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਪੁੱਲ ਬਣਾਉਣ ਬਾਰੇ ਕਿਹਾ ਹੈ ਕਿ ਕੁਰਾਲੀ ਵਿਖੇ ਰੇਲਵੇ ਲਾਈਨ ਤੇ ਪੁੱਲ ਬਣਾਇਆ ਜਾਵੇਗਾ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਡਾਕਟਰ ਹਰਬੰਸ ਲਾਲ]

ਉਥੇ ਸਰਹਿੰਦ-ਨੰਗਲ ਦੋ ਚਾਰ ਟਰੇਨਜ਼ ਹੀ ਕਰਾਸ ਕਰਦੀਆਂ ਹਨ ਜਦ ਕਿ ਸਰਹਿੰਦ ਵਿਖੇ ਮੇਨ ਰੇਲਵੇ ਕਰਾਸਿੰਗ ਹੈ ਅਤੇ ਉਥੋਂ ਦੀ ਦਿੱਲੀ, ਅੰਮ੍ਰਿਤਸਰ ,ਅੰਬਾਲਾ-ਨੰਗਲ ਗੱਡੀਆਂ ਕਰਾਸ ਕਰਦੀਆਂ ਹਨ ਅਤੇ ਪਟਿਆਲਾ ਤੋਂ ਮੋਰਿੰਡਾ, ਪਟਿਆਲਾ ਤੋਂ ਰੋਪੜ, ਗੋਬਿੰਦਗੜ੍ਹ-ਖੰਨਾ-ਅਮੋਲਹ ਆਦਿ ਤੋਂ ਖਰੜ, ਚੰਡੀਗੜ੍ਹ ਵੱਲ ਨੂੰ ਆਉਣ ਲਈ ਰੇਲਵੇ ਕਰਾਸਿੰਗ ਸਰਹਿੰਦ ਵਿਖੇ ਕਾਫੀ ਰਸ਼ ਰਹਿੰਦਾ ਹੈ ਅਤੇ ਕਈ ਵਾਰ ਤਾਂ ਜੀ.ਟੀ.ਰੋਡ ਅਤੇ ਇੱਧਰ ਬੱਸੀ ਤੱਕ ਟਰੈਫਿਕ ਜਾਮ ਹੋ ਜਾਂਦਾ ਹੈ। ਮਨਿਸਟਰ ਸਾਹਿਬਾਨ ਦੀਆਂ ਗੱਡੀਆਂ ਵੀ ਲੰਘਦੀਆਂ ਹਨ, ਉਨ੍ਹਾਂ ਨੇ ਵੀ ਦੇਖਿਆ ਹੋਵੇਗਾ। ਲੋਕਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਉਥੇ ਓਵਰ ਬ੍ਰਿਜ ਬਣਾਉਣਾ ਚਾਹੀਦਾ ਹੈ। ਪਿੱਛੇ ਜਿਹੇ ਕੋਆਪਰੇਸ਼ਨ ਦੇ ਫੰਕਸ਼ਨ ਤੇ ਮੰਤਰੀ ਜੀ ਨੇ ਅਨਾਊਂਸਮੈਂਟ ਵੀ ਕੀਤੀ ਸੀ ਪਰ ਮੈਨੂੰ ਅਫਸੋਸ ਹੈ ਕਿ ਬਜਟ ਵਿਚ ਅਜਿਹਾ ਕੁੱਝ ਨਹੀਂ ਆਇਆ, ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

**ਸ਼੍ਰੀ ਸਪੀਕਰ :** ਵਾਈਂਡ ਅੱਪ ਕਰੋ ਜੀ।

**ਡਾਕਟਰ ਹਰਬੰਸ ਲਾਲ :** ਬੱਸੀ ਅਤੇ ਸਰਹਿੰਦ ਵਿਚ ਹਾਲੇ ਕੋਈ ਬੱਸ ਸਟੈਂਡ ਨਹੀਂ ਹੈ। ਟਰਾਂਸ-ਪੋਰਟ ਦਾ ਜਾਂ ਪੰਜਾਬ ਰੋਡਵੇਜ਼ ਦਾ ਕੋਈ ਡਿਪੂ ਨਹੀਂ ਹੈ। ਇਸ ਬਾਰੇ ਮੈਂ ਕਹਾਂਗਾ ਕਿ ਸਰਕਾਰ ਨੂੰ ਬੱਸ ਸਟੈਂਡ ਬਣਾਉਣ ਲਈ ਅਤੇ ਪੰਜਾਬ ਰੋਡਵੇਜ਼ ਦਾ ਡਿਪੂ ਖੋਲ੍ਹਣ ਲਈ ਧਿਆਨ ਦੇਣਾ ਚਾਹੀਦਾ ਹੈ।

ਇਰੀਗੇਸ਼ਨ ਮਹਿਕਮੇ ਬਾਰੇ ਵੀ ਮੈਂ ਕੁੱਝ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਨਾਲ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਹੈ ਅਤੇ ਕੁੱਝ ਪਿੰਡ ਇਸ ਦੇ ਨਾਲ ਵੀ ਜੁੜੇ ਹੋਏ ਹੋਏ ਹਨ। ਇਹ ਇਲਾਕਾ ਪਾਣੀ ਪੱਖੋਂ ਕਾਫੀ ਪਛੜਿਆ ਹੋਇਆ ਹੈ। ਇਸ ਇਲਾਕੇ ਦਾ ਪਾਣੀ ਕਾਫੀ ਹੇਠਾਂ ਆ ਚੁੱਕਾ ਹੈ। ਸਾਡੇ ਮਨਿਸਟਰ ਸਾਹਿਬ ਬਿੱਟਾ ਜੀ ਨੇ ਉਥੇ ਕਾਫੀ ਪਬਲਿਕ ਹੈਲਥ ਦੇ ਯੂਨਿਟ ਲਾਏ ਹਨ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਯੂਨਿਟ ਆਲਰੇਡੀ ਚੱਲ ਰਹੇ ਸਨ ਉਨ੍ਹਾਂ ਨਾਲ ਪਾਣੀ ਹੇਠਾਂ ਆਉਣ ਕਰਕੇ ਉਹ ਬੰਦ ਹੋ ਗਏ ਹਨ। ਉਨ੍ਹਾਂ ਵੱਲ ਧਿਆਨ ਦਿੱਤਾ ਜਾਵੇ ਅਤੇ ਮੀਟਰਾਂ ਵੱਲ ਵੀ ਧਿਆਨ ਦਿੱਤਾ ਜਾਵੇ।

ਪੰਜਾਬ ਇੱਕ ਖੇਤੀ ਪ੍ਰਧਾਨ ਪ੍ਰਦੇਸ਼ ਹੈ ਜਿਸ ਵਿਚ ਪੰਜਾਬ ਦੇ ਕਿਸਾਨਾਂ ਨੇ ਮਿਹਨਤ ਕੀਤੀ ਹੈ ਅਤੇ ਆਪਣਾ ਖੂਨ-ਪਸੀਨਾ ਵਹਾ ਕੇ ਬੰਜਰ ਭੂਮੀ ਨੂੰ ਉਪਜਾਊ ਕੀਤਾ ਹੈ ਅਤੇ ਹਰੀ ਕਰਾਂਤੀ ਲਿਆਂਦੀ ਹੈ। ਉਨ੍ਹਾਂ ਵੱਲ ਵੀ ਧਿਆਨ ਦਿੱਤਾ ਜਾਵੇ ਤਾਂ ਕਿ ਉਹ ਆਪਣੇ ਟਿਊਬਵੈੱਲ ਚਾਲੂ ਕਰ ਸਕਣ ਅਤੇ ਇਸ ਤੋਂ ਇਲਾਵਾ ਹੋਰ ਵੀ ਟਿਊਬਵੈਲ ਲਗਾਉਣੇ ਚਾਹੀਦੇ ਹਨ।

Mr. Speaker : Try to wind up please.

**ਡਾਕਟਰ ਹਰਬੰਸ ਲਾਲ :** ਸਰਹਿੰਦ ਅਤੇ ਬੱਸੀ ਵਿਚ ਸੀਵਰੇਜ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਸੀਵਰੇਜ ਨਾ ਹੋਣ ਕਾਰਨ ਪਾਣੀ ਦਾ ਨਿਕਾਸ ਠੀਕ ਨਹੀਂ ਹੋ ਰਿਹਾ। ਸਰਹਿੰਦ ਵਿਚ ਸੀਵਰੇਜ ਬਿਲਕੁਲ ਨਹੀਂ ਹੈ। ਮੈਂ ਮੰਤਰੀ ਜੀ ਨੂੰ ਕਹਾਂਗਾ ਕਿ ਬੱਸੀ ਵਿਚ ਸੀਵਰੇਜ ਨੂੰ ਡਿਸਪੋਜ਼ਲ ਨਾਲ ਜੋੜਿਆ ਜਾਵੇ ਤਾਂ ਕਿ ਪਾਣੀ ਦਾ ਨਿਕਾਸ ਹੋ ਸਕੇ ਅਤੇ ਲੋਕਾਂ ਨੂੰ ਰਾਹਤ ਮਿਲ ਸਕੇ।

ਧਰਮਸ਼ਾਲਾਵਾਂ ਬਾਰੇ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਥੇ ਕੋਈ 200 ਧਰਮਸ਼ਾਲਾਵਾਂ ਹਨ ਜਿਨ੍ਹਾਂ ਦਾ ਬਹੁਤ ਬੁਰਾ ਹਾਲ ਹੈ। ਭੂਤਾਂ ਪਰੇਤਾਂ ਵਰਗਾ ਹਾਲ ਹੈ। ਇਹ ਬਹੁਤ ਹੀ ਸ਼ਰਮ ਦੀ ਗੱਲ ਹੈ। ਪਿਛਲੇ ਸਾਲ 50,000 ਰੁਪਿਆ ਰੱਖਿਆ ਗਿਆ ਸੀ ਜੋ ਕਿ ਬਹੁਤ ਹੀ ਥੋੜ੍ਹਾ ਹੈ। ਇਸ ਨਾਲ ਤਾਂ ਇੱਕ ਕਮਰਾ ਵੀ ਨਹੀਂ ਪੈ ਸਕਦਾ। ਸਰਕਾਰ ਨੂੰ ਇਸ ਪਾਸੇ ਸਪੈਸ਼ਲ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਬਾਹਰੋਂ ਜਦੋਂ ਕੋਈ ਆਉਂਦਾ ਹੈ ਤਾਂ ਉਸ ਤੇ ਬਹੁਤ ਹੀ ਗਲਤ ਪ੍ਰਭਾਵ ਪੈਂਦਾ ਹੈ। ਸਰਕਾਰ ਇਸ ਪਾਸੇ ਸਪੈਸ਼ਲ

Original with;
Punjab Vidhan Sabha
Digitized by;
Panjab Digital Library

ਧਿਆਨ ਦੇਵੇ ਅਤੇ ਡਿਸਟ੍ਰਿਕਟ ਹੈਡਕੁਆਰਟਰ ਤੇ ਕਲੋਨੀਆਂ ਬਣਾਈਆਂ ਜਾਣ ਤਾਂ ਕਿ ਇੰਪਲਾਈਜ਼ ਨੂੰ ਰਾਹਤ ਮਿਲ ਸਕੇ। ਰਾਸ਼ਨ ਜੋ ਕਿ 400 ਗਰਾਮ ਮਿਲਦਾ ਹੈ ਉਸ ਨੂੰ ਵਧਾ ਕੇ ਇੱਕ ਕਿਲੋ ਜਾਂ ਦੋ ਕਿਲੋ ਕੀਤਾ ਜਾਵੇ। ਆਂਗਨਵਾੜੀਆਂ ਵਿਚ ਵੀ ਰਾਸ਼ਨ ਦਾ ਧਿਆਨ ਰੱਖਿਆ ਜਾਵੇ ਅਤੇ ਸ਼ੁੱਧ ਰਾਸ਼ਨ ਦਿੱਤਾ ਜਾਵੇ ਤਾਂ ਕਿ ਬੱਚਿਆਂ ਦੀ ਸਿਹਤ ਤੇ ਮਾੜਾ ਅਸਰ ਨਾ ਪਵੇ ਕਿਉਂਕਿ ਉਹ ਦੇਸ਼ ਦਾ ਭਵਿੱਖ ਹਨ।

Mr. Speaker : Please resume your seat.

**ਡਾਕਟਰ ਹਰਬੰਸ ਲਾਲ** : ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਅਤੇ ਕਰਮਚਾਰੀਆਂ ਨੂੰ ਖੁਸ਼ ਰੱਖਣਾ ਚਾਹੀਦਾ ਹੈ ਅਤੇ ਕਿਸਾਨਾਂ ਦੀਆਂ ਮੰਗਾਂ ਵਲ ਵੀ ਧਿਆਨ ਦੇਣਾ ਚਾਹੀਦਾ ਹੈ।

**ਸ਼੍ਰੀ ਜੇ ਕਿਸ਼ਨ ਸੈਣੀ** (ਜਲੰਧਰ ਕੇਂਦਰੀ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਪਰੋਪਰੀਏਸ਼ਨ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਚਾਰ-ਪੰਜ ਮੱਦਾਂ ਤੇ ਹੀ ਬੋਲਾਂਗਾ। ਸਭ ਤੋਂ ਪਹਿਲਾਂ ਮੈਂ ਸੇਲਜ਼ ਟੈਕਸ ਬਾਰੇ ਕਹਿਣਾ ਚਾਹੁੰਦਾ ਹਾਂ। ਪਹਿਲਾਂ ਤਾਂ ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਸਰਕਾਰ ਨੇ ਬਜਟ ਵਿਚ ਜੋ ਵਾਅਦਾ ਕੀਤਾ ਸੀ, ਉਸ ਨੂੰ ਪੂਰਾ ਕੀਤਾ ਹੈ ਅਤੇ ਟੈਕਸ ਨੂੰ ਦੂਜੀਆਂ ਸਟੇਟਾਂ ਦੇ ਬਰਾਬਰ ਕੀਤਾ ਹੈ। ਇਸ ਨਾਲ ਕਾਫੀ ਫਰਕ ਪੈਂਦਾ ਹੈ। ਰੈਵੀਨਿਊ ਵਿਚ 'ਡੀ' ਫਾਰਮ ਦੀ ਬੜ੍ਹੀ ਦਿੱਕਤ ਆਉਂਦੀ ਹੈ,ਉਹ ਦੂਰ ਕਰਨੀ ਚਾਹੀਦੀ ਹੈ ਅਤੇ ਜੋ ਮੈਨੂੰਫੈਕਚਰਿੰਗ ਯੂਨਿਟ ਜਿਹੜੇ ਸੈਂਟਰਲ ਐਕਸਾਈਜ਼ ਵਿਚ ਅਦਾਇਗੀ ਕਰਦੇ ਹਨ ਉਹਨਾਂ ਤੇ ਪਹਿਲੀ ਸਟੇਜ ਤੇ ਹੀ ਸੈਲ ਟਕਸ ਲਗਾ ਦੇਣਾ ਚਾਹੀਦਾ ਹੈ ਜਿਸ ਨਾਲ ਸੇਲਜ਼ ਟੈਕਸ ਵਿਚ ਵਾਧਾ ਹੋ ਸਕੇ ਅਤੇ ਇੰਸਪੈਕਟਰੀ ਰਾਜ ਘਟੇ।

ਅਗਲੀ ਆਈਟਮ ਵਿਚ ਮੈਂ ਇੰਡਸਟਰੀ ਬਾਰੇ ਕਹਿਣਾ ਚਾਹੁੰਦਾ ਹਾਂ ਜੋ ਕਿ ਫੋਕਲ ਪੁਆਇੰਟ ਹਨ, ਉਸ ਵਾਸਤੇ ਜੋ ਰੁਪਿਆ ਰੱਖਿਆ ਗਿਆ ਹੈ, ਉਸ ਵਿਚ ਕਾਮਨ ਟਰੀਟਮੈਂਟ ਪਲਾਂਟ ਵਾਸਤੇ ਵੀ ਰੁਪਏ ਰੱਖਣੇ ਚਾਹੀਦੇ ਹਨ ਕਿਉਂਕਿ ਪੋਲਿਊਸ਼ਨ ਬੋਰਡ ਵੱਲੋਂ ਇਕੱਲੀ ਇਕੱਲੀ ਫੈਕਟਰੀ ਨੂੰ ਇਤਰਾਜ਼ ਰਹਿਤ ਸਰਟੀਫੀਕੇਟ ਲੈਣਾ ਪੈਂਦਾ ਹੈ ਇਸ ਲਈ ਮੈਂ ਸਰਕਾਰ ਕੋਲ ਬੇਨਤੀ ਕਰਾਂਗਾ ਕਿ ਉਥੇ ਜਿਥੇ ਵੀ ਫੋਕਲ ਪੁਆਇੰਟ ਬਣਾਉਣੇ ਹਨ ਉਥੇ ਕਾਮਨ ਟਰੀਟਮੈਂਟ ਪਲਾਂਟ ਬਣਾ ਦੇਣਾ ਚਾਹੀਦਾ ਹੈ, ਇਕੱਲੀ ਇਕੱਲੀ ਇੰਡਸਟਰੀ ਵਾਲੇ ਵਾਸਤੇ ਇਹ ਬਣਾਉਣਾ ਮੁਸ਼ਕਲ ਹੈ, ਇਸ ਲਈ ਮੇਰੀ ਬੇਨਤੀ ਹੈ ਕਿ ਕਾਮਨ ਟਰੀਟਮੈਂਟ ਪਲਾਂਟ ਇੰਡਸਟਰੀਅਲ ਐਸਟੇਟਸ ਵਿਚ ਸਰਕਾਰ ਵੱਲੋਂ ਲਗ ਜਾਣਾ ਚਾਹੀਦਾ ਹੈ ਤਾਂ ਕਿ ਜਿਹੜੇ ਸਾਡੇ ਇੰਡਸਟ੍ਰੀਆਲਿਸਟਸ ਹਨ ਉਨ੍ਹਾਂ ਨੂੰ ਦਿੱਕਤ ਨਾ ਹੋਵੇ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਹੌਲੀ ਡੇ ਟੈਕਸ ਦੇ ਬਾਰੇ ਵਿੱਚ ਸੈਂਟਰ ਨੂੰ ਲਿਖਿਆ ਹੈ ਕਿ ਸਾਡੀ ਸਟੇਟ ਨੂੰ ਵੀ ਉਸ ਦੇ ਵਿੱਚ ਲਿਆਂਦਾ ਜਾਵੇ ਤਾਂ ਕਿ ਨਵੇਂ ਯੂਨਿਟ ਜਿਹੜੇ ਬਣਦੇ ਹਨ ਉਨ੍ਹਾਂ ਨੂੰ ਟੈਕਸ ਨਾ ਲਗੇ। ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੁਆਲਿਟੀ ਕੰਟਰੋਲ ਵੀ ਬੜਾ ਜ਼ਰੂਰੀ ਹੈ। ਜੇ ਸਾਡੀ ਕੁਆਲਟੀ ਹੋਵੇਗੀ ਤਾਂ ਸਾਡਾ ਮਾਲ ਜ਼ਿਆਦਾ ਵਿਕੇਗਾ ਜਿਸ ਦੇ ਨਾਲ ਸਾਨੂੰ ਕਾਫੀ ਫਾਇਦਾ ਹੋਵੇਗਾ। ਪੰਜਾਬ ਵਿੱਚ ਪਿਛਲੇ ਕਈ ਸਾਲਾਂ ਤੋਂ ਕੋਈ ਐਗਜ਼ੀਬੇਸ਼ਨ ਨਹੀਂ ਲਗੀ। ਇਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਐਗਜ਼ੀਬੀਸ਼ਨ ਹਰ ਸਹਿਰ ਵਿਚ ਲਗਣੀ ਚਾਹੀਦੀ ਹੈ ਔਰ ਘਟੋ ਘਟ ਹਰ ਸਾਲ ਵਿਚ 10-12 ਐਗਜ਼ੀਬੀਸ਼ਨਜ਼ ਲਗਾਉਣੀਆਂ ਚਾਹਦੀਆਂ ਹਨ ਜਿਸ ਦੇ ਨਾਲ ਲੋਕਾਂ ਨੂੰ ਇਕ ਤਾਂ ਇਹ ਵੀ ਪਤਾ ਲਗੇਗਾ ਕਿ ਸਾਡਾ ਮਾਲ ਕਿਹੜਾ ਬਣਦਾ ਹੈ ਇਸ ਦੇ ਨਾਲ

Original with;
Punjab Vidhan Sabha
Digitized by;
Panjab Digital Library

[ਸ੍ਰੀ ਜੈ ਕਿਸ਼ਨ ਸੈਣੀ]

ਕੰਪੀਟੀਸ਼ਨ ਵੀ ਹੋਵੇਗਾ ਔਰ ਇਸ ਦੇ ਨਾਲ ਸਾਨੂੰ ਪ੍ਰਾਈਸ ਵੀ ਅੱਛੀ ਮਿਲੇਗੀ। ਇਸ ਦੇ ਨਾਲ ਇਹ ਵੀ ਕਰਨਾ ਚਾਹੀਦਾ ਹੈ ਕਿ ਕੋਈ ਉਤਸ਼ਾਹ ਵੀ ਇਸ ਕੰਮ ਵਿੱਚ ਦਿੱਤਾ ਜਾਣਾ ਚਾਹੀਦਾ ਹੈ ਔਰ ਜਿਸ ਦੀ ਪ੍ਰੋਡਕਟ ਅੱਛੀ ਹੋਵੇਗੀ ਉਸ ਨੂੰ ਕੋਈ ਇਨਾਮ ਵੀ ਦੇਣਾ ਚਾਹੀਦਾ ਹੈ । ਕਈ ਆਈਟਮਜ਼ ਦਾ ਲੋਕਾਂ ਨੂੰ ਪਤਾ ਹੀ ਨਹੀਂ ਲਗਦਾ ਹੈ। ਇਸ ਤਰ੍ਹਾਂ ਦੀਆਂ ਐਗਜ਼ੀਬੀਸ਼ਨਜ਼ ਨਾਲ ਲੋਕਾਂ ਨੂੰ ਇਸ ਗੱਲ ਦਾ ਵੀ ਪਤਾ ਲਗੇਗਾ ਕਿ ਕਿਹੜੀਆਂ ਆਈਟਮਜ਼ ਸਾਡੀਆਂ ਇਥੇ ਬਣਦੀਆਂ ਹਨ ਕਿਉਂਕਿ ਬਹੁਤ ਸਾਰੇ ਲੋਕਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਇਹ ਆਈਟਮਜ਼ ਸਾਡੇ ਇਥੇ ਬਣਦੀਆਂ ਹਨ ਜਾਂ ਬਣਾਈਆਂ ਜਾ ਰਹੀਆਂ ਹਨ। ਇਸ ਲਈ ਮੇਰੀ ਰਿਕੁਐਸਟ ਹੈ ਕਿ ਇਥੇ ਐਗਜ਼ੀਬੀਸ਼ਨਜ਼ ਜ਼ਰੂਰ ਕਰਾਉਣੀਆਂ ਚਾਹੀਦੀਆਂ ਹਨ।

ਬਾਕੀ, ਸਪੀਕਰ ਸਾਹਿਬ, ਇਰੀਗੇਸ਼ਨ ਐਂਡ ਪਾਵਰ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਅਛਾ ਕੰਮ ਚਲ ਰਿਹਾ ਹੈ ਔਰ ਥੀਨ ਡੈਮ ਤੇ ਵੀ ਕੰਮ ਚਲ ਰਿਹਾ ਹੈ। ਲੇਕਿਨ ਇਕ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਐਸ.ਵਾਈ.ਐਲ. ਜੋ ਹੈ ਉਹ ਨਹਿਰ ਚਾਲੂ ਨਾ ਹੋਵੇ ਲੇਕਿਨ ਰੋਪੜ ਵਿੱਚ ਪਾਵਰ ਹਾਊਸ ਬਣਾਉਣਾ ਚਾਹੀਦਾ ਹੈ ਔਰ ਉਥੇ ਤਕ ਉਹ ਨਹਿਰ ਚਾਲੂ ਕੀਤੀ ਜਾਵੇ ਉਹ ਪਾਣੀ ਸਾਡਾ ਦਰਿਆ ਵਿੱਚ ਪੈ ਰਿਹਾ ਹੈ ਉਸ ਤੋਂ ਅਗੇ ਨਹਿਰ ਨਹੀਂ ਜਾਣੀ ਚਾਹੀਦੀ । ਇਸ ਦੇ ਨਾਲ ਸਾਡੇ ਕੋਲ ਪਾਵਰ ਲਈ ਹੋਰ ਪਾਣੀ ਹੋ ਜਾਵੇਗਾ। ਹਾਈਡਰੋ ਇਲੈਕਟ੍ਰਿਕ ਪਲਾਂਟ ਬਣਾ ਕੇ ਪੈਸਾ ਇਕੋ ਵਾਰੀ ਹੀ ਖਰਚ ਦਿੱਤਾ ਜਾਵੇ ਜਿਸ ਦੇ ਨਾਲ ਸਾਨੂੰ ਹੋਰ ਜ਼ਿਆਦਾ ਪਾਵਰ ਮਿਲ ਸਕਦੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਉਥੇ ਹਾਈਡਰੋ ਇਲੈਕਟ੍ਰਿਕ ਪਲਾਂਟ ਬਣਾਇਆ ਜਾਵੇ ਅਤੇ ਇਕੋ ਵਾਰੀ ਹੀ ਪੈਸਾ ਖ਼ਰਚ ਕਰਨਾ ਚਾਹੀਦਾ ਹੈ। ਇਹ ਠੀਕ ਹੈ ਕਿ ਥਰਮਲ ਪਲਾਂਟ ਸਾਡੇ ਹਨ, ਰੋਪੜ ਵੀ ਥਰਮਲ ਪਲਾਂਟ ਹੈ ਜਿਥੇ ਬਿਜਲੀ ਪੈਦਾ ਹੁੰਦੀ ਹੈ, ਇਹ ਸ਼ਲਾਘਾਯੋਗ ਗੱਲ ਹੈ ਪਰ ਕਈ ਵਾਰੀ ਕੋਲੇ ਦੀ ਦਿੱਕਤ ਆ ਜਾਂਦੀ ਹੈ ਸਟਰਾਈਕ ਦੀ ਵਜ੍ਹਾ ਕਰਕੇ ਜਾਂ ਕਿਸੀ ਹੋਰ ਕਾਰਨ ਕੋਲਾ ਨਹੀਂ ਮਿਲਦਾ ਤਾਂ ਬੜੀ ਦਿੱਕਤ ਆਉਂਦੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਹਾਈਡਰੋ ਪ੍ਰੋਜੈਕਟ ਜੋ ਹਨ ਉਨ੍ਹਾਂ ਵੱਲ ਸਰਕਾਰ ਨੂੰ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਬਿਜਲੀ ਦੇ ਮਾਮਲੇ ਵਿੱਚ ਸਪਲਾਈ ਰੈਗੂਲਰ ਮਿਲ ਸਕੇ।

ਲੋਕਲ ਸੈਲਫ਼ ਗੌਰਮਿੰਟ ਦੇ ਬਾਰੇ, ਸਪੀਕਰ ਸਾਹਿਬ, ਮੈਂ ਕਹਿਣਾ ਚਾਹਾਂਗਾ। ਮੈਂ ਚੀਫ ਮਨਿਸਟਰ ਸਾਹਿਬ ਨੂੰ ਔਰ ਡਾਕਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਔਰ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਜਲੰਧਰ ਵਿੱਚ ਮੈਡੀਕਲ ਕਾਲਜ ਖੋਲ੍ਹਣ ਲਈ ਐਲਾਨ ਕੀਤਾ ਹੈ ਔਰ ਉਥੇ ਦੋ ਮੁਰੀਆ ਪੁਲ ਵੀ ਬਣਾਉਣਾ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਦੋ ਮੁਰੀਆ ਪੁਲ ਵਾਸਤੇ ਇਸ ਸਾਲ ਬਜਟ ਵਿਚ ਜ਼ਰੂਰ ਕੋਈ ਅਮਾਊਂਟ ਐਲੋਕੇਟ ਕੀਤੀ ਜਾਵੇ ਔਰ ਉਹ ਅਮਾਊਂਟ ਖਰਚ ਕੀਤੀ ਜਾਵੇ ਤਾਂ ਕਿ ਲੋਕਾਂ ਦੀ ਦਿੱਕਤ ਦੂਰ ਕਰਨ ਵਾਸਤੇ ਕੋਸ਼ਿਸ਼ ਕੀਤੀ ਹੈ ਉਹ ਦਿੱਕਤ ਦੂਰ ਹੋ ਸਕੇ ਅਤੇ ਕੰਮ ਸ਼ੁਰੂ ਹੋ ਸਕੇ। ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਲੰਧਰ ਵਿੱਚ ਜਿਹੜੀ ਲੋਕਲ ਕਾਰਪੋਰੇਸ਼ਨ ਹੈ ਉਥੇ ਸਾਰੇ ਸੀਵਰੇਜ ਦਾ ਪਾਣੀ ਖੁਲ੍ਹੇ ਨਾਲੇ ਰਾਹੀਂ "ਬੇਈ" ਨੂੰ ਜਾਂਦਾ ਹੈ ਔਰ ਉਸ ਦੇ ਫਿਊਮਜ਼ ਇਤਨੇ ਖ਼ਰਾਬ ਹਨ ਔਰ ਪਾਣੀ ਇਤਨਾ ਗੰਦਾ ਹੈ ਕਿ ਉਸ ਨਾਲੇ ਤੇ ਇਕ ਪਿੰਡ ਜਮਸ਼ੇਰ ਹੈ ਉਥੇ ਬਿਜਲੀ ਬੋਰਡ ਨੇ 220 ਕੇ.ਵੀ. ਦਾ ਸਬ ਸਟੇਸ਼ਨ ਬਣਾਇਆ ਹੈ ਉਥੇ ਫਿਊਮਜ਼ ਦੇ ਨਾਲ ਮਕੈਨੀਕਲ ਸਿਸਟਮ ਜੋ ਹੈ ਉਹ ਖ਼ਰਾਬ ਹੋ ਰਿਹਾ ਹੈ ਔਰ ਜੇ ਉਹ ਖ਼ਰਾਬ ਹੋ ਜਾਵੇਗਾ ਤਾਂ ਉਥੇ ਬਿਜਲੀ ਨਹੀਂ ਮਿਲ ਸਕੇਗੀ। ਇਸ ਦੇ ਲਈ ਮੈਂ ਬੇਨਤੀ ਕਰਾਂਗਾ ਕਿ ਜੇ ਇਹ ਸੀਵਰੇਜ ਦਾ ਪਾਣੀ ਟਰੀਟ ਹੋ ਜਾਵੇ, ਪਾਣੀ ਦੀ

Original with;
Punjab Vidhan Sabha
Digitized by;
Panjab Digital Library

ਟਰੀਟਮੈਂਟ ਕੀਤੀ ਜਾਵੇ ਤਾਂ ਇਸ ਦੇ ਨਾਲ ਇਕ ਤਾਂ ਲੋਕਾਂ ਨੂੰ ਫਾਇਦਾ ਹੋਵੇਗਾ ਅੰਰ ਦੂਸਰਾ ਉਹ ਪਾਣੀ ਖੇਤਾਂ ਨੂੰ ਲਗ ਸਕਦਾ ਹੈ। ਇਸ ਦੇ ਲਈ ਮੇਰੀ ਬੇਨਤੀ ਹੈ ਕਿ ਕੋਈ ਸਪੈਸ਼ਲ ਫੰਡ ਪ੍ਰੋਵਾਈਡ ਕੀਤੇ ਜਾਣ ਤਾਂ ਕਿ ਲੋਕਾਂ ਦੀ ਇਹ ਦਿੱਕਤ ਦੂਰ ਹੋ ਸਕੇ।

ਝੁੱਗੀਆਂ ਦੇ ਬਾਰੇ ਸਪੀਕਰ, ਸਾਹਿਬ, ਮੈਂ ਕਹਾਂਗਾ ਕਿ ਜਲੰਧਰ ਸ਼ਹਿਰ ਵਿੱਚ ਪਿਛਲੇ 20 ਸਾਲਾਂ ਤੋਂ ਲੋਕੀਂ ਝੁੱਗੀਆਂ ਵਿੱਚ ਬੈਠੇ ਹਨ ਜੋ ਭੰਭੀਰੀਆਂ ਜਾਂ ਵਾਜੇ ਵਗੈਰਾ ਬਣਾ ਕੇ ਆਪਣਾ ਰੁਜ਼ਗਾਰ ਕਰਦੇ ਹਨ। ਸਰਕਾਰ ਦੀ ਕੋਈ ਝੁੱਗੀਆਂ ਝੌਂਪੜੀਆਂ ਵਾਸਤੇ ਅਨਾਉਂਸਮੈਂਟ ਸੁਣ ਰਹੇ ਹਾਂ ਉਸ ਦੇ ਵਾਸਤੇ ਮੇਰੀ ਬੇਨਤੀ ਹੈ ਕਿ ਉਥੇ ਵੀ ਧਿਆਨ ਰਖਿਆ ਜਾਵੇ ਤਾਂ ਕਿ ਉਥੇ ਦੇ ਲੋਕਾਂ ਨੂੰ ਰਹਿਣ ਨੂੰ ਕੋਈ ਅੱਛੀ ਜਗ੍ਹਾਂ ਮਿਲ ਸਕੇ।

**Mr. Speaker** : Try to wind up please.

**ਸ੍ਰੀ ਜੈ ਕਿਸ਼ਨ ਸੈਣੀ** : ਸਪੀਕਰ ਸਾਹਿਬ, ਕਾਰਪੋਰੇਸ਼ਨਜ਼ ਲਈ ਕਾਫ਼ੀ ਫੰਡਜ਼ ਰੱਖੇ ਗਏ ਹਨ ਲੇਕਿਨ ਇਸ ਦੇ ਬਾਵਜੂਦ ਫੰਡਜ਼ ਦੀ ਕਾਫ਼ੀ ਲੋੜ ਰਹਿੰਦੀ ਹੈ। ਮੇਰੀ ਇਹ ਸੁਜੈਸ਼ਨ ਹੈ ਕਿ ਲੈਂਡ ਆਦਿ ਦੀ ਜੋ ਰਜਿਸਟਰੇਸ਼ਨ ਹੁੰਦੀ ਹੈ ਉਸ ਦੀ ਜਿਹੜੀ ਫ਼ੀਸ ਹੈ, ਸਪੈਸ਼ਲੀ ਜਿਹੜੀ ਸ਼ਹਿਰਾਂ ਦੀ ਰਜਿਸਟਰੇਸ਼ਨ ਫ਼ੀਸ ਲਈ ਜਾਂਦੀ ਹੈ, ਉਹ ਕਾਰਪੋਰੇਸ਼ਨਜ਼ ਨੂੰ ਮਿਲਣੀ ਚਾਹੀਦੀ ਹੈ। ਦੂਸਰੇ, ਜਿਹੜਾ ਐਂਟਰਟੇਨਮੈਂਟ ਟੈਕਸ ਹੈ ਉਹ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਲੈ ਜਾਂਦਾ ਹੈ, ਮੇਰੀ ਸੁਜੈਸ਼ਨ ਹੈ ਕਿ ਇਹ ਵੀ ਕਾਰਪੋਰੇਸ਼ਨਜ਼ ਨੂੰ ਮਿਲਣਾ ਚਾਹੀਦਾ ਹੈ। ਇਸ ਪੈਸੇ ਨਾਲ ਕਾਰਪੋਰੇਸ਼ਨਾ ਆਪਣੇ ਕਾਫ਼ੀ ਕੰਮ ਕਰ ਸਕਦੀਆਂ ਹਨ ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਕਾਰਪੋਰੇਸ਼ਨ ਦੇ ਏਰੀਆ ਵਿਚ ਜਿੰਨੀ ਬਿਜਲੀ ਕਨਜ਼ਿਊਮ ਹੁੰਦੀ ਹੈ ਉਸ ਤੇ ਦੋ ਪੈਸੇ ਪ੍ਰਤੀ ਯੂਨਿਟ ਕਾਰਪੋਰੇਸ਼ਨ ਨੂੰ ਦਿੱਤਾ ਜਾਣਾ ਹੈ। ਮੇਰੀ ਬੇਨਤੀ ਹੈ ਕਿ ਇਹ ਵੀ ਫ਼ਸਟ ਅਪਰੈਲ ਤੋਂ ਚਾਲੂ ਹੋ ਜਾਣਾ ਚਾਹੀਦਾ ਹੈ ਤਾਂ ਕਿ ਕਾਰਪੋਰੇਸ਼ਨ ਕੋਲ ਜ਼ਿਆਦਾ ਤੋਂ ਜ਼ਿਆਦਾ ਫੰਡਜ਼ ਆ ਸਕਣ ।

ਸਪੀਕਰ ਸਾਹਿਬ, ਕਾਰਪੋਰੇਸ਼ਨਜ਼ ਵਿਚ ਮੇਅਰਜ਼ ਨੂੰ ਕਿਹਾ ਜਾਂਦਾ ਹੈ ਕਿ ਉਹ ਫਸਟ ਸਿਟੀਜ਼ਨ ਹੈ ਪਰ ਇਸ ਸਬੰਧੀ ਐਕਟ ਵਿਚ ਕੋਈ ਪ੍ਰੋਵੀਜ਼ਨ ਨਹੀਂ, ਆਪਣੇ ਆਪ ਭਾਵੇਂ ਉਹ ਜਾ ਕੇ ਕਿਤੇ ਬੈਠ ਜਾਏ । ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਇਸ ਦੇ ਬਾਰੇ ਗੌਰ ਕਰਨਾ ਚਾਹੀਦਾ ਹੈ ਅੰਰ ਮੇਅਰ ਨੂੰ ਮਨਿਸਟਰ ਦੇ ਬਰਾਬਰ ਸਟੇਟਸ ਦੇਣਾ ਚਾਹੀਦਾ ਹੈ ਪਰ ਸਾਡੇ ਇਥੇ ਮੇਅਰ ਦਾ ਕੋਈ ਸਟੇਟਸ ਨਹੀਂ। ਲੋਕ ਚਾਹੁੰਦੇ ਹਨ ਕਿ ਜੋ ਫ਼ਾਰਨ ਵਿਚ ਮੇਅੱਰ ਦਾ ਸਟੇਟਸ ਹੈ ਉਹ ਇਥੇ ਹੋਵੇ। ਸੋ ਮੇਰੀ ਬੇਨਤੀ ਹੈ ਉਸ ਦੇ ਸਟੇਟਸ ਬਾਰੇ ਜ਼ਰੂਰ ਗੌਰ ਕਰਨਾ ਚਾਹੀਦਾ ਹੈ।

**ਸ੍ਰੀ ਸਪੀਕਰ** : ਵਾਈਂਡ ਅੱਪ ਕਰੋ।

**ਸ੍ਰੀ ਜੈ ਕਿਸ਼ਨ ਸੈਣੀ** ; ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਟੈਕਨੀਕਲ ਐਜੂਕੇਸ਼ਨ ਵਾਸਤੇ ਬਹੁਤ ਫੰਡਜ਼ ਰੱਖੇ ਹਨ, ਮੈਂ ਸਰਕਾਰ ਦਾ ਧੰਨਵਾਦੀ ਹਾਂ। ਮੇਰਾ ਸੁਝਾਉ ਹੈ ਕਿ ਇਹ ਟਰੇਨਿੰਗ 8ਵੀਂ ਕਲਾਸ ਤੋਂ ਸ਼ੁਰੂ ਹੋ ਜਾਣੀ ਚਾਹੀਦੀ ਹੈ ਤਾਂ ਕਿ ਸਟੂਡੈਂਟ ਮੈਟਰਿਕ ਕਰਕੇ ਹਟੇ ਤੇ ਆਪਣਾ ਮਨ ਬਣਾ ਲਵੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਮੋ ਕਿਸ਼ਨ ਸੈਣੀ]

ਕਿ ਉਸ ਨੇ ਕੀ ਕਰਨਾ ਹੈ। ਉਸ ਦੇ ਬਾਅਦ ਜਿਧਰ ਉਸ ਨੇ ਜਾਣਾ ਹੈ ਉਹ ਸ਼ਿਫਟ ਹੋ ਜਾਵੇ। ਛੋਟੀ ਉਮਰ ਤੋਂ ਹੀ ਜੋ ਸਟੂਡੈਂਟ ਟੈਕਨੀਕਲ ਮਾਈਂਡ ਦੇ ਹੋਣਗੇ ਤਾਂ ਲਾਭਦਾਇਕ ਹੋਵੇਗਾ।

ਸਪੀਕਰ ਸਾਹਿਬ, ਆਖਿਰ ਵਿਚ ਮੈਂ ਮਹਿਕਮਾ ਵੈਲਫੇਅਰ ਦੇ ਬਾਰੇ ਇਕ ਪੁਆਇੰਟ ਕਹਿ ਕੇ ਬੈਠ ਜਾਵਾਂਗਾ। ਪਿਛਲੇ ਸਾਲਾਂ ਵਿਚ ਪੰਜਾਬ ਵਿਚ ਅੱਤਵਾਦੀਆਂ ਨੇ ਬਹੁਤ ਲੇਡੀਜ਼ ਦੇ ਹਸਬੈਂਡਜ਼ ਮਾਰ ਦਿੱਤੇ ਔਰ ਉਨ੍ਹਾਂ ਵਿਧਵਾਵਾਂ ਨੂੰ ਪੈਨਸ਼ਨਜ਼ ਮਿਲਦੀਆਂ ਹਨ ਪਰ ਜਿਸ ਵੇਲੇ ਉਸਦਾ ਲੜਕਾ ਰੋਜ਼ਗਾਰ ਤੇ ਲਗ ਜਾਂਦਾ ਹੈ ਜਾਂ 18 ਸਾਲਾਂ ਦਾ ਹੋ ਜਾਂਦਾ ਹੈ ਤਾਂ ਪੈਨਸ਼ਨ ਹਟਾ ਦਿਤੀ ਜਾਂਦੀ ਹੈ। ਇਹ ਪੈਨਸ਼ਨ ਬੰਦ ਨਹੀਂ ਹੋਣੀ ਚਾਹੀਦੀ। ਮੈਂ ਇਕ ਮਿਸਾਲ ਦਿੰਦਾ ਹਾਂ ਕਿ ਇਕ ਲੇਡੀ ਦਾ ਲੜਕਾ ਰੋਜ਼ਗਾਰ ਤੇ ਲਗ ਗਿਆ, ਇਸ ਲਈ ਉਸ ਦੀ ਪੈਨਸ਼ਨ ਬੰਦ ਕਰ ਦਿੱਤੀ ਗਈ। ਪਰ ਫਿਰ ਲੜਕੇ ਦੀ ਮੈਰਿਜ ਹੋ ਗਈ ਅਤੇ ਉਹ ਮਾਂ ਤੋਂ ਜੁਦਾ ਹੋ ਗਿਆ। ਇਹੋ ਜਿਹੀਆਂ ਜਿਹੜੀਆਂ ਲੇਡੀਜ਼ ਹਨ ਉਨ੍ਹਾਂ ਨੂੰ ਪੈਨਸ਼ਨ ਲਗਾਤਾਰ ਮਿਲਣੀ ਹੀ ਚਾਹੀਦੀ ਹੈ। ਇਤਨਾ ਕਹਿ ਕੇ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ। ਧੰਨਵਾਦ।

**ਸਰਦਾਰ ਸੁਰਜਨ ਸਿੰਘ** (ਜੋਗਾ) : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ। ਭਾਵੇਂ ਟਾਈਮ ਥੋੜ੍ਹਾ ਹੈ ਪਰ ਮੈਂ ਉਸ ਦੇ ਵਿਚ ਹੀ ਆਪਣੇ ਕੁਝ ਵਿਚਾਰ ਰੱਖਣ ਦੀ ਕੋਸ਼ਿਸ਼ ਕਰਾਂਗਾ।

ਸਪੀਕਰ ਸਾਹਿਬ, ਇਹ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਇਸ ਦੇ ਵਿਚ ਇਸ ਗੱਲ ਦੀ ਬੜੀ ਘਾਟ ਮਹਿਸੂਸ ਹੋਈ ਹੈ ਕਿ ਜਿਹੜੇ ਪਿੰਡਾਂ ਦੇ ਖੇਤ ਮਜ਼ਦੂਰ ਹਨ ਜਾਂ ਛੋਟੇ ਕਿਸਾਨ ਹਨ ਉਨ੍ਹਾਂ ਵਾਸਤੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਦੇ ਖੇਤ ਮਜ਼ਦੂਰ ਹਨ ਉਨ੍ਹਾਂ ਨੂੰ ਕਈ ਕਈ ਮਹੀਨੇ ਫਾਕਾ ਕਟਣਾ ਪੈਂਦਾ ਹੈ ਕਿਉਂਕਿ ਉਨ੍ਹਾਂ ਨੂੰ ਸਾਲ ਵਿਚ ਦੋ ਮਹੀਨੇ ਕੰਮ ਮਿਲਦਾ ਹੈ ਅਤੇ ਦਸ ਮਹੀਨੇ ਉਹ ਵਿਹਲੇ ਰਹਿੰਦੇ ਹਨ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਕੋਈ ਬੇਰੋਜ਼ਗਾਰ ਭੱਤਾ ਮਿਲਣਾ ਚਾਹੀਦਾ ਹੈ। ਪਿੰਡਾਂ ਵਿਚ ਗਰੀਬ ਕਿਸਾਨ ਤਬਾਹ ਹੋ ਰਹੇ ਹਨ ਕਿਉਂਕਿ ਪਿੰਡਾਂ ਦੀਆਂ ਜ਼ਮੀਨਾਂ ਧਨਾਢਾਂ ਦੇ ਹਿੱਸੇ ਵਿਚ ਆ ਰਹੀਆਂ ਹਨ ਔਰ ਉਹ ਲੋਕ ਮਜ਼ਦੂਰੀ ਕਰਨ ਵਲ ਵੱਧਦੇ ਜਾ ਰਹੇ ਹਨ। ਇਸ ਗੱਲ ਦਾ ਜ਼ਿਕਰ ਵੀ ਇਸ ਬਜਟ ਵਿਚ ਨਹੀਂ ਹੈ। ਸਪੀਕਰ ਸਾਹਿਬ, ਪਿੰਡਾਂ ਦੇ ਵਿਕਾਸ ਲਈ ਪਿੰਡਾਂ ਵਿਚ ਜਿਹੜੀਆਂ ਕਿਸਾਨਾਂ ਲਈ ਗਰਾਂਟਾਂ ਦਿਤੀਆਂ ਜਾਂਦੀਆਂ ਹਨ, ਉਹ ਠੇਕੇਦਾਰੀ ਸਿਸਟਮ ਹੋਣ ਕਰਕੇ ਠੇਕੇਦਾਰ ਹੀ ਖਾ ਜਾਂਦਾ ਹੈ। ਸਪੀਕਰ ਸਾਹਿਬ, ਠੇਕੇਦਾਰੀ ਸਿਸਟਮ ਨੂੰ ਖ਼ਤਮ ਕਰਨਾ ਚਾਹੀਦਾ ਹੈ ਕਿਉਂਕਿ ਠੇਕੇਦਾਰ ਹੀ ਜੋ ਗਰਾਂਟਾਂ ਹੁੰਦੀਆਂ ਹਨ ਉਹ ਹੜੱਪ ਕਰ ਜਾਂਦੇ ਹਨ।

ਫਿਰ ਵਿਦਿਆ ਦਾ ਜੋ ਪ੍ਰਬੰਧ ਪਿੰਡਾਂ ਵਿਚ ਹੈ ਉਸ ਵਿਚ ਘਾਟ ਹੈ। ਪਿੰਡਾਂ ਔਰ ਸ਼ਹਿਰਾਂ ਦੇ ਵਿਚ ਜੋ ਵਿਦਿਆ ਦਾ ਪਾੜਾ ਹੈ ਉਹ ਬਹੁਤ ਵੱਡਾ ਹੈ। ਪਿੰਡਾਂ ਵਿਚ ਜੋ ਪੜ੍ਹਾਈ ਕਰਾਉਣ ਦਾ ਸਾਧਨ ਹੈ, ਉਹ ਘਟੀਆ ਕਿਸਮ ਦਾ ਹੈ। ਕਿਤਾਬਾਂ ਦਾ ਬੋਝ ਹੀ ਗਰੀਬ ਜਵਾਕਾਂ ਤੇ ਰਖਿਆ ਜਾਂਦਾ ਹੈ। ਇਸ ਲਈ ਮੈਂ ਇਹ ਮੰਗ ਕਰਾਂਗਾ ਕਿ ਪਿੰਡਾਂ ਵਿਚ ਨਾਲ ਦੀ ਨਾਲ ਕੰਮਾਂ ਧੰਦਿਆਂ ਦੀ ਟ੍ਰੇਨਿੰਗ ਵੀ ਦੇਣੀ ਚਾਹੀਦੀ ਹੈ। ਇਸ ਗੱਲ ਦੀ ਇਸ ਵੇਲੇ ਘਾਟ ਹੈ। ਇਸ ਲਈ ਵਿਦਿਆ ਦੇ ਨਾਲ ਨਾਲ ਕੰਮ ਧੰਦਿਆਂ ਦੀ ਟਰੇਨਿੰਗ ਦੇਣੀ ਚਾਹੀਦੀ ਹੈ ਤਾਕਿ ਗਰੀਬ ਬੱਚੇ ਕੋਈ ਆਪਣਾ ਕਿੱਤਾ ਦਸਵੀਂ ਜਮਾਤ ਪਾਸ ਕਰਕੇ ਕਰ ਸਕਣ।

Original with;
Punjab Vidhan Sabha
Digitized by;
Panjab Digital Library

ਪਿੰਡਾਂ ਦੀਆਂ ਗਲੀਆਂ ਦਾ ਕੋਈ ਚੰਗਾ ਪ੍ਰਬੰਧ ਨਹੀਂ, ਕਿਉਂ ਕਿ ਬਾਰਸ਼ਾਂ ਦੇ ਦਿਨਾਂ ਵਿਚ ਉਥੇ ਗੋਡੇ ਗੋਡੇ ਪਾਣੀ ਖੜਾ ਹੋ ਜਾਂਦਾ ਹੈ ਔਰ ਗਰੀਬ ਲੋਕਾਂ ਨੂੰ ਲੰਘਣਾ ਮੁਸ਼ਕਲ ਹੋ ਜਾਂਦਾ ਹੈ। ਪੰਜਾਬ ਦਾ ਪੇਂਡੂ ਇਲਾਕਾ, ਸਪੀਕਰ ਸਾਹਿਬ, ਬੜਾ ਪਛੜਿਆ ਹੋਇਆ ਹੈ। ਸਭਿਆਚਾਰ ਦਾ ਕੰਮ ਜੋ ਹੈ, ਉਸ ਵਿਚ ਘੱਟ ਖਰਚ ਕੀਤਾ ਜਾਂਦਾ ਹੈ। ਸਭਿਆਚਾਰਕ ਪ੍ਰੋਗਰਾਮ ਜੋ ਪਿੰਡਾਂ ਦੇ ਵਿਚ ਚਲ ਰਿਹਾ ਹੈ ਉਹ ਵੀ ਘਟੀਆ ਕਿਸਮ ਦਾ ਹੈ ਜਿਸ ਨਾਲ ਨੌਜਵਾਨਾਂ ਉਤੇ ਮਾੜਾ ਅਸਰ ਪੈਂਦਾ ਹੈ। ਇਸ ਕਰਕੇ ਮੈਂ ਮੰਗ ਕਰਦਾ ਹਾਂ ਕਿ ਇਸ ਪ੍ਰੋਗਰਾਮ ਵਿਚ ਦੇਸ਼-ਭਗਤੀ ਦੀ ਭਾਵਨਾ ਹੋਣੀ ਚਾਹੀਦੀ ਹੈ। ਫਿਰ, ਸਪੀਕਰ ਸਾਹਿਬ, ਪਿੰਡਾਂ ਵਿਚ ਸੀਲਿੰਗ ਐਕਟ ਲਾਗੂ ਹੋਣਾ ਚਾਹੀਦਾ ਹੈ, ਕਿਉਂਕਿ ਕੁਝ ਲੋਕਾਂ ਦੇ ਹਥਾਂ ਵਿਚ ਜਾਇਦਾਦ ਇਕੱਠੀ ਹੋ ਰਹੀ ਹੈ। 80 ਪ੍ਰਤੀਸ਼ਤ ਲੋਕ ਪਿੰਡਾਂ ਵਿਚ ਵਾਹੀ ਕਰ ਰਹੇ ਹਨ। ਪਰ ਉਨ੍ਹਾਂ ਪਾਸ ਸਾਧਨ ਨਹੀਂ ਹਨ। ਸਾਧਨ ਇਸ ਕਰਕੇ ਨਹੀਂ ਹਨ ਕਿਉਂਕਿ ਉਨ੍ਹਾਂ ਗਰੀਬਾਂ ਪਾਸ ਜ਼ਮੀਨ ਬਹੁਤ ਥੋੜ੍ਹੀ ਥੋੜ੍ਹੀ ਹੁੰਦੀ ਹੈ। ਇਸ ਲਈ ਜੇਕਰ ਸੀਲਿੰਗ ਐਕਟ ਲਾਗੂ ਹੋ ਜਾਵੇ ਤਾਂ ਉਨ੍ਹਾਂ ਗਰੀਬ ਕਿਸਾਨਾਂ ਨੂੰ ਦੂਸਰੇ ਵੀ ਸਾਧਨ ਮੁਹੱਈਆ ਹੋ ਸਕਦੇ ਹਨ ਔਰ ਖੇਤੀ ਦੀ ਸਹੂਲਤ ਦੂਸਰਿਆਂ ਨੂੰ ਵੀ ਮਿਲ ਸਕਦੀ ਹੈ। ਗਰੀਬ ਵਧੀਆ ਢੰਗ ਨਾਲ ਖੇਤੀ ਕਰ ਸਕਦੇ ਹਨ ਲੇਕਿਨ ਸਪੀਕਰ ਸਾਹਿਬ, ਜ਼ਮੀਨ ਘਟ ਹੋਣ ਕਰਕੇ ਵਧੀਆ ਖੇਤੀ ਨਹੀਂ ਕਰ ਸਕਦੇ । ਫਿਰ ਮਜ਼ਦੂਰ ਦੀ ਗੱਲ ਹੈ। ਉਸ ਦੀ ਦਿਹਾੜੀ ਸੂਚਕ ਅੰਕ ਨਾਲ ਜੋੜ ਦੇਣੀ ਚਾਹੀਦੀ ਹੈ। ਪਿੰਡਾਂ ਵਿਚ ਜੋ ਬਿਜਲੀ ਮੁਫਤ ਦੇਣ ਦੀ ਸਹੂਲਤ ਦਿੱਤੀ ਜਾਂਦੀ ਹੈ, ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਸਹੂਲਤ ਬਹੁਤ ਸਾਰੇ ਪਿੰਡਾਂ ਨੂੰ ਨਹੀਂ ਦਿੱਤੀ ਗਈ। ਮੇਰੇ ਹਲਕੇ ਵਿਚ ਇਕ ਵੀ ਐਸਾ ਪਿੰਡ ਨਹੀਂ ਹੈ ਜਿੱਥੇ ਕਿ ਬਿਜਲੀ ਮੁਫਤ ਦੇਣ ਦੀ ਸਹੂਲਤ ਦਿੱਤੀ ਜਾਂਦੀ ਹੋਵੇ। ਇਸ ਲਈ ਮੈਂ ਮੰਗ ਕਰਦਾ ਹਾਂ ਕਿ ਉਹ ਮੇਰੇ ਹਲਕੇ ਦੇ ਪਿੰਡਾਂ ਵਿਚ ਦਿੱਤੀ ਜਾਣੀ ਚਾਹੀਦੀ ਹੈ । ਜੋ ਹੈਲਥ ਵਿਜ਼ਟਰਜ਼ ਹਨ, ਉਹ ਗਰੀਬ ਹਨ । ਦਸ ਦਸ ਸਾਲ ਵਿਚਾਰੀਆਂ ਨੂੰ ਕੰਮ ਕਰਦੀਆਂ ਨੂੰ ਹੋ ਗਏ ਹਨ ਪਰ ਉਨ੍ਹਾਂ ਨੂੰ ਪੱਕਿਆਂ ਨਹੀਂ ਕੀਤਾ ਗਿਆ। ਇਸ ਲਈ, ਉਹ ਪੱਕੀਆਂ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੇਰਾ ਹਲਕਾ ਬਹੁਤ ਪਛੜਿਆ ਹੋਇਆ ਹੈ। ਇਸ ਲਈ ਮੈਂ ਮੰਗ ਕਰਦਾ ਹਾਂ ਕਿ ਉਥੇ ਇੰਡਸਟਰੀ ਲਗਾਈ ਜਾਣੀ ਚਾਹੀਦੀ ਹੈ, ਜਿਸ ਨਾਲ ਲੋਕਾਂ ਨੂੰ ਸਹੂਲਤ ਮਿਲ ਸਕੇ, ਰੁਜ਼ਗਾਰ ਮਿਲ ਸਕੇ। ਇਸ ਤਰ੍ਹਾਂ ਪਿੰਡਾਂ ਦੇ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤ ਦਿੱਤੀ ਜਾਵੇ । ਮੇਰੇ ਹਲਕੇ ਵਿਚ ਪਿੰਡ ਹਰੀਕੇ ਬੁਰਜ ਹੈ, ਉਥੇ ਦੇ ਲੋਕਾਂ ਨੂੰ ਆਪਣਾ ਅਨਾਜ ਲੈ ਕੇ ਵੇਚਣ ਲਈ 20/20 ਕਿਲੋਮੀਟਰ ਜਾਣਾ ਪੈਂਦਾ ਹੈ। ਇਸ ਬਾਰੇ ਮੈਂ ਮੰਤਰੀ ਜੀ ਨੂੰ ਦਰਖਾਸਤ ਵੀ ਦਿੱਤੀ ਹੈ ਔਰ ਮੈਂ ਆਸ ਕਰਦਾ ਹਾਂ ਕਿ ਉਹ ਉਸ ਉਤੇ ਜਲਦੀ ਵਿਚਾਰ ਕਰਨਗੇ ਔਰ ਉਥੇ ਕੋਈ ਖਰੀਦ ਕੇਂਦਰ ਖੋਲ੍ਹਣਗੇ। ਫਿਰ ਪਿੰਡਾਂ ਦੇ ਗਰੀਬ ਲੋਕਾਂ ਨੂੰ ਕਾਨੂੰਨੀ ਸਹਾਇਤਾ ਮਿਲਣੀ ਚਾਹੀਦੀ ਹੈ। ਪੰਜ ਹਜ਼ਾਰ ਦੇ ਕਰਜ਼ੇ ਹਨ, ਉਹ ਮੁਆਫ ਹੋਣੇ ਚਾਹੀਦੇ ਹਨ ਔਰ ਜਿਹੜੇ ਬੈਂਕ ਮਨੇਜਰ ਅਜੇ ਵੀ ਉਗਰਾਹੀ ਕਰ ਰਹੇ ਹਨ ਉਨ੍ਹਾਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ.........

**ਸ੍ਰੀ ਸਪੀਕਰ** : ਜੋਗਾ ਜੀ, ਵਾਈਂਡ ਅੱਪ ਕਰੋ।

**ਕਾਮਰੇਡ ਸੁਰਜਨ ਸਿੰਘ ਜੋਗਾ** : ਸਪੀਕਰ ਸਾਹਿਬ, ਪਿੰਡਾਂ ਵਿਚ ਜਿਹੜੇ ਡਿਪੂ ਹਨ, ਉਨ੍ਹਾਂ ਦਾ ਕੋਟਾ ਘੱਟ ਹੈ, ਉਹ ਵੀ ਵਧਾਇਆ ਜਾਵੇ......... ।

Original with;
Punjab Vidhan Sabha
Digitized by;
Panjab Digital Library

**ਖੇਤੀਬਾੜੀ ਅਤੇ ਵਣ ਮੰਤਰੀ**: ਸਪੀਕਰ ਸਾਹਿਬ, ਕਿਸੇ ਵੀ ਕਿਸਾਨ ਨੂੰ 20 ਕਿਲੋਮੀਟਰ ਨਹੀਂ ਜਾਣਾ ਪੈਂਦਾ, ਪਰਚੇਜ਼ ਸੈਂਟਰ ਨੇੜੇ ਨੇੜੇ ਖਲ੍ਹੇ ਹੋਏ ਹਨ, ਇਹ ਸਹੀ ਗੱਲ ਨਹੀਂ ਕਹਿ ਰਹੇ।

**ਸਰਦਾਰ ਸੁਰਜਨ ਸਿੰਘ** : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਸੜਕਾਂ ਅਧੂਰੀਆਂ ਪਈਆਂ ਹਨ। ਮੈਂ ਮੰਗ ਕਰਦਾ ਹਾਂ ਕਿ ਉਹ ਕੰਪਲੀਟ ਕੀਤੀਆਂ ਜਾਣ। ਨਾਲ ਦੀ ਨਾਲ ਇਹ ਵੀ ਮੰਗ ਕਰਦਾ ਹਾਂ ਕਿ ਪਿੰਡ ਜੋਗਾ ਵਿਚ ਕਮਿਊਨਿਟੀ ਹੈਲਥ ਸੈਂਟਰ ਖੋਲ੍ਹਿਆ ਜਾਵੇ, ਕਿਉਂਕਿ ਜੋ ਹਸਪਤਾਲ ਖਿਆਲਾ ਵਿਚ ਉਥੋਂ ਨੇੜੇ ਹੈ ਉਹ 10 ਬੈਡਾਂ ਦਾ ਹੈ, ਉਥੇ ਪਿੰਡ ਭਾਈ ਥਾਪੜਕੇ ਦੇ ਲੋਕਾਂ ਨੂੰ ਜਾਣ ਵਿਚ ਮੁਸ਼ਕਲ ਹੁੰਦੀ ਹੈ ਔਰ ਜਿਥੇ ਹੁਣ ਖਿਆਲਾ ਵਿਚ ਕਮਿਊਨਿਟੀ ਹੈਲਥ ਸੈਂਟਰ ਚਲਦਾ ਹੈ ਉਹ 20 ਕਿਲੋਮੀਟਰ ਦੀ ਦੂਰੀ ਉਤੇ ਹੈ। ਮਰੀਜ਼ ਨੂੰ ਉਥੇ ਜਾਣ ਲਈ 20 ਕਿਲੋਮੀਟਰ ਪੈ ਜਾਂਦਾ ਹੈ, ਇਸ ਲਈ ਮੇਰੇ ਪਿੰਡ ਜੋਗਾ ਵਿਚ ਇਹ ਖੋਲ੍ਹਣਾ ਚਾਹੀਦਾ ਹੈ...... ।

**Mr. Speaker** : Please take your seat now.

**ਕਾਮਰੇਡ ਸੁਰਜਨ ਸਿੰਘ ਜੋਗਾ** : ਜੋ ਮੇਰੇ ਇਲਾਕੇ ਦੀਆਂ ਸਮੱਸਿਆਵਾਂ ਹਨ ਉਹ ਮੈਂ ਸਰਕਾਰ ਦੇ ਸਾਹਮਣੇ ਰੱਖ ਦਿੱਤੀਆਂ ਹਨ ਔਰ ਹੋਰ ਵੀ ਕਈ ਕੁਝ ਕਹਿਣਾ ਸੀ ਪਰ ਟਾਈਮ ਘੱਟ ਮਿਲਿਆ ਹੈ। ਧੰਨਵਾਦ।

**ਡਾਕਟਰ ਮਹਿੰਦਰ ਕੁਮਾਰ ਰਿਣਵਾ** (ਫਾਜ਼ਿਲਕਾ): ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਐਪ੍ਰੋਪਰੀਏਸ਼ਨ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਦੇ ਨਾਲ ਹੀ ਮੈਂ ਆਪਣੇ ਵਿੱਤ ਮੰਤਰੀ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਅਜਿਹਾ ਐਪਰੋ-ਪ੍ਰੀਏਸ਼ਨ ਬਿਲ ਲਿਆ ਕੇ ਜਿਹੜੀ ਸਾਡੇ ਪੰਜਾਬ ਦੀ ਇਕੋਨਮੀ ਕਰਾਈਸਿਜ਼ ਵਿਚ ਜਾ ਰਹੀ ਸੀ ਉਸ ਨੂੰ ਵਾਪਸ ਆਪਣੀਆਂ ਲੀਹਾਂ ਤੇ ਲਿਆਂਦਾ ਹੈ। ਇਕ ਗੱਲ ਮੈਂ ਜ਼ਰੂਰ ਕਹਾਂਗਾ ਜੋ ਮਿੱਤਲ ਸਾਹਿਬ ਨੇ ਵੀ ਕਹੀ ਹੈ ਕਿ ਜਿਹੜੇ ਨਾਨ-ਪਰੋਡਕਟਿਵ ਖ਼ਰਚੇ ਹਨ ਇਹ ਘਟਣੇ ਚਾਹੀਦੇ ਹਨ ਤਾਂਕਿ ਜਿਹੜਾ ਵੇਸਟਫੁੱਲ ਐਕਸਪੈਂਡੀਚਰ ਹੈ ਇਹ ਡਿਵੈਲਪਮੈਂਟ ਤੇ ਲਗ ਸਕੇ। ਪੰਜਾਬ ਕਿਉਂਕਿ ਖੇਤੀ ਪ੍ਰਧਾਨ ਸੂਬਾ ਹੈ ਪਰ ਸਾਡੀ ਖੇਤੀ ਉਦੋਂ ਤਕ ਕਾਮਯਾਬ ਨਹੀਂ ਹੋ ਸਕਦੀ ਜਦੋਂ ਤਕ ਇਸਨੂੰ ਪੂਰਾ ਪਾਣੀ ਨਾ ਮਿਲੇ। ਪਾਣੀ ਕਿਸਾਨ ਲਈ ਲਾਈਫ ਲਾਈਨ ਹੈ। ਸਪੀਕਰ ਸਾਹਿਬ, ਮੈਂ ਪੰਜਾਬ ਦੀ ਐਗਰੀਕਲਚਰ ਦੇ ਮੁਤੱਲਕ ਹੀ ਗੱਲ ਕਰਾਂਗਾ। ਇਸ ਵਾਸਤੇ ਸਾਨੂੰ ਤਕਰੀਬਨ 2/3 ਹਿੱਸਾ ਜੋ ਹੈ ਉਹ ਵਰਲਡ ਬੈਂਕ ਤੋਂ ਏਡ ਮਿਲਦੀ ਹੈ। 1992-93 ਵਿਚ ਵਰਲਡ ਬੈਂਕ ਤੋਂ 56 ਕਰੋੜ ਮਿਲਿਆ ਜਿਹੜਾ ਕਿ ਕਨਸ-ਟ੍ਰਕਸ਼ਨ ਆਫ਼ ਲੋਅ ਡੈਮਜ਼ ਦੇ ਵਾਸਤੇ ਸੀ ਉਨ੍ਹਾਂ ਵਿਚੋਂ ਇਕ ਦਮੁਸਾਲ ਡੈਮ ਤਾਂ ਕੰਪਲੀਟ ਵੀ ਹੋ ਚੁੱਕਾ ਹੈ ਔਰ ਬਾਕੀਆਂ ਦਾ ਕੰਮ ਚਲ ਰਿਹਾ ਹੈ। ਬਾਕੀ ਜਿਵੇਂ ਇਥੇ ਗੱਲ ਆਈ ਹੈ ਕਿ ਪਾਣੀ ਘਟਦਾ ਜਾ ਰਿਹਾ ਹੈ ਇਸ ਵਾਸਤੇ ਡੀਪ ਟਿਊਬਵੈਲ ਲਾਉਣ ਵਾਸਤੇ 1992-93 ਵਿਚ 54 ਡੀਪ ਟਿਊਬਵੈਲ ਲਾਉਣ ਦਾ ਪ੍ਰੋਗਰਾਮ ਬਣਾਇਆ ਗਿਆ ਔਰ ਇਸ ਨਾਲ 3240 ਏਕੜ ਰਕਬਾ ਸਿੰਚਾਈ ਦੇ ਅੰਦਰ ਆਇਆ ਹੈ। ਸਭ ਤੋਂ ਵਧੀਆ ਤਰੀਕਾ ਸਿੰਚਾਈ ਵਾਸਤੇ ਦਰਿਆਵਾਂ ਦੇ ਪਾਣੀ ਦਾ ਹੈ। ਪੰਜਾਬ ਵਿਚ 50 ਲੱਖ ਹੈਕਟਰ ਰਕਬੇ ਵਿਚੋਂ 43 ਲੱਖ ਹੈਕਟਰ ਰਕਬਾ ਸਿੰਚਾਈ ਥੱਲੇ ਆਉਂਦਾ ਹੈ ਔਰ 7 ਲੱਖ ਹੈਕਟਰ ਰਕਬਾ ਐਸਾ ਹੈ ਜਿਸ ਲਈ ਕਿ ਸਿੰਚਾਈ ਦੇ ਸਾਧਨ ਉਪਲਬੱਧ ਨਹੀਂ ਹਨ। ਇਸ ਵਿਚੋਂ 18 ਲੱਖ ਹੈਕਟਰ ਦਾ ਰਕਬਾ ਜਿਹੜਾ ਹੈ ਉਸ ਦੀ ਕੈਨਾਲ ਦੇ ਪਾਣੀ ਨਾਲ ਸਿੰਚਾਈ ਕੀਤੀ ਜਾਂਦੀ ਹੈ ਔਰ 32 ਲੱਖ ਦੀ ਡੀਪ ਟਿਊਬਵੈਲ ਦੇ ਰਾਹੀਂ ਸਿੰਚਾਈ

Original with;
Punjab Vidhan Sabha
Digitized by;
Panjab Digital Library

ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ 23 ਲੱਖ ਹੈਕਟਰ ਰਕਬਾ ਐਸਾ ਹੈ ਜਿਥੇ ਪ੍ਰਾਈਵੇਟ ਟਿਊਬਵੈਲਜ਼ ਵਗੈਰਾ ਲਗੇ ਹਨ। ਇਸ ਤਰ੍ਹਾਂ ਨਾਲ ਸਬ-ਸੋਇਲ ਵਾਟਰ ਜਿਹੜਾ ਹੈ ਇਹ ਬਹੁਤ ਰੈਪਿਡਲੀ ਗਿਰ ਰਿਹਾ ਹੈ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ 118 ਬਲਾਕ ਹਨ ਜਿਨ੍ਹਾਂ ਨੂੰ ਡਾਰਕ ਬਲਾਕ ਕਿਹਾ ਜਾਂਦਾ ਹੈ ਔਰ ਇਨ੍ਹਾਂ ਵਿਚ ਵੀ 30 ਐਸੇ ਬਲਾਕ ਹਨ ਜਿਹੜੇ ਕਿ ਵਾਈਟ ਬਲਾਕ ਕਹੇ ਜਾਣ ਲਗੇ ਹਨ ਕਿਉਂਕਿ ਉਥੇ ਪਾਣੀ ਬਿਲਕੁਲ ਘੱਟ ਗਿਆ ਹੈ ਔਰ ਡੀਪ ਟਿਊਬਵੈਲ ਲਾ ਕੇ ਵੀ ਪਾਣੀ ਨਹੀਂ ਮਿਲਦਾ ਔਰ ਖਰਚਾ ਵੀ ਬਹੁਤ ਪੈਂਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ ਇਥੇ ਪਾਣੀ ਦੀ ਲੋੜ ਨੂੰ ਮੁੱਖ ਰਖਦੇ ਹੋਏ ਜਿਹੜਾ ਜਮਨਾ ਵਾਟਰ ਦਾ ਇਸ਼ੂ ਲਿਆ ਹੈ ਇਹ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਬਹੁਤ ਹੀ ਚੰਗਾ ਕੰਮ ਕੀਤਾ ਹੈ ਔਰ ਬਹੁਤ ਹੀ ਸਰਾਹਨਿਯ ਕਦਮ ਹੈ। ਮੈਂ ਸਮਝਦਾ ਹਾਂ ਕਿ 1966 ਵਿਚ ਜਿਹੜਾ ਇੰਟਰ-ਸਟੇਟ ਵਾਟਰ ਡਿਸਪਿਊਟ ਦਾ ਮਸਲਾ ਸੀ ਉਸ ਨੂੰ ਹੁਣ ਰੀਵਿਊ ਕਰਨਾ ਚਾਹੀਦਾ ਹੈ । ਵੇਖਣ ਵਿਚ ਇਹ ਆਇਆ ਹੈ ਕਿ ਪਾਣੀ ਦੇ ਜਿੰਨੇ ਮਸਲੇ ਹਨ ਇਹ ਪਿਛਲੇ 15 ਸਾਲ ਤੋਂ ਡੀਸਾਈਡ ਨਹੀਂ ਹੋ ਸਕੇ, ਇਸ ਲਈ ਮੈਂ ਚਾਹੁੰਦਾ ਹਾਂ ਕਿ ਇਹ ਜਿਤਨੇ ਮਸਲੇ ਹਨ ਇਹ ਸੁਪ੍ਰੀਮ ਕੋਰਟ ਦੇ ਹਵਾਲੇ ਕਰ ਦੇਣੇ ਚਾਹੀਦੇ ਹਨ।

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਡਰੇਨਾਂ ਦੀ ਸਫ਼ਾਈ ਹਰ 3 ਸਾਲ ਦੀ ਬਜਾਏ ਹਰ ਸਾਲ ਕੀਤੀ ਜਾਣੀ ਚਾਹੀਦੀ ਹੈ ਤਾਂਕਿ ਪੰਜਾਬ ਦੇ ਅੰਦਰ ਸਾਊਥ ਵੈਸਟ ਕਾਰਨਰ ਵਾਲੇ ਪਾਸੇ ਜਿਹੜੀ ਵਾਟਰ-ਲਾਗਿੰਗ ਹੁੰਦੀ ਹੈ ਉਸ ਨੂੰ ਘਟਾਇਆ ਜਾ ਸਕੇ। ਹੁਣ ਤਕ ਪੰਜਾਬ ਦੇ ਸਾਊਥ ਵੈਸਟ ਕਾਰਨਰ ਵਿਚ 175 ਕਿਲੋਮੀਟਰ ਤਕ ਡਰੇਨਜ਼ ਦੀ ਸਫ਼ਾਈ ਹੋ ਚੁੱਕੀ ਹੈ ਇਸ ਕੰਮ ਨੂੰ ਹੋਰ ਤੇਜ਼ ਕਰਨਾ ਚਾਹੀਦਾ ਹੈ। ਇਸ ਦੇ ਵਾਸਤੇ ਜਿਹੜਾ 6 ਕਰੋੜ ਰੁਪਿਆ ਰਖਿਆ ਹੈ ਇਹ ਬਹੁਤ ਘੱਟ ਹੈ। ਇਸ ਨੂੰ ਵਧਾਉਣਾ ਚਾਹੀਦਾ ਹੈ। ਇਰੀਗੇਸ਼ਨ ਦਾ ਜਿਹੜਾ ਬਜਟ ਹੈ ਇਹ ਵੀ ਵਧਾਇਆ ਜਾਣਾ ਚਾਹੀਦਾ ਹੈ ਤਾਂ ਕਿ ਨਹਿਰਾਂ ਦੀ ਮੁਰੰਮਤ ਦਾ ਕੰਮ ਜਲਦੀ ਕੀਤਾ ਜਾ ਸਕੇ।

ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਵੇਲੇ ਇਕ ਲੱਖ ਦੇ ਕਰੀਬ ਵਾਟਰ ਕੋਰਸਿਜ਼ ਹਨ। ਇਨ੍ਹਾਂ ਵਿਚੋਂ ਹੁਣ ਤਕ ਸਿਰਫ 30 ਹਜ਼ਾਰ ਹੀ ਅਲਾਈਨਡ ਕੀਤੇ ਗਏ ਹਨ ਬਾਕੀ 70 ਹਜ਼ਾਰ ਹਾਲੇ ਅਲਾਈਨ ਹੋਣ ਵਾਲੇ ਹਨ। ਇਸ ਨਾਲ ਹੁਣ ਤਕ ਤਕਰੀਬਨ 3 ਲੱਖ ਹੈਕਟਰ ਰਕਬਾ ਸਿੰਚਾਈ ਹੇਠ ਆਇਆ ਹੈ ਇਸ ਵੱਲ ਸਰਕਾਰ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਸਿੰਚਾਈ ਹੇਠ ਜ਼ਮੀਨ ਜ਼ਿਆਦਾ ਤੋਂ ਜ਼ਿਆਦਾ ਆ ਸਕੇ ।

ਹੁਣ ਮੈਂ ਫੂਡ ਐਂਡ ਸਪਲਾਈਜ਼ ਡਿਪਾਰਟਮੈਂਟ ਦੀ ਗੱਲ ਕਰਦਾ ਹਾਂ। ਇਹ ਜਿਹੜਾ ਪਬਲਿਕ ਡਿਸਟਰੀਬਿਊਸ਼ਨ ਸਿਸਟਮ ਹੈ ਇਸ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ ਔਰ ਨਵੇਂ ਡਿਪੂ ਖੋਲ੍ਹੇ ਜਾਣੇ ਚਾਹੀਦੇ ਹਨ। ਇਹ ਨਵੇਂ ਡਿਪੂ ਗਰੀਬ ਆਦਮੀਆਂ ਨੂੰ ਦਿੱਤੇ ਜਾਣੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਗਰੀਬ ਲੋਕਾਂ ਦੀ ਰੋਟੀ ਦਾ ਮਸਲਾ ਹੱਲ ਹੋ ਸਕੇ।

ਸਪੀਕਰ ਸਾਹਿਬ, ਹੁਣ ਮੈਂ ਹੈਲਥ ਡਿਪਾਰਟਮੈਂਟ ਦੀ ਗੱਲ ਕਰਦਾ ਹਾਂ । ਬਜਾਏ ਨਵੀਆਂ ਡਿਸਪੈਂਸਰੀਆਂ ਹੋਰ ਖੋਲ੍ਹਣ ਦੇ ਜਿਹੜੀਆਂ ਮੌਜੂਦਾ ਡਿਸਪੈਂਸਰੀਆਂ ਸਰਕਾਰ ਨੇ ਖੋਲ੍ਹੀਆਂ ਹਨ ਉਸ ਦੇ ਇਨਫਰਾਸਟਰਕਚਰ ਨੂੰ ਮਜ਼ਬੂਤ ਕਰਨ ਦੀ ਲੋੜ ਹੈ, ਇਸ ਵਿਚ ਵਾਧਾ ਕਰਨ ਦੀ ਲੋੜ ਹੈ। ਹਸਪਤਾਲਾਂ ਵਿਚ ਜੇਕਰ ਗਰੀਬ ਮਰੀਜ਼ਾਂ ਨੂੰ ਦਵਾਈਆਂ ਨਹੀਂ ਮਿਲਣੀਆਂ ਅਤੇ ਸਰਕਾਰ ਨੇ ਅਗਰ ਡਿਸਪੈਂਸਰੀਆਂ

Original with;
Punjab Vidhan Sabha
Digitized by;
Panjab Digital Library

[ਡਾਕਟਰ ਮਹਿੰਦਰ ਕੁਮਾਰ ਰਿਨਵਾ]

ਵਿਚ ਦਵਾਈਆਂ ਪ੍ਰੋਵਾਈਡ ਨਹੀਂ ਕਰਨੀਆਂ ਤਾਂ ਫੇਰ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਕੋਈ ਫਾਇਦਾ ਗਰੀਬ ਮਰੀਜ਼ਾਂ ਨੂੰ ਨਹੀਂ ਹੋਵੇਗਾ। ਇਸ ਦੇ ਨਾਲ ਹੀ ਸ਼ਹਿਰਾਂ ਦੇ ਵਿੱਚ ਸਪੈਸ਼ਲਿਸਟ ਡਾਕਟਰ ਮਿਲ ਜਾਂਦੇ ਹਨ ਪਰ ਇਨ੍ਹਾਂ ਦੀ ਘਾਟ ਸਬਡਵੀਜ਼ਨਾਂ ਵਿੱਚ ਮਹਿਸੂਸ ਕੀਤੀ ਜਾਂਦੀ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਸਬ-ਡਵੀਜ਼ਨ ਲੈਵਲ ਤੇ ਵੀ ਸਪੈਸ਼ਲਿਸਟ ਡਾਕਟਰਾਂ ਨੂੰ ਭੇਜਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਡੋਰਸਟੈਪਸ ਤੇ ਡਾਕਟਰੀ ਸਹਾਇਤਾ ਮਿਲ ਸਕੇ। (ਵਿਘਨ) ਲਾਈਫ ਸੇਵਿੰਗ ਡਰੱਗਜ਼ ਤੇ ਟੈਕਸ ਨਹੀਂ ਹੋਣਾ ਚਾਹੀਦਾ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਰਕਾਰ ਨੇ ਵੈਟਰਨਰੀ ਵਿਚ ਕਾਫੀ ਕੰਮ ਕੀਤਾ ਹੈ ਅਤੇ ਸਰਕਾਰ ਦੀ ਵੈਟਰਨਰੀ ਵੈਨ ਪਸ਼ੂ ਧੰਨ ਦੀ ਸੰਭਾਲ ਲਈ ਪਿੰਡਾਂ ਵਿਚ ਜਾਂਦੀ ਹੈ ਅਤੇ ਵੈਟਰਨਰੀ ਡਾਕਟਰ ਪਸ਼ੂਆਂ ਦੀ ਜਾਂਚ ਕਰਦੇ ਹਨ। ਸਰਕਾਰ ਦਾ 200 ਹੋਰ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਹੈ। ਇਹ ਬੜਾ ਸ਼ਲਾਘਾਯੋਗ ਕਦਮ ਹੈ। ਸਰਕਾਰ ਨੇ ਇਕ ਸਾਲ ਵਿਚ ਕਾਫੀ ਪ੍ਰੋਗਰੈਸ ਕੀਤੀ ਹੈ ਅਤੇ ਹਰ ਖੇਤਰ ਵਿਚ ਇੰਪ੍ਰੂਵਮੈਂਟ ਲਿਆਂਦੀ ਹੈ।

ਹੁਣ ਮੈਂ ਕੋਆਪਰੇਟਿਵ ਮਹਿਕਮੇ ਬਾਰੇ ਗੱਲ ਕਰਦਾ ਹਾਂ। ਇਸ ਦੇ ਨਾਲ ਛੋਟੇ ਕਿਸਾਨ ਅਤੇ ਵੱਡੇ ਕਿਸਾਨ ਦਾ ਸਿੱਧਾ ਸਬੰਧ ਹੁੰਦਾ ਹੈ। ਸਾਡਾ ਕੋਆਪਰੇਟਿਵ ਸਿਸਟਮ ਬਹੁਤ ਪਛੜਿਆ ਹੋਇਆ ਹੈ। । ਗੁਜਰਾਤ ਅਤੇ ਮਹਾਰਾਸ਼ਟਰ ਵਾਂਗ ਇਸ ਦੀ ਇੰਪਰੂਵਮੈਂਟ ਕਰਨ ਦੀ ਲੋੜ ਹੈ, ਜਿਸ ਤਰ੍ਹਾਂ ਉਥੇ ਮਹਾਂਰਾਸਟਰ ਅਤੇ ਗੁਜਰਾਤ ਵਿਚ ਕਿਸਾਨ ਨੂੰ ਫੈਸਿਲਟੀਜ਼ ਦਿੱਤੀਆਂ ਜਾਂਦੀਆਂ ਹਨ ਉਸੇ ਤਰ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਇਹ ਠੀਕ ਹੈ ਕਿ ਸਾਡਾ ਮਾਰਕਫੈਡ ਦਾ ਅਦਾਰਾ ਕਾਫੀ ਫਾਇਦੇ ਵਿਚ ਚਲ ਰਿਹਾ ਹੈ। ਪਰ ਸਾਡੀ ਸ਼ੂਗਰਫੈਡ ਜਿਹੜੀ 15 ਸ਼ੂਗਰ ਮਿਲਾਂ ਚਲਾ ਰਹੀ ਹੈ ਇਨ੍ਹਾਂ ਵਿਚੋਂ 1–2 ਸ਼ੂਗਰ ਮਿਲਾਂ ਨੂੰ ਛੱਡ ਕੇ ਬਾਕੀ ਸਾਰੀਆਂ ਘਾਟੇ ਵਿਚ ਚਲ ਰਹੀਆਂ ਹਨ। ਇਸ ਦੇ ਕੀ ਕਾਰਨ ਹਨ? (ਘੰਟੀ)

**ਸ਼੍ਰੀ ਸਪੀਕਰ** : ਵਾਈਂਡ ਅਪ ਕਰੋ।

**ਡਾਕਟਰ ਮਹਿੰਦਰ ਕੁਮਾਰ ਰਿਨਵਾ** : ਸਪੀਕਰ ਸਾਹਿਬ, ਸ਼ੂਗਰਫੈਡ ਸਾਡੀ ਘਾਟੇ ਵਿਚ ਚਲ ਰਹੀ ਹੈ, ਇਸ ਦੇ ਵਿਚ ਸੁਧਾਰ ਲਿਆਉਣ ਲਈ ਸਰਕਾਰ ਨੂੰ ਯਤਨ ਕਰਨੇ ਚਾਹੀਦੇ ਹਨ। ਸਾਡਾ ਗਵਾਂਢੀ ਸੂਬਾ ਪਛੜਿਆ ਹੋਇਆ ਸੂਬਾ ਹੈ, ਉਥੇ ਇਰੀਗੇਸ਼ਨ ਦੀਆਂ ਫੈਸਿਲਟੀਜ਼ ਵੀ ਘੱਟ ਹਨ ਅਤੇ ਟੈਕਨੀਕਲ ਨਾਲਿਜ ਵੀ ਉਨ੍ਹਾਂ ਨੂੰ ਘੱਟ ਹੈ ਪਰ ਫੇਰ ਵੀ ਉਨ੍ਹਾਂ ਦੀ ਸ਼ੂਗਰਫੈਡ ਫਾਇਦੇ ਵਿਚ ਚਲ ਰਹੀ ਹੈ। ਇਸ ਨੂੰ ਚੈਕ ਕਰਨ ਦੀ ਲੋੜ ਹੈ।

ਇਸ ਤੋਂ ਬਾਅਦ ਮੈਂ ਐਜੂਕੇਸ਼ਨ ਡਿਪਾਰਟਮੈਂਟ ਦੀ ਗੱਲ ਕਰਦਾ ਹਾਂ। ਇਸ ਮਹਿਕਮੇ ਵਿਚ ਸਟੀਰੀਓ ਟਾਈਪ ਕੰਮ ਚਲਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਟੈਕਨੀਕਲ ਐਜੂਕੇਸ਼ਨ ਵਿਚ ਵਾਧਾ ਕਰਨਾ ਚਾਹੀਦਾ ਹੈ। ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ 2 ਹੋਰ ਕਾਲਜ ਬਾਰਡਰ ਦੇ ਏਰੀਏ ਵਿਚ

Original with;
Punjab Vidhan Sabha
Digitized by;
Panjab Digital Library

ਖੋਲ੍ਹੇ ਜਾਣਗੇ। ਮੈਂ ਬੇਨਤੀ ਕਰਾਂਗਾ ਕਿ ਇਕ ਇੰਜੀਨੀਅਰਿੰਗ ਕਾਲਜ, ਫਾਜ਼ਿਲਕਾ ਵਿਚ ਖੋਲ੍ਹ ਦਿੱਤਾ ਜਾਵੇ ਇਸ ਦੇ ਲਈ ਅਸੀਂ ਸਰਕਾਰ ਨੂੰ 150 ਏਕੜ ਜ਼ਮੀਨ ਫਰੀ ਆਫ ਕਾਸਟ ਦੇਵਾਂਗੇ। ਬਾਰਡਰ ਏਰੀਆ ਵਿਚ ਟੈਕਨੀਕਲ ਕਾਲਜ ਖੋਲ੍ਹਣ ਦੀ ਲੋੜ ਹੈ, ਇਸ ਦੇ ਨਾਲ ਬਾਰਡਰ ਦੇ ਏਰੀਏ ਦੇ ਨੌਜਵਾਨਾਂ ਨੂੰ ਫਾਇਦਾ ਹੋਵੇਗਾ।

**ਸਪੀਕਰ ਸਾਹਿਬ :** ਹੁਣ ਜਿਹੜੀਆਂ ਨਵੀਆਂ ਪੰਚਾਇਤਾਂ ਬਣੀਆਂ ਹਨ ਉਨ੍ਹਾਂ ਦੀ ਅਲੱਗ ਹਦਬਸਤ ਕੀਤੀ ਜਾਵੇ ਅਤੇ ਫੰਡਜ਼ ਦੀ ਪ੍ਰੋਵੀਜ਼ਨ ਅਲੱਗ ਕੀਤੀ ਜਾਵੇ। ਇਸ ਦੇ ਨਾਲ ਪਿੰਡਾਂ ਦੀ ਡਿਵੈਲਪਮੈਂਟ ਜ਼ਿਆਦਾ ਹੋਵੇਗੀ ਔਰ ਜਿਹੜੇ ਨਵੇਂ ਬਲਾਕ ਬਣਾਏ ਜਾ ਰਹੇ ਹਨ ਉਸ ਨੂੰ ਕੰਸ਼ਟੀਚਿਊਐਂਸੀ ਦੇ ਹਿਸਾਬ ਨਾਲ ਬਣਾਇਆ ਜਾਵੇ। ਇਸ ਦੇ ਨਾਲ ਡਿਵੈਲਪਮੈਂਟ ਦਾ ਕੰਮ ਕੋਆਰਡੀਨੇਸ਼ਨ ਨਾਲ ਹੋ ਸਕੇਗਾ। ਉਨੱਤ ਗ੍ਰਾਮ ਯੋਜਨਾ ਜਿਹੜੀ ਪਿਛਲੇ ਸਾਲ ਚਾਲੂ ਕੀਤੀ ਗਈ ਸੀ, ਇਸ ਨਾਲ ਕਾਫੀ ਅੱਛਾ ਕੰਮ ਹੋਇਆ ਹੈ ਅਤੇ ਜਿਹੜਾ ਕੰਮ ਪਿੰਡਾਂ ਦੇ ਵਿਚ ਸਰਕਾਰੀ ਪੱਧਰ ਤੇ ਕੀਤਾ ਜਾ ਰਿਹਾ ਹੈ ਇਸ ਵਿਚ ਸਰਕਾਰੀ ਬੰਦੇ ਸਬ-ਸਟੈਂਡਰਡ ਕੰਮ ਕਰ ਰਹੇ ਹਨ, ਇਹ ਕੰਮ ਪੰਚਾਇਤਾਂ ਨੂੰ ਦੇਣਾ ਚਾਹੀਦਾ ਹੈ ਤਾਂ ਕਿ ਜ਼ਿੰਮੇਵਾਰੀ ਫਿਕਸ ਕੀਤੀ ਜਾ ਸਕੇ।

**Mr. Speaker :** Please wind up.

**ਡਾਕਟਰ ਮਹਿੰਦਰ ਕੁਮਾਰ ਰਿਨਵਾ :** ਸਪੀਕਰ ਸਾਹਿਬ, ਬਸ ਜੀ, ਮੈਂ ਖਤਮ ਕਰਨ ਵਾਲਾ ਹਾਂ। ਪਿੰਡਾਂ ਦੇ ਵਿਚ ਟਰਾਂਸਪੋਰਟ ਫੈਸਿਲਟੀਜ਼ ਬਹੁਤ ਘੱਟ ਹਨ। ਸਰਕਾਰ ਫਿਰੋਜ਼ਪੁਰ ਦੇ ਡਿਪੂ ਨੂੰ ਅਪ-ਗਰੇਡ ਕਰ ਦੇਵੇ। ਇਸ ਦੇ ਅੰਡਰ 215 ਕਿਲੋਮੀਟਰ ਦਾ ਏਰੀਆ ਹੈ, ਇਤਨਾ ਲੰਬਾ ਏਰੀਆ ਹੋਣ ਕਰਕੇ ਟਰਾਂਸਪੋਰਟ ਫੈਸਿਲੀਟੀਜ਼ ਵਿਚ ਕਮੀ ਰਹਿ ਜਾਂਦੀ ਹੈ। ਇਸ ਦੇ ਨਾਲ ਡਿਵੈਲਪਮੈਂਟ ਵਿਚ ਫਰਕ ਪੈਂਦਾ ਹੈ ਅਤੇ ਕੋਆਰਡੀਨੇਸ਼ਨ ਆਪਸ ਵਿਚ ਨਹੀਂ ਹੋ ਸਕਦੀ। ਸਰਕਾਰ ਨੇ ਪਹਿਲੇ ਜਿਹੜੇ ਸ਼ਹਿਰ ਅਡਾਪਟ ਕੀਤੇ ਸਨ ਉਨ੍ਹਾਂ ਸ਼ਹਿਰਾਂ ਵਿਚ ਕਾਫੀ ਕੰਮ ਹੋ ਚੁੱਕਾ ਹੈ, ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਬਾਕੀ ਰਹਿੰਦੇ ਸ਼ਹਿਰਾਂ ਨੂੰ ਵੀ ਇਸ ਸਾਲ ਅਡਾਪਟ ਕਰ ਲਵੇ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਹਰ ਥਾਂ ਤੇ ਬੇਸਿਕ ਅਮੈਨਿਟੀਜ਼ ਪ੍ਰੋਵਾਈਡ ਹੋ ਸਕਣ। ਪੰਜਾਬ ਦੇ ਲੋਕਾਂ ਨੂੰ ਬੇਸਿਕ ਅਮੈਨਿਟੀਜ਼ ਪ੍ਰੋਵਾਈਡ ਕਰਨ ਦਾ ਮਸਲਾ ਸਰਕਾਰ ਦਾ ਹੈ ਔਰ ਸਰਕਾਰ ਦੀ ਜ਼ਿੰਮੇਵਾਰੀ ਹੈ।

**ਸ੍ਰੀ ਸਪੀਕਰ :** ਤੁਹਾਡਾ ਟਾਈਮ ਖ਼ਤਮ ਹੋ ਚੁੱਕਾ ਹੈ, ਹੁਣ ਤੁਸੀਂ ਬੈਠੋ। ਤੁਸੀਂ ਪਹਿਲੇ ਹੀ ਕਾਫੀ ਟਾਈਮ ਲੈ ਚੁੱਕੇ ਹੋ।

**ਕਾਮਰੇਡ ਬਲਦੇਵ ਸਿੰਘ ਬਲਮਗੜ੍ਹ (ਮਲੋਟ, ਐਸ.ਸੀ) :** ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਸ਼ੁਕਰਗੁਜ਼ਾਰ ਹਾਂ ਕਿ ਮੈਨੂੰ ਤੁਸੀਂ ਐਪਰੋਪਰੀਏਸ਼ਨ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਮਲੋਟ ਕਾਂਸਟੀਚੂਐਂਸੀ ਦੀਆਂ ਸਮੱਸਿਆਵਾਂ ਵੱਲ ਸਰਕਾਰ ਦਾ ਧਿਆਨ ਦਿਵਾਉਣਾ ਚਾਹਾਂਗਾ। ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਦਾ ਔਰ ਪੰਜਾਬ ਸਰਕਾਰ ਦਾ ਬੜਾ ਸ਼ੁਕਰਗੁਜ਼ਾਰ ਹਾਂ ਕਿ ਮਲੋਟ ਨੂੰ ਇਨ੍ਹਾਂ ਨੇ ਸਬ-ਡਵੀਜ਼ਨ ਬਣਾਇਆ ਹੈ ਔਰ ਸਾਡੀ ਜਿਹੜੀ ਸਬ-ਡਵੀਜ਼ਨ ਹੈ ਉਹ ਚਾਲੂ ਹੋ ਗਈ ਹੈ। ਮੈਂ ਬੜਾ ਧੰਨਵਾਦੀ ਹਾਂ ਲੇਕਿਨ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਲੋਟ ਐਸਾ ਸ਼ਹਿਰ ਹੈ ਜਿਹੜਾ 30 ਕਿਲੋਮੀਟਰ ਮੁਕਤਸਰ ਤੋਂ ਪੈਂਦਾ ਹੈ, 30 ਕਿਲੋਮੀਟਰ ਗਿੱਦੜਬਾਹਾ ਤੋਂ ਪੈਂਦਾ ਹੈ ਅਤੇ 30 ਕਿਲੋਮੀਟਰ ਅਬੋਹਰ ਤੋਂ ਪੈਂਦਾ ਹੈ। ਇਹ ਸਾਰਿਆਂ ਦੇ ਵਿਚਾਲੇ ਬੜੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਬਲਮਗੜ੍ਹ]

ਵਧੀਆ ਸਬ-ਡਵੀਜ਼ਨ ਬਣੀ ਹੋਈ ਹੈ ਅਤੇ ਇਸ ਨੂੰ ਬੜਾ ਵਧੀਆ ਜ਼ਿਲ੍ਹਾ ਬਣਾਇਆ ਜਾ ਸਕਦਾ ਹੈ। ਮੇਰੀ ਬੇਨਤੀ ਹੈ ਕਿ ਮਲੋਟ ਨੂੰ ਜ਼ਿਲ੍ਹਾ ਬਣਾਇਆ ਜਾਵੇ। ਸਾਡੀ ਸਬ-ਡਿਵੀਜ਼ਨ ਵਿੱਚ ਜੁਡੀਸ਼ੀਅਲ ਕੋਰਟ ਹੈ, ਉਹ ਮਲੋਟ ਵਿੱਚ ਖੋਲ੍ਹੀ ਜਾਣੀ ਚਾਹੀਦੀ ਹੈ। ਸਾਡੇ ਸ਼ਹਿਰ ਤੋਂ ਜੀ.ਟੀ. ਰੋਡ ਦਿੱਲੀ ਵੱਲ ਨੂੰ ਜਾਂਦੀ ਹੈ, ਉਹ ਵਨ-ਵੇ ਹੈ। ਉਸ ਵੱਲ ਵੀ ਸਰਕਾਰ ਧਿਆਨ ਦੇਵੇ। ਬਾਕੀ ਜਿਥੇ ਅਬੋਹਰ ਵਾਲੇ ਕਹਿੰਦੇ ਹਨ ਸਾਡਾ ਜ਼ਿਲ੍ਹਾ ਬਣਾਓ, ਮੁਕਤਸਰ ਵਾਲੇ ਕਹਿੰਦੇ ਹਨ ਸਾਡਾ ਜ਼ਿਲ੍ਹਾ ਬਣਾਓ। ਮੇਰੀ ਸਰਕਾਰ ਅੱਗੇ ਬੇਨਤੀ ਹੈ ਕਿ ਮਲੋਟ ਨੂੰ ਜ਼ਿਲ੍ਹਾ ਬਣਾ ਦਿੱਤਾ ਜਾਵੇ। ਇਸ ਨਾਲ ਸਾਰਾ ਝਗੜਾ ਵੀ ਨਿਬੜ ਜਾਵੇਗਾ। ਹੋਰ, ਸਪੀਕਰ ਸਾਹਿਬ, ਸਾਨੂੰ ਉਥੇ ਬਾਈ-ਪਾਸ ਦੀ ਬੜੀ ਘਾਟ ਹੈ। ਮਲੋਟ ਸ਼ਹਿਰ ਤੋਂ ਦਿੱਲੀ ਨੂੰ ਜੀ.ਟੀ. ਰੋਡ ਜਾਂਦੀ ਹੈ। ਜੇਕਰ ਸਰਕਾਰ ਇਸ ਦੇ ਚਾਰ-ਚੁਫੇਰੇ ਬਾਈ-ਪਾਸ ਬਣਾ ਦੇਵੇ, ਮੈਂ ਬੜਾ ਸ਼ੁਕਰਗੁਜ਼ਾਰ ਹੋਵਾਂਗਾ।

ਅਗਲੀ ਬੇਨਤੀ, ਸਪੀਕਰ ਸਾਹਿਬ, ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਅਜ਼ਾਦੀ ਦੇ ਸਾਡੇ 46 ਸਾਲ ਬੀਤ ਜਾਣ ਦੇ ਬਾਵਜੂਦ ਵੀ ਅਜੇ ਤੱਕ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਲੋਕ ਜਿਹੜੇ ਪੰਜਾਬ ਵਿੱਚ ਵਸਦੇ ਹਨ, ਉਨ੍ਹਾਂ ਨਾਲ ਲਗਾਤਾਰ ਸਮਾਜਿਕ ਜਬਰ ਹੋ ਰਿਹਾ ਹੈ। ਬੇਸ਼ੱਕ ਪੰਜਾਬ ਸਰਕਾਰ ਨੇ ਔਰ ਭਾਰਤ ਸਰਕਾਰ ਨੇ ਬਹੁਤ ਕੋਸ਼ਿਸ਼ਾਂ ਕੀਤੀਆਂ ਹਨ ਕਿ ਇਨ੍ਹਾਂ ਕਮਿਊਨਿਟੀਜ਼ ਨੂੰ ਅਪ-ਲਿਫਟ ਕੀਤਾ ਜਾਵੇ ਪਰ ਫੇਰ ਵੀ ਅਜੇ ਬਹੁਤ ਜ਼ਿਆਦਾ ਇਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। ਜੋ ਕੁਝ ਇਨ੍ਹਾਂ ਲਈ ਸਰਕਾਰ ਨੇ ਇਸ ਐਪਰੋਪਰੀਏਸ਼ਨ ਬਿੱਲ ਵਿੱਚ ਵੱਧ ਪੈਸੇ ਰਖੇ ਹਨ, ਮੈਂ ਧੰਨਵਾਦੀ ਹਾਂ। ਲੇਕਿਨ ਸਰਕਾਰ ਨੂੰ ਹੋਰ ਜੋ ਕੁਝ ਕਰਨਾ ਚਾਹੀਦਾ ਹੈ, ਮੈਂ ਉਸ ਬਾਰੇ ਜ਼ਰੂਰ ਬੇਨਤੀ ਕਰਨੀ ਚਾਹਵਾਂਗਾ। ਸਪੀਕਰ ਸਾਹਿਬ, ਬੈਕਲਾਗ ਜਿਹੜਾ ਹੈ ਲਗਾਤਾਰ ਸਾਰੇ ਮਹਿਕਮਿਆਂ ਵਿੱਚ ਬਹੁਤ ਜ਼ਿਆਦਾ ਵੱਧ ਗਿਆ ਹੈ। ਇਰੀਗੇਸ਼ਨ ਐਂਡ ਪਾਵਰ ਵਿੱਚ ਦੇਖ ਲਓ। ਚੀਫ-ਇੰਜੀਨੀਅਰ ਦੀ ਆਸਾਮੀ ਦਾ ਬੈਕਲਾਗ 7-4 ਦਾ ਹੈ, ਏਸੇ ਤਰ੍ਹਾਂ 18 ਦਾ ਐਸ.ਈ. ਵਿੱਚ, 33 ਦਾ ਐਕਸ.ਈ.ਐਨ. ਵਿੱਚ, 125 ਦਾ ਐਸ.ਡੀ.ਓ. ਵਿੱਚ ਅਤੇ 325 ਦਾ ਜੇ.ਈ. ਵਿੱਚ ਬੈਕਲਾਗ ਹੈ। ਇਹ ਫਿਗਰਜ਼ ਸਾਡੀ ਐਸ.ਸੀ. ਅਤੇ ਬੀ.ਸੀ ਦੀ ਭਲਾਈ ਕਮੇਟੀ ਵਿਧਾਨ ਸਭਾ ਦੀ ਜੋ ਹੈ ਉਸ ਦੀ ਰਿਪੋਰਟ ਵਿਚੋਂ ਕੱਢ ਕੇ ਲਿਆਂਦੀਆਂ ਹਨ। ਇਹ ਇਰੀਗੇਸ਼ਨ ਮਹਿਕਮੇ ਦਾ ਹਾਲ ਹੈ। ਹੋਰ ਮਹਿਕਮਿਆਂ ਦਾ ਵੀ ਇਹੋ ਹਾਲ ਹੈ। ਇਸ ਲਈ, ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਰਕਾਰ ਇਸ ਵੱਲ ਸਪੈਸ਼ਲ ਧਿਆਨ ਦੇ ਕੇ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਦਾ ਜਿਹੜਾ ਬੈਕਲਾਗ ਹੈ, ਉਸ ਨੂੰ ਛੇਤੀ ਤੋਂ ਛੇਤੀ ਖ਼ਤਮ ਕਰਾਏ। ਇਹ ਬੈਕ-ਲਾਗ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਸਰਕਾਰ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਅਤੇ ਗਰੀਬ ਲੋਕਾਂ ਦੇ ਬੱਚਿਆਂ ਦੀ ਠੀਕ ਐਜੂਕੇਸ਼ਨ ਵੱਲ, ਥੱਲੇ ਤੋਂ ਹੀ ਵੱਧ ਧਿਆਨ ਦੇਵੇ।

ਸਪੀਕਰ ਸਾਹਿਬ, ਮੈਂ ਸਰਕਾਰ ਦਾ ਸ਼ੁਕਰਗੁਜ਼ਾਰ ਹਾਂ ਕਿ 30 ਰੁਪਏ ਪ੍ਰਤੀ ਮਹੀਨਾ ਵਜ਼ੀਫਾ ਸ਼ਡਿਊਲਡ ਕਾਸਟ ਲੜਕੀਆਂ ਨੂੰ ਪਹਿਲੀ ਜਮਾਤ ਤੋਂ ਹੀ ਦੇਣਾ ਹੈ। ਇਸਦੇ ਨਾਲ ਹੀ ਮੇਰੀ ਬੇਨਤੀ ਹੈ ਕਿ ਇਹ ਵਜ਼ੀਫਾ ਲੜਕਿਆਂ ਨੂੰ ਵੀ ਪਹਿਲੀ ਜਮਾਤ ਤੋਂ ਹੀ ਦਿੱਤਾ ਜਾਵੇ। ਇਹ ਰਕਮ ਹੈ ਤਾਂ ਘੱਟ ਲੇਕਿਨ something is better than nothing ਇਸ ਵੱਲ ਧਿਆਨ ਜ਼ਰੂਰ ਦਿੱਤਾ ਜਾਵੇ।

ਏਸੇ ਤਰੀਕੇ ਨਾਲ, ਪੈਨਸ਼ਨਾਂ ਦਾ ਸਵਾਲ ਹੈ। ਸਰਕਾਰ ਦਾ ਫਾਰਮ ਜਿਹੜਾ ਲੋਕ ਭਰਦੇ ਹਨ, ਉਸ ਵਿੱਚ ਲਿਖਿਆ ਹੁੰਦਾ ਹੈ ਕਿ 30 ਰੁਪਏ ਆਮਦਨ ਹੋਣੀ ਚਾਹੀਦੀ ਹੈ। ਪਰ ਸਪੀਕਰ ਸਾਹਿਬ, ਜਿਸ ਬਜ਼ੁਰਗ ਦੀ ਆਮਦਨ 30 ਰੁਪਏ ਹੈ, ਉਹ ਤਾਂ ਰੋਟੀ ਵੀ ਨਹੀਂ ਖਾ ਸਕਦਾ। ਸਰਕਾਰ ਆਪ ਲੋਕਾਂ ਤੋਂ ਝੂਠ ਬੁਲਾਉਂਦੀ ਹੈ। ਇਹ ਹੱਦ ਵੀ ਵਧਾਉਣੀ ਚਾਹੀਦੀ ਹੈ ਅਤੇ ਉਨ੍ਹਾਂ ਲੋਕਾਂ ਨੂੰ ਪੈਨਸ਼ਨਾਂ ਛੇਤੀ ਤੋਂ ਛੇਤੀ ਮਿਲਣੀਆਂ ਚਾਹੀਦੀਆਂ ਹਨ।

Original with;
Punjab Vidhan Sabha
Digitized by;
Panjab Digital Library

ਏਸੇ ਤਰੀਕੇ ਨਾਲ ਐਜੂਕੇਸ਼ਨ ਦੇ ਡਿਪਾਰਟਮੈਂਟ ਦਾ ਸਵਾਲ ਆਇਆ ਹੈ। ਕਾਲਜ ਟੀਚਰਜ਼ ਲਗਾਤਾਰ ਸੰਘਰਸ਼ ਤੇ ਹਨ। ਹੋਰ ਮਹਿਕਮੇ ਦੇ ਵਰਕਰ ਵੀ ਲਗਾਤਾਰ ਸੰਘਰਸ਼ ਤੇ ਹਨ। ਕਾਲਜ਼ ਟੀਚਰਾਂ ਦੀਆਂ ਮੰਗਾਂ ਮੰਨਣੀਆਂ ਚਾਹੀਦੀਆਂ ਹਨ। ਸਰਕਾਰੀ ਮੁਲਾਜ਼ਮਾਂ ਦੀਆਂ ਮੰਗਾਂ ਮੰਨੀਆਂ ਜਾਣੀਆਂ ਚਾਹੀਦੀਆਂ ਹਨ। ਟੀਚਰਾਂ ਦੀਆਂ ਮੰਗਾਂ ਮੰਨੀਆਂ ਜਾਣੀਆਂ ਚਾਹੀਦੀਆ ਹਨ। ਉਨ੍ਹਾਂ ਨੂੰ ਬਾਰਡਰ ਭੱਤਾ ਸਰਕਾਰ ਨੂੰ ਦੁਬਾਰਾ ਦੇਣਾ ਚਾਹੀਦਾ ਹੈ ਤਾਂ ਕਿ ਇਹ ਮੁਲਾਜ਼ਮ, ਜਿਹੜੇ ਕਿ ਸਰਕਾਰ ਦੀ ਰੀੜ੍ਹ ਦੀ ਹੱਡੀ ਹਨ, ਉਨ੍ਹਾਂ ਦੀ ਬੇਚੈਨੀ ਦੂਰ ਕੀਤੀ ਜਾ ਸਕੇ। ਇਸੇ ਤਰ੍ਹਾਂ ਖੇਤੀ ਟਕਨੋਕਰੈਟਸ ਅਤੇ ਪਸ਼ੂਆਂ ਦੇ ਹਸਪਤਾਲਾਂ ਵਿਚ ਕੰਮ ਕਰਨ ਵਾਲੇ ਫਾਰਮਾਸਿਸਟਸ ਦੀਆਂ ਮੰਗਾਂ ਵੀ ਮੰਨੀਆਂ ਜਾਣੀਆਂ ਚਾਹੀਦੀਆਂ ਹਨ।

**ਸ੍ਰੀ ਸਪੀਕਰ** : ਤੁਸੀਂ ਹੁਣ ਵਾਈਂਡ ਅੱਪ ਕਰੋ।

**ਕਾਮਰੇਡ ਬਲਦੇਵ ਸਿੰਘ ਬਲਮਗੜ੍ਹ** : ਸਪੀਕਰ ਸਾਹਿਬ, ਸਾਡਾ ਬਜਟ ਲਗਾਤਾਰ ਘਾਟੇ ਵਿਚ ਜਾ ਰਿਹਾ ਹੈ। ਇਹ ਠੀਕ ਹੈ ਕਿ ਜਿਹੜੇ ਡਿਵੈਲਪਿੰਗ ਕੰਟਰੀਜ਼ ਹੁੰਦੇ ਹਨ, ਉਨ੍ਹਾਂ ਦਾ ਬਜਟ ਆਮ ਤੌਰ ਤੇ ਘਾਟੇ ਵਾਲਾ ਹੀ ਹੁੰਦਾ ਹੈ ਕਿਉਂਕਿ ਉਨ੍ਹਾਂ ਨੇ ਨਵੇਂ ਹਸਪਤਾਲ, ਨਵੇਂ ਸਕੂਲ ਖੋਲ੍ਹਣੇ ਹੁੰਦੇ ਹਨ ਅਤੇ ਨਵੀਆਂ ਸੜਕਾਂ ਵਗੈਰਾਂ ਬਣਾਉਣੀਆਂ ਹੁੰਦੀਆਂ ਹਨ ਪਰ ਜੇ ਅਸੀਂ ਸਰਕਾਰੀ ਮਹਿਕਮਿਆਂ ਵਿਚ ਹੁੰਦੀ ਕੁਰੱਪਸ਼ਨ ਨੂੰ ਦੂਰ ਕਰ ਸਕੀਏ, ਘਪਲੇਬਾਜ਼ੀਆਂ ਨੂੰ ਦੂਰ ਕਰ ਸਕੀਏ ਤਾਂ ਇਹ ਘਾਟਾ ਘਟਾਇਆ ਜਾ ਸਕਦਾ ਹੈ। ਜਿਸ ਤਰ੍ਹਾਂ ਪੰਜਾਬ ਮੰਡੀ ਬੋਰਡ ਵਿਚ ਬੋਰੀਆਂ ਭਰਨ ਅਤੇ ਛਾਣ-ਛਣਾਈ ਦਾ ਕੰਮ ਕਰਨ ਵਾਲੇ ਮਕੈਨੀਕਲ ਹੈਂਡਲਿੰਗ ਯੂਨਿਟ ਦੀ ਗੱਲ ਹੈ। ਇਹ ਮਸ਼ੀਨ 22 ਲੱਖ ਰੁਪਏ ਵਿਚ ਲਗਾਉਣ ਦਾ ਠੇਕਾ ਦਿੱਤਾ ਸੀ ਪਰ ਇਹ ਮਸ਼ੀਨ ਪਿਛਲੇ 7 ਸਾਲਾਂ ਤੋਂ ਲਗ ਰਹੀ ਹੈ। ਕਿਸੇ ਵੇਲੇ 6 ਲੱਖ ਰੁਪਿਆ ਲਾ ਦਿੱਤਾ ਅਤੇ ਹੁਣ 10 ਲੱਖ ਰੁਪਿਆ ਲਗਾ ਦਿੱਤਾ ਹੈ। ਇਸ ਦੇ ਵਾਸਤੇ ਕੋਈ ਟੈਂਡਰ ਕਾਲ ਨਹੀਂ ਕੀਤਾ। ਇਸ ਤਰ੍ਹਾਂ ਦੀਆਂ ਘਪਲੇਬਾਜ਼ੀਆਂ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਸਪੀਕਰ ਸਾਹਿਬ, ਪੰਜਾਬ ਰੋਡਵੇਜ਼ ਜਿਹੜਾ ਅਦਾਰਾ ਹੈ, ਇਹ ਲੋਕਾਂ ਨੂੰ ਰੋਜ਼ਗਾਰ ਦੇਣ ਵਾਲਾ, ਸਾਡੇ ਸਮਾਜ ਵਿਚੋਂ ਬੇਰੋਜ਼ਗਾਰੀ ਦੂਰ ਕਰਨ ਵਾਲਾ, ਲੋਕਾਂ ਨੂੰ ਚੰਗੀਆਂ ਟਰੈਵਲ ਸਹੂਲਤਾਂ ਦੇਣ ਵਾਲਾ ਬਹੁਤ ਵੱਡਾ ਅਦਾਰਾ ਹੈ। ਇਸ ਨੂੰ ਆਵਾਜਾਈ ਦੀਆਂ ਵਧੀਆਂ ਸਹੂਲਤਾਂ ਦੇਣ ਵਾਲਾ ਅਦਾਰਾ ਬਣਾਉਣਾ ਚਾਹੀਦਾ ਹੈ। ਅੱਜ ਇਸ ਅਦਾਰੇ ਦੇ ਕੰਮ ਕਾਜ ਵਿਚ ਨਿਘਾਰ ਆ ਰਿਹਾ ਹੈ। ਇਸ ਕਰਕੇ ਇਸ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ। ਇਸ ਅਦਾਰੇ ਦੇ ਕਾਮਿਆਂ ਦੀਆਂ ਮੰਗਾਂ ਮੰਨੀਆਂ ਜਾਂਣੀਆਂ ਚਾਹੀਦੀਆਂ ਹਨ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿਚ ਇਸ ਮਹਿਕਮੇ ਵਿਚ ਇਸ ਤਰ੍ਹਾਂ ਦਾ ਸਿਸਟਮ ਬਣਿਆ ਹੋਇਆ ਸੀ ਕਿ ਲੁਧਿਆਣਾ ਡਿਪੂ ਦਾ ਚੈੱਕਰ ਚਾਹੇ ਮੁਕਤਸਰ ਡਿਪੂ, ਚਾਹੇ ਲੁਧਿਆਣਾ ਡਿਪੂ ਅਤੇ ਚਾਹੇ ਅੰਮ੍ਰਿਤਸਰ ਡਿਪੂ ਦੀਆਂ ਬੱਸਾਂ ਚੈਕ ਕਰ ਸਕਦਾ ਸੀ। ਹੁਣ ਇਸ ਤਰ੍ਹਾਂ ਕਰ ਦਿੱਤਾ ਗਿਆ ਹੈ ਕਿ ਮੁਕਤਸਰ ਡਿਪੂ ਦਾ ਚੈੱਕਰ ਸਿਰਫ ਮੁਕਤਸਰ ਡਿਪੂ ਦੀਆਂ ਬੱਸਾਂ ਹੀ ਚੈਕ ਕਰੇ ਅਤੇ ਲੁਧਿਆਣੇ ਡਿਪੂ ਦਾ ਚੈਕਰ ਸਿਰਫ ਲੁਧਿਆਣੇ ਦੀਆਂ ਬੱਸਾਂ ਹੀ ਚੈਕ ਕਰੇ ਭਾਵ ਆਪੋ ਆਪਣੇ ਡਿਪੂਆਂ ਦੀਆਂ ਬੱਸਾਂ ਹੀ ਚੈੱਕ ਕਰੇ।

**ਸ੍ਰੀ ਸਪੀਕਰ** : ਕਾਮਰੇਡ ਜੀ, ਬੱਸ ਕਰੋ, ਹੁਣ ਆਪਣੀ ਸੀਟ ਲਵੋ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਬਲ੍ਹਮਗੜ੍ਹ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਜਿਹੜੀਆਂ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਹਨ, ਇਹ ਚੋਣਾਂ ਕਰਵਾਉਣੀਆਂ ਬਹੁਤ ਵਧੀਆ ਗੱਲ ਹੈ ਲੇਕਿਨ ਇਸ ਵਾਸਤੇ ਜ਼ੋਨ ਸਿਸਟਮ ਨਹੀਂ ਬਣਾਇਆ ਜਾਣਾ ਚਾਹੀਦਾ। ਇਸ ਤੋਂ ਇਲਾਵਾ, ਖੇਤੀਬਾੜੀ ਦੇ ਵਿਕਾਸ ਵਾਸਤੇ ਇਰੀਗੇਸ਼ਨ ਬਹੁਤ ਜ਼ਰੂਰੀ ਹੈ ਅਤੇ ਇਰੀਗੇਸ਼ਨ ਵਾਸਤੇ ਬਿਜਲੀ ਬਹੁਤ ਜ਼ਰੂਰੀ ਹੈ। ਇਸ ਕਰਕੇ ਬਿਜਲੀ ਨਿਰਮਾਣ ਦੇ ਜਿਹੜੇ ਹਾਈਡਲ ਪ੍ਰਾਜੈਕਟ ਹਨ ਜਾਂ ਕੋਈ ਹੋਰ ਪ੍ਰਾਜੈਕਟ ਹਨ ਉਨ੍ਹਾਂ ਵੱਲ ਜ਼ਿਆਦਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਅਤੇ ਇਥੇ ਅਟਾਮਿਕ ਪਲਾਂਟ ਵੀ ਲਗਾਇਆ ਜਾਣਾ ਚਾਹੀਦਾ ਹੈ ਤਾਂ ਕਿ ਸਾਡੇ ਪੰਜਾਬ ਦੀ ਤਰੱਕੀ ਹੋ ਸਕੇ।

**ਸਰਦਾਰ ਜਗਤਾਰ ਸਿੰਘ ਮੁਲਤਾਨੀ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ(ਮੋਗਾ) :** ਸਪੀਕਰ ਸਾਹਿਬ, ਮੈਂ ਤੁਹਾਡੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਪ੍ਰੋਪ੍ਰੀਏਸ਼ਨ ਬਿੱਲ ਜਿਹੜਾ ਕਿ ਸਾਡੇ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਪੇਸ਼ ਕੀਤਾ ਹੈ, ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਤੁਸੀਂ ਦੱਸਿਆ ਹੈ ਕਿ ਟਾਈਮ ਬਹੁਤ ਘੱਟ ਹੈ, ਮੈਂ ਸਿਰਫ ਵਧਾਈ ਦਿੰਦੀ ਹਾਂ ਆਪਣੇ ਵਿੱਤ ਮੰਤਰੀ ਸਾਹਿਬ ਨੂੰ ਕਿਉਂਕਿ ਜਿਹੜਾ ਉਨ੍ਹਾਂ ਨੇ ਆਪਣਾ ਇਹ ਟੈਕਸ ਰਹਿਤ ਬਜਟ ਪੇਸ਼ ਕੀਤਾ ਹੈ ਇਸ ਦਾ ਸਮਾਜ ਦੇ ਹਰ ਵਰਗ ਨੇ ਸਵਾਗਤ ਕੀਤਾ ਹੈ। ਸਪੀਕਰ ਸਰ, ਜਿਹੜੀ ਸਾਡੀ ਪੰਜਾਬ ਦੀ ਇਕਾਨਮੀ ਹੈ ਇਹ ਜਿਸ ਤਰ੍ਹਾਂ ਇਕ ਐਰੋਪਲੇਨ ਟੇਕ-ਆਫ ਕਰਦਾ ਹੈ ਸਾਡੀ ਜਿਹੜੀ ਪੰਜਾਬ ਦੀ ਇਕਾਨਮੀ ਹੈ ਇਹ ਅੱਜ ਟੇਕ-ਆਫ ਸਟੇਜ ਤੇ ਖੜ੍ਹੀ ਹੈ ਔਰ ਸਾਨੂੰ ਅੱਜ ਜ਼ਰੂਰਤ ਹੈ ਕਿ ਅਸੀਂ ਆਪਣੀ ਸੈਲਫ ਸਸਟੇਨਡ ਗਰੋਥ ਕਰੀਏ ਕਿਉਂਕਿ ਅੱਜ ਅਸੀਂ ਇਸ ਚੀਜ਼ ਦਾ ਪੂਰੀ ਤਰ੍ਹਾਂ ਖਿਆਲ ਰਖੀਏ ਕਿ ਸਾਡਾ ਜਿਹੜਾ ਡੈਮੋਕਰੇਟਿਕ ਸੈਟ-ਅੱਪ ਹੈ, ਜੋ ਸਾਡਾ ਅੱਜ ਵਾਤਾਵਰਣ ਹੈ ਉਸ ਨੂੰ ਅਸੀਂ ਇਸੇ ਤਰ੍ਹਾਂ ਹੀ ਬਣਾ ਕੇ ਰੱਖੀਏ ਤਾਂ ਮੈਨੂੰ ਉਮੀਦ ਹੈ ਕਿ ਸਾਡੇ ਫਾਇਨੈਂਸ ਮਨਿਸਟਰ ਸਾਹਿਬ ਜੀ ਨੇ ਜਿਹੜਾ ਬਜਟ ਸਦਨ ਦੇ ਵਿੱਚ ਪੇਸ਼ ਕੀਤਾ ਹੈ ਉਹ ਹਿੰਦੁਸਤਾਨ ਦੇ ਲੋਕਾਂ ਲਈ ਮਿਸਾਲ ਬਣੇਗਾ। ਸਰ, ਇਸ ਬਜਟ ਦੇ ਵਿੱਚ ਬਹੁਤ ਹੀ ਅੱਛੀਆਂ ਸਕੀਮਾਂ ਸਾਡੇ ਫਾਇਨੈਂਸ ਮਨਿਸਟਰ ਸਾਹਿਬ ਨੇ ਰੱਖੀਆਂ ਹਨ। ਮੈਂ ਜਿਸ ਤਰ੍ਹਾਂ ਕਿਹਾ ਹੈ ਕਿ ਹਰ ਇਕ ਵਰਗ ਨੇ ਇਸ ਦੀ ਸ਼ਲਾਘਾ ਕੀਤੀ ਹੈ ਕਿਉਂਕਿ ਇਸ ਵਿੱਚ ਹਰ ਵਰਗ ਦਾ ਖਿਆਲ ਰੱਖਿਆ ਗਿਆ ਹੈ। ਇਸ ਬਜਟ ਦੇ ਵਿੱਚ ਜਿਹੜਾ ਕਿਹਾ ਗਿਆ ਹੈ ਕਿ ਅਸੀਂ ਅਗਲੇ ਸਾਲ ਅੱਤਵਾਦ ਅਤੇ ਕੁਰੱਪਸ਼ਨ ਨੂੰ ਵੀ ਖ਼ਤਮ ਕਰਨਾ ਹੈ ਇਸ ਗੱਲ ਨੂੰ ਪੰਜਾਬ ਦੇ ਲੋਕਾਂ ਨੇ ਬੜਾ ਹੀ ਐਪਰੀਸ਼ੀਏਟ ਕੀਤਾ ਹੈ। ਸਪੀਕਰ ਸਾਹਿਬ, ਅੱਜ ਜ਼ਰੂਰਤ ਹੈ ਕਿ ਅਸੀਂ ਨੁਕਤਾਚੀਨੀ ਨੂੰ ਛੱਡ ਕੇ ਸਾਰੇ ਇਕੱਠੇ ਹੋ ਕੇ ਪੰਜਾਬ ਦੇ ਵਿਕਾਸ ਲਈ, ਪੰਜਾਬ ਦੀ ਡੀਵੈਲਪਮੈਂਟ ਲਈ ਅਸੀਂ ਆਪਣੇ ਫਾਇਨੈਂਸ ਮਨਿਸਟਰ ਸਾਹਿਬ ਅਤੇ ਆਪਣੇ ਚੀਫ-ਮਨਿਸਟਰ ਸਾਹਿਬ ਦਾ ਸਾਥ ਦੇਈਏ ਤਾਂ ਕਿ ਅਸੀਂ ਪੰਜਾਬ ਨੂੰ ਤਰੱਕੀ ਦੀ ਰਾਹ ਤੇ ਲਿਜਾ ਸਕੀਏ।

ਸਪੀਕਰ ਸਾਹਿਬ, ਅੱਜ ਚਾਰ ਪੰਜ ਦਿਨ ਦੀ ਗੱਲ ਹੈ ਮੈਂ ਪੇਪਰ ਦੇ ਵਿਚ ਪੜ੍ਹਿਆ ਸੀ ਕਿ ਸਾਡੇ ਸੈਂਟਰ ਦੇ ਫਾਇਨੈਂਸ ਮਨਿਸਟਰ ਸਰਦਾਰ ਮਨਮੋਹਨ ਸਿੰਘ ਜੀ ਨੇ ਇਕ ਬਹੁਤ ਹੀ ਅਛੀ ਸਕੀਮ, ਜਿਸ ਨੂੰ ਗੋਲਡ ਬਾਂਡ ਸਕੀਮ ਕਿਹਾ ਗਿਆ ਹੈ, ਦਿੱਤੀ ਹੈ, ਇਹ ਬੜੀ ਅੱਛੀ ਸਕੀਮ ਹੈ ਔਰ ਮੈਂ ਇਸ ਦੀ ਹਰ ਤਰ੍ਹਾਂ ਤਾਰੀਫ ਕਰਦੀ ਹਾਂ। ਸਾਡੇ ਹਿੰਦੁਸਤਾਨ ਦੀ ਇਕਾਨਮੀ ਨੂੰ, ਸਾਡੇ ਪੰਜਾਬ ਦੀ ਇਕਾਨਮੀ ਨੂੰ ਉਚਾ ਚੁੱਕਣ ਲਈ ਇਹ ਬੜੀ ਅੱਛੀ ਸਕੀਮ ਹੈ। ਇਸ ਸਕੀਮ ਨਾਲ ਸਪੀਕਰ ਸਾਹਿਬ, ਜਿਹੜਾ ਲੋਕਾਂ ਜੇਵਰਾਤ ਬੈਂਕਾਂ ਦੇ ਲੌਕਰਾਂ ਦੇ ਵਿੱਚ ਰੱਖਿਆ ਹੈ (ਵਿਘਨ).........

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker** : Please try to speak on the Punjab Budget.

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** : ਸਰ, ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ ਬਜਟ ਦੇ ਅੰਦਰ ਜੋ ਮੈਡੀਕਲ ਐਜੂਕੇਸ਼ਨ ਦੇ ਉਪਰ ਬਜਟ ਅਲਾਟਮੈਂਟ ਕੀਤੀ ਗਈ ਹੈ ਉਹ ਬਹੁਤ ਘੱਟ ਹੈ ਕਿਉਂਕਿ ਜਿਹੜੀ ਸਾਡੀ ਮੈਡੀਕਲ ਐਜੂਕੇਸ਼ਨ ਹੈ ਸਾਨੂੰ ਚਾਹੀਦਾ ਹੈ ਕਿ ਅਸੀਂ ਕੁਆਲਟੀ ਦੇ ਡਾਕਟਰ ਪਰੋਡਿਊਸ ਕਰੀਏ ਨਾ ਕਿ ਕੁਆਨਟਟੀ ਦੇ ਉਪਰ ਜ਼ੋਰ ਹੋਵੇ। ਮੇਰੀ ਸੁਜੈਸ਼ਨ ਹੈ ਕਿ ਮੈਡੀਕਲ ਐਜੂਕੇਸ਼ਨ ਵਾਸਤੇ ਸਾਨੂੰ ਕੁਝ ਜ਼ਿਆਦਾ ਬਜਟ ਐਲੋਕੇਸ਼ਨ ਕਰਨੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਮੈਡੀਕਲ ਯੂਨੀਵਰਸਿਟੀ ਬਣਾਉਣ ਵਾਸਤੇ ਪਹਿਲਾਂ ਵੀ ਬੇਨਤੀ ਕੀਤੀ ਸੀ, ਮੈਂ ਇਹ ਚਾਹੁੰਦੀ ਹਾਂ, ਸਾਡੇ ਹੈਲਥ ਮਨਿਸਟਰ ਸਾਹਿਬ ਇਥੇ ਬੈਠੇ ਨਹੀਂ ਹਨ ਕਿ ਇਥੇ ਮੈਡੀਕਲ ਯੂਨੀਵਰਸਿਟੀ ਉਪਰ ਵੀ ਉਹ ਖਿਆਲ ਕਰਨ ਔਰ ਬਜਟ ਦੇ ਵਿੱਚ ਇਸ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਵੇ। ਸਰ, ਸਾਡੇ ਜੂਨੀਅਰ ਡਾਕਟਰਜ਼ ਦੀ ਇਕ ਹੋਰ ਵੀ ਡੀਮਾਂਡ ਹੈ ਕਿ ਜਿਹੜੇ ਪੋਸਟ-ਗਰੈਜੂਏਟ ਸਟੂਡੈਂਟਸ ਹਨ ਉਹ ਟ੍ਰੇਨਿੰਗ ਕਰਦੇ ਹਨ, ਜਿਹੜੀ ਉਨ੍ਹਾਂ ਦੀ ਤਨਖਾਹ ਹੈ ਜਾਂ ਜਿਹੜਾ ਵੀ ਉਨ੍ਹਾਂ ਨੂੰ ਸਟਾਈਪੈਂਡ ਦਿੱਤਾ ਜਾਂਦਾ ਹੈ ਉਹ ਹਰਿਆਣਾ ਦੇ ਲੈਵਲ ਤੇ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ ਤਾਂਕਿ ਉਹ ਆਪਣੀ ਫਾਇਨੈਂਸ਼ੀਅਲ ਪੁਜ਼ੀਸ਼ਨ ਨੂੰ ਠੀਕ ਰਖਦੇ ਹੋਏ ਆਪਣੀ ਹਾਸਪੀਟਲ ਦੀ ਵਰਕਿੰਗ ਨੂੰ ਬਹੁਤ ਜ਼ਿਆਦਾ ਠੀਕ ਕਰ ਸਕਣ।

ਸਪੀਕਰ ਸਾਹਿਬ, ਇਕ ਪਾਲਿਟੈਕਨਿਕ ਕਾਲਜ ਮੁੱਖ ਮੰਤਰੀ ਜੀ ਸਾਡੇ ਮੋਗੇ ਵਾਸਤੇ ਜਦੋਂ ਉਥੇ ਗਏ ਸੀ ਤਾਂ ਇਹ ਉਥੇ ਅਨਾਊਂਸ ਕਰਕੇ ਆਏ ਸੀ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗੀ ਕਿ ਉਹ ਇਸ ਬਜਟ ਦੇ ਵਿੱਚ ਇਸ ਬਾਰੇ ਵੀ ਉਚਿਤ ਪ੍ਰਬੰਧ ਕਰ ਦੇਣ। ਇਸ ਤੋਂ ਇਲਾਵਾ ਸਾਡੇ ਮੋਗੇ ਦੇ ਵਿੱਚ ਐਗਰੋ-ਬੇਸਡ ਇੰਡਸਟਰੀ ਲਗਾਉਣ ਬਾਰੇ ਵੀ ਇਕ ਮੰਤਰੀ ਜੀ ਨੇ ਅਨਾਊਂਸ ਕੀਤਾ ਸੀ, ਲੋਕ ਸੰਪਰਕ ਮੁਹਿਮ ਵਿਚ ਪਰ, ਸਪੀਕਰ ਸਾਹਿਬ, ਇਸ ਬਜਟ ਦੇ ਵਿੱਚ ਇਸ ਦਾ ਕੋਈ ਜ਼ਿਕਰ ਨਹੀਂ ਆਇਆ। ਇਸ ਤੋਂ ਇਲਾਵਾ ਡੈਸਟੀਚੀਊਟ ਹੋਮ ਬਾਰੇ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਮੋਗੇ ਦੇ ਵਿੱਚ ਸਾਡੇ ਲੇਟ ਪ੍ਰਾਈਮ ਮਨਿਸਟਰ ਸਾਹਿਬ ਨਾਲ ਜਦੋਂ ਅਸੀਂ ਦਿੱਲੀ ਜਾ ਕੇ ਮਿਲੇ ਸੀ ਤਾਂ ਉਨ੍ਹਾਂ ਨੇ ਐਸ਼ੋਰੈਂਸ ਦਿੱਤੀ ਸੀ ਕਿ ਇਥੇ ਡੈਸਟੀਚੀਊਟ ਹੋਮ ਖੋਲ੍ਹਿਆ ਜਾਵੇਗਾ, ਇਸ ਦੀ ਅਪਰੂਵਲ ਵੀ ਦੇ ਦਿੱਤੀ ਗਈ ਪਰ, ਸਪੀਕਰ ਸਾਹਿਬ, ਜ਼ਮੀਨ ਨਾ ਮਿਲਣ ਕਰਕੇ ਇਹ ਨਹੀਂ ਬਣ ਸਕਿਆ। ਜਦੋਂ ਪਿਛਲੇ ਸਾਲ 23 ਮਾਰਚ ਨੂੰ ਸੀ.ਐਮ. ਸਾਹਿਬ ਸਾਡੇ ਮੋਗੇ ਗਏ ਸੀ ਤਾਂ ਲੋਕਾਂ ਨੇ ਇਨ੍ਹਾਂ ਨੂੰ ਰਿਕੁਐਸਟ ਕੀਤੀ ਸੀ ਕਿ ਮੋਗੇ ਤੋਂ ਦਿੱਲੀ ਵਾਸਤੇ ਫਾਸਟ ਟਰੇਨ ਚਲਾਈ ਜਾਵੇ। ਇਸ ਵਾਸਤੇ ਚੀਫ਼ ਮਨਿਸਟਰ ਸਾਹਿਬ ਨੇ ਸੈਂਟਰ ਨੂੰ ਰੀਕੁਐਸਟ ਕੀਤੀ ਪਰ ਇਸ ਪਾਸੇ ਵੀ ਹਾਲੇ ਕੋਈ ਗੱਲ ਨਹੀਂ ਹੋ ਸਕੀ। ਆਖਿਰ ਵਿੱਚ, ਸਪੀਕਰ ਸਾਹਿਬ, ਮੈਂ ਇਕ ਬਹੁਤ ਹੀ ਅਹਿਮ ਗੱਲ ਸਦਨ ਦੇ ਵਿੱਚ ਰੱਖਣਾ ਚਾਹੁੰਦੀ ਹਾਂ ਜੋ ਕਿ ਮੈਂ ਆਪਣੇ ਇਕ ਸਾਲ ਦੇ ਐਮ.ਐਲ.ਏ. ਬਣਨ ਤੋਂ ਬਾਅਦ ਕੈਰੀਅਰ ਵਿੱਚ ਮਹਿਸੂਸ ਕੀਤਾ ਹੈ ਕਿ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦੇਣੇ ਚਾਹੀਦੇ ਹਨ ਕਿਉਂਕਿ ਔਰਤ ਜਿਹੜੀ ਹੈ ਇਹ ਸੰਸਾਰ ਦੀ ਜਨਨੀ ਹੈ ਔਰ ਰੱਬ ਤੋਂ ਬਾਅਦ ਔਰਤ ਨੂੰ ਉਹ ਇੱਜ਼ਤ ਅਸੀਂ ਦਿੰਦੇ ਹਾਂ। ਜਿਹੜਾ ਔਰਤ ਦਾ ਦਿਲ ਹੁੰਦਾ ਹੈ ਉਹ ਬੜਾ ਸ਼ੀਸ਼ੇ ਵਾਂਗੂ ਸਾਫ਼ ਹੁੰਦਾ ਹੈ। ਉਸ ਦੇ ਦਿਲ ਵਿੱਚ ਮਮਤਾ, ਪਿਆਰ ਅਤੇ ਦਇਆ ਕੁੱਟ ਕੁੱਟ ਕੇ ਭਰੀ ਹੁੰਦੀ ਹੈ, ਉਹ ਜੋ ਵੀ ਕੰਮ ਕਰਦੀ ਹੈ ਬੜੀ ਇਮਾਨਦਾਰੀ ਨਾਲ ਕਰਦੀ ਹੈ ਅਤੇ ਬਿਨਾ ਸਵਾਰਥ ਤੋਂ ਕਰਦੀ ਹੈ ਪਰ ਸਪੀਕਰ ਸਾਹਿਬ, ਇਹ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਜਿਹੜੀ ਸਾਡੀ ਮੇਲ ਡੋਮੀਨੇਟਿਡ ਸੁਸਾਇਟੀ ਹੈ ਉਹ ਔਰਤ ਦੀ ਤਰੱਕੀ ਨੂੰ ਟੌਲਰੇਟ ਨਹੀਂ ਕਰਦੀ, ਸਹਿਣ ਨਹੀਂ ਕਰਦੀ ਅਤੇ ਉਸ ਦਾ ਮਜ਼ਾਕ ਉਡਾਉਂਦੀ ਹੈ। ਮੇਰੀ ਇਹ ਬੇਨਤੀ ਹੈ ਕਿ ਔਰਤਾਂ ਨੂੰ ਮਜ਼ਾਕ ਨਾ ਸਮਝਿਆ ਜਾਵੇ। ਮੇਰੀ ਬੇਨਤੀ ਹੈ ਕਿ ਐਟ ਲੀਸਟ

Original with;
Punjab Vidhan Sabha
Digitized by;
Panjab Digital Library

[ਡਾਕਟਰ (ਸ੍ਰੀਮਤੀ) ਮਾਲਤੀ ਥਾਪਰ ]

ਪੰਜਾਬ ਵਿਚ ਸਾਨੂੰ ਔਰਤਾਂ ਨੂੰ ਪੂਰਾ ਸਨਮਾਨ ਦਿਵਾਇਆ ਜਾਵੇ । ਕਿਸੇ ਵੀ ਮਰਦ ਨੂੰ ਇਹ ਹੱਕ ਨਾ ਹੋਵੇ ਭਾਵੇਂ ਉਹ ਕਿੰਨੀ ਵੱਡੀ ਪੋਸਟ ਤੇ ਕਿਉਂ ਨਾ ਹੋਵੇ, ਉਹ ਔਰਤ ਦੇ ਦਿਲ ਦੀਆਂ ਕੋਮਲ ਭਾਵਨਾਵਾਂ ਨੂੰ ਠੇਸ ਨਾ ਪਹੁੰਚਾ ਸਕੇ, ਉਸ ਦਾ ਮਜ਼ਾਕ ਨਾ ਬਣਾ ਸਕੇ। ਸਪੀਕਰ ਸਾਹਿਬ, ਅੱਜ ਔਰਤ ਆਪਣੇ ਘਰੋਂ ਬਾਹਰ ਨਿਕਲੀ ਹੈ, ਆਪਣੀ ਗ੍ਰਹਿਸਥੀ ਨੂੰ ਛੱਡ ਕੇ, ਆਪਣੇ ਬੱਚਿਆਂ ਨੂੰ ਛੱਡ ਕੇ ਉਹ ਕੇਵਲ ਇਸ ਲਈ ਨਿਕਲੀ ਹੈ ਕਿ ਉਹ ਦੇਸ਼ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਸਕੇ ਅਤੇ ਦੇਸ਼ ਦੀ ਡਿਵੈਲਪਮੈਂਟ ਵਾਸਤੇ ਕੁਝ ਕਰ ਕੇ ਵਿਖਾ ਸਕੇ। ਇਨ੍ਹਾਂ ਕੁਝ ਲਫਜ਼ਾਂ ਦੇ ਨਾਲ ਮੈਂ ਐਪਰੋਪਰੀਏਸ਼ਨ ਬਿੱਲ ਦਾ ਸਮਰਥਨ ਕਰਦੀ ਹਾਂ ।

**ਸ੍ਰੀ ਸਪੀਕਰ**: ਸਾਥੀ ਜੀ, ਤੁਸੀਂ ਬੋਲੋ, ਪਰ ਤੁਹਾਨੂੰ ਕੇਵਲ ਪੰਜ ਮਿੰਟ ਹੀ ਮਿਲਣਗੇ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** (ਬਾਘਾ ਪੁਰਾਣਾ) : ਸਰ, ਮੈਂ ਕੋਸ਼ਿਸ਼ ਕਰਾਂਗਾ ਕਿ ਪੰਜ ਮਿੰਟ ਵਿਚ ਹੀ ਖਤਮ ਕਰ ਸਕਾਂ ।

**ਸ੍ਰੀ ਸਪੀਕਰ**: ਕੋਸ਼ਿਸ਼ ਨਹੀਂ ਖਤਮ ਕਰਨਾ ਪਵੇਗਾ ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**: ਸਪੀਕਰ, ਸਾਹਿਬ, ਮੈਂ ਸ਼ੁਰੂ ਕਰਦਾ ਹਾਂ ਕਿ :

ਹਮ ਆਹ ਭੀ ਭਰਤੇ ਹੈਂ, ਤੋ ਹੋ ਜਾਤੇ ਹੈਂ ਬਦਨਾਮ,
ਵੋ ਕਤਲ ਭੀ ਕਰਤੇ ਹੈਂ ਤੋ ਚਰਚਾ ਨਹੀਂ ਹੋਤਾ ।

**ਸ੍ਰੀ ਸਪੀਕਰ**: ਤੁਹਾਡੀ ਜਿਹੜੀ 'ਆਹ' ਹੈ ਉਹ ਵੀ ਕਤਲ ਦੇ ਬਰਾਬਰ ਹੈ। (ਹਾਸਾ)

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਪਰੋਪਰੀਏਸ਼ਨ ਬਿੱਲ ਉਤੇ ਬੋਲਣ ਦਾ ਮੌਕਾ ਦਿਤਾ ਹੈ। ਇਸ ਵੇਲੇ ਜਿਹੜਾ ਪੰਜਾਬ ਦਾ ਬਜਟ ਹੈ ਉਸਦੀ ਪੁਜੀਸ਼ਨ ਇਹ ਲਗਦੀ ਹੈ ਕਿ ਜਿਵੇਂ ਕੋਈ ਮਰੀਜ਼ ਇਨਟੈਂਸਿਵ ਕੇਅਰ ਯੂਨਿਟ ਵਿੱਚ ਪਿਆ ਹੋਵੇ ਅਤੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਸ ਨੂੰ ਕੋਈ ਨਾ ਕੋਈ ਖੂਨ ਜਾਂ ਕੋਈ ਨਾ ਕੋਈ ਖਾਸ ਦਵਾਈ ਦੇਣ ਦੀ ਲੋੜ ਹੋਵੇ। ਮੈਨੂੰ ਖਦਸ਼ਾ ਹੈ ਕਿ ਇਸ ਬਿੱਲ ਨੂੰ ਜਿਸ ਨੂੰ ਘਾਟੇ ਵਾਲਾ ਬਜਟ ਕਿਹਾ ਹੈ ਔਰ ਕਿਹਾ ਹੈ ਕਿ ਕੋਈ ਨਵਾਂ ਟੈਕਸ ਨਹੀਂ ਲਗਾਇਆ ਗਿਆ। ਇਸ ਮਰੀਜ਼ ਨੂੰ ਠੀਕ ਕਰਨ ਵਾਸਤੇ ਉਨ੍ਹਾਂ ਨੂੰ ਟੈਕਸ ਲਗਾਉਣੇ ਪੈਣਗੇ ਅਤੇ ਇਹ ਜ਼ਰੂਰ ਟੈਕਸ ਲਗਾਉਣਗੇ। ਇਹ ਹੁਣ** ਕਹਿੰਦੇ ਹਨ ਅਤੇ ਕੱਲ੍ਹ ਨੂੰ ਇਹ ਸੱਚ ਹੋਵੇਗਾ।

**ਸ੍ਰੀ ਸਪੀਕਰ**: ਇਹ ਜਿਹੜੇ ** ਵਾਲੇ ਸ਼ਬਦ ਹਨ, ਇਹ ਅਨਪਾਰਲੀਮੈਂਟਰੀ ਹਨ। ਇਨ੍ਹਾਂ ਨੂੰ ਐਕਸਪੰਜ ਕੀਤਾ ਜਾਂਦਾ ਹੈ ।

**ਸੰਸਦੀ ਮਾਮਲਿਆਂ ਦੇ ਮੰਤਰੀ**: ਸਪੀਕਰ ਸਾਹਿਬ, ਇਨ੍ਹਾਂ ਨੇ ** ਵਾਲੇ ਸ਼ਬਦ ਅਨਪਾਰਲੀਮੈਂਟਰੀ ਕਹੇ ਹਨ......

**ਸ੍ਰੀ ਸਪੀਕਰ**: ਸਰਦਾਰ ਉਮਰਾਓ ਸਿੰਘ ਜੀ, ਮੈਂ ਤੁਹਾਡੇ ਕੈਚ ਕਰਨ ਤੋਂ ਪਹਿਲਾਂ ਹੀ ਇਨ੍ਹਾਂ ਨੂੰ ਐਕਸਪੰਜ ਕਰਨ ਦੇ ਹੁਕਮ ਕਰ ਚੁੱਕਾ ਹਾਂ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ, ਟਰਾਂਸਪੋਰਟ :** ਸਰ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਇਥੇ ਪਹਿਲਾਂ ਟਰਾਂਸਪੋਰਟ ਵਿਭਾਗ ਬਾਰੇ ਗੱਲਾਂ ਕਹੀਆਂ ਗਈਆਂ ਹਨ, ਮੈਂ ਇਸ ਬਾਰੇ ਇਕ ਮਿੰਟ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ। ਪੁਰਾਣੇ ਰਿਕਾਰਡ ਦੇ ਮੁਤਾਬਿਕ ਟਰਾਂਸਪੋਰਟ ਡਿਪਾਰਟਮੈਂਟ 1948 ਵਿੱਚ ਬਣਿਆ ਅਤੇ ਪੀ.ਆਰ.ਟੀ.ਸੀ. 1956 ਵਿਚ ਬਣੀ। ਇਥੇ ਕੁਝ ਗੱਲਾਂ ਕਹੀਆਂ ਗਈਆਂ ਹਨ ਕਿ ਪੀ.ਆਰ.ਟੀ.ਸੀ. ਘਾਟੇ ਵਿੱਚ ਚਲ ਰਹੀ ਹੈ, ਇਸ ਨੂੰ ਬੰਦ ਕੀਤਾ ਜਾਵੇ। ਰੋਡਵੇਜ਼ ਵੀ ਘਾਟੇ ਵਿੱਚ ਜਾ ਰਹੀ ਹੈ ਇਸ ਨੂੰ ਵੀ ਬੰਦ ਕਰਨਾ ਚਾਹੀਦਾ ਹੈ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਇਕ ਸਾਲ ਦੇ ਸਮੇਂ ਵਿੱਚ ਜਿਹੜੀ ਰੋਡਵੇਜ਼ ਹੈ ਉਹ 10 ਕਰੋੜ ਰੁਪਏ ਮੁਨਾਫੇ ਵਿੱਚ ਜਾ ਰਹੀ ਹੈ। ਪੀ. ਆਰ. ਟੀ. ਸੀ. ਵੀ ਇਸ ਵੇਲੇ ਮੁਨਾਫੇ ਵਿਚ ਜਾ ਰਹੀ ਹੈ। ਇਹ ਗੱਲ ਸਾਡੇ ਚੀਫ ਮਨਿਸਟਰ ਸਾਹਿਬ ਵੀ ਹਾਊਸ ਵਿਚ ਐਲਾਨ ਕਰ ਚੁੱਕੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਕੰਟਰੋਲ ਨਹੀਂ ਕੀਤਾ ਗਿਆ ਤਾਂ ਇਹ ਜਿਹੜਾ ਮੁਨਾਫਾ ਹੈ, ਉਹ ਕਿਸ ਤਰ੍ਹਾਂ ਹੋ ਗਿਆ ਹੈ ? ਇਹ ਜਿਹੜੀ ਕੁਰੱਪਸ਼ਨ ਦੀ ਗੱਲ ਕਰਦੇ........... (ਸ਼ੋਰ) (ਵਿਘਨ)

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਪੀਕਰ ਸਾਹਿਬ, ਮੇਰਾ ਟਾਈਮ ਕੱਟਿਆ ਨਾ ਜਾਵੇ।

**Mr. Speaker :** Master Ji, please resume your seat. **ਪੀ.ਆਰ.ਟੀ.ਸੀ.** ਦੇ ਬਾਰੇ ਤੁਹਾਨੂੰ ਪਹਿਲਾਂ ਹੀ ਆਪੋਜ਼ੀਸ਼ਨ ਵਲੋਂ ਕੰਪਲੀਮੈਂਟ ਮਿਲ ਚੁੱਕੀ ਹੈ। ਪਲੀਜ਼ ਬੈਠ ਜਾਓ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਮੈਂ ਐਪਰੋਪਰੀਏਸ਼ਨ ਬਿਲ ਤੇ ਹੀ ਬੋਲ ਰਿਹਾ ਹਾਂ, ਮੈਂ ਇਥੇ ਹੀ ਆਉਂਦਾ ਹਾਂ। ਮੈਂ ਮਹਿਸੂਸ ਕਰਦਾ ਹਾਂ ਕਿ ਲੋਕਪਾਲ ਨਿਯੁਕਤ ਹੋ ਜਾਣਾ ਚਾਹੀਦਾ ਹੈ ਤਾਂਕਿ ਇਕ ਦੂਜੇ ਤੇ ਜਿਹੜਾ ਚਿੱਕੜ ਸੁੱਟਣ ਵਾਲੀ ਗੱਲ ਹੈ.........

**Mr. Speaker :** Sathi Ji, I don't allow it. ਤੁਸੀਂ ਬਜਟ ਤੇ ਬੋਲੋ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਮੈਂ ਬਜਟ ਤੇ ਹੀ ਬੋਲ ਰਿਹਾ ਹਾਂ। ਸਪੀਕਰ ਸਾਹਿਬ ਜਿਥੋਂ ਤੱਕ ਇਸ ਦੇ ਵਿੱਚ ਮੱਦ ਰੱਖੇ ਹਨ, ਸਾਲ 1993-94 ਦਾ ਜਿਹੜਾ 321.61 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ, ਮੈਂ ਸਮਝਦਾ ਹਾਂ ਕਿ ਜੇ ਆਪਾਂ ਅੰਕੜੇ ਵੇਖੀਏ, ਮਹਿੰਗਾਈ ਦੇ ਹਿਸਾਬ ਨਾਲ ਜਾਂ ਦੂਸਰੇ, 1982 ਤੋਂ ਆਈਏ ਤਾਂ ਉਸ ਦਾ 200 ਕਰੋੜ ਰੁਪਏ ਦਾ ਫਰਕ ਪੈ ਸਕਦਾ ਹੈ ਅਤੇ ਉਹ 200 ਕਰੋੜ ਰੁਪਏ ਪੁਲਿਸ ਖਰਚੇ ਤੋਂ ਘਟਾ ਕੇ ਦੂਜੇ ਪਾਸੇ ਲਗਾਇਆ ਜਾ ਸਕਦਾ ਹੈ ਕਿਉਂਕਿ ਇਸ ਦੀ ਹੁਣ ਕੋਈ ਲੋੜ ਨਹੀਂ। ਮੈਂ ਸਮਝਦਾ ਹਾਂ ਕਿ ਜਿੰਨੀ ਕੁਰਪਸ਼ਨ ਪੁਲਿਸ ਦੇ ਵਿੱਚ ਹੈ ਅਤੇ ਜਿੰਨੀ ਪੁਲਿਸ ਵਾਲਿਆਂ ਨੇ ਜ਼ਿਆਦਤੀ ਕੀਤੀ ਹੈ ਜੋ ਲੋਕ ਮਹਿਸੂਸ ਕਰਦੇ ਹਨ, ਮੈਂ ਮਹਿਸੂਸ ਕਰਦਾ ਹਾਂ.........

**Mr. Speaker :** Sathi Ji, I won't allow wild allegations to be levelled here.

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਅੱਜ ਗੱਲ ਇਹ ਹੈ ਕਿ ਪੰਜਾਬ ਜੋ ਕ੍ਰਿਸ਼ੀ ਪ੍ਰਧਾਨ ਸੂਬਾ ਹੈ, ਉਸਦੇ ਵਿੱਚ ਜਿਵੇਂ ਦੂਜੇ ਸੂਬਿਆਂ ਨੂੰ ਸੈਂਟਰ ਵਲੋਂ ਰੋਆਇਲਟੀ ਦਿਤੀ ਜਾ ਰਹੀ ਹੈ, ਕੇਂਦਰ ਨੂੰ ਚਾਹੀਦਾ ਹੈ ਕਿ ਸਾਡੀ ਫਸਲ ਤੇ ਵੀ ਰੋਆਇਲਟੀ ਦੇਵੇ ਤਾਂਕਿ ਸਾਡੇ ਕਿਸਾਨ ਦਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਵਿਜੈ ਕੁਮਾਰ ਸਾਥੀ ਐਡਵੋਕੇਟ]

ਵੀ ਅਦਾਰਾ ਉੱਚਾ ਹੋ ਸਕੇ। ਜਿਥੋਂ ਤਕ ਕੇਂਦਰੀ ਕਰਜ਼ੇ ਮੁਆਫ ਕਰਨ ਦਾ ਤੁਅੱਲਕ ਹੈ, ਡਾਕਟਰ ਕੇਵਲ ਕ੍ਰਿਸ਼ਨ ਜੀ ਇਥੇ ਬੈਠੇ ਹਨ, ਮੈਂ ਸਮਝਦਾ ਹਾਂ ਕਿ ਜਿਹੜੀ ਲੜਾਈ ਹੈ ਅਤਵਾਦ ਦੀ ਅਤੇ ਵੱਖਵਾਦ ਦੀ ਉਹ ਸਾਰੇ ਹਿੰਦੁਸਤਾਨ ਨੇ ਲੜੀ ਹੈ, ਇਸ ਲਈ ਕਰਜ਼ਾ ਮੁਆਫ ਹੋਣਾ ਚਾਹੀਦਾ ਹੈ।

ਜਿਥੋਂ ਤੱਕ ਮੰਡਲ-ਕਮਿਸ਼ਨ ਦੀ ਰਿਪੋਰਟ ਦਾ ਤੁਅੱਲਕ ਹੈ, ਜਾਂ ਸੀ.ਐਮ. ਸਾਹਿਬ ਨੇ ਕਿਹਾ ਲਾਗੂ ਕਰਨ ਬਾਰੇ, ਮੈਂ ਇਸ ਸਬੰਧ ਵਿੱਚ ਕਹਿੰਦਾ ਹਾਂ ਕਿ ਇਸ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਣਾ ਚਾਹੀਦਾ ਹੈ ਔਰ ਕੁਝ ਲੋਕ ਕਹਿੰਦੇ ਹਨ ਕਿ ਇਹ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਅੱਪ-ਲਿਫਟ ਕਰਨ ਲਈ ਕੁਝ ਰੋਕਾਂ ਲਗਦੀਆਂ ਹਨ, ਜਿਵੇਂ ਆਮ ਤੌਰ ਤੇ ਰਿਜ਼ਰਵੇਸ਼ਨ ਦੀ ਗੱਲ ਆਉਂਦੀ ਹੈ ਸਕੂਲਾਂ ਵਿੱਚ, ਮੈਂ ਸਮਝਦਾ ਹਾਂ ਕਿ ਇਕ ਬੱਚਾ ਜਿਹੜਾ ਟਾਹਲੀ ਹੇਠ ਜੰਮਿਆ ਹੈ ਅਤੇ ਇਕ ਬੱਚਾ ਤਕੜੇ ਘਰ ਮਹਿਲਾਂ ਵਿੱਚ ਜੰਮਿਆ ਹੈ। ਪਹਿਲੇ ਦਾ ਪਾਲਣ-ਪੋਸਣ ਨਹੀਂ ਹੋਇਆ ਅਤੇ ਦੂਜੇ ਪਾਸੇ ਚੰਗੇ ਬਿਸਤਰ ਅਤੇ ਗਦੇਲੇ ਹਨ। ਪਹਿਲੇ ਬੱਚੇ ਲਈ ਮਾਂ ਕੋਲ ਦੁੱਧ ਦੇਣ ਲਈ ਨਾ ਹੋਵੇ, ਉਥੇ ਸੱਭ ਕੁਝ ਮਿਲਦਾ ਹੋਵੇ, ਇਧਰ ਬਿਜਲੀ ਵੀ ਨਾ ਹੋਵੇ, ਪਾਣੀ ਨਾ ਹੋਵੇ, ਉਸ ਦੇ ਕੋਲ ਟਿਊਸ਼ਨ ਨਾ ਹੋਵੇ ਅਤੇ ਮਾਂ-ਬਾਪ ਅਨਪੜ੍ਹ ਹੋਣ, ਉਸ ਦਾ ਸਤਰ ਕਿਸ ਤਰ੍ਹਾਂ ਉਚਾ ਚੁੱਕਣਾ ਹੈ, ਇਸ ਬਾਰੇ ਸਾਨੂੰ ਵੇਖਣਾ ਚਾਹੀਦਾ ਹੈ।

ਜਿਥੋਂ ਤੱਕ ਜ਼ਿਲ੍ਹਿਆਂ ਵਿੱਚ ਪਲੈਨਿੰਗ ਬੋਰਡ ਦਾ ਤੁਅਲਕ ਹੈ ਮੈਂ ਮਹਿਸੂਸ ਕਰਦਾ ਹਾਂ ਕਿ ਸਾਡੇ ਨਾਲ ਵਿਤਕਰਾ ਹੋ ਰਿਹਾ ਹੈ ਉਥੇ ਪਲੈਨਿੰਗ ਬੋਰਡ ਤਾਂ ਰਹਿਣੇ ਚਾਹੁੰਦੇ ਹਨ ਲੇਕਿਨ ਇਸ ਦੇ ਵਿੱਚ ਆਪੋਜੀਸ਼ਨ ਦੇ ਐਮ.ਐਲ.ਏਜ਼ ਨੂੰ ਵੀ ਬਰਾਬਰ ਦਾ ਹਿੱਸਾ ਮਿਲਣਾ ਚਾਹੀਦਾ ਹੈ।

ਮੈਂ ਕਹਿਣਾ ਚਾਹਵਾਂਗਾ ਕਿ ਪ੍ਰੈਸ ਅਤੇ ਮੀਡੀਏ ਦੇ ਮੁਲਾਜ਼ਮਾਂ ਦੀਆਂ ਮੰਗਾਂ ਜੋ ਜਾਇਜ਼ ਹਨ, ਉਹ ਤੁਰੰਤ ਮੰਨੀਆਂ ਜਾਣੀਆਂ ਚਾਹੀਦੀਆਂ ਹਨ ਅਤੇ, ਸਪੀਕਰ ਸਾਹਿਬ, ਖਾਸ ਕਰਕੇ ਜਿਹੜਾ ਟੈਲੀਵੀਜ਼ਨ ਦਾ ਪ੍ਰਸਾਰ ਜਲੰਧਰ ਤੋਂ ਅੱਜ ਹੁੰਦਾ ਹੈ, ਜਦ ਕਿ ਚੰਡੀਗੜ੍ਹ ਵਿਖੇ 4 ਏਕੜ ਦਾ ਪਲਾਟ ਖਾਲੀ ਪਿਆ ਹੈ ਉਸ ਤੇ ਬਿਲਡਿੰਗ ਨਹੀਂ ਉਸਾਰੀ ਗਈ, 45 ਹਜ਼ਾਰ ਰੁਪਏ ਉਸ ਦਾ ਜੁਰਮਾਨਾ ਯੂਨੀਅਨ ਟੈਰੇਟਰੀ ਪਾਸ ਜਮ੍ਹਾਂ ਕਰਾਉਣਾ ਪਿਆ ਹੈ ਮਗਰ ਬਿਲਡਿੰਗ ਨਹੀਂ ਬਣਾਈ। ਸਰਕਾਰ ਨੂੰ ਤੁਰੰਤ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਪੇਂਡੂ ਇਲਾਕੇ ਤੋਂ ਬੀਲੋਂਗ ਕਰਦਾ ਹਾਂ, ਬਾਘਾ-ਪੁਰਾਣਾ ਨੂੰ ਸਬ-ਡਵੀਜ਼ਨ ਬਣਾਇਆ ਜਾਵੇ ਅਤੇ ਜੋ ਗਰਲਜ਼ ਕਾਲਿਜ ਬਣਾਉਣ ਬਾਰੇ ਐਜੂਕੇਸ਼ਨ ਮਨਿਸਟਰ ਸਾਹਿਬ ਕਹਿ ਕੇ ਆਏ ਸਨ, ਉਹ ਤੁਰੰਤ ਖੋਲ੍ਹਿਆ ਜਾਵੇ। ਇਕ ਸਟੇਡੀਅਮ ਵੀ ਉਥੇ ਬਣਾਇਆ ਜਾਵੇ। ਇਸ ਦੇ ਨਾਲ ਹੀ ਮੋਗੇ ਨੂੰ ਪ੍ਰਾਇਰਟੀ ਅਤੇ ਪਹਿਲ ਦੇ ਆਧਾਰ ਤੇ ਜ਼ਿਲ੍ਹਾ ਬਣਾਇਆ ਜਾਵੇ। ਮੈਂ ਕਹਾਂਗਾ ਕਿ ਮੋਗੇ ਨੂੰ ਜ਼ਿਲ੍ਹਾ ਬਣਾਉਣ ਨਾਲ ਮੈਰਿਟ ਦੀ ਗੱਲ ਸਾਬਤ ਹੋ ਸਕਦੀ ਹੈ।

ਸਪੀਕਰ ਸਾਹਿਬ, ਮੁਲਾਜ਼ਮਾਂ ਦੀਆਂ ਮੰਗਾਂ ਵੱਲ ਧਿਆਨ ਦਿੱਤਾ ਜਾਵੇ। ਅੱਜ ਉਹ ਸੜਕਾਂ ਤੇ ਰੈਲੀਆਂ ਕਰ ਰਹੇ ਹਨ, ਮੁਜ਼ਾਹਰੇ ਕਰ ਰਹੇ ਹਨ, ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀਆਂ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ। ਤਨਖਾਹ ਕਮਿਸ਼ਨ ਲਈ ਵਧੇਰੇ ਸਿਫਾਰਸ਼ਾਂ ਲਾਗੂ ਹੋਣੀਆਂ ਚਾਹੀਦੀਆਂ ਹਨ ਔਰ ਇਸ ਦੇ ਨਾਲ ਹੀ ਕੁਰੱਪਸ਼ਨ ਬੰਦ ਕਰਨ ਲਈ ਐਂਟੀ-ਕੁਰੱਪਸ਼ਨ ਟ੍ਰਿਬਿਊਨਲ ਕਾਇਮ ਕੀਤਾ ਜਾਵੇ। ਅੱਜ ਪੰਜਾਬ ਵਿਚ ਇਹ ਚਰਚਾ ਚੱਲ ਰਹੀ ਹੈ ਕਿ ਕਿਹੜੇ ਜਿਹੜੇ ਮਹਿਕਮੇ ਵਿਚ ਕਿੰਨੀ ਕਿੰਨੀ ਕੁਰੱਪਸ਼ਨ ਚੱਲ ਰਹੀ ਹੈ। ਮੈਂ ਸਮਝਦਾ ਹਾਂ ਕਿ ਇਸ ਨੂੰ ਦੂਰ ਕੀਤਾ ਜਾਵੇ। ** ** (ਸ਼ੋਰ) (ਵਿਘਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਤੁਹਾਡੇ ਇਹ ਸ਼ਬਦ ਪਰੋਸੀਡਿੰਗਜ਼ ਵਿਚੋਂ ਕੱਢੇ ਜਾਂਦੇ ਹਨ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਕੁਰੱਪਸ਼ਨ ਨੂੰ ਰੋਕਣ ਲਈ ਹਾਊਸ ਦੇ ਮੈਂਬਰਾਂ ਦੀ ਸਾਂਝੀ ਕਮੇਟੀ ਬਣਾਈ ਜਾਵੇ ਤਾਂਕਿ ਪਤਾ ਲੱਗ ਸਕੇ ਕਿ ਕੁਰਪਸ਼ਨ ਕਿੱਥੇ ਹੋ ਰਹੀ ਹੈ। ਸੀ.ਐਮ. ਸਾਹਿਬ ਵੀ ਇਹ ਗੱਲ ਮੰਨਦੇ ਹਨ ਕਿ ਇਹ ਸਾਲ ਐਂਟੀ-ਕੁਰੱਪਸ਼ਨ ਦਾ ਮਨਾਉਣਾ ਹੈ ਅਤੇ ਇਸ ਤੇ ਇੰਪਲੀਮੈਂਟੇਸ਼ਨ ਹੋਣੀ ਚਾਹੀਦੀ ਹੈ। ਜਿੱਥੇ ਤੱਕ ਪਲਾਨਿੰਗ ਕਮੇਟੀਆਂ ਦਾ ਤੁਅੱਲਕ ਹੈ, ਇਨ੍ਹਾਂ ਵਿਚ ਜਿਹੜੀਆਂ ਸ਼ਿਕਾਇਤ ਕਮੇਟੀਆਂ ਹਨ, ਉਨ੍ਹਾਂ ਵਿਚ ਜੋ ਗਲ ਹੋ ਰਹੀ ਹੈ, ਉਹ ਗੱਲ ਚੰਗੀ ਨਹੀਂ। (ਵਿਘਨ)

**Mr. Speaker** : Sathi Ji, please resume your seat. I have to call upon the next speaker.

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਅੰਤ ਵਿਚ ਮੈਂ ਇਨਾ ਕਹਿੰਦਾ ਹਾਂ ਕਿ ਇਨ੍ਹਾਂ ਬੇਨਤੀਆਂ ਨੂੰ ਮੱਦੇ ਨਜ਼ਰ ਰੱਖਿਆ ਜਾਵੇ ਅਤੇ ਗੌਰ ਕੀਤਾ ਜਾਵੇ।

**ਕਾਮਰੇਡ ਤਰਸੇਮ ਜੋਧਾਂ** (ਕਿਲਾ ਰਾਏਪੁਰ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਜੋ ਪੈਸਾ ਬਜਟ ਵਿਚ ਰੱਖਿਆ ਗਿਆ ਹੈ, ਉਹ ਬਹੁਤ ਸਾਰੇ ਮਹਿਕਮਿਆਂ ਵਾਸਤੇ ਘੱਟ ਹੈ। ਕਈ ਵਾਰ ਹਦਾਇਤਾਂ ਡਿਪਾਰਟਮੈਂਟ ਵਿਚ ਥੱਲੇ ਲੋਕਾਂ ਤੱਕ ਪਹੁੰਚਦੀਆਂ ਨਹੀਂ ਜਿਵੇਂ ਸਮਾਜ ਭਲਾਈ ਦਾ ਮਹਿਕਮਾ ਹੈ। ਇਸ ਨੂੰ ਪੈਨਸ਼ਨ ਦੇਣ ਵਾਸਤੇ ਵੱਧ ਤੋਂ ਵੱਧ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਦੀ ਇੰਪਲੀਮੈਨਟੇਸ਼ਨ ਹੋਣੀ ਚਾਹੀਦੀ ਹੈ। ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਲੈਣ ਲਈ ਲੋਕਾਂ ਨੂੰ ਦਫਤਰਾਂ ਵਿਚ ਧੱਕੇ ਖਾਣੇ ਪੈਂਦੇ ਹਨ। ਇਹ ਪੈਸਾ ਥੱਲੇ ਲੋਕਾਂ ਤੱਕ ਪਹੁੰਚਾਉਣ ਵਾਸਤੇ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ ਅਤੇ ਸਰਕਾਰ ਨੂੰ ਉਚੇਚੇ ਕਦਮ ਚੁੱਕਣੇ ਚਾਹੀਦੇ ਹਨ। ਪਿੰਡਾਂ ਦੀ ਡਿਲਵੈਪਮੈਂਟ ਵਿਚ ਇਹ ਨਹੀਂ ਕਿ ਵਰਕਰਾਂ ਨੂੰ ਖੁਸ਼ ਕਰਨ ਵਾਸਤੇ, ਵੋਟਾਂ ਲੈਣ ਵਾਸਤੇ, ਸੜਕਾਂ ਬਣਾ ਦਿੱਤੀਆਂ, ਗਲੀਆਂ-ਨਾਲੀਆਂ ਬਣਾ ਦਿੱਤੀਆਂ। ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਸਗੋਂ ਅੱਛੇ ਢੰਗ ਨਾਲ ਧਿਆਨ ਦੇਣਾ ਚਾਹੀਦਾ ਹੈ ਤਾਂਕਿ ਲੋਕਾਂ ਨੂੰ ਇਨਸਾਫ ਮਿਲ ਸਕੇ। ਜਿਥੋਂ ਤੱਕ ਕੁਰੱਪਸ਼ਨ ਦਾ ਸਵਾਲ ਹੈ ਇਸ ਤੋਂ ਲੋਕੀ ਬਹੁਤ ਦੁੱਖੀ ਹਨ ਅਤੇ ਇਹ ਕੈਂਸਰ ਬਣ ਚੁੱਕੀ ਹੈ। ਇਸ ਨੂੰ ਰੋਕਣ ਵਾਸਤੇ ਉਪਰੋਂ ਕਾਲ ਹੋਣੀ ਚਾਹੀਦੀ ਹੈ। ** **

**Mr. Speaker** : I won't allow wild allegations.

**ਕਾਮਰੇਡ ਤਰਸੇਮ ਜੋਧਾਂ** : ਇਸ ਕਰਕੇ ਕੁਰੱਪਸ਼ਨ ਜਿਹੜੀ ਹੈ ਇਹ ਬੰਦ ਹੋਣੀ ਚਾਹੀਦੀ ਹੈ। ਪਬਲਿਕ ਸੈਕਟਰ ਜਿਹੜਾ ਹੈ ਇਸ ਨੂੰ ਬਚਾਉਣ ਵਾਸਤੇ ਸਾਨੂੰ ਪੂਰੇ ਉਪਰਾਲੇ ਕਰਨੇ ਚਾਹੀਦੇ ਹਨ। ਟਰਾਂਸਪੋਰਟ ਦਾ ਮਹਿਕਮਾ ਹੈ, ਅਸੀਂ ਮਨਿਸਟਰ ਸਾਹਿਬ ਤੇ ਦੋਸ਼ ਨਹੀਂ ਲਾਉਂਦੇ ਕਿ ਉਨ੍ਹਾਂ ਦੀ ਹੀ ਜ਼ਿਮੇਵਾਰੀ ਹੈ, ਥਲੇ ਦੇਖਣਾ ਚਾਹੀਦਾ ਹੈ ਕਿ ਕਿਵੇਂ ਟਰਾਂਸਪੋਰਟ ਦੇ ਵਿੱਚ ਘਪਲੇਬਾਜ਼ੀ ਹੋ ਰਹੀ ਹੈ, ਕਿਵੇਂ ਕੰਡਕਟਰ ਜਿਹੜੇ ਹਨ ਉਹ ਪੈਸਾ ਉਗਰਾਹ ਰਹੇ ਹਨ, ਕਿਵੇਂ ਬਾਡੀਆਂ ਦੇ ਵਿੱਚ ਸਪੇਅਰ ਪਾਰਟ ਪੈਂਦੇ ਹਨ। ਟਿਕਟਾਂ ਜੋ ਹਨ ਇਕ ਰੁਪਿਆ ਨਾਲ ਲਾ ਕੇ 10 ਰੁਪਏ ਔਰ 1 ਰੁਪਏ ਨਾਲ 7 ਰੁਪਏ ਲਾ ਕੇ 17 ਰੁਪਏ ਇਸ ਗੱਲ ਦਾ ਥਲੇ, ਬਹੁਤ ਜ਼ਿਆਦਾ ਪ੍ਰਚਾਰ ਹੋ ਰਿਹਾ ਹੈ। ਇਸ ਨੂੰ ਰੋਕਣਾ ਚਾਹੀਦਾ ਹੈ ਤਾਂ ਕਿ ਪਬਲਿਕ ਸੈਕਟਰ ਬਚੇ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਸਮੇਂ ਦਾ ਵੀ ਖਿਆਲ ਰਖੋ, ਤਰਸੇਮ ਜੀ।

ਕਾਮਰੇਡ ਤਰਸੇਮ ਜੋਧਾਂ : ਬਿਜਲੀ ਦੀ ਚੋਰੀ ਬੰਦ ਹੋਣੀ ਚਾਹੀਦੀ ਹੈ। ਪਿੰਡਾਂ ਦੇ ਵਿੱਚ ਬਿਜਲੀ ਦੀ ਚੋਰੀ ਹੁੰਦੀ ਹੈ ਪਰ ਮਿਲਾਂ ਦੇ ਮਾਲਕ ਜੋ ਹਨ, ਇਕ ਇਕ ਫੈਕਟਰੀ ਦਾ ਮਾਲਕ, ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਿਜਲੀ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ 10-10 ਪਿੰਡਾਂ ਦੇ ਬਰਾਬਰ ਬਿਜਲੀ ਚੋਰੀ ਕਰਦਾ ਹੈ ਔਰ ਫਿਰ ਉਨ੍ਹਾਂ ਨੂੰ 37 ਕਰੋੜ ਰੁਪਏ ਦੀ ਰਿਆਇਤ ਦਿੱਤੀ ਗਈ ਹੈ, ਇਸ ਨੂੰ ਚੈਕ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਡੈਮੋਕਰੇਟਿਕ ਸੈਟ ਅੱਪ ਜਿਹੜਾ ਹੈ ਇਸ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਪਲੈਨਿੰਗ ਬੋਰਡ ਨੂੰ ਬੰਦ ਕਰਨ ਦੀ ਬਜਾਏ ਉਨ੍ਹਾਂ ਨੂੰ ਮਜ਼ਬੂਤ ਕੀਤਾ ਜਾਵੇ ਔਰ ਜਿਹੜੀਆਂ ਮਾਰਕਿਟ ਕਮੇਟੀਆਂ ਹਨ ਉਨ੍ਹਾਂ ਦੀ ਚੋਣ ਕੀਤੀ ਜਾਵੇ। ਜਿਥੋਂ ਤਕ ਬਲਾਕ ਸੰਮਤੀਆਂ ਔਰ ਜ਼ਿਲ੍ਹਾ ਪ੍ਰੀਸ਼ਦਾਂ ਦਾ ਸਵਾਲ ਹੈ ਉਨ੍ਹਾਂ ਨੂੰ ਜਿਹੜਾ ਜ਼ੋਨ ਬਣਾਉਣਾ ਹੈ ਉਹ ਬੰਦ ਕੀਤਾ ਜਾਵੇ। ਸਾਡਾ ਜਿਹੜਾ ਡੈਮੋਕਰੇਟਿਕ ਰਾਈਟ ਹੈ ਟੂ ਗੈਟ ਇਨਫਰਮੇਸ਼ਨ, ਇਸ ਦਾ ਜਿਹੜਾ ਫੰਡਾਮੈਂਟਲ ਰਾਈਟ, ਜ਼ਰੂਰੀ ਹਕ ਇਹ ਸਾਨੂੰ ਮਿਲਣਾ ਚਾਹੀਦਾ ਹੈ। ਸ਼ਿਕਾਇਤ ਕਮੇਟੀਆਂ ਵਿੱਚ ਜੋ ਅਸੀਂ ਮਨਿਸਟਰਾਂ ਨੂੰ ਚਿਠੀਆਂ ਲਿਖਦੇ ਹਾਂ, ਅਫਸਰਾਂ ਨੂੰ ਚਿਠੀਆਂ ਲਿਖਦੇ ਹਾਂ ਇਸ ਗੱਲ ਦਾ ਕੋਈ ਉਪਰਾਲਾ ਨਹੀਂ ਕੀਤਾ ਜਾਂਦਾ। ਮੈਂ ਸਾਰਿਆਂ ਦੀ ਗਲ ਨਹੀਂ ਕਰਦਾ, ਦੋ ਚਾਰ ਮਨਿਸਟਰ ਜਵਾਬ ਦਿੰਦੇ ਵੀ ਹੋਣਗੇ ਪਰ ਆਮ ਜਵਾਬ ਨਹੀਂ ਦਿੱਤੇ ਜਾਂਦੇ। ਅਸੀਂ ਚੁਣ ਕੇ ਆਏ ਹਾਂ, ਅਸੀਂ ਲੋਕਾਂ ਦੀ ਨੁਮਾਇਦਗੀ ਕਰਦੇ ਹਾਂ, ਸਾਨੂੰ ਪੂਰੀ ਇਨਫਰਮੇਸ਼ਨ ਮਿਲਣੀ ਚਾਹਦੀ ਹੈ। ਜਿਹੜੀਆਂ ਡੰਕਲ ਤਜਵੀਜ਼ਾਂ ਹਨ ਉਨ੍ਹਾਂ ਨੂੰ ਰੱਦ ਕਰਨਾ ਚਾਹੀਦਾ ਹੈ। ਅੱਜ ਇਕ ਚੰਗੀ ਤਕੜੀ ਲਾਬੀ ਜਗੀਰਦਾਰਾਂ ਦੀ ਜੋ ਹੈ ਇਸ ਨੂੰ ਚਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਲਈ, ਮਾਨਯੋਗ ਸਪੀਕਰ ਸਾਹਿਬ, ਮੈਂ ਮੰਗ ਕਰਨਾ ਚਾਹੁੰਦਾ ਹਾਂ ਕਿ ਮੁਲਾਜ਼ਮਾਂ ਦੀਆਂ ਮੰਗਾਂ, ਮਕਾਨ ਕਿਰਾਇਆ ਭੱਤਾ, ਗਵਰਨਰੀ ਰਾਜ ਸਮੇਂ ਜਿਹੜੇ ਭੱਤੇ ਖ਼ਤਮ ਕੀਤੇ ਗਏ ਉਹ ਬਹਾਲ ਕੀਤੇ ਜਾਣ ਔਰ ਤੀਜੇ ਤਨਖਾਹ ਕਮਿਸ਼ਨ ਦੀਆਂ ਰਹਿੰਦੀਆਂ ਸਿਫਾਰਸ਼ਾਂ ਜਿਹੜੀਆਂ ਹਨ ਲਾਗੂ ਕੀਤੀਆਂ ਜਾਣ। ਬਦਲੀਆਂ ਲਈ ਕੋਈ ਸਪੈਸ਼ਲ ਕਰਾਈਟੇਰੀਆਂ ਬਣਾਇਆ ਜਾਵੇ। ਨਵੀਆਂ ਤਹਿਸੀਲਾਂ, ਜ਼ਿਲ੍ਹੇ ਬਣਾਉਣ ਦੀ ਜਿਹੜੀ ਦੌੜ ਲਗੀ ਹੋਈ ਹੈ, ਬੜਾ ਪੈਸਾ ਖਰਚ ਹੋ ਰਿਹਾ ਹੈ ਇਸ ਦੇ ਲਈ ਕੋਈ ਕਰਾਈਟੇਰੀਆ ਬਣਾਇਆ ਜਾਵੇ ਜਿਥੇ ਕਿਥੇ ਖਾਸ ਜ਼ਰੂਰਤ ਹੈ, ਜਿਹੜਾ ਇਲਾਕਾ ਡਿਜ਼ਰਵ ਕਰਦਾ ਹੈ ਉਥੇ ਬਣਾਇਆ ਜਾਵੇ। ਇਸ ਦੇ ਨਾਲ ਜਿਹੜਾ ਸਾਡਾ ਫਾਲਤੂ ਖਰਚਾ ਹੁੰਦਾ ਹੈ, ਇਹ ਬਚਾਉਣਾ ਚਾਹੀਦਾ ਹੈ। ਜੋ ਸਰਕਾਰ ਦਾ ਪੈਸਾ ਹੈ ਜੋ ਲੋਕਾਂ ਦੀਆਂ ਜੇਬਾਂ ਵਿਚੋਂ ਆਉਂਦਾ ਹੈ ਇਸ ਦੀ ਖਰਚ ਵਾਸਤੇ ਸਾਨੂੰ ਸੋਚਣਾ ਚਾਹੀਦਾ ਹੈ, ਪ੍ਰਬੰਧ ਕਰਨਾ ਚਾਹੀਦਾ ਹੈ। ਕੁਰੱਪਸ਼ਨ ਦੂਰ ਕਰਨ ਵਾਸਤੇ ਨਿਗਰਾਨ ਕਮੇਟੀਆਂ ਜੋ ਹਨ ਉਨ੍ਹਾਂ ਵਿੱਚ ਚੁਣੇ ਹੋਏ ਨੁਮਾਇੰਦੇ ਜੋ ਹਨ ਉਹ ਲਗਾਏ ਜਾਣ। ਇਨ੍ਹਾਂ ਸ਼ਬਦਾਂ ਨਾਲ ਮੈਂ, ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ ਸਪੀਕਰ : ਸ੍ਰੀ ਜਗਦੀਸ਼ ਸਾਹਨੀ। ਟਾਈਮ ਬਹੁਤ ਘੱਟ ਹੈ, ਤੁਸੀਂ ਥੋੜ੍ਹਾ ਸਮਾਂ ਹੀ ਲੈਣਾ।

**ਸ੍ਰੀ ਜਗਦੀਸ਼ ਸਾਹਨੀ (ਬਟਾਲਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਸ਼ੁਕਰਗੁਜ਼ਾਰ ਹਾਂ। ਤੁਸੀਂ ਮੈਨੂੰ ਟਾਈਮ ਬਹੁਤ ਘੱਟ ਦਿੱਤਾ ਹੈ ਪਰ ਉਸ ਦੇ ਬਾਵਜੂਦ ਮੈਂ ਪੂਰੀ ਕੋਸ਼ਿਸ਼ ਕਰਕੇ ਇਸ ਦੇ ਵਿੱਚ ਹੀ ਆਪਣਾ ਕੰਮ ਪੂਰਾ ਕਰ ਲਵਾਂਗਾ। ਇਕ ਤਾਂ, ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਫਰੀ ਟੈਕਸ ਬਜਟ ਪੇਸ਼ ਕੀਤਾ ਹੈ, ਉਸ ਦੇ ਵਿੱਚ ਉਪਰਾਲਾ ਤਾਂ ਇਕੋ ਹੋਣਾ ਹੈ ਕਿ ਇਸ ਦੇ ਵਿੱਚ ਕਿਥੇ ਕਿਥੇ ਕੀ ਕੀ ਚੀਜ਼ਾਂ ਬਚਾਉਣੀਆਂ ਹਨ। ਸੋ ਸਰਕਾਰੀ ਢਾਂਚਾ ਜਿਹੜਾ ਹੈ ਉਸ ਨੂੰ ਸਿੰਪਲੀਫਾਈ

Original with;
Punjab Vidhan Sabha
Digitized by;
Panjab Digital Library

ਕੀਤਾ ਜਾਵੇ ਜਿਸ ਤਰ੍ਹਾਂ ਸੋਸ਼ਲ ਵੈਲਫੇਅਰ ਸਕੀਮਾਂ ਹਨ, ਸੋਸ਼ਲ ਵੈਲਫੇਅਰ ਸਕੀਮਾਂ ਦਾ ਫੈਲਾਅ ਹੈ ਉਹ ਹਰ ਬੰਦੇ ਤਕ ਉਸ ਸਕੀਮ ਦਾ ਪਤਾ ਨਹੀਂ ਚਲਦਾ। ਲੋਕ ਜਿਹੜੇ ਹਨ ਉਹ ਅਲੱਗ-ਅਲੱਗ ਤਰੀਕੇ ਪੇਸ਼ ਕਰਕੇ ਜਿਸ ਤਰ੍ਹਾਂ ਕਿਸੇ ਥਾਂ ਤੇ ਦੱਸ ਦੇਣਾ ਕਿ ਬਚਿਆਂ ਦਾ ਕੈਂਪ ਲਾਇਆ ਹੈ ਔਰ 3 ਜਾਂ 5 ਰੁਪਏ ਲਾ ਕੇ ਬੱਚਿਆਂ ਨੂੰ ਕੁਝ ਦੇਣਾ ਹੈ, ਉਹ ਕਈ ਚੀਜ਼ਾਂ ਲਗਦੀਆ ਹੀ ਨਹੀਂ ਹਨ ਔਰ ਐਕਚੂਅਲ ਯੂਜ਼ਰ ਤਕ ਉਹ ਚੀਜ਼ਾਂ ਪਹੁੰਚਦੀਆਂ ਹੀ ਨਹੀਂ। ਇਸ ਚੀਜ਼ ਨੂੰ ਸਿੰਪਲੀਫਾਈ ਕਰਕੇ ਜੇ ਅਸੀਂ ਹਰ ਚੀਜ਼ ਨੂੰ ਬਰਾਬਰ ਪਹੁੰਚਾ ਦੇਈਏ ਤਾਂ ਮੈਂ ਸਮਝਦਾ ਹਾਂ ਕਿ ਇਹ ਇਕੋ ਤਰੀਕਾ ਠੀਕ ਹੋਵੇਗਾ ਕਿ ਇਹ ਵੀਕਰ ਸੈਕਸ਼ਨ ਹੈ ਜਾਂ ਇਹ ਸ਼ਡਿਊਲਡ ਕਾਸਟ ਹੈ ਜਾਂ ਇਹ ਉਹ ਲੋਕ ਹਨ ਜਿਨ੍ਹਾਂ ਵਾਸਤੇ ਇਹ ਸਹੂਲਤ ਹੈ ਤਾਂ ਉਥੇ ਇਹ ਚੀਜ਼ਾਂ ਮੈਂ ਸਮਝਦਾ ਹਾਂ ਕਿ ਬੜੇ ਈਜ਼ੀ ਤਰੀਕੇ ਨਾਲ ਪਹੁੰਚ ਸਕਦੀਆਂ ਹਨ।

ਦੂਸਰੇ, ਮੈਂ ਬਟਾਲੇ ਨੂੰ ਬੀਲੌਂਗ ਕਰਦਾ ਹਾਂ, ਬਟਾਲਾ ਕੰਸਟੀਚਿਊਐਂਸੀ ਹੈ ਔਰ ਕਾਫੀ ਜ਼ਰੂਰਤ ਤੋਂ ਵੱਧ ਇੰਡਸਟਰੀਅਲ ਟਾਊਨ ਹੈ। ਸ਼ਹਿਰ ਵਿਚ ਜਗ੍ਹਾ ਜਗ੍ਹਾ ਇੰਡਸਟਰੀ ਹੈ ਪਰ ਅਜੇ ਤਕ ਉਸ ਸ਼ਹਿਰ ਵਿਚ ਮੌਡਰੇਨਾਈਜ਼ ਇੰਡਸਟਰੀ ਨਾ ਹੋਣ ਕਰਕੇ ਉਹ ਸ਼ਹਿਰ ਪਿਛੇ ਪੈਂਦਾ ਜਾਂਦਾ ਹੈ। ਮੇਰੀ ਸਰਕਾਰ ਨੂੰ ਰਿਕੁਐਸਟ ਹੈ ਕਿ ਗੌਰਮਿੰਟ ਇਸ ਬਾਰੇ ਸੋਚੇ ਕਿ ਉਥੇ ਐਸੀ ਇੰਡਸਟਰੀ ਲਗਣੀ ਚਾਹੀਦੀ ਹੈ ਜਿਸ ਨਾਲ ਉਥੇ ਹੀ ਪਿਗ ਆਇਰਨ ਇੰਡਸਟਰੀ ਅੱਗੇ ਵੱਧੇ।

ਇਕ ਅਰਜ਼, ਸਪੀਕਰ ਸਾਹਿਬ, ਮੈਂ ਟਰਾਂਸਪੋਰਟ ਦੇ ਬਾਰੇ ਕਰਨੀ ਚਾਹੁੰਦਾ ਹਾਂ। ਡਾਕਟਰ ਸਾਹਿਬ ਨੇ ਦਸਿਆ ਸੀ ਕਿ ਸਾਡੇ ਜਿਹੜਾ ਟੈਕਸ ਹੈ ਉਹ ਲੰਪਸਮ ਕੀਤਾ ਗਿਆ ਹੈ। ਇਸ ਲੰਪਸਮ ਦੇ ਬਾਰੇ ਵਿਚ ਸਾਰੇ ਟਰਾਂਸਪੋਰਟਰਜ਼ ਦੀ ਮੀਟਿੰਗ ਹੋਈ ਸੀ ਸਾਡੇ ਕੋਲੋਂ ਸੁਜੈਸ਼ਨ ਲੈ ਕੇ 65, 55 ਅਤੇ 45 ਕੀਤਾ ਸੀ ਯਾਨੀ ਤਿੰਨ ਕੈਟੇਗਰੀਜ਼ ਬਣਾਈਆਂ ਗਈਆਂ ਸਨ। ਇਹ ਟੈਕਸ ਲਗਾਇਆ ਗਿਆ ਸੀ ਪਰ ਜਿਹੜਾ ਅਰਸਾ ਲੰਘਿਆ ਸੀ ਗਵਰਨਰੀ ਰਾਜ ਦਾ ਉਸ ਸਮੇਂ ਜਿਹੜੀ ਇਸ ਟੈਕਸ ਦੀ ਸਾਰੀ ਕੁਲੈਕਸ਼ਨ ਕੀਤੀ ਜਾਂਦੀ ਸੀ ਉਹ ਸੀ 11 ਤੋਂ 16। ਸਾਡੀ ਗੌਰਮਿੰਟ ਨੇ ਪੈਸੇ ਇਕੱਠੇ ਕਰਨ ਦੇ ਉਪਰਾਲੇ ਕੀਤੇ, ਅੱਛੀ ਗੱਲ ਹੈ, ਪਰ ਫਾਰਮੂਲਾ ਅਜੇ ਤਕ ਸਿੰਪਲੀਫਾਈ ਨਹੀਂ ਕੀਤਾ ਗਿਆ। ਫਾਇਨੈਂਸ ਮਨਿਸਟਰ ਸਾਹਿਬ ਨੂੰ ਕਿਹਾ ਗਿਆ ਕਿ ਇਸ ਸਕੀਮ ਨੂੰ ਲਾਗੂ ਕਰਨ ਲਈ ਕੈਟੇਗਰੀਜ਼ ਬਣਾਓ। ਮੈਂ ਕਹਿੰਦਾ ਹਾਂ ਕਿ ਜਿਹੜੇ ਬੰਦੇ ਜੀ.ਟੀ.ਰੋਡ, ਤੇ ਚਲਦੇ ਹਨ ਉਨ੍ਹਾਂ ਤੇ 65 ਪ੍ਰਤੀਸ਼ਤ ਲਗੇ, ਇਸ ਤੋਂ ਬਾਅਦ ਜਿਹੜੇ ਡਿਸਟ੍ਰਿਕਟ ਵਿਚ ਵਿਦਇਨ ਡਿਸਟ੍ਰਿਕਟ ਸਟੇਟ ਹਾਈਵੇਅ ਤੇ ਚਲਦੇ ਹਨ ਉਨ੍ਹਾਂ ਤੇ 55 ਪ੍ਰਤੀਸ਼ਤ ਲਗੇ। .........(ਵਿਘਨ)

**ਰਾਜ ਮੰਤਰੀ, ਟਰਾਂਸਪੋਰਟ**: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਤੁਹਾਡੀ ਇਜਾਜ਼ਤ ਨਾਲ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਾਨਯੋਗ ਮੈਂਬਰ ਸਾਹਿਬ ਲੰਪਸਮ ਤੇ ਬੋਲ ਰਹੇ ਹਨ। ਮੈਂ ਇਸ ਸਬੰਧ ਵਿਚ ਟਰਾਂਸਪੋਰਟ ਡਿਪਾਰਮੈਂਟ ਦੀ ਸਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦੇਣਾ ਚਾਹੁੰਦਾ ਹਾਂ। ਜਿਹੜੀ ਪਹਿਲਾਂ ਰਵਾਇਤ ਸੀ ਟਿਕਟਾਂ ਲਾਉਣ ਦੀ, ਕੋਈ ਟਰਾਂਸਪੋਰਟਰ ਟਿਕਟਾਂ ਨਹੀਂ ਸੀ ਲਾਉਂਦਾ। ਉਹ ਸਾਰਾ ਰੁਪਿਆ ਖਾਈ ਜਾ ਰਹੇ ਸਨ ਔਰ ਸਰਕਾਰ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਸੀ ਇਸ ਕਰਕੇ ਫ਼ੈਸਲਾ ਹੋਇਆ ਕਿ ਲੰਪਸਮ ਲਗਾ ਦਿੱਤਾ ਜਾਵੇ। ਇਸ ਸਬੰਧੀ ਟਰਾਂਸਪੋਰਟਰਜ਼ ਮੈਨੂੰ ਵੀ ਮਿਲੇ ਅਤੇ ਮੁੱਖ ਮੰਤਰੀ ਸਾਹਿਬ ਨੂੰ ਵੀ ਮਿਲੇ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਟਰਾਂਸਪੋਰਟ]

ਫੈਸਲਾ ਹੋਇਆ ਕਿ 65 ਪ੍ਰਤੀਸ਼ਤ ਲਗਾ ਦਿੱਤਾ ਜਾਵੇ ਔਰ 65 ਪ੍ਰਤੀਸ਼ਤ ਲਗਾ ਦਿੱਤਾ ਗਿਆ ਪਰ ਇਹ ਸਾਰੇ ਦੇ ਸਾਰੇ ਲੋਕ ਹਾਈ ਕੋਰਟ ਵਿਚ ਚਲੇ ਗਏ ਕਿਉਂਕਿ ਇਹ ਸਰਕਾਰ ਨੂੰ ਕੋਈ ਪਸਾ ਨਹੀਂ ਸੀ ਦੇਣਾ ਚਾਹੁੰਦੇ। ਮਾਨਯੋਗ ਮੈਂਬਰ ਸਾਹਿਬ ਇਥੇ ਬੋਲ ਰਹੇ ਹਨ ਕਿ 65 ਪ੍ਰਤੀਸ਼ਤ ਕੀਤਾ ਜਾਵੇ 55 ਪ੍ਰਤੀਸ਼ਤ ਕੀਤਾ ਜਾਵੇ ਅਤੇ 45 ਪ੍ਰਤੀਸ਼ਤ ਕੀਤਾ ਜਾਵੇ। ਮੈਂ ਸਾਰੇ ਟਰਾਂਸਪੋਰਟਰਜ਼ ਨੂੰ ਕਹਾਂਗਾ ਕਿ ਇਹ ਟੈਕਸ ਦੇਣਾ ਬਹੁਤ ਜ਼ਰੂਰੀ ਹੈ। ਫਿਰ ਇਨ੍ਹਾਂ ਨੇ ਕਿਹਾ ਕਿ ਇਸ ਦਾ ਨਾਂ ਪੈਸੰਜਰ ਟੈਕਸ ਹੈ ਪੈਸੰਜਰ ਤੋਂ ਲਿਆ ਜਾਵੇ ਸਾਡੇ ਕੋਲੋਂ ਕਿਉਂ ਉਗਰਾਹਿਆ ਜਾਂਦਾ ਹੈ । ਮੈਂ ਦੱਸਦਾ ਹਾਂ ਕਿ ਇਹ ਟੈਕਸ ਦੀ ਰਵਾਇਤ ਬਹੁਤ ਪੁਰਾਣੀ ਹੈ ਔਰ ਇਹ ਲਿਆ ਜਾਂਦਾ ਹੈ। ਸਰਕਾਰ ਤੋਂ ਸਾਰੀਆਂ ਸਹੂਲਤਾਂ ਇਨ੍ਹਾਂ ਨੂੰ ਮਿਲਦੀਆਂ ਹਨ ਪਰ ਇਹ ਸਰਕਾਰ ਨੂੰ ਕੋਈ ਪੈਸਾ ਦੇਣ ਲਈ ਤਿਆਰ ਨਹੀਂ ਹਨ। ਮੈਂ ਸਾਰੇ ਹਾਉਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਡਿਊਟੀ ਬਣਦੀ ਹੈ ਕਿ ਅਸੀਂ ਕੋਈ ਐਸਾ ਪ੍ਰਬੰਧ ਕਰੀਏ ਜਿਸ ਨਾਲ ਸਰਕਾਰ ਦਾ ਕੰਮ ਠੀਕ ਤਰ੍ਹਾਂ ਨਾਲ ਚਲੇ।

**ਸ੍ਰੀ ਜਗਦੀਸ਼ ਸਾਹਨੀ** : ਸਪੀਕਰ ਸਾਹਿਬ, ਜੋ ਟਰਾਂਸਪੋਰਟ ਮੰਤਰੀ ਸਾਹਿਬ ਨੇ ਕਿਹਾ ਹੈ ਮੈਂ ਉਸ ਤੋਂ ਕੋਈ ਨਾਂਹ ਨਹੀਂ ਕੀਤੀ। ਸਰਕਾਰ ਦੇ ਫੈਸਲੇ ਨੂੰ ਸਾਰੇ ਟਰਾਂਸਪੋਰਟਰਜ਼ ਨੇ ਮੰਨਿਆ ਹੈ ਪਰ ਜਿਹੜੀਆਂ ਗਲਾਂ ਮੈਂ ਕਹਿ ਰਿਹਾ ਹਾਂ ਸ਼ਾਇਦ ਉਹ ਮਾਸਟਰ ਜੀ ਦੇ ਧਿਆਨ ਵਿਚ ਨਹੀਂ ਆਈਆਂ । ਮੈਂ ਕਹਿੰਦਾ ਹਾਂ ਕਿ ਅਸੀਂ ਕੈਟੇਗਰੀਜ਼ ਚਾਹੁੰਦੇ ਹਾਂ 65 ਪ੍ਰਤੀਸ਼ਤ, 55 ਪ੍ਰਤੀਸ਼ਤ ਅਤੇ 45 ਪ੍ਰਤੀਸ਼ਤ ਔਰ ਸੀ.ਐਮ. ਸਾਹਿਬ ਨੇ ਆਪ ਵੀ ਕਿਹਾ ਸੀ। ਜੋ ਮਾਸਟਰ ਸਾਹਿਬ ਨੇ ਕਿਹਾ ਹੈ ਕਿ ਪਹਿਲਾਂ ਟੈਕਸ ਨਹੀਂ ਮਿਲਦਾ ਸੀ ਮੈਂ ਤਾਂ ਆਪ ਕਿਹਾ ਹੈ ਕਿ ਪਹਿਲਾਂ ਸਾਰੀ ਕੁਲੈਕਸ਼ਨ 14 ਤੋਂ 17 ਪ੍ਰਤੀਸ਼ਤ ਹੁੰਦੀ ਸੀ। ਮੈਂ ਕਹਿੰਦਾ ਹਾਂ ਕਿ ਹੁਣ ਸਾਰੀ ਚੀਜ਼ ਬਣ ਕੇ ਆ ਗਈ ਹੈ। ਮੈਂ ਅਰਜ਼ ਕੀਤੀ ਸੀ ਕਿ ਅਸੀਂ ਕੈਟੇਗਰਾਈਜ਼ ਚਾਹੁੰਦੇ ਹਾਂ, 65 ਪ੍ਰਤੀਸ਼ਤ, 55 ਪ੍ਰਤੀਸ਼ਤ ਔਰ 45 ਪ੍ਰਤੀਸ਼ਤ ਜੋ ਸੀ.ਐਮ. ਸਾਹਿਬ ਨੇ ਕਿਹਾ ਵੀ ਸੀ ਕਿ ਅਸੀਂ ਕਰਦੇ ਹਾਂ, ਉਸ ਵਿਚੋਂ ਅਸੀਂ ਟੈਕਸ ਉਗਰਾਹੁਣਾ ਚਾਹੁੰਦੇ ਹਾਂ, ਮਾਸਟਰ ਜੀ ਕਹਿੰਦੇ ਹਨ ਕਿ ਪਹਿਲਾਂ ਟੈਕਸ ਨਹੀਂ ਮਿਲਿਆ, ਹੁਣ ਸਰਕਾਰ ਨੂੰ ਚਲਾਉਣ ਲਈ ਟੈਕਸਾਂ ਦੀ ਜ਼ਰੂਰਤ ਹੈ। ਮੈਂ ਉਹ ਹੀ ਅਰਜ਼ ਕੀਤੀ ਹੈ ਕਿ ਉਸ ਚੀਜ਼ ਨੂੰ ਸਿੰਪਲੀਫਾਈ ਕਰਨਾ ਚਾਹੀਦਾ ਹੈ ਤਾਂ ਜੋ ਛੇਤੀ ਉਗਰਾਹੀ ਹੋ ਜਾਵੇ। ਜਿਹੜੀ ਪਹਿਲਾਂ 14 ਤੋਂ 17 ਪ੍ਰਤੀਸ਼ਤ ਤਕ ਹੁੰਦੀ ਸੀ ਮੈਂ ਆਪਣੇ ਮੂੰਹੋਂ ਪਹਿਲਾਂ ਕਿਹਾ ਹੈ, ਜਿਹੜੀ ਪਹਿਲਾਂ ਸਾਰੀ ਕੁਲੈਕਸ਼ਨ 14 ਤੋਂ 17 ਪ੍ਰਤੀਸ਼ਤ ਤਕ ਹੋਈ ਹੈ ਉਹ ਚੀਜ਼ ਬਣ ਕੇ ਆ ਗਈ ਹੈ 65, 55 ਔਰ 45। ਇਸ ਚੀਜ਼ ਨੂੰ ਸਿੰਪਲੀਫਾਈ ਕਰਕੇ ਚਲਾਉਣ ਨਾਲ ਹੀ ਉਹ ਸਾਰਾ ਟੈਕਸ ਗੌਰਮਿੰਟ ਦੇ ਖਜ਼ਾਨੇ ਵਿਚ ਜਮ੍ਹਾਂ ਹੋ ਸਕਦਾ ਹੈ। ਚੋਰੀ ਦੀ ਗੱਲ ਤਾਂ ਨਹੀਂ ਹੈ, ਚੋਰੀ ਦੇ ਤਾਂ ਹੋਰ ਬਹੁਤ ਵੱਡੇ ਰਾਹ ਹਨ। ਚੋਰੀ ਦੇ ਰਾਹ ਹਨ ਜਿਸ ਤਰ੍ਹਾਂ ਜਿਤਨੀਆਂ ਪਾਵਰਾਂ ਦਿੱਤੀਆਂ ਹਨ ਡੀ.ਟੀ.ਓਜ਼. ਨੂੰ ਜਿਹੜਾ ਅੰਨ੍ਹੇਵਾਹ ਸਾਰੇ ਪੰਜਾਬ ਨੂੰ ਲੁੱਟੀ ਜਾ ਰਿਹਾ ਹੈ, ਔਰ ਮਾਸਟਰ ਜੀ ਕਹਿੰਦੇ ਹਨ ਕਿ ਸਾਰਾ ਟਰਾਂਸਪੋਰਟਰਜ਼ ਖਾਂਦੇ ਹਨ। ਮੈਂ ਇਹ ਗਰੰਟੀ ਨਾਲ ਕਹਿ ਸਕਦਾ ਹਾਂ ਕਿ............

**ਸ੍ਰੀ ਸਪੀਕਰ** : ਸਾਹਨੀ ਜੀ, ਤੁਸੀਂ ਆਪਣੀ ਕਨਸਟਰੱਕਟਿਵ ਸੁਜੈਸ਼ਨ ਦਿਓ, ਹੋਰਨਾਂ ਨੇ ਵੀ ਬੋਲਣਾ ਹੈ ।

**ਸ੍ਰੀ ਜਗਦੀਸ਼ ਸਾਹਨੀ** : ਵੇਖੋ ਜੀ, ਮੈਂ ਤਾਂ ਟਰਾਂਸਪੋਰਟ ਦੇ ਬਾਰੇ ਏਨਾ ਕਹਿਣਾ ਹੈ ਕਿ ਸਾਨੂੰ ਸਿਸਟਮ ਤੇ ਕੋਈ ਇਤਰਾਜ਼ ਨਹੀਂ ਹੈ ਔਰ ਸੀ.ਐਮ. ਸਾਹਿਬ ਨੇ ਬੜੀ ਐਸ਼ੋਰੈਂਸ ਦਿੱਤੀ ਸੀ ਕਿ ਅਸੀਂ ਸਿਸਟਮ ਨੂੰ ਇਸੇ ਤਰੀਕੇ ਨਾਲ ਚਲਾਵਾਂਗੇ। ਸਾਡੀ ਇਹੋ ਰਿਕੁਐਸਟ ਹੈ ਕਿ ਇਸ ਨੂੰ ਸਿੰਪਲੀਫਾਈ ਕਰਕੇ

Original with;
Punjab Vidhan Sabha
Digitized by;
Panjab Digital Library

ਚਲਾਇਆ ਜਾਵੇ। ਕੈਟੇਗਰੀ ਬਣਾਈ ਜਾਵੇ ਜਿਸ ਵਿਚ ਜਿਹੜੀ ਸਟੇਟ ਹਾਈਵੇਅ ਹੈ ਉਸ ਦਾ ਜਿਹੜਾ ਹੈ ਉਹ 55 ਪ੍ਰਤੀਸ਼ਤ ਲਗੇ, ਜਿਹੜਾ ਵਿਦਇਨ ਡਿਸਟਰਿਕਟ ਚਲਾਉਣਾ ਹੈ, ਜਾਂ ਦੂਸਰੇ ਲਿੰਕ ਰੋਡਜ਼ ਜਿਨ੍ਹਾਂ ਨੂੰ ਕਹਿੰਦੇ ਹਨ ਉਨ੍ਹਾਂ ਉਤੇ ਚਲਦਾ ਹੈ ਉਸ ਨੂੰ 45 ਪ੍ਰਤੀਸ਼ਤ ਕਿਉਂਕਿ ਛੋਟੇ ਛੋਟੇ ਰੂਟਾਂ ਤੇ ਸੜਕਾਂ ਤੇ ਚਲਦਾ ਹੈ। ਕੋਈ 20/22 ਕਿਲੋਮੀਟਰ ਦਾ ਹੈ ਅੌਰ ਦੂਸਰੇ ਪਾਸੇ ਬਰਾਬਰ ਬਰਾਬਰ ਦੋਨੋਂ ਟਰਾਂਸ-ਪੋਰਟਾਂ ਚਲਦੀਆਂ ਹਨ। ਇਕ ਪਾਸੇ ਤਾਂ ਹੈਵੀ ਟਰਾਂਸਪੋਰਟ ਵਹੀਕਲ ਚਲਦੇ ਹਨ ਅੌਰ ਦੂਸਰੇ ਪਾਸੇ ਮਿਨੀ-ਬੱਸਾਂ ਚਲਦੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮਿਨੀ ਬੱਸਾਂ ਤੋਂ ਇਹ ਇਕੋ ਵਾਰੀ ਲੰਪਸਮ ਲਿਆ ਜਾਂਦਾ ਹੈ । ਜਿਹੜੀ ਲੰਪਸਮ ਦੀ ਰੇਸ਼ੋ ਹੈ ਸਾਡੇ ਨਾਲੋਂ 50 ਪ੍ਰਤੀਸ਼ਤ ਉਧਰੋਂ ਹੈ ਅੌਰ 70 ਪ੍ਰਤੀਸ਼ਤ ਉਧਰੋਂ ਹੈ। ਇਸ ਦੇ ਬਾਰੇ ਕਦੇ ਗੌਰਮਿੰਟ ਨੇ ਨਹੀਂ ਸੋਚਿਆ। ਵੱਡੀਆਂ ਬੱਸਾਂ ਤੋਂ ਜਾਂ ਹੋਰ ਟਰਾਂਸਪੋਰਟਰਾਂ ਨੂੰ ਜਿਹੜੀਆਂ ਵੱਡੀਆਂ ਬੱਸਾਂ ਉਪਰੇਟ ਕਰਦੇ ਨੇ ਉਨ੍ਹਾਂ ਵਿਚ ਟਰਾਂਸਪੋਰਟਰ ਵੀ ਹਨ, ਇਸ ਲਈ ਮੇਰੀ ਇਹ ਸੁਜੈਸ਼ਨ ਹੈ ਕਿ ਮਿਨੀ ਬੱਸਾਂ ਦਾ ਵੀ ਇਸੇ ਹਿਸਾਬ ਨਾਲ, ਕੇਵਲ ਜਿਸ ਤਰ੍ਹਾਂ ਦੂਜੀਆਂ ਬੱਸਾਂ ਚਲਦੀਆਂ ਹਨ ਜੇਕਰ ਉਹ ਉਤਨਾਂ ਰੂਟ ਕਵਰ ਕਰਦੀਆਂ ਹਨ, 20/25 ਕਿਲੋਮੀਟਰ ਦਾ, ਜਿਸ ਤਰ੍ਹਾਂ ਅਸੀਂ ਡਿਸਟਰਿਕ ਵਿਚ ਚਲਦੇ ਹਾਂ, ਉਤਨੀ ਹੀ ਅਗਰ ਉਹ ਕਵਰ ਕਰਨ ਤਾਂ ਉਸ ਦੇ ਨਾਲ ਪੰਜਾਬ ਨੂੰ ਹੋਰ ਟੈਕਸ ਦੀ ਬੜੋਤਰੀ ਹੋਵੇਗੀ।

ਦੂਸਰੀ ਗੱਲ ਜਿਹੜੀ ਮੈਂ ਸਭ ਤੋਂ ਵੱਡੀ ਕਹਿਣੀ ਚਾਹੁੰਦਾ ਹਾਂ ਉਹ ਹੈ ਮਿਉਂਸਨਪਲ ਕਮੇਟੀਜ਼ ਦੇ ਫੰਡਜ਼ ਦੀ। ਫੰਡਜ਼ ਜਿਤਨੇ ਅਲਾਟ ਕੀਤੇ ਸਨ ਉਹ ਜ਼ਿਆਦਾ ਡਿਵੈਲਪਮੈਂਟ ਵਾਸਤੇ ਅਲਾਟ ਹੋਏ ਸੀ ਅੌਰ ਜ਼ਰੂਰਤ ਤੋਂ ਵੱਧ ਉਨ੍ਹਾਂ ਵਿਚ ਮਿਸਯੂਟੀਲਾਈਜ਼ੇਸ਼ਨ ਹੋ ਰਹੀ ਹੈ। ਉਹ ਮਿਸਯੂਟੀਲਾਈਜੇਸ਼ਨ ਨੂੰ ਰੋਕਣ ਲਈ ਕੋਈ ਐਸਾ ਉਪਰਾਲਾ ਕਰਨਾ ਚਾਹੀਦਾ ਹੈ ਤਾਂਕਿ ਉਹ ਜਿਹੜੇ ਕੁਝ ਟੈਂਡਰ ਕਾਲ ਕੀਤੇ ਸਨ, ਜੋ ਪ੍ਰਧਾਨ ਬਣ ਗਏ, ਪਤਾ ਨਹੀਂ ਕਿਸ ਤਰ੍ਹਾਂ ਕਰਕੇ ਬਣੇ, ਮੈਂ ਕਿਸੇ ਦਾ ਨਾਮ ਨਹੀਂ ਲੈਣਾ ਚਾਹੁੰਦਾ ਉਸ ਮਿਸ-ਯੂਟੀਲਾਈਜੇਸ਼ਨ ਵਿਚ ਰੁਕਾਵਟ ਇਸ ਕਰਕੇ ਹੋ ਸਕਦੀ ਹੈ ਜੇਕਰ ਉਸ ਦੇ ਉਤੇ ਕੋਈ ਚੈਕ ਲਾਵੋ । ਜੋ ਟੈਂਡਰ ਕਾਲ ਕੀਤੇ ਸਨ ਜੋ ਬੰਦਿਆਂ ਨੂੰ ਪਤਾ ਨਹੀਂ ਹੈ ਉਨ੍ਹਾਂ ਦੇ ਨਾਮ ਤੇ ਸਨ...........

**ਸ੍ਰੀ ਸਪੀਕਰ :** ਸਾਹਨੀ ਜੀ, ਵਾਈਂਡ ਅੱਪ ਕਰੋ ।

**ਸ੍ਰੀ ਜਗਦੀਸ਼ ਸਾਹਨੀ :** ਅੱਛਾ ਜੀ । ਦੂਸਰੀ ਗੱਲ ਸੱਭ ਤੋਂ ਵੱਡੀ ਡਰੇਨੇਜ ਡਿਪਾਰਟਮੈਂਟ ਦੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਬਟਾਲੇ ਵਿਚ ਇਕ ਡਰੇਨੇਜ ਡਿਵੀਜ਼ਨ ਹੈ ਅੌਰ ਜਿੰਨੇ ਵੀ ਸਾਡੇ ਖਾਲੇ ਵਗੈਰਾ ਜੋ ਵੀ ਲਗਦੇ ਹਨ ਉਹ ਲਾਈ ਕਰਦੇ ਹਨ ਵਿਦਇਨ ਬਟਾਲਾ ਰਿਜਨ, ਬਟਾਲਾ ਹੈ, ਸ੍ਰੀ ਹਰਗੋਬਿੰਦਪੁਰ, ਕਾਦੀਆਂ, ਫਤਹਿਗੜ੍ਹ ਚੂੜੀਆਂ, ਮਗਰ ਇਹ ਜੋੜ ਦਿੱਤਾ ਗਿਆ ਹੈ ਅੰਮ੍ਰਿਤਸਰ ਨਾਲ ਜਿਸ ਦਾ ਕੋਈ ਕੰਮ ਨਹੀਂ ਹੈ। ਗੱਲ ਇਹ ਹੈ ਕਿ ਡਾਕਟਰ ਸਾਹਿਬ 12 ਲੱਖ ਰੁਪਏ ਤਨਖਾਹਾਂ ਦੀ ਪੇਮੈਂਟ ਕੀਤੀ ਇਸ ਸਾਲ ਦੇ ਵਿਚ ਪੰਜਾਬ ਗੌਰਮਿੰਟ ਨੇ ਤੇ ਬਟਾਲਾ ਡਿਵੀਜ਼ਨ ਕੋਲੋਂ ਕੰਮ ਲਿਆ ਸਿਰਫ 2 ਲੱਖ ਰੁਪਏ ਦਾ। ਇਹ ਅੰਦਾਜ਼ਾ ਕਰੋ ਕਿ ਦੋ ਲੱਖ ਦਾ ਕੰਮ ਅਲਾਟ ਹੋਇਆ ਹੈ ਅੌਰ 12 ਲੱਖ ਰੁਪਏ ਡਿਵੀਜ਼ਨ ਨੂੰ ਤਨਖਾਹਾਂ ਦਾ ਦਿੱਤਾ ਹੈ। ਮੇਰਾ ਸੁਝਾਓ ਹੈ ਕਿ ਜੇਕਰ ਇਸ ਡਿਵੀਜ਼ਨ ਨੂੰ ਚੁੱਕ ਕੇ ਗੁਰਦਾਸਪੁਰ ਨਾਲ ਲਗਾਇਆ ਜਾਵ ਜਦੋਂ ਸਾਡੀਆਂ ਕਮੇਟੀਆਂ ਦੀਆਂ ਮੀਟਿੰਗਾਂ ਹੁੰਦੀਆਂ ਹਨ ਕੋਈ

Original with;
Punjab Vidhan Sabha
Digitized by;
Panjab Digital Library

[ਸ੍ਰੀ ਜਗਦੀਸ਼ ਸਾਹਨੀ]

ਐਕਸ.ਈ.ਐਨ. ਕੋਈ ਐਸ.ਈ. ਸਾਡੇ ਅੰਮ੍ਰਿਤਸਰ ਆ ਕੇ ਕਮੇਟੀ ਨੂੰ ਅਟੈਂਡ ਨਹੀਂ ਕਰਦਾ, ਡਰੇਨੇਜ ਵਿਚ ਤਰੁੱਟੀਆਂ ਹਨ, ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਕੀ ਕਰਨਾ ਹੈ ਜਾਂ ਕੀ ਨਹੀਂ ਕਰਨਾ, ਕੀ ਸਫਾਈ ਕਰਨੀ ਹੈ, ਇਸ ਨਾਲ ਨਾ ਕੇਵਲ ਪੈਸੇ ਦੀ ਬਚਤ ਹੋ ਸਕਦੀ ਹੈ ਬਲਕਿ ਸਾਡੀ ਜਿਹੜੀ ਡਿਵੈਲਪਮੈਂਟ ਦੇ ਕੰਮ ਹਨ ਉਹ ਵੀ ਹੋ ਸਕਦੇ ਹਨ।

ਇਕ ਹੋਰ ਚੀਜ਼ ਤੁਹਾਡੇ ਧਿਆਨ ਵਿਚ ਲਿਆਉਣੀ ਹੈ। ਮੈਂ ਕਰਿਸ਼ੀ ਮੰਤਰੀ ਜੀ ਨੂੰ ਦੱਸਿਆ ਹੈ ਕਿ ਪਿੱਛੇ ਸਾਡੇ ਸਪਲਾਈ ਹੋਈ ਸੀ ਕੰਡਿਆਂ ਦੀ। ਕੰਡਿਆਂ ਦੀ ਸਪਲਾਈ ਦੀ ਪੁਜੀਸ਼ਨ ਇਹ ਰਹੀ ਕਿ ਜਿਸ ਬੰਦੇ ਦਾ ਤਾਂ ਦੋ ਲੱਖ ਦੇ ਕਰੀਬ ਕੰਡੇ ਦਾ ਟੈਂਡਰ ਸੀ ਉਸ ਦੀ ਅਲਾਟਮੈਂਟ ਨਹੀਂ ਕੀਤੀ ਗਈ ਔਰ ਜਿਸ ਨੇ ਤਿੰਨ ਲੱਖ ਦਾ ਕੋਟ ਕੀਤਾ ਉਸ ਨੂੰ ਅਲਾਟਮੈਂਟ ਕਰ ਦਿੱਤੀ ਗਈ। ਉਸ ਦੀ ਸਪਲਾਈ ਵੀ ਘਟੀਆ ਸੀ। ਬਿੱਲ ਵੀ ਦੇ ਦਿਤੇ ਗਏ। ਇਸ ਤਰ੍ਹਾਂ ਜਿਹੜਾ ਪੈਸਾ ਹੈ ਇਨ੍ਹਾਂ ਤਰੀਕਿਆਂ ਤੋਂ ਬਚਾ ਲਿਆ ਜਾਵੇ। ਦੂਸਰੇ ਲਫ਼ਜ਼ਾਂ ਵਿਚ ਜਿਸ ਨੂੰ ਅਸੀਂ ਕੁਰੱਪਸ਼ਨ ਵੀ ਕਹਿ ਸਕਦੇ ਹਾਂ। ਮੈਂ ਸਮਝਦਾ ਹਾਂ ਕਿ ਟੈਕਸਾਂ ਵਲੋਂ ਬਚਤ ਹੋ ਸਕਦੀ ਹੈ। ਦੂਸਰਾ ਇਹ ਕਿ ਜਿਹੜਾ ਸਾਡਾ ਟੈਕਸਾਂ ਦਾ ਸਿਸਟਮ ਹੈ ਉਹ ਸਿੰਪਲੀਫਾਈ ਹੋਣਾ ਚਾਹੀਦਾ ਹੈ। ਤੀਸਰੀ ਵੱਡੀ ਗੱਲ, ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਨਾਲ ਤੁਅੱਲਕ ਰਖਦੀ ਹੈ, ਕਿਉਂਕਿ ਸੈਂਟਰਲ ਗੌਰਮਿੰਟ ਦਾ ਮਹਿਕਮਾ ਹੈ ਮਗਰ ਉਸ ਦਾ ਤੁਅੱਲਕ ਸਾਡੇ ਲੋਕਾਂ ਨਾਲ ਹੈ, ਉਹ ਹੈ ਟੈਲੀਫੂਨ ਡਿਪਾਰਟਮੈਂਟ। ਸਾਡੇ ਬੜੇ ਉਪਰਾਲੇ ਹੋਏ ਹਨ, ਉਚੇਚੇ ਬਟਾਲੇ ਵਿਚ ਜਿਹੜਾ ਏਨਾ ਮਸ਼ਹੂਰ ਸ਼ਹਿਰ ਹੈ, ਇਤਨੀਆਂ ਮੁਸ਼ਕਲਾਂ ਵਿਚੋਂ ਦੀ ਨਿਕਲਿਆ ਹੈ, ਉਸ ਵਿਚ ਕੋਈ ਵੀ ਟੈਲੀਫੂਨ ਨਹੀਂ ਜੋ ਐਸ.ਟੀ.ਡੀ ਨਾਲ ਜੁੜਿਆ ਹੋਵੇ। ਉਸੇ ਤਰ੍ਹਾਂ ਦਾ ਪੁਰਾਣਾ ਮੈਨੂਅਲ ਸਿਸਟਮ ਹੈ। ਉਸ ਦੇ ਵਾਸਤੇ ਵੀ ਅਸੀਂ ਚਾਹੁੰਦੇ ਹਾਂ ਕਿ ਸੈਂਟਰਲ ਗੌਰਮਿੰਟ ਨੂੰ ਲਿਖਿਆ ਜਾਵੇ ਤਾਂ ਕਿ ਉਹ ਵੀ ਸ਼ਹਿਰ ਦੀ ਬੇਹਤਰੀ ਹੋ ਸਕੇ। ਧੰਨਵਾਦ।

**ਸ੍ਰੀ ਗੋਪਾਲ ਚੰਦ ਸਰੋਆ** (ਸ਼ਾਮ ਚੋਰਾਸੀ, ਐਸ.ਸੀ.) : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਹਾਊਸ ਦੇ ਵਿਚ ਬੋਲਣ ਦੀ ਆਗਿਆ ਦਿੱਤੀ ਹੈ। ਮੈਂ ਸਭ ਤੋਂ ਪਹਿਲਾਂ ਦਿਹਾਤੀ ਵਿਕਾਸ ਬਾਰੇ ਬੇਨਤੀ ਕਰਨੀ ਹੈ। ਜੋ ਪਿੰਡਾਂ ਵਿਚ ਸਰਕਾਰ ਵਲੋਂ ਗਰਾਂਟਾਂ ਮਨਜ਼ੂਰ ਹੋ ਕੇ ਜਾਂਦੀਆ ਹਨ ਗਲੀਆਂ, ਨਾਲੀਆਂ ਵਾਸਤੇ, ਧਰਮਸ਼ਾਲਾਵਾਂ ਵਾਸਤੇ ਉਨ੍ਹਾਂ ਗਰਾਂਟਾਂ ਦੇ ਬਾਵਜੂਦ ਅੱਜ ਵੀ 46 ਸਾਲ ਆਜ਼ਾਦੀ ਤੋਂ ਬਾਅਦ ਪਿੰਡਾਂ ਦੀ ਹਾਲਤ ਬੜੀ ਭੈੜੀ ਹੈ। ਸਪੀਕਰ ਸਾਹਿਬ, ਅੱਜ ਭਾਰਤ ਅਜ਼ਾਦ ਹੋਏ ਨੂੰ 46 ਸਾਲ ਹੋ ਗਏ ਹਨ ਪਰ ਅੱਜ ਵੀ ਸਾਡੇ ਪਿੰਡਾਂ ਦੀ ਹਾਲਤ ਬਹੁਤ ਮਾੜੀ ਹੈ ਕਈ ਪਿੰਡ ਤਾਂ ਅਜਿਹੇ ਵੀ ਹਨ ਜਿਨ੍ਹਾਂ ਵਿਚ ਅੱਜ ਤਕ ਇਕ ਵੀ ਗਲੀ ਨਾਲੀ ਨਹੀਂ ਬਣੀ। ਮਿਸਾਲ ਦੇ ਵਜੋਂ ਮੇਰਾ ਹਲਕਾ ਸ਼ਾਮ ਚੋਰਾਸੀ ਵਿਚ ਬਾੜਾ ਪਿੰਡ ਹੈ ਉਥੇ ਹੁਣ ਤਕ ਇਕ ਵੀ ਇੱਟ ਗਲੀ ਨਾਲੀ ਵਾਸਤੇ ਨਹੀਂ ਲੱਗੀ। ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਪਿੰਡਾਂ ਵਿਚ ਗਲੀਆਂ ਨਾਲੀਆਂ ਬਣਦੀਆਂ ਹਨ, ਉਥੇ ਪਾਣੀ ਦੇ ਨਿਕਾਸ ਦਾ ਜਿਹੜਾ ਪ੍ਰਬੰਧ ਹੈ ਇਹ ਲਹਿੰਦੇ ਪਾਸੇ ਨੂੰ ਹੁੰਦਾ ਹੈ ਕਿਉਂਕਿ ਜਿਹੜੀ ਸਵਰਨ ਜਾਤੀਆਂ ਹਨ ਉਹ ਲੋਕ ਤਾਂ ਚੜ੍ਹਦੇ ਪਾਸੇ ਰਹਿੰਦੇ ਹਨ ਜਦ ਕਿ ਉਨ੍ਹਾਂ ਦੇ ਪਾਸੇ ਛੱਪੜ ਵੀ ਹੈ ਪਰ ਉਨ੍ਹਾਂ ਦੇ ਪਾਸੇ ਪਾਣੀ ਦਾ ਨਿਕਾਸ ਨਹੀਂ ਕੀਤਾ ਜਾਂਦਾ ਔਰ ਜਿਸ ਪਾਸੇ ਗਰੀਬ ਅਨੁਸੂਚਿਤ ਜਾਤੀਆਂ ਦੇ ਲੋਕ ਰਹਿੰਦੇ ਹਨ ਉਸ ਪਾਸੇ ਹੀ ਪਾਣੀ ਦਾ ਨਿਕਾਸ ਕੀਤਾ ਜਾਂਦਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਜਿਹੜੀਆਂ ਧਰਮਸ਼ਾਲਾਵਾਂ ਹਨ ਉਹ ਵੀ ਬਹੁਤ ਸਾਰੇ ਪਿੰਡਾਂ ਵਿਚ ਤਾਂ ਬਣੀਆਂ ਹੀ ਨਹੀਂ ਹਨ ਔਰ ਜੇ ਕਿਸੇ ਪਿੰਡ ਵਿਚ ਬਣੀਆਂ ਹਨ ਤਾਂ ਉਥੇ ਛੱਤ ਨਹੀਂ, ਜੇ ਕਿਸੇ ਦੀ ਛੱਤ ਹੈ ਤਾਂ ਉਹ ਗਿਰੀ ਹੋਈ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਵੀ ਸਰਕਾਰ ਨੂੰ ਛੇਤੀ ਧਿਆਨ ਦੇਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਇਲਾਵਾ ਪਿੰਡਾਂ ਵਿਚ ਜਿਹੜੀਆਂ ਲਿੰਕ ਸੜਕਾਂ ਹਨ ਉਨ੍ਹਾਂ ਦੀ ਹਾਲਤ ਵੀ ਬਹੁਤ ਮਾੜੀ ਹੈ। ਕਈ ਪਿੰਡਾਂ ਵਿਚ ਤਾਂ ਲਿੰਕ ਸੜਕਾਂ ਬਣੀਆਂ ਹੀ ਨਹੀਂ ਹਨ । ਮੇਰੇ ਹਲਕੇ ਸ਼ਾਮ ਚੌਰਾਸੀ ਵਿਚ ਇਕ ਡੇਢ ਕਿਲੋਮੀਟਰ ਦਾ ਟੋਟਾ ਸੜਕ ਦਾ ਬਣਿਆ ਹੈ ਫਿਰ ਛੱਡ ਦਿੱਤਾ ਗਿਆ ਹੈ। ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਇਸ ਪਾਸੇ ਵੀ ਜਲਦੀ ਧਿਆਨ ਦੇਣਾ ਚਾਹੀਦਾ ਹੈ।

ਇਸੇ ਹਿਸਾਬ ਨਾਲ ਮੈਂ ਸਿਖਿਆ ਦੇ ਬਾਰੇ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਟੀਚਰਜ਼ ਪਿੰਡਾਂ ਵਿਚ ਪੜ੍ਹਾ ਰਹੇ ਹਨ ਉਨ੍ਹਾਂ ਨੂੰ ਹਾਲੇ ਤਕ ਰੈਗੂਲਰ ਨਹੀਂ ਕੀਤਾ ਗਿਆ । ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਜ਼ਰੂਰ ਰੈਗੂਲਰ ਕੀਤਾ ਜਾਣਾ ਚਾਹੀਦਾ ਹੈ ਤਾ ਕਿ ਬਚਿਆਂ ਨੂੰ ਚੰਗੀ ਤਰ੍ਹਾਂ ਨਾਲ ਪੜ੍ਹਾ ਸਕਣ। ਇਕ ਮੈਂ ਹੋਰ ਗੱਲ ਇਹ ਕਹਿਣੀ ਚਾਹੁੰਦਾ ਹਾਂ ਕਿ ਮਾਡਰਨ ਸਕੂਲ ਔਰ ਪ੍ਰਾਇਮਰੀ ਸਕੂਲਾਂ ਦੀ ਪੜ੍ਹਾਈ ਇਕੋ ਬਰਾਬਰ ਹੋਣੀ ਚਾਹੀਦੀ ਹੈ ।

ਹੈਲਥ ਡਿਪਾਰਟਮੈਂਟ ਦੇ ਬਾਰੇ ਮੈਂ ਇਹ ਕਹਿਣਾ ਹੈ ਕਿ ਬਹੁਤ ਸਾਰੇ ਪਿੰਡ ਅਜਿਹੇ ਹਨ ਜਿਥੇ 2–2, 3–3, ਪਿੰਡ ਮਿਲਾਕੇ 2–2 ਹਜ਼ਾਰ ਦੀ ਅਬਾਦੀ ਦੇ ਬਣਦੇ ਹਨ ਪਰ ਉਥੇ ਕੋਈ ਡਿਸਪੈਂਸਰੀ ਨਹੀਂ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਪਿੰਡਾ ਵਿਚ ਜ਼ਰੂਰ ਡਿਸਪੈਂਸਰੀਆਂ ਖੋਲ੍ਹੀਆਂ ਜਾਣੀਆਂ ਚਾਹੀਦੀਆ ਹਨ ।

**ਸ੍ਰੀ ਸਪੀਕਰ :** ਤੁਹਾਡਾ ਸਮਾਂ ਹੋ ਗਿਆ ਹੈ। ਤੁਸੀਂ ਖ਼ਤਮ ਕਰੋ ।

**ਸ੍ਰੀ ਗੁਰਪਾਲ ਚੰਦ ਸਰੋਆ :** ਇਕ ਗੱਲ ਮੈਂ ਹੋਰ ਇਹ ਕਹਿਣੀ ਹੈ ਕਿ ਜਿਹੜੀਆਂ ਪਿੰਡਾਂ ਵਿਚ ਬੱਸਾਂ ਚਲਦੀਆਂ ਹਨ ਉਨ੍ਹਾਂ ਤੋਂ ਲੰਪਸਮ ਟੈਕਸ ਬਾਕੀ ਸੜਕਾਂ ਤੇ ਚਲਣ ਵਾਲੀਆਂ ਬੱਸਾਂ ਦੇ ਬਰਾਬਰ ਹੀ ਲਿਆ ਜਾਂਦਾ ਹੈ। ਸਾਡੀ ਇਹ ਬੇਨਤੀ ਹੈ ਕਿ ਜਿਹੜੀ ਬਸਾਂ ਕੰਡੀ ਏਰੀਆ ਵਿਚ ਚਲਦੀਆਂ ਹਨ, ਪਛੜੇ ਏਰੀਆ ਵਿਚ ਜਾਂਦੀਆਂ ਹਨ, ਉਥੇ ਸੜਕਾਂ ਵੀ ਬਹੁਤ ਖਰਾਬ ਹੁੰਦੀਆਂ ਹਨ, ਇਸ ਲਈ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਸ ਇਲਾਕੇ ਵਿਚ ਚਲਣ ਵਾਲੀਆਂ ਬਸਾਂ ਤੋਂ ਅੱਧਾਂ ਟੈਕਸ ਲਿਆ ਜਾਣਾ ਚਾਹੀਦਾ ਹੈ ।

ਇਸ ਤੋਂ ਇਲਾਵਾ ਜੋ ਟੈਕਨੀਕਲ ਸਕੂਲ, ਕਾਲਜ ਹਨ ਉਨ੍ਹਾਂ ਵੱਲ ਸਰਕਾਰ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਜਿਹੜੇ ਪਿੰਡਾਂ ਦੇ ਨੌਜਵਾਨ ਹਨ ਉਹ ਅੱਜ ਭਟਕ ਰਹੇ ਹਨ। ਜੇ ਉਨ੍ਹਾਂ ਨੂੰ ਅਸੀਂ ਕਿਸੇ ਟੈਕਨੀਕਲ ਵਾਲੇ ਪਾਸੇ ਲਾਵਾਂਗੇ ਤਾਂ ਉਹ ਆਪਣੇ ਰਾਹ ਤੋਂ ਭਟਕਣਗੇ ਨਹੀਂ ਔਰ ਨਾ ਹੀ ਵਿਹਲੇ ਫਿਰਨਗੇ। ਇਸ ਲਈ ਉਨ੍ਹਾਂ ਨੂੰ ਟੈਕਨੀਕਲ ਹੁਨਰ ਦੇਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਕੰਮ ਤੇ ਲੱਗ ਸਕਣ। ਸਪੀਕਰ ਸਾਹਿਬ, ਸਾਡਾ ਦੇਸ਼ ਆਜ਼ਾਦ ਹੋਏ 46 ਸਾਲ ਹੋ ਗਏ ਹਨ ਔਰ ਜਿਨ੍ਹਾਂ ਲੋਕਾਂ ਤੋਂ ਅਸੀਂ ਵੋਟਾਂ ਲੈ ਕੇ ਇਥੇ ਆਉਂਦੇ ਰਹੇ ਹਾਂ ਅਤੇ ਇਸ ਹਾਊਸ ਵਿਚ ਬੈਠੇ ਹੋਏ ਹਾਂ ਉਹ ਲੋਕ ਝੁੱਗੀਆਂ ਝੌਂਪੜੀਆਂ ਵਿਚ ਰਹਿਣ ਵਾਲੇ ਹਨ, ਉਨ੍ਹਾਂ ਨੂੰ ਹਾਲੇ ਤੱਕ ਕਿਸੇ ਸਰਕਾਰ ਨੇ ਮਕਾਨ ਬਣਾ ਕੇ ਨਹੀਂ ਦਿੱਤੇ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਫਾਇਦਾ ਹੋਇਆ ਹੈ। ਉਹ ਵੀ ਸਾਡੇ ਦੇਸ਼ ਦੇ ਵਾਸੀ ਅਤੇ ਬਸ਼ਿੰਦੇ ਹਨ ਉਨ੍ਹਾਂ ਨੇ ਸਾਨੂੰ ਵੋਟਾਂ ਦੇ ਕੇ ਇਥੇ ਭੇਜਿਆ ਹੈ, ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਸਰਕਾਰ ਵੱਧ ਤੋਂ ਵੱਧ ਗ੍ਰਾਂਟ ਇਨ੍ਹਾਂ ਲੋਕਾਂ ਨੂੰ ਦੇ ਕੇ ਉਪਰ ਚੁੱਕਣ ਦੀ ਕੋਸ਼ਿਸ਼ ਕਰੇ । ਇਨ੍ਹਾਂ ਗਰੀਬ ਲੋਕਾਂ ਦੇ ਲਈ ਬੇਸਿਕ ਅਮੈਨਿਟੀਜ਼ ਦਾ ਪ੍ਰਬੰਧ ਕੀਤਾ ਜਾਵੇ। ਇਨ੍ਹਾਂ ਗਰੀਬ ਲੋਕਾਂ ਨੂੰ ਮਕਾਨ ਬਣਾ ਕੇ ਦਿਓ, ਇਨ੍ਹਾਂ ਦੇ ਬਚਿਆ ਲਈ ਸਕੂਲ ਖੋਲ੍ਹ ਕੇ ਦਿਓ ਅਤੇ ਇਨ੍ਹਾਂ ਦੇ ਲਈ ਰੁਜ਼ਗਾਰ ਪੈਦਾ ਕਰੋ। ਇਨ੍ਹਾਂ ਸ਼ਬਦਾ ਦੇ ਨਾਲ ਮੈਂ, ਸਪੀਕਰ ਸਾਹਿਬ ਤੁਹਾਡਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ)** : ਮਾਨਯੋਗ ਸਪੀਕਰ ਸਾਹਿਬ, ਬਹੁਤ ਖੁਸ਼ੀ ਦੀ ਗੱਲ ਹੈ ਕਿ ਤੁਸੀਂ ਅੱਜ ਕਾਫੀ ਖੁੱਲਦਿਲੀ ਦੇ ਨਾਲ ਆਨਰੇਬਲ ਮੈਂਬਰ ਸਾਹਿਬਾਨ ਨੂੰ ਬੋਲਣ ਲਈ ਵਕਤ ਦਿੱਤਾ ਹੈ। ਇਸ ਡਿਸਕਸ਼ਨ ਵਿੱਚ ਤਕਰੀਬਨ 16 ਆਨਰੇਬਲ ਮੈਂਬਰ ਸਾਹਿਬਾਨ ਨੇ ਹਿੱਸਾ ਲਿਆ ਹੈ । ਇਨ੍ਹਾਂ ਮੈਂਬਰ ਸਾਹਿਬਾਨ ਨੇ ਆਪਣੇ ਆਪਣੇ ਸੁਝਾਓ ਵੀ ਦਿੱਤੇ ਹਨ, ਆਪਣੇ ਆਪਣੇ ਇਲਾਕੇ ਦੀਆਂ ਗੱਲਾਂ ਵੀ ਕੀਤੀਆਂ ਹਨ ਅਤੇ ਕੁਝ ਮੈਂਬਰ ਸਾਹਿਬਾਨ ਨੇ ਤੌਖਲਾ ਵੀ ਜ਼ਾਹਿਰ ਕੀਤਾ ਹੈ । ਸਪੀਕਰ ਸਾਹਿਬ, ਮੈਂ 2–4 ਗੱਲਾਂ ਕਰਨੀਆਂ ਚਾਹਾਂਗਾ । ਬਜਟ ਦਾ ਸਬੰਧ ਆਰਥਿਕਤਾ ਦੇ ਨਾਲ ਰਹਿੰਦਾ ਹੈ। ਪੈਸਾ ਅਗਰ ਸਾਡਾ ਇਕੱਠਾ ਹੁੰਦਾ ਹੈ ਤੇ ਉਸ ਦੇ ਨਾਲ ਬਜਟ ਵੀ ਪੂਰਾ ਹੋਵੇਗਾ। ਕਾਂਗਰਸ ਗੌਰਮਿੰਟ ਨੇ ਪਿਛਲੇ ਸਾਲ ਜਦੋਂ ਇਥੇ ਵਾਗਡੋਰ ਸੰਭਾਲੀ ਤਾਂ ਉਦੋਂ ਤੋਂ ਅਸੀਂ ਪੰਜਾਬ ਨੂੰ ਨਵੀਂ ਜ਼ਿੰਦਗੀ ਦਿੱਤੀ, ਪੰਜਾਬ ਵਿਚ ਅਮਨ ਅਤੇ ਸ਼ਾਂਤੀ ਬਹਾਲ ਕੀਤੀ ਅਤੇ ਆਰਥਿਕਤਾ ਵਿਚ ਸੁਧਾਰ ਲਿਆਂਦੇ ਔਰ ਇਨ੍ਹਾਂ ਆਰਥਿਕ ਸੁਧਾਰਾਂ ਦੇ ਸਦਕੇ ਅਸੀਂ ਕਈ ਠੋਸ ਕਦਮ ਚੁੱਕੇ। ਇਹ ਹੀ ਵਜ੍ਹਾ ਹੈ ਕਿ ਅਸੀਂ ਪਹਿਲੇ ਨਾਲੋਂ ਪੰਜਾਬ ਦੀ ਜ਼ਿਆਦਾ ਤਰੱਕੀ ਕੀਤੀ। ਇਸ ਦੇ ਨਾਲ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕੀਤਾ ਤਾਂਕਿ ਲੋਕਾਂ ਨੂੰ ਸਹੂਲਤਾਂ ਵੱਧ ਤੋਂ ਵੱਧ ਮਿਲਣ। ਇਹ ਵੀ ਪੰਜਾਬ ਵਿਚ ਬਹੁਤ ਜ਼ਰੂਰੀ ਸੀ। ਲਾਅ ਐਂਡ ਆਰਡਰ ਨੂੰ ਕੰਟਰੋਲ ਕਰਨ ਦੇ ਨਾਲ ਅਸੀਂ ਆਰਥਿਕ ਖੇਤਰ ਵਿਚ ਕਾਫੀ ਸੁਧਾਰ ਕੀਤੇ ਹਨ। ਰੇਵੇਨਿਊ ਦੇ ਵਿਚ ਜਿਥੋਂ ਸਾਨੂੰ ਆਮਦਨੀ ਆਉਂਦੀ ਹੈ ਇਸ ਵਿਚ ਜਿਹੜਾ ਹਿੱਸਾ ਸਾਨੂੰ 1992-93 ਵਿਚ ਸੈਂਟਰਲ ਗੌਰਮਿੰਟ ਤੋਂ ਮਿਲਿਆ ਹੈ ਉਹ ਇਸ ਤਰ੍ਹਾਂ ਦਾ ਹੈ। ਇਨਕਮ ਟੈਕਸ ਦਾ ਹਿੱਸਾ ਸਾਨੂੰ 121 ਕਰੋੜ ਰੁਪਿਆ ਮਿਲਿਆ ਹੈ। ਇਸ ਦੇ ਨਾਲ ਐਕਸਾਈਜ਼ ਡਿਊਟੀ ਜਿਹੜੀ ਸੈਂਟਰਲ ਗੌਰਮਿੰਟ ਪੰਜਾਬ ਇੰਡਸਟਰੀ ਤੇ ਲਗਾਉਂਦੀ ਹੈ ਇਸ ਵਿਚ ਹਿੱਸਾ ਸਾਨੂੰ 261 ਕਰੋੜ ਰੁਪਿਆ ਮਿਲਿਆ ਹੈ ਔਰ 300 ਕਰੋੜ ਰੁਪਿਆ ਸਾਨੂੰ ਲੈਂਡ ਰੇਵੇਨਿਊ ਤੇ ਮਿਲਿਆ ਹੈ। ਸਟੈਂਪ ਤੇ 165 ਕਰੋੜ ਰੁਪਿਆ ਮਿਲਿਆ ਹੈ ਅਤੇ ਵਹੀਕਲ ਟੈਕਸ ਤੇ ਸਾਨੂੰ 214 ਕਰੋੜ ਰੁਪਿਆ ਮਿਲਿਆ ਹੈ। ਲੇਕਿਨ ਇਸ ਦੇ ਵਿਚ ਬਹੁਤ ਵੱਡਾ ਹਿੱਸਾ ਸਾਨੂੰ ਸੇਲਜ਼ ਟੈਕਸ ਤੋਂ ਪ੍ਰਾਪਤ ਹੁੰਦਾ ਹੈ। ਪੰਜਾਬ ਦੇ ਲੋਕਾਂ ਕੋਲੋਂ ਸੇਲਜ਼ ਟੈਕਸ ਵਿਚ ਕਾਫੀ ਆਮਦਨੀ ਸਰਕਾਰ ਨੂੰ ਹੁੰਦੀ ਹੈ। 1991-92 ਵਿਚ 752 ਕਰੋੜ ਰੁਪਿਆ ਆਇਆ ਸੀ ਅਤੇ 1992-93 ਵਿਚ ਜਦੋਂ ਸਾਡੀ ਸਰਕਾਰ ਬਣੀ ਸੀ ਤਾਂ ਇਸ ਨੂੰ ਵਧਾ ਕੇ ਅਸੀਂ 800 ਕਰੋੜ ਰੁਪਏ ਤੱਕ ਪਹੁੰਚਾ ਦਿੱਤਾ ਹੈ। ਇਸ ਵਿਚ ਸਾਡੇ ਮਹਿਕਮੇ ਨੇ ਕਾਫੀ ਮਿਹਨਤ ਕੀਤੀ ਹੈ। 1993-94 ਵਿਚ ਮੈਨੂੰ ਆਸ ਹੈ ਕਿ ਇਸ ਨੂੰ ਅਸੀਂ ਵਧਾ ਕੇ 950 ਕਰੋੜ ਰੁਪਏ ਤੱਕ ਲੈ ਜਾਵਾਂਗੇ। ਅਸੀਂ ਇਸ ਤਰ੍ਹਾਂ ਰੇਵੇਨਿਊ ਨੂੰ ਹੋਰ ਵਧਾਉਣ ਦੀ ਕੋਸ਼ਿਸ਼ ਕਰਾਂਗੇ। ਸਪੀਕਰ ਸਾਹਿਬ, ਇਸ ਬਾਰੇ ਕਾਫੀ ਤੌਖਲਾ ਪ੍ਰਗਟ ਕੀਤਾ ਗਿਆ ਕਿ ਇੰਸਪੈਕਟਰੀ ਰਾਜ ਨੂੰ ਖਤਮ ਕੀਤਾ ਜਾਵੇ। ਸਾਡਾ ਮੇਨ ਸੋਰਸ ਸੇਲਜ਼ ਟੈਕਸ ਹੈ। ਪੰਜਾਬ ਵਿਚ ਜਿਹੜਾ ਵਪਾਰੀ ਵਰਗ ਹੈ ਇਸ ਦੇ ਰਜਿਸਟਰਡ ਡੀਲਰਜ਼ ਇਕ ਲੱਖ ਪੱਚੀ ਹਜ਼ਾਰ ਦੇ ਕਰੀਬ ਹਨ। ਇਨ੍ਹਾਂ ਨੂੰ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਉਨ੍ਹਾਂ ਡੀਲਰਾਂ ਨੂੰ ਇੰਸਪੈਕਟਰੀ ਰਾਜ ਤੋਂ ਬੜੀ ਪਰੇਸ਼ਾਨੀ ਹੁੰਦੀ ਸੀ ਅਤੇ ਉਹ ਕਹਿੰਦੇ ਹੁੰਦੇ ਸਨ ਕਿ ਸਾਨੂੰ ਇੰਸਪੈਕਟਰੀ ਰਾਜ ਤੋਂ ਬੜੀ ਪਰੇਸ਼ਾਨੀ ਹੁੰਦੀ ਹੈ । ਉਨ੍ਹਾਂ ਵਪਾਰੀਆਂ ਦੀਆਂ ਤਕਲੀਫਾਂ ਨੂੰ ਮੁੱਖ ਰਖਦੇ ਹੋਏ ਪੰਜਾਬ ਸਰਕਾਰ ਨੇ ਇਕ ਰੈਵੋਲਿਊਸ਼ਨਰੀ ਇਨਕਲਾਬੀ ਫੈਸਲਾ ਕੀਤਾ ਹੈ। ਸਾਡੇ ਸਦਨ ਦੇ ਮਾਨਯੋਗ ਮੈਂਬਰ ਸੈਣੀ ਸਾਹਿਬ ਨੇ ਕਾਫੀ ਜ਼ੋਰਦਿੱਤਾ ਸੀ ਕਿ ਫਸਟ ਸਟੇਜ ਤੇ ਟੈਕਸ ਲਗਾ ਦਿੱਤਾ ਜਾਵੇ। ਇਸ ਨਾਲ ਸਾਡਾ ਡੀਲਰਜ਼ ਵਰਗ ਪਰੇਸ਼ਾਨੀ ਤੋਂ ਬਚ ਜਾਵੇਗਾ ਅਤੇ ਡੀਲਰਜ਼ ਵੀ ਘੱਟ ਜਾਣਗੇ । ਸਰਕਾਰ ਨੂੰ ਫਸਟ ਸਟੇਜ ਤੇ ਸੇਲਜ਼ ਟੈਕਸ ਵੀ ਆਵੇਗਾ ਅਤੇ ਸੇਲਜ ਟੈਕਸ ਦੀ ਚੋਰੀ ਵੀ ਖਤਮ ਹੋ ਜਾਵੇਗੀ। ਸਪੀਕਰ ਸਾਹਿਬ, ਇਸ ਨਾਲ ਟੈਕਸ ਦੀ ਚੋਰੀ ਵੀ ਨਹੀਂ ਹੋਵੇਗੀ ਔਰ ਹਰ ਜਗ੍ਹਾ ਤੇ ਈ.ਟੀ.ਓ. ਅਤੇ ਦੂਸਰੇ ਟੈਕਸ ਅਫਸਰ ਜੋ ਵਪਾਰੀਆਂ ਨੂੰ ਪਹਿਲਾਂ ਪਰੇਸ਼ਾਨ ਕਰਦੇ ਹੁੰਦੇ ਸੀ ਉਹ ਹੁਣ ਨਹੀਂ ਕਰ ਸਕਣਗੇ। ਪੰਜਾਬ ਸਰਕਾਰ

Original with;
Punjab Vidhan Sabha
Digitized by;
Panjab Digital Library

ਨੇ 73 ਆਈਟਮਾਂ ਤੇ ਪਹਿਲੀ ਸਟੇਜ ਤੇ ਹੀ ਟੈਕਸ ਲਗਾਇਆ ਹੈ ਪਰ 1993-94 ਦੇ ਬਜਟ ਵਿਚ 1,000 ਆਈਟਮਾਂ ਤੇ ਫਸਟ ਸਟੇਜ ਤੇ ਹੀ ਟੈਕਸ ਲਗੇਗਾ। (ਥੰਪਿੰਗ) ਇਹ, ਸਪੀਕਰ ਸਾਹਿਬ, 26 ਕੈਟਾਗਰੀਜ਼ ਇਨ੍ਹਾਂ ਦੀਆਂ ਬਣਾਈਆਂ ਗਈਆਂ ਹਨ। ਇਸ ਤਰ੍ਹਾਂ ਪੰਜਾਬ ਸਰਕਾਰ ਨੇ ਇਸ ਲਈ ਕੀਤਾ ਹੈ ਕਿ ਸਾਡੇ ਪੰਜਾਬ ਦੇ ਵਪਾਰੀ ਵਰਗ ਨੂੰ ਕੋਈ ਵੀ ਪਰੇਸ਼ਾਨੀ ਨਾ ਹੋਵੇ। ਇਸ ਨਾਲ ਸਾਨੂੰ ਪੂਰੀ ਉਮੀਦ ਹੈ ਕਿ ਟੈਕਸ ਵਿਚ ਕਮੀ ਨਹੀਂ ਹੋਵੇਗੀ ਬਲਕਿ ਸਾਨੂੰ 50 ਕਰੋੜ ਰੁਪਏ ਦਾ ਹੋਰ ਫਾਇਦਾ ਹੋਵੇਗਾ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇੰਡਸਟਰੀਜ਼ ਵਿਚ ਜੋ ਫਾਈਬਰ ਯੂਜ਼ ਹੁੰਦਾ ਹੈ ਉਸ ਵਾਸਤੇ ਸੇਲਜ਼ ਟੈਕਸ ਪਹਿਲਾਂ 8 ਪ੍ਰਤੀਸ਼ਤ ਹੁੰਦਾ ਸੀ ਪਰ ਉਹ ਅਸੀਂ ਘਟਾ ਕੇ 4 ਪ੍ਰਤੀਸ਼ਤ ਕਰ ਦਿੱਤਾ ਹੈ। ਇਸ ਕਰਕੇ ਇਹ ਕੀਤਾ ਹੈ ਤਾਂ ਕਿ ਵਪਾਰੀ ਵਰਗ ਨੂੰ ਕੋਈ ਤਕਲੀਫ ਨਾ ਹੋਵੇ। ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਜ਼ਿਕਰ ਕਰ ਚੁਕਾਂ ਹਾਂ ਕਿ ਚਾਹ, ਦਾਲ, ਧੂਪ, ਵੰਗਾਂ, ਮੋਟਰਕਾਰਾਂ ਪਲਾਸਟਿਕ ਗੁਡਜ਼, ਗੁੜ, ਆਦਿ ਤੇ ਅਸੀਂ ਟੈਕਸ ਘਟਾਇਆ ਹੈ। (ਥੰਪਿੰਗ) ਸਾਡੀ ਕੋਸ਼ਿਸ਼ ਹੈ ਕਿ ਅਸੀਂ ਵੱਧ ਤੋਂ ਵੱਧ ਟੈਕਸ ਵਸੂਲ ਕਰੀਏ ਅਤੇ ਕਿਸੇ ਨੂੰ ਤਕਲੀਫ ਵੀ ਨਾ ਹੋਵੇ। 40,000 ਰੁਪਏ ਤੋਂ 1 ਲੱਖ ਤੱਕ ਰਜਿਸਟਰੇਸ਼ਨ ਦੀ ਲਿਮਿਟ ਵਧਾਈ ਹੈ। ਸਪੀਕਰ ਸਾਹਿਬ, ਸਮਰੀ ਅਸੈਸਮੈਂਟ 3 ਲੱਖ ਰੁਪਏ ਤੋਂ 5 ਲੱਖ ਕੀਤੀ ਹੈ। ਇਥੇ, ਸਪੀਕਰ ਸਾਹਿਬ, ਹਾਊਸ ਵਿਚ ਬਹੁਤ ਸਾਰੀਆਂ ਐਕਸਾਈਜ਼ ਦੀ ਪਾਲਿਸੀ ਬਾਰੇ ਵੀ ਗੱਲਾਂ ਹੋਈਆਂ ਹਨ। ਮੈਂ, ਸਪੀਕਰ ਸਾਹਿਬ, ਤੁਹਾਨੂੰ ਐਕਸਾਈਜ਼ ਪਾਲਿਸੀ ਬਾਰੇ ਜੋ ਸਾਡੀ ਹੈ ਉਸ ਬਾਰੇ ਦੱਸਣਾ ਚਾਹੁੰਦਾ ਹਾਂ। ਅਸੀਂ ਸ਼ਰਾਬ ਨਾ ਪੀਣ ਬਾਰੇ ਪੂਰਾ ਪਰਚਾਰ ਕਰਦੇ ਹਾਂ। ਅਸੀਂ ਹਰ ਸ਼ਰਾਬ ਦੀ ਬੋਤਲ ਉਤੇ ਲਿਖਿਆ ਹੋਇਆ ਹੈ ਕਿ ਇਹ ਹੈਲਥ ਵਾਸਤੇ ਖਰਾਬ ਹੈ, injurious to the health. ਸਪੀਕਰ ਸਾਹਿਬ, ਇਸ ਚੀਜ਼ ਨੂੰ ਦੇਖ ਕੇ ਵੀ ਅਗਰ ਲੋਕ ਫਿਰ ਵੀ ਸ਼ਰਾਬ ਪੀ ਜਾਂਦੇ ਹਨ ਔਰ ਸਰਕਾਰ ਨੂੰ ਰੈਵੇਨਿਊ ਦਿੰਦੇ ਹਨ ਤਾਂ ਪੰਜਾਬ ਸਰਕਾਰ ਇਸ ਵਿਚ ਕੋਈ ਗੜਬੜ ਨਹੀਂ ਕਰਨਾ ਚਾਹੁੰਦੀ। ਅਸੀਂ, ਸਪੀਕਰ ਸਾਹਿਬ, ਇਸ ਤਰ੍ਹਾਂ ਦੀ ਐਕਸਾਈਜ਼ ਪਾਲਿਸੀ ਬਣਾਈ ਹੈ। 1991-92 ਵਿਚ ਸਾਡੇ ਕੋਲ ਐਕਸਾਈਜ਼ ਤੋਂ 479 ਕਰੋੜ ਰੁਪਏ ਵਸੂਲ ਹੋਏ। 1992-93 ਵਿਚ 527 ਕਰੋੜ ਰੁਪਏ ਦਾ ਅੰਦਾਜ਼ਾ ਹੈ। ਇਸ ਸਾਲ, ਸਪੀਕਰ ਸਾਹਿਬ, 50 ਕਰੋੜ ਰੁਪਿਆ ਹੋਰ ਵੱਧ ਮਿਲੇਗਾ ਅਤੇ 580 ਕਰੋੜ ਰੁਪਏ ਦੇ ਕਰੀਬ ਤਕ ਵਸੂਲ ਹੋਣ ਦੀ ਉਮੀਦ ਹੈ। ਹੁਣ ਤਕ ਅਸੀਂ, ਸਪੀਕਰ ਸਾਹਿਬ, 10 ਜ਼ਿਲ੍ਹਿਆਂ ਦੀ ਬੋਲੀ ਕਰਾਈ ਹੈ ਔਰ 84 ਕਰੋੜ 96 ਲੱਖ ਰੁਪਿਆ ਆ ਚੁੱਕਾ ਹੈ। ਉਮੀਦ ਹੈ ਕਿ 100 ਕਰੋੜ ਰੁਪਏ ਤੋਂ ਜ਼ਿਆਦਾ ਸਾਨੂੰ ਮਿਲੇਗਾ। ਇਸ ਨਾਲ ਪੰਜਾਬ ਸਰਕਾਰ ਨੂੰ ਵੱਧ ਤੋਂ ਵੱਧ ਲਾਭ ਹੋਵੇਗਾ। ਸਪੀਕਰ ਸਾਹਿਬ, ਪੰਜਾਬ ਦੇ ਭਠਿਆਂ ਤੇ, ਬੱਸਾਂ ਤੇ, ਸਿਨਮਿਆਂ ਤੇ ਜੋ ਟੈਕਸ ਲਗਦਾ ਹੈ ਉਸ ਨੂੰ ਅਸੀਂ ਲੰਪਸਮ ਲਗਾਉਣ ਦਾ ਪਰੋਗਰਾਮ ਬਣਾਇਆ ਹੈ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਕੋਈ ਪਰੇਸ਼ਾਨੀ ਨਾ ਹੋਵੇ। ਪਹਿਲਾਂ ਹਰ ਜਗ੍ਹਾਂ ਇੰਸਪੈਕਟਰ ਲੋਕਾਂ ਨੂੰ ਪਰੇਸ਼ਾਨ ਕਰਦੇ ਹੁੰਦੇ ਸੀ। ਪੰਜਾਬ ਦੇ ਲੋਕ ਪਰੇਸ਼ਾਨ ਨਾ ਹੋਣ, ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ, ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਇੰਸਪੈਕਟਰੀ ਰਾਜ ਤੋਂ ਜ਼ਰੂਰ ਮੁਕਤ ਕਰਨਾ ਹੈ। ਅਸੀਂ ਪਹਿਲਾਂ ਇੰਡਸਟਰੀ ਤੋਂ ਸ਼ੁਰੂ ਕੀਤਾ ਹੈ, ਅਤੇ ਫਿਰ ਬਾਅਦ ਵਿਚ ਹੋਰ ਜਗ੍ਹਾ ਤੇ ਵੀ ਕਰਾਂਗੇ। ਪੰਜਾਬ ਦੇ ਲੋਕਾਂ ਨੂੰ ਕਿਸੇ ਕਿਸਮ ਦੀ ਤਕਲੀਫ ਨਾ ਹੋਵੇ, ਸਪੀਕਰ ਸਾਹਿਬ, ਇਹ ਸਭ ਕੁਝ ਇਸ ਲਈ ਕਰ ਰਹੇ ਹਾਂ। (ਥੰਪਿੰਗ)

ਸਪੀਕਰ ਸਾਹਿਬ, ਜਿਹੜੇ ਸਾਡੇ ਨੌਜਵਾਨ ਫੌਜ ਵਿਚ ਭਰਤੀ ਹੁੰਦੇ ਹਨ ਔਰ ਸਾਡੇ ਦੇਸ਼ ਦੀ ਲੜਾਈ ਲੜਦੇ ਹਨ ਉਨ੍ਹਾਂ ਦੀ ਵਾਰ ਜਗੀਰ ਅਸੀਂ 300/- ਰੁਪਏ ਤੋਂ 500/- ਰੁਪਿਆ ਕਰ ਦਿੱਤੀ ਹੈ। ਉਨ੍ਹਾਂ ਦੇ ਬੱਚਿਆਂ ਲਈ ਜੋ ਕਿ 50/- ਰੁਪਏ ਲੈ ਰਹੇ ਸਨ, ਉਨ੍ਹਾਂ ਨੂੰ 100/- ਰੁਪਿਆ ਐਡੀਸ਼ਨਲ ਦਿੱਤਾ ਹੈ। ਇਸ ਨਾਲ, ਸਪੀਕਰ ਸਾਹਿਬ, 8775 ਬੈਨੀਫਿਸ਼ਰੀ ਨੂੰ ਫਾਇਦਾ ਹੋਵੇਗਾ। ਇਸ ਤੇ 26 ਲੱਖ 54 ਹਜ਼ਾਰ 495 ਰੁਪਏ ਖਰਚਾ ਆਵੇਗਾ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਜਿਹੜੇ ਸਾਡੇ ਗੌਰਮਿੰਟ ਮੁਲਾਜ਼ਮ ਹੁੰਦੇ ਹਨ ਅਤੇ ਬਾਅਦ ਵਿਚ ਉਨ੍ਹਾਂ ਨੇ ਪੈਨਸ਼ਨਰ ਬਣਨਾ ਹੁੰਦਾ ਹੈ ਉਨ੍ਹਾਂ ਮੁਲਾਜ਼ਮਾਂ ਦਾ ਬਹੁਤ ਯੋਗਦਾਨ ਹੁੰਦਾ ਹੈ। ਜੇ ਮੈਂ ਇਹ ਕਹਾਂ ਕਿ ਪਿਛਲੇ 45–46 ਸਾਲਾਂ ਵਿੱਚ ਜਿਹੜੀਆਂ ਚੁਣੀਆਂ ਹੋਈਆਂ ਸਾਡੀਆਂ ਕਾਂਗਰਸ ਦੀਆਂ ਸਰਕਾਰਾਂ ਆਈਆਂ, ਨੁਮਾਇੰਦੇ ਆਏ ਅਸੈਂਬਲੀਆਂ ਵਿਚ ਔਰ ਪਾਰਲੀਮੈਂਟ ਵਿੱਚ, ਇਨ੍ਹਾਂ ਨੇ ਹੀ ਸਭ ਨੂੰ ਦਿਸ਼ਾ ਦਿੱਤੀ ਔਰ ਦੇਸ਼ ਨੂੰ ਪ੍ਰਗਤੀ ਵਲ ਲਿਆਂਦਾ ਤਾਂ ਗਲਤ ਨਹੀਂ ਹੋਵੇਗਾ। ਇਸ ਪ੍ਰਜਾਤੰਤਰ ਪ੍ਰਣਾਲੀ ਨੇ ਹਿੰਦੁਸਤਾਨ ਨੂੰ ਮਜ਼ਬੂਤ ਕੀਤਾ ਔਰ ਪੰਜਾਬ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ ਪਰ ਅਸੀਂ ਉਨ੍ਹਾਂ ਅਫਸਰਾਂ ਦੀ ਔਰ ਉਨ੍ਹਾਂ ਇੰਪਲਾਈਜ਼ ਦੀ ਵੀ ਪ੍ਰਸ਼ੰਸਾ ਕੀਤੇ ਬਿਨਾਂ ਨਹੀਂ ਰਹਿ ਸਕਦੇ ਕਿ ਉਨ੍ਹਾਂ ਦੇ ਯੋਗਦਾਨ ਨਾਲ ਹੀ ਇਸ ਸਾਰੇ ਦੇਸ਼ ਦਾ, ਸਾਰੇ ਪੰਜਾਬ ਦਾ ਨਿਰਮਾਣ ਹੋਇਆ ਹੈ। ਇਸ ਵਿੱਚ ਬਹੁਤ ਸਾਰਾ ਉਨ੍ਹਾਂ ਦਾ ਹਿੱਸਾ ਹੈ। ਸਰਵਿਸ ਕਰਨ ਤੋਂ ਬਾਅਦ, ਪੈਨਸ਼ਨਰ ਬਣਨ ਤੋਂ ਬਾਅਦ ਕਈ ਦਫਾ ਤਕਲੀਫ ਹੁੰਦੀ ਹੈ। ਐਸਾ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦਾ ਜਿਹੜਾ ਮਾਨ ਸਨਮਾਨ ਸਰਵਿਸ ਵਿੱਚ ਸੀ, ਉਹ ਘੱਟ ਗਿਆ ਹੈ। ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅਸੀਂ ਆਪਣੇ ਪੈਨਸ਼ਨਰਜ਼ ਨੂੰ ਸੀਨੀਅਰ ਸਿਟੀਜ਼ਨ ਦੇ ਨਾਂ ਤੇ ਪੁਕਾਰਾਂਗੇ ਤਾਂਕਿ ਸਮਾਜ ਵਿੱਚ ਉਨ੍ਹਾਂ ਦਾ ਦਰਜਾ ਉੱਚਾ ਹੋਵੇ, ਹਰ ਜਗ੍ਹਾ ਉਨ੍ਹਾਂ ਦੀ ਇੱਜ਼ਤ ਹੋਵੇ। ਇਸ ਤਰ੍ਹਾਂ ਦਾ ਪ੍ਰਬੰਧ ਕਰਾਂਗੇ। (ਥੰਪਿੰਗ) ਡੀ.ਏ. ਦੀ ਕਿਸ਼ਤ ਜਿਹੜੀ ਅਜੇ ਤੱਕ ਉਨ੍ਹਾਂ ਨੂੰ ਕੈਸ਼ ਨਹੀਂ ਮਿਲੀ, ਅਸੀਂ ਅਪਰੈਲ ਦੇ ਵਿੱਚ ਜੁਲਾਈ ਤੋਂ ਲੈ ਕੇ ਹੁਣ ਤਕ ਦੀ ਸਾਰੀ ਕਿਸ਼ਤ ਕੈਸ਼ ਦੇ ਦੇਵਾਂਗੇ। ਇਸ ਦੇ ਨਾਲ ਨਾਲ, ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਇਕੱਲੀ ਪੰਜਾਬ ਗੌਰਮਿੰਟ ਹੀ ਐਸੀ ਹੈ ਜੋ 70 ਸਾਲ ਤੋਂ ਬਾਅਦ ਪੈਨਸ਼ਨਰਜ਼ ਨੂੰ ਹੋਰ ਬੈਨੀਫਿਟ ਦਿੰਦੀ ਹੈ। ਬਹੁਤ ਸਾਰੇ ਪੈਨਸ਼ਨਰਜ਼ ਬਾਰੇ ਇਹ ਸਾਡਾ ਸਵਾਲ ਸੀ, ਉਨ੍ਹਾਂ ਦਾ ਮੁਤਾਲਬਾ ਸੀ ਕਿ ਇਹ ਜਿਹੜਾ 5 ਪ੍ਰਤੀਸ਼ਤ ਵਧਾਉਂਦੇ ਹੋ 70 ਸਾਲ ਤੋਂ ਬਾਅਦ ਤਾਂ ਵਧਾਉਂਦੇ ਹੋ ਪਰ ਅਗਰ ਉਸ ਨੂੰ ਵੀ ਪੈਨਸ਼ਨ ਦਾ ਹਿੱਸਾ ਬਣਾ ਦਿਉਗੇ ਤਾਂ ਸਾਨੂੰ ਫਾਇਦਾ ਹੋ ਸਕਦਾ ਹੈ। ਸਾਨੂੰ ਡੀ.ਏ. ਦੀ ਕਿਸ਼ਤ ਵਿੱਚ ਵੀ ਵਾਧਾ ਹੋ ਸਕਦਾ ਹੈ। ਪੰਜਾਬ ਗੌਰਮਿੰਟ ਨੇ ਫੈਸਲਾ ਕੀਤਾ ਹੈ ਕਿ ਅਸੀਂ 5 ਫੀਸਦੀ ਜਿਹੜਾ ਵਾਧਾ ਹੈ, ਉਸਨੂੰ ਪੈਨਸ਼ਨ ਵਿੱਚ ਜਮ੍ਹਾਂ ਕਰ ਦੇਵਾਂਗੇ ਔਰ ਏ.ਡੀ.ਏ. ਦੀ ਕਿਸ਼ਤ ਬਾਰੇ 2 ਕਰੋੜ ਦਾ ਸਾਡੇ ਪੈਨਸ਼ਨਰਜ਼ ਨੂੰ ਹੋਰ ਫਾਇਦਾ ਹੋਵੇਗਾ। ਇਸ ਤਰੀਕੇ ਨਾਲ ਉਹ ਚੰਗੀ ਅਤੇ ਬਿਹਤਰ ਜ਼ਿੰਦਗੀ ਬਸਰ ਕਰ ਸਕਣਗੇ।

ਸਪੀਕਰ ਸਾਹਿਬ, ਇੰਡਸਟਰੀ ਬਹੁਤ ਜ਼ਰੂਰੀ ਹੈ। ਸਾਡੇ ਮਾਨਯੋਗ ਮੈਂਬਰਾਂ ਨੇ ਇਸ ਬਾਰੇ ਵਿੱਚ ਕੁਝ ਜ਼ਿਕਰ ਕੀਤਾ ਹੈ ਕਿ ਇੰਡਸਟਰੀ ਬਾਰੇ ਇੰਸਪੈਕਟਰੀ ਰਾਜ ਖਤਮ ਹੋਵੇ। ਅਸੀਂ ਫੈਸਲਾ ਕੀਤਾ ਹੋਇਆ ਹੈ। ਲੇਕਿਨ ਮੈਂ ਇਹ ਜਿਹੜਾ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਇਕ ਸਾਲ ਵਿੱਚ ਕੁਝ ਹਾਲਾਤ ਅੱਛੇ ਹੋਣ ਦੇ ਨਾਲ ਇੰਡਸਟਰੀ ਵਿੱਚ ਏਨਾ ਵਾਧਾ ਹੋਇਆ ਹੈ ਮੈਂ ਉਸ ਦਾ ਵੀ ਜ਼ਿਕਰ ਕਰਨਾ ਚਾਹਵਾਂਗਾ ਸਾਲ 1991-92 ਵਿੱਚ. ਇੰਡਸਟਰੀ ਦੇ ਸਮਾਲ ਸਕੇਲ ਯੂਨਿਟ ਜਿਹੜੇ ਸੀ ਉਹ 1 ਲੱਖ 25 ਹਜ਼ਾਰ 350 ਦੇ ਕਰੀਬ ਸਨ, ਜਿਹੜੇ ਹੁਣ ਵੱਧ ਕੇ 1 ਲੱਖ 90 ਹਜ਼ਾਰ 350 ਹੋ ਗਏ ਹਨ। (ਥੰਪਿੰਗ) ਔਰ ਆਉਣ ਵਾਲੇ ਵਕਤ ਵਿੱਚ ਸਾਡਾ ਟੀਚਾ ਹੈ ਕਿ ਇਸ ਪੰਜਾਬ ਵਿੱਚ 2 ਲੱਖ 53 ਹਜ਼ਾਰ 50 ਯੂਨਿਟ ਸਮਾਲ ਸਕੇਲ ਇੰਡਸਟਰੀ ਦੇ ਹੋਰ ਲੱਗ ਜਾਣ, ਵੱਧ ਜਾਣ। ਅਸੀਂ ਇਹ ਚਾਹੁੰਦੇ ਹਾਂ ਕਿ ਸਮਾਲ ਸਕੇਲ ਇੰਡਸਟਰੀ ਪੰਜਾਬ ਵਿੱਚ ਵਧੇ ਫੁੱਲੇ ਇਸ ਤਰ੍ਹਾਂ ਦੇ ਅਸੀਂ ਯਤਨ ਕਰਾਂਗੇ ਅਤੇ ਉਨ੍ਹਾਂ ਨੂੰ ਕਾਇਮ ਰੱਖਾਂਗੇ। ਸਪੀਕਰ ਸਾਹਿਬ, 1991-92 ਵਿੱਚ ਸਿਰਫ 702 ਕਰੋੜ ਰੁਪਏ ਦੀ ਇਨਵੈਸਟਮੈਂਟ ਹੋਈ ਸੀ ਜਿਹੜੀ ਵੱਧ ਕੇ 742 ਕਰੋੜ 1992-93 ਵਿਚ ਹੋ ਗਈ ਅਤੇ 1993-94 ਵਿਚ ਅਸੀਂ ਉਸ ਨੂੰ 900 ਕਰੋੜ ਤੱਕ ਲਿਜਾਵਾਂਗੇ ਤਾਂ ਕਿ ਵੱਧ ਇਨਵੈਸਟਮੈਂਟ ਨਾਲ ਲੋਕਾਂ ਨੂੰ ਰੋਜ਼ਗਾਰ ਮਿਲ ਸਕੇ, ਲੋਕਾਂ ਦਾ ਫਾਇਦਾ ਹੋਵੇ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਪੰਜਾਬ ਨੇ ਪਰੋਡਕਸ਼ਨ ਦੇ ਮਾਮਲੇ ਵਿੱਚ ਵੀ ਪਿਛਲੇ ਸਾਲ ਨਾਲੋਂ ਤਰੱਕੀ ਕੀਤੀ ਹੈ। ਪਰੋਡਕਸ਼ਨ 2 ਹਜ਼ਾਰ 38 ਕਰੋੜ ਤੋਂ ਵੱਧ ਕੇ 2 ਹਜ਼ਾਰ 313 ਕਰੋੜ ਹੋਈ ਹੈ ਅਤੇ ਅਸੀਂ ਆਉਣ ਵਾਲੇ ਵਕਤ ਵਿੱਚ ਇਸ ਨੂੰ 2 ਹਜ਼ਾਰ 598 ਕਰੋੜ ਤੱਕ ਲਿਜਾਵਾਂਗੇ। ਐਕਸਪੋਰਟ ਜਿਹੜਾ ਪਿਛੇ ਘੱਟ ਰਿਹਾ ਸੀ ਅਤੇ ਸਿਰਫ 215 ਕਰੋੜ ਦਾ ਰਹਿ ਗਿਆ ਸੀ, ਉਸ ਨੂੰ 1992-93 ਵਿੱਚ ਬਲ ਮਿਲਿਆ ਹੈ। ਇਹ ਹੁਣ 355 ਕਰੋੜ ਹੋ ਗਈ ਹੈ ਜਿਸਨੂੰ 1993-94 ਵਿੱਚ 395 ਕਰੋੜ ਤੱਕ ਲਿਜਾ ਕੇ ਲੋਕਾਂ ਨੂੰ ਉਤਸਾਹਿਤ ਕਰਾਂਗੇ। ਸਪੀਕਰ ਸਾਹਿਬ, ਇੰਪਲਾਇਮੈਂਟ ਜਿਹੜੀ 7.20 ਲੱਖ ਸੀ, ਹੁਣ ਵੱਧ ਕੇ 8.20 ਲੱਖ ਹੋ ਚੁਕੀ ਹੈ ਹੋਰ ਇੰਡਸਟਰੀ ਲੱਗਣ ਨਾਲ, ਕਿਉਂਕਿ ਇੰਡਸਟਰੀ ਵਾਸਤੇ ਬਾਹਰਲੇ ਮੁਲਕਾਂ ਤੋਂ ਵੀ ਪੰਜਾਬੀ ਭਰਾ ਬੁਲਾਏ ਸੀ, ਉਹ ਪੂਰੇ ਦੇਸ਼ ਵਿੱਚ ,ਪੰਜਾਬ ਵਿੱਚ ਇਸ ਸਾਲ ਹੋਰ ਬਹੁਤ ਸਾਰਾ ਰੁਪਿਆ ਲਗਾ ਕੇ ਇੰਡਸਟਰੀ ਨੂੰ ਹੋਰ ਜ਼ਿਆਦਾ ਉਤਸਾਹਿਤ ਕਰਨਗੇ, ਉਸ ਨਾਲ ਲੋਕਾਂ ਨੂੰ ਹੋਰ ਇੰਪਲਾਇਮੈਂਟ ਵੀ ਮਿਲੇਗੀ। ਇਹ ਪੰਜਾਬ ਗੌਰਮਿੰਟ ਦਾ ਹੀ ਉਪਰਾਲਾ ਹੈ। ਇਸ ਤੋਂ ਪਹਿਲਾਂ ਕਿਸੇ ਗੌਰਮਿੰਟ ਨੇ ਇਹ ਉਪਰਾਲਾ ਬਾਹਰਲੇ ਪੰਜਾਬੀ ਭਰਾਵਾਂ ਨੂੰ ਇਥੇ ਲਿਆਉਣ ਦਾ ਨਹੀਂ ਕੀਤਾ ਕਿ ਤੁਸੀਂ ਇਥੇ ਆ ਕੇ ਪੰਜਾਬ ਵਿਚ ਆਪਣੀ ਇੰਡਸਟਰੀ ਲਗਾ ਕੇ ਪੰਜਾਬ ਦੀ ਸੇਵਾ ਕਰੋ।

ਸਪੀਕਰ ਸਾਹਿਬ, ਬਾਰਡਰ ਦੇ ਏਰੀਏ ਵਾਸਤੇ ਔਰ ਕੰਡੀ ਦੇ ਏਰੀਏ ਵਾਸਤੇ 30 ਪ੍ਰਤੀਸ਼ਤ ਕੈਪੀਟਲ ਸਬਸਿਡੀ ਤੇ 10 ਸਾਲ ਲਈ ਸੇਲਜ਼ ਟੈਕਸ ਫਰੀ ਕੀਤਾ ਹੈ ਔਰ ਘਟੋ-ਘਟ 50 ਲੱਖ ਰੁਪਏ ਤੀਕਰ ਕੈਪੀਟਲ ਸਬਸਿਡੀ ਦੇਵਾਂਗੇ ਬਾਕੀ ਜ਼ਿਲ੍ਹਿਆਂ ਵਾਸਤੇ 20 ਪ੍ਰਤੀਸ਼ਤ ਔਰ 30 ਲੱਖ ਰੁਪਏ ਦੀ ਕੈਪੀਟਲ ਸਬਸਿਡੀ ਮਿਲੇਗੀ। ਇਹ ਪਹਿਲੀ ਵਾਰ ਫੈਸਲਾ ਕੀਤਾ ਹੈ ਕਿ ਅਸੀਂ ਇਸ ਨੂੰ ਉਤਸਾਹਿਤ ਕਰੀਏ। ਇਨ੍ਹਾਂ ਚੀਜ਼ਾਂ ਦਾ ਪਹਿਲਾਂ ਜ਼ਿਕਰ ਨਹੀਂ ਹੋਇਆ। ਜਿਹੜਾ ਸਾਡਾ ਪਸ਼ੂ ਧਨ ਹੈ ਉਹ ਵੀ ਪੰਜਾਬ ਦੀ ਆਰਥਿਕਤਾ ਵਿਚ ਇਕ ਖਾਸ ਜਗ੍ਹਾ ਰਖਦਾ ਹੈ ਅਤੇ ਪੰਜਾਬੀਆਂ ਨੂੰ ਆਪਣੇ ਪਸ਼ੂ ਧਨ ਤੇ ਮਾਣ ਹੈ। ਇਸ ਦੀ ਤਰਕੀ ਅਤੇ ਸਾਂਭ-ਸੰਭਾਲ ਵਾਸਤੇ ਅਸੀਂ 8 ਨਵੇਂ ਵੈਟਰਨਰੀ ਹਸਪਤਾਲ ਖੋਲ੍ਹੇ, 10 ਡਿਸਪੈਂਸਰੀਆਂ ਅਪਗਰੇਡ ਕੀਤੀਆਂ। ਇਸ ਤੋਂ ਇਲਾਵਾ 200 ਹੋਰ ਡਿਸਪੈਂਸਰੀਆਂ ਖੋਲ੍ਹ ਰਹੇ ਹਾਂ। ਜੇ ਕੋਈ ਪਸ਼ੂ ਬਿਮਾਰ ਹੋ ਜਾਵੇ ਤਾਂ ਉਸ ਨੂੰ ਚੁਕ ਕੇ ਦੂਸਰੀ ਜਗ੍ਹਾ ਨਹੀਂ ਲਿਜਾਇਆ ਜਾ ਸਕਦਾ, ਇਸ ਕਰਕੇ ਅਸੀਂ ਮੋਬਾਈਲ ਡਿਸਪੈਂਸਰੀਆਂ ਦਾ ਵੀ ਪ੍ਰਬੰਧ ਕੀਤਾ ਹੈ।

ਸਪੀਕਰ ਸਾਹਿਬ, ਸੜਕਾਂ ਅਤੇ ਪੁਲਾਂ ਦੀ ਉਸਾਰੀ ਅਤੇ ਸਾਂਭ-ਸੰਭਾਲ ਨੂੰ ਵੀ ਪੰਜਾਬ ਸਰਕਾਰ ਨੇ ਉਤਸ਼ਾਹ ਦਿੱਤਾ ਹੈ। ਸੜਕਾਂ ਦੇ ਮਾਮਲੇ ਵਿਚ ਪੰਜਾਬ ਸਟੇਟ ਹੋਰ ਕਿਸੇ ਵੀ ਸਟੇਟ ਨਾਲੋਂ ਪਿਛੇ ਨਹੀਂ ਹੈ ਬਲਕਿ ਨੰ: 1 ਤੇ ਹੈ, ਜੇ ਅਸੀਂ ਡੈਨਸਿਟੀ ਆਫ ਪਾਪੂਲੇਸ਼ਨ ਜਾਂ ਆਬਾਦੀ ਦੇ ਹਿਸਾਬ ਨਾਲ ਦੇਖੀਏ ਤਾਂ ਅਸੀਂ ਤਹੱਈਆ ਕੀਤਾ ਹੋਇਆ ਹੈ ਕਿ 135 ਕਰੋੜ ਰੁਪਏ ਖਰਚ ਕੇ ਜੂਨ 1993 ਤੱਕ ਸਾਰੀਆਂ ਲਿੰਕ ਰੋਡਜ਼ ਨੂੰ ਰਿਪੇਅਰ ਕਰਨਾ ਹੈ ਅਤੇ ਜਿਹੜੀਆਂ ਬਾਕੀ ਰਹਿ ਜਾਣਗੀਆਂ, ਉਨ੍ਹਾਂ ਨੂੰ ਅਸੀਂ ਦਸੰਬਰ ਤੱਕ ਪੂਰਾ ਕਰਾਂਗੇ। ਜਿਹੜੀਆਂ ਮਿਸਿੰਗ ਲਿੰਕਸ ਹਨ, ਉਨ੍ਹਾਂ ਵਾਸਤੇ ਪਿਛਲੇ ਸਾਲ 30 ਕਰੋੜ ਰੁਪਿਆ ਖਰਚਿਆ ਸੀ ਅਤੇ ਆਉਣ ਵਾਲੇ ਵਕਤ ਵਿਚ ਇਸ ਬਜਟ ਵਿਚ ਪਰੋਵੀਜ਼ਨ ਹੈ ਕਿ 100 ਕਰੋੜ ਰੁਪਿਆ ਫਿਰਨੀਆਂ ਅਤੇ ਲਿੰਕ ਰੋਡਜ਼ ਵਾਸਤੇ ਰਖਿਆ ਗਿਆ ਹੈ ਤਾਂ ਕਿ ਇਸ ਕੰਮ ਵਾਸਤੇ ਕੋਈ ਕਮੀ ਨਾ ਰਹੇ। ਵਰਲਡ ਬੈਂਕ ਦੀ ਮਦਦ ਨਾਲ ਸਰਹਿੰਦ ਤੋਂ ਜਲੰਧਰ ਤੱਕ 70 ਕਰੋੜ ਰੁਪਿਆ ਖਰਚ ਕੇ 4-ਲੇਨ ਵਾਲੀ ਸੜਕ ਬਣ ਰਹੀ ਹੈ ਅਤੇ ਸ਼ੰਭੂ ਤੋਂ ਸਰਹਿੰਦ ਤੱਕ ਦਾ ਕੰਮ ਬਹੁਤ ਜਲਦੀ ਇਸੇ ਸਾਲ ਸ਼ੁਰੂ ਹੋ ਜਾਵੇਗਾ। 72 ਕਰੋੜ ਰੁਪਿਆ ਖਰਚ ਕੇ ਇਹ ਬਾਕੀ ਰਹਿੰਦਾ ਕੰਮ ਪੂਰਾ ਕੀਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਇਥੇ ਪਬਲਿਕ ਅੰਡਰਟੇਕਿੰਗਜ਼ ਦਾ ਜ਼ਿਕਰ ਬਾਰ ਬਾਰ ਆਇਆ ਹੈ। ਕੁਝ ਪਾਸਿਓਂ ਕਿਹਾ ਜਾਂਦਾ ਰਿਹਾ ਹੈ ਕਿ ਇਨ੍ਹਾਂ ਨੂੰ ਬੰਦ ਨਹੀਂ ਕਰਨਾ ਚਾਹੀਦਾ, ਇਨ੍ਹਾਂ ਨੂੰ ਠੀਕ ਕਰਕੇ ਚਲਾਉਣਾ ਚਾਹੀਦਾ ਹੈ । ਕੁਝ ਦਾ ਖਿਆਲ ਹੈ ਕਿ ਜਿਹੜੀ ਪ੍ਰਾਈਵੇਟਾਈਜ਼ੇਸ਼ਨ ਹੈ, ਉਹ ਜ਼ਿਆਦਾ ਜ਼ਰੂਰੀ ਹੈ । ਸਪੀਕਰ ਸਾਹਿਬ, ਹਿੰਦੁਸਤਾਨ ਦੀ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਨਾ ਤਾਂ ਅਸੀਂ ਰਸ਼ੀਆ ਦੇ ਮਗਰ ਲੱਗਣਾ ਹੈ ਅਤੇ ਨਾ ਅਮਰੀਕਾ ਦੇ ਮਗਰ ਲੱਗਣਾ ਹੈ। ਅਸੀਂ ਆਪਣੀ ਪਾਲਿਸੀ ਬਣਾਉਣੀ ਹੈ ਅਤੇ ਇਸ ਪਾਲਿਸੀ ਦੇ ਅੰਦਰ ਪਬਲਿਕ ਸੈਕਟਰ ਵੀ ਹੈ, ਪ੍ਰਾਈਵੇਟ ਸੈਕਟਰ ਵੀ ਹੈ ਅਤੇ ਜੁਆਇੰਟ ਸਕਟਰ ਵੀ ਹੈ। ਇਹੋ ਪਾਲਿਸੀ ਪੰਜਾਬ ਸਰਕਾਰ ਨੇ ਅਪਣਾਈ ਹੈ। ਜਿਹੜੀਆਂ ਸਾਡੀਆਂ ਪਬਲਿਕ ਅੰਡਰਟੇਕਿੰਗਜ਼ ਹਨ, ਉਨ੍ਹਾਂ ਤੇ ਬਹੁਤ ਭਾਰੀ ਸਾਡੀ ਇਨਵੈਸਟਮੈਂਟ ਲੱਗੀ ਹੋਈ ਹੈ ਜਿਸ ਤਰ੍ਹਾਂ ਕਿ ਪੰਜਾਬ ਬਿਜਲੀ ਬੋਰਡ ਤੇ 3725 ਕਰੋੜ ਰੁਪਏ ਅਤੇ ਪੀ.ਆਰ.ਟੀ.ਸੀ ਤੇ 130 ਕਰੋੜ ਰੁਪਏ। ਇਸੇ ਤਰ੍ਹਾਂ ਕਈ ਹੋਰ ਸਾਡੀਆਂ ਪਬਲਿਕ ਅੰਡਰਟੇਕਿੰਗਜ਼ ਤੇ 218 ਕਰੋੜ ਰੁਪਿਆ ਲੱਗਿਆ ਹੋਇਆ ਹੈ। ਪਿਛਲੇ ਸਾਲ ਤੋਂ ਅਸੀਂ ਇਹ ਦੇਖਣਾ ਸ਼ੁਰੂ ਕੀਤਾ ਹੈ ਕਿ ਜਿਹੜੀਆਂ ਪਬਲਿਕ ਅੰਡਰਟੇਕਿੰਗਜ਼ ਘਾਟੇ ਵਿਚ ਜਾਂਦੀਆਂ ਹਨ, ਜਿਨ੍ਹਾਂ ਤੋਂ ਕੋਈ ਮੁਨਾਫਾ ਜਾਂ ਫਾਇਦਾ ਨਹੀਂ ਹੁੰਦਾ, ਉਨ੍ਹਾਂ ਨੂੰ ਅਸੀਂ ਖਤਮ ਕਰਾਂਗੇ। ਉਨ੍ਹਾਂ ਵਿਚੋਂ 3 ਅਸੀਂ ਖਤਮ ਕਰ ਦਿੱਤੀਆਂ ਹਨ ਅਤੇ ਬਾਕੀਆਂ ਦਾ ਅਸੀਂ ਬਹੁਤ ਬਾਰੀਕੀ ਨਾਲ ਮੁਆਇਨਾ ਕਰ ਰਹੇ ਹਾਂ ਅਤੇ ਕਈਆਂ ਵਾਸਤੇ ਇਹ ਕੋਸ਼ਿਸ਼ ਕਰ ਰਹੇ ਹਾਂ ਕਿ ਉਹ ਅੱਛੀਆਂ ਹੋ ਸਕਣ ਤਾਂਕਿ ਪੰਜਾਬ ਨੂੰ ਵੱਧ ਤੋਂ ਵੱਧ ਫਾਇਦਾ ਉਹ ਦੇ ਸਕਣ।

ਸਪੀਕਰ ਸਾਹਿਬ, ਇਹ ਗੱਲ ਕਹਿੰਦੇ ਹੋਏ ਮੈਨੂੰ ਥੋੜ੍ਹਾ ਮਹਿਸੂਸ ਵੀ ਹੁੰਦਾ ਹੈ ਕਿ ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ ਦਾ ਘਾਟਾ 718 ਕਰੋੜ ਰੁਪਏ ਦਾ ਪਿਛਲੇ ਸਾਲ ਹੋਇਆ। ਲੇਕਿਨ ਇਸ ਦੇ ਕਾਰਨ ਕੀ ਹਨ? ਸਭ ਤੋਂ ਪਹਿਲਾਂ ਕਾਰਨ ਇਹ ਹੈ ਕਿ ਅਸੀਂ ਉਸ ਐਗਰੀਕਲਚਰ ਸੈਕਟਰ ਨੂੰ ਜਿਸ ਤੇ ਪੰਜਾਬ ਨੂੰ ਮਾਣ ਹੈ, ਫਖਰ ਹੈ ਪੰਜਾਬ ਨੂੰ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਨੂੰ ਵੀ ਫਖਰ ਹੈ, ਉਸ ਐਗਰੀਕਲਚਰ ਸੈਕਟਰ ਨੂੰ ਅਸੀਂ ਸਬਸੇਡਾਈਜ਼ ਰੇਟ ਤੇ ਥੋੜੇ ਰੇਟ ਤੇ ਬਿਜਲੀ ਸਪਲਾਈ ਕਰਦੇ ਹਾਂ, ਬਿਜਲੀ ਦਿੰਦੇ ਹਾਂ ਔਰ ਜਿਸ ਦੇ ਨਤੀਜੇ ਦੇ ਤੌਰ ਤੇ ਸਾਡਾ ਕਿਸਾਨ, ਸਾਡਾ ਫਾਰਮਰ ਉਤਸਾਹਿਤ ਹੋ ਕੇ ਵਧ ਤੋਂ ਵੱਧ ਕੇਵਲ ਪੰਜਾਬ ਦੀ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨ ਦੀ ਸੇਵਾ ਕਰ ਰਿਹਾ ਹੈ। (ਥੰਪਿੰਗ) ਲੇਕਿਨ ਇਹ 718 ਕਰੋੜ ਰੁਪਏ ਦਾ ਘਾਟਾ ਜੋ ਹੈ, ਸਪੀਕਰ ਸਾਹਿਬ, ਅਸੀਂ ਫੈਸਲਾ ਕੀਤਾ ਹੈ ਕਿ ਅਸੀਂ ਆਉਣ ਵਾਲੇ ਤਿੰਨ ਜਾਂ ਚਾਰ ਸਾਲਾਂ ਦੇ ਵਿੱਚ ਜ਼ੀਰੋ ਲੈਵਲ ਤੇ ਲਿਜਾਣਾ ਹੈ ਔਰ ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ ਵੱਲ ਕੁਝ ਵੀ ਘਾਟਾ ਨਹੀਂ ਰਹਿਣ ਦੇਣਾ । ਇਸ ਵੇਲੇ ਜੋ ਅਸੀਂ ਉਪਰਾਲੇ ਕੀਤੇ ਹਨ ਉਨ੍ਹਾਂ ਵਿਚੋਂ ਸਭ ਤੋਂ ਵੱਡਾ ਉਪਰਾਲਾ ਇਹੀ ਹੈ ਕਿ ਇਸ ਸਾਲ ਅਸੀਂ ਜਿਹੜਾ ਟੈਰਿਫ ਵਧਾਇਆ ਹੈ ਉਸ ਨਾਲ ਸਾਨੂੰ 300 ਕਰੋੜ ਰੁਪਏ ਦਾ ਅਮਾਉਂਟ 1993-94 ਵਿਚ ਮਿਲਣਾ ਹੈ ਔਰ ਇਹ 300 ਕਰੋੜ ਰੁਪਿਆ ਸਾਨੂੰ ਕਾਫੀ ਰਿਲੀਫ ਦੇਵੇਗਾ। ਸਪੀਕਰ ਸਾਹਿਬ, ਲਾਈਨ ਲਾਸਿਜ਼ ਵੀ ਹੁੰਦੇ ਹਨ, ਚੋਰੀਆਂ ਵੀ ਹੁੰਦੀਆਂ ਹਨ ਔਰ ਸਿੱਧੀਆਂ ਕੁੰਡੀਆਂ ਵੀ ਲਗਦੀਆਂ ਹਨ। ਅਸੀਂ ਫੈਸਲਾ ਕੀਤਾ ਹੈ ਕਿ ਅਸੀਂ ਸਾਰੇ ਹੀ ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ ਨੂੰ ਬਹੁਤ ਅੱਛੀ ਤਰ੍ਹਾਂ ਠੀਕ ਕਰ ਦਿਆਂਗੇ ਤਾਂ ਕਿ ਨਾ ਕਿਤੇ ਕੋਈ ਚੋਰੀ ਹੋਵੇ, ਨਾ ਲਾਈਨ ਲਾਸਿਜ਼ ਹੋਣ ਔਰ ਨਾ ਹੀ ਕਿਤੇ ਕੋਈ ਕੁੰਡੀਆਂ ਲੱਗਣ। ਇਸ ਅਮਨ ਔਰ ਸ਼ਾਂਤੀ ਦੇ ਮਾਹੌਲ ਵਿੱਚ ਇਸ ਤਰ੍ਹਾਂ ਦੀ ਕੁਰੱਪਸ਼ਨ ਦਾ ਮਾਹੌਲ ਅਗਰ ਹੋਵੇ ਜਾਂ ਲਾਪਰਵਾਹੀ ਹੋਵੇ ਪੰਜਾਬ ਸਰਕਾਰ ਉਸ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਔਰ ਜ਼ੀਰੋ ਲੈਵਲ ਤੱਕ ਇਸ ਬੋਰਡ ਦਾ ਘਾਟਾ ਲਿਆਂਦਾ ਜਾਵੇਗਾ। (ਥੰਪਿੰਗ) ਲੇਕਿਨ, ਸਪੀਕਰ ਸਾਹਿਬ, ਇਸ

Original with;
Punjab Vidhan Sabha
Digitized by;
Panjab Digital Library

ਦੇ ਨਾਲ ਹੀ ਅਸੀਂ ਅਪੀਲ ਵੀ ਕਰਨਾ ਚਾਹੁੰਦੇ ਹਾਂ ਗੌਰਮਿੰਟ ਆਫ ਇੰਡੀਆ ਨੂੰ, ਉਹ ਸਪੀਕਰ ਸਾਹਿਬ, ਇਸ ਕਰਕੇ ਕਰਨਾ ਚਾਹੁੰਦੇ ਹਾਂ ਕਿ ਠੀਕ ਹੈ ਕਿ ਅਸੀਂ ਉਨ੍ਹਾਂ ਦੇ ਬੜੇ ਮਸ਼ਕੂਰ ਹਾਂ, ਉਨ੍ਹਾਂ ਨੇ ਸਾਡੀ ਬਹੁਤ ਮਦਦ ਕੀਤੀ ਹੈ, ਗੌਰਮਿੰਟ ਆਫ ਇੰਡੀਆ, ਸੈਂਟਰ ਦੀ ਸਰਕਾਰ ਔਰ ਖਾਸ ਤੌਰ ਤੇ ਸੈਂਟਰ ਦੇ ਵਿੱਚ ਕਾਂਗਰਸ ਦੀਆਂ ਸਰਕਾਰਾਂ ਜਦੋਂ ਵੀ ਰਹੀਆਂ ਉਹ ਪੂਰੀ ਤਰ੍ਹਾਂ ਸਾਡੀ ਮਦਦ ਕਰਦੀਆਂ ਰਹੀਆਂ, ਜੇ ਉਹ ਸਾਡੀ ਮਦਦ ਨਾ ਕਰਦੀਆਂ ਤਾਂ ਸਾਡਾ ਪੰਜਾਬ ਅੱਜ ਆਪਣੇ ਪੈਰਾਂ ਤੇ ਖੜ੍ਹਾ ਨਾ ਰਹਿ ਸਕਦਾ ਔਰ ਅੱਜ ਜੋ ਪੰਜਾਬ ਦੇ ਵਿੱਚ ਅਮਨ ਅਤੇ ਸ਼ਾਂਤੀ ਇਸ ਵਕਤ ਵਿਚ ਰਹੀ ਹੈ ਉਹ ਨਾ ਰਹਿ ਸਕਦੀ ਕਿਉਂਕਿ ਕਾਂਗਰਸ ਸਰਕਾਰ ਨੇ ਨਾ-ਮੁਮਕਿਨ ਨੂੰ ਮੁਮਕਿਨ ਕਰਕੇ ਦਿਖਾਇਆ ਔਰ ਪੰਜਾਬ ਦੇ ਇਲੈਕਸ਼ਨ ਕਰਵਾ ਕੇ ਪੰਜਾਬ ਨੂੰ ਇਕ ਮਜ਼ਬੂਤ ਸਰਕਾਰ ਬਣਾ ਕੇ ਦਿੱਤੀ, ਅਸੀਂ ਅਪੀਲ ਕਰਦੇ ਹਾਂ ਕਿ ਜਿਹੜਾ ਗਵਰਨਰੀ ਰਾਜ ਦੇ ਵਿੱਚ ਸਾਡੇ ਤੇ ਕਰਜ਼ਾ ਚੜ੍ਹਿਆ ਹੈ ਉਹ ਖ਼ਤਮ ਹੋ ਜਾਏ। ਚੀਫ ਮਨਿਸਟਰ ਸਾਹਿਬ ਕਈ ਵਾਰ ਕਹਿ ਚੁੱਕੇ ਹਨ ਔਰ ਮੈਂ ਵੀ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਿ ਰਿਹਾ ਹਾਂ ਕਿ ਅਸੀਂ ਮੁਲਕ ਦੀ ਲੜਾਈ ਲੜ ਰਹੇ ਹਾਂ, ਇਹ ਪੰਜਾਬ ਦੀ ਆਪਣੀ ਪਰਾਬਲਮ ਨਹੀਂ ਹੈ । ਇਹ ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਸਵਾਲ ਹੈ ਇਸ ਵਾਸਤੇ ਉਹ ਸਾਡੀ ਮਦਦ ਕਰਨ ।

ਸਪੀਕਰ ਸਾਹਿਬ, ਕੋਲਾ ਜਿਹੜਾ ਥਰਮਲ ਪਲਾਂਟਸ ਦੇ ਵਿੱਚ ਇਸਤੇਮਾਲ ਹੁੰਦਾ ਹੈ ਉਹ 300 ਕਰੋੜ ਰੁਪਏ ਦਾ ਹੁੰਦਾ ਹੈ। ਇਹ 300 ਕਰੋੜ ਰੁਪਿਆ ਕੋਲੇ ਦੀ ਕੀਮਤ ਤਾਂ ਅਸੀਂ ਚੁਕਾ ਦਿੰਦੇ ਹਾਂ ਲੇਕਿਨ ਤੁਸੀਂ ਸੁਣ ਕੇ ਹੈਰਾਨ ਹੋਵੇਗੇ ਕਿ ਉਹ ਕੋਲਾ ਇਥੇ ਲਿਆਉਣ ਵਾਸਤੇ ਸਾਨੂੰ 500 ਕਰੋੜ ਰੁਪਿਆ ਰੇਲਵੇ ਨੂੰ ਕਿਰਾਏ ਦੇ ਤੌਰ ਤੇ ਦੇਣਾ ਪੈਂਦਾ ਹੈ। ਅਸੀਂ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਬੜੀ ਨਿਮਰਤਾ ਪੂਰਵਕ ਅਪੀਲ ਕਰਦੇ ਹਾਂ ਕਿ ਇਹ ਰੇਲ ਦਾ ਜਿਹੜਾ ਕਿਰਾਇਆ ਹੈ ਉਹ ਸਬਸਿਡੀ ਦੇ ਤੌਰ ਤੇ ਪੰਜਾਬ ਨੂੰ ਦੇ ਦੇਣ ਔਰ ਇਸ ਦੀ ਮੁਆਫੀ ਦੇ ਦੇਣ ਤਾਂਕਿ ਪੰਜਾਬ ਜਿਹੜਾ ਹੈ ਉਹ ਮਜ਼ਬੂਤੀ ਦੇ ਨਾਲ ਵਿਕਾਸ ਵੱਲ ਵਧ ਸਕੇ ਔਰ ਇਸ ਦੇ ਨਾਲ ਸਾਨੂੰ ਇਕ ਬਹੁਤ ਵਡੀ ਮਦਦ ਮਿਲੇਗੀ। ਮੈਂ, ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਦੇ ਨਾਲ ਇਹ ਵੀ ਕਹਿਣਾ ਚਾਹਾਂਗਾ ਕਿ ਟੈਕਸ ਹੋਲੀਡੇਂ ਜੰਮੂ-ਕਸ਼ਮੀਰ ਦੇ ਵਿੱਚ ਕੀਤਾ ਹੈ। ਟੈਕਸ ਹੋਲੀਡੇ ਆਸਾਮ ਦੇ ਵਿਚ ਕੀਤਾ ਹੈ, ਜੰਮੂ ਕਸ਼ਮੀਰ ਨਾਲੋਂ ਮਾੜੇ ਹਾਲਾਤ ਸਾਡੇ ਪੰਜਾਬ ਦੇ ਵਿੱਚ ਸੀ ਪਰ ਇਥੋਂ ਦੇ ਲੋਕਾਂ ਨੇ, ਪੰਜਾਬੀਆਂ ਨੇ ਆਪਣਾ ਖੂਨ ਦੇ ਕੇ, ਸ਼ਹੀਦੀਆਂ ਦੇ ਕੇ ਅੱਤਵਾਦ ਔਰ ਵੱਖਵਾਦ ਦਾ ਮੁਕਾਬਲਾ ਕਰਕੇ ਪੰਜਾਬ ਨੂੰ ਮੁੜ ਆਪਣੇ ਪੈਰਾਂ ਤੇ ਖੜ੍ਹਾ ਕੀਤਾ ਹੈ । ਇਸ ਪੰਜਾਬ ਨੂੰ ਦੂਸਰੀਆਂ ਸਟੇਟਸ ਵਾਂਗ ਟੈਕਸ ਹੋਲੀਡੇ ਰਾਹਤ ਮਿਲਣੀ ਚਾਹੀਦੀ ਹੈ ਤਾਂ ਕਿ ਉਹ ਐਕਸਾਈਜ਼ ਜਿਹੜਾ ਇਕੱਠਾ ਹੋ ਕੇ ਜਾਂਦਾ ਹੈ ਸਾਨੂੰ ਮਦਦ ਦੇ ਤੌਰ ਤੇ ਮਿਲੇ ਔਰ ਪੰਜਾਬ ਦੇ ਲੋਕਾਂ ਨੂੰ ਰਿਲੀਫ ਮਿਲੇ। ਇਹ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਗੌਰਮਿੰਟ ਆਫ ਇੰਡੀਆ ਨੂੰ ਕਹਿਣਾ ਚਾਂਹਾਗਾ। ਮੈਨੂੰ ਇਹ ਵੀ ਖੁਸ਼ੀ ਹੈ ਕਿ ਕੱਲ ਹੀ ਪੰਜਾਬ ਦੇ ਕੁਝ ਅਮਰੀਕਾ ਤੋਂ ਜਿਹੜੇ ਪੰਜਾਬ ਦੇ ਲੋਕ ਰਹਿੰਦੇ ਹਨ ਸਾਡੇ ਕੇਸਧਾਰੀ ਭਰਾ ਡੇਢ ਦੋ ਸੌ ਦੇ ਕਰੀਬ ਸਾਡੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਮਿਲੇ ਹਨ ਔਰ ਉਨਾਂ ਨਾਲ ਜਦੋਂ ਉਨ੍ਹਾਂ ਦੀ ਗੱਲਬਾਤ ਹੋਈ ਤਾਂ ਉਨ੍ਹਾਂ ਨੇ ਪੰਜਾਬ ਦੇ ਬਾਰੇ ਵਿੱਚ ਜ਼ਿਕਰ ਕੀਤਾ, ਸਪੀਕਰ ਸਾਹਿਬ, ਮੈਂ ਉਹ ਲਫਜ਼ ਪੜ੍ਹਨਾ ਚਾਹੁੰਦਾ ਹਾਂ ਜਿਹੜੇ ਪਰੈਸ ਵਿਚ ਵੀ ਆਏ ਹਨ ਉਨ੍ਹਾਂ ਨੇ ਕਿਹਾ ਹੈ ਕਿ during the past one year, Punjab has been one of the most peaceful state of India. One year back nobody would have believed this. ਪ੍ਰਾਈਮ-ਮਨਿਸਟਰ ਸਾਹਿਬ ਨੇ ਇਹ ਵੀ ਕਿਹਾ ਕਿ I am proud

Original with;
Punjab Vidhan Sabha
Digitized by;
Panjab Digital Library

[Finance Minister]

of it. The people of Punjab have contributed a great deal of India's prosperity. Even during the freedom struggle, Punjab produced the greatest number of revolutionaries. ਅਖੀਰ ਵਿੱਚ ਉਨ੍ਹਾਂ ਨੇ ਇਹ ਰਿਮਾਰਕਸ ਦਿੱਤੇ ਕਿ the contribution of the pepole of Punjab is second to none. ਇਹ ਸ਼ਬਦ ਉਨ੍ਹਾਂ ਨੇ ਸਾਡੀ/ਕਾਂਗਰਸ ਸਰਕਾਰ ਦੀ ਇਕ ਸਾਲ ਦੀ ਕਾਰਗੁਜ਼ਾਰੀ ਤੋਂ ਬਾਅਦ ਨਤੀਜੇ ਦੇ ਤੌਰ ਤੇ ਕਹੇ ਹਨ ਅਤੇ ਉਨ੍ਹਾਂ ਨੇ ਪ੍ਰਸ਼ੰਸਾ ਕੀਤੀ ਹੈ। ਇਹ ਰਿਮਾਰਕਸ ਜਿਹੜੇ ਉਨ੍ਹਾਂ ਨੇ ਦਿਤੇ ਹਨ, ਅਸੀਂ ਨਿਮਰਤਾ ਪੂਰਵਕ ਸਵੀਕਾਰ ਕਰਦੇ ਹੋਏ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ ਔਰ ਇਹ ਕਹਿੰਦੇ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਪਹਿਲਾਂ ਪੰਜਾਬ ਨੂੰ ਏਜੰਡੇ ਉਤੇ ਨੰਬਰ ਵੰਨ ਤੇ ਰੱਖਿਆ ਹੈ ਉਸੇ ਤਰ੍ਹਾਂ ਹੁਣ ਵੀ ਸਾਡੀ ਸਟੇਟ ਨੂੰ ਸਾਰੇ ਹਿੰਦੁਸਤਾਨ ਵਿੱਚ ਨੰਬਰ ਇਕ ਤੇ ਰੱਖਣ ਸਾਡੀ ਸਟੇਟ ਦੇ ਵਿਕਾਸ ਲਈ, ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਨੂੰ ਪੱਕਾ ਕਰਨ ਵਾਸਤੇ ਉਹ ਵੱਧ ਤੋਂ ਵੱਧ ਸਾਡੀ ਮਦਦ ਕਰਨ। ਅਸੀਂ ਜੋ ਬੇਨਤੀ ਕੀਤੀ ਹੈ, ਪ੍ਰਾਰਥਨਾ ਕੀਤੀ ਹੈ, ਉਸ ਨੂੰ ਸਵੀਕਾਰ ਕਰਦੇ ਹੋਏ, ਸਪੀਕਰ ਸਾਹਿਬ, ਸਾਨੂੰ ਜ਼ਰੂਰ ਮਦਦ ਮਿਲੇਗੀ ਅਤੇ ਖੁੱਲ੍ਹੇ ਦਿਲ ਨਾਲ ਮਿਲੇਗੀ।

ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੇ ਗੱਲਾਂ ਤਾਂ ਬਹੁਤ ਸਾਰੀਆਂ ਕਹੀਆਂ ਹਨ ਪਰ ਜ਼ਿਆਦਾ ਗੱਲਾਂ ਦੁਹਰਾਈਆਂ ਹੀ ਗਈਆਂ ਹਨ ਉਨ੍ਹਾਂ ਦੀ ਮੈਂ ਤਫਤੀਸ਼ ਵਿੱਚ ਨਹੀਂ ਜਾਵਾਂਗਾ। ਕੇਵਲ ਓਹੀ ਪੁਆਇੰਟ ਲਵਾਂਗਾ ਜਿਹੜੇ ਪਹਿਲਾਂ ਨਹੀਂ ਸਨ ਲਏ ਗਏ। ਕੈਂਥ ਸਾਹਿਬ ਨੇ ਆਪਣੀ ਸਪੀਚ ਵਿੱਚ ਸੋਸ਼ਲ ਵੈਲਫੇਅਰ ਬਾਰੇ ਕਿਹਾ ਸੀ, ਇਸ ਵਕਤ ਉਹ ਸਦਨ ਵਿਚ ਬੈਠੇ ਨਹੀਂ ਹੋਏ। (ਇਕ ਅਵਾਜ਼: ਉਨ੍ਹਾਂ ਦੇ ਸਾਥੀ ਤਾਂ ਬੈਠੇ ਹਨ) ਸਾਡੇ ਮੁੱਖ ਮੰਤਰੀ ਜੀ ਨੇ ਬਜਟ ਦੀ ਮੰਗ ਦੀ ਡਿਸਕਸ਼ਨ ਦੇ ਦੌਰਾਨ ਸੋਸ਼ਲ ਵੈਲਫੇਅਰ ਬਾਰੇ ਪੂਰੀ ਤਰ੍ਹਾਂ ਜਵਾਬ ਦਿੱਤਾ ਹੈ ਅਤੇ ਇਹ ਵਿਸ਼ਵਾਸ ਦਿਲਾਇਆ ਹੈ ਕਿ ਜਿਹੜਾ ਸ਼ਡਿਊਲਡ ਕਾਸਟ ਭਰਾਵਾਂ ਦਾ ਸਰਵਿਸਿਜ਼ ਵਿੱਚ ਬੈਕਲਾਗ ਪਿਆ ਹੈ, ਉਹ ਪੂਰਾ ਕੀਤਾ ਜਾਵੇਗਾ ਜਿਸ ਦੀ ਕਿ ਉਹ ਖੁਦ ਨਿਗਰਾਨੀ ਕਰ ਰਹੇ ਹਨ ਅਤੇ ਕਮੇਟੀ ਦੇ ਉਹ ਖੁਦ ਚੇਅਰਮੈਨ ਹਨ। ਦੂਸਰਾ ਉਨ੍ਹਾਂ ਨੇ ਇਹ ਵੀ ਵਿਸ਼ਵਾਸ ਦਿਲਾਇਆ ਹੈ ਕਿ ਅਸੀਂ ਰਿਜ਼ਰਵੇਸ਼ਨ ਐਕਟ ਲਿਆਵਾਂਗੇ ਤਾਂ ਜੋ ਸਾਡੇ ਕਿਸੇ ਵੀ ਅਨੁਸੂਚਿਤ ਜਾਤੀ ਦੇ ਭਰਾ ਦਾ ਹੱਕ ਨਾ ਮਾਰਿਆ ਜਾਵੇ। ਇਹ ਐਕਟ ਸਾਲ 1993-94 ਵਿਚ ਬਣ ਜਾਵੇਗਾ। ਸ਼ਾਇਦ ਕੁਝ ਮੈਂਬਰ ਸਾਹਿਬਾਨ ਆਸ ਕਰਦੇ ਹਨ ਕਿ ਇਸੇ ਸੈਸ਼ਨ ਵਿੱਚ 6 ਅਪਰੈਲ 1993 ਨੂੰ ਐਕਟ ਲਿਆਵਾਂਗੇ ਸ਼ਾਇਦ ਇੰਨੀ ਜਲਦੀ ਤਾਂ ਨਾ ਹੋ ਸਕੇ ਲੇਕਿਨ ਅਗਲੇ ਸਾਲ ਵਿੱਚ ਇਸ ਤਰ੍ਹਾਂ ਦਾ ਐਕਟ ਜ਼ਰੂਰ ਬਣ ਜਾਵੇਗਾ।

ਸਪੀਕਰ ਸਾਹਿਬ, ਜਿਹੜੀ ਬਾਰ ਬਾਰ ਰੈਪੀਟੀਸ਼ਨ ਹੋਈ ਹੈ ਕਿ ਪੰਜ ਹਜ਼ਾਰ ਰੁਪਏ ਦੇ ਕਰਜ਼ੇ ਮੁਆਫ ਨਹੀਂ ਹੋਏ। ਮੈਂ ਬਜਟ ਸਪੀਚ ਵਿਚ ਵੀ ਇਸ ਗੱਲ ਦਾ ਜ਼ਿਕਰ ਕੀਤਾ ਸੀ। ਸਪੀਕਰ ਸਾਹਿਬ, ਤਿੰਨ ਕਰੋੜ ਪਚਾਸੀ ਲੱਖ ਰੁਪਏ ਮਿਲ ਚੁੱਕੇ ਹਨ ਅਤੇ ਜਿਸ ਦੇ ਨਾਲ 12,000 ਅਨੁਸੂਚਿਤ ਜਾਤੀਆਂ ਦੇ ਭਰਾਵਾਂ ਦੇ ਇਹ ਕਰਜ਼ੇ ਮੁਆਫ ਹੋ ਚੁੱਕੇ ਹਨ। ਦੂਸਰੀ ਗੱਲ ਇਹ ਕਹੀ ਸੀ ਕਿ ਕੋ-ਆਪਰੇਟਿਵ ਸੁਸਾਇਟੀਆਂ ਕੋਲ 60 ਕਰੋੜ ਰੁਪਿਆ ਡੇਢ ਲੱਖ ਲੋਕਾਂ ਨੂੰ ਮਿਲਿਆ ਹੋਇਆ ਹੈ। ਸੀ.ਐਮ. ਸ਼ਾਹਿਬ ਦੇ ਹੁਕਮਾਂ ਨਾਲ, ਗੋਰਮਿੰਟ ਦੇ ਹੁਕਮਾਂ ਨਾਲ ਉਸ ਰੁਪਏ ਦੀ ਰੀਕਵਰੀ ਸਟੇਅ ਹੋ ਗਈ ਹੈ। ਸਾਡੇ ਵੱਲੋਂ ਇਹ ਕੇਸ ਰਿਜ਼ਰਵ ਬੈਂਕ ਆਫ ਇੰਡੀਆ ਨੂੰ ਮਨਜ਼ੂਰੀ ਵਾਸਤੇ ਭੇਜਿਆ ਹੋਇਆ ਹੈ। ਜਿਸ ਵੇਲੇ ਉਹ ਮਨਜ਼ੂਰੀ ਮਿਲ ਗਈ ਤਾਂ ਹਰ ਕੀਮਤ ਤੇ ਅਤੇ ਹਰ ਹਾਲਾਤ ਵਿੱਚ ਉਹ ਕਰਜ਼ੇ ਵੀ ਮੁਆਫ ਕਰ ਦਿਤੇ ਜਾਣਗੇ ਤਾਂ ਜੋ ਸਾਡੇ ਅਨੁਸੂਚਿਤ ਜਾਤੀਆਂ ਦੇ ਭਰਾਵਾਂ ਨੂੰ ਤਕਲੀਫ ਨਾ ਹੋਵੇ। ਸਾਡੀ ਤਾਂ ਕੋਸ਼ਿਸ਼ ਇਹ ਵੀ ਹੈ ਕਿ ਕਾਮਰਸ਼ੀਅਲ ਬੈਂਕਾਂ ਵਾਸਤੇ ਜਿਹੜੀ ਰਿਜ਼ਰਵ ਬੈਂਕ ਵੱਲੋਂ ਨਾਂਹ

Original with;
Punjab Vidhan Sabha
Digitized by;
Panjab Digital Library

ਕੀਤੀ ਹੋਈ ਹੈ ਉਹ ਵੀ ਹਾਂ ਵਿੱਚ ਬਦਲ ਜਾਵੇ ਤਾਂ ਜੋ ਸਾਡੇ ਦੂਜੇ ਹੋਰ ਭਰਾ ਵੀ ਫਾਇਦਾ ਉਠਾ ਸਕਣ। ਮਿੱਤਲ ਸਾਹਿਬ ਨੇ ਹਿਮਾਚਲ ਸਰਕਾਰ ਦੀ ਪਾਲਿਸੀ ਦੀ ਗੱਲ ਕੀਤੀ ਹੈ ਕਿ ਸ਼ੁਕਰਵਾਰ ਨੂੰ ਸਾਰੇ ਸਰਕਾਰੀ ਵਹੀਕਲ ਖੜੇ ਕਰ ਦਿੱਤੇ ਜਾਇਆ ਕਰਨ ਤਾਂ ਜੋ ਸ਼ਨਿਚਰਵਾਰ ਅਤੇ ਐਤਵਾਰ ਨੂੰ ਗੱਡੀਆਂ ਦੀ ਦੁਰਵਰਤੋਂ ਨਾ ਹੋਵੇ। ਸੋਚ ਆਪਣੀ ਆਪਣੀ ਹੈ। ਮਨਿਸਟਰ ਸਾਹਿਬਾਨ ਨੂੰ ਤਾਂ ਟਾਇਮ ਹੀ ਸ਼ਨਿਚਰਵਾਰ ਅਤੇ ਐਤਵਾਰ ਨੂੰ ਮਿਲਦਾ ਹੈ। ਜੇਕਰ ਸਾਡੇ ਅਫਸਰ ਸਾਹਿਬਾਨ ਨੇ ਗੱਡੀਆਂ ਸ਼ੁਕਰਵਾਰ ਨੂੰ ਗੈਰਾਜ ਵਿਚ ਹੀ ਖੜੀਆਂ ਕਰਨੀਆਂ ਹਨ ਤਾਂ ਫਿਰ ਮੰਤਰੀ ਸਾਹਿਬਾਨ ਨਾਲ ਨਹੀਂ ਜਾ ਸਕਣਗੇ। ਡੀ.ਸੀ ਸਾਹਿਬ ਨਹੀਂ ਜਾ ਸਕਣਗੇ, ਐਸ.ਡੀ.ਐਮ. ਸਾਹਿਬ ਅਤੇ ਹੋਰ ਅਫਸਰ ਸਾਹਿਬਾਨ ਨਹੀਂ ਜਾ ਸਕਣਗੇ ਤਾਂ ਮੈਂ ਕਹਿੰਦਾ ਹਾਂ ਕਿ ਫਿਰ ਲੋਕਾਂ ਦਾ ਭਲਾ ਕਿਸ ਤਰ੍ਹਾਂ ਹੋਵੇਗਾ ਅਤੇ ਫਿਰ ਲੋਕਾਂ ਦੀ ਮਦਦ ਕਿਸ ਤਰ੍ਹਾਂ ਹੋਵੇਗੀ, ਡੀਵੈਲਪਮੈਂਟ ਦੇ ਕੰਮ ਕਿਸ ਤਰ੍ਹਾਂ ਹੋਣਗੇ? ਮੈਂ ਇਸ ਗੱਲ ਨੂੰ ਸਵੀਕਾਰ ਨਹੀਂ ਕਰਦਾ ਕਿ ਅਸੀਂ ਅੱਖਾਂ ਮੀਟ ਕੇ ਕਿਸੇ ਸਰਕਾਰ ਦੇ ਫੈਸਲੇ ਨੂੰ ਮੰਨ ਲਈਏ ਜੇ ਉਹ ਖੂਹ ਵਿੱਚ ਡਿੱਗਣ ਲੱਗੇ ਤਾਂ ਅਸੀਂ ਵੀ ਡਿੱਗ ਜਾਈਏ। ਸਾਡੀਆਂ ਅੱਖਾਂ ਖੁਲ੍ਹੀਆਂ ਹਨ ਅਤੇ ਅੱਖਾਂ ਖੋਲਕੇ ਚਲਾਂਗੇ। ਅਸੀਂ ਲੋਕਾਂ ਦੀ ਸੇਵਾ ਵਾਸਤੇ ਆਏ ਹਾਂ ਖਤਰਿਆਂ ਨੂੰ ਮੁੱਲ ਲੈ ਕੇ ਆਏ ਹਾਂ, ਲੋਕਾਂ ਨੇ ਵਿਸ਼ਵਾਸ ਕੀਤਾ ਹੈ, ਉਸਨੂੰ ਪੂਰਾ ਕਰਨ ਲਈ ਲੋਕਾਂ ਕੋਲ ਜਾਵਾਂਗੇ ਲੇਕਿਨ ਫਜ਼ੂਲ ਖਰਚੀ ਬੰਦ ਕਰਾਂਗੇ, ਵੇਸਟ-ਫੁੱਲ ਐਕਸਪੈਂਡੀਚਰ ਜੋ ਹਨ, ਟੈਲੀਫੂਨਾਂ ਦੇ ਹਨ, ਕਾਰਾਂ ਦੇ ਹਨ, ਤੇਲ ਦੇ ਹਨ, ਉਨ੍ਹਾਂ ਨੂੰ ਖਤਮ ਕਰਾਂਗੇ ਅਤੇ ਬੰਦ ਕਰਾਂਗੇ ਤੁਹਾਡੇ ਸਾਹਿਯੋਗ ਦੇ ਨਾਲ। ਲੋਕਾਂ ਕੋਲ ਜਾਣਾ ਅਸੀਂ ਬੰਦ ਨਹੀਂ ਕਰ ਸਕਦੇ, ਉਨ੍ਹਾਂ ਨੇ ਸਾਥ ਦਿੱਤਾ ਹੈ ਜੋ ਕੁਝ ਵੀ ਉਨ੍ਹਾਂ ਦਾ ਹੁਕਮ ਹੈ ਉਸ ਨੂੰ ਮੰਨਣਾ ਹੈ ਔਰ ਉਨ੍ਹਾਂ ਦੀ ਸੇਵਾ ਵੀ ਕਰਨੀ ਹੈ।

ਫਿਰ ਇੱਥੇ ਐਕਸਟੈਨਸ਼ਨ ਅਤੇ ਰੀਇਮਪਲਾਇਮੈਂਟ ਦੀ ਗੱਲ ਕੀਤੀ ਗਈ ਸੀ ਕਿ ਤੁਸੀਂ ਐਕਸ-ਟੈਨਸ਼ਨ ਦੇ ਦਿੰਦੇ ਹੋ। ਸਪੀਕਰ ਸਾਹਿਬ, ਸਾਢੇ ਤਿੰਨ ਲੱਖ ਇਮਪਲਾਈਜ਼ ਤਾਂ ਹਨ ਪੰਜਾਬ ਸਰਕਾਰ ਦੇ ਔਰ 90 ਹਜ਼ਾਰ ਅੰਡਰ-ਟੇਕਿੰਗਜ਼ ਦੇ ਹਨ। ਸਾਰੇ ਇਮਪਲਾਈਜ਼ ਨੂੰ ਐਕਸਟੈਨਸ਼ਨ ਮਿਲਦੀ ਹੈ, ਇਸ ਦੀ ਗੱਲ ਨਹੀਂ, ਲੇਕਿਨ ਐਕਸੈਪਸ਼ਨਲ ਖਾਸ ਕੇਸ ਹੁੰਦੇ ਹਨ ਜਿਸ ਦੇ ਵਿੱਚ ਕਿਸੇ ਦੀਆਂ ਸੇਵਾਵਾਂ ਨੂੰ ਸਾਲ ਛੇ ਮਹੀਨੇ ਲਈ ਵਧਾਇਆ ਜਾਂਦਾ ਹੈ। ਜਿਸ ਤਰ੍ਹਾਂ ਮਿੱਤਲ ਸਾਹਿਬ ਨੇ ਕਿਹਾ ਕਿ ਡੀ.ਜੀ.ਪੀ ਸਾਹਿਬ ਨੂੰ ਐਕਸਟੈਨਸ਼ਨ ਮਿਲੀ ਹੈ, ਅਸੀਂ ਸਵਾਗਤ ਕਰਦੇ ਹਾਂ, ਦੂਜਿਆਂ ਦਾ ਵੀ ਸਵਾਗਤ ਕਰੋ, ਅਸੀਂ ਕਿਸੇ ਦੀ ਪਰੋਮੋਸ਼ਨ ਦੇ ਰਸਤੇ ਬੰਦ ਨਹੀਂ ਕਰਦੇ ਲੇਕਿਨ ਜਿੱਥੇ ਜ਼ਰੂਰਤ ਹੈ ਉਥੇ ਰੀ-ਇਮਪਲਾਇਮੈਂਟ ਅਤੇ ਐਕਸਟੈਨਸ਼ਨ ਦੀ ਗੱਲ ਨੂੰ ਜ਼ਰੂਰ ਜਾਰੀ ਰੱਖਾਂਗੇ।

ਕੰਡੀ ਏਰੀਏ ਵਾਸਤੇ ਫੰਡਜ਼ ਚਾਹੀਦੇ ਹਨ, ਮਿੱਤਲ ਸਾਹਿਬ ਦਾ ਖਿਆਲ ਚੰਗਾ ਹੈ ਕਿਉਂਕਿ ਇਹ ਵੀ ਇਸ ਤਰ੍ਹਾਂ ਦੇ ਇਲਾਕੇ ਵਿੱਚ ਰਹਿੰਦੇ ਹਨ। ਮੈਂ ਇਨ੍ਹਾਂ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਜਦੋਂ ਦੀ ਸਰਿਸ਼ਟੀ ਬਣੀ ਹੈ ਔਰ ਹਿੰਦੁਸਤਾਨ ਆਜ਼ਾਦ ਹੋਣ ਤੋਂ ਵੀ ਅੱਗੇ ਕੰਡੀ ਏਰੀਏ ਔਰ ਸਬ-ਮਾਊਨਟੈਨਸ ਏਰੀਏ ਦੇ ਵਿਕਾਸ ਨੂੰ ਧਿਆਨ ਵਿੱਚ ਨਹੀਂ ਰੱਖਿਆ, ਤੁਹਾਡੀ ਗੌਰਮਿੰਟ ਨੇ ਵੀ ਨਹੀਂ ਰੱਖਿਆ ਜਦ ਕਿ ਬੀ.ਜੇ.ਪੀ. ਦੀ ਗੌਰਮਿੰਟ ਸੀ ਅਤੇ ਮਿੱਤਲ ਸਾਹਿਬ ਦੇ ਸਥੀ ਮੰਤਰੀ ਬਣੇ ਬੈਠੇ ਸਨ, ਉਨ੍ਹਾਂ ਨੇ ਵੀ ਇਸ ਦਾ ਧਿਆਨ ਨਹੀਂ ਰੱਖਿਆ, ਇਸ ਦਾ ਖਿਆਲ ਉਸ ਵੇਲੇ ਰੱਖਿਆ ਗਿਆ ਜਦੋਂ ਕਾਂਗਰਸ ਦੀਆਂ ਗੌਰਮਿੰਟਾਂ ਬਣੀਆਂ। ਇਹ ਫੈਸਲਾ ਹੈ ਕਿ ਕੰਡੀ ਵਾਸਤੇ ਕੰਡੀ ਕੈਨਾਲ ਬਣਾਈਏ ਜਿਹੜੀ ਹੁਸ਼ਿਆਰਪੁਰ ਤਕ ਇਸ ਸਾਲ ਵਿੱਚ ਪਹੁੰਚੇਗੀ ਅਤੇ ਆਉਣ ਵਾਲੇ ਤਿੰਨ-ਚਾਰ ਸਾਲਾਂ ਵਿੱਚ ਬਲਾਚੌਰ ਤੱਕ ਲੈ ਜਾਵਾਂਗੇ ਅਤੇ ਉਹ ਜ਼ਮੀਨ ਜਿਸ ਨੂੰ ਕਦੇ ਪਾਣੀ ਨਹੀਂ ਸੀ ਮਿਲਿਆ, ਜੇ ਪਾਣੀ ਦਾ ਪ੍ਰਬੰਧ ਕੀਤਾ ਤਾਂ ਇਸ ਗੌਰਮਿੰਟ ਨੇ ਕੀਤਾ ਹੋਰ ਕਿਸੇ ਨੇ ਨਹੀਂ ਕੀਤਾ। ਇਹ ਨਹੀਂ ਕਿ ਤੁਹਾਡੀ ਸਰਕਾਰ ਨੂੰ ਸੈਂਟਰ ਤੋਂ ਮਦਦ ਮਿਲੀ,

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

44 ਕਰੋੜ ਰੁਪਏ ਖਰਚ ਲਓ, 25 ਕਰੋੜ ਰੁਪਏ ਖਰਚ ਲਓ ਇਹ ਨਹੀਂ ਪਰ ਸਾਡੇ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਨੇ ਇਹ ਸੋਚਿਆ ਹੈ ਕਿ ਜਿਹੜਾ ਕੰਡੀ ਦਾ ਇਲਾਕਾ ਹੈ, ਜਿਹੜਾ ਧਾਰ ਤੋ ਰੋਪੜ ਦਾ ਇਲਾਕਾ ਹੈ ਉਸ ਇਲਾਕੇ ਵਿੱਚ ਟਰੈਕਟਰ ਖਰੀਦਣ ਲਈ 30 ਹਜ਼ਾਰ ਰੁਪਏ ਸਬਸਿਡੀ ਦਿੱਤੀ ਜਾਵੇ ਅਤੇ ਜਗ੍ਹਾ ਜਗ੍ਹਾ ਟਿਊਬਵੈੱਲ ਲਗਣ, ਇਹ ਸੋਚ ਕੇ ਕਿ ਉਹ ਸਾਰੇ ਦਾ ਸਾਰਾ ਪੈਸਾ ਛੋਟੇ ਕਿਸਾਨਾਂ ਅਤੇ ਗਰੀਬ ਜ਼ਿਮੀਦਾਰਾਂ ਦੀ ਬਿਹਤਰੀ ਲਈ ਖਰਚ ਹੋਵੇ। ਇਹ ਹੀ ਨਹੀਂ ਵਰਲਡ ਬੈਂਕ ਦੀ ਸਹਾਇਤਾ ਨਾਲ ਵਾਟਰ ਸ਼ੈੱਡ ਪਰੋਗਰਾਮ ਅਧੀਨ ਇਹ ਢੋਲਬਾਹਾ ਡੈਮ, ਮੈਲੀਡੈਮ ਬਣ ਰਹੇ ਹਨ ਔਰ ਕਰੋੜਾਂ ਰੁਪਏ ਹੁਣ ਤੱਕ ,ਸਪੀਕਰ ਸਾਹਿਬ, ਡੇਢ ਸੌ ਕਰੋੜ ਰੁਪਏ ਪਹਿਲਾਂ ਕੰਡੀ ਏਰੀਏ ਵਿੱਚ ਵਾਟਰ ਸ਼ੈਡ ਦੇ ਪਰੋਗਰਾਮ ਅਧੀਨ ਖਰਚ ਹੋ ਚੁੱਕੇ ਹਨ, ਲਗਾਤਾਰ ਇਹ ਖਰਚਾ ਜਾਰੀ ਰਖਣਾ ਹੈ ਤਾਂ ਕਿ ਸਾਰੇ ਇਲਾਕੇ ਵਿੱਚ ਟਿਊਬਵੈਲ ਵੀ ਲਗਣ, ਪੀਣ ਦਾ ਪਾਣੀ ਵੀ ਮਿਲੇ ਔਰ ਖੇਤਾਂ ਨੂੰ ਵੀ ਪਾਣੀ ਮਿਲੇ ਜਿਹੜੇ ਇਲਾਕੇ ਪਿਆਸੇ ਹਨ ਕਿਉਂਕਿ 93 ਪ੍ਰਤੀਸ਼ਤ ਇੱਥੇ ਇਰੀਗੇਸ਼ਨ ਹੈ ਪੰਜਾਬ ਦੇ ਵਿੱਚ,60 ਪ੍ਰਤੀਸ਼ਤ ਦਾ ਇਹ ਇਲਾਕਾ ਹੈ ਜਿੱਥੇ ਇਰੀਗੇਸ਼ਨ ਨਹੀਂ 63 ਪ੍ਰਤੀਸ਼ਤ ਔਰ 60 ਪ੍ਰਤੀਸ਼ਤ ਅਜੇ ਤੱਕ ਦੋਹਾਂ ਜ਼ਿਲ੍ਹਿਆਂ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵਿੱਚ ਇਰੀਗੇਸ਼ਨ ਰਹਿੰਦੀ ਹੈ ਅਤੇ ਇਸ ਨੂੰ ਪੂਰਾ ਕਰਨ ਲਈ ਉਪਰਾਲੇ ਕਰ ਰਹੇ ਹਾਂ।

ਸਪੀਕਰ ਸਾਹਿਬ, ਕਦੇ ਕਦੇ ਕਿਹਾ ਗਿਆ ਕਿ ਟੈਰੋਰਿਸਟਾਂ ਦੀ ਰਿੱਟ ਚਲਦੀ ਹੈ. ਜੇ ਕਿਸੇ ਨੇ ਕਿਹਾ ਇਸ ਤਰ੍ਹਾਂ ਉਸ ਨੂੰ ਆਪਣਾ ਖਤਰਾ ਦਿਸਦਾ ਹੋਵੇਗਾ, ਮੈਂ ਕਹਿੰਦਾ ਹਾਂ ਕਿ ਇੱਥੇ ਟੈਰੋਰਿਸਟਾਂ ਦੀ ਰਿੱਟ ਨਹੀਂ ਚਲਦੀ, ਪੰਜਾਬ ਗੌਰਮਿੰਟ ਦੀ ਚਲਦੀ ਹੈ, ਸਰਦਾਰ ਬੇਅੰਤ ਸਿੰਘ ਦੀ ਚਲਦੀ ਹੈ ਅੱਜ ਵੀ ਜੇ ਕਿਹਾ ਜਾਵੇ ਕਿ ਅੱਤਵਾਦੀਆਂ ਦੀ ਰਿੱਟ ਚਲਦੀ ਹੈ, ਜੇ ਕੋਈ ਥੋੜ੍ਹਾ ਬਹੁਤ ਸਿਰ ਉਠਾਉਂਦਾ ਹੈ ..(ਵਿਘਨ)

**ਸ਼੍ਰੀ ਮਦਨ ਮੋਹਨ ਮਿੱਤਲ :** ** ** **

**Mr. Speaker** : This is no point of order. Don't interrupt.

**ਵਿੱਤ ਮੰਤਰੀ:** ਅਸੀਂ ਪੰਜਾਬ ਵਿਚ ਅਮਨ ਲਿਆਂਦਾ ਹੈ। ਅੱਤਵਾਦ, ਵੱਖਵਾਦ ਦਾ ਮੁਕਾਬਲਾ ਅਸੀਂ ਆਪਣੀ ਜਾਨ ਹਥੇਲੀ ਤੇ ਰੱਖ ਕੇ ਕੀਤਾ ਹੈ। ਆਉਣ ਵਾਲੇ ਸਮੇਂ ਵਿਚ ਇਸ ਪੰਜਾਬ ਵਿੱਚ ਕਾਂਗਰਸ ਸਰਕਾਰ ਦੀ, ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਜੀ ਦੀ ਰਿਟ ਹੋਵੇਗੀ ਔਰ ਹੋਰ ਕਿਸੇ ਦੀ ਨਹੀਂ ਹੋਵੇਗੀ। ਅੱਤਵਾਦ ਨੂੰ ਦਬਾਇਆ ਹੈ ਅਤੇ ਤੁਹਾਡੇ ਸਹਿਯੋਗ ਨਾਲ ਅਸੀਂ ਹੋਰ ਦਬਾਉਣਾ ਚਾਹੁੰਦੇ ਹਾਂ।

ਸਪੀਕਰ ਸਾਹਿਬ, ਬੈਕਵਰਡ ਕਲਾਸਿਜ਼ ਦੀ ਰਿਜ਼ਰਵੇਸ਼ਨ ਦੀ ਗੱਲ ਹੋਈ ਹੈ। ਮੁਲਤਾਨੀ ਜੀ ਨੇ ਖਾਸ ਕਰਕੇ ਜ਼ਿਕਰ ਕੀਤਾ ਹੈ। ਕਮਿਸ਼ਨ ਬਾਰੇ ਸੈਂਟਰਲ ਗੌਰਮਿੰਟ ਨੇ ਜੋ ਫੈਸਲਾ ਕੀਤਾ ਸੀ, ਉਸ ਬਾਰੇ ਸਾਡੇ ਮੁੱਖ ਮੰਤਰੀ ਜੀ ਨੇ ਇਸੀ ਹਾਊਸ ਵਿਚ ਐਲਾਨ ਕੀਤਾ ਸੀ ਕਿ ਬੈਕਵਰਡ ਕਲਾਸਿਜ਼ ਲਈ ਕਮਿਸ਼ਨ ਬਣਾਵਾਂਗੇ ਔਰ ਉਨ੍ਹਾਂ ਜਾਤੀਆਂ ਨੂੰ ਆਈਡੈਂਟੀਫਾਈ ਕਰਾਂਗੇ ਅਤੇ ਸੈਂਟਰ ਦੀ ਪਾਲਿਸੀ ਪੰਜਾਬ ਵਿਚ ਹੂ-ਬ-ਹੂ ਲਾਗੂ ਕਰਾਂਗੇ ਤਾਂ ਕਿ ਪਛੜੀਆਂ ਸ਼੍ਰੇਣੀਆਂ ਦੇ ਲੋਕ ਪਿੱਛੇ ਨਾ ਰਹਿਣ ਅਤੇ ਬਰਾਬਰ ਦਾ ਉਨ੍ਹਾਂ ਨੂੰ ਸਥਾਨ ਮਿਲੇ। ਮੈਂ ਮਾਨਯੋਗ ਮੈਂਬਰਾਂ ਦਾ ਤੌਖਲਾ ਦੂਰ ਕਰਦਾ ਹਾਂ ਕਿ ਕੋਈ ਐਸੀ ਗੱਲ ਨਹੀਂ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕੋਆਪਰੇਟਿਵ ਸੁਸਾਇਟੀਆਂ ਦੇ ਕਰੈਡਿਟ ਦੀ ਗੱਲ ਆਈ ਹੈ ਕਿ 20,000 ਤੋਂ 50,000 ਕਰ ਦਿੱਤੇ ਜਾਣ। ਠੀਕ ਹੈ ਕਿ 20,000 ਰੁ. ਦੀ ਗਲ ਪੁਰਾਣੀ ਹੋ ਗਈ ਹੈ। ਇਸ ਵਿਚ ਬਕਾਇਦਾ ਵਿਚਾਰ ਕਰਕੇ ਸੋਧ ਕਰ ਦਿਆਂਗੇ ਤਾਂ ਕਿ ਜੋ 20,000 ਤੋਂ 50,000 ਦੀ ਅਮਾਊਂਟ ਲੈਂਦੇ ਹਨ, ਉਹ ਉਨ੍ਹਾਂ ਨੂੰ ਮਿਲ ਜਾਵੇ। ਬੜੀ ਵਾਰ ਮੈਂਬਰ ਸਾਹਿਬਾਨ ਕਹਿੰਦੇ ਹਨ ਕਿ ਮਨਿਸਟਰ ਸਾਹਿਬਾਨ ਦੀ ਤਾਦਾਦ ਘਟਾ ਦਿਓ। ਫਲਾਣੀ ਰਿਪੋਰਟ ਲਾਗੂ ਕਰੋ। ਸਪੀਕਰ ਸਾਹਿਬ, ਹਰਿਆਣੇ ਵਿਚ ਦੇਖੋ ਕਿ ਉਥੇ ਕਿੰਨੇ ਵਜ਼ੀਰ ਹਨ। ਸਰਦਾਰ ਬੇਅੰਤ ਸਿੰਘ ਜੀ ਨੇ ਆਪਣੇ ਵਜ਼ੀਰਾਂ ਦੀ ਟੀਮ ਨਾਲ ਜੋ ਇਕ ਸਾਲ ਵਿਚ ਕਰਕੇ ਦਿਖਾਇਆ ਹੈ, ਸਪੀਕਰ ਸਾਹਿਬ, ਉਹ ਸ਼ਾਇਦ ਇਨ੍ਹਾਂ ਨੂੰ ਪਸੰਦ ਨਹੀਂ ਕਿਉਂਕਿ ਇਹ ਦਿਲੋਂ ਚਾਹੁੰਦੇ ਨਹੀਂ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਕਾਮਯਾਬੀ ਹੋਵੇ, ਪਾਰਟੀ ਵੱਜੋਂ ਉਨ੍ਹਾਂ ਨੂੰ ਤਕਲੀਫ ਹੈ, ਜਲਨ ਹੈ ਕਿ ਕਾਂਗਰਸ ਉਹ ਕੁਝ ਕਰ ਗਈ ਜਿਸ ਦੀ ਉਮੀਦ ਨਹੀਂ ਸੀ (ਥੰਪਿੰਗ) ਔਰ ਆਉਣ ਵਾਲੀਆਂ ਇਲੈਕਸ਼ਨਾਂ ਵਿਚ ਉਹ ਕੀ ਕਰਨਗੇ। ਇਸ ਦਾ ਨਤੀਜਾ ਪੰਜਾਬ ਦੇ ਲੋਕਾਂ ਨੇ ਦੱਸ ਦਿੱਤਾ। ਮਿਉਂਸਪਲ ਇਲੈਕਸ਼ਨਾਂ ਵਿਚ, ਪੰਚਾਇਤ ਇਲੈਕਸ਼ਨਾਂ ਵਿਚ ਸਾਰੀਆਂ ਪਾਰਟੀਆਂ ਨੇ ਜ਼ੋਰ ਲਾ ਕੇ ਦੇਖ ਲਿਆ। ਪਰ ਕਾਂਗਰਸ ਸਰਕਾਰ ਦੀ ਹੀ ਜਿੱਤ ਹੋਈ, ਕਾਮਯਾਬੀ ਕਾਂਗਰਸ ਨੂੰ ਹੀ ਮਿਲੀ ਅਤੇ ਜੋ ਇਕ ਸਾਲ ਵਿਚ ਵਜ਼ੀਰਾਂ ਦੀ ਟੀਮ ਨੇ ਸੇਵਾ ਕੀਤੀ ਉਹ ਸੱਭ ਦੇ ਸਾਹਮਣੇ ਹੈ।

ਸਪੀਕਰ ਸਾਹਿਬ, ਸੈਣੀ ਸਾਹਿਬ ਨੇ ਜ਼ਿਕਰ ਕੀਤਾ ਕਿ ਦਮੋਰੀਆ ਪੁੱਲ ਵਾਸਤੇ ਪੈਸਾ ਨਹੀਂ ਰੱਖਿਆ। ਜਲੰਧਰ ਵਿਚ ਮੈਡੀਕਲ ਕਾਲਜ ਬਣਾਉਣਾ ਹੈ, ਦਮੋਰੀਆ ਪੁਲ, ਕੁਰਾਲੀ ਕੋਲ ਜਿਹੜਾ ਓਵਰ ਬਰਿਜ ਬਣਨਾ ਹੈ, ਇਸ ਬਾਰੇ ਜੋ ਅਨਾਊਂਸਮੇਂਟ ਕੀਤੀ ਹੈ, ਉਹ ਪੂਰੀ ਹੋਵੇਗੀ। ਜਿਸ ਤਰ੍ਹਾਂ ਪਹਿਲੇ ਸਾਰੇ ਵਾਇਦੇ ਪੂਰੇ ਕੀਤੇ, ਉਸੇ ਤਰ੍ਹਾਂ ਹੁਣ ਵੀ ਕਰਾਂਗੇ। ਸਰਕਾਰ ਗੱਲਾਂ ਬਾਤਾਂ ਨਾਲ ਹੀ ਨਹੀਂ ਬਲਕਿ ਕੁੱਝ ਕਰਕੇ ਪੰਜਾਬ ਦੇ ਸਾਹਮਣੇ ਰੱਖਣਾ ਚਾਹੁੰਦੀ ਹੈ। (ਥੰਪਿੰਗ)। ਐਸ.ਵਾਈ.ਐਲ. ਨਹਿਰ ਦਾ ਜ਼ਿਕਰ ਆਇਆ। ਉਥੇ ਪਾਵਰ ਹਾਊਸ ਬਣਾਉਣ ਦਾ ਜੋ ਵਿਚਾਰ ਹੈ, ਉਸ ਨੂੰ ਐਗਜ਼ਾਮਿਨ ਕਰਕੇ ਬਣਾਵਾਂਗੇ। ਇਹ ਚੰਗਾ ਸੁਝਾਓ ਹੈ। ਇਸ ਦਾ ਅਸੀਂ ਸਵਾਗਤ ਕਰਦੇ ਹਾਂ ਅਤੇ ਵਿਚਾਰ ਕਰਾਂਗੇ।

ਸਾਥੀ ਸਾਹਿਬ ਕਹਿੰਦੇ ਹਨ ਕਿ ਕਰੰਟ ਹੈ ਨਹੀਂ। ਸਾਥੀ ਸਾਹਿਬ ਤੁਸੀਂ ਇੱਥੇ ਬੈਠੇ ਹੋ ਇਸ ਅਸੈਂਬਲੀ ਵਿਚ ਔਰ ਇਕ ਸਾਲ ਤੋਂ ਅਸੈਂਬਲੀ ਦੇ ਮੈਂਬਰਾਂ ਲਈ ਜੋ ਭੱਤੇ ਸਨ, ਸਹੂਲਤਾਂ ਸਨ, ਉਹ ਦਿੱਤੀਆਂ ਹਨ। ਕੀ ਇਨ੍ਹਾਂ ਨਾਲ ਕਰੰਟ ਮਹਿਸੂਸ ਨਹੀਂ ਹੁੰਦਾ। ਜਦੋਂ ਇਹ ਸਾਨੂੰ ਮਿਲਦੇ ਹਨ ਤਾਂ ਕਹਿੰਦੇ ਹਨ ਕਿ ਕਰੰਟ ਹੈ ਪਰ ਇਥੇ ਆ ਕੇ ਬਦਲ ਜਾਂਦੇ ਹਨ, ਇਨ੍ਹਾਂ ਦਾ ਖਿਆਲ ਬਦਲ ਜਾਂਦਾ ਹੈ। ਇਹ ਗੱਲ ਇਨ੍ਹਾਂ ਨੂੰ ਮੁਬਾਰਕ ਹੋਵੇ।

ਸਪੀਕਰ ਸਾਹਿਬ, ਪਿੰਡਾਂ ਦੇ ਵਿੱਚ ਸੀਵਰੇਜ ਹੋਵੇ, ਇਧਰੋਂ ਵੀ ਆਵਾਜ਼ ਆਈ ਹੈ, ਸਾਫ ਸੁਥਰੀਆਂ ਲੈਟਰੀਨਜ਼ ਹੋਣ ਉਸ ਦੇ ਲਈ ਇਕ ਉਨ੍ਹਤ ਗਰਾਮ ਸਕੀਮ ਦਾ ਪਾਰਟ ਰੱਖਿਆ ਹੈ ਅਰ ਉਸ ਪਾਰਟ ਦੇ ਨਾਲ, ਕਿਉਂਕਿ ਆਬਾਦੀ ਵੱਧੀ ਹੈ ਔਰ ਆਬਾਦੀ ਵੱਧਣ ਦੇ ਨਾਲ, ਜਿਹੜੀਆਂ ਸਾਡੀਆਂ ਬੱਚੀਆਂ, ਭੈਣਾਂ ਹਨ ਉਨ੍ਹਾਂ ਨੂੰ ਜੋ ਤਕਲੀਫ ਹੁੰਦੀ ਹੈ ਉਹ ਦੂਰ ਹੋਵੇ।

ਇਕ, ਸਪੀਕਰ ਸਾਹਿਬ, ਮੈਂ ਇਸ ਗੱਲ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਥੇ ਇਸ ਗੱਲ ਦਾ ਬੜਾ ਤੌਖਲਾ ਪ੍ਰਗਟ ਕੀਤਾ ਗਿਆ ਹੈ ਕਿ ਜ਼ੋਨ ਬਲਾਕਾਂ ਵਿਚ ਕਿਉਂ ਬਣਾਏ ਜਾ ਰਹੇ ਹਨ, ਇਸ ਤੇ ਸੋਚਿਆ ਕਿਉਂ ਜਾ ਰਿਹਾ ਹੈ? ਪਾਰਟੀ ਨੂੰ ਸਾਹਮਣੇ ਰਖਿਆ ਜਾ ਰਿਹਾ ਹੈ। ਸਾਡੀ ਪਾਰਟੀ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਨੂੰ ਜ਼ੋਨਾਂ ਤਕ ਜਾਣ ਦੀ ਲੜ ਕੀ ਹੈ। ਲੋਕਾਂ ਨੇ ਪੰਚਾਇਤ ਇਲੈਕਸ਼ਨਜ਼ ਵਿਚ ਹੀ ਦੱਸ ਦਿੱਤਾ ਕਿ ਅਸੀਂ ਕਿਧਰ ਹਾਂ, ਅਸੀਂ ਕਿਸ ਪਾਰਟੀ ਦੇ ਨਾਲ ਹਾਂ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸੇ ਹਾਊਸ ਵਿਚ ਇਕ ਰੈਟੀਫੀਕੇਸ਼ਨ ਹੋਈ ਸੀ । ਤੁਹਾਨੂੰ ਯਾਦ ਹੋਵੇਗਾ ਕਿ ਸੈਂਟਰਲ ਗੌਰਮਿੰਟ ਨੇ ਪੰਚਾਇਤਾਂ ਔਰ ਮਿਊਂਸਪੈਲਟੀਆਂ ਦੇ ਲਈ ਇਕ ਐਕਟ ਬਣਾਇਆ ਸੀ ਤਾਂ ਇਸੇ ਹਾਊਸ ਵਿਚ ਉਸ ਦੇ ਲਈ ਰੈਟੀਫੀਕੇਸ਼ਨ ਹੋਈ ਸੀ। ਜਾਂ ਤਾਂ ਇਹ ਉਸ ਵੇਲੇ ਰੈਟੀਫੀਕੇਸ਼ਨ ਕਰਨ ਵੇਲੇ ਇਸ ਗੱਲ ਨੂੰ ਸੋਚ ਲੈਂਦੇ ਕਿ ਅਸੀਂ ਜ਼ੋਨ ਦੇ ਖਿਲਾਫ ਹਾਂ। ਹੁਣ ਜਦ ਹਿੰਦੁਸਤਾਨ ਦੀ ਸਰਕਾਰ ਨੇ ਪੰਚਾਇਤਾਂ ਔਰ ਮਿਊਂਸਪੈਲਟੀਆਂ ਦੇ ਬਾਰੇ ਫੈਸਲਾ ਕੀਤਾ ਹੈ ਤਾਂ ਹਿੰਦੁਸਤਾਨ ਦੀ ਸਰਕਾਰ ਦੇ ਫੈਸਲੇ ਦੇ ਖਿਲਾਫ ਇਹ ਪੰਜਾਬ ਦੀ ਸਰਕਾਰ ਨਹੀਂ ਜਾ ਸਕਦੀ। (ਵਿਘਨ) (ਆਰਡਰ, ਆਰਡਰ) ਸਪੀਕਰ ਸਾਹਿਬ, ਕਾਰਪੋਰੇਸ਼ਨ ਵਿੱਚ, ਮਿਊਂਸਪੈਲਟੀਆਂ ਦੇ ਵਿੱਚ ਬਣਾਇਦਾ ਵਾਰਡ ਹਨ। ਜੇ ਲੁਧਿਆਣਾ ਦੀ ਆਬਾਦੀ 12 ਲੱਖ ਦੇ ਕਰੀਬ ਹੈ ਔਰ ਉਸ 12 ਲੱਖ ਦੀ ਆਬਾਦੀ ਵਾਸਤੇ ਇਕ ਕੌਂਸਲਰ ਖੜ੍ਹਾ ਹੋ ਜਾਵੇ ਤਾਂ ਫਿਰ ਇਹ ਸ਼ਹਿਰ ਤਰੱਕੀ ਨਹੀਂ ਕਰ ਸਕਦਾ, ਇਸ ਦਾ ਵਿਕਾਸ ਨਹੀਂ ਹੋ ਸਕਦਾ। ਇਸੇ ਤਰ੍ਹਾਂ ਮਿਊਂਸਪੈਲਟੀਆਂ ਜੋ ਹਨ ਭਾਵੇਂ ਉਹ ਛੋਟੀਆਂ ਵੱਡੀਆਂ ਹਨ ਪਰ ਹਰ ਮਿਊਂਸਪੈਲਟੀ ਵਿਚ ਵਾਰਡ ਹਨ ਔਰ ਹਰ ਵਾਰਡ ਦਾ ਮੈਂਬਰ ਆਪਣੇ ਉਥੇ ਦੇ ਲੋਕਾਂ ਨਾਲ ਵਿਕਾਸ ਦੇ ਕੰਮਾਂ ਵਾਸਤੇ ਸੰਪਰਕ ਕਾਇਮ ਕਰਕੇ ਉਥੇ ਆਪਣੇ ਵਾਰਡ ਦੇ ਕੰਮ ਕਰਾਏ। ਫਿਰ, ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅਜੇ ਤਕ ਕੈਬਨਿਟ ਨੇ ਆਪਣੀ ਕੋਈ ਰਾਇ ਨਹੀਂ ਦਿੱਤੀ। ਸਾਡੇ ਮੁੱਖ ਮੰਤਰੀ ਸਾਹਿਬ ਲੋਕਾਂ ਵਾਸਤੇ ਚੰਗੀਆਂ ਗੱਲਾਂ ਕਰਨ ਵਾਸਤੇ ਰਖਦੇ ਹਨ, ਸਾਡੀ ਪਾਰਟੀ ਨੂੰ ਲੋਕਾਂ ਨੇ ਤਾਕਤ ਦਿੱਤੀ ਹੈ, ਸਾਡੇ ਤੇ ਵਿਸ਼ਵਾਸ ਕੀਤਾ ਹੈ ਤਾਂ ਇਸ ਪਾਸੇ ਵੀ ਪਾਰਟੀ ਦੇ ਤੌਰ ਤੇ ਸੋਚੀਏ ਜਿਸ ਤਰ੍ਹਾਂ ਪਾਰਟੀ ਦੇ ਤੌਰ ਤੇ ਮਿਊਂਸਪਲ ਇਲੈਕਸ਼ਨਜ਼ ਵਾਸਤੇ ਸੋਚਿਆ, ਪੰਚਾਇਤਾਂ ਦੀਆਂ ਇਲੈਕਸ਼ਨਾਂ ਵਾਸਤੇ ਸੋਚਿਆ, ਐਮ.ਐਲ.ਏ. ਸਾਹਿਬਾਨ ਨਾਲ ਬੈਠ ਕੇ ਮਨਿਸਟਰਾਂ ਨਾਲ ਬੈਠ ਕੇ ਫੈਸਲਾ ਕੀਤਾ। ਹੁਣ ਵੀ ਇਨ੍ਹਾਂ ਨੇ ਕਿਹਾ ਹੈ ਕਿ ਸਾਰੀਆਂ ਪਾਰਟੀਆਂ ਦੇ ਆਫਿਸ ਬੇਅਰਰਜ਼ ਦੀ ਪੂਰੀ ਰਾਇ ਲੈ ਕੇ ਫਿਰ ਫੈਸਲਾ ਕਰਾਂਗੇ । ਜੇ ਇਨ੍ਹਾਂ ਨੂੰ ਕਿਸੇ ਗੱਲ ਦੇ ਤੌਖਲੇ ਹਨ ਉਹ ਆਪਣੇ ਤੌਖਲੇ ਸਾਨੂੰ ਲਿਖ ਕੇ ਦੇ ਦੇਣ ਅਸੀਂ ਤੁਹਾਡੀ ਲਿਖੀ ਗੱਲ ਨੂੰ ਪੂਰੀ ਤਰ੍ਹਾਂ ਐਗਜ਼ਾਮਿਨ ਕਰਾਂਗੇ ਔਰ ਪੰਜਾਬ ਵਿਚ ਜੋ ਜ਼ੋਨ ਬਣਾਉਣੇ ਹਨ ਉਹ ਇਕ ਵਾਰੀ ਨਹੀਂ ਸੌ ਵਾਰੀ ਬਣਾਵਾਂਗੇ ਔਰ ਅਮੈਂਡਮੈਂਟ ਦੀ ਜ਼ਰੂਰਤ ਹੋਈ ਉਹ ਵੀ ਅਸੀਂ ਕਰਾਂਗੇ। ਇਨ੍ਹਾਂ ਲਫਜ਼ਾਂ ਨਾਲ, ਸਪੀਕਰ ਸਾਹਿਬ, ਮੈਂ ਤੁਹਾਡਾ ਆਭਾਰੀ ਹਾਂ। ਲੇਕਿਨ ਇਕ ਗੱਲ ਮੈਂ ਆਖਿਰ ਵਿੱਚ ਕਹਿਣੀ ਚਾਹੁੰਦਾ ਹਾਂ ਕਿ ਇਥੇ ਕਿਹਾ ਗਿਆ ਹੈ ਕਿ ਕੁਰੱਪਸ਼ਨ ਕੈਂਸਰ ਹੈ ।

**ਇਕ ਆਵਾਜ਼:** ਹੁਣ ਤਾਂ ਮਿਸ਼ਰੀ ਬਣ ਗਈ ਹੈ ਜੀ।

**ਵਿੱਤ ਮੰਤਰੀ:** ਮਿਸ਼ਰੀ ਤੁਹਾਡੇ ਮੂੰਹ ਵਿੱਚ ਪੈ ਗਈ ਹੈ ਤਾਂ ਠੀਕ ਹੈ ।

ਸਪੀਕਰ ਸਾਹਿਬ, ਜੇ ਕੁਰੱਪਸ਼ਨ ਕੈਂਸਰ ਹੈ ਤਾਂ ਨਾ-ਮੁਮਕਿਨ ਗੱਲਾਂ ਨੂੰ ਮੁਮਕਿਨ ਵਿਚ ਕਰਨ ਵਾਲੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਜਿਥੇ ਪੰਜਾਬ ਦੇ ਲਈ ਉਸ ਨੇ ਇਤਨਾ ਕੁਝ ਕੀਤਾ ਹੈ ਉਥੇ ਇਹ ਕੈਂਸਰ ਦਾ ਵੀ ਇਲਾਜ ਕਰੇਗੀ। ਇਨ੍ਹਾਂ ਸ਼ਬਦਾਂ ਨਾਲ, ਮੈਂ, ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ। ਆਉਣ ਵਾਲੇ ਸਮੇਂ ਵਿੱਚ ਅਸੀਂ 6 ਅਪਰੈਲ ਨੂੰ ਫਿਰ ਮਿਲਾਂਗੇ। ਕੁਝ ਸਾਥੀਆਂ ਨੇ ਜੋ ਸੁਜੈਸ਼ਨਜ਼ ਦਿੱਤੇ ਹਨ ਮੈਂ ਉਨ੍ਹਾਂ ਦਾ ਵੀ ਆਭਾਰੀ ਹਾਂ ਅਤੇ ਤੁਹਾਡਾ ਵੀ ਆਭਾਰੀ ਹਾਂ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੇਰੀ ਸਬਮਿਸ਼ਨ ਇਹ ਹੈ ਕਿ ਮੈਂ ਰਿੱਟ ਦੀ ਗੱਲ ਕਹੀ ਸੀ। ਦੂਸਰੇ, ਮੈਂ ਡਾਕਟਰ ਸਾਹਿਬ ਤੋਂ ਐਕਸਪਲਾਨੇਸ਼ਨ ਚਾਹੁੰਦਾ ਹਾਂ ਕਿ ਕੀ ਇਹ ਸੱਚ ਹੈ ਕਿ ਇਹ ਜਿਹੜਾ ਕੰਡੀ ਏਰੀਆ ਡਿਵੈਲਪਮੈਂਟ ਬੋਰਡ ਬਣਿਆ ਸੀ ਇਹ 1978 ਵਿਚ ਵਰਲਡ ਬੈਂਕ ਦੀ ਏਡਿਡ ਸਕੀਮ ਥੱਲੇ ਬਣਿਆ ਸੀ ?

**Mr. Speaker:** Question is—

That the Punjab Appropriation (No. 2) Bill be taken into consideration at once.

*The Motion was carried.*

**Mr. Speaker:** Now the House will proceed to consider the Bill clause-by-clause.

**Clause-2**

**Mr. Speaker :** Question is—

That Clause 2 stand part of the Bill.

*The Motion was carried.*

**Clause-3**

**Mr. Speaker:** Question is—

That Clause 3 stand part of the Bill.

*The Motion was carried.*

**The Schedule**

**Mr. Speaker:** Question is—

That the Schedule stand part of the Bill.

*The Motion was carried.*

**Clause-1**

**Mr. Speaker:** Question is—

That Clause I stand part of the Bill.

*The Motion was carried.*

**Title**

**Mr. Speaker : Question is**—

That Title be the Title of the Bill.

*The Motion was carried.*

Original with;
Punjab Vidhan Sabha
Digitized by;
Panjab Digital Library

**Finance Minister (Doctor Kewal Krishan):** Sir, I beg to move—

That the Punjab Appropriation (No. 2) Bill be passed.

**Mr. Speaker:** Motion moved—

That the Punjab Appropriation (No. 2) Bill be passed.

**Mr. Speaker** : Question is—

That the Punjab Appropriation (No. 2) Bill be passed.

*The Motion was carried.*

**Mr. Speaker:** The House stands adjourned till 2·00 P.M. on Tuesday, the 6th April, 1993.

*1·28 *P.M.*

(*The Sabha then adjourned* *till 2.00 *P.M. on Tuesday, the* 6*th April*, 1993).

Original with;
Punjab Vidhan Sabha
Digitized by;
Panjab Digital Library

# APPENDIX

## TO

## PUNJAB VIDHAN SABHA DEBATES

Dated 19th March, 1993

VOL. IV—NO. 18

## UNSTARRED QUESTIONS AND ANSWERS

### Vacant Posts of Teachers in The State Schools

128. **Comrade Gurnam Singh Dhirowal** : Will the Minister for Education be pleased to State :—

(a) the subject-wise and district-wise details of posts lying vacant in Govt. Senior Secondary Schools in the state as on 28th February, 1993 ;

(b) the district-wise details of Master cadre posts lying vacant as on 31st January, 1993 ;

(c) the district-wise details of posts of Classical and Vernacular cadre teachers, Vocational Masters, Vocational teachers and Primary teachers which were lying vacant as on 31st January, 1993 ;

(d) the steps being taken to fill up the vacant posts mentioned in part (a), (b) and (c) above ?

ਸਰਦਾਰ ਲਖਮੀਰ ਸਿੰਘ ਰੰਧਾਵਾ : (ੳ) ਮਿਤੀ 28 ਫਰਵਰੀ, 1993 ਤੱਕ ਦੀ ਖਾਲੀ ਅਸਾਮੀਆਂ ਦੀ ਵਿਸ਼ਬਾਰ ਅਤੇ ਜ਼ਿਲ੍ਹੇਵਾਰ *ਸੂਚਨਾ ਨਾਲ ਨੱਥੀ ਕੀਤੀ ਜਾਂਦੀ ਹੈ ।

(ਅ) ਮਾਸਟਰ ਕਾਡਰ ਦੀ ਮਿਤੀ 31 ਜਨਵਰੀ, 1993 ਤੱਕ ਦੀ ਖਾਲੀ ਅਸਾਮੀਆਂ ਦੀ *ਸੂਚੀ ਨੱਥੀ ਹੈ ।

(ੲ) ਕਲਾਸੀਕਲ ਅਤੇ ਵਰਨੈਕੁਲਰ ਕਾਡਰ, ਵੋਕੇਸ਼ਨਲ ਮਾਸਟਰ ਅਤੇ ਵੋਕੇਸ਼ਨਲ ਟੀਚਰ ਅਤੇ ਪ੍ਰਾਇਮਰੀ ਟੀਚਰਜ਼ ਦੀ ਮਿਤੀ 31 ਜਨਵਰੀ, 1993 ਤੱਕ ਦੀ ਖਾਲੀ ਅਸਾਮੀਆਂ ਦੀ *ਸੂਚਨਾ ਨੱਥੀ ਹੈ ।

(ਸ) ਸਰਕਾਰ ਨੇ ਐਸ. ਐਸ. ਮਾਸਟਰ/ਮਿਸਟਰੈਸਜ਼ ਲਈ ਜ਼ਿਲ੍ਹੇਵਾਰ ਸਿਲੈਕਸ਼ਨ ਕਮੇਟੀਆਂ ਸਾਇੰਸ, ਮੈਥ ਅਤੇ ਭਾਸ਼ਾ ਮਾਸਟਰ ਲਈ ਡਿਵੀਜ਼ਨ-ਵਾਈਜ਼ ਚੋਣ ਕਮੇਟੀਆਂ ਕੰਸਟੀਚਿਊਟ ਕੀਤੀਆਂ ਹਨ । ਇਨ੍ਹਾਂ ਦੀਆਂ ਸਿਫਾਰਸ਼ਾਂ ਪ੍ਰਾਪਤ ਹੋਣ ਉਪਰੰਤ ਖਾਲੀ ਅਸਾਮੀਆਂ ਭਰੀਆਂ ਜਾਣਗੀਆਂ । ਖਾਲੀ ਅਸਾਮੀਆਂ ਜੇ. ਬੀ. ਟੀ. ਅਤੇ ਸੀ. ਐਂਡ. ਵੀ. ਕਾਡਰ ਦੇ ਟੀਚਰਜ਼ ਦੀ ਤਰੱਕੀ ਉਪਰੰਤ ਭਰੀਆਂ ਜਾਣਗੀਆਂ ।

*Placed in the Library.

Original with;
Punjab Vidhan Sabha
Digitized by;
Panjab Digital Library

## Vacant Posts of Teachers in Schools of Sri Hargobindpur and Kahnuwan Blocks

127. **Comrade Gurnam Singh Dhirowal :** Will the Minister for Education be pleased to lay on the Table of the House—

(i) a list showing the number of Government Primary, Middle, High and Senior Secondary Schools seperately in blocks of Shri Hargobindpur and Kahnuwan in District Gurdaspur together with the school wise strength of students and the number of sanctioned posts of teachers in each of the said schools ;

(ii) school-wise and subject-wise list of vacant posts of teachers in the said schools ;

(iii) number of posts of heads of schools lying vacant in the said High and Senior Secondary Schools, together with the steps being taken to fill up the vacant posts ?

ਸਰਦਾਰ ਲਖਮੀਰ ਸਿੰਘ ਰੰਧਾਵਾ : (i) *ਲਿਸਟ ਨੱਥੀ ਹੈ ।

(ii) *ਲਿਸਟ ਨੱਥੀ ਹੈ ।

(iii) *ਖਾਲੀ ਅਸਾਮੀਆਂ ਦਾ ਵੇਰਵਾ ਲਿਸਟ ਵਿਚ ਹੈ ।

ਸਕੂਲਾਂ ਵਿੱਚ ਸਕੂਲ ਮੁੱਖੀਆਂ ਦੀਆਂ ਖਾਲੀ ਪਈਆਂ ਅਸਾਮੀਆਂ ਸਿਧੀ ਭਰਤੀ ਅਤੇ ਤਰੱਕੀ ਰਾਹੀਂ ਭਰੀਆਂ ਜਾ ਰਹੀਆਂ ਹਨ । ਇਹ ਕੰਮ ਚੱਲ ਰਹੇ ਹਨ ।

---

*Placed in the Library.

6818/PVS—Govt. Press, (U.T.), Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1993

Published under the authority of the Punjab Vidhan Sabha and
printed by the Controller, Govt. Press (U.T.), Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha
## Debates

*6th April, 1993*

**Vol. IV-No. 19**

OFFICIAL REPORT

CONTENTS

*Tuesday, the 6th April, 1993*


| | | Page |
|---|---|---|
| Obituary References | .. | (19)1 |
| Postponed Starred Questions and Answers | .. | (19)8 |
| Starred Questions and Answers | .. | (19)24 |
| Written Answers to Starred Questions laid on the Table of the House under Rule 38 | .. | (19)43 |
| Unstarred Questions and Answers | .. | (19)48 |
| Walkout | .. | (19)52 |
| Point of Order *re*. Bomb Blast at Amritsar Bus Stand and Statement by the Chief Minister thereon | .. | (19)53 |
| Call Attention Notices under Rule 66 | .. | (19)55 |



Punjab Vidhan Sabha Secretariat, Chandigarh.

Price : Rs.———



Original with;
Punjab Vidhan Sabha
Digitized by;
Panjab Digital Library

LEGISLATIVE BUSINESS

Bill (s)—

The Punjab Homoeopathic Practitioners (Amendment)—, 1993 .. (19)58

The Punjab Co-operative Societies (Amendment)—, 1993 .. (19)63

The Punjab Land Ceiling Laws (Validation of Exercise of Powers)—, 1993 .. (19)73

The Punjab General Sales Tax (Amendment)—, 1993 .. (19)75

The East Punjab Ministers' Salaries (Amendment)—, 1993 .. (19)84

The East Punjab War Awards (Amendment)—, 1993 .. (19)88

Appendix .. (i)

Original with;
Punjab Vidhan Sabha
Digitized by;
Punjab Digital Library

# PUNJAB VIDHAN SABHA

*Tuesday, the 6th April,* 1993

*The Vidhan Sabha met in the Punjab Vidhan Sabha Hall, Vidhan Bhavan, Chandigarh, at* 9.00 *A.M. Mr. Speaker* (*Sardar Harcharn Singh Ajnala*) *in the Chair.*

## OBITUARY REFERENCES

**ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ)**: ਸਪੀਕਰ ਸਾਹਿਬ, ਹਰ ਵਾਰੀ ਜਦੋਂ ਅਸੀਂ ਇਸ ਸੈਸ਼ਨ ਵਿਚ ਆਉਂਦੇ ਹਾਂ ਤਾਂ ਕੁਝ ਐਸੀਆਂ ਹਸਤੀਆਂ ਸਾਡੇ ਕੋਲੋਂ ਵਿਛੜ ਜਾਂਦੀਆਂ ਹਨ ਜਿਨ੍ਹਾਂ ਦਾ ਦੁੱਖ ਸਹਾਰਨਾ ਬੜਾ ਔਖਾ ਹੁੰਦਾ ਹੈ। ਇਸ ਥੋੜ੍ਹੇ ਜਿਹੇ ਸਮੇਂ ਦੇ ਅੰਦਰ ਵੀ, ਜਦੋਂ ਤੋਂ ਅਸੰਬਲੀ ਦਾ ਸੈਸ਼ਨ ਉਠਿਆ ਹੈ ਉਦੋਂ ਤੋਂ ਇਸ ਸਮੇਂ ਤਕ ਤਿੰਨ ਉੱਘੇ ਵਿਅਕਤੀ ਸਾਡੇ ਤੋਂ ਜੁਦਾ ਹੋਏ ਹਨ।

ਸਰਦਾਰ ਸੁਰਜੀਤ ਸਿੰਘ ਜੀ ਅਕਾਲੀ ਮਨਿਸਟਰ ਰਹੇ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਮਨਿਸਟਰੀ ਦੇ ਅੰਦਰ। ਉਨ੍ਹਾਂ ਦਾ ਆਪਣਾ ਸਥਾਨ ਸਮਾਜ ਦੇ ਅੰਦਰ ਸੀ। ਸਰਦਾਰ ਬਲਦੇਵ ਸਿੰਘ, ਜੋ ਪਹਿਲੇ ਡਿਫੈਂਸ ਮਨਿਸਟਰ ਆਫ ਇੰਡੀਆ ਰਹੇ, ਇਹ ਉਨ੍ਹਾਂ ਦੇ ਬੇਟੇ ਸਨ ਔਰ ਆਪਣੇ ਤਰੀਕੇ ਨਾਲ ਉਨ੍ਹਾਂ ਨੇ ਪੰਜਾਬ ਦੀ ਬੜੀ ਸੇਵਾ ਕੀਤੀ ਔਰ ਜਦੋਂ ਉਹ ਕੋਆਪਰੇਸ਼ਨ ਮਨਿਸਟਰ ਸਨ ਮੈਂ ਵੀ ਅਸੈਂਬਲੀ ਦੇ ਅੰਦਰ ਐਮ.ਐਲ.ਏ. ਸੀ ਔਰ ਮੈਨੂੰ ਪਤਾ ਹੈ ਕਿ ਕਿਸ ਤਰੀਕੇ ਨਾਲ ਉਹ ਲੋਕਾਂ ਦੀ ਸੇਵਾ ਕਰਦੇ ਸਨ। ਬੜੇ ਹਸ-ਮੁੱਖ ਔਰ ਹਰ ਇਕ ਦਾ ਕੰਮ ਕਰਕੇ ਬੜੇ ਖੁਸ਼ ਰਹਿੰਦੇ ਸਨ। ਇਹ ਸਾਡੇ ਤੋਂ ਜੁਦਾ ਹੋਏ ਹਨ, ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਬੇਵਕਤ ਮੌਤ ਹੋਈ ਹੈ।

ਦੂਸਰੇ ਸੱਜਣ ਜੋ ਜੁਦਾ ਹੋਏ, ਜੋ ਕੋਆਪਰੇਸ਼ਨ ਮਨਿਸਟਰ ਰਹੇ, ਉਹ ਸਨ ਸਰਦਾਰ ਜਸਵਿੰਦਰ ਸਿੰਘ ਬਰਾੜ। ਜਦੋਂ ਸੰਨ 1977 ਦੇ ਅੰਦਰ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਮਨਿਸਟਰੀ ਸੀ ਤਾਂ ਉਹ ਉਸ ਵਕਤ ਮਨਿਸਟਰ ਸਨ। ਲੇਕਿਨ ਸੰਨ 1972 ਦੇ ਅੰਦਰ ਜਦੋਂ ਗਿਆਨੀ ਜ਼ੈਲ ਸਿੰਘ ਦੀ ਮਨਿਸਟਰੀ ਸੀ ਤਾਂ ਉਹ ਥੋੜ੍ਹੀ ਦੇਰ ਵਾਸਤੇ ਲੀਡਰ ਆਫ ਦੀ ਆਪੋਜ਼ੀਸ਼ਨ ਵੀ ਰਹੇ ਔਰ ਕਿਸੇ ਕਾਰਨ ਕਰਕੇ ਉਨ੍ਹਾਂ ਨੂੰ ਆਪੋਜ਼ੀਸ਼ਨ ਦੀ ਲੀਡਰਸ਼ਿਪ ਤੋਂ ਹਟਾਇਆ ਗਿਆ। ਕਈ ਵਾਰੀ ਤਾਂ ਉਹ ਗਿਆਨੀ ਜ਼ੈਲ ਸਿੰਘ ਜੀ ਨੂੰ ਕਹਿੰਦੇ ਸਨ ਕਿ ਮੈਂ ਤੁਹਾਡੇ ਪਿੰਡ ਦਾ ਹਾਂ। ਉਹ ਇਕੋ ਪਿੰਡ ਦੇ ਸਨ। ਇਕ ਲੀਡਰ ਆਫ ਦੀ ਹਾਊਸ ਸੀ ਔਰ ਦੂਸਰਾ ਲੀਡਰ ਆਫ ਦੀ ਆਪੋਜ਼ੀਸ਼ਨ। ਅਕਾਲੀ ਮਨਿਸਟਰੀ ਦੇ ਅੰਦਰ ਉਨ੍ਹਾਂ ਦੀ ਬੜੀ ਕੰਟਰੀਬਿਊਸ਼ਨ ਰਹੀ ਹੈ। ਉਨ੍ਹਾਂ ਨੇ ਮਨਿਸਟਰੀ ਦੇ ਅੰਦਰ ਰਹਿ ਕੇ ਵੀ ਬੜੀ ਪੰਜਾਬ ਦੀ ਸੇਵਾ ਕੀਤੀ ਹੈ। ਹਾਲੇ ਉਨ੍ਹਾਂ ਦੀ ਉਮਰ ਜਾਣ ਦੀ ਨਹੀਂ ਸੀ ਪਰ ਉਹ ਵੀ ਸਾਡੇ ਕੋਲੋਂ ਜੁਦਾ ਹੋਏ।

ਤੀਸਰੇ ਸਾਡੇ ਸਾਥੀ, ਕਾਂਗਰਸ ਪਾਰਟੀ ਦੇ ਸਰਦਾਰ ਗੁਰਦਿੱਤ ਸਿੰਘ ਜੋ ਅੰਮ੍ਰਿਤਸਰ ਤੋਂ ਸਨ, ਉਹ ਜੁਦਾ ਹੋਏ। ਉਨ੍ਹਾਂ ਨੂੰ ਆਤਿਸ਼ਬਾਜ਼ ਕਿਹਾ ਜਾਂਦਾ ਸੀ ਲੇਕਿਨ ਮੈਂ ਨਹੀਂ ਸਮਝਦਾ ਕਿ ਉਨ੍ਹਾਂ ਦਾ ਇਹ ਨਾਂਉਂ ਕਿਉਂ ਪਿਆ। ਉਹ ਸ਼ਡਿਊਲਡ ਕਾਸਟਸ ਦੇ ਬੜੇ ਭਾਰੀ ਨੁਮਾਇੰਦੇ ਸਨ ਔਰ ਗਰੀਬ ਲਤਾੜੇ ਹੋਏ ਲੋਕਾਂ ਦੇ ਕੰਮ ਕਰਦੇ ਸਨ। ਉਹ ਮਿਉਂਸਪਲ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਰਹੇ ਔਰ ਬਾਅਦ ਵਿਚ ਪ੍ਰੈਜ਼ੀਡੈਂਟ ਵੀ ਰਹੇ। ਜਦੋਂ ਮੈਂ ਐਜ਼ ਪ੍ਰੈਜ਼ੀਡੈਂਟ, ਪੀ.ਪੀ.ਸੀ. ਸੀ, ਉਥੇ ਜਾਂਦਾ ਰਿਹਾ ਹਾਂ ਤਾਂ ਉਹ ਵਧ ਚੜ੍ਹ ਕੇ ਇਕੱਠਾਂ ਵਿਚ ਸ਼ਾਮਲ ਹੁੰਦੇ ਰਹੇ। ਉਹ ਸੋਸ਼ਲ ਸਰਵਿਸ ਵਾਸਤੇ ਬੜੇ ਮਸ਼ਹੂਰ ਸੀ ਅੱਜ ਉਨ੍ਹਾਂ ਦੇ ਜਾਣ ਤੇ ਬੜਾ ਭਾਰੀ ਖਲਾਅ ਪੈਦਾ ਹੋਇਆ ਹੈ। ਸ਼ਡਿਊਲਡ ਕਾਸਟ ਲੀਡਰ ਬੜੀ ਮੁਸ਼ਕਲ ਦੇ ਨਾਲ, ਮੇਹਨਤ ਕਰਕੇ ਬਣਦਾ ਹੈ, ਉਨ੍ਹਾਂ ਦਾ ਸਾਡੇ ਕੋਲੋਂ ਚਲੇ ਜਾਣਾ ਬੜੇ ਅਫਸੋਸ ਦੀ ਗੱਲ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮੈਂ ਆਪਣੇ ਵਲੋਂ ਔਰ ਆਪਣੀ ਪਾਰਟੀ ਵਲੋਂ ਇਨ੍ਹਾਂ ਤਿਨਾਂ ਦੋਸਤਾਂ ਦੇ ਜਾਣ ਤੇ ਡੂੰਘਾ ਦੁੱਖ ਪ੍ਰਗਟ ਕਰਦਾ ਹੋਇਆ ਆਪ ਜੀ ਨੂੰ ਬੇਨਤੀ ਕਰਾਂਗਾ ਕਿ ਹਾਊਸ ਵਲੋਂ ਇਕ ਰੈਜ਼ੋਲਿਊਸ਼ਨ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜਿਆ ਜਾਵੇ ਕਿ ਉਨ੍ਹਾਂ ਦੇ ਜਾਣ ਦਾ ਬੜਾ ਦੁੱਖ ਹੋਇਆ ਹੈ, ਧੰਨਵਾਦ।

**ਸ਼੍ਰੀ ਸਤਨਾਮ ਸਿੰਘ ਕੈਂਥ (ਬੰਗਾ, ਐਸ.ਸੀ.) :** ਮਾਨਯੋਗ ਸਪੀਕਰ ਸਾਹਿਬ, ਪਿਛਲੇ ਚੰਦ ਦਿਨਾਂ ਦੇ ਅੰਦਰ ਸਾਡੇ ਕੋਲੋਂ ਕੁਝ ਐਸੇ ਵਿਅਕਤੀ ਜੁਦਾ ਹੋਏ ਜਿਹੜੇ ਇਸ ਮਹਾਨ ਸਦਨ ਦੇ ਮੈਂਬਰ ਰਹੇ, ਜਿਨ੍ਹਾਂ ਨੇ ਅਸੈਂਬਲੀ ਦੇ ਅੰਦਰ ਬੜਾ ਅੱਛਾ ਰੋਲ ਅਦਾ ਕੀਤਾ। ਇਨ੍ਹਾਂ ਵਿਚ ਸਭ ਤੋਂ ਪਹਿਲਾਂ ਸਰਦਾਰ ਸੁਰਜੀਤ ਸਿੰਘ ਜਿਨ੍ਹਾਂ ਦੇ ਪਿਤਾ ਭਾਰਤ ਦੇ ਪਹਿਲੇ ਡਿਫੈਂਸ ਮਨਿਸਟਰ ਸਨ, ਉਨ੍ਹਾਂ ਨੇ ਪੰਜਾਬ ਦੇ ਪ੍ਰਤੀ ਵੀ ਅਤੇ ਦੇਸ਼ ਦੇ ਪ੍ਰਤੀ ਵੀ ਅਹਿਮ ਯੋਗਦਾਨ ਪਾਇਆ।

ਦੂਸਰੇ ਸਰਦਾਰ ਜਸਵਿੰਦਰ ਸਿੰਘ ਬਰਾੜ ਜਿਹੜੇ ਕਿ ਪੰਜਾਬ ਦੇ ਮਨਿਸਟਰ ਵੀ ਰਹੇ ਹਨ। ਉਨ੍ਹਾਂ ਨੇ ਆਪਣੀ ਕਾਲਜ ਲਾਈਫ ਤੋਂ ਪਹਿਲਾਂ ਹੀ ਸਿਆਸਤ ਦੀ ਜ਼ਿੰਦਗੀ ਸ਼ੁਰੂ ਕੀਤੀ। ਉਹ ਨੌਜਵਾਨਾਂ ਦੇ ਪ੍ਰਤੀ ਬਹੁਤ ਸਨੇਹ ਰਖਦੇ ਸਨ ਔਰ ਪੰਜਾਬ ਦੇ ਨੌਜਵਾਨ ਵੀ ਉਨ੍ਹਾਂ ਦੇ ਵਾਸਤੇ ਬਹੁਤ ਸਨੇਹ ਰਖਦੇ ਸਨ। ਉਹ ਇਥੇ ਆਪੋਜ਼ੀਸ਼ਨ ਦੇ ਲੀਡਰ ਵੀ ਰਹੇ ਔਰ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਉਹ ਕੋਆਪਰੇਸ਼ਨ ਮਨਿਸਟਰ ਵੀ ਰਹੇ ਔਰ ਉਨ੍ਹਾਂ ਦੀ ਇਸ ਡਿਪਾਰਟਮੈਂਟ ਨੂੰ ਬਹੁਤ ਵੱਡੀ ਦੇਣ ਹੈ।

ਤੀਜੇ ਸਰਦਾਰ ਗੁਰਦਿੱਤ ਸਿੰਘ ਜੀ ਇਸ ਹਾਊਸ ਦੇ ਐਮ.ਐਲ.ਏ. ਰਹੇ ਹਨ ਔਰ ਉਨ੍ਹਾਂ ਦਾ ਬੜਾ ਯੋਗਦਾਨ ਰਿਹਾ ਹੈ। ਇਸ ਲਈ ਮੈਂ ਆਪਣੇ ਵਲੋਂ ਆਪਣੀ ਪਾਰਟੀ ਵਲੋਂ ਇਨ੍ਹਾਂ ਤਿਨਾਂ ਦੇ ਵਿਛੋੜੇ ਤੇ ਦੁਖ ਪ੍ਰਗਟ ਕਰਦਾ ਹਾਂ ਔਰ ਉਨ੍ਹਾਂ ਦੇ ਪਰਿਵਾਰ ਦੇ ਦੁਖ ਵਿਚ ਸਾਂਝ ਪਾਉਂਦਾ ਹਾਂ।

ਜੈ ਭੀਮ, ਜੈ ਭਾਰਤ।

**ਸ਼੍ਰੀ ਮਦਨ ਮੋਹਨ ਮਿੱਤਲ (ਨੰਗਲ) :** ਸਪੀਕਰ ਸਾਹਿਬ, ਪਿਛਲੇ ਸੈਸ਼ਨ ਦੇ ਐਡਜਰਨ ਹੋਣ ਤੋਂ ਬਾਅਦ ਹੁਣ ਤਕ ਸਾਡੇ ਕੋਲੋਂ ਤਿੰਨ ਸ਼ਖਸੀਅਤਾਂ ਜੁਦਾ ਹੋ ਗਈਆਂ ਹਨ। ਇਨ੍ਹਾਂ ਵਿਚ ਸਭ ਤੋਂ ਪਹਿਲੇ ਸਰਦਾਰ ਸੁਰਜੀਤ ਸਿੰਘ ਜਿਹੜੇ ਇਥੇ ਮੰਤਰੀ ਵੀ ਰਹੇ ਹਨ ਔਰ ਉਨ੍ਹਾਂ ਦਾ ਸਿੱਖਿਆ ਦੇ ਖੇਤਰ ਵਿਚ ਵੀ ਅਤੇ ਰਾਜਨੀਤਿਕ ਖੇਤਰ ਵਿਚ ਵੀ ਬਹੁਤ ਵਡਾ ਹਿੱਸਾ ਰਿਹਾ ਹੈ। 1947 ਤੋਂ ਪਹਿਲਾਂ ਵੀ ਅਤੇ ਬਾਅਦ ਵਿਚ ਵੀ ਉਨ੍ਹਾਂ ਦਾ ਇਸ ਦੇਸ਼ ਲਈ ਬੜਾ ਯੋਗਦਾਨ ਹੈ। ਉਹ ਮੇਰੇ ਜ਼ਿਲ੍ਹੇ ਦੇ ਹੀ ਸਨ ਬਲਕਿ ਉਹ ਮੇਰੇ ਗਵਾਂਢੀ ਹੀ ਸਨ। ਚੰਡੀਗੜ੍ਹ ਬਣਾਉਣ ਵਿਚ ਔਰ ਪੰਜਾਬ ਦੀ ਬਣਤਰ ਵਿਚ ਉਨ੍ਹਾਂ ਦਾ ਬਹੁਤ ਵਡਾ ਹਿੱਸਾ ਰਿਹਾ ਹੈ। ਇਸੇ ਤਰ੍ਹਾਂ ਨੈਸ਼ਨਲ ਸਟਰੱਗਲ ਫਾਰ ਫਰੀਡਮ ਵਿਚ ਵੀ ਉਨ੍ਹਾਂ ਦਾ ਬਹੁਤ ਵਡਾ ਹਿੱਸਾ ਰਿਹਾ ਹੈ। ਐਜੂਕੇਸ਼ਨ ਦੇ ਖੇਤਰ ਵਿਚ, ਜੁਆਇੰਟ ਪੰਜਾਬ ਦੇ ਵੇਲੇ ਖਾਸ ਕਰਕੇ ਗ੍ਰਾਮੀਣ ਖੇਤਰ ਵਿਚ ਉਨ੍ਹਾਂ ਨੇ ਬਹੁਤ ਹਿੱਸਾ ਪਾਇਆ ਹੈ। ਉਨ੍ਹਾਂ ਦੇ ਵਿਛੜ ਜਾਣ ਤੇ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਡੂੰਘਾ ਦੁਖ ਪ੍ਰਗਟ ਕਰਦਾ ਹਾਂ।

ਇਸੇ ਤਰੀਕੇ ਨਾਲ ਸਰਦਾਰ ਜਸਵਿੰਦਰ ਸਿੰਘ ਬਰਾੜ ਜੀ ਇਸ ਸਦਨ ਦੇ ਮੈਂਬਰ ਵੀ ਰਹੇ ਹਨ ਅਤੇ ਮਨਿਸਟਰ ਵੀ ਰਹੇ ਹਨ। 1977 ਵਿਚ ਉਹ ਕੋਆਪਰੇਟਿਵ ਮਨਿਸਟਰ ਸਨ ਔਰ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਉਸ ਸਮੇਂ ਇਸ ਵਿਭਾਗ ਵਿਚ ਰੈਡੀਕਲ ਚੇਂਜਿਜ਼ ਲਿਆਂਦੀਆਂ। ਗ੍ਰਾਮੀਣ ਖੇਤਰ ਵਿਚ ਪਾਸ ਬੁਕਾਂ ਵਗੈਰਾ ਦਾ ਸਿਸਟਮ ਉਨ੍ਹਾਂ ਨੇ ਸ਼ੁਰੂ ਕੀਤਾ ਔਰ ਇਸ ਨਾਲ ਉਨ੍ਹਾਂ ਲੋਕਾਂ ਨੂੰ ਬਹੁਤ ਰਾਹਤ ਮਿਲੀ ਸੀ। ਉਨ੍ਹਾਂ ਦੇ ਚਲੇ ਜਾਣ ਤੇ ਮੈਂ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਇਸੇ ਤਰੀਕੇ ਨਾਲ ਸਰਦਾਰ ਗੁਰਦਿੱਤ ਸਿੰਘ ਵੀ ਇਸ ਸਦਨ ਵਿਚ ਕਾਂਗਰਸ ਪਾਰਟੀ ਦੇ ਮੈਂਬਰ ਰਹੇ ਅੌਰ ਉਨ੍ਹਾਂ ਨੇ ਵੀ ਲੋਕਾਂ ਦੀ ਬਹੁਤ ਸੇਵਾ ਕੀਤੀ। ਇਨ੍ਹਾਂ ਦੇ ਗੁਜ਼ਰ ਜਾਣ ਤੇ ਮੈਂ ਆਪਣੀ ਪਾਰਟੀ ਵਲੋਂ ਡੂੰਘਾ ਦੁੱਖ ਪ੍ਰਗਟ ਕਰਦਾ ਹਾਂ ਅੌਰ ਜਿਹੜਾ ਮਤਾ ਲੀਡਰ ਆਫ਼ ਦੀ ਹਾਊਸ ਨੇ ਉਨ੍ਹਾਂ ਦੇ ਪਰਿਵਾਰ ਪ੍ਰਤੀ ਦੁੱਖ ਪ੍ਰਗਟ ਕਰਨ ਲਈ ਰਖਿਆ ਹੈ ਉਸ ਦੇ ਨਾਲ ਸਹਿਮਤ ਹੁੰਦਾ ਹਾਂ।

**ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ)** : ਮਾਨਯੋਗ ਸਪੀਕਰ ਸਾਹਿਬ, ਇਥੇ ਚੀਫ਼ ਮਨਿਸਟਰ ਸਾਹਿਬ ਨੇ ਬਿਲਕੁਲ ਠੀਕ ਕਿਹਾ ਹੈ ਕਿ ਜਦੋਂ ਵੀ ਅਸੀਂ ਇਥੇ ਇਕੱਠੇ ਹੁੰਦੇ ਹਾਂ ਤਾਂ ਸਾਡੇ ਰਾਜਨੀਤਿਕ ਖੇਤਰ ਵਿਚੋਂ ਬਹੁਤ ਸਾਰੀਆਂ ਸ਼ਖਸੀਅਤਾਂ ਜਿਨ੍ਹਾਂ ਦਾ ਇਸ ਦੇਸ਼ ਨੂੰ ਅਤੇ ਪੰਜਾਬ ਨੂੰ ਬਹੁਤ ਵੱਡਾ ਯੋਗਦਾਨ ਰਿਹਾ ਹੈ, ਵਿਛੜ ਜਾਂਦੀਆਂ ਹਨ। ਜਿਨ੍ਹਾਂ ਦੀ ਯਾਦ ਵਿਚ ਦੁੱਖੀ ਮਨ ਨਾਲ ਸਿਰ ਝੁਕਾਉਣਾ ਪੈਂਦਾ ਹੈ।

ਸਰਦਾਰ ਸੁਰਜੀਤ ਸਿੰਘ ਜੀ ਇਸ ਸਦਨ ਦੇ ਮੈਂਬਰ ਅਤੇ ਕੋਆਪਰੇਸ਼ਨ ਮਨਿਸਟਰ ਵੀ ਰਹੇ। ਉਨ੍ਹਾਂ ਦਾ ਵਿਛੋੜਾ ਸਾਡੇ ਲਈ ਬੜਾ ਦੁਖਦਾਈ ਹੈ ਅਤੇ ਅਸੀਂ ਉਨ੍ਹਾਂ ਦੇ ਪਰਿਵਾਰ ਦੇ ਦੁਖ ਵਿਚ ਸ਼ਾਮਲ ਹੁੰਦੇ ਹਾਂ। ਸਰਦਾਰ ਬਲਦੇਵ ਸਿੰਘ ਜੋ ਭਾਰਤ ਦੇ ਪਹਿਲੇ ਡੀਫੈਂਸ ਮਨਿਸਟਰ ਰਹੇ ਉਨ੍ਹਾਂ ਨੇ ਬਤੌਰ ਪੰਜਾਬੀ ਬਹੁਤ ਮਿਹਨਤ ਅਤੇ ਲਗਨ ਦੇ ਨਾਲ ਦੇਸ਼ ਦੀ ਸੇਵਾ ਕੀਤੀ ਅਤੇ ਆਪਣੀ ਜ਼ਿੰਮੇਵਾਰੀ ਨੂੰ ਨਿਭਾਇਆ। ਇਸ ਤੋਂ ਇਲਾਵਾ, ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਨਾਲ ਕਿਸੇ ਦੇ ਮਤਭੇਦ ਹੋ ਸਕਦੇ ਹਨ ਪਰ ਇਸ ਪਰਿਵਾਰ ਨੇ ਦੇਸ਼ ਦੀ ਇੰਡਸਟਰੀਲਾਈਜ਼ੇਸ਼ਨ ਦੇ ਖੇਤਰ ਵਿਚ ਕਾਫ਼ੀ ਯੋਗਦਾਨ ਪਾਇਆ ਹੈ ਇਸ ਪਰਿਵਾਰ ਦੀ ਇਕ ਉਘੀ ਸ਼ਖਸੀਅਤ ਦਾ ਵਿਛੋੜਾ ਹੋ ਜਾਣਾ, ਮੈਂ ਸਮਝਦਾ ਹਾਂ ਕਿ ਪਰਿਵਾਰ ਵਾਸਤੇ ਇਕ ਦੁੱਖ ਵਾਲੀ ਘਟਨਾ ਹੈ ਅਤੇ ਸਾਡੇ ਵਾਸਤੇ ਇਕ ਗਹਿਰਾ ਸਦਮੇ ਵਾਲਾ ਵਿਛੋੜਾ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ ਜਿਨ੍ਹਾਂ ਦੇ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਆਪਣਾ ਆਰੰਭਿਕ ਜੀਵਨ ਬਤੌਰ ਕਮਿਊਨਿਸਟ ਸ਼ੁਰੂ ਕੀਤਾ ਸੀ ਅਤੇ ਉਹ ਸਟੂਡੈਂਟ ਪ੍ਰਾਗਰੈਸਿਵ ਫੈਡਰੇਸ਼ਨ ਦੇ ਉਘੇ ਲੀਡਰ ਰਹੇ। ਜੋ ਪਿਛਲੇ 10 ਸਾਲਾਂ ਦੇ ਵਿਚ ਪੰਜਾਬ ਵਿਚ ਹੁੰਦਾ ਰਿਹਾ ਹੈ, ਉਨ੍ਹਾਂ ਦੀ ਸੋਚ ਤੇ ਕੋਈ ਪ੍ਰਸ਼ਨ ਚਿੰਨ੍ਹ ਨਹੀਂ ਲਗਦਾ ਪਰ ਉਹ ਪੰਜਾਬ ਦੇ ਹਾਲਤ ਤੋਂ ਨਿਰਾਸ਼ ਬਹੁਤ ਸਨ। ਉਨ੍ਹਾਂ ਦੇ ਬਾਰੇ ਕੋਈ ਇਤਰਾਜ਼ਯੋਗ ਗੱਲ ਨਹੀਂ ਲਭਦੀ ਸੀ। ਉਨ੍ਹਾਂ ਨੇ ਆਪਣੇ ਰਾਜਨੀਤਿਕ ਜੀਵਨ ਵਿਚ ਆਪਣੇ ਹਲਕੇ ਦੇ ਲੋਕਾਂ ਦੀ ਬਹੁਤ ਸੇਵਾ ਕੀਤੀ ਅਤੇ ਬਤੌਰ ਵਕੀਲ ਬਹੁਤ ਯੋਗਦਾਨ ਦਿੱਤਾ। ਇਸ ਸਮੇਂ ਉਨ੍ਹਾਂ ਦੇ ਵਿਛੜ ਜਾਣ ਨਾਲ ਸਾਨੂੰ ਬਹੁਤ ਘਾਟ ਮਹਿਸੂਸ ਹੋਵੇਗੀ। ਇਹ ਘਾਟ ਕਦੇ ਪੂਰੀ ਨਹੀਂ ਹੋ ਸਕਦੀ।

ਸਰਦਾਰ ਗੁਰਦਿੱਤ ਸਿੰਘ, ਅੰਮ੍ਰਿਤਸਰ ਮਿਉਂਸਪਲ ਕਮੇਟੀ ਦੇ ਮੈਂਬਰ ਰਹੇ ਅਤੇ ਬਤੌਰ ਕਮਿਸ਼ਨਰ ਕੰਮ ਕੀਤਾ। ਇਨ੍ਹਾਂ ਦਾ ਵਿਛੜ ਜਾਣਾ ਸਾਡੇ ਸਾਰਿਆਂ ਲਈ ਬੜੇ ਦੁੱਖ ਦੀ ਗੱਲ ਹੈ। ਮੈਂ ਆਪਣੀ ਪਾਰਟੀ ਵਲੋਂ ਇਨ੍ਹਾਂ ਤਿੰਨ ਸ਼ਖਸੀਅਤਾਂ ਦੇ ਵਿਛੜ ਜਾਣ ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ। ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸਬੰਧਤ ਪ੍ਰਵਾਰਾਂ ਨਾਲ ਡੂੰਘੀ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ ਅੌਰ ਜਿਹੜਾ ਮਤਾ ਇਸ ਸਦਨ ਵਿਚ ਚੀਫ ਮਨਿਸਟਰ ਸਾਹਿਬ ਨੇ ਲਿਆਂਦਾ ਹੈ ਉਸ ਦੇ ਨਾਲ ਮੈਂ ਸਹਿਮਤ ਹਾਂ ਇਨ੍ਹਾਂ ਤਿੰਨ ਵਿਛੜੀਆਂ ਰੂਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਮਤਾ ਪਾਸ ਕਰਕੇ ਭੇਜਿਆ ਜਾਵੇ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ (ਖਡੂਰ ਸਾਹਿਬ, ਐਸ. ਸੀ.)**: ਸਪੀਕਰ ਸਾਹਿਬ, ਸਰਦਾਰ ਸੁਰਜੀਤ ਸਿੰਘ, ਦਾ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਬੜਾ ਯੋਗਦਾਨ ਰਿਹਾ ਹੈ ਅਤੇ ਇਨ੍ਹਾਂ ਦੇ ਪਰਿਵਾਰ ਦਾ ਕਾਫੀ ਯੋਗਦਾਨ ਹੈ। ਹਿੰਦੁਸਤਾਨ ਆਜ਼ਾਦ ਹੋਣ ਤੋਂ ਪਹਿਲਾਂ ਅੰਗਰੇਜ਼ਾਂ ਨੂੰ ਦੇਸ਼ ਨੂੰ ਸਿੱਖਾਂ ਤੋਂ ਅਲਹਿਦਾ ਕਰਨ ਲਈ ਕੋਈ ਸਿੱਖ ਲੀਡਰ ਦੀ ਤਲਾਸ਼ ਸੀ ਅਤੇ ਉਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਸਰਦਾਰ ਬਲਦੇਵ ਸਿੰਘ ਦੇ ਨਾਲ ਗੱਲ ਕੀਤੀ ਤਾਂਕਿ ਅਲਗ ਸਿੱਖ ਸਟੇਟ ਬਣਾ ਦੇਈਏ, ਪਰ ਸਰਦਾਰ ਬਲਦੇਵ ਸਿੰਘ ਨੇ ਕਿਹਾ ਕਿ ਅਸੀਂ ਸਿੱਖ ਹਿੰਦੁਸਤਾਨ ਦੇ ਨਾਲ ਹਾਂ ਅਤੇ ਪੰਜਾਬ ਦੇ ਸਿੱਖ ਹਿੰਦੁਸਤਾਨ ਦੇ ਨਾਲ ਰਹਿਣਗੇ। ਇਸ ਲਈ ਸਰਦਾਰ ਬਲਦੇਵ ਸਿੰਘ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਬੜਾ ਯੋਗਦਾਨ ਦਿੱਤਾ ਅਤੇ ਭਾਰਤ ਦੇ ਪਹਿਲੇ ਡੀਫੈਂਸ ਮਨਿਸਟਰ ਬਣੇ। ਸਰਦਾਰ ਸੁਰਜੀਤ ਸਿੰਘ ਇਸ ਪਵਿੱਤਰ ਹਾਊਸ ਦੇ ਮੈਂਬਰ ਰਹੇ ਅਤੇ ਕੋਆਪਰੇਸ਼ਨ ਮਨਿਸਟਰ ਰਹੇ ਅਤੇ ਬੜੇ ਅੱਛੇ ਢੰਗ ਨਾਲ ਪੰਜਾਬ ਦੀ ਸੇਵਾ ਕੀਤੀ। ਇਸ ਪਰਿਵਾਰ ਦਾ ਇੰਡਸਟਰੀ ਦੇ ਖੇਤਰ ਵਿਚ ਕਾਫੀ ਯੋਗਦਾਨ ਰਿਹਾ ਹੈ ਖਾਸ ਤੌਰ ਤੇ ਉਨ੍ਹਾਂ ਨੇ ਆਪਣੀ ਫੈਕਟਰੀ ਵਿਚ, 99 ਫੀਸਦੀ ਲੋਕ ਪੰਜਾਬੀ, ਲਗਾਏ ਹੋਏ ਸਨ। ਫੈਕਟਰੀ ਟਾਟਾ ਦੀ ਬਿਹਾਰ ਵਿਚ ਹੋਣ ਦੇ ਬਾਵਜੂਦ ਵੀ ਉਹ ਪੰਜਾਬੀਆਂ ਨੂੰ ਬਾਹਰ ਜਾ ਕੇ ਨਹੀਂ ਭੁੱਲੇ ਅਤੇ ਪੰਜਾਬੀਆਂ ਨੂੰ ਉਥੇ ਕੰਮ ਦਿੱਤਾ। ਇਹ ਬਹੁਤ ਵੱਡੀ ਗੱਲ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ,ਜੋ ਸਾਡੀ ਸ਼੍ਰੋਮਣੀ ਅਕਾਲੀ ਪਾਰਟੀ ਦੇ ਮੈਂਬਰ ਰਹੇ ਅਤੇ ਪਹਿਲੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਬੜੇ ਉਘੇ ਲੀਡਰ ਰਹੇ ਅਤੇ 1972 ਵਿਚ ਉਹ ਆਪੋਜ਼ੀਸ਼ਨ ਦੇ ਲੀਡਰ ਰਹੇ ਅਤੇ 1977 ਵਿਚ ਕੋਆਪਰੇਸ਼ਨ ਮਨਿਸਟਰ ਰਹੇ ਅਤੇ ਕੌਮ ਦੀ ਸੇਵਾ ਕੀਤੀ। ਉਨ੍ਹਾਂ ਦਾ ਛੋਟੀ ਉਮਰ ਵਿਚ ਵਿਛੜ ਜਾਣਾ ਸਾਡੀ ਪਾਰਟੀ ਨੂੰ ਬਹੁਤ ਘਾਟਾ ਪਿਆ ਹੈ ਅਤੇ ਦੇਸ਼ ਨੂੰ ਵੀ ਘਾਟਾ ਪਿਆ ਹੈ।

ਸਰਦਾਰ ਗੁਰਦਿੱਤ ਸਿੰਘ ਜੋ ਆਤਿਸ਼ਬਾਜ਼ ਦੇ ਨਾਂ ਨਾਲ ਮਸ਼ਹੂਰ ਸਨ ਉਨ੍ਹਾਂ ਦੀ ਬਹੁਤ ਵੱਡੀ ਫੈਕਟਰੀ ਅਤਿਸ਼ਬਾਜੀ ਦੀ ਸੀ। ਹਰਿਮੰਦਿਰ ਸਾਹਿਬ ਵਿਚ, ਦਿਵਾਲੀ ਵਾਲੇ ਦਿਨ, ਪਟਾਕੇ ਇਨ੍ਹਾਂ ਦੀ ਫੈਕ-ਟਰੀ ਤੋਂ ਕਾਫੀ ਅਰਸੇ ਤੋਂ ਆਉਂਦੇ ਸਨ ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਇਹ ਬੜਾ ਸਨਮਾਨ ਪ੍ਰਾਪਤ ਕਰਦੇ ਰਹੇ ਕਿਉਂਕਿ ਪਟਾਕੇ ਹਰਿਮੰਦਰ ਸਾਹਿਬ ਵਿਚ ਜਿਹੜੇ ਭੇਜੇ ਜਾਂਦੇ ਸਨ ਉਸ ਦਾ ਕੰਪੀਟੀਸ਼ਨ ਕੀਤਾ ਜਾਂਦਾ ਸੀ। ਕੰਪੀਟੀਸ਼ਨ ਵਿਚ ਅਵੱਲ ਦਰਜੇ ਦੀ ਆਤਸ਼ਬਾਜ਼ੀ ਇਨ੍ਹਾਂ ਦੀ ਹੁੰਦੀ ਸੀ ਅਤੇ ਸ਼੍ਰੋਮਣੀ ਕਮੇਟੀ ਤੋਂ ਸਨਮਾਨ ਪ੍ਰਾਪਤ ਕਰਦੇ ਸੀ। ਮਿਉਂਸਪਲ ਕਮੇਟੀ ਦੀ ਵੀ ਇਨ੍ਹਾਂ ਨੇ ਸੇਵਾ ਕੀਤੀ ਅਤੇ ਸ਼ਹਿਰ ਵਿਚ ਨਾਂ ਕਮਾਇਆ। ਇਨ੍ਹਾਂ ਦੇ ਵਿਛੜ ਜਾਣ ਨਾਲ ਬੜਾ ਘਾਟਾ ਪਿਆ ਹੈ। ਇਨ੍ਹਾਂ ਤਿੰਨਾਂ ਸ਼ਖਸੀਅਤਾਂ ਦਾ ਵਿਛੜ ਜਾਣਾ ਸਾਡੇ ਲਈ ਬੜਾ ਦੁਖਦਾਈ ਹੈ ਅਤੇ ਅਸੀਂ ਇਨ੍ਹਾਂ ਦੇ ਪਰਿਵਾਰ ਨਾਲ ਦੁਖ ਸਾਂਝਾ ਕਰਦੇ ਹਾਂ।

**ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ)** : ਮਾਨਯੋਗ ਸਪੀਕਰ ਸਾਹਿਬ, ਪਿਛਲੇ ਥੋੜ੍ਹੇ ਦਿਨਾਂ ਵਿਚ ਹੀ ਤਿੰਨ ਮਹਾਨ ਸ਼ਖਸੀਅਤਾਂ ਸਾਡੇ ਵਿਚੋਂ ਵਿਛੜ ਗਈਆਂ ਹਨ ਜਿਨ੍ਹਾਂ ਵਿਚ ਸਰਦਾਰ ਸੁਰਜੀਤ ਸਿੰਘ ਜਿਹੜੇ ਕੋਆਪਰੇਸ਼ਨ ਮਨਿਸਟਰ ਰਹੇ ਜਿਨ੍ਹਾਂ ਦੇ ਪਰਿਵਾਰ ਨੇ ਨੈਸ਼ਨਲ ਲੈਵਲ ਤੇ ਬੜੀ ਭੂਮਿਕਾ ਨਿਭਾਈ, ਇਸੇ ਤਰ੍ਹਾਂ ਨਾਲ ਉਨ੍ਹਾਂ ਨੇ ਆਪਣੇ ਆਪ ਨੂੰ ਪੰਜਾਬ ਦੀ ਰਾਜਨੀਤੀ ਨਾਲ ਜੋੜਿਆ ਅਤੇ ਪੰਜਾਬ ਦੀ ਰਾਜਨੀਤੀ ਵਿਚ ਆਪਣਾ ਅਹਿਮ ਰੋਲ ਪਲੇਅ ਕੀਤਾ ਅੱਜ ਉਹ ਸਾਡੇ ਕੋਲੋਂ ਵਿਛੜ ਗਏ ਹਨ।

ਸਰਦਾਰ ਜਸਵਿੰਦਰ ਸਿੰਘ ਬਰਾੜ ਜਿਹੜੇ ਕਿ ਆਪੋਜ਼ੀਸ਼ਨ ਦੇ ਲੀਡਰ ਵੀ ਰਹੇ ਸਨ ਅਤੇ ਕੋਆਪਰੇਸ਼ਨ ਮਨਿਸਟਰ ਵੀ ਰਹੇ ਸਨ ਔਰ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ, ਜੋ ਕਿ ਖੱਬੇ ਪੱਖੀ ਸੈਕੂਲਰ ਸੋਚ ਦੀ ਧਾਰਨੀ ਹੈ, ਉਸ ਤੋਂ ਸ਼ੁਰੂ ਕੀਤੀ ਔਰ ਪੰਜਾਬ ਦੀ ਰਾਜਨੀਤੀ ਵਿਚ ਉਨ੍ਹਾਂ ਨੇ ਉਘਾ ਰੋਲ ਪਲੇਅ ਕੀਤਾ। ਸਪੈਸ਼ਲੀ 10-12 ਸਾਲਾਂ ਦੇ ਵਿੱਚ ਜਦੋਂ ਅਕਾਲੀ ਪਾਲੇਟਿਕਸ ਡੇਲਡਰਮ ਵਿਚ ਰਹੀ ਔਰ ਬੜੀ ਔਖਾ ਹੈ ਉਸ ਦੇ ਵਿਚ ਰਹਿਕੇ ਕੋਈ ਅਗਾਂਹ ਵਾਧੂ ਸੋਚ ਵਾਲਾ ਕੰਮ ਕਰਨਾ। ਉਨ੍ਹਾਂ ਨੇ ਪੂੰਜੀਵਾਦੀ ਸ਼ਕਤੀਆਂ ਦੀਆਂ ਗੱਲਾਂ ਕਿਸੇ ਵੀ ਸਟੇਜ ਤੇ ਨਹੀਂ ਸੀ ਸੁਣੀਆਂ। ਉਨ੍ਹਾਂ ਨੇ ਆਪਣਾ ਜੀਵਨ ਸਾਦਗੀ ਢੰਗ ਨਾਲ ਬਤੀਤ ਕੀਤਾ। ਉਹ ਬਹੁਤ ਜ਼ਿਆਦਾ ਉਮਰ ਦੇ ਨਹੀਂ ਸਨ ਪਰ ਉਹ ਸਾਡੇ ਵਿਚੋਂ ਵਿਛੜ ਗਏ। ਮੈਨੂੰ ਉਨ੍ਹਾਂ ਦੀ ਮੌਤ ਦਾ ਬੜਾ ਦੁੱਖ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਦਿੱਤ ਸਿੰਘ, ਜਿਹੜੇ ਕਾਂਗਰਸ ਪਾਰਟੀ ਦੇ ਵਰਕਰ ਰਹੇ ਥੱਲੇ ਤੋਂ ਗਰਾਸ ਲੈਵਲ ਤੋਂ ਉਹ ਉਭਰੇ ਔਰ ਇਸ ਵਿਧਾਨ ਸਭਾ ਦੇ ਮੈਂਬਰ ਵੀ ਰਹੇ ਉਹ ਵੀ ਸਾਡੇ ਕੋਲੋਂ ਵਿਛੜ ਗਏ ਹਨ। ਮੈਂ ਇਨ੍ਹਾਂ ਤਿੰਨਾਂ ਸ਼ਖਸੀਅਤਾਂ ਦੀ ਜਿਹੜੀ ਬੇ-ਵਕਤ ਮੌਤ ਹੈ ਇਸ ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ, ਔਰ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨਾਲ ਅਤੇ ਜਿਨ੍ਹਾਂ ਪਾਰਟੀਆਂ ਨਾਲ ਉਹ ਸਬੰਧਤ ਸੀ ਉਨ੍ਹਾਂ ਪਾਰਟੀਆਂ ਨਾਲ, ਦੁੱਖ ਵਿਚ ਸ਼ਾਮਿਲ ਹੁੰਦਾ ਹਾਂ। ਇਨਾਂ ਕੁਝ ਕਹਿੰਦਾ ਹੋਇਆ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਆਪ ਦਾ ਧੰਨਵਾਦ ਕਰਦਾ ਹਾਂ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ)** : ਸਪੀਕਰ ਸਾਹਿਬ, ਇਹ ਜਿਹੜਾ ਮਤਾ ਸੀ.ਐਮ. ਸਾਹਿਬ ਨੇ ਰਖਿਆ ਹੈ ਉਸ ਦੇ ਨਾਲ ਮੈਂ ਵੀ ਦੁਖ ਪ੍ਰਗਟ ਕਰਦਾ ਹਾਂ। ਤਿੰਨ ਮਹਾਨ ਸ਼ਖਸੀਅਤਾਂ ਦੀ ਥੋੜ੍ਹੇ ਸਮੇਂ ਵਿਚ ਹੀ ਪਿਛੇ ਮੌਤ ਹੋਈ ਹੈ। ਜਿਸ ਤਰ੍ਹਾਂ ਸਭ ਤੋਂ ਪਹਿਲਾਂ ਸਰਦਾਰ ਸੁਰਜੀਤ ਸਿੰਘ ਦਾ ਨਾਂ ਆਉਂਦਾ ਹੈ। ਸਰਦਾਰ ਸੁਰਜੀਤ ਸਿੰਘ ਸਰਦਾਰ ਬਲਦੇਵ ਸਿੰਘ ਦਾ ਸਪੁਤਰ ਸੀ। ਸਰਦਾਰ ਬਲਦੇਵ ਸਿੰਘ ਜਿਨ੍ਹਾਂ ਨੂੰ ਅੰਗਰੇਜ਼ ਵੀ ਡਾਵਾਂਡੋਲ ਨਾ ਕਰ ਸਕੇ। ਦੇਸ਼ ਦੀ ਏਕਤਾ ਅਤੇ ਅਖੰਡਤਾ ਖਾਤਿਰ ਸਾਰੇ ਪਰਿਵਾਰ ਨੇ ਲੜਾਈ ਲੜੀ। ਸਰਦਾਰ ਸੁਰਜੀਤ ਸਿੰਘ ਕੋਆਪਰੇਸ਼ਨ ਮਨਿਸਟਰ ਵੀ ਰਹੇ ਸਨ। ਉਨ੍ਹਾਂ ਨੇ ਅਕਾਲੀ ਮਨਿਸਟਰੀ ਵਿਚ ਵੀ ਆਪਣੀ ਯੋਗਤਾ ਦਾ ਪੂਰਾ ਸਬੂਤ ਦੇ ਕੇ ਪੰਜਾਬ ਦੀ ਸਿਆਸਤ ਵਿਚ ਯੋਗਦਾਨ ਪਾਇਆ ਸੀ। ਮੈਂ ਸਮਝਦਾ ਹਾਂ ਕਿ ਇਹੋ ਜਿਹੀ ਸ਼ਖਸੀਅਤ ਦੇ ਪੰਜਾਬ ਵਿਚੋਂ ਚਲੇ ਜਾਣ ਨਾਲ ਸਾਰੇ ਪੰਜਾਬ ਨੂੰ ਅਤੇ ਸਾਰੇ ਹਿੰਦੁਸਤਾਨ ਨੂੰ ਬੜਾ ਦੁੱਖ ਹੋਇਆ ਹੈ। ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਦੇ ਪਰਿਵਾਰ ਦੇ ਦੁੱਖ ਵਿਚ ਸ਼ਾਮਿਲ ਹੁੰਦਾ ਹਾਂ ਅਤੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ।

ਸਪੀਕਰ ਸਾਹਿਬ, ਸਰਦਾਰ ਜਸਵਿੰਦਰ ਸਿੰਘ ਬਰਾੜ ਆਪੋਜ਼ੀਸ਼ਨ ਦੇ ਲੀਡਰ ਰਹੇ ਸਨ। ਉਹ ਮਹਾਨਤਾ ਵਾਲੇ ਵਿਚਾਰ ਧਾਰਾ ਦੇ ਸਨ। ਉਹ ਕੋਆਪਰੇਸ਼ਨ ਮਨਿਸਟਰ ਵੀ ਰਹੇ ਸਨ। ਉਨ੍ਹਾਂ ਨੇ ਆਪਣਾ ਸਿਆਸੀ ਜੀਵਨ ਸਟੂਡੈਂਟ ਲਾਈਫ ਤੋਂ ਹੀ ਸ਼ੁਰੂ ਕੀਤਾ ਸੀ। ਉਨ੍ਹਾਂ ਨੇ ਸਿਆਸਤ ਵਿਚ ਬੜਾ ਹੀ ਸੁਚੱਜਾ ਰੋਲ ਪਲੇਅ ਕੀਤਾ ਸੀ। ਮੈਨੂੰ ਯਾਦ ਹੈ ਕਿ ਸਰਦਾਰ ਜਸਵਿੰਦਰ ਸਿੰਘ ਬਰਾੜ ਨੇ ਉਸ ਵੇਲੇ ਅਕਾਲੀ ਸਿਆਸਤ ਵਿਚ ਬੜਾ ਰੋਲ ਪਲੇਅ ਕੀਤਾ ਜਦੋਂ ਸੀ.ਐਮ. ਸਾਹਿਬ ਨੇ ਦਿੱਲੀ ਤੋਂ ਆਪਣੀ ਖਾਤਰ ਕੰਮ ਕਰਨ ਲਈ ਕਿਹਾ। ਉਹ ਸੈਕੂਲਰ ਖਿਆਲਾਤ ਦੇ ਸਨ। ਭਾਵੇਂ ਉਹ ਅਕਾਲੀ ਦਲ ਵਿਚ ਰਹੇ ਸਨ ਪਰ ਉਹ ਸੈਕੂਲੇਰਿਜ਼ਮ ਦੇ ਹਾਮੀ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ।

ਸਪੀਕਰ ਸਾਹਿਬ, ਸਰਦਾਰ ਗੁਰਦਿੱਤ ਸਿੰਘ, ਸ਼ੁਰੂ ਤੋਂ ਹੀ ਕਾਂਗਰਸ ਪਾਰਟੀ ਦੇ ਮੈਂਬਰ ਰਹੇ ਸਨ। ਉਹ ਮਿਊਨਸਿਪਲ ਕਮੇਟੀ ਵਿਚ ਮਿਊਨਸਿਪਲ ਕਮਿਸ਼ਨਰ ਰਹੇ ਸਨ ਅਤੇ ਵਾਈਸ ਪ੍ਰੈਜ਼ੀਡੈਂਟ ਵੀ ਰਹੇ ਸਨ। ਸਪੀਕਰ ਸਾਹਿਬ, ਇਹ ਤਿੰਨੇ ਸ਼ਖਸੀਅਤਾਂ ਅੱਜ ਸਾਡੇ ਵਿਚੋਂ ਵਿਛੜ ਗਈਆਂ ਹਨ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਸ ਦੁੱਖ ਵਿਚ ਸ਼ਾਮਿਲ ਹੁੰਦਾ ਹਾਂ। ਸੀ.ਐਮ. ਸਾਹਿਬ ਨੇ ਜੋ ਪ੍ਰਸਤਾਵ ਰਖਿਆ ਹੈ, ਉਨ੍ਹਾਂ ਦੇ ਪਰਿਵਾਰ ਦੇ ਦੁੱਖ ਵਿਚ ਮੈਂ ਸ਼ਾਮਿਲ ਹੁੰਦਾ ਹਾਂ।

**ਕਾਮਰੇਡ ਬਲਦੇਵ ਸਿੰਘ ਬਲਮਗੜ੍ਹ (ਮਲੋਟ, ਐਸ. ਸੀ.)** : ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਸਾਡੇ ਵਿਚੋਂ, ਇਸ ਪਵਿੱਤਰ ਹਾਊਸ ਦੇ ਤਿੰਨ ਅਹਿਮ ਮੈਂਬਰ ਜਿਨ੍ਹਾਂ ਨੇ ਇਥੇ ਬੜਾ ਯੋਗ ਹਿੱਸਾ ਪਾਇਆ ਹੈ, ਉਹ ਵਿਛੜ ਗਏ ਹਨ। ਇਨ੍ਹਾਂ ਵਿਚੋਂ ਸਰਦਾਰ ਸੁਰਜੀਤ ਸਿੰਘ ਜਿਹੜੇ ਕਿ ਸਾਡੇ ਕੋਆਪਰੇਸ਼ਨ ਮਨਿਸਟਰ ਰਹੇ ਔਰ ਜੋ ਕਿ ਸਰਦਾਰ ਬਲਦੇਵ ਸਿੰਘ, ਸਾਡੇ ਜਿਹੜੇ ਹਿੰਦੁਸਤਾਨ ਦੇ ਪਹਿਲੇ ਡਿਫੈਂਸ ਮਨਿਸਟਰ ਸਨ, ਉਨ੍ਹਾਂ ਦੇ ਲੜਕੇ ਸੀ, ਉਨ੍ਹਾਂ ਨੇ ਆਪਣੇ ਢੰਗ ਨਾਲ, ਆਪਣੀ ਸੋਚ ਦੇ ਮੁਤਾਬਿਕ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਬਲਮਗੜ੍ਹ]

ਆਪਣੀ ਪਾਰਟੀ ਵਿਚ ਰਹਿ ਕੇ ਪੰਜਾਬ ਦੀ ਸੇਵਾ ਕੀਤੀ ਅਤੇ ਸਾਡੇ ਹਿੰਦੁਸਤਾਨ ਦੀ ਏਕਤਾ ਅਤੇ ਅਖੰਡਤਾ ਦੀ ਖਾਤਿਰ ਜਿਹੜੀਆਂ ਇਸ ਪਰਿਵਾਰ ਨੇ ਕੁਰਬਾਨੀਆਂ ਕੀਤੀਆਂ, ਇਹੋ ਜਿਹੇ ਸਮੇਂ ਵਿੱਚ ਜਦੋਂ ਕਿ ਸਾਡੇ ਦੇਸ਼ ਨੂੰ ਬਹੁਤ ਜ਼ਿਆਦਾ ਲੋੜ ਹੈ ਪਰਪੱਕ ਅਤੇ ਸੈਕੂਲਰ ਸਿਆਸਤਦਾਨਾਂ ਦੀ ਉਸ ਸਮੇਂ ਸਰਦਾਰ ਸੁਰਜੀਤ ਸਿੰਘ ਹੋਰਾਂ ਦਾ ਵਿਛੋੜਾ ਬਹੁਤ ਦੁਖਦਾਈ ਹੈ। ਮੈਂ ਉਨ੍ਹਾਂ ਨੂੰ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੋਇਆ ਉਨ੍ਹਾਂ ਦੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੁੰਦਾ ਹਾਂ।

ਇਸੇ ਤਰ੍ਹਾਂ ਸਰਦਾਰ ਜਸਵਿੰਦਰ ਸਿੰਘ ਬਰਾੜ, ਜਿਨ੍ਹਾਂ ਨੇ ਕਮਿਊਨਿਸਟ ਲਹਿਰ ਤੋਂ ਆਪਣਾ ਸਿਆਸੀ ਜੀਵਨ ਸ਼ੁਰੂ ਕੀਤਾ ਅਤੇ ਸਟੂਡੈਂਟਸ ਫੈਡਰੇਸ਼ਨ ਵਿੱਚ ਕੰਮ ਕਰਦਿਆਂ ਜਿਹੜੀ ਕਿ ਸੈਕੂਲਰ ਵਿਚਾਰਾਂ ਦੀ ਜਥੇਬੰਦੀ ਹੈ, ਆਪਣੀ ਪਾਰਟੀ ਵਿੱਚ ਗਿਆਨੀ ਜ਼ੈਲ ਸਿੰਘ ਹੋਰਾਂ ਦੀ ਮਨਿਸਟਰੀ ਵੇਲੇ ਆਪੋਜ਼ੀਸ਼ਨ ਦੇ ਆਗੂ ਰਹੇ ਅਤੇ ਸਦਾ ਸੈਕੂਲਰ ਵਿਚਾਰਧਾਰਾ ਦੇ ਬਾਨੀ ਰਹੇ। ਸਪੀਕਰ ਸਾਹਿਬ, ਮੈਨੂੰ ਯਾਦ ਆਉਂਦਾ ਹੈ ਕਿ ਜਦੋਂ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਮਨਿਸਟਰੀ ਵੇਲੇ ਨਰਮੇ ਦਾ ਭਾਅ ਬੜਾ ਡਿੱਗ ਗਿਆ ਸੀ, ਮੈਂ ਗੌਰਮਿੰਟ ਕਾਲਜ ਮੁਕਤਸਰ ਵਿਚ ਹੁੰਦਾ ਸੀ। ਅਸੀਂ ਸਾਰਿਆਂ ਨੇ ਮੰਡੀਆਂ ਵਿਚ ਮੁਜ਼ਾਹਰੇ ਕਰਨ ਦਾ ਫੈਸਲਾ ਕੀਤਾ। ਉਸ ਵੇਲੇ ਕੋਟਕਪੂਰੇ ਦੀ ਮੰਡੀ ਵਿੱਚ ਸਰਦਾਰ ਜਸਵਿੰਦਰ ਸਿੰਘ ਬਰਾੜ ਨੇ ਕਿਹਾ ਸੀ ਕਿ ਬੇਸ਼ਕ ਮੇਰੀ ਪਾਰਟੀ ਅਕਾਲੀ ਪਾਰਟੀ ਹੈ ਪਰ ਕਿਉਂਕਿ ਮੈਂ ਕਿਸਾਨਾਂ ਦੀਆਂ ਮੰਗਾਂ ਨਾਲ ਸਹਿਮਤ ਹਾਂ, ਇਸ ਲਈ ਮੈਂ ਜਲਸੇ ਵਿਚ ਬੋਲਾਂਗਾਂ। ਉਹ ਇਸ ਤਰ੍ਹਾਂ ਦੇ ਨਿਡਰ ਲੀਡਰ ਸੀ। ਉਹ ਆਪਣੀ ਪਰਪੱਕ ਸੋਚਣੀ ਤੇ ਕਾਇਮ ਰਹੇ। ਜਿਸ ਤਰ੍ਹਾਂ ਦੀਆਂ ਹਵਾਵਾਂ ਪਿਛਲੇ ਸਮੇਂ ਵਿਚ ਬਹੁਤ ਸਾਰੀਆਂ ਪਾਰਟੀਆਂ ਤੇ ਵਗੀਆਂ ਤੇ ਉਹ ਆਪਣੀ ਸੋਚ ਛੱਡ ਗਈਆਂ ਅਤੇ ਧਾਰਮਿਕ ਸੋਚਣੀ ਵਾਲੇ ਪਾਸੇ ਉਹ ਚਲੀਆਂ ਗਈਆਂ, ਪਰ ਸਰਦਾਰ ਜਸਵਿੰਦਰ ਸਿੰਘ ਬਰਾੜ ਨੇ ਸਦਾ ਸੈਕੂਲਰ ਸੋਚਣੀ ਦਾ ਹੀ ਸਾਥ ਦਿੱਤਾ। ਮੈਂ ਉਨ੍ਹਾਂ ਨੂੰ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੋਇਆ ਉਨ੍ਹਾਂ ਦੇ ਪਰਿਵਾਰ ਦੇ ਦੁੱਖ ਨਾਲ ਹਮਦਰਦੀ ਪ੍ਰਗਟਾਉਂਦਾ ਹਾਂ।

ਇਸੇ ਤਰ੍ਹਾਂ ਸਰਦਾਰ ਗੁਰਦਿੱਤ ਸਿੰਘ ਜੀ ਹੋਰਾਂ ਦਾ ਨਾਂ ਆਇਆ ਹੈ। ਉਹ ਕਾਂਗਰਸ ਦੇ ਵਰਕਰ ਰਹੇ। ਉਹ ਥਲਿਉਂ ਉਠ ਕੇ ਮਿਉਨਿਸਿਪਲ ਕਮਿਸ਼ਨਰ ਬਣੇ ਅਤੇ ਫੇਰ ਐਮ.ਐਲ.ਏ. ਬਣਕੇ ਆਪਣੀ ਪਾਰਟੀ ਦੇ ਅੰਦਰ ਲਗਾਤਾਰ ਸੇਵਾ ਕਰਦੇ ਰਹੇ। ਉਨ੍ਹਾਂ ਦਾ ਵਿਛੋੜਾ ਵੀ ਦੁਖਦਾਈ ਹੈ ਉਸ ਮੌਕੇ ਤੇ ਜਦੋਂ ਕਿ ਦੇਸ਼ ਨੂੰ ਸੈਕੂਲਰ ਸੋਚ ਵਾਲੇ ਬੰਦਿਆਂ ਦੀ ਲੋੜ ਹੈ, ਉਸ ਸਮੇਂ ਉਨ੍ਹਾਂ ਦਾ ਵਿਛੜ ਜਾਣਾ ਹੋਰ ਵੀ ਦੁਖਦਾਈ ਹੋ ਜਾਂਦਾ ਹੈ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਦੇ ਪਰਿਵਾਰ ਦੇ ਦੁਖ ਵਿੱਚ ਸ਼ਾਮਿਲ ਹੁੰਦਾ ਹੋਇਆ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਜਿਹੜਾ ਮਤਾ ਸੀ.ਐਮ. ਸਾਹਿਬ ਨੇ ਪੇਸ਼ ਕੀਤਾ ਹੈ, ਉਹ ਪਾਸ ਹੋ ਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਜਾਵੇ, ਮੈਂ ਇਸ ਨਾਲ ਸਹਿਮਤ ਹਾਂ। ਧੰਨਵਾਦ।

**ਸਰਦਾਰ ਸੁਰਜਨ ਸਿੰਘ (ਜੋਗਾ)** : ਮਾਨਯੋਗ ਸਪੀਕਰ ਸਾਹਿਬ, ਜੋ ਇਹ ਮਹਾਨ ਵਿਅਕਤੀ ਸਾਡੇ ਵਿਚੋਂ ਸਦਾ ਲਈ ਚਲਾਣਾ ਕਰ ਗਏ ਹਨ, ਜਿਨ੍ਹਾਂ ਵਿਚ ਸਰਦਾਰ ਸੁਰਜੀਤ ਸਿੰਘ, ਸਾਬਕਾ ਕੋਆਪ-ਰੇਸ਼ਨ ਮਨਿਸਟਰ, ਸਰਦਾਰ ਜਸਵਿੰਦਰ ਸਿੰਘ ਬਰਾੜ, ਸਾਬਕਾ ਸਹਿਕਾਰਤਾ ਮੰਤਰੀ ਅਤੇ ਸਰਦਾਰ ਗੁਰਦਿੱਤ ਸਿੰਘ, ਸਾਬਕਾ ਐਮ.ਐਲ.ਏ ਸ਼ਾਮਿਲ ਹਨ ਇਨ੍ਹਾਂ ਮਹਾਨ ਵਿਅਕਤੀਆਂ ਨੇ ਸਾਡੇ ਦੇਸ਼ ਲਈ ਜੋ ਚੰਗੇ ਕੰਮ ਕੀਤੇ ਉਹ ਸਾਡੇ ਸਭ ਦੇ ਸਾਹਮਣੇ ਹਨ। ਪਰ ਇਸ ਦੇ ਨਾਲ ਹੀ ਮੈਂ ਅੱਜ ਹਾਊਸ ਦੇ ਸਾਹਮਣੇ ਇਹ ਵਿਚਾਰ ਵੀ ਪ੍ਰਗਟ ਕਰਦਾ ਹਾਂ ਕਿ ਜੋ ਕਾਰਜ ਇਹ ਮਹਾਨ ਵਿਅਕਤੀ ਅਧੂਰੇ ਛੱਡ ਗਏ

Original with;
Punjab Vidhan Sabha
Digitized by;
Panjab Digital Library

ਹਨ, ਸਾਡੀ ਸਭ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਨ੍ਹਾਂ ਨੂੰ ਪੂਰਾ ਕਰੀਏ। ਫੇਰ ਹੀ ਉਨ੍ਹਾਂ ਨੂੰ ਸੱਚੀ ਸੱਚੀ ਸ਼ਰਧਾਂਜਲੀ ਭੇਂਟ ਕੀਤੀ ਜਾ ਸਕਦੀ ਹੈ। ਮੈਂ ਆਪਣੇ ਵਲੋਂ ਔਰ ਆਪਣੀ ਪਾਰਟੀ ਇੰਡੀਅਨ ਪੀਪਲਜ਼ ਫਰੰਟ ਵਲੋਂ ਇਨ੍ਹਾਂ ਪਵਿੱਤਰ ਵਿਅਕਤੀਆਂ ਦੇ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹੁੰਦਾ ਹਾਂ ਅਤੇ ਮੁੱਖ ਮੰਤਰੀ ਸਾਹਿਬ ਨੇ ਜੋ ਮਤਾ ਇਥੇ ਰਖਿਆ ਹੈ, ਉਸ ਨਾਲ ਸਹਿਮਤ ਹੁੰਦਾ ਹੋਇਆ ਅਤੇ ਵਿਛੜੀਆਂ ਸ਼ਖਸੀਅਤਾਂ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹੋਇਆ ਆਪਣੀ ਥਾਂ ਲੈਂਦਾ ਹਾਂ।

**ਸਰਦਾਰ ਰਵਿੰਦਰ ਸਿੰਘ ਸੰਧੂ ਬੱਬਲ (ਫਿਰੋਜ਼ਪੁਰ ਛਾਉਣੀ) :** ਸਤਿਕਾਰਯੋਗ ਸਪੀਕਰ ਸਾਹਿਬ, ਇਸ ਸੈਸ਼ਨ ਦੇ ਥੋੜ੍ਹੇ ਦਿਨਾਂ ਦੇ ਦਰਮਿਆਨ ਸਾਡੇ ਵਿਚੋਂ ਸਾਡੇ ਵਿਧਾਨ ਸਭਾ ਦੇ ਤਿੰਨ ਮੈਂਬਰ ਸਾਹਿਬਾਨ ਵਿਛੱੜ ਕੇ ਚਲੇ ਗਏ। ਇਨ੍ਹਾਂ ਦੇ ਸਾਡੇ ਵਿਚੋਂ ਚਲੇ ਜਾਣ ਨਾਲ ਸਾਡੀ ਸਟੇਟ ਅਤੇ ਉਨ੍ਹਾਂ ਦੇ ਇਲਾਕਿਆਂ ਨੂੰ ਬੜਾ ਭਾਰੀ ਘਾਟਾ ਮਹਿਸੂਸ ਹੁੰਦਾ ਹੈ। ਮੈਂ ਇਨ੍ਹਾਂ ਤਿੰਨ ਮੈਂਬਰ ਸਾਹਿਬਾਨ ਦੇ ਪਰਿਵਰਾਂ ਨਾਲ ਆਪਣੇ ਵਲੋਂ ਹਮਦਰਦੀ ਪ੍ਰਗਟ ਕਰਦਾਂ ਹਾਂ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਇਨ੍ਹਾਂ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਜੈ ਹਿੰਦ।

**ਸ੍ਰੀ ਸਪੀਕਰ :** "ਜੋ ਬਾਅਦਾਕਸ਼ ਥੇ ਪੁਰਾਣੇ, ਵੋ ਉਠਤੇ ਜਾਤੇ ਹੈਂ,
ਕਹੀਂ ਸੇ ਲੇ ਆਯੋ ਆਬਬਕਾਏ ਦਮਾਮ ਲਾ ਸਾਕੀ"

ਥੋੜ੍ਹੇ ਸਮੇਂ ਦੇ ਦੌਰਾਨ ਹੀ ਸਿਆਸੀ ਤੌਰ ਤੇ ਮੰਨੀਆਂ ਪ੍ਰਮੰਨੀਆਂ ਤਿੰਨ ਸ਼ਖਸੀਅਤਾਂ ਸਾਡੇ ਵਿਚ ਮੌਜੂਦ ਨਹੀਂ ਰਹੀਆਂ। ਉਨ੍ਹਾਂ ਦੇ ਚਲੇ ਜਾਣ ਨਾਲ ਪੈਦਾ ਹੋਇਆ ਖਲਾਅ ਅਸੀਂ ਸਾਰੇ ਮਹਿਸੂਸ ਕਰਦੇ ਹਾਂ। ਜਜ਼ਬਾਤੀ ਤੌਰ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਸੀ.ਐਮ. ਸਾਹਿਬ ਨੇ ਔਰ ਆਪੋਜ਼ੀਸ਼ਨ ਪਾਰਟੀਆਂ ਦੇ ਲੀਡਰ ਸਾਹਿਬਾਨ ਨੇ ਭੇਂਟ ਕੀਤੇ ਹਨ। ਮੈਂ ਵੀ ਉਸ ਵਿਚ ਸ਼ਾਮਿਲ ਹੁੰਦਾ ਹਾਂ।

ਸਰਦਾਰ ਸੁਰਜੀਤ ਸਿੰਘ ਬੜੇ ਮੰਨੇ ਪ੍ਰਮੰਨੇ ਸਿਆਸੀ ਤੌਰ ਤੇ ਜਿਹੜੇ ਪਰਿਵਾਰ ਸਨ, ਉਨ੍ਹਾਂ ਦੇ ਨਾਲ ਸਬੰਧਤ ਸਨ। ਉਹ ਪੰਜਾਬ ਵਿਧਾਨ ਸਭਾ ਦੇ ਮੈਂਬਰ ਵੀ ਰਹੇ ਅਤੇ ਕੋਅਪ੍ਰੇਸ਼ਨ ਦੇ ਮਨਿਸਟਰ ਵੀ ਰਹੇ। ਉਨ੍ਹਾਂ ਬਹੁਤ ਅੱਛੇ ਢੰਗ ਨਾਲ ਕੋਆਪ੍ਰੇਟਿਵ ਮੂਵਮੈਂਟ ਵਿਚ ਹਿੱਸਾ ਪਾਇਆ।

ਇਸੇ ਤਰ੍ਹਾਂ ਹੀ ਸਰਦਾਰ ਜਸਵਿੰਦਰ ਸਿੰਘ ਬਰਾੜ ਸਨ। ਮੈਨੂੰ ਉਨ੍ਹਾਂ ਨਾਲ 1972 ਤੋਂ 1977 ਤੱਕ 5 ਸਾਲ ਕੰਮ ਕਰਨ ਦਾ ਮੌਕਾ ਮਿਲਿਆ, ਜਦੋਂ ਗਿਆਨੀ ਜ਼ੈਲ ਸਿੰਘ ਜੀ ਚੀਫ ਮਨਿਸਟਰ ਸਨ। ਆਪੋਜ਼ੀਸ਼ਨ ਦੇ ਲੀਡਰ ਦੇ ਤੌਰ ਤੇ ਜਿਹੜਾ ਰੋਲ ਉਦੋਂ ਉਨ੍ਹਾਂ ਨਿਭਾਇਆ, ਉਹ ਵਾਕਈ ਸ਼ਲਾਘਾਯੋਗ ਸੀ ਔਰ ਉਨ੍ਹਾਂ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਕਮ ਹੈ।

ਸਰਦਾਰ ਗੁਰਦਿੱਤ ਸਿੰਘ, ਸਾਬਕਾ ਐਮ.ਐਲ.ਏ. ਨੂੰ ਆਤਿਸ਼ਬਾਜ਼ ਕਹਿੰਦੇ ਸਨ। ਉਨ੍ਹਾਂ ਨਾਲ ਵੀ ਮੈਨੂੰ 1972 ਤੋਂ 1977 ਤੱਕ ਕੰਮ ਕਰਨ ਦਾ ਮੌਕਾ ਮਿਲਿਆ ਸੀ। ਬੜੇ ਨਿੱਘੇ ਸੁਭਾਅ ਅਤੇ ਇਮਾਨਦਾਰ ਸ਼ਖਸੀਅਤ ਦੇ ਉਹ ਮਾਲਕ ਸਨ। ਜਦੋਂ ਕਦੀ ਉਨ੍ਹਾਂ ਨੂੰ ਪੁਛਿਆ ਜਾਂਦਾ ਸੀ ਕਿ ਤੁਹਾਨੂੰ 'ਅਤਿਸ਼ਬਾਜ਼' ਕਿਉਂ ਕਿਹਾ ਜਾਂਦਾ ਹੈ ਤਾਂ ਬੜੀ ਮਸੂਮੀਅਤ ਅਤੇ ਹਾਸੇ ਨਾਲ ਜਵਾਬ ਦਿੰਦੇ ਹੁੰਦੇ ਸਨ ਕਿ ਮੈਨੂੰ ਆਤਿਸ਼ਬਾਜ਼ ਇਸ ਕਰਕੇ ਕਿਹਾ ਜਾਂਦਾ ਹੈ ਕਿ ਮੈਂ ਅੱਗ ਨਾਲ ਖੇਡ ਸਕਦਾ ਹਾਂ ਅਤੇ ਅੱਗ ਦੇ ਦਰਿਆ ਵਿਚੋਂ ਫੁੱਲ ਪਦਾ ਕਰ ਸਕਦਾ ਹਾਂ, ਇਸ ਵਾਸਤੇ ਮੇਰਾ ਨਾਂ 'ਆਤਿਸ਼ਬਾਜ਼' ਹੈ। ਉਨ੍ਹਾਂ ਦੀ ਇਹ ਗੱਲ ਵਾਕਈ ਠੀਕ ਸੀ। ਉਨ੍ਹਾਂ ਦੀ ਆਤਿਸ਼ਬਾਜ਼ੀ ਦੀ ਫੈਕਟਰੀ ਸੀ। ਉਨ੍ਹਾਂ ਨੇ ਐਸੀਆਂ ਚੀਜ਼ਾਂ ਪੈਦਾ ਕੀਤੀਆਂ ਜਿਨ੍ਹਾਂ ਕਰਕੇ ਸਾਰਾ ਅੰਮ੍ਰਿਤਸਰ ਜ਼ਿਲ੍ਹਾ ਉਨ੍ਹਾਂ ਨੂੰ ਮੰਨਦਾ ਹੈ। ਉਹ ਮਿਊਂਸਿਪਲ ਕਮੇਟੀ ਦੇ ਵਾਈਸ ਪ੍ਰੈਜ਼ੀਡੈਂਟ ਵੀ ਰਹੇ। ਪੰਜਾਬ ਦੀ ਸਿਆਸਤ ਵਿਚ ਉਨ੍ਹਾਂ ਦਾ ਬੜਾ ਯੋਗਦਾਨ ਸੀ।

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਮੈਂ ਇਨ੍ਹਾਂ ਤਿੰਨਾਂ ਸ਼ਖਸੀਅਤਾਂ ਨੂੰ ਹਾਰਦਿਕ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਔਰ ਸੀ.ਐਮ. ਸਾਹਿਬ ਦੀ ਇਸ ਤਜਵੀਜ਼ ਨਾਲ ਸੌ ਫੀਸਦੀ ਇਤਫਾਕ ਕਰਦਾ ਹਾਂ ਕਿ ਅਸੀਂ ਸਾਰੇ ਆਪੋ ਆਪਣੀਆਂ ਸੀਟਾਂ ਤੇ ਖਲੋ ਕੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰੀਏ ਅਤੇ ਉਨ੍ਹਾਂ ਦੁਖੀ ਪਰਿਵਾਰਾਂ, ਜਿਨ੍ਹਾਂ ਨੂੰ ਇਹ ਵਿਛੋੜੇ ਮਿਲੇ ਹਨ, ਤੱਕ ਆਪਣੀ ਹਮਦਰਦੀ ਪ੍ਰਗਟਾਉਣ ਲਈ ਇਕ ਰੈਜ਼ੋਲੂਸ਼ਨ ਪਾਸ ਕਰੀਏ।

(ਇਸ ਉਪਰੰਤ ਸਮੁੱਚੇ ਸਦਨ ਦੇ ਸਮੂਹ ਮੈਂਬਰ ਸਾਹਿਬਾਨ ਆਪੋ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ ਅਤੇ ਦੋ ਮਿੰਟ ਲਈ ਮੌਨ ਧਾਰਨ ਕੀਤਾ)।

---

**ਸ੍ਰੀ ਸਪੀਕਰ :** ਹੁਣ ਅਸੀਂ ਰੂਲ 28 ਥੱਲੇ ਸਭ ਤੋਂ ਪਹਿਲਾਂ ਪੋਸਟਪੋਨਡ (ਮੁਲਤਵੀ ਕੀਤੇ ਗਏ) ਜੋ ਸਵਾਲ ਹਨ, ਉਨ੍ਹਾਂ ਨੂੰ ਟੇਕ-ਅੱਪ ਕਰਾਂਗੇ।

---

## POSTPONED STARRED QUESTIONS AND ANSWERS

### ਅਧਿਆਪਕਾਂ ਰਾਹੀਂ ਵਿਦਿਆਰਥੀਆਂ ਨੂੰ ਪੁਸਤਕਾਂ ਦੀ ਸਪਲਾਈ

*857. **ਡਾਕਟਰ ਰਮੇਸ਼ ਦੱਤ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਕੂਲਾਂ ਵਿਚ ਅਧਿਆਪਕਾਂ ਰਾਹੀਂ ਵਿਦਿਆਰਥੀਆਂ ਨੂੰ ਪੁਸਤਕਾਂ ਦੀ ਸਪਲਾਈ ਕਰਨ ਲਈ ਸਾਲ 1992-93 ਵਿਚ ਰਾਜ ਵਿਚ ਇਕ ਸਕੀਮ ਸ਼ੁਰੂ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਜ਼ਿਲ੍ਹਾ ਰੋਪੜ ਵਿਚ ਇਸ ਕੰਮ ਲਈ ਸਕੂਲ-ਵਾਰ ਅਤੇ ਅਧਿਆਪਕ-ਵਾਰ ਹੁਣ ਤੱਕ ਦਿੱਤੇ ਗਏ ਕਮਿਸ਼ਨ ਦੀ ਰਕਮ ਕਿੰਨੀ ਕਿੰਨੀ ਹੈ ?

**ਸ੍ਰੀ ਹਰਨਾਮ ਦਾਸ ਜੌਹਰ :** ਹਾਂ ਜੀ ਜ਼ਿਲ੍ਹਾ ਰੋਪੜ ਵਿਚ ਸਕੂਲ ਵਾਰ ਅਤੇ ਅਧਿਆਪਕ-ਵਾਰ ਦਿੱਤੇ ਗਏ ਕਮਿਸ਼ਨ ਦਾ *ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

**ਡਾਕਟਰ ਰਮੇਸ਼ ਦੱਤ :** ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਜਿਹੜਾ ਪਿਛਲੇ ਸਾਲ ਅਧਿਆਪਕਾਂ ਦੇ ਰਾਹੀਂ ਸਕੂਲਾਂ ਵਿੱਚ ਕਿਤਾਬਾਂ ਵੰਡਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ, ਜਿਹੜੀ ਇਹ ਸਰਕਾਰ ਦੀ ਪਾਲਿਸੀ ਹੈ, ਉਸਦੇ ਕੀ ਕਾਰਨ ਸਨ ਕਿ ਇਹ ਪਾਲਿਸੀ ਅੱਜ ਬੰਦ ਕਰ ਦਿੱਤੀ ਗਈ ਹੈ ?

**ਮੰਤਰੀ :** ਸਪੀਕਰ ਸਾਹਿਬ, ਜਦੋਂ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਆਈ ਉਸ ਵਕਤ ਐਜੂਕੇਸ਼ਨ ਬੋਰਡ ਅਤੇ ਬੁੱਕ ਸੈਲਰਜ਼ ਵਿਚਕਾਰ ਝਗੜਾ ਚਲਦਾ ਸੀ। ਬੁੱਕ ਸੈਲਰਜ਼ ਨੇ ਇਹ ਫੈਸਲਾ ਕੀਤਾ ਸੀ ਕਿ ਅਸੀਂ ਕਿਤਾਬਾਂ ਚੁੱਕਣੀਆਂ ਨਹੀਂ ਔਰ ਉਨ੍ਹਾਂ ਨੇ ਸਟਰਾਈਕ ਕੀਤੀ ਹੋਈ ਸੀ, ਵਕਤ ਗੁਜ਼ਰ ਰਿਹਾ ਸੀ, ਇਸ ਕਰਕੇ ਸਰਕਾਰ ਨੇ ਬਿਹਤਰ ਸਮਝਿਆ ਕਿ ਬੱਚਿਆਂ ਤੱਕ ਜਲਦੀ ਕਿਤਾਬਾਂ ਪਹੁੰਚਾਉਣ ਦਾ ਇਹੀ ਢੰਗ ਹੈ ਕਿ ਆਪਣੇ ਟੀਚਰਾਂ ਰਾਹੀਂ ਕਿਤਾਬਾਂ ਪਹੁੰਚਾ ਦਿੱਤੀਆਂ ਜਾਣ ਔਰ ਜੋ ਕਮਸ਼ਿਨ 10 ਫੀਸਦੀ ਪਹਿਲਾਂ ਬੁੱਕ ਸੈਲਰਜ਼ ਨੂੰ ਦਿੱਤਾ ਜਾਂਦਾ ਸੀ ਉਹੀ ਸਕੂਲਾਂ ਨੂੰ ਦੇ ਦਿੱਤਾ ਜਾਵੇ ਜਿਸ ਵਿਚ 8 ਫੀਸਦੀ ਸਕੂਲਾਂ ਦੀ ਮੇਨਟੀਨੈਂਸ ਔਰ ਵੈਲਫੇਅਰ ਲਈ ਔਰ ਬਾਕੀ ਦਾ 2 ਫੀਸਦੀ ਉਸ ਟੀਚਰ ਨੂੰ ਜਿਹੜਾ ਇਹ ਕਿਤਾਬਾਂ ਵੰਡਣ ਦਾ ਕੰਮ ਕਰੇਗਾ ਉਸ ਨੂੰ ਦਿੱਤਾ ਜਾਵੇਗਾ। ਪਰ ਅੱਗੇ ਤੋਂ ਇਹ ਸਕੀਮ ਬੰਦ ਹੈ ਕਿਉਂਕਿ ਬੁੱਕ ਸੈਲਰਜ਼ ਔਰ ਬੋਰਡ ਦਾ ਆਪਸ ਵਿਚ ਫੈਸਲਾ ਹੋ ਗਿਆ ਹੈ।

---

*Placed in the Library.

Original with;
Punjab Vidhan Sabha
Digitized by;
Punjab Digital Library

**ਡਾਕਟਰ ਰਮੇਸ਼ ਦੱਤ :** ਮਾਨਯੋਗ ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਪਿਛਲੇ ਸਾਲ ਬੁੱਕ ਸੇਲਰਜ਼ ਔਰ ਬੋਰਡ ਦਾ ਆਪਸ ਵਿਚ ਝਗੜਾ ਸੀ, ਮੈਨੂੰ ਯਾਦ ਹੈ ਉਸ ਵੇਲੇ ਇਸ ਹਾਊਸ ਵਿਚ ਇਹ ਗੱਲ ਉਠਾਈ ਗਈ ਸੀ ਕਿ ਬੁੱਕ ਸੇਲਰਜ਼ ਕਿਤਾਬਾਂ ਚੁੱਕਣ ਨੂੰ ਤਿਆਰ ਨਹੀਂ ਸਨ। ਉਸ ਵੇਲੇ ਵੀ ਇਹੀ ਕਾਰਨ ਦੱਸਿਆ ਗਿਆ ਸੀ ਜਿਹੜਾ ਇਨ੍ਹਾਂ ਨੇ ਹੁਣ ਦੱਸਿਆ ਹੈ ਕਿ ਸਕੂਲ ਦੀ ਡੀਵੈਲਪਮੈਂਟ ਵਾਸਤੇ ਵੰਡੀਆਂ ਜਾਣੀਆਂ ਚਾਹੀਦੀਆਂ ਹਨ, ਇਸ ਕਰਕੇ ਸਰਕਾਰ ਨੇ ਇਹ ਪਾਲਿਸੀ ਚਾਲੂ ਕੀਤੀ ਹੈ। ਮੇਰੇ ਕੋਲ ਇਕ ਜ਼ਿਲ੍ਹੇ ਦੇ ਅੰਕੜੇ ਆਏ ਹਨ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ 10 ਪ੍ਰਤੀਸ਼ਤ ਕਮਿਸ਼ਨ ਦਿੱਤਾ ਹੈ, ਜਿਨਾਂ ਟੀਚਰਾਂ ਨੇ ਇਹ ਕਿਤਾਬਾਂ ਵੰਡਣ ਦਾ ਕੰਮ ਕੀਤਾ ਉਸ ਅਨੁਸਾਰ ਇਕ ਹਿੰਦੀ ਟੀਚਰ ਨੂੰ, ਸੋਸ਼ਲ ਸਟੱਡੀਜ਼ ਟੀਚਰ, ਲੈਕਚਰਾਰਜ਼ ਨੂੰ ਇਹ ਕਮਿਸ਼ਨ ਦੇ ਤੌਰ ਤੇ ਕਿਸੇ ਨੂੰ 64 ਪੈਸੇ, ਕਿਸੇ ਨੂੰ 86 ਪੈਸੇ, ਕਿਸੇ ਨੂੰ ਇਕ ਰੁਪਿਆ ਕਿਸੇ ਨੂੰ ਦੋ ਰੁਪਏ, ਕਿਸੇ ਨੂੰ 3 ਰੁਪਏ 85 ਪੈਸੇ ਮਿਲੇ ਹਨ। ਜਿਹੜੇ ਮਾਸਟਰਾਂ ਨੇ ਬੱਚਿਆਂ ਨੂੰ ਪੜ੍ਹਾਉਣਾ ਸੀ। ਉਹ ਤਿੰਨ ਤਿੰਨ ਮਹੀਨੇ ਬੱਚਿਆਂ ਨੂੰ ਕਿਤਾਬਾਂ ਵੰਡਣ ਦਾ ਕੰਮ ਕਰਦੇ ਰਹੇ ਜਿਸ ਨਾਲ ਕਿ ਸਾਰੇ ਪੰਜਾਬ ਦੇ ਸਟੂਡੈਂਟਸ ਦੀ ਪੜ੍ਹਾਈ ਦਾ ਨੁਕਸਾਨ ਹੋਇਆ।

**ਸ੍ਰੀ ਸਪੀਕਰ :** ਡਾਕਟਰ ਸਾਹਿਬ, ਜ਼ਰਾ ਸੰਖੇਪ ਜਿਹੀ ਗੱਲ ਕਰੋ। I have allowed you supplementary, but be precise.

**ਡਾਕਟਰ ਰਮੇਸ਼ ਦੱਤ :** ਮੁਖਤਸਰ ਹੀ ਕਰਾਂਗਾ ਜੀ। ਤਿੰਨ ਤਿੰਨ ਚਾਰ ਚਾਰ ਮਹੀਨੇ ਮਾਸਟਰ ਕਿਤਾਬਾਂ ਚੁੱਕ ਕੇ ਜ਼ਿਲ੍ਹੇ ਵਿਚ ਜਾਂਦੇ ਰਹੇ ਔਰ ਸਕੂਲਾਂ ਵਿਚ ਕਿਤਾਬਾਂ ਵੰਡਣ ਦਾ ਕੰਮ ਕਰਦੇ ਰਹੇ। ਸੁੰਦਰ ਨਗਰ, ਪੰਡੋਹ ਵਗੈਰਾ ਸਕੂਲਾਂ ਦੇ ਵਿੱਚ.............

**ਸ੍ਰੀ ਸਪੀਕਰ :** ਪਲੀਜ਼ ਡਾਕਟਰ ਸਾਹਿਬ, ਮੈਂ ਤੁਹਾਨੂੰ ਸਪਲੀਮੈਂਟਰੀ ਅਲਾਓ ਕੀਤੀ ਹੈ।

**ਡਾਕਟਰ ਰਮੇਸ਼ ਦੱਤ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਾਲਿਸੀ ਲਾਗੂ ਕਰਨ ਦੇ ਨਾਲ ਔਰ ਇਸ ਹਾਊਸ ਦੇ ਵਿਚ ਇਹ ਗੱਲ ਕਹਿ ਦਿੱਤੀ ਜਾਵੇ ਕਿ ਪਹਿਲਾਂ ਝਗੜਾ ਚੱਲਦਾ ਸੀ ਔਰ ਬੁੱਕ ਸੇਲਰਜ਼ ਕਿਤਾਬਾਂ ਚੁੱਕਣ ਲਈ ਤਿਆਰ ਨਹੀਂ ਸਨ, ਸਾਰੇ ਪੰਜਾਬ ਦੇ ਵਿਚ ਸਰਕਾਰ ਦੀ ਇਸ ਪਾਲਿਸੀ ਦੇ ਨਾਲ ਬੱਚਿਆਂ ਦਾ ਪੜ੍ਹਾਈ ਦਾ ਨੁਕਸਾਨ ਹੋਇਆ ਹੈ ਇਸਦੇ ਵਾਸਤੇ ਕੌਣ ਜ਼ਿੰਮੇਵਾਰ ਹੈ?

**ਮੰਤਰੀ :** ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਹੈ ਕਿ 3-4 ਮਹੀਨੇ ਟੀਚਰ ਕਿਤਾਬਾਂ ਵੰਡਣ ਲੱਗੇ ਰਹੇ। ਜਿਹੜੀਆਂ ਵੀ ਕਿਤਾਬਾਂ ਆਉਂਦੀਆਂ ਸਨ, ਇਕ ਟੀਚਰ ਇੰਚਾਰਜ ਉਸ ਨੂੰ ਇਕ ਦਿਨ ਵਿਚ ਹੀ ਵੰਡ ਲੈਂਦਾ ਸੀ। ਜਿਹੜੀਆਂ ਕਿਤਾਬਾਂ 5-6 ਮਹੀਨੇ ਲੇਟ ਜਾਂਦੀਆਂ ਹੁੰਦੀਆਂ ਸਨ ਉਹ ਸਾਰੀਆਂ ਇਕ ਮਹੀਨੇ ਦੇ ਅੰਦਰ ਪਹੁੰਚਾ ਦਿਤੀਆਂ ਗਈਆਂ ਸਨ।

**ਡਾਕਟਰ ਰਮੇਸ਼ ਦੱਤ :** ਸਪਲੀਮੈਂਟਰੀ ਸਰ।

**ਸ੍ਰੀ ਸਪੀਕਰ :** ਰਮੇਸ਼ ਦੱਤ ਜੀ, ਤੁਹਾਡੀ ਸਪਲੀਮੈਂਟਰੀ ਪਹਿਲਾਂ ਹੀ ਬੜੀ ਵਿਸਥਾਰ ਪੂਰਵਕ ਸੀ ਅਤੇ ਮੰਤਰੀ ਜੀ ਨੇ ਬੜੇ ਤਫਸੀਲ ਵਿਚ ਜਵਾਬ ਦੇ ਦਿੱਤਾ ਹੈ। ਮੈਂ ਹੋਰ ਸਪਲੀਮੈਂਟਰੀ ਅਲਾਓ ਨਹੀਂ ਕਰਦਾ ਅਤੇ ਅਗਲਾ ਪ੍ਰਸ਼ਨ ਲੈਂਦਾ ਹਾਂ।

Original with;
Punjab Vidhan Sabha
Digitized by;
Panjab Digital Library

**ਭੂਮੀ ਪੱਟੇਦਾਰਾਂ ਨੂੰ ਮਾਲਕੀ ਹੱਕ ਦੇਣੇ**

*884. **ਸਰਦਾਰ ਈਸ਼ਰ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਭੂਮੀਹੀਣ ਪੱਟੇਦਾਰਾਂ ਨੂੰ ਉਨ੍ਹਾਂ ਜ਼ਮੀਨਾਂ ਸਬੰਧੀ ਜਿਹੜੀਆਂ ਜ਼ਿਲ੍ਹਾ ਲੁਧਿਆਣਾ ਵਿੱਚ ਸਾਲ 1961-62 ਦੇ ਦੌਰਾਨ ਉਨ੍ਹਾਂ ਨੂੰ ਪੱਟੇ ਤੇ ਦਿਤੀਆਂ ਗਈਆਂ ਸਨ, ਮਾਲਕੀ ਹੱਕ ਦੇਣ ਦਾ ਵਿਚਾਰ ਰਖਦੀ ਹੈ, ਜੇਕਰ ਅਜਿਹਾ ਹੋਵੇ, ਤਾਂ ਕਦੋਂ ਤਕ ਮਾਲਕੀ ਹੱਕ ਦਿਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਬੇਅੰਤ ਸਿੰਘ :** ਨਹੀਂ ਜੀ।

**ਸਰਦਾਰ ਈਸ਼ਰ ਸਿੰਘ :** ਸਾਲ 1961-62 ਵਿਚ ਪੰਚਾਇਤਾਂ ਪਾਸ ਇਨਫੀਰੀਅਰ ਲੈਂਡ ਸੀ ਉਥੇ ਬੇਜ਼ਮੀਨੇ ਲੋਕਾਂ ਨੂੰ ਪੱਟੇ ਤੇ ਬਿਠਾ ਦਿਤਾ ਗਿਆ ਸੀ ਔਰ 1969 ਵਿੱਚ ਉਸ ਵਕਤ ਦੀ ਸਰਕਾਰ ਨੇ ਕੁਝ ਲੋਕਾਂ ਨੂੰ ਮਾਲਕੀ ਦੇ ਹੱਕ ਦੇ ਦਿੱਤੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬਾਕੀ ਭੂਮੀ ਹੀਣ ਪੱਟੇ ਤੇ ਰਹਿੰਦੇ ਹਨ ਕੀ ਉਨ੍ਹਾਂ ਨੂੰ ਸਰਕਾਰ ਮਾਲਕੀ ਦੇਣ ਬਾਰੇ ਕੋਈ ਹਮਦਰਦੀ ਨਾਲ ਗੌਰ ਕਰਨ ਦਾ ਵਿਚਾਰ ਰੱਖਦੀ ਹੈ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਬੜੀ ਵੇਸਟਲੈਂਡ ਪਈ ਸੀ। ਸਾਲ 1949 ਵਿੱਚ ਇਕ ਐਕਟ ਬਣਿਆ ਸੀ ਔਰ ਉਸ ਦੇ ਮੁਤਾਬਿਕ ਲੋਕਾਂ ਨੂੰ, ਕਿਉਂਕਿ ਉਸ ਵਕਤ ਬੜੀ ਘੱਟ ਜਿਣਸ ਪੈਦਾ ਹੁੰਦੀ ਸੀ ਅਤੇ ਕਣਕ ਦੀ ਲੋੜ ਸੀ ਔਰ ਚਾਰੇ ਦੀ ਲੋੜ ਸੀ, ਉਹ ਜ਼ਮੀਨਾਂ ਦਿੱਤੀਆਂ ਗਈਆਂ ਸਨ। ਲੇਕਿਨ ਆਹਿਸਤਾ ਆਹਿਸਤਾ ਉਹ ਜ਼ਮੀਨਾਂ ਜਿਨ੍ਹਾਂ ਵਿਚ ਕੁਝ ਮਾਲਕ ਸਨ ਅਤੇ ਕੁਝ ਨਹੀਂ ਸਨ, ਉਨ੍ਹਾਂ ਦਾ ਫੈਸਲਾ ਹੁੰਦਾ ਗਿਆ। ਕੋਈ 4400 ਏਕੜ ਦੇ ਕਰੀਬ ਜ਼ਮੀਨ ਸੀ ਉਸ ਸਾਰੀ ਦਾ ਫੈਸਲਾ ਹੋ ਗਿਆ ਹੈ। ਹੁਣ ਕੇਵਲ 400 ਏਕੜ ਦੇ ਕਰੀਬ ਰਹਿੰਦੀ ਹੈ ਜਿਸ ਦਾ ਫੈਸਲਾ ਹੋਣਾ ਰਹਿੰਦਾ ਹੈ। ਜੋ ਜ਼ਮੀਨਾਂ 1969 ਵਿੱਚ ਅਲਾਟ ਹੋਈਆਂ ਉਹ ਮੇਰੀ ਨਾਲੇਜ ਵਿੱਚ ਨਹੀਂ। ਇਹ ਵੱਖਰਾ ਪ੍ਰਸ਼ਨ ਦੇ ਦੇਣ।

**ਸ੍ਰੀ ਸਪੀਕਰ :** ਹੋਰ ਕੋਈ ਸਪਲੀਮੈਂਟਰੀ ਨਹੀਂ ਪੁੱਛੀ ਗਈ। ਹੁਣ ਅਗਲਾ ਸਵਾਲ ਲੈਂਦੇ ਹਾਂ।

---

**ਸੇਵਾ ਕਾਲ ਦੇ ਦੌਰਾਨ ਮਰੇ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਦੇ ਆਸ਼ਰਿਤਾਂ ਨੂੰ ਜੀ. ਪੀ. ਐਫ., ਗ੍ਰੈਚੂਟੀ ਅਤੇ ਜੀ. ਆਈ. ਐਸ. ਦੀ ਅਦਾਇਗੀ**

*928. **ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਜ਼ਿਲ੍ਹਾ ਫਰੀਦਕੋਟ ਵਿਚ ਪਹਿਲੀ ਜਨਵਰੀ, 1990 ਤੋਂ 31 ਦਸੰਬਰ, 1992 ਦੇ ਸੇਵਾ ਕਾਲ ਦੌਰਾਨ ਮਰੇ ਪ੍ਰਾਇਮਰੀ ਸਕੂਲ ਅਧਿਆਪਕਾਂ ਦੀ ਕੁੱਲ ਗਿਣਤੀ ਅਤੇ ਵੇਰਵੇ ਕੀ ਕੀ ਹਨ ;

(ਅ) ਉਪਰੋਕਤ ਅਧਿਆਪਕਾਂ ਦੇ ਸਬੰਧਤ ਆਸ਼ਰਿਤਾਂ ਨੂੰ ਹੁਣ ਤੱਕ, ਉਨ੍ਹਾਂ ਦੇ ਜਨਰਲ ਪ੍ਰਾਵੀਡੈਂਟ ਫੰਡ ਗਰੈਚੂਟੀ ਅਤੇ ਗਰੁੱਪ ਬੀਮਾ ਸਕੀਮ ਆਦਿ ਦੀਆਂ ਅਦਾ ਕੀਤੀਆਂ ਗਈਆਂ ਰਕਮਾਂ ਦੇ ਵੇਰਵੇ ਕੀ ਹਨ ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਰਕਮਾਂ ਦੀ ਉਨ੍ਹਾਂ ਦੇ ਸਬੰਧਿਤ ਆਸ਼ਰਿਤਾਂ ਨੂੰ ਅਦਾਇਗੀ ਕਰਨ ਲਈ ਕਿੰਨੇ ਕੇਸ ਅਜੇ ਤੱਕ ਪੈਂਡਿੰਗ ਪਏ ਹਨ ਅਤੇ ਇਸ ਦੇ ਕਾਰਣ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਹਰਨਾਮ ਦਾਸ ਜੌਹਰ:** 'ੳ' ਅਤੇ 'ਅ' 48, ਸ੍ਰੀ ਮਾਨ ਜੀ। ਪ੍ਰਸ਼ਨ ਦੇ 'ੳ' ਅਤੇ 'ਅ' ਭਾਗ ਵਿੱਚ ਜਿਵੇਂ ਮੰਗ ਕੀਤੀ ਗਈ ਹੈ, ਵੇਰਵਾ ਸਦਨ ਦੀ ਮੇਜ਼ ਤੇ ਰਖਿਆ ਗਿਆ ਹੈ ਜੀ।

(ੲ) ਸ੍ਰੀ ਮਾਨ ਜੀ, ਜਨਰਲ ਪ੍ਰਾਵੀਡੈਂਟ ਫੰਡ ਦੀ ਅਦਾਇਗੀ ਲਈ ਲੰਬਿਤ ਕੇਸ 9 ਹਨ, ਗਰੈਚੂਟੀ ਦੀ ਅਦਾਇਗੀ ਲਈ ਲੰਬਿਤ ਕੇਸ 5 ਹਨ ਅਤੇ ਗਰੁੱਪ ਇਨਸ਼ੋਰੈਂਸ ਸਕੀਮ ਦੀ ਅਦਾਇਗੀ ਲਈ ਕੋਈ ਕੇਸ ਲੰਬਿਤ ਨਹੀਂ ਹੈ। ਹਰ ਇੱਕ ਕੇਸ ਦੇ ਲੰਬਿਤ ਹੋਣ ਦੇ ਕਾਰਣ ਸਦਨ ਦੀ ਮੇਜ਼ ਤੇ ਰੱਖੇ ਗਏ ਹਨ ਜੀ।

1/1/90 ਤੋਂ 31/12/92 ਤੱਕ ਸਰਕਾਰੀ ਸੇਵਾ ਦੌਰਾਨ ਸਵਰਗਵਾਸ ਹੋਏ ਪ੍ਰਾਇਮਰੀ ਸਕੂਲ ਟੀਚਰਾਂ ਦਾ ਉਨ੍ਹਾਂ ਨੂੰ ਜੀ.ਪੀ.ਐਫ/ਗਰੈਚੂਟੀ ਅਤੇ ਜੀ.ਆਈ.ਐਸ. ਦੀ ਅਦਾਇਗੀ ਕਰਨ ਬਾਰੇ ਵੇਰਵਾ।

| ਲੜੀ ਨੰ: | ਅਧਿਆਪਕ ਦਾ ਨਾਂ ਤੇ ਸਕੂਲ | ਮੌਤ ਦੀ ਮਿਤੀ | ਜੀ.ਪੀ.ਐਫ ਦੀ ਅਦਾਇਗੀ | ਗਰੈਚੂਟੀ ਦੀ ਅਦਾਇਗੀ ਦੀ ਰਕਮ | ਜੀ.ਆਈ.ਐਸ ਦੀ ਰਕਮ ਦੀ ਅਦਾਇਗੀ |
|---|---|---|---|---|---|
| 1 | 2 | 3 | 4 | 5 | 6 |
| 1 | ਦੇਵ ਰਾਜ, ਹੈਡਟੀਚਰ, ਸ.ਪ.ਸ., ਅਜਿੱਤੀ ਗਿੱਲ | 15-1-90 | 24333.00 | 66000 | ... |
| 2 | ਮਲਕੀਤ ਸਿੰਘ, ਜੇ.ਬੀ.ਟੀ. ਕੰਗਣਖੇੜਾ | 14-1-90 | 6729 | 17280 | ... |
| 3 | ਰਣਜੀਤ ਕੌਰ ਜੇ.ਬੀ.ਟੀ., ਚੂਹੜ ਚੱਕ | 5-2-90 | 267 96 | 18360 | ... |
| 4 | ਸੁਖਦੇਵ ਸਿੰਘ ਜੇ.ਬੀ.ਟੀ., ਭਾਗੀ ਕੇ | 24-4-90 | 11352 | 22080 | ... |
| 5 | ਮੁਕੰਦ ਸਿੰਘ ਜੇ.ਬੀ.ਟੀ., ਰਾਜਿਆਣਾ | 2-4-90 | 33557 | 53100 | ... |
| 6 | ਲਾਲ ਸਿੰਘ ਜੇ.ਬੀ.ਟੀ., ਰਾਣੂਆਣਾ | 27-5-90 | 19455 | 18720 | ... |
| 7 | ਗੁਰਦਿਆਲ ਕੌਰ ਜੇ.ਬੀ.ਟੀ., ਗੋਧੇਵਾਲਾ | 4-9-90 | 13420 | 45000 | ... |
| 8 | ਗੁਰਤੇਜ ਸਿੰਘ ਜੇ.ਬੀ.ਟੀ., ਕੋਠੇ ਭਾਗ ਸਿੰਘ | 1-10-90 | 7516 | 18360 | ... |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| | [ਸਰਵਸ਼੍ਰੀ /ਸ਼੍ਰੀਮਤੀ] | | | | |
| 9 | ਅਮੀਰ ਚੰਦ ਜੇ.ਬੀ.ਟੀ. ਸ.ਪ.ਸ., ਕੋਠੇ ਪਹਿਲਾਂ | 28-11-90 | .. | 68100 | ... |
| 10 | ਅੰਮ੍ਰਿਤ ਰਾਣੀ ,ਜੇ.ਬੀ.ਟੀ. ਸ.ਪ.ਸ., ਮਚਾਕੀ ਕਲਾਂ | 8-9-90 | 21808 | 70950 | ... |
| 11 | ਰਾਜ ਦੁਲਾਰੀ, ਜੇ.ਬੀ.ਟੀ. ਸ.ਪ.ਸ.ਹ.ਕ. ਮੋਗਾ | -24-5-90 | 46693 | 69875 | – |
| 12 | ਜਗਦੀਸ਼ ਲਾਲ, ਜੇ.ਬੀ.ਟੀ. ਸ.ਪ.ਸ., ਡੋਡਾਂਵਾਲੀ | 30-11-90 | 34114 | 19680 | – |
| 13 | ਪਾਹਨ ਸਿੰਘ, ਸੈਂਟਰ ਹੈਡ-ਟੀਚਰ, ਸ.ਪ.ਸ., ਵਾੜਾ ਭਾਈ ਕਾ | 15-2-91 | 31484 | 58560 | – |
| 14 | ਇਕਬਾਲ ਸਿੰਘ ਜੇ.ਬੀ.ਟੀ. ਸ.ਪ.ਸ. ਥਾਨੇ ਕੀ ਢਾਬ | 3-6-90 | 19804 | 49280 | – |
| 15 | ਅਜੀਤ ਸਿੰਘ, ਬੀ.ਪੀ.ਈ.ਓ., ਮੋਗਾ-2 | 1-11-90 | 31773 | 61100 | – |
| 16 | ਕਿਰਪਾਲ ਸਿੰਘ, ਜੇ.ਬੀ.ਟੀ. ਸ.ਪ.ਸ., ਨੰਗਲ | 3-3-91 | 14075 | 19680 | – |
| 17 | ਅਯੂਬ ਮਸੀਹ ਜੇ.ਬੀ.ਟੀ. ਸ.ਪ.ਸ., ਕੱਖਾਂ ਵਾਲੀ | 24-2-91 | 21861 | 46940 | – |
| 18 | ਦਰਸ਼ਨਾ ਕੁਮਾਰੀ ਜੇ.ਬੀ.ਟੀ. ਸ.ਪ.ਸ., ਬਸਤੀ ਸਾਧਾ ਵਾਲੀ | 2-3-91 | 21002 | 64050 | – |
| 19 | ਨਿਰਮਲ ਸਿੰਘ, ਜੇ.ਬੀ.ਟੀ. ਸ.ਪ.ਸ., ਚੋਗਾਵਾਂ | 22-3-91 | 27285 | 53360 | – |
| 20 | ਰੇਸ਼ਮ ਸਿੰਘ, ਜੇ.ਬੀ.ਟੀ. ਸ.ਪ.ਸ., ਪੱਟੀ | 1-5-91 | 46867 | 67650 | — |
| 21 | ਨਰਿੰਦਰ ਪਾਲ ਕੌਰ ਜੇ.ਬੀ.ਟੀ., ਸ.ਪ.ਸ., ਚਾਹਲ | 22-8-91 | 29614 | 20030 | – |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| 22 | ਕੁਲਵੰਤ ਸਿੰਘ ਜੇ.ਬੀ.ਟੀ ਸ.ਪ.ਸ., ਮਿੱਡਾ | 26-8-91 | 799 | 67650 | – |
| 23 | ਮੇਜਰ ਸਿੰਘ, ਜੇ.ਬੀ.ਟੀ ਸ.ਪ.ਸ.; ਗਿੱਦੜਬਾਹਾ | 14-7-91 | 18749 | 34440 | – |
| 24 | ਦਰਸ਼ਨ ਲਾਲ, ਜੇ.ਬੀ.ਟੀ ਸ.ਪ.ਸ.; ਕੁਕਰੀਆਂ | 8-8-91 | 42823 | 23040 | – |
| 25 | ਚਰਨਜੀਤ ਕੌਰ, ਜੇ.ਬੀ.ਟੀ ਸ.ਪ.ਸ.; ਬੱਧਨੀ ਕਲਾਂ | 13-5-91 | 36434 | 35260 | – |
| 26 | ਸੁਰਜੀਤ ਕੌਰ ਜੇ.ਬੀ.ਟੀ ਸ.ਪ.ਸ., ਰੌਲੀ | 12-9-91 | 30896 | 23040 | – |
| 27 | ਗੁਰਨਾਮ ਕੌਰ, ਜੇ.ਬੀ.ਟੀ ਸ.ਪ.ਸ., ਰੌਲੀ | 7-9-91 | 21442 | 20160 | – |
| 28 | ਬਲਵਿੰਦਰ ਸਿੰਘ ਜੇ.ਬੀ.ਟੀ ਸ.ਪ.ਸ., ਧਾਨਿਆਂ ਵਾਲੀ | 8-8-91 | – | 22560 | – |
| 29 | ਗੁਰਮੇਲ ਸਿੰਘ, ਜੇ.ਬੀ.ਟੀ ਸ.ਪ.ਸ., ਚੱਕ ਗਿਰਜੇ ਵਾਲਾ | 22-9-91 | 40693 | 20160 | – |
| 30 | ਵਸ਼ਿੰਗਟਨ ਸਿੰਘ, ਜੇ.ਬੀ.ਟੀ ਸ.ਪ.ਸ., ਪੱਕਾ | 13-9-91 | 22650 | 58500 | – |
| 31 | ਬਲਤੇਜ ਸਿੰਘ, ਜੇ.ਬੀ.ਟੀ., ਢਿਲਵਾਂ ਕਲਾਂ | 22-8-92 | 47536 | 23040 | – |
| 32 | ਨੰਦ ਲਾਲ, ਸੈ. ਹੈ:ਟੀਚਰ ਸ.ਪ.ਸ., ਸਰਾਏਨਾਗਾ | 15-1-92 | 54069 | 77550 | – |
| 33 | ਪਾਲ ਕੌਰ, ਸੈ. ਹੈ. ਟੀਚਰ ਸ.ਪ.ਸ., ਭੁੱਲਰ | 24-11-91 | 39190 | 41280 | – |
| 34 | ਹਰਮੀਤ ਕੌਰ ਸੈ. ਹੈ. ਟੀਚਰ ਸ.ਪ.ਸ., ਮਲੋਟ | 30-11-91 | 34373 | 47,840 | – |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| | [ਸਰਵਸ਼੍ਰੀ/ਸ਼੍ਰੀਮਤੀ] | | | | |
| 35 | ਕੁਲਵੰਤ ਕੌਰ ਸੈ. ਹੈ. ਟੀਚਰ ਸ.ਪ.ਸ., ਕਪੂਰੇ | 16-4-92 | 38635 | 20160 | – |
| 36 | ਰੇਨੂੰ, ਜੇ.ਬੀ.ਟੀ. ਵਾਰਡ ਨੰ: 4, ਮੁਕਤਸਰ | 25-1-92 | 35893 | 24600 | – |
| 37 | ਜੋਗਿੰਦਰ ਕੌਰ, ਜੇ.ਬੀ.ਟੀ. ਸ.ਪ.ਸ., ਲੱਕੜਵਾਲਾ | 28-5-92 | 41959 | 19680 | – |
| 38 | ਤਾਰਾ ਸਿੰਘ, ਜੇ.ਬੀ.ਟੀ. ਸ.ਪ.ਸ., ਵਾੜਾ ਕ੍ਰਿਸ਼ਨਪੁਰਾ | 28-5-92 | 41959 | 20160 | – |
| 39 | ਜੋਗਿੰਦਰ ਕੁਮਾਰੀ ਜੇ.ਬੀ.ਟੀ ਸ.ਪ.ਸ., ਰੌੜੀ ਕਪੂਰਾ | 7-8-92 | 66673 | 53580 | – |
| 40 | ਬਲਵਿੰਦਰ ਕੌਰ, ਜੇ.ਬੀ.ਟੀ. ਸ.ਪ.ਸ., ਬੁੱਟਰ | 27-9-92 | – | – | – |
| 41 | ਹਰਨੇਕ ਸਿੰਘ, ਜੇ.ਬੀ.ਟੀ. ਸ.ਪ.ਸ., ਹਰੀ ਕੇ ਕਲਾਂ | 4-10-92 | – | – | – |
| 42 | ਜੋਗਿੰਦਰ ਕੁਮਾਰੀ ਜੇ.ਬੀ.ਟੀ. ਸ.ਪ.ਸ., ਕੋਟਕਪੂਰਾ (ਗ) | 13-12-92 | – | – | – |
| 43 | ਧਰਮਪਾਲ ਜੇ.ਬੀ.ਟੀ. ਸ.ਪ.ਸ., ਕੋਧਰ | 8-2-92 | 41984 | 57820 | – |
| 44 | ਮਿਲਖ ਰਾਜ, ਜੇ.ਬੀ.ਟੀ. ਸ.ਪ.ਸ., ਸਰਾਵਾਂ-2 | 10-10-92 | – | 20160 | – |
| 45 | ਬਲਦੇਵ ਸਿੰਘ, ਜੇ.ਬੀ.ਟੀ. ਸ.ਪ.ਸ., ਮਿਠੜੀ ਬੁਧਗਿਰ | 14-3-92 | – | – | 30,000 |
| 46 | ਰੂਪ ਸਿੰਘ, ਜੇ.ਬੀ.ਟੀ. ਸ.ਪ.ਸ., ਚੋਟੀਆਂ ਖੁਰਦ | 21-4-92 | – | 19680 | – |
| 47 | ਬਲਦੇਵ ਰਾਜ, ਜੇ.ਬੀ.ਟੀ. ਸ.ਪ.ਸ., ਜੈਮਲ ਵਾਲਾ | 14-3-90 | 24461 | 22560 | – |
| 48 | ਹਰਬੰਸ ਸਿੰਘ ਜੇ.ਬੀ.ਟੀ. (ਮੁਅੱਤਲੀ ਅਧੀਨ) ਕੱਤਿਆਂਵਾਲੀ (ਲਿਆਨ) | 27-10-92 | – | – | – |

Original with;
Punjab Vidhan Sabha
Digitized by;
Panjab Digital Library

**ਜਨਰਲ ਪ੍ਰਾਵੀਡੈਂਟ ਫੰਡ ਦੀ ਫਾਈਨਲ ਪੇਮੈਂਟ ਕਰਨ ਹਿੱਤ ਲੰਬਿਤ ਕੇਸਾਂ ਦੀ ਸੂਚੀ।**

| ਲੜੀ ਨੰ: | ਅਧਿਆਪਕ ਦਾ ਨਾਂ ਅਤੇ ਸਕੂਲ ਨਾਂ | ਮ੍ਰਿਤੂ ਦੀ ਮਿਤੀ | ਕੇਸ ਦੀ ਤਾਜ਼ਾ ਸਥਿਤੀ/ਲੰਬਿਤ ਹੋਣ ਦੇ ਕਾਰਣ |
|---|---|---|---|
| | ਸਰਵ ਸ੍ਰੀ/ਸ੍ਰੀਮਤੀ — | | |
| 1 | ਅਮੀਰ ਚੰਦ, ਟੀਚਰ ਸ.ਪ.ਸ., ਕੋਠੇ ਚੇਹਲਾਂ, ਫਰੀਦਕੋਟ | 28-11-90 | ਮਿਤੀ 1 ਅਪਰੈਲ 1989 ਤੋਂ ਜਨਰਲ ਪ੍ਰਾਵੀਡੈਂਟ ਦੇ ਲੇਖੇ ਦਾ ਹਿਸਾਬ ਕਿਤਾਬ ਰਾਜ ਦੇ ਵਿਭਾਗਾਂ ਵਲੋਂ ਰੱਖਿਆ ਜਾ ਰਿਹਾ ਹੈ। ਲੜੀ ਨੰ: 1 ਤੋਂ 4 ਦੇ ਅਧਿਆਪਕਾਂ ਦਾ ਇਸਤੋਂ ਪਹਿਲਾਂ ਦਾ ਹਿਸਾਬ, ਕਿਤਾਬ ਮਹਾਂ ਲੇਖਾਕਾਰ ਤੋਂ ਪ੍ਰਾਪਤ ਨਾ ਹੋਣ ਕਾਰਣ ਅੰਤਿਮ ਅਦਾਇਗੀ ਨਹੀਂ ਕੀਤੀ ਜਾ ਸਕੀ। ਇਨ੍ਹਾਂ ਕੇਸਾਂ ਨੂੰ ਫਾਈਨਲ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। |
| 2 | ਬਲਵਿੰਦਰ ਸਿੰਘ, ਸ.ਪ.ਸ., ਕਾਨੀਆਂ-ਵਾਲੀ ਬ; ਮੁਕਤਸਰ ਫਰੀਦਕੋਟ | 8-8-91 | |
| 3 | ਬਲਵਿੰਦਰ ਕੌਰ, ਸ.ਪ.ਸ., ਬੁੱਟਰ ਬ; ਮੋਗਾ (ਫਰੀਦਕੋਟ) | 27-9-92 | |
| 4 | ਜੋਗਿੰਦਰ ਕੁਮਾਰੀ, ਸ.ਪ.ਸ., ਕੋਟਕ-ਪੂਰਾ (ਫਰੀਦਕੋਟ) | 14-12-92 | |
| 5 | ਹਰਨੇਕ ਸਿੰਘ, ਸ.ਪ.ਸ., ਹਰੀ ਕੇ ਕਲਾਂ ਬ: ਮੁਕਤਸਰ-2 ਫਰੀਦਕੋਟ | 4-10-92 | ਬਲਾਕ ਪ੍ਰਾਇਮਰੀ ਸਿਖਿਆ ਦਫਤਰ ਵਿੱਚ ਇਹ ਕੇਸ ਮੁਕੰਮਲ ਕਰਨ ਹਿੱਤ ਕਾਰਵਾਈ ਹੋ ਰਹੀ ਹੈ। |
| 6 | ਮਿਲਖ ਰਾਜ ਸ.ਪ.ਸ., ਸਰਾਵਾਂ ਬ: ਮਲੋਟ (ਫਰੀਦਕੋਟ) | 10-10-92 | ਕੇਸ ਹੁਣੇ-ਹੁਣੇ ਮੁਕੰਮਲ ਹੋਇਆ ਹੈ। ਬਲਾਕ ਪ੍ਰਾਇਮਰੀ ਸਿਖਿਆ ਅਫਸਰ ਨੂੰ ਅੰਤਿਮ ਅਦਾਇਗੀ ਕਰਨ ਹਿੱਤ ਆਦੇਸ਼ ਦਿੱਤੇ ਗਏ ਹਨ। |
| 7 | ਰੂਪ ਸਿੰਘ, ਸ.ਪ.ਸ., ਚੋਟੀਆਂ ਖੁਰਦ ਬ; ਮੋਗਾ (ਫਰੀਦਕੋਟ) | 21-4-92 | ਮ੍ਰਿਤਕ ਕਰਮਚਾਰੀ ਦੇ ਵਾਰਸਾਂ ਨੇ ਲੋੜੀਂਦੀ ਇਨੋ-ਪੱਤਰ ਨਹੀਂ ਦਿੱਤੀ ਹੈ। |
| 8 | ਹਰਬੰਸ ਸਿੰਘ ਸ.ਪ.ਸ., ਕੁੰਡੀਆਂ ਵਾਲੀ ਬ; ਲੰਬੀ, ਫਰੀਦਕੋਟ | 27-10-92 | ਵਾਰਸਾਂ ਵਿੱਚ ਆਪਸੀ ਝਗੜੇ ਕਾਰਣ ਸਕਸੈਸ਼ਨ ਸਰਟੀਫੀਕੇਟ ਨਹੀਂ ਦਿੱਤਾ ਗਿਆ। |
| 9 | ਬਲਦੇਵ ਸਿੰਘ ਸ.ਪ.ਸ., ਮਿਧਰੀ ਬੂਦਗੀਰ | 14-3-92 | ਜਨਰਲ ਪ੍ਰਾਵੀਡੈਂਟ ਫੰਡ ਵਿੱਚ ਕੰਟਰੀਬਿਊਟ ਨਹੀਂ ਸੀ ਕਰਦਾ ਇਸ ਲਈ ਪੇਮੈਂਟ ਲਈ ਅਲੀਜੀਬਲ (ਯੋਗ) ਨਹੀਂ ਸੀ। |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

ਗਰੈਚੂਟੀ ਦੀ ਫਾਈਨਲ ਪੇਮੈਂਟ ਕਰਨ ਹਿੱਤ ਲੰਬਤ ਕੇਸਾਂ ਦੀ ਸੂਚੀ

| ਲੜੀ ਨੰ: | ਟੀਚਰ ਦਾ ਨਾਂ ਤੇ ਸਕੂਲ ਦਾ ਨਾਂ | ਮ੍ਰਿਤੂ ਦੀ ਮਿਤੀ | ਹੁਣ ਦੀ ਸਥਿਤੀ/ਲੰਬਤ ਹੋਣ ਦੇ ਕਾਰਣ |
|---|---|---|---|
| | ਸਰਵ ਸ੍ਰੀ/ਸ੍ਰੀਮਤੀ— | | |
| 1 | ਬਲਵਿੰਦਰ ਕੌਰ, ਸ.ਪ.ਸ., ਬੁੱਟਰ ਬ; ਮੋਗਾ (ਫਰੀਦਕੋਟ) | 27-9-92 | ਬਾਵਜੂਦ ਚਿਤਾਵਨੀ ਪੱਤਰ ਲਿੱਖਣ ਦੇ ਮਹਾਂ ਲੇਖਾ ਕਾਰ, ਪਜਾਬ ਦੀ ਮਨਜ਼ੂਰੀ ਦੀ ਉਡੀਕ ਹੈ। |
| 2 | ਹਰਨੇਕ ਸਿੰਘ, ਸ.ਪ.ਸ., ਹਰੀ-ਕੇ-ਕਲਾਂ ਬ; ਮੁਕਤਸਰ–2, ਫਰੀਦਕੋਟ | 4-10-92 | |
| 3 | ਜੋਗਿੰਦਰ ਕੁਮਾਰੀ ਸ.ਪ.ਸ., ਕੋਟਕਪੂਰਾ (ਗ) ਫਰੀਦਕੋਟ | 14-12-92 | |
| 4 | ਬਲਦੇਵ ਸਿੰਘ, ਸ.ਪ.ਸ., ਮਿਠਾੜੀ ਬੁੱਧਗੀਰ (ਫਰੀਦਕੋਟ) | 14-3-92 | |
| 5 | ਹਰਬੰਸ ਸਿੰਘ (ਮੁਅੱਤਲੀ ਅਧੀਨ) ਸ.ਪ.ਸ., ਕੁੱਤੀਆਂ ਵਾਲੀ ਬ; ਲੰਬੀ (ਫਰੀਦਕੋਟ) | 27-10-92 | ਵਾਰਸਾਂ ਵਿੱਚ ਆਪਸੀ ਝਗੜੇ ਕਾਰਣ ਸਕਸੈਸ਼ਨ ਸਰਟੀਫੀਕੇਟ ਨਹੀਂ ਦਿੱਤਾ ਗਿਆ। |

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸਿਖਿਆ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਉਨ੍ਹਾਂ ਨੇ ਡਿਟੇਲ ਸਦਨ ਦੀ ਮੇਜ਼ ਤੇ ਰੱਖੀ ਹੈ ਉਸ ਦੇ ਮੁਤਾਬਿਕ ਇਹ ਕੇਸ 1990 ਤੋਂ ਲੈ ਕੇ ਹੁਣ ਤੱਕ ਪੈਂਡਿੰਗ ਪਏ ਹਨ। ਜਿਹੜੇ ਕਾਰਨ ਮੰਤਰੀ ਜੀ ਨੇ ਦੱਸੇ ਹਨ ਉਹ 1990 ਤੋਂ ਹਨ ਅਤੇ ਹੁਣ 1993 ਹੋ ਗਿਆ ਹੈ। ਕਿੰਨੀ ਦੇਰ ਵਿੱਚ ਇਹ ਕਾਰਨ ਦੂਰ ਕਰ ਦਿੱਤੇ ਜਾਣਗੇ ਜਿਹੜੇ ਕਿ ਬੜੇ ਮਾਮੂਲੀ ਕਾਰਨ ਹਨ?

**ਮੰਤਰੀ**: ਸਪੀਕਰ ਸਾਹਿਬ, ਜੋ ਵੀ ਕਾਰਨ ਹਨ ਉਸ ਵਿਚ ਸਾਡੇ ਦਫ਼ਤਰ ਦੀ ਕੋਈ ਵੀ ਕਮਜ਼ੋਰੀ ਨਹੀਂ ਹੈ। ਕਲੇਮ ਨਾ ਪੁਜਣ ਦੇ ਸਾਰੇ ਕਾਰਨਾਂ ਵਿਚ ਜਾਂ ਤਾਂ ਇਸ ਕਰਕੇ ਕਿ ਕਲੇਮ ਨਹੀਂ ਪੁੱਜਾ ਜਾਂ ਇਸ ਕਰਕੇ ਕਿ ਡਿਪੈਂਡੈਂਟ ਦੇ ਨਾਲ ਲੜਾਈ ਕਰਕੇ ਸਕਸੈਸ਼ਨ ਸਰਟੀਫੀਕੇਟ ਨਹੀਂ ਦਿੱਤਾ ਜਾਂ ਇਸ ਕਾਰਨ ਕਿ ਗਰੈਚੂਟੀ ਦਾ ਕੇਸ ਕਲੀਅਰ ਹੋ ਕੇ ਚਲਾ ਗਿਆ ਅਤੇ ਜਿਹੜੀ ਅਕਾਊਂਟੈਂਟ ਜਨਰਲ ਵੱਲੋਂ ਮਨਜ਼ੂਰੀ ਦੇ ਕੇ ਭੇਜਣੀ ਸੀ ਉਹ ਬਕਾਇਆ ਹੈ। ਜਦੋਂ ਵੀ ਉਹ ਮਨਜ਼ੂਰੀ ਆ ਜਾਵੇਗੀ ਤਾਂ ਇਹ ਜਲਦੀ ਤੋਂ ਜਲਦੀ ਕਲੀਅਰ ਕਰ ਦਿੱਤੇ ਜਾਣਗੇ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨ੍ਹਾਂ ਦੇ ਕੇਸ ਕੰਪਲੀਟ ਹੋ ਚੁੱਕੇ ਹਨ, ਭਾਵੇਂ ਇਹ ਕਹਿੰਦੇ ਹਨ ਕਿ ਸਾਡੇ ਮਹਿਕਮੇ ਦੀ ਕੋਈ ਅਣਗਹਿਲੀ ਨਹੀਂ, ਆਇਆ ਕੀ ਇਹ ਇਨਕੁਆਰੀ ਕਰਾਉਣ ਲਈ ਤਿਆਰ ਹਨ ਕਿ ਜਿਹੜੇ ਕੇਸ ਮੁਕੰਮਲ ਹੋ ਚੁੱਕੇ ਹਨ ਉਨ੍ਹਾਂ ਵਿੱਚ ਪੇਮੈਂਟ ਕਿਉਂ ਨਹੀਂ ਦਿਤੀ ਗਈ ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਇਸ ਦਾ ਜਵਾਬ ਤਾਂ ਮੰਤਰੀ ਜੀ ਨੇ ਦੇ ਦਿਤਾ ਹੈ, ਤੁਸੀਂ ਹੋਰ ਸਵਾਲ ਪੁੱਛ ਲਵੋ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ ਇਨ੍ਹਾਂ ਨੇ ਜਿਹੜੀ ਲਿਸਟ ਦਿਤੀ ਹੈ, ਉਸਦੇ ਵਿੱਚ ਸ਼੍ਰੀ ਅਮੀਰ ਚੰਦ, ਟੀਚਰ, ਗੌਰਮਿੰਟ ਪ੍ਰਾਇਮਰੀ ਸਕੂਲ, ਕੋਠੇ ਚਾਹਲਾਂ (ਫਰੀਦਕੋਟ) ਦੇ ਨਾਮ ਦੇ ਸਾਹਮਣੇ ਮੌਜੂਦਾ ਸਥਿਤੀ ਦੇ ਕਾਲਮ ਵਿੱਚ ਲਿਖਿਆ ਹੈ w. e. f. 1st April, 1989 General Provident Fund Accounts are being maintained by the State Departments.

ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਆਪਣੇ ਮਹਿਕਮੇ ਰਾਹੀਂ ਚਿੱਠੀ ਭੇਜ ਕੇ ਉਨ੍ਹਾਂ ਦਾ ਬਕਾਇਆ ਦੇਣ ਲਈ ਕੋਈ ਉਪਰਾਲੇ ਕੀਤੇ ਹਨ?

**ਮੰਤਰੀ :** ਸਪੀਕਰ ਸਾਹਿਬ ਇਹ ਲਗਾਤਾਰ ਪਰਸੈਸ ਰਿਹਾ ਹੈ ਕਿ ਜਿਹੜੀ ਵੀ ਚਿੱਠੀ ਆਉਂਦੀ ਹੈ ਉਸਦਾ ਜਵਾਬ ਦਿਤਾ ਜਾਂਦਾ ਹੈ, ਜਿਹੜਾ ਰੈਫਰੈਂਸ ਉਪਰ ਦਿਤਾ ਗਿਆ ਹੈ, ਉਸਨੂੰ ਵੀ ਕਢਾਉਣ ਲਈ ਲਿਖਾ ਪੜ੍ਹੀ ਕਰਨੀ ਪੈਂਦੀ ਹੈ।

**ਸ਼੍ਰੀ ਸਪੀਕਰ :** ਸਾਥੀ ਜੀ, ਤੁਹਾਡੇ 2 ਸਵਾਲ ਤਾਂ ਹੋ ਗਏ ?

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕੀ ਵਾਕਿਆ ਹੀ ਉਨ੍ਹਾਂ ਦੇ ਵਿਭਾਗ ਨੇ ਇਨ੍ਹਾਂ ਕੇਸਾਂ ਦੇ ਨਿਪਟਾਰੇ ਲਈ ਉਪਰਾਲੇ ਕੀਤੇ ਹਨ? ਬਹੁਤ ਸਾਰੇ ਕੇਸਾਂ ਵਿਚ ਫਾਰਮੈਲਟੀਜ਼ ਮੁਕੰਮਲ ਹੋ ਚੁੱਕੀਆਂ ਹਨ, ਉਨ੍ਹਾਂ ਦੀ ਪੇਮੈਂਟ ਲਈ ਤੁਰੰਤ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ?

**ਸ਼੍ਰੀ ਸਪੀਕਰ :** ਸਾਰੀਆਂ ਫਾਰਮੈਲਟੀਜ਼ ਕੰਪਲੀਟ ਹੋ ਜਾਣਗੀਆਂ ਤਾਂ ਪੇਮੈਂਟ ਕਰ ਦਿਤੀ ਜਾਵੇਗੀ। I think that would suffice. ਅਗਲਾ ਸਵਾਲ।

---

**ਗੁਰੂ ਗੋਬਿੰਦ ਸਿੰਘ ਮਾਰਗ ਦੀ ਮੁਰੰਮਤ ਅਤੇ ਉਸਨੂੰ ਚੌੜਾ ਕਰਨਾ**

*883. **ਕਾਮਰੇਡ ਤਰਸੇਮ ਜੋਧਾਂ :** ਕੀ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਪਿਛਲੇ ਪੰਜ ਸਾਲਾਂ ਦੇ ਦੌਰਾਨ ਗੁਰੂ ਗੋਬਿੰਦ ਸਿੰਘ ਮਾਰਗ ਦੀ ਕਿੰਨੀ ਵਾਰੀ ਮੁਰੰਮਤ ਕੀਤੀ ਗਈ ;

(ਅ) ਉਕਤ ਸਮੇਂ ਦੇ ਦੌਰਾਨ ਹਰ ਵਾਰੀ ਉਕਤ ਮਾਰਗ ਦੀ ਮੁਰੰਮਤ ਤੇ ਕੀਤੇ ਗਏ ਖਰਚ ਦੇ ਵੇਰਵੇ ਕੀ ਹਨ ;

(ੲ) ਕੀ ਉਕਤ ਮਾਰਗ ਨੂੰ ਚੌੜਾ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ :** (ੳ) ਸੜਕਾਂ ਦੀ ਸਾਲਾਨਾ ਮੁਰੰਮਤ ਲਗਾਤਾਰ ਚੱਲਣ ਵਾਲੀ ਇਕ ਕਿਰਿਆ ਹੈ ਜਿਹੜੀ ਕਿ ਜ਼ਰੂਰਤ ਦੇ ਹਿਸਾਬ ਨਾਲ ਸਾਰਾ ਸਾਲ ਚਲਦੀ ਰਹਿੰਦੀ ਹੈ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਲੋਕ ਨਿਰਮਾਣ]

| (ਅ) ਸਾਲ | ਖਰਚ ਲੱਖਾਂ ਵਿੱਚ |
|---|---|
| 1988-89 | 36.21 |
| 1989-90 | 60.45 |
| 1990-91 | 81.62 |
| 1991-92 | 55.11 |
| 1992-93 | 103.67 |

(ੲ) ਹਾਲ ਦੀ ਘੜੀ, ਇਹੋ ਜਿਹੀ ਕੋਈ ਤਜਵੀਜ਼ ਨਹੀਂ ਹੈ।

**ਕਾਮਰੇਡ ਤਰਸੇਮ ਜੋਧਾਂ**: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜੋ ਉੱਤਰ ਦਿੱਤਾ ਹੈ ਕਿ ਲਗਾਤਾਰ ਮੁਰੰਮਤ ਚਲਦੀ ਰਹਿੰਦੀ ਹੈ। ਸਪੀਕਰ ਸਾਹਿਬ ਗੁਰੂ ਗੋਬਿੰਦ ਸਿੰਘ ਮਾਰਗ ਮੇਰੇ ਪਿੰਡ ਵਿਚੋਂ ਦੀ ਗੁਜ਼ਰਦਾ ਹੈ। ਜੋਧਾਂ ਤੋਂ ਸੜਕ ਤੱਕ ਮੈਂ 4 ਸਾਲ ਲਗਾਤਾਰ ਨਹੀਂ ਜਾ ਸਕਿਆ ਅਤੇ ਮੈਨੂੰ 5 ਕਿਲੋਮੀਟਰ ਵਗਲ ਕੇ ਜਾਣਾ ਪੈਂਦਾ ਹੈ। ਕੀ ਮੰਤਰੀ ਜੀ ਇਸਦੀ ਇਨਕੁਆਰੀ ਕਰਾਉਣਗੇ ਕਿ ਮੈਂ ਜਿਹੜੀ ਇਹ ਸੜਕ ਦੱਸੀ ਹੈ ਅਤੇ ਜਿਸਦੇ ਵਿੱਚ ਗੋਡੇ ਗੋਡੇ ਟੋਏ ਪਏ ਹੋਏ ਹਨ, ਕਦੇ ਇਹ ਕਾਗਜ਼ਾਂ ਵਿਚ ਤਾਂ ਮੁਕੰਮਲ ਨਹੀਂ ਕਰ ਦਿਤੀ ਗਈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਜੋਧਾਂ ਸਾਹਿਬ ਨੇ ਜਿਹੜੀ ਸੜਕ ਦੀ ਗੱਲ ਕੀਤੀ ਹੈ ਉਸਦੇ ਵਿੱਚ ਸਟੇਟ ਰੋਡਜ਼ ਦਾ ਹਿੱਸਾ 309 ਕਿਲੋਮੀਟਰ ਹੈ ਅਤੇ ਲਿੰਕ ਰੋਡਜ਼ 368 ਕਿਲੋਮੀਟਰ ਹਨ। ਕੁਝ ਸੜਕਾਂ ਐਸੀਆਂ ਹਨ ਜਿਹੜੀਆਂ ਪਿੰਡਾਂ ਦੀਆਂ ਫਿਰਨੀਆਂ ਦੇ ਵਿਚੋਂ ਲੰਘਦੀਆਂ ਹਨ। ਪਿੰਡਾਂ ਦੇ ਲੋਕਾਂ ਨੇ ਇਨ੍ਹਾਂ ਤੇ ਮਿੱਟੀ ਪਾ ਕੇ ਇਨ੍ਹਾਂ ਨੂੰ ਉਚੀਆਂ ਨੀਵੀਆਂ ਕਰ ਦਿੱਤਾ ਹੈ। ਸਰਕਾਰ ਦਾ ਤਹੱਈਆ ਹੈ ਕਿ 30 ਜੂਨ, 1993 ਤੱਕ ਐਸੀਆਂ ਸਾਰੀਆਂ ਸੜਕਾਂ ਦੀ ਰੀਪੇਅਰ ਕਰ ਦਿੱਤੀ ਜਾਵੇਗੀ।

**ਕਾਮਰੇਡ ਤਰਸੇਮ ਜੋਧਾਂ**: ਸਪੀਕਰ ਸਾਹਿਬ, ਗੁਰੂ ਗੋਬਿੰਦ ਸਿੰਘ ਮਾਰਗ, ਗਿਆਨੀ ਜ਼ੈਲ ਸਿੰਘ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਨ, ਬਣਾਇਆ ਗਿਆ ਸੀ ਅਤੇ ਇਸਦੀ ਚਰਚਾ ਵੀ ਬਹੁਤ ਹੋਈ ਕਿ ਇਸ ਨੂੰ ਸਟਰੈਂਗਥ ਕੀਤਾ ਜਾਵੇਗਾ ਅਤੇ ਚੌੜਾ ਕੀਤਾ ਜਾਵੇਗਾ। ਮੈਂ ਆਪ ਜੀ ਦੇ ਰਾਹੀਂ, ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਮਾਰਗ ਬਣਾਇਆ ਗਿਆ ਹੈ ਗੁਰੂ ਸਾਹਿਬਾਨ ਦੇ ਨਾਮ ਤੇ, ਇਸ ਨੂੰ ਸਟਰੈਂਗਥ ਕਰਨ ਵਾਸਤੇ ਅਤੇ ਚੌੜਾ ਕਰਨ ਵਾਸਤੇ ਕਿੰਨਾ ਸਮਾਂ ਲੱਗੇਗਾ ?

**ਰਾਜ ਮੰਤਰੀ**: ਸਪੀਕਰ ਸਾਹਿਬ, ਇਸ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਨਹੀਂ ਹੈ ਲੇਕਿਨ ਮਜ਼ਬੂਤ ਕਰਨ ਵਾਸਤੇ ਸਾਲ 1992-93 ਵਿੱਚ 103.67 ਲੱਖ ਰੁਪਿਆ ਖਰਚ ਕੀਤਾ ਹੈ ਅਤੇ 1993-94 ਵਿੱਚ ਵੀ ਇਸ ਮੰਤਵ ਲਈ ਹੋਰ ਫੰਡਜ਼ ਖਰਚ ਕਰਕੇ ਇਸ ਨੂੰ ਮੁਕੰਮਲ ਕੀਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸ਼ਮਸ਼ੇਰ ਸਿੰਘ ਰਾਏ**: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ, ਐਸ. ਵਾਈ. ਐਲ. ਨਹਿਰ ਬਣਨ ਕਾਰਨ ਟੁੱਟਿਆ ਪਿਆ ਹੈ। ਕੀ ਸਰਕਾਰ ਦੀ ਇਹੋ ਜਿਹੀ ਕੋਈ ਸਕੀਮ ਹੈ ਕਿ ਇਸ ਨੂੰ ਜਲਦੀ ਬਣਾਇਆ ਜਾਵੇਗਾ ਕਿਉਂਕਿ ਇਸ ਨੂੰ 4-5 ਸਾਲ ਹੋ ਗਏ ਹਨ ?

**ਰਾਜ ਮੰਤਰੀ**: ਸਪੀਕਰ ਸਾਹਿਬ, ਜਦੋਂ ਇਹ ਕਨਾਲ ਬਣੀ ਸੀ ਤਾਂ ਬਹੁਤ ਸਾਰਾ ਮਿੱਟੀ ਦਾ ਹਿੱਸਾ ਸੜਕ ਤੇ ਰੱਖਿਆ ਗਿਆ ਸੀ ਜਿਸ ਕਾਰਨ ਇਹ ਸੜਕ ਖਰਾਬ ਹੋ ਗਈ ਹੈ। ਮੈਂ ਪਹਿਲਾਂ ਵੀ ਦੱਸਿਆ ਹੈ ਕਿ 30 ਜੂਨ, 1993 ਤੱਕ ਇਹ ਬਣ ਜਾਵੇਗੀ।

---

## ਜ਼ਿਲ੍ਹਾ ਫਿਰੋਜ਼ਪੁਰ ਵਿੱਚ ਹੜ੍ਹ ਪੀੜਤ ਵਿਅਕਤੀਆਂ ਨੂੰ ਸਹਾਇਤਾ ਦੇਣੀ

*896. **ਸ੍ਰੀ ਹੰਸ ਰਾਜ ਜੋਸਨ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਸਾਲ 1992 ਦੇ ਦੌਰਾਨ ਦਰਿਆ ਸਤਲੁਜ ਵਿੱਚ ਆਏ ਹੜ੍ਹਾਂ ਕਾਰਨ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਬਾਰਡਰ ਦੇ ਇਲਾਕੇ ਦੇ ਕਿੰਨੇ ਪਿੰਡਾਂ ਤੇ ਅਸਰ ਪਿਆ ਅਤੇ ਇਸ ਦੇ ਸਿੱਟੇ ਵਜੋਂ ਹੋਏ ਜਾਨੀ ਅਤੇ ਮਾਲੀ ਨੁਕਸਾਨ ਦੇ ਵੇਰਵੇ ਕੀ ਹਨ ;

(ਅ) ਹੜ੍ਹਾਂ ਨਾਲ ਪ੍ਰਭਾਵਤ ਹੋਏ ਵਿਅਕਤੀਆਂ ਨੂੰ ਸਰਕਾਰ ਦੁਆਰਾ ਕਿੰਨਾ ਮੁਆਵਜ਼ਾ ਦਿੱਤਾ ਗਿਆ ਹੈ ?

**ਸਰਦਾਰ ਬੇਅੰਤ ਸਿੰਘ**: (ੳ) ਮੰਗੀ ਗਈ ਸੂਚਨਾ ਇਸ ਤਰ੍ਹਾਂ ਹੈ:--

| | | | |
|---|---|---|---|
| 1. | ਪ੍ਰਭਾਵਤ ਪਿੰਡਾਂ ਦੀ ਗਿਣਤੀ | ... | 64 |
| 2. | ਮਨੁੱਖਾਂ ਦਾ ਜਾਨੀ ਨੁਕਸਾਨ | ... | 3 |
| 3. | ਨੁਕਸਾਨ ਹੋਏ ਮਕਾਨਾਂ ਦੀ ਗਿਣਤੀ | ... | 2,376 |
| 4. | ਫਸਲਾਂ ਦਾ ਨੁਕਸਾਨ (ਖੇਤਰਫਲ ਏਕੜਾਂ ਵਿੱਚ) | ... | 28,388 |

(ਅ) **ਪੀੜਤਾਂ ਨੂੰ ਰਾਹਤ ਦੇਣ ਲਈ 2,07,26,536 ਰੁਪਏ 24 ਪੈਸੇ ਦੀ ਰਕਮ ਮਨਜ਼ੂਰ ਕੀਤੀ ਗਈ ਹੈ।**

**ਸ੍ਰੀ ਹੰਸ ਰਾਜ ਜੋਸਨ**: ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ ਇੱਕ ਤਾਂ ਇਨ੍ਹਾਂ ਨੇ ਬੜਾ ਹੀ ਡਿਟੇਲਡ ਜਵਾਬ ਦੇ ਦਿੱਤਾ ਹੈ ਅਤੇ ਨਾਲ ਹੀ ਇਹ ਪੈਸਾ ਲੋਕਾਂ ਨੂੰ ਮਿਲਣਾ ਚਾਲੂ ਹੋ ਗਿਆ ਹੈ। ਨਾਲ ਹੀ ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 700 ਰੁਪਏ ਦਾ ਜਿਹੜਾ ਨਾਰਮ ਫਿਕਸ ਕੀਤਾ ਹੈ, ਉਹ ਬਹੁਤ ਪੁਰਾਣਾ ਹੈ। ਕੀ ਸਰਕਾਰ ਇਸ ਬਾਰੇ ਵਿਚਾਰ ਕਰ ਰਹੀ ਹੈ ਕਿ ਉਸ ਨੂੰ 700 ਰੁਪਏ ਤੋਂ ਵਧਾ ਕੇ ਜ਼ਿਆਦਾ ਕੀਤਾ ਜਾਵੇਗਾ ?

**ਮੁੱਖ ਮੰਤਰੀ**: ਹਾਲੇ ਸਰਕਾਰ ਕੋਈ ਵਿਚਾਰ ਨਹੀਂ ਕਰ ਰਹੀ ਹੈ

---

Original with;
Punjab Vidhan Sabha
Digitized by;
Panjab Digital Library

## ਸੁਰੱਖਿਆ ਬਲਾਂ ਦੇ ਕਬਜ਼ੇ ਹੇਠ ਸਕੂਲ

*932. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਜ਼ਿਲ੍ਹਾ ਗੁਰਦਾਸਪੁਰ ਵਿਚ ਅਜਿਹੇ ਸਰਕਾਰੀ ਹਾਈ ਸਕੂਲਾਂ ਦੀ ਗਿਣਤੀ ਦੱਸਣਗੇ ਜਿਨ੍ਹਾਂ ਦੀਆਂ ਇਮਾਰਤਾਂ ਇਸ ਸਮੇਂ ਸੁਰੱਖਿਆ ਬਲਾਂ ਦੇ ਕਬਜ਼ੇ ਹੇਠ ਹਨ ਅਤੇ ਉਨ੍ਹਾਂ ਸਕੂਲਾਂ ਵਿਚੋਂ ਸਾਂਝੀ-ਵਿਦਿਆ (ਕੋ- ਐਜੂਕੇਸ਼ਨ) ਦੇ ਸਕੂਲਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ?

**ਸ੍ਰੀ ਹਰਨਾਮ ਦਾਸ ਜੌਹਰ:** 15 ਸਰਕਾਰੀ ਹਾਈ ਸਕੂਲ ਜਿਹੜੇ ਕਿ ਸਾਰੇ ਕੋ-ਐਜੂਕੇਸ਼ਨਲ ਹਨ ਇਨ੍ਹਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

**ਸੂਚੀ**

15 ਸਰਕਾਰੀ ਹਾਈ ਸਕੂਲ: ਸਾਰੇ ਕੋ-ਐਜੂਕੇਸ਼ਨਲ

| ਲੜੀ ਨੰ: | ਸਕਲ ਦਾ ਨਾਂ |
|---|---|
| 1 | ਸਰਕਾਰੀ ਹਾਈ ਸਕੂਲ, ਹਰਦੋਵਾਲ |
| 2 | ਸਰਕਾਰੀ ਹਾਈ ਸਕੂਲ, ਛਾਲਾ |
| 3 | ਸਰਕਾਰੀ ਹਾਈ ਸਕੂਲ, ਹਰਦੋਛੰਨੀ |
| 4 | ਸਰਕਾਰੀ ਹਾਈ ਸਕੂਲ, ਦਿਆਲਗੜ੍ਹ |
| 5 | ਸਰਕਾਰੀ ਹਾਈ ਸਕੂਲ, ਸ਼ਾਹਪੁਰ ਜਾਜਨ |
| 6 | ਸਰਕਾਰੀ ਹਾਈ ਸਕੂਲ, ਰੰਗੜ ਨੰਗਲ |
| 7 | ਸਰਕਾਰੀ ਹਾਈ ਸਕੂਲ, ਬਹਿਰਾਮਪੁਰ |
| 8 | ਸਰਕਾਰੀ ਹਾਈ ਸਕੂਲ, ਖਜ਼ਾਲਾ |
| 9 | ਸਰਕਾਰੀ ਹਾਈ ਸਕੂਲ, ਨੌਸ਼ਹਿਰਾ ਮੱਝਾ ਸਿੰਘ |
| 10 | ਸਰਕਾਰੀ ਹਾਈ ਸਕੂਲ, ਧਿਆਨਪੁਰ |
| 11 | ਸਰਕਾਰੀ ਹਾਈ ਸਕੂਲ, ਸ਼ੇਖਪੁਰਾ |
| 12 | ਸਰਕਾਰੀ ਹਾਈ ਸਕੂਲ, ਘਾਣ ਕੇ ਬੰਗਰ |
| 13 | ਸਰਕਾਰੀ ਹਾਈ ਸਕੂਲ, ਮੜੀ ਬੁੱਚੀਆਂ |
| 14 | ਸਰਕਾਰੀ ਹਾਈ ਸਕੂਲ, ਭਰਥਾਂ |
| 15 | ਸਰਕਾਰੀ ਹਾਈ ਸਕੂਲ, ਹਰਪੁਰ ਧੰਦੋਈ |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ। ਮੇਰਾ ਸਵਾਲ ਇਹ ਨਹੀਂ ਕਿ ਗੁਰਦਾਸਪੁਰ ਵਿਚ ਕਿੰਨੇ ਹਾਈ ਸਕੂਲ ਹਨ ਅਤੇ ਕਿੰਨੇ ਕੋ-ਐਜੂਕੇਸ਼ਨ ਸਕੂਲ ਹਨ ਬਲਿਕ ਮੇਰਾ ਸਵਾਲ ਤਾਂ ਇਹ ਸੀ ਕਿ ਗੁਰਦਾਸਪੁਰ ਵਿਚ ਅਜਿਹੇ ਕਿੰਨੇ ਹਾਈ ਸਕੂਲ ਅਤੇ ਕੋ-ਐਜੂਕੇਸ਼ਨ ਸਕੂਲ ਹਨ ਜਿਨ੍ਹਾਂ ਵਿਚ ਸਿਕਿਉਰਿਟੀ ਫੋਰਸਿਜ਼ ਹਨ।

**ਮੰਤਰੀ :** ਸਪੀਕਰ ਸਾਹਿਬ, ਮੈਂ ਨਿਮਰਤਾ ਸਹਿਤ ਸਤਿਕਾਰ ਯੋਗ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁਦਾ ਹਾਂ ਕਿ ਜੋ ਲਿਸਟ ਸਦਨ ਦੀ ਮੇਜ਼ ਤੇ ਰੱਖੀ ਹੈ, ਉਹ ਸਿਰਫ ਉਨ੍ਹਾਂ ਸਕੂਲਾਂ ਦੀ ਹੀ ਹੈ ਜਿਨ੍ਹਾਂ ਵਿਚ ਸਿਕਿਉਰਿਟੀ ਫੋਰਸਿਜ਼ ਹਨ। ਇਹ 15 ਹਾਈ ਸਕੂਲ ਹਨ ਅਤੇ ਸਾਰੇ ਦੇ ਸਾਰੇ ਕੋਐਜੂਕੇਸ਼ਨ ਹਨਨਲ

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ:** ਸਪੀਕਰ ਸਾਹਿਬ, ਇਹ ਜਿਹੜੀ ਲਿਸਟ ਰੱਖੀ ਹੈ, ਕੀ ਇਨ੍ਹਾਂ ਸਾਰਿਆਂ ਵਿਚ ਸਿਕਿਉਰਿਟੀ ਫੋਰਸਿਜ਼ ਰਹਿੰਦੀਆਂ ਹਨ ਕਿਉਂਕਿ ਇਥੇ ਨੌਜਵਾਨ ਲੜਕੀਆਂ ਹਨ, ਇਸ ਲਈ ਕੱਲ੍ਹ ਕੋਈ ਮਿਸ-ਹੈਪਨ ਵੀ ਹੋ ਸਕਦਾ ਹੈ। ਕੀ ਸਰਕਾਰ ਦੀ ਕੋਈ ਤਜਵੀਜ਼ ਵਿਚਾਰ ਅਧੀਨ ਹੈ ਕਿ ਜਲਦੀ ਤੋਂ ਜਲਦੀ ਸਿਕਿਉਰਿਟੀ ਫੋਰਸਾਂ ਨੂੰ ਅਹਾਤੇ ਵਿਚੋਂ ਖਾਲੀ ਕਰਵਾ ਦੇਣਗੇ ਅਤੇ ਇਸ ਲਈ ਟਾਈਮ ਬਾਊਂਡ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਅੱਜ ਤੱਕ ਕੋਈ ਸ਼ਿਕਾਇਤ ਨਹੀਂ ਆਈ ਹੈ ਕਿਉਂਕਿ ਸਿਕਿਉਰਿਟੀ ਫੋਰਸਿਜ਼ ਵਾਲੇ ਬੜੇ ਜ਼ੁੰਮੇਵਾਰ ਹੁੰਦੇ ਹਨ ਅਤੇ ਡਿਸਿਪਲਿਨ ਵਿਚ ਰਹਿੰਦੇ ਹਨ ਅਤੇ ਸਾਰੀਆਂ ਲੜਕੀਆਂ ਨੂੰ ਆਪਣੀਆਂ ਧੀਆਂ ਸਮਝਦੇ ਹਨ। (ਥੰਪਿੰਗ)

---

### ਜ਼ਿਲ੍ਹਾ ਗੁਰਦਾਸਪੁਰ ਵਿੱਚ ਪਾਣੀ ਦੀ ਸਪਲਾਈ ਤੋਂ ਬਿਨਾਂ ਪਿੰਡ

*951. **ਸ੍ਰੀ ਰਘੂਨਾਥ ਸਹਾਏ ਪੁਰੀ:** ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਉਨ੍ਹਾਂ ਪਿੰਡਾਂ ਦੇ ਤਹਿਸੀਲ-ਵਾਰ ਨਾਂ ਕੀ ਕੀ ਹਨ ਜਿਨ੍ਹਾਂ ਵਿਚ ਪੀਣ ਦੇ ਪਾਣੀ ਦੀ ਸਪਲਾਈ ਲਈ ਦਿਹਾਤੀ ਪਾਣੀ ਸਪਲਾਈ ਯੋਜਨਾ ਅਜੇ ਤਕ ਲਾਗੂ ਨਹੀਂ ਕੀਤੀ ਗਈ ?

**ਸਰਦਾਰ ਮਨਿੰਦਰਜੀਤ ਸਿੰਘ ਬਿੱਟਾ:** ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

**ਜ਼ਿਲ੍ਹਾ ਗੁਰਦਾਸਪੁਰ ਦੇ ਬਾਕੀ ਰਹਿੰਦੇ ਪਾਣੀ ਦੀ ਥੁੜ੍ਹ ਵਾਲੇ ਪਿੰਡਾਂ ਦੀ ਸੂਚੀ**

**ਤਹਿਸੀਲ ਪਠਾਨਕੋਟ**

| | | | |
|---|---|---|---|
| 1. | ਖਾਨਪੁਰ | .. | (1980 ਦੀ ਲਿਸਟ) |
| 2. | ਗੁਸਾਈਂਪੁਰ | ... | ਉਹੀ |

**ਤਹਿਸੀਲ ਗੁਰਦਾਸਪੁਰ**

| | | | |
|---|---|---|---|
| 1. | ਹਮਰਾਜਪੁਰ | ... | (1985 ਦੀ ਲਿਸਟ) |
| 2. | ਦੇਵਲ | ... | ,, |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਜਨ ਸਿਹਤ]

| | | |
|---|---|---|
| 3. | ਢੋਲੁਵਾਣਾ | ... 1985 ਦੀ ਲਿਸਟ |
| 4. | ਪਸਨਵਾਲ | ... ,, |
| 5. | ਅਲਾਵਲਪੁਰ | ... ,, |
| 6. | ਮਾਨ | ... ,, |
| 7. | ਚੋਪੜਾ | ... ,, |
| 8. | ਚਵਾੜੀਆਂ | ... ,, |
| 9. | ਕੋਟਲੀ ਸੈਣੀਆਂ | ... ,, |

ਤਹਿਸੀਲ ਬਟਾਲਾ

| | | |
|---|---|---|
| 1 | ਖਾਸਾਵਾਲਾ | ... ,, |
| 2 | ਜੋੜੀਆਂ ਖੁਰਦ | ... ,, |
| 3. | ਪਾਲਾ ਨੰਗਲ | .. ,, |
| 4. | ਪਖੋਕੇ | ... ,, |
| 5. | ਪਖੋਕੇ ਮਹਾਰਾਨਾ | ... ,, |
| 6. | ਸੰਦਵਾਂਵਾਲੀ | ,, |
| 7. | ਚੂੰਦ ਨੰਗਲ | ... ,, |
| 8. | ਰੋੜ ਖੇੜਾ | ... ,, |
| 9. | ਫੈਜਲਾ ਬਾਦ | .. ,, |
| 10. | ਮੀਰਕਾ ਚਨਾ | ... ,, |
| 11. | ਦਾਲਮ | .. ,, |
| 12. | ਢੇਸੀਆਂ | .. ,, |
| 13. | ਕੋਹਾਲੀ | ... ,, |
| 14. | ਉਧਨਵਾਲ | ... ,, |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| 15. | ਸਾਹਪੁਰ | ... | 1985 ਦੀ ਲਿਸਟ |
| 16. | ਧਰਮਕੋਟ | ... | ,, |
| 17. | ਅ ਹਰਪੁਰ | ... | ,, |
| 18. | ਚੌੜਾ | ... | ,, |
| 19. | ਚੀਨਾ ਵੀਰਾ | ... | ,, |

**ਸ੍ਰੀ ਰਘੂਨਾਥ ਸਹਾਏ ਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਦੀ ਲਿਸਟ ਸਦਨ ਦੀ ਮੇਜ਼ ਤੇ ਰੱਖੀ ਹੈ, ਉਨ੍ਹਾਂ ਵਿਚ ਕਦੋਂ ਤੱਕ ਵਾਟਰ ਸਪਲਾਈ ਪੂਰੀ ਕੀਤੀ ਜਾਵੇਗੀ ਤਾਂ ਕਿ ਪੀਣ ਵਾਲੇ ਪਾਣੀ ਦੀ ਮੁਸ਼ਕਿਲ ਦੂਰ ਹੋ ਸਕੇ ?

**ਰਾਜ ਮੰਤਰੀ** : ਸਪੀਕਰ ਸਾਹਿਬ ਜ਼ਿਲ੍ਹਾ ਗੁਰਦਾਸਪੁਰ ਵਿਚ ਸਿਰਫ 30 ਪਿੰਡ ਹੀ ਰਹਿੰਦੇ ਹਨ ਜਿਥੇ ਕਿ ਪਾਣੀ ਦੀ ਸਪਲਾਈ ਨਹੀਂ ਹੋ ਸਕੀ। ਜੇਕਰ ਫੰਡ ਉਪਲਬਧ ਹੋ ਗਏ ਤਾਂ 31 ਮਾਰਚ, 1994 ਤਕ ਇਨ੍ਹਾਂ ਥੁੜ੍ਹ ਵਾਲੇ ਪਿੰਡਾਂ ਨੂੰ ਵੀ ਪਾਣੀ ਦੀ ਸਪਲਾਈ ਦੇ ਦਿਤੀ ਜਾਵੇਗੀ।

**ਸ੍ਰੀ ਰਘੂਨਾਥ ਸਹਾਏ ਪੁਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ, ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਤਹਿਸੀਲ ਪਠਾਨਕੋਟ ਵਿਚ ਧਾਰ ਬਲਾਕ ਵਿਚ ਜਿਹੜੀਆਂ ਆ-ਬਾਦੀਆਂ ਹਨ ਉਨ੍ਹਾਂ ਨੂੰ ਪਾਣੀ ਦੇਣ ਵਾਸਤੇ ਕਦੋਂ ਤਕ ਪ੍ਰਬੰਧ ਕਰ ਦੇਣਗੇ ਤਾਂਕਿ ਧਾਰ ਬਲਾਕ ਦੇ ਲੋਕਾਂ ਨੂੰ ਪੀਣ ਦਾ ਪਾਣੀ ਮਿਲ ਸਕੇ ?

**ਸ੍ਰੀ ਸਪੀਕਰ** : ਪੁਰੀ ਸਾਹਿਬ, ਇਸ ਦੇ ਲਈ ਤੁਸੀਂ ਸੈਪਰੇਟ ਕੁਐਸਚਨ ਦੇ ਦਿਉ।

**ਸ੍ਰੀ ਰਘੂਨਾਥ ਸਹਾਏ ਪੁਰੀ** : ਸਪੀਕਰ ਸਾਹਿਬ, ਮੇਰਾ ਸਵਾਲ ਤਾਂ ਬੜਾ ਕਲੀਅਰ ਔਰ ਸਹੀ ਹੈ ਕਿ ਧਾਰ ਬਲਾਕ ਦੀਆਂ ਆਬਾਦੀਆਂ ਬਾਰੇ ਦੱਸ ਦੇਣ। ਮਨਿਸਟਰ ਸਾਹਿਬ ਕੋਈ ਐਸ਼ੋਰੇਂਸ ਹਾਉਸ ਵਿੱਚ ਦੇ ਦੇਣ ਕਿ ਕਦੋਂ ਤੱਕ ਉਨ੍ਹਾਂ ਨੂੰ ਪੀਣ ਦਾ ਪਾਣੀ ਮਿਲ ਜਾਵੇਗਾ ।

**ਸ੍ਰੀ ਸਪੀਕਰ** : ਤੁਸੀਂ ਸਾਰੇ ਜ਼ਿਲ੍ਹੇ ਗੁਰਦਾਸਪੁਰ ਦੇ ਬਾਰੇ ਸਵਾਲ ਪੁੱਛਿਆ ਸੀ, ਇਕੱਲੇ ਧਾਰ ਬਲਾਕ ਦਾ ਨਹੀਂ ਸੀ ਪੁੱਛਿਆ। ਧਾਰ ਬਲਾਕ ਬਾਰੇ ਵੱਖਰਾ ਸਵਾਲ ਕਰ ਲਓ।

**ਸ੍ਰੀ ਰਘੂਨਾਥ ਸਹਾਏ ਪੁਰੀ** : ਧਾਰ ਬਲਾਕ, ਸਪੀਕਰ ਸਾਹਿਬ, ਗੁਰਦਾਸਪੁਰ ਜ਼ਿਲ੍ਹੇ ਵਿੱਚ ਹੀ ਆਉਂਦਾ ਹੈ।

**ਸ੍ਰੀ ਸਪੀਕਰ** : ਇਸ ਦੇ ਬਾਰੇ ਤੁਸੀਂ ਸੈਪਰਟ ਸਵਾਲ ਦੇ ਦਿਉ। ਪੋਸਟਪੋਨਡ ਸਵਾਲ ਜਿਹੜੇ ਹਨ ਉਹ ਸਮਾਪਤ ਹੁੰਦੇ ਹਨ ਅਤੇ ਹੁਣ ਦੂਸਰੇ ਸਟਾਰਡ ਸਵਾਲ ਸ਼ੁਰੂ ਹੁੰਦੇ ਹਨ।

------

Original with;
Punjab Vidhan Sabha
Digitized by;
Panjab Digital Library

## STARRED QUESTIONS AND ANSWERS

### ਅਨੁਸੂਚਿਤ ਜਾਤੀਆਂ ਦੇ ਵਿਅੱਕਤੀਆਂ ਨੂੰ ਮਕਾਨ ਬਣਾਉਣ ਲਈ ਗਰਾਂਟ ਦੇਣਾ

*979. 1. ਸਰਦਾਰ ਹਰਗੋਪਾਲ ਸਿੰਘ ਐਡਵੋਕੇਟ
2. ਸ੍ਰੀ ਰਾਜਿੰਦਰ ਕੁਮਾਰ
} : ਕੀ ਸਮਾਜ ਭਲਾਈ

**ਮੰਤਰੀ** ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਜਨਵਰੀ, 1987 ਤੋਂ ਹੁਣ ਤੱਕ ਦੇ ਸਮੇਂ ਦੇ ਦੌਰਾਨ ਅਨੁਸੂਚਿਤ ਜਾਤੀਆਂ ਦੀ ਭਲਾਈ ਬਾਰੇ ਵਿਭਾਗ ਦੁਆਰਾ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਮਕਾਨ ਬਣਾਉਣ ਲਈ ਦਿੱਤੀਆਂ ਗਈਆਂ ਗਰਾਂਟਾਂ ਦੀ ਕੁੱਲ ਰਕਮ ਤਹਿਸੀਲ-ਵਾਰ ਕਿੰਨੀ-2 ਹੈ ?

**ਸ੍ਰੀ ਬ੍ਰਹਮ ਮਹਿੰਦਰਾ** : ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਮਕਾਨ ਉਸਾਰੀ ਲਈ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਜਨਵਰੀ 1987 ਤੋਂ ਅੱਜ ਤੱਕ ਕੁਲ ਵੰਡੀ ਗਰਾਂਟ ... 7,25,000

ਤਹਿਸੀਲਵਾਰ ਵੇਰਵਾ ਇਸ ਤਰ੍ਹਾਂ ਹੈ :--

| | | |
|---|---|---|
| ਹੁਸ਼ਿਆਰਪੁਰ | ... | 2,35,000 |
| ਬਲਾਚੌਰ | ... | 1,25,000 |
| ਗੜ੍ਹਸ਼ੰਕਰ | ... | 1,60,000 |
| ਦਸੂਹਾ | ... | 2,05,000 |

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਗਰਾਂਟ ਵੰਡੀ ਗਈ ਹੈ ਇਸ ਗਰਾਂਟ ਨੂੰ ਵੰਡਣ ਲਈ ਸਰਕਾਰ ਦੀ ਕੀ ਨੀਤੀ ਸੀ ਜਾਂ ਕੀ ਫਾਰਮੂਲਾ ਸੀ ?

**ਮੰਤਰੀ** : ਸਪੀਕਰ ਸਾਹਿਬ, ਇਹ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਗਰਾਂਟ ਦਿੱਤੀ ਜਾਂਦੀ ਸੀ ਔਰ ਕੋਈ ਵੀ ਅਨੁਸੂਚਿਤ ਜਾਤੀਆਂ ਦਾ ਵਿਅਕਤੀ ਇਸ ਗਰਾਂਟ ਲਈ ਅਪਲਾਈ ਕਰ ਸਕਦਾ ਹੈ।

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਰਕਾਰ ਦਾ ਟਾਰਗੇਟ ਸੀ, ਇਹ ਗਰਾਂਟ ਜਿਹੜੀ ਦਿੱਤੀ ਦੱਸੀ ਗਈ ਹੈ, ਕੀ ਇਹ ਟਾਰਗੇਟ ਪੂਰਾ ਕਰਨ ਦੇ ਬਾਅਦ ਦਿੱਤੀ ਦੱਸੀ ਗਈ ਹੈ ਜਾਂ ਟਾਰਗੇਟ ਹਾਲੀਂ ਪੂਰਾ ਕਰਨਾ ਬਾਕੀ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਕੀਮ ਸੀ ਇਹ 1989 ਵਿੱਚ ਬੰਦ ਹੋ ਗਈ ਸੀ। 1989 ਤੋਂ ਪਹਿਲਾਂ ਇਹ ਸਕੀਮ ਸੀ। ਉਦੋਂ ਬਿਊਰੋਕਰੇਸੀ ਦਾ ਰਾਜ ਸੀ, ਪਤਾ ਨਹੀਂ ਸੂਟ ਨਹੀਂ ਸੀ ਕਰਦੀ ਜਾਂ ਕਿਵੇਂ 1989 ਵਿੱਚ ਇਹ ਸਕੀਮ ਬੰਦ ਹੋ ਗਈ। ਜਿਹੜਾ ਕੁਝ ਮੈਂ ਦੱਸਿਆ ਹੈ ਇਹ ਟੀਚਾ ਪੂਰਾ ਹੋਣ ਤੋਂ ਬਾਅਦ ਸਾਰਾ ਕੁਝ ਕੀਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਰਾਜਿੰਦਰ ਕੁਮਾਰ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਲਾਭਪਾਤਰਾਂ ਨੂੰ ਗਰਾਂਟ ਨਕਦ ਦਿੱਤੀ ਜਾਂਦੀ ਹੈ ਜਾਂ ਮੈਟੀਰੀਅਲ ਲੈ ਕੇ ਦਿੱਤਾ ਜਾਂਦਾ ਹੈ ?

**ਮੰਤਰੀ**: ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਸਪਲੀਮੈਂਟਰੀ ਸਮਝਿਆ ਨਹੀਂ ਜੀ।

**ਸ੍ਰੀ ਸਪੀਕਰ**: ਦੁਬਾਰਾ ਰਪੀਟ ਕਰ ਦਿਓ।

**ਸ੍ਰੀ ਰਾਜਿੰਦਰ ਕੁਮਾਰ**: ਜੋ ਲਾਭਪਾਤਰਾਂ ਨੂੰ ਗਰਾਂਟ ਏਡ ਦੇ ਤੌਰ ਤੇ ਦਿੱਤੀ ਜਾਂਦੀ ਹੈ, ਕੀ ਉਹ ਨਕਦ ਦਿੱਤੀ ਜਾਂਦੀ ਹੈ ਜਾਂ ਮੈਟੀਰੀਅਲ ਲੈ ਕੇ ਦਿੱਤਾ ਜਾਂਦਾ ਹੈ ?

**ਮੰਤਰੀ**: ਸਪੀਕਰ ਸਾਹਿਬ, ਕੁਝ ਉਨ੍ਹਾਂ ਦਾ ਆਪਣਾ ਹਿੱਸਾ ਸੀ, ਜਿਹੜਾ ਸਰਕਾਰ ਨੇ ਹਿੱਸਾ ਪਾਉਣਾ ਸੀ ਉਹ ਗਰਾਂਟ ਦੇ ਤੌਰ ਤੇ ਸੀ।

------

**ਪਿੰਡਾਂ ਵਿਚ ਅਨੁਸੂਚਿਤ ਜਾਤੀਆਂ ਲਈ ਧਰਮਸ਼ਾਲਾਵਾਂ ਮੁਹੱਈਆ ਕਰਨਾ**

*984. **ਸਰਦਾਰ ਜਗਤਾਰ ਸਿੰਘ ਮੁਲਤਾਨੀ**: ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਅਜਿਹੇ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਬਣਾਈਆਂ ਨਹੀਂ ਗਈਆਂ ਹਨ/ਮੁਹੱਈਆ ਨਹੀਂ ਕੀਤੀਆਂ ਗਈਆਂ ਹਨ ਅਤੇ ਇਹਨਾਂ ਪਿੰਡਾਂ ਵਿਚ ਇਹ ਧਰਮਸ਼ਾਲਾਵਾਂ ਕਦੋਂ ਤੱਕ ਮੁਹੱਈਆ ਕਰ ਦਿੱਤੀਆਂ ਜਾਣਗੀਆਂ ?

**ਸ੍ਰੀ ਬ੍ਰਹਮ ਮਹਿੰਦਰਾ**: ਰਾਜ ਵਿਚ 1155 ਪਿੰਡ ਹਨ ਜਿਨ੍ਹਾਂ ਵਿਚ ਅਜੇ ਤੱਕ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾ ਨਹੀਂ ਬਣੀਆਂ। ਇਨ੍ਹਾਂ ਵਿਚੋਂ 333 ਪਿੰਡਾਂ ਨੂੰ ਸਾਲ 1993-94 ਵਿਚ ਕਵਰ ਕੀਤਾ ਜਾਵੇਗਾ, ਬਾਕੀ ਦੇ ਪਿੰਡਾਂ ਨੂੰ ਆਉਣ ਵਾਲੇ ਸਾਲਾਂ ਵਿਚ ਕਵਰ ਕੀਤਾ ਜਾਵੇਗਾ।

ਸਪੀਕਰ ਸਾਹਿਬ, ਮੈਂ ਜਿਹੜਾ ਲਿਖਤੀ ਰੂਪ ਵਿਚ ਜਵਾਬ ਭੇਜਿਆ ਹੈ ਉਸ ਵਿਚ 333 ਪਿੰਡਾਂ ਦੀ ਥਾਂ ਤੇ 200 ਪਿੰਡ ਸਮਝਿਆ ਜਾਏ।

**ਸਰਦਾਰ ਜਗਤਾਰ ਸਿੰਘ ਮੁਲਤਾਨੀ**: ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬਾਕੀ ਦੇ ਪਿੰਡ ਰਹਿ ਜਾਣਗੇ ਉਨ੍ਹਾਂ ਦੇ ਵਿਚ ਕਿੰਨੇ ਚਿਰ ਤੱਕ ਧਰਮਸ਼ਾਲਾਵਾਂ ਬਣਾ ਦਿੱਤੀਆਂ ਜਾਣਗੀਆਂ ?

**ਮੰਤਰੀ**: ਸਪੀਕਰ ਸਾਹਿਬ, ਮੈਂ ਪਹਿਲਾਂ ਬੇਨਤੀ ਕੀਤੀ ਹੈ ਕਿ 1993-94 ਵਿਚ 200 ਧਰਮ-ਸ਼ਾਲਾਵਾਂ ਦਾ ਟੀਚਾ ਹੈ, ਬਾਕੀ ਪਿੰਡਾਂ ਵਿਚ ਅਗਲੇ ਸਾਲਾਂ ਵਿਚ ਧਰਮਸ਼ਾਲਾਵਾਂ ਮੁਹੱਈਆ ਕੀਤੀਆਂ ਜਾਣਗੀਆਂ।

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, ਸਾਲ 1993-94 ਵਿਚ ਪਿੰਡਾਂ ਦੇ ਖੇਤਰ ਵਿਚ ਕਿੰਨੀਆਂ ਧਰਮਸ਼ਾਲਾਵਾਂ ਬਣਾਉਣੀਆਂ ਹਨ, ਇਹ ਤਾਂ ਮਨਿਸਟਰ ਸਾਹਿਬ ਨੇ ਦੱਸ ਦਿੱਤਾ ਹੈ, ਪਰ ਸ਼ਹਿਰਾਂ ਵਿਚ ਵੀ ਬਹੁਤ ਸਾਰੀਆਂ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਹਨ ਜਿਥੇ ਕਿ ਧਰਮਸ਼ਾਲਾਵਾਂ ਦੀ ਬਹੁਤ ਜ਼ਰੂਰਤ ਹੈ। ਮੈਂ ਪੁੱਛਣਾ ਚਾਹੁਦਾ ਹਾਂ ਜਦੋਂ ਪਿੰਡਾਂ ਵਿਚ ਇਹ ਧਰਮ-ਸ਼ਾਲਾਵਾਂ ਬਣਾਉਣਗੇ ਕੀ ਉਦੋਂ ਇਹ ਇਨ੍ਹਾਂ ਸ਼ਹਿਰੀ ਬਸਤੀਆਂ ਵਿਚ ਵੀ ਮੁਹੱਈਆ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ:** ਇਸ ਦੇ ਲਈ ਸੈਪਰੇਟ ਕੁਐਸਚਨ ਚਾਹੀਦਾ ਹੈ।

---

**ਮੋਗਾ ਵਿਖੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਨਵੀਂ ਆਈ. ਟੀ. ਆਈ. ਖੋਲ੍ਹਣਾ**

*967. **ਡਾਕਟਰ (ਸ੍ਰੀਮਤੀ) ਮਾਲਤੀ ਥਾਪਰ:** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—ਕੀ ਸਰਕਾਰ ਦੀ ਨੇੜੇ ਭਵਿੱਖ ਵਿਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਮੋਗਾ, ਜ਼ਿਲ੍ਹਾ ਫਰੀਦਕੋਟ ਵਿਖੇ ਨਵੀਂ ਉਦਯੋਗਿਕ ਸਿਖਲਾਈ ਸੰਸਥਾ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸਰਦਾਰ ਲਖਮੀਰ ਸਿੰਘ ਰੰਧਾਵਾ:** ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਇਹ ਦੱਸਣਾ ਚਾਹੁੰਦੀ ਹਾਂ (ਵਿਘਨ) ਮੈਂ ਕੁਐਸਚਨ ਵਿਚ ਪੁੱਛਿਆ ਸੀ ਕਿ ਆਈ. ਟੀ. ਆਈ. ਪਲੱਸ ਪਾਲੀ-ਟੈਕਨੀਕਲ ਕਾਲਜ ਪਰ ਇਥੇ ਪਾਲੇਟੈਕਨੀਕਲ ਕਾਲਜ ਮਿਸਿੰਗ ਹਨ। (ਵਿਘਨ)

**ਸ੍ਰੀ ਸਪੀਕਰ:** ਤੁਸੀਂ ਜੋ ਹੁਣ ਕੁਐਸਚਨ ਹੈ ਉਸਦੇ ਮੁਤਾਬਿਕ ਸਪਲੀਮੈਂਟਰੀ ਪੁੱਛੋ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ:** ਮੇਰਾ ਸਪਲੀਮੈਂਟਰੀ ਇਹ ਹੈ ਕਿ ਮੋਗਾ ਵਿਚ ਜਿਹੜੀ ਆਈ. ਟੀ. ਆਈ. ਐਗਜ਼ਿਸਟਿੰਗ ਹੈ ਕੀ ਉਸ ਵਿਚ ਔਰਤਾਂ ਔਰ ਅਨੁਸੂਚਿਤ ਜਾਤੀਆਂ ਲਈ ਕੋਈ ਰਿਜ਼ਰਵੇਸ਼ਨ ਰੱਖੀ ਹੋਈ ਹੈ?

**ਮੰਤਰੀ:** ਸਪੀਕਰ ਸਾਹਿਬ, ਸਾਰੇ ਪੰਜਾਬ ਵਿਚ ਜਿੰਨੇ ਆਈ. ਟੀ. ਆਈ. ਜਾਂ ਬਾਕੀ ਇੰਡਸ-ਟਰੀਅਲ ਸਕੂਲ ਹਨ ਉਨ੍ਹਾਂ ਵਿਚ ਸ਼ਡਿਊਲਡ ਕਾਸਟਸ ਲਈ 25% ਅਤੇ ਬੈਕਵਰਡ ਕਲਾਸਿਜ਼ ਲਈ 5% ਸੀਟਾਂ ਰਿਜ਼ਰਵ ਹਨ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਹ ਇਨ੍ਹਾਂ ਦੇ ਵਿਚਾਰ ਅਧੀਨ ਹੈ ਕਿ ਆਈ. ਟੀ. ਆਈ. ਵਿਚ ਉਥੇ ਹੀ ਪਾਲੀਟੈਕਨਿਕ ਕਾਲਜ ਵੀ ਖੋਲ੍ਹ ਦਿੱਤਾ ਜਾਏਗਾ?

**ਸ੍ਰੀ ਸਪੀਕਰ:** ਪਾਲੇਟੈਕਨਿਕ ਦਾ ਸੁਆਲ ਤਾਂ ਆਇਆ ਹੀ ਨਹੀਂ, ਜਿਹੜਾ ਸੁਆਲ ਹੈ, ਉਸ ਦੇ ਬਾਰੇ ਸਪਲੀਮੈਂਟਰੀ ਪੁੱਛੋ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ:** ਸਪੀਕਰ ਸਾਹਿਬ ਗੌਰਮਿੰਟ ਦੀ ਕਮਿੱਟਮੈਂਟ ਹੈ।

**ਸ੍ਰੀ ਸਪੀਕਰ:** ਮੈਂ ਦੱਸਣਾ ਚਾਹਾਂਗਾ ਕਿ ਮੈਂ ਤੁਹਾਡਾ ਇਹ ਸਵਾਲ ਦੇਖਿਆ ਹੈ ਉਸ ਵਿਚ ਪਾਲੀਟੈਕਨਿਕ ਦਾ ਲਫਜ਼ ਨਹੀਂ ਵਰਤਿਆ ਗਿਆ। It is just for your kind information.

---

Original with;
Punjab Vidhan Sabha
Digitized by;
Punjab Digital Library

## ਜ਼ਿਲ੍ਹਾ ਫਰੀਦਕੋਟ ਵਿੱਚ ਨਵੇਂ ਪਸ਼ੂ ਚਿਕਿਤਸਾ ਹਸਪਤਾਲ ਅਤੇ ਡਿਸਪੈਂਸਰੀਆਂ ਖੋਲ੍ਹਣਾ

*968. **ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ** : ਕੀ ਪਸ਼ੂ ਪਾਲਣ ਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ––

(ੳ) ਜ਼ਿਲ੍ਹਾ ਫਰੀਦਕੋਟ ਵਿਚ ਇਸ ਸਮੇਂ ਪਸ਼ੂ ਚਿਕਿਤਸਾ ਹਸਪਤਾਲ ਤੇ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਦੀ ਵੱਖ-ਵੱਖ ਗਿਣਤੀ ਕਿੰਨੀ ਕਿੰਨੀ ਹੈ;

(ਅ) ਕੀ ਸਰਕਾਰ ਦੀ ਉਕਤ ਜ਼ਿਲ੍ਹੇ ਵਿਚ ਨਵੇਂ ਚਿਕਿਤਸਾ ਹਸਪਤਾਲ ਤੇ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਹੈ। ਜੇਕਰ ਅਜਿਹਾ ਹੈ ਤਾਂ ਉਸ ਦ ਵੇਰਵੇ ਕੀ ਹਨ ?

**Sardar Harbans Singh Sidhu :** (a) There are 78 Vety. Hospitals and 111 Vety. Dispensaries in District Faridkot.

(b) Yes Sir. Details will be finalised by the District Development & Planning Board Faridkot.

**ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ**: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਕਿ ਇਹ ਜਿਹੜਾ ਇਨ੍ਹਾਂ ਨੇ ਦੱਸਿਆ ਹੈ ਕਿ ਮੋਗਾ ਜ਼ਿਲ੍ਹੇ ਵਿਚ 78 ਪਸ਼ੂ ਹਸਪਤਾਲ ਅਤੇ 111 ਪਸ਼ੂ ਡਿਸਪੈਂਸਰੀਆਂ ਹਨ, ਪਰ ਮੋਗਾ ਵਿਚ ਕਿੰਨੀਆਂ ਹਨ ?

**ਰਾਜ ਮੰਤਰੀ**: ਸਪੀਕਰ ਸਾਹਿਬ, ਇਹ ਸੇਪਰੇਟ ਨੋਟਿਸ ਦੇ ਦੇਣ ਮੈਂ ਦੱਸ ਦਿਆਂਗਾ। ਇਨ੍ਹਾਂ ਨੇ ਸਾਰੇ ਡਿਸਟ੍ਰਿਕਟ ਦਾ ਪੁੱਛਿਆ ਸੀ ਉਹ ਮੈਂ ਦਸ ਦਿੱਤਾ ਹੈ।

**ਸ਼੍ਰੀ ਸਪੀਕਰ**: ਮਾਲਤੀ ਜੀ, ਤੁਸੀਂ ਅਲਹਿਦਾ ਕੁਐਸਚਨ ਦੇ ਦਿਓ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਹਸਪਤਾਲ ਖੋਲ੍ਹਣ ਦਾ ਕੀ ਕਰਾਈਟੇਰੀਆ ਰੱਖਿਆ ਹੈ। (ਵਿਘਨ) ਸਪੀਕਰ ਸਾਹਿਬ, ਇਸ ਪਵਿੱਤਰ ਸਦਨ ਵਿਚ ਇਨ੍ਹਾਂ ਨੇ ਕਿਹਾ ਸੀ ਕਿ ਜਿਥੇ ਜਿਥੇ ਹਸਪਤਾਲ ਦੀ ਲੋੜ ਹੋਵੇਗੀ ਖੋਲ੍ਹ ਦਿੱਤਾ ਜਾਵੇਗਾ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਦਨ ਦਾ ਆਦਰ ਕਰਦੇ ਹੋਏ ਫਰੀਦਕੋਟ ਵਿਚ ਜਿੱਥੇ ਜਿੱਥੇ ਹਸਪਤਾਲ ਲੋੜੀਂਦੇ ਹਨ ਉਥੇ ਉਥੇ ਖੋਲ੍ਹਣ ਦੀ ਕਿਤਨੀ ਦੇਰ ਵਿਚ ਕਿਰਪਾਲਤਾ ਕਰ ਦੇਣਗੇ ?

**ਸ਼੍ਰੀ ਸਪੀਕਰ**: ਇਹ ਤਾਂ ਸਪੈਸੇਫਿਕ ਸਵਾਲ ਨਹੀਂ ਹੈ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**: ਸਪੀਕਰ ਸਾਹਿਬ, ਫਰੀਦਕੋਟ ਜ਼ਿਲ੍ਹੇ ਬਾਰੇ ਸਵਾਲ ਹੈ ਜੀ ਔਰ ਇਨ੍ਹਾਂ ਨੇ ਫੁਰਮਾਇਆ ਹੈ ਕਿ ਪੂਰੇ ਵੇਰਵੇ ਜ਼ਿਲ੍ਹਾ ਵਿਕਾਸ ਅਤੇ ਪਲਾਨਿੰਗ ਬੋਰਡ ਫਰੀਦਕੋਟ ਵੱਲੋਂ ਨਿਰਧਾਰਤ ਕੀਤੇ ਜਾਣਗੇ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਤਨੀ ਦੇਰ ਤੱਕ ਇਸ ਦੀ ਇੰਪਲੀਮੈਂਟੇਸ਼ਨ ਹੋ ਜਾਵੇਗੀ ?

**ਸ਼੍ਰੀ ਸਪੀਕਰ**: ਉਨ੍ਹਾਂ ਨੇ ਤਾਂ ਕਹਿ ਦਿੱਤਾ ਹੈ ਕਿ ਨਵੀਂ ਪ੍ਰੋਪੋਜ਼ਲ ਯੋਜਨਾ ਬੋਰਡ ਨੇ ਐਗਜ਼ਾਮਿਨ ਕਰਨੀ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ:** ਸਪੀਕਰ ਸਾਹਿਬ, ਮਹਿਕਮਾ ਆਪ ਹੀ ਪ੍ਰੋਪੋਜ਼ਲ ਤਿਆਰ ਕਰਕੇ ਸਰਕਾਰ ਨੂੰ ਭੇਜ ਸਕਦਾ ਹੈ ਜੀ।

**ਸ਼੍ਰੀ ਸਪੀਕਰ:** ਪਰ ਇਕ ਪ੍ਰੋਸੀਜਰ ਅਡਾਪਟ ਕੀਤਾ ਹੋਇਆ ਹੈ। ਉਸ ਮੁਤਾਬਿਕ ਚਲਣਾ ਹੁੰਦਾ ਹੈ ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਮਹਿਕਮਾ ਕੇਸ ਤਾਂ ਤਿਆਰ ਕਰੇ ਉਥੋਂ ਅਸੀਂ ਆਪੇ ਕਰਵਾ ਲਵਾਂਗੇ।

**ਸ਼੍ਰੀ ਸਪੀਕਰ:** ਜੇਕਰ ਇਤਨਾ ਕਾਨਫੀਡੈਂਸ ਹੈ ਤਾਂ ਸਵਾਲ ਪੁੱਛਣ ਦੀ ਲੋੜ ਨਹੀਂ ਹੈ । ਨੈਕਸਟ ਕੁਐਸਚਨ ਸਰਦਾਰ ਅਵਤਾਰ ਸਿੰਘ ਕਰੀਮਪੁਰੀ।

------

**ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਅਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੀ ਗਿਣਤੀ**

***917. ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਇਸ ਸਮੇਂ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਪਾਸ ਬੱਸਾਂ ਦੀ ਡਿਪੂਵਾਰ ਵੱਖ-ਵੱਖ ਗਿਣਤੀ ਕਿੰਨੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬਸਾਂ ਵਿਚੋਂ ਕਿੰਨੀਆਂ ਬੱਸਾਂ ਇਸ ਸਮੇਂ ਚੱਲ ਰਹੀਆਂ ਹਨ ਅਤੇ ਉਨ੍ਹਾਂ ਵਿੱਚੋਂ ਕਿੰਨੀਆਂ ਖਰਾਬ ਖੜ੍ਹੀਆਂ ਹਨ; ਅਤੇ ਉਕਤ ਬੱਸਾਂ ਚਲਾਉਣ ਤੇ ਪ੍ਰਤੀ ਕਿਲੋਮੀਟਰ ਕਿੰਨਾ ਖਰਚਾ ਆਉਂਦਾ ਹੈ ਅਤੇ ਕਿੰਨੀ ਆਮਦਨ ਹੁੰਦੀ ਹੈ ;

(ੲ) ਸਾਲ 1993 ਦੇ ਦੌਰਾਨ ਸਰਕਾਰ ਦੁਆਰਾ ਕਿੰਨੀਆਂ ਨਵੀਆਂ ਬੱਸਾਂ ਖਰੀਦੇ ਜਾਣ ਦੀ ਤਜਵੀਜ਼ ਹੈ ?

**Master Jagir Singh** : (a) At present Punjab Roadways have 2369 buses and P.R.T.C. have 1059 buses in their fleet. Depot-wise details enclosed (Annexure-I).

(b) Out of above said buses of Punjab Roadways and P.R.T.C. 2326 and 976 buses are on the road and 43 and 83 buses respectively are out of order. Depot-wise details enclosed (Annexure-II).

Income of Punjab Roadways is 549 paise per Km. and expenditure is 624 per Km. Income of P.R.T.C. is 589 paise per Km. and expenditure is 571.05 paise per Km.

(c)

| | Punjab Roadways | P.R.T.C. |
|---|---|---|
| 1992-93 | 237 | 69 |
| 1993-94 | 70 | 84 (Subject to the availability of funds). |

Original with;
Punjab Vidhan Sabha
Digitized by;
Panjab Digital Library

## ANNEXURE-I

The Depotwise number of buses held by Punjab Roadways and P.R.T.C.

| S.No. | Depot | No. of buses | S. No. | Depot | No. of buses |
|---|---|---|---|---|---|
| | PUNJAB ROADWAYS | | | PEPSU ROAD TRANSPORT CORPORATION | |
| 1 | Chandigarh .. | 145 | 1. | Patiala-I .. | 102 |
| 2 | Ropar .. | 122 | 2 | Patiala-II .. | 103 |
| 3 | Ludhiana .. | 180 | 3 | Sangrur .. | 101 |
| 4 | Moga .. | 127 | 4 | Kapurthala .. | 90 |
| 5 | Jagraon .. | 95 | 5 | Bhatinda-I .. | 96 |
| 6 | Nangal .. | 96 | 6 | Bhatinda-II .. | 99 |
| 7 | Jalandhar-I .. | 135 | 7 | Budhlada .. | 62 |
| 8 | Jalandhar-II .. | 125 | 8 | Barnala .. | 93 |
| 9 | Nawanshehar .. | 158 | 9 | Ludhiana .. | 108 |
| 10 | Batala .. | 146 | 10 | Faridkot .. | 97 |
| 11 | Pathankot .. | 190 | 11 | Chandigarh .. | 108 |
| | | | | Total .. | 1,059 |
| 12 | Hoshiarpur .. | 123 | | | |
| 13 | Amritsar-I .. | 136 | | | |
| 14 | Amritsar-II .. | 131 | | | |
| 15 | Tarn Taran .. | 89 | | | |
| 16 | Patti .. | 84 | | | |
| 17 | Ferozepur .. | 181 | | | |
| 18 | Mukatsar .. | 106 | | | |
| | Total .. | 2,369 | | | |

Original with;
Punjab Vidhan Sabha
Digitized by;
Panjab Digital Library

[Minister of State for Transport]

## ANNEXURE-II

The depotwise number of buses service-able on road and out of order.

| S.No. | Depot | Buses on road serviceable | Buses out of order |
|---|---|---|---|
| 1 | 2 | 3 | 4 |
| | **PUNJAB ROADWAYS** | | |
| 1 | Chandigarh .. | 145 | .. |
| 2 | Ropar .. | 122 | .. |
| 3 | Ludhiana .. | 180 | .. |
| 4 | Moga .. | 127 | .. |
| 5 | Jagraon .. | 95 | .. |
| 6 | Nangal .. | 96 | 2 |
| 7 | Jalandhar-1 .. | 133 | .. |
| 8 | Jalandhar-2 .. | 125 | .. |
| 9 | Nawanshehar .. | 158 | .. |
| 10 | Batala .. | 136 | 10 |
| 11 | Pathankot .. | 177 | 13 |
| 12 | Hoshiarpur .. | 122 | 1 |
| 13 | Amritsar-1 .. | 132 | 4 |
| 14 | Amritsar-2 .. | 129 | 2 |
| 15 | Tarn Taran .. | 84 | 5 |
| 16 | Patti .. | 80 | 4 |
| 17 | Ferozepur .. | 180 | 1 |
| 18 | Mukatsar .. | 105 | 1 |
| | Total .. | 2,326 | 43 |
| | **PEPSU ROAD TRANSPORT CORPORATION** | | |
| 1 | Patiala-1 .. | 88 | 14 |
| 2 | Patiala-2 .. | 93 | 10 |
| 3 | Sangrur .. | 96 | 5 |
| 4 | Kapurthala .. | 88 | 2 |
| 5 | Bhatinda-1 .. | 88 | [illegible] |
| 6 | Bhatinda-2 .. | 89 | 10 |
| 7 | Budhlada .. | 56 | 6 |
| 8 | Barnala .. | 87 | 6 |
| 9 | Ludhiana .. | 103 | 5 |
| 10 | Faridkot .. | 93 | 4 |
| 11 | Chandigarh .. | 95 | 13 |
| | Total .. | 976 | 83 |

Original with;
Punjab Vidhan Sabha
Digitized by;
Panjab Digital Library

**ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ਸਪੀਕਰ ਸਾਹਿਬ, ਬੇਨਤੀ ਹੈ ਕਿ ਮਾਨਯੋਗ ਮੰਤਰੀ ਜੀ ਨੂੰ ਕਹੋ ਕਿ ਉਹ ਦੁਬਾਰਾ ਸਵਾਲ ਦਾ ਜਵਾਬ ਪੰਜਾਬੀ ਵਿਚ ਦੇਣ। ਪੰਜਾਬੀ ਵੀ ਇਨ੍ਹਾਂ ਨੂੰ ਸਿਖਾ ਦਣੀ ਸੀ।

**ਰਾਜ ਮੰਤਰੀ:** ਸਪੀਕਰ ਸਾਹਿਬ, ਮੈਨੂੰ ਪੰਜਾਬੀ ਅਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ ਆਉਂਦੀਆਂ ਹਨ। ਇਸ ਕਰਕੇ ਜਿਹੜੀ ਭਾਸ਼ਾ ਮਰਜ਼ੀ ਹੈ ਉਸ ਵਿਚ ਬੋਲਦਾ ਹਾਂ, ਜੇਕਰ ਇਨ੍ਹਾਂ ਨੂੰ ਸਮਝ ਨਹੀਂ ਆਉਂਦੀ ਤਾਂ ਸਮਝਾ ਦਿਓ। (ਹਾਸਾ) (ਘੰਟੀ) (ਵਿਘਨ)

**ਸ੍ਰੀ ਸਪੀਕਰ:** ਕਰੀਮਪੁਰੀ ਸਾਹਿਬ, ਸਵਾਲ ਪੁੱਛੋ but not that way.

**ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਰੋਡਵੇਜ਼ ਦੀਆਂ ਜਿਹੜੀਆਂ ਬੱਸਾਂ ਹਨ, ਇਹ ਪਰ ਕਿਲੋਮੀਟਰ 12% ਘਾਟੇ ਉਤੇ ਚਲਦੀਆਂ ਹਨ ਔਰ ਪੀ. ਆਰ. ਟੀ. ਸੀ. ਦੀਆਂ ਜਿਹੜੀਆਂ ਬੱਸਾਂ ਹਨ ਉਹ 3% ਘਾਟੇ ਉਤੇ ਚਲਦੀਆਂ ਹਨ। ਦੋਵੇਂ ਸਰਕਾਰ ਦੇ ਡਿਪੂ ਹਨ ਪਰ ਇਕ 12% ਘਾਟੇ ਉਤੇ ਚਲਦਾ ਹੈ ਔਰ ਦੂਸਰਾ 3% ਘਾਟੇ ਉਤੇ ਚਲ ਰਿਹਾ ਹੈ, ਇਸ ਦਾ ਕੀ ਕਾਰਨ ਹੈ ?

**ਰਾਜ ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੰਨ 1991-92 ਵਿਚ ਜਿਹੜੀ ਪੰਜਾਬ ਰੋਡਵੇਜ਼ ਹੈ ਇਹ 25 ਕਰੋੜ ਰੁਪਏ ਦੇ ਘਾਟੇ ਵਿਚ ਸੀ ਔਰ ਸੰਨ 1991-92 ਵਿਚ ਜਿਹੜੀ ਪੀ. ਆਰ. ਟੀ. ਸੀ. ਹੈ ਉਹ 10 ਕਰੋੜ ਦੇ ਘਾਟੇ ਵਿਚ ਸੀ। ਜਦੋਂ ਦੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਆਈ ਹੈ ਪੰਜਾਬ ਰੋਡਵੇਜ਼ ਨੇ ਦਸ ਕਰੋੜ ਵੱਧ ਕਮਾਇਆ ਹੈ ਔਰ ਪੀ. ਆਰ. ਟੀ. ਸੀ. ਨੇ 7 ਕਰੋੜ ਕਮਾਇਆ ਹੈ। ਪੀ. ਆਰ. ਟੀ. ਸੀ. ਦੀਆਂ ਜੋ ਬਸਾਂ ਹਨ ਉਨ੍ਹਾਂ ਦੀ ਪਰ ਕਿਲੋਮੀਟਰ ਆਮਦਨ ਔਰ ਖਰਚ ਕਿਤਨਾ ਹੈ ਉਹ ਵੀ ਮੈਂ ਦੱਸ ਦਿੰਦਾ ਹਾਂ। ਪੀ. ਆਰ. ਟੀ. ਸੀ. ਦੀਆਂ ਬੱਸਾਂ ਦੀ ਇਨਕਮ ਹੈ 589 ਪੈਸੇ ਪਰ ਕਿਲੋਮੀਟਰ ਔਰ ਖਰਚ ਹੈ 571.5 ਪੈਸੇ ਪਰ ਕਿਲੋਮੀਟਰ। ਇਹ ਕਿਸ ਤਰ੍ਹਾਂ ਕਹਿੰਦੇ ਹਨ ਕਿ ਇਹ ਘਾਟੇ ਵਿਚ ਜਾ ਰਹੀ ਹੈ ? (ਹਾਸਾ)

**ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ** ** **

ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਇਨ੍ਹਾਂ ਨੇ ਦੱਸਿਆ ਹੈ ਕਿ 3 ਪ੍ਰਤੀਸ਼ਤ ਘਾਟਾ ਪੀ.ਆਰ.ਟੀ.ਸੀ. ਦਾ ਹੈ ਅਤੇ 12 ਪ੍ਰਤੀਸ਼ਤ ਘਾਟਾ ਪੰਜਾਬ ਰੋਡਵੇਜ਼ ਦਾ ਹੈ, ਇਹ ਜੋ 9 ਪ੍ਰਤੀਸ਼ਤ ਐਕਸਟਰਾ ਘਾਟਾ ਹੈ ਇਹ ਕਿਵੇਂ ਵੱਧ ਹੋ ਰਿਹਾ ਹੈ ?

**ਸ੍ਰੀ ਸਪੀਕਰ:** ਇਹ ਜਿਹੜੇ ਪਹਿਲੇ ਤੁਹਾਡੇ ਰਿਮਾਰਕਸ ਹਨ, ਉਹ ਠੀਕ ਨਹੀਂ ਹਨ, ਉਹ ਮੈਂ ਡਿਸਅਲਾਓ ਕਰਦਾ ਹਾਂ।

**ਰਾਜ ਮੰਤਰੀ:** ** ** **

**Mr Speaker :** I have disallowed these remarks. These should be expunged. These are not forming part of the record.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਜੇ ਮੰਤਰੀ ਜੀ ਇਸ ਤਰ੍ਹਾਂ ਡਰਾਉਣਗੇ ਤਾਂ ਅਸੀਂ ਸਵਾਲ ਹੀ ਭੁਲ ਜਾਵਾਂਗੇ (ਹਾਸਾ)। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦਸਿਆ ਹੈ ਕਿ 1991-92 ਵਿਚ ਪੰਜਾਬ ਰੋਡਵੇਜ਼ ਦਾ ਘਾਟਾ 25 ਕਰੋੜ ਸੀ ਔਰ ਪੀ.ਆਰ.ਟੀ.ਸੀ. ਦਾ 10 ਕਰੋੜ ਪਰ ਜਦੋਂ ਪਾਪੂਲਰ ਸਰਕਾਰ ਆਈ ਤਾਂ ਇਸ ਨੂੰ 10 ਕਰੋੜ ਔਰ 7 ਕਰੋੜ ਤੇ ਲੈ ਆਂਦਾ। ਪਰ ਇਸ ਦੇ ਬਾਵਜੂਦ ਵੀ ਅਜੇ ਘਾਟਾ ਹੈ। ਮੈਂ ਪੁੱਛਣਾ ਹੈ ਕਿ ਇਨ੍ਹਾਂ ਨੇ ਤਰੱਕੀ ਵੀ ਕੀਤੀ ਔਰ ਘਾਟਾ ਫਿਰ ਵੀ ਰਹਿ ਗਿਆ। ਇਸ ਲਈ ਕੀ ਇਹ ਦਸ ਸਕਦੇ ਹਨ ਕਿ 1991-92 ਵਿਚ ਘਾਟੇ ਦੀ ਕੀ ਪਰਸੈਂਟੇਜ ਸੀ ਔਰ ਫਿਰ 1992-93 ਵਿੱਚ ਮੁਨਾਫੇ ਦੀ ਕੀ ਪਰਸੈਂਟੇਜ ਰਹੀ ਹੈ?

**ਸ਼੍ਰੀ ਸਪੀਕਰ :** ਜਿਹੜਾ ਸਵਾਲ ਸੀ ਉਹ ਪਰਸੈਂਟੇਜ ਆਫ਼ ਪਰਾਫਿਟ ਦਾ ਨਹੀਂ ਸੀ। ਜੋ ਸਵਾਲ ਸੀ ਉਸ ਦਾ ਜਵਾਬ ਆ ਗਿਆ ਹੈ, ਹੁਣ ਤੁਸੀਂ ਇਹ ਪੁੱਛ ਸਕਦੇ ਹੋ ਕਿ ਸਰਕਾਰ ਘਾਟੇ ਨੂੰ ਦੂਰ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ।

**ਸ਼੍ਰੀ ਮਦਨ ਮੋਹਨ ਮਿੱਤਲ :** ਸਰ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਦੋ ਸਾਲਾਂ ਵਿਚ ਘਾਟੇ ਦੀ ਔਰ ਪਰਾਫਿਟ ਦੀ ਕੀ ਪਰਸੈਂਟੇਜ ਸੀ because we want to distinct.

**ਰਾਜ ਮੰਤਰੀ :** ਜੋ ਸਵਾਲ ਸੀ ਉਸ ਦਾ ਜਵਾਬ ਦੇ ਦਿੱਤਾ ਹੈ ਇਸ ਤੋਂ ਇਲਾਵਾ ਕੁਝ ਹੋਰ ਪਿਛਲੇ ਸਾਲਾਂ ਦਾ ਪੁੱਛਣਾ ਚਾਹੁੰਦੇ ਹਨ ਤਾਂ ਲਿਖ ਕੇ ਦੇਣ ਅਸੀਂ ਜਵਾਬ ਦੇ ਦੇਵਾਂਗੇ।

**Shri Madan Mohan Mittal** : What steps will be taken to make up the losses?

**ਸ਼੍ਰੀ ਸਪੀਕਰ :** ਹਾਂ ਜੀ, ਮੰਤਰੀ ਸਾਹਿਬ, ਇਸ ਦਾ ਜਵਾਬ ਦੇ ਦਿਓ।

**ਰਾਜ ਮੰਤਰੀ :** ਸਪੀਕਰ ਸਾਹਿਬ, ਗਲ ਇਹ ਹੈ ਕਿ ਸਰਕਾਰ ਉਪਰਾਲੇ ਕਰ ਰਹੀ ਹੈ ਜਿਹੜੀਆਂ ਪੁਰਾਣੀਆਂ ਬੱਸਾਂ ਹਨ ਉਹ ਬਦਲੀਆਂ ਜਾਣ ਜਿਨ੍ਹਾਂ ਦਾ ਸਮਾਂ ਪੂਰਾ ਹੋ ਚੁੱਕਾ ਹੈ। ਪਿਛਲੇ ਸਾਲ ਅਸੀਂ 1100 ਬੱਸਾਂ ਬਦਲਣੀਆਂ ਸਨ ਪਰ ਪੈਸੇ ਦੀ ਘਾਟ ਕਾਰਣ 237 ਬਦਲੀਆਂ ਗਈਆਂ ਔਰ ਇਸੇ ਤਰ੍ਹਾਂ ਹੀ ਪੀ. ਆਰ. ਟੀ. ਸੀ. ਵਿਚ ਵੀ ਬਹੁਤ ਥੋੜ੍ਹੀਆਂ ਬੱਸਾਂ ਬਦਲੀਆਂ ਗਈਆਂ। ਬਾਕੀ ਅਸੀਂ ਪੁਰਾਣੀਆਂ ਬੱਸਾਂ ਨੂੰ ਰਿਪੇਅਰ ਕਰਕੇ ਚਲਾ ਰਹੇ ਹਾਂ ਔਰ ਇਸ ਤਰ੍ਹਾਂ ਮੈਂ ਪਹਿਲੇ ਦਸ ਚੁੱਕਾ ਹਾਂ ਕਿ ਅਸੀਂ ਇਸ ਨੂੰ 10 ਕਰੋੜ ਔਰ 7 ਕਰੋੜ ਦੇ ਮੁਨਾਫੇ ਵਿਚ ਲੈ ਆਂਦਾ ਹੈ, ਇਸ ਦੀ ਇਨ੍ਹਾਂ ਨੂੰ ਤਾਰੀਫ ਕਰਨੀ ਚਾਹੀਦੀ ਹੈ। ਪੰਜਾਬ ਦੇ ਜੋ ਹਾਲਤ ਹਨ ਉਹ ਤੁਹਾਨੂੰ ਪਤਾ ਹੈ ਕਿ ਲੋਕਾਂ ਨੇ ਖੜੀਆਂ ਬੱਸਾਂ ਨੂੰ ਜਲਾ ਦਿੱਤਾ ਔਰ ਫਿਰ ਵੀ ਅਸੀਂ ਇਸ ਨੂੰ ਫਾਇਦੇ ਵਿਚ ਲੈ ਆਏ ਹਾਂ। ਜੇ ਫਿਰ ਵੀ ਇਹ ਸੰਤੁਸ਼ਟ ਨਹੀਂ ਤਾਂ ਮੈਂ ਕੀ ਕਹਿ ਸਕਦਾ ਹਾਂ? ਇਨ੍ਹਾਂ ਨੂੰ ਸਰਦਾਰ ਬੇਅੰਤ ਸਿੰਘ ਸਰਕਾਰ ਦੀ ਤਾਰੀਫ਼ ਕਰਨੀ ਚਾਹੀਦੀ ਹੈ। ਸਪੀਕਰ ਸਹਿਬ, ਜਿਹੜੀ ਇਹ ਹੋਰ ਇਨਫਾਰਮੇਸ਼ਨ ਲੈਣਾ ਚਾਹੁੰਦੇ ਹਨ, ਇਹ ਮੈਨੂੰ ਲਿੱਖ ਕੇ ਭੇਜ ਦੇਣ, ਮੈਂ ਜਵਾਬ ਦੇ ਦੇਵਾਂਗਾ।

**ਸ਼੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਜਿਹੜਾ ਸਵਾਲ ਮੈਂ ਕੀਤਾ ਸੀ ਉਸ ਦਾ ਜਵਾਬ ਨਹੀਂ ਆਇਆ। ਜੇ ਇਨ੍ਹਾਂ ਨੇ ਇਸ ਤਰੀਕੇ ਨਾਲ ਹੀ ਜਵਾਬ ਦੇਣੇ ਹਨ ਅਤੇ ਹਰ ਗੱਲ ਵਿਚ ਸਰਦਾਰ ਬੇਅੰਤ ਸਿੰਘ ਨੇ ਕੰਮ ਠੀਕ ਕੀਤਾ ਹੈ, ਇਸ ਦਾ ਸਹਾਰਾ ਲੈਣਾ ਹੈ ਤਾਂ ਇਹ ਠੀਕ ਨਹੀਂ। ਰੇਲੇਵੇਂਟ ਗੱਲ ਦਾ

Original with;
Punjab Vidhan Sabha
Digitized by;
Panjab Digital Library

ਰੇਲੇਵੇਂਟ ਜਵਾਬ ਦੇਣਾ ਚਾਹੀਦਾ ਹੈ। ਪਹਿਲੇ ਮੈਂਬਰ ਸਾਹਿਬ ਨੂੰ ਇਨ੍ਹਾਂ ਨੇ ਡਰਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਠੀਕ ਹੈ ਕਿ ਸਾਡੀ ਗਿਣਤੀ ਹਾਊਸ ਵਿਚ ਘੱਟ ਹੈ ਪਰ ਅਸੀਂ ਇਥੇ ਡਰਨ ਲਈ ਨਹੀਂ ਆਏ।

**ਸ੍ਰੀ ਸਪੀਕਰ :** ਜਿਹੜੀ ਚੀਜ਼ ਅਨਪਲੈਜ਼ੇਂਟ ਸੀ ਉਹ ਮੈਂ ਪਹਿਲੇ ਹੀ ਐਕਸਪੰਜ ਕਰਾ ਦਿੱਤੀ ਹੈ ਅਤੇ ਜਿਹੜਾ ਅਨਪਾਰਲੀਮੈਂਟਰੀ ਮੈਟਰ ਹੈ ਉਸ ਨੂੰ ਮੈਂ ਰਿਕਾਰਡ ਦਾ ਹਿੱਸਾ ਨਹੀਂ ਬਣਨ ਦਿੱਤਾ। I do accommodate everybody. ਉਹਨਾਂ ਜਵਾਬ ਵਿੱਚ ਦਸਿਆ ਹੈ ਜਿਹੜਾ ਉਪਰਾਲਾ ਕੀਤਾ ਹੈ ਕਿ ਇਸ ਤਰੀਕੇ ਨਾਲ ਬੱਸਾਂ ਦੀ ਹਾਲਤ ਮਾੜੀ ਸੀ ਅਤੇ ਉਸ ਨੂੰ ਰੀਪੇਅਰ ਕਰਕੇ ਚਲਾਇਆ ਹੈ ਅਤੇ ਪਿਛਲਾ ਘਾਟਾ ਪੂਰਾ ਕੀਤਾ ਹੈ।

**ਸ੍ਰੀ ਮਦਨ ਮੋਹਨ ਮਿੱਤਲ :** ਸਰ, ਤੁਹਾਡੇ ਨਾਲ ਸਾਡਾ ਕੋਈ ਡਿਸਪਿਊਟ ਨਹੀਂ ਹੈ। ਤੁਹਾਨੂੰ ਸਮਝ ਲਗ ਗਈ ਹੋਣੀ ਹੈ ਪਰ ਸਾਨੂੰ ਸਮਝ ਨਹੀਂ ਲਗੀ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਕਿਹਾ ਸੀ ਕਿ ਪੰਜਾਬ ਰੋਡਵੇਜ਼ ਦੀਆਂ 2326 ਬਸਾਂ ਚਲ ਰਹੀਆਂ ਹਨ ਅਤੇ 43 ਬਸਾਂ ਨਕਾਰਾ ਪਈਆਂ ਹਨ ਅਤੇ ਪੀ.ਆਰ.ਟੀ.ਸੀ. ਦੀਆਂ 976 ਬੱਸਾਂ ਚਲ ਰਹੀਆਂ ਹਨ ਅਤੇ 83 ਬੱਸਾਂ ਨਾਕਾਰਾ ਪਈਆਂ ਹਨ। ਇਹ ਜਿਹੜੀਆਂ ਨਕਾਰਾ ਬੱਸਾਂ ਪਈਆਂ ਹਨ ਇਨ੍ਹਾਂ ਨੂੰ ਚਲਾਉਣ ਲਈ ਕੀ ਯਤਨ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਦੇ ਨਾ ਚਲਣ ਦੇ ਕੀ ਕਾਰਣ ਹਨ ਅਤੇ ਇਹ ਕਦੋਂ ਤੱਕ ਚਲਾਉਣ ਦੇ ਯੋਗ ਹੋ ਜਾਣਗੀਆਂ? ਇਸ ਸਬੰਧ ਵਿਚ ਮਨਿਸਟਰ ਸਾਹਿਬ ਕੀ ਉਪਰਾਲੇ ਕਰ ਰਹੇ ਹਨ ਅਤੇ ਇਹ ਘਾਟਾ ਕਿੰਨੇ ਪ੍ਰਤੀਸ਼ਤ ਵਿਚ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਜੋ ਬੱਸਾਂ ਖਰਾਬ ਪਈਆਂ ਹਨ ਇਹ ਪਰੀ ਮੈਚਿਉਅਰ ਕੰਡੈਮਨੇਸ਼ਨ ਕਰਕੇ ਹੈ ਅਤੇ ਇਸ ਦੀ ਰੀਫੈਬਰੀਕੇਸ਼ਨ ਅੰਡਰ ਕੰਸਿਡਰੇਸ਼ਨ ਹੈ।

**ਸ੍ਰੀ ਵਿਜੇ ਕੁਮਾਰ ਸਾਥੀ, ਐਡਵੋਕੇਟ :** ਸਪੀਕਰ ਸਾਹਿਬ ਇਨ੍ਹਾਂ ਨੇ ਕਿਹਾ ਹੈ ਕਿ ਪਿਛਲੇ ਘਾਟੇ ਨੂੰ ਪੂਰਾ ਕਰਨ ਦੇ ਉਪਰਾਲੇ ਕੀਤੇ ਹਨ। ਇਨ੍ਹਾਂ ਦੇ ਡਿਪਾਰਟਮੈਂਟ ਨੇ ਕਿੰਨੀਆਂ ਟਿਕਟਾਂ ਦੇ ਰੇਟ ਵਧਾਏ ਹਨ ਇਸ ਨਾਲ ਘਾਟਾ ਹੋਰ ਘਟਿਆ ਹੈ ਜਾਂ ਵਧਿਆ ਹੈ ?

(ਕੋਈ ਜਵਾਬ ਨਹੀਂ ਆਇਆ)

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਜਵਾਬ ਠੀਕ ਨਹੀਂ ਦਿੰਦੇ ਔਰ ਗਲਤ ਸ਼ਬਦਾਂ ਦਾ ਇਸਤੇਮਾਲ ਕਰਦੇ ਹਨ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ।

**Mr. Speaker :** I always try that no unpleasant thing should form part of the record.

---

**ਗੈਰ ਆਈ. ਏ. ਐਸ. ਅਫਸਰਾਂ ਨੂੰ ਆਈ. ਏ. ਐਸ. ਕਾਡਰ ਦੀਆਂ ਆਸਾਮੀਆਂ ਤੇ ਨਿਯੁਕਤ ਕਰਨਾ**

*965. 1. ਕਾਮਰੇਡ ਹਰਦੇਵ ਸਿੰਘ ਅਰਸ਼ੀ
2. ਸ੍ਰੀਮਤੀ ਵਿਮਲਾ ਡਾਂਗ
3. ਕਾਮਰੇਡ ਅਜੈਬ ਸਿੰਘ ਰੋਂਤਾ
4. ਕਾਮਰੇਡ ਗੁਰਨਾਮ ਸਿੰਘ ਧੀਰੋਵਾਲ

: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਇਸ ਸਮੇਂ ਅਜਿਹੀਆਂ ਆਈ.ਏ.ਐਸ. ਕਾਡਰ ਦੀਆਂ ਆਸਾਮੀਆਂ ਕਿੰਨੀਆਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਹਨ ਜਿਨ੍ਹਾਂ ਤੇ ਗੈਰ-ਆਈ.ਏ.ਐਸ. ਅਫਸਰ ਨਿਯੁੱਕਤ ਕੀਤੇ ਗਏ ਅਤੇ ਅਜਿਹੀਆਂ ਆਸਾਮੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਤੇ ਗੈਰ-ਆਈ.ਏ.ਐਸ ਅਫਸਰ ਨਿਯੁੱਕਤ ਹਨ ਅਤੇ ਅਜਿਹੀਆਂ ਆਸਾਮੀਆਂ ਤੇ ਆਈ.ਏ.ਐਸ. ਕਾਡਰ ਦੇ ਅਫਸਰ ਨਿਯੁਕਤ ਨਾ ਕੀਤੇ ਜਾਣ ਦੇ ਕੀ ਕਾਰਣ ਹਨ ?

**Sardar Beant Singh** : Only one IAS cadre post of Inquiry Officer, Vigilance is held by Shri B. C. Rajput, a member of the superior Judicial Service and Director Legal Service, Punjab, who is not a member of the IAS cadre, for a period of three months, as additional charge. This arrangement has been made in the public interest.

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਹਿਬ, ਮਾਨਯੋਗ ਚੀਫ ਮਨਿਸਟਰ ਸਾਹਿਬ ਨੇ ਜ ਉੱਤਰ ਦਿੱਤਾ ਹੈ ਕਿ ਕੇਵਲ ਇਕ ਪੋਸਟ ਤੇ ਆਈ.ਏ.ਐਸ. ਦੀ ਥਾਂ ਨੇ ਨਾਨ ਆਈ.ਏ.ਐਸ. 3 ਮਹੀਨਿਆਂ ਦੇ ਵਾਸਤੇ ਲਗਾਇਆ ਗਿਆ ਹੈ ਮੇਰਾ ਖਿਆਲ ਹੈ ਕਿ ਇਕ ਤੋਂ ਵੱਧ ਕਾਡਰ ਪਸਟਾਂ ਹਨ ਜਿਨ੍ਹਾਂ ਉਪਰ ਨਾਨ-ਆਈ.ਏ.ਐਸ. ਲਗਾਏ ਹਨ। ਪਰ ਮੈਂ ਇਨ੍ਹਾਂ ਦੇ ਉੱਤਰ ਨਾਲ ਸਹਿਮਤ ਹਾਂ ਕਿਉਂਕਿ ਇਹ ਜਵਾਬ ਹਾਊਸ ਦੇ ਜ਼ਿੰਮੇਵਾਰ ਨੇਤਾ ਵੱਲੋਂ ਦਿਤਾ ਗਿਆ ਹੈ। ਕੀ ਭਵਿੱਖ ਵਿਚ ਇਸ ਗੱਲ ਦਾ ਖਿਆਲ ਰਖਿਆ ਜਾਵੇਗਾ ਕਿ ਜਿੱਥੇ ਪੋਸਟ ਆਈ.ਏ.ਐਸ. ਲਈ ਹੈ ਉਸ ਤੇ ਨਾਨ-ਆਈ. ਏ. ਐਸ. ਨਹੀਂ ਲਗਾਇਆ ਜਾਵੇਗਾ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਕਿਉਂਕਿ ਪਹਿਲਾਂ ਅਵੇਲੇਬਲ ਨਹੀਂ ਸੀ। ਇਸ ਕਰਕੇ ਇਨ੍ਹਾਂ ਨੂੰ ਲਗਾਇਆ ਗਿਆ ਸੀ ਪਰ ਅਗਾਂਹ ਨੂੰ ਇਸ ਗੱਲ ਦਾ ਖਿਆਲ ਰਖਿਆ ਜਾਵੇਗਾ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਹੁਕਮ ਦਾ ਪਾਬੰਦ ਹਾਂ । ਰੂਲਜ਼ ਦੇ ਮੁਤਾਬਿਕ ਇਕ ਮੈਂਬਰ ਦੋ ਸਪਲੀਮੈਂਟਰੀ ਪੁੱਛ ਸਕਦਾ ਹੈ। (ਆਵਾਜ਼ਾਂ: ਤੁਸੀਂ ਪੰਜ ਸਪਲੀਮੈਂਟਰੀ ਪੁੱਛ ਸਕਦੇ ਹੋ।) ਸਪੀਕਰ ਸਾਹਿਬ ਮੇਰੀ ਦੂਸਰੀ ਸਪਲੀਮੈਂਟਰੀ ਇਹ ਹੈ ਕਿ ਜਿਥੇ ਨਾਨ-ਆਈ.ਏ.ਐਸ. ਅਫਸਰ ਲਗੇ ਹੋਏ ਹਨ ਅਤੇ ਉਥੇ ਆਈ.ਏ.ਐਸ. ਅਫਸਰ ਲਗਣੇ ਚਾਹੀਦੇ ਹਨ ਔਰ ਕਈ ਥਾਵਾਂ ਤੇ ਜਿਥੇ ਆਈ.ਏ.ਐਸ. ਅਫਸਰ ਲਗੇ ਹੋਏ ਹਨ ਔਰ ਉਥੇ ਨਾਨ ਆਈ.ਏ.ਐਸ. ਅਫਸਰ ਚਾਹੀਦੇ ਹਨ, ਕੀ ਇਹ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਜਿਥੇ ਨਾਨ-ਆਈ.ਏ.ਐਸ. ਅਫਸਰ ਚਾਹੀਦੇ ਹਨ ਉਥੇ ਆਈ.ਏ.ਐਸ. ਅਫਸਰ ਨਾ ਲਗਾਏ ਜਾਣ ।

**ਮੁੱਖ ਮੰਤਰੀ** : ਕੋਈ ਵਿਚਾਰ ਅਧੀਨ ਨਹੀਂ ਹੈ। ਸਪੀਕਰ ਸਾਹਿਬ, ਜੇਕਰ ਕਿਤੇ ਅਜਿਹਾ ਮਾਮਲਾ ਹੈ ਤਾਂ ਇਹ ਦੱਸ ਦੇਣ।

---

### ਆਜ਼ਾਦੀ ਦਿਹਾੜਾ ਸਮਾਰੋਹਾਂ ਦਾ ਵਿਰੋਧ

*663. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 15 ਅਗਸਤ, 1992 ਨੂੰ ਹੋਏ ਆਜ਼ਾਦੀ ਦਿਹਾੜਾ ਸਮਾਰੋਹਾਂ ਵਿਚ ਆਜ਼ਾਦੀ ਦਿਵਸ ਦੇ ਵਿਰੁੱਧ ਗੜਬੜੀ ਪੈਦਾ ਕਰਨ ਅਤੇ ਨਾਹਰੇ ਲਗਾਉਣ ਕਾਰਣ ਥਾਣਾ ਸੁਲਤਾਨਪੁਰ ਲੋਧੀ ਜਿਲ੍ਹਾਂ ਕਪੂਰਥਲਾ ਵਿਚ ਅਗਸਤ 1992 ਦੇ ਮਹੀਨੇ ਦੌਰਾਨ ਕੁੱਲ ਕਿੰਨੇ ਵਿਅਕਤੀਆਂ ਵਿਰੁੱਧ ਕੇਸ ਦਰਜ਼ ਕੀਤੇ ਗਏ ;

Original with;
Punjab Vidhan Sabha
Digitized by;
Panjab Digital Library

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਿਜ਼ ਵਿਚ ਕੋਈ ਕਾਰਵਾਈ ਕੀਤੀ ਗਈ; ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ ?

**Sardar Beant Singh** (a) No such case has been registered at Police Station Sultanpur Lodhi, District Kapurthala.

(b) Nil.

---

ਮਕਾਨ ਕਿਰਾਇਆ ਭੱਤਾ ਦੇਣ ਲਈ ਸ਼ਹਿਰਾਂ ਦਾ ਵਰਗੀਕਰਣ

*980. **ਡਾਕਟਰ ਰਮੇਸ਼ ਦੱਤ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਸਰਕਾਰ ਦੇ ਕਰਮਚਾਰੀਆਂ ਨੂੰ ਮਕਾਨ ਕਿਰਾਇਆ ਭੱਤਾ ਦੇਣ ਦੇ ਮੰਤਵ ਲਈ ਅਗਸਤ, 1988 ਤੋਂ ਬਾਅਦ ਰਾਜ ਵਿਚ ਸ਼ਹਿਰਾਂ ਦਾ ਵਰਗੀਕਰਣ ਕਰਨ ਲਈ ਵੱਖ-ਵੱਖ ਕੀ ਕਸੌਟੀ ਅਪਣਾਈ ਜਾ ਰਹੀ ਸੀ;

(ਅ) ਅਗੱਸਤ, 1988 ਤੋਂ ਪਹਿਲਾਂ ਉਕਤ ਭੱਤਾ ਦੇਣ ਲਈ 'ਏ' ਕਲਾਸ ਵਜੋਂ ਵਰਗੀਕਰਣ ਕੀਤੇ ਗਏ ਸ਼ਹਿਰਾਂ ਦੇ ਨਾਂ ਕੀ ਕੀ ਹਨ; ਅਤੇ ਅਗਸਤ, 1988 ਤੋਂ ਬਾਅਦ 'ਬੀ' ਕਲਾਸ ਵਜੋਂ ਦੁਬਾਰਾ ਵਰਗੀ-ਕਰਣ ਕੀਤੇ ਗਏ ਸ਼ਹਿਰਾਂ ਦੇ ਨਾਂ ਕੀ ਕੀ ਹਨ ?

**Doctor Kewal Krishan :** (a) Criteria for grant of house-rent to the State Government employees posted in cities/towns in the State was population of the city/town before August, 1988 and also after August, 1988. Prior to August, 1988 the cities with population of one lac and above were classified as 1st Class and cities with population of twenty-five thousand and above but less than one lac were classified as 2nd Class. After 1st September, 1988 the cities have been divided into A,B,C, and D category with population detailed below :—

| | |
|---|---|
| (i) Class 'A' cities | Capital city of Chandigarh and Sahibzada Ajit Singh Nagar and other cities with a population of two lacs and above. |
| (ii) Class 'B' cities | Having a population of one lac and above but less than two lacs |
| (iii) Class 'C' cities | Having a population of 25,000 and above but less than one lac. |
| (iv) Class 'D' towns | Having a population of less than 20,000. |

(b) Before August, 1988, Chandigarh, Amritsar, Ludhiana, Jalandhar, Patiala, Bathinda, Pathankot, Batala and Ferozepur (including Ferozepur Cantt.) were classified as Ist Class city. After August, 1988, Bathinda, Batala, Ferozepur and Pathankot have been classified as 'B' class.

Original with;
Punjab Vidhan Sabha
Digitized by;
Panjab Digital Library

**ਡਾਕਟਰ ਰਮੇਸ਼ ਦੱਤ** : ਮੰਤਰੀ ਜੀ ਨੇ, ਸਪੀਕਰ ਸਾਹਿਬ, ਜਿਹੜੀ ਏ.ਬੀ.ਸੀ.ਡੀ. ਦੀ ਕਲਾਸੀਫਿਕੇਸ਼ਨ ਦੱਸੀ ਹੈ, ਇਹ ਆਬਾਦੀ ਦੇ ਮੁਤਾਬਿਕ ਦੱਸੀ ਗਈ ਹੈ। ਕੀ ਇਹ ਚੀਜ਼ ਮੁਲਾਜ਼ਮਾਂ ਦੇ ਹਾਊਸ ਰੈਂਟ ਵਾਸਤੇ ਹੀ ਹੈ ਜਾਂ ਇਹ ਚੀਜ਼ ਵਿਕਾਸ ਪਰਪਜ਼ ਵਾਸਤੇ ਵੀ ਲਾਗੂ ਹੋਵੇਗੀ ?

**ਮੰਤਰੀ** : ਸਪੀਕਰ ਸਾਹਿਬ, ਜੋ ਮੈਂ ਦਸਿਆ ਹੈ ਇਹ ਹਾਊਸ ਰੈਂਟ ਵਾਸਤੇ ਹੀ ਹੈ।

**ਡਾਕਟਰ ਰਮੇਸ਼ ਦੱਤ** : ਸਪੀਕਰ ਸਾਹਿਬ, ਅੰਮ੍ਰਿਤਸਰ, ਬਠਿੰਡਾ, ਬਟਾਲਾ, ਫਿਰੋਜ਼ਪੁਰ ਅਤੇ ਪਠਾਨਕੋਟ ਪੰਜ ਸ਼ਹਿਰ ਹਨ। 1988 ਤੋਂ ਪਹਿਲਾਂ ਇਹ 'ਏ' ਕਲਾਸ ਸਿਟੀ ਸਨ ਔਰ ਮੁਲਾਜ਼ਮਾਂ ਨੂੰ ਹਾਊਸ ਰੈਂਟ ਜੋ ਮਿਲਣਾ ਚਾਹੀਦਾ ਸੀ ਉਹ ਪਹਿਲਾਂ ਮਿਲਦਾ ਸੀ। ਪਰ ਪੰਜਾਬ ਸਰਕਾਰ ਨੇ ਉਨ੍ਹਾਂ ਸ਼ਹਿਰਾਂ ਨੂੰ ਬੀ. ਕਲਾਸ ਬਣਾ ਦਿਤਾ ਔਰ ਜਿਹੜਾ ਬੈਨੀਫਿਟ ਮੁਲਾਜ਼ਮਾਂ ਨੂੰ ਪਹਿਲਾਂ ਮਿਲਦਾ ਸੀ ਉਹ 'ਬੀ' ਕਲਾਸ ਸਿਟੀ ਬਣਨ ਕਰਕੇ ਖੋਹ ਲਿਆ ਗਿਆ। ਕੀ ਪੰਜਾਬ ਸਰਕਾਰ 1988 ਤੋਂ ਲੈ ਕੇ ਅੱਜ ਤਕ ਉਨ੍ਹਾਂ ਨੂੰ ਹਾਊਸ ਰੈਂਟ ਦੇਣ ਵਾਸਤੇ ਗੌਰ ਕਰੇਗੀ?

**ਮੰਤਰੀ** : ਸਪੀਕਰ ਸਾਹਿਬ, ਪਹਿਲਾਂ 1971 ਵਿਚ 'ਬੀ' ਕਲਾਸ ਅਤੇ 'ਏ' ਕਲਾਸ ਸਿਟੀ ਬਣਾਏ ਗਏ ਸੀ। ਫਿਰ ਥਰਡ ਪੇ-ਕਮਿਸ਼ਨ ਨੇ ਜਿਹੜੀਆਂ ਰਿਕੁਮੈਂਡੇਸ਼ਨ ਕੀਤੀਆਂ ਚੈਪਟਰ 14 ਵਿੱਚ, ਉਨ੍ਹਾਂ ਮੁਤਾਬਿਕ ਏ,ਬੀ,ਸੀ,ਡੀ, ਦਰਜਾ ਬਣਿਆ। ਇਨ੍ਹਾਂ ਦਾ ਤੌਖਲਾ ਠੀਕ ਹੈ ਕਿ ਉਹ ਸਿਟੀਜ਼ ਜਿਹੜੇ ਪਹਿਲਾਂ ਵੱਧ ਹਾਊਸ ਰੈਂਟ ਲੈਂਦੇ ਸਨ, ਉਹ ਇਸ ਕਲਾਸੀਫਿਕੇਸ਼ਨ ਮੁਤਾਬਿਕ ਥੱਲੇ ਆ ਗਏ ਹਨ। ਇਸ ਤੇ ਸਰਕਾਰ ਜ਼ਰੂਰ ਵਿਚਾਰ ਕਰੇਗੀ ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਖਜ਼ਾਨਾ ਮੰਤਰੀ ਜੀ ਤੋਂ ਪੁੱਛਣਾ ਚਾਹੁਦਾ ਹਾਂ ਕਿ ਕਿਉਂਕਿ ਪ੍ਰੈਕਟੀਕਲੀ ਜਿਸ ਵੇਲੇ ਅਸੀਂ ਦੇਖਦੇ ਹਾਂ ਕਿ ਇਹ ਵੀ ਇਕ ਵੱਡਾ ਕਾਰਣ ਹੈ ਕਿ ਪੇਂਡੂ ਖੇਤਰ ਵਿੱਚ ਜਿਹੜੇ ਕਰਮਚਾਰੀ ਹਨ, ਉਹ ਸ਼ਹਿਰੀ ਖੇਤਰ ਵਿਚ ਜਿਹੜੇ ਦਫਤਰ ਅਤੇ ਸਕੂਲ ਹਨ, ਉਨ੍ਹਾਂ ਵਿੱਚ ਆਉਣਾ ਚਾਹੁੰਦੇ ਹਨ। ਇਸ ਦੇ ਹੋਰ ਕਾਰਣਾਂ ਦੇ ਨਾਲ-ਨਾਲ ਇਹ ਵੀ ਇਕ ਰੀਜ਼ਨ ਹੁੰਦਾ ਹੈ ਕਿ ਪੇਂਡੂ ਖੇਤਰ ਵਿੱਚ ਮਕਾਨ ਕਿਰਾਇਆ ਭੱਤਾ ਨਹੀਂ ਮਿਲਦਾ ਅਤੇ ਸ਼ਹਿਰੀ ਖੇਤਰ ਵਿੱਚ ਮਿਲਦਾ ਹੈ, ਇਸ ਵਿਚ ਮਾਲੀ ਲਾਲਚ ਹੁੰਦਾ ਹੈ। ਇਸ ਕਰਕੇ ਨਿਯੁਕਤ ਕਰਮਚਾਰੀ ਵੀ ਸ਼ਹਿਰਾਂ ਵਿਚ ਹੀ ਰਹਿਣਾ ਚਾਹੁੰਦੇ ਹਨ। ਇਸ ਗੱਲ ਨੂੰ ਮੱਦੇ ਨਜ਼ਰ ਰਖਦੇ ਹੋਏ ਕੀ ਸਰਕਾਰ ਦੀ ਕੋਈ ਸਕੀਮ ਮਕਾਨ ਕਿਰਾਇਆ ਭੱਤਾ ਪੇਂਡੂ ਖੇਤਰ ਵਿੱਚ ਲਾਗੂ ਕਰਨ ਦਾ ਵਿਚਾਰ ਹੈ ?

**ਮੰਤਰੀ** : ਸਪੀਕਰ ਸਾਹਿਬ, ਵੈਸੇ ਤਾਂ ਇਹ ਸਵਾਲ ਸ਼ਹਿਰਾਂ ਨਾਲ ਸਬੰਧ ਰਖਦਾ ਹੈ। ਲੇਕਿਨ ਪਿੰਡਾਂ ਵਿਚ ਰੂਰਲ ਅਲਾਊਂਸ ਮਿਲਦਾ ਹੈ, ਪੰਜਾਬ ਸਰਕਾਰ ਦੇਂਦੀ ਹੈ।

---

**ਸ਼ਹਿਰੀ ਮਿਲਖ ਮੁਹਾਲੀ ਵਿਖੇ ਅਣ-ਅਧਿਕਾਰਤ ਵਾੜਾਂ ਨੂੰ ਹਟਾਉਣਾ**

*977. **ਕਾਮਰੇਡ ਬਲਦੇਵ ਸਿੰਘ ਬਲਮਗੜ੍ਹ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਇਹ ਠੀਕ ਹੈ ਕਿ ਸ਼ਹਿਰੀ ਮਿਲਖ, ਮੁਹਾਲੀ ਦੇ ਬਹੁਤ ਸਾਰੇ ਵਸਨੀਕਾਂ ਨੇ ਆਪਣੇ ਮਕਾਨਾਂ/ਬੰਗਲਿਆਂ ਦੇ ਆਲੇ-ਦੁਆਲੇ ਵਾੜਾਂ ਲਗਾਈਆਂ ਹੋਈਆਂ ਹਨ ਅਤੇ ਸਰਕਾਰੀ ਜ਼ਮੀਨ ਤੇ ਅਣਅਧਿਕਾਰਤ ਕਬਜ਼ਾ ਕੀਤਾ ਹੋਇਆ ਹੈ, ਜਿਸ ਕਰਕੇ ਦੁਰਘਟਨਾਵਾਂ ਦਾ ਖਤਰਾ ਹੈ; ਜੇਕਰ ਅਜਿਹਾ ਹੈ, ਤਾਂ ਸਰਕਾਰ ਦੇ ਅਣਅਧਿਕਾਰਤ ਵਾੜਾਂ ਨੂੰ ਹਟਾਉਣ ਲਈ ਕੀ ਕਾਰਵਾਈ ਕਰਨ ਦਾ ਵਿਚਾਰ ਹੈ ?

Original with;
Punjab Vidhan Sabha
Digitized by;
Panjab Digital Library

**Chaudhry Jagjit Singh** (Minister of State for Housing and Urban Development): It is a fact that some residents of Urban Estate Mohali have raised hedges around their houses unauthorisedly on public land. Notices will be issued to the residents in due course to remove the unauthorised hedges. In case the encroachments/hedges are not removed the Punjab Housing Development Board will proceed to remove them.

---

## ਰਾਜ ਵਿੱਚ ਪੰਚਾਂ ਅਤੇ ਸਰਪੰਚਾਂ ਦੀ ਗਿਣਤੀ

*973. 1. ਸ੍ਰੀ ਰਾਜਿੰਦਰ ਕੁਮਾਰ
2. ਸਰਦਾਰ ਹਰਗੋਪਾਲ ਸਿੰਘ ਐਡਵੋਕੇਟ } : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ

ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿੱਚ ਹੁਣੇ ਹੁਣੇ ਹੋਈਆਂ ਪੰਚਾਇਤ ਚੋਣਾਂ ਦੌਰਾਨ ਚੁਣੇ ਗਏ ਪੰਚਾਂ ਅਤੇ ਸਰਪੰਚਾਂ ਦੀ ਕੁੱਲ ਗਿਣਤੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਵਿੱਚੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਪੰਚਾਂ ਅਤੇ ਸਰਪੰਚਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ;

(ੲ) ਕੀ ਕੋਈ ਅਜਿਹਾ ਪਿੰਡ ਹੈ ਜਿਥੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਕੋਈ ਪੰਚ ਨਹੀਂ ਚੁਣਿਆ ਗਿਆ/ਚੁਣੇ ਗਏ ?

**Sardar Umrao Singh**: (a) Sarpanches 11554

Panches 62431

(b) Statement is laid on the Table of the House.

(c) 283

### ਵਿਵਰਣ

| ਲੜੀ ਨੰ : | ਜ਼ਿਲ੍ਹੇ ਦਾ ਨਾਂ | ਅਨੁਸੂਚਿਤ ਜਾਤੀਆਂ ਦੇ ਚੁਣੇ ਗਏ | |
|---|---|---|---|
| | | ਸਰਪੰਚ | ਪੰਚ |
| 1 | 2 | 3 | 4 |
| 1 | ਅੰਮ੍ਰਿਤਸਰ ... | 32 | 1,484 |
| 2 | ਬਠਿੰਡਾ ... | 8 | 612 |
| 3 | ਫਰੀਦਕੋਟ ... | 14 | 1,134 |

Original with;
Punjab Vidhan Sabha
Digitized by;
Panjab Digital Library

[ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ]

| 1 | 2 | | 3 | 4 |
|---|---|---|---|---|
| 4 | ਫਤਿਹਗੜ੍ਹ ਸਾਹਿਬ | .. | 22 | 569 |
| 5 | ਫਿਰੋਜ਼ਪੁਰ | ... | 24 | 981 |
| 6 | ਗੁਰਦਾਸਪੁਰ | .. | 98 | 1,794 |
| 7 | ਜਲੰਧਰ | ... | 213 | 2,006 |
| 8 | ਹੁਸ਼ਿਆਰਪੁਰ | .. | 171 | 2,302 |
| 9 | ਕਪੂਰਥਲਾ | ... | 67 | 663 |
| 10 | ਲੁਧਿਆਣਾ | | 52 | 1,356 |
| 11 | ਮਾਨਸਾ | ... | 8 | 351 |
| 12 | ਪਟਿਆਲਾ | ... | 54 | 1,180 |
| 13 | ਰੋਪੜ | ... | 54 | 846 |
| 14 | ਸੰਗਰੂਰ | ... | 25 | 1,069 |
| | | ... | 842 | 16,347 |

**ਸ੍ਰੀ ਰਾਜਿੰਦਰ ਕੁਮਾਰ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ 283 ਪਿੰਡਾਂ ਵਿੱਚ ਅਨੁਸੂਚਿਤ ਜਾਤੀਆਂ ਦੇ ਪੰਚਾਂ ਦੇ ਰਿਜ਼ਲਟ ਨਹੀਂ ਐਲਾਨੇ ਗਏ ਜਾਂ ਕਿਸੇ ਨੇ ਉਥੇ ਚੋਣ ਹੀ ਨਹੀਂ ਲੜੀ ?

**ਮੰਤਰੀ** : ਸਪੀਕਰ ਸਾਹਿਬ, ਪੰਜਾਬ ਗ੍ਰਾਮ ਪੰਚਾਇਤ ਐਕਟ ਵਿਚ ਪ੍ਰੋਵੀਜਨ ਹੈ ਕਿ ਕਿਸੇ ਪਿੰਡ ਵਿੱਚ ਅਨੁਸੂਚਿਤ ਜਾਤੀਆਂ ਦੀ ਆਬਾਦੀ 5 ਫੀਸਦੀ ਤੋਂ ਘੱਟ ਹੋਏ ਤਾਂ ਉਥੇ ਰਿਜ਼ਰਵੇਸ਼ਨ ਨਹੀਂ ਹੁੰਦੀ ਅਤੇ ਜਿਥੇ 6 ਤੋਂ ਘੱਟ ਪੰਚ ਚੁਣੇ ਜਾਣੇ ਹੋਣ ਅਤੇ ਆਬਾਦੀ ਐਸ.ਸੀ. ਦੀ 5 ਫੀਸਦੀ ਹੋਵੇ ਤਾਂ ਰਿਜ਼ਰਵੇਸ਼ਨ ਹੁੰਦੀ ਹੈ। ਜਿਥੇ ਪੰਚ 6 ਤੋਂ ਵੱਧ ਚੁਣੇ ਹੋਣ ਅਤੇ ਐਸ.ਸੀ. ਦੀ ਆਬਾਦੀ 10 ਫੀਸਦੀ ਹੋਵੇ ਤਾਂ 2 ਦੀ ਰਿਜ਼ਰਵੇਸ਼ਨ ਹੁੰਦੀ ਹੈ। ਪੰਜਾਬ ਵਿਚ 833 ਪਿੰਡ ਐਸੇ ਸਨ ਜਿਥੇ ਐਸ.ਸੀ. ਦੀ ਆਬਾਦੀ 5 ਫੀਸਦੀ ਤੋਂ ਘੱਟ ਸੀ। ਉਥੇ ਰਿਜ਼ਰਵੇਸ਼ਨ ਨਹੀਂ ਸੀ। ਪਰ ਫੇਰ ਵੀ 550 ਪਿੰਡ ਐਸੇ ਹਨ, ਜਿਨ੍ਹਾਂ ਵਿੱਚ ਰਿਜ਼ਰਵੇਸ਼ਨ ਦੇ ਬਗੈਰ ਵੀ ਐਸ.ਸੀ. ਪੰਚ ਚੁਣੇ ਗਏ ਹਨ ਬਾਕੀ 283 ਪਿੰਡ ਰਹਿ ਗਏ ਹਨ ਜਿਨ੍ਹਾਂ ਵਿਚ 5 ਫੀਸਦੀ ਤੋਂ ਘੱਟ ਐਸ. ਸੀ. ਦੀ ਪਾਪੂਲੇਸ਼ਨ ਸੀ। ਉਨ੍ਹਾਂ ਨੂੰ ਕਿਸ ਤਰ੍ਹਾਂ ਰਿਪਰਜ਼ੈਂਟੇਸ਼ਨ ਦਿੱਤੀ ਜਾ ਸਕਦੀ ਹੈ, ਅੱਗੋਂ ਲਈ ਇਸ ਗੱਲ ਤੇ ਵਿਚਾਰ ਕਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਰਾਜਿੰਦਰ ਕੁਮਾਰ :** ਸਪੀਕਰ ਸਾਹਿਬ, ਕੀ ਸਰਕਾਰ ਉਨ੍ਹਾਂ ਪਿੰਡਾਂ ਵਿੱਚ ਜਿਵੇਂ ਸਿਘਪੁਰ, ਬੰਗੋਵਾਲ ਬਲਾਕ ਸੜੋਆ, ਭਦਿਆਨਾ ਬਲਾਕ ਆਦਮਪੁਰ ਅਤੇ ਖੋਜਕੀਪੁਰ ਬਲਾਕ ਭੋਗਪੁਰ ਜਿਨ੍ਹਾਂ ਵਿਚ ਐਸ. ਸੀ. ਦੀ ਆਬਾਦੀ 50 ਫੀਸਦੀ ਦੇ ਕਰੀਬ ਹੈ, ਪਰ ਕੋਈ ਐਸ.ਸੀ. ਪੰਚ ਨਹੀਂ ਚੁਣਿਆ ਸੀ, ਉਸ ਦੇ ਕਾਰਣ ਦਸੇਗੀ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ 5 ਫੀਸਦੀ ਦੀ ਗੱਲ ਕਰ ਰਿਹਾਂ ਹਾਂ। 50 ਫੀਸਦੀ ਆਬਾਦੀ ਵਾਲਾ ਐਸਾ ਕੋਈ ਪਿੰਡ ਨਹੀਂ ਜਿਥੇ ਕੋਈ ਐਸ.ਸੀ. ਪੰਚ ਨਾ ਚੁਣਿਆ ਗਿਆ ਹੋਵੇ।

**ਸ੍ਰੀ ਰਾਜਿੰਦਰ ਕੁਮਾਰ :** ਇਨ੍ਹਾਂ ਪਿੰਡਾਂ ਵਿਚ ਨਹੀਂ ਚੁਣਿਆ ਗਿਆ ਜੀ। ਇਨ੍ਹਾਂ ਵਿੱਚ ਆਬਾਦੀ ਵੀ ਐਸ.ਸੀ ਦੀ 50 ਫੀਸਦੀ ਦੇ ਕਰੀਬ ਹੈ।

**ਮੰਤਰੀ :** ਇਹ ਮੇਰੇ ਨੋਟਿਸ ਵਿੱਚ ਇਹ ਗੱਲ ਲਿਆ ਦੇਣ। ਮੇਰੇ ਪਾਸ ਜੋ ਆਂਕੜੇ ਮੌਜੂਦ ਹਨ ਉਨ੍ਹਾਂ ਮੁਤਾਬਿਕ 5 ਫੀਸਦੀ ਤੋਂ ਘੱਟ ਆਬਾਦੀ ਵਾਲੇ 833 ਪਿੰਡ ਹਨ ਜਿਨ੍ਹਾਂ ਵਿਚ ਕੋਈ ਰਿਜ਼ਰਵੇਸ਼ਨ ਨਹੀਂ ਹੈ। 283 ਦੇ ਕਰੀਬ ਐਸੇ ਪਿੰਡ ਹਨ ਜਿਨ੍ਹਾਂ ਵਿਚ ਕੋਈ ਐਸ. ਸੀ. ਪੰਚ ਨਹੀਂ ਚੁਣਿਆ ਗਿਆ। ਅਸੀਂ ਇਸ ਵਾਸਤੇ ਸੋਚ ਰਹੇ ਹਾਂ ਕਿ ਐਸ.ਸੀ. ਨੂੰ ਰਿਪਰਜ਼ੈਂਟੇਸ਼ਨ ਦੇਣ ਲਈ ਸਰਕਾਰ ਕੀ ਕਰ ਸਕਦੀ ਹੈ, ਉਨ੍ਹਾਂ ਨੂੰ ਨੁਮਾਇੰਦਗੀ ਕਿਸ ਤਰ੍ਹਾਂ ਦਿੱਤੀ ਜਾ ਸਕਦੀ ਹੈ।

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ :** ਸਪੀਕਰ ਸਾਹਿਬ, ਮੰਤਰੀ ਜੀ ਨੇ ਦਸਿਆ ਹੈ ਕਿ ਜਿਥੇ ਇਨ੍ਹਾਂ ਦੀ ਆਬਾਦੀ 5 ਫੀਸਦੀ ਹੈ, ਉਥੇ ਇਕ ਅਤੇ ਜਿਥੇ ਆਬਾਦੀ 10 ਫੀਸਦੀ ਹੈ, ਉਥੇ ਦੋ ਸੀਟਾਂ ਇਨ੍ਹਾਂ ਨੂੰ ਦਿੱਤੀਆਂ ਜਾਂਦੀਆਂ ਹਨ। ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਬਲਾਕ ਸੜੋਆ ਵਿਚ ਇਕ ਸਿਘਪੁਰ ਪਿੰਡ ਹੈ। ਉਥੇ ਪਿਛਲੇ 20 25 ਸਾਲ ਤੋਂ ਜਦੋਂ ਤੋਂ ਉਥੇ ਪੰਚਾਇਤ ਹੋਂਦ ਵਿਚ ਹੈ, ਰਿਜ਼ਰਵੇਸ਼ਨ ਕਾਇਮ ਹੈ ਲੇਕਿਨ ਐਤਕੀਂ ਉਥੇ ਰਿਜ਼ਰਵੇਸ਼ਨ ਤੋੜ ਦਿੱਤੀ ਹੈ। ਕੋਈ ਵੀ ਸ਼ਡਿਊਲਡ ਕਾਸਟ ਪੰਚ ਨਹੀਂ ਚੁਣਿਆ ਗਿਆ ਹਾਲਾਂਕਿ ਉਥੇ ਉਨ੍ਹਾਂ ਦੀ ਆਬਾਦੀ 10 ਫੀਸਦੀ ਹੈ...........।

**ਸ੍ਰੀ ਸਪੀਕਰ :** ਇਸ ਦੇ ਵਾਸਤੇ ਤੁਸੀਂ ਸੈਪਰੇਟ ਸਵਾਲ ਦੇ ਦਿਓ, ਇਹ ਵੇਰਵਾ ਦੱਸ ਦੇਣਗੇ।

**ਡਾਕਟਰ ਰਮੇਸ਼ ਦੱਤ :** ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਠੀਕ ਹੈ ਕਿ ਕਈ ਜਗ੍ਹਾ ਤੇ ਇਨ੍ਹਾਂ ਲੋਕਾਂ ਦੀ ਆਬਾਦੀ ਕਾਫੀ ਜ਼ਿਆਦਾ ਹੈ ਲੇਕਿਨ ਫਿਰ ਵੀ, ਇਨ੍ਹਾਂ ਦੇ ਲੋਕ ਉਥੇ ਚੁਣੇ ਨਹੀਂ ਗਏ ਲੇਕਿਨ ਕਈ ਪਿੰਡ ਐਸੇ ਵੀ ਹਨ ਜਿਨ੍ਹਾਂ ਵਿਚ ਸ਼ਡਿਊਲਡ ਕਾਸਟ ਲੋਕਾਂ ਦੀ ਆਬਾਦੀ ਨਹੀਂ ਹੈ, ਉਥੇ ਉਨ੍ਹਾਂ ਵਾਸਤੇ ਸੀਟਾਂ ਰਿਜ਼ਰਵ ਕੀਤੀਆਂ ਗਈਆਂ ਹਨ ਅਤੇ ਉਹ ਸੀਟਾਂ ਵੇਕੈਂਟ ਪਈਆਂ ਹਨ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਹ ਸੀਟਾਂ ਫਿਲ-ਅਪ ਕਰਨ ਵਾਸਤੇ ਕੋਈ ਕਾਰਵਾਈ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਜੋ ਕੁਝ ਇਨ੍ਹਾਂ ਨੇ ਕਿਹਾ ਹੈ, ਉਸ ਬਾਰੇ ਮੇਰੇ ਕੋਲ ਇਨਫਰਮੇਸ਼ਨ ਨਹੀਂ ਨਹੀਂ ਹੈ ਕਿ ਸ਼ਡਿਊਲਡ ਕਾਸਟ ਆਬਾਦੀ ਨਾ ਹੋਣ ਤੇ ਵੀ ਉਥੇ ਸੀਟ ਰਿਜ਼ਰਵ ਕੀਤੀ ਗਈ ਹੋਵੇ ਅਤੇ ਉਹ ਵੇਕੈਂਟ ਪਈ ਹੋਵੇ। ਮੈਂ ਪਹਿਲਾਂ ਇਥੇ ਦਸਿਆ ਹੈ ਕਿ ਪੰਜਾਬ ਵਿਚ 833 ਐਸੇ ਪਿੰਡ ਹਨ ਜਿਨ੍ਹਾਂ ਵਿਚ ਸ਼ਡਿਊਲਡ ਕਾਸਟ ਲੋਕਾਂ ਦੀ ਆਬਾਦੀ 5 ਫੀਸਦੀ ਤੋਂ ਘਟ ਹੋਣ ਕਰਕੇ ਉਥੇ ਰਿਜ਼ਰਵੇਸ਼ਨ ਨਹੀਂ ਸੀ ਬਣਦੀ ਲੇਕਿਨ ਫਿਰ ਵੀ 550 ਪਿੰਡ ਐਸੇ ਹਨ ਜਿਨ੍ਹਾਂ ਵਿਚ ਸ਼ਡਿਊਲਡ ਕਾਸਟ ਆਬਾਦੀ ਘਟ ਹੋਣ ਦੇ ਬਾਵਜੂਦ ਉਥੇ ਸ਼ਡਿਊਲਡ ਕਾਸਟ ਪੰਚ ਚੁਣੇ ਗਏ। ਉਥੇ ਤਾਂ ਐਸੀ ਕੋਈ ਮੁਸ਼ਕਲ ਨਹੀਂ ਹੈ, ਕੋਈ ਪਰਾਬਲਮ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੰਤਰੀ ਜੀ ਨੇ ਦਸਿਆ ਹੈ ਕਿ 283 ਪਿੰਡ ਪੰਜਾਬ ਵਿਚ ਅਜਿਹੇ ਹਨ ਜਿਥੇ ਕੋਈ ਸ਼ਡਿਊਲਡ ਕਾਸਟ ਪੰਚ ਨਹੀਂ ਚੁਣੇ ਗਏ ਅਤੇ ਉਨ੍ਹਾਂ ਨੂੰ ਰਿਪ੍ਰਜ਼ੈਂਟੇਸ਼ਨ ਦੇਣ ਵਾਸਤੇ ਸਰਕਾਰ ਵਿਚਾਰ ਕਰੇਗੀ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਕੰਮ ਨੂੰ ਕੀ ਇਹ ਟਾਈਮ-ਬਾਊਂਡ ਕਰਨਗੇ ਕਿ ਐਨੇ ਸਮੇਂ ਤੱਕ ਉਨ੍ਹਾਂ ਦੀ ਪ੍ਰਤੀਨਿੱਧਤਾ ਪੂਰੀ ਕਰ ਦਿੱਤੀ ਜਾਵੇਗੀ ?

**ਮੰਤਰੀ:** ਸਪੀਕਰ ਸਾਹਿਬ, ਇਸ ਦੇ ਵਿਚ ਟਾਈਮ-ਬਾਊਂਡ ਕਰਨ ਵਾਲੀ ਕੋਈ ਗੱਲ ਨਹੀਂ ਹੈ। ਇਨ੍ਹਾਂ ਇਲੈਕਸ਼ਨਾਂ ਵਾਸਤੇ ਅਤੇ ਸ਼ਡਿਊਲਡ ਕਾਸਟ ਲੋਕਾਂ ਦੀ ਰਿਪ੍ਰੈਜ਼ੈਂਟੇਸ਼ਨ ਵਾਸਤੇ ਬਕਾਇਦਾ ਇਕ ਐਕਟ ਬਣਿਆ ਹੋਇਆ ਹੈ, ਉਸ ਦੇ ਅਨੁਸਾਰ ਹੀ ਅਸੀਂ ਚਲ ਰਹੇ ਹਾਂ। ਇਹ ਚੀਜ਼ ਪਹਿਲੀ ਦਫਾ ਸਾਡੇ ਨੋਟਿਸ ਵਿਚ ਆਈ ਹੈ। ਹੁਣ ਅਸੀਂ ਇਸ ਤੇ ਵਿਚਾਰ ਕਰਾਂਗੇ ਅਤੇ ਦੇਖਾਂਗੇ ਕਿ ਕਿਸ ਤਰ੍ਹਾਂ ਇਨ੍ਹਾਂ ਦੀ ਰਿਜ਼ਰਵੇਸ਼ਨ ਵਧਾਈ ਜਾ ਸਕਦੀ ਹੈ। ਜਿਥੇ ਸ਼ਡਿਊਲਡ ਕਾਸਟ ਲੋਕਾਂ ਦੀ ਆਬਾਦੀ ਲੋੜੀਂਦੀ ਗਿਣਤੀ ਤੋਂ ਘੱਟ ਜਾਵੇ, ਉਥੇ ਕਿਸ ਤਰ੍ਹਾਂ ਉਨ੍ਹਾਂ ਦੀ ਰਿਪ੍ਰਜ਼ੈਂਟੇਸ਼ਨ ਵਧਾਈ ਜਾ ਸਕਦੀ ਹੈ।

———

## ਦਿਹਾਤੀ ਵਿਕਾਸ ਸਕੀਮਾਂ ਤੇ ਖਰਚ

***988. ਸ਼੍ਰੀ ਰਾਜਿੰਦਰ ਕੁਮਾਰ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਵਿੱਤੀ ਸਾਲਾਂ 1991-92 ਅਤੇ 1992-93 ਦੇ ਦੌਰਾਨ ਰਾਜ ਵਿੱਚ ਦਿਹਾਤੀ ਵਿਕਾਸ ਸਕੀਮਾਂ ਅਧੀਨ ਵੱਖ ਵੱਖ ਕੁੱਲ ਕਿੰਨਾ ਖਰਚ ਕੀਤਾ ਗਿਆ ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਫੰਡਾਂ ਦੀ ਵਰਤੋਂ ਵਿੱਚ ਭ੍ਰਿਸ਼ਟਾਚਾਰ ਦੇ ਕੋਈ ਕੇਸ ਸਰਕਾਰ ਦੇ ਧਿਆਨ ਵਿੱਚ ਆਏ ਹਨ ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

**Sardar Umrao Singh** : (a) (i) During the year 1991-92-Rs. 3709.68 Lacs
(ii) During the year 1992-93-Rs. 6874.10 Lacs (upto 2/93)

(b) No case of malpractice in the utilisation of funds have come to the notice of the Government.

**ਸ਼੍ਰੀ ਰਾਜਿੰਦਰ ਕੁਮਾਰ :** ਸਪੀਕਰ ਸਾਹਿਬ, ਬਲਾਕ ਭੋਗਪੁਰ ਦੇ ਮਾਣਕ ਰਾਏ ਅਤੇ ਮਲ੍ਹੀ ਨੰਗਲ ਪਿੰਡਾਂ ਵਿਚ ਫੰਡਾਂ ਦੀ ਕਾਫੀ ਦੁਰ ਵਰਤੋਂ ਹੋਈ। ਇਸ ਵੱਲ ਬੀ.ਡੀ.ਓ. ਭੋਗਪੁਰ ਅਤੇ ਡੀ.ਡੀ.ਪੀ.ਓ, ਜਲੰਧਰ ਦਾ ਧਿਆਨ ਵੀ ਦਿਵਾਇਆ ਗਿਆ ਸੀ ਪਰ ਉਨ੍ਹਾਂ ਨੇ ਕੋਈ ਕਾਰਵਾਈ ਨਹੀਂ ਕੀਤੀ।

**ਸ਼੍ਰੀ ਸਪੀਕਰ:** ਇਸ ਦੇ ਲਈ ਸੈਪਰੇਟ ਨੋਟਿਸ ਚਾਹੀਦਾ ਹੈ। ਕੋਈ ਹੋਰ ਸਪਲੀਮੈਂਟਰੀ ਪੁਛਣੀ ਹੈ ਤਾਂ ਪੁੱਛ ਲਓ।

**(ਹੋਰ ਕੋਈ ਸਪਲੀਮੈਂਟਰੀ ਨਹੀਂ ਪੁੱਛੀ ਗਈ)**

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਅਗਲਾ ਸਵਾਲ। ਮੇਰੇ ਕੋਲ ਸ੍ਰੀਮਤੀ ਵਿਮਲਾ ਡਾਂਗ ਦੀ ਅਥਾਰਟੀ ਆਈ ਹੈ। ਅਰਸ਼ੀ ਜੀ, ਤੁਸੀਂ ਉਨ੍ਹਾਂ ਦਾ ਸਵਾਲ ਪੁੱਛ ਸਕਦੇ ਹੋ

---

### ਰਾਜ ਵਿਚ ਨਕਲੀ ਸਰਟੀਫਿਕੇਟ ਦੇ ਅਧਾਰ ਤੇ ਮੈਡੀਕਲ ਕਾਲਜਾਂ ਵਿਚ ਦਾਖਲਾ

*609. ਸ੍ਰੀਮਤੀ ਵਿਮਲਾ ਡਾਂਗ (ਕਾਮਰੇਡ ਹਰਦੇਵ ਸਿੰਘ ਅਰਸ਼ੀ ਵਲੋਂ ਪੇਸ਼ ਕੀਤਾ ਗਿਆ): ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ––

(ੳ) ਕੀ ਰਾਜ ਵਿੱਚ ਮੌਜੂਦਾ ਸਰਕਾਰ ਦੇ ਕਾਰਜ ਭਾਰ ਸੰਭਾਲਣ ਤੋਂ ਪਹਿਲਾਂ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਦਾਖਲੇ ਲਈ ਸਰਕਾਰ ਨੇ ਵਿਦਿਆਰਥੀਆਂ ਨੂੰ ਨਾਮਜ਼ਦ ਕੀਤਾ ਸੀ; ਜੇਕਰ ਕੀਤਾ ਸੀ ਤਾਂ ਇਸ ਤਰ੍ਹਾਂ ਨਾਮਜ਼ਦ ਕੀਤੇ ਗਏ ਵਿਦਿਆਰਥੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ: ਅਜਿਹਾ ਹਰ ਇਕ ਵਿਦਿਆਰਥੀ ਕਿਹੜੀ ਸ਼੍ਰੇਣੀ ਅਧੀਨ ਨਾਮਜ਼ਦ ਕੀਤਾ ਗਿਆ ਅਤੇ ਹਰ ਇਕ ਵਿਦਿਆਰਥੀ ਨੂੰ ਕਿਹੜੇ ਕਿਹੜੇ ਕਾਲਜ ਵਿੱਚ ਦਾਖਲ ਕੀਤਾ ਗਿਆ ;

(ਅ) ਕੀ ਸਰਕਾਰ ਨੂੰ ਬਾਅਦ ਵਿੱਚ ਇਹ ਪਤਾ ਲੱਗਾ ਕਿ ਉਪਰੋਕਤ ਭਾਗ (ੳ) ਵਿੱਚ ਵਰਣਿਤ ਕੁੱਲ ਵਿਦਿਆਰਥੀਆਂ ਨੂੰ ਝੂਠੀ ਸੂਚਨਾ ਦੇਣ ਦੇ ਆਧਾਰ ਤੇ ਨਾਮਜ਼ਦ ਕੀਤਾ ਗਿਆ; ਜੇਕਰ ਅਜਿਹਾ ਹੈ ਤਾਂ ਕੀ ਇਸ ਮਾਮਲੇ ਦੇ ਸਬੰਧ ਵਿੱਚ ਕੋਈ ਜਾਂਚ-ਪੜਤਾਲ ਕੀਤੀ ਗਈ ਅਤੇ ਇਸ ਵਿੱਚ ਸ਼ਾਮਲ ਹਰ ਇਕ ਵਿਦਿਆਰਥੀ ਦਾ ਨਾਂ ਕੀ ਕੀ ਹੈ ਅਤੇ ਜ਼ੁੰਮੇਵਾਰ ਪਾਏ ਗਏ ਅਫਸਰਾਂ/ਕਰਮਚਾਰੀਆਂ ਵਿਰੁੱਧ ਕੀ ਕਾਰਵਾਈ ਕੀਤੀ ਗਈ ;

(ੲ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਵਿਦਿਆਰਥੀਆਂ ਵਿਚੋਂ ਕਿਸੇ ਨੂੰ ਕਿਸੇ ਮੈਡੀਕਲ ਕਾਲਜ ਵਿੱਚ ਸੀਟਾਂ ਦੀ ਗਿਣਤੀ ਵਧਾ ਕੇ ਵੀ ਨਾਮਜ਼ਦ ਕੀਤਾ ਗਿਆ ਸੀ; ਜੇਕਰ ਅਜਿਹਾ ਹੈ, ਤਾਂ ਇਸ ਦੇ ਕਾਰਨ ਕੀ ਹਨ ?

**ਸਰਦਾਰ ਲਾਲ ਸਿੰਘ :** (ੳ) ਪੰਜਾਬ ਸਰਕਾਰ ਦੇ ਪਿੱਠ ਅੰਕਣ ਨੰ: 22/238/91-ਐਚ.ਬੀ. 3/821/ਸਪੈਸ਼ਲ–9771, ਮਿਤੀ 17/20 ਫਰਵਰੀ, 1992 ਰਾਹੀਂ ਹੇਠ ਲਿਖੇ ਉਮੀਦਵਾਰਾਂ ਨੂੰ ਸਾਲ 1991-92 ਦੌਰਾਨ ਐਮ.ਬੀ.ਬੀ.ਐਸ./ਬੀ.ਡੀ.ਐਸ. ਕੋਰਸਾਂ ਵਿੱਚ ਦਾਖਲੇ ਲਈ ਨੌਮੀਨੇਟ ਕੀਤੇ ਸਨ :–

1. ਸਤਿੰਦਰ ਕੌਰ ਪੁੱਤਰੀ ਸ੍ਰੀ ਸੋਹਨ ਸਿੰਘ ਮਕਾਨ ਨੰ: 278, ਜ਼ੈਲ ਸਿੰਘ ਨਗਰ, ਰੋਪੜ।
2. ਹਰਜਿੰਦਰ ਸਿੰਘ ਪੁੱਤਰ ਸ੍ਰੀ ਮਾਨ ਸਿੰਘ ਮਕਾਨ ਨੰ: 134/ਜੇ ਪਿੰਡ ਤੇ ਡਾਕਖਾਨਾ ਮੁਛਲ, ਪੁਲਿਸ ਸਟੇਸ਼ਨ ਜੰਡਿਆਲਾ, ਜ਼ਿਲ੍ਹਾ ਅੰਮ੍ਰਿਤਸਰ।
3. ਪ੍ਰਭਜੋਤ ਕੌਰ ਪੁੱਤਰੀ ਸ੍ਰੀ ਤਰਲੋਕ ਸਿੰਘ ਨੇੜੇ ਗੁਰੂ ਨਾਨਕ ਆਸ਼ਰਮ, ਅਲੀਪੁਰ ਰੋਡ ਪਟਿਆਲਾ।
4. ਮਮਤਾ ਬੇਰੀ ਪੁੱਤਰੀ ਸ੍ਰੀ ਯਸ਼ਪਾਲ ਬੇਰੀ ਮਕਾਨ ਨੰ: 47, ਸਾਹਮਣੇ ਬਰਾੜ ਗਲੀ (ਕੱਚੀ ਕੋਠੀ ਏਰੀਆ) ਪਟਿਆਲਾ।

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

5. ਬੜਾ ਲੜਕਾ ਆਫ਼ ਲੇਟ ਡਾ: ਬਲਵੀਰ ਚੰਦ, ਪਿੰਡ ਟੂਲੈਵਾਲ ਡਾਕਖਾਨਾ ਖੁਨ-ਖੁਨ, ਜ਼ਿਲ੍ਹਾ ਹੁਸ਼ਿਆਰਪੁਰ ।
6. ਮਿਸ ਨਿਸ਼ਾ ਪੁੱਤਰੀ ਸ਼੍ਰੀ ਕ੍ਰਿਸ਼ਨ ਚੰਦ ਪਟਵਾਰੀ, ਮਕਾਨ ਨੰ: 3003, ਅਜੀਤ ਰੋਡ ਸਟਰੀਟ ਨੰ: 6, ਬਠਿੰਡਾ ।

ਇਹ ਉਮੀਦਵਾਰ ਸਾਲ 1991-92 ਦੌਰਾਨ ਐਮ.ਬੀ.ਬੀ.ਐਸ. ਕੋਰਸ ਵਿੱਚ ਨੋਮੀਨੇਸ਼ਨ ਦੀਆਂ 6 ਰਾਖਵੀਆਂ ਸੀਟਾਂ ਵਿਰੁੱਧ ਦਾਖਲ ਕੀਤੇ ਗਏ ਸਨ। ਇਹਨਾਂ ਤੋਂ ਇਲਾਵਾ ਹੇਠ ਲਿਖੇ ਉਮੀਦਵਾਰ ਵੀ ਸਾਲ 1992-93 ਦੌਰਾਨ ਸਟੇਟ ਨੋਮਨੀ ਲਈ ਰਾਖਵੀਆਂ ਸੀਟਾਂ ਵਿਰੁੱਧ ਨੋਮੀਨੇਟ ਕੀਤੇ ਗਏ ਸਨ :—

1. ਜਸਵਿੰਦਰ ਕੌਰ ਪੁੱਤਰੀ ਲੇਟ ਬਚਿੱਤਰ ਸਿੰਘ ਸਾਬਕਾ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ (ਪਿੱਠ ਅੰਕਣ ਨੰ: 22/238/91–5 ਸਿਹਤ/2015, ਮਿਤੀ 2 ਜਨਵਰੀ 1992)

2. ਸ਼੍ਰੀ ਕੰਵਰਜੀਤ ਸਿੰਘ ਪੁੱਤਰ ਸ਼੍ਰੀ ਜੋਗਿੰਦਰ ਸਿੰਘ ਖੇਰਾ ਸਾਬਕਾ ਸੁਪਰਡੰਟ ਪੁਲਿਸ ਰੋਪੜ (ਪਿੱਠ ਅੰਕਣ ਨੰ: 22/238/91–5 ਸਿਸ 3/10785, ਮਿਤੀ 2 ਮਾਰਚ, 1992)

ਉਪਰੋਕਤ ਉਮੀਦਵਾਰਾਂ ਵਿਚੋਂ ਹੇਠ ਲਿਖੇ ਉਮੀਦਵਾਰਾਂ ਨੇ ਉਹਨਾਂ ਦੇ ਨਾਵਾਂ ਸਾਹਮਣੇ ਦਰਜ ਮੈਡੀਕਲ ਕਾਲਜ ਵਿੱਚ ਦਾਖਲਾ ਲਿਆ ਹੈ :—

1. ਹਰਜਿੰਦਰ ਸਿੰਘ ਮੈਡੀਕਲ ਕਾਲਜ, ਅੰਮ੍ਰਿਤਸਰ ।

2. ਨਿਸ਼ਾ ਰਾਣੀ ਮੈਡੀਕਲ ਕਾਲਜ, ਪਟਿਆਲਾ ।

3. ਸਤਿੰਦਰ ਕੌਰ, ਮੈਡੀਕਲ ਕਾਲਜ, ਅੰਮ੍ਰਿਤਸਰ ।

4. ਜਸਵਿੰਦਰ ਕੌਰ, ਮੈਡੀਕਲ ਕਾਲਜ, ਪਟਿਆਲਾ ।

5. ਕੰਵਰਜੀਤ ਸਿੰਘ, ਮੈਡੀਕਲ ਕਾਲਜ, ਅੰਮ੍ਰਿਤਸਰ ।

(ਅ) ਹੇਠ ਲਿਖੇ ਉਮੀਦਵਾਰ ਪ੍ਰਿੰਸੀਪਲ ਮੈਡੀਕਲ ਕਾਲਜ, ਪਟਿਆਲਾ ਨੂੰ ਗਲਤ ਸੂਚਨਾ ਦੇਣ ਦੇ ਆਧਾਰ ਤੇ ਐਮ.ਬੀ.ਬੀ.ਐਸ. ਕੋਰਸ ਵਿੱਚ ਦਾਖਲੇ ਲਈ ਯੋਗ ਨਹੀਂ ਪਾਏ ਗਏ ਸਨ :—

1. ਪ੍ਰਭਜੋਤ ਕੌਰ ਪੁੱਤਰੀ ਸ਼੍ਰੀ ਤਿਰਲੋਕ ਸਿੰਘ ।

2. ਮਮਤਾ ਬੇਰੀ ਪੁੱਤਰੀ ਸ਼੍ਰੀ ਯਸ਼ਪਾਲ ਬੇਰੀ ।

3. ਵੱਡਾ ਲੜਕਾ ਲੇਟ ਡਾਕਟਰ ਬਲਵੀਰ ਚੰਦ ।

ਪ੍ਰਭਜੋਤ ਕੌਰ ਅਤੇ ਮਮਤਾ ਬੇਰੀ ਦੇ ਵਿਰੁੱਧ ਪੁਲਿਸ ਪਾਸ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਜਿੱਥੋਂ ਤੱਕ ਡਾ: ਬਲਵੀਰ ਚੰਦ ਦੇ ਵੱਡੇ ਲੜਕੇ ਦਾ ਸਬੰਧ ਹੈ, ਉਸ ਬਾਰੇ ਦੱਸਿਆ ਜਾਂਦਾ ਹੈ ਕਿ

Original with;
Punjab Vidhan Sabha
Digitized by;
Panjab Digital Library

ਪ੍ਰਿੰਸੀਪਲ ਮੈਡੀਕਲ ਕਾਲਜ, ਪਟਿਆਲਾ ਦੇ ਰਿਪੋਰਟ ਕਰਨ ਅਨੁਸਾਰ ਇਸ ਉਮੀਦਵਾਰ ਨੇ 10+2 ਦੀ ਯੋਗਤਾ ਹਾਸਲ ਨਹੀਂ ਕੀਤੀ ਸੀ ਕਿਉਂਕਿ ਐਮ.ਬੀ.ਬੀ.ਐਸ./ਬੀ.ਡੀ.ਐਸ. ਦੇ ਕੋਰਸ ਵਿੱਚ ਦਾਖਲੇ ਲਈ ਮੁਢਲੀ ਯੋਗਤਾ 10+2 ਮੈਡੀਕਲ ਗਰੁੱਪ ਹੈ।

(ੲ) ਨਹੀਂ ਜੀ।

**Mr. Speaker :** Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha(Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਸਿਹਤ ਵਿਭਾਗ ਵਿਚ ਸਿਸਟਰ ਟਿਊਟਰਾਂ ਦੀਆਂ ਨਿਯੁਕਤੀਆਂ

***614. ਸ੍ਰੀਮਤੀ ਵਿਮਲਾ ਡਾਂਗ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ —

(ੳ) ਕੀ ਡਾਇਰੈਕਟਰ ਖੋਜ ਅਤੇ ਡਾਕਟਰੀ ਸਿਖਿਆ ਨੇ ਫਰਵਰੀ, 1991 ਵਿੱਚ ਜਾਰੀ ਕੀਤੇ ਗਏ ਇਕ ਵਿਗਿਆਪਨ ਦੁਆਰਾ ਸਿਸਟਰ ਟਿਊਟਰਾਂ ਦੀਆਂ ਆਸਾਮੀਆਂ ਲਈ ਅਰਜ਼ੀਆਂ ਮੰਗੀਆਂ ਸਨ ਅਤੇ ਉਮੀਦਵਾਰਾਂ ਦੀ ਇੰਟਰਵਿਊ ਜੂਨ, 1991 ਵਿਚ ਹੋਈ ਸੀ, ਜੇਕਰ ਅਜਿਹਾ ਹੈ, ਤਾਂ ਅਜਿਹੀਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਲਈ ਅਰਜ਼ੀਆਂ ਮੰਗੀਆਂ ਸਨ ਅਤੇ ਇਨ੍ਹਾਂ ਲਈ ਕੀ ਯੋਗਤਾ ਨਿਰਧਾਰਤ ਕੀਤੀ ਗਈ ਸੀ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਲਈ ਨਿਰਧਾਰਤ ਯੋਗਤਾਵਾਂ ਪੂਰੀਆਂ ਕਰਨ ਵਾਲੇ ਕੁਝ ਉਮੀਦਵਾਰਾਂ ਨੂੰ ਨਜ਼ਰਅੰਦਾਜ਼ ਕਰਕੇ ਕੋਈ ਅਜਿਹੇ ਉਮੀਦਵਾਰ ਨਿਯੁਕਤ ਕੀਤੇ ਸਨ ਜੋ ਨਿਰਧਾਰਤ ਯੋਗਤਾਵਾਂ ਪੂਰੀਆਂ ਨਹੀਂ ਸਨ ਕਰਦੇ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਨ ਹਨ ?

**ਸਰਦਾਰ ਲਾਲ ਸਿੰਘ :** (ੳ) ਹਾਂ ਜੀ।

ਆਸਾਮੀਆਂ ਦੀ ਗਿਣਤੀ 15 ਸੀ। ਨਿਰਧਾਰਤ ਵਿਗਿਆਪਨ ਕੀਤੀ ਯੋਗਤਾ ਹੇਠ ਲਿਖੇ ਅਨੁਸਾਰ ਸੀ :—

1. ਬੀ.ਐਸ.ਸੀ. (ਨਰਸਿੰਗ) ਦੀ ਡਿਗਰੀ ਦੇ ਨਾਲ ਟੀਚਿੰਗ ਹਸਪਤਾਲ ਦਾ 3 ਸਾਲ ਦਾ ਤਜਰਬਾ ਰੱਖਦੀ ਹੋਵੇ।

2. ਮੈਟ੍ਰਿਕ ਪੱਧਰ ਤੱਕ ਪੰਜਾਬੀ ਦੀ ਪ੍ਰੀਖਿਆ ਪਾਸ ਕੀਤੀ ਹੋਵੇ ਜਾਂ ਇਸ ਦੇ ਬਰਾਬਰ ਦੀ ਯੋਗਤਾ ਰੱਖਦੀ ਹੋਵੇ।

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

(ਅ) ਹਾਂ ਜੀ ।

ਸਿਸਟਰ ਟਿਊਟਰਾਂ ਦੀਆਂ 15 ਆਸਾਮੀਆਂ ਨੂੰ ਭਰਨ ਲਈ ਵਿਗਿਆਪਨ ਦਿੱਤਾ ਗਿਆ ਸੀ । ਇਹ ਪ੍ਰੇਖਣ ਕਰਦਿਆਂ ਹੋਇਆਂ ਕਿ ਕਿਉਂ ਜੋ ਇਨ੍ਹਾਂ ਵਿਚੋਂ 12 ਆਸਾਮੀਆਂ ਬੀ.ਐਸ.ਸੀ. (ਨਰਸਿੰਗ) ਕਾਲਜਾਂ ਲਈ ਸਨ ਜਦ ਕਿ ਤਿੰਨ ਆਸਾਮੀਆਂ ਸਕੂਲ ਆਫ ਨਰਸਿੰਗ, ਫਰੀਦਕੋਟ ਲਈ ਸਨ, ਚੋਣ ਕਮੇਟੀ ਨੇ ਇਹ ਫੈਸਲਾ ਕੀਤਾ ਕਿ ਗੁਰੂ ਗੋਬਿੰਦ ਸਿੰਘ ਹਸਪਤਾਲ ਫਰੀਦਕੋਟ ਵਿਖੇ ਨਰਸਿੰਗ ਸਕੂਲ ਲਈ ਪ੍ਰਵਾਨਿਤ ਤਿੰਨ ਆਸਾਮੀਆਂ ਨੂੰ ਪੰਜਾਬ ਮੈਡੀਕਲ ਅਤੇ ਸਿਹਤ ਵਿਭਾਗ (ਨਰਸਿੰਗ) ਰੂਲਜ਼ 1964 ਵਿਚ ਨਿਰਧਾਰਤ ਯੋਗਤਾਵਾਂ ਅਨੁਸਾਰ ਭਰਿਆ ਜਾਵੇ । ਇਨ੍ਹਾਂ ਰੂਲਜ਼ ਨੂੰ ਮੁੱਖ ਰੱਖਦੇ ਹੋਇਆਂ ਹੇਠ ਲਿਖੇ ਉਮੀਦਵਾਰਾਂ ਦੀ ਚੋਣ ਕੀਤੀ ਗਈ :--

1. ਗੁਰਦਰਸ਼ਨ ਕੌਰ

2. ਜਸਪਾਲ ਕੌਰ

3. ਹਰਜੀਤ ਕੌਰ

ਵਿਗਿਆਪਨ ਵਿਚ ਦਿੱਤੀਆਂ ਯੋਗਤਾਵਾਂ/ਤਜ਼ਰਬੇ ਨੂੰ ਮੁੱਖ ਰੱਖਦਿਆਂ ਹੋਇਆਂ ਬਾਕੀ 12 ਆਸਾਮੀਆਂ ਬੀ,ਐਸ.ਸੀ. (ਨਰਸਿੰਗ) ਕਾਲਜਾਂ ਲਈ ਭਰਨ ਹਿੱਤ ਚੋਣ ਕੀਤੀ ਗਈ । ਪਰ ਸਰਕਾਰ ਨੇ ਸਿਸਟਰ ਟਿਊਟਰਾਂ ਦੀ ਸਿਲੈਕਸ਼ਨ ਵਿਚ ਹੋਈ ਬੇਕਾਇਦਗੀ ਨੂੰ ਬੜੀ ਗੰਭੀਰਤਾ ਨਾਲ ਲਿਆ । ਸਰਕਾਰ ਨੇ ਮਾਮਲੇ ਤੇ ਵਿਚਾਰ ਕਰਨ ਉਪਰੰਤ ਉਨ੍ਹਾਂ 6 ਉਮੀਦਵਾਰਾਂ ਦੀ ਚੋਣ ਅਤੇ ਨਿਯੁਕਤੀ ਰੱਦ ਕਰ ਦਿੱਤੀ ਹੈ ਜੋ ਨਿਰ-ਧਾਰਤ ਯੋਗਤਾਵਾਂ ਪੂਰੀਆਂ ਨਹੀਂ ਕਰਦੀਆਂ ਸਨ ।

---

ਨਿਸ਼ਾਨਵਾਲਾ ਪ੍ਰਸ਼ਨ ਨੰ: *982

(ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

---

## ਵਜ਼ੀਫਿਆਂ ਦੇ ਦਰ ਸੋਧਣੇ

*972. 1. ਸਰਦਾਰ ਹਰਗੋਪਾਲ ਸਿੰਘ ਐਡਵੋਕੇਟ
2. ਸ੍ਰੀ ਰਾਜਿੰਦਰ ਕੁਮਾਰ
: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਸਰਕਾਰੀ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਦਿਤੇ ਜਾਂਦੇ ਵੱਖ-ਵੱਖ ਵਜ਼ੀਫਿਆਂ ਦੇ ਦਰ ਪਿਛਲੀ ਵਾਰ ਕਿਸ ਤਰੀਕ ਨੂੰ ਸੋਧੇ ਗਏ ਸਨ ;

(ਅ) ਕੀ ਸਰਕਾਰ ਮੁੱਲ ਸੂਚਕ ਅੰਕ ਵਿਚ ਆਮ ਵਾਧੇ ਦੇ ਮੱਦੇ ਨਜ਼ਰ ਉਕਤ ਵਜ਼ੀਫਿਆਂ ਦੀਆਂ ਦਰਾਂ ਸੋਧਣ ਦਾ ਵਿਚਾਰ ਰਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ?

---

*For Starred Question No. 982 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

ਸ੍ਰੀ ਹਰਨਾਮ ਦਾਸ ਜੌਹਰ : (ੳ) ਵੱਖ ਵੱਖ ਵਜ਼ੀਫਿਆ ਦੇ ਦਰ ਪਿਛਲੀ ਵਾਰ ਵੱਖ ਵੱਖ ਤਾਰੀਖਾਂ ਨੂੰ ਸੋਧੇ ਗਏ ਸਨ। ਵੇਰਵੇ ਸਦਨ ਦੀ ਮੇਜ਼ ਤੇ ਰੱਖੇ ਜਾਂਦੇ ਹਨ।

(ਅ) ਨਹੀਂ ਜੀ।

**ਪਿਛਲੀ ਵਾਰ ਵੱਖ ਵੱਖ ਤਾਰੀਖਾਂ ਨੂੰ ਸੋਧੇ ਗਏ ਵੱਖ ਵੱਖ ਵਜ਼ੀਫਿਆਂ ਦੀ ਦਰ ਦਾ ਵੇਰਵਾ**

**ਸਕੂਲ :**

| | | | |
|---|---|---|---|
| 1. | ਪੋਸਟ ਮੈਟ੍ਰਿਕ ਵਜ਼ੀਫਾ ਸਕੀਮ | | ... 1-7-1989 |
| 2. | ਜਨਰਲ ਵਜ਼ੀਫੇ | | ... 1977-78 |
| 3. | ਰਾਜ ਹਰੀਜਨ ਭਲਾਈ ਸਕੀਮ | | ... 1975-76 |

ਕਾਲਜ:

| | | | |
|---|---|---|---|
| 1. | ਭਾਰਤ ਸਰਕਾਰ ਦੀ ਵਜ਼ੀਫਾ ਸਕੀਮ | ਪੋਸਟ-ਮੈਟ੍ਰਿਕ | ... 1-7-1989 |
| 2. | ਨੈਸ਼ਨਲ ਮੈਰਿਟ ਸਕਾਲਰਸ਼ਿਪ | | ... 1-12-1988 |

------

### ਸਕੂਲਾਂ ਦੇ ਮੁਖੀਆਂ ਦੀਆਂ ਖਾਲੀ ਆਸਾਮੀਆਂ ਭਰਨਾ

*963. ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਇਹ ਠੀਕ ਹੈ ਕਿ ਇਸ ਸਮੇਂ ਰਾਜ ਵਿਚ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁਖੀਆਂ ਦੀਆਂ ਕੁਝ ਆਸਾਮੀਆਂ ਖਾਲੀ ਪਈਆਂ ਹਨ; ਜੇਕਰ ਅਜਿਹਾ ਹੈ, ਤਾਂ ਉਨ੍ਹਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ਅਤੇ ਕਿਸ ਮਿਤੀ (ਮਿਤੀਆਂ) ਤੋਂ ਇਹ ਆਸਾਮੀਆਂ ਖਾਲੀ ਪਈਆਂ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਨੂੰ ਖਾਲੀ ਰੱਖਣ ਦੇ ਕਾਰਨ ਕੀ ਹਨ ਅਤੇ ਉਕਤ ਆਸਾਮੀਆਂ ਨੂੰ ਭਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸ੍ਰੀ ਹਰਨਾਮ ਦਾਸ ਜੌਹਰ : (ੳ) ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਮੁੱਖੀਆਂ ਦੀਆਂ ਆਸਾਮੀਆਂ ਦੀ ਸੂਚਨਾ ਆਸਾਮੀ ਖਾਲੀ ਹੋਣ ਦੀ ਮਿਤੀ ਦੱਸਦਿਆਂ * ਵਿਵਰਣ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਉਪਰੋਕਤ ਦਰਸਾਈਆਂ ਆਸਾਮੀਆਂ ਬਦਲੀਆਂ, ਮੌਤਾਂ, ਸੇਵਾ ਨਵਿਰਤੀਆਂ, ਮਾਸਟਰਾਂ ਦੀਆਂ ਪੱਦ-ਉਨਤੀਆਂ ਅਤੇ ਸਕੂਲਾਂ ਦਾ ਦਰਜਾ ਵਧਾਉਣ ਕਾਰਨ ਖਾਲੀ ਹੋਈਆਂ ਹਨ। ਅਸਾਮੀਆਂ ਨੂੰ ਭਰਨ ਲਈ ਪੱਦ-ਉਨਤੀ ਦੇ ਕੇਸਾਂ ਨੂੰ ਸੀਨੀਅਰਤਾ-ਕਮ-ਮੈਰਿਟ ਦੇ ਅਧਾਰ ਤੇ ਪੜਤਾਲਿਆ ਜਾ ਰਿਹਾ ਹੈ। ਸਿਧੀ ਭਰਤੀ ਦੇ ਕੋਟੇ ਦੀਆਂ ਆਸਾਮੀਆਂ ਦੀ ਡਿਮਾਂਡ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਭਜੀ ਹੋਈ ਹੈ।

*Placed in the Library.

Original with;
Punjab Vidhan Sabha
Digitized by;
Panjab Digital Library

**ਸਮਾਜ ਭਲਾਈ ਵਿਭਾਗ ਵਿੱਚ ਫੰਡਾਂ ਦੀ ਕੁਵਰਤੋਂ**

*974. **ਕਾਮਰੇਡ ਬਲਦੇਵ ਸਿੰਘ ਬਲਮਗੜ੍ਹ :** ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਾਲ 1991 ਵਿਚ ਜ਼ਿਲ੍ਹਾ ਫਰੀਦਕੋਟ ਵਿਚ ਵਿਭਾਗ ਦੇ ਬੁਢਾਪਾ ਪੈਨਸ਼ਨ ਸੈੱਲ ਵਿੱਚ ਲੱਖਾਂ ਰੁਪਏ ਦੇ ਫੰਡਾਂ ਦੀ ਕੁਵਰਤੋਂ ਹੋਣ ਬਾਰੇ ਪਤਾ ਲਗਿਆ ਸੀ। ਜੇਕਰ ਅਜਿਹਾ ਹੋਵੇ ਤਾਂ ਉਕਤ ਗਬਨ ਲਈ ਜ਼ਿੰਮੇਵਾਰ ਪਾਏ ਗਏ ਵਿਅਕਤੀ (ਵਿਅਕਤੀਆਂ) ਦੇ ਨਾਂ ਕੀ ਕੀ ਹਨ ਅਤੇ ਉਸ/ਉਨ੍ਹਾਂ ਵਿਰੁੱਧ ਕੀ ਕਾਰਵਾਈ ਕੀਤੀ ਗਈ ?

**ਸ੍ਰੀ ਬ੍ਰਹਮ ਮਹਿੰਦਰਾ :** 1. ਹਾਂ ਜੀ।

2. ਸ੍ਰੀ ਗੁਰਜਿੰਦਰ ਸਿੰਘ ਮੋਦੀ, ਲੇਖਾਕਾਰ ਨੂੰ ਸੇਵਾਵਾਂ ਤੋਂ ਮੁਅੱਤਲ ਕੀਤਾ ਗਿਆ ਹੈ।

---

**ਰਾਜ ਵਿੱਚ ਲੋਕ ਆਯੁਕਤ ਦੀ ਨਿਯੁਕਤੀ**

*985. **ਸ੍ਰੀ ਮਦਨ ਮੋਹਨ ਮਿੱਤਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰਾਜ ਵਿਚ ਇਕ ਲੋਕ ਆਯੁਕਤ ਨਿਯੁਕਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ, ਤਾਂ ਕਦੋਂ ?

**ਸਰਦਾਰ ਬੇਅੰਤ ਸਿੰਘ :** ਪੰਜਾਬ ਰਾਜ ਵਿੱਚ ਲੋਕ ਆਯੁਕਤ ਨਿਯੁਕਤ ਕਰਨ ਦਾ ਪ੍ਰਸ਼ਨ ਪਾਰਲੀਮੈਂਟ ਵੱਲੋਂ ਅਜਿਹਾ ਬਿਲ ਪਾਸ ਕਰਨ ਤੋਂ ਬਾਅਦ ਵਿਚਾਰਿਆ ਜਾਵੇਗਾ।

---

**ਸਿਵਲ ਹਸਪਤਾਲ, ਨਵਾਂ ਸ਼ਹਿਰ ਵਿਚ ਮਹਿਲਾ ਡਾਕਟਰ ਦੀ ਨਿਯੁਕਤੀ**

*918. ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਵਲ ਹਸਪਤਾਲ, ਨਵਾਂ ਸ਼ਹਿਰ ਵਿਚ ਮਹਿਲਾ ਮਰੀਜ਼ਾਂ ਨੂੰ ਵੇਖਣ ਲਈ ਮਹਿਲਾ ਡਾਕਟਰ ਦੀ ਕੋਈ ਆਸਾਮੀ ਹੈ; ਜੇਕਰ ਹੈ ਤਾਂ ਕੀ ਉਕਤ ਆਸਾਮੀ ਤੇ ਕੋਈ ਮਹਿਲਾ ਡਾਕਟਰ ਨਿਯੁਕਤ ਕੀਤੀ ਗਈ ਹੈ ?

**ਸਰਦਾਰ ਲਾਲ ਸਿੰਘ :** ਸਿਵਲ ਹਸਪਤਾਲ ਨਵਾਂ ਸ਼ਹਿਰ ਵਿਖੇ ਮਹਿਲਾ ਮਰੀਜ਼ਾਂ ਨੂੰ ਵੇਖਣ ਲਈ ਮਹਿਲਾ ਡਾਕਟਰ ਦੀ ਆਸਾਮੀ ਹੈ ਅਤੇ ਇਸ ਆਸਾਮੀ ਤੇ ਮਹਿਲਾ ਡਕਟਰ ਨਿਯੁਕਤ ਕੀਤੀ ਹੋਈ ਹੈ।

---

**ਬਲਾਕ ਸ੍ਰੀ ਹਰਗੋਬਿੰਦਪੁਰ ਵਿਚ ਸਿਹਤ ਕੇਂਦਰਾਂ/ਦਿਹਾਤੀ ਡਿਸਪੈਂਸਰੀਆਂ ਵਿਚ ਖਾਲੀ ਆਸਾਮੀਆਂ ਭਰਨਾ**

*962. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ--

(ੳ) ਬਲਾਕ ਸ੍ਰੀ ਹਰਗੋਬਿੰਦਪੁਰ ਜ਼ਿਲ੍ਹਾ ਗੁਰਦਾਸਪੁਰ ਵਿਚ ਅਜਿਹੇ ਸਿਹਤ ਕੇਂਦਰਾਂ ਜਾਂ ਦਿਹਾਤੀ ਡਿਸਪੈਂਸਰੀਆਂ ਦੀ ਇਕ ਸੂਚੀ ਸਦਨ ਦੀ ਮੇਜ਼ ਤੇ ਰੱਖਣਗੇ ;

(i) ਜਿਹੜੀਆਂ ਬਿਨਾਂ ਇਮਾਰਤਾਂ ਤੋਂ ਹਨ ;

(ii) ਜਿਨ੍ਹਾਂ ਵਿਚ ਇਸ ਸਮੇਂ ਡਾਕਟਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ ; ਅਤੇ

(iii) ਜਿਨ੍ਹਾਂ ਵਿਚ ਇਸ ਸਮੇਂ ਫਾਰਮਾਸਿਸਟਾਂ ਅਤੇ ਏ.ਐਨ.ਐਮਜ਼. ਦੀਆਂ ਆਸਾਮੀਆਂ ਖਾਲੀ ਪਈਆਂ ਹਨ ;

Original with;
Punjab Vidhan Sabha
Digitized by;
Punjab Digital Library

(ਅ) ਦੱਸਣਗੇ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਖਾਲੀ ਆਸਾਮੀਆਂ ਨੂੰ ਭਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਸਰਦਾਰ ਲਾਲ ਸਿੰਘ:** ਭਾਗ (ੳ) ਨੂੰ ਸਬੰਧੀ ਲੋੜੀਂਦੀ ਸੂਚੀ ਨਿਮਨ ਲਿਖਤ ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਡਾਕਟਰਾਂ ਦੀਆਂ ਆਸਾਮੀਆਂ ਨੂੰ ਆਮ ਬਦਲੀਆਂ ਸਮੇਂ ਬਦਲੀ ਰਾਹੀਂ ਜਾਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਪਾਸੋਂ ਚੁਣੇ ਹੋਏ ਉਮੀਦਵਾਰਾਂ ਦੀ ਸੂਚੀ ਪ੍ਰਾਪਤ ਹੋਣ ਉਪਰੰਤ ਸਿੱਧੀ ਭਰਤੀ ਰਾਹੀਂ ਪੂਰ ਕੀਤਾ ਜਾਵੇਗਾ।

ਅਨੈਕਸਚਰ

(ੳ)(1) ਬਲਾਕ ਸ੍ਰੀ ਹਰਗੋਬਿੰਦਪੁਰ, ਜ਼ਿਲ੍ਹਾ ਗੁਰਦਾਸਪੁਰ ਵਿਖੇ ਸਿਹਤ ਕੇਂਦਰਾਂ ਜਾਂ ਦਿਹਾਤੀ ਡਿਸਪੈਂਸਰੀਆਂ ਜਿਥੇ ਸਰਕਾਰੀ ਇਮਾਰਤਾਂ ਨਹੀਂ ਹਨ, ਦੀ ਸੂਚੀ ਹਠਾਂ ਦਿੱਤੀ ਜਾਂਦੀ ਹੈ :--

| | | | |
|---|---|---|---|
| 1. | ਸੀ.ਐਚ.ਸੀ., ਕਾਦੀਆਂ | ... | ਪ੍ਰਾਈਵੇਟ (ਕਿਰਾਏ ਤੇ) |
| 2. | ਐਸ.ਐਚ.ਸੀ. ਚੀਮਾ ਬੁਡੀ | ... | ਪੰਚਾਇਤ ਦੀ ਬਿਲਡਿੰਗ |
| 3. | ਐਸ.ਐਚ.ਸੀ. ਮਾੜੀ ਬੁਚੀਆਂ | ... | ਉਹੀ |
| 4. | ਮੋਹਲੋਵਾਲੀ | ... | ਉਹੀ |
| 5. | ਮਾੜੀ ਪੰਨਵਾਂ | ... | ਉਹੀ |
| 6. | ਮਿੰਨੀ ਪੀ.ਐਚ.ਸੀ. ਉਧਨਵਾਲ | ... | ਉਹੀ |
| 7. | ਮਿੰਨੀ ਪੀ.ਐਚ.ਸੀ. ਘੁੰਮਣ | ... | ਉਹੀ |
| 8. | ਮਿੰਨੀ ਪੀ.ਐਚ.ਸੀ. ਭਰਥ | ... | ਉਹੀ |
| 9. | ਮਿੰਨੀ ਪੀ.ਐਚ.ਸੀ. ਕੰਡਿਆਲਾ | ... | ਉਹੀ |

(ii) ਬਲਾਕ ਸ੍ਰੀ ਹਰਗੋਬਿੰਦਪੁਰ ਜ਼ਿਲ੍ਹਾ ਗੁਰਦਾਸਪੁਰ ਵਿਚ ਅਜਿਹੇ ਹੈਲਥ ਸੈਂਟਰ ਜਾਂ ਡਿਸਪੈਂਸਰੀਜ਼ ਦੀ ਸੂਚੀ ਜਿਥੇ ਮੈਡੀਕਲ ਅਫ਼ਸਰਾਂ ਦੀਆਂ ਆਸਾਮੀਆਂ ਖਾਲੀ ਹਨ, ਹੇਠ ਲਿਖੇ ਅਨੁਸਾਰ ਹੈ :-

| | | | ਆਸਾਮੀਆਂ |
|---|---|---|---|
| 1. | ਸੀ.ਐਚ.ਸੀ./ਆਰ.ਐਚ. ਭਾਮ | ... | 4 |
| 2. | ਮਿੰਨੀ ਪੀ.ਐਚ.ਸੀ. ਕੰਡਿਆਲਾ | ... | 1 |
| 3. | ਮਿੰਨੀ ਪੀ.ਐਚ.ਸੀ. ਢਪਈ | ... | 1 |
| 4. | ਮਿੰਨੀ ਪੀ.ਐਚ.ਸੀ. ਮਾੜੀ ਪੰਨਵਾਂ | ... | 1 |
| 5. | ਮਿੰਨੀ ਪੀ.ਐਚ.ਸੀ. ਮਾੜੀ ਬੁਚੀਆਂ | ... | 1 |
| 6. | ਮਿੰਨੀ ਪੀ.ਐਚ.ਸੀ. ਮੋਹਲੋਵਾਲੀ | ... | 1 |
| 7. | ਮਿੰਨੀ ਪੀ.ਐਚ.ਸੀ. ਉਧਨਵਾਲ | ... | 1 |
| 8. | ਮਿੰਨੀ ਪੀ.ਐਚ.ਸੀ. ਭਰਥ | ... | 1 |
| | | | 11 ਅਸਾਮੀਆਂ |

(iii) ਬਲਾਕ ਸ੍ਰੀ ਹਰਗੋਬਿੰਦਪੁਰ, ਜ਼ਿਲ੍ਹਾ ਗੁਰਦਾਸਪੁਰ ਵਿਖੇ ਫਾਰਮਾਸਿਸਟ ਅਤੇ ਏ.ਐਨ.ਐਮ. ਦੀ ਕੋਈ ਆਸਾਮੀ ਖਾਲੀ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

## UNSTARRED QUESTIONS AND ANSWERS

### ਬਿਆਸ ਟਾਊਨ ਵਿਚ ਬੱਸ ਬੇਜ਼ ਅਤੇ ਗਰੀਨ ਬੈਲਟ

**129. ਸ੍ਰੀ ਵੀਰ ਪਵਨ ਕੁਮਾਰ :** ਕੀ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਬਿਆਸ ਟਾਊਨ, ਜ਼ਿਲ੍ਹਾ ਅੰਮ੍ਰਿਤਸਰ ਵਿਚ ਨੈਸ਼ਨਲ ਹਾਈ-ਵੇ ਦੇ ਇੱਕ ਪਾਸੇ ਬੱਸ-ਬੇਜ਼ ਅਤੇ ਗਰੀਨ ਬੈਲਟ ਬਣਾਈ ਗਈ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਤੇ ਹੁਣ ਤੱਕ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਹੈ ;

(ਅ) ਕੀ ਸਰਕਾਰ ਉਸੇ ਟਾਊਨ ਵਿਚ ਗਰੀਨ ਬੈਲਟ ਦੀ ਦੂਜੀ ਫੇਜ਼ ਤਿਆਰ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਮੰਤਵ ਲਈ ਕੁੱਲ ਕਿੰਨੀ ਰਕਮ ਰੱਖੀ ਗਈ ਹੈ ;

(ੲ) ਜੇਕਰ ਉਪਰੋਕਤ ਭਾਗਾਂ (ੳ) ਅਤੇ (ਅ) ਦੇ ਉੱਤਰ ਹਾਂ ਵਿਚ ਹੋਣ, ਤਾਂ ਟਾਊਨ ਵਿਚ ਮਕਾਨਾਂ ਅਤੇ ਦੁਕਾਨਾਂ ਦੇ ਸਾਹਮਣੇ ਪਗਡੰਡੀ ਲਈ ਛੱਡੇ ਜਾ ਰਹੇ ਰਸਤੇ ਦੀ ਚੌੜਾਈ ਕਿੰਨੀ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ :** (ੳ) ਜੀ ਹਾਂ, 14.97 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ ।

(ਅ) ਜੀ ਹਾਂ, 21.15 ਲੱਖ ਰੁਪਏ ਧੰਨ ਰਾਸ਼ੀ ਮਨਜ਼ੂਰ ਹੋ ਚੁੱਕੀ ਹੈ ।

(ੲ) ਰੋਡ ਪੇਵਮੈਂਟ ਸੜਕ ਦੇ ਕਿਨਾਰੇ ਦੇ ਵਿਚਕਾਰ ਟਾਊਨ ਸਾਈਡ ਵੱਲ 14.7 ਮੀਟਰ (46 ਫੁੱਟ) ਦੀ ਲੈਂਡ ਵਿੱਡਥ ਉਪਲਬਧ ਹੈ ਅਤੇ ਦੁਕਾਨਾਂ ਦੇ ਵੱਲ 9.7 ਮੀਟਰ ਸੜਕ ਦੇ ਕਿਨਾਰੇ ਤੇ ਪੀ. ਡਬਲਯੂ. ਡੀ. ਬਾਊਂਡਰੀ ਦੇ ਨਾਲ ਉਪਲਬਧ ਹੈ ਅਤੇ 5 ਮੀਟਰ ਦੀ ਬਾਊਂਡਰੀ ਪੀ.ਡਬਲਯੂ.ਡੀ. ਲੈਂਡ ਤੋਂ ਦੁਕਾਨਾਂ ਤੱਕ ਉਪਲਬਧ ਹੈ ।

ਰੋਡ ਸਟੈਂਡਰਡ ਦੇ ਮੁਤਾਬਕ (5.5 ਮੀਟਰ 16 ਫੁੱਟ) ਦੀ ਸਰਵਿਸ ਲੇਨ 2.5 ਮੀਟਰ ਫੁਟਪਾਥਾਂ ਦੇ ਨਾਲ ਦੇਣੀ ਹੈ । ਸੜਕ ਅਤੇ ਦੁਕਾਨਾਂ ਦੇ ਵਿਚਕਾਰ ਕਾਫੀ ਮਾਤਰਾ ਵਿੱਚ ਲੈਂਡ ਵਿਡਥ ਉਪਲਬਧ ਹੈ ਜੋ ਕਿ ਵਾਹਨਾਂ ਦੀ ਸਹੂਲਤ ਲਈ ਠੀਕ ਹੈ ।

---

### ਜ਼ਿਲ੍ਹਾ ਯੋਜਨਾਬੰਦੀ ਬੋਰਡ, ਮਾਨਸਾ ਨੂੰ ਫੰਡ ਦੇਣਾ

**130. ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1992-93 ਦੇ ਦੌਰਾਨ ਜ਼ਿਲ੍ਹਾ ਯੋਜਨਾਬੰਦੀ ਬੋਰਡ, ਮਾਨਸਾ ਨੂੰ ਜ਼ਿਲ੍ਹੇ ਦੇ ਦਿਹਾਤੀ ਅਤੇ ਸ਼ਹਿਰੀ ਇਲਾਕਿਆਂ ਦੇ ਵਿਕਾਸ ਲਈ ਕੁੱਲ ਕਿੰਨੀ ਰਕਮ ਦਿੱਤੀ ਗਈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਵਿਚੋਂ 15 ਫਰਵਰੀ, 1993 ਤਕ ਉਕਤ ਜ਼ਿਲ੍ਹਾ ਯੋਜਨਾਬੰਦੀ ਬੋਰਡ ਦੁਆਰਾ ਕੁਲ ਕਿੰਨੀ ਰਕਮ ਬਲਾਕ-ਵਾਰ ਜਾਰੀ ਕੀਤੀ ਗਈ ?

**Doctor Kewal Krishan :** (a) The total amount allocated to the District Planning and Development Board, Mansa during 1992-93 for the development of Rural and Urban areas after the finalisation of excesses and surrenders is Rs. 854.89 lakhs.

Besides, an amount of Rs. 357.00 lakhs has been allotted to District Mansa from Rural Development Funds (Rs. 282.00 lakhs for Unant Gram and Rs. 75.00 lakhs for Phirnis/missing links).

Original with;
Punjab Vidhan Sabha
Digitized by;
Panjab Digital Library

(b) Information regarding blockwise amount released by the District Planning and Development Board is being *collected. Since the amount is spread over number of schemes being implemented by number of Departments therefore gathering of the information from individual departments is taking considerable time. However the information collected till date is enclosed in Statements-I and II.

## STATEMENT-I

Blockwise Amount released by the D.P. & D. B., Mansa in respect of "Untied Funds, Scheme CD 2.6" Improvement of Rural Environment & Infrastructure" & Schemes "Unant Gram from Rural Dev. Funds" upto 15-2-93

(Rs. in lakhs)

| Name of the Scheme | Name of the Block | | | | | | | | |
|---|---|---|---|---|---|---|---|---|---|
| | Mansa | | Budhlada | | Jhunnir | | Total | | |
| | Rural | Urban | Rural | Urban | Rural | Urban | Rural | Urban | Total |
| 1. United Funds | 16·50 | 38·92 | 18·34 | 8·37 | 5·15 | .. | 39·99 | 47·29 | 87·28 |
| 2. CD 2.6" Improvement of Rural Environement Infrastructure" | 22·12 | .. | 21·07 | .. | 21·07 | .. | 64·26 | .. | 64·26 |
| 3. Unant Gram from Rural Development funds | 94·00 | .. | 94·00 | .. | 94·00 | .. | 282·00 | .. | 282·00 |
| Total | 132·62 | 38·92 | 133·41 | 8·37 | 120·22 | .. | 386·25 | 47·29 | 433·54 |

*ਅਨਸਟਾਰਡ ਪ੍ਰਸ਼ਨ ਨੰਬਰ 130 ਦੀ ਬਾਕੀ ਰਹਿੰਦੀ ਸੂਚਨਾਂ ।

ਜ਼ਿਲ੍ਹਾ ਯੋਜਨਾਂ ਅਤੇ ਵਿਕਾਸ ਬੋਰਡ, ਮਾਨਸਾ ਵਲੋਂ ਸਾਲ 1992-93 ਦੌਰਾਨ ਰਲੀਜ਼ ਕੀਤੀ ਗਈ ਰਾਸ਼ੀ ।

| ਸਕੀਮ ਦਾ ਨਾਮ | ਬਲਾਕ ਦਾ ਨਾਮ | | | | | | | | |
|---|---|---|---|---|---|---|---|---|---|
| | ਮਾਨਸਾ | | ਬੁਢਲਾਡਾ | | ਝੁਨੀਰ | | ਕੁੱਲ | | |
| | ਪੇਂਡੂ | ਸ਼ਹਿਰੀ | ਪੇਂਡੂ | ਸ਼ਹਿਰੀ | ਪੇਂਡੂ | ਸ਼ਹਿਰੀ | ਪੇਂਡੂ | ਸ਼ਹਿਰੀ | ਕੁੱਲ |
| 1 | 2 | 3 | 4 | 5 | 6 | 7 | 8 | 9 | 10 |
| 1. ਪਲਾਨ ਫੰਡਜ਼ | 223.60 | 225.40 | 168.64 | 89.85 | 147.01 | — | 539.25 | 315.25 | 854.50 |
| 2. ਪੇਂਡੂ ਵਿਕਾਸ ਬੋਰਡ ਫੰਡਜ਼ : | | | | | | | | | |
| (ੲ) ਉਨਤ ਗ੍ਰਾਮ ਲਈ | 94.00 | — | 94.00 | — | 94.00 | — | 282.00 | — | 282.00 |
| (ਅ) ਫਿਰਨੀਆਂ/ ਮਿਸਿੰਗ ਲਿੰਕਸ ਲਈ | — | 25.00 | — | 25.00 | — | 25.00 | — | 75.00 | 75.00 |
| ਕੁੱਲ (1+2) | 317.60 | 250.40 | 262.64 | 114.85 | 241.04 | 25.00 | 821.25 | 390.25 | 1211.50 |

Original with;
Punjab Vidhan Sabha
Digitized by;

## STATEMENT-II

Rural-Urban break up of the funds released by District Planning and Development Board, Mansa (upto 15-2-93)

(Rs. in lakhs)

| Category | | Rural | Urban | Total |
|---|---|---|---|---|
| 1. United Funds | .. | 39·99 | 47·29 | 87·28 |
| 2. Infrastructure | .. | 340·28 | 221·35 | 561·63 |
| 3. Beneficiary oriented | .. | 158·98 | 46·61 | 205·59 |
| 4. Area Specific | .. | .. | .. | .. |
| Total (A) | .. | 539·25 | 315·25 | 854·50 |
| **Amount sanctioned out of Rural Development Funds** | | | | |
| 1. Unant Gram | .. | 282·00 | .. | 282·00 |
| 2. Phirnies/Missing links (M.C. Mansa) | | .. | 75·00 | 75·00 |
| Total (B) | .. | 282·00 | 75·00 | 357·00 |
| Grand Total | .. | 821·25 | 390·25 | 1211·50 |

### ਬੁਢਲਾਡਾ ਮੰਡੀ ਵਿਚ ਸੀਵਰੇਜ ਸਿਸਟਮ ਵਿਛਾਉਣਾ

131. ਕਾਮਰੇਡ ਹਰਦੇਵ ਸਿੰਘ ਅਰਸ਼ੀ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਬੁਢਲਾਡਾ ਮੰਡੀ, ਜ਼ਿਲ੍ਹਾ ਮਾਨਸਾ ਦੇ ਪਾਣੀ ਸਪਲਾਈ ਅਤੇ ਸੀਵਰੇਜ ਦੇ ਕੰਮਾਂ ਦੇ ਵਿਸਤਾਰ ਲਈ ਪਾਣੀ ਅਤੇ ਸੀਵਰੇਜ ਬੋਰਡ ਦੁਆਰਾ ਕੁੱਲ ਕਿੰਨੀ ਰਕਮ ਦਾ ਅਨੁਮਾਨ ਲਗਾਇਆ ਗਿਆ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੰਮਾਂ ਲਈ ਵਿੱਤੀ ਸਾਲ 1993-94 ਲਈ ਕ੍ਰਮਵਾਰ ਸਰਕਾਰ ਅਤੇ ਪੰਜਾਬ ਜਲ ਸਪਲਾਈ ਅਤੇ ਮਲ ਨਿਕਾਸ ਬੋਰਡ ਦੁਆਰਾ ਕੁੱਲ ਕਿੰਨੀ ਰਕਮ ਮਨਜ਼ੂਰ ਕੀਤੀ ਗਈ ?

**ਡਾਕਟਰ ਕੇਵਲ ਕ੍ਰਿਸ਼ਨ :** (ਏ) ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵਲੋਂ ਬੁਢਲਾਡਾ ਮੰਡੀ, ਜ਼ਿਲਾ ਮਾਨਸਾ ਵਿਚ ਵਾਟਰ ਸਪਲਾਈ ਅਤੇ ਸੀਵਰੇਜ਼ ਪਾਉਣ ਲਈ ਕ੍ਰਮਵਾਰ 31.51 ਲੱਖ ਅਤੇ 55.50 ਲੱਖ ਰੁਪਏ ਦੇ ਤਖਮੀਨੇ ਤਿਆਰ ਕੀਤੇ ਗਏ ਸਨ। ਇਹ ਤਖਮੀਨੇ 1982 ਅਤੇ 1986 ਵਿਚ ਬਣਾਏ ਗਏ ਸਨ। ਇਸ ਸ਼ਹਿਰ ਵਿਚ ਵਾਟਰ ਸਪਲਾਈ ਅਤੇ ਸੀਵਰੇਜ ਪਾਉਣ ਲਈ ਪਿਛਲੇ 6 ਸਾਲਾਂ ਤੋਂ ਕੋਈ ਹੋਰ ਸਕੀਮ ਨਹੀਂ ਬਣਾਈ ਗਈ ਹੈ।

(ਬੀ) ਕੋਈ ਰਕਮ ਹਾਲੇ ਮਨਜ਼ੂਰ ਨਹੀਂ ਕੀਤੀ ਗਈ।

Original with;
Punjab Vidhan Sabha
Digitized by;
Panjab Digital Library

## ਸਰਕਾਰੀ ਹਸਪਤਾਲ ਫਤਿਹਗੜ੍ਹ ਸਾਹਿਬ ਵਿਖੇ ਡਾਕਟਰਾਂ ਅਤੇ ਏ. ਐਨ. ਐਮ. ਦੀਆਂ ਖਾਲੀ ਆਸਾਮੀਆਂ

132. **ਡਾਕਟਰ ਹਰਬੰਸ ਲਾਲ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਹਿਤਗੜ੍ਹ ਸਾਹਿਬ ਦੇ ਹੈਡਕੁਆਟਰ ਤੇ ਸਰਕਾਰੀ ਹਸਪਤਾਲ ਵਿਚ ਡਾਕਟਰਾਂ ਦੀਆਂ ਅਤੇ ਏ.ਐਨ.ਐਮ. ਦੀਆਂ ਕਿਤਨੀਆਂ ਆਸਾਮੀਆਂ ਇਸ ਸਮੇਂ ਖਾਲੀ ਹਨ। ਇਹ ਵੀ ਨਾਲ ਹੀ ਦੱਸਿਆ ਜਾਵੇ ਕਿ ਕਿਤਨੇ ਸਮੇਂ ਦੇ ਅੰਦਰ ਅੰਦਰ ਇਹ ਖਾਲੀ ਆਸਾਮੀਆਂ ਭਰੇ ਜਾਣ ਦੀ ਆਸ ਹੈ ?

**ਸਰਦਾਰ ਲਾਲ ਸਿੰਘ:** ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਸਦਰ ਮੁਕਾਮ ਤੇ ਸਰਕਾਰੀ ਹਸਪਤਾਲ ਵਿਚ ਇਸ ਸਮੇਂ ਡਾਕਟਰ ਅਤੇ ਏ.ਐਨ.ਐਮ. ਦੀਆਂ ਖਾਲੀ ਆਸਾਮੀਆਂ ਦੀ ਗਿਣਤੀ ਹੇਠ ਅਨੁਸਾਰ ਹੈ :-

| | ਖਾਲੀ ਆਸਾਮੀਆਂ ਦੀ ਗਿਣਤੀ |
|---|---|
| (1) ਡਾਕਟਰ | 1 |
| (2) ਏ.ਐਨ.ਐਮ. | ਕੋਈ ਨਹੀਂ |

ਮੈਡੀਕਲ ਅਫਸਰ ਦੀ ਖਾਲੀ ਆਸਾਮੀ ਛੇਤੀ ਹੀ ਭਰ ਦਿੱਤੀ ਜਾਵੇਗੀ ।

---

## ਹੋਮਿਓਪੈਥਿਕ ਦਵਾਈਆਂ ਖਰੀਦਣ ਲਈ ਫੰਡ ਰੱਖਣਾ

133. **ਡਾਕਟਰ ਰਮੇਸ਼ ਦੱਤ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਯੋਜਨਾ ਬੰਦੀ ਬੋਰਡ ਦੁਆਰਾ ਜ਼ਿਲ੍ਹਾ ਰੋਪੜ ਵਿਚ ਹੋਮਿਓਪੈਥਿਕ ਡਿਸਪੈਂਸਰੀਆਂ ਲਈ ਦਵਾਈਆਂ ਖਰੀਦਣ ਵਾਸਤੇ ਸਾਲਾਂ 1988-89 ਅਤੇ 1989-90 ਦੇ ਦੌਰਾਨ ਵੱਖ ਵੱਖ ਕਿੰਨੇ ਕਿੰਨੇ ਫੰਡ ਰੱਖੇ ਗਏ ;

(ਅ) ਕੀ ਉਪ੍ਰੋਕਤ ਭਾਗ (ੳ) ਵਿਚ ਵਰਣਿਤ ਦਵਾਈਆਂ ਦੀ ਖਰੀਦ ਲਈ ਜ਼ਿਲ੍ਹਾ ਪੱਧਰ ਤੇ ਕੋਈ ਖਰੀਦ ਕਮੇਟੀ ਬਣਾਈ ਗਈ ਸੀ ?

**ਸਰਦਾਰ ਲਾਲ ਸਿੰਘ** (ੳ) ਜ਼ਿਲ੍ਹਾ ਪਲੈਨਿੰਗ ਬੋਰਡ, ਰੋਪੜ ਨੇ ਸਾਲ 1988-89 ਅਤੇ 1989-90 ਵਿਚ ਹੇਠ ਲਿਖੇ ਅਨੁਸਾਰ ਰਾਸ਼ੀ ਹੋਮਿਓਪੈਥਿਕ ਦਵਾਈਆਂ ਖਰੀਦਣ ਲਈ ਮਨਜ਼ੂਰ ਕੀਤੀ ਸੀ :—

| | | ਰੁਪਏ |
|---|---|---|
| ਸਾਲ 1988-89 | ... | 25,000 |
| ਸਾਲ 1989-90 | ... | 31,000 |

(ਅ) ਹੋਮਿਓਪੈਥਿਕ ਵਿਭਾਗ ਵਲੋਂ ਇਸ ਖਰੀਦ ਲਈ ਕੋਈ ਕਮੇਟੀ ਨਹੀਂ ਬਣਾਈ ਗਈ ਸੀ। ਦਵਾਈਆਂ ਦੀ ਖਰੀਦ ਡਿਪਟੀ ਕਮਿਸ਼ਨਰ ਰੋਪੜ ਦੀ ਨਿਗਰਾਨੀ ਹੇਠ ਕੀਤੀ ਗਈ ਸੀ।

---

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਸੰਗਰੂਰ ਵਿਚ ਹੋਮਿਓਪੈਥਿਕ ਦਵਾਈਆਂ ਦੀ ਖਰੀਦ ਵਿਚ ਬੇਕਾਇਦਗੀਆਂ

134. **ਡਾਕਟਰ ਰਮੇਸ਼ ਦੱਤ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਯੋਜਨਾਬੰਦੀ ਬੋਰਡ, ਸੰਗਰੂਰ ਦੁਆਰਾ ਹੋਮਿਓਪੈਥਿਕ ਦਵਾਈਆਂ ਦੀ ਖਰੀਦ ਲਈ ਸਾਲ 1991-92 ਦੇ ਦੌਰਾਨ ਕੋਈ ਫੰਡ ਰੱਖੇ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਕੀ ਦਵਾਈਆਂ ਖਰੀਦਣ ਲਈ ਜ਼ਿਲ੍ਹਾ ਪੱਧਰ ਤੇ ਕੋਈ ਖਰੀਦ ਕਮੇਟੀ ਬਣਾਈ ਗਈ ਸੀ ?

**ਸਰਦਾਰ ਲਾਲ ਸਿੰਘ:** ਹਾਂ ਜੀ।

ਸਾਲ 1991-92 ਵਿਚ ਜ਼ਿਲ੍ਹਾ ਪਲੈਨਿੰਗ ਬੋਰਡ, ਸੰਗਰੂਰ ਨੇ ਹੋਮਿਓਪੈਥਿਕ ਡਿਸਪੈਂਸਰੀਆਂ ਲਈ 40,000 ਰੁਪਏ ਦੀ ਰਾਸ਼ੀ ਦਿੱਤੀ ਸੀ।

ਦਵਾਈਆਂ ਦੀ ਖਰੀਦ ਲਈ ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ, ਸੰਗਰੂਰ ਵਲੋਂ ਪਰਚੇਜ਼ ਕਮੇਟੀ ਬਣਾਈ ਗਈ ਸੀ।

---

**ਬਿਨਾ ਨਿਸ਼ਾਨ ਵਾਲਾ ਪ੍ਰਸ਼ਨ ਨੰ:** 135
(ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਹੈ)

---

**ਬਿਨਾ ਨਿਸ਼ਾਨ ਵਾਲਾ ਪ੍ਰਸ਼ਨ ਨੰ:** 136
(ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਹੈ)

(ਇਸ ਵੇਲੇ ਬੀ.ਐਸ.ਪੀ., ਬੀ.ਜੇ.ਪੀ. ਅਤੇ ਸੀ.ਪੀ.ਆਈ. ਦੇ ਕੁੱਝ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰਜ਼ ਦੀ ਮੰਗ ਕਰ ਰਹੇ ਸਨ )

**ਸ੍ਰੀ ਸਪੀਕਰ :** ਕੈਂਥ ਜੀ, ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ?

**ਸ੍ਰੀ ਸਤਨਾਮ ਸਿੰਘ ਕੈਂਥ :** ** ** **

**ਸ੍ਰੀ ਸਪੀਕਰ :** ਕੈਂਥ ਸਾਹਿਬ, ਭਾਸ਼ਣ ਨਾ ਦਿਓ।

**ਸ੍ਰੀ ਸਤਨਾਮ ਸਿੰਘ ਕੈਂਥ :** ** ** **

**Mr. Speaker :** It is no Point of Order.

**ਸ੍ਰੀ ਸਤਨਾਮ ਸਿੰਘ ਕੈਂਥ :** ਸਪੀਕਰ ਸਾਹਿਬ, ਲੋਕਾਂ ਵਿੱਚ ਬੜੀ ਬੇਚਨੀ ਹੈ। ਮੇਰੇ ਹਲਕੇ ਦੇ ਵਿੱਚ ਪੁਲਿਸ ਨੂੰ ਤਿੰਨ ਥਾਵਾਂ ਤੇ ਗੋਲੀ ਚਲਾਉਣੀ ਪਈ ਹੈ।

**ਸ੍ਰੀ ਸਪੀਕਰ:** ਤੁਹਾਡੇ ਕੋਲ ਕੋਈ ਸਪੈਸੇਫਿਕ ਪੁਆਇੰਟ ਹੈ ਤਾਂ ਦੱਸ ਦਿਓ। Give it a proper shape.

---

### WALK-OUT

**ਸ੍ਰੀ ਸਤਨਾਮ ਸਿੰਘ ਕੈਂਥ :** ਸਪੀਕਰ ਸਾਹਿਬ, ਤਿੰਨ ਥਾਵਾਂ ਤੇ ਪੁਲਿਸ ਨੂੰ ਮੇਰੇ ਹਲਕੇ ਵਿੱਚ ਗੋਲੀ ਚਲਾਉਣੀ ਪਈ ਹੈ। ਕਰਫਿਊ ਵੀ ਲਗਾਇਆ ਗਿਆ ਇਸ ਕਰਕੇ ਅਸੀਂ ਵਾਕ-ਆਊਟ ਕਰਦੇ ਹਾਂ।

(ਇਸ ਵੇਲੇ ਬੀ.ਐਸ.ਪੀ. ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਹਾਊਸ ਵਿੱਚੋਂ ਵਾਕ-ਆਊਟ ਕਰ ਗਏ )

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

# POINT OF ORDER RE. BOMB BLAST AT AMRITSAR BUS STAND AND STATEMENT BY THE CHIEF MINISTER THEREON

**ਸ੍ਰੀ ਮਦਨ ਮੋਹਨ ਮਿੱਤਲ :** ਸਰ, ਕੱਲ੍ਹ ਅੰਮ੍ਰਿਤਸਰ ਦੇ ਵਿਚ ਇਕ ਬੜੀ ਭਿਆਨਕ ਘਟਨਾ ਵਾਪਰੀ ਹੈ। ਇਸ ਦੇ ਬਾਰੇ ਦੋ ਕੰਟਰਾਡਿਕਟਰੀ ਸਟੇਟਮੈਂਟ ਆਈਆਂ ਹਨ ਔਰ ਉਸਦੇ ਵਿਚ ਇਕ ਵਰਸ਼ਨ ਵਿਚ ਕਿਹਾ ਗਿਆ ਹੈ Five gunny bags loaded with ammunition ਲੁਧਿਆਣਾ ਤੋਂ ਲੋਡ ਹੋ ਕੇ ਅੰਮ੍ਰਿਤਸਰ ਵਿਚ ਆਏ। ਅੰਮ੍ਰਿਤਸਰ ਦੇ ਬੱਸ ਸਟੈਂਡ ਤੇ ਜਦੋਂ ਉਹ ਬੱਸ ਰੁਕੀ ਤਾਂ ਬੱਸ ਦੀ ਛੱਤ ਤੇ ਉਹ ਫਟ ਗਿਆ ਔਰ ਫਟਣ ਨਾਲ ਐਕਸਪਲੋਜ਼ਨ ਹੋ ਗਿਆ ਜਿਸ ਕਾਰਨ ਬਹੁਤ ਵੱਡੀ ਭਿਆਨਕ ਘਟਨਾ ਹੋਈ ਜਿਸ ਨਾਲ ਕਿ ਲੋਕਾਂ ਦਾ ਦਿਲ ਹਿੱਲ ਗਿਆ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਹਿਲਾਂ ਇਹ ਕਿਹਾ ਗਿਆ ਆਤੰਕਵਾਦ ਦੀ ਘਟਨਾ ਹੈ ਔਰ ਬਾਅਦ ਵਿੱਚ ਅੱਜ ਸਟੇਟਮੈਂਟ ਵਿੱਚ ਐਸ. ਐਸ. ਪੀ ਅੰਮ੍ਰਿਤਸਰ ਨੇ ਕਿਹਾ ਹੈ ਕਿ ਕੋਈ ਬੰਦਾ ਲੋਡ ਕਰਕੇ ਪਾਪੜੀਆਂ ਬਜ਼ਾਰ ਨੂੰ ਰੈਗੂਲਰ ਡਿਲਵਰੀ ਕਰਨ ਵਾਸਤੇ ਲਿਜਾ ਰਿਹਾ ਸੀ। ਮੈਂ ਇਸ ਬਾਰੇ ਮੁੱਖ ਮੰਤਰੀ ਜੀ ਨੂੰ ਨਿਵੇਦਨ ਕਰਨਾ ਚਾਹੁੰਦਾ ਹਾਂ ਕਿ ਉਹ ਹਾਊਸ ਵਿੱਚ ਸਟੇਟਮੈਂਟ ਦੇਣ ਅਤੇ ਹਾਊਸ ਚਲ ਰਿਹਾ ਹੈ ਕਿ ਇਹ ਆਤੰਕਵਾਦੀ ਘਟਨਾ ਹੈ ਜਾਂ ਕਿ ਆਰਡੀਨਰੀ ਲਾਅ ਐਂਡ ਆਰਡਰ ਦੀ ਘਟਨਾ ਹੈ? ਲਾਅ ਐਂਡ ਆਰਡਰ ਇੰਪਰੂਵ ਹੋਇਆ ਹੈ ਇਸ ਕਰਕੇ ਕਿਧਰੇ ਇਹ ਆਤੰਕਵਾਦੀਆਂ ਦੀ ਕੋਸ਼ਿਸ਼ ਤਾਂ ਨਹੀਂ ਹੈ ?

**ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ) :** ਸਪੀਕਰ ਸਾਹਿਬ, ਵੈਸੇ ਤਾਂ ਜ਼ੀਰੋ ਆਵਰ ਕੋਈ ਹੁੰਦਾ ਨਹੀਂ। ਜੇਕਰ ਕੋਈ ਇਹ ਪੁੱਛਣਾ ਚਾਹੁੰਦੇ ਹਨ ਤਾਂ ਉਸ ਬਾਰੇ ਰੈਗੂਲਰ ਮੋਸ਼ਨ ਲਿਆਉਣੀ ਚਾਹੀਦੀ ਹੈ ਪਰ ਫਿਰ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਵੀ ਵਾਕਿਆ ਹੋਇਆ ਹੈ ਅੰਮ੍ਰਿਤਸਰ ਦੇ ਅੰਦਰ ਉਹ ਕੋਈ ਅੱਤ-ਵਾਦੀਆਂ ਦਾ ਵਾਕਿਆ ਨਹੀਂ ਸੀ। ਰੋਂਗ ਵਰਸ਼ਨ ਆ ਗਈ। ਪਹਿਲਾਂ ਜੋ ਐਸ.ਐਸ.ਪੀ ਸਾਹਿਬ ਨੇ ਕਿਹਾ ਉਹ ਰੂਲ ਆਊਟ ਨਹੀਂ ਕੀਤਾ ਜਾ ਸਕਦਾ। ਸ਼ਾਇਦ ਅੱਤਵਾਦੀਆਂ ਦਾ ਹੱਥ ਹੋਵੇ। ਲੇਕਿਨ ਬਾਅਦ ਵਿਚ ਸਾਰੀ ਗੱਲ ਖੁਲ੍ਹ ਕੇ ਸਾਹਮਣੇ ਆ ਗਈ। ਇਕ ਆਦਮੀ ਲੁਧਿਆਣੇ ਤੋਂ ਪਟਾਕੇ ਲਿਜਾ ਰਿਹਾ ਸੀ ਉਥੇ ਵੇਚਣ ਵਾਸਤੇ । ਉਹ ਬੜੇ ਹਾਈ ਐਕਸਪਲੋਸਿਵ ਸਨ ਔਰ ਡਿਗਣ ਨਾਲ ਥੋੜ੍ਹੇ ਬਹੁਤ ਪਟਾਕੇ ਚਲ ਗਏ ਧਮਾਕਾ ਹੋ ਗਿਆ । ਇਸ ਗੱਲ ਦਾ ਬੜਾ ਅਫਸੋਸ ਹੋਇਆ ਹੈ। ਜਿਹੜਾ ਆਦਮੀ ਪਟਾਕੇ ਲਿਜਾ ਰਿਹਾ ਸੀ ਉਹ ਪਕੜਿਆ ਗਿਆ ਅਤੇ ਜਿਸ ਰਿਕਸ਼ੇ ਵਿਚ ਲਿਜਾਣੇ ਸਨ ਉਹ ਵੀ ਪਕੜਿਆ ਗਿਆ। ਕਿੱਡੀ ਵੱਡੀ ਗੱਲ ਹੋਈ ਹੈ। ਫਿਰ ਲੁਧਿਆਣਾ ਪੁਲਿਸ ਨੂੰ ਵੀ ਕਿਹਾ ਗਿਆ ਕਿ ਉਥੇ ਜਿਹੜੇ ਕਾਰਖਾਨੇ ਵਿਚ ਇਹ ਪਟਾਕੇ ਬਣਦੇ ਹਨ, ਉਥੇ ਵੀ ਛਾਪਾ ਮਾਰੇ ਕਿ ਉਹ ਇੰਨਾ ਐਕਸਪਲੋਸਿਵ ਮਾਲ ਕਿਉਂ ਇਸਤੇਮਾਲ ਕਰ ਰਹੇ ਹਨ। ਮੈਂ ਇਸ ਹਾਊਸ ਵਿਚ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਕੋਈ ਅੱਤਵਾਦੀਆਂ ਦੀ ਘਟਨ ਨਹੀਂ ਸੀ। ਇਹ ਕੁਦਰਤੀ ਤੌਰ ਤੇ ਹੋਈ ਘਟਨਾ ਸੀ ਜਿਸ ਵਿਚ ਇੰਨਾਂ ਜਾਨੀ ਨੁਕਸਾਨ ਹੋ ਗਿਆ ਜਿਸ ਦ ਬੜਾ ਅਫਸੋਸ ਹੈ। ਲੇਕਿਨ ਕਈ ਵਾਰੀ ਐਕਸੀਡੈਂਟਲ ਗੱਲ ਵਿਚ ਵੀ ਬਹੁਤ ਜ਼ਿਆਦਾ ਨੁਕਸਾਨ ਹੋ ਜਾਂਦਾ ਹੈ।

ਜਿਹੜੇ ਸਾਡੇ ਸਾਥੀ ਵਾਕਆਊਟ ਕਰ ਗਏ ਹਨ ਬੀ.ਐਸ.ਪੀ. ਵਾਲੇ ਉਨ੍ਹਾਂ ਨੂੰ ਥੋੜ੍ਹਾ ਬਹੁਤ ਆਪਣਾ ਮਨ ਵੀ ਟਟੋਲਣਾ ਚਾਹੀਦਾ ਹੈ ਔਰ ਮੈਨੂੰ ਇਸ ਗੱਲ ਦਾ ਵੀ ਅਫਸੋਸ ਹੈ ਕਿ ਉਨ੍ਹਾਂ ਦੇ ਨਾਲ ਅਕਾਲੀ ਦਲ ਵਾਲੇ ਵੀ ਵਾਕ-ਆਊਟ ਕਰ ਗਏ ਹਨ।.........

Original with;
Punjab Vidhan Sabha
Digitized by;
Panjab Digital Library

[ਮੁੱਖ-ਮੰਤਰੀ]

(ਇਕ ਅਵਾਜ਼ : ਉਹ ਵਾਕ-ਆਊਟ ਕਰ ਕੇ ਨਹੀਂ ਗਏ, ਉਹ ਤਾਂ ਮਹਾਰਾਜਾ ਜੀ (ਕੈਪਟਨ ਅਮਰਿੰਦਰ ਸਿੰਘ) ਨੂੰ ਛੱਡਣ ਗਏ ਹਨ ।

ਇਹ ਤਾਂ ਹੋਰ ਵੀ ਮਾੜੀ ਗੱਲ ਹੈ ਕਿ ਪਹਿਲਾਂ ਮਹਾਰਾਜੇ ਨੂੰ ਲੈਣ ਜਾਓ ਅਤੇ ਫਿਰ ਛੱਡਣ ਜਾਓ (ਟਰੈਜ਼ਰੀ ਬੈਂਚਾਂ ਵਲੋਂ ਥੰਪਿੰਗ) (ਇਕ ਅਵਾਜ਼ : ਪਹਿਲਾਂ ਤੁਹਾਡੇ ਇਕ ਮਨਿਸਟਰ ਹੀ ਉਨ੍ਹਾਂ ਨੂੰ ਲੈ ਕੇ ਆਏ ਹਨ ।)

ਸਾਡਾ ਕੋਈ ਮਨਿਸਟਰ ਲੈ ਕੇ ਨਹੀਂ ਆਇਆ । ਇਸ ਸਦਨ ਵਿੱਚ ਹਰ ਕੋਈ ਆਦਮੀ ਆ ਸਕਦਾ ਹੈ ਅਤੇ ਜਾ ਸਕਦਾ ਹੈ । ਸਪੀਕਰ ਸਾਹਿਬ ਮੈਂ ਅਰਜ਼ ਕਰ ਰਿਹਾ ਸੀ ਕਿ ਕਈ ਪੁਲੀਟੀਕਲ ਪਾਰਟੀਆਂ ਨੇ ਬੜੀਆਂ ਭਾਰੀਆਂ ਅਫਵਾਹਾਂ ਉਡਾਈਆਂ ਇਹ ਜਿਹੜੀ ਘਟਨਾ ਸ਼ੇਰਗੜ੍ਹ ਦੀ ਹੋਈ ਇਹ ਬੜੀ ਅਨਫਾਰਚੂਨੇਟ ਘਟਨਾ ਸੀ । ਤੁਹਾਨੂੰ ਪਤਾ ਹੀ ਹੈ ਕਿ ਇਕ ਲੜਕੀ ਵਿਆਹੀ ਹੋਈ ਸੀ । ਲੜਕਾ ਸ਼ੇਰਗੜ੍ਹ ਦਾ ਸੀ ਅਤੇ ਲੜਕੀ ਫਗਵਾੜੇ ਦੀ ਸੀ, ਉਥੇ ਉਨ੍ਹਾਂ ਦੋਵੇਂ ਫੈਮਲੀਜ਼ ਦਾ ਆਪਸੀ ਝਗੜਾ ਸੀ । ਉਹ ਨਾਲ ਪੁਲਿਸ ਨੂੰ ਲੈਕੇ ਚਲੇ ਗਏ । ਲੜਕੇ ਵਾਲਿਆਂ ਨੇ ਬੜਾ ਭਾਰੀ ਤਸ਼ੱਦਦ ਕੀਤਾ । ਕਾਫੀ ਗੱਲਾਂ ਹੋਈਆਂ । ਇਕ ਫਜ਼ਾਅ ਖੜ੍ਹਾ ਕਰ ਦਿੱਤਾ ਗਿਆ ਅਤੇ ਅਫਵਾਹਾਂ ਉਡਾਈਆਂ ਗਈਆਂ ਕਿ ਕਾਲੇ ਕੱਛਿਆਂ ਵਾਲੇ ਹਨ, ਕਾਲੇ ਕੱਛਿਆਂ ਵਾਲੇ ਹਨ । ਪਹਿਲਾਂ ਤਾਂ ਕੁਝ ਪੋਲੀਟੀਕਲ ਪਾਰਟੀਆਂ ਵਾਲੇ ਇਹ ਸਮਝਦੇ ਸਨ ਕਿ ਇਹ ਕਾਲੇ ਕੱਛਿਆਂ ਵਾਲੇ ਸ਼ਾਇਦ ਪੁਲਿਸ ਦੇ ਆਦਮੀ ਹਨ । ਮੈਂ ਕਹਿੰਦਾ ਹਾਂ ਕਿ ਜੇਕਰ ਉਹ ਪੁਲਿਸ ਦੇ ਆਦਮੀ ਹਨ ਤਾਂ ਤੁਸੀਂ ਉਨ੍ਹਾਂ ਨੂੰ ਫੜ ਕੇ ਮਾਰ ਦਿਓ, ਸਾਨੂੰ ਕੋਈ ਉਜ਼ਰ ਨਹੀਂ ਹੈ । ਉਨ੍ਹਾਂ ਵਿਚ ਕੋਈ ਵੀ ਪੁਲਿਸ ਦਾ ਆਦਮੀ ਨਹੀਂ ਸੀ । ਸਰਕਾਰ ਨੇ ਬੜੇ ਭਾਰੀ ਉਪਰਾਲੇ ਕੀਤੇ ਹਨ, ਸਰਕਾਰ ਅਵੇਸਲੀ ਨਹੀਂ । ਹੁਸ਼ਿਆਰ-ਪੁਰ ਜ਼ਿਲ੍ਹੇ ਦੇ ਅੰਦਰ 12 ਬੰਦੇ ਫੜੇ ਜਿਨ੍ਹਾਂ ਨੇ ਕਿ ਘਰ ਬਾਰ ਲੁੱਟੇ । ਪੁਲਿਸ ਨੇ ਉਨ੍ਹਾਂ ਪਾਸੋਂ ਸਾਰਾ ਸਮਾਨ ਬਰਾਮਦ ਕੀਤਾ ਅਤੇ ਉਨ੍ਹਾਂ ਨੇ ਜੋ ਵੀ ਲੁਟਿਆ ਸੀ ਉਹ ਸਾਰਾ ਸਮਾਨ ਘਰ ਘਰ ਜਾ ਕੇ 12 ਪਿੰਡਾਂ ਵਿਚ ਉਨ੍ਹਾਂ ਨੂੰ ਵਾਪਸ ਕੀਤਾ । ਮਾੜਾ ਮੋਟਾ ਮੁਕਾਬਲਾ ਵੀ ਹੋਇਆ ਜਿਸ ਵਿੱਚ 2 ਬੰਦੇ ਮਾਰੇ ਵੀ ਗਏ । 10 ਬੰਦੇ ਅਜੇ ਵੀ ਪੁਲਿਸ ਹਿਰਾਸਤ ਵਿਚ ਹਨ । ਇਹ ਬੜੀ ਮੰਦਭਾਗੀ ਗੱਲ ਹੈ ਕਿ ਕੁਝ ਪੁਲੀਟੀਕਲ ਪਾਰਟੀਆਂ ਵਾਤਾਵਰਨ ਨੂੰ ਖਰਾਬ ਕਰਨ ਤੇ ਲੱਗੀਆਂ ਹੋਈਆਂ ਹਨ । ਮੈਂ ਆਪਣੀ ਸਰਕਾਰ ਵੱਲੋਂ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਲਾਅ ਐਂਡ ਆਰਡਰ ਨੂੰ ਠੀਕ ਕਰਨ ਵਾਸਤੇ ਕੋਈ ਕਸਰ ਨਹੀਂ ਛੱਡੇਗੀ । ਭਾਵੇਂ ਉਹ ਲੁਟੇਰੇ ਹੋਣ, ਬੰਦਿਆਂ ਨੂੰ ਮਾਰਨ ਵਾਲੇ ਹੋਣ, ਉਨ੍ਹਾਂ ਨੂੰ ਫੜਿਆ ਜਾਵੇਗਾ ਅਤੇ ਸਜ਼ਾ ਦਿੱਤੀ ਜਾਵੇਗੀ ।

**ਸ੍ਰੀ ਵਿਜੈ ਕੁਮਾਰ ਸਾਥੀ ਐਡਵੋਕੇਟ :** ਪੁਆਇੰਟ ਆਫ ਆਰਡਰ, ਸਰ।

**ਸ੍ਰੀ ਸਪੀਕਰ :** ਇਨਾਂ ਨੇ ਪੁਜ਼ੀਸ਼ਨ ਕਲੀਅਰ ਕਰ ਦਿੱਤੀ ਹੈ ।

**ਕਾਮਰੇਡ ਅਜਾਇਬ ਸਿੰਘ ਰੌਂਤਾ :** ਪੁਆਇਟ ਆਫ ਆਰਡਰ ਸਰ ।

**ਸ੍ਰੀ ਸਪੀਕਰ :** ਸਰਦਾਰ ਅਜਾਇਬ ਸਿੰਘ ਜੀ, ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ?

**ਕਾਮਰੇਡ ਅਜਾਇਬ ਸਿੰਘ ਰੌਂਤਾ :** ** ** **

**Mr. Speaker** : It is no point of order.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker :** It is No Point of Order. I have already given my ruling. You cannot discuss it after that.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ** ** **

**Mr. Speaker :** Sathi Ji, it is no Point of Order. You are not going on record.

We now come to the Call Attention Motions. Shrimati Vimla Dang. She is not present. Shri Hardev Arshi Ji, please read the Call Attention Motion.

---

## CAL ATTENTION NOTICES UNDER RULE 66
(Read in Punjabi)

(*Serial No.* 6)

(1) Shrimati Vimla Dang
(2) **Comrade Hardev Singh Arshi**
(3) **Comrade Gurnam Singh Dhirowal**
(4) **Comrade Ajaib Singh Raunta**

: Sir, I beg to draw the attention of the Government towards a matter of urgent public importance, namely, a large number of Punjabis, who had settled in Afghanistan, have been recently repatriated therefrom and have arrived in Punjab via Pakistan. These people include women and children also. They have been left with no means of sustenance and are in a pitiable condition.

There is much concern and discontentment among the people of the State on the plight of these repatriated people as no steps have been taken by the Government to provide any relief to them. The Chief Minister/Minister concerned may please make a statement in the House.

**Chief Minister(Sardar Beant Singh)** : It is a fact that due to continued civil war in Afghanistan a large number of Afghan refugees, who belong to the Hindu-Sikh communities have been entering Punjab through Attari Check-Post via Pakistan. This process, in fact, started in June, 1992 and, since then, in all 14643 Afghan nationals have entered the State of Punjab till 31st January, 1993. However, it is to be noted and clarified that all those who entered India have proceeded to Delhi and none of them is staying in Punjab.

It is further stated that the matter is primarily within the jurisdiction of Government of India which has to take-up this issue with the Afghanistan Government through diplomatic and other channels. As regards their resettlement, the subject is being reviewed by the Government of India and, as per information available with the State Government, Government of India is tapping various sources including international rehabilitation agencies of United Nation High Commission for Refugees. Government of India is also exploring various alternatives for their settlement.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਮਾਨਯੋਗ ਸਪੀਕਰ ਸਾਹਿਬ, ਤਕਰੀਬਨ ਜਿਹੜੇ ਫੰਡਾਮੈਂਟਲਿਸਟ ਕਰੈਕਟਰ ਲੋਕ ਹਨ, ਚਾਹੇ ਪੰਜਾਬ ਵਿਚ ਹਨ ਜਾਂ ਗਵਾਂਢੀ ਦੇਸ਼ ਅਫਗਾਨਿਸਤਾਨ ਵਿਚ, ਉਹ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਪਹਿਲਾਂ ਇੱਕ ਵਿਸ਼ੇਸ਼ ਗਰੁੱਪ ਵਾਸਤੇ ਲੜਾਈ ਇਥੇ ਲੜਦੇ ਹਨ ਅਤੇ ਫਿਰ ਖਾਸ ਫਿਰਕੇ ਨਾਲ ਕੇਂਦਰਿਤ ਹੋ ਜਾਂਦੇ ਹਨ। ਇਸ ਤਰ੍ਹਾਂ ਅਫਗਾਨਿਸਤਾਨ ਫੰਡਾਮੈਂਟਲਿਸਟਸ ਨੇ, ਜਿਥੇ ਸਾਰੇ ਦੇਸ਼ ਨੂੰ ਖਾਨਾਜੰਗੀ ਵਿਚ ਧੱਕਾ ਦਿੱਤਾ ਹੈ। ਉਥੇ ਲੋਕਾਂ ਦੀ ਵਿਸ਼ੇਸ਼ ਕਰਕੇ ਇੰਡੀਅਨਜ਼ ਦੀ ਅਤੇ ਪੰਜਾਬੀਆਂ ਦੀ ਪਰਾਪਰਟੀ ਨੂੰ ਬੜਾ ਨੁਕਸਾਨ ਪਹੁੰਚਾਇਆ ਹੈ ਔਰ ਫਿਰ ਉਨ੍ਹਾਂ ਦੀ ਜਾਨ ਨੂੰ ਖਤਰਾ ਬਣਿਆ ਰਹਿੰਦਾ ਹੈ। ਜਿਸ ਤਰ੍ਹਾਂ ਕਿ ਸੀ.ਐਮ. ਸਾਹਿਬ ਨੇ ਮੰਨਿਆ ਹੈ ਕਿ ਉਥੋਂ ਲੋਕ ਪਾਕਿਸਤਾਨ ਦੇ ਰਾਹੀਂ ਭਾਰਤ ਵਿਚ ਦਾਖਲ ਹੋਏ । ਸਾਡੇ ਗਵਾਂਢੀ ਦੇਸ਼ ਦੀ ਹਾਲੇ ਵੀ ਸਥਿਤੀ ਸੁਧਰੀ ਨਹੀਂ ਹੈ ਅਤੇ ਟਕਰਾਓ ਦਾ ਵਾਤਾਵਰਨ ਬਣਿਆ ਹੋਇਆ ਹੈ। ਉਨ੍ਹਾਂ ਦੇ ਹਮਲੇ ਘੱਟ ਨਹੀਂ ਹੋਏ ਜਿਸ ਕਾਰਨ ਹਾਲਾਤ ਸਾਜ਼ਗਾਰ ਨਹੀਂ। ਇਸ ਲਈ ਉਥੋਂ ਹੋਰ ਲੋਕਾਂ ਦੇ ਆਉਣ ਦਾ ਵੀ ਖਦਸ਼ਾ ਹੈ। ਉਹ ਲੋਕ ਪੰਜਾਬ ਵਿਚ ਨਹੀਂ ਰਹੇ ਬਲਕਿ ਦਿੱਲੀ ਚਲੇ ਗਏ।

**ਸ਼੍ਰੀ ਸਪੀਕਰ :** ਤੁਸੀਂ ਭਾਸ਼ਣ ਨਾ ਦਿਓ ਬਲਕਿ ਕਲੈਰੀਫਿਕੇਸ਼ਨ ਲਓ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂ ਸਿਰਫ ਇੰਨਾ ਪੁੱਛਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਕੀ ਪੰਜਾਬ ਸਰਕਾਰ ਉਨ੍ਹਾਂ ਨੂੰ ਰਾਹਤ ਦੇਵਗੀ ਕਿਉਂਕਿ ਵੱਡੀ ਗਿਣਤੀ ਵਿਚ ਜਦੋਂ ਉਨ੍ਹਾਂ ਲੋਕਾਂ ਨੂੰ ਪੰਜਾਬ ਵਿਚ ਰਹਿੰਦੇ ਹੋ ਗਏ ਹਨ ਤਾਂ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ ਆਉਣ ਵਾਲੇ ਸਮੇਂ ਵਿਚ ਹੋਰ ਵੀ ਮੰਦਭਾਗੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਕੀ ਪੰਜਾਬ ਸਰਕਾਰ ਉਨ੍ਹਾਂ ਦੇ ਰਹਿਣ ਵਾਸਤੇ ਪ੍ਰਬੰਧ ਕਰੇਗੀ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਮੈਂ ਮੰਨਿਆ ਹੈ ਕਿ ਹੁਣ ਸਿਵਲ ਵਾਰ ਰਹਿੰਦੀ ਹੈ ਅਤੇ ਹਿੰਦੂ-ਸਿੱਖ ਲੋਕ ਇੱਥੇ ਆਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿ ਹੁਣ ਇਹ ਵੀ ਪਤਾ ਲੱਗ ਗਿਆ ਹੈ ਕਿ ਕਈ ਵਾਰ ਕਈ ਪਾਰਟੀਆਂ ਸੋਚਦੀਆਂ ਸਨ ਕਿ ਹਿੰਦੂ-ਸਿੱਖ ਅਲੱਗ-ਅਲੱਗ ਹਨ ਪਰ ਹੁਣ ਇਹ ਇਕੱਠੇ ਆ ਰਹੇ ਹਨ ਅਤੇ ਫੰਡਾਮੈਂਟਲਿਸਟਾਂ ਦਾ ਸ਼ਿਕਾਰ ਹੋ ਰਹੇ ਹਨ, ਮੈਨੂੰ ਉਨ੍ਹਾਂ ਨਾਲ ਹਮਦਰਦੀ ਹੈ। ਜਦੋਂ ਵੀ ਉਹ ਬਾਰਡਰ ਪਾਰ ਕਰ ਕੇ ਆਏ, ਪੰਜਾਬ ਸਰਕਾਰ ਨੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਨੂੰ . ਰਹਿਣ ਵਾਸਤੇ ਥਾਂ ਦਿੱਤੀ। ਉਨ੍ਹਾਂ ਵਿਚੋਂ ਕਈ ਫੈਮਲੀਆਂ ਵੈਲ-ਟੂ-ਡੂ ਸਨ ਅਤੇ ਉਹ ਦਿੱਲੀ ਚਲੀਆਂ ਗਈਆਂ ਅਤੇ ਉਨ੍ਹਾਂ ਨੇ ਬਿਜ਼ਨੈਸ ਕਰਨ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਮੈਂ ਮਾਨ-ਯੋਗ ਮੈਂਬਰ ਸਾਹਿਬ ਅਤੇ ਅਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਅਗਰ ਅਫਗਾਨਿਸਤਾਨ ਜਾਂ ਕਿਸੇ ਹੋਰ ਮੁਲਕਾਂ ਵਿਚੋਂ ਆਏ ਮਜ਼ਬਾਂ ਦੇ ਲੋਕਾਂ ਨੂੰ ਕੋਈ ਤੰਗ ਕਰੇਗਾ ਤਾਂ ਗੌਰਮਿੰਟ ਆਫ ਇੰਡੀਆ ਲਾਜ਼ਮੀ ਐਕਸ਼ਨ ਲਵੇਗੀ।

(ਕ੍ਰਮ ਨੰ: 80)

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ :** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਵਿਚ ਪਿਛਲੇ ਦਿਨੀਂ ਬੇਮੌਸਮੀ ਬਾਰਸ਼ ਅਤੇ ਗੜੇ ਪੈਣ ਕਾਰਣ ਫਸਲਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ ਜਿਸ ਨਾਲ ਕਿਸਾਨਾਂ ਨੂੰ ਬਹੁਤ ਘਾਟਾ ਪੈਣ ਦੀ ਆਸ ਹੈ। ਸਰਕਾਰ ਇਸ ਸਬੰਧ ਵਿਚ ਸਦਨ ਵਿਚ ਬਿਆਨ ਦੇਵੇ ਕਿ ਉਹ ਕੁਦਰਤੀ ਆਫ਼ਤ ਦੀ ਕਰੋਪੀ ਗ੍ਰਸਤ ਕਿਸਾਨਾਂ ਨੂੰ ਰਾਹਤ ਦੇਣ ਲਈ ਕੀ ਉਪਰਾਲੇ ਕਰ ਰਹੀ ਹੈ ਤਾਂ ਜੋ ਉਨ੍ਹਾਂ ਦੀ ਨਿਰਾਸ਼ਾ ਘੱਟ ਸਕੇ ਅਤੇ ਉਨ੍ਹਾਂ ਦਾ ਕੁਝ ਮਾਲੀ ਨੁਕਸਾਨ ਪੂਰਾ ਹੋ ਸਕੇ।

Original with;
Punjab Vidhan Sabha
Digitized by;
Panjab Digital Library

**Chief Minister(Sardar Beant Singh) :** During the last week of March, 1993 various places in the state had unseasonal rains and hailstorms. According to preliminary reports, crops have been damaged in the districts of Patiala, Sangrur, Ferozepur, Ludhiana, Amritsar, Gurdaspur, Hoshiarpur, Bathinda, and Jalandhar. Prior to that some villages in Faridkot district had hailstorms. Crops of Wheat, Barsim and Sarson etc., have been damaged. After receipt of information about the damage to crops Government directed all the Deputy Commissioners in the state is to undertake special girdawari of the damage caused by unseasonal rains and hailstorms and send reports upto 15th April, 1993. Some senior officers of Government were also asked to visit the worst affected areas. According to the reports received, most damage has taken place in the districts of Patiala and Sangrur. After the reports about special girdawari are received Government will give relief to the farmers.

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ :** ਸਪੀਕਰ ਸਾਹਿਬ, ਇਹ ਠੀਕ ਹੈ ਕਿ ਸਰਕਾਰ ਨੇ ਬਹੁਤ ਉਪਰਾਲਾ ਕੀਤਾ ਹੈ.........

**ਸ੍ਰੀ ਸਪੀਕਰ :** ਬਾਜਵਾ ਸਾਹਿਬ, ਤੁਸੀਂ ਜ਼ਰਾ ਮਾਇਕ ਦੇ ਨਜ਼ਦੀਕ ਹੋ ਜਾਵੋ ਤਾਂ ਕਿ ਤੁਹਾਡੀ ਆਵਾਜ਼ ਸਭ ਨੂੰ ਸੁਣਾਈ ਦੇਵੇ ।

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ :** ਸਪੀਕਰ ਸਾਹਿਬ, ਸਰਕਾਰ ਨੇ ਗਿਰਦਾਵਰੀ ਵਾਸਤੇ ਬਹੁਤ ਉਪਰਾਲਾ ਕੀਤਾ ਹੈ........

**ਇਕ ਅਵਾਜ਼ :** ਮਾਈਕ ਖ਼ਰਾਬ ਹੈ ਜੀ ।

**ਸ੍ਰੀ ਸਪੀਕਰ :** ਦੂਸਰੇ ਮਾਈਕ ਤੇ ਆ ਜਾਉ ।

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ :** ਸਪੀਕਰ ਸਾਹਿਬ, ਇਹ ਠੀਕ ਹੈ ਕਿ ਸਰਕਾਰ ਨੇ ਉਪਰਾਲਾ ਕਰਕੇ ਸਪੈਸ਼ਲ ਗਿਰਦਾਵਰੀ ਕਰ ਦਿੱਤੀ ਹੈ ਪਰ ਪਿੱਛਲੇ ਸਮੇਂ ਵਿਚ ਦੇਖਣ ਵਿਚ ਆਇਆ ਹੈ ਕਿ ਜਦੋਂ ਕੋਈ ਕੁਦਰਤੀ ਆਫ਼ਤ ਆਉਂਦੀ ਹੈ ਅਤੇ ਜੋ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ ਉਹ ਉਨ੍ਹਾਂ ਨੂੰ ਨੁਕਸਾਨ ਦਾ ਫਾਇਦਾ ਪਹੁੰਚਣ ਦੀ ਬਜਾਏ ਜਿਹੜੇ ਅਸੈਸਮੈਂਟ ਕਰਨ ਵਾਲੇ ਹੁੰਦੇ ਹਨ ਉਹ ਹੀ ਫਾਇਦਾ ਉਠਾ ਜਾਂਦੇ ਹਨ । ਮੈਂ ਕਹਿਣਾ ਚਾਹਾਂਗਾ ਕਿ ਸਰਕਾਰ ਇਸ ਵੱਲ ਆਪਣਾ ਖਾਸ ਧਿਆਨ ਦੇਵੇ ਤਾਂ ਕਿ ਗਰੀਬ ਕਿਸਾਨ ਜਿਨ੍ਹਾਂ ਦਾ ਨੁਕਸਾਨ ਹੁੰਦਾ ਹੈ ਉਨ੍ਹਾਂ ਨੂੰ ਹੀ ਫਾਇਦਾ ਪਹੁੰਚ ਸਕੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਗੱਲ ਇਨ੍ਹਾਂ ਦੀ ਕੁਝ ਦਰੁਸਤ ਹੈ ਕਿ ਕਈ ਜਗ੍ਹਾਂ ਨਾਜਾਇਜ਼ ਫਾਇਦਾ ਉਠਾਇਆ ਜਾਂਦਾ ਹੈ ਅਤੇ ਜਿਹੜੇ ਰਿਲੀਫ਼ ਵੰਡਣ ਵਾਲੇ ਪੈਟੀ ਅਫਸਰ ਖਾਸ ਤੌਰ ਤੇ ਪਟਵਾਰੀ, ਕਾਨੂੰਗੋ ਵਗੈਰਾ ਹਨ, ਉਹ ਇਸ ਦਾ ਨਾਜਾਇਜ਼ ਫਾਇਦਾ ਉਠਾ ਜਾਂਦੇ ਹਨ । ਅੱਜ ਹੀ ਕੈਬਿਨਿਟ ਮੀਟਿੰਗ ਵਿਚ ਇਹ ਗੱਲ ਆਖੀ ਹੈ ਕਿ ਸਾਡੇ ਮਨਿਸਟਰ ਸਾਹਿਬ ਨੂੰ ਉਸ ਹਲਕੇ ਦੇ ਐਮ. ਐਲ.ਏ. ਸਾਹਿਬ, ਨੂੰ ਜਿਥੇ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਕਾਂਫੀਡੈਂਸ ਵਿੱਚ ਲਿਆ ਜਾਵੇ ਤਾਂ ਕਿ ਜਿਥੇ ਇਹ ਰਿਲੀਫ਼ ਦਿੱਤਾ ਜਾਂਦਾ ਹੈ ਉਥੇ ਇਹ ਪ੍ਰਾਪਰ ਮਿਲੇ ।

*(Serial No. 83)*

**Shri Santokh Singh Chaudhary :** Sir, I beg to draw the attention of the Government towards a matter of urgent public importance, namely, the sugarcane crops are still standing in the area of Aur Block, District

Original with;
Punjab Vidhan Sabha
Digitized by;
Panjab Digital Library

[Shri Santokh Singh, Chaudhary]

Jalandhar, and the Jagraon Sugar Mill has been closed. The other Sugar Mills in this area are also closing very shortly. These Sugar Mills are not in a position to lift all the remaining sugarcane during this short period. In this way, the farmers of Aur Block anticipate a big loss to their sugarcane. There is a great resentment amongst the farmers of this area. I, therefore, request the Agriculture Minister, Punjab, to make a statement on the Floor of the House, on this subject.

**ਸਹਿਕਾਰਤਾ ਮੰਤਰੀ (ਸ੍ਰੀ ਸੱਜਨ ਕੁਮਾਰ ਜਾਖੜ) :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੇ ਮਾਨਯੋਗ ਦੋਸਤ ਨੂੰ ਦੱਸਣਾ ਚਾਹੁੰਦਾ ਹਾਂ ਕਿ ਗੰਨੇ ਦੀ ਫਸਲ ਜਿਹੜੀ ਔੜ ਬਲਾਕ ਜ਼ਿਲ੍ਹਾ ਜਲੰਧਰ ਦੇ ਖੇਤਰ ਵਿੱਚ ਪੈਂਦੀ ਹੈ ਉਹ ਨਵਾਂ ਸ਼ਹਿਰ ਖੰਡ ਮਿੱਲ ਦੇ ਖੇਤਰ ਵਿੱਚ ਪੈਂਦੀ ਹੈ ਅਤੇ ਇਸ ਇਸ ਦਾ ਬਾਂਡ ਨਵਾਂ ਸ਼ਹਿਰ ਸਹਿਕਾਰੀ ਖੰਡ ਮਿੱਲ ਨੇ ਕੀਤਾ ਹੈ। ਨਵਾਂ ਸ਼ਹਿਰ ਮਿੱਲ ਨੂੰ ਪਾੜਨ ਵਾਸਤੇ 50 ਲੱਖ ਕੁਵਿੰਟਲ ਗੰਨਾ ਅਲਾਟ ਕੀਤਾ ਗਿਆ ਸੀ। 9 ਲੱਖ ਕੁਵਿੰਟਲ ਗੰਨਾ ਜਗਰਾਉਂ ਸਹਿਕਾਰੀ ਖੰਡ ਮਿੱਲ ਨੂੰ ਨਵਾਂ ਸ਼ਹਿਰ ਮਿੱਲ ਦੇ ਖੇਤਰ ਦਾ ਅਲਾਟ ਕੀਤਾ ਗਿਆ ਸੀ। ਜਗਰਾਉਂ ਖੰਡ ਮਿੱਲ ਨੇ ਨਵਾਂ ਸ਼ਹਿਰ ਖੰਡ ਮਿੱਲ ਦੇ ਖੇਤਰ ਦਾ 9 ਲੱਖ 87 ਹਜ਼ਾਰ 613 ਕੁਵਿੰਟਲ ਗੰਨਾ ਪੀੜਿਆ ਅਤੇ ਬਾਕੀ ਬਾਂਡ ਕੀਤਾ ਗੰਨਾ ਨਵਾਂ ਸ਼ਾਹਿਰ ਖੰਡ ਮਿੱਲ ਪੀੜੇਗੀ। ਖੰਡ ਮਿੱਲਾਂ ਆਪਣੇ ਖੇਤਰ ਦਾ ਸਾਰਾ ਉਪਲਬੱਧ ਬਾਂਡ ਕੀਤਾ ਗੰਨਾ ਪੀੜ ਕੇ ਹੀ ਬੰਦ ਹੋਣਗੀਆਂ।

**ਸ੍ਰੀ ਸੰਤੋਖ ਸਿੰਘ ਚੌਧਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮੇਰੇ ਬਲਾਕ ਦੇ ਫਾਰਮਰਜ਼ ਜਿਨ੍ਹਾਂ ਨੂੰ 30–30 ਪਰਚੀਆਂ ਅਲਾਟ ਸਨ ਕਈ ਐਸੇ ਫਾਰਮਰਜ ਹਨ ਜਿਨ੍ਹਾਂ ਨੂੰ ਇਕ ਇਕ ਪਰਚੀ ਵੀ ਨਹੀਂ ਮਿਲੀ। ਮੈਂ ਸਮਝਦਾ ਹਾਂ ਕਿ ਨਵਾਂ ਸ਼ਹਿਰ ਮਿੱਲ ਨੂੰ 50 ਲੱਖ ਕੁਵਿੱਟਲ ਗੰਨਾਂ ਜੋ ਪੀੜਨ ਵਾਸਤੇ ਅਲਾਟ ਕੀਤਾ ਗਿਆ ਸੀ ਔਰ ਹਾਊਸ ਦੇ ਵਿਚੋਂ 9 ਲੱਖ ਕੁਵਿੰਟਲ ਗੰਨਾ ਜਗਰਾਉਂ ਸਹਿਕਾਰੀ ਖੰਡ ਮਿੱਲ ਨੂੰ ਨਵਾਂ ਸ਼ਹਿਰ ਮਿੱਲ ਦੇ ਖੇਤਰ ਦਾ ਅਲਾਟ ਕੀਤਾ ਗਿਆ ਹੈ, ਆਉਣ ਵਾਲੇ ਸਮੇਂ ਵਿੱਚ ਫਸਲ ਦਾ ਵਾਢੀ ਸ਼ੁਰੂ ਹੋ ਜਾਣੀ ਹੈ ਇਸ ਕਰਕੇ ਫਾਰਮਰਜ਼ ਨੂੰ ਲਬਰ ਦੀ ਪ੍ਰਾਬਲਮ ਆ ਜਾਵੇਗੀ। ਇਸ ਬਾਕੀ ਗੰਨੇ ਨੂੰ ਪੀੜਨ ਵਾਸਤੇ ਜਲਦੀ ਤੋਂ ਜਲਦੀ ਉਪਰਾਲਾ ਕੀਤਾ ਜਾਵੇ ਜੇ ਐਸਾ ਨਾ ਕੀਤਾ ਗਿਆ ਤਾਂ ਗੰਨਾ ਸੁਕ ਜਾਵੇਗਾ ਅਤੇ ਬੜਾ ਭਾਰੀ ਨੁਕਸਾਨ ਹੋਵੇਗਾ।

**ਸਹਿਕਾਰਤਾ ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਸਾਥੀ ਨੂੰ ਦੱਸਣਾ ਚਾਹਾਂਗਾ ਕਿ ਕੁਝ ਗੰਨਾ ਤਾਂ ਜਗਰਾਉਂ ਮਿਲ ਨੂੰ ਅਲਾਟ ਕੀਤਾ ਹੈ ਜਿਹੜਾ ਬਾਕੀ ਬਚਿਆ ਅਲਾਟ ਕੀਤਾ ਹੋਇਆ ਗੰਨਾ ਸੀ ਉਹ ਸਾਰਾ ਪੀੜ ਕੇ ਹੀ ਨਵਾਂ ਸ਼ਹਿਰ ਮਿੱਲ ਬੰਦ ਹੋਵੇਗੀ ਔਰ ਇਹ ਮਿਡਲ ਆਫ਼ ਐਪ੍ਰੂਲ ਤੱਕ ਚਲੇਗੀ ਜਦੋਂ ਤਕ ਸਾਰਾ ਗੰਨਾ ਪੀੜਿਆ ਨਹੀਂ ਜਾਵੇਗਾ. ਕੋਈ ਮਿੱਲ ਬੰਦ ਨਹੀਂ ਹੋਵੇਗੀ।

**Mr. Speaker :** We come to the Legislative Business now.

---

## LEGISLATIVE BUSINESS

### The Punjab Homoeopathic practitioners(Amendment) Bill, 1993

**Health and Family Welfare Minister(Sardar Lal Singh) :** Sir, I beg to move—

> That the Punjab Homoeopathic Practitioners (Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

**Mr. Speaker : Motion moved—**

That the Punjab Homoeopathic Practitioners (Amendment) Bill be taken into consideration at once.

Discussion, if any.

**ਸ੍ਰੀ ਸਤਨਾਮ ਸਿੰਘ ਕੈਂਥ (ਬੰਗਾ, ਐਸ. ਸੀ.)** : ਮਾਨਯੋਗ ਸਪੀਕਰ ਸਾਹਿਬ, ਅੱਜ ਸਦਨ ਦੇ ਅੰਦਰ ਪੰਜਾਬ ਹੋਮੀਓਪੈਥਿਕ ਪਰੈਕਟੀਸ਼ਨਰਜ਼ (ਅਮੈਂਡਮੈਂਟ) ਬਿਲ ਪੇਸ਼ ਕੀਤਾ ਗਿਆ ਹੈ। ਹੋਮਿਓਪੈਥੀ ਦੀ ਕਾਢ 1796 ਵਿਚ ਡਾਕਟਰ ਸੈਮੂਅੱਲ ਹੈਨੇਮਨ ਨੇ ਕੱਢੀ। ਉਸ ਦੀ ਕਾਢ ਸੀ ਕਿ ਪਾਇਜ਼ਨ ਕਟਸ ਪਾਇਜ਼ਨ ਜਾਂ ਆਇਰਨ ਕਟਸ ਆਇਰਨ। ਮੈਂ ਚਾਹੁੰਦਾ ਹਾਂ ਕਿ ਹੋਮਿਓਪੈਥੀ ਦੀ ਡਿਵੈਲਪਮੈਂਟ ਲਈ ਪੰਜਾਬ ਵਿਚ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਕੰਪੈਰੇਟਿਵਲੀ ਇਹ ਇਲਾਜ ਦੂਸਰੇ ਇਲਾਜਾਂ ਨਾਲੋਂ ਸਸਤਾ ਹੈ। ਇਸ ਦੇ ਨਾਲ ਜਿਹੜਾ ਗਰੀਬ ਆਦਮੀ ਹੈ ਉਹ ਇਸ ਤੋਂ ਬੜਾ ਭਾਰੀ ਲਾਭ ਲੈ ਸਕਦਾ ਹੈ। ਇਸ ਦਾ ਜੋ ਸਭ ਤੋਂ ਵੱਡਾ ਅਹਿਮ ਪੱਖ ਹੈ ਉਹ ਇਹ ਹੈ ਕਿ ਇਸ ਦਾ ਸਾਈਡ ਇਫੈਕਟ ਨਹੀਂ ਹੁੰਦਾ। ਭਾਵੇਂ ਇਸ ਦਾ ਇਲਾਜ ਸਲੋਅਲੀ ਚਲਦਾ ਹੈ ਪਰ ਪਰਮਾਨੈਂਟ ਹੈ। ਲੇਕਿਨ ਪੰਜਾਬ ਦੇ ਅੰਦਰ ਪੰਜਾਬ ਸਰਕਾਰ ਨੂੰ ਹੋਮੀਓਪੈਥੀ ਦੀ ਡਿਵੈਲਪਮੈਂਟ ਲਈ ਬਹੁਤ ਭਾਰੀ ਉਪਰਾਲੇ ਕਰਨ ਦੀ ਲੋੜ ਹੈ। ਮੈਂ ਸਮਝਦਾ ਹਾਂ ਕਿ ਇਸ ਪੱਖ ਨੂੰ ਇਕ ਵੱਡੇ ਪੈਮਾਨੇ ਤੇ ਇਗਨੋਰ ਕਰਕੇ ਰਖਿਆ ਹੋਇਆ ਹੈ। ਪੰਜਾਬ ਦੇ ਅੰਦਰ ਇਸ ਵਕਤ ਨਾ ਕੋਈ ਡਿਗਰੀ ਕਾਲਜ ਹੈ ਅਤੇ ਨਾ ਹੀ ਕੋਈ ਰਿਸਰਚ ਇੰਸਟੀਚਿਊਟ ਹੈ, ਇਹ ਖੋਲ੍ਹਣ ਦੀ ਬੜੀ ਭਾਰੀ ਲੋੜ ਹੈ। ਇਸ ਦੇ ਨਾਲ ਹੀ ਜਿਹੜੇ ਹੈਲਥ ਡਿਪਾਰਟਮੈਂਟ ਵਿਚ ਦੂਸਰੇ ਡਾਕਟਰਜ਼ ਹਨ ਉਨ੍ਹਾਂ ਦੇ ਪੇ-ਸਕੇਲਜ 8 ਸਾਲਾਂ ਬਾਅਦ ਜਾਂ 15 ਸਾਲਾਂ ਬਾਦ ਰਿਵਾਈਜ਼ ਹੁੰਦੇ ਹਨ, ਲੇਕਿਨ ਹੋਮਿਉਪੈਥੀ ਦੇ ਜਿਹੜੇ ਡਾਕਟਰ ਹਨ, ਉਨ੍ਹਾਂ ਦੇ ਪੇ-ਸਕੇਲਜ਼ ਰਿਵਾਈਜ਼ ਨਹੀਂ ਕੀਤੇ ਜਾਂਦੇ। ਇਸ ਵੇਲੇ ਪੰਜਾਬ ਦੇ ਅੰਦਰ ਲਗਭਗ ਸੌ ਡਿਸਪੈਂਸਰੀਆਂ ਹਨ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਤੋਂ ਜ਼ੋਰਦਾਰ ਮੰਗ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਹੋਮਿਓਪੈਥੀ ਦਾ ਫੀਲਡ ਹੈ ਇਸ ਨੂੰ ਪੰਜਾਬ ਦੇ ਅੰਦਰ ਬੜੇ ਵੱਡੇ ਪੈਮਾਨੇ ਤੇ ਐਸਟੈਬਲਿਸ਼ ਕਰਨਾ ਚਾਹੀਦਾ ਹੈ। ਪੰਜਾਬ ਦੇ ਅੰਦਰ ਇਸ ਦਾ ਵਿਸਥਾਰ ਕਰਨਾ ਚਾਹੀਦਾ ਹੈ ਤਾਂ ਕਿ ਗਰੀਬ ਤੋਂ ਗਰੀਬ ਆਦਮੀ ਇਸ ਤੋਂ ਲਾਭ ਉਠਾ ਸਕੇ। ਇਸ ਦੇ ਨਾਲ ਹੀ ਆਪਣੀ ਬੀਮਾਰੀ ਦਾ ਅੱਛੇ ਢੰਗ ਨਾਲ ਇਲਾਜ ਕਰਾ ਸਕੇ। ਜਿਥੋਂ ਤਕ ਇਸ ਅਮੈਂਡਿੰਗ ਬਿੱਲ ਦਾ ਸਬੰਧ ਹੈ, ਇਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਫੀਲਡ ਵਿਚ ਡਾਕਟਰਾਂ ਦੀ ਨਵੀਂ ਰਿਕਰੂਟਮੈਂਟ ਕਰਨੀ ਚਾਹੀਦੀ ਹੈ ਔਰ ਇਸ ਦੇ ਨਾਲ-ਨਾਲ ਬੇਹਤਰ ਸਹੂਲਤਾਂ ਮੁਹਈਆ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਅੱਜ ਕਿਹਾ ਜਾਂਦਾ ਹੈ ਕਿ ਹੋਮੀਉਪੈਥੀ ਸਰਕਾਰੀ ਹਸਪਤਾਲਾਂ ਵਿਚ ਖੋਲਾਂਗੇ, ਦੂਸਰਾ, ਇਹ ਕਿਹਾ ਗਿਆ ਹੈ ਕਿ ਮੈਡੀਕਲ ਰਜਿਸਟਰੇਸ਼ਨ ਜੋ ਹੈ ਉਹ ਹਰ ਪੰਜ ਸਾਲਾਂ ਬਾਅਦ ਹੋਇਆ ਕਰੇਗੀ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਕੁਰਪਸ਼ਨ ਦਾ ਅੱਡਾ ਬਣੇਗਾ, ਇਸ ਲਈ ਇਹ ਕੰਡੀਸ਼ਨ ਨਹੀਂ ਹੋਣੀ ਚਾਹੀਦੀ। ਮੈਂ ਇਹ ਵੀ ਕਹਾਂਗਾ ਕਿ ਹੋਮਿਉਪੈਥੀ ਦਾ ਵੱਡੇ ਪੈਮਾਨੇ ਉਤੇ ਵਿਸਥਾਰ ਕਰਨਾ ਚਾਹੀਦਾ ਹੈ, ਡਾਕਟਰਾਂ ਲਈ ਸਿਖਲਾਈ ਇਨਸਟੀਚਿਊਟਸ਼ਨ ਕਾਇਮ ਕਰਨੇ ਚਾਹੀਦੇ ਹਨ। ਲੇਕਿਨ ਜਿਹੜਾ ਬਿੱਲ ਦੇ ਅੰਦਰ ਕਿਹਾ ਗਿਆ ਹੈ ਕਿ ਪੰਜਾਂ ਸਾਲਾਂ ਦੇ ਅੰਦਰ ਰਜਿਸਟਰੇਸ਼ਨ ਮੁੜ ਕਰਾਉਣੀ ਹੋਵੇਗੀ, ਜੇਕਰ ਮਹੀਨੇ ਦੇ ਵਿਚ ਰਿਨੀਊ ਨਹੀਂ ਕਰਵਾਈ ਗਈ ਤਾਂ ਉਸ ਦੀ ਪਹਿਲੀ ਰਜਿਸਟਰੇਸ਼ਨ ਕੈਂਸਲ ਹੋ ਜਾਵੇਗੀ, ਮੈਂ ਸਮਝਦਾ ਹਾਂ ਕਿ ਇਹ ਨਹੀਂ ਹੋਣਾ ਚਾਹੀਦਾ। ਲਾਈਫ-ਟਾਈਮ ਲਈ ਰਜਿਸਟਰੇਸ਼ਨ ਕਾਇਮ ਰਹਿਣੀ ਚਾਹੀਦੀ ਹੈ ਔਰ ਡਾਕਟਰਾਂ ਦੀਆਂ ਸਹੂਲਤਾਂ ਜੋ ਹਨ, ਉਨ੍ਹਾਂ ਦੇ ਪੇਅ-ਸਕੇਲ ਹਨ ਉਨ੍ਹਾਂ ਵਿਚ ਰਵੀਜ਼ਨ ਹੋਣੀ ਚਾਹੀਦੀ ਹੈ ਤਾਂ ਕਿ ਇਸ ਕਿੱਤੇ ਦਾ ਵਿਸਥਾਰ ਕੀਤਾ ਜਾਵੇ ਔਰ ਗਰੀਬ ਲੋਕਾਂ ਨੂੰ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਤਨਾਮ ਸਿੰਘ ਕੈਂਥ]

ਲਾਭ ਪੁੱਜੇ। ਮੈਂ ਸਮਝਦਾ ਹਾਂ ਕਿ ਇਸ ਅਮੈਂਡਮੈਂਟ ਦੀ ਕੋਈ ਖਾਸ ਜ਼ਰੂਰਤ ਨਹੀਂ ਸੀ, ਜਿਸ ਕਰਕੇ ਇਥੇ ਬਿੱਲ ਲਿਆਂਦਾ ਗਿਆ ਹੈ। ਇਹ ਅਮੈਂਡਮੈਂਟ ਮੈਂ ਸਮਝਦਾ ਹਾਂ ਕਿ ਲੁੱਟਘਸੁੱਟ ਦਾ ਕਾਰਨ ਬਣੇਗੀ। ਮੈਂ ਇਸ ਦਾ ਵਿਰੋਧ ਕਰਦਾ ਹੋਇਆ ਆਪਣੀ ਜਗ੍ਹਾ ਲੈਂਦਾ ਹਾਂ।

"ਜੈ ਭੀਮ, ਜੈ ਭਾਰਤ"।

**ਡਾਕਟਰ ਹਰਬੰਸ ਲਾਲ (ਸਰਹਿੰਦ)** : ਸਪੀਕਰ ਸਾਹਿਬ, ਤੁਸੀਂ ਮੈਨੂੰ ਹੋਮਿਉਪੈਥਿਕ ਪਰੈਕਟੀਸ਼ਨਰਜ਼ ਅਮੈਂਡਮੈਂਟ ਬਿੱਲ ਉਤੇ ਬੋਲਣ ਦਾ ਸਮਾਂ ਦਿੱਤਾ ਹੈ, ਮੈਂ ਤੁਹਾਡਾ ਧੰਨਵਾਦੀ ਹਾਂ। ਹੋਮਿਓਪੈਥਿਕ ਟਰੀਟਮੈਂਟ ਜੋ ਹੈ ਇਹ ਬੜੀ ਮਹੱਤਤਾ ਵਾਲੀ ਗੱਲ ਬਣੀ ਹੋਈ ਹੈ ਕਿਉਂਕਿ ਕਈਆਂ ਐਸੀਆਂ ਕਰਾਨਿਕ ਬਿਮਾਰੀਆਂ ਹਨ, ਚਮੜੀ ਰੋਗ ਹਨ, ਜਿਨ੍ਹਾਂ ਨੂੰ ਅਸੀਂ ਐਲੋਪੈਥਿਕ ਟਰੀਟਮੈਂਟ ਨਾਲ ਠੀਕ ਨਹੀਂ ਕਰ ਸਕੇ। ਹੋਮਿਓਪੈਥਿਕ ਮੈਡੀਸਨ ਜਿਹੜੀ ਹੈ, ਜੋ ਆਦਮੀ ਲੈਂਦਾ ਹੈ, ਪੰਜ ਛੇ ਮਹੀਨੇ ਦਾ ਕੋਰਸ ਹੁੰਦਾ ਹੈ, ਇਸ ਮੈਡੀਸਨ ਨੂੰ ਖਾਣ ਨਾਲ ਬਿਮਾਰੀ ਬਿਲਕੁਲ ਖਤਮ ਹੋ ਜਾਂਦੀ ਹੈ। ਐਲੋਪੈਥੀ ਨਾਲ ਜੜ੍ਹ ਖਤਮ ਨਹੀਂ ਹੁੰਦੀ। ਐਲੋਪੈਥੀ ਦੇ ਸਾਈਡ ਇਫੈਕਟਸ ਬੜੇ ਹਨ ਪਰ ਹੋਮਿਓਪੈਥੀ ਦੇ ਸਾਈਡ ਇਫੈਕਟਸ ਨਹੀਂ ਹਨ ਔਰ ਇਸ ਨਾਲ ਬਿਮਾਰੀ ਦੀ ਜੜ੍ਹ ਖਤਮ ਹੁੰਦੀ ਹੈ। ਇਸ ਕਰਕੇ ਮੈਂ ਸਮਝਦਾ ਹਾਂ ਕਿ ਹੋਮਿਓਪੈਥਿਕ ਰਜਿਸਟਰੇਸ਼ਨ ਹਰ ਪੰਜ ਸਾਲ ਤੋਂ ਬਾਅਦ ਰਿਨਿਊ ਕੀਤੀ ਜਾਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਇਸ ਦੀ ਜਰੂਰਤ ਹੈ। ਪਿੰਡਾਂ ਦੇ ਵਿਚ ਹੋਮਿਓਪੈਥਿਕ ਰਜਿਸਟਰੇਸ਼ਨ ਕਈ ਲੋਕ ਆਪਣੀ ਕਰਵਾ ਲੈਂਦੇ ਹਨ ਔਰ ਐਲੋਪੈਥੀ ਦਾ ਇਲਾਜ ਕਰਦੇ ਹਨ। ਪਿੰਡਾਂ ਦੇ ਵਿਚ ਐਮ.ਬੀ.ਬੀ.ਐਸ. ਡਾਕਟਰ ਤਾਂ ਜਾਂਦੇ ਨਹੀਂ ਹਨ, ਇਸ ਲਈ ਕੁਝ ਲੋਕ ਐਲੋਪੈਥੀ ਦਾ ਇਲਾਜ ਕਰਨ ਲਈ ਆਪਣੀ ਹੋਮਿਓਪੈਥੀ ਦੀ ਰਜਿਸਟਰੇਸ਼ਨ ਕਰਵਾ ਲੈਂਦੇ ਹਨ। ਉਹ ਵੀ ਚੈਕ ਹੋ ਸਕਣਗੇ। ਪਿੰਡਾਂ ਦੇ ਵਿਚ ਹੋਮਿਓਪੈਥੀ ਦੇ ਡਾਕਟਰ ਹੀ ਹਨ ਜਿਹੜੇ ਕਿ ਲੋਕਾਂ ਨੂੰ ਰਾਹਤ ਦਿੰਦੇ ਹਨ ਔਰ ਉਹ ਹੀ ਰਾਹਤ ਦੇਣ ਦਾ ਸਾਧਨ ਬਣ ਸਕਦੇ ਹਨ। ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਜਿਹੜੀ ਹੋਮਿਓਪੈਥੀ ਦੀ ਹੋਰ ਸਟੇਟਾਂ ਤੋਂ ਰਜਿਸਟਰੇਸ਼ਨ ਹੋਈ ਹੁੰਦੀ ਹੈ ਉਨ੍ਹਾਂ ਬਾਰੇ ਵੀ ਵਿਚਾਰਨਾ ਚਾਹੀਦਾ ਹੈ ਅਸਲ ਵਿਚ ਉਹ ਪਿੰਡਾਂ ਵਿਚ ਇਕ ਦਮ ਲੋਕਾਂ ਨੂੰ ਸਹੂਲਤ ਦਿੰਦੇ ਹਨ। ਇਸ ਲਈ ਇਹ ਗੱਲ ਵੀ ਵਿਚਾਰਨੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਵਾਸਤੇ ਡਰ ਦਾ ਕਾਰਨ ਬਣਿਆ ਰਹਿੰਦਾ ਹੈ।

**ਸ੍ਰੀ ਸਪੀਕਰ** : ਵਾਈਂਡ ਅੱਪ ਕਰੋ।

**ਡਾਕਟਰ ਹਰਬੰਸ ਲਾਲ** : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਹੋਮਿਓਪੈਥਿਕ ਟਰੀਟਮੈਂਟ ਇਕ ਅੱਛਾ ਟਰੀਟਮੈਂਟ ਹੈ। ਇਸ ਲਈ ਪਿੰਡਾਂ ਵਿਚ ਹੋਮਿਉਪੈਥਿਕ ਡਿਸਪੈਂਸਰੀਆਂ ਖੋਲ੍ਹਣੀਆਂ ਚਾਹੀਦੀਆਂ ਹਨ ਤਾਂ ਕਿ ਪਿੰਡਾਂ ਦੇ ਲੋਕਾਂ ਨੂੰ ਪਤਾ ਲਗੇ ਕਿ ਇਹ ਟਰੀਟਮੈਂਟ ਚੰਗਾ ਹੈ। ਇਸ ਤਰ੍ਹਾਂ ਇਸ ਦੀ ਮਹਾਨਤਾ ਵਧੇਗੀ ਔਰ ਜੋ ਹੋਰ ਵੀ ਇੰਪਲਾਈਜ਼ ਹਨ ਜਿਨ੍ਹਾਂ ਨੇ ਰਜਿਸਟਰੇਸ਼ਨ ਕਰਵਾਈ ਹੋਈ ਹੈ, ਉਹ ਵੀ ਸੋਚਣਗੇ ਕਿ ਰਿਟਾਇਰਮੈਂਟ ਤੋਂ ਬਾਦ ਪਰੈਕਟਿਸ ਕਰਾਂਗੇ। ਇਸ ਤੇ ਖਰਚ ਘਟ ਹੁੰਦਾ ਹੈ ਔਰ ਸਰਕਾਰ ਦਾ ਜੋ ਡਿਪਾਰਟਮੈਂਟ ਹੈ, ਉਸ ਦਾ ਵੀ ਆਮਦਨ ਦਾ ਸਾਧਨ ਨਹੀਂ ਹੈ। ਇਸ ਲਈ ਇਹ ਅਮੈਂਡਮੈਂਟ ਹੋਣੀ ਜ਼ਰੂਰੀ ਹੈ, ਇਸ ਤਰ੍ਹਾਂ ਤਾਲਮੇਲ ਵੀ ਬਣਿਆ ਰਹਿੰਦਾ ਹੈ। ਜਿਹੜੇ ਆਰ.ਐਮ.ਪੀ. ਪਿੰਡਾਂ ਵਿਚ ਕੰਮ ਕਰ ਰਹੇ ਹਨ, ਉਨ੍ਹਾਂ ਦੇ ਬਾਰੇ ਵੀ ਸਰਕਾਰ ਨੂੰ ਵਿਚਾਰਨਾ ਚਾਹੀਦਾ ਹੈ।

**ਸ੍ਰੀ ਸਪੀਕਰ** : ਡਾਕਟਰ ਸਾਹਿਬ, ਵਾਈਂਡ ਅੱਪ ਕਰੋ।

**ਡਾਕਟਰ ਹਰਬੰਸ ਲਾਲ** : ਇਸ ਬਿੱਲ ਦੇ ਨਾਲ ਮੈਂ ਸਹਿਮਤ ਹਾਂ ਜੀ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ** (ਬੁਢਲਾਡਾ) : ਸਪੀਕਰ ਸਾਹਿਬ, ਮੈਂ ਕੋਈ ਰੇਪੀਟੀਸ਼ਨ ਨਹੀਂ ਕਰਨਾ ਚਾਹੁੰਦਾ। ਹੋਮਿਉਪੈਥਿਕ ਟਰੀਟਮੈਂਟ ਬੜਾ ਅਹਿਮ ਹੈ। ਇਸ ਦਾ ਫਾਇਦਾ ਹੈ, ਮੈਂ ਪੂਰੀ ਤਰ੍ਹਾਂ ਸਹਿਮਤ ਹਾਂ। ਬਿੱਲ ਨਾਲ ਵੀ ਸਹਿਮਤ ਹਾਂ। ਮੇਰੇ ਦੋ ਤਿੰਨ ਸੁਝਾਓ ਜਿਹੜੇ ਹਨ, ਉਹ ਮੈਂ ਸਮਝਦਾ ਹਾਂ ਕਿ, ਮੰਤਰੀ ਜੀ ਜ਼ਰੂਰ ਵਿਚਾਰਨਗੇ, ਜੋ ਐਲੋਪੈਥੀ ਦੇ ਵਾਸਤੇ ਫੰਡਜ਼ ਰੱਖੇ ਜਾਂਦੇ ਹਨ ਉਨ੍ਹਾਂ ਦੇ ਬਰਾਬਰ ਤਾਂ ਮੈਂ ਨਹੀਂ ਕਹਿੰਦਾ ਪਰ ਜੋ ਹੋਮਿਓਪੈਥੀ ਲਈ ਫੰਡਜ਼ ਦਿੱਤੇ ਜਾਂਦੇ ਹਨ ਉਹ ਘੱਟ ਦਿੱਤੇ ਜਾਂਦੇ ਹਨ, ਇਹ ਫੰਡਜ਼ ਜ਼ਿਆਦਾ ਮੁਹੱਈਆ ਕੀਤੇ ਜਾਣ। ਲੋਕਾਂ ਵਿਚ ਇਸ ਨੂੰ ਹਰਮਨ ਪਿਆਰਾ ਬਣਾਉਣ ਵਾਸਤੇ ਹਰ ਜਗ੍ਹਾ ਤੇ ਇਸ ਦੀਆਂ ਡਿਸਪੈਂਸਰੀਆਂ ਖੋਲ੍ਹਣੀਆਂ ਚਾਹੀਦੀਆਂ ਹਨ ਔਰ ਜਿਹੜੇ ਹੋਮਿਓਪੈਥੀ ਦੇ ਮਾਹਿਰ ਡਾਕਟਰ ਹਨ ਉਨ੍ਹਾਂ ਨੂੰ ਵੀ ਹੋਰ ਡਾਕਟਰਾਂ ਵਾਂਗ ਹੀ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਹੁਣ ਵੇਖਣ ਵਿਚ ਇਹ ਆਇਆ ਹੈ ਕਿ ਐਲੋਪੈਥੀ ਔਰ ਆਯੁਰਵੈਦਿਕ ਦੇ ਜਿਹੜੇ ਮਾਹਿਰ ਡਾਕਟਰ ਹਨ ਉਨ੍ਹਾਂ ਨੂੰ ਤਾਂ ਗੱਡੀਆਂ ਵਗੈਰਾ ਦਿੱਤੀਆਂ ਹੋਈਆਂ ਹਨ ਪਰ ਜਿਹੜੇ ਹੋਮੀਓਪੈਥੀ ਦੇ ਡਾਕਟਰ ਹਨ ਉਨ੍ਹਾਂ ਨੂੰ ਇਹ ਨਹੀਂ ਦਿੱਤੀਆਂ ਗਈਆਂ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਤੇ ਜ਼ਰੂਰ ਵਿਚਾਰ ਕਰ ਲੈਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜਿਹੜੀ ਪਿਛਲੇ 8 ਸਾਲਾਂ ਤੋਂ ਭਰਤੀ ਨਹੀਂ ਹੋ ਰਹੀ ਹੈ ਇਸ ਨੂੰ ਖੋਲ੍ਹਣ ਲਈ ਵਿਚਾਰ ਕਰ ਲੈਣਾ ਚਾਹੀਦਾ ਹੈ। ਆਖਰ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰ ਡਿਸਟ੍ਰਿਕ ਵਿਚ ਹੋਮਿਓਪੈਥੀ ਦੇ ਅਫ਼ਸਰ ਲਾਏ ਜਾਣੇ ਚਾਹੀਦੇ ਹਨ ਤਾਂਕਿ ਜਿਹੜੀ ਇਹ ਹੋਮਿਓਪੈਥੀ ਹੈ ਇਸ ਨੂੰ ਵੀ ਹਰਮਨ ਪਿਆਰਾ ਬਣਾਇਆ ਜਾ ਸਕੇ। ਸਪੀਕਰ ਸਾਹਿਬ, 2 ਨਵੇਂ ਜ਼ਿਲ੍ਹੇ ਸਰਕਾਰ ਵਲੋਂ ਬਣਾਏ ਗਏ ਹਨ। ਪਰੰਤੂ ਹਾਲੇ ਤਕ ਉਥੇ ਹੋਮੋਪੈਥੀ ਅਫਸਰ ਨਹੀਂ ਲਗਾਏ ਜੋ ਲਾਉਣੇ ਚਾਹੀਦੇ ਹਨ।

ਇਕ ਗਲ ਲਾਸਟ ਵਿਚ ਮੈਂ ਇਹ ਕਰਨੀ ਹੈ ਕਿ ਐਲੋਪੈਥੀ ਔਰ ਆਯੁਰਵੈਦਿਕ ਦੇ ਬਿਲਾਂ ਦੀ ਸਰਕਾਰ ਰਿਇੰਬਰਸਮੈਂਟ ਕਰ ਰਹੀ ਹੈ ਪਰ ਜਿਹੜੇ ਹੋਮਿਓਪੈਥੀ ਦੇ ਬਿਲ ਹਨ ਉਨ੍ਹਾਂ ਦੀ ਪੂਰੀ ਰੀਇੰਬਰਸਮੈਂਟ ਨਹੀਂ ਹੋ ਰਹੀ ਹੈ। ਮੈਂ ਸਮਝਦਾ ਹਾਂ ਕਿ ਜੇ ਸਰਕਾਰ ਇਸ ਹੋਮਿਓਪੈਥੀ ਨੂੰ ਉਤਸ਼ਾਹਿਤ ਕਰਨਾ ਚਾਹੁੰਦੀ ਹੈ ਤਾਂ ਇਸ ਤੇ ਵੀ ਗੰਭੀਰਤਾ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਔਰ ਇਸ ਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਲਾਲ ਸਿੰਘ)** : ਸਪੀਕਰ ਸਾਹਿਬ, ਇਹ ਜੋ ਬਿਲ ਇਥੇ ਸੋਧ ਕਰਨ ਵਾਸਤੇ ਲਿਆਂਦਾ ਗਿਆ ਹੈ ਇਹ ਹੋਮਿਓਪੈਥਿਕ ਪਰੈਕਟੀਸ਼ਨਰਜ਼ ਐਕਟ 1965 ਵਿਚ ਬਣਾਇਆ ਗਿਆ ਸੀ ਔਰ ਇਸ ਐਕਟ ਨੂੰ ਮੁੱਖ ਰੱਖਕੇ ਕੌਂਸਲ ਆਫ ਹੋਮਿਓਪੈਥਿਕ ਸਿਸਟਮ ਆਫ ਮੈਡੀਸਨ ਪੰਜਾਬ ਅਕਤੂਬਰ, 1966 ਵਿਚ ਸਥਾਪਿਤ ਕੀਤੀ ਗਈ। ਇਸ ਕੌਂਸਲ ਦਾ ਕੰਮ ਸੀ.ਡੀ.ਐਮ. ਐਸ.ਸੀ. ਦੇ ਇਮਤਿਹਾਨ ਕੰਡਕਟ ਕਰਨਾ, ਹੋਮਿਓਪੈਥਿਕ ਡਾਕਟਰਾਂ ਦੀ ਰਜਿਸਟਰੇਸ਼ਨ ਕਰਨਾ ਔਰ ਇਸ ਸਬੰਧ ਵਿਚ ਦਿਨ ਪ੍ਰਤੀ ਦਿਨ ਦਾ ਰਿਕਾਰਡ ਮੁਕੰਮਲ ਕਰਨਾ। ਸਪੀਕਰ ਸਾਹਿਬ, ਅੱਜ ਦੀ ਤਾਰੀਖ ਤਕ ਇਸ ਕੌਂਸਲ ਦੁਆਰਾ ਦੋ ਰਜਿਸਟਰ ਮੈਂਨਟੇਨ ਕੀਤੇ ਗਏ। ਰਜਿਸਟਰ 'ਏ' ਜੋ ਕੁਆਲੀਫਾਈਡ ਹੋਮਿਓਪੈਥਿਕ ਡਾਕਟਰਾਂ ਨਾਲ ਸਬੰਧਤ ਹੈ ਉਸ ਵਿਚ ਹੁਣ ਤਕ 1345 ਡਾਕਟਰ ਰਜਿਸਟਰ ਕੀਤੇ ਗਏ। ਇਕ ਹੋਰ ਰਜਿਸਟਰ ਜਿਹੜਾ ਕਿ ਰਜਿਸਟਰ 'ਬੀ' ਕਿਹਾ ਜਾਂਦਾ ਹੈ ਜੋ ਤਜਰਬੇ ਦੇ ਆਧਾਰ ਤੇ ਹੋਮਿਓਪੈਥਿਕ ਡਾਕਟਰ ਜਿਨ੍ਹਾਂ ਨੂੰ ਆਰ.ਐਮ.ਪੀ. ਡਾਕਟਰ ਵੀ ਕਿਹਾ ਜਾਂਦਾ ਹੈ ਉਹ ਹੁਣ ਤਕ 5336 ਡਾਕਟਰ ਰਜਿਸਟਰ ਕੀਤੇ ਗਏ। ਇਸ ਰਜਿਸਟਰ 'ਬੀ' ਦੀਆਂ ਰਜਿਸਟਰੇਸ਼ਨਾਂ ਹੋਮਿਓਪੈਥਿਕ ਸੈਂਟਰ ਕੌਂਸਲ ਐਕਟ 1973 ਜੋ 15 ਸਤੰਬਰ 1978 ਨੂੰ ਲਾਗੂ ਹੋਇਆ ਸੀ ਦੇ ਕਾਰਣ ਬੰਦ ਕਰ ਦਿੱਤੀਆਂ

Original with;
Punjab Vidhan Sabha
Digitized by;

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਗਈਆਂ ਸਨ। ਸਪੀਕਰ ਸਾਹਿਬ, ਇਸ ਤਰ੍ਹਾਂ 1978 ਤੋਂ ਲੈਕੇ ਹੁਣ ਤਕ 15 ਸਾਲਾਂ ਵਿਚ ਰਜਿਸਟਰ 'ਬੀ' ਨਾਲ ਸਬੰਧਤ 5336 ਰਜਿਸਟਰ ਕੀਤੇ ਹੋਏ ਹੋਮਿਓਪੈਥਿਕ ਡਾਕਟਰਾਂ ਵਿਚੋਂ, ਇਹ ਕੁਦਰਤੀ ਹੈ ਕਿ ਕੁਝ ਤਾਂ ਹੁਣ ਤਕ ਪੰਜਾਬ ਛੱਡ ਕੇ ਬਾਹਰ ਚਲੇ ਗਏ ਹੋਣਗੇ, ਕਈਆਂ ਦੀ ਮੌਤ ਵੀ ਹੋ ਗਈ ਹੋਵੇਗੀ, ਕਈਆਂ ਨੇ ਰਿਹਾਇਸ਼ ਬਦਲ ਲਈ ਹੋਵੇਗੀ ਔਰ ਕਈ ਐਸੇ ਵੀ ਹੋਣਗੇ ਜਿਨ੍ਹਾਂ ਨੇ ਰਜਿਸਟਰੇਸ਼ਨ ਤੋਂ ਬਾਅਦ ਕੰਮ ਸ਼ੁਰੂ ਹੀ ਨਹੀਂ ਕੀਤਾ ਹੋਵੇਗਾ ਜਾਂ ਕੁਝ ਵਿਚੋਂ ਛੱਡ ਵੀ ਗਏ ਹੋਣਗੇ ਔਰ ਇਸ ਦੀ ਕਿਸੇ ਨੇ ਇਤਲਾਹ ਵੀ ਨਹੀਂ ਦਿੱਤੀ ਹੋਵੇਗੀ। ਇਸ ਲਈ ਇਸ ਦਾ ਸਾਡੇ ਪਾਸ ਅਪ-ਟੂ-ਡੇਟ ਰਿਕਾਰਡ ਨਹੀਂ ਹੈ। ਇਸ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਇਹ ਸਾਰਾ ਕੁਝ ਸਹੀ ਕਰਨ ਲਈ ਅਪ-ਟੂ-ਡੇਟ ਰਿਕਾਰਡ ਰਖਣ ਲਈ ਰਜਿਸਟਰੇਸ਼ਨ ਰੀਨਿਊ ਕਰਾਉਣ ਲਈ ਇਸ ਐਕਟ ਵਿਚ ਵਿਵਸਥਾ ਕੀਤੀ ਜਾਵੇ। ਇਸ ਗਲ ਨੂੰ ਮੁੱਖ ਰੱਖਦੇ ਹੋਏ ਇਹ ਜਿਹੜਾ ਬਿਲ ਹੈ ਇਸ ਰਾਹੀਂ ਇਸ ਐਕਟ ਵਿਚ ਸੋਧ ਕਰਨੀ ਬੜੀ ਜ਼ਰੂਰੀ ਹੋ ਗਈ ਸੀ ਜਿਸ ਕਰਕੇ ਇਹ ਬਿਲ ਲਿਆਂਦਾ ਗਿਆ ਹੈ। ਅਜਿਹਾ ਕਰਨ ਦੇ ਨਾਲ ਕੌਂਸਲ ਦੇ ਸਾਰੇ ਆਰ.ਐਮ.ਪੀ. ਡਾਕਟਰਜ਼ 3 ਮਹੀਨਿਆਂ ਦਾ ਨੋਟਿਸ ਦਿੱਤਾ ਜਾਵੇਗਾ ਕਿ ਉਹ ਨਿਰਧਾਰਿਤ ਫੀਸ ਦੇ ਨਾਲ ਫਾਰਮ ਭਰ ਕੇ ਰੀਨਿਊਲ ਲਈ ਭੇਜਣ ਤਾਂ ਕਿ ਉਨ੍ਹਾਂ ਦੀ ਰੀਨਿਊਲ ਹੋ ਸਕੇ ਅਤੇ ਜੇ ਕਰ ਕੋਈ ਰੀਨਿਊਲ ਲਈ ਫਾਰਮ ਭਰ ਕੇ ਨਹੀਂ ਭੇਜਦਾ ਉਸ ਦਾ ਨਾਮ ਕੱਟ ਦਿੱਤਾ ਜਾਵੇਗਾ ਅਤੇ ਅੱਗੇ ਤੋਂ ਹਰ 5 ਸਾਲ ਬਾਦ ਰੀਨਿਊਲ ਕੀਤੀ ਜਾਵੇਗੀ। ਪਹਿਲੇ ਐਕਟ ਵਿਚ ਰੀਨਿਊਲ ਨਹੀਂ ਸੀ ਹੋ ਸਕਦੀ ਹੁਣ ਹਰ 5 ਸਾਲ ਬਾਦ ਹਰ ਡਾਕਟਰ ਆਪਣੀ ਰਜਿਸਟਰੇਸ਼ਨ ਕਰਵਾਏਗਾ ਫੇਰ ਉਸ ਦੀ ਲਿਸਟ ਬਣੇਗੀ। ਇਹ ਠੀਕ ਹੈ ਕਿ ਇਹ ਹੋਮਿਓਪੈਥਿਕ ਸਿਸਟਮ ਦਿਨੋਂ ਦਿਨ ਲੋਕਾਂ ਵਿਚ ਕਾਫੀ ਪਾਪੂਲਰ ਹੁੰਦਾ ਜਾ ਰਿਹਾ ਹੈ ਅਤੇ ਇਸ ਦਾ ਇਲਾਜ ਵੀ ਸਸਤਾ ਹੈ ਅਤੇ ਇਸ ਦਾ ਕੋਈ ਸਾਈਡ ਅਫੈਕਟ ਵੀ ਨਹੀਂ ਹੈ। ਬਹੁਤ ਸਾਰੀਆਂ ਐਸੀਆਂ ਬਿਮਾਰੀਆਂ ਹਨ ਜਿਨ੍ਹਾਂ ਦਾ ਇਲਾਜ ਐਲੋਪੈਥੀ ਵਿਚ ਨਹੀਂ ਹੈ, ਐਲੋਪੈਥੀ ਵਿਚ ਓਪਰੇਸ਼ਨ ਕਰਨਾ ਪੈਂਦਾ ਹੈ ਪਰ ਇਸ ਸਿਸਟਮ ਵਿਚ ਓਪਰੇਸ਼ਨ ਤੋਂ ਬਿਨਾਂ ਹੀ ਇਲਾਜ ਕੀਤਾ ਜਾਂਦਾ ਹੈ। ਇਸ ਲਈ ਸਾਡੀ ਸਰਕਾਰ ਨੇ ਇਸ ਇਲਾਜ ਵੱਲ ਧਿਆਨ ਦਿੱਤਾ ਹੈ ਅਤੇ ਸਰਦਾਰ ਬੇਅੰਤ ਸਿੰਘ ਦੀ ਰਹਿਨੁਮਾਈ ਵਿਚ ਸਰਕਾਰ ਨੇ ਉਚੇਚੇ ਕਦਮ ਚੁੱਕੇ ਹਨ। ਪਹਿਲੇ ਹੀ ਪੰਜਾਬ ਵਿਚ 105 ਡਿਸਪੈਂਸਰੀਆਂ ਖੋਲ੍ਹੀਆਂ ਹੋਈਆਂ ਹਨ ਅਤੇ 10 ਬੈਡ ਦਾ ਹਸਪਤਾਲ ਜਲੰਧਰ ਵਿਚ ਖੋਲ੍ਹਿਆ ਹੋਇਆ ਹੈ ਅਤੇ 50 ਹੋਰ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਹੈ ਇਸ ਤੋਂ ਇਲਾਵਾ ਸਰਕਾਰ ਵਲੋਂ 7 ਕਰੋੜ 2 ਲੱਖ ਰੁਪਿਆ ਦੀ ਲਾਗਤ ਨਾਲ ਇਕ ਡਿਗਰੀ ਕਾਲਜ ਸਟੇਟ ਇੰਸਟੀ-ਚਿਊਟ ਆਫ ਹੋਮਿਓਪੈਥਿਕ ਖੋਲਿਆ ਜਾਏਗਾ ਜਿਥੇ ਰਿਸਰਚ ਦਾ ਕੰਮ ਹੋਵੇਗਾ। ਜਿਸ ਨਾਲ 100 ਬਿਸਤਰੇ ਦਾ ਹਸਪਤਾਲ ਅਤੇ ਫਾਰਮੈਸੀ ਵੀ ਹੋਵੇਗੀ ਇਸ ਨੂੰ ਖੋਲ੍ਹਣ ਦਾ ਪੰਜਾਬ ਸਰਕਾਰ ਨੇ ਫੈਸਲਾ ਕਰ ਲਿਆ ਹੈ ਅਤੇ 1992-93 ਵਿਚ 2 ਕਰੋੜ ਰੁਪਿਆ ਰਖਿਆ ਗਿਆ ਹੈ ਮੈਨੂੰ ਦੱਸਣ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਇਹ ਇੰਸਟੀਚਿਊਟ ਏਸ਼ੀਆ ਵਿਚ ਨੰਬਰ 1 ਤੇ ਹੋਵੇਗਾ (ਥੰਪਿੰਗ) ਇਸ ਤਰ੍ਹਾਂ ਦਾ ਪਹਿਲੇ ਕਦੇ ਨਹੀਂ ਬਣਿਆ ਹੋਵੇਗਾ। 3 ਮੋਬਾਈਲ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਹੈ ਅਤੇ ਜਿਥੋਂ ਤਕ ਡਾਕਟਰਾਂ ਦੀ ਭਰਤੀ ਦਾ ਸਵਾਲ ਹੈ। ਜਦੋਂ ਅਸੀਂ 50 ਨਵੀਂਆਂ ਡਿਸਪੈਂਸਰੀਆਂ ਖੋਲ੍ਹਾਂਗੇ ਫਿਰ ਉਸ ਵਿਚ ਡਾਕਟਰਾਂ ਦੀ ਭਰਤੀ ਵੀ ਕਰਾਂਗਾ। ਇਸ ਲਈ ਇਸ ਅਮੈਂਡਮੈਂਟ ਨਾਲ ਬਿਲ ਨੂੰ ਪਾਸ ਕਰ ਦਿੱਤਾ ਜਾਵੇ।

**Mr. Speaker :** Question is—

That the Punjab Homoeopathic Practitioners(Amendment) Bill be taken into consideration at once.

*The Motion was carried.*

Original with;
Punjab Vidhan Sabha
Digitized by;
Panjab Digital Library

**Mr. Speaker :** Now the House will proceed to consider the Bill clause by clause.

**Clause 2**

**Mr. Speaker :** Quostion is—

That Clause 2 stand part of the Bill.

*The Motion was carried.*

**Clause 1**

**Mr. Speaker :** Question is—

That Clause 1 stand part of the Bill.

*The Motion was carried.*

**Title**

**Mr. Speaker :** Question is—

That Title be the Title of the Bill.

*The Motion was carried.*

**Health and Family Welfare Minister (Sardar Lal Singh) :** Sir, I beg to move—

That the Punjab Homoeopathic Practitioners(Amendment) Bill be passed.

**Mr. Speaker :** Motion moved—

That the Punjab Homoeopathic Practitioners(Amendment) Bill be passed

**Mr. Speaker :** Question is—

That the Punjab Homoeopathic Practitioners (Amendment) Bill be passed.

*The Motion was carried.*

---

THE PUNJAB CO-OPERATIVE SOCIETIES (AMENDMENT) BILL, 1993

**Co-operation Minister (Shri Sajjan Kumar Jakhar) :** Sir, I beg to move—

That the Punjab Co-operative Socieities(Amendment) Bill be taken into consideration at once.

**Mr. Speaker :** Motion moved—

That the Punjab Co-operative Socieities(Amendment) Bill be taken into consideration at once.

Discussion. Arshi Ji, would you like to speak on it ?
(*Interruption*)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) :** ਮਾਨਯੋਗ ਸਪੀਕਰ ਸਾਹਿਬ, ਇਹ ਜੋ ਅਮੈਂਡ-ਮੈਂਟ ਲਿਆਂਦੀ ਹੈ ਉਸ ਨਾਲ ਕਿਸੇ ਦੀ ਵਿਰੋਧਤਾ ਨਹੀਂ ਬਲਕਿ ਸਹਿਮਤੀ ਹੈ। ਜਿਸ ਤਰ੍ਹਾਂ ਸਾਰੇ ਜਾਣਦੇ ਹਨ ਕਿ ਸਹਿਕਾਰਤਾ ਲਹਿਰ ਅਜ਼ਾਦੀ ਤੋਂ ਪਹਿਲਾਂ ਹੋਂਦ ਵਿਚ ਆਈ ਉਸ ਵੇਲੇ ਉਹ ਨਾਂਹ ਮਾਤਰ ਰੂਪ ਵਿਚ ਹੀ ਸੀ। ਸਹਿਕਾਰਤਾ ਲਹਿਰ ਦਾ ਪਿੰਡਾਂ ਦੇ ਅਰਥਚਾਰੇ ਨੂੰ ਉਤਸਾਹਿਤ ਕਰਨ ਵਿਚ ਬਹੁਤ ਮਹੱਤਵ-ਪੂਰਨ ਯੋਗਦਾਨ ਰਿਹਾ ਹੈ। ਖਾਸ ਕਰਕੇ ਅਸੀਂ ਵੇਖਦੇ ਹਾਂ ਕਿ ਸੂਦ ਖੋਰ ਜੋ ਗਰੀਬ ਲੋਕਾਂ ਨੂੰ ਲੁਟਦੇ ਸੀ, ਇਸ ਸਹਿਕਾਰਤਾ ਲਹਿਰ ਦੇ ਚਲਣ ਨਾਲ ਸੂਦ ਖੋਰਾਂ ਤੋਂ ਲੋਕਾਂ ਨੂੰ ਕਾਫੀ ਰਾਹਤ ਮਿਲੀ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਖੇਤੀਬਾੜੀ ਵਿਚ ਵੀ ਸਹਿਕਾਰਤਾ ਲਹਿਰ ਦਾ ਕਾਫੀ ਵੱਡਾ ਯੋਗਦਾਨ ਹੈ। ਗਰੀਨ ਰੈਵੋਲਿਊਸ਼ਨ ਲਿਆਉਣ ਵਿਚ ਸਹਿਕਾਰਤਾ ਲਹਿਰ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ। ਸਪੀਕਰ ਸਾਹਿਬ, 61 ਪ੍ਰਤੀਸ਼ਤ ਏਰੀਆ ਪੰਜਾਬ ਵਿਚ ਐਸਾ ਹੈ ਜਿਥੇ ਪਾਣੀ ਬਹੁਤ ਥੱਲੇ ਹੈ ਔਰ ਉਥੇ ਕੇਵਲ ਪ੍ਰਾਈਵੇਟ ਸਾਧਨਾਂ ਤੋਂ ਟਿਊਬਵੈਲ ਵਗੈਰਾ ਲਗੇ ਹਨ ਲੈਂਡ ਮਾਰਟਗੇਜ ਬੈਂਕ ਵੀ ਇਸ ਲਹਿਰ ਦਾ ਹਿੱਸਾ ਹੀ ਹੈ। ਲੈਂਡ ਮਾਰਟਗੇਜ ਬੈਂਕ ਨੇ ਵੀ ਸਹਿਕਾਰਤਾ ਲਹਿਰ ਵਿਚ ਬੜਾ ਯੋਗਦਾਨ ਪਾਇਆ ਹੈ। ਖਾਦਾਂ ਕਿਸਾਨਾਂ ਨੂੰ ਸਪਲਾਈ ਕਰਨ ਵਿਚ ਵੀ ਸਹਿਕਾਰੀ ਲਹਿਰ ਦਾ ਯੋਗਦਾਨ ਰਿਹਾ ਹੈ। ਪਰ, ਸਪੀਕਰ ਸਾਹਿਬ, ਜਿਤਨੀ ਸੰਭਾਵਨਾ ਸੀ ਕਿ ਇਸ ਲਹਿਰ ਵਿਚ ਵਿਕਾਸ ਹੋਵੇਗਾ ਉਤਨਾ ਵਿਕਾਸ ਅਜੇ ਤਕ ਨਹੀਂ ਹੋਇਆ। ਅਜੇ ਹੋਰ ਇਸ ਦੇ ਜਮਹੂਰੀ ਕਰਨ ਦੀ ਲੋੜ ਹੈ। ਇਸ ਰੋਸ਼ਨੀ ਵਿਚ ਵੇਖ ਲਿਆ ਜਾਵੇ। ਅਜੇ ਬਹੁਤ ਕੁਝ ਕਰਨ ਦੀ ਲੋੜ ਹੈ। ਅਫਸਰਸ਼ਾਹੀ ਨੂੰ ਵੀਟੋ ਪਾਵਰਜ਼ ਹਨ। ਏ.ਆਰਜ਼, ਡੀ.ਆਰਜ਼ ਜੋ ਹਨ ਉਹ ਇੰਟਰਫਿਰੈਂਸ ਕਰਦੇ ਹਨ। ਜਿਸ ਕਰਕੇ ਇਹ ਲਹਿਰ ਠੀਕ ਢੰਗ ਦੇ ਨਾਲ ਐਡਵਾਂਸ ਨਹੀਂ ਕਰ ਰਹੀ। ਜਿਸ ਪਰਪਜ਼ ਵਾਸਤੇ ਇਹ ਲਹਿਰ ਹੋਂਦ ਵਿਚ ਲਿਆਂਦੀ ਗਈ ਸੀ ਉਹ ਪਰਪਜ਼ ਸੋਲਵ ਨਹੀਂ ਹੋ ਰਿਹਾ।

ਇਸ ਸਦਨ ਨੇ 1986 ਵਿਚ ਇਕ ਹਾਈ ਪਾਵਰਡ ਕਮੇਟੀ ਬਣਾਈ ਸੀ ਜਿਸ ਦੇ ਸ਼੍ਰੀ ਐਮ.ਐਸ. ਗਿੱਲ, ਆਈ.ਏ.ਐਸ. ਅਫਸਰ ਮੁੱਖੀ ਸਨ। ਉਸ ਕਮੇਟੀ ਵਿਚ ਸਾਰੀਆਂ ਪਾਰਟੀਆਂ ਦੇ ਮੈਂਬਰ ਸਨ। ਉਸ ਕਮੇਟੀ ਨੇ ਕਈ ਹੈਲਦੀ ਰਿਕਮੈਂਡਸ਼ਨ ਕੀਤੀਆਂ ਸਨ। ਉਨ੍ਹਾਂ ਦੀ ਰੋਸ਼ਨੀ ਵਿਚ ਕੋਈ ਵੀ ਅਮੈਂਡਮੈਂਟ ਨਹੀਂ ਲਿਆਂਦੀ ਗਈ। ਅੱਜ ਉਨ੍ਹਾਂ ਦੀ ਰੋਸ਼ਨੀ ਵਿਚ ਅਮੈਂਡਮੈਂਟ ਲਿਆਉਣ ਦੀ ਲੋੜ ਹੈ। 1961 ਦੇ ਐਕਟ ਵਿਚ ਕੋਈ ਬੁਨਿਆਦੀ ਤਬਦੀਲੀ ਨਹੀਂ ਲਿਆਂਦੀ ਗਈ। 1970 ਵਿਚ ਪਾਰਲੀਆਮੈਂਟ ਵਿਚ ਸ਼੍ਰੀ ਬ੍ਰਮ ਪ੍ਰਕਾਸ਼ ਦੀ ਰਹਿਨੁਮਾਈ ਥੱਲੇ ਇੱਕ ਕਮੇਟੀ ਬਣਾਈ ਗਈ ਸੀ। ਉਸ ਕਮੇਟੀ ਨੇ ਮਾਡਲ ਕੋਆਪਰੇਟਿਵ ਐਕਟ ਦਿਤਾ ਜਿਸ ਨੂੰ ਸਾਰੇ ਦੇਸ਼ ਨੇ ਵੈਲਕਮ ਕੀਤਾ। ਮੈਂ ਸਮਝਦਾ ਹਾਂ ਕਿ ਉਸ ਦੀ ਰੋਸ਼ਨੀ ਵਿਚ ਪੰਜਾਬ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ। ਸਹਿਕਾਰਤਾ ਲਹਿਰ ਵਿਚ ਜੋ ਤਬਦੀਲੀਆਂ ਕਰਨ ਵਾਲੀਆਂ ਹਨ ਉਹ ਜ਼ਰੂਰ ਕਰਨੀਆਂ ਚਾਹੀਦੀਆਂ ਹਨ। 28 ਅਗਸਤ, 1992 ਨੂੰ ਜਲੰਧਰ ਵਿਚ ਇਕ ਸੈਮੀਨਾਰ ਹੋਇਆ। ਇਸ ਸੈਮੀਨਾਰ ਵਿਚ ਸਾਡੇ ਸਹਿਕਾਰਤਾ ਮੰਤਰੀ ਵੀ ਹਾਜ਼ਰ ਸਨ। ਸਹਿਕਾਰਤਾ ਮੰਤਰੀ ਜੀ ਸਾਰਾ ਦਿਨ ਉਥੇ ਰਹੇ। 7 ਘੰਟੇ ਮੁੱਖ ਮੰਤਰੀ ਵੀ ਉਸ ਸੈਮੀਨਾਰ ਵਿਚ ਹਾਜ਼ਰ ਰਹੇ। ਉਸ ਸੈਮੀਨਾਰ ਵਿਚ ਸਾਰੇ ਵਰਗਾਂ ਦੇ ਲੋਕਾਂ ਨੇ ਹਿੱਸਾ ਲਿਆ। ਸਾਰੀਆਂ ਰਾਜਸੀ ਪਾਰਟੀਆਂ ਦੇ ਪ੍ਰਤੀਨਿਧਾਂ ਨੇ ਵੀ ਹਿੱਸਾ ਲਿਆ। ਸੈਂਟਰ ਦਾ ਜੋ ਮਾਡਲ ਕੋਆਪਰੇਟਿਵ ਐਕਟ ਹੈ। ਉਸ ਬਾਰੇ ਵੀ ਜਲੰਧਰ ਵਿਚ ਖੁਲ੍ਹ ਕੇ ਵਿਚਾਰਾਂ ਹੋਈਆਂ ਉਥੇ ਇਸ ਰੋਸ਼ਨੀ ਵਿਚ ਅਮੈਂਡਮੈਂਟਸ ਲਿਆਉਣ ਬਾਰੇ ਸਭ ਦੀ ਸਹਿਮਤੀ ਸੀ ਪਰ ਉਨ੍ਹਾਂ ਅਮੈਂਡਮੈਂਟਸ ਦੀ ਇਸ ਬਿਲ ਵਿਚ ਕੋਈ ਝਲਕ ਨਹੀਂ ਮਿਲਦੀ। ਮੈਂ ਸਮਝਦਾ ਹਾਂ ਕਿ ਇਸ ਬਿਲ ਵਿਚ ਸਹਿਕਾਰਤਾ ਲਹਿਰ ਨੂੰ ਜਮਹੂਰੀ ਰੂਪ ਦੇਣ ਦੀ ਲੋੜ ਹੈ। ਸਹਿਕਾਰਤਾ ਲਹਿਰ ਨੂੰ ਬਰਕਰਾਰ ਰੱਖਣ ਬਾਰੇ ਇਸ ਵਿਚ ਹੋਰ ਸੁਧਾਰ ਕਰਨ ਸਬੰਧੀ

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਦੋ ਚਾਰ ਨੁਕਤੇ ਤੁਹਾਡੇ ਸਾਹਮਣੇ ਰਖਣਾ ਚਾਹੁੰਦਾ ਹਾਂ। ਇਸ ਵੇਲੇ ਪੰਜਾਬ ਵਿਚ ਸਹਿਕਾਰੀ ਸਭਾਵਾਂ ਵਿਚ 40 ਪ੍ਰਤੀਸ਼ਤ ਪ੍ਰਬੰਧਕ ਹਨ। ਕਈ ਥਾਵਾਂ ਤੇ ਚੋਣਾਂ ਨਹੀਂ ਕਰਾਈਆਂ ਗਈਆਂ। ਕਿਸੇ ਸੁਸਾਇਟੀ ਵਿਚ ਕਿਸੇ ਵਿਅਕਤੀ ਦਾ ਕਸੂਰ ਹੈ ਜਾਂ ਉਹ ਡੀਫਾਲਟਰ ਹੈ ਤਾਂ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਨਾ ਕਿ ਸਾਰੀ ਸੁਸਾਇਟੀ ਹੀ ਡੀਫਾਲਟਰ ਕਰ ਦਿਤੀ ਜਾਵੇ। ਕਈ ਸੁਸਾਇਟੀਆਂ ਦੀਆਂ ਚੋਣਾਂ ਰੋਕ ਦਿਤੀਆਂ ਗਈਆਂ ਹਨ। ਜੇਕਰ ਕੋਈ ਵਿਅਕਤੀ ਡੀਫਾਲਟਰ ਹੈ ਤਾਂ ਸਾਰੀ ਸੁਸਾਇਟੀ ਨੂੰ ਡੀਫਾਲਟਰ ਕਰਾਰ ਨਹੀਂ ਦੇਣਾ ਚਾਹੀਦਾ। ਉਥੇ ਚੋਣਾਂ ਹੋਣ। ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਅਨਾਉਂਸਮੈਂਟ ਕਰ ਦਿਤੀ ਕਿ ਅਨੁਸਚਿਤ ਜਾਤੀਆਂ ਦੇ 5,000 ਰੁਪਏ ਤਕ ਦੇ ਕਰਜ਼ੇ ਮਾਫ ਕਰਨੇ ਹਨ। ਇਸ ਬਾਰੇ ਇਕ ਪਰੋਸੈਸ ਚਲਿਆ ਸੀ। ਇਕ ਆਰਡਰ ਕਰ ਦਿਤਾ ਕਿ ਜਿਹੜੇ ਅਨੁਸੂਚਿਤ ਜਾਤੀ ਦੇ ਲੋਕ ਡੀਫਾਲਟਰ ਹੋਣਗੇ ਉਹ ਇਸ ਵਿਚ ਹਿੱਸਾ ਨਹੀਂ ਲੈ ਸਕਣਗੇ।

ਫਿਰ ਕਿਹਾ ਗਿਆ ਕਿ ਕਰਜ਼ੇ ਮੁਆਫ ਕਰਨ ਦਾ ਪ੍ਰਾਸੈਸ ਮੁੱਕ ਜਾਣ ਦਿਉ, ਉਸ ਤੋਂ ਬਾਅਦ ਚੋਣਾਂ ਕਰਵਾ ਦਿੱਤੀਆਂ ਜਾਣਗੀਆਂ। ਪਰ ਹਾਲੇ ਤੱਕ ਕੋਈ ਕਲੀਅਰ ਕੱਟ ਹਦਾਇਤਾਂ ਹੀ ਜਾਰੀ ਨਹੀਂ ਕੀਤੀਆਂ ਗਈਆਂ ਹਨ। ਜਿਹੜੇ ਸਹਿਕਾਰੀ ਕਰਜ਼ੇ ਹਨ, ਉਹ ਮੁਆਫ ਕਰ ਦਿੱਤੇ ਗਏ ਹਨ, ਜਿਸ ਕਾਰਨ ਅਨੁਸੂਚਿਤ ਜਾਤੀ ਦੇ ਲੋਕ ਡਿਫਾਲਟਰ ਨਹੀਂ ਰਹੇ ਅਤੇ ਬਾਕਾਇਦਾ ਮੈਂਬਰ ਹਨ ਅਤੇ ਚੋਣਾਂ ਵਿੱਚ ਪਾਰਟੀਸਿਪੇਟ ਕਰ ਸਕਦੇ ਹਨ। ਇਸ ਗੱਲ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਹੁਣ 40 ਪ੍ਰਤੀਸ਼ਤ ਦੇ ਕਰੀਬ ਸਹਿਕਾਰੀ ਸਭਾਵਾਂ ਵਿੱਚ ਪ੍ਰਬੰਧਕ ਲਗੇ ਹਨ। ਬਹੁਤ ਹੀ ਵਿਸ਼ੇਸ਼ ਹਾਲਾਤ ਵਿਚ ਪ੍ਰਬੰਧਕ ਲਾਉਣਾ ਚਾਹੀਦਾ ਹੈ ਅਤੇ ਇਹ ਵੀ ਧਿਆਨ ਰਖਿਆ ਜਾਵੇ ਕਿ ਉਸ ਦੀ ਵੱਧ ਤੋਂ ਵੱਧ ਮਿਆਦ ਇਕ ਸਾਲ ਤੋਂ ਜ਼ਿਆਦਾ ਨਾ ਹੋਵੇ। ਸਰਕਾਰ ਨੂੰ ਸਭ ਤੋਂ ਪਹਿਲਾਂ ਜਿਹੜੀਆਂ ਸਹਿਕਾਰੀ ਸਭਾਵਾਂ ਦੀਆਂ ਹਰ ਪੱਧਰ ਤੇ ਚੋਣਾਂ ਬਕਾਇਆ ਹਨ, ਉਨ੍ਹਾਂ ਨੂੰ ਕਰਾਉਣ ਵੱਲ ਉਚੇਰਾ ਧਿਆਨ ਦੇਣਾ ਚਾਹੀਦਾ ਹੈ। 1961 ਦੇ ਐਕਟ ਦੇ ਅਧੀਨ ਰੂਲ ਵੀ ਬਣਾਏ ਗਏ, ਅਧਿਕਾਰ ਵੀ ਸਭਾਵਾਂ ਨੂੰ ਦਿੱਤੇ ਗਏ ਕਿ ਉਹ ਬਾਈ-ਲਾਜ਼ ਵੀ ਬਣਾ ਸਕਦੀਆਂ ਹਨ। ਇਨ੍ਹਾਂ ਗੱਲਾਂ ਨੂੰ ਮੈਂ ਵੈਲਕਮ ਕਰਦਾ ਹਾਂ। ਪਰ ਇਸ ਦੇ ਨਾਲ ਹੀ ਇਹ ਅਫਸੋਸ ਦੀ ਗੱਲ ਹੈ ਕਿ ਜੋ ਅਮੈਂਡਮੈਂਟ ਹੈ ਉਹ ਇਸ ਤਰ੍ਹਾਂ ਹੋਣੀ ਚਾਹੀਦੀ ਸੀ ਕਿ ਰਜਿਸਟਰਾਰ, ਜਿਵੇਂ ਧਾਰਾ 10-ਏ ਵਿਚ ਦਰਜ ਹੈ, ਸਹਿਕਾਰੀ ਸਭਾਵਾਂ ਵਲੋਂ ਬਣਾਏ ਗਏ ਜਿਹੜੇ ਬਾਈ-ਲਾਜ਼ ਹਨ, ਉਨ੍ਹਾਂ ਵਿਚ ਹਰ ਤਰ੍ਹਾਂ ਤਰਮੀਮ ਕਰਨ ਦਾ ਅਧਿਕਾਰ ਰਖਦਾ ਹੈ, ਇਹ ਨਹੀਂ ਹੋਣਾ ਚਾਹੀਦਾ। ਇਹ ਜਮਹੂਰੀ ਫੰਕਸ਼ਨ ਕਿਸ ਤਰ੍ਹਾਂ ਦਾ ਹੋ ਸਕਦਾ ਹੈ। ਸਹਿਕਾਰੀ ਸਭਾਵਾਂ ਦੁਆਰਾ ਬਣਾਏ ਗਏ ਬਾਈ-ਲਾਜ਼ ਵਿੱਚ ਸਰਕਾਰੀ ਨਾਮੀਨੀਜ਼ ਜਿਵੇਂ ਏ.ਆਰ.ਹੈ ਜਾਂ ਡੀ.ਆਰ.ਹੈ, ਉਹ ਆਪਣੀ ਮਨ-ਮਰਜ਼ੀ ਦੀ ਤਰਮੀਮ ਕਰ ਸਕਦਾ ਹੈ। ਇਸ ਅਧਿਕਾਰ ਨੂੰ ਵਾਪਸ ਲੈਣਾ ਚਾਹੀਦਾ ਹੈ। ਇਕ ਪ੍ਰੋਵੀਜ਼ਨ ਹੈ ਕਿ ਜੇ ਇਕ ਵਿਅਕਤੀ ਹੇਠਲੇ ਪੱਧਰ ਤੇ ਵੀ ਹੈ ਅਤੇ ਇਕ ਡੇਢ ਸਾਲ ਬਾਅਦ ਉਪਰਲੇ ਪੱਧਰ ਤੇ ਵੀ ਚੁਣਿਆ ਗਿਆ ਹੈ ਤਾਂ ਅਗਰ ਉਸ ਦੀ ਹੇਠਾਂ ਤੋਂ ਟੈਨਿਉਰ ਖਤਮ ਹੁੰਦੀ ਹੈ ਤਾਂ ਉਪਰਲੇ ਪੱਧਰ ਤੋਂ ਵੀ ਖਤਮ ਹੋ ਜਾਵੇਗੀ। ਉਸਨੂੰ ਉਪਰਲੀ ਪੱਧਰ ਦਾ ਸਮਾਂ ਵੀ ਜ਼ਰੂਰ ਪੂਰਾ ਕਰਨ ਦੇਣਾ ਚਾਹੀਦਾ ਹੈ। ਬਾਕੀ ਜਿਹੜੇ ਸਰਕਾਰੀ ਨਾਮੀਨੀਜ਼ ਦੀ ਸੰਖਿਆ ਸਹਿਕਾਰੀ ਸਭਾਵਾਂ ਵਿਚ ਲੱਗੀ ਹੈ, ਉਹ ਬੇਲੋੜੀ ਹੈ, ਉਹ ਘਟਾਉਣੀ ਚਾਹੀਦੀ ਹੈ। ਉਨ੍ਹਾਂ ਨੂੰ ਸਹਿਕਾਰੀ ਸਭਾਵਾਂ ਦੀ ਪੂੰਜੀ ਨੂੰ ਧਿਆਨ ਵਿਚ ਰੱਖ ਕੇ ਲਾਉਣਾ ਚਾਹੀਦਾ ਹੈ। ਧਾਰਾ 26(4) ਖਤਮ ਹੋਵੇ ਜੋ RCS ਨੂੰ ਸਭਾ ਦੇ ਮਤਿਆਂ ਨੂੰ ਰੱਦ ਕਰਨ ਦਾ ਅਧਿਕਾਰ ਦਿੰਦੀ ਹੈ।

**ਸ਼੍ਰੀ ਸਪੀਕਰ:** ਅਰਸ਼ੀ ਜੀ, ਤੁਸੀਂ ਅਮੈਂਡਮੈਂਟ ਤੇ ਟੂ ਦੀ ਪੁਆਇੰਟ ਬੋਲੋ।

Original with;
Punjab Vidhan Sabha
Digitized by;
Punjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਕੁਝ ਸੁਝਾਓ ਦਿੱਤੇ ਜਾ ਸਕਦੇ ਹਨ। ਕੁਆਪਰੇਟਿਵ ਮਨਿਸਟਰ ਸਾਹਿਬ ਵੀ ਮੇਰੇ ਨਾਲ ਸਹਿਮਤ ਹਨ। ਇਨ੍ਹਾਂ ਵਿਚ ਸਾਡੀ ਸਾਰਿਆਂ ਦੀ ਦਿਲਚਸਪੀ ਹੈ। ਇਹ ਅਮੈਂਡਮੈਂਟਾਂ ਲੈ ਕੇ ਨਹੀਂ ਆਏ ਪਰ ਲੈ ਕੇ ਆਉਣੀਆਂ ਚਾਹੀਦੀਆਂ ਸਨ। ਇਹ ਬੜੇ ਅਹਿਮ ਨੁਕਤੇ ਹਨ। ਅੱਜ ਸਹਿਕਾਰੀ ਲਹਿਰ ਨੂੰ ਇਨ੍ਹਾਂ ਗੱਲਾਂ ਕਾਰਣ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਨ੍ਹਾਂ ਅਮੈਂਡਮੈਂਟਾਂ ਦੀ ਬੜੀ ਜ਼ਰੂਰਤ ਹੈ, ਉਨ੍ਹਾਂ ਨੂੰ ਲੈ ਕੇ ਆਈਏ। ਸਪੀਕਰ ਸਾਹਿਬ, ਅੱਜ ਇਹ ਗੱਲ ਬੜੀ ਜ਼ਰੂਰੀ ਹੈ ਕਿ ਜਿਹੜਾ ਸਰਕਾਰੀ ਅਧਿਕਾਰੀ ਦਾ ਦਖਲ ਹੈ, ਵੀਟੋ ਪਾਵਰ ਹੈ, ਉਸਤੇ ਰੋਕ ਲਾਈ ਜਾਵੇ। ਇਕ ਪਾਸੇ ਤਾਂ ਡਾਇਰੈਕਟਰ ਕੋਈ ਡਿਸੀਜ਼ਨ ਕਰ ਜਾਣ ਅਤੇ ਦੂਜੇ ਪਾਸੇ ਗੌਰਮਿੰਟ ਅਧਿਕਾਰੀ ਆਪਣੀ ਵੀਟੋ ਪਾਵਰ ਵਰਤ ਲਵੇ ਤਾਂ ਡਾਇਰੈਕਟਰਾਂ ਦੀ ਗੱਲ ਦਾ ਕੋਈ ਮੁੱਲ ਨਹੀਂ ਰਹਿੰਦਾ, ਸਰਕਾਰੀ ਨਾਮਿਨੀ ਦੀ ਗੱਲ ਹੀ ਮੰਨੀ ਜਾਂਦੀ ਹੈ। ਫਿਰ ਇਹ ਕਿਸ ਤਰ੍ਹਾਂ ਸਹਿਕਾਰੀ ਅੰਦੋਲਨ ਹੈ, ਕਿਸ ਤਰ੍ਹਾਂ ਦੀ ਜਮਹੂਰੀ ਪ੍ਰਕ੍ਰਿਆ ਹੈ। ਇਹ ਗੱਲ ਖਤਮ ਹੋਣੀ ਚਾਹੀਦੀ ਹੈ।

ਇਕ ਗੱਲ ਹੋਰ ਕਿ ਬਿਨਾਂ ਸੁਸਾਇਟੀਆਂ ਦੀ ਤਕਲੀਫ ਦਾ ਅਧਿਕਾਰ ਏ. ਆਰਜ਼ ਨੂੰ ਹੈ ਕਿਸ ਤਰ੍ਹਾਂ ਚਾਰ ਸੁਸਾਇਟੀਆਂ ਨੂੰ ਇਕੱਠਾ ਕਰਕੇ ਇਕ ਬਣਾ ਦਿੱਤਾ ਜਾਂਦਾ ਹੈ ਅਤੇ ਕਿਸ ਤਰ੍ਹਾਂ ਇਕ ਸੁਸਾਇਟੀ ਨੂੰ ਚਾਰ ਵਿਚ ਡਿਵਾਈਡ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਪੁਛਿਆ ਤੱਕ ਨਹੀਂ ਜਾਂਦਾ। ਸਬੰਧਤ ਅਫਸਰਾਂ ਦੀ ਮਰਜ਼ੀ ਹੈ, ਜਿਸ ਤਰ੍ਹਾਂ ਮਰਜ਼ੀ ਕਰੀ ਜਾਣ। ਇਸ ਨਾਲ ਜਮਹੂਰੀਅਤ ਨੂੰ ਧੱਕਾ ਲਗਦਾ ਹੈ। ਇਸ ਗੱਲ ਵੱਲ ਗੰਭੀਰਤਾ ਨਾਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਇਸ ਲਹਿਰ ਦਾ ਜਿਹੜਾ ਜਮਹੂਰੀ ਸਰੂਪ ਹੈ ਉਸ ਨੂੰ ਪੂਰੀ ਤਰ੍ਹਾਂ ਬਹਾਲ ਕੀਤਾ ਜਾਵੇ। ਅੱਗੇ ਹੋਰ ਇਕ ਕੋਆਪਰੇਟਿਵ ਕੰਪਨੀਜ਼ ਦਾ ਆਈਡੀਆ ਆ ਰਿਹਾ ਹੈ। ਇਹ ਇਕ ਖਤਰਨਾਕ ਪੱਖ ਹੈ। ਇਸ ਵਿਚ ਵੱਡੇ ਵੱਡੇ ਇੰਡਸਟਰੀਅਲਿਸਟ ਆਉਣਗੇ ਅਤੇ ਕੋਆਪਰੇਟਿਵ ਕੰਪਨੀਜ਼ ਬਣਾਉਣਗੇ। ਇਸ ਤੋਂ ਬਾਅਦ ਮਲਟੀ ਕੋਆਪਰੇਟਿਵ ਕੰਪਨੀਜ਼ ਤੱਕ ਦਾ ਰਸਤਾ ਖੁੱਲ੍ਹ ਸਕਦਾ ਹੈ। ਇਹ ਇਕ ਖਤਰਨਾਕ ਗੱਲ ਹੈ।

ਇਕ ਗੱਲ ਹੋਰ, ਸਪੀਕਰ ਸਾਹਿਬ, ਔਰਤਾਂ ਸਾਡੀ ਆਬਾਦੀ ਦਾ 50 ਪ੍ਰਤੀਸ਼ਤ ਹਿੱਸਾ ਹਨ। ਪਰ ਉਨ੍ਹਾਂ ਦੀ ਸਹਿਕਾਰੀ ਅੰਦੋਲਨ ਵਿੱਚ ਸ਼ਮੂਲੀਅਤ ਨਾਂਹ ਦੇ ਬਰਾਬਰ ਹੈ। ਤਾਮਿਲਨਾਡੂ, ਕੇਰਲਾ ਅਤੇ ਕਰਨਾਟਕਾ ਵਿਚ ਅਮੈਂਡਮੈਂਟ ਰਾਹੀਂ ਕੰਪਲਸਰੀ ਕਰ ਦਿੱਤਾ ਗਿਆ ਹੈ ਕਿ ਇਸਤਰੀਆਂ ਸਹਿਕਾਰੀ ਸਭਾਵਾਂ ਵਿਚ 1-2 ਦੀ ਗਿਣਤੀ ਵਿਚ ਜ਼ਰੂਰ ਪ੍ਰਤੀਨਿਧਤਾ ਕਰਨਗੀਆਂ। ਸਾਨੂੰ ਵੀ ਸਹਿਕਾਰੀ ਅੰਦੋਲਨ ਨੂੰ ਇਸ ਪਾਸੇ ਵੱਲ ਲਿਆਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਵੀਕਰ ਸੈਕਸ਼ਨ ਦੀਆਂ ਇਸਤਰੀਆਂ ਨੂੰ ਵੀ ਵੱਧ ਤੋਂ ਵੱਧ ਇਸ ਪਾਸੇ ਵੱਲ ਲਿਆਂਦਾ ਜਾਵੇ।

**ਸ਼੍ਰੀ ਸਪੀਕਰ :** ਵਾਈਂਡ ਅੱਪ ਕਰੋ ਜੀ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂ ਕਾਫੀ ਸੰਖੇਪ ਵਿੱਚ ਨੁੱਕਤੇ ਰਖੇ ਹਨ। ਇਨ੍ਹਾਂ ਤੇ ਸਾਡਾ ਸਾਰਿਆ ਦਾ ਕੋਈ ਮਤਭੇਦ ਨਹੀਂ ਹੋਣਾ ਚਾਹੀਦਾ। ਇਥੇ 3 ਟਰਮਾਂ ਦੀ ਟੈਨਿਓਰ ਜਿਹੜੀ ਪਰੋਪੋਜ਼ ਕੀਤੀ ਹੈ, ਉਸ ਦੇ ਨਾਲ ਮੇਰੀ ਸਹਿਮਤੀ ਹੈ। ਸਰਦਾਰ ਐਮ.ਐਸ. ਗਿੱਲ ਦੀ ਜਿਹੜੀ ਰਿਕੁਮੈਂਡੇਸ਼ਨ ਸੀ, ਉਸ ਦੀ ਰੋਸ਼ਨੀ ਵਿਚ ਮੈਂ ਆਪਣੀ ਸੋਧ ਪੇਸ਼ ਕੀਤੀ ਹੈ ਅਤੇ ਆਪਣੇ ਤਜਰਬੇ ਦੇ ਆਧਾਰ ਤੇ ਹਾਊਸ ਦੇ ਸਾਹਮਣੇ ਪੇਸ਼ ਕੀਤੀ ਹੈ। ਮੈਂ ਆਸ ਕਰਦਾ ਹਾਂ ਕਿ ਸਹਿਕਾਰਤਾ ਮੰਤਰੀ ਆਉਣ ਵਾਲੇ ਸਮੇਂ

Original with;
Punjab Vidhan Sabha
Digitized by;
Panjab Digital Library

ਵਿਚ ਇਨ੍ਹਾਂ ਨੂੰ ਵਿਚਾਰਨਗੇ ਅਤੇ ਅਗਲੇ ਸੈਸ਼ਨ ਵਿਚ ਲੋੜੀਂਦੀ ਅਮੈਂਡਮੈਂਟ ਲਿਆਉਣਗੇ ਤਾਂ ਕਿ ਲੋਕ-ਪੱਖੀ ਅਤੇ ਜਮਹੂਰੀਅਤ ਪੱਖੀ ਸਹਿਕਾਰਤਾ ਅੰਦੋਲਨ ਇਸ ਨੂੰ ਬਣਾਇਆ ਜਾ ਸਕੇ।

**ਸ੍ਰੀ ਸਪੀਕਰ** : ਤਰਸੇਮ ਜੀ, ਮੈਂ ਤੁਹਾਡੇ ਨਾਲ ਵਾਇਦਾ ਕੀਤਾ ਸੀ, ਇਸ ਕਰਕੇ ਤੁਸੀਂ ਹੁਣ ਬੋਲ ਲਓ, ਸਿਰਫ 2 ਮਿਟ ਵਾਸਤੇ। ਟਾਈਮ ਦੇ ਵਿਚ ਵਿਚ ਵਾਈਂਡ ਅੱਪ ਕਰਨਾ ਅਤੇ ਕੋਈ ਰੈਪੀਟੀਸ਼ਨ ਨਾ ਕਰਨਾ।

**ਕਾਮਰੇਡ ਤਰਸੇਮ ਜੋਧਾਂ** (ਜ਼ਿਲਾ ਰਾਏਪੁਰ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਪੰਜਾਬ ਕੋਆਪਰੇਟਿਵ ਸੋਸਾਇਟੀਜ਼ (ਅਮੈਂਡਮੈਂਟ) ਬਿੱਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਵਿਸਥਾਰ ਵਿਚ ਨਹੀਂ ਜਾਵਾਂਗਾ। ਸਹਿਕਾਰਤਾ ਲਹਿਰ ਜਿਸ ਢੰਗ ਨਾਲ ਸਾਡੇ ਦੇਸ਼ ਵਿਚ ਅਤੇ ਪੰਜਾਬ ਵਿਚ ਵਧਣੀ ਚਾਹੀਦੀ ਸੀ, ਉਹ ਨਹੀਂ ਵੱਧ ਰਹੀ। ਇਸ ਦੇ ਵਧਣ ਵਿਚ ਰੁਕਾਵਟ ਹੈ। ਇਸ ਲਹਿਰ ਤੇ ਅਫਸਰਸ਼ਾਹੀ ਦਾ ਅਤੇ ਜੋ ਖਾਂਦੇ ਪੀਂਦੇ ਧਨੀ ਲੋਕ ਹਨ, ਉਨ੍ਹਾਂ ਨੇ ਇਸ ਲਹਿਰ ਤੇ ਗਲਬਾ ਕੀਤਾ ਹੋਇਆ ਹੈ। ਜਿਹੜੇ ਚੁਣੇ ਹੋਏ ਨੁਮਾਇੰਦੇ ਹਨ, ਜਿਹੜੀ ਚੁਣੀ ਹੋਈ ਬਾਡੀ ਹੈ, ਉਸ ਦੀ ਗੱਲ ਮੰਨੀ ਨਹੀਂ ਜਾਂਦੀ। ਅਸੀਂ ਪਿੰਡਾਂ ਵਿਚ ਦੇਖਦੇ ਹਾਂ ਕਿ ਜਿਹੜੇ ਸ਼ਡਿਊਲਡ ਕਾਸਟ ਲੋਕ ਹਨ, ਉਨ੍ਹਾਂ ਦੀ ਪਾਰਟੀਸਿਪੇਸ਼ਨ ਇਨ੍ਹਾਂ ਸੋਸਾਇਟੀਆਂ ਵਿਚ ਨਾਮੀਨਲ ਹੈ। ਇਸ ਲਹਿਰ ਵਿਚ ਬਹੁਤ ਸਾਰੀਆਂ ਰੁਕਾਵਟਾਂ ਹਨ। ਸੋਸਾਇਟੀਆਂ ਵਿਚ ਬਹੁਤ ਜ਼ਿਆਦਾ ਘਪਲੇਬਾਜ਼ੀ ਹੁੰਦੀ ਹੈ। ਲੋਕਾਂ ਦੇ ਨਾਵਾਂ ਤੇ ਜਾਅਲੀ ਕਰਜ਼ੇ ਚਾੜੇ ਜਾਂਦੇ ਹਨ ਪਰ ਜੇ ਉਨ੍ਹਾਂ ਦੀਆਂ ਸ਼ਿਕਾਇਤਾਂ ਹੁੰਦੀਆਂ ਹਨ ਤਾਂ ਕੋਈ ਸੁਣਵਾਈ ਨਹੀਂ ਹੁੰਦੀ। ਇਸ ਕਰਕੇ ਅੱਜ ਲੋੜ ਇਸ ਗੱਲ ਦੀ ਹੈ ਕਿ ਇਸ ਲਹਿਰ ਨੂੰ ਨਿਖਾਰਨ ਵਾਸਤੇ ਇਸ ਦਾ ਹੋਰ ਜਮਹੂਰੀ-ਕਰਨ ਕੀਤਾ ਜਾਵੇ। ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਤੋਂ ਅਫਸਰਸ਼ਾਹੀ ਦਾ ਗਲਬਾ ਚੁਕਿਆ ਜਾਵੇ। ਅੱਜ ਛੋਟੀ ਛੋਟੀ ਗੱਲ ਤੇ ਸੋਸਾਇਟੀਆਂ ਤੋੜ ਦਿੱਤੀਆਂ ਜਾਂਦੀਆਂ ਹਨ ਅਤੇ ਪ੍ਰਸ਼ਾਸਕ ਲਾ ਦਿੱਤੇ ਜਾਂਦੇ ਹਨ। ਉਹ ਆਪਣੀਆਂ ਮਨਮਾਨੀਆਂ ਕਰਦੇ ਹਨ। ਸੋਸਾਇਟੀਆਂ ਦੇ ਪਹਿਲਾਂ ਹੋਏ ਫੈਸਲੇ ਪ੍ਰਸ਼ਾਸਕ ਲਗਿਆ ਏ.ਆਰ. ਮਿੰਟਾਂ ਸਕਿੰਟਾਂ ਵਿਚ ਬਦਲ ਦਿੰਦਾ ਹੈ ਅਤੇ ਆਪਣੀ ਮਨ-ਮਰਜ਼ੀ ਕਰਦਾ ਹੈ। ਇਸ ਕਰਕੇ ਇਸ ਲਹਿਰ ਦਾ ਜਮਹੂਰੀਕਰਨ ਕਰਨ ਵਾਸਤੇ ਇਸ ਤੋਂ ਅਫਸਰਸ਼ਾਹੀ ਦਾ ਗਲਬਾ ਦੂਰ ਕੀਤਾ ਜਾਵੇ। ਇਸ ਤੋਂ ਇਲਾਵਾ ਸ਼ਡਿਊਲਡ ਕਾਸਟ ਅਤੇ ਸ਼ਡਿਊਲਡ ਟਰਾਈਬਜ਼ ਲੋਕਾਂ, ਜਿਨ੍ਹਾਂ ਦਾ ਕੋਈ ਨੁਮਾਇੰਦਾ ਨਹੀਂ ਹੈ, ਉਨ੍ਹਾਂ ਲੋਕਾਂ ਨੂੰ ਇਸ ਲਹਿਰ ਵਿਚ ਵੱਧ ਤੋਂ ਵੱਧ ਪਾਰਟੀਸਿਪੇਸ਼ਨ ਕਰਾਉਣ ਲਈ ਇਸ ਵਿਚ ਲੋੜੀਂਦੀ ਵਿਵਸਥਾ ਕੀਤੀ ਜਾਵੇ। ਧੰਨਵਾਦ।

**ਡਾਕਟਰ ਰਮੇਸ਼ ਦੱਤ** (ਅਨੰਦਪੁਰ ਸਾਹਿਬ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪੰਜਾਬ ਕੋਆਪਰੇਟਿਵ ਸੋਸਾਇਟੀਜ਼ (ਅਮੈਂਡਮੈਂਟ) ਬਿੱਲ ਤੇ ਬੋਲਣ ਵਾਸਤੇ ਟਾਈਮ ਦਿੱਤਾ ਹੈ। ਇਹ ਠੀਕ ਹੈ ਕਿ ਪਿੰਡਾਂ ਦੇ ਅੰਦਰ ਛੋਟੇ ਵਰਗ ਨੂੰ, ਸਧਾਰਣ ਕਿਸਾਨਾਂ ਨੂੰ ਜਾਂ ਗਰੀਬ ਆਦਮੀ ਨੂੰ ਸਹਿਕਾਰਤਾ ਲਹਿਰ ਨਾਲ ਕਾਫੀ ਤੋਂ ਜ਼ਿਆਦਾ ਫਾਇਦਾ ਹੋਇਆ ਹੈ। ਬੜੇ ਬੜੇ ਸ਼ਾਹੂਕਾਰਾਂ ਅਤੇ ਸੂਦਖੋਰਾਂ ਤੋਂ ਇਨ੍ਹਾਂ ਲੋਕਾਂ ਨੂੰ ਰਾਹਤ ਮਿਲੀ ਹੈ। ਇਹ ਜਿਹੜੀ ਅਮੈਂਡਮੈਂਟ ਇਥੇ ਲਿਆਂਦੀ ਗਈ ਹੈ, ਉਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ 3 ਸਾਲ ਦੀ ਜਿਹੜੀ ਵਿਵਸਥਾ ਕੀਤੀ ਗਈ ਹੈ, ਮੇਰੇ ਖਿਆਲ ਵਿਚ 3 ਸਾਲ ਦੀ ਬਜਾਏ ਇਹ ਸਮਾਂ 5 ਸਾਲ ਕਰ ਦਿੱਤਾ ਜਾਵੇ। ਤਾਂ ਠੀਕ ਹੈ ਕਿਉਂਕਿ ਪੰਚਾਇਤਾਂ ਵਿਚ ਵੀ ਇਸੇ ਤਰ੍ਹਾਂ ਹੀ ਹੈ। ਇਸ ਤੋਂ ਇਲਾਵਾ ਜਿਹੜੀ 2 ਟਰਮਾਂ ਦੀ ਬੈਨ ਇਸ ਅਮੈਂਡਮੈਂਟ ਵਿਚ ਲਗਾ ਦਿੱਤੀ ਗਈ ਹੈ, ਇਹ ਵੀ ਠੀਕ ਨਹੀਂ ਹੈ। ਜੇ ਇਕ ਆਦਮੀ ਸਾਰੀ ਉਮਰ ਐਮ.ਐਲ.ਏ. ਬਣ ਸਕਦਾ ਹੈ, ਪ੍ਰਾਈਮ ਮਨਿਸਟਰ ਬਣ ਸਕਦਾ ਹੈ ਤਾਂ ਦੋ ਟਰਮਾਂ ਤੋਂ ਵੱਧ ਇਕ

Original with;
Punjab Vidhan Sabha
Digitized by;
Panjab Digital Library

[ਡਾਕਟਰ ਰਮੇਸ਼ ਦੱਤ]

ਆਦਮੀ ਸੋਸਾਇਟੀ ਦਾ ਮੈਂਬਰ ਕਿਉਂ ਨਹੀਂ ਬਣ ਸਕਦਾ? ਇਸ ਵਿਚ ਇਸ ਕਿਸਮ ਦੀ ਬੈਨ ਲਗਾਉਣ ਵਾਲੀ ਕੋਈ ਗੱਲ ਨਹੀਂ ਹੈ ਕਿਉਂਕਿ ਵੋਟਾਂ ਦੇ ਨਾਲ ਹੀ ਉਸ ਨੇ ਚੁਣਿਆ ਜਾਣਾ ਹੈ। ਅੱਜ ਇਥੇ ਐਮ.ਐਸ.ਗਿੱਲ ਦੀ ਕਮੇਟੀ ਬਾਰੇ ਕਾਫੀ ਕੁਝ ਅਰਸ਼ੀ ਜੀ ਨੇ ਦਸਿਆ ਹੈ। ਉਸ ਕਮੇਟੀ ਦੇ ਅੰਦਰ ਬਹੁਤ ਸਾਰੇ ਨੁਕਤਿਆਂ ਤੇ ਕੋਆਪਰੇਟਿਵ ਦੇ ਜਿਹੜੇ ਰੂਟਸ ਅਰਥਾਤ ਬੇਸਿਕ ਮੈਂਬਰ ਹਨ ਜਿੰਨੀ ਦੇਰ ਤੱਕ ਉਨ੍ਹਾਂ ਨੂੰ ਵੱਧ ਅਧਿਕਾਰ ਨਹੀਂ ਦਿੱਤੇ ਜਾਂਦੇ ਉਦੋਂ ਤੱਕ ਕੋਆਪਰੇਟਿਵ ਡਿਪਾਰਟਮੈਂਟ ਦਾ ਸੁਧਾਰ ਨਹੀਂ ਹੋ ਸਕਦਾ। ਇਹ ਗੱਲ ਠੀਕ ਹੈ ਕਿ ਮਨਿਸਟਰ ਸਾਹਿਬ ਦੇ ਆਉਣ ਦੇ ਨਾਲ ਕੁਰੱਪਸ਼ਨ ਨੂੰ ਕੁੱਝ ਠੱਲ੍ਹ ਪਈ ਹੈ। ਪਰ ਜੇਕਰ ਇਹ ਜਿਹੜੀ ਕੁਰੱਪਸ਼ਨ ਹੈ ਇਸ ਨੂੰ ਠੱਲ ਪਾਉਣ ਲਈ ਕੋਈ ਅਮੈਂਡਮੈਂਟ ਨਹੀਂ ਲਿਆਈ ਜਾਂਦੀ ਜਿਸ ਤਰ੍ਹਾਂ ਕਿ ਐਡਮਨਿਸਟਰੇਟਰ ਤਾਂ ਲਗ ਜਾਂਦਾ ਹੈ ਪਰ ਐਡਮਨਿਸਟਰੇਟਰ ਦੇ ਦੌਰ ਦੇ ਅੰਦਰ ਏਨੀ ਮਿਸ-ਐਪਰੋਪਰੀਏਸ਼ਨ ਆਫ ਫੰਡਜ਼ ਹੁੰਦੀ ਹੈ, ਜਿਸ ਤਰ੍ਹਾਂ ਕਮੇਟੀ ਨੂੰ ਪਾਰਟੀ ਬਣਾ ਕੇ ਉਸ ਤੇ ਮੁਕਦਮਾ ਚਲਾਇਆ ਜਾ ਸਕਦਾ ਹੈ, ਉਸੇ ਤਰ੍ਹਾਂ ਐਡਮਨਿਸਟਰੇਟਰ ਦੇ ਦੌਰ ਦੇ ਦੌਰਾਨ ਜੇਕਰ ਕੋਈ ਫੰਡਜ਼ ਦੀ ਮਿਸ-ਐਪਰੋਪਰੀਏਸ਼ਨ ਹੁੰਦੀ ਹੈ ਤਾਂ ਉਸ ਨੂੰ ਵੀ ਪਾਰਟੀ ਬਣਾਏ ਜਾ ਸਕਣ ਬਾਰੇ ਅਮੈਂਡਮੈਂਟ ਲਿਆਂਦੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਹੀ ਮੈਂ ਕਹਿਣਾ ਚਾਹੁੰਦਾ ਹੈ ਕਿ ਸੋਸਾਇਟੀਜ਼ ਦੇ ਜਿਹੜੇ ਸੈਕਟਰੀ ਹਨ, ਪਿੰਡ ਦੇ ਲੋਕ ਜਿਹੜੇ ਹਨ ਉਹ ਬੜੇ ਅਨਪੜ੍ਹ ਹਨ, ਹਿੱਸੇਦਾਰ ਹਨ, ਕਰਜ਼ਾ ਲੈਂਦੇ ਹਨ, ਕਰਜ਼ਾ ਦਿੰਦੇ ਹਨ, ਉਨ੍ਹਾਂ ਨੂੰ ਚੈੱਕ ਬੁੱਕਾਂ/ਕਾਪੀਆਂ ਮਿਲੀਆਂ ਹੋਈਆਂ ਹਨ। ਕਾਪੀਆਂ ਦੀ ਵੈਲੀਡਿਟੀ ਜਿਹੜੀ ਹੈ ਉਹ ਸਰਕਾਰ ਨਹੀਂ ਦਿਆ ਕਰਦੀ ਕਿਉਂਕਿ ਉਨ੍ਹਾਂ ਕਾਪੀਆਂ ਤੇ ਰਿਕਵਰੀ ਦੇ ਪੈਸੇ ਦਰਜ ਕਰ ਦਿੱਤੇ ਜਾਂਦੇ ਹਨ। ਨਾ ਉਨ੍ਹਾਂ ਦੇ ਖਾਤੇ ਵਿੱਚ ਪੈਸੇ ਦਿੱਤੇ ਜਾਂਦੇ ਹਨ ਨਾ ਉਹ ਬੈਂਕਾਂ ਵਿੱਚ ਜਮ੍ਹਾਂ ਹੁੰਦੇ ਹਨ। ਇਸ ਕਰਕੇ ਜਿਸ ਵੇਲੇ ਦੁਬਾਰਾ ਉਹ ਮੈਂਬਰ ਬਣਦਾ ਹੈ ਜਾਂ ਪੈਸੇ ਲੈਣ ਜਾਂਦਾ ਤਾਂ ਇਹ ਕਹਿ ਦਿੱਤਾ ਜਾਂਦਾ ਹੈ ਕਿ ਇਹ ਤਾਂ ਡੀਫਾਲਟਰ ਹੈ ਪਿਛਲਾ ਕਰਜ਼ਾ ਹੀ ਨਹੀਂ ਦਿੱਤਾ ਔਰ ਇਸ ਤਰ੍ਹਾਂ ਦੇ ਹਜ਼ਾਰਾਂ ਹੀ ਕੇਸ ਹਨ ਜਿਨ੍ਹਾਂ ਵਿੱਚ ਸੈਕਟਰੀਜ਼ ਲੱਖਾਂ ਰੁਪਏ ਖਾ ਗਏ ਹਨ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੋਇਆ ਕਰਦੀ ਔਰ ਉਹ ਲੋਕ ਜਿਹੜੇ ਹਨ ਉਹ ਮੁੜ ਕੇ ਕਰਜ਼ਾ ਨਹੀਂ ਲੈ ਸਕਦੇ। ਮੈਂ ਸਪੀਕਰ ਸਾਹਿਬ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਇਹ ਅਮੈਂਡਮੈਂਟ ਲਿਆਂਦੀ ਹੈ ਉਸੇ ਤਰ੍ਹਾਂ ਇਹ ਵੀ ਅਮੈਂਡਮੈਂਟ ਲਿਆ ਕੇ ਜਿਹੜੇ ਮੈਂਬਰਾਂ ਦਾ ਕਰਜ਼ਾ ਵਾਪਸ ਆਵੇ ਤਾਂ ਜੋ ਉਥੇ ਦਾ ਸੈਕਟਰੀ, ਸਬ-ਇੰਸਪੈਕਟਰ ਜਾਂ ਇਨਸਪੈਕਟਰ ਕਾਪੀ ਦੇ ਅੰਦਰ ਦਰਜ ਕਰਕੇ ਦਸਤਖਤ ਕਰ ਦਿੰਦਾ ਹੈ ਤਾਂ ਉਹ ਸਾਬਤ ਹੋ ਜਾਂਦਾ ਹੈ ਔਰ ਸਪੈਸ਼ਲ ਆਡਿਟ ਹੋਣ ਤੋਂ ਬਾਅਦ ਉਸ ਨੂੰ ਡੀਫਾਲਟਰ ਕਰਾਰ ਨਹੀਂ ਦਿੱਤਾ ਜਾਣਾ ਚਾਹੀਦਾ। ਮੁਕਦਮਾ ਚਾਹੇ ਜਿੰਨੀ ਦੇਰ ਮਰਜ਼ੀ ਚਲਦਾ ਰਹੇ ਪਰ ਉਸਦਾ ਦੁਬਾਰਾ ਲੈਣ ਦੇਣ ਸ਼ੁਰੂ ਕਰ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਦੀ ਸੋਧ ਦੇ ਨਾਲ ਹੀ ਜਿਹੜੇ ਇਸਦੇ ਬੈਨੀਫਿਟਸ ਹਨ ਉਹ ਆਮ ਲੋਕਾਂ ਨੂੰ ਮਿਲ ਸਕਦੇ ਹਨ। ਸ਼ਾਇਦ ਕੁਝ ਲੋਕਾਂ ਨੂੰ ਇਹ ਗੱਲ ਚੰਗੀ ਨਾ ਲੱਗੇ ਪਿਛੇ ਜਿਹੇ ਕੁਝ ਸੋਸਾਇਟੀਜ਼ ਦੇ ਕਰਜ਼ੇ ਮੁਆਫ ਹੋਏ ਹਨ ਅਤੇ ਹੁਣ ਵੀ ਐਸ. ਸੀ. ਅਤੇ ਬੀ.ਸੀ ਦੇ ਕਰਜ਼ੇ ਸੁਸਾਇਟੀਜ਼ ਦੇ ਮੁਆਫ ਹੋਏ ਹਨ, ਮੈਂ ਇਨ੍ਹਾਂ ਕਰਜ਼ਿਆਂ ਦੇ ਮੁਆਫ ਹੋਣ ਦੇ ਵਿਰੁਧ ਨਹੀਂ ਭਾਵੇਂ ਮੁਆਫ ਹੋ ਜਾਣ, ਸਰਕਾਰ ਗਰੀਬ ਲੋਕਾਂ ਨੂੰ ਰਾਹਤ ਦੇਵੇ ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ, ਪਰ ਮੈਨੂੰ ਇਤਰਾਜ਼ ਹੈ ਕਿ ਜਿਹੜੇ ਲੋਕ ਕਦੇ ਕਿਸ਼ਤ ਨਹੀਂ ਦਿੰਦੇ ਹਨ ਹਮੇਸ਼ਾ ਦੇ ਹਮੇਸ਼ਾ ਹੀ ਡੀਫਾਲਟਰ ਰਹਿੰਦੇ ਹਨ ਪਰ ਉਹ ਤਾਕਤਵਾਰ ਹੁੰਦੇ ਹਨ ਉਹੀ ਇਸ ਤਰ੍ਹਾਂ ਦੇ ਬੈਨੀਫਿਟ ਲੈਣ ਤੋਂ ਬਾਅਦ ਫਿਰ ਉਨ੍ਹਾਂ ਨੂੰ ਹੀ ਇਹ ਬੇਨੀਫਿਟ ਮਿਲਦਾ ਹੈ ਔਰ ਉਹੀ ਲੋਕ ਕਰਜ਼ਾ ਮੁਆਫੀ ਦੇ ਵਿਚ ਫਾਇਦਾ ਲੈਂਦੇ ਹਨ।

**ਸ਼੍ਰੀ ਸਪੀਕਰ:** ਪਲੀਜ਼ ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ ਜੀ।

Original with;
Punjab Vidhan Sabha
Digitized by;
Panjab Digital Library

**ਡਾਕਟਰ ਰਮੇਸ਼ ਦੱਤ**: ਮੈਂ ਵਾਈਂਡ ਅੱਪ ਕਰਦਾ ਹਾਂ ਜੀ। ਇਸ ਤਰ੍ਹਾਂ ਦੀ ਵੀ ਅਮੈਂਡਮੈਂਟ ਆਉਣੀ ਚਾਹੀਦੀ ਹੈ ਕਿ ਜਿਹੜੇ ਲੋਕ ਡੀਫਾਲਟਰਜ਼ ਹਨ ਕਾਨੂੰਨ ਨੂੰ ਨਹੀਂ ਮੰਨਦੇ ਔਰ ਨਾ ਹੀ ਕਾਨੂੰਨ ਮੁਤਾਬਿਕ ਪੈਸੇ ਜਮ੍ਹਾਂ ਕਰਾਉਂਦੇ ਹਨ ਉਨ੍ਹਾਂ ਕਾਰਨ ਸੋਸਾਇਟੀਆਂ ਬਹੁਤ ਤੇਜ਼ੀ ਨਾਲ ਪਿੱਛੇ ਹਟ ਰਹੀਆਂ ਹਨ। ਸੋਸਾਈਟੀਆਂ ਵਿਚ ਕੁਰੱਪਸ਼ਨ ਬਹੁਤ ਵੱਧ ਰਹੀ ਹੈ। ਇਹ ਸਾਰੀਆਂ ਗੱਲਾਂ ਅਫਸਰਸ਼ਾਹੀ ਦੇ ਹੱਥ ਵਿਚ ਹਨ। ਜੇ ਕਮੇਟੀ ਕਿਸੇ ਸੈਕਟਰੀ ਨੂੰ ਕੱਢ ਦਿੰਦੀ ਹੈ ਤਾਂ ਉਹ ਦੋ ਮਿੰਟਾਂ ਦੇ ਅੰਦਰ ਜਾ ਕੇ ਸਟੇਅ ਲੈ ਆਉਂਦਾ ਹੈ। ਜਦੋਂ ਤੱਕ ਸੈਕਟਰੀ ਅਤੇ ਅਫਸਰ ਨਹੀਂ ਰਲਦੇ ਉਦੋਂ ਤੱਕ ਕਿਸੇ ਸੋਸਾਇਟੀ ਵਿਚ ਗਬਨ ਨਹੀਂ ਹੁੰਦਾ। ਮੇਰੀ ਬੇਨਤੀ ਹੈ ਕਿ ਇਹ ਸਟੇਅ ਉਦੋਂ ਤੱਕ ਨਹੀਂ ਮਿਲਣੀ ਚਾਹੀਦੀ ਜਦੋਂ ਤੱਕ ਡੈਮੋਕਰੇਟਿਕ ਤੌਰ ਤੇ ਚੁਣੀ ਹੋਈ ਕਮੇਟੀ ਵਲੋਂ ਇਨਕੁਆਰੀ ਨਾ ਕੀਤੀ ਜਾਵੇ। ਇਸ ਤਰ੍ਹਾਂ ਦੀਆਂ ਖਾਸ ਅਮੈਂਡਮੈਂਟਸ ਆਉਣੀਆਂ ਚਾਹੀਦੀਆਂ ਹਨ ਤਾਂ ਕਿ ਸਹਿਕਾਰੀ ਲਹਿਰ ਵਿਚ ਹੋਰ ਉਤਸ਼ਾਹ ਹੋ ਸਕੇ ਅਤੇ ਵੱਧ ਤੋਂ ਵੱਧ ਲੋਕ ਹਿੱਸਾ ਪਾ ਕੇ ਸਹਿਕਾਰਤਾ ਨੂੰ ਉੱਚਾ ਲਿਜਾ ਸਕਣ। ਮੈਂ ਇਸ ਬਿਲ ਦੀ ਪਹਿਲੀ ਧਾਰਾ ਦਾ ਵਿਰੋਧ ਕਰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ।

**सहकारता मंत्री (श्री सज्जन कुमार जाखड़)** : स्पीकर साहिब, मेरे साथी मैंबरों ने बड़े अच्छे अच्छे सुझाव दिये हैं। अरशी साहिब ने भी कुछ सुझाव दिये हैं। अरशी साहिब ने तो अपने आप ही कन्ट्राडिक्शन वाली बात कर दी, कि पंजाब सरकार ने गिल कमेटी 12-12-86 को बनाई थी जिसमें 11 मैंबर थे और आर.सी.एस. भी इस कमेटी में मैंबर थे, कोप्रेटरज़ भी मैंबर थे। जो उस कमेटी ने रिपोर्ट दी उस रिपोर्ट पर पंजाब सरकार अभी विचार कर ही रही थी कि सैंटर सरकार ने जो बृहम प्रकाश कमेटी बनाई थी उसने अपनी रिपोर्ट में माडल एक्ट बनाने की तजवीज दे दी। उस माडल एक्ट बनाने की तजवीज और गिल कमेटी की रिपोर्ट दोनों को स्टडी करने के लिये हम ने जालन्धर में एक फारम बुलाया था। मैं भी इस मीटिंग में मौजूद था। सी. अैम. साहिब ने भी अपना पूरा समय निकाल कर इस ओर अपना समय दिया। उस समय उस मीटिंग में सारे पंजाब के कोआप्रेटिव मैंबर आये हुये थे। उन सभी ने इस मीटिंग में अपने अपने विचार पेश किये और आज जो यह अमैंडमैंट लाई गई है यह उन के विचारों के अनुसार ही लाई गई है। सब से पहली अमैंडमैंट इनक्रीज इन शेयर कैपीटल की है। यह सब से बड़ी डिमांड थी। मैम्बरों की डिमांड थी। गिल कमेटी में भी यह बात उठाई गई थी। ब्रहम प्रकाश कमेटी में भी यह बात उठी थी कि शेयर कैपीटल बढ़ाना बहुत जरूरी है। शेयर कैपीटल बढाने के दो बड़े फायदे यह होते हैं। जो 10,000/-रुपए की लिस्ट तय की गई थी वह काफी पहले तय की गई थी। दस हज़ार रुपये के शेयर कैपीटल में सारा काम नहीं हो सकता। कमेटी में यह सुझाव पेश किया था कि "ਸੁਸਾਇਟੀ ਦੀ ਹਿੱਸਾ ਪੂੰਜੀ ਵਧਣ ਨਾਲ ਸਭਾਵਾਂ ਕੋਲ ਜ਼ਿਆਦਾ ਫੰਡ ਇਕੱਠੇ ਹੋਣਗੇ। ਸਭਾ ਦੀ ਉਧਾਰ ਲੈਣ ਦੀ ਸਮਰੱਥਾ ਵਧੇਗੀ ਤੇ ਉਧਾਰ ਲੈਣ ਦੀ ਸਮਰੱਥਾ ਵਧਣ ਕਰਕੇ ਸਭਾ ਦਾ ਕੰਮ ਕਾਜ ਵੀ ਵਧੇਗਾ। ਇਸ ਨਾਲ ਟਰਾਂਸਪੋਰਟ ਅਤੇ ਉਦਯੋਗ ਸਭਾਵਾਂ ਆਦਿ ਆਪਣੇ ਫੰਡ ਵਧਾਉਣ ਦੀ ਸੁਵਿਧਾ ਹੋਵੇਗੀ ਜਿਸ ਨਾਲ ਹੋਰ ਕੰਮ ਵਧੇਗਾ ਇਸ ਨਾਲ ਸਭਾ ਵੱਧ ਤੋਂ ਵੱਧ ਹੱਦ ਕਰਜ਼ੇ ਦੀ ਮਿਆਦ ਵਧੇਗੀ ਜਿਹੜੀ ਕਿ ਸ਼ੇਅਰ ਕੈਪੀਟਲ ਦੀ ਲੋੜ ਨਾਲ ਸਬੰਧਤ ਹੈ।"

Original with;
Punjab Vidhan Sabha
Digitized by;
Panjab Digital Library

[सहकारता मंत्री]

क्योंकि शेयर कैपीटल अगर ज्यादा होगा तो आप इस में हद करजा बढ़ा सकते हैं। हद करजा ज्यादा होगा तो उसका लेन देन ज्यादा बढ़ेगा। लेन देन ज्यादा बढ़गा तो सभी का काम बढ़ेगा इसलिये शेयर कैपीटल की अमेंडमैंट लाई गई है।

दूसरी बात पांच साल की टर्म के बजाए तीन साल की हो। सारे मैंबर जो जालन्धर सैमीनार में वहां मौजूद थे 75 प्रतिशत इसके साथ सहमत थे कि टर्म पांच साल की हो। केवल 25 प्रतिशत चाहते थे कि टर्म तीन साल की हो। जो ब्रहम प्रकाश कमेटी थी वो भी मानती थी कि तीन साल की होनी चाहिये। लेकिन उस कमेटी ने, सब की राये को देख कर यह कहा कि टर्म पांच साल की होनी चाहिये तभी इसमें फायदा होगा। क्योंकि जो कमेटियां हैं उनके 1/3 मैंबर हरेक साल रिटायर हो जाते थे उनका भी कमेटियों पर बुरा असर पड़ता था क्योंकि हर तीसरे साल 1/3 मैम्बर रिटायर हो जाना और उनकी जगह नये मैंबर आ जाना और नये मैम्बरों में कौन चैयरमैन बनना है कौन सैक्रेटरी, कौन दूसरा अफसर बनाना है इसी में लगे रहते थे और चुनाव में ही टाईम लग जाता था कोई काम नहीं होता था इस लिये यह मसला तीन साल की बजाए पांच साल का कर दिया। दूसरी डिमांड यह थी कि एम.एल. ए. पांच साल के लिये सरपंच पांच साल के लिये है बाकी सारे अदारे पांच साल के लिये हैं फिर यह तीन साल का क्यों। यह भी पांच साल का होना चाहिये। इस लिये पांच साल का किया गया।

अरशी साहिब ने एक और सवाल उठाया कि Administra'or नियुक्त करने का। इस बात पर भी सरकार ने सोचा और जालन्धर की मीटिंग में भी यह बात उठी। फिर सोच समझ कर फैसला किया कि Administrator जो हमने लगाना है। प्राईमरी सोसाइटी में 6 महीने के लिये लगाना है। सैन्ट्रल और अपैक्स सोसाइटी में एक साल के लिये लगाना है। लेकिन इसमें कुछ मुद्दे रह गये कि प्राईमरी सोसाइटी की मियाद एक साल की कर दी जाये और सैन्ट्रल और अपैक्स क्योंकि उनके बोर्ड एक साल में बन नहीं सकते। उन की मियाद तीन साल कर दी जाए। और उन में यह शर्त लगा दी गई कि जो भी बोर्ड नियुक्त होगा वो उसी टर्म के लिये रखा जाएगा। बीच में कोई आदमी बदला नहीं जाएगा। जैसे एक बोर्ड मैंने नियुक्त कर दिया है मेरी मर्जी हो तो दस दिन के बाद बदल सकता था। पर अब वो बदलना खतम कर दिया है अब जो सरकार एक बोर्ड नियुक्त कर देगी वो बीच टाईम में बदल नहीं सकती जब अैक्सटैनशन का टाईम आयेगा तब ही बदला जायेगा। इन सब बातों को ध्यान में रखते हुये यह बात की थी।

अरशी साहिब और डा० रमेश जी ने जो सवाल उठाए थे उनको सोच कर कर्जा मुआफी के बारे में बात की थी। मेरी भी सहमती है आने वाले टाईम में जो भी कर्जा मुआफी का सवाल होगा इस सम्बन्ध में मैंने मुख्य मंत्री साहिब से भी बात की है जो कर्जा आज तक वापस देता आया है उसका मुआफ हो। जो नहीं देता उसका मुआफ नहीं करेंगे। यह ध्यान में रखेंगे क्योंकि यह बहुत जरूरी है। आज तक तो जो सरकार अनाऊंस कर चुकी है वो तो हो गया लेकिन आगे से इस बात का पूरा ध्यान रखा जायेगा। कोप्रेटिव

Original with;
Punjab Vidhan Sabha
Digitized by;
Panjab Digital Library

अमैंडमैंट में जितनी भी शर्तें रजामंदी से आ सकती थी, जो जालंधर सैमीनार में हुई थी, वो हमने सारी इस बिल में लाने की कोशिश की है। आगे भी यदि कोई तरमीमें और सुझाव बाद में आते रहेंगे, जो हम कर सकेंगे तो वो भी करेंगे।

**Mr. Speaker :** Question is—

That the Punjab Co-opertive Societies (Amendment) Bill be taken into consideration at once.

*The Motion was carried unanimously.*

**Mr. Speaker :** Now the House will proceed to consider the Bill Clause By Clause.

**Clause 2**

**Mr. Speaker :** Question is—

That Clause 2 stand part of the Bill.

*The Motion was carried unanimously.*

**Clause 3**

**Mr. Speaker :** Question is—

That Clause 3 stand part of the Bill.

*The Motion was carried unanimously.*

**Clause 4**

**Mr. Speaker :** There is a notice of amendment to this Clause by Comrade Harvdev Singh Arshi. He may please move his amendment.

**Comrade Hardev Singh Arshi :** Sir, I beg to move—

That for the proposed sub-section (2) and the Explanation thereunder, substitute the following :—

"(2) No person shall be eligible for being elected President or Chairman or Managing Director to the Committee of any Co-operative Society after he has served on Committee of that Co-operative Society as President or Chairman or Managing Director after the commencement of the Punjab Co-operative Societies (Amendment) Act, 1993, for three continuous terms, unless a period of not less than one term has expired since he last so served.

*Explanation.*—For the purpose of computing the period of three terms under Sub-Section (2), if a person ceased to serve on the Committee on account of resignation tendered by him, he shall be deemed to have so served for the full term in which resignation was tendered."

**Mr. Speaker :** Motion moved—

That for the proposed sub-section (2) and the Explanation thereunder, substitute the following :—

"(2) No person shall be eligible for being elected President or Chairman or Managing Director to the Committee of any Co-operative Society after he has served on Committee of that Co-operative Society as President or

Original with;
Punjab Vidhan Sabha
Digitized by;
Panjab Digital Library

[Mr. Speaker]

Chairman or Managing Director after the commencement of the Punjab Co-operative Societies (Amendment) Act, 1993, for three continuous terms unless a period of not less than one term has expired since he last so served.

*Explanation.*—For the purpose of computing the period of three terms under Sub-Section (2) if a person ceased to serve on the Committee on account of resignation tendered by him, he shall be deemed to have so served for the full term in which resignation was tendered."

**Mr. Speaker :** Question is—

That for the proposed sub-section (2) and the Explanation thereunder, substitute the following :—

"(2) No person shall be eligible for being elected President or Chairman or Managing Director to the Committee of any Co operative Society after he has served on Committee of that Co-operative Society as President or Chairman or Managing Director after the commencement of the Punjab Co-operative Societies (Amendment) Act, 1993, for three continuous terms unless a period of not less than one term has expired since he last so served.

*Explanation.*— For the purpose of computing the period of three terms under Sub-Section (2), if a person ceased to serve on the Committee on account of resignation tendered by him, he shall be deemed to have so served for the full term in which resignation was tendered."

*The Motion was lost.*

**Mr. Speaker :** Question is—

That Clause 4 stand part of the Bill.

*The Motion was carried.*

**Clause 1**

**Mr. Speaker :** Question is—

That Clause 1 stand part of the Bill.

*The Motion was carried.*

**Title**

**Mr. Speaker :** Question is—

That title be the Title of the Bill.

*The Motion was carried.*

**Co-operation Minister (Shri Sajjan Kumar Jakhar) :** Sir, I beg to move—

That the Punjab Co-operative Societies (Amendment) Bill be passed.

**Mr. Speaker :** Motion moved—

That the Punjab Co-operative Societies (Amendment) Bill be passed.

Original with;
Punjab Vidhan Sabha
Digitized by;
Panjab Digital Library

**Mr. Speaker :** Question is—

That the Punjab Co-operative Societies (Amdnement) Bill be passed.

*The Motion was carried.*

---

## THE PUNJAB LAND CEILING LAWS (VALIDATION OF EXERCISE OF POWERS) BILL, 1993

**Minister of State for Revenue and Rehabilitation (Sardar Jagmohan Singh Kang)** : Sir, I beg to introduce the Punjab Land Ceiling Laws (Validation of Exercise of Powers) Bill.

Sir, I also beg to move—

That the Punjab Land Ceiling Laws (Validation of Exercise of Powers) Bill be taken into consideration at once.

**Mr. Speaker :** Motion moved—

That the Punjab Land Ceiling Laws (Validation of Exercise of Powers) Bill be taken into consideration at once.

Discussion, if any.

**ਸ੍ਰੀ ਮਦਨ ਮੋਹਨ ਮਿੱਤਲ (ਨੰਗਲ)** : ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ I have gone through the Statement of Objects and Reasons ਪਰ ਜੋ ਰੀਜ਼ਨ ਦਿੱਤੇ ਗਏ ਹਨ ਕਿ ਹਾਈ ਕੋਰਟ ਵਿਚ ਰਿੱਟ ਕੀਤੀ ਗਈ। ਉਨ੍ਹਾਂ ਵਿਚ ਆਰਡਰ ਐਡੀਸ਼ਨਲ ਕਮਿਸ਼ਨਰ ਨੇ ਇਸ ਕਰਕੇ ਇਨਵੈਲਡ ਕੀਤੇ ਕਿ by law, the powers were conferred upon it although they were appointed for particular division and the orders passed by the Collectors. ਔਰ ਐਡੀਸ਼ਨਲ ਕਮਿਸ਼ਨਰ ਲਗਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਪਾਵਰਾਂ ਨਹੀ ਦਿੱਤੀਆਂ ਅਤੇ ਐਕਟ ਵਿਚ ਐਡੀਸ਼ਨਲ ਕਮਿਸ਼ਨਰ ਦੀ ਪਰੋਵੀਜ਼ਨ ਨਹੀਂ ਸੀ ਕਿ he will enjoy the same power as the Commissioner enjoys. ਅਗਰ ਇਸ ਤਰੀਕੇ ਨਾਲ ਬੈਕ ਡੇਟ ਤੋਂ ਇਨਵੈਲਡ ਕਰਾਂਗੇ, ਫਿਊਚਰ ਵਾਸਤੇ ਤਾਂ ਸਮਝ ਆਉਂਦਾ ਹੈ ਹਰ ਬੈਕ ਡੇਟ ਤੋਂ ਪਤਾ ਨਹੀਂ ਆਰਡਰ ਹੋ ਗਏ ਹਨ ਤਾਂ ਉਸ ਨਾਲ ਕਿਸੇ ਨੂੰ ਲਾਭ ਹੋਵੇਗਾ ਅਤੇ ਕਿਸੇ ਨੂੰ ਨੁਕਸਾਨ। ਇਹ ਬੈਕ ਡੇਟ ਨਹੀਂ ਹੋਣੀ ਚਾਹੀਦੀ ਅਤੇ ਫਿਊਚਰ ਵਾਸਤੇ ਪਾਵਰ ਕਨਫਰਡ ਕਰਦੇ ਹਨ ਤਾਂ There is no harm and particularly when that matter has already gone to the High Court, we are validating those things which have already been done and in favour of certain persons. ਮੈਂ ਅਰਜ਼ ਕਰਦਾ ਹਾਂ ਕਿ ਅਗਰ ਪਹਿਲਾਂ ਲਾਅ ਨਹੀਂ ਸੀ ਤਾਂ ਫਿਊਚਰ ਵਾਸਤੇ ਲਾਅ ਬਣਾਇਆ ਜਾਵੇ ਅਤੇ ਇਸ ਨੂੰ ਰੀਟਰੋਸਪੈਕਟਿਵ ਨਾ ਲਗਾਇਆ ਜਾਵੇ । ਅਸੀਂ ਉਨ੍ਹਾਂ ਨੂੰ ਜੋ ਕੇਸ ਦੇ ਫੇਵਰ ਵਿਚ ਆਰਡਰ ਹਨ, ਉਨ੍ਹਾਂ ਦੀ ਵੈਲਡਿਟੀ ਕਰਾਂਗੇ ਔਰ ਅਗਰ ਇਸ ਰੀਟਰੋਸਪੈਕਟਿਵ ਨਾਲ ਲਗਾਵਾਂਗੇ ਤਾਂ ਸਾਰੇ ਲੋਕੁਨਾਜ਼ ਫਿਲ-ਅਪ ਹੋ ਕੇ ਲੋਕਾਂ ਨਾਲ ਧੱਕਾ ਹੋ ਸਕਦਾ ਹੈ ਅਗਰ ਇਸ ਨਾਲ ਇੰਡਿਵਿਜੂਅਲ ਕੇਸ ਕਵੱਰ ਨਾ ਹੁੰਦਾ ਹੋਵੇ। ਮੈਨੂੰ ਯਾਦ ਹੈ ਕਿ ਇੱਕ ਵਾਰੀ ਇਸੇ ਸਦਨ ਵਿਚ ਪੰਜਾਬ ਪਰੀਐਮਸ਼ਨ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਐਕਟ ਦੀ ਅਮੈਂਡਮੈਂਟ ਕੀਤੀ ਗਈ ਅਤੇ Under the Constitutional Law, the provisions contested. Those laws were repealed and both these amendments were taken to repeal those Acts only to favour particular individual and now it has beome law of the State. ਸੋ ਇਹ ਨਾ ਹੋਵੇ ਕਿ ਬੈਕ ਗਰਾਊਂਡ ਵਿਚ ਕੋਈ ਇਨਡਿਵੀਜੂਅਲ ਕੇਸ ਹੋਵੇ। ਇਸ ਵਿਚ ਤਾਂ ਇੰਨਾ ਹੀ ਦਸਿਆ ਗਿਆ ਕਿ ਰਿੱਟ ਹੋਈ ਸੀ। ਮੈਂ ਇਹ ਗੱਲ ਕਹਿਣ ਵਾਸਤੇ ਖੜ੍ਹਾ ਹੋਇਆ ਹਾਂ ਕਿ ਬਾਕੀ ਜਿਸ ਅਫਸਰ ਨੂੰ, ਕਮਿਸ਼ਨਰ ਨੂੰ ਜਾਂ ਐਡੀਸ਼ਨਲ ਕਮਿਸ਼ਨਰ ਨੂੰ ਪਾਵਰਾਂ ਦਿੱਤੀਆਂ ਹਨ, all these are one and the same thing. ਲੇਕਿਨ ਇਹ ਫਿਊਚਰ ਵਾਸਤੇ ਦੇਣ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

**ਰਾਜ ਮੰਤਰੀ, ਮਾਲ ਅਤੇ ਪੁਨਰਵਾਸ (ਸਰਦਾਰ ਜਗਮੋਹਨ ਸਿੰਘ ਕੰਗ) :** ਪੰਜਾਬ ਵਿਚ ਜ਼ਮੀਨ ਦੀ ਸੀਲਿੰਗ ਲਈ ਤਿੰਨ ਐਕਟ ਹਨ :—

1. ਪੰਜਾਬ ਸਿਕਿਉਰਟੀ ਲੈਂਡ ਐਕਟ, 1953 ।

2. ਪੰਜਾਬ ਟੈਂਡੈਂਸੀ ਮੈਡੀਕਲ ਐਕਟ, 1975 ।

3. ਪੰਜਾਬ ਲੈਂਡ ਰਿਫਾਰਮਜ਼ ਐਕਟ, 1972 ।

ਇਨ੍ਹਾਂ ਐਕਟਾਂ ਵਿਚ ਕੁਲੈਕਟਰ ਦੀਆਂ ਪਾਵਰਾਂ ਐਸ.ਡੀ.ਓ. ਸਿਵਲ ਨੂੰ ਦਿੱਤੀਆਂ ਗਈਆਂ ਹਨ ਅਤੇ ਉਨ੍ਹਾਂ ਨੂੰ ਕੁਲੈਕਟਰ ਰੈਵੀਨਿਊ ਕਿਹਾ ਜਾਂਦਾ ਹੈ। ਕੇਸ ਛੇਤੀ ਨਿਪਟਾਉਣ ਲਈ ਐਡੀਸ਼ਨਲ ਕਮਿਸ਼ਨਰਾਂ ਦੀਆਂ ਦੋ ਆਸਾਮੀਆਂ ਸਰਕਾਰ ਵਲੋਂ ਰਚੀਆਂ ਗਈਆਂ। ਬਾਅਦ ਵਿਚ ਇਕ ਕੇਸ ਵਿਚ ਐਡੀਸ਼ਨਲ ਕਮਿਸ਼ਨਰ ਦੇ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਇਸ ਆਧਾਰ ਤੇ ਦਿੱਤੀ ਗਈ ਕਿ ਐਡੀਸ਼ਨਲ ਕਮਿਸ਼ਨਰਾਂ ਦੀ ਨਿਯੁਕਤੀ ਬਾਰੇ ਐਕਟ ਵਿਚ ਉਪਬੰਧ ਨਹੀਂ ਕਾਨੂੰਨੀ ਮਸ਼ੀਰ ਨੇ ਰਾਇ ਦਿੱਤੀ ਕਿ ਬਾਅਦ ਵਿਚ ਕੋਈ ਹੋਰ ਵੀ ਇਸ ਤਰ੍ਹਾਂ ਦਾ ਕੇਸ ਨਾ ਕਰੇ ਇਸ ਲਈ ਜਿਹੜੇ ਐਡੀਸ਼ਨਲ ਕਮਿਸ਼ਨਰ ਪਹਿਲੇ ਲੱਗੇ ਸਨ ਉਨ੍ਹਾਂ ਦੀ ਨਿਯੁਕਤੀ ਲਈ ਵੈਲੀਡੇਸ਼ਨ ਬਿਲ ਪਾਸ ਕਰ ਲਿਆ ਜਾਵੇ। ਬਾਅਦ ਵਿਚ ਐਡੀਸ਼ਨਲ ਕਮਿਸ਼ਨਰਾਂ ਦੀਆਂ ਆਸਾਮੀਆਂ ਖਤਮ ਕਰ ਦਿੱਤੀਆਂ ਗਈਆਂ ਸਨ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 27 ਜੁਲਾਈ, 1977 ਤੋਂ 4 ਮਈ, 1982 ਤਕ ਦੋ ਅਫਸਰਾਂ, ਸ਼੍ਰੀ ਡੀ.ਐਸ. ਚੌਧਰੀ ਅਤੇ ਸ਼੍ਰੀ ਅਨੋਖ ਸਿੰਘ ਪਾਵਾਰ ਨੂੰ ਐਡੀਸ਼ਨਲ ਕਮਿਸ਼ਨਰਾਂ ਦੀਆਂ ਪਦਵੀਆਂ ਤੇ ਲਾਇਆ ਗਿਆ ਸੀ। 4 ਮਈ, 1982 ਨੂੰ ਅਤੇ ਫਿਰ 16 ਸਤੰਬਰ, 1982 ਨੂੰ ਜੋ ਨੋਟੀਫੀਕੇਸ਼ਨ ਹੋਇਆ ਸੀ ਉਸ ਨੂੰ ਚੈਲੰਜ ਕੀਤਾ ਗਿਆ ਅੰਡਰ ਸਬ-ਸੈਕਸ਼ਨ 3 ਆਫ ਸੈਕਸ਼ਨ 32 ਆਫ ਦੀ ਪੈਪਸੂ ਟੈਨੈਂਸੀ ਐਂਡ ਐਗਰੀਕਲਚਰ ਲੈਂਡ ਐਕਟ, 1955। ਫਿਰ ਸਾਨੂੰ ਇਹ ਸੋਧ ਲਿਆਉਣੀ ਪਈ। ਮੌਜੂਦਾ ਸੋਧ ਪਾਸ ਹੋ ਜਾਣ ਨਾਲ ਐਡੀਸ਼ਨਲ ਕਮਿਸ਼ਨਰਾਂ ਵਲੋਂ ਪਹਿਲਾਂ ਕੀਤਾ ਗਿਆ ਕੰਮ ਰੇਗੂਲਰ ਹੋ ਜਾਵੇਗਾ ਔਰ ਆਉਣ ਵਾਲੇ ਸਮੇਂ ਵਿੱਚ ਕਿਸੇ ਤੇ ਵੀ ਕੋਈ ਅਸਰ ਨਹੀਂ ਪਵੇਗਾ।

**Mr. Speaker :** Question is—

That the Punjab Land Ceiling Laws (Validation of Exercise of Powers) Bill be taken into consideration at once.

*The Motion was carried.*

**Mr. Speaker :** Now, the House will consider the Bill clause by clause.

Original with;
Punjab Vidhan Sabha
Digitized by;
Panjab Digital Library

**Clause 2**

**Mr. Speaker :** Question is—

That Clause 2 stand part of the Bill.

*The Motion was carried.*

**Schedule**

**Mr. Speaker :** Question is—

That Schedule stand part of the Bill.

*The Motion was carried.*

**Clause 1**

**Mr. Speaker :** Question is—

That Clause 1 stand part of the Bill.

*The Motion was carried.*

**Title**

**Mr. Speaker :** Question is—

That title be the Title of the Bill.

*The Motion was carried.*

**Minister of State for Revenue and Rehabilitation (Sardar Jagmohan Singh Kang) :** Sir, I beg to move—

That the Punjab Land Ceiling Laws (Validation of Exercise of Powers) Bill be passed.

**Mr. Speaker :** Motion moved—

That the Punjab Land Ceiling Laws (Validation of Exercise of Powers) Bill be passed.

**Mr. Speaker :** Questions is—

That the Punjab Land Ceiling Laws (Validation of Exercise of Powers) Bill be passed.

*The Motion was carried.*

---

## THE PUNJAB GENERAL SALES TAX (AMENDMENT) BILL, 1993

**Excise and Taxation Minister (Sardar Shamsher Singh Dullo) :** Sir, I beg to introduce the Punjab General Sales Tax (Amendment) Bill.

Sir, I also beg to move—

That the Punjab General Sales Tax (Amendment) Bill be taken into consideration at once.

**Mr. Speaker :** Motion moved—

That the Punjab General Sales Tax (Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

**ਸਰਦਾਰ ਅਵਤਾਰ ਸਿੰਘ ਕਰੀਮਪੁਰੀ (ਮਹਿਲਪੁਰ, ਐਸ. ਸੀ.)** : ਮਾਨਯੋਗ ਸਪੀਕਰ ਸਾਹਿਬ, ਜੋ ਜਨਰਲ ਸੇਲਜ਼ ਟੈਕਸ (ਅਮੈਂਡਮੈਂਟ) ਬਿੱਲ ਲਿਆਂਦਾ ਗਿਆ ਹੈ ਇਸ ਦੇ ਵਿਚ ਕਿਹਾ ਗਿਆ ਹੈ ਕਿ ਇਸ ਨੂੰ ਆਸਾਨ ਬਣਾਉਣ ਵਾਸਤੇ ਇਹ ਅਮੈਂਡਮੈਂਟ ਕੀਤੀ ਗਈ ਹੈ। ਪਰ ਅਸੀਂ ਇਹ ਕਹਿ ਸਕਦੇ ਹਾਂ ਇਸ ਐਕਟ ਵਿਚ ਇਹ ਜਿਹੜੀ ਅਮੈਂਡਮੈਂਟ ਲਿਆਂਦੀ ਗਈ ਹੈ ਇਹ ਵਪਾਰੀ ਲਾਬੀ ਲਈ ਚੋਰ ਰਸਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿਉਂਕਿ ਜਿਸ ਤਰ੍ਹਾਂ ਇਸ ਵਿਚ ਕਿਹਾ ਗਿਆ ਹੈ ਕਿ 5 ਲੱਖ ਰੁਪਏ ਦੀ ਜਿਸ ਦੀ ਸੇਲ ਹੋਵੇਗੀ ਉਸ ਕੇਸ ਵਿਚ ਸਰਕਾਰ ਨੇ ਇਹ ਪ੍ਰੋਵੀਜ਼ਨ ਕੀਤਾ ਹੈ ਕਿ ਉਹ ਇਕ ਫਿਕਸਡ ਅਮਾਊਂਟ ਜਮ੍ਹਾਂ ਕਰਵਾ ਦੇਵੇ ਤਾਂ ਉਸ ਨੂੰ ਕੋਈ ਹਿਸਾਬ ਕਿਤਾਬ ਰਖਣ ਦੀ ਲੋੜ ਨਹੀਂ। ਅਸੀਂ ਮਹਿਸੂਸ ਕਰਦੇ ਹਾਂ ਕਿ ਇਸ ਦੀ ਆੜ ਵਿਚ ਵੱਡੇ ਪੈਮਾਨੇ ਤੇ ਘਪਲੇ-ਬਾਜ਼ੀ ਹੋਵੇਗੀ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਪ੍ਰਾਪਰ ਕਿਤਾਬਾਂ ਲਗਾਈਆਂ ਜਾਣ ਔਰ ਜਿੰਨੀ ਸੇਲ ਹੋਵੇ ਉਸ ਦੇ ਮੁਤਾਬਿਕ ਸੇਲਜ਼ ਟੈਕਸ ਦਿੱਤਾ ਜਾਣਾ ਚਾਹੀਦਾ ਹੈ।

ਮੇਰੀ ਦੂਸਰੀ ਸੁਜੈਸ਼ਨ ਇਹ ਹੈ ਕਿ ਹਰ ਆਈਟਮ ਤੇ ਸੇਲਜ਼ ਟੈਕਸ ਮੁੱਢਲੀ ਸਟੇਜ ਤੇ ਲਗਣਾ ਚਾਹੀਦਾ ਹੈ। ਬਹੁਤ ਸਾਰੀਆਂ ਐਸੀਆਂ ਆਈਟਮਜ਼ ਹਨ ਜਿਨ੍ਹਾਂ ਤੇ ਸੇਲਜ਼ ਟੈਕਸ ਦੀ ਚੋਰੀ ਹੁੰਦੀ ਹੈ। ਉਹ ਪੈਦਾ ਹੁੰਦੀਆਂ ਹਨ ਅਤੇ ਮਾਰਕਿਟ ਵਿਚ ਸੇਲ ਹੋ ਜਾਂਦੀਆਂ ਹਨ ਪਰ ਸੇਲਜ਼ ਟੈਕਸ ਨਹੀਂ ਦਿਤਾ ਜਾਂਦਾ। ਇਸ ਲਈ ਮੇਰਾ ਸੁਝਾਅ ਹੈ ਕਿ ਹਰ ਆਈਟਮ ਤੇ ਮੁੱਢਲੀ ਸਟੇਜ ਤੇ ਸੇਲਜ਼ ਟੈਕਸ ਲਗਾਇਆ ਜਾਣਾ ਚਾਹੀਦਾ ਹੈ। ਸਰਕਾਰ ਨੂੰ ਇਹ ਤਬਦੀਲੀ ਨਹੀਂ ਕਰਨੀ ਚਾਹੀਦੀ ਹੈ ਕਿ 5 ਲੱਖ ਜਾਂ 10 ਲੱਖ ਦੀ ਸੇਲ ਤਕ ਅਸੀਂ ਨਹੀਂ ਪੁੱਛਾਂਗੇ ਅਗਰ ਬਾਕਾਇਦਾ ਫਿਕਸਡ ਟੈਕਸ ਜਮ੍ਹਾਂ ਕਰਾਇਆ ਜਾਏਗਾ। ਮੈਂ ਕਹਿੰਦਾ ਹਾਂ ਕਿ ਸੇਲਜ਼ ਦੇ ਮੁਤਾਬਿਕ ਟੈਕਸ ਹੋਣਾ ਚਾਹੀਦਾ, ਬਕਾਇਦਾ ਕਿਤਾਬਾਂ ਰਖਣੀਆਂ ਚਾਹੀਦੀਆਂ ਹਨ ਔਰ ਸਰਕਾਰ ਦਾ ਸਟਾਫ ਸਾਰਾ ਕੁਝ ਵੇਖੇ ਤਾਂ ਕਿ ਪੰਜਾਬ ਦਾ ਖਜ਼ਾਨਾ ਭਰਪੂਰ ਹੋਵੇ। ਜੈ ਭੀਮ ਜੈ ਭਾਰਤ।

**ਸ੍ਰੀ ਮਦਨ ਮੋਹਨ ਮਿੱਤਲ (ਨੰਗਲ)** : ਸਪੀਕਰ ਸਾਹਿਬ, ਇਹ ਜੋ ਜਨਰਲ ਸੇਲਜ਼ ਟੈਕਸ ਅਮੈਂਡਮੈਂਟ ਬਿੱਲ, 1993 ਇੰਟਰੋਡਿਊਸ ਕੀਤਾ ਹੈ ਉਸ ਬਾਰੇ I have some different opinion. ਮੈਂ ਤੁਹਾਡੇ ਦੁਆਰਾ ਮੰਤਰੀ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਬੇਸ਼ਕ ਅਮੈਂਡਮੈਂਟ ਲਿਆ ਕੇ ਇਹ ਜ਼ਾਹਰ ਕੀਤਾ ਹੈ ਕਿ ਇਹ ਜੋ ਬਿਜ਼ਨੈਸਮੈਨ ਹੈ ਇਸ ਨੂੰ ਰਾਹਤ ਦਿੱਤੀ ਜਾ ਰਹੀ ਹੈ ਪਰ ਮੈਂ ਸਮਝਦਾ ਹਾਂ ਕਿ ਰਾਹਤ ਦੇਣ ਦੀ ਬਜਾਏ ਕੰਪਲੀਕੇਸ਼ਨਜ਼ ਪੈਦਾ ਕੀਤੀਆਂ ਜਾ ਰਹੀਆਂ ਹਨ। ਦੂਜੀ ਕਲਾਜ਼ ਸੈਕਸ਼ਨ 4, ਸਬ-ਸੈਕਸ਼ਨ 5 ਵਿਚ ਦਿੱਤਾ ਹੈ --

(a) in clause (b) and (bb), for the figures and ward "40,000 rupees", the figures and word "1,00,000 rupees" shall be substituted ;

Sir, this figure has been made for taking licence for industry.

ਇਹ ਜਿਹੜਾ 40,000 ਹੈ ਇਹ ਬਹੁਤ ਪਹਿਲਾਂ ਦਾ ਹੈ, ਪਰ ਇਹ ਜੋ ਇਕ ਲੱਖ ਰੁਪਿਆ ਰਖਿਆ ਗਿਆ ਹੈ ਇੰਡਸਟਰੀ ਚਲਾਉਣ ਵਾਸਤੇ ਇਹ ਬਹੁਤ ਹੀ ਥੋੜ੍ਹਾ ਅਮਾਊਂਟ ਹੈ। ਇਹ ਜੋ ਸਮਾਲ ਸਕੇਲ ਇੰਡਸਟਰੀ ਹੈ ਇਸਦੀ ਟਰਨ ਓਵਰ ਵੀ ਇਕ ਲੱਖ ਤੋਂ ਬਹੁਤ ਉਪਰ ਹੋ ਜਾਂਦੀ ਹੈ। ਮੇਰੀ ਸੁਜੈਸ਼ਨ ਹੈ ਕਿ ਇਹ ਇਕ ਲੱਖ ਤੋਂ ਵਧਾ ਕੇ 5 ਲੱਖ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਕਾਸਟ ਆਫ ਇਨਪੁਟਸ ਬਹੁਤ ਜ਼ਿਆਦਾ ਹੈ। ਜੇ ਸਾਰਾ ਵੇਖੀਏ ਤਾਂ ਇਹ ਇੱਕ ਲੱਖ ਵੈਰੀ ਲਿਟਲ

Original with;
Punjab Vidhan Sabha
Digitized by;
Panjab Digital Library

ਹੈ। ਅਗਰ ਪੰਜ ਲੱਖ ਹੋ ਜਾਵੇ ਤਾਂ ਰਜਿਸਟਰੇਸ਼ਨ ਦਾ ਪਰਪਜ਼ ਹੋ ਜਾਵੇਗਾ ਅਤੇ ਇਸਦੇ ਨਾਲ ਲੋਕਾਂ ਨੂੰ ਹਰਾਸਮੈਂਟ ਵੀ ਨਹੀਂ ਹੋਵੇਗੀ। ਇਸ ਦੇ ਨਾਲ ਹੀ ਸਰਕਾਰ ਨੇ ਇਹ ਵੀ ਸੁਜੈਸਟ ਕੀਤਾ ਹੈ ਕਿ ਜੇ ਕਰ ਸੇਲ ਇਕ ਲੱਖ ਤੋਂ ਵੱਧ ਹੋਵੇ ਤਾਂ ਲਸੰਸ ਲੈਣਾ ਪੈਂਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕਿ ਇਕ ਲੱਖ ਦੀ ਬਜਾਏ 3 ਲੱਖ ਕੀਤਾ ਜਾਵੇ। ਸਾਡਾ ਜਿਹੜਾ ਗਵਾਂਢੀ ਪ੍ਰਦੇਸ਼ ਹਰਿਆਣਾ ਹੈ ਉਸ ਵਿਚ ਪੰਜ ਲੱਖ ਰੁਪਏ ਕੀਤਾ ਸੀ ਜਦੋਂ ਦੇਵੀ ਲਾਲ ਦੀ ਸਰਕਾਰ ਸੀ। ਇਥੇ ਸਰਦਾਰ ਦਿਲਬਾਗ ਸਿੰਘ ਹੋਰੀਂ ਨਹੀਂ ਬੈਠੇ ਜਿਹੜੇ ਕਹਿੰਦੇ ਹਨ "ਉਤੇ ਜੱਟ ਨੀਚੇ ਜੱਟ ........."। ਉਨਾਂ ਨੇ ਇਹ 5 ਲੱਖ 1987 ਵਿਚ ਕੀਤਾ ਸੀ ਮੈਂ ਅੱਜ ਛੇ ਸਾਲਾਂ ਬਾਅਦ 1993 ਵਿਚ ਗਲ ਕਰ ਰਿਹਾ ਹਾਂ। ਇਹ ਜੋ ਅਮਾਉਂਟ ਹੈ ਇਹ ਰੀਜ਼ਨੇਬਲ ਨਹੀਂ ਹੈ ਇਸ ਬਾਰੇ ਮੇਰੀ ਗਲ 5 ਲੱਖ ਰੁਪਏ ਵਾਲੀ ਮੰਨ ਲੈਣ।

ਇਕ ਇਨ੍ਹਾਂ ਨੇ ਫਾਈਨਾਂਸ਼ਲ ਮੈਮੋਰੰਡਮ ਦਿੱਤਾ ਹੈ ਕਿ ਚੈਕ ਪੋਸਟਰ ਜੋ ਬੈਰੀਅਰਜ਼ ਹਨ ਅਗਰ ਕੋਈ ਟੈਕਸ ਨਾ ਦੇ ਕੇ ਬੈਰੀਅਰ ਕਰੌਸ ਕਰਨਾ ਚਾਹੁੰਦਾ ਸੀ ਤਾਂ There was a provision in the Act ਕਿ ਉਹ ਐਡਰੈਸ ਔਰ ਸਿਕਿਉਰਿਟੀ ਦੇ ਕੇ ਚਲਾ ਜਾਂਦਾ ਸੀ ਅਤੇ ਉਸ ਬਾਰੇ ਬਾਅਦ ਵਿਚ ਡਿਪਾਰਟ-ਮੈਂਟ ਡਿਸੀਜ਼ਨ ਲੈ ਲੈਂਦਾ ਸੀ, ਪਰ ਇਹ ਕਹਿੰਦੇ ਹਨ ਕਿ ਬਾਅਦ ਵਿਚ ਨਾ ਐਡਰੈਸ ਲਭਦਾ ਸੀ ਅਤੇ ਨਾ ਹੀ ਸਿਕਿਉਰਟੀ ਲਭਦੀ ਸੀ ਅਤੇ Department was cheated ਵੈਸੇ ਤਾਂ ਮੈਨੂੰ ਕੋਈ ਜ਼ਿਆਦਾ ਵਾਕਫੀਅਤ ਨਹੀਂ ਹੈ। ( I was not well conversant with the sales tax. ਲੇਕਿਨ ਜਦੋਂ ਬਿੱਲ ਮਿਲਿਆ ਹੈ ਮੈਂ ਵਰਕਿੰਗ ਦੀ ਜਾਣਕਾਰੀ ਪ੍ਰਾਪਤ ਕੀਤੀ ਹੈ ਤਾਂ ਪਤਾ ਲਗਿਆ ਹੈ ਕਿ ਇਹ ਗੱਲ ਗਲਤ ਹੈ। It is a mis statement of facts. ਦਰ ਅਸਲ ਹਰ ਬੈਰੀਅਰ ਉਤੇ ਜਿਤਨੇ ਵੀ ਡੀਲਰਜ਼ ਹਨ ਉਨਾਂ ਸਾਰਿਆਂ ਦੇ ਨਾਮ ਔਰ ਐਡਰੈਸਜ਼ ਇਕ ਬੁੱਕ ਵਿਚ ਦਰਜ ਹੁੰਦੇ ਹਨ That book is known a black book or blue book. ਉਹ ਬੁੱਕ ਹਰ ਬੈਰੀਅਰ ਉਤੇ ਹੈ ਪਰ ਫਿਰ ਵੀ ਸਕਿਉਰਿਟੀ ਲਈ ਜਾਂਦੀ ਹੈ। ਉਹ ਜ਼ਮਾਨਤ ਡੀਲਰ ਹੀ ਦਿੰਦਾ ਹੈ ਔਰ ਈ. ਟੀ. ਓ. ਅਟੈਸਟ ਕਰਦਾ ਹੈ ਫਿਰ ਵੀ ਇਸ ਟੈਕਸ ਦੀ ਇਵੇਜ਼ਨ ਡੀਲਰ ਕਰਦਾ ਹੈ, ਇਹ ਗੱਲ ਕਹਿਣੀ ਗਲਤ ਹੈ। ਉਥੇ ਇਹ ਕਹਿੰਦੇ ਹਨ ਕਿ ਵਪਾਰੀ ਐਡਰੈਸ ਗਲਤ ਦੇ ਦਿੰਦੇ ਹਨ ਫਿਰ ਜ਼ਮਾਨਤੀਆ ਲਭਦਾ ਨਹੀਂ ਹੈ, ਪਰ ਇਹ ਗੱਲ ਨਹੀਂ ਹੈ। ਇਹ ਇਨਫਰਮੇਸ਼ਨ ਗਲਤ ਹੈ, ਮਿਸਲੀਡਿੰਗ ਹੈ। ਬੈਰੀਅਰ ਉਪਰ ਤਾਂ ਉਸ ਦਾ ਪੱਕਾ ਐਡਰੈਸ, ਪੂਰਾ ਨਾਮ ਦਿੱਤਾ ਹੁੰਦਾ ਹੈ, ਸਾਰੇ ਪਾਰਟੀਕੂਲਰਜ਼ ਬੁੱਕ ਵਿਚ ਦਰਜ ਹਨ, ਫਿਰ ਵੀ ਅਗਰ ਕੋਈ ਇਵੇਜ਼ਨ ਹੁੰਦੀ ਹੈ ਤਾਂ ਈ. ਟੀ. ਓ. ਨਾਲ ਮਿਲ ਕੇ ਇਵੇਜ਼ਨ ਕਰਦੇ ਹੋਣਗੇ ਔਰ ਉਹ ਈ. ਟੀ. ਓਜ਼. ਵੀ ਬੋਗਸ ਅਟੈਸਟੇਸ਼ਨ ਕਰਦੇ ਹੋਣਗੇ। ਮੈਂ ਇਸ ਲਈ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਐਸੀ ਬੁੱਕ ਰਖੀ ਜਾਂਦੀ ਹੈ ਜਿਸ ਵਿਚ ਸਾਰੇ ਡੀਲਰਜ਼ ਦੇ ਨਾਮ, ਐਡਰੈਸਿਜ਼, ਨੰਬਰਜ਼ ਰੱਖੇ ਜਾਂਦੇ ਹਨ ?

ਜੋ ਇਹ ਫਾਇਨਾਂਸ਼ੀਅਲ ਨੋਟ ਹੈ, ਉਸ ਵਿਚ ਕਿਹਾ ਹੈ ਕਿ ਟੈਕਸ ਦੀ ਇਵੇਜ਼ਨ ਨਹੀਂ ਹਵੇਗੀ, ਪਰ ਇਹ ਗੱਲ ਨਹੀਂ, ਇਸ ਨਾਲ ਤਾਂ ਟੈਕਸ ਇਵੇਜ਼ਨ ਦੇ ਚਾਂਸਿਜ਼ ਵਧਣਗੇ ਕਿਉਂਕਿ ਜਿਸ ਤਰ੍ਹਾਂ ਕਹਿੰਦੇ ਹਨ "ਰੱਬ ਨੇੜੇ ਕੇ ਘਸੁੰਨ"। ਕਿਉਂਕਿ ਹਰ ਕਰਮਚਾਰੀ ਕਹੇਗਾ ਕਿ ਤੂੰ ਚਾਰ ਹਜ਼ਾਰ ਮੈਨੂੰ ਦੇ ਔਰ ਆਪਣਾ ਮਾਲ ਕੱਢ ਕੇ ਲੈ ਜਾ This possibility cannot be ruled out ਲਿਆਣ ਵਾਲੇ ਨੂੰ ਪਤਾ ਹੈ ਕਿ ਮਾਲ ਆਉਂਦਾ ਹੈ, ਟਰਾਂਸਪੋਰਟ ਵੀ ਹੋਇਆ ਹੈ, ਫਿਰ ਮਾਲ ਪਕੜਿਆ ਜਾਵੇਗਾ ਤਾ ਉਸ ਦਾ ਮਾਲਕ ਆਵੇਗਾ, ਨਾਲ ਜ਼ਮਾਨਤੀਏ ਵੀ ਆਉਣਗੇ, ਇਸ ਲਈ

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਮਦਨ ਮੋਹਨ ਮਿੱਤਲ ]

ਇਥੇ ਹੀ ਕਿਉਂ ਨਾ ਪੈਸੇ ਦਿੱਤੇ ਜਾਣ। ਇਸ ਤਰ੍ਹਾਂ ਨਾਲ ਦੇਣ ਲੈਣ ਦੇ ਚਾਂਸਿਜ਼ ਵਧਣਗੇ ਔਰ ਕੁਰੱਪਸ਼ਨ ਦੇ ਚਾਂਸਿਜ਼ ਵਧਣਗੇ। ਫਿਰ ਟਰੱਕ ਚਲਦੇ ਹਨ, ਟਰੱਕਾਂ ਵਾਲਿਆਂ ਨੂੰ ਪਤਾ ਹੈ ਕਿ 20 ਰੁਪਏ ਜੁਰਮਾਨਾ ਹੈ ਜਾਂ 40 ਰੁਪਏ ਹੈ. ਤਾਂ ਉਹ ਕਹਿੰਦਾ ਹੈ ਕਿ 20 ਰੁਪਏ, ਤੁਸੀਂ ਹੀ ਲੈ ਲਵੋ ਔਰ ਮੈਨੂੰ ਜਾਣ ਦਿਓ Like this I think the chances of corruption increase. ਨਾਰਮਲੀ ਜਦੋਂ ਟਰੱਕ ਇੰਟਰ ਕਰਦਾ ਹੈ ਤਾਂ ਚੈਕਿੰਗ ਹੁੰਦੀ ਹੈ ਬੈਰੀਅਰ ਉਤੇ ਚਾਹੇ ਕੈਸ਼ ਸਕਿਉ-ਰਿਟੀ ਹੋਵੇ ਜਾਂ ਵੈਸੇ ਪਰ ਜੇਕਰ ਕੈਸ਼ ਸਕਿਉਰਿਟੀ ਨਾਲ ਜਾਂ ਦੂਸਰੀ ਸਕਿਉਰਿਟੀ ਨਾਲ ਛੱਡ ਦਿੱਤਾ ਜਾਂਦਾ ਹੈ ਤਾਂ ਉਸ ਦੀ ਬਾਰ ਬਾਰ ਚੈਕਿੰਗ ਨਹੀ ਹੋਣੀ ਚਾਹੀਦੀ ਪਰ ਮੈਨੂੰ ਪਤਾ ਲਗਿਆ ਹੈ ਕਿ ਕਈ ਥਾਵਾਂ ਉਤੇ ਚੈਕਿੰਗ ਹੁੰਦੀ ਹੈ although there is a certificate of checking with the driver. ਇਸ ਤਰਾਂ ਉਹ ਫਿਰ ਦੇਣ ਲੈਣ ਕਰੇਗਾ। ਮਾਲ ਲਿਆਣ ਵਾਲਾ ਦੇਣ ਲਣ ਕਰਕੇ ਆਪਣਾ ਮਾਲ ਅੱਗੇ ਲਿਜਾਵੇਗਾ

ਮੈਂ ਇਕ ਹੋਰ ਗੱਲ ਇਨ੍ਹਾਂ ਦੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਇਥੇ ਕਿਹਾ ਹੈ ਗਿਆ ਹੈ ਕਿ ਟੈਕਸ ਇਕ ਸਟੇਜ ਉਤੇ ਲਗਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਕੋਈ ਕਨਫਿਊਜ਼ਨ ਹੋ ਗਿਆ ਹੈ। ਵਪਾਰੀ ਬੜੀ ਦੇਰ ਤੋਂ ਮੰਗ ਕਰਦੇ ਆ ਰਹੇ ਹਨ ਕਿ ਇਕ ਸਟੇਜ ਤੇ ਹੀ ਟੈਕਸ ਲਗੇ। ਅਸੀਂ ਵੀ ਆਪਣੇ ਇਲੈਕਸ਼ਨ ਮੈਨੀਫੈਸਟੋਜ਼ ਵਿਚ ਕਹਿੰਦੇ ਆ ਰਹੇ ਹਾਂ ਕਿ ਜੇਕਰ ਸਾਡੀ ਪਾਰਟੀ ਪਾਵਰ ਵਿਚ ਆਈ ਤਾਂ ਇਹ ਹੀ ਸੋਰਸ ਤੇ ਟੈਕਸ ਲਗਾਵੇਗੀ। ਇਸ ਲਈ ਮੈਂ ਸਮਝਦਾ ਹਾਂ ਕਿ ਤੁਹਾਨੂੰ ਫਸਟ ਸਟੇਜ ਔਰ ਫਸਟ ਸੋਰਸ ਨੂੰ ਡਿਫਰੈਂਸ਼ੀਏਟ ਕਰਨਾ ਚਾਹੀਦਾ ਹੈ। ਇਸ ਵੇਲੇ ਜੋ ਸਰਕਾਰ ਵਲੋਂ ਕੀਤਾ ਜਾ ਰਿਹਾ ਹੈ ਉਸ ਨਾਲ ਕਾਸਟ ਆਫ ਪਰੋਡਕਸ਼ਨ ਵੱਧ ਗਈ ਹੈ। ਲੁਧਿਆਣਾ ਦੀ ਐਗਜ਼ੈਂਪਲ ਹੀ ਲੈ ਲਵੋ। ਉਥੇ ਹੌਜ਼ਰੀ ਔਰ ਸਾਈਕਲ ਵਗੈਰਾ ਦਾ ਬਹੁਤ ਵੱਡਾ ਬਿਜ਼ਨੈਸ ਹੈ। ਉਹ ਆਪ ਤਾਂ ਸਾਰੇ ਪੁਰਜ਼ੇ ਬਣਾਉਂਦੇ ਨਹੀਂ ਹਨ। ਸਾਈਕਲਾਂ ਦੀ ਇਕ ਫੈਕਟਰੀ ਵਾਲਾ ਸਾਰੇ ਪਾਰਟਸ ਆਪ ਨਹੀਂ ਬਣਾਉਂਦਾ ਬਲਕਿ ਕੋਈ ਪੁਰਜ਼ਾ ਕਿਤੇ ਬਣ ਰਿਹਾ ਹੈ ਕੋਈ ਕਿਤੇ ਬਣ ਰਿਹਾ ਹੈ। ਵੀਲ੍ਹ ਕੋਈ ਬਣਾ ਰਿਹਾ ਹੈ, ਚੱਕਾ ਕੋਈ ਬਣਾ ਰਿਹਾ ਹੈ, ਮੈਂ ਖੈਰ ਸਾਰੇ ਪਾਰਟਸ ਕਾਊਂਟ ਕਰਨ ਦੀ ਜ਼ਰੂਰਤ ਨਹੀਂ ਸਮਝਦਾ Different parts are manufactured by different persons. ਪਰ ਉਹ ਮੈਨੂਫੈਕਚਰਰ ਸਾਰੇ ਪਾਰਟਸ ਇਕੱਠੇ ਕਰਕੇ ਆਪਣੀ ਮੋਹਰ ਲਗਾਉਂਦਾ ਹੈ। ਇਸ ਤਰ੍ਹਾਂ ਹੀ ਹੌਜ਼ਰੀ ਵਾਲਾ ਜੋ ਹੈ ਉਹ ਪ੍ਰਾਸੈਸ ਕਰਕੇ, ਆਪਣੇ ਹਿਸਾਬ ਨਾਲ ਸ਼ਕਲ ਦੇ ਕੇ ਵੇਚਦਾ ਹੈ। ਹੁਣ ਜੇਕਰ 10 ਪਾਰਟਸ ਪਰਚੇਜ਼ ਕੀਤੇ ਜਾਣ ਤਾਂ 10 ਜਗ੍ਹਾ ਉਤੇ ਟੈਕਸ ਦੇਣਾ ਪਵੇਗਾ ਔਰ ਦਸ ਸਟੇਜਾਂ ਉਤੇ ਟੈਕਸ ਦੇਣ ਤੋਂ ਬਾਅਦ ਜਦੋਂ ਉਹ ਸਾਈਕਲ ਮਾਰਕਿਟ ਵਿਚ ਵਿਕੇਗੀ ਤ [illegible] ਰੁਪਏ ਸਾਈਕਲ ਦੀ ਕੀਮਤ ਵਧੇਗੀ। ਸਪੀਕਰ ਸਾਹਿਬ, ਇਸ ਐਕਟ ਵਿਚ ਇਹ ਪਰੋਵੀਜ਼ਨ ਕੀਤੀ ਗਈ ਹੈ ਜਿਹੜੇ ਸਾਈਕਲ ਪੰਜਾਬ ਵਿਚ ਵਿਕਣਗੇ ਤਾਂ ਮੈਨੂੰਫੈਕਚਰਜ਼ ਨੂੰ ਉਹ ਪੈਸਾ ਰਿਫੰਡ ਹੋ ਜਾਵੇਗਾ ਲੇਕਿਨ ਵੇਖਣ ਵਾਲੀ ਗੱਲ ਹੈ ਕਿ ਪੰਜਾਬ ਦੇ 14 ਜ਼ਿਲ੍ਹਿਆਂ ਦੇ ਵਿਚ ਕੁਲ ਕਿੰਨੇ ਸਾਈਕਲ ਵਿਕਦੇ ਹਨ। ਇਥੇ ਤਾਂ ਬਹੁਤ ਥੋੜੇ ਸਾਈਕਲ ਵਿਕਣੇ ਹਨ ਬਾਕੀ ਦੇ ਕੋਈ 93 ਪ੍ਰਤੀਸ਼ਤ ਸਾਈਕਲ ਤਾਂ ਹੋਰ ਦੂਜੀਆਂ ਸਟੇਟਸ ਨੂੰ ਜਾਂਦੇ ਹਨ ਬਲਕਿ ਹੋਰ ਮੁਲਕਾਂ ਵਿਚ ਵੀ ਜਾਂਦੇ ਹਨ। ਇਸ ਤਰ੍ਹਾਂ ਨਾਲ ਮੈਂ ਸਮਝਦਾ ਹਾਂ ਕਿ due to faulty policy of the Government ਇਹ ਸਾਈਕਲ ਕੌਸਟਲੀ ਹੋ ਜਾਣਗੇ ਔਰ ਇਸ ਤਰ੍ਹਾਂ ਨਾਲ ਪੰਜਾਬ ਦੇ ਜਿਹੜੇ ਮੈਨੂਫੈ[illegible] ਕੰਪੀਟ ਨਹੀਂ ਕਰ ਸਕਣਗੇ ਔਰ ਇਸ ਤਰ੍ਹਾਂ ਨਾਲ ਪਰੋਡਕਸ਼ਨ ਘੱਟ ਹੋ ਜਾਵੇਗੀ ਔਰ ਇਹ ਇੰਡਸਟਰੀ

Original with;
Punjab Vidhan Sabha
Digitized by;
Panjab Digital Library

ਨੂੰ ਹਿੱਟ ਕਰੇਗਾ। ਇਸੇ ਤਰ੍ਹਾਂ ਹੋਰ ਆਈਟਮਜ਼ ਵੀ ਹਨ, ਮੈਂ ਸਾਰਿਆਂ ਦਾ ਨਾਂ ਨਹੀਂ ਲੈ ਰਿਹਾ ਪਰ ਮੈਂ ਇਹ ਕਹਿੰਦਾ ਹਾਂ ਕਿ ਇਸ ਨੂੰ ਹਰਡਲੀ ਪਾਸ ਨਹੀਂ ਕਰਨਾ ਚਾਹੀਦਾ ਬਲਕਿ ਇਸ ਨੂੰ ਹਾਲੇ ਰੋਕ ਲੈਣਾ ਚਾਹੀਦਾ ਹੈ। ਜੇ ਤਾਂ ਮਨਿਸਟਰ ਸਾਹਿਬ ਇਸ ਗਲ ਵਾਸਤੇ ਰਾਜ਼ੀ ਹੋਣ ਕਿ ਫਸਟ ਸਟੇਜ ਦੇ ਬਜਾਏ ਇਥੇ ਫਸਟ ਸੋਰਸ ਲਫਜ਼ ਇੰਟਰੋਡਿਊਸ ਕਰਨ ਤਾਂ ਫਿਰ ਕੋਈ ਇੰਟਰਪਰੇਟਸ਼ਨ ਵਿਚ ਫਰਕ ਪੈ ਸਕਦਾ ਹੈ, ਨਹੀਂ ਤਾਂ ਸਾਈਕਲ ਦੇ ਹਰ ਪਾਰਟਸ ਤੇ ਵੱਖਰਾ-ਵੱਖਰਾ ਟੈਕਸ ਲਗੇਗਾ ਜਿਸ ਨਾਲ ਪੰਜਾਬ ਵਿਚ ਇੰਡਸਟਰੀ ਤੇ ਮਾੜਾ ਅਸਰ ਪਵੇਗਾ। ਇਸ ਲਈ ਇਸ ਨੂੰ ਹਾਲੇ ਰੋਕ ਲੈਣਾ ਚਾਹੀਦਾ ਹੈ ਔਰ ਬਾਅਦ ਵਿਚ ਲੀਗਲ ਐਕਸਪਰਟਸ ਦੀ ਰਾਏ ਲੈ ਕੇ ਔਰ ਫਾਈਨਾਂਸਿਅਲ ਐਕਸਪਰਟਸ ਦੀ ਰਾਏ ਲੈਕੇ ਇਸ ਨੂੰ ਦੁਬਾਰਾ ਇਥੇ ਲਿਆਂਦਾ ਜਾਵੇ ਤਾਂ ਕਿ ਲੋਕਾਂ ਨੂੰ ਇਸ ਦਾ ਕੋਈ ਫਾਇਦਾ ਹੋ ਸਕੇ। ਮੈਂ ਜ਼ਿਆਦਾ ਸਮਾਂ ਨਹੀਂ ਲੈਂਦਾ, ਮੈਂ ਸਿਰਫ ਇਹੀ ਅਰਜ਼ ਕਰਨੀ ਹੈ ਕਿ ਪੰਜਾਬ ਦੇ ਲੋਕਾਂ ਨੂੰ ਰਾਹਤ ਦੇਣ ਵਾਸਤੇ ਚਾਹੇ ਉਹ ਇੰਡਸਟਰੀਲਿਸਟ ਹੈ ਜਾਂ ਬਿਜਨੈਸਮੈਨ ਹੈ, ਅੱਜ ਬਿਜਨੈਸਮੈਨ ਨੂੰ ਕਰੱਸ਼ ਵੀ ਬਹੁਤ ਕੀਤਾ ਜਾਂਦਾ ਹੈ ਪਰ ਪੰਜਾਬ ਦੇ ਰੈਵਨਿਊ ਦੇ ਵਿਚ ਉਸ ਦਾ ਯੋਗਦਾਨ ਵੀ ਬਹੁਤ ਹੈ। ਇਸ ਲਈ ਉਸ ਦਾ ਨੁਕਸਾਨ ਨਾ ਹੋ ਜਾਵੇ, ਇਸ ਨੂੰ ਮੁੱਖ ਰਖਦੇ ਹੋਏ ਮੈਂ ਇਹੀ ਨਿਵੇਦਨ ਕਰਾਂਗਾ ਕਿ ਜੋ ਇਹ ਖਾਮੀਆਂ ਮੰਤਰੀ ਸਾਹਿਬ ਦੇ ਨੋਟਿਸ ਵਿਚ ਲੈ ਕੇ ਆਇਆ ਹਾਂ ਇਸ ਤੋਂ ਵਿਚਾਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਇਹ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਇਸ ਐਕਟ ਵਿਚ ਫਾਰਮ 22 ਔਰ 22ਏ ਦੀ ਜੋ ਪਰੋਵੀਜ਼ਨ ਕੀਤੀ ਗਈ ਹੈ ਇਸ ਲਈ ਵਪਾਰੀ ਆਪਣੀਆਂ ਫਾਰਮਜ਼ ਦੀ ਬੁਕ-ਲੈਟਸ ਤਾਂ ਛਪਵਾ ਸਕਦੇ ਹਨ ਪਰ ਵੇਖਣ ਵਿਚ ਇਹ ਆਇਆ ਹੈ ਕਿ ਇਸ ਵਿਚ ਐਕਸਪੋਲਾਇਟੇਸ਼ਨ ਕਾਫੀ ਹੋ ਰਹੀ ਹੈ। ਇਸ ਐਕਟ ਵਿਚ ਕੁਝ ਐਸੀਆਂ ਕੰਡੀਸ਼ਨਜ਼ ਲੇ-ਡਾਊਨ ਕੀਤੀਆਂ ਹਨ ਜਿਸ ਦੁਆਰਾ ਜਿਹੜੇ ਈ.ਟੀ.ਓ ਨੇ ਦਸਤਖਤ ਕਰਨੇ ਹੁੰਦੇ ਹਨ ਉਹ ਐਟ ਰੈਨਡਮ ਨਹੀਂ ਕਰਦਾ ਬਲਕਿ ਥੋੜੇ ਫਾਰਮ ਦਸਤਖਤ ਹੁੰਦੇ ਹਨ। ਮੈਂ ਦਸਦਾ ਹਾਂ ਕਿ ਲੁਧਿਆਣਾ ਦੀ ਸਭ ਤੋਂ ਵਡੀ ਏ ਵਨ ਫਰਮ ਹੈ ਉਹ ਵੀ ਸਿਰਫ 11 ਫਾਰਮ ਤੋਂ ਵੱਧ ਤੇ ਦਸਤਖਤ ਨਹੀਂ ਕਰਵਾ ਸਕਦੀ। ਬਾਕੀ ਦੀਆਂ ਤਾਂ ਜਿਹੜੀਆਂ ਫਰਮਾਂ ਹਨ ਉਹ ਕੋਈ 4-5 ਫਾਰਮ ਹੀ ਦਸਤਖਤ ਕਰਵਾ ਸਕਦੀਆਂ ਹਨ ਔਰ ਉਨ੍ਹਾਂ ਨੂੰ ਇਸ ਵਾਸਤੇ ਪੈਸੇ ਵੀ ਦੇਣੇ ਪੈਂਦੇ ਹਨ। ਇਸ ਨਾਲ ਉਨ੍ਹਾਂ ਨੂੰ ਬਹੁਤ ਮੁਸ਼ਕਲ ਆਉਂਦੀ ਹੈ। ਔਰ ਉਹ ਰੋਜ਼ ਹੀ ਦਸਤਖਤ ਕਰਾਉਣ ਲਈ ਚੱਕਰ ਲਾਉਂਦੇ ਰਹਿੰਦੇ ਹਨ। ਇਸ ਲਈ ਮੇਰੀ ਸਬਮਿਸ਼ਨ ਹੈ ਕਿ ਈ.ਟੀ.ਓ. ਨੂੰ ਇਹ ਸਰਟੀਫਾਈ ਕਰਨਾ ਚਾਹੀਦਾ ਹੈ ਕਿ ਉਸ ਬੁਕਲੈਟ ਵਿਚ ਜਿੰਨੇ ਵੀ ਫਾਰਮ ਹਨ ਉਹ ਇਕੋਵਾਰ ਅਟੈਸਟ ਹੋ ਜਾਣ ਔਰ ਉਨ੍ਹਾਂ ਨੂੰ ਬਾਰ ਬਾਰ ਜਿਸ ਤਰ੍ਹਾਂ ਡਿਪੂਆਂ ਤੇ ਲਾਈਨ ਲਗੀ ਹੁੰਦੀ ਹੈ ਇਸ ਤਰ੍ਹਾਂ ਨਾਲ ਲਾਈਨਾਂ ਵਿਚ ਚੱਕਰ ਨਾ ਲਾਉਣੇ ਪੈਣ। ਇਸ ਲਈ ਮੇਰਾ ਨਿਵੇਦਨ ਹੈ ਕਿ ਇਸ ਬਿੱਲ ਨੂੰ ਹਾਲੇ ਵਾਪਸ ਲੈ ਲੈਣਾ ਚਾਹੀਦਾ ਹੈ ਫਿਰ ਵਿਚਾਰ ਕੇ ਚੰਗੀ ਤਰ੍ਹਾਂ ਇਹ ਬਿਲ ਇਥੇ ਲਿਆਉਣਾ ਚਾਹੀਦਾ ਹੈ।

**ਸ੍ਰੀ ਜੇ ਕਿਸ਼ਨ ਸੈਣੀ (ਜਲੰਧਰ):** ਸਪੀਕਰ ਸਾਹਿਬ, ਇਹ ਜੋ ਸੇਲਜ਼ ਟੈਕਸ ਦਾ ਬਿਲ ਇਥੇ ਆਇਆ ਹੈ ਇਹ ਬਹੁਤ ਅੱਛਾ ਹੈ ਔਰ ਇਸ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ। ਇਸ ਅਨੁਸਾਰ 40 ਹਜ਼ਾਰ ਤੋਂ 1 ਲੱਖ ਦੀ ਲਿਮਿਟ ਕਰ ਦਿੱਤੀ ਹੈ ਔਰ ਇਕ ਲੱਖ ਵਾਲੀ 3 ਲੱਖ ਕਰ ਦਿੱਤੀ ਹੈ। ਅਸੀਂ ਪਿਛਲੇ ਸਾਲ ਇਸ ਦੀ ਡਿਮਾਂਡ ਕੀਤੀ ਸੀ ਔਰ ਹੁਣ ਇਹ ਕੀਤਾ ਗਿਆ ਹੈ। ਇਸ ਨਾਲ ਵਿਉਪਾਰੀ ਵਰਗ ਬਹੁਤ ਖੁਸ਼ ਹੋਵੇਗਾ। ਜਿਹੜਾ ਸੇਲਜ਼ ਟੈਕਸ ਘੱਟ ਗਿਆ ਸੀ ਅਸੀਂ ਬਹੁਤ ਸਾਰੀਆਂ ਆਈਟਮਾਂ ਤੇ ਫਸਟ ਸਟੇਜ਼ ਤੇ ਸੇਲਜ਼ ਟੈਕਸ ਲਗਾ ਕੇ ਆਪਣੀ ਟਰਨਓਵਰ ਵਧਾ ਸਕਦੇ ਹਾਂ। ਇਸ ਦੇ ਨਾਲ ਸਰਕਾਰੀ ਰੈਵਨਿਊ ਵੀ ਵਧੇਗਾ। ਐਸ.ਟੀ. ਫਾਰਮ 22ਏ ਜਿਹੜੇ ਹਨ ਇਹ 10-15 ਫਾਰਮ

Original with;
Punjab Vidhan Sabha
Digitized by;
Panjab Digital Library

[ਸ੍ਰੀ ਜੈ ਕਿਸ਼ਨ ਸੈਣੀ]

ਨਹੀਂ ਦੇਣੇ ਚਾਹੀਦੇ, ਇਹ ਫਾਰਮ ਜ਼ਿਆਦਾ ਮਾਤਰਾ ਵਿਚ ਦੇਣੇ ਚਾਹੀਦੇ ਹਨ। ਇਹ ਫਾਰਮ 1—100 ਤਕ ਦੇ ਦੇਣੇ ਚਾਹੀਦੇ ਹਨ ਤਾਂ ਕਿ ਲੋਕ ਲੋੜ ਮੁਤਾਬਿਕ ਯੂਜ਼ ਕਰਨ ਅਤੇ ਵਪਾਰੀਆਂ ਨੂੰ ਚੱਕਰ ਨਾ ਲਗਾਉਣੇ ਪੈਣ। ਇਸ ਸੇਲਜ਼ ਟੈਕਸ ਨੂੰ ਫਸਟ ਸਟੇਜ ਤੇ ਲਗਾਉਣ ਨਾਲ ਰਾਜ ਵਿਚੋਂ ਇੰਸਪੈਕਟਰੀ ਰਾਜ ਖਤਮ ਹੋ ਜਾਵੇਗਾ ਅਤੇ ਜਿਹੜੇ ਵਪਾਰੀ ਇੰਸਪੈਕਟਰੀ ਰਾਜ ਤੋਂ ਬਹੁਤ ਪਰੇਸ਼ਾਨ ਸਨ ਉਨ੍ਹਾਂ ਨੂੰ ਰਾਹਤ ਮਿਲੇਗੀ। ਮੈਂ ਸਮਝਦਾ ਹਾਂ ਕਿ ਜਿਨੀਆਂ ਆਈਟਮਾਂ ਤੇ ਸੈਂਟਰਲ ਐਕਸਾਈਜ਼ ਲੱਗੀ ਹੋਈ ਹੈ ਅਤੇ ਲਾਈਸੈਂਸ ਹੋਲਡਰਜ਼ ਹਨ ਉਨ੍ਹਾਂ ਉਤੇ ਫਸਟ ਸਟੇਜ ਤੇ ਸੇਲਜ਼ ਟੈਕਸ ਲਗਾ ਦੇਣਾ ਚਾਹਿਦਾ ਹੈ ਤਾਂ ਕਿ ਇੰਸਪੈਕਟਰੀ ਰਾਜ ਖਤਮ ਹੋ ਸਕੇ। ਇਸ ਦੇ ਨਾਲ ਮੈਂ ਇਸ ਬਿੱਲ ਦੀ ਹਮਾਇਤ ਕਰਦਾ ਹਾਂ ਅਤੇ ਚਾਹੁੰਦਾ ਹਾਂ ਕਿ ਇਸ ਬਿਲ ਨੂੰ ਪਾਸ ਕਰ ਦਿੱਤਾ ਜਾਵੇ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ (ਮੋਗਾ):** ਸਪੀਕਰ ਸਾਹਿਬ, ਮੈਂ ਤੁਹਾਡੀ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਇਸ ਬਿੱਲ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਜਿਹੜਾ ਬਿੱਲ ਮਨਿਸਟਰ ਸਾਹਿਬ ਨੇ ਇਸ ਸਦਨ ਵਿਚ ਪੇਸ਼ ਕੀਤਾ ਹੈ ਮੈਂ ਉਸ ਦੀ ਹਮਾਇਤ ਕਰਦੀ ਹਾਂ। ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਪਹਿਲੇ ਲਾਗੂ ਸੀ ਉਸ ਦੇ ਵਿਚ ਬਹੁਤ ਸਾਰੇ ਲੂਪ-ਹੋਲਜ਼ ਸਨ ਜਿਸ ਕਰਕੇ ਸਰਕਾਰ ਨੂੰ ਅਮੈਂਡਮੈਂਟ ਲਿਆਉਣ ਦੀ ਲੋੜ ਪਈ ਤਾਂ ਕਿ ਇਸ ਬਿੱਲ ਵਿਚ ਜਿਹੜੇ ਲੂਪ-ਹੋਲਜ਼ ਹਨ ਉਨ੍ਹਾਂ ਨੂੰ ਪਲੱਗ ਕੀਤਾ ਜਾ ਸਕੇ। ਮੇਰੇ ਖਿਆਲ ਵਿਚ ਇਹ ਇਕ ਰਵੋਲਿਊਸ਼ਨਰੀ ਸਟੈਪ ਹੈ। ਸਾਡੇ ਮਨਿਸਟਰ ਸਾਹਿਬ ਨੇ ਚੀਫ ਮਨਿਸਟਰ ਸਾਹਿਬ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਇਸ ਬਿੱਲ ਨੂੰ ਹਾਊਸ ਵਿਚ ਲਿਆਂਦਾ ਹੈ। ਮੈਂ ਪਹਿਲੇ ਵੀ ਇਸ ਸਦਨ ਵਿਚ ਗਵਰਨਰ ਐਡਰੈਸ ਤੇ ਬੋਲਦੇ ਹੋਏ ਇਸ ਗੱਲ ਦੀ ਮੰਗ ਕੀਤੀ ਸੀ ਕਿ ਜਨਰਲ ਸੇਲਜ਼ ਟੈਕਸ ਵਿਚ ਜਿਹੜੀ ਚੋਰੀ ਹੁੰਦੀ ਹੈ ਇਸ ਨੂੰ ਰੋਕਣ ਲਈ ਫਸਟ ਸਟੇਜ ਤੇ ਸੇਲ ਟੈਕਸ ਲਗਾ ਦੇਣਾ ਚਾਹਿਦਾ ਹੈ ਖਾਸ ਕਰ ਜਿਹੜੇ ਹੋਲ ਸੇਲਜ਼ ਵਪਾਰੀ ਹਨ, ਇਨ੍ਹਾਂ ਉਤੇ ਫਸਟ ਸਟੇਜ ਤੇ ਲਗਾ ਦੇਣਾ ਚਾਹੀਦਾ ਹੈ। ਜਿਹੜੇ ਚੀਫ ਮਨਿਸਟਰ ਸਾਹਿਬ ਦੇ ਆਦੇਸ਼ ਹਨ ਕਿ ਪੰਜਾਬ ਵਿਚੋਂ ਕੁਰਪਸ਼ਨ ਨੂੰ ਖਤਮ ਕਰ ਦੇਣਾ ਹੈ ਉਸ ਲਈ ਇਹ ਐਮੇਂਡਮੈਂਟ ਬਿੱਲ ਲਿਆ ਕੇ ਇਸ ਮਹਿਕਮੇ ਵਿਚ ਜਿਹੜੀ ਕੁਰਪਸ਼ਨ ਹੁੰਦੀ ਸੀ ਉਸ ਨੂੰ ਰੋਕਣ ਵਿਚ ਮਦਦ ਮਿਲੇਗੀ ਅਤੇ ਇੰਸਪੈਕਟਰੀ ਰਾਜ ਨੂੰ ਖਤਮ ਕਰਨ ਵਿਚ ਮਦਦ ਮਿਲੇਗੀ। ਵਪਾਰੀਆਂ ਦੀ ਪਰੇਸ਼ਾਨੀ ਦੂਰ ਹੋਵੇਗੀ ਅਤੇ ਵਪਾਰੀਆਂ ਦਾ ਫਾਇਦਾ ਹੋਵੇਗਾ। ਇਸ ਅਮੈਂਡਮੈਂਟ ਨਾਲ ਇਸ ਐਕਟ ਨੂੰ ਸਿੰਪਲੀਫਾਈ ਕੀਤਾ ਗਿਆ ਹੈ। ਇਸ ਨਾਲ ਸੇਲਜ਼ ਦੀ ਚੋਰੀ ਘੱਟੇਗੀ ਅਤੇ ਸੇਲ ਟੈਕਸ ਦੀ ਰਿਕਵਰੀ ਜ਼ਿਆਦਾ ਹੋਵੇਗੀ, ਸਟੇਟ ਦਾ ਰਵੇਨਿਊ ਵਧੇਗਾ ਸਰਕਾਰ ਦੀ ਆਮਦਨੀ ਵੀ ਵਧੇਗੀ ਅਤੇ ਸਟੇਟ ਖੁਸ਼ਹਾਲ ਹੋਵੇਗੀ। ਮੈਂ ਮਿੱਤਲ ਸਾਹਿਬ ਦੇ ਨਾਲ ਬਿਲਕੁਲ ਸਹਿਮਤ ਨਹੀਂ ਹਾਂ ਕਿ ਇਸ ਦੇ ਨਾਲ ਪਰੋਡਕਸ਼ਨ ਘਟੇਗੀ ਬਲਕਿ ਇਸ ਦੇ ਨਾਲ ਪਰੋਡਕਸ਼ਨ ਵਧੇਗੀ। ਇਹ ਜਿਹੜਾ ਬਿੱਲ ਲਿਆਂਦਾ ਗਿਆ ਹੈ ਇਸ ਦਾ ਮੈਂ ਪੂਰਾ ਸਮਰਥਨ ਕਰਦੀ ਹਾਂ ਅਤੇ ਧੰਨਵਾਦ ਕਰਦੀ ਹਾਂ ਕਿ ਮਨਿਸਟਰ ਸਾਹਿਬ ਨੇ ਇਹ ਬਿਲ ਲਿਆ ਕੇ ਪੰਜਾਬ ਦੇ ਵਪਾਰੀਆਂ ਨੂੰ ਇੰਸਪੈਕਟਰੀ ਰਾਜ ਤੋਂ ਰਾਹਤ ਦਿਵਾ ਦਿੱਤੀ ਹੈ।

**ਆਬਕਾਰੀ ਅਤੇ ਕਰ ਮੰਤਰੀ (ਸਰਦਾਰ ਸ਼ਮਸ਼ੇਰ ਸਿੰਘ ਦੂਲੋਂ):** ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੂੰ ਪੰਜਾਬ ਦੀ ਵਾਗਡੋਰ ਸੰਭਾਲੇ ਇਕ ਸਾਲ ਤੋਂ ਉਪਰ ਸਮਾਂ ਹੋ ਗਿਆ ਹੈ। ਜੋ ਸਾਡੀ ਪਾਰਟੀ ਨੇ ਮੈਨੀਫੈਸਟੋ ਇਲੈਕਸ਼ਨ ਵਿਚ ਦਿੱਤਾ ਸੀ ਅਤੇ ਪੰਜਾਬ ਦੇ ਲੋਕਾਂ ਨੂੰ ਕਿਹਾ ਸੀ ਕਿ ਸਾਡੀ ਸਰਕਾਰ ਪੰਜਾਬ ਵਿਚ ਸਭ ਤੋਂ ਪਹਿਲਾਂ ਅਮਨ ਅਤੇ ਸ਼ਾਂਤੀ ਨੂੰ ਬਹਾਲ ਕਰੇਗੀ ਅਤੇ ਪੰਜਾਬ ਦੇ ਵਪਾਰੀਆਂ ਅਤੇ ਟਰੇਡਰਜ਼ ਦੀਆਂ ਜਿਹੜੀਆਂ ਮੁਸ਼ਕਿਲਾਂ ਹਨ ਉਨ੍ਹਾਂ ਨੂੰ ਦੂਰ ਕਰਨ ਦਾ ਵਾਅਦਾ ਸਰਦਾਰ ਬੇਅੰਤ ਸਿੰਘ ਜੀ ਨੇ ਲੋਕਾਂ ਨੂੰ ਦਿੱਤਾ ਸੀ। ਅੱਜ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਧਿਆਨ

Original with;
Punjab Vidhan Sabha
Digitized by;
Panjab Digital Library

ਵਿਚ ਰਖਦੇ ਹੋਏ ਸਰਦਾਰ ਬੇਅੰਤ ਸਿੰਘ ਦੀ ਰਹਿਨੁਮਾਈ ਵਿਚ ਹੀ ਬਿੱਲ ਲਿਆਂਦਾ ਗਿਆ ਹੈ ਅਤੇ ਮੈਂਬਰ ਸਾਹਿਬਾਨ ਦੀਆਂ ਸੁਜੈਸ਼ਨਾਂ ਨੂੰ ਸਾਹਮਣੇ ਰਖਦੇ ਹੋਏ ਇਹ ਰੈਵੋਲਿਊਸ਼ਨਰੀ ਸਟੈਪ ਲਿਆ ਹੈ। ਪੰਜਾਬ ਵਿਚ ਕਈ ਆਈਟਮਾਂ ਤੇ ਟੈਕਸ ਨੂੰ ਰੈਸ਼ਨੇਲਾਈਜ਼ ਕੀਤਾ ਗਿਆ ਹੈ। ਸਪੀਕਰ ਸਾਹਿਬ, ਖਾਦਾਂ, ਚਾਹ, ਦਾਲਾਂ, ਆਇਲਜ਼ ਅਤੇ ਦੂਸਰੀਆਂ ਹੋਰ ਬਹੁਤ ਸਾਰੀਆਂ ਆਈਟਮਾਂ ਤੇ ਟੈਕਸ ਨੂੰ ਰੈਸ਼ਨੇਲਾਈਜ਼ ਕੀਤਾ ਹੈ। ਅਸੀਂ ਟੈਕਸ ਨੂੰ ਸਿੰਪਲੀਫਾਈ ਕੀਤਾ ਹੈ। ਇਸ ਨੂੰ ਸਿੰਪਲੀਫਾਈ ਕਰਨ ਨਾਲ ਸਾਡੀ ਟੈਕਸ ਦੀ ਰੇਸ਼ੋ ਵਧੀ ਹੈ। ਮੈਂ ਮਾਨਯੋਗ ਮਿੱਤਲ ਸਾਹਿਬ ਨੂੰ ਕਹਾਂਗਾ ਕਿ ਅੱਜ ਸਾਡੀ ਸਰਕਾਰ ਜੋ ਇਸ ਤਰ੍ਹਾਂ ਦੇ ਸਟੈਪਸ ਲੈ ਰਹੀ ਹੈ, ਉਸ ਦੇ ਬਾਰੇ ਸਾਡੇ ਮਾਨਯੋਗ ਮੈਂਬਰਾਂ ਨੂੰ ਸਾਡੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਸੀ। ਇਥੇ ਹਾਊਸ ਵਿਚ ਕਿਹਾ ਗਿਆ ਕਿ 5 ਲੱਖ ਤਕ ਲਿਮਿਟ ਹੋਣੀ ਚਾਹੀਦੀ ਹੈ, ਲਿਮਿਟ ਵਧਾਉਣ ਬਾਰੇ ਵੀ ਅਸੀਂ ਗੌਰ ਕਰ ਰਹੇ ਹਾਂ। ਹਾਈ ਪਾਵਰਡ ਕਮੇਟੀ ਇਸ ਬਾਰੇ ਜ਼ਰੂਰ ਕਨਸਿਡਰ ਕਰੇਗੀ। ਇੰਡਸਟਰੀਲਿਸਟ ਦੀ 40 ਹਜ਼ਾਰ ਤੋਂ 1 ਲੱਖ ਰੁਪਏ ਤਕ ਲਿਮਿਟ ਕੀਤੀ ਹੈ। ਟਰੇਡਰਜ਼ ਦੀ 1 ਲੱਖ ਤੋਂ 3 ਲੱਖ ਰੁਪਏ ਤਕ ਕੀਤੀ ਹੈ। ਬਾਕੀ ਹਾਈ ਪਾਵਰ ਕਮੇਟੀ ਵਿਚ ਇਨ੍ਹਾਂ ਗਲਾਂ ਤੇ ਗੌਰ ਕਰਾਂਗੇ। ਸਪੀਕਰ ਸਾਹਿਬ, ਜੋ ਸੈਕਸ਼ਨ 14-ਬੀ ਸਬ-ਸੈਕਸ਼ਨ 6 ਵਿਚ ਅਮੈਂਡਮੈਂਟ ਲਿਆਂਦੀ ਹੈ, ਇਸ ਵਿਚ ਕੈਸ਼ ਸਿਕਿਉਰਟੀ ਬੈਂਕ ਗਰੰਟੀ ਜਾਂ ਕਰਾਸਡ ਬੈਂਕ ਡਰਾਫਟ ਇਸ ਕਰਕੇ ਲਿਆਂਦਾ ਗਿਆ ਹੈ ਕਿਉਂਕਿ ਜਦੋਂ ਬੈਰੀਅਰ ਤੇ ਕਿਸੇ ਟਰੱਕ, ਗੱਡੀ ਨੂੰ ਰੋਕਿਆ ਜਾਂਦਾ ਸੀ ਤਾਂ ਉਹ ਆਪਣੀ ਬਾਂਡ ਦੀ ਗਰੰਟੀ ਦੇ ਦਿੰਦੇ ਸਨ। ਇਸ ਤਰ੍ਹਾਂ ਦੇ ਹਜ਼ਾਰਾਂ ਕੇਸ ਪੈਂਡਿੰਗ ਪਏ ਹਨ। ਸਪੀਕਰ ਸਾਹਿਬ ਨਾ ਤਾਂ ਵਪਾਰੀ ਲਭਦਾ ਹੈ ਅਤੇ ਨਾ ਹੀ ਕੁਝ ਹੋਰ ਲਭਦਾ ਹੈ। ਇਸ ਤਰ੍ਹਾਂ ਸਰਕਾਰ ਨੂੰ ਵਪਾਰੀਆਂ ਨੂੰ ਲਭਣ ਵਿਚ ਮੁਸ਼ਕਲ ਪੇਸ਼ ਆਉਂਦੀ ਹੈ। ਇਸ ਤਰੀਕੇ ਨਾਲ ਸਾਡੇ ਰੈਵੇਨਿਊ ਨੂੰ ਬਹੁਤ ਘਾਟਾ ਪੈਂਦਾ ਹੈ। ਸਪੀਕਰ ਸਾਹਿਬ ਕੇਸ ਸਿਕਿਉਰਿਟੀ ਵਪਾਰੀ ਦੇ ਦੇਣ ਔਰ ਆਪਣਾ ਮਾਲ ਛੁੜਾ ਕੇ ਲੈ ਜਾਣ। ਇਸ ਲਈ ਇਹ ਅਮੈਂਡਮੈਂਟ ਇਥੇ ਹਾਊਸ ਵਿਚ ਲਿਆਂਦੀ ਗਈ ਹੈ। ਦੂਸਰਾ ਸਪੀਕਰ ਸਾਹਿਬ, ਪਹਿਲਾਂ ਪੰਜਾਬ ਦੇ ਵਿਚ 66 ਆਈਟਮਾਂ ਤੇ ਫਸਟ ਸਟੇਜ਼ ਤੇ ਸੇਲਜ਼ ਟੈਕਸ ਲਗਦਾ ਸੀ ਹੁਣ ਹੋਰ 7 ਆਈਟਮਾਂ ਤੇ ਏਅਰ ਕੰਡੀਸ਼ਨਜ਼, ਰੈਫੀਜਿਰੇਟਰ ਅਤੇ ਇਡੀਬਲ ਆਇਲ ਐਂਡ ਕਾਟਨ ਯਾਰਨ ਆਦਿ ਤੇ ਫਸਟ ਸਟੇਜ ਤੇ ਟੈਕਸ ਲਗਾਉਣ ਦਾ ਪਰੋਵੀਜਨ ਕੀਤਾ ਹੈ। ਸਪੀਕਰ ਸਾਹਿਬ, ਇਥੇ ਮਿੱਤਲ ਸਾਹਿਬ ਨੇ ਵੀ ਫਾਰਮਾਂ ਦੀ ਗੱਲ ਕੀਤੀ ਹੈ। ਐਸ.ਟੀ. ਫਾਰਮ ਨਹੀਂ ਮਿਲਦੇ ਹਨ ਪਰ ਸਾਡੇ ਕੋਲ ਇਸ ਫਾਰਮ ਬਾਰੇ ਕੋਈ ਸ਼ਿਕਾਇਤ ਨਹੀਂ ਆਈ। ਪਰ ਫਿਰ ਵੀ ਇਸ ਵਿਚ ਇੱਕ ਨਵੀਂ ਚੀਜ਼ ਲਿਆਂਦੀ ਗਈ ਹੈ। ਵਪਾਰੀਆਂ ਨੇ ਐਸ. ਟੀ. ਫਾਰਮ ਦੀ ਗੱਲ ਕੀਤੀ ਸੀ ਕਿ ਸਾਨੂੰ ਮੁਸ਼ਕਲ ਆਉਂਦੀ ਹੈ। ਸਪੀਕਰ ਸਾਹਿਬ, ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਵਪਾਰੀਆਂ ਨੂੰ ਖੁਲ੍ਹ ਦਿਤੀ ਹੈ ਕਿ ਉਹ ਇਹ ਫਾਰਮ ਆਪ ਛਪਾ ਲਿਆ ਕਰਨ ਤੇ ਈ.ਟੀ.ਓ. ਦੇ ਦਸਖਤ ਕਰਵਾ ਲੈਣ। ਸਪੀਕਰ ਸਾਹਿਬ, ਸਾਡੇ ਕੋਲ ਕਿਸੇ ਕਿਸਮ ਦੀ ਫਾਰਮ ਬਾਰੇ ਕੋਈ ਸ਼ਿਕਾਇਤ ਨਹੀਂ ਆਈ। ਪਿਛਲੇ 45 ਸਾਲਾਂ ਵਿਚ ਸੇਲਜ਼ ਟੈਕਸ ਦਾ ਇਵੇਜ਼ਨ ਹੁੰਦਾ ਰਿਹਾ ਹੈ। ਪਿਛਲੇ 40-45 ਸਾਲਾਂ ਵਿਚ ਕਈ ਸਰਕਾਰਾਂ ਆਈਆਂ ਅਤੇ ਚਲੀਆਂ ਗਈਆਂ ਪਰ 1 ਸਾਲ 2 ਮਹੀਨੇ ਦੇ ਅੰਦਰ ਅੰਦਰ ਮੈਂ ਦਾਅਵੇ ਦੇ ਨਾਲ ਕਹਿ ਸਕਦਾ ਹਾਂ ਕਿ ਜਿਤਨੀ ਸਾਡੀ ਪੰਜਾਬ ਵਿਚ ਇਵੇਜ਼ਨ ਰੁਕੀ ਹੈ ਉਹ ਪੰਜਾਬ ਵਿਚ ਦੂਸਰੀਆਂ ਸਟੇਟਾਂ ਨਾਲੋਂ ਪਹਿਲੇ ਨੰਬਰ ਤੇ ਹੈ। (ਥੰਪਿੰਗ) ਪੰਜਾਬ ਵਿਚ ਸੇਲਜ਼ ਟੈਕਸ ਵਿਚ ਕਾਫੀ ਇੰਪਰੂਵਮੈਂਟ ਹੋਈ ਹੈ। ਇਸ ਸਾਲ 1992-93 ਵਿਚ 240 ਕਰੋੜ ਰੁਪਏ ਦੀ ਹੈ। ਇਸ ਸਾਲ, ਸਪੀਕਰ ਸਾਹਿਬ, 114 ਕਰੋੜ 60 ਲੱਖ ਰੁਪਏ ਦਾ ਜੋ ਸਾਡਾ ਡੇਫੀਸਿਟ ਸੀ ਉਸ ਨੂੰ ਵੀ ਅਸੀਂ ਕਾਫੀ ਦੂਰ ਕੀਤਾ ਹੈ। (ਥੰਪਿੰਗ) ਹੁਣ ਅਸੀਂ ਫਸਟ ਸਟੇਜ ਤੇ ਜੋ ਸੇਲਜ਼ ਟੈਕਸ ਲਗਾਇਆ ਹੈ ਉਸ ਨਾਲ ਪੰਜਾਬ ਵਿਚ ਹਜ਼ਾਰਾਂ, ਲੱਖਾਂ ਟਰੇਡਰਜ਼ ਨੂੰ ਰਿਲੀਫ ਮਿਲਿਆ

Original with;
Punjab Vidhan Sabha
Digitized by;
Panjab Digital Library

[ਆਬਕਾਰੀ ਅਤੇ ਕਰ ਮੰਤਰੀ]

ਹੈ। ਉਨ੍ਹਾਂ ਨੂੰ ਇੰਸਪੈਕਟਰੀ ਰਾਜ ਤੋਂ ਛੁਟਕਾਰਾ ਮਿਲਿਆ ਹੈ। ਇਸ ਨਾਲ ਪੰਜਾਬ ਦੇ ਹਜ਼ਾਰਾਂ, ਲੱਖਾਂ ਲੋਕਾਂ ਨੂੰ ਫਾਇਦਾ ਹੋਇਆ ਹੈ। ਛੋਟੀਆਂ ਆਈਟਮਾਂ ਤੇ ਫਸਟ ਸਟੇਜ਼ ਤੇ ਟੈਕਸ ਲਗਾਉਣ ਦੇ ਨਾਲ ਵੀ ਕਾਫੀ ਫਾਇਦਾ ਹੋਇਆ ਹੈ। ਜਿਹੜੇ ਵੱਡੇ ਵੱਡੇ ਸਟਾਕਿਸਟਸ ਹਨ, ਇੰਡਸਟਰੀਅਲਿਸਟਸ ਹਨ, ਬਿਗ ਹਾਊਸਿਜ਼ ਹਨ, ਜਿਨ੍ਹਾਂ ਤੋਂ ਆਮ ਤੌਰ ਤੇ ਪਿਛਲੀਆਂ ਸਰਕਾਰਾਂ ਡਰਦੀਆਂ ਰਹਿੰਦੀਆਂ ਸਨ, ਅਸੀਂ ਉਨ੍ਹਾਂ ਨੂੰ ਵੀ ਹੱਥ ਪਾਇਆ ਹੈ। ਅਸੀਂ ਟੈਕਸ ਇਵੇਜਨ ਨੂੰ ਰੋਕਿਆ ਹੈ, ਇਸ ਗੱਲ ਵਿੱਚ ਸਾਡਾ ਸਾਥ ਦਿਆ ਕਰੋ। ਤੁਸੀਂ ਇੰਡਸਟਰੀਲਿਸਟਾਂ ਵੱਲ ਨਾ ਖੜ੍ਹ ਜਾਇਆ ਕਰੋ। ਅਸੀਂ ਸਟੇਟ ਨੂੰ ਰਨ ਕਰਨਾ ਹੈ। ਚੰਗਾ ਰੇਵੇਨਿਊ ਏਸੇ ਤਰ੍ਹਾਂ ਹੀ ਆ ਸਕਦਾ ਹੈ। ਮੈਂ ਮਿੱਤਲ ਸਾਹਿਬ ਨੂੰ ਅਤੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਜਿਹੜੇ ਚੰਗੇ ਟਰੇਡਰ ਹਨ, ਅਸੀਂ ਵੀ ਉਨ੍ਹਾਂ ਦੇ ਨਾਲ ਖੜੇ ਹਾਂ, ਸਰਕਾਰ ਵੀ ਨਾਲ ਖੜ੍ਹੀ ਹੈ ਪਰ ਜਿਹੜੇ ਟੈਕਸ ਇਵੇਡਰ ਹਨ, ਸਰਕਾਰ ਉਨ੍ਹਾਂ ਨਾਲ ਸਖਤੀ ਨਾਲ ਨਿਪਟ ਰਹੀ ਹੈ ਅਤੇ ਸਖਤੀ ਨਾਲ ਹੀ ਨਿਪਟੇਗੀ। ਕਿਰਪਾ ਕਰਕੇ ਸਾਡਾ ਸਾਥ ਦਿਆ ਕਰੋ, ਉਨ੍ਹਾਂ ਦਾ ਸਾਥ ਨਾ ਦਿਉ। ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਅਮੈਂਡਮੈਂਟ ਦੇ ਆਉਣ ਨਾਲ ਵਪਾਰੀਆਂ ਨੂੰ ਕਾਫੀ ਰਿਲੀਫ ਮਿਲੇਗਾ ਅਤੇ ਸਟੇਟ ਨੂੰ ਰੈਵੇਨਿਊ ਵੀ ਵੱਧ ਤੋਂ ਵੱਧ ਮਿਲੇਗਾ। ਇਸ ਲਈ ਇਹ ਬਿੱਲ ਪਾਸ ਹੋਣਾ ਚਾਹੀਦਾ ਹੈ। ਧੰਨਵਾਦ, ਜੈ ਹਿੰਦ। (ਥੰਪਿੰਗ)

**Mr. Speaker :** Question is—

That the Punjab General Sales Tax (Amendment) Bill be taken into consideration at once.

*The Motion was carried.*

**Mr. Speaker :** Now the House will proceed to consider the Bill Clause by Clause.

**Clause 2**

**Mr. Speaker :** Question is—

That Clause 2 stand part of the Bill.

*The Motion was carried.*

**Clause 3**

**Mr. Speaker :** Question is—

That Clause 3 stand part of the Bill.

*The Motion was carried.*

**Clause 4**

**Mr. Speaker :** Question is—

That Clause 4 stand part of the Bill.

**The Motion was carried.**

Original with;
Punjab Vidhan Sabha
Digitized by;
Panjab Digital Library

Clause 5

**Mr. Speaker :** Question is—

That Clause 5 stand part of the Bill.

*The Motion was carried.*

Clause 6

**Mr. Speaker :** Question is—

That Clause 6 stand part of the Bill.

*The Motion was carried.*

Clause 7

**Mr. Speaker :** Question is—

That Clause 7 stand part of the Bill.

*The Motion was carried.*

Schedule 'D'

**Mr. Speaker :** Question is—

That Schedule 'D' stand part of the Bill.

*The Motion was carried.*

Clause 1

**Mr. Speaker :** Question is—

That Clause 1 stand part of the Bill.

*The Motion was carried.*

Title

**Mr. Speaker :** Question is—

That Title be the Title of the Bill.

*The Motion was carried.*

**Excise and Taxation Minister (Sardar Shamsher Singh Dullo) :** Sir, I beg to move—

That the Punjab General Sales Tax (Amendment) Bill be passed.

**Mr. Speaker :** Motion moved—

That the Punjab General Sales Tax (Amendment) Bill be passed.

**Mr. Speaker :** Question is—

That the Punjab General Sales Tax (Amendment) Bill be passed.

*The Motion was carried.*

Original with;
Punjab Vidhan Sabha
Digitized by;
Panjab Digital Library

## THE EAST PUNJAB MINISTER'S SALARIES (AMENDMENT) BILL, 1993

**Minister for Parliamentary Affairs (Sardar Umrao Singh)**: Sir, I beg to introduce the East Punjab Ministers' Salaries (Amendment) Bill.

Sir, I also beg to move—

That the East Punjab Ministers' Salaries (Amendment) Bill be taken into consideration at once

**Mr. Speaker**; Motion moved—

That the East Punjab Ministers' Salaries (Amendment) Bill be taken into consideration at once

**श्रीमति लक्ष्मी कांता चावला** (अमृतसर केन्द्री): स्पीकर साहिब, जहां तक मंत्रियों के टैलीफोन का किराया 1500/–रुपये प्रति मास तय करने का सवाल है, यह बहुत अच्छा है, इसे कर दीजिये लेकिन एक तो इस में यह नहीं लिखा कि यह टैलीफोन घर का है या आफिस का। अगर आप इसे टैलीफोन के खर्चे की अधिक सीमा घोषित कर दें तो फिर तो यह ठीक है। फिर चाहे इस में 500 रुपये और भी बढ़ा दिया जाये, लेकिन जब एक वर्ष में मंत्रियों के टैलीफोन का घर का खर्च 32,70,104 रुपये के करीब हो गया तो क्या 1500/–रुपये की रकम इस के अतिरिक्त दी जा रही है। 1500 रुपये की रकम अलग दी जा रही है या यह कि 1500 रुपये से ज्यादा खर्च नहीं किया जायेगा। पिछले वर्ष 25-2-92 से 19-3-93 तक मंत्रियों के दफतरों के टैलीफोनज का खर्च 22,89, 382 रुपए आया जबकि उन के घरों के टैलीफोनज का खर्च 32,70,104 रुपये आया यानि कुल खर्च 55,59,406 रुपये आया। इस तरह से यह देखें कि उन के घरों के टैलीफोनज का इतना खर्च किस तरह से आया मैं इस संशोधन के साथ इस बिल को स्वीकार करती हूं कि दफतरों का खर्च ही 1500 रुपये कर दिया जाए, इस के अतिरिक्त घरों में जो वे खर्च करें, वह वह अपनी जेब में से करें। खर्च तो करते हैं लाखों रुपये और मागते हैं 1500 रुपये यह बात ठीक नहीं है।

**ਕਾਮਰੇਡ ਹਰਦੇਵ ਸਿੰਘ ਅਰਸ਼ੀ** (ਬੁਢਲਾਡਾ): ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਪਿਛਲੇ ਸਾਲ ਜੁਲਾਈ ਵਿਚਲੇ ਸੈਸ਼ਨ ਵਿਚ ਵੀ ਇਕ ਇਸ ਤਰ੍ਹਾਂ ਦਾ ਬਿੱਲ ਲਿਆਂਦਾ ਗਿਆ ਸੀ ਐਮ.ਐਲ.ਏਜ਼ ਦੇ ਭੱਤੇ ਤਨਖਾਹਾਂ ਅਤੇ ਟੈਲੀਫੋਨ ਦੇ ਬਿੱਲ ਆਦਿ ਇਨਕਰੀਜ਼ ਕਰਨ ਦਾ। ਸਾਡੇ ਗਰੁਪ ਨੇ ਉਸ ਵੇਲੇ ਵੀ ਉਸ ਨੂੰ ਅਪੋਜ਼ ਕੀਤਾ ਸੀ ਅਤੇ ਅੱਜ ਦੇ ਇਸ ਬਿੱਲ ਨੂੰ ਵੀ ਅਸੀਂ ਅਪੋਜ਼ ਕਰਦੇ ਹਾਂ। ਟੈਕਨੀਕਲੀ ਤਾਂ ਇਹ ਠੀਕ ਹੈ ਕਿ ਜੇ ਐਮ.ਐਲ.ਏਜ਼ ਦਾ ਟੈਲੀਫੋਨ ਦਾ ਖਰਚਾ ਵਧਾ ਦਿੱਤਾ ਗਿਆ ਹੈ ਤਾਂ ਮੰਤਰੀਆਂ ਦਾ ਵੀ ਸੇਮ ਕਿਉਂ ਨਾ ਕਰ ਦਿੱਤਾ ਜਾਵੇ ਲੇਕਿਨ ਅੱਜ ਅਖਬਾਰਾਂ ਦੇ ਵਿਚ ਵੱਡੀਆਂ ਵੱਡੀਆਂ ਹੈਡ ਲਾਈਨਜ਼ ਹਨ! ਕਲ੍ਹ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀ ਮੀਟਿੰਗ ਹੋਈ ਜਿਸ ਵਿਚ ਸਾਡੇ ਸੀ.ਐਮ. ਸਾਹਿਬ ਨੇ ਵੀ ਐਕਟਿਵਲੀ ਹਿੱਸਾ ਲਿਆ ਸੀ। ਉਸ ਮੀਟਿੰਗ ਵਿਚ ਇਸ ਗੱਲ ਤੇ ਬਹੁਤ ਜ਼ੋਰ ਦਿੱਤਾ ਗਿਆ ਕਿ ਜਿਹੜੇ ਗੈਰ-ਯੋਜਨਾ ਖਰਚੇ ਹਨ, ਉਨ੍ਹਾਂ ਨੂੰ ਕਿਸ ਤਰ੍ਹਾਂ ਘਟਾਇਆ ਜਾਵੇ। ਇਨ੍ਹਾਂ ਗੈਰ-ਯੋਜਨਾ ਖਰਚ ਨੂੰ ਘਟਾਉਣ ਵਾਸਤੇ ਜਿਹੜੀਆਂ ਗੱਲਾਂ ਉਥੇ ਕੀਤੀਆਂ ਗਈਆਂ ਮੈਂ ਵੀ ਉਨ੍ਹਾਂ ਨਾਲ

Original with;
Punjab Vidhan Sabha
Digitized by;
Panjab Digital Library

ਸਹਿਮਤ ਹਾਂ ਕਿ ਇਹ ਖਰਚੇ ਘਟਾਏ ਜਾਣੇ ਚਾਹੀਦੇ ਹਨ ਹਾਲਾਂ ਕਿ ਉਸ ਮੀਟਿੰਗ ਵਿਚ ਇਸ ਚੀਜ ਨੂੰ ਹੋਰ ਤਰੀਕੇ ਨਾਲ ਪੇਸ਼ ਕੀਤਾ ਗਿਆ ਜਿਸ ਨਾਲ ਮੁਲਾਜ਼ਮਾਂ ਨੂੰ ਵੀ ਨੁਕਸਾਨ ਹੁੰਦਾ ਹੈ। ਮੁਲਾਜ਼ਮਾਂ ਵਿਰੋਧੀ ਰੁਝਾਨ ਭਾਰੂ ਸੀ ਪਰ ਜਿਥੋਂ ਤੱਕ ਗੈਰ-ਯੋਜਨਾ ਖਰਚਿਆਂ ਦਾ ਸਵਾਲ ਹੈ, ਉਨ੍ਹਾਂ ਬਾਰੇ ਜਦ ਸਮੁੱਚਾ ਕੇਂਦਰ ਚਿੰਤਤ ਹੈ ਤਾਂ ਸਾਨੂੰ ਵੀ ਇਸ ਪਾਸੇ ਕੁਝ ਸੋਚਣਾ ਚਾਹੀਦਾ ਹੈ। ਅਗਰ ਨਹੀਂ ਸੋਚਿਆ ਗਿਆ ਤਾਂ ਸਾਡੀ 8ਵੀਂ ਯੋਜਨਾ ਦਾ ਭੱਠਾ ਬੈਠ ਜਾਣ ਦਾ ਖਤਰਾ ਹੈ। ਇਕ ਪਾਸੇ ਤਾਂ ਗੈਰ-ਯੋਜਨਾ ਖਰਚ ਨੂੰ ਘਟਾਉਣ ਦੀ ਗੱਲ ਹੋ ਰਹੀ ਹੈ ਪਰ ਦੂਸਰੇ ਪਾਸੇ ਇਸ ਦੇ ਉਲਟ ਟੈਲੀਫੋਨ ਦਾ ਖਰਚਾ ਵਧਾਉਣ ਦਾ ਬਿੱਲ ਲਿਆਂਦਾ ਗਿਆ ਹੈ। ਇਨ੍ਹਾਂ ਦੋਨਾਂ ਚੀਜ਼ਾਂ ਦਾ ਕੋਈ ਸਬੰਧ ਨਹੀਂ ਹੈ। ਇਹ ਕੰਟਰਾਡਿਕਟਰੀ ਚੀਜ਼ ਹੈ। ਜੇ ਇਸ ਗੱਲ ਦੀ ਗਰੰਟੀ ਹੋ ਜਾਵੇ ਕਿ ਇੰਨੇ ਖਰਚੇ ਤਕ ਹੀ ਗਲ ਖਤਮ ਹੋ ਜਾਵੇਗੀ, ਫਿਰ ਵੀ ਠੀਕ ਹੈ ਲੇਕਿਨ ਗੱਲ ਇਥੇ ਤੱਕ ਖਤਮ ਨਹੀਂ ਹੁੰਦੀ। ਇਸ ਤੋਂ ਬਾਦ ਥੋੜ੍ਹਾ ਜਿਹਾ ਸਰਟੀਫਿਕੇਟ ਹੀ ਦੇਣਾ ਪੈਂਦਾ ਹੈ ਕਿ ਬਹੁਤ ਜ਼ਰੂਰੀ ਟੈਲੀਫੋਨ ਕਰਨੇ ਪੈ ਗਏ ਹਨ ਜਿਸ ਕਰਕੇ ਇਹ ਖਰਚਾ ਹੋਰ ਵੱਧ ਜਾਂਦਾ ਹੈ ਅਤੇ ਪ੍ਰਵਾਨ ਹੋ ਜਾਂਦਾ ਹੈ। ਇਸ ਤਰ੍ਹਾਂ ਨਾਲ ਇਹ ਖਰਚਾ 1500 ਦੀ ਬਜਾਏ 15,000 ਰੁਪਏ ਵੀ ਹੋ ਜਾਂਦਾ ਹੈ। ਜਿਸ ਤਰ੍ਹਾਂ ਮੈਡਮ ਲਕਛਮੀ ਕਾਂਤਾ ਚਾਵਲਾ ਜੀ ਨੇ ਦਸਿਆ ਹੈ ਕਿ 25 ਫਰਵਰੀ, 1992 ਤੋਂ 19 ਮਾਰਚ, 1993 ਤੱਕ ਮੰਤਰੀਆਂ ਦੇ ਦਫਤਰਾਂ ਦੇ ਟੈਲੀਫੋਨਾਂ ਦਾ ਖਰਚਾ 22,89,382 ਹੈ ਜਦ ਕਿ ਉਨ੍ਹਾਂ ਦੇ ਘਰਾਂ ਦੇ ਟੈਲੀਫੂਨਾਂ ਦਾ ਖਰਚਾ 32,70,104 ਰੁਪਏ ਹੈ। ਜੇ ਇਨ੍ਹਾਂ ਫਿਗਰਜ਼ ਨੂੰ ਵੇਖਿਆ ਜਾਵੇ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਮੰਤਰੀ ਸ਼ਾਇਦ ਘਰਾਂ ਵਿਚ ਹੀ ਰਹਿੰਦੇ ਹਨ, ਦਫਤਰ ਜਾਂਦੇ ਹੀ ਨਹੀਂ। ਇਸ ਰੋਸ਼ਨੀ ਵਿਚ ਮੈਂ ਸਮਝਦਾ ਹਾਂ ਕਿ ਜਦ ਸਾਡਾ ਫਾਈਨੈਂਸ਼ੀਅਲ ਕਰਾਈਸਿਜ਼ ਬਹੁਤ ਜ਼ਿਆਦਾ ਹੈ ਅਤੇ ਸਮੁੱਚਾ ਦੇਸ਼ ਇਸ ਕਰਾਈਸਿਜ਼ ਨੂੰ ਫੇਸ ਕਰ ਰਿਹਾ ਹੈ ਅਤੇ ਸਾਡੀ ਸਟੇਟ ਵੀ ਇਸਨੂੰ ਫੇਸ ਕਰ ਰਹੀ ਹੈ ਤਾਂ ਸਾਨੂੰ ਆਪਣੇ ਖਰਚੇ ਘਟਾਉਣੇ ਹੀ ਚਾਹੀਦੇ ਹਨ, ਵਧਾਉਣੇ ਨਹੀਂ ਚਾਹੀਦੇ। ਅਗਰ ਇਸ ਟੈਲੀਫੋਨ ਦੇ ਖਰਚੇ ਦੀ ਲਿਮਿਟ ਰੱਖ ਵੀ ਲਈ ਜਾਵੇ ਤਾਂ ਉਹ ਲਿਮਿਟ ਰਹਿੰਦੀ ਨਹੀਂ ਹੈ, ਉਹ ਇਨਕਰੀਜ਼ ਹੋ ਜਾਂਦੀ ਹੈ। ਜਿੰਨੀ ਬਜਟ ਵਿਚ ਪ੍ਰੋਵੀਜਨ ਕੀਤੀ ਜਾਂਦੀ ਹੈ, ਉਹ ਹੋਰ ਵਧ ਜਾਂਦੀ ਹੈ। ਪਿਛਲੇ ਸਮੇਂ ਵਿਚ ਕੋਈ ਚਿੰਤਾ ਉਸ ਪਾਸੇ ਵੱਲ ਨਹੀਂ ਕੀਤੀ ਗਈ। ਮੈਂ ਸਿਰਫ ਇਸ ਗੱਲ ਦਾ ਵਿਰੋਧ ਕਰਨ ਵਾਸਤੇ ਹੀ ਵਿਰੋਧ ਨਹੀਂ ਕਰਨਾ। ਮੈਂ ਨਹੀਂ ਕਹਿੰਦਾ ਕਿ ਸਾਡੇ ਜਿਹੜੇ ਮੰਤਰੀ ਸਾਹਿਬਾਨ ਹਨ ਉਹ ਟੂਰਾਂ ਤੇ ਨਾ ਜਾਣ, ਉਹ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ। ਠੀਕ ਹੈ ਕਿ ਇਨ੍ਹਾਂ ਨੇ ਪਬਲਿਕ ਵਿਚ ਵੀ ਜ਼ਰੂਰ ਜਾਣਾ ਹੁੰਦਾ ਹੈ ਲੇਕਿਨ ਅਨ-ਨਸੈਸਰੀ ਟੂਰ ਪਿਛਲੇ ਸਮੇਂ ਵਿਚ ਏਨੇ ਜ਼ਿਆਦਾ ਹੋਏ ਹਨ ਕਿ ਦੇਖਿਆ ਗਿਆ ਹੈ ਕਿ ਪਿੰਡਾਂ ਵਿਚ ਕਬੱਡੀ ਮੈਚਾਂ ਵਾਸਤੇ ਵੀ ਤਿੰਨ-ਤਿੰਨ ਚਾਰ-ਚਾਰ ਮੰਤਰੀ ਜਾ ਰਹੇ ਹਨ। ਇਸ ਕੰਮ ਲਈ ਕਿੰਨੀ ਸਕਿਉਰਟੀ ਅਤੇ ਹੋਰ ਕਿੰਨੇ ਅਫ਼ਸਰ ਵੀ ਜਾਂਦੇ ਹਨ ਇਸ ਤਰ੍ਹਾਂ ਇਹ ਅਨ-ਨਸੈਸਰੀ ਖਰਚੇ ਕਿਤੇ ਜ਼ਿਆਦਾ ਵੱਧ ਰਹੇ ਹਨ। ਉਨ੍ਹਾਂ ਨੂੰ ਟੀ.ਏ./ਡੀ.ਏ. ਦੇਣੇ ਪੈਂਦੇ ਹਨ। ਜਿੱਥੇ ਅਸੀਂ ਸਾਰੇ ਦੇਸ਼ ਨੂੰ ਦੇਖਦੇ ਹੋਏ ਚਿੰਤਤ ਹਾਂ ਉਥੇ ਸਾਨੂੰ ਅਜਿਹਿਆਂ ਖਰਚਿਆਂ ਨੂੰ ਵੀ ਘਟਾਉਣਾ ਦਾ ਜ਼ਰੂਰ ਯਤਨ ਕਰਨਾ ਚਾਹੀਦਾ ਹੈ ਨਾ ਕਿ ਉਲਟਾ ਵਧਾਉਣ ਦਾ। ਇਸ ਰੋਸ਼ਨੀ ਵਿਚ ਮੈਂ ਸਮਝਦਾ ਹਾਂ ਕਿ ਇਹ ਸਾਰੀ ਚੀਜ਼ ਬੇਲੋੜੀ ਹੈ। ਇਹ ਬਿੱਲ ਪਾਸ ਨਹੀਂ ਹੋਣਾ ਚਾਹੀਦਾ। ਜਦੋਂ ਪਹਿਲਾਂ ਵੀ ਇਸ ਤਰ੍ਹਾਂ ਦੀ ਇਨਕਰੀਜ਼ ਦਾ ਬਿਲ ਲਿਆਂਦਾ ਗਿਆ ਸੀ ਅਸੀਂ ਉਦੋਂ ਵੀ ਇਸ ਚੀਜ਼ ਦਾ ਵਿਰੋਧ ਕੀਤਾ ਸੀ ਔਰ ਹੁਣ ਵੀ ਕਰਦੇ ਹਾਂ। ਭਵਿੱਖ ਵਿਚ ਵੀ ਇਸ ਤਰ੍ਹਾਂ ਦਾ ਕੋਈ ਬਿੱਲ ਨਹੀਂ ਲਿਆਂਦਾ ਜਾਣਾ ਚਾਹੀਦਾ।

**Mr. Speaker** : Arshi ji, to the point please.

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕਿਉਂਕਿ ਇਸ ਨਾਲ ਪਬਲਿਕ ਵਿੱਚ ਬੜੀ ਚਰਚਾ ਹੁੰਦੀ ਹੈ ਔਰ ਜਿਹੜੀ ਚਰਚਾ ਹੁੰਦੀ ਹੈ ਉਹ ਅਮਲ ਵਿੱਚ ਵੀ ਆ ਜਾਂਦੀ ਹੈ। ਸੋ ਮੈਂ ਇਸ ਨੂੰ ਸਟਰਾਂਗਲੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਆਪੋਜ਼ ਕਰਦਾ ਹਾਂ ਕਿ ਐਮ.ਐਲ.ਏ. ਨੂੰ 1,500 ਰੁਪਏ ਨਕਦ ਦਿੱਤਾ ਜਾਏ ਜੇ ਕਰ ਇਸ ਤਰ੍ਹਾਂ ਕੀਤਾ ਤਾਂ ਇਸ ਦੀ ਦੁਰਵਰਤੋਂ ਹੋਵੇਗੀ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ।

**ਸ੍ਰੀ ਸਪੀਕਰ:** ਸ੍ਰੀ ਵਿਜੇ ਕੁਮਾਰ ਸਾਥੀ, ਤੁਸੀਂ ਕੇਵਲ ਦੋ ਮਿੰਟ ਲਈ ਇਸ ਤੇ ਬੋਲੋ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** (ਬਾਘਾ ਪੁਰਾਣਾ): ਸਪੀਕਰ ਸਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਤਾਂ ਦਿੱਤਾ। ਸਪੀਕਰ ਸਾਹਿਬ ਅਸੀਂ ਇਕ ਕਹਾਣੀ ਸੁਣਾਉਂਦੇ ਹੁੰਦੇ ਹਾਂ...........

**ਸ੍ਰੀ ਸਪੀਕਰ:** ਸਾਥੀ ਜੀ, ਤੁਸੀਂ ਕਹਾਣੀ ਨਾ ਸੁਣਾਓ। ਅਮੈਂਡਿੰਗ ਬਿੱਲ ਤੇ ਬੋਲੋ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ:** ਸਪੀਕਰ ਸਾਹਿਬ, ਮੈਂ ਅਮੈਂਡਿੰਗ ਬਿੱਲ ਤੇ ਹੀ ਆਵਾਂਗਾ ਜੀ। ਗੱਲ ਇਹ ਹੈ ਕਿ ਪਿਛਲੇ ਸਮਿਆਂ ਵਿੱਚ ਜਿਹੜੇ ਮੰਤਰੀ ਹੁੰਦੇ ਸੀ ਉਨ੍ਹਾਂ ਨੂੰ ਇੱਕ ਵਾਰੀ ਇਕ ਭੱਦਰ ਪੁਰਸ਼ ਮਿਲਣ ਲਈ ਆਇਆ। ਕੋਈ ਸਰਕਾਰੀ ਕੰਮ ਨਹੀਂ ਸੀ ਗੈਰ-ਸਰਕਾਰੀ ਕੰਮ ਸੀ। ਦੀਵਾ ਜੱਗ ਰਿਹਾ ਸੀ। ਮੰਤਰੀ ਜੀ ਕਹਿੰਦੇ ਕਿ ਠਹਿਰ ਜਾਂ ਮੈਂ ਪਹਿਲਾਂ ਸਰਕਾਰੀ ਦੀਵਾ ਬੰਦ ਕਰ ਲਵਾਂ ਔਰ ਆਪਣਾ ਦੀਵਾ ਜਗਾ ਲਵਾਂ ਫਿਰ ਤੇਰੇ ਨਾਲ ਗੱਲ ਕਰਾਂਗਾ।

**ਸ੍ਰੀ ਸਪੀਕਰ:** ਸਾਥੀ ਜੀ, ਪਲੀਜ਼

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ:** ਇਹੋ ਜਿਹੇ ਵਜੀਰ ਹੁੰਦੇ ਸੀ। ਪਰ ਅੱਜ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮਾਨਯੋਗ ਮੁੱਖ ਮੰਤਰੀ ਜੀ ਨੇ ਜਾਣਾ ਸੀ ਹਰਗੋਪਾਲ ਦੀ ਸ਼ਾਦੀ ਤੇ ਪਰ ਜਾਣਾ ਪੈ ਗਿਆ ਦਿਲੀ, ਉਹ ਇਸ ਕਰਕੇ ਕਿਉਂਕਿ ਉਹ ਮੀਟਿੰਗ ਬੜੀ ਅਹਿਮ ਸੀ। ਜਿੱਥੇ ਇਸ ਵੇਲੇ ਮੁਲਕ ਦੇ ਖਰਚਿਆਂ ਦਾ ਤਅੱਲਕ ਹੈ ਔਰ ਸਾਡਾ ਝੱਗਾ ਪਾਟਾ ਹੋਇਆ ਹੈ ਔਰ ਅਸੀਂ ਕੰਗਾਲ ਹੋਣ ਜਾ ਰਹੇ ਹਾਂ ਉਧਰ ਹੋਰ ਵਿੱਤੀ ਬੋਝ ਪੈਣ ਜਾ ਰਿਹਾ ਹੈ, ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਦੇ ਹੋਏ ਔਰ ਆਪਣੇ ਫਰਜ਼ ਨੂੰ ਨਿਭਾਉਂਦੇ ਹੋਏ ਇਸ ਬਿੱਲ ਨੂੰ ਨਾ ਲਿਆ ਕੇ ਖਰਚ ਨੂੰ ਰੋਕ ਲਾਓ ਔਰ ਹੋਰ ਵੀ ਜੇ ਕੋਈ ਖਰਚੇ ਘੱਟ ਹੋ ਸਕਦੇ ਹਨ ਭਾਵੇਂ ਕਿਸੇ ਪਾਸੇ ਵੀ ਰੋਕ ਲੱਗੇ ਉਹ ਲਾਈ ਜਾਣੀ ਚਾਹੀਦੀ ਹੈ। ਸਾਡੇ ਮਾਨਯੋਗ ਖਜ਼ਾਨਾ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਬੈਠੇ ਹਨ ਅੱਜ ਇਕ ਪਾਸੇ ਇਹ ਬਿੱਲ ਲਿਆਂਦਾ ਜਾ ਰਿਹਾ ਹੈ ਮੰਤਰੀ ਲਈ ਔਰ ਦੂਜੇ ਪਾਸੇ ਜਿਥੇ ਲੋੜ ਹੈ ਇੰਪਲਾਇਜ਼ ਨੂੰ ਕੁਝ ਦੇਣ ਵਾਸਤੇ ਉਹ ਚੀਜ਼ ਪਾਸ ਹੀ ਨਹੀਂ ਹੁੰਦੀ। ਮੈਨੂੰ ਇਸ ਗੱਲ ਦਾ ਬੜਾ ਦੁੱਖ ਹੈ, ਅਫਸੋਸ ਹੈ ਕਿ ਇਹ ਜਿਹੜਾ ਖਰਚਾ ਹੈ ਇਹ ਵਾਧੂ ਭਾਰ ਪੰਜਾਬ ਤੇ ਨਹੀਂ ਪਾਉਣਾ ਚਾਹੀਦਾ। ਇਸ ਕਰਕੇ ਮੈਂ ਇਸ ਬਿਲ ਦਾ ਵਿਰੋਧ ਕਰਦਾ ਹਾਂ।

**ਸੰਸਦੀ ਮਾਮਲਿਆਂ ਦੇ ਮੰਤਰੀ** (ਸਰਦਾਰ ਉਮਰਾਓ ਸਿੰਘ): ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਸਾਡੇ ਮੈਂਬਰ ਸਾਹਿਬਾਨ ਇਸ ਬਿੱਲ ਦਾ ਮਨੋਰਥ ਬਿਲਕੁਲ ਨਹੀਂ ਸਮਝੇ। ਇਹ ਜਿਹੜਾ ਬਿੱਲ ਹੈ, ਇਹ ਸਾਡੇ ਮਨਿਸਟਰ ਸਾਹਿਬਾਨ ਦੇ ਜਿਹੜੇ ਪ੍ਰਾਈਵੇਟ ਟੈਲੀਫੂਨ ਹਨ ਉਨ੍ਹਾਂ ਦੇ ਬਾਰੇ ਹੈ ਜਿਹੜੇ ਉਨ੍ਹਾਂ ਦੀ ਕਾਂਸਟੀਚੂਐਂਸੀ 'ਚ ਲੱਗੇ ਹੋਏ ਹਨ ਜਾਂ ਉਨ੍ਹਾਂ ਦੇ ਘਰ ਪੁਰਾਣੇ ਜਿਥੇ ਹਨ ਉਥੇ ਲੱਗੇ ਹੋਏ ਹਨ ਅਤੇ ਉਹ ਉਥੋਂ ਆਪਣੇ ਪ੍ਰਾਈਵੇਟ ਟੈਲੀਫੂਨ ਕਰਦੇ ਹਨ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਪਹਿਲਾਂ ਜਦੋਂ ਅਸੀਂ ਬਿਲ ਪਾਸ ਕੀਤਾ ਸੀ ਸਾਰੇ ਭੱਤਿਆਂ ਦਾ, ਉਦੋਂ ਇਹ ਸਹਿਬਾਨ ਰਹਿ ਗਏ ਸਨ। ਡਿਪਟੀ ਮਨਿਸਟਰ ਨੂੰ ਵੀ ਹੋ ਗਿਆ, ਸਪੀਕਰ ਸਾਹਿਬ ਨੂੰ ਵੀ ਹੋ ਗਿਆ, ਡਿਪਟੀ ਸਪੀਕਰ ਨੂੰ ਵੀ ਹੋ ਗਿਆ ਅਤੇ ਲੀਡਰ ਆਫ ਦੀ ਆਪੋਜੀਸ਼ਨ ਨੂੰ ਹੋ ਗਿਆ ਅਤੇ ਬਾਕੀ ਸਾਰੇ ਐਮ.ਐਲ.ਏ. ਸਾਹਿਬਾਨਾਂ ਨੂੰ ਵੀ ਹੋ ਗਿਆ।

Original with;
Punjab Vidhan Sabha
Digitized by;
Panjab Digital Library

ਮੈਂ ਸ਼ਾਇਦ ਕੋਈ ਗਮਦੀਦ ਗੱਲ ਕਿਸੇ ਨੂੰ ਕਰਦਾ ਜੋ ਇਹ ਕਹਿੰਦਾ ਕਿ ਐਮ.ਐਲ.ਏਜ਼. ਦਾ ਵੀ ਵਾਪਸ ਲੈ ਲਓ । ਫਿਰ ਤਾਂ ਮੈਂ ਗੱਲ ਕਾਂਤਾ ਜੀ ਦੀ ਅਤੇ ਅਰਸ਼ੀ ਜੀ ਦੀ......(ਵਿਘਨ) ਤੁਸੀਂ ਆਰਾਮ ਨਾਲ ਬੈਠੋ। ਸੋ, ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਅੱਗੇ 7,200 ਰੁਪਏ ਸੀ, 7,200 ਰੁਪਏ ਸਾਰਿਆਂ ਦਾ ਸੀ। ਇਸ ਹਾਊਸ ਦੇ ਜਿੰਨੇ ਵੀ ਮੈਂਬਰ ਸਾਹਿਬਾਨ ਹਨ, ਕਿਉਂਕਿ ਹਰ ਇੱਕ ਦੀ ਕੰਸਟੀਚੂਐਂਸੀ ਵਿਚ ਅਤੇ ਉਨਾਂ ਦੇ ਰੈਜੀਡੈਂਸ ਤੇ ਵੀ ਟੈਲੀਫੂਨ ਲੱਗੇ ਹੋਏ ਹਨ ਅਤੇ ਉਥੋਂ ਵੀ ਅਸੀਂ ਸਰਕਾਰੀ ਗੱਲਾਂ ਲਈ ਹੀ ਟੈਲੀਫੂਨ ਕਰਦੇ ਹਾਂ। ਕਿਉਂਕਿ ਇਹ ਕਲੈਰੀਕਲ ਓਮਿਸ਼ਨ ਰਹਿ ਗਈ ਸੀ ਔਰ ਇਹ ਜੋ ਬਿੱਲ ਹੈ ਉਸ ਕਲੈਰੀਕਲ ਮਿਸਟੇਕ ਨੂੰ ਠੀਕ ਕਰਨ ਵਾਸਤੇ ਹੀ ਲਿਆਂਦਾ ਗਿਆ ਹੈ। ਲੇਕਿਨ ਇਸ ਨਾਲ ਅਜਿਹੀ ਕੋਈ ਗੱਲ ਨਹੀਂ ਹੈ ਕਿ ਅੱਗੇ ਨਾਲੋਂ ਖਰਚ ਵੱਧ ਹੋਵੇਗਾ। 7200 ਰੁਪਏ ਅੱਗੇ ਹੈ ਅਤੇ ਉਹ ਹੀ ਰੀਮਬਰਸ ਹੋਣਾ ਹੈ ਜਿਹੜਾ ਐਕਚੂਅਲ ਹੋਵੇਗਾ। ਜ਼ਰੂਰੀ ਨਹੀਂ ਕਿ ਇਨ੍ਹਾਂ ਹੋਵੇ, ਜਿਹੜਾ ਖਰਚਾ ਆਵੇਗਾ ਉਸਦੀ ਰੀਮਬਰਸਮੈਂਟ ਹੋਵੇਗੀ। ਸੋ ਇਨ੍ਹਾਂ ਲਫ਼ਜ਼ਾਂ ਨਾਲ ਮੈਂ ਬੇਨਤੀ ਕਰਾਂਗਾ ਕਿ ਇਸ ਬਿੱਲ ਨੂੰ ਪਾਸ ਕੀਤਾ ਜਾਵੇ।

**Mr. Speaker ;** Question is—

That the East Punjab Minisers' Salaries (Amendment) Bill be taken into consideration at once.

*The Motion was carried.*

**Mr. Speaker;** Now, the House will proceed to consider the Bill clause by-clause.

**Sub-clause (2) of Clause 1**

**Mr. Speaker** : Question is—

That Sub-Clause (2) of Clause 1 stand part of the Bill.

*The Motion was carried.*

**Clause 2**

**Mr. Speaker** : Question is—

That Clause 2 stand part of the Bill.

*The Motion was carried.*

**Sub-Clause (1) of Clause 1**

**Mr. Speaker** : Question is—

That Sub-Clause (1) of Clause 1 stand part of the Bill.

*The Motion was carried*

**Title**

**Mr. Speaker** : Question is—

That Title be the Title of the Bill.

*The Motion was carried.*

Original with;
Punjab Vidhan Sabha
Digitized by;
Panjab Digital Library

**Minister for Parliamentary Affairs (Sardar Umrao Singh)** ; Sir, I beg to move—

That the East Punjab Ministers' Salaries (Amendment) Bill be passed.

**Mr. Speaker** : Motion moved—

That the East Punjab Ministers' Salaries (Amendment) Bill be passed.

**Mr. Speaker** : Question is—

That the East Punjab Ministers' Salaries (Amendment) Bill be passed.

*The Motion was carried.*

---

## THE EAST PUNJAB WAR AWARDS (AMENDMENT) BILL, 1993

**Minister of State for Revenue and Rehabilitation (Sardar Jagmohan Singh Kang)** ; Sir, I beg to introduce the East Punjab War Awards (Amendment) Bill.

Sir, I also beg to move—

That the East Punjab War Awards (Amendment Bill be taken into consideration at once.

**Mr. Speaker** : Motion moved—

That the East Punjab Awards (Amendment) Bill be taken into consideration at once

Discussion, if any.

**श्रीमति लक्ष्मी कांता चावला** (अमृतसर केन्द्री) : स्पीकर साहिब, यह जो प्रस्ताव सदन के सामने लाया गया है यह बहुत ही अच्छा प्रस्ताव है। जो लोग देश की आपात स्थिति में काम करते हैं उनका जितना अधिक सम्मान होना चाहिये अच्छा है। यह 500 रु० के स्थान पर 1000 रु० होने चाहियें। एक बात जो इसमें लानी चाहिये थी शायद वह गल्ती से नहीं आई या सोच समझ कर नहीं लाई गई। हमारे सरकारी कर्मचारियों के लिये भी नियम हैं कि दो या तीन से ज्यादा बच्चे हो जायें तो उनकी सुविधायें कम हो जाती हैं। यह सम्मान तीन बच्चों तक का तो 500 रु० प्रति वर्ष है। तीन के बाद होने वाले प्रत्येक बच्चे को 100 रु० प्रति वर्ष है। यह कितने बच्चों तक 100 रु० दिया जायेगा ? यदि बच्चों की सीमा भी तय कर दी जाये तो अच्छा है। यह मेरा सुझाव है (हंसी)

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ., ਮਾਲ ਅਤੇ ਪੁਨਰਵਾਸ** (ਸਰਦਾਰ ਜਗਮੋਹਨ ਸਿੰਘ ਕੰਗ ) : ਸਪੀਕਰ ਸਾਹਿਬ, ਮੈਂ ਬੜੇ ਅਦਬ ਨਾਲ ਬੇਨਤੀ ਕਰਨੀ ਚਾਹੁੰਦਾ ਹਾਂ ਖਾਸ ਕਰਕੇ ਮਤਿਕਾਰਯੋਗ ਅਪੋਜੀਸ਼ਨ ਮੈਂਬਰ ਸਾਹਿਬਾਨ ਨੂੰ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ "ਗੱਲੀਬਾਤੀਂ ਮੈਂ ਵੱਡੀ, ਕਰਤੂਤੀਂ ਵੱਡੀ ਜੇਠਾਣੀ"......

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਇਹ ਤੁਸੀਂ ਸੀ.ਐਮ. ਸਾਹਿਬ ਦੇ ਚੁਰਾਏ ਸ਼ਬਦ ਕਿਉਂ ਬੋਲ ਰਹੇ ਹੋ ?

**ਰਾਜ ਮੰਤਰੀ, ਮਾਲ ਅਤੇ ਪੁਨਰਵਾਸ :** ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਨੇ "ਜੈ ਜਵਾਨ ਜੈ ਕਿਸਾਨ" ਦਾ ਨਾਹਰਾ ਦਿੱਤਾ ਸੀ। ਉਸ ਤੋਂ ਬਾਅਦ ਸਾਡੇ ਹਰਮਨਪਿਆਰੇ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਜਿਹੜੇ ਸਾਡੇ ਜਵਾਨਾਂ ਨੇ ਕੁਰਬਾਨੀਆਂ ਦਿੱਤੀਆਂ, ਜਿਨ੍ਹਾਂ ਨੇ ਸਾਡੀ ਭਾਰਤੀ ਫੌਜ ਵਿੱਚ ਕੰਮ ਕੀਤਾ ਉਨ੍ਹਾਂ ਬੱਚਿਆਂ ਦੇ ਮਾਤਾ ਪਿਤਾ ਨੂੰ ਸੱਚੀ ਸ਼ਰਧਾ ਦੇਣ ਵਜੋਂ 300 ਰੁਪਏ ਤੋਂ 500 ਰੁਪਏ ਤੱਕ ਦੀ ਜਾਗੀਰ ਮਿਲੇਗੀ । ਇਸ ਦੇ ਨਾਲ ਹੀ ਦੋ ਬੱਚਿਆਂ ਤੋਂ ਬਾਅਦ ਜੇ ਮਾਂ-ਬਾਪ ਮਰ ਜਾਂਦੇ ਹਨ ਤਾਂ ਉਸ ਤੋਂ ਬਾਅਦ ਜੋ ਰਹਿ ਜਾਵੇਗਾ ਉਸ ਨੂੰ ਮਿਲੇਗੀ ਤਿੰਨ ਬੱਚਿਆਂ ਤੋਂ ਬਾਅਦ ਇਹ ਜਿਹੜੀ ਦਿਤੀ ਗਈ ਹੈ ਉਹ 50 ਰੁਪਏ ਤੋਂ ਵਧਾ ਕੇ 100 ਰੁਪਏ ਕਰ ਦਿਤੀ ਗਈ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵੇਲੇ ਟੋਟਲ ਬੈਨੀਫੀਸ਼ਰੀ (ਲਾਭਪਾਤਰੀ) 8,775 ਹਨ ਜਿਨ੍ਹਾਂ ਨੂੰ ਇਸ ਸਾਲ ਦੇ ਦੌਰਾਨ 26,54,465.55 ਰੁਪਏ ਦਿਤੇ ਗਏ ਹਨ, ਇਹ ਬੜਾ ਸ਼ਲਾਘਾਯੋਗ ਕਦਮ ਹੈ । ਇਸ ਦੇ ਨਾਲ ਸਾਡੇ ਭੁੱਲੇ-ਭਟਕੇ ਨੌਜ਼ਵਾਨ ਫੌਜ ਵਿਚ ਭਰਤੀ ਹੋਣ ਲਈ ਉਤਸ਼ਾਹਿਤ ਹੋਣਗੇ ਅਤੇ ਉਨ੍ਹਾਂ ਦੇ ਮਾਂ-ਬਾਪ ਨੂੰ ਵੀ ਰਾਹਤ ਮਿਲੇਗੀ।

**Mr. Speaker ;** Question is—

That the East Punjab War Awards (Amendment) Bill be taken into consideration at once.

*The Motion was carried unanimously.*

**Mr. Speaker :** Now the house will proceed to consider the Bill Clause by Clause.

**Sub-Clause (2) of Clause 1**

**Mr. Speaker :** Question is—

That Sub-Clause (2) of Clause 1 stand part of the Bill.

*The Motion was carried unanimously.*

**Clause 2**

**Mr. Speaker :** Question is—

That Clause 2 stand part of the Bill.

*The Motion was carried unanimously.*

**Sub-Clause (1) of Clause 1**

**Mr. Speaker :** Question is—

That Sub-Clause I of Clause 1 stand part of the Bill.

*The Motion was carried unanimously.*

Original with;
Punjab Vidhan Sabha
Digitized by;
Panjab Digital Library

## TITLE

**Mr. Speaker** : Question is—

That Title be the Title of the Bill.

*The Motion was carried unanimously.*

**Minister of State for Revenue and Rehabilitation (Sardar Jagmohan Singh Kang)**; Sir, I beg to move—

That the East Punjab War Awards (Amendment) Bill be passed.

**Mr. Speaker** : Motion moved—

That the East Punjab Awards (Amendment) Bill be passed.

**Mr. Speaker** : Question is—

That the East Punjab War Awards (Amendment) Bill be passed.

*The Motion was carried unanimously.*

**Mr. Speaker** : The House stands adjourned till 9.00 A.M.. on Wednesday, the 7th April, 1993.

*5.42 P.M.

(*The Sabha then adjourned* till* 9.00 *A.M. on Wednesday, the 7th April*, 1993.)

Original with;
Punjab Vidhan Sabha
Digitized by;
Panjab Digital Library

**APPENDIX**

**TO**

PUNJAB VIDHAN SABHA DEBATES

**Dated 6th April 1993**

**Vol. IV No. 19**

STARRED QUESTION AND ANSWER

**ਅੱਤਵਾਦੀਆਂ ਦੇ ਸ਼ਿਕਾਰ ਹੋਏ ਵਿਅਕਤੀਆਂ ਦੀਆਂ ਵਿਧਵਾਵਾਂ ਅਤੇ ਮਾਪਿਆਂ ਨੂੰ ਪੈਨਸ਼ਨਾਂ ਦੀ ਅਦਾਇਗੀ**

*982. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਕੀ ਰਾਹਤ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਰਾਜ ਵਿਚ ਇਸ ਸਮੇਂ ਅੱਤਵਾਦੀਆਂ ਤੋਂ ਪ੍ਰਭਾਵਿਤ ਇਸਤਰੀਆਂ ਦੀ ਗਿਣਤੀ ਕਿੰਨੀ ਹੈ, ਜਿਹੜੀਆਂ ਵਿਧਵਾ ਪੈਨਸ਼ਨ ਲੈ ਰਹੀਆਂ ਹਨ ;

(ਅ) ਰਾਜ ਵਿਚ ਇਸ ਸਮੇਂ ਅੱਤਵਾਦੀਆਂ ਤੋਂ ਪ੍ਰਭਾਵਿਤ ਹੋਏ ਮਾਪਿਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ, ਜੋ ਪੈਨਸ਼ਨ ਲੈ ਰਹੇ ਹਨ ?

**ਸ੍ਰੀ ਬਾਲ ਮੁਕੰਦ ਸ਼ਰਮਾ :** (ੳ) 4,686 ਵਿਧਵਾਵਾਂ ।

(ਅ) 320 ਮਾਤਾ-ਪਿਤਾ । ਜ਼ਿਲ੍ਹੇਵਾਰ ਸੂਚਨਾ ਹੇਠਾਂ ਹੈ :—

| | | | |
|---|---|---|---|
| 1. | ਅੰਮ੍ਰਿਤਸਰ | ... | 51 |
| 2. | ਬਠਿੰਡਾ | ... | 7 |
| 3. | ਫਰੀਦਕੋਟ | ... | 37 |
| 4. | ਫਤਹਿਗੜ੍ਹ ਸਾਹਿਬ | ... | ... |
| 5. | ਫਿਰੋਜ਼ਪੁਰ | ... | 7 |
| 6. | ਗੁਰਦਾਸਪੁਰ | ... | 54 |
| 7. | ਹੁਸ਼ਿਆਰਪੁਰ | ... | 28 |
| 8. | ਜਲੰਧਰ | ... | 66 |
| 9. | ਕਪੂਰਥਲਾ | ... | 3 |
| 10. | ਲੁਧਿਆਣਾ | ... | 10 |
| 11. | ਮਾਨਸਾ | ... | 21 |
| 12. | ਪਟਿਆਲਾ | ... | 3 |
| 13. | ਰੋਪੜ | ... | 22 |
| 14. | ਸੰਗਰੂਰ | ... | 11 |
| | ਕੁੱਲ ਜੋੜ | ... | 320 |

6944 P.V.S.—Govt. Press, U.T., Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*

Original with;
Punjab Vidhan Sabha
Digitized by;
Panjab Digital Library

© 1993

Published under the authority of the Punjab Vidhan Sabha
and printed by the Controller, Govt. Press (U.T.), Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

7th April, 1993

**Vol. IV—No. 20**

OFFICIAL REPORT

CONTENTS

*Wednesday, the 7th April, 1993*


| | | Page |
|---|---|---|
| Starred Questions and Answers | .. | (20) 1 |
| Unstarred Questions and Answers | .. | (20) 18 |
| Motion Under Rule 16 | .. | (20) 24 |
| Walk-Out | .. | (20) 24 |
| Motion Under Rule 16 (*Resumption*) | .. | (20) 24 |
| Papers Laid on the Table of the House | .. | (20) 26 |
| Official Resolution Under Article 169 of the Constitution of India | .. | (20) 27 |
| **Legislative Business** | | |
| Bill (s)— | | |
| The Punjab Panchayat Samitis and Zila Parishads (Amendment and Validation), 1993 | .. | (20) 51 |
| The Punjab State Legislature Members (Pension and Medical Facilities Regulation) (Amendment)——, 1993 | .. | (20) 57 |
| The Punjab Legislative Assembly (Allowances of Members) (Amendment)———, 1993 | .. | (20) 59 |



Punjab Vidhan Sabha Secretariat, Chandigarh

Price Rs :



Original with;
Punjab Vidhan Sabha
Digitized by;
Panjab Digital Library

The Punjab Passengers and Goods Taxation (Repeal)———, 1993 ... (20) 60

The Punjab Motor Vehicles Taxtion (Amendment)———, 1993 ... (20) 61

Discussion on the Annuul Reports of the Punjab Police Housing Corporation Ltd., and the Annual Statements of Accounts of the Punjab Housing Development Board ... (20) 69

Appendix ... (i)

Original with;
Punjab Vidhan Sabha
Digitized by;
Panjab Digital Library

PUNJAB VIDHAN SABHA

*Wednesday, the 7th April, 1993*

*The Vidhan Sabha met in The Punjab Vidhan Sabha Hall, Vidhan Bhavan, Sector 1, Chandigarh, at 9-00 A. M. Mr. Speaker (Sardar Harcharn Singh Ajnala) in the Chair.*

STARRED QUESTIONS AND ANSWERS

**Starred Question No. 986**

**Mr. Speaker :** Extension has been asked for in respect of Starred Question No. 986.

**ਨਿਸ਼ਾਨ ਵਾਲੇ ਪ੍ਰਸ਼ਨ ਨੰ: 987, 944 ਅਤੇ 1015**

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ ।

ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਸਕੀਮਾਂ ਨੂੰ ਬੰਦ ਕਰਨਾ/ਦਾ ਆਕਾਰ ਘਟਾਉਣਾ

*809. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਦਿਹਾਤੀ ਇਲਾਕਿਆਂ ਦੇ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਮੁਹੱਈਆ ਕਰਨ ਲਈ ਅਤੇ ਪੇਂਡੂ ਉਦਯੋਗਾਂ ਦੇ ਵਿਸਤਾਰ ਲਈ ਉਦਯੋਗ ਵਿਭਾਗ ਵਿਚ ਕੁਝ ਸਕੀਮਾਂ ਤਿਆਰ ਕੀਤੀਆਂ ਗਈਆਂ ਸਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੀਮਾਂ ਨੂੰ ਬੰਦ ਕਰਨ/ਉਨ੍ਹਾਂ ਦਾ ਆਕਾਰ ਘਟਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ;

(ੲ) ਕੀ ਉਕਤ ਸਕੀਮਾਂ ਨੂੰ ਜਾਰੀ ਰੱਖਣ ਲਈ ਉਦਯੋਗ ਵਿਭਾਗ ਦੇ ਕਰਮਚਾਰੀਆਂ ਵਲੋਂ ਸਰਕਾਰ ਨੂੰ ਕੋਈ ਮੰਗ-ਪੱਤਰ ਪ੍ਰਾਪਤ ਹੋਇਆ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ਹੈ ?

**Sardar Beant Singh :** (a) Yes Sir. The Government of Punjab has formulated Special Employment Programme (SEP) under which un-employed Matriculate youth in the age group of 18—45 years are encouraged to set up Self-Employment ventures. The State Government provides subsidy @ 10% of the loan, subject to a maximum limit of Rs. 10,000. In the border districts and for scheduled caste candidates, the rate of subsidy is 15% subject to a maximum limit of Rs. 15,000.

Loans up to Rs. 35,000 are also advanced by the banks to educated un-employed youth (Matriculate and above) in the age-group of 18—35 years under a centrally-sponsored scheme named, "Self Employment to Educated Un-Employed Youth". The Central Govt. provides Capital Subsidy of 25% of the loan amount.

Original with;
Punjab Vidhan Sabha
Digitized by;
Panjab Digital Library

[Chief Minister]

(b) No Sir.

(c) Yes Sir. Special Employment Programme formulated by the Government of Punjab is being continued during the year 1993-94.

**Comrade Hardev Singh Arshi** : No Supplementary, Sir.

---

ਮੰਤਰੀਆਂ ਦੇ ਟੈਲੀਫੋਨਾਂ ਤੇ ਖਰਚਾ

*1001. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 25 ਫਰਵਰੀ, 1992 ਤੋਂ 19 ਮਾਰਚ, 1993 ਤੱਕ ਦੇ ਸਮੇਂ ਦੇ ਦੌਰਾਨ ਮੰਤਰੀਆਂ ਦੇ ਦਫਤਰਾਂ ਅਤੇ ਉਨ੍ਹਾਂ ਦੇ ਨਿਵਾਸ-ਸਥਾਨਾਂ ਤੇ ਲਗਾਏ ਹੋਏ ਟੈਲੀਫੋਨ ਚਾਰਜਿਜ਼ ਦੇ ਸਬੰਧ ਵਿਚ ਵੱਖ ਵੱਖ ਕੁੱਲ ਕਿੰਨਾ ਖਰਚਾ ਕੀਤਾ ਗਿਆ ?

**Sardar Beant Singh** : The total expenditure incurred on account of telephone charges of Ministers for the period from 25th February, 1992 to 19th March, 1993 for their offices and residences telephones is Rs. 22,89,382 and Rs. 32,70,104 respestively.

श्रीमति लक्ष्मी कांता चावला : स्पीकर साहिब, मैं आप के माध्यम से मुख्य मंत्री जी से पूछना चाहती हूँ कि मंत्री जी तो लम्बे समय पर प्रवास पर रहते हैं । फिर उनके टैलीफोन बिल ज्यादा आते हैं। मेरा प्रश्न यह है कि जब मंत्री प्रवास पर रहते हैं, तब सर्कट घरों या पंजाब भवन के टैलीफोन का प्रयोग होता है । क्या वह खर्चा शामिल होता है, या नहीं ?

**ਮੁੱਖ ਮੰਤਰੀ** : ਨੈਚੁਰਲੀ ਉਹ ਖਰਚ ਅਲੱਗ ਹੈ ਜੀ ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਉਹ ਖਰਚ ਕਿੰਨਾ ਹੈ, ਕੀ ਇਹ ਦੱਸਣਗੇ ?

**ਮੁੱਖ ਮੰਤਰੀ** : ਇਸ ਦੇ ਲਈ ਇਹ ਸੈਪਰੇਟ ਸਵਾਲ ਦੇ ਦੇਣ । (ਵਿਘਨ)

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਇਸ ਦੇ ਵਿੱਚ ਹੀ ਇਹ ਕਵਰ ਹੁੰਦਾ ਹੈ ਜੀ । (ਵਿਘਨ) ਮੇਰੀ ਹੱਥ ਜੋੜ ਕੇ ਪ੍ਰਾਰਥਨਾ ਹੈ ਕਿ ਉਨ੍ਹਾਂ ਨੂੰ ਵੀ ਕਹੋ ਕਿ ਵਿੱਚ ਨਾ ਬੋਲਿਆ ਕਰਨ ।

**ਸ੍ਰੀ ਸਪੀਕਰ** : ਉਨ੍ਹਾਂ ਨੂੰ ਵੀ ਕਹਿੰਦਾ ਹਾਂ ।

श्रीमति लक्ष्मी कांता चावला : बहुत-बहुत शुक्रिया । मेरा दूसरा प्रश्न आप के द्वारा मुख्य मंत्री जी से यह है कि एक तरफ सरकार यह कहती है कि पंजाब में आर्थिक संकट है और साथ ही अन-उत्पादक खर्चे कम करने की बात की जा रही है, पर एक मंत्री के टैलीफोन पर दो लाख रुपये औसतन एक वर्ष में खर्च किए जाते हैं क्या मुख्य मंत्री जी यह प्रयास करेंगे कि अगले वर्ष यह खर्च घटाया जाए ?

**ਮੁੱਖ ਮੰਤਰੀ** : ਕੋਸ਼ਿਸ਼ ਕੀਤੀ ਜਾਵੇਗੀ ਜੀ ।

---

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਫ਼ਰੀਦਕੋਟ ਵਿਚ ਬਿਜਲੀ ਤੋਂ ਬਗੈਰ ਪਿੰਡ

*969. **ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਰੀਦਕੋਟ ਵਿਚ ਉਨ੍ਹਾਂ ਪਿੰਡਾਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਨੂੰ ਘਰੇਲੂ ਵਰਤੋਂ ਲਈ ਅਜੇ ਤੱਕ ਬਿਜਲੀ ਦੀ ਸਪਲਾਈ ਨਹੀਂ ਕੀਤੀ ਗਈ ?

**Sardar Harcharn Singh Brar** : There is no village in District Faridkot where electric supply system for domestic purposes has not been provided.

**Doctor (Mrs.) Malti Thapar** : Thank you, Sir, No supplementary.

**Mr. Speaker** : The members are very co-operative today. Next question.

**Doctor Harbans Lal** : He is not present in the House and there is no authority given by the Member.

---

**ਨਿਸ਼ਾਨ ਵਾਲਾ ਪ੍ਰਸਨ ਨੰ : 1006**

(ਸਬੰਧਤ ਮੈਂਬਰ ਸਾਹਿਬ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

---

## ਬਾਰਡਰ ਬੇਟ ਅਤੇ ਕੰਡੀ ਇਲਾਕਿਆਂ ਵਿਚ ਸੇਵਾ ਕਰ ਰਹੇ ਕਰਮਚਾਰੀਆਂ ਨੂੰ ਵਿਸ਼ੇਸ਼ਭੱਤਾ ਬਹਾਲ ਕਰਨਾ

*810. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਬਾਰਡਰ, ਬੇਟ ਅਤੇ ਕੰਡੀ ਦੇ ਇਲਾਕਿਆਂ ਵਿਚ ਸੇਵਾ ਕਰ ਰਹੇ ਸਰਕਾਰੀ ਕਰਮਚਾਰੀਆਂ ਨੂੰ ਸਾਲ 1980 ਤੋਂ ਪਹਿਲਾਂ ਕੋਈ ਵਿਸ਼ੇਸ਼ ਭੱਤਾ ਦਿੱਤਾ ਜਾਂਦਾ ਸੀ ; ਜੇਕਰ ਅਜਿਹਾ ਹੈ, ਤਾਂ ਉਸ ਦੇ ਵੇਰਵੇ ਕੀ ਹਨ ;

(ਅ) ਕੀ ਇਹ ਵੀ ਠੀਕ ਹੈ ਕਿ ਉਕਤ ਭੱਤਾ ਪਿਛਲੇ ਗਵਰਨਰੀ ਰਾਜ ਦੌਰਾਨ ਖਤਮ ਕਰ ਦਿੱਤਾ ਗਿਆ ਸੀ ; ਜੇਕਰ ਅਜਿਹਾ ਹੈ, ਤਾਂ ਉਸਦੇ ਕਾਰਨ ਕੀ ਹਨ ;

(ੲ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਭੱਤੇ ਨੂੰ ਮੁੜ ਬਹਾਲ ਕਰਨ ਲਈ ਰਾਜ ਸਰਕਾਰ ਅਤੇ ਪੰਜਾਬ ਅਧੀਨ ਸੇਵਾਵਾਂ ਸੰਘ ਵਿਚਕਾਰ ਫ਼ਰਵਰੀ, 1992 ਵਿਚ ਕੋਈ ਫੈਸਲਾ ਹੋਇਆ ਹੈ ; ਜੇਕਰ ਅਜਿਹਾ ਹੈ, ਤਾਂ ਉਸਦੇ ਵੇਰਵੇ ਕੀ ਹਨ ਅਤੇ ਉਕਤ ਫੈਸਲਾ ਕਦੋਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

**Doctor Kewal Krishan** : (a) Yes, please. The employees posted in Bet and sub-montaneous/kandi areas were in receipt of compensatory allowance at the rate of 12½% of their pay (in the pre 1st January, 1978 scales) subject to a minimum of Rs. 10 per mensem and maximum of Rs. 50 per mensem. In addition to this the employees posted within 16 kilometres belt from the International Border were eligible for the

Original with;
Punjab Vidhan Sabha
Digitized by;
Panjab Digital Library

[Finance Minister]

grant of compensatory allowance on the basis of a slab system w. e. f. 1st December, 1979 as under :—

| Pay ranges | Amount of compensatory allowance per month |
|---|---|
| From Rs. 300 to 399 | 15.00 |
| From Rs, 400 to 499 | 25.00 |
| From Rs. 500 to 649 | 45.00 |
| From Rs. 650 to 799 | 55.00 |
| From Rs. 800 to 899 | 65.00 |
| From Rs. 900 to and above | 75.00 |

(b) Yes, please. These allowances were discontinued on the recommendation made by the Third Punjab Pay Commission in Chapter 18 of its Report. A copy of the relevant extract of the recommendation containing the reasons for discontinuance of these allowances is at Annexure.

(c) The matter regarding the grant of another allowance known as Difficult Area Allowance is under consideration of Government.

## ANNEXURE

### BET AREA, BORDER AREA AND SUB-MONTANEOUS/KANDI AREA

**Compensatory Allowance**

18.12 These Compensatory Allowances are given to the employees to compensate them for difficult out of way location of the places of their posting. There are about 12000 villages in the State. Approximately 5000 villages are covered under the classification of bet, sub-montaneous/kandi areas and the employees posted there are in the reeeipt of Compensatory Allowance at the rate of $12\frac{1}{2}$ % of their pay (in the pre 1st January, 1978 scales) subject to a minimum of Rs. 10 and maximum of Rs. 50. In addition to this the villages, numbering about 1867 falling within the 16 kms. belt from the International Border are eligible for the grant of Compensatory Allowance on the basis of a slab system as under :—

| Pay Range | Amount of Compensatory Allowance per mensem |
|---|---|
| | Rs. |
| Rs. 300 to 399 | 15 |
| Rs. 400 to 499 | 25 |
| Rs. 500 to 649 | 45 |
| Rs. 650 to 799 | 55 |
| Rs. 800 to 899 | 65 |
| Rs. 900 and above | 75 |

Original with;
Punjab Vidhan Sabha
Digitized by;
Panjab Digital Library

18.13 The Second Punjab Pay Commission laid down certain basic criteria for objective identification of different and out of way places for granting Compensatory Allowance to the employees posted there. There criteria proposed by them were as under:—

(a) where conditions are really difficult:

(b) which are inaccessible in the normal manner of transport and

(c) which are undulyexpensive on account of scarcity of essential commoditites, lack of developed markets and traditional services which are normally available in old towns at cheaper rates.

18.14 The Second Punjab Pay Commission proceeded to observe that there are hardly any areas in Punjab which can be termed as inaccessible or remote. They, accordingly, expressed the view that the demand for Compensatory Allowance in the areas described as 'bet or sub-montaneous' was not justified. They recommended that the Bet and Sub-montaneous Area Allowances should be discontinued. As regards border areas, the Second Punjab Pay Commission observed that their vulnerability to erratic dislocation of civic life would justify their categorisation in the category 'a' above.

18.15 We are in argreement with the views of the Second Punjab Pay Commission that the grant of Compensatory Allowance for kandi, bet areas etc. seems to be irrational being not based on any objective considerations. It is indicated by the simple fact that about 40% of the area of Punjab, which is itself a State having good means of communication, should be treated as backward in some respect or the other and itself is a said commentary on the way in whcih criteria for determining regional backwardness is laid down. It is not to deny that there may be very limited area and places which could qualify for additional consideration with respect to their conditions of living being extraordinarily difficult or the area being inaccessible. We would suggest that Committee may be appointed by the Government for defining areas (with a village being taken taken as a unit) which are inaccessible and have extremely difficult conditions of living. Depending upon the outcome of this exercise, some extra concession could be considered for these villages. So far as the border areas are concerned, while we generally agree with the Second Punjab Pay Commission's observations, that these area are vulnerable to dislocation of Civil life, obviously border areas, could not fall within classification identified by the Second Pay Commission itself, In the Chapter of House Rent Allowance, we have already recommended liberal rates at par with the rates admissible to category 'B' cities for border areas and we feel there is no justification for giving any further concession to the employees posted in border areas. It may be noted that they are in addition also entitled to rural area allowances where admissible and, therefore, there appears little need to have any additional concession for these employees.

18.16 We recommend, therefore that Comensatory Allowance for border areas, bet areas and sub montaneous/kandi area should be discontinued.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਬਾਰਡਰ ਏਰੀਆ ਅਲਾਊਂਸ ਬੰਦ ਕਰ ਦਿਤਾ ਹੈ ਇਸ ਦੇ ਨਾਲ ਕਾਫ਼ੀ ਮੁਲਾਜ਼ਮ ਇਫੈਕਟਿਡ ਹੋਏ ਹਨ। ਇਸ ਬਾਰੇ ਕਿਸੇ ਵੇਲੇ ਐਜੀਟੇਸ਼ਨ ਵੀ ਹੋਈ ਸੀ ਅਤੇ ਇਹ ਸੈਟਲ ਹੋਇਆ ਸੀ ਕਿ ਕਿਸੇ ਸਟੇਜ ਤੇ ਵਿਚਾਰ ਕਰ ਲਵਾਂਗੇ। ਇਹ ਵੀ ਬਾਕਾਇਦਾ ਕਿਹਾ ਗਿਆ ਸੀ ਕਿ ਇਸ ਬਾਰੇ ਇਕ ਕਮੇਟੀ ਬਣਾਈ ਜਾਏਗੀ ਅਤੇ ਉਸ ਕਮੇਟੀ ਦੀ ਰਿਪੋਰਟ ਦੀ ਰੋਸ਼ਨੀ ਵਿਚ ਫੈਸਲਾ ਕੀਤਾ ਜਾਏਗਾ। ਸਪੀਕਰ ਸਾਹਿਬ, ਕਮੇਟੀ ਬਾਅਦ ਵਿਚ ਬੈਠੀ, ਭੱਤਾ ਪਹਿਲਾਂ ਬੰਦ ਕਰ ਦਿੱਤਾ ਗਿਆ। ਇਨ੍ਹਾਂ ਨੇ ਹੁਣ ਕਹਿ ਦਿਤਾ ਕਿ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਗਰੀਬ ਮੁਲਾਜ਼ਮਾਂ ਨੂੰ ਰਾਹਤ ਦੇਣ ਲਈ ਇਹ ਕਦੋਂ ਤਕ ਫ਼ੈਸਲਾ ਲੈ ਲੈਣਗੇ ?

**ਮੰਤਰੀ :** ਸਪੀਕਰ ਸਾਹਿਬ, ਤੀਜੇ ਪੇ-ਕਮਿਸ਼ਨ ਦੀ ਰਿਕੁਮੈਂਡੇਸ਼ਨ ਦੇ ਨਾਲ ਇਹ ਭੱਤਾ ਜਿਹੜਾ ਬੇਟ, ਕੰਡੀ ਔਰ ਬਾਰਡਰ ਏਰੀਆਜ਼ ਵਿਚ ਮਿਲਦਾ ਸੀ, ਉਹ ਡਿਸਕਾਂਟੀਨਿਊ ਹੋ ਗਿਆ ਸੀ। ਇਹ ਗੱਲ ਪਾਪੂਲਰ ਗੌਰਮਿੰਟ ਦੇ ਸਾਹਮਣੇ ਰਿਪੀਟਿਡਲੀ ਆਈ। ਉਸ ਵਕਤ ਤਕ ਕੁਝ ਪੈਸਾ ਜਿਹੜਾ ਕਿ 140 ਕਰੋੜ ਰੁਪਏ ਬਣਦਾ ਹੈ, ਇਮਪਲਾਈਜ਼ ਨੇ ਲੈ ਲਿਆ ਸੀ, ਜਿਸ ਵਿਚੋਂ ਕੋਈ 80 ਕਰੋੜ ਰੁਪਏ ਦੀ

Original with;
Punjab Vidhan Sabha
Digitized by;
Panjab Digital Library

**[ਵਿੱਤ ਮੰਤਰੀ]**

ਰਿਕਵਰੀ ਹੋ ਚੁਕੀ ਹੈ। ਪਰ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਫ਼ਰਦਰ ਰਿਕਵਰੀ ਸਟੇਅ ਕਰ ਦਿਤੀ ਹੈ ਅਤੇ ਇਸ ਦੇ ਲਈ ਇਕ ਕੈਬਨਿਟ ਸਬ ਕਮੇਟੀ ਬਣਾ ਦਿਤੀ ਹੈ ਜਿਹੜੀ ਇਸ ਤੇ ਵਿਚਾਰ ਕਰ ਰਹੀ ਹੈ। ਇਸ ਬਾਰੇ ਬਹੁਤ ਜਲਦੀ ਫ਼ੈਸਲਾ ਹੋ ਜਾਣ ਦੀ ਸੰਭਾਵਨਾ ਹੈ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਦੂਸਰਾ ਮੇਰਾ ਸਪਲੀਮੈਂਟਰੀ ਇਹ ਹੈ ਕਿ ਇਸ ਬਾਰੇ ਬਾਕਾਇਦਾ 10 ਫਰਵਰੀ, 1992 ਨੂੰ ਮੁਲਾਜ਼ਮਾਂ ਦੀ ਜੱਥੇਬੰਦੀ ਨਾਲ ਫ਼ੈਸਲਾ ਹੋਇਆ ਸੀ ਔਰ ਇਸ ਹਾਊਸ ਵਿਚ ਸ਼ਾਇਦ 23 ਜੁਲਾਈ, 1992 ਨੂੰ ਪ੍ਰਸ਼ਨ ਆਇਆ ਸੀ ਜਿਸ ਦੇ ਉੱਤਰ ਵਿਚ ਮਾਨਯੋਗ ਮਨਿਸਟਰ ਸਾਹਿਬ ਨੇ ਅਸ਼ੋਰੈਂਸ ਦਿਤੀ ਸੀ ਕਿ ਇਹ ਪੇਂਡੂ ਭੱਤਾ ਜਲਦੀ ਲਾਗੂ ਕੀਤਾ ਜਾਏਗਾ, ਪਰ ਉਹ ਹਾਲੇ ਤਕ ਦੋਬਾਰਾ ਲਾਗੂ ਨਹੀਂ ਹੋਇਆ। ਮਨਿਸਟਰ ਸਾਹਿਬ ਇਹ ਦਸ ਦੇਣ ਕਿ ਕਦੋਂ ਤਕ ਉਸ ਬਾਰੇ ਫੈਸਲਾ ਕਰਕੇ ਇਹ ਭੱਤਾ ਲਾਗੂ ਕੀਤਾ ਜਾਏਗਾ ?

**ਮੰਤਰੀ :** ਸਪੀਕਰ ਸਾਹਿਬ, ਥਰਡ ਪੇ-ਕਮਿਸ਼ਨ ਦੀ ਰਿਕਮੈਂਡੇਸ਼ਨ ਨਾਲ ਪੇਂਡੂ ਭੱਤਾ ਸਾਰੀ ਸਟੇਟ ਵਿਚ ਦਿਤਾ ਗਿਆ ਔਰ ਉਹ ਅੱਜ ਵੀ ਮਿਲ ਰਿਹਾ ਹੈ, ਉਸ ਨੂੰ ਬੰਦ ਨਹੀਂ ਕੀਤਾ ਗਿਆ। ਆਨਰੇਬਲ ਮੈਂਬਰ ਸਾਹਿਬ ਦਾ ਇਹ ਖਿਆਲ ਕਿ ਪੇਂਡੂ ਭੱਤਾ ਬੰਦ ਹੋ ਗਿਆ ਹੈ, ਇਹ ਠੀਕ ਨਹੀਂ ਔਰ ਇਸ ਦੇ ਬੰਦ ਹੋਣ ਦਾ ਕੁਐਸਚਨ ਅਰਾਈਜ਼ ਨਹੀਂ ਹੁੰਦਾ।

**ਡਾਕਟਰ ਰਮੇਸ਼ ਦੱਤ :** ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਇਹ ਦੱਸਣਗੇ ਕਿ ਇਹ ਜਿਹੜਾ ਕੰਡੀ ਏਰੀਆ ਜਾਂ ਸੈਮੀ ਹਿਲ ਅਲਾਊਂਸ ਮਿਲਦਾ ਸੀ ਔਰ ਜਿਹੜਾ ਗਵਰਨਰੀ ਰਾਜ ਵਿਚ ਬੰਦ ਹੋ ਗਿਆ ਸੀ, ਉਸ ਨੂੰ ਦੋਬਾਰਾ ਵਿਚਾਰਣ ਲਈ ਇਕ ਸੱਬ ਕਮੇਟੀ ਬਣਾਈ ਗਈ ਸੀ। ਕੀ ਉਸ ਸਬ ਕਮੇਟੀ ਦੀ ਰਿਪੋਰਟ ਸਰਕਾਰ ਨੂੰ ਮਿਲ ਚੁਕੀ ਹੈ; ਜੇ ਮਿਲ ਗਈ ਹੈ ਤਾਂ ਕਦੋਂ ਲਾਗੂ ਹੋ ਜਾਏਗੀ ਔਰ ਕੀ ਉਸ ਨੂੰ ਲਾਗੂ ਕਰਨ ਵਿਚ ਕੋਈ ਹਿੱਚ ਤਾਂ ਨਹੀਂ ?

**ਮੰਤਰੀ: :** ਮੈਂ ਅਰਜ਼ ਕਰ ਚੁਕਾਂ ਹਾਂ ਕਿ ਇਸ ਬਾਰੇ ਇਕ ਸਬ-ਕਮੇਟੀ ਬਣੀ ਹੋਈ ਹੈ ਉਸਨੇ ਅਜੇ ਇਸ ਬਾਰੇ ਫੈਸਲਾ ਨਹੀਂ ਕੀਤਾ। ਆਸ ਹੈ ਕਿ ਉਹ ਕਮੇਟੀ ਇਸ ਬਾਰੇ ਜਲਦੀ ਫੈਸਲਾ ਕਰ ਦੇਵੇਗੀ ਔਰ ਇਹ ਭੱਤਾ ਉਸ ਦੇ ਮੁਤਾਬਕ ਲਾਗੂ ਹੋ ਜਾਏਗਾ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂ ਗਲਤੀ ਨਾਲ ਪੇਂਡੂ ਭੱਤਾ ਕਹਿ ਦਿਤਾ, ਮੇਰੇ ਕਹਿਣ ਦਾ ਮਤਲਬ ਇਹ ਸੀ ਕਿ ਬੇਟ ਏਰੀਆ ਔਰ ਕੰਡੀ ਏਰੀਆ ਵਿਚ ਜਿਹੜਾ ਸਪੈਸ਼ਲ ਅਲਾਊਂਸ ਮਿਲਦਾ ਸੀ ਉਹ ਬੰਦ ਕਰ ਦਿਤਾ ਗਿਆ ਹੈ। ਮੁੱਖ ਮੰਤਰੀ ਸਾਹਿਬ ਨੇ ਜੁਲਾਈ, 1992 ਵਿਚ ਅਸ਼ੋਰੈਂਸ ਦਿਤੀ ਸੀ ਕਿ ਕਿ ਉਸ ਦਾ ਫੈਸਲਾ ਜਲਦੀ ਕਰ ਦਿਤਾ ਜਾਏਗਾ। ਮੈਂ ਪੁਛਣਾ ਚਾਹੁੰਦਾ ਹਾਂ ਕਿ ਉਸ ਦਾ ਫੈਸਲਾ ਲੈ ਕੇ ਇਹ ਭੱਤਾ ਕਦੋਂ ਤਕ ਲਾਗੂ ਹੋ ਜਾਏਗਾ?

**ਮੰਤਰੀ :** ਸਪੀਕਰ ਸਾਹਿਬ, ਮੈਂ ਜਵਾਬ ਤਾਂ ਪਹਿਲਾ ਹੀ ਦੇ ਚੁਕਾ ਹਾਂ ਕਿ ਸਬ ਕਮੇਟੀ ਬਣੀ ਹੋਈ ਹੈ, ਉਸ ਦਾ ਫੈਸਲਾ ਜਲਦੀ ਆ ਜਾਏਗਾ ਔਰ ਉਹ ਇਸ ਫਾਈਨਾਂਸ਼ਲ ਈਅਰ ਵਿਚ ਜ਼ਰੂਰ ਲਾਗੂ ਹੋ ਜਾਏਗਾ।

---

**ਪਿੰਡ ਸਾਖੇਵਾਲਾ, ਜ਼ਿਲ੍ਹਾ ਮਾਨਸਾ ਵਿਖੇ ਪੰਚਾਇਤੀ ਜ਼ਮੀਨ ਤੇ ਨਜਾਇਜ ਕਬਜ਼ਾ**

*999. **ਸਰਦਾਰ ਜਿਤਪਾਲ ਸਿੰਘ ਮਾਨ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਮਾਨਸਾ ਵਿਚ ਗ੍ਰਾਮ ਪੰਚਾਇਤ, ਸਾਖੇਵਾਲਾ

Original with;
Punjab Vidhan Sabha
Digitized by;
Panjab Digital Library

ਦੀ ਕੁਝ ਸ਼ਰਾਇਤੀ ਜ਼ਮੀਨ ਤੇ ਕੁਝ ਵਿਅਕਤੀਆਂ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ; ਜੇਕਰ ਅਜਿਹਾ ਹੈ ਤਾਂ ਅਜਿਹੇ ਵਿਅਕਤੀਆਂ ਦੇ ਨਾਂ ਕੀ ਕੀ ਹਨ ਅਤੇ ਇਸ ਜ਼ਮੀਨ ਨੂੰ ਖਾਲੀ ਕਰਵਾਉਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ?

**ਸਰਦਾਰ ਉਮਰਾਓ ਸਿੰਘ :** ਗਰਾਮ ਪੰਚਾਇਤ ਮਾਖੇਵਾਲਾ, ਜ਼ਿਲ੍ਹਾ ਮਾਨਸਾ ਦੀ ਸ਼ਾਮਲਾਤ ਜ਼ਮੀਨ ਤੇ ਕਿਸੇ ਵੀ ਵਿਅਕਤੀ ਦਾ ਨਜਾਇਜ਼ ਕਬਜ਼ਾ ਨਹੀਂ ਹੈ ।

**ਸਰਦਾਰ ਕਿਰਪਾਲ ਸਿੰਘ ਮਾਖਾ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਬਾਰੇ ਇਹ ਕੋਈ ਇਨਕੁਆਰੀ ਕਰਾਉਣ ਲਈ ਤਿਆਰ ਹਨ ਕਿਉਂਕਿ ਮੈਨੂੰ ਜ਼ਾਤੀ ਤੌਰ ਤੇ ਪਤਾ ਹੈ ਕਿ ਸ਼ਾਮਲਾਤ ਜ਼ਮੀਨ ਤੇ ਲੋਕਾਂ ਨੇ ਕਬਜ਼ੇ ਕੀਤੇ ਹੋਏ ਹਨ?

**ਮੰਤਰੀ :** ਸਪੀਕਰ ਸਾਹਿਬ, ਮੇਰੀ ਇਨਫਰਮੇਸ਼ਨ ਦੇ ਮੁਤਾਬਕ ਉਸ ਪਿੰਡ ਵਿਚ ਸ਼ਾਮਲਾਤ ਜ਼ਮੀਨ ਹੈ ਹੀ ਨਹੀਂ, ਫਿਰ ਕਬਜ਼ਾ ਕਰਨ ਦਾ ਸੁਆਲ ਹੀ ਨਹੀਂ ਪੈਂਦਾ ਹੁੰਦਾ। ਜੇ ਕਰ ਕੋਈ ਇਨ-ਫਰਮੇਸ਼ਨ ਮੈਂਬਰ ਸਾਹਿਬ ਕੋਲ ਹੈ ਇਹ ਮੇਰੇ ਕੋਲ ਭੇਜ ਦੇਣ, ਇਨਕੁਆਇਰੀ ਜ਼ਰੂਰ ਕਰਵਾ ਲਵਾਂਗੇ।

**ਸਰਦਾਰ ਕਿਰਪਾਲ ਸਿੰਘ ਮਾਖਾ :** ਸਪੀਕਰ ਸਾਹਿਬ, ਮੇਰੇ ਕੋਲ ਗਿਰਦਾਵਰੀ ਹੈ, ਉਹ ਮੈਂ ਹੁਣੇ ਦੇ ਦਿਆਂਗਾ। ਕੀ ਜਿਨ੍ਹਾਂ ਅਫਸਰਾਂ ਨੇ ਗਲਤ ਇਨਫਰਮੇਸ਼ਨ ਦਿਤੀ ਹੈ, ਉਨ੍ਹਾਂ ਦੇ ਖਿਲਾਫ ਵੱਧ ਤੋਂ ਵੱਧ ਐਕਸ਼ਨ ਲਿਆ ਜਾਵੇਗਾ ।ਕਿਉਂਕਿ ਮੇਰੇ ਮੁਤਾਬਕ ਉਥੇ ਟਮਾਟਰ ਬੀਜੇ ਹੋਏ ਹਨ?

**ਸ੍ਰੀ ਸਪੀਕਰ :** ਉਨ੍ਹਾਂ ਨੇ ਕਹਿ ਦਿਤਾ ਹੈ ਕਿ ਇਨਫਰਮੇਸ਼ਨ ਭੇਜ ਦਿਓ, ਉਹ ਇਨਕੁਆਇਰੀ ਕਰਾ ਲੈਣਗੇ ।

**Mr. Speaker :** We come to the next question No. 1008 of Shri Sajwar Singh and Shri Upinder Sharma. Both are not present and there is no authorisation also.

**ਨਿਸ਼ਾਨਵਾਲਾ ਪ੍ਰਸ਼ਨ ਨੰ: 1008**

(ਸਬੰਧਤ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

**ਸ੍ਰੀ ਸਪੀਕਰ :** ਪ੍ਰਸ਼ਨ ਨੰ: 623 ਅਰਸ਼ੀ ਜੀ, ਤੁਸੀਂ ਪੁੱਛ ਲਓ।

**ਜ਼ਿਲ੍ਹਾ ਅੰਮ੍ਰਿਤਸਰ ਵਿਚ ਈ. ਐਸ. ਆਈ. ਡਿਸਪੈਂਸਰੀਆਂ**

*623. **ਸ੍ਰੀਮਤੀ ਵਿਮਲਾ ਡਾਂਗ** (ਕਾਮਰੇਡ ਹਰਦੇਵ ਸਿੰਘ ਅਰਸ਼ੀ ਵਲੋਂ ਪੇਸ਼ ਕੀਤਾ ਗਿਆ।) ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 1993 ਨੂੰ ਜ਼ਿਲ੍ਹਾ ਅੰਮ੍ਰਿਤਸਰ ਵਿਚ ਈ.ਐਸ.ਆਈ. ਡਿਸਪੈਂਸਰੀਆਂ ਦੀ ਗਿਣਤੀ ਕਿੰਨੀ ਸੀ ਅਤੇ ਉਹ ਕਿੱਥੇ ਕਿੱਥੇ ਹਨ ਅਤੇ ਇਨ੍ਹਾਂ ਨੇ ਕਿਸ ਕਿਸ ਤਰੀਕ ਨੂੰ ਕੰਮ ਕਰਨਾ ਸ਼ੁਰੂ ਕੀਤਾ ;

(ਅ) 1 ਜਨਵਰੀ, 1993 ਨੂੰ ਹਰ ਇਕ ਡਿਸਪੈਂਸਰੀ ਨਾਲ ਸਬੰਧਤ/ਦਰਜ ਹੋਏ ਬੀਮਾ-ਸ਼ੁਦਾ ਕਾਮਿਆਂ ਦੀ ਗਿਣਤੀ ਕਿੰਨੀ ਕਿੰਨੀ ਸੀ ;

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

(ੲ) ਕੀ ਹਰ ਇਕ ਈ.ਐਸ.ਆਈ. ਡਿਸਪੈਂਸਰੀ ਵਿਚ ਅਜਿਹੇ ਕਾਮਿਆਂ ਨੂੰ ਰਜਿਸਟਰ ਕਰਨ ਬਾਰੇ ਸਰਕਾਰ ਦੁਆਰਾ ਵੱਧ ਤੋਂ ਵੱਧ ਕੋਈ ਗਿਣਤੀ ਨਿਸ਼ਚਿਤ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਹ ਕਿੰਨੀ ਹੈ;

(ਸ) 1, ਜਨਵਰੀ, 1993 ਨੂੰ ਅੰਮ੍ਰਿਤਸਰ ਵਿਚ ਈ.ਐਸ.ਆਈ. ਸਕੀਮ ਅਧੀਨ ਪੈਨਲ ਡਾਕਟਰਾਂ ਦੀ ਗਿਣਤੀ ਕਿੰਨੀ ਸੀ ਅਤੇ 1 ਜਨਵਰੀ, 1993 ਨੂੰ ਹਰ ਇਕ ਪੈਨਲ-ਡਾਕਟਰ ਪਾਸ ਰਜਿਸਟਰਡ ਕਾਮਿਆ ਦੀ ਗਿਣਤੀ ਕਿੰਨੀ ਸੀ?

**ਸਰਦਾਰ ਲਾਲ ਸਿੰਘ**: (ੳ) ਮਿਤੀ 1 ਜਨਵਰੀ, 1993 ਨੂੰ ਜ਼ਿਲ੍ਹਾ ਅੰਮ੍ਰਿਤਸਰ ਵਿਚ ਈ.ਐਸ.ਆਈ, ਡਿਸਪੈਂਸਰੀਆਂ ਦੀ ਗਿਣਤੀ 5 ਸੀ। ਇਨ੍ਹਾਂ ਦੀ ਸਥਿਤੀ ਅਤੇ ਚਾਲੂ ਹੋਣ ਦੀ ਮਿਤੀ ਇਸ ਤਰ੍ਹਾਂ ਹੈ :--

| ਡਿਸਪੈਂਸਰੀ ਦਾ ਨਾਂ | ਚਾਲੂ ਹੋਣ ਦੀ ਮਿਤੀ |
|---|---|
| 1. ਈ.ਐਸ.ਆਈ. ਡਿਸਪੈਂਸਰੀ, ਅੰਮ੍ਰਿਤਸਰ (ਈ.ਐਸ.ਆਈ. ਹਸਪਤਾਲ ਦੇ ਹਾਤੇ ਵਿੱਚ) | 8/78 |
| 2. ਈ.ਐਸ.ਆਈ. ਡਿਸਪੈਂਸਰੀ, ਛੇਹਰਟਾ | 4/80 |
| 3. ਈ.ਐਸ.ਆਈ. ਡਿਸਪੈਂਸਰੀ, ਵੇਰਕਾ | 4/80 |
| 4. ਈ.ਐਸ.ਆਈ. ਡਿਸਪੈਂਸਰੀ, ਤਰਨ ਤਾਰਨ | 4/80 |
| 5. ਈ.ਐਸ.ਆਈ. ਡਿਸਪੈਂਸਰੀ, ਗੋਇੰਦਵਾਲ ਸਾਹਿਬ | 6/89 |

(ਅ) ਮਿਤੀ 1 ਜਨਵਰੀ, 1993 ਨੂੰ ਹਰ ਇਕ ਡਿਸਪੈਂਸਰੀ ਨਾਲ ਜੁੜੇ ਹੋਏ ਦਰਜ ਬੀਮਾਂ ਸ਼ੁਦਾ ਕਾਮਿਆਂ ਦੀ ਗਿਣਤੀ ਇਸ ਪ੍ਰਕਾਰ ਸੀ :--

| ਡਿਸਪੈਂਸਰੀ ਦਾ ਨਾਂ | ਕਾਮਿਆਂ ਦੀ ਗਿਣਤੀ |
|---|---|
| 1. ਈ.ਐਸ.ਆਈ. ਡਿਸਪੈਂਸਰੀ, ਅੰਮ੍ਰਿਤਸਰ | 12,000 |
| 2. ਈ.ਐਸ.ਆਈ. ਡਿਸਪੈਂਸਰੀ, ਛੇਹਰਟਾ | 10,050 |
| 3. ਈ.ਐਸ.ਆਈ. ਡਿਸਪੈਂਸਰੀ, ਵੇਰਕਾ | 4,410 |

(ੲ) ਨਹੀਂ ਜੀ।

Original with;
Punjab Vidhan Sabha
Digitized by;
Panjab Digital Library

(ਖ) ਮਿਤੀ 1 ਜਨਵਰੀ, 1973 ਨੂੰ ਪੈਨਲ-ਡਾਕਟਰਾਂ ਦੀ ਗਿਣਤੀ 11 ਸੀ ਅਤੇ ਉਨ੍ਹਾਂ ਨਾਲ ਹੇਠ ਲਿਖੇ ਅਨੁਸਾਰ ਬੀਮਾ ਵਾਲੇ ਰਜਿਸਟਰ ਸਨ :—

| ਪੈਨਲ ਡਾਕਟਰ ਦਾ ਨਾਂ | ਰਜਿਸਟਰਡ ਕਾਮਿਆਂ ਦੀ ਗਿਣਤੀ |
|---|---|
| 1. ਡਾ: ਆਈ.ਜੇ.ਐਸ.ਸੰਧੂ | 1,063 |
| 2. ਡਾ: ਅਵਤਾਰ ਸਿੰਘ ਅਰੋੜਾ | 785 |
| 3. ਡਾ: ਕੁਲਦੀਪ ਚੰਦ | 882 |
| 4. ਡਾ: ਧਰਮਪਾਲ | 175 |
| 5. ਡਾ: ਜਤਿੰਦਰ ਸਿੰਘ | 225 |
| 6. ਡਾ: (ਮਿਸਿਜ) ਹਰਜੀਤ ਕੌਰ | 907 |
| 7. ਡਾ: ਗੁਰਦੇਵ ਸਿੰਘ | 925 |
| 8. ਡਾ: ਮੁਖਤਿਆਰ ਸਿੰਘ | 929 |
| 9. ਡਾ: ਵਿਜੇ ਬੇਦੀ | 849 |
| 10. ਡਾ: ਵਾਈ. ਆਰ. ਖੰਨਾ | 790 |
| 11. ਡਾ: ਸੁਭਾਸ਼ ਮਰਵਾਹਾ | 920 |

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ ,ਜਿਹੜੇ ਸਨਅਤੀ ਕਰਮਚਾਰੀ ਹਨ ਉਨ੍ਹਾਂ ਦੇ ਵਾਸਤੇ ਦੋ ਤਰ੍ਹਾਂ ਦੀਆਂ ਸਿਹਤ ਸਹੂਲਤਾਂ ਮੁਹੱਈਆ ਸਨ। ਇਕ ਪੈਨਲ ਸਿਸਟਮ ਦੁਆਰਾ ਅੌਰ ਇਕ ਸਰਵਿਸ ਸਿਸਟਮ ਦੁਆਰਾ। ਸਨਅਤੀ ਵਰਕਰ ਪੈਨਲ ਸਿਸਟਮ ਨੂੰ ਹੀ ਪਰੈਫਰ ਕਰਦੇ ਹਨ। ਸਰਕਾਰ ਨੇ ਪੈਨਲ ਸਿਸਟਮ ਖਤਮ ਕਰ ਦਿੱਤਾ। ਕੇਸ ਕੋਰਟ ਵਿਚ ਗਿਆ ਅੌਰ ਸਰਕਾਰ ਜਿੱਤ ਗਈ। ਪੈਨਲ ਸਿਸਟਮ ਦੇ ਡਾਕਟਰ ਵੱਡੀ ਗਿਣਤੀ ਵਿਚ ਹਟਾ ਦਿੱਤੇ ਗਏ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸੰਭਵ ਹੈ ਕਿ ਇਕ ਡਿਸਪੈਂਸਰੀ ਵਿਚ ਸੱਤ ਸਾਢੇ ਸੱਤ ਹਜ਼ਾਰ ਵਰਕਰਜ਼ ਦਾ ਟਰੀਟਮੈਂਟ ਹੋਵੇ ? ਕਿਉਂਕਿ ਸਨਅਤੀ ਵਰਕਰਜ਼ ਦਾ ਟਰੀਟਮੈਂਟ ਸਰਵਿਸ ਸਿਸਟਮ ਵਾਲੀਆਂ ਡਿਸਪੈਂਸਰੀਆਂ ਨਾਲ ਅਟੈਚ ਕਰ ਦਿੱਤਾ ਗਿਆ ਹੈ। ਪਹਿਲਾਂ ਅੰਮ੍ਰਿਤਸਰ ਬਾਰੇ ਹੀ ਵੇਖ ਲਵੋ, ਸਪੀਕਰ ਸਾਹਿਬ, ਉਥੇ ਕੋਈ 12 ਹਜ਼ਾਰ ਵਰਕਰ ਲਗਾ ਹੋਇਆ ਹੈ ਅੌਰ ਜੇਕਰ ਇਕ ਫੈਮਿਲੀ ਵਿਚ 5 ਮੈਂਬਰ ਸ਼ਾਮਲ ਕਰ ਲਏ ਜਾਣ ਤਾਂ 60 ਹਜ਼ਾਰ ਬਣਦੇ ਹਨ। ਕੀ ਇਹ ਸੰਭਵ ਹੈ ਕਿ :

**ਸ੍ਰੀ ਸਪੀਕਰ :** ਅਰਸ਼ੀ ਜੀ, ਤਕਰੀਰ ਘੱਟ ਕਰੋ ,ਸਵਾਲ ਪੁੱਛੋ। . . . . .

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਇਹ ਸੰਭਵ ਹੈ ਕਿ 60 ਹਜ਼ਾਰ ਵਿਅਕਤੀਆਂ ਨੂੰ ਜਿਥੇ ਇਕ ਡਾਕਟਰ ਜਾਂ ਥੋੜਾ ਹੋਰ ਸਟਾਫ ਹੋਵੇ, ਸਿਹਤ ਸਹੂਲਤ ਦਿੱਤੀ ਜਾ ਸਕਦੀ ਹੈ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਜਿੱਥੋਂ ਤੱਕ ਕਾਮਿਆਂ ਦੇ ਇਲਾਜ ਦਾ ਤੁਅੱਲਕ ਹੈ, 1,000 ਕਾਮਿਆਂ ਪਿੱਛੇ ਇਕ ਡਾਕਟਰ ਰੱਖਿਆ ਜਾਂਦਾ ਹੈ। ਜਿਤਨੇ ਵੀ ਕਾਮੇਂ ਵੱਧਦੇ ਹਨ, ਡਿਸਪੈਂਸਰੀਜ਼ ਵਿਚ ਉਤਨੇ ਹੀ ਡਾਕਟਰਾਂ ਦਾ ਵਾਧਾ ਕੀਤਾ ਜਾਂਦਾ ਹੈ। ਜਿਹੜੀਆਂ ਦੋ ਡਿਸਪੈਂਸਰੀਆਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਵਿਚ ਡਾਕਟਰ ਪਰੋਵਾਈਡ ਕੀਤੇ ਗਏ ਹਨ। ਇਹ ਵੀ ਵੇਖਿਆ ਜਾਂਦਾ ਹੈ ਕਿ ਕਾਮਿਆਂ ਦੀ ਹਾਜ਼ਰੀ 40 ਪਲੱਸ 20 ਡੇਅਲੀ ਹੋਣੀ ਜ਼ਰੂਰੀ ਹੈ। ਉਨ੍ਹਾਂ ਦੀ ਡੇਲੀ ਦੀ ਆਮਦ ਕਿੰਨੀ ਹੈ, ਉਸ ਦੇ ਮੁਤਾਬਿਕ ਹੀ ਡਾਕਟਰ ਘਟਾਏ ਵਧਾਏ ਜਾਂਦੇ ਹਨ। ਸਪੀਕਰ ਸਾਹਿਬ, ਅੰਮ੍ਰਿਤਸਰ ਦੇ ਵਿਚ ਦੋ ਡਿਸ-ਪੈਨਸਰੀਆਂ ਦਾ ਜ਼ਿਕਰ ਕੀਤਾ ਗਿਆ ਹੈ ਪਰ ਉਥੇ ਇਕ ਹਸਪਤਾਲ ਵੀ ਹੈ ਜਿੱਥੇ ਕਿ 16 ਡਾਕਟਰ ਲੱਗੇ ਹੋਏ ਹਨ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਉਹ ਤਾਂ ਹਸਪਤਾਲ ਆਮ ਪਬਲਿਕ ਵਾਸਤੇ ਹੈ ਜੀ ਲੇਕਿਨ ਜਿਹੜੀਆਂ ਈ.ਐਸ.ਆਈ. ਡਿਸਪੈਂਸਰੀਆਂ ਕਾਮਿਆਂ ਵਾਸਤੇ ਹਨ, ਜਿੱਥੇ ਕਿ ਉਹ ਆਪਣੀ ਪੇਅ ਦਾ ਕੁਝ ਹਿੱਸਾ ਦਿੰਦੇ ਹਨ, ਉਨ੍ਹਾਂ ਵਿਚ ਅਗਰ ਵੇਖਿਆ ਜਾਵੇ ਤਾਂ ਜੋ ਕੁਝ ਵਜ਼ੀਰ ਸਾਹਿਬ ਨੇ ਕਿਹਾ ਹੈ ਇਹ ਹਕੀਕਤ ਨਹੀਂ ਅਤੇ ਦਰੁੱਸਤ ਨਹੀਂ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਸਰਕਾਰ ਨੇ ਪੈਨਲ ਸਿਸਟਮ ਬੰਦ ਕਰ ਦਿਤਾ ਹੈ ਤਾਂ ਸਰਵਿਸ ਡਿਸਪੈਂਸਰੀਆਂ ਦੀ ਬਹੁਤ ਘਾਟ ਹੈ। ਵਰਕਰਜ਼ ਨੂੰ ਸਰਵਿਸ ਸਿਸਟਮ ਰਾਹੀਂ ਹੀ ਜੇਕਰ ਸਿਹਤ ਸਹੂਲਤਾਂ ਦੇਣੀਆਂ ਹਨ ਤਾਂ ਕੀ ਹੋਰ ਡਿਸਪੈਂਸਰੀਆਂ ਬਣਾਉਣ ਔਰ ਹੋਰ ਡਾਕਟਰ ਰੱਖਣ ਦਾ ਸਰਕਾਰ ਦਾ ਵਿਚਾਰ ਹੈ ਜਾਂ ਨਹੀਂ?

**ਮੰਤਰੀ :** ਸਪੀਕਰ ਸਾਹਿਬ, ਜਿੱਥੇ ਪਹਿਲਾਂ ਹੀ ਡਿਸਪੈਂਸਰੀਆਂ ਹੋਣ ਉਥੇ ਪੈਨਲ ਡਾਕਟਰ ਨਹੀਂ ਰੱਖੇ ਜਾ ਸਕਦੇ। ਜਿੱਥੋਂ ਤਕ ਡਾਕਟਰ ਹੋਰ ਰਖਣ ਦਾ ਸਵਾਲ ਹੈ, ਇਹ ਸਪੈਸਿਫਿਕਲੀ ਦੱਸ ਦੇਣ, ਅਸੀਂ ਜਿਤਨੀ ਜ਼ਰੂਰਤ ਹੋਵੇਗੀ, ਉਸ ਦੇ ਮੁਤਾਬਿਕ ਡਾਕਟਰ ਲਗਾ ਦੇਵਾਂਗੇ।

---

## ਤਹਿਸੀਲ ਮੋਗਾ ਵਿਚ 25-ਬਿਸਤਰਿਆਂ ਵਾਲੇ ਹਸਪਤਾਲ ਖੋਲ੍ਹਣਾ

*970. **ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ ਵਿਚ ਇਸ ਸਮੇਂ 25- ਬਿਸਤਰਿਆਂ ਵਾਲੇ ਸਰਕਾਰੀ ਹਸਪਤਾਲਾਂ ਦੀ ਗਿਣਤੀ ਅਤੇ ਵੇਰਵੇ ਕੀ ਹਨ ;

(ਅ) ਕੀ ਸਰਕਾਰ ਦੀ ਉਕਤ ਤਹਿਸੀਲ ਵਿਚ ਅਜਿਹੇ ਕੋਈ ਨਵੇਂ ਹਸਪਤਾਲ ਖੋਲ੍ਹਣ ਦੀ ਤਜਵੀਜ਼ ਹੈ ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ ?

**ਸਰਦਾਰ ਲਾਲ ਸਿੰਘ :** (ੳ) ਇਸ ਸਮੇਂ ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ ਵਿਚ 3 ਰੂਰਲ ਹਸਪਤਾਲ ਚੱਲ ਰਹੇ ਹਨ ਜਿਨ੍ਹਾਂ ਦੇ ਸਥਾਨ ਹੇਠ ਲਿਖੇ ਅਨੁਸਾਰ ਹਨ:—

(1) ਲੋਪੋ ।
(2) ਨਿਹਾਲ ਸਿੰਘ ਵਾਲਾ :
(3) ਮੱਲੀਆਂ ਵਾਲਾ ।

Original with;
Punjab Vidhan Sabha
Digitized by;
Panjab Digital Library

(ਅ) ਤਹਿਸੀਲ ਮੋਗਾ ਵਿਚ ਕੋਈ ਹੋਰ ਨਵਾਂ ਸਰਕਾਰੀ ਹਸਪਤਾਲ ਖੋਲ੍ਹਣ ਦੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੀ ਜਾਣਕਾਰੀ ਇਨ੍ਹਾਂ ਨੇ ਦਿੱਤੀ ਹੈ ਕਿ ਤਿੰਨ ਹਸਪਤਾਲ ਤਹਿਸੀਲ ਮੋਗਾ ਵਿਚ ਚੱਲ ਰਹੇ ਹਨ ਪਰ ਮੋਗਾ ਬਲਾਕ ਵਨ ਅਤੇ ਮੋਗਾ ਬਲਾਕ ਟੂ ਵਿਚ ਕੋਈ ਵੀ ਹਸਪਤਾਲ ਨਹੀਂ ਹੈ । ਇਸ ਲਈ ਕੀ ਇਹ ਨਿਕਟ ਫਿਊਚਰ ਵਿਚ ਉਥੇ ਕੋਈ 25 ਬੈਡਿਡ ਹਸਪਤਾਲ ਖੋਲ੍ਹਣ ਦਾ ਵਿਚਾਰ ਕਰ ਨਗੇ ?

**ਮੰਤਰੀ :** ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਤਹਿਸੀਲ ਮੋਗਾ ਵਿਚ 25 ਬਿਸਤਰਿਆਂ ਦਾ ਹਸਪਤਾਲ ਹੈ ਔਰ ਉਸ ਦਾ ਜਵਾਬ ਦਿੱਤਾ ਹੈ। ਜਿਥੋਂ ਤੱਕ ਮੋਗਾ ਬਲਾਕ ਵਿਚ ਕਿਹੜੇ ਕਿਹੜੇ ਪਿੰਡ ਆਉਂਦੇ ਹਨ ਔਰ ਉਥੇ ਹਸਪਤਾਲ ਖੋਲ੍ਹਣ ਦਾ ਸਵਾਲ ਹੈ, ਇਹ ਵੇਖ ਲਵਾਂਗੇ ਪਰ ਇਸ ਸਾਲ ਤਾਂ ਕੋਈ ਨਵਾਂ ਹਸਪਤਾਲ ਖੋਲ੍ਹਣ ਦਾ ਪਰੋਗਰਾਮ ਨਹੀਂ ਹੈ। ਆਉਣ ਵਾਲੇ ਸਾਲ ਵਿਚ ਕੋਈ ਪ੍ਰੋਗਰਾਮ ਹੋਵੇਗਾ ਤਾ ਵਿਚਾਰ ਕਰ ਲਵਾਂਗੇ ।

---

**ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਦੀ ਨਿਯੁਕਤੀ**

*1007. **ਸਰਦਾਰ ਹਰਨੇਕ ਸਿੰਘ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਵਜੋਂ ਕੰਮ ਕਰ ਰਹੇ ਵਿਅਕਤੀ ਦਾ ਨਾਂ ਕੀ ਹੈ ਅਤੇ ਉਹ ਕਿਸ ਤਰੀਕ ਤੋਂ ਉਸ ਆਸਾਮੀ ਤੇ ਕੰਮ ਕਰ ਰਿਹਾ ਹੈ ;

(ਅ) ਕੀ 31 ਮਾਰਚ, 1993 ਤੋਂ ਬਾਅਦ ਸੀਨੀਆਰਤਾ ਦੇ ਆਧਾਰ ਤੇ ਡਿਪਟੀ ਡਾਇਰੈਕਟਰਾਂ ਵਿਚੋਂ ਤਰੱਕੀ ਦੁਆਰਾ ਡਾਇਰੈਕਟਰ, ਭਾਸ਼ਾ ਵਿਭਾਗ ਦੀ ਨਿਯੁੱਕਤੀ ਕਰਨ ਦੀ ਸਰਕਾਰ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਜ਼ਰੂਰੀ ਹੁਕਮ ਕਦੋਂ ਤੱਕ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ?

**Shri Harnam Dass Johar :** (a) Shri J. S. Qaumi. I. A. S. Additional Secretary Education is working as Director Language Department, Punjab w. e. f. 29. 6. 92.

(b) No Sir, As such the question of giving approximate date does not arise.

**ਸਰਦਾਰ ਹਰਨੇਕ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੋਈ ਟਾਈਮ ਨਹੀਂ ਦਿੱਤਾ, ਕੀ ਮਨਿਸਟਰ ਸਾਹਿਬ ਇਹ ਯਕੀਨ ਦਿਵਾਉਣਗੇ ਕਿ ਜਦੋਂ ਵੀ ਕੋਈ ਰੈਗੂਲਰ ਡਾਇਰੈਕਟਰ ਲਾਇਆ ਜਾਵੇਗਾ ਉਹ ਕੋਈ ਸੀਨੀਅਰ ਅਫਸਰ ਨੂੰ ਹੀ ਲਾਇਆ ਜਾਵੇਗਾ?

**ਮੰਤਰੀ :** ਸਪੀਕਰ ਸਾਹਿਬ, ਇਸ ਵਿਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਜੋ ਵੀ ਸੀਨੀਅਰ ਮੋਸਟ ਹੋਵੇਗਾ, ਉਸ ਨੂੰ ਹੀ ਬਣਾਇਆ ਜਾਵੇਗਾ। ਲੇਕਿਨ ਪਹਿਲੇ ਜੁਆਇੰਟ ਡਾਇਰੈਕਟਰ ਬਣਦਾ ਹੈ, ਫਿਰ ਐਡੀਸ਼ਨਲ ਡਾਇਰੈਕਟਰ ਬਣਦਾ ਹੈ, ਔਰ ਫਿਰ ਡਾਇਰੈਕਟਰ ਬਣਾਇਆ ਜਾਂਦਾ ਹੈ।

**ਸ੍ਰੀ ਮਦਨ ਮੋਹਨ ਮਿਤਲ :** ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਇਹ ਹੈ ਕਿ ਜੋ ਡਾਇਰੈਕਟਰ ਲੈਂਗ-ਏਜ਼ ਅਪੁਆਇੰਟ ਕਰਨਾ ਹੈ······ is he required to be an administrative

Original with;
Punjab Vidhan Sabha
Digitized by;
Panjab Digital Library

[ਸ੍ਰੀ ਮਦਨ ਮੋਹਨ ਮਿੱਤਲ]

head or he should be an expert in languages. ਉਸ ਦੀ ਕੁਆਲੀਫੀਕੇਸ਼ਨ ਨਿਰਧਾਰਤ ਕੀ ਹੈ ?

**ਮੰਤਰੀ :** ਸਪੀਕਰ ਸਾਹਿਬ, ਜਦੋਂ ਤੱਕ ਕੋਈ ਰੈਗੂਲਰ ਲੈਂਗੂਏਜ ਵਿਦਵਾਨ ਨਹੀਂ ਮਿਲਦਾ, ਆਈ.ਏ.ਐਸ. ਲਗਾਇਆ ਜਾ ਸਕਦਾ ਹੈ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੈਂ ਦੂਜਾ ਇਹ ਪੁੱਛਣਾ ਹੈ ਕਿ ਕੀ ਸਰਕਾਰ ਨੇ ਕੋਈ ਲੈਂਗੂਏਜ ਵਿਦਵਾਨ ਲਾਉਣ ਵਾਸਤੇ ਕੋਈ ਐਡਵਰਟਾਈਜ਼ਮੈਂਟ ਕੀਤੀ ਹੈ?

**ਮੰਤਰੀ :** ਸਪੀਕਰ ਸਾਹਿਬ, ਇਸ ਵਾਸਤੇ ਕੋਰਟ ਵਿਚ ਝਗੜਾ ਚਲ ਰਿਹਾ ਸੀ ਅਤੇ ਡਸੀਜ਼ਨ ਨਹੀਂ ਹੋ ਸਕਿਆ। ਉਸ ਤੋਂ ਬਾਅਦ ਦੋ ਨਵੀਆਂ ਪੋਸਟਾਂ ਜੁਆਇੰਟ ਡਾਇਰੈਕਟਰ ਔਰ ਐਡੀਸ਼ਨਲ ਡਾਇਰੈਕਟਰ ਕ੍ਰਿਏਟ ਹੋ ਗਈਆਂ। ਹੁਣ ਜਦੋਂ ਕੋਰਟ ਦਾ ਫੈਸਲਾ ਹੋਵੇਗਾ, ਉਸ ਡਾਇਰੈਕਸ਼ਨ ਦੀ ਬਿਨਾਂ ਤੇ ਰੱਖ ਲਿਆ ਜਾਵੇਗਾ।

---

**Starred Question No. 994***

**Mr. Speaker** : Extension has been asked for in respect of Starred Question No. 994.

**ਸਮਾਜ਼ ਭਲਾਈ ਵਿਭਾਗ ਵਿਚ ਭ੍ਰਿਸ਼ਟਾਚਾਰ/ਗਬਨ**

*624. **ਸ਼੍ਰੀਮਤੀ ਵਿਮਲਾ ਡਾਂਗ** (ਕਾਮਰੇਡ ਹਰਦੇਵ ਸਿੰਘ ਅਰਸ਼ੀ ਵਲੋਂ ਪੇਸ਼ ਕੀਤਾ ਗਿਆ) : ਕੀ ਸਮਾਜ ਭਲਾਈ ਮੰਤਰੀ ਮਿਤੀ 23 ਮਾਰਚ, 1992 (ਸਵੇਰ ਦੀ ਬੈਠਕ) ਲਈ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਸੂਚੀ ਵਿਚ ਸਮਾਜ ਭਲਾਈ ਵਿਭਾਗ ਵਿਚ ਭ੍ਰਿਸ਼ਟਾਚਾਰ/ਗਬਨ ਸਬੰਧੀ ਦਰਜ ਨਿਸ਼ਾਨ ਵਾਲੇ ਪ੍ਰਸ਼ਨ ਨੰ: 6 ਦੇ ਉੱਤਰ ਦੇ ਹਵਾਲੇ ਨਾਲ ਕਿਰਪਾ ਕਰਕੇ ਦੱਸਣਗੇ ਕਿ ਕੀ ਚੋਕਸੀ ਵਿਭਾਗ ਦੁਆਰਾ ਕੀਤੀਆਂ ਜਾ ਰਹੀਆਂ "ਹੋਰ ਜਾਂਚ-ਪੜਤਾਲਾਂ" ਮੁਕੰਮਲ ਹੋ ਗਈਆਂ ਹਨ। ਜੇਕਰ ਅਜਿਹਾ ਹੋਵੇ, ਤਾਂ ਪੜਤਾਲੀਆਂ ਰਿਪੋਰਟ ਦੀ ਇਕ ਕਾਪੀ ਅਤੇ ਇਸ ਤੇ ਕੀਤੀ ਗਈ ਕਾਰਵਾਈ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

**Shri Brahm Mohindra** : The Vigilance Department has finalised the inquiry. The inquiry report has been received in the Department of Social welfare,—*vide* vigilance Department D.O. letter No. 28/3/88/19J.I/39, dated 15th March, 1993. The report is being scruitinized. Already a case has been registered against some officials of the social welfare Directorate and is pending in the Court of District Judge, Amritsar. The officials involed are under suspension since April, 1989. Any other official found guilty on the basis of vigilance report, will also be in proceeded against. Since the matter is subjudice, it may not be in public interest to lay down the enquiry report of the vigilance Department on the Table of the House.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਆਪਣੇ ਉੱਤਰ ਵਿਚ ਕਿਹਾ ਹੈ ਕਿ ਚੂੰਕਿ ਮਾਮਲਾ ਕੋਰਟ ਦੇ ਵਿਚਾਰ ਅਧੀਨ ਹੈ, ਇਸ ਲਈ ਸਰਕਾਰ ਅਗੇ ਕਾਰਵਾਈ ਨਹੀਂ ਕਰ ਸਕਦੀ। ਪਰ ਮੈਂ ਇਸ ਗੱਲ ਦੇ ਨਾਲ ਸਹਿਮਤ ਨਹੀਂ ਹਾਂ। ਸਪੀਕਰ ਸਾਹਿਬ, ਪਹਿਲੇ 4 ਕੇਸਿਜ਼ ਵਿਚ ਕਰੋੜਾਂ ਰੁਪਏ ਦਾ ਸਕੈਂਡਲ

---

*For Starred Question No. 994 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

ਹੈ ਅਤੇ ਇਹ ਸਕੈਂਡਲ ਸੈਕ੍ਰੇਟਰੀ ਲੈਵਲ ਤੱਕ ਦਾ ਹੈ। ਇਸ ਦੇ ਵਿਚ 2 ਅਫਸਰਾਂ ਨੂੰ ਸਸਪੈਂਡ ਵੀ ਕੀਤਾ ਹੋਇਆ ਹੈ। ਕਾਮਰੇਡ ਸੱਤਪਾਲ ਡਾਂਗ ਨੇ 50 ਕੇਸਿਜ਼ ਐਸੇ ਸਰਕਾਰ ਨੂੰ ਭੇਜੇ ਹਨ ਜਿਨ੍ਹਾਂ ਤੇ ਵਿਜੀਲੈਂਸ ਦੀ ਇਨਕੁਆਇਰੀ ਹੋ ਰਹੀ ਹੈ। ਇਸ ਦੀ ਕੀ ਰਿਪੋਰਟ ਹੈ? ਇਹ ਕੇਸਿਜ਼ ਕੁਰੱਪਸ਼ਨ ਦੇ ਬਣਦੇ ਹਨ। ਇਹ ਠੀਕ ਹੈ ਕਿ ਪਹਿਲੇ 4 ਕੇਸਿਜ਼ ਕੋਰਟ ਵਿਚ ਵਿਚਾਰ ਅਧੀਨ ਹਨ, ਪਰ ਬਾਕੀ ਦੇ 50 ਕੇਸਿਜ਼ ਦੇ ਬਾਰੇ ਵਿਜੀਲੈਂਸ ਇਨਕੁਆਇਰੀ ਦੀ ਰਿਪੋਰਟ ਕੀ ਹੈ, ਇਹ ਦੱਸ ਦੇਣ।

ਮੰਤਰੀ : ਸਪੀਕਰ ਸਾਹਿਬ, ਵਿਜੀਲੈਂਸ ਇਨਕੁਆਇਰੀ ਦੀ ਰਿਪੋਰਟ ਡਿਪਾਰਟਮੈਂਟ ਕੋਲ ਜਦੋਂ ਆ ਜਾਵੇਗੀ ਉਸ ਉੱਤੇ ਅਸੀਂ ਸਖਤ ਤੋਂ ਸਖਤ ਐਕਸ਼ਨ ਲਵਾਂਗੇ।

---

## ਸ਼ਹਿਰੀ ਮਿਲਖ ਮੋਹਾਲੀ ਵਿਚ ਅਣ-ਅਧਿਕਾਰਤ ਉਸਾਰੀਆਂ ਹਟਾਉਣਾ

*973. ਕਾਮਰੇਡ ਬਲਦੇਵ ਸਿੰਘ ਬਲਮਗੜ੍ਹ : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ਼ਹਿਰੀ ਮਿਲਖ ਮੋਹਾਲੀ ਦੇ ਬਹੁਤ ਸਾਰੇ ਵਸਨੀਕਾਂ ਨੇ ਖਾਲੀ ਪਈ ਸਰਕਾਰੀ ਜ਼ਮੀਨ ਤੇ ਅਣ-ਅਧਿਕਾਰਤ ਕਮਰੇ/ਢਾਂਚੇ ਬਣਾਏ ਹੋਏ ਹਨ; ਜੇਕਰ ਅਜਿਹਾ ਹੋਵੇ, ਤਾਂ ਸਹਿਰੀ ਮਿਲਖ ਦੀ ਸੁੰਦਰਤਾ ਨੂੰ ਕਾਇਮ ਰੱਖਣ ਲਈ ਉਕਤ ਅਣ-ਅਧਿਕਾਰਤ ਢਾਂਚਿਆਂ ਨੂੰ ਹਟਾਉਣ ਵਾਸਤੇ ਸਰਕਾਰ ਦੀ ਕੀ ਕਾਰਵਾਈ ਕਰਨ ਦੀ ਤਜਵੀਜ ਹੈ ?

**Chaudhary Jagjit Singh**: It is a fact that some residents of Urban Estate Mohali have unauthorisedly constructed structures on vacant Government land. A compaign has already been started to remove the unauthorised structures by sending notices and demolishing the same by the Punjab Housing Development Board.

ਸ੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੋਹਾਲੀ ਅਰਬਨ ਐਸਟੇਟ ਵਿਚ ਲੋਕਾਂ ਨੇ ਅਨਆਥੋਰਾਈਜਡ ਮਕਾਨ ਗੌਰਮਿੰਟ ਦੀ ਲੈਂਡ ਤੇ ਬਣਾ ਲਏ ਹਨ ਔਰ ਉਹ ਕਿਰਾਇਆ ਵਸੂਲ ਕਰ ਰਹੇ ਹਨ। ਇਸ ਤਰ੍ਹਾਂ ਦੇ ਅਨਆਥੋਰਾਈਜ਼ਡ ਮਕਾਨਾਂ ਲਈ ਨੋਟਿਸ ਕਿੰਨੇ ਲੋਕਾਂ ਨੂੰ ਇਸ਼ੂ ਕੀਤੇ ਗਏ ਹਨ ਅਤੇ ਕਿੰਨਿਆਂ ਨੂੰ ਆਈਡੈਂਟੀਫਾਈ ਕਰ ਲਿਆ ਗਿਆ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੋਹਾਲੀ ਅਰਬਨ ਐਸਟੇਟ ਵਿਚ ਝੁੱਗੀ ਝੌਂਪੜੀ ਵਾਲਿਆਂ ਨੇ ਸਰਕਾਰੀ ਜ਼ਮੀਨਾਂ ਉਤੇ ਝੁੱਗੀਆਂ ਬਣਾ ਲਈਆਂ ਸਨ। ਇਨ੍ਹਾਂ ਨੂੰ ਇਥੋਂ ਹਟਾ ਕੇ ਆਲਟਰਨੇਟਿਵ ਸਾਈਟ ਤੇ ਮਕਾਨ ਬਣਾ ਕੇ ਦੇ ਰਹੇ ਹਾਂ ਤਾਂਕਿ ਇਨ੍ਹਾਂ ਨੂੰ ਸੈਟਲ ਕੀਤਾ ਜਾ ਸਕੇ। ਰੇਹੜੀ ਵਾਲਿਆਂ ਨੇ ਮਦਨਪੁਰ ਚੌਂਕ ਵਿਚ ਰੇਹੜੀ ਸਟੈਂਡ ਬਣਾ ਲਿਆ ਸੀ। ਇਨ੍ਹਾਂ ਨੂੰ ਅਸੀਂ ਪੱਕਾ ਸਟੈਂਡ ਬਣਾ ਕੇ ਦੇ ਰਹੇ ਹਾਂ। ਇਹ 108 ਸਾਈਟ ਦੇ ਰਹੇ ਹਾਂ ਅਤੇ ਬਾਕੀ ਦੇ ਰੇਹੜੀ ਵਾਲਿਆਂ ਦੇ ਲਈ ਅਰਬਨ ਐਸਟੇਟ ਵਿਚ ਰੇਹੜੀ ਸਟੈਂਡ ਬਣਾ ਕੇ ਦੇ ਰਹੇ ਹਾਂ ਤਾਂਕਿ ਉਹ ਆਪਣਾ ਬਿਜ਼ਨੈਸ ਕਰ ਸਕਣ। ਤੀਸਰੇ ਅਨਆਥੋਰਾਈਜ਼ਡ ਲੋਕ ਸਿੱਖ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ]

ਮਾਈਗਰੇਂਟਸ ਸਨ । ਇਨ੍ਹਾਂ ਨੇ ਇਥੋ ਆ ਕੇ ਦੁਕਾਨਾਂ ਬਣਾ ਲਈਆਂ ਸਨ । ਇਸ ਨੂੰ ਸਰਕਾਰ ਨੇ ਸਰਵੇ ਕਰਵਾਇਆਂ ਹੈ, ਇਹ 109 ਦੇ ਕਰੀਬ ਹਨ । ਇਨ੍ਹਾਂ ਨੂੰ ਵੀ ਆਲਟਰ-ਨੇਟਿਵ ਸਾਈਟ ਦੇ ਲਈ ਦੁਕਾਨਾਂ ਬਣਾ ਕੇ ਦੇ ਰਹੇ ਹਾਂ ਤਾਂਕਿ ਉਹ ਲੋਕ ਸੈਟਲ ਕੀਤੇ ਜਾ ਸਕਣ ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਝੁੱਗੀ ਝੌਂਪੜੀ ਵਾਲਿਆਂ ਨੂੰ ਨਵੇਂ ਮਕਾਨ ਕਦੋਂ ਤੱਕ ਬਣਾ ਕੇ ਦੇ ਦੇਣਗੇ ?

**ਰਾਜ ਮੰਤਰੀ**: ਸਪੀਕਰ ਸਾਹਿਬ, ਅਸੀਂ ਬਹੁਤ ਜਲਦੀ ਕੋਸ਼ਿਸ਼ ਕਰਕੇ ਇਨ੍ਹਾਂ ਨੂੰ ਮਕਾਨ ਬਣਾ ਕੇ ਦੇ ਦੇਵਾਂਗੇ ।

**ਸ੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਦੀ ਜਾਣਕਾਰੀ ਵਿਚ ਹੈ ਕਿ ਆਤੰਕਵਾਦ ਦੀ ਆੜ ਵਿਚ ਬਹੁਤ ਸਾਰੇ ਲੋਕਾਂ ਨੇ ਸਰਕਾਰੀ ਜ਼ਮੀਨਾਂ ਉਤੇ ਕਬਜ਼ਾ ਕਰਕੇ ਝੁੱਗੀ ਝੌਂਪੜੀਆਂ ਬਣਾ ਕੇ ਕਿਰਾਏ ਤੇ ਦਿੱਤੀਆਂ ਹਨ ਅਤੇ ਰੇਹੜੀ ਸਟੈਂਡ ਤੇ ਸ਼ੈਡ ਬਣਾਏ ਹੋਏ ਹਨ ਅਤੇ ਉਹ ਲੋਕ ਕਿਰਾਇਆ ਵਸੂਲ ਕਰ ਰਹੇ ਹਨ । ਕੀ ਮਨਿਸਟਰ ਸਾਹਿਬ ਭਰੋਸਾ ਦੇਣਗੇ ਕਿ ਉਨ੍ਹਾਂ ਲੋਕਾਂ ਨੂੰ ਜੋ ਨਜਾਇਜ਼ ਕਬਜ਼ੇ ਕਰਕੇ ਕਿਰਾਏ ਵਸੂਲ ਕਰ ਰਹੇ ਹਨ, ਹਟਾ ਦਿੱਤਾ ਜਾਵੇਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜੇਕਰ ਮੈਂਬਰ ਸਾਹਿਬ ਦੇ ਨੋਟਿਸ ਵਿਚ ਕੋਈ ਚੀਜ਼ ਆਈ ਹੈ ਤਾਂ ਉਸ ਦੀ ਜਾਣਕਾਰੀ ਸਾਨੂੰ ਦੇ ਦੇਣ, ਅਸੀਂ ਦੱਸ ਦੇਵਾਂਗੇ ।

---

## ਘਾਤਕ ਬਿਮਾਰੀਆਂ ਦੀ ਰੋਕਥਾਮ

***919 ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੈਂਸਰ, ਏਡਜ਼, ਟੀ. ਬੀ. ਆਦਿ ਵਰਗੀਆਂ ਘਾਤਕ ਬਿਮਾਰੀਆਂ ਦੀ ਰੋਕ-ਥਾਮ ਲਈ ਸਿਹਤ ਵਿਭਾਗ ਦੁਆਰਾ ਕੀਤੀ ਜਾ ਰਹੀ ਕਾਰਵਾਈ ਦਾ ਵੇਰਵਾ ਕੀ ਹੈ ?

**ਸਰਦਾਰ ਲਾਲ ਸਿੰਘ**: (ੳ) ਬਲਾਕ/ਉਪਮੰਡਲ/ਜ਼ਿਲ੍ਹਾ ਪੱਧਰ ਤੇ ਲਗਾਏ ਜਾਂਦੇ ਸਿਹਤ ਸਿਖਿਆ ਕੈਂਪਾਂ ਵਿਚ ਗੈਰ ਸਰਕਾਰੀ ਅਤੇ ਸਵੈ-ਇੱਛਕ ਸੰਸਥਾਵਾਂ ਨੂੰ ਸ਼ਾਮਲ ਕਰਦੇ ਹੋਏ ਵਾਰਤਾਵਾਂ, ਵਿਚਾਰ ਵਟਾਂਦਰਿਆਂ, ਨੁਮਾਇਸ਼ਾਂ, ਦਿਖਾਵਿਆਂ ਅਤੇ ਸਿਹਤ ਸਿਖਿਆ ਸਮੱਗਰੀ ਦੀ ਵੰਡ ਜਿਹੇ ਮਾਧੀਅਮਾਂ ਰਾਹੀਂ ਆਮ ਜਨਤਾ ਵਿਚ ਜਾਗਰੂਕਤਾ ਲਿਆਈ ਜਾਂਦੀ ਹੈ ।

(ਅ) ਮਾਸ ਮੀਡੀਆ ਗਤੀ ਵਿਧੀਆਂ ਰਾਹੀਂ, ਜਿਵੇਂ ਕਿ ਰੇਡੀਓ ਵਾਰਤਾਵਾਂ, ਟੀ. ਵੀ. ਝਲਕੀਆਂ, ਸਿਨੇਮਾ-ਸਲਾਈਡਾਂ, ਸੈਮੀਨਾਰ, ਵਰਕਸ਼ਾਪਾਂ ਅਤੇ ਪ੍ਰੈਸ ਰਾਹੀਂ ਪਰਚਾਰ ਕਰਦੇ ਹੋਏ ਲੋਕਾਂ ਵਿਚ ਜਾਗਰੂਕਤਾ ਪੈਦਾ ਕੀਤੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

(ਏ) ਤਪਦਿਕ ਦੇ ਕੇਸਾਂ ਵਿਚ

(1) ਇਮਿਊਨਾਈਜ਼ੇਸ਼ਨ ਪ੍ਰੋਗਰਾਮ ਅਧੀਨ ਇਕ ਸਾਲ ਤੋਂ ਘੱਟ ਉਮਰ ਦੇ ਨਵੇਂ ਜੰਮੇ ਬੱਚਿਆਂ ਨੂੰ ਬੀ. ਸੀ. ਜੀ. ਦਾ ਟੀਕਾ ਲਗਾਇਆ ਜਾਂਦਾ ਹੈ ;

(2) ਦੋ ਜਾਂ ਤਿੰਨ ਹਫ਼ਤੇ ਤੋਂ ਖੰਘ ਅਤੇ ਬੁਖਾਰ ਨਾਲ ਪੀੜਤਾਂ ਦੇ ਥੁੱਕ ਦੀ ਜਾਂਚ ਕਰਵਾਈ ਜਾਂਦੀ ਹੈ ; ਅਤੇ

(3) ਛਾਤੀ ਦੇ ਛੋਟੇ ਐਕਸਰੇ /ਮਾਸ-ਸਕਰੀਨਿੰਗ ਕੀਤੀ ਜਾਂਦੀ ਹੈ ।

ਕੈਂਸਰ ਦੇ ਕੇਸਾਂ ਵਿਚ

ਸ਼ੱਕੀ ਕੇਸਾਂ ਵਿਚ ਕੈਂਸਰ ਸਬੰਧੀ ਐਕਸ-ਰੇ ਅਤੇ ਦੂਜੇ ਸਬੰਧਤ ਟੈਸਟ ਕਰਵਾਏ ਜਾਂਦੇ ਹਨ ।

ਏਡਜ਼ ਦੇ ਕੇਸਾਂ ਵਿਚ —

(1) ਐਚ. ਆਈ. ਵੀ. ਲਈ ਖੂਨ ਦਾ ਟੈਸਟ ਸਰਕਾਰੀ ਮੈਡੀਕਲ ਸੰਸਥਾਵਾਂ ਵਿਚ ਕੀਤਾ ਜਾਂਦਾ ਹੈ; ਅਤੇ

(2) ਖੇਤਰੀ ਟ੍ਰਾਂਸਫਿਊਜ਼ਨ ਕੇਂਦਰਾਂ ਵਿਚ ਖੂਨ ਨੂੰ ਐਚ. ਆਈ. ਵੀ. ਲਈ ਟੈਸਟ ਕਰਾਉਣ ਮਗਰੋਂ ਟ੍ਰਾਂਸਫਿਊਜ਼ਨ ਮੰਤਵਾਂ ਲਈ ਵਰਤਿਆ ਜਾਂਦਾ ਹੈ ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਦੱਸਿਆ ਹੈ ਕਿ ਬੜੀਆਂ ਹੀ ਖਤਰਨਾਕ ਬਿਮਾਰੀਆਂ ਹਨ । ਪਰ ਸਰਕਾਰ ਕੋਈ ਖਾਸ ਗੰਭੀਰ ਨਹੀਂ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੈਂਸਰ, ਏਡਜ਼ ਅਤੇ ਟੀ.ਬੀ. ਦੇ ਕੇਸਿਜ਼ ਵਿਚ ਜਿਤਨੇ ਵੀ ਕੇਸ ਸਰਕਾਰ ਦੀ ਜਾਣਕਾਰੀ ਵਿਚ ਹਨ ਔਰ ਜਿੰਨੇ ਕੇਸ ਦਰਜ ਹਨ ਜਿਨ੍ਹਾਂ ਦੀ ਬਿਮਾਰੀ ਖਤਰਨਾਕ ਹੈ, ਕੀ ਉਨ੍ਹਾਂ ਨੂੰ ਕੰਟਰੋਲ ਕਰ ਲਿਆ ਗਿਆ ?

**ਸ੍ਰੀ ਸਪੀਕਰ** : ਇਸ ਬਾਰੇ ਤੁਸੀਂ ਸੈਪਰੇਟ ਸਵਾਲ ਦੇ ਦਿਓ । It is a matter of opinion.

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਏਡਜ਼ ਦੀ ਬਿਮਾਰੀ ਬਹੁਤ ਘਾਤਕ ਬਿਮਾਰੀ ਹੈ । ਇਸ ਬਿਮਾਰੀ ਬਾਰੇ ਸਾਰੀ ਦੁਨੀਆਂ ਚਿੰਤਤ ਹੈ । ਕੀ ਪੰਜਾਬ ਸਰਕਾਰ ਵਲੋਂ ਭਵਿਖ ਵਿਚ ਇਸ ਏਡਜ਼ ਦੀ ਬਿਮਾਰੀ ਨੂੰ ਰੋਕਣ ਲਈ ਕੋਈ ਸਕੀਮ ਬਨਾਉਣ ਦਾ ਇਰਾਦਾ ਹੈ ? ਇਸ ਬਿਮਾਰੀ ਬਾਰੇ ਸਰਕਾਰ ਪੰਜਾਬ ਦੇ ਲੋਕਾਂ ਨੂੰ ਪੂਰੀ ਜਾਣਕਾਰੀ ਦੇਵੇ ਜਾਂ ਕੋਈ ਹੋਰ ਪ੍ਰਬੰਧ ਕਰੇ ਜਿਸ ਨਾਲ ਸਾਰੇ ਪੰਜਾਬ ਦੇ ਲੋਕਾਂ ਦਾ ਫਾਇਦਾ ਹੋ ਸਕੇ । ਏਡਜ਼ ਦੀ ਬਿਮਾਰੀ ਬੜੀ ਸੀਰੀਅਸ ਹੈ ਔਰ ਇਸ ਬਿਮਾਰੀ ਨੂੰ ਫੈਲਣ ਤੋਂ ਰੋਕਣ ਦਾ ਪੰਜਾਬ ਸਰਕਾਰ ਨੂੰ ਕੋਈ ਹੱਲ ਕੱਢਣਾ ਚਾਹੀਦਾ ਹੈ, ਤਾਂਕਿ ਏਡਜ਼ ਦੀ ਬਿਮਾਰੀ ਹੋਰ ਅੱਗੇ ਨਾ ਵਧੇ ।

**ਮੰਤਰੀ** : ਸਪੀਕਰ ਸਾਹਿਬ, ਸਰਕਾਰ ਦੇ ਅੰਕੜਿਆਂ ਦੇ ਮੁਤਾਬਿਕ ਹੁਣ ਤੱਕ ਜੋ ਐਚ. ਆਈ. ਵੀ. ਦੇ ਕੇਸ ਰਜਿਸਟਰ ਹਨ, ਉਨ੍ਹਾਂ ਵਿਚ 34 ਕੇਸ ਬਹੁਤ ਖਤਰਨਾਕ ਹਨ, ਜਿਨ੍ਹਾਂ ਨੂੰ ਕੰਟ੍ਰੋਲ ਕਰਨ ਵਾਸਤੇ ਵਿਸ਼ੇਸ਼ ਪਰੋਗਰਾਮ ਹੈ । ਸਪੀਕਰ ਸਾਹਿਬ, 31 ਲੱਖ ਰੁਪਏ ਦੀ ਗ੍ਰਾਂਟ ਚਲ ਰਹੀ ਹੈ । 18 ਲੱਖ ਰੁਪਿਆ ਹੋਰ ਇਸ ਮਕਸਦ ਲਈ ਖਰਚਿਆ ਜਾ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

ਪੰਜਾਬ ਸਰਕਾਰ ਵਲੋਂ ਬੜੀ ਜਲਦੀ ਪ੍ਰੋਗਰਾਮ ਸ਼ੁਰੂ ਕਰਾਂਗੇ। ਪੰਜਾਬ ਵਿਚ ਤਿੰਨ ਮੈਡੀਕਲ ਕਾਲਿਜ ਹਨ। ਰਾਜ ਦੇ ਦੋ ਮੈਡੀਕਲ ਕਾਲਿਜ ਅੰਮ੍ਰਿਤਸਰ ਅਤੇ ਪਟਿਆਲਾ, ਲੁਧਿਆਣਾ ਸਿਵਲ ਹਸਪਤਾਲ ਔਰ ਇਸ ਤੋਂ ਇਲਾਵਾ, ਫਿਰੋਜ਼ਪੁਰ, ਗੁਰਦਾਸਪੁਰ ਜਲੰਧਰ ਆਦਿ ਜਿਹੜੇ ਸੱਤ ਬਲੱਡ ਬੈਂਕ ਹਨ ਉਨ੍ਹਾਂ ਵਿੱਚ ਹੋਰ ਸਾਜ਼-ਸਮਾਨ ਜਲਦੀ ਮੁਹੱਈਆ ਕਰਾਂਗੇ ਜਿਸ ਨਾਲ ਸਾਰਾ ਬਲੱਡ ਟੈਸਟ ਹੋ ਸਕੇ ਅਤੇ ਇਸ ਬਿਮਾਰੀ ਸਬੰਧੀ ਛੇਤੀ ਕੋਈ ਰਸਤਾ ਲੱਭਿਆ ਜਾ ਸਕੇ। ਅਸੀਂ ਹੁਣੇ ਹੀ ਸਾਰੇ ਡੀ. ਟੀ. ਓਜ਼. ਅਤੇ ਡੀ. ਸੀਜ਼ ਨੂੰ ਲਿਖਿਆ ਹੈ ਕਿ ਜਿੰਨੇ ਵੀ ਟਰੱਕ ਡਰਾਈਵਰਜ਼ ਅਤੇ ਕੰਡਕਟਰਜ਼ ਬੰਬਈ ਜਾਂ ਹੋਰ ਦੂਜੇ ਸ਼ਹਿਰਾਂ ਤੋਂ ਹੋ ਕੇ ਆਉਂਦੇ ਹਨ, ਉਹ ਹੀ ਬਿਮਾਰੀ ਲੈ ਕੇ ਆਉਂਦੇ ਹਨ, ਉਨ੍ਹਾਂ ਵਿਚੋਂ ਜਿਸਦਾ ਵੀ ਲਾਈਸੰਸ ਨਵਾਂ ਬਣੇ ਜਾਂ ਰਿਨਿਊ ਹੋਵੇ, ਉਸ ਵਕਤ ਉਨ੍ਹਾਂ ਦਾ ਬਲੱਡ ਟੈਸਟ ਵੀ ਕੀਤਾ ਜਾਵੇ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਇਨ੍ਹਾਂ ਨੇ ਵੀ ਬੜੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਸਾਰੀ ਦੁਨੀਆ ਵਿੱਚ ਵੀ ਇਸ ਬਿਮਾਰੀ ਸਬੰਧੀ ਬੜੀ ਚਿੰਤਾ ਬਣੀ ਹੋਈ ਹੈ। ਇਸ ਦੇ ਵੈਸੇ ਤਾਂ ਬਹੁਤ ਸਾਰੇ ਕਾਰਣ ਹਨ, ਮੈਂ ਉਨ੍ਹਾਂ ਵਿੱਚ ਨਹੀਂ ਜਾਣਾ ਚਾਹੁੰਦਾ। ਬਾਕੀ ਇਕ ਇਸ ਦੇ ਫੈਲਣ ਦਾ ਕਾਰਣ ਇਹ ਵੀ ਹੈ ਕਿ ਸਾਡੇ ਜੋ ਹਸਪਤਾਲ ਹਨ ਉਨ੍ਹਾਂ ਵਿੱਚ ਜਿਹੜੀਆਂ ਟੀਕਿਆਂ ਆਦਿ ਲਈ ਸਰਿੰਜਿਜ਼ ਯੂਜ਼ ਕੀਤੀਆਂ ਜਾਂਦੀਆਂ ਹਨ, ਉਹ ਅੱਜ ਵੀ ਉਸੇ ਪੁਰਾਣੇ ਮੈਥਡ ਅਨੁਸਾਰ ਹੀ ਬਾਰ ਬਾਰ ਇਕੋ ਸਰਿੰਜ ਨੂੰ ਸਟੈਰੇਲਾਈਜ਼ ਕਰਕੇ ਯੂਜ਼ ਕੀਤੀਆਂ ਜਾ ਰਹੀਆਂ ਹਨ। ਇਸ ਨਾਲ ਇਕ ਮਰੀਜ਼ ਦੇ ਕਿਟਾਣੂ ਦੂਜੇ ਵਿੱਚ ਜਾਣ ਦਾ ਖਤਰਾ ਰਹਿੰਦਾ ਹੈ। ਕੀ ਅਸੀਂ ਇਸ ਪੁਰਾਣੇ ਤਰੀਕੇ ਨੂੰ ਹਟਾ ਕੇ ਜਿਹੜੀਆਂ ਡਿਸਪੋਜ਼ੇਬਲ ਸਰਿੰਜਿਜ਼ ਹਨ, ਜਿਹੜੀਆਂ ਇਕ ਵਾਰ ਯੂਜ਼ ਕਰਕੇ ਸੁੱਟ ਦਿੱਤੀਆਂ ਜਾਂਦੀਆਂ ਹਨ, ਕੀ ਅਸੀਂ ਆਪਣੇ ਹਸਪਤਾਲਾਂ ਵਿੱਚ ਉਹ ਪ੍ਰੋਵਾਈਡ ਕਰਾਵਾਂਗੇ ਅਤੇ ਪੁਰਾਣਾ ਤਰੀਕਾ ਹਟਾਵਾਂਗੇ ?

**ਸ੍ਰੀ ਸਪੀਕਰ** : ਇਹ ਕੋਈ ਸਪਲੀਮੈਂਟਰੀ ਨਹੀਂ ਹੈ। It is one of the measures you are suggesting him?

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਏਡਜ਼ ਦੀ ਜਿਹੜੀ ਬਿਮਾਰੀ ਹੈ, ਇਸਨੂੰ ਲਾਈਟਲੀ ਨਹੀਂ ਲੈਣਾ ਚਾਹੀਦਾ। ਇਸਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਸਰਕਾਰ ਜੰਗੀ ਪੱਧਰ ਤੇ ਪੂਰੇ ਪੰਜਾਬ ਦਾ ਸਰਵੇਖਣ ਕਰਾਏਗੀ। ਬਾਕੀ ਜਿਹੜੇ ਇਨ੍ਹਾਂ ਨੇ ਡਰਾਈਵਰ ਕਹੇ ਹਨ ਕਿ ਬਾਹਰੋਂ ਬਿਮਾਰੀ ਲੈਕੇ ਆਉਂਦੇ ਹਨ, ਉਹ ਵੀ ਫੈਮਲੀਆਂ ਵਾਲੇ ਹਨ, ਮੈਰਿਡ ਹਨ। ਉਹ ਜਦੋਂ ਏਥੇ ਆਉਂਦੇ ਹਨ, ਤਾਂ ਬਿਮਾਰੀ ਫੈਲਾਉਂਦੇ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਨਿਕਟ ਭਵਿੱਖ ਵਿੱਚ ਜੰਗੀ ਪੱਧਰ ਤੇ ਸਰਵੇਖਣ ਕਰਾ ਕੇ ਇਸ ਬਿਮਾਰੀ ਦੀ ਰੋਕਥਾਮ ਲਈ ਕਦਮ ਚੁੱਕੇ ਜਾਣਗੇ ?

**ਸ੍ਰੀ ਸਪੀਕਰ** : ਇਨ੍ਹਾਂ ਨੇ ਬੜਾ ਡਿਟੇਲਡ ਰਿਪਲਾਈ ਦੇ ਦਿੱਤਾ ਹੈ। I think that would suffice, We come to the next question Comrade Gurnam Singh Dhirowal,

---

Original with;
Punjab Vidhan Sabha
Digitized by;
Panjab Digital Library

ਘਟੀਆ ਕਿਸਮ ਦੀਆਂ ਦਵਾਈਆਂ ਦੀ ਖਰੀਦ ਵਿਰੁੱਧ ਪੜਤਾਲ

*1000 (1) ਕਾਮਰੇਡ ਗੁਰਨਾਮ ਸਿੰਘ ਧੀਰੋਵਾਲ
(2) ਸ਼੍ਰੀਮਤੀ ਵਿਮਲਾ ਡਾਂਗ } : ਕੀ ਸਿਹਤ ਮੰਤਰੀ ਅਤੇ
(3) ਕਾਮਰੇਡ ਅਜੈਬ ਸਿੰਘ ਰੌਂਤਾ

ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 1989 ਅਤੇ 1990 ਦੇ ਦੌਰਾਨ ਰਾਜਿੰਦਰਾ ਹਸਪਤਾਲ, ਪਟਿਆਲਾ ਵਿਚ ਘਟੀਆ ਕਿਸਮ ਦੀਆਂ ਦਵਾਈਆਂ ਦੀ ਖਰੀਦ ਅਤੇ ਵਰਤੋਂ ਕਰਨ ਵਿਰੁੱਧ ਜਿਸ ਕਰਕੇ ਕਈ ਮੌਤਾਂ ਹੋਈਆਂ, ਕੋਈ ਪੜਤਾਲ ਕੀਤੀ ਗਈ; ਜੇਕਰ ਕੀਤੀ ਗਈ ਤਾਂ ਪੜਤਾਲੀਆ ਰਿਪੋਰਟ ਦੀ ਕਾਪੀ ਅਤੇ ਉਸਤੇ ਕੀਤੀ ਗਈ ਕਾਰਵਾਈ ਸਦਨ ਦੀ ਮੇਜ ਤੇ ਰੱਖੀ ਜਾਵੇ?

ਸਰਦਾਰ ਲਾਲ ਸਿੰਘ : ਰਾਜਿੰਦਰਾ ਹਸਪਤਾਲ, ਪਟਿਆਲਾ ਵਿਚ ਮਿਲਣਯੋਗ ਰਿਕਾਰਡ ਅਨੁਸਾਰ ਇਸ ਹਸਪਤਾਲ ਵਿਚ ਸਾਲ 1989 ਅਤੇ 1990 ਦੌਰਾਨ ਸਬ-ਸਟੈਂਡਰਡ ਦਵਾਈਆਂ ਖਰੀਦਣ ਅਤੇ ਉਨ੍ਹਾਂ ਦੀ ਵਰਤੋਂ ਕਰਨ ਨਾਲ ਕਈ ਮੌਤਾਂ ਦੀ ਕੋਈ ਰਿਪੋਟਰ ਨਹੀਂ ਸੀ। ਇਸ ਲਈ ਕੋਈ ਇਨਕੁਆਇਰੀ ਨਹੀਂ ਕਰਵਾਈ ਗਈ ਸੀ, ਨਾ ਹੀ ਕੋਈ ਇਨਕੁਆਇਰੀ ਰਿਪੋਰਟ ਮਿਲਣਯੋਗ ਹੈ, ਜੋ ਹਾਊਸ ਦੇ ਟੇਬਲ ਤੇ ਰਖੀ ਜਾਵੇ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਹੋਰਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ 1989-90 ਦੇ ਦਰਮਿਆਨ ਜਿਹੜੀਆਂ ਰਜਿੰਦਰਾ ਹਾਸਪਿਟਲ ਵਿੱਚ ਮੌਤਾਂ ਹੋਈਆਂ ਸਨ, ਜਿਨ੍ਹਾਂ ਬਾਰੇ ਇਹ ਦੱਸਦੇ ਹਨ ਕਿ ਕੋਈ ਰਿਪੋਰਟ ਨਹੀਂ ਹੋਈ, ਕੋਈ ਇਨਕੁਆਇਰੀ ਵਾਲੀ ਗੱਲ ਨਹੀਂ। ਕੀ ਇਹ ਦੱਸਣਗੇ ਕਿ 1989-90 ਵਿੱਚ ਕੋਈ ਦਰਖਾਸਤਾਂ ਆਈਆਂ ਸਨ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਕਿਸੇ ਕਿਸਮ ਦੀਆਂ ਸਬ-ਸਟੈਂਡਰਡ ਦਵਾਈਆਂ ਪਰਚੇਜ਼ ਕੀਤੀਆਂ ਗਈਆਂ ਅਤੇ ਵਰਤੋਂ ਵਿੱਚ ਲਿਆਂਦੀਆਂ ਗਈਆਂ ਜਿਨ੍ਹਾਂ ਕਾਰਣ ਇਹ ਮੌਤਾਂ ਹੋਈਆਂ ਅਤੇ ਜੇ ਕੋਈ ਇਸਤੇ ਇਨਕੁਆਰੀ ਹੋਈ ਹੈ ਤਾਂ ਕੀ ਮੰਤਰੀ ਜੀ ਉਸਦੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣ ਦੀ ਖੇਚਲ ਕਰਣਗੇ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਹੈ ਕਿ ਨਾ ਕੋਈ ਇਨਕੁਆਰੀ ਹੋਈ ਹੈ, ਨਾ ਕੋਈ ਸ਼ਕਾਇਤ ਆਈ, ਨਾ ਕੋਈ ਰਿਪੋਰਟ ਹੀ ਅਵੇਲੇਬਲ ਹੈ। ਜੇ ਇਨ੍ਹਾਂ ਕੋਲ ਕੋਈ ਸਫੈਸੀਫਿਕ ਡਿਟੇਲ ਹੈ ਤਾਂ ਦੱਸ ਦੇਣ, ਪੜਤਾਲ ਕਰਾ ਲਵਾਂਗੇ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਠੀਕ ਹੈ ਜੀ।

---

**Starred Question No. 997***

**Mr. Speaker:** Extension has been asked for in respect of Starred Question No. 997, which I have allowed. Questions are over.

---

*For Starred Question No. 997 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

## UNSTARRED QUESTIONS AND ANSWERS

### ਮਿਉਂਸਪਲ ਕਮੇਟੀਆਂ ਦੇ ਕਾਰਜਕਾਰੀ ਅਫਸਰਾਂ ਦੀਆਂ ਆਸਾਮੀਆਂ ਭਰਨਾ

137. ਕਾਮਰੇਡ ਹਰਦੇਵ ਸਿੰਘ ਅਰਸ਼ੀ : ਕੀ ਵਿੱਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ——

(ੳ) ਰਾਜ ਵਿੱਚ ਉਨ੍ਹਾਂ ਮਿਉਂਸਪਲ ਕਮੇਟੀਆਂ ਦੇ ਨਾਂ ਕੀ ਕੀ ਹਨ ਜੋ 28 ਫਰਵਰੀ, 1992 ਨੂੰ ਕਾਰਜਕਾਰੀ ਅਫਸਰਾਂ ਤੋਂ ਬਗੈਰ ਸਨ ਅਤੇ ਇਸ ਦੇ ਕੀ ਕਾਰਨ ਹਨ ;

(ਅ) ਉਕਤ ਖਾਲੀ ਅਸਾਮੀਆਂ ਕਦੋਂ ਅਤੇ ਕਿਸ ਤਰੀਕੇ ਨਾਲ ਭਰੀਆਂ ਗਈਆਂ ਜਾਂ ਭਰੇ ਜਾਣ ਦੀ ਸੰਭਾਵਨਾ ਹੈ ?

ਡਾਕਟਰ ਕੇਵਲ ਕ੍ਰਿਸ਼ਨ : (ੳ) ਮਿਤੀ 28 ਫਰਵਰੀ, 1992 ਨੂੰ ਦਰਜਾ 1, 2 ਅਤੇ 3 ਕਾਰਜ ਸਾਧਕ ਅਫਸਰਾਂ ਦੀਆਂ ਹੇਠ ਲਿਖੀਆਂ ਨਗਰਪਾਲਕਾਵਾਂ ਵਿੱਚ ਖਾਲੀ ਸਨ :—

| ਲੜੀ ਨੰ: | ਨਗਰਪਾਲਕਾ ਦਾ ਨਾਂ | ਕਾਰਣ |
|---|---|---|
| I. | ਨਗਰਪਾਲਕਾ ਦਰਜਾ-1 | |
| 1, | ਜਗਰਾਉਂ | ਸ੍ਰੀ ਯਸ਼ਰਾਜ ਗੋਇਲ ਦੀ ਮੁਅਤਲੀ ਕਾਰਣ । |
| II. | ਨਗਰਪਾਲਕਾ ਦਰਜਾ-2 | |
| 1. | ਜ਼ੀਰਾ | |
| 2. | ਪੱਟੀ | |
| 3. | ਤਰਨਤਾਰਨ | ਕਾਰਜ ਸਾਧਕ ਅਫਸਰਾਂ ਦੀ ਰਿਟਾਇਰ-ਮੈਂਟ ਦਰਜਾ-2 ਕਾਰਜ ਸਾਧਕ ਅਫਸਰਾਂ ਦੀ ਦਰਜਾ-1 ਵਿੱਚ ਤਰੱਕੀ ਕਾਰਣ ਖਾਲੀ ਸਨ । |
| 4. | ਦੀਨਾ ਨਗਰ | |
| 5. | ਮੌੜ | |
| III. | ਨਗਰਪਾਲਕਾ ਦਰਜਾ-3 | |
| 1. | ਗੜ੍ਹਦੀਵਾਲਾ | |
| 2. | ਕਾਦੀਆਂ | ਕਾਰਜ ਸਾਧਕ ਅਫਸਰਾਂ ਦੀ ਰਿਟਾਇਰ-ਮੈਂਟ/ਦਰਜਾ-3, ਕਾਰਜ ਸਾਧਕ ਅਫਸਰ, |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਨਗਰਪਾਲਿਕਾ ਦਾ ਨਾਂ | ਕਾਰਣ |
|---|---|---|
| 3. | ਧਰਮਕੋਟ | ਦਰਜਾ-2 ਵਿਚ ਤਰੱਕੀ ਹੋਣ ਕਾਰਣ ਖਾਲੀ ਸਨ । |
| 4. | ਮਜੀਠਾ | |
| 5. | ਰਈਆਂ | |
| 6. | ਡੇਰਾ ਬਸੀ | |

(ਅ) ਜਿੱਥੇ ਤੱਕ ਨਗਰਪਾਲਕਾ, ਜਗਰਾਉਂ ਵਿਖੇ ਦਰਜਾ-1 ਕਾਰਜ ਅਫਸਰ ਦੀ ਅਸਾਮੀ ਦਾ ਸਬੰਧ ਹੈ, ਇਹ ਅਸ਼ਾਮੀ ਮਿਤੀ 30 ਮਈ, 1992 ਨੂੰ ਪੁਰ ਕੀਤੀ ਜਾ ਚੁਕੀ ਹੈ। ਇਸੇਂ ਤਰ੍ਹਾਂ ਨਗਰਪਾਲਕਾ ਜ਼ੀਰਾ, ਤਰਨ ਤਾਰਨ, ਦੀਨਾ ਨਗਰ, ਮੌੜ ਅਤੇ ਡੇਰਾ ਬੱਸੀ ਵਿਖੇ ਖਾਲੀ ਅਸਾਮੀਆਂ ਮਿਤੀ 23 ਦਸੰਬਰ, 1992, 12 ਅਕਤੂਬਰ, 1992, ਅਤੇ 14 ਜਨਵਰੀ, 1993 ਨੂੰ ਤਰੱਕੀ ਰਾਹੀਂ ਭਰੀਆਂ ਜਾ ਚੁਕੀਆਂ ਹਨ । ਬਾਕੀ ਖਾਲੀ ਆਸਾਮੀਆਂ ਰੂਲਾਂ ਅਨੁਸਾਰ ਪੁਰ ਕਰਨ ਲਈ ਜਲਦੀ ਕਾਰਵਾਈ ਕੀਤੀ ਜਾਵੇਗੀ ।

## ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਦੀਆਂ ਖਾਲੀ ਆਸਾਮੀਆਂ ਭਰਨਾ

138. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿੱਚ 28 ਫਰਵਰੀ, 1993 ਨੂੰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਬਲਾਕ-ਵਾਰ ਗਿਣਤੀ ਕਿੰਨੀ ਕਿੰਨੀ ਸੀ ਅਤੇ ਉਨ੍ਹਾਂ ਦੇ ਕਾਰਨ ਕੀ ਹਨ ;

(ਅ) ਉਕਤ ਆਸਾਮੀਆਂ ਦੇ ਕਦੋਂ ਤੱਕ ਅਤੇ ਕਿਸ ਢੰਗ ਨਾਲ ਭਰੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਉਮਰਾਓ ਸਿੰਘ** : (ੳ) ਮਿਤੀ 28 ਫਰਵਰੀ, 1993 ਨੂੰ 118 ਬਲਾਕਾਂ ਵਿੱਚ ਵਿਕਾਸ ਤੇ ਪੰਚਾਇਤ ਅਫ਼ਸਰਾਂ ਦੀਆਂ ਆਸਾਮੀਆਂ ਤੇ ਹੇਠ ਲਿਖੇ ਅਨੁਸਾਰ ਅਫਸਰ ਲੱਗੇ ਹੋਏ ਸਨ ਅਤੇ ਕੋਈ ਆਸਾਮੀ ਖਾਲੀ ਨਹੀਂ ਸੀ :--

(1) 89 (ਇਕ ਮੁਅੱਤਲੀ ਅਧੀਨ) ਵਿਅਕਤੀ ਰੈਗੂਲਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਦੇ ਤੌਰ ਤੇ ਕਰ ਰਹੇ ਸਨ ;

(2) 29 ਵਿਅਕਤੀਆਂ ਨੂੰ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਦੀਆਂ ਆਸਾਮੀਆਂ ਦਾ ਆਫੀਸ਼ੀਏਟਿੰਗ/ਵਾਧੂ/ਕਰੰਟ ਡਿਊਟੀ ਚਾਰਜ ਦਿੱਤਾ ਹੋਇਆ ਸੀ ।

(ਅ) ਸਿੱਧੀ ਭਰਤੀ ਦੇ ਕੋਟੇ ਦੀਆਂ ਆਸਾਮੀਆਂ ਤੇ ਪੰਜਾਬ ਲੋਕ ਸੇਵਾ ਕਮਿਸ਼ਨ ਅਤੇ ਵਿਭਾਗੀ ਚੋਣ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਭਰਤੀ ਕੀਤੀ ਜਾਵੇਗੀ ।

ਜਦੋਂ ਵਿਭਾਗੀ ਅਫਸਰ ਤਰੱਕੀ ਦੇ ਯੋਗ ਹੋ ਜਾਂਦੇ ਹਨ ਤਾਂ ਤਰੱਕੀ ਦੇ ਕੋਟੇ ਦੀਆਂ ਆਸਾਮੀਆਂ ਰੈਗੂਲਰ ਤੌਰ ਤੇ ਭਰੀਆਂ ਜਾਣਗੀਆਂ ।

Original with;
Punjab Vidhan Sabha
Digitized by;
Panjab Digital Library

## ਬਠਿੰਡਾ ਸ਼ਹਿਰ ਵਿਚ ਪਾਣੀ ਦੀ ਸਪਲਾਈ ਅਤੇ ਸੀਵਰੇਜ ਪਾਉਣ ਤੇ ਖਰਚਾ

139. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਬਠਿੰਡਾ ਸ਼ਹਿਰ ਵਿਚ ਪਾਣੀ ਦੀ ਸਪਲਾਈ ਅਤੇ ਸੀਵਰੇਜ ਦਾ ਉਪਬੰਧ ਕਰਨ ਲਈ ਵਿੱਤੀ ਸਾਲ 1987-88 ਤੋਂ 1992-93 ਤੱਕ ਦੇ ਦੌਰਾਨ ਕ੍ਰਮਵਾਰ ਕੁੱਲ ਕਿੰਨਾ ਕਿੰਨਾ ਖਰਚਾ ਕੀਤਾ ਗਿਆ ;

(ਅ) ਉਪਰੋਕਤ ਸ਼ਹਿਰ ਦੇ ਕੁੱਲ ਕਿੰਨੇ ਖੇਤਰ ਵਿਚ ਉਕਤ ਸਹੂਲਤਾਂ ਮਿਤੀ ਅੰਤ ਤੱਕ ਮੁਹੱਈਆ ਕੀਤੀਆਂ ਗਈਆਂ ਹਨ ?

**ਡਾਕਟਰ ਕੇਵਲ ਕ੍ਰਿਸ਼ਨ :** (ੳ) ਵਿੱਤੀ ਸਾਲ 1987-88 ਤੋਂ ਲੈ ਕੇ ਸਾਲ 1992-93 ਤੱਕ ਬਠਿੰਡਾ ਸ਼ਹਿਰ ਵਿਚ ਵਾਟਰ ਸਪਲਾਈ ਅਤੇ ਸੀਵਰੇਜ ਪ੍ਰਦਾਨ ਕਰਨ ਲਈ ਲੜੀ ਵਾਰ ਕੁੱਲ 54.19 ਲੱਖ ਅਤੇ 378.92 ਲੱਖ ਰੁਪਏ ਹੇਠ ਲਿਖੇ ਵੇਰਵੇ ਅਨੁਸਾਰ ਖਰਚ ਕੀਤੇ ਗਏ ਹਨ :—

| ਲੜੀ ਨੰ: | ਸਾਲ | ਵਾਟਰ ਸਪਲਾਈ ਤੇ ਖਰਚਾ (ਰੁਪਏ ਲੱਖਾਂ ਵਿੱਚ) | ਸੀਵਰੇਜ ਤੇ ਖਰਚਾ (ਰੁਪਏ ਲੱਖਾਂ ਵਿੱਚ) |
|---|---|---|---|
| 1 | 1987-88 | 3·37 | 77·14 |
| 2 | 1988-89 | 5·25 | 36·32 |
| 3 | 1989-90 | 9·12 | 40·27 |
| 4 | 1990-91 | 11·18 | 87·50 |
| 5 | 1991-92 | 21·71 | 70·15 |
| 6 | 1992-93 | 3·56 | 67·54 |
| | | 54·19 | 378·92 |

(ਅ) ਬਠਿੰਡਾ ਸ਼ਹਿਰ ਦੀਆਂ ਜਿਹੜੀਆਂ ਅਬਾਦੀਆਂ ਵਿਚ 1987-88 ਤੋਂ ਲੈ ਕੇ 1992-93 ਤੱਕ ਵਾਟਰ ਸਪਲਾਈ ਦੀਆਂ ਲਾਈਨਾਂ ਪਾਈਆਂ ਗਈਆਂ ਹਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ : –

— ਮੁਹੰਮਦ ਯੋਗੀ ਨਗਰ

— ਜਨਤਾ ਨਗਰ

Original with;
Punjab Vidhan Sabha
Digitized by;
Panjab Digital Library

— ਕਮਲਾ ਨਹਿਰੂ ਨਗਰ (ਇੰਪਰੂਵਮੈਂਟ ਟਰਸਟ ਕਲੋਨੀ)

— ਗਲੀ ਨੰ: 0 ਨਈ ਬਸਤੀ

— ਆਰੇ ਵਾਲੀ ਗਲੀ (ਅਮਰੀਕ ਸਿੰਘ ਰੋਡ) ।

— ਬੀਬੀ ਵਾਲਾ ਰੋਡ ਗਲੀ ਨੰਬਰ 4 ।

— ਹਜੂਰਾ ਕਪੂਰਾ ਕਲੋਨੀ ।

— ਪ੍ਰਤਾਪ ਨਗਰ ਦੀਆਂ ਗਲੀਆਂ ।

— ਅਗਰਵਾਲ ਕਲੋਨੀ ।

— ਨਾਮਦੇਵ ਨਗਰ ਦੀਆਂ ਕੁਝ ਗਲੀਆਂ ।

— ਅਜੀਤ ਰੋਡ, ਗਲੀ ਨੰ: 26 ।

— ਗੁਰੂ ਕੀ ਨਗਰੀ ।

— ਮੰਗਲ ਕਰਿਆਣਾ ਸਟੋਰ ਦੇ ਨਜ਼ਦੀਕ ।

— ਸੰਤੋਸ਼ੀ ਮਾਤਾ ਮੰਦਰ ਵਾਲੀ ਗਲੀ ।

— ਜਨਤਾ ਨਗਰ ਵਿੱਚ ਟਿਯੂਬਵੈਲ ਲਗਾਇਆ ਗਿਆ ਹੈ ।

— ਸੰਤ ਪਿਆਰਾ ਰੋਡ ਤੇ ਰਿਜਰਵ ਸਟੋਰ ।

— ਅਜੀਤ ਰੋਡ, ਗਲੀ ਨੰਗਰ 23, 25 ।

ਸਾਲ 1987-88 ਤੋਂ 1992-93 ਤੱਕ ਸ਼ਹਿਰ ਦੀਆਂ ਜਿਨ੍ਹਾਂ ਆਬਾਦੀਆਂ ਵਿਚ ਸੀਵਰੇਜ ਲਾਈਨਾਂ ਪਾਈਆਂ ਗਈਆਂ ਹਨ ਉਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

— ਗਨੇਸ਼ਾ ਬਸਤੀ ਤੋਂ ਬੱਤੀਆਂ ਵਾਲਾ ਚੋਕ ।

— ਗਨੇਸ਼ਾ ਬਸਤੀ ਤੋਂ ਸਰਹਿੰਦ ਕੈਨਾਲ ਤੱਕ ਫਾਈਜ਼ਿੰਗ ਮੈਨ ।

— ਪਰਸ ਰਾਮ ਨਗਰ ਤੋਂ ਠੰਡੀ ਸੜਕ ਤੇ ਸੰਗੂਆਣਾ ਬਸਤੀ ਤੱਕ ।

— ਪਰਤਾਪ ਨਗਰ, ਯੋਗੀ ਨਗਰ ।

— ਐਫ. ਸੀ. ਆਈ. ਗੋਦਾਮ ਤੇ ਅਤੇ ਦਿੱਲੀ ਮਾਨਸਾ ਰੋਡ ਦੇ ਰੇਲਵੇਂ ਕਰਾਸਿੰਗ ਤੇ ਟੈਮਪਰੇਰੀ ਡਿਸਪੋਜ਼ਲ ਵਰਕ ਬਣਾਇਆ ਗਿਆ ਹੈ ।

— ਸਿਵਲ ਹਸਪਤਾਲ ਤੋਂ ਪੁਆਇੰਟ 'ੲ' (ਫੇਜ-1 ਅਧੀਨ) ਤੱਕ ਨਾਨ-ਪਰੈਸ਼ਰ ਟਾਈਪ ਸੀਵਰ, ਪਰੈਸ਼ਰ ਟਾਈਪ ਸੀਵਰ ਵਿਚ ਬਦਲਿਆ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

— ਪੁਆਇੰਟ 'ੲ' ਤੋਂ ਡਿਸਪੋਜ਼ਲ ਵਰਕ (ਫੇਸ-1 ਅਧੀਨ) ਤੱਕ 51" ਆਈ. ਡੀ. ਸੀਵਰ ਲਾਇਆ ਗਿਆ ।

— ਨਵਾਂ ਡਿਸਪੋਜ਼ਲ ਵਰਕਸ ਬਣਾਇਆ ਗਿਆ ।

— ਨਵੇਂ ਡਿਸਪੋਜ਼ਲ ਵਰਕਸ ਤੋਂ ਪੁਰਾਣੇ ਡਿਸਪੋਜ਼ਲ ਵਰਕਸ ਤੱਕ 24" ਆਈ. ਡੀ. ਰਾਈਜ਼ਿੰਗ ਮੇਨ ਪਾਇਆ ਗਿਆ ।

— ਹਸਪਤਾਲ ਤੋਂ ਲੈ ਕੇ ਪੁਆਇੰਟ 'ੲ' ਤੱਕ 24 ਆਈ.ਡੀ. ਰਾਈਜ਼ਿੰਗ ਮੇਨ ਪਾਇਆ ਗਿਆ ।

— ਪੁਲੀਸ ਲਾਈਨ ਤੋਂ ਟੈਮਪਰੇਰੀ ਵਰਕਸ ਬਣਾਇਆ ਗਿਆ ।

— ਅਰਬਨ ਰਿਨਿਊਲ ਪ੍ਰਾਜੈਕਟ ਅਧੀਨ ਗੁਰੂ ਕੀ ਨਗਰੀ ਵਿਖੇ ਸੀਵਰੇਜ਼ ਪਾਈ ਗਈ ।

— ਰਜਿੰਦਰਾ ਕਾਲੇਜ ਤੋਂ ਪਾਵਰ ਹਾਊਸ ਰੋਡ ਤੱਕ ਫੇਸ-2 ਅਧੀਨ ਨਾਲ ਪਰੈਸ਼ਰ ਟਾਈਪ ਸੀਵਰ ਨੂੰ ਬਦਲਿਆ ਗਿਆ ।

— ਸਕਤੀ ਨਗਰ ਵਿਖੇ ਬਰਾਂਚ ਸੀਵਰ ।

— ਅਜੀਤ ਰੋਡ, ਗਲੀ ਨੰਬਰ 13, 15 ।

— ਅਗਰਵਾਲ ਕਲੋਨੀ ।

— ਸੂਰਜ ਬਸਤੀ ਅਤੇ ਮਨੋਚਾ ਕਲੋਨੀ ।

---

**ਜ਼ਿਲ੍ਹਾ ਯੋਜਨਾ ਬੋਰਡ, ਮਾਨਸਾ ਦੇ ਫੰਡਾਂ ਵਿੱਚੋਂ ਆਰਜ਼ੀ ਰਿਹਾਇਸ਼ ਤੇ ਖਰਚਾ**

141. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਵਿੱਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਸਾਲ 1992-93 ਦੌਰਾਨ ਜ਼ਿਲ੍ਹਾ ਯੋਜਨਾ ਬੋਰਡ, ਮਾਨਸਾ ਦੇ ਫੰਡਾਂ ਵਿੱਚੋਂ ਡਿਪਟੀ ਕਮਿਸ਼ਨਰ, ਮਾਨਸਾ, ਐਸ. ਡੀ. ਓ. (ਸਿਵਲ), ਬੁਢਲਾਡਾ ਅਤੇ ਐਸ.ਡੀ.ਓ. (ਸਿਵਲ), ਝੁਨੀਰ ਦੀਆਂ ਆਰਜ਼ੀ ਰਿਹਾਇਸ਼ਾਂ ਤੇ ਕੀਤੇ ਗਏ ਖਰਚਿਆਂ ਦੇ ਵੇਰਵੇ ਕੀ ਹਨ ?

**ਡਾਕਟਰ ਕੇਵਲ ਕ੍ਰਿਸ਼ਨ** : ਜ਼ਿਲਾ ਯੋਜਨਾ ਅਤੇ ਵਿਕਾਸ ਬੋਰਡ, ਮਾਨਸਾ ਦੇ ਫੰਡਾਂ ਵਿਚੋਂ ਸਾਲ 1992-93 ਦੌਰਾਨ ਡਿਪਟੀ ਕਮਿਸ਼ਨਰ, ਮਾਨਸਾ, ਐਸ. ਡੀ. ਓ. (ਸਿਵਲ), ਬੁਢਲਾਡਾ ਅਤੇ ਐਸ.ਡੀ.ਓ. (ਸਿਵਲ), ਝੁਨੀਰ ਦੇ ਆਰਜ਼ੀ ਰਿਹਾਇਸ਼ਾਂ ਤੇ ਕੀਤੇ ਗਏ ਖਰਚੇ ਦਾ ਵੇਰਵਾ ਹੇਠ ਦਿੱਤੇ ਅਨੁਸਾਰ ਹੈ :—

| | | (ਰੁਪਏ ਲੱਖਾਂ ਵਿਚ) |
|---|---|---|
| (i) | ਡਿਪਟੀ ਕਮਿਸ਼ਨਰ, ਮਾਨਸਾ | 8.80 |
| (ii) | ਐਸ.ਡੀ.ਓ. (ਸਿਵਲ), ਬੁਢਲਾਡਾ | .. |
| (iii) | ਐਸ.ਡੀ.ਓ. (ਸਿਵਲ), ਝੁਨੀਰ | .. |
| | ਕੁੱਲ | 8.80 |

Original with;
Punjab Vidhan Sabha
Digitized by;
Panjab Digital Library

**Unstarred Question No. 143** ·X·

(Extension has been asked for in respect of Unstarred Question No. 143.)

**ਸ੍ਰੀ ਮਦਨ ਮੋਹਨ ਮਿੱਤਲ** : ਆਨ ਏ ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ । ਮੇਰੀ ਸਬਮਿਸ਼ਨ ਹੈ ਕਿ ਪੰਜਾਬ ਵਿੱਚ ਪੰਚਾਇਤਾਂ ਦੀਆਂ ਚੋਣਾਂ ਹੋ ਗਈਆਂ, ਮਿਊਨਿਸਪਲ ਕਮੇਟੀਆਂ ਦੀਆਂ ਚੋਣਾਂ ਹੋ ਗਈਆਂ ਅਤੇ ਜ਼ਮਹੂਰੀਅਤ ਗ੍ਰਾਸ ਰੂਟਸ ਲੈਵਲ ਤੇ ਅਸਟੈਬਲਿਸ਼ ਹੋ ਗਈ ਹੈ । ਇਹ ਸਰਕਾਰ ਦਾ ਦਾਅਵਾ ਹੈ । ਪਰ ਮਿਤੀ 16 ਮਾਰਚ ਨੂੰ ਅੰਮ੍ਰਿਤਸਰ ਕਾਰਪੋਰੇਸ਼ਨ ਵਿੱਚ ਟਰੱਸਟ ਦੇ 3 ਮੈਂਬਰਾਂ ਦੀ ਚੋਣ ਹੋਈ ਅਤੇ ਇਕ ਲੇਡੀ ਦੀ ਕੋ-ਆਪਸ਼ਨ ਹੋਈ, ਕਿਉਂਕਿ ਇਕ ਲੇਡੀ ਮੈਂਬਰ ਦੀ ਮੌਤ ਹੋ ਗਈ ਸੀ । ਪਰ ਉਹ 4 ਚੁਣਾਓ ਹਾਲੇ ਤੱਕ ਨੋਟੀਫਾਈ ਨਹੀਂ ਹੋਏ, ਸਰਕਾਰ ਨੇ ਗਜ਼ਟ ਨਹੀਂ ਕੀਤੇ । ਉਸ ਤੋਂ ਬਾਦ ਬਜਟ ਪਾਸ ਨਹੀਂ ਹੋ ਸਕਿਆ ਹਾਲਾਂ ਕਿ ਦੋ ਵਾਰ ਲਗਾਤਾਰ ਮੀਟਿੰਗਾਂ ਹੁੰਦੀਆਂ ਰਹੀਆਂ। ਜੋ ਉਥੋਂ ਦਾ ਮੇਅਰ ਹੈ, ਉਹ ਪਿਛਲੀਆਂ ਪ੍ਰੋਸੀਡਿੰਗਜ਼ ਨੂੰ ਕੋਈ ਮਹੱਤਤਾ ਨਹੀਂ ਦਿੰਦਾ । ਉਹ ਬਜਟ ਪਾਸ ਨਹੀਂ ਸੀ ਕਰ ਰਿਹਾ। ਉਸ ਨੂੰ ਅਗਲੀਆਂ ਮੀਟਿੰਗਾਂ ਵਿਚ ਅਪਰੂਵਲ ਨਹੀਂ ਸੀ ਦੇ ਰਿਹਾ । ਫਿਰ 2 ਤਰੀਕ ਨੂੰ ਬਿਨਾਂ ਮੀਟਿੰਗ ਕੀਤੇ ਉਨ੍ਹਾਂ ਨੇ ਇਹ ਸਰਕੂਲੇਟ ਕਰ ਦਿੱਤਾ ਕਿ ਬਜਟ ਪਾਸ ਹੋ ਗਿਆ ਹੈ ਜਦੋਂ ਕਿ ਕੋਈ ਮੀਟਿੰਗ ਨਹੀਂ ਸੀ ਹੋ ਸਕੀ ਅਤੇ ਕੋਈ ਬਿਜ਼ਨੈਸ ਟ੍ਰਾਂਜੈਕਟ ਨਹੀਂ ਸੀ ਹੋ ਸਕਿਆ । ਸੋ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਜਿਹੜੇ ਸਾਡੇ ਲੋਕਲ ਬਾਡੀਜ਼ ਦੇ ਮਨਿਸਟਰ ਹਨ, ਉਨ੍ਹਾਂ ਤੋਂ ਇਸ ਗੱਲ ਦਾ ਸਪਸ਼ਟੀਕਰਨ ਚਾਹੁੰਦਾ ਹਾਂ ਕਿ ਕੀ ਉਹ ਇਸ ਵਿਚ ਮੁਦਾਖਲਤ ਕਰਕੇ ਉੱਥੇ ਕਾਰਪੋਰੇਸ਼ਨ ਵਿਚ ਜੋ ਇਸ ਤਰ੍ਹਾਂ ਦੀ ਧਾਂਧਲੀ ਹੋ ਰਹੀ ਹੈ, ਉਸ ਦਾ ਕੋਈ ਨਿਰੀਖਣ ਕਰਵਾਉਣਗੇ ਅਤੇ ਜੋ ਉੱਥੇ 3 ਮੈਂਬਰਾਂ ਦੀ ਚੋਣ ਹੋਈ ਹੈ ਔਰ ਇਕ ਦੀ ਕੋਆਪਸ਼ਨ ਹੋਈ ਹੈ ਲੇਡੀ ਦੀ, ਉਸ ਨੂੰ ਮਾਨਤਾ ਦੇ ਕੇ ਉਸ ਕਾਰਪੋਰੇਸ਼ਨ ਦੀ ਕਾਰਗੁਜ਼ਾਰੀ ਨੂੰ ਠੀਕ ਕਰਾਉਣ ਦਾ ਭਰੋਸਾ ਦਿਵਾਉਣਗੇ ? ਇਸ ਗੱਲ ਉਤੇ ਉਹ ਕੀ ਕਹਿਣਾ ਚਾਹੁੰਦੇ ਹਨ, ਇਸ ਬਾਰੇ ਵੀ ਉਹ ਦੱਸਣ ਕਿਉਂਕਿ ਇਹ ਗੱਲ ਉਨ੍ਹਾਂ ਦੇ ਨੋਟਿਸ ਵਿਚ ਆ ਚੁੱਕੀ ਅਤੇ ਲੋਕਾਂ ਵਿੱਚ ਇਸ ਬਾਰੇ ਕਾਫੀ ਵਾਵੇਲਾ ਹੈ ।

**ਸ੍ਰੀ ਸਪੀਕਰ** : ਮਿੱਤਲ ਸਾਹਿਬ, ਇਹ ਗੱਲ ਤਾਂ ਪਹਿਲਾਂ ਦੀ ਹੈ । ਇਸ ਬਾਰੇ ਤੁਸੀਂ ਕਾਲ ਅਟੈਨਸ਼ਨ ਨੋਟਿਸ ਦੇ ਸਕਦੇ ਸੀ ਜਿਸ ਵਾਸਤੇ 48 ਘੰਟੇ ਦਾ ਸਮਾਂ ਚਾਹੀਦਾ ਹੈ ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਕਲ੍ਹ ਅਸੀਂ ਆਪਣੇ ਗਰੁੱਪ ਵੱਲੋਂ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ ਕਿ ਹਾਊਸ ਦੀ ਕਾਰਵਾਈ ਕੁੱਝ ਸਮੇਂ ਲਈ ਰੋਕ ਕੇ, ਇਕ ਬਹੁਤ ਜ਼ਰੂਰੀ ਮਸਲਾ ਡਿਸਕਸ ਕੀਤਾ ਜਾਵੇ ਜਿਸ ਬਾਰੇ ਪਬਲਿਕ ਵਿਚ ਬੜਾ ਤੌਖਲਾ ਹੈ ਅਤੇ ਕਈ ਕਿਸਮ ਦੇ ਸ਼ੱਕ ਸ਼ੁਬ੍ਹਾ ਪੈਦਾ ਹੋਣੇ ਸ਼ੁਰੂ ਹੋ ਗਏ ਹਨ । ਪਰ ਤੁਸੀਂ ਇਸ ਕਰਕੇ ਉਸ ਨੂੰ ਡਿਸਅਲਾਓ ਕਰ ਦਿੱਤਾ ਕਿ ਇਸ ਵਾਸਤੇ ਟਾਈਮ ਨਹੀਂ ਹੈ । ਅਸਲ ਵਿੱਚ ਉਹ ਮੋਸ਼ਨ ਅਸੀਂ ਕਲ੍ਹ ਦਿੱਤੀ ਸੀ ਅਤੇ ਅੱਜ ਦੀ ਡਿਸਕਸ਼ਨ ਵਾਸਤੇ ਉਹ ਸੀ। ਜਿਸ ਤਰ੍ਹਾਂ ਸਾਰੇ ਅਖਬਾਰਾਂ ਦੇ ਵਿੱਚ ਵੀ ਚਰਚਾ ਹੈ, ਸਾਡੇ ਮਾਨਯੋਗ ਮੁੱਖ-ਮੰਤਰੀ ਜੀ ਨੇ ਸੂਰਜਕੁੰਡ ਦੇ ਵਿੱਚ ਇਕ ਐਸੀ ਸਟੇਟਮੈਂਟ ਦਿੱਤੀ ਕਿ 4 ਉੱਤਰੀ ਸਟੇਟਾਂ ਨੂੰ ਇਕੱਠਾ ਕਰਕੇ ਇਕ ਜੋਨ ਬਣਾ ਦਿੱਤਾ ਜਾਵੇ । ਇਸ ਦੀ ਅਖਬਾਰਾਂ ਵਿਚ ਬੜੀ ਚਰਚਾ ਹੈ ਹਾਲਾਂਕਿ ਇਨ੍ਹਾਂ ਨੇ ਬਾਦ ਵਿਚ ਇਸ ਦੀ ਸਫਾਈ ਵੀ ਦੇ ਦਿੱਤੀ ਕਿ ਇਹ ਚੀਜ਼ ਉਹ ਐਡਮਨਿਸਟਰੇਟਿਵ ਤੌਰ ਤੇ ਚਾਹੁੰਦੇ ਹਨ । ਇਸ ਦੇ ਨਾਲ ਲੋਕਾਂ ਵਿਚ ਬੜੇ ਸ਼ੰਕੇ ਅਤੇ ਤੌਖਲੇ ਹਨ । ਇਹ ਸਾਡੇ ਦੇਸ਼ ਦੀ ਅਨੇਕਤਾ ਵਿਚ ਏਕਤਾ ਤੋਂ

·X· Reply to U.S.Q. No 143 received later on and placed in the Library.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਮੁਕਰਨ ਦਾ ਸਵਾਲ ਹੈ। ਮੁੱਖ ਮੰਤਰੀ ਜੀ ਸਪੱਸ਼ਟ ਕਰਨ ਕਿ ਅਸਲ ਵਿੱਚ ਉਨ੍ਹਾਂ ਦੇ ਮਨ ਵਿਚ ਕੀ ਹੈ ਕਿਉਂਕਿ ਬੜੀ ਲੰਬੀ ਐਜੀਟੇਸ਼ਨ ਤੋਂ ਬਾਦ ਭਾਸ਼ਾ ਦੇ ਆਧਾਰ ਤੇ ਸੂਬੇ ਬਣੇ ਸਨ।

**ਸ੍ਰੀ ਸਪੀਕਰ:** ਇਹ ਮੈਂ ਪਹਿਲਾਂ ਹੀ ਡਿਸਅਲਾਓ ਕਰ ਦਿੱਤਾ ਹੈ। ਹੁਣ ਅਸੀਂ ਅਗਲੇ ਬਿਜ਼ਨੈਸ ਤੇ ਆਉਂਦੇ ਹਾਂ।

## MOTION UNDER RULE 16

**Minister for Parliamentary Affairs (Sardar Umrao Singh)** : Sir, I beg to move—

> That the Vidhan Sabha (Assembly) at its rising this day shall stand adjourned *sine die.*

**Mr. Speaker** : Motion moved—

> That the Vidhan Sabha (Assembly) at its rising this day shall stand adjourned *sine die.*

ਵੈਸੇ ਤਾਂ ਬੀ.ਏ. ਵਿੱਚ ਇਹ ਜਾ ਚੁੱਕੀ ਹੈ ਅਤੇ ਮੈਂਟਰ ਪਹਿਲਾ ਹੀ ਡਿਸਕਸ ਹੋ ਚੁਕਾ ਹੈ ਪਰ ਫਿਰ ਵੀ ਮੈਂ ਤੁਹਾਨੂੰ, ਅਰਸ਼ੀ ਜੀ, ਦੋ ਮਿੰਟ ਵਾਸਤੇ ਅਲਾਓ ਕਰ ਦਿੰਦਾ ਹਾਂ।

(ਇਸ ਵਕਤ ਕਾਮਰੇਡ ਤਰਸੇਮ ਜੋਧਾਂ, ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ ਅਤੇ ਸਰਦਾਰ ਇੰਦਰਜੀਤ ਸਿੰਘ ਜੀਰਾ ਖੜ੍ਹੇ ਹੋ ਕੇ ਬੋਲਣ ਵਾਸਤੇ ਟਾਇਮ ਦੀ ਮੰਗ ਕਰ ਰਹੇ ਸਨ)

ਤਰਸੇਮ ਜੀ, ਸਾਥੀ ਜੀ, ਤੁਸੀਂ ਆਪੋ ਆਪਣੀਆਂ ਸੀਟਾਂ ਤੇ ਬੈਠ ਜਾਓ।

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਸਪੀਕਰ ਸਾਹਿਬ, ਜਿਸ ਵੇਲੇ ਤੁਸੀਂ ਪਿੱਛੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਬੁਲਾਈ ਸੀ, ਉਸ ਵੇਲੇ ਅਪੋਜ਼ੀਸ਼ਨ ਦੇ ਸਾਰੇ ਆਹੁਦੇਦਾਰਾਂ ਨੇ ਤੁਹਾਡੇ ਨਾਲ ਸਹਿਮਤੀ ਪ੍ਰਗਟਾਈ ਸੀ।

## WALK-OUT

(ਇਸ ਵਕਤ ਕਾਮਰੇਡ ਤਰਸੇਮ ਜੋਧਾਂ (ਸੀ. ਪੀ. ਆਈ.) (ਐਮ.), ਸ੍ਰੀ ਵਿਜੈ ਕੁਮਾਰ ਸਾਥੀ ਐਡਵੋਕੇਟ (ਜਨਤਾ ਦਲ) ਅਤੇ ਸਰਦਾਰ ਇੰਦਰਜੀਤ ਸਿੰਘ ਜ਼ੀਰਾ (ਸ਼੍ਰੋਮਣੀ ਅਕਾਲੀ ਦਲ) (ਕ) ਹਾਊਸ ਵਿੱਚੋਂ ਵਾਕ ਆਊਟ ਕਰ ਗਏ)

## MOTION UNDER RULE 16 (*Resumption*)

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਉਸ ਵੇਲੇ ਅਸੀਂ ਵੀ ਤੁਹਾਡੇ ਨਾਲ ਸਹਿਮਤੀ ਪ੍ਰਗਟ ਕੀਤੀ ਸੀ ਕਿਉਂਕਿ ਸਾਡਾ ਬਹੁਤ ਲੰਬਾ ਚੌੜਾ ਸ਼ੈਸਨ ਚਲਿਆ ਸੀ ਅਤੇ ਸਾਡੀ ਵੀ ਇਹੋ ਰਾਏ ਸੀ ਕਿ ਜਿਹੜੇ ਛੋਟੇ ਛੋਟੇ ਬਿਲ ਪੈਂਡਿੰਗ ਹਨ, ਉਹ 6.7 ਤਰੀਕ ਨੂੰ ਲਿਆ ਕੇ ਡਿਸਕਸ ਕਰ ਲਏ ਜਾਣ। ਇਸ ਚੀਜ਼ ਨਾਲ ਸਾਡੀ ਪੂਰੀ ਸਹਿਮਤੀ ਸੀ ਲੇਕਿਨ ਅੱਜ ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੈ ਕਿ ਨਾ ਤਾਂ ਬਿਜਨੈੱਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਬੁਲਾਈ ਗਈ ਅਤੇ ਨਾ ਹੀ ਸਾਨੂੰ ਭਰੋਸੇ ਵਿਚ ਲਿਆ ਗਿਆ। ਨਾ ਹੀ ਰੂਲਜ਼ ਨੂੰ ਧਿਆਨ ਵਿਚ ਰੱਖਿਆ ਗਿਆ, ਬਹੁਤ ਅਨਡੈਮੋਕਰੇਟਿਕ ਤਰੀਕੇ ਨਾਲ, ਜਿਸ ਤਰ੍ਹਾਂ ਪਿਛਲੇ ਦਸੰਬਰ ਦੇ ਸੈਸ਼ਨ ਵਿਚ ਕੀਤਾ ਗਿਆ,

Original with;
Punjab Vidhan Sabha
Digitized by;
Panjab Digital Library

ਅਖਬਾਰਾਂ ਦੇ ਵਿਚ ਇਸ ਦੀ ਬੜੀ ਨੁਕਤਾਚੀਨੀ ਵੀ ਹੋਈ ਸੀ । ਇਸੇ ਤਰੀਕੇ ਨਾਲ ਇਹ ਵਿਧਾਨ ਪ੍ਰੀਸ਼ਦ ਦਾ ਬਿਲ, ਜਿਲ੍ਹਾ ਪ੍ਰੀਸ਼ਦਾਂ ਬਾਰੇ ਬਿੱਲ ਅਤੇ ਟ੍ਰਾਂਸਪੋਰਟ ਦੇ ਪੈਸੇਂਜਰ ਟੈਕਸ ਬਾਰੇ ਬਿੱਲ ਅੱਜ ਦੇ ਬਿਜ਼ਨੈੱਸ ਵਿਚ ਐਡ ਕਰ ਦਿੱਤਾ ਗਿਆ । ਸਾਡੇ ਵਾਸਤੇ ਇਹ ਗੱਲ ਸੰਭਵ ਨਹੀਂ ਸੀ ਕਿ ਅਸੀਂ ਇਨ੍ਹਾਂ ਨੂੰ ਸਟਡੀ ਕਰ ਸਕੀਏ । ਕੁੱਝ ਬਿਲ ਸਾਨੂੰ ਸ਼ਾਮ ਨੂੰ ਦਿੱਤੇ ਗਏ ਹਨ ਅਤੇ ਕੁੱਝ ਬਿੱਲ ਸਾਨੂੰ ਸੁਭਾ ਦਿੱਤੇ ਗਏ ਹਨ । ਇਸ ਤਰੀਕੇ ਨਾਲ ਅਸੀ ਇਨ੍ਹਾਂ ਬਿੱਲਾਂ ਦੀ ਅਮੈਂਡਮੈਂਟ ਨੂੰ ਅੰਗਜ਼ਾਮਿਨ ਨਹੀਂ ਕਰ ਸਕਦੇ । ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਇਹ ਸਾਰਾ ਗੈਰ-ਜਮਹੂਰੀ ਤਰੀਕਾ ਹੈ । ਇਸ ਲਈ ਇਹ ਜਿਹੜਾ ਸਾਈਨੇ-ਡਾਈ ਇੱਥੇ ਪੇਸ਼ ਕੀਤਾ ਗਿਆ ਹੈ, ਮੈਂ ਉਸ ਨੂੰ ਅਪੋਜ਼ ਕਰਦਾ ਹਾਂ । ਮੇਰੀ ਮੰਗ ਹੈ ਕਿ ਬਿਜ਼ਨੈੱਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਬੁਲਾ ਕੇ ਸਾਨੂੰ ਕਾਨਫੀਡੈਂਸ ਵਿਚ ਲਿਆ ਜਾਣਾ ਚਾਹੀਦਾ ਸੀ । ਇਹ ਸੈਸ਼ਨ ਸਾਈਨੇ-ਡਾਈ ਨਾ ਕਰਕੇ ਘੱਟੋ ਘਟ 4-5 ਦਿਨ ਹੋਰ ਚਲਾਉਣਾ ਚਾਹੀਦਾ ਹੈ ਜਿਸ ਵਿੱਚ ਜਿਹੜੇ ਵੀ ਅਹਿਮ ਕਿਸਮ ਦੇ ਬਿੱਲ ਹਨ, ਉਨ੍ਹਾਂ ਨੂੰ ਥਾਰੋਅਲੀ ਡਿਸਕਸ ਕੀਤਾ ਜਾਣਾ ਚਾਹੀਦਾ ਹੈ । ਇਸ ਬਹਿਸ ਦੀ ਰੋਸ਼ਨੀ ਵਿਚ ਹੀ ਕੋਈ ਡਿਸੀਜ਼ਨ ਲੈਣਾ ਚਾਹੀਦਾ ਹੈ । ਇਸ ਕਰਕੇ ਅੱਜ ਇਹ ਹਾਊਸ ਸਾਈਨੇ-ਡਾਈ ਐਡਜਰਨ ਨਾ ਕੀਤਾ ਜਾਵੇ, ਮੈਂ ਇਸ ਨੂੰ ਅਪੋਜ਼ ਕਰਦਾ ਹਾਂ ।

**Mr. Speaker** : The matter has already been discussed in the Business Advisory Committee. However, I have allowed you two minutes.

**ਸ਼੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਬਿਜ਼ਨੈਸ ਐਡ-ਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਈ ਸੀ ਉਸ ਵਿੱਚ ਅਸੀਂ ਸ਼ਾਮਲ ਸੀ। ਉਸ ਮੀਟਿੰਗ ਵਿੱਚ ਜੋ ਫੈਸਲੇ ਉਸ ਦਿਨ ਹੋਏ ਸੀ ਉਸ ਨਾਲ ਅਸੀਂ ਸਹਿਮਤ ਹਾਂ, ਉਸ ਤੇ ਸਾਡਾ ਕੋਈ ਮਤਭੇਦ ਨਹੀਂ। ਲੇਕਿਨ ਬੀ.ਏ.ਸੀ. ਦੀ ਮੀਟਿੰਗ ਤੋਂ ਬਾਅਦ ਜੋ ਨਵੇਂ ਬਿਲ ਇੰਟਰੋਡੀਊਸ ਕੀਤੇ ਗਏ ਹਨ, ਵਿਧਾਨ ਪ੍ਰੀਸ਼ਦ ਬਾਰੇ ਪਹਿਲਾਂ ਕੋਈ ਉਦੋਂ ਚਰਚਾ ਨਹੀਂ ਹੋਇਆ, ਨਾ ਡਿਸਕਸ਼ਨ ਹੀ ਹੋਈ ਸੀ ਔਰ ਜੋ ਅੱਜ ਏਥੇ ਇਜੰਡੇ ਤੇ ਲਿਆਂਦਾ ਗਿਆ ਹੈ, ਇਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਦੀ ਨੀਅਤ ਸਾਫ ਨਹੀਂ।

ਦੂਸਰੀ ਗੱਲ ਇਹ ਹੈ ਕਿ ਅੱਜ ਹੀ ਹਾਊਸ ਨੂੰ ਐਡਜਰਨ ਕਰਨ ਬਾਰੇ ਮੋਸ਼ਨ ਲਿਆਂਦੀ ਗਈ ਹੈ। ਮੁੱਖ ਮੰਤਰੀ ਜੀ ਨੇ ਸੈਸ਼ਨ ਦੇ ਸ਼ੁਰੂ ਵਿੱਚ ਬਿਆਨ ਦਿੱਤਾ ਸੀ ਕਿ ਚਾਰ ਸਟੇਟਸ ਨੂੰ ਇਕੱਠਾ ਕਰ ਦਿੱਤਾ ਜਾਵੇ।

Mr. Speaker: Mittal Ji, please sit down.

**ਸ਼੍ਰੀ ਮਦਨ ਮੋਹਨ ਮਿੱਤਲ** : ਸਰ, ਮੈਂ ਬਿਜ਼ਨੈੱਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ (ਵਿਘਨ) ਫਾਇ ਨੈਂਸ਼ੀਅਲ ਜ਼ੋਨ ਬਨਾਉਣ ਬਾਰੇ ਗੱਲ ਕੀਤੀ Sir, I am conversant about the proceedings of the BAC meeting and I am not going to say even a word about it. ਦੂਸਰੀ ਗੱਲ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਹਾਲੇ ਐਡਜਰਨ ਨਹੀਂ ਹੋਣਾ ਚਾਹੀਦਾ ਤੀਸਰੀ ਗੱਲ ਇਹ ਹੈ ਕਿ ਅੱਜ ਹੀ ਚੇਅਰਮੈਨ ਪੰਜਾਬ ਰਾਜ ਬਿਜਲੀ ਬੋਰਡ ਦੀ ਸਟੇਟ-ਮੈਂਟ ਹੈ ਕਿ ਫਰੇਟ ਔਰ ਕੋਲ ਦੇ ਚਾਰਜਿਜ਼ ਵਧ ਗਏ ਹਨ। ਜਦੋਂ ਗਵਰਨਰ ਐਡਰੈੱਸ ਦੇ ਭਾਸ਼ਣ ਅਤੇ ਫਾਇ-ਨੈਂਸ਼ੀਅਲ ਸਪੀਚ ਤੇ ਡਿਸਕਸ਼ਨ ਹੋ ਰਹੀ ਸੀ ਤਾਂ ਮੁੱਖ ਮੰਤਰੀ ਜੀ ਔਰ ਐਫ.ਐਮ. ਸਾਹਿਬ ਦੋਨਾਂ ਨੇ ਐਸ਼ੋਰੈਂਸ ਦਿੱਤੀ ਸੀ ਕਿ ਫਰੇਟ ਔਰ ਕੋਲ ਦੇ ਚਾਰਜਿਜ਼ ਵਿੱਚ ਕਮੀ ਕਰਵਾ ਕੇ ਬਿਜਲੀ ਦੇ ਰੇਟਸ ਵਧਣ ਨਹੀਂ ਦਿੱਤੇ ਜਾਣਗੇ। ਪਰ ਅੱਜ ਚੇਅਰਮੈਨ ਬਿਜਲੀ ਬੋਰਡ ਨੇ ਸਟੇਟਮੈਂਟ ਦਿੱਤੀ ਹੈ ਕਿ ਬਿਜਲੀ ਦੇ ਰੇਟ ਵਧਾਏ ਜਾਣਗੇ, ਇਸ ਬਾਰੇ ਏਥੇ ਹਾਊਸ ਵਿੱਚ ਚਰਚਾ ਹੋਣੀ ਬਹੁਤ ਜ਼ਰੂਰੀ ਹੈ । ਪੰਜਾਬ ਦੀ ਜਨਤਾ ਇਸ ਬਾਰੇ ਬੜੀ ਚਿੰਤਤ ਹੈ। ਇਸ ਬਾਰੇ ਸਰਕਾਰ ਦਾ ਸਪਸ਼ਟੀਕਰਣ ਆਉਣਾ ਚਾਹੀਦਾ ਹੈ । ਇਸ ਕਰਕੇ ਅਸੀਂ ਕਹਿ ਰਹੇ ਹਾਂ ਕਿ ਅੱਜ ਹਾਊਸ ਐਡਜਰਨ ਨਹੀਂ ਹੋਣਾ ਚਾਹੀਦਾ। (ਵਿਘਨ) (ਫਿਰ)

Original with;
Punjab Vidhan Sabha
Digitized by;
Panjab Digital Library

(ਇਸ ਵੇਲੇ ਸ੍ਰੀ ਸਤਨਾਮ ਸਿੰਘ ਕੈਂਥ, ਕਾਮਰੇਡ ਤਰਸੇਮ ਜੋਧਾਂ, ਸ੍ਰੀ ਵਿਨੋ ਕੁਮਾਰ ਸਾਥੀ ਐਡਵੋਕੇਟ ਸ੍ਰੀ ਮਦਨ ਮੋਹਨ ਮਿੱਤਲ ਅਤੇ ਕਾਮਰੇਡ ਹਰਦੇਵ ਸਿੰਘ ਅਰਸ਼ੀ ਪੁਆਇੰਟ ਆਫ ਆਰਡਰ ਦਾ ਮੰਗ ਕਰ ਰਹੇ ਸਨ)

**(ਸੰਸਦੀ ਮਾਮਲਿਆਂ ਦੇ ਮੰਤਰੀ** (ਸਰਦਾਰ ਉਮਰਾਓ ਸਿੰਘ): ਸਪੀਕਰ ਸਾਹਿਬ, ਮੈਂ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਜੋ ਇਤਰਾਜ਼ ਕਾਮਰੇਡ ਅਰਸ਼ੀ ਜੀ ਨੇ ਕੀਤਾ ਹੈ ਉਹ ਬਿਲਕੁਲ ਗੈਰ-ਵਾਜ਼ਬ ਹੈ ਕਿਉਂਕਿ ਇਹ ਜੋ ਅੱਜ ਦਾ ਅਜੰਡਾ ਲਿਆਂਦਾ ਗਿਆ ਹੈ, ਉਹ ਬਿਲਕੁਲ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੇ ਫੈਸਲੇ ਅਨੁਸਾਰ ਹੀ ਹੈ। ਉਸ ਦਿਨ ਮੀਟਿੰਗ ਵਿੱਚ ਇਹੀ ਫੈਸਲਾ ਹੋਇਆ ਸੀ ਜਿਹੜਾ ਕਿ ਅੱਜ ਇਸ ਹਾਊਸ ਦੇ ਅੰਦਰ ਲਿਆਂਦਾ ਗਿਆ ਹੈ। ਪਹਿਲਾਂ ਗੌਰਮਿੰਟ ਬਿਜ਼ਨੈੱਸ ਹੋਏਗਾ ਫਿਰ ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨ ਹੋਣਗੇ। ਏਸੇ ਕਰਕੇ ਅੱਜ ਦਾ ਦਿਨ ਵਧਾਇਆ ਗਿਆ ਸੀ ਔਰ ਜਿਹੜੀਆਂ ਅਮੈਂਡਮੈਂਟਸ ਲਿਆਂਦੀਆਂ ਵੀ ਗਈਆਂ ਹਨ, ਉਹ ਵੀ ਬਹੁਤ ਛੋਟੀਆਂ ਛੋਟੀਆਂ ਹਨ। ਕੱਲ੍ਹ ਦਾ ਜਿਹੜਾ ਸੈਸ਼ਨ ਸੀ ਉਹ ਵੀ ਆਪਣੇ ਨਿਰਧਾਰਤ ਸਮੇਂ ਤੋਂ ਇਕ ਘੰਟਾ ਪਹਿਲਾਂ ਹੀ ਖਤਮ ਹੋ ਗਿਆ ਕਿਉਂਕਿ ਬਿਜ਼ਨੈੱਸ ਘੱਟ ਸੀ। ਇਹ ਜਿਹੜੇ ਬਿਲ ਹਨ ਇਹ ਛੋਟੇ ਛੋਟੇ ਬਿਲ ਹਨ। ਇਸ ਤੋਂ ਇਲਾਵਾ ਮੈਂ ਫਿਰ ਵੀ ਇਹ ਯਕੀਨ ਦਿਵਾਉਂਦਾ ਹਾਂ ਕਿ ਜੇਕਰ ਕੋਈ ਡਿਸਕਸ਼ਨ ਕਰਨਾ ਚਾਹੇ ਤਾਂ ਅੱਜ ਹੀ ਡੇਢ ਵਜੇ ਤੋਂ ਬਾਅਦ ਹੋਰ ਸਮਾਂ ਐਕਸਟੈਂਡ ਕਰ ਲਓ। ਅਸੀਂ ਇਸ ਗੱਲ ਨਾਲ ਸਹਿਮਤ ਹਾਂ। ਅਸੀਂ ਡਿਸਕਸ਼ਨ ਦੇ ਟਾਈਮ ਨੂੰ ਸਕੱਟਲ ਨਹੀਂ ਕਰਨਾ ਚਾਹੁੰਦੇ। ਇਹ ਜਿਹੜਾ ਮੱਈਯਰ ਹੈ ਇਹ ਲੋਕਾਂ ਦੀ ਵੈਲਫੇਅਰ ਵਾਸਤੇ ਹੀ ਲਿਆਂਦਾ ਗਿਆ ਹੈ। ਅਸੀਂ ਚਾਹੁੰਦੇ ਹਾਂ ਕਿ ਹਾਊਸ ਦੇ ਸਾਰੇ ਸੈਕਸ਼ਨ ਇਸ ਤੇ ਖੁੱਲੀ ਵਿਚਾਰ ਕਰ ਲੈਣ ਔਰ ਅੱਜ ਦਾ ਜਿਹੜਾ ਬਿਜ਼ਨੈੱਸ ਹੈ ਉਹ ਬਿਲਕੁਲ ਬਿਜ਼ਨੈੱਸ ਐਡਵਾਇਜ਼ਰੀ ਕਮੇਟੀ ਦੇ ਫੈਸਲੇ ਅਨੁਸਾਰ ਹੈ। ਜੋ ਹਾਊਸ ਦਾ ਫੈਸਲਾ ਹੁੰਦਾ ਹੈ, ਉਸ ਦਾ ਸਾਨੂੰ ਸਾਰਿਆਂ ਨੂੰ ਸਤਿਕਾਰ ਕਰਨਾ ਚਾਹੀਦਾ ਹੈ, ਇਹ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ। ਅੱਜ ਦਾ ਜਿਹੜਾ ਲੈਜਿਸਲੇਟਿਵ ਬਿਜ਼ਨੈੱਸ ਹੈ ਔਰ ਜਿੱਥੋਂ ਤੱਕ ਰੈਜ਼ੋਲਿਊਸ਼ਨ ਦਾ ਤਾਲੁੱਕ ਹੈ ਇਸ ਬਾਰੇ 24 ਘੰਟੇ ਦਾ ਨੋਟਿਸ ਦਿੱਤਾ ਹੈ ਔਰ ਸਾਰੇ ਮੈਂਬਰ ਸਾਹਿਬਾਨ ਨੂੰ ਕੱਲ ਹੀ ਹਾਊਸ ਦੇ ਵਿੱਚ ਸਰਕੂਲੇਟ ਹੋ ਗਿਆ ਸੀ। ਇਹ ਨਹੀਂ ਕਿ ਅਸੀਂ ਅੱਜ ਸਵੇਰੇ ਦਿੱਤਾ ਹੈ ਜਾਂ ਕੱਲ੍ਹ ਰਾਤ ਨੂੰ ਦਿੱਤਾ। ਸਰਕਾਰ ਦੀ ਇਨਟੈਂਸ਼ਨ ਇਸ ਬਾਰੇ ਬੜੀ ਕਲੀਅਰ ਹੈ, ਬੜੀ ਸਪਸ਼ਟ ਹੈ। ਸੋ ਮੈਂ ਸਮਝਦਾ ਹਾਂ ਕਿ ਇਹ ਮੋਸ਼ਨ ਪਾਸ ਹੋਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਇਲਾਵਾ ਸਾਡੇ ਕੋਲ ਕੋਈ ਬਿਜ਼ਨੈੱਸ ਹੀ ਨਹੀਂ ਹੈ। ਹਾਊਸ ਐਕਸਟੈਂਡ ਕਰਨ ਦਾ ਕੋਈ ਮਤਲਬ ਹੀ ਨਹੀਂ, ਇਹ ਛੋਟੇ ਛੋਟੇ ਬਿਲ ਹਨ। ਜਿਸ ਤਰ੍ਹਾਂ ਕੱਲ ਬਿਲ ਫਟਾ ਫਟ ਪਾਸ ਹੋ ਗਏ ਹਨ ਮੈਂਬਰ ਸਾਹਿਬਾਨ ਨੇ ਸਾਡੇ ਨਾਲ ਕੱਲ੍ਹ ਵੀ ਬੜਾ ਕੋਆਪਰੇਟ ਕੀਤਾ ਹੈ ਔਰ ਮੇਰਾ ਖਿਆਲ ਹੈ ਕਿ ਉਹ ਅੱਜ ਵੀ ਕੋਆਪਰੇਟ ਕਰਨਗੇ, ਖਾਸ ਕਰਕੇ ਮਿੱਤਲ ਸਾਹਿਬ ਔਰ ਅਰਸ਼ੀ ਜੀ।

**Mr. Speaker :** Question is—

That the Vidhan Sabha (Assembly) at its rising this day shall stand adjourned *sine die.*

*The motion was carried.*

---

## PAPERS LAID ON THE TABLE OF THE HOUSE

**Minister For Parliamentary Affairs (Sardar Umrao Singh)** Sir, I beg to lay on the Table:

Original with;
Punjab Vidhan Sabha
Digitized by;
Panjab Digital Library

1. The 8th Annual Report of the Punjab State Leather Development Corporation Ltd. for the year 1988-89 as required under section 619-A of the Companies Act, 1956.

2. A statement explaining the reasons for delay in laying the Annual Reports of the Punab State Leather Development Corporation Ltd. for the years 1989-90 to 1991-92.

3. The 13th Annual Report of the Punjab State Electronics Development and Production Corporation Ltd. for the year 1988-89 as required under section 619-A of the Companies Act, 1956.

4. A statement explaining the reasons for delay in laying the Annual Reports of Punjab State Electronics Development and Production Corporation Ltd. for the years 1986-87 and 1988-89 to 1991-92.

5. The 1st, 2nd, 3rd, 4th, 5th, 6th, 7th and 8th Annual Reports of the Punjab Khadi and Village Industries Board for the year from 1983-84 to 1990-91.

6. A statement explaining the reasons for delay in laying the Annual Report of the Punjab Khadi and Village Industries Board for the year 1991 92.

7. The 37th Annual Report of the Punjab Financial Corporation for the year 1989-90, as required under section 38(3) of the State Financial Corporations Act, 1951.

8. A statement explaining the reasons for delay in laying the Annual Reports of the Punjab Financial Corporation for the years 1986-87 to 1988-89 and 1990-91 and 1991-92.

9. The 1st, 2nd, 4th, 5th, 6th and 7th Annual Reports of the Punjab State Handloom and Textiles Development Corporation Ltd. for the year 1976-77, 1977-78, 1979-80, to 1982-83, as required under section 619-A of the Companies Act, 1956.

10. A statement explaining the reasons for delay in laying the Annual Reports of the Punjab State Handloom and Textiles Development Corporation Ltd. for the years from 1983-84 to 1991-92.

11. A statement explaining the reasons for delay in laying the Annual Reports of the Goindwal Industrial and Investment Corporation for the years 1988-89 to 1991-92.

12. A statement explaining the reasons for delay in lying the Annual Report of the Punjab Small Industries and Export Corporation for the year 1991-92.

13. A statement explaining the resoans for delay in laying the Annual Reports of the Punjab State Industrial Development Corporation Ltd. for the years from 1979-80 to 1991-92.

14. A statement explaining the reasons for delay in lying the Annual Reports of the Punjab State Hosiery and Knitwear Development Corporation Ltd for the year 1980-81 to 1991-92.

---

## OFFICIAL RESOLUTION UNDER ARTICLE 169 OF THE CONSTITUTION OF INDIA

**Minister For Parliamentary Affairs (Sardar Umrao Singh):** Sir, I beg to move :—

"(1) Whereas, Clause (1) of Article 169 of the Constitution provides that notwithstanding anything in Article 168, Parliament may by law provide for the creation of the Legislative Council in a State having no such Council if the Legislative Assembly of the State passes a resolution to that effect, by a majority of the total membership of the Assembly and by a majority of not less than two thirds of the members of the Assembly present and voting;

And whereas, it appears to this Assembly that it is desirable to create the Legislative Council of this State,

Now, therefore, this Assembly resolves that the Legislative Council be created in the State of Punjab.

Original with;
Punjab Vidhan Sabha
Digitized by;
Panjab Digital Library

[Minister for Parliamentary Affairs ]

(2) This House recommends that Parliament be pleased to direct that the law which it may make in this behalf shall take effect from the date when the President of India gives his assent after the Parliament has passed necessary legislation".

**Mr. Speaker :** Motion moved—

"(1) Whereas, Clause (1) of Article 169 of the Constitution provides that notwithstanding anything in Article 168, Parliament may by law provide for the creation of the Legislative Council in a State having no such Councilt, if the Legislative Assembly of the State passes a resolution to that effecy by a majority of the total membership of the Assembly and by a ma jorit of not less than two thirds of the members of the Assembly present and voting :

And whereas, it appears to this Assembly that it is desirable to create the Legislative Council of this State·

Now, therefore, this Assembly resolves that the Legislative Council be created in the State of Punjab.

(2) This House recommends that Parliament be pleased to direct that the law which it may make in this behalf shall take effect from the date when the President of India gives his assent after the Parliament has passed necessary legislation".

**ਸੰਸਦੀ ਮਾਮਲਿਆਂ ਦੇ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਜਦੋਂ ਦੇਸ਼ ਦਾ ਵਿਧਾਨ ਬਣਿਆ, ਉਸ ਵਿੱਚ ਸੂਬਿਆਂ ਵਿੱਚ ਔਰ ਕੇਂਦਰ ਵਿੱਚ ਦੋ ਹਾਊਸ ਰੱਖਣ ਦਾ ਪ੍ਰਬੰਧ ਕੀਤਾ ਗਿਆ, ਪਾਰਲੀਮੈਂਟ ਵਿੱਚ ਲੋਕ ਸਭਾ ਅਤੇ ਰਾਜ ਸਭਾ। ਇਸੇ ਤਰ੍ਹਾਂ ਹੀ ਸਟੇਟਸ ਵਿੱਚ ਔਰ ਬਹੁਤ ਸਾਰੀਆਂ ਸਟੇਟਸ ਵਿੱਚ ਦੋ ਹਾਊਸ ਜਿਹੜੇ ਸਨ——ਅਪਰ ਹਾਊਸ ਜਿਸ ਨੂੰ ਵਿਧਾਨ-ਪ੍ਰੀਸ਼ਦ ਅਤੇ ਲੋਅਰ ਹਾਊਸ ਜਿਹੜੀ ਅਸੈਂਬਲੀ ਹੈ, ਉਸਦਾ ਪ੍ਰਬੰਧ ਕੀਤਾ ਗਿਆ। ਕਿਉਂਕਿ ਇਹ ਚੀਜ਼ ਅਸੈਂਬਲੀ ਤੇ ਛੱਡ ਦਿਤੀ ਗਈ ਕਿ ਭਵਿੱਖ ਵਿੱਚ ਅਪਰ ਹਾਊਸ ਰੱਖਣਾ ਚਾਹੁੰਦੇ ਹਨ ਜਾਂ ਨਹੀਂ, ਇਸ ਦੇ ਮੁਤੱਲਕ ਵਿਚਾਰ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ ਕਿਨ੍ਹਾਂ ਹਾਲਾਤ ਵਿੱਚ ਪੰਜਾਬ ਵਿੱਚ ਅਪਰ ਹਾਊਸ ਤੋੜਿਆ ਗਿਆ ਮੈਂ ਅਪਰ ਹਾਊਸ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਅਪਰ ਹਾਊਸ ਦੇ ਮੁਤੱਲਕ ਬਹੁਤ ਸਾਰੇ ਜੂਰਿਸਟਾਂ ਨੇ ਆਪਣੀ ਆਪਣੀ ਰਾਇ ਦਿੱਤੀ ਹੈ ਔਰ ਇਹ ਇੱਕ ਇਸਟੈਬਲਿਸ਼ਡ ਫੈਕਟ ਹੈ, ਸੰਸਾਰ ਵਿੱਚ ਜਿੰਨੇ ਵੀ ਡੈਮੋਕਰੇਟਿਕ ਕੰਟਰੀਜ਼ ਹਨ, ਜਿਨ੍ਹਾਂ ਵਿੱਚ ਐਡਵਾਂਸ ਕੰਟਰੀਜ਼ ਆਉਂਦੇ ਹਨ ਅਤੇ ਇਸ ਤੋਂ ਇਲਾਵਾ ਬਹੁਤ ਸਾਰੇ ਡੀਵੈਲਪਡ ਕੰਟਰੀਜ਼ ਵੀ ਹਨ ਜਿਵੇਂ ਯੂ.ਐਸ.ਏ., ਯੂ.ਐਸ.ਐਸ.ਆਰ, ਕਨੇਡਾ, ਸਵਿਟਜ਼ਰਲੈਂਡ, ਆਸਟਰੇਲੀਆ, ਫਰਾਂਸ, ਇਟਲੀ ਅਤੇ ਈਰਾਨ। ਇਸ ਤੋਂ ਇਲਾਵਾ ਨਾਰਵੇ, ਬੈਲਜ਼ੀਅਮ, ਫੈੱਡਰਲ ਰੀਪਬਲਿਕ ਆਫ ਜਰਮਨੀ, ਮਲੇਸ਼ੀਆ, ਜਪਾਨ, ਆਇਰਲੈਂਡ, ਸਾਊਥ ਅਫਰੀਕਾ, ਚੈਕੋਸਲੋਵਾਕਿਆ, ਜੌਰਡਨ, ਟਰਕੀ ਅਤੇ ਹੋਰ ਬਹੁਤ ਛੋਟੇ ਛੋਟੇ ਕੰਟਰੀਜ਼ ਹਨ ਜਿਵੇਂ ਜਮੇਕਾ, ਸਵਿਸ, ਆਦਿ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਕੰਟਰੀਜ਼ ਦੀ ਪਾਪੂਲੇਸ਼ਨ ਸਾਡੇ ਨਾਲੋਂ ਬਹੁਤ ਥੋੜ੍ਹੀ ਹੈ, ਅਤੇ ਇਸ ਦੇ ਬਾਵਜੂਦ ਵੀ ਉਨ੍ਹਾਂ ਦੇ ਵਿੱਚ ਦੋ ਹਾਊਸ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤੱਕ ਦੋ ਹਾਊਸ ਦੇ ਬਣਾਉਣ ਦਾ ਤਾਅਲੁੱਕ ਹੈ, ਇਹ ਇੱਕ ਇਸਟੈਬਲਿਸ਼ਡ ਪ੍ਰਿੰਸੀਪਲ ਹੈ, ਕਿ ਅਪਰ ਹਾਊਸ ਜਿਹੜਾ ਹੈ it is a house of wisdom, it is a House of elders. It is a House where talented and knowledgeable people are generally represent ਇਸ ਤੋਂ ਇਲਾਵਾ ਐਕਸਪੀਰੀਐਂਸਡ ਪਰਸਨਜ਼ ਹਨ ਅਤੇ ਹੋਰ ਵੇਖਿਆ ਹੈ ਸਪੈਸ਼ਲ ਇੰਨਟਰੈਸਟ, ਮਾਈਨੋਰਿਟੀ ਇਨ੍ਟਰੈਸਟ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੇ ਵਿੱਚ ਬਹੁਤ ਸਾਰੇ ਐਲੀਮੈਂਟਸ ਹਨ, ਜਿਹੜੇ ਅਸੈਂਬਲੀ ਵਿੱਚ ਨਹੀਂ ਆ ਰਹੇ। ਬਹੁਤ ਸਾਰੇ ਛੋਟੇ ਛੋਟੇ ਅਤੇ ਫਿਰਕੇ ਹਨ ਬਲਕਿ

Original with;
Punjab Vidhan Sabha
Digitized by;
Panjab Digital Library

ਕਈਆਂ ਦੀ ਆਬਾਦੀ ਵੀ ਕਾਫ਼ੀ ਹੈ, ਜਿਸ ਤਰ੍ਹਾਂ ਸਾਡੇ ਕਰਿਸਚਨਜ਼ ਹਨ। ਸਾਡੇ ਹੋਰ ਵੀ ਕਈ ਸੈਕਟਸ ਹਨ, ਜਿਵੇਂ ਨਾਮਧਾਰੀ ਆਦਿ। ਇਸ ਤਰ੍ਹਾਂ ਹੀ ਹੋਰ ਵੀ ਥੜੇ ਛੋਟੇ ਛੋਟੇ ਟਰਾਈਬਜ਼ ਹਨ, ਜਿਨ੍ਹਾਂ ਨੂੰ ਰਿਪਰਿਜ਼ੈਨਟੇਸ਼ਨ ਨਹੀਂ ਮਿਲਦੀ, ਪਰ ਉਨ੍ਹਾਂ ਨੂੰ ਕੌਂਸਲ ਵਿਚ ਰਿਪਰੀਜ਼ੈਨਟੇਸ਼ਨ ਮਿਲਦੀ ਰਹੀ ਹੈ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡਿਫਰੈਂਟ ਸੈਕਟਸ ਅਤੇ ਡਿਫਰੈਂਟ ਸੋਚ ਰਖਣ ਵਾਲੇ ਵੀ ਸੱਜਣ ਹਨ ਜਿਨ੍ਹਾਂ ਦੇ ਡਿਫਰੈਂਟ ਇੰਟਰਸਟ ਹਨ। ਪੰਜਾਬ ਕੌਂਸਿਲ ਦੇ ਵਨ-ਥਰਡ ਮੈਂਬਰ ਚੁਣੇ ਜਾਂਦੇ ਹਨ। ਉਥੇ ਆਲ ਵਿਜ਼ਡਮ ਅਤੇ ਆਊਟ ਸਟੈਂਡਿੰਗ ਮੈਂਬਰ ਚੁਣ ਕੇ ਭੇਜੇ ਜਾਂਦੇ ਹਨ। ਇਸ ਤੋਂ ਇਲਾਵਾ ਤੀਜਾ ਹਿੱਸਾ ਲੋਕਲ ਬਾਡੀਜ਼ ਦਾ ਹੈ। ਪੰਜਾਬ ਵਿਚ ਤਕਰੀਬਨ 100 ਲੋਕਲ ਬਾਡੀਜ਼ ਹਨ ਜਿਨ੍ਹਾਂ ਵਿਚ ਮਿਊਂਸਿਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਆਦਿ ਹਨ। ਇਸ ਵਕਤ 117 ਪੰਚਾਇਤ ਸੰਮਤੀਆਂ ਹਨ। ਅਸੀਂ ਇਨ੍ਹਾਂ ਵਿਚ ਹੋਰ ਵੀ ਵਾਧਾ ਕਰ ਰਹੇ ਹਾਂ ਕਿਉਂਕਿ ਡਿਸਟ੍ਰਿਕਟ ਐਡਿਮਿਨਿਸਟਰੇਸ਼ਨ ਦੀ ਸਹਾਇਤਾ ਲਈ ਇਹ ਜ਼ਰੂਰੀ ਹੈ ਕਿ ਪੰਜਾਇਤ ਸੰਮਤੀਆਂ ਵਿਚ ਵਾਧਾ ਕੀਤਾ ਜਾਵੇ। ਉਨ੍ਹਾਂ ਵਿੱਚ ਲੋਕਾਂ ਦੇ ਨੁਮਾਇੰਦੇ ਹੁੰਦੇ ਹਨ ਜਿਹੜੇ ਲੋਅਰ ਲੈਵਲ ਤੇ ਚੁਣੇ ਜਾਂਦੇ ਹਨ। ਉਨ੍ਹਾਂ ਦੇ ਆਪਣੇ ਇੰਟਰੈਸਟ ਹੁੰਦੇ ਹਨ। ਉਨ੍ਹਾਂ ਦੀ ਆਪਣੀ ਸੋਚ ਹੁੰਦੀ ਹੈ ਅਤੇ ਪਰਾਬਲਮਜ਼ ਹੁੰਦੀਆਂ ਹਨ। ਉਨ੍ਹਾਂ ਨੂੰ ਇਥੇ ਕੌਂਸਲ ਵਿਚ ਰਿਪਰੀਜ਼ੈਨਟੇਸ਼ਨ ਮਿਲਦੀ ਹੈ। ਇਸ ਸਦਨ ਵਿਚ ਨਾਮੀਨੇਸ਼ਨ ਨਹੀਂ ਹੈ। ਇਸ ਵਾਸਤੇ ਐਸਟੇਬਲਿਸ਼ਡ ਤਰੀਕਾ ਹੈ-ਇਲੈਕਸ਼ਨਾਂ ਦਾ। ਇਹ ਇਲੈਕਟਿਡ ਹਾਊਸ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਰਿਸੈਸ਼ਨਰੀ ਕਦਮਾਂ ਜਾਂ ਪਿਛਾਂਹ-ਖਿੱਚੂ ਕਦਮਾਂ ਕਾਰਨ ਜਿਹੜੇ ਕੌਂਸਲ ਦੇ ਮੈਂਬਰ ਰਹੇ ਹਨ ਜਾਂ ਜਿਹੜੇ ਚੁਣੇ ਜਾਣੇ ਹਨ, ਉਨ੍ਹਾਂ ਨੂੰ ਕੌਂਸਲ ਨਾ ਹੋਣ ਕਾਰਨ ਬਹੁਤ ਵੱਡਾ ਧੱਕਾ ਲੱਗਦਾ ਹੈ। ਇਸ ਤੋਂ ਇਲਾਵਾ ਇਸ ਵਿਚ ਟੀਚਰਜ਼ ਦੇ ਨੁਮਾਇੰਦੇ ਹਨ। ਸਾਡੇ ਪੰਜਾਬ ਦੇ ਟੀਚਰਜ਼ ਹਨ, ਪ੍ਰੋਫੈਸਰ ਹਨ, ਯੂਨੀਵਰਸਿਟੀ ਦੇ ਟੀਚਰਜ਼ ਹਨ, ਸਕੂਲਾਂ/ਕਾਲਜਾਂ ਦੇ ਟੀਚਰਜ਼ ਹਨ। ਬਹੁਤ ਹੀ ਡਾਇਵਰਸਟੀ ਆਫ ਇੰਟਰੈਸਟ ਹੈ। ਇਸ ਵਿਚ ਕਲੀਨਲੀ ਕੰਟੈਸਟਿਡ ਇਲੈਕਸ਼ਨਾਂ ਹੁੰਦੀਆਂ ਹਨ। ਇਸ ਤੋਂ ਇਲਾਵਾ ਗਰੈਜੂਏਟ ਹਨ, ਉਨ੍ਹਾਂ ਦਾ ਆਪਣਾ ਹਿੱਸਾ ਹੁੰਦਾ ਹੈ ਅਤੇ ਮੁਕਾਮ ਹੁੰਦਾ ਹੈ। ਉਹ ਕਾਫੀ ਸਿਆਣੇ ਹੁੰਦੇ ਹਨ ਜਿਨ੍ਹਾਂ ਦਾ ਐਕਸਪੀਰੀਐਂਸ ਹੁੰਦਾ ਹੈ, ਤਜਰਬਾ ਹੁੰਦਾ ਹੈ, ਉਨ੍ਹਾਂ ਨੂੰ ਚੁਣ ਕੇ ਭੇਜਦੇ ਹਾਂ। ਮੇਰੇ ਪਾਸ ਫਿਗਰਜ਼ ਨਹੀਂ ਹਨ। ਉਹ ਲੱਖਾਂ ਵਿਚ ਹਨ ਜਿਨ੍ਹਾਂ ਦਾ ਇਲੈਕਟੋਰਲ ਕਾਲਜ ਬਣਨਾ ਹੈ। ਇਸ ਵਿਚ ਇਕ ਤਿਹਾਈ ਮੈਂਬਰਾਂ ਦੇ ਕਰੀਬ ਚੁਣ ਕੇ ਭੇਜਦੇ ਹਾਂ। ਇਸ ਤੋਂ ਇਲਾਵਾ ਮੈਨ ਆਫ ਆਰਟਸ, ਸਾਇੰਸਿਜ਼ ਐਂਡ ਲਿਟਰੇਚਰ ਹਨ। ਉਹ ਗਵਰਨਰ ਸਾਹਿਬ ਵੱਲੋਂ ਨਾਮਜ਼ਦ ਕੀਤੇ ਜਾਂਦੇ ਹਨ।

ਸਪੀਕਰ ਸਾਹਿਬ, ਮੈਂ ਕੁਝ ਮੈਂਬਰਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਹੜੇ ਪੰਜਾਬ ਕੌਂਸਲ ਵਿਚ ਰਹਿ ਚੁੱਕੇ ਹਨ। ਇਸ ਤੋਂ ਪਤਾ ਲੱਗੇਗਾ ਕਿ ਪੰਜਾਬ ਦੀ ਕੌਂਸਲ ਬੜੀ ਮਹੱਤਵਪੂਰਨ ਸੀ ਅਤੇ ਉਸ ਦੀ ਕਿੰਨੀ ਜ਼ਰੂਰਤ ਹੈ। ਮੈਂ ਕੁੱਝ ਚੰਦ ਮੈਂਬਰ ਸਾਹਿਬਾਨ ਦਾ ਜ਼ਿਕਰ ਕਰਦਾ ਹਾਂ। ਉਨ੍ਹਾਂ ਵਿੱਚੋਂ ਇੱਕ ਭਾਈ ਵੀਰ ਸਿੰਘ ਜੀ ਸਨ ਜਿਹੜੇ 19ਵੀਂ ਅਤੇ 20ਵੀਂ ਸੈਂਚਰੀ ਦੇ ਸੱਭ ਤੋਂ ਵੱਡੇ ਲਿਖਾਰੀ ਸਨ। ਪੰਜਾਬੀ ਵਿਚ ਜੋ ਉਨ੍ਹਾਂ ਦੀ ਦੇਣ ਹੈ, ਸ਼ਾਇਦ ਹੋਰ ਕਿਸੇ ਦੀ ਨਹੀਂ। ਜਦੋਂ ਪਹਿਲੀ ਦਫਾ ਲੈਜਿਸਲੇਟਿਵ ਕੌਂਸਲ ਬਣੀ ਸੀ ਤਾਂ ਉਹ ਉਸ ਦੇ ਮੈਂਬਰ ਸਨ। ਐਜੂਕੇਸ਼ਨਿਸਟ ਭਾਈ ਜੋਧ ਸਿੰਘ ਜੀ ਜਿਨ੍ਹਾਂ ਦੇ ਹਜ਼ਾਰਾਂ ਲੱਖਾਂ ਸਟੂਡੈਂਟਸ ਸਨ ਜਿਹੜੇ ਇਸ ਗੱਲ ਦਾ ਧੰਨਵਾਦ ਕਰਦੇ ਸੀ ਕਿ ਉਨ੍ਹਾਂ ਦੀ ਕੰਟਰੀ ਨੂੰ, ਸਟੇਟ ਨੂੰ ਅਤੇ ਐਜੂਕੇਸ਼ਨ ਨੂੰ ਬੜੀਆ ਸਰਵਿਸਿਜ਼ ਹਨ, ਉਨ੍ਹਾਂ ਨੂੰ ਰੈਕੋਗਨਾਈਜ਼ ਕਰਦੇ ਹੋਏ ਉਨ੍ਹਾਂ ਨੂੰ ਸਦਨ ਦਾ ਮੈਂਬਰ ਬਣਾਇਆ ਗਿਆ। ਇਸ ਤੋਂ ਇਲਾਵਾ, ਸ੍ਰੀ ਸੂਰਜ ਭਾਨ ਜੀ ਜਿਹੜੇ ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ ਅਤੇ ਡੀ.ਏ.ਵੀ. ਕਾਲਜ ਦੇ ਪ੍ਰਿੰਸੀਪਲ ਰਹੇ। ਉਨ੍ਹਾਂ ਦੀ ਵੀ ਮਹਾਨ ਦੇਣ ਹੈ।

Original with;
Punjab Vidhan Sabha
Digitized by;
Panjab Digital Library

ਐਸੇ ਸਜਣਾਂ ਨਾਲ ਜਿਹੜੇ ਕਿ ਕੌਂਸਲ ਦੇ ਮੈਂਬਰ ਰਹੇ ਹਨ, ਹਾਊਸ ਦਾ ਮਾਣ ਵਧਦਾ ਹੈ। ਇਸ ਤੋਂ ਇਲਾਵਾ ਪੰਜਾਬ ਦੀ ਬਹੁਤ ਵੱਡੀ ਲਿਖਾਰੀ ਅਤੇ ਪੋਇਟ ਸ੍ਰੀਮਤੀ ਪ੍ਰਭਜੋਤ ਕੌਰ ਸਨ। ਮੈਨੂੰ ਯਾਦ ਹੈ ਕਿ ਜਦੋਂ ਇਸ ਉਤੇ ਕਿ ਲੈਜਿਸਲੇਸ਼ਨ ਕੌਂਸਲ ਰਹੇ ਜਾਂ ਨਾ ਰਹੇ, ਬਹਿਸ ਹੋ ਰਹੀ ਸੀ ਤਾਂ ਇਕ ਮੈਂਬਰ ਸਨ ਸਾਡੇ ਸਰਦਾਰ ਰਾਜਿੰਦਰ ਸਿੰਘ ਜੋ ਜਰਨਾਲਿਸਟ ਸਨ, ਉਨ੍ਹਾਂ ਨੇ ਇਕ ਸ਼ਬਦ ਕਿਹਾ ਸੀ ਕਿ ਅਗਰ ਪ੍ਰਭਜੋਤ ਕੌਰ ਵਰਗੀ ਟੇ-ਲੈਂਟਿਡ ਲੇਡੀ ਜਿਨ੍ਹਾਂ ਦੀ ਪੰਜਾਬੀ ਜ਼ਬਾਨ ਨੂੰ ਇਤਨੀ ਵੱਡੀ ਦੇਣ ਹੈ, ਉਸ ਦੇ ਇਕੱਲੀ ਵਾਸਤੇ ਹੀ ਹਾਊਸ ਬਣਾਉਣਾ ਪਏ ਤਾਂ ਉਸ ਦੀਆਂ ਸਰਵਿਸਿਜ਼ ਜਿਹੜੀਆਂ ਹਨ, ਉਹ ਵੱਧ ਹਨ। ਐਸੇ ਇਕੱਲੇ ਵਿਅਕਤੀ ਵਾਸਤੇ ਹਾਊਸ ਬਣਾਇਆ ਜਾ ਸਕਦਾ ਹੈ ਜਿਸ ਦੀ ਦੇਣ ਹੈ ਪੰਜਾਬੀ ਜ਼ਬਾਨ ਨੂੰ, ਪੰਜਾਬੀ ਲੈਂਗੂਏਜ਼ ਨੂੰ। ਉਹ ਇਸ ਅਪਰ ਹਾਊਸ ਦੀ ਮੈਂਬਰ ਰਹੀ ਹੈ। ਇਸ ਤੋਂ ਇਲਾਵਾ ਫਰੀਡਮ ਫਾਈਟਰ, ਸ੍ਰੀ ਦੁਰਗਾ ਦੱਤ ਜੀ ਹਨ। ਇਹ ਠੀਕ ਹੈ ਕਿ ਬਹਤ ਸਾਰੇ ਸਾਡੇ ਸਾਥੀ ਨਵੇਂ ਆਏ ਹਨ। ਪੁਰਾਣੇ ਫਰੀਡਮ ਫਾਈਟਰਜ਼ ਦਾ, ਉਨਾਂ ਦੀਆਂ ਕੁਰਬਾਨੀਆਂ ਦਾ ਕਈ ਸਾਥੀਆਂ ਨੂੰ ਨਹੀਂ ਪਤਾ ਪੰਡਿਤ ਦੁਰਗਾ ਦੱਤ ਜੀ ਨੂੰ ਕੌਣ ਨਹੀਂ ਜਾਣਦਾ। ਉਹ ਸਾਡੇ ਅਪਰ ਹਾਊਸ ਦੇ ਚੇਅਰਮਨ ਵੀ ਰਹੇ ਔਰ ਕਾਫੀ ਦੇਰ ਉਸ ਦੇ ਮੈਂਬਰ ਵੀ ਰਹੇ ਹਨ। ਪੰਜਾਬ ਵਿੱਚ ਉਨ੍ਹਾਂ ਦਾ ਬੜਾ ਰਿਸਪੈਕਟਿਡ ਸਥਾਨ ਸੀ। ਪੰਡਿਤ ਦੁਰਗਾ ਦੱਤ ਜੀ ਦਾ ਸਥਾਨ ......(ਇੱਕ ਅਵਾਜ਼: ਸ੍ਰੀ ਦੁਰਗਾ ਦਾਸ ਜੀ ਖੰਨਾ) ਸੌਰੀ, ਸ੍ਰੀ ਦੁਰਗਾ ਦਾਸ ਖੰਨਾ, ਆਈ ਸਟੈਂਡ ਕੁਰੈਕਟ। ਉਨ੍ਹਾਂ ਦਾ ਬੜਾ ਰਿਸਪੈਕਟਿਡ ਸਥਾਨ ਸੀ। ਇਸ ਤੋਂ ਇਲਾਵਾ ਸਰਦਾਰ ਕਪੂਰ ਸਿੰਘ ਜੀ ਲਾਹੌਰ ਤੋਂ ਹੀ ਅਸੈਂਬਲੀ ਦੇ ਮੈਂਬਰ ਚੁਣ ਕੇ ਆਉਂਦੇ ਰਹੇ। ਉਸ ਤੋਂ ਬਾਅਦ ਕੌਂਸਲ ਦੇ ਮੈਂਬਰ ਰਹੇ, ਚੇਅਰਮੈਨ ਵੀ ਰਹੇ। ਇਸ ਤਰ੍ਹਾਂ ਸਰਦਾਰ ਉਜਲ ਸਿੰਘ ਜੀ ਬਹੁਤ ਦੇਰ ਪੰਜਾਬ ਅਸੈਂਬਲੀ ਦੇ ਮੈਂਬਰ ਰਹੇ 1935 ਤੋਂ ਪਹਿਲਾਂ, ਜਿਹੜੀ ਸਾਡੀ ਕੌਂਸਲ ਸੀ ਉਸ ਦੇ ਮੈਂਬਰ ਰਹੇ ਔਰ ਫਿਰ ਬਹੁਤ ਦੇਰ ਪੰਜਾਬ ਦੇ ਫਾਈਨਾਂਸ ਮਨਿਸਟਰ ਵੀ ਰਹੇ। ਜੋ 1947 ਵਿੱਚ ਢਾਂਚਾ ਵਿਗੜਿਆ ਸੀ, ਉਸ ਨੂੰ ਬਣਾਉਣ ਵਿੱਚ ਉਨ੍ਹਾਂ ਦੀ ਬਹੁਤ ਵਡੀ ਕੰਟਰੀਬਿਊਸ਼ਨ ਹੈ ਔਰ ਉਸ ਤੋਂ ਬਾਅਦ ਉਹ ਤਾਮਿਲ-ਨਾਡੂ ਤੇ ਰਾਜਸਥਾਨ ਦੇ ਗਵਰਨਰ ਵੀ ਰਹੇ। ਬਹੁਤ ਰਿਸਪੈਕਟਿਡ ਗਵਰਨਰ ਰਹੇ। ਅੱਜ ਵੀ ਜਿਹੜੇ ਸੱਜਣ ਮਦਰਾਸ ਗਏ ਹਨ ਉਨ੍ਹਾਂ ਨੂੰ ਪਤਾ ਹੋਵੇਗਾ ਕਿ ਉਨ੍ਹਾਂ ਨੇ ਉਥੇ ਜਾ ਕੇ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਕਾਲਜ ਬਣਾਇਆ ਔਰ ਹੋਰ ਬਹੁਤ ਸਾਰੇ ਅਦਾਰੇ ਉਨ੍ਹਾਂ ਨੇ ਪੰਜਾਬੀ ਸੋਸਾਇਟੀ ਦੇ ਨਾਮ ਤੇ ਬਣਾਏ। ਉਨ੍ਹਾਂ ਦੀ ਦੇਣ ਸਿਰਫ਼ ਪੰਜਾਬ ਵਿੱਚ ਹੀ ਨਹੀਂ ਤਾਮਿਲਨਾਡੂ ਵਿੱਚ ਵੀ ਹੈ ਔਰ ਉਥੇ ਅੱਜ ਵੀ ਲੋਕ ਉਨ੍ਹਾਂ ਨੂੰ ਬਹੁਤ ਯਾਦ ਕਰਦੇ ਹਨ। ਸੋ ਇਸ ਤਰ੍ਹਾਂ ਦੇ ਵਿਅਕਤੀ ਇਸ ਕੌਂਸਲ ਵਿਚ ਰਹੇ ਹਨ। ਇਸ ਤੋਂ ਇਲਾਵਾ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤਕ ਮੈਰਿਟ ਦਾ ਤੁਅੱਲਕ ਹੈ, ਸਪੀਕਰ ਸਾਹਿਬ, ਇਹ ਠੀਕ ਹੈ ਕਿ ਅਸੀਂ ਅਸੈਂਬਲੀ ਦੇ ਮੈਂਬਰ ਸਾਰੇ ਇਲੈਕਟਿਡ ਹਾਂ ਪਰ ਅਸੈਂਬਲੀ ਦਾ ਕੰਮ ਇਤਨਾ ਹੈਵੀ ਹੋ ਗਿਆ ਹੈ ਕਿ ਮੇਰਾ ਖਿਆਲ ਨਹੀਂ ਕਿ ਜਿੰਨੇ ਮੇਰੇ ਅਪੋਜ਼ੀਸ਼ਨ ਦੇ ਸਾਥੀ ਹਨ ਜਾਂ ਦੂਸਰੇ ਹਨ ਉਨ੍ਹਾਂ ਨੂੰ ਘਰ ਕੋਈ ਕੰਮ ਕਰਨ ਦੀ ਫੁਰਸਤ ਮਿਲਦੀ ਹੋਵੇ। ਹੋਲ ਟਾਈਮ ਜਾਬ ਹੋ ਗਈ ਹੈ ਅਸੈਂਬਲੀ ਦੇ ਕੰਮ ਦੀ ਔਰ ਆਪਣੀ ਕੰਸਟੀਚਿਊਐਂਸੀ ਦੇ ਕੰਮ ਦੀ ਜਾਂ ਹੋਰ ਪਾਰਟੀ ਦੇ ਕੰਮਾਂ ਲਈ ਪਰਾਪਰ ਟਾਈਮ ਨਹੀਂ ਮਿਲਦਾ। ਸਾਡੇ ਐਮ.ਐਲ.ਏ. ਸਾਹਿਬਾਨ ਕਾਫੀ ਬਿਜ਼ੀ ਹੋ ਗਏ ਹਨ। ਉਸ ਦੇ ਨਾਲੋਂ ਦੂਸਰਾ ਅਪਰ ਹਾਊਸ ਜੋ ਹੈ ਉਹ ਕਮਪੈਰਿਟਿਵਲੀ ਲੈਸ ਬਿਜ਼ੀ ਹੋਵੇਗਾ ਔਰ ਉਸ ਦੇ ਬਣਨ ਦੇ ਨਾਲ ਜਿਹੜਾ ਲੈਜਿਸਲੇਟਿਵ ਵਰਕ ਹੈ, ਸਾਡਾ ਜਿਹੜਾ ਇਹ ਕੰਮ ਹੈ ਇਹ ਚੰਗੇ ਢੰਗ ਨਾਲ ਦੇਖਿਆ ਜਾ ਸਕਦਾ ਹੈ, ਚੰਗੇ ਢੰਗ ਨਾਲ ਉਸ ਨੂੰ ਨਿਭਾਇਆ ਜਾ ਸਕਦਾ ਹੈ। (ਵਿਘਨ) ਵਿਹਲੇ ਤੁਹਾਡੇ ਹੋਣਗੇ, ਸਾਡੇ ਵਿਚ ਕੋਈ ਵੀ ਬੰਦਾ ਵਿਹਲਾ ਨਹੀਂ ਹੈ।

ਸੋ, ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਵੇਲੇ ਅਜੇ ਵੀ ਬਿਹਾਰ ਵਿੱਚ ਅਪਰ ਹਾਊਸ ਹੈ, ਜੰਮੂ ਕਸ਼ਮੀਰ ਵਿੱਚ ਹੈ, ਮਹਾਰਾਸ਼ਟਰ ਵਿੱਚ ਹੈ, ਕਰਨਾਟਕਾ ਵਿੱਚ ਹੈ, ਸਾਡੇ ਆਪੋਜ਼ੀਸ਼ਨ

Original with;
Punjab Vidhan Sabha
Digitized by;
Panjab Digital Library

ਵਾਲਿਆਂ ਦੀ ਅਗੇ ਸਰਕਾਰ ਰਹੀ ਹੈ, ਬਿਹਾਰ ਵਿੱਚ ਸਰਕਾਰ ਰਹੀ ਹੈ, ਉੱਤਰ ਪ੍ਰਦੇਸ਼ ਵਿਚ ਸਾਡੀ ਹੀ ਸਰਕਾਰ ਰਹੀ ਹੈ, ਕਾਫ਼ੀ ਦੇਰ ਤੋਂ ਇਨ੍ਹਾਂ ਦੀ ਵੀ ਸਰਕਾਰ ਰਹੀ ਹੈ, ਉਥੇ ਵੀ ਅਪਰ ਹਾਊਸ ਹੈ। ਸੋ ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਨ੍ਹਾਂ ਸੂਬਿਆਂ ਵਿੱਚ ਮੋਸਟਲੀ ਇਨ੍ਹਾਂ ਦਿਨਾਂ ਵਿੱਚ ਵੀ ਅਤੇ ਪਹਿਲਾਂ ਵੀ ਆਪੋਜ਼ੀਸ਼ਨ ਸਰਕਾਰਾਂ ਆਈਆਂ ਔਰ ਉਨ੍ਹਾਂ ਸਾਰੀਆਂ ਨੇ ਇਸ ਅਪਰ ਹਾਊਸ ਦੀ ਰਿਸਪੈਕਟ ਕੀਤੀ ਹੈ, ਅਪਰ ਹਾਊਸ ਨੂੰ ਕਾਇਮ ਰਖਿਆ ਹੈ ਔਰ ਮੈਂ ਸਮਝਦਾ ਹਾਂ ਕਿ ਪੰਜਾਬ ਜਿਹੜਾ ਹੈ ਜਿਥੇ ਬਹੁਤ ਦੇਰ ਤੋਂ, 8–10 ਸਾਲ ਦੇ ਵਕਫੇ ਵਿੱਚ ਜੋ ਬੀਤਿਆ ਹੈ, ਜਿਸ ਵਿਚੋਂ ਸਾਡਾ ਇਹ ਸੂਬਾ ਨਿਕਲਿਆ ਹੈ, ਹੁਣ ਇਸ ਦੇ ਵਿਕਾਸ ਦੀ ਲੋੜ ਹੈ, ਹੁਣ ਇਸ ਨੂੰ ਅਗੇ ਲਿਜਾਣ ਦੀ ਲੋੜ ਹੈ ਔਰ ਇਸ ਅਗਾਹ ਲਿਜਾਣ ਦੀ ਮੂਵਮੈਂਟ ਲਈ ਸਾਡਾ ਅਪਰ ਹਾਊਸ ਬਹੁਤ ਭਾਰੀ ਸਹਾਈ ਹੋ ਸਕਦਾ ਹੈ। ਇਸ ਕਰਕੇ ਮੈਂ ਅਰਜ਼ ਕਰਾਂਗਾ ਕਿ ਅਪਰ ਹਾਊਸ ਵਾਸਤੇ ਬਹੁਤ ਸਾਰੇ ਜੂਰਿਸਟ ਨੇ ਲਿਖਿਆ ਹੈ। ਮੈਂ, ਸਪੀਕਰ ਸਾਹਿਬ, ਥੋੜ੍ਹਾ ਜਿਹਾ ਜ਼ਰੂਰ ਉਨ੍ਹਾਂ ਨੂੰ ਇਥੇ ਕੋਟ ਕਰਾਂਗਾ, ਉਨ੍ਹਾਂ ਦੀ ਜੋ ਰਾਇ ਹੈ ਉਸ ਨੂੰ ਕੋਟ ਕਰਾਂਗਾ। ਜਿਸ ਤਰ੍ਹਾਂ ਲਿਖਿਆ ਹੈ–

"It is absolutely necessary to have a second Chamber. Besides, in the present times of growing complexity of legislation and a heavy legislative scheduled, the Council is useful in sharing the burdens of the Legislative Assembly. It helps in planning the legislative programmes in such a way that the Legislature as a whole can discharge its duty properly and effectively.

All parties Conference headed by Pt. Moti Lal Nehru had recommended a two-Chamber Parliament and Legislature.

Bicamerilism is the characteristic of the most important modern States in the world."

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਡਿਤ ਮੋਤੀ ਲਾਲ ਨਹਿਰੂ ਨੇ ਕਿਹਾ ਸੀ ਕਿ ਆਜ਼ਾਦੀ ਤੋਂ ਬਾਅਦ ਹਿੰਦੁਸਤਾਨ ਦਾ ਆਪਣਾ ਇਕ ਵਿਧਾਨ ਹੋਵੇਗਾ। ਇਸ ਦੇ ਲਈ ਸਾਰੀਆਂ ਪੁਲੀਟੀਕਲ ਪਾਰਟੀਆਂ ਦੀ ਕਾਨਫ਼ਰੈਂਸ ਕੀਤੀ ਸੀ ਔਰ ਉਸ ਵਿਚ ਇਹ ਫ਼ੈਸਲਾ ਹੋਇਆ ਸੀ।

The Conference had recommended a two-Chamber Parliament. Further Bicameralism is the characteristic of the most important modern States in the world."

Like this, some studies have revealed that the standard of debates in the Upper House is usually high, because persons experts in various fields of life are nominated/elected to the Upper House.

ਇਸੇ ਤਰ੍ਹਾਂ ਸਪੀਕਰ ਸਾਹਿਬ, ਸਾਡੇ ਬਹੁਤ ਹੀ ਮਹਾਨ ਲੀਡਰ ਜੋ ਸਾਡੇ ਦੇਸ਼ ਦੇ ਪ੍ਰੈਜ਼ੀਡੈਂਟ ਵੀ ਰਹੇ, ਸ੍ਰੀ ਬੀ.ਡੀ. ਜੱਤੀ ਉਹ ਵੀ ਸਾਡੀ ਰਾਜ ਸਭਾ ਦੇ ਚੇਅਰਮੈਨ ਰਹੇ ਉਨ੍ਹਾਂ ਨੇ ਕਿਹਾ ਹੈ ਕਿ :—

"The dialogue between the two (Houses), besides improving legislation, helps educate public opinion by calling the attention of the public to the diverse view points on the subject matter of the legislation. Sufficient opportunity is provided for the articulation of all possible objections to a Bill, for reconsideration of its terms to be better understood by the Government and the popular House. Legislation in bicameralism is thus likely to be a product of fuller thought."

Further, the Upper House is also a device to give representation to the interests which remain unrepresented in the popular House.

Original with;
Punjab Vidhan Sabha
Digitized by;
Panjab Digital Library

[ਸੰਸਦੀ ਮਾਮਲਿਆਂ ਦੇ ਮੰਤਰੀ]

ਇਸੇ ਤਰ੍ਹਾਂ ਬਹੁਤ ਸਾਰੇ ਹੋਰ ਮਨਿਸਟਰ ਹਏ ਹਨ ਜਿਨ੍ਹਾਂ ਨੇ ਇਸ ਹਾਊਸ ਦੇ ਮੁਤੱਲਕ ਆਪਣੀਆਂ ਰਾਵਾਂ ਦਿੱਤੀਆਂ ਹਨ। ਜਿਸ ਤਰ੍ਹਾਂ ਮੈਂ ਪਹਿਲਾਂ ਅਰਜ਼ ਕਰ ਚੁੱਕਾ ਹਾਂ ਕਿ ਵਰਲਡ ਦੇ ਕਿੰਨੇ ਹੀ ਕੰਟਰੀਜ਼ ਹਨ, ਜਿਨ੍ਹਾਂ ਵਿਚ ਅਪਰ ਹਾਊਸਿਜ਼ ਹਨ। ਇਕ ਨਾਮਵਰ ਰਾਈਟਰ ਹਨ, ਉਨ੍ਹਾਂ ਦੀ ਜਿਹੜੀ ਓਪੀਨੀਅਨ ਹੈ, ਉਸ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਹੈ :

"The other opinion is that the Upper House does serve as a check, if not on complete Legislative despotism, at least on hasty, rash, ill-conceived and ill-considered legislation". Chancellor kent represents this opinion when he says " One great object of the separation of legislature in the two Houses acting separately and with coordinate powers is to destory the evil effects of sudden and strong excitement and of perspective measures springing from passions, caprice, prejudice, personal influence and party intrigues, which have been found by sad experience to exercise as potent and dangerous sway in single assemblies".

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਕਲ ਪੜ੍ਹ ਰਿਹਾ ਸੀ ਕਿ ਜਦੋਂ ਜਰਮਨ ਵਿਚ ਨਵੀਂ ਨਵੀਂ ਆਜ਼ਾਦੀ ਆਈ, ਉਨ੍ਹਾਂ ਨੇ ਅਸੰਬਲੀ ਬਣਾਈ। ਉਨ੍ਹਾਂ ਨੇ ਇਕ ਨਵਾਂ ਐਕਸਪੈਰੀਮੈਂਟ ਕੀਤਾ ਔਰ ਉਹ ਦੋ-ਦੋ ਵਾਰੀ ਇਕ ਬਿਲ ਪਾਸ ਕਰਦੇ ਸਨ। ਉਹ ਪਹਿਲਾਂ ਇਕ ਵਾਰੀ ਪਾਸ ਕਰ ਦਿੰਦੇ ਸਨ ਫਿਰ ਉੱਠ ਕੇ ਚਲੇ ਜਾਂਦੇ ਸਨ ਔਰ ਬੀਅੱਰ ਦਾ ਗਿਲਾਸ ਪੀ ਕੇ ਆਉਂਦੇ ਅਤੇ ਫਿਰ ਦੋਬਾਰਾ ਆ ਕੇ ਬਿਲ ਪਾਸ ਕਰਦੇ ਸਨ (ਵਿਘਨ) ਮਤਲਬ ਕਹਿਣ ਦਾ ਇਹ ਹੈ ਕਿ ਉਹ ਰਿਫਰੈਸ਼ ਹੋ ਕੇ ਆਉਂਦੇ ਸਨ ਅਤੇ ਦੋਬਾਰਾ ਬਿਲ ਪਾਸ ਕਰਦੇ ਸਨ (ਵਿਘਨ)

**Mr. Speaker :** No interruption, please. No interruption. Sardar Umrao Singh, Please try to wind up

**Minister For Parliamentary Affairs :** Sir, I will take two-four minutes. The experts opinion is that :—

"Biscameralism provides for a more careful scrutiny in a sober, calmer atmosphere after the first gust of passion has passed over".

Sir Ivor Jennings observes in the contest of the House of Lords :

and because the peers have no constituents to placate, no meetings to address often, no speeches to make, they can devote more time to less spectacular but often useful technical functions of legislative control."

ਇਕ ਬੜਾ ਵੱਡਾ ਸਾਡਾ ਕਾਂਸਟੀਚਿਊਸ਼ਨਲ ਐਕਸਪਰਟ ਹੋਇਆ ਹੈ ਇਹ ਉਸ ਦੀ ਰਾਏ ਹੈ। ਇਸ ਤਰ੍ਹਾਂ ਹੀ ਅਗੇ ਹੈ :—

"The Upper House is also a device to give representation to the interests which remain unrepresented in the popular House".

ਇਹ ਵੀ ਇਕ ਬੜੀ ਅਸਟੈਬਲਿਸ਼ਡ ਰਾਏ ਹੈ। ਜਿਸ ਤਰ੍ਹਾਂ ਮੈਂ ਅੱਗੇ ਜ਼ਿਕਰ ਕੀਤਾ ਹੈ ਕਿ ਉਹ ਰਾਏ ਹੈ। ਇਸੇ ਤਰ੍ਹਾਂ ਹਰ ਵੀ ਬਹੁਤ ਸਾਰੇ ਸਪੀਕਰ ਸਾਹਿਬ, ਜਿਸ ਤਰਾਂ ਤੁਸੀਂ ਕਿਹਾ ਹੈ, ਬਹੁਤ ਸਾਰੇ ਜਰਿਸਟਾਂ ਦੀ ਇਸ ਬਾਰੇ ਰਾਏ ਹੈ। ਹੁਣ ਮੈਂ ਇਕ ਗੱਲ ਦਾ ਆਖਿਰ ਵਿਚ ਜੋ ਮੈਂ ਸਮ-ਅੱਪ ਕਰਨਾ ਹੈ ਉਸ ਦਾ ਜ਼ਰੂਰ ਜ਼ਿਕਰ ਕਰਾਂਗਾ ਕਿਉਂ ਕਿ ਇਹ ਬੜੀ ਇੰਪਾਰਟੈਂਟ ਗੱਲ ਹੈ ਕਿ

The Upper House can also serve as a mechanism for promoting unity in a country composed of diversity of castes, creed, religion, language,

Original with;
Punjab Vidhan Sabha
Digitized by;
Panjab Digital Library

and ethnic groups. In a parliamentary democracy harmonising of these various groups can be done only by a bicameral system.

In the end I am to state that it is a desirability of proven merit, a sobering counterpoise to smouldering passions, a sedate additional forum so composed as of be capable of raisising the voice of reasons admidst the cacophony of populism, an armour to protect the minority interest, and an instruments to maintain equilibrium between the different sections.

ਸਪੀਕਰ ਸਾਹਿਬ, ਮੈਂ ਹੁਣ ਆਖਿਰ ਵਿਚ ਜਦੋਂ ਇਹ ਅਸੰਬਲੀ ਤੋੜੀ ਗਈ ਸੀ, ਉਸ ਦਾ ਜ਼ਿਕਰ ਜ਼ਰੂਰ ਕਰਨਾ ਚਾਹੁੰਦਾ ਹਾਂ (ਆਵਾਜ਼ : ਅਪਰ ਹਾਊਸ) ਸੌਰੀ, ਅਪਰ ਹਾਊਸ ਦਾ ਜ਼ਿਕਰ ਕਰ ਰਿਹਾ ਹਾਂ। ਅਪਰ ਹਾਊਸ ਤੋੜਿਆ ਗਿਆ ਸੀ ਉਸ ਦਾ ਜ਼ਿਕਰ ਜ਼ਰੂਰ ਕਰਨਾ ਚਾਹੁੰਦਾ ਹਾਂ ਕਿ ਕਿਨ੍ਹਾਂ ਸਰਕੰਮ-ਸਟਾਂਸਿਜ਼ ਵਿਚ ਤੋੜਿਆ ਗਿਆ, ਕਿਉਂਕਿ ਮੇਰੇ ਉਹ ਸਾਥੀ ਜ਼ਰੂਰ ਕਹਿਣਗੇ ਕਿ ਇਸ ਨੂੰ ਤੋੜਨਾ ਪੰਜਾਬ ਸਟੇਟ ਦੀ ਇਕਾਨਾਮੀ ਵਾਸਤੇ ਜਾਂ ਪੰਜਾਬ ਸਟੇਟ ਦੇ ਫਾਇਦੇ ਵਾਸਤੇ ਸੀ। ਸਪੀਕਰ ਸਾਹਿਬ, ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਉਸ ਵੱਕਤ ਜਦੋਂ ਸੰਨ 1969 ਵਿਚ ਸਰਕਾਰ ਬਣੀ, ਅਪਰ ਹਾਊਸ ਵਿਚ ਕਾਂਗਰਸ ਦੀ ਮੈਜਾਰਿਟੀ ਸੀ। ਉਸ ਵੱਕਤ ਸਰਦਾਰ ਗੁਰਨਾਮ ਸਿੰਘ ਜੀ ਔਰ ਇਨ੍ਹਾਂ ਦੇ ਸਾਥੀ ਵੀ ਨਾਲ ਬੈਠੇ ਸਨ, ਮਿੱਤਲ ਸਾਹਿਬ ਦੀ ਪਾਰਟੀ ਵੀ ਨਾਲ ਸੀ, ਸਾਡੇ ਕਾਮਰੇਡ ਸਾਥੀ ਵੀ ਨਾਲ ਸੀ ਔਰ ਇਨ੍ਹਾਂ ਨੇ ਜੋ ਕਿਹਾ ਮੈਂ ਉਸ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ। ਇਕ ਤਾਂ ਕਿਉਂਕਿ ਕਾਂਗਰਸ ਦੀ ਮੈਜਾਰਿਟੀ ਸੀ ਇਸ ਲਈ ਉਸ ਨੂੰ ਤੋੜਿਆ। ਅਪਰ ਹਾਊਸ ਵਿਚ ਸਾਡੀ ਮੈਜਾਰਿਟੀ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਗੁਰਨਾਮ ਸਿੰਘ ਨੂੰ ਇਕ ਦੋ ਸੱਜਣਾਂ ਦਾ ਬੜਾ ਡਰ ਸੀ। ਮੈਂ ਨਾਮ ਨਹੀਂ ਲੈਣਾ ਚਾਹੁੰਦਾ, ਚੰਗਾਂ ਨਹੀਂ ਲਗਦਾ ਕਿਉਂਕਿ ਉਹ ਇਥੇ ਹਾਊਸ ਵਿਚ ਨਹੀਂ ਹਨ। ਪਰ ਬਹੁਤ ਸਾਰੇ ਸਜਣ ਜਾਣਦੇ ਹਨ.........

**Mr. Speaker** : I won't allow naming also.

**ਸੰਸਦੀ ਮਾਮਲਿਆਂ ਬਾਰੇ ਮੰਤਰੀ** : ਮੈਂ ਨਾਮ ਨਹੀਂ ਲੈ ਰਿਹਾ। ਇਕ ਉਨ੍ਹਾਂ ਦਾ ਕੈਬਨਿਟ ਸਾਥੀ ਸੀ ਮਾਲ ਮੰਤਰੀ ਸੀ। ਨਾਮ ਨਹੀਂ ਲੈ ਰਿਹਾ, ਉਹ ਉਨ੍ਹਾਂ ਨੂੰ ਹਟਾਉਣਾ ਚਾਹੁੰਦੇ ਸੀ। ਉਹ ਅਪਰ ਹਾਊਸ ਦਾ ਮੈਂਬਰ ਸੀ, ਵੈਸੇ ਹਟਾ ਨਹੀਂ ਸੀ ਸਕਦੇ ........ ।

**Mr. Speaker** : Do not try to deceive me at least.

**ਸੰਸਦੀ ਮਾਮਲਿਆ ਦੇ ਮੰਤਰੀ** : ਤੁਸੀਂ ਤਾਂ ਜਾਣਦੇ ਹੋ ਉਹ ਤੁਹਾਡੇ ਜ਼ਿਲੇ ਦਾ ਸੀ। (ਹਾਸਾ)

**Mr. Speaker** : Sardar Umrao Singh, to the point please.

**ਸੰਸਦੀ ਮਾਮਲਿਆਂ ਦੇ ਮੰਤਰੀ** : ਸਪੀਕਰ ਸਾਹਿਬ, ਉਨ੍ਹਾਂ ਨੂੰ ਹਟਾਉਣ ਵਾਸਤੇ ਉਨ੍ਹਾਂ ਨੇ ਇਹ ਅਪਰ ਹਾਊਸ ਹੀ ਤੋੜ ਦਿੱਤਾ ਔਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਅਪਰ ਹਾਊਸ ਟੁੱਟਣ ਤੋਂ ਬਾਅਦ ਵੀ ਉਨ੍ਹਾਂ ਛੇ ਮਹੀਨੇ ਅਸਤੀਫਾ ਨਹੀਂ ਦਿੱਤਾ। ਮੈਂਬਰ ਵੀ ਨਹੀਂ ਰਹੇ ਪਰ ਉਨ੍ਹਾਂ ਕਿਹਾ ਕਿ ਜਿਤਨਾ ਚਿਰ ਰਹਿ ਸਕਦਾ ਹਾਂ, ਮੈਂ ਫਿਰ ਵੀ ਡਟਿਆ ਹੋਇਆ ਹਾਂ।

**Mr. Speaker** : Please wind up.

**ਸੰਸਦੀ ਮਾਮਲਿਆ ਦੇ ਮੰਤਰੀ**: ਇਸ ਤੋਂ ਇਲਾਵਾ, ਸਪੀਕਰ ਸਾਹਿਬ, ਦੂਸਰੀ ਗੱਲ ਕਰਨੀ ਚਾਹੁੰਦਾ ਹਾਂ ਕਿ ਉਸ ਵਕਤ ਸਰਦਾਰ ਗੁਰਨਾਮ ਸਿੰਘ ਔਰ ਉਦੋਂ ਦੀ ਲੀਡਰਸ਼ਿਪ

Original with;
Punjab Vidhan Sabha
Digitized by;
Panjab Digital Library

[ਸੰਸਦੀ ਮਾਮਲਿਆਂ ਦੇ ਮੰਤਰੀ]

ਜਿਹੜੀ ਸੀ, ਉਨ੍ਹਾਂ ਦੇ ਵੀ ਆਪਸ ਵਿਚ ਤਫਰਕਾਤ ਸਨ। ਉਸ ਦਾ ਨਤੀਜਾ ਵੀ ਜਲਦੀ ਹੀ ਪੰਜਾਬ ਨੇ ਵੇਖ ਲਿਆ ਕਿਉਂਕਿ ਉਹ ਆਪਸ ਵਿਚ ਲੜ ਪਏ। ਕਿਉਂਕਿ ਸਰਦਾਰ ਗੁਰਨਾਮ ਸਿੰਘ ਹੋਰਾਂ ਨੂੰ ਇਹ ਡਰ ਸੀ ਕਿ ਜੇਕਰ ਨਵੀਂ ਇਲੈਕਸ਼ਨ ਆਵੇਗੀ ਅਪਰ ਹਾਊਸ ਦੇ ਮੈਂਬਰਾਂ ਦੀ, ਜੋ ਅਕਾਲੀ ਲੀਡਰਸ਼ਿਪ ਹੈ, ਐਸੇ ਮੈਂਬਰ ਚੁਣੇਗੀ ਜੋ ਉਨ੍ਹਾਂ ਨਾਲ ਸਹਿਮਤ ਨਹੀਂ ਹੋਣਗੇ। ਇਸ ਕਰਕੇ ਪੁਲੀਟੀਕਲੀ ਉਨ੍ਹਾਂ ਨੇ ਚਾਹਿਆ ਕਿ ਹਾਊਸ ਜਿਹੜਾ ਹੈ, ਇਸ ਨੂੰ ਤੋੜਿਆ ਜਾਵੇ। ਇਸ ਤੋਂ ਬਾਦ 1976 ਵਿਚ ਏਸੇ ਸਦਨ ਨੇ ਪਾਸ ਕੀਤਾ। ਇਹ ਠੀਕ ਹੈ ਕਿ ਸੰਨ 1976 ਵਿਚ ਪਾਰਲੀਮੈਂਟ ਭੰਗ ਹੋ ਗਈ, ਅਸੈਂਬਲੀ ਵੀ ਟੁੱਟ ਗਈ ਔਰ ਇਹ ਪਰਸੂ ਨਹੀਂ ਹੋ ਸਕਿਆ ਮਗਰ ਹਾਊਸ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ, ਰਿਕਾਰਡ ਹੈ ਕਿ ਇਹ ਮਤਾ ਪਾਸ ਹੋ ਚੁੱਕਾ ਹੈ, ਕਦੇ ਉਸ ਨੂੰ ਰੀਸਿੰਡ ਨਹੀਂ ਕੀਤਾ ਗਿਆ, ਕਦੇ ਤੋੜਿਆ ਨਹੀਂ ਗਿਆ, ਉਹ ਸਟੈਂਡ ਕਰਦਾ ਹੈ। ਅਸੀਂ ਜੋ ਸੰਨ 1976 ਵਿਚ ਪਾਸ ਕੀਤਾ ਸੀ ਉਸ ਨੂੰ ਦੁਹਰਾਉਂਦੇ ਹਾਂ। ਸਿਰਫ ਇਹ ਕਹਿੰਦੇ ਹਾਂ ਕਿ ਪੰਜਾਬ ਦੇ ਲੋਕਾਂ ਦੇ ਭਲੇ ਵਾਸਤੇ, ਪੰਜਾਬ ਦੇ ਲੋਕਾਂ ਦੇ ਹਿਤ ਵਾਸਤੇ ਔਰ ਖਾਸ ਤੌਰ ਤੇ ਲੈਜਿਸਲੇਟਿਵ ਕੰਮ ਜੋ ਹੈ ਉਸ ਨੂੰ ਚੰਗੇ ਔਰ ਸੁਚੱਜੇ ਢੰਗ ਨਾਲ ਕਰਨ ਵਾਸਤੇ ਇਹ ਅਪਰ ਹਾਊਸ ਹੋਣਾ ਚਾਹੀਦਾ ਹੈ ਔਰ ਅਸੀਂ ਬੜੇ ਪੁਰਜ਼ੋਰ ਸ਼ਬਦਾਂ ਦੇ ਨਾਲ ਇਸ ਦੀ ਮੰਗ ਕਰਦੇ ਹਾਂ।

**ਸ੍ਰੀ ਸਤਨਾਮ ਸਿੰਘ ਕੈਂਥ (ਬੰਗਾ, ਐਸ.ਸੀ.)** : ਮਾਨਯੋਗ ਸਪੀਕਰ ਸਾਹਿਬ, ਇਥੇ ਮਾਨਯੋਗ ਮਨਿਸਟਰ ਸਾਹਿਬ ਨੇ ਜੋ ਵਿਧਾਨ ਪਰੀਸ਼ਦ ਦਾ ਬਿਲ ਇਸ ਨੂੰ ਰੀਵਾਇਵ ਕਰਨ ਲਈ ਪੇਸ਼ ਕੀਤਾ ਹੈ ਔਰ ਉਸ ਲਈ ਜੋ ਦਲੀਲਾਂ ਉਨ੍ਹਾਂ ਨੇ ਦਿੱਤੀਆਂ ਹਨ ਉਨ੍ਹਾਂ ਦਲੀਲਾਂ ਵਿਚ ਕੋਈ ਖਾਸ ਦਮ ਨਜ਼ਰ ਨਹੀਂ ਆਉਂਦਾ ਜਿਸ ਦੇ ਆਧਾਰ ਤੇ ਅਸੀਂ ਇਹ ਕਹਿ ਸਕੀਏ ਕਿ ਵਿਧਾਨ ਪਰੀਸ਼ਦ ਦੋਬਾਰਾ ਰੀਵਾਇਵ ਹੋਣੀ ਚਾਹੀਦੀ ਹੈ। ਕਿਉਂਕਿ ਜਿਥੋਂ ਤਕ ਮਨਿਸਟਰ ਸਾਹਿਬ ਨੇ ਫਾਰੇਨ ਕੰਟਰੀਜ਼ ਦੀਆਂ ਉਦਾਹਰਣਾਂ ਦਿੱਤੀਆਂ ਹਨ, ਜਰਮਨ ਦੀ ਉਦਾਹਰਣ ਦਿੱਤੀ ਹੈ, ਯੂ. ਐਸ. ਏ. ਦੀ ਉਦਾਹਰਣ ਦਿੱਤੀ ਹੈ ਔਰ ਮੈਂ ਸਮਝਦਾ ਹਾਂ ਕਿ ਯੂ. ਐਸ. ਏ. ਵਿਚ ਸਾਡੇ ਸਟੇਟ ਵਰਗੀਆਂ ਪਰੋਵੀਜ਼ਨ ਨਹੀਂ ਹਨ ਜਿਸ ਦੇ ਆਧਾਰ ਤੇ ਅਸੀਂ ਕਹਿ ਸਕੀਏ ਕਿ ਇਥੇ ਵੀ ਵਿਧਾਨ ਪਰੀਸ਼ਦ ਰੀਵਾਇਵ ਹੋਣੀ ਚਾਹੀਦੀ ਹੈ। ਐਸੀ ਕੋਈ ਗੱਲ ਉਸ ਵਿਚ ਨਜ਼ਰ ਨਹੀਂ ਆਉਂਦੀ।

ਜਿਥੋਂ ਤਕ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸਾਡੇ ਹਾਊਸ ਵਿਚ ਬੜੇ ਟੇਲੈਂਟਿਡ ਆਦਮੀ ਆ ਜਾਣਗੇ, ਚੰਗੇ ਟੀਚਰਜ਼ ਆ ਜਾਣਗੇ, ਮੈਂ ਸਮਝਦਾ ਹਾਂ ਕਿ ਟੀਚਰਜ਼ ਤਾਂ ਹੁਣ ਵੀ ਸਾਡੇ ਵਿਚ ਹਨ। ਮਾਸਟਰ ਜਾਗੀਰ ਸਿੰਘ ਜੀ ਵੀ ਇਥੇ ਬੈਠੇ ਹਨ, ਉਹ ਟੀਚਰ ਰਹੇ ਹਨ। ਇਸ ਕਰਕੇ ਮੈਂ ਸਮਝਦਾ ਹਾਂ ਕਿ ਪੰਜਾਬ ਵਿਧਾਨ ਸਭਾ ਵਿਚ ਹੀ ਬਹੁਤ ਟੇਲੈਂਟਿਡ ਆਦਮੀ ਹਨ ਜਿਨ੍ਹਾਂ ਦਾ ਵੱਖ-ਵੱਖ ਫੀਲਡਜ਼ ਵਿਚ ਤਜਰਬਾ ਹੈ ਔਰ ਅੱਗੇ ਵੀ ਇਹ ਪਾਰਟੀਆਂ ਵਿਧਾਨ ਸਭਾ ਦੀਆਂ ਇਲੈਕਸ਼ਨਾਂ ਵਿਚ ਤਜਰਬੇਕਾਰ ਆਦਮੀ ਇਥੇ ਲਿਆ ਸਕਦੀਆਂ ਹਨ ਔਰ ਉਨ੍ਹਾਂ ਦੇ ਤਜਰਬੇ ਦਾ ਫਾਇਦਾ ਉਠਾਇਆ ਜਾ ਸਕਦਾ ਹੈ। ਜਿਥੋਂ ਤਕ ਸਰਦਾਰ ਕਪੂਰ ਸਿੰਘ ਵਰਗੇ ਟੇਲੈਂਟਿਡ ਪਰਸੋਨਲਟੀਜ਼ ਦਾ ਜ਼ਿਕਰ ਕੀਤਾ ਹੈ। ਉਹ ਆਉਣਗੇ ਔਰ ਉਸ ਲਈ ਹੁਣ ਇਹ ਰੈਜ਼ੋਲਿਊਸ਼ਨ ਰਖਿਆ ਹੈ, ਮੈਂ ਸਮਝਦਾ ਹਾਂ ਕਿ ਉਹ ਟੇਲੈਂਟਿਡ ਆਦਮੀ ਇਸ ਹਾਊਸ ਵਿਚ ਵੀ ਆ ਸਕਦੇ ਹਨ। ਫਿਰ ਇਸ ਨਾਲ ਜਿਤਨਾ ਖਰਚ ਵਿਧਾਨ ਸਭਾ ਦਾ ਹੈ ਉਤਨਾ ਹੀ ਖਰਚ ਵਿਧਾਨ ਪਰੀਸ਼ਦ ਦਾ ਵੀ ਹੋ ਜਾਵੇਗਾ। ਅੱਜ ਤੁਹਾਨੂੰ ਪਤਾ ਹੈ ਕਿ ਪੇਂਡੂ ਖੇਤਰ ਵਿਚ ਕਿੰਨੀਆਂ ਜ਼ਰੂਰਤਾਂ ਹਨ, ਅੱਜ ਪਿੰਡਾਂ ਵਿਚ

Original with;
Punjab Vidhan Sabha
Digitized by;
Panjab Digital Library

ਟੀਚਰ ਨਹੀਂ ਮਿਲ ਰਹੇ, ਕਈ ਪਿੰਡਾਂ ਵਿਚ ਸਕੂਲ ਨਹੀਂ, ਡਾਕਟਰ ਅਵੇਲੇਬਲ ਨਹੀਂ। ਹੋਰ ਪਿੰਡਾਂ ਵਿਚ ਕੋਈ ਸਹੂਲਤਾਂ ਅਵੇਲੇਵਲ ਨਹੀਂ ਹਨ। ਸੋ ਸਾਡੀ ਸਰਕਾਰ ਨੂੰ ਪਹਿਲੇ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਕਿ ਲੋਕਾਂ ਦਾ ਭਲਾ ਹੋਵੇ । ਮੈਂ ਸਮਝਦਾ ਹਾਂ ਕਿ ਵਿਧਾਨ ਪਰੀਸ਼ਦ ਰੀਵਾਇਵ ਕਰਕੇ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੋਣਾ ਬਲਕਿ ਇਨ੍ਹਾਂ ਦੇ ਆਪਣੀ ਪਾਰਟੀ ਦੇ ਮੈਂਬਰਜ਼ ਐਡਜਸਟ ਹੋਣਗੇ, ਆਪਣੀ ਪਾਰਟੀ ਨੂੰ ਡੋਮੀਨੇਂਸ ਦੇਣ ਵਾਸਤੇ ਇਹ ਰੈਜ਼ੋਲਿਊਸ਼ਨ ਲਿਆਂਦਾ ਜਾ ਰਿਹਾ ਹੈ। ਆਪਣੀ ਪਾਰਟੀ ਦੇ ਮੈਂਬਰ ਜਿਹੜੇ ਲੋਕਾਂ ਵੱਲੋਂ ਰਿਜੈਕਟ ਹੋ ਗਏ ਹਨ, ਉਨ੍ਹਾਂ ਨੂੰ ਚੋਰ ਰਸਤੇ ਰਾਹੀਂ ਇਸ ਹਾਊਸ ਵਿਚ ਲਿਆਂਦਾ ਜਾ ਰਿਹਾ ਹੈ ਤਾਂਕਿ ਉਨਾਂ ਨੂੰ ਮੈਂਬਰ ਬਣਾਇਆ ਜਾ ਸਕੇ ਇਸ ਤੋਂ ਇਲਾਵਾ ਹੋਰ ਕੋਈ ਖਾਸ ਮਕਸਦ ਨਜ਼ਰ ਨਹੀਂ ਆਉਂਦਾ।

ਜਿਥੋਂ ਤਕ ਇਹ ਕਿਹਾ ਗਿਆ ਹੈ ਕਿ ਵਿਧਾਨ ਪਰੀਸ਼ਦ ਬਿਲਾਂ ਤੇ ਘੋਖ ਕਰੇਗੀ ਲੋਅਰ ਹਾਊਸ ਤੋਂ ਬਾਅਦ ਅਪਰ ਹਾਊਸ ਵਿਚ ਬਿਲ ਆਵੇਗਾ ਤਾਂ ਚੰਗਾ ਵਿਚਾਰ ਕੀਤਾ ਜਾਵੇਗਾ, ਚੰਗੀ ਡਿਸਕਸ਼ਨ ਹੋ ਸਕੇਗੀ, ਮੈਂ ਸਮਝਦਾ ਹਾਂ ਕਿ ਜਿਸ ਵੇਲੇ ਇਸ ਹਾਊਸ ਵੱਲੋਂ ਕੋਈ ਬਿਲ ਪਾਸ ਹੋ ਜਾਂਦਾ ਹੈ ਤਾਂ ਉਸ ਦਾ ਅਪਰ ਹਾਊਸ ਵਿਚ ਜਾਣ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ। ਉਸ ਦੇ ਬਜਾਏ ਇਥੇ ਇਸ ਹਾਊਸ ਵਿਚ ਹੀ ਚੰਗੀ ਡਿਸਕਸ਼ਨ ਕੀਤੀ ਜਾ ਸਕਦੀ ਹੈ। ਸੋ ਇਹ ਜੋ ਰੇਜ਼ੋਲਿਊਸ਼ਨ ਇਸ ਹਾਊਸ ਵਿਚ ਲਿਆਂਦਾ ਗਿਆ ਹੈ, ਅਸੀਂ ਇਸ ਨੂੰ ਪੁਰਜ਼ੋਰ ਕੰਡੈਮ ਕਰਦੇ ਹਾਂ ਇਹ ਚਿੱਟਾ ਹਾਥੀ ਹੈ। ਇਹ ਅਸੈਂਬਲੀ ਵਿਚ ਪੇਸ਼ ਨਹੀਂ ਹੋਣਾ ਚਾਹੀਦਾ ਔਰ ਪੰਜਾਬ ਦੇ ਹਾਲਾਤ ਨੂੰ ਧਿਆਨ ਵਿਚ ਰਖ ਕੇ ਇਸ ਤੇ ਸੀਕਰੇਟ ਵੋਟਿੰਗ ਹੋਣੀ ਚਾਹੀਦੀ ਹੈ ਤਾਂਕਿ ਸਾਰੇ ਮੈਂਬਰਜ਼ ਸਾਹਿਬਾਨ ਆਪਣਾ ਵਿਊ ਇੰਟਰਨਲੀ ਰਖ ਸਕਣ, ਐਕਸਟਰਨਲੀ ਜਿਹੜੇ ਐਕਸਪ੍ਰੈਸ ਨਹੀਂ ਕਰ ਸਕਦੇ ਉਹ ਇੰਟਰਨਲੀ ਆਪਣਾ ਵਿਊ ਰਖ ਸਕਣ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਰੇਜ਼ੋਲਿਊਸ਼ਨ ਦੀ ਫਿਰ ਵਿਰੋਧਤਾ ਕਰਦਾ ਹਾਂ ਅਤੇ ਰਜ਼ਾ ਲੈਂਦਾ ਹੀ। ਜੈ ਭੀਮ, ਜੈ ਭਾਰਤ ।

ਸ੍ਰੀ ਮਦਨ ਮੋਹਨ ਮਿੱਤਲ (ਨੰਗਲ) ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜੋ ਇਹ ਰੇਜ਼ੋਲਿਊਸ਼ਨ ਇਥੇ ਲਿਆਂਦਾ ਹੈ ਕਿ ਵਿਧਾਨ ਪਰੀਸ਼ਦ ਰੀਵਾਇਵ ਕੀਤੀ ਜਾਵੇ, ਮੈਂ ਇਸ ਦੀ ਆਪਣੀ ਪਾਰਟੀ ਵੱਲੋਂ ਵਿਰੋਧਤਾ ਕਰਨ ਵਾਸਤੇ ਖੜਾ ਹੋਇਆ ਹਾਂ। 1968 ਵਿਚ ਇਹ ਰੈਜ਼ੋਲਿਊਸ਼ਨ ਪਾਸ ਹੋਇਆ ਸੀ। ਉਸ ਵੇਲੇ ਇਸ ਅਪਰ ਹਾਊਸ ਨੂੰ ਅਬਾਲਿਸ਼ ਕੀਤਾ ਗਿਆ ਸੀ । ਉਸ ਵਕਤ ਸਰਦਾਰ ਬੇਅੰਤ ਸਿੰਘ ਪਾਇਲ ਹਲਕੇ ਨੂੰ ਰਿਪ੍ਰੀਜ਼ੈਂਟ ਕਰਦੇ ਸੀ। ਇਨ੍ਹਾਂ ਦੇ ਭਾਸ਼ਣ ਦੀ ਮੇਰੇ ਕੋਲ ਫੋਟੋ ਕਾਪੀ ਹੈ। ਇਨ੍ਹਾਂ ਨੇ ਇਸ ਹਾਉਸ ਨੂੰ ਅਬਾਲਿਸ਼ ਕਰਨ ਲਈ ਉਸ ਵਕਤ ਮਤੇ ਦਾ ਸਮਰਥਣ ਕੀਤਾ ਸੀ ਔਰ ਇਨ੍ਹਾਂ ਨੇ ਉਸ ਵਕਤ ਕਿਹਾ ਸੀ ਕਿ ਅਗਰ ਸੈਕੰਡ ਹਾਊਸ ਰਖਦੇ ਹਾਂ (ਵਿਘਨ) (ਸ਼ੋਰ)

ਮੈਂ ਤੁਹਾਡੀ ਗਲ ਦਾ ਜਵਾਬ ਦੇ ਸਕਦਾ ਹਾਂ ਪਰ........

**Mr. Speaker** : I won't allow any interruption from any side. Mittal ji, carry on. No interruption please.

**Shri Madan Mohan Mittal** : ......that would have been derogatory These are the words which the Hon. Chief Minister had said at that time.

ਮੈਂ ਲੀਡਰ ਆਫ ਦੀ ਹਾਊਸ ਬਾਰੇ ਰੈਲੇਵੈਂਟ ਗੱਲ ਹੀ ਕਰਨੀ ਚਾਹੁੰਦਾ ਹਾਂ। ਸੂਰਜਕੁੰਡ ਵਿਚ ਹੀ ਫੈਸਲਾ ਕਰ ਲਿਆ ਕਿ ਪੰਜਾਬ ਵਿਚ ਅਪਰ ਹਾਊਸ ਨੂੰ ਰੀਵਾਈਵ ਕਰਨਾ ਹੈ। ਮੁੱਖ ਮੰਤਰੀ ਸਾਹਿਬ ਅੱਜ ਇਥੇ ਬੈਠੇ ਹਨ । ਉਸ ਵੇਲੇ ਇਨ੍ਹਾਂ ਨੇ ਕਿਹਾ ਸੀ ਕਿ ਇਹ ਸੱਪ ਦੀਆਂ ਦੋ

Original with;
Punjab Vidhan Sabha
Digitized by;
Panjab Digital Library

[ਸ੍ਰੀ ਮਦਨ ਮੋਹਨ ਮਿੱਤਲ]

ਸਿਰੀਆਂ ਹਨ। ਇਸ ਦਾ ਫਜ਼ੂਲ ਦਾ ਖਰਚਾ ਲੋਕਾਂ ਉੱਤੇ ਪੈਂਦਾ ਹੈ। ਜਿਸ ਬਿਲ ਨੂੰ ਲੈਜਿਸਲੇਟਿਵ ਅਸੰਬਲੀ ਪਾਸ ਕਰ ਦਿੰਦੀ ਹੈ ਉਸ ਨੂੰ ਫਿਰ ਅਪਰ ਹਾਊਸ ਪਾਸ ਕਰੇ, ਕੋਈ ਗਲ ਠੀਕ ਨਹੀਂ ਲਗਦੀ। That is only repetition. It goes only for the sake of formality and even if it is rejected by the Upper House, it is sent for the second time and it has to be passed. ਇਨ੍ਹਾਂ ਨੇ ਕਿਹਾ ਸੀ ਇਹ ਮਿਸਚੀਵੀਅਸ ਅੱਪਰ ਹਾਊਸ ਹੈ। It is a mischievous Upper House. ਇਸ ਨੂੰ ਇਨ੍ਹਾਂ ਓਵਰ ਨਾਈਟ ਕਿਸ ਤਰ੍ਹਾਂ ਚੇਂਜ ਕਰ ਲਿਆ ਅਤੇ ਚਾਣਨ ਹੋ ਗਿਆ ਕਿ ਪੰਜਾਬ ਸਰਕਾਰ ਨੂੰ ਇਸ ਅੱਪਰ ਹਾਊਸ ਦੀ ਲੋੜ ਹੈ। 5 ਤਾਰੀਖ ਨੂੰ ਸੂਰਜਕੁੰਡ ਵਿਚ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਿਚ ਬਹੁਤ ਸਾਰੇ ਹਿੰਦੁਸਤਾਨ ਦੇ ਲੀਡਰਾਂ ਨੇ ਮੀਟਿੰਗ ਵਿਚ ਹਿੱਸਾ ਲਿਆ। ਜਿਸ ਵਿਚ ਪੰਜਾਬ ਦੇ ਮੁੱਖ ਮੰਤਰੀ ਵੀ ਸ਼ਾਮਲ ਹੋਏ ਅਤੇ ਇਸ ਗੱਲ ਦਾ ਉਥੇ ਮੀਟਿੰਗ ਵਿਚ ਜ਼ੋਰ ਦਿਤਾ ਗਿਆ ਕਿ ਜੋ ਨਾਨ-ਪਲਾਨ ਐਕਸਪੈਂਡੀਚਰਜ਼ ਅਤੇ ਆਸਟੈਰਟੀ ਹੈ, ਉਸ ਨੂੰ ਖਤਮ ਕਰਨ ਦੀ ਲੋੜ ਹੈ ਅਤੇ ਡਿਫਰੈਂਟ ਟਰੇਡ ਯੂਨੀਅਨ ਅਤੇ ਟਰੇਡ ਲੀਡਰਜ਼ ਦੇ ਨਾਲ ਵਿਚਾਰ ਵਟਾਂਦਰਾ ਕਰਕੇ ਇਸ ਦਾ ਰਸਤਾ ਨਿਕਾਲਿਆ ਜਾਵੇ। ਪਰ ਇਹ ਸਾਰੀ ਸੋਚ ਰਸਤੇ ਵਿਚ ਕਿਸ ਤਰ੍ਹਾਂ ਇਵੈਪੋਰੇਟ ਹੋ ਗਈ ਔਰ 6 ਤਾਰੀਖ ਨੂੰ 2 ਵਜੇ ਹਾਊਸ ਵਿਚ ਇਸ ਦੀ ਕਾਪੀ ਆ ਗਈ। ਇਹ 6 ਤਾਰੀਖ ਦੀ ਕਾਪੀ ਪ੍ਰਿੰਟ ਹੋਈ ਸੀ, ਅਗਰ ਇਹ ਕਾਪੀ ਪਹਿਲੇ ਪ੍ਰਿੰਟ ਹੋਈ ਹੁੰਦੀ ਤਾਂ ਕਹਿ ਸਕਦੇ ਸੀ ਕਿ ਸ਼ਾਇਦ ਚੀਫ ਮਨਿਸਟਰ ਸਾਹਿਬ ਨੂੰ ਕਾਪੀ ਵੇਖਣ ਦਾ ਮੌਕਾ ਨਹੀਂ ਮਿਲਿਆ ਹੋਵੇਗਾ। It did not come under his view, therefore, he could not check it. ਖਰਚੇ ਨੂੰ ਘਟਾਉਣ ਲਈ ਸਰਕਾਰ ਮੁਲਾਜ਼ਮਾਂ ਦੇ ਡੀ.ਏ. ਨੂੰ ਫਰੀਜ਼ ਕਰਨ ਵਾਸਤੇ ਸੋਚ ਰਹੀ ਹੈ ਪਰ ਦੂਜੇ ਪਾਸੇ ਇਹ ਅੱਪਰ ਹਾਊਸ ਨੂੰ ਕਰੀਏਟ ਕਰਨ ਲਈ ਖਰਚਾ ਵਧਾ ਰਹੇ ਹਨ। ਇਸ ਅਪਰ ਹਾਊਸ ਨੂੰ ਬਣਾ ਕੇ ਇਕ ਫਲਡ ਗੇਟ ਉਨ੍ਹਾਂ ਲੋਕਾਂ ਦੇ ਲਈ ਖੋਲ ਰਹੇ ਹਨ ਜਿਨ੍ਹਾਂ ਨੂੰ ਲੋਕਾਂ ਨੇ ਵੋਟਾਂ ਦੇ ਰਾਹੀਂ ਰਿਜੈਕਟ ਕੀਤਾ ਹੋਵੇਗਾ। Those who have been rejected by the people when they went to get people's verdict. It cannot be justified.

ਇਥੇ ਇਨ੍ਹਾਂ ਨੇ ਕਈ ਜੂਰਿਸਟ ਦੀਆਂ ਗੱਲਾਂ ਕੀਤੀਆਂ ਹਨ ਅਤੇ ਕਿਹਾ ਹੈ ਕਿ ਇਹ ਹਾਊਸ ਸਟੇਟ ਹਾਊਸ ਹੋਵੇਗਾ। ਇਸ ਤਰ੍ਹਾਂ ਸਾਡੀ ਰਾਜ ਸਭਾ ਦੀ ਚਰਚਾ ਇਥੇ ਨਹੀਂ ਹੋ ਰਹੀ। ਅਗਰ ਪੰਜਾਬ ਵਿਚ ਲੈਜਿਸਲੇਟਿਵ ਕੌਂਸਲ ਦੀ ਜ਼ਰੂਰਤ ਹੁੰਦੀ ਤਾਂ ਮੈਂ ਇਸ ਨੂੰ ਅਪੋਜ਼ ਨਾ ਕਰਦਾ। ਜਿਸ ਤਰ੍ਹਾਂ ਇਥੇ ਹਾਊਸ ਵਿਚ ਕਲ੍ਹ 6 ਬਿਲਾਂ ਨੂੰ ਜਲਦੀ ਜਲਦੀ ਵਿਚ ਪਾਸ ਕਰ ਦਿੱਤਾ ਅਤੇ ਅੱਜ ਹਾਊਸ ਵਧਾਉਣ ਲਈ ਕਿਹਾ ਹੈ, ਪਰ ਇਨ੍ਹਾਂ ਨੇ ਐਡਜਰਨਮੈਂਟ ਮੋਸ਼ਨ ਨਹੀਂ ਮੰਨੀ ਹੈ। ਇਨ੍ਹਾਂ ਨੇ ਜਰਮਨ ਦੀ ਮਿਸਾਲ ਦਿੱਤੀ ਕਿ ਉਥੇ ਦੋ ਵਾਰ ਹਾਊਸ ਮੀਟ ਕਰਦਾ ਹੈ। ਅਸੀਂ ਵੀ ਤਿਆਰ ਹਾਂ ਅਗਰ ਤੁਸੀਂ ਮਾਸਟਰ ਜੀ ਨੂੰ ਬੈਸਾਂ ਲਗਾਉਣ ਲਈ ਕਹਿ ਦੇਵੋ ਅਤੇ ਸ਼ਮਸ਼ੇਰ ਸਿੰਘ ਨੂੰ ਕਹਿ ਦਿਉ। ਘੁਮ ਘੁਮਾ ਕੇ ਫਿਰ ਇਥੇ ਆ ਜਾਵੇਗਾ। ਸਾਨੂੰ ਦੁਬਾਰਾ ਮੀਟ ਕਰਨ ਵਿਚ ਕੋਈ ਇਤਰਾਜ਼ ਨਹੀਂ ਹੈ। ਪੰਜਾਬ ਦੇ ਬਜਟ ਵਿਚ ਬਹੁਤ ਘਾਟਾ ਹੈ। ਕੇਂਦਰ ਤੋਂ ਸਾਨੂੰ ਮਦਦ ਮਿਲ ਨਹੀਂ ਰਹੀ ਅਤੇ ਪੰਜਾਬ ਵਿਚ ਆਤੰਕਵਾਦ ਉੱਤੇ ਕਾਫੀ ਖਰਚਾ ਹੋ ਰਿਹਾ ਹੈ। ਇਹ ਅਪਰ ਹਾਊਸ ਇਕ ਵਾਈਟ ਐਲੀਫੈਂਟ ਹੈ। ਇਸ ਕਰਕੇ ਮੈਂ ਇਸ ਮਤੇ ਦਾ ਵਿਰੋਧ ਕਰਦਾ ਹਾਂ। ਇਸ ਨੂੰ ਪਾਸ ਨਾ ਕੀਤਾ ਜਾਵੇ।

ਸਪੀਕਰ ਸਾਹਿਬ, ਇਸ ਗੱਲ ਦੀਆਂ ਬੜੀਆਂ ਦਲੀਲਾਂ ਦਿੱਤੀਆਂ ਗਈਆਂ ਅਤੇ ਜੂਰਿਸਟ ਦੀ ਹੱਟ ਕੀਤੇ ਔਰ ਇਹ ਸਭ ਦੀ ਜਾਣਕਾਰੀ ਵਿਚ ਹੈ ਕਿ ਹਾਊਸ ਆਫ ਲਾਰਡਜ਼ ਐਂਡ ਹਾਊਸ

Original with;
Punjab Vidhan Sabha
Digitized by;
Panjab Digital Library

ਆਫ ਕਾਮਨਜ਼ ਇੰਗਲੈਂਡ ਵਿਚ ਬਣੀ ਅਤੇ ਉਹ ਕਈ ਵਾਰ ਅਬਾਲਿਸ਼ ਹੋਏ ਅਤੇ ਫਿਰ ਬਣੇ। ਜਿਸ ਪਾਰਟੀ ਦੀ ਮਜਾਰਿਟੀ ਸੀ ਉਸ ਨਾਲ ਚੇਂਜ ਆਈ। ਸਪੀਕਰ ਸਾਹਿਬ, ਮੈਂ ਨਿਵੇਦਨ ਕਰਨਾ ਚਾਹੁੰਦਾ ਹਾਂ ਕਿ ਸੈਕੰਡ ਰਾਊਂਡ ਟੇਬਲ ਕਾਨਫਰੰਸ ਵੇਲੇ......(ਵਿਘਨ) ਮਹਾਤਮਾਂ ਗਾਂਧੀ ਜੀ ਨੇ ਕਦੇ ਵੀ ਨਹੀਂ ਕਿਹਾ ਕਿ ਸੈਕਿੰਡ ਹਾਊਸ ਬਣਾਇਆ ਜਾਵੇ ਸਗੋਂ ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ ਸੀ। ਮੈਂ ਇਸ ਦੇ ਨਾਲ ਇੱਕ ਹੋਰ ਵੀ ਅਰਜ ਕਰਨੀ ਚਾਹੁੰਦਾ ਹਾਂ ਕਿ ਅਗਰ ਇੰਗਲੈਂਡ ਵਿਚ ਹਾਊਸ ਆਫ ਲਾਰਡਜ਼ ਹੈ ਔਰ ਡੈਮੋਕਰੇਸੀ ਫਿਊਡਲ ਸਿਸਟਮ ਤੋਂ ਆਈ ਹੈ, ਉਥੇ ਕਿੰਗਸ਼ਿਪ ਹਾਲੇ ਵੀ ਕਾਇਮ ਹੈ। ਪਰ ਸਾਡੇ ਨਹੀਂ ਹੈ। ਫਿਰ ਕਾਂਗਰਸ ਪਾਰਟੀ ਨੇ ਪਾਰਲੀਮੈਂਟਰੀ ਸਿਸਟਮ ਆਫ ਡੈਮੋਕਰੇਸੀ ਵਿਚ ਕਿਸੇ ਹੱਦ ਤਕ ਇੰਗਲੈਂਡ ਨੂੰ ਫਾਲੋ ਕੀਤਾ ਹੈ। ਇਹ ਮਦਰ ਆਫ ਪਾਰਲੀਮੈਂਟ ਸਿਸਟਮ ਕਿਹਾ ਜਾਂਦਾ ਹੈ। ਇੰਗਲੈਂਡ ਦੀਆਂ ਸਾਰੀਆਂ ਚੀਜਾਂ ਨੂੰ ਅਸੀਂ ਫਾਲੋ ਨਹੀਂ ਕੀਤਾ। ਉਨ੍ਹਾਂ ਨੇ ਹਾਊਸ ਆਫ ਲਾਰਡਜ਼ ਨੂੰ ਇਸ ਕਰਕੇ ਰਖਿਆ Because they are following Kingship and Convention ਇਸ ਲਈ ਉਥੇ ਹਾਊਸ ਆਫ ਲਾਰਡਜ਼ ਰਖਿਆ ਗਿਆ ਹੈ। ਇਥੇ ਪੰਜਾਬ ਵਿਚ ਇਸ ਦੀ ਲੋੜ ਨਹੀਂ ਹੈ, ਕਿਉਂਕਿ ਪੰਜਾਬ ਦੇ ਬਜਟ ਤੇ ਇਸ ਦਾ ਬੋਝ ਪਵੇਗਾ। ਇਕ ਵਿਧਾਨਕਾਰ ਦੀ ਰਖਵਾਲੀ ਵਾਸਤੇ ਉਸ ਨੂੰ ਮੈਨਟੇਨ ਕਰਨ ਵਾਸਤੇ ਪੰਜਾਬ ਸਰਕਾਰ ਦਾ ਇਕ ਲੱਖ ਰੁਪਿਆ ਖਰਚ ਆਉਂਦਾ ਹੈ। ਇਸ 1 ਲੱਖ ਰੁਪਏ ਵਿਚੋਂ 2-4 ਹਜ਼ਾਰ ਰੁਪਏ ਘੱਟ ਵੱਧ ਹੋ ਸਕਦਾ ਹੈ। ਪੰਜਾਬ ਵਿਧਾਨ ਪਰਿਸ਼ਦ ਦੇ 40 ਮੈਂਬਰ ਹੋਣਗੇ। ਇਨ੍ਹਾਂ ਵਿਚੋਂ ਕੁਝ ਮੰਤਰੀ ਵੀ ਹੋਣਗੇ ਅਤੇ ਮੰਤਰੀ ਵੀ ਬਣਾਏ ਜਾਣਗੇ (ਹਾਸਾ) ਇਸਤਰ੍ਹਾਂ ਪੰਜਾਬ ਦੇ ਬਜਟ ਤੇ ਬਹੁਤ ਸਾਰਾ ਖਰਚਾ ਪਵੇਗਾ। ਇਹ ਸਾਰਾ ਅਡੀਸ਼ਨਲ ਖਰਚਾ ਹੋਵੇਗਾ। ਇਹ ਪੰਜਾਬ ਦੇ ਬਜਟ ਤੇ ਬੋਝ ਪਵੇਗਾ। ਸਪੀਕਰ ਸਾਹਿਬ, ਅਕਾਲੀ ਪਾਰਟੀ ਦਾ ਬਾਰ ਬਾਰ ਇਥੇ ਜ਼ਿਕਰ ਕੀਤਾ ਜਾਂਦਾ ਹੈ। ਅਕਾਲੀ ਪਾਰਟੀ ਦੇ ਮੈਂਬਰ ਇਥੇ ਨਹੀਂ ਹਨ। They have not contested the elections. They are not in the field ਅਕਾਲੀ ਪਾਰਟੀ ਨੇ ਪੰਜਾਬ ਦੀਆਂ ਇਲੈਕਸ਼ਨਾਂ ਵਿਚ ਹਿਸਾ ਨਹੀਂ ਲਿਆ। ਸਪੀਕਰ ਸਾਹਿਬ; 1969 ਵਿਚ ਜੋ ਕੁਝ ਹੋਇਆ ਉਸ ਬਾਰੇ ਤੁਹਾਨੂੰ ਪਤਾ ਹੈ ਕਿ ਸਰਦਾਰ ਗੁਰਨਾਮ ਸਿੰਘ ਜੀ ਨੇ ਪੰਜਾਬ ਵਿਧਾਨ ਪਰਿਸ਼ਦ ਨੂੰ ਅਬਾਲਿਸ਼ ਕਰਨ ਲਈ ਹਾਊਸ ਵਿਚ ਰੈਜ਼ੋਲਿਊਸ਼ਨ ਲਿਆਂਦਾ ਅਤੇ ਉਸ ਵੇਲੇ ਪੰਜਾਬ ਦੀ ਜਨਤਾ ਨੇ ਸਪੋਰਟ ਕੀਤੀ ਹੁਣ ਕਾਂਗਰਸ ਪਾਰਟੀ ਨੇ ਜਦੋਂ ਪੰਜਾਬ ਦੀਆਂ ਇਲੈਕਸ਼ਨਾਂ ਲੜੀਆਂ ਤਾਂ ਉਨ੍ਹਾਂ ਦੇ ਚੋਣ ਮੈਨੀਫੈਸਟੋ ਵਿਚ ਵਿਧਾਨ ਪਰੀਸ਼ਦ ਰੀਵਾਈਵ ਕਰਨ ਬਾਰੇ ਨਹੀਂ ਲਿਖਿਆ ਸੀ। It is afterwards, you have thought of it.

ਮੈਂ ਸਪੀਕਰ ਸਾਹਿਬ, ਨਿਵੇਦਨ ਕਰਨਾ ਚਾਹੁੰਦਾ ਹਾਂ ਕਿ 1976 ਵਿਚ ਜੋ ਰੈਜ਼ੋਲਿਊਸ਼ਨ ਪਾਸ ਹੋਇਆ ਸੀ ਉਹ ਗਲਤੀ ਦੇ ਨਾਲ ਪਾਸ ਹੋ ਗਿਆ। Two wrongs cannot make one correct. ਅਗਰ ਦੋਬਾਰਾ ਇਹ ਬਿਲ 1976 ਵਿਚ ਪਾਸ ਹੋ ਗਿਆ ਤਾਂ that was a period of emergency ਉਸ ਵੇਲੇ ਐਮਰਜੈਂਸੀ ਸੀ ਔਰ ਇਕ ਸਾਲ ਵਾਸਤੇ ਵਿਧਾਨ ਸਭਾ ਦੀ ਮਿਆਦ ਵੀ ਵਧਾ ਦਿਤੀ ਗਈ ਸੀ। ਕਾਂਸਟੀਚਿਊਸ਼ਨ ਵਿਚ ਅਮੈਂਡਮੈਂਟ ਹੋ ਗਈ ਸੀ। ਐਮਰਜੈਂਸੀ ਕਰਕੇ ਕੋਈ ਕਿਤੇ ਅਪੀਲ ਨਹੀਂ ਸੀ ਹੋ ਸਕਦੀ ਅਤੇ ਨਾ ਹੀ ਕੋਰਟ ਵਗੈਰਾ ਵਿਚ ਚੈਲਿੰਜ ਕਰ ਸਕਦਾ ਸੀ। ਕੀ ਤੁਸੀਂ ਉਸ ਪ੍ਰੀਸੀਡੈਂਟ ਨੂੰ ਫਾਲੋ ਕਰ ਰਹੇ ਹੋ। ਇਹ 1976 ਦੇ ਇਤਿਹਾਸ ਨੂੰ ਦੋਬਾਰਾ ਦੋਹਰਾਉਣ ਦੀ ਜ਼ਰੂਰਤ ਨਹੀਂ ਹੈ। ਸਰਦਾਰ ਗੁਰਨਾਮ ਸਿੰਘ ਜੀ ਨੇ ਜਲਦਬਾਜ਼ੀ ਵਿਚ ਕਰ ਦਿਤਾ ਸਰਦਾਰ ਗੁਰਨਾਮ ਸਿੰਘ ਨੂੰ ਅਡਾਪਟ ਇਨ੍ਹਾਂ ਨੇ ਕੀਤਾ, ਕਾਂਗਰਸ ਪਾਰਟੀ ਨੇ ਅਡਾਪਟ ਕੀਤਾ। ਉਹ

Original with;
Punjab Vidhan Sabha
Digitized by;
Panjab Digital Library

[ਸ੍ਰੀ ਮਦਨ ਮੋਹਨ ਮਿੱਤਲ]

ਤੁਹਾਨੂੰ ਛੱਡਕੇ ਚਲੇ ਗਏ। ਤੁਹਾਡੇ ਸਾਥੀ ਤੁਹਾਨੂੰ ਛੱਡ ਕੇ ਚਲੇ ਗਏ। ਸਪੀਕਰ ਸਾਹਿਬ, ਇਹ ਜੋ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ, ਇਸ ਨੂੰ ਪਾਸ ਨਾਂ ਕੀਤਾ ਜਾਵੇ। ਇਹ ਪੈਸਾ ਜੋ ਇਸ ਤੇ ਖਰਚ ਹੋਵੇਗਾ ਉਹ ਕਿਸਾਨਾਂ ਦੇ ਭਲੇ ਵਾਸਤੇ ਖਰਚ ਕੀਤਾ ਜਾਵੇ ਆਮ ਆਦਮੀ ਨੂੰ ਘੱਟ ਕੀਮਤ ਤੇ ਚੀਜ਼ਾਂ ਦਿਤੀਆਂ ਜਾਣ। ਹੋਰ ਹੈਲਥ ਸਰਵਿਸਿਜ਼ ਹਨ। There are many things which can be improved ਔਰ ਜਿਹੜੀ ਇੰਪਲਾਈਜ਼ ਵਿਚ ਡਿਸਸੈਟਿਸਫੈਕਸ਼ਨ ਹੈ ਉਸ ਨੂੰ ਰੀਮੂਵ ਕੀਤਾ ਜਾਵੇ। ਮੈਂ ਸਮਝਦਾ ਹਾਂ ਕਿ ਇਸ ਨਾਲ ਮਸਲਾ ਅੱਛਾ ਹੱਲ ਹੋਵੇਗਾ। ਪੰਜਾਬ ਦੀ ਜਨਤਾ ਇਸ ਗੱਲ ਤੇ ਤੇ ਵਧਾਈ ਦੇਵੇਗੀ ਜੇ ਇਹ ਰੈਜ਼ੋਲਿਊਸ਼ਨ ਵਾਪਿਸ ਲੈ ਲੈਣ ਪਰ ਪਾਸ ਕਰਨ ਨਾਲ ਵਧਾਈ ਨਹੀਂ ਦੇਵੇਗੀ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ

**ਕਾਮਰੇਡ ਹਰਦੇਵ ਸਿਘ ਅਰਸ਼ੀ (ਬੁਢਲਾਡਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਆਪਣੇ ਗਰੁਪ ਵੱਲੋਂ ਬਹੁਤ ਹੀ ਸਖਤ ਸ਼ਬਦਾਂ ਵਿਚ ਇਸ ਰੈਜ਼ੋਲਿਊਸ਼ਨ ਦੀ ਵਿਰੋਧਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਮੇਰੀ ਪਾਰਟੀ ਦਾ ਸ਼ੁਰੂ ਤੋਂ ਖਾਸ ਕਰ ਉਨ੍ਹਾਂ ਦਿਨਾਂ ਵਿਚ ਜਦੋਂ ਸਾਡੇ ਵੀ ਕੁਝ ਰੀਪਰੇਜ਼ੈਂਟੇਟਿਵ ਬੜੇ ਨੌਨ ਸਨ ਔਰ ਐਜ਼ ਪਾਰਲੀਆ ਮੈਂਟੇਰੀਅਨ ਲੈਜਿਸਲੇਚਰ ਕੌਂਸਲ ਵਿਚ ਬਿਰਾਜਮਾਨ ਹੁੰਦੇ ਸੀ ਉਹ ਉਦੋਂ ਵੀ ਵਿਰੋਧ ਕਰਦੇ ਸੀ। ਅੱਜ ਵੀ ਉਹ ਆਪਣੇ ਉਸ ਪਲੇਟ ਫਾਰਮ ਤੋਂ, ਔਰ ਸ਼ੁਰੂ ਤੋਂ ਬਾਹਰ ਪਬਲਿਕ ਵਿਚ ਪਲੇਟ ਫਾਰਮ ਤੇ, ਔਰ ਇਸ ਹਾਊਸ ਵਿਚ ਵੀ ਲਗਾਤਾਰ ਮੰਗ ਕਰਦੇ ਰਹੇ ਸੀ ਕਿ ਇਸ ਵਿਧਾਨ ਪਰਿਸ਼ਦ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਕਿ ਇਹ ਚਿੱਟਾ ਹਾਥੀ ਹੈ। ਇਹ ਪਬਲਿਕ ਦੀ ਕੋਈ ਸਰਵਿਸ ਨਹੀਂ ਕਰ ਰਿਹਾ। ਜਿਸ ਵੇਲੇ ਇਹ ਰੈਜ਼ੋਲਿਊਸ਼ਨ ਇਥੇ ਲਿਆਂਦਾ ਗਿਆ 24-4-1969 ਨੂੰ ਔਰ ਜਿਸ ਦਾ ਕੇਵਲ ਕਾਂਗਰਸ ਪਾਰਟੀ ਨੂੰ ਛਡਕੇ ਜਿਹੜਾ ਕਿ ਮੈਂ ਸਮਝਦਾ ਹਾਂ ਕਿ ਮੋਰਲੀ ਕਮਜ਼ੋਰ ਸੀ ਮੋਰਲ ਵੋਟਾਂ ਦੀ ਵੀ ਮੰਗ ਨਹੀਂ ਕੀਤੀ ਅਤੇ ਸਦਨ ਵਿਚੋਂ ਵਾਕ ਆਊਟ ਕਰਕੇ ਹੀ ਚਲੇ ਗਏ ਸੀ। ਫਿਰ ਇਹ ਰੈਜ਼ੋਲਿਊਸ਼ਨ ਪਾਸ ਕੀਤਾ ਗਿਆ ਸੀ ਔਰ ਜਿਹੜੀਆਂ ਦਲੀਲਾਂ ਇਥੇ ਸਾਡੇ ਮਾਨਯੋਗ ਪਾਰਲੀਮੈਂਟੇਰੀਅਨ ਮਾਮਲਿਆਂ ਦੇ ਮੰਤਰੀ ਜੀ ਨੇ ਦਿਤੀਆਂ ਹਨ ਅਤੇ ਜੋ ਲੌਜਿਕ ਪੇਸ਼ ਕੀਤਾ ਹੈ, ਉਸ ਦੇ ਵਿਚ ਇਹ ਗਲ ਨਹੀਂ ਕਹਿਣੀ ਚਾਹੀਦੀ ਸੀ ਕਿ ਕੇਵਲ ਇਕ ਅਕਾਲੀ ਪਾਰਟੀ ਦਾ ਵਿਸ਼ੇਸ਼ ਇਨਟਰਨਲ ਝਗੜਾ ਸੀ ਜਿਸ ਕਰਕੇ ਕੌਂਸਲ ਤੋੜਨ ਦਾ ਮਤ ਪਾਸ ਕੀਤਾ ਗਿਆ। ਉਸਦੀ ਰੌਸ਼ਨੀ ਵਿੱਚ ਅਪਰ ਹਾਊਸ ਨੂੰ ਅਬੋਲਿਸ਼ ਕਰਨ ਵਾਸਤੇ ਰੈਜ਼ੋਲਿਊਸ਼ਨ ਆਇਆ। ਉਸ ਵਕਤ ਉਸ ਬਹਿਸ ਵਿੱਚ ਬੀ.ਜੇ.ਪੀ., ਸੀ.ਪੀ.ਆਈ. ਅਤੇ ਸੀ.ਪੀ.ਐਮ ਵੀ ਸ਼ਾਮਿਲ ਸੀ। ਜਿਨ੍ਹਾਂ ਨੇ ਮਤੇ ਦੀ ਹਮਾਇਤ ਕੀਤੀ ਸੀ ਅਤੇ ਮੈਨੂੰ ਇਹ ਦੱਸਣ ਵਿੱਚ ਖੁਸ਼ੀ ਹੈ ਕਿ ਸਾਡੇ ਮੁੱਖ ਮੰਤਰੀ ਜੀ, ਸਰਦਾਰ ਬੇਅੰਤ ਸਿਘ, ਜਿਨ੍ਹਾਂ ਦਾ ਅਸੀਂ ਬਹੁਤ ਸਤਿਕਾਰ ਕਰਦੇ ਹਾਂ, ਇਹ ਵੀ ਉਸ ਵਕਤ ਬਤੌਰ ਇੰਡੀਪੈਂਡੈਂਟ ਮੈਂਬਰ ਹਾਜ਼ਰ ਸਨ। ਬਹਿਸ ਹੋਈ, ਬੜੀਆਂ ਠੋਸ ਅਤੇ ਵਜ਼ਨਦਾਰ ਦਲੀਲਾਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀ ਰੋਸ਼ਨੀ ਵਿੱਚ ਅੱਪਰ ਹਾਊਸ ਨੂੰ ਖਤਮ ਕਰਨ ਦਾ ਰੈਜ਼ੋਲਿਊਸ਼ਨ ਪਾਸ ਹੋਇਆ ਸੀ। ਪਰ ਅੱਜ ਮੈਨੂੰ ਅਫਸੋਸ ਹੋ ਰਿਹਾ ਹੈ ਕਿ ਮੁੱਖ ਮੰਤਰੀ ਜੀ ਆਪ ਆਪਣੀ ਪੁਜੀਸ਼ਨ ਨੂੰ ਧਿਆਨ ਵਿੱਚ ਰਖੇ ਬਿਨਾਂ ਇਹ ਰੈਜ਼ੋਲਿਊਸ਼ਨ ਲਿਆਏ ਹਨ। ਮੈਂ ਨਹੀਂ ਸਮਝ ਸਕਦਾ ਕਿ ਇਹ ਕਿਸ ਲੌਜਿਕ ਥੱਲੇ ਲਿਆਂਦਾ ਗਿਆ ਹੈ। ਜਦ ਕਿ 1969 ਵਿੱਚ ਅਸੀਂ ਨਹੀਂ ਕਹਿ ਸਕਦੇ ਕਿ ਪੰਜਾਬ ਵਿੱਚ ਕੋਈ ਆਰਥਿਕ ਕਰਾਈਸਿਜ਼ ਸੀ। ਕੋਈ ਲਾਅ ਐਂਡ ਆਰਡਰ ਮਾੜਾ ਸੀ। ਸਟੇਟ ਸਮੂਥਲੀ ਚਲ ਰਹੀ ਸੀ। ਸਾਡੇ ਆਪਸ ਵਿਚ ਬੇਸ਼ਕ ਵਖੋ-ਵੱਖ ਪੁਲੀਟੀਕਲ ਡਿਫਰੈਂਸਿਜ਼ ਹੋ ਸਕਦੇ ਸੀ। ਉਹ ਅਲੱਗ ਗੱਲ ਹੈ। ਪਰ ਅੱਜ ਪਿਛਲੇ 10 ਸਾਲਾਂ ਤੋਂ ਸਟੇਟ ਲਗਾਤਾਰ ਡਿਸਟਰਬਡ ਚਲੀਆ ਖਣ ਰੇ ਰਹੀ ਹੈ, ਸਾਡੇ ਕੋਲ

Original with;
Punjab Vidhan Sabha
Digitized by;
Panjab Digital Library

ਆਮਦਨ ਦੇ ਸਾਧਨ ਘੱਟ ਗਏ ਹਨ ਫੇਰ ਇਹ ਚਿੱਟੇ ਹਾਥੀ ਲੋਕਾਂ ਦੇ ਸਿਰ ਤੇ ਖੜਾ ਕਰ ਦੇਣ ਅਤੇ ਕਰੋੜਾਂ ਰੁਪਏ ਜਿਸ ਤੇ ਖਰਚ ਹੋਣਗੇ, ਅਸੀਂ ਇਸ ਗੱਲ ਦਾ ਪਬਲਿਕ ਵਿੱਚ ਜਵਾਬ ਦੇਣ ਯੋਗ ਨਹੀਂ ਰਹਿ ਸਕਾਂਗੇ। ਉਸ ਵੇਲੇ ਸਰਦਾਰ ਬੇਅੰਤ ਸਿੰਘ ਨੇ ਠੀਕ ਕਿਹਾ ਸੀ ਅਤੇ ਵਧਾਈ ਦਿੱਤੀ ਸੀ ਕਿ ਮੈਨੂੰ ਆਸ ਨਹੀਂ ਸੀ ਕਿ ਤੁਸੀਂ ਏਡਾ ਵੱਡਾ ਪਬਲਿਕ ਹਿੱਤ ਦਾ ਰੈਜ਼ੋਲਿਊਸ਼ਨ ਲਿਆ ਵੀ ਸਕੋਗੇ ਇਨ੍ਹਾਂ ਨੇ ਸਰਦਾਰ ਗੁਰਨਾਮ ਸਿੰਘ ਹੋਰਾਂ ਨੂੰ ਵਧਾਈ ਦੇਂਦਿਆ ਕਿਹਾ ਸੀ ਕਿ ਅਸਲ ਵਿੱਚ ਲੋਕਾਂ ਦੇ ਇਲੈਕਟਿਡ ਪ੍ਰਤੀਨਿਧ ਤਾਂ ਅਸੀਂ ਹਾਂ ਜੋ ਵਖੋ-ਵੱਖ ਕਾਂਸਟੀਚੂਐਂਸੀਆਂ ਤੋਂ ਆਉਂਦੇ ਹਾਂ। ਇਹ ਅੱਪਰ ਹਾਊਸ ਵਾਲੇ ਤਾਂ ਕੋਈ ਵਿਸ਼ੇਸ਼ ਕੰਮ ਨਹੀਂ ਕਰਦੇ। ਮੱਖੀ ਤੇ ਮੱਖੀ ਮਾਰਨਾ ਹੀ ਉਨ੍ਹਾਂ ਦਾ ਕੰਮ ਹੈ। ਇਹ ਇਨ੍ਹਾਂ ਦੇ ਸ਼ਬਦ ਹਨ। ਇਨ੍ਹਾਂ ਹੋਰ ਕਿਹਾ ਸੀ ਕਿ ਇਹ ਤਾਂ ਉਹੀ ਕੁਝ ਕਰਦੇ ਹਨ ਜੋ ਅਸੀਂ ਪਾਸ ਕਰ ਦੇਂਦੇ ਹਾਂ। ਇਨ੍ਹਾਂ ਨੇ ਫੇਰ ਥੱਲੇ ਐਪਰੀਸ਼ੀਏਟ ਕਰਦਿਆਂ ਇਹ ਵੀ ਕਿਹਾ ਸੀ ਕਿ ਹੁਣ ਅਸੀਂ ਪਬਲਿਕ ਨੂੰ ਜਾ ਕੇ ਦੱਸ ਸਕਾਂਗੇ ਕਿ ਅਸੀਂ ਕਿੰਨੀ ਅਹਿਮੀਅਤ ਵਾਲਾ ਕੰਮ ਕਰਕੇ ਆਏ ਹਾਂ। ਪਰ ਅੱਜ ਜਦ ਕਿ ਪੰਜਾਬ ਵਿੱਚ ਮਾਹੌਲ ਖਰਾਬ ਚਲ ਰਿਹਾ ਹੈ, ਆਰਥਿਕ ਹਾਲਤ ਮਾੜੀ ਚਲ ਰਹੀ ਹੈ ਤਾਂ ਇਹ ਹਾਊਸ ਨੂੰ ਰਿਵਾਈਟ ਕਰਨ ਦਾ ਰੈਜ਼ੋਲਿਊਸ਼ਨ ਲਿਆਉਣਾ ਲੋਕਾਂ ਨਾਲ ਜਸਟਿਸ ਕਰਨ ਵਾਲੀ ਗਲ ਨਹੀਂ ਹੋਵੇਗੀ। ਏਥੇ ਕੁਝ ਦਲੀਲਾਂ ਸਾਡੇ ਪਾਰਲੀਆਮੈਂਟਰੀ ਮਾਮਲਿਆਂ ਦੇ ਮੰਤਰੀ ਜੀ ਨੇ ਦਿੱਤੀਆਂ ਹਨ ਕਿ ਇਸ ਨੂੰ ਰਿਵਾਈਵ ਕਰਕੇ ਬਹੁਤ ਵੱਡੀਆਂ ਪਰਸਨੈਲਿਟੀਜ਼, ਇੰਟਲੈਕਚੂਅਰਜ ਅਤੇ ਬੁੱਧੀਜੀਵੀ, ਜਿਨ੍ਹਾਂ ਦੀਆਂ ਸੇਵਾਵਾਂ ਨੂੰ ਅਸੀਂ ਸਿੱਧੇ ਤੋਰ ਤੇ ਨਹੀਂ ਵਰਤ ਸਕਦੇ, ਇਸ ਹਾਊਸ ਵਿੱਚ ਲਿਆ ਕੇ ਉਨ੍ਹਾਂ ਦੀਆਂ ਸੇਵਾਵਾਂ ਪ੍ਰਾਪਤ ਕਰਾਂਗੇ ਅਤੇ ਇਹ ਹਾਊਸ ਇਸ ਕੰਮ ਲਈ ਕਾਰਗਰ ਸਾਬਤ ਹੋ ਸਕਦਾ ਹੈ। ਇਸ ਸਬੰਧੀ ਮੈਂ ਨਿਮਰਤਾ ਨਾਲ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਹੁਣ ਕੀ ਕਰ ਰਹੇ ਹਾਂ। ਇਹ ਕਟਰਾਡਿਕਟਰੀ ਸਟੇਟਮੈਂਟ ਨਹੀਂ ਦੇਣੀ ਚਾਹੀਦੀ। ਜੋ ਸਾਡੀ ਸਟੇਟ ਦੀ ਪਲਾਨਿਗ ਬੋਰਡ ਹੈ, ਉਸਦੇ ਚੇਅਰਮੈਨ ਸਾਡੇ ਆਨਰੇਬਲ ਸੀ.ਐਮ. ਸਾਹਿਬ ਹੁੰਦੇ ਹਨ। ਪਰ ਉਸਦਾ ਵਾਈਸ-ਚੇਅਰਮੈਨ ਕੋਈ ਟਾਪ-ਮੋਸਟ ਇਕਨਾਮਿਸਟ ਹੁੰਦਾ ਹੈ। ਹੁਣ ਪਲਾਨਿੰਗ ਬੋਰਡ ਵਿੱਚ ਕੀ ਹੋ ਰਿਹਾ ਹੈ। ਕਿਸੇ ਉਘੇ ਅਰਥ-ਸ਼ਾਸਤਰੀ ਦੀਆਂ ਸੇਵਾਵਾਂ, ਕਿਸੇ ਮਾਹਿਰ ਵਿਅਕਤੀ ਦੀਆਂ ਜਿਨ੍ਹਾਂ ਦੀਆਂ ਸੇਵਾਵਾਂ ਅਸੀਂ ਅੱਜ ਵੀ ਲੈ ਸਕਦੇ ਹਾਂ, ਕਿਉਂ ਨਹੀਂ ਲਈਆਂ ਜਾ ਰਹੀਆਂ। ਘਟੋ-ਘੱਟ ਕੰਟਰਾਡਿਕਟਰੀ ਸਟੇਟਮੈਂਟਾਂ ਤਾਂ ਨਾ ਦਿਉ। ਕਿਹਾ ਗਿਆ ਕਿ ਉਸ ਹਾਊਸ ਵਿੱਚ ਬੜੇ ਬੁੱਧੀਜੀਵੀ ਲੋਕ ਆਉਣਗੇ ਜਿਹੜੇ ਸਟੇਟ ਦੀ ਤਰੱਕੀ ਵਿੱਚ ਆਪਣਾ ਬੜਾ ਯੋਗਦਾਨ ਦੇ ਸਕਣਗੇ, ਅਸੀਂ ਉਨ੍ਹਾਂ ਦੀਆਂ ਸੇਵਾਵਾਂ ਵਰਤ ਸਕਾਂਗੇ। ਪਰ ਅੱਜ ਕਿਉਂ ਨਹੀਂ ਵਰਤ ਰਹੇ। ਇਹ ਤਾਂ ਇਕ ਆਪਣੀ ਇੰਟਰਨਲ ਪਾਰਟੀ ਦੀ ਖਿੱਚ-ਧੂਹ ਹੈ, ਜਿਸ ਨੂੰ ਸੈਟਲ ਕਰਨ ਵਾਸਤੇ, ਜੇ ਕੋਈ ਇਧਰ ਸੈਟਲ ਨਹੀਂ ਹੋਇਆ, ਉਧਰ ਹੋ ਜਾਵੇਗਾ, ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ। ਕਿਹਾ ਗਿਆ ਕਿ ਕੁਝ ਲੋਕ ਚੋਣਾਂ ਲੜਨਾ ਹੀ ਨਹੀਂ ਚਾਹੁੰਦੇ ਉਹ ਬੜੇ ਹਾਈ-ਕਰੈਕਟਰ ਦੇ ਅਤੇ ਹਾਈ ਕੈਲੀਬਰ ਦੇ ਬੰਦੇ ਹੁੰਦੇ ਹਨ। ਅਤੇ ਉਨ੍ਹਾਂ ਦੀਆਂ ਸੇਵਾਵਾਂ ਬੜੀਆਂ ਉੱਘੀਆਂ ਹਨ, ਉਨ੍ਹਾਂ ਨੂੰ ਅੱਗੇ ਲਿਆਉਣਾ ਹੈ। ਪਰ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਚੋਣਾਂ ਲੜੀਆਂ ਅਤੇ ਲੋਕਾਂ ਨੇ ਉਨ੍ਹਾਂ ਨੂੰ ਰੱਦ ਕਰ ਦਿੱਤਾ, ਉਨ੍ਹਾਂ ਨੂੰ ਐਡਜਸਟ ਕਰਨ ਵਾਸਤੇ ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ। (ਆਪੋਜੀਸ਼ਨ ਬੈਂਚਾਂ ਵੱਲੋਂ ਥੰਪਿੰਗ) ਫਿਰ ਕਿਹਾ ਗਿਆ ਕਿ ਸੰਵਿਧਾਨ ਵਿੱਚ ਪਰੋਵੀਜ਼ਨ ਹੈ ਕਿ ਅੱਪਰ ਹਾਊਸ ਬਣਾ ਸਕਦੇ ਹਾਂ। ਪਰ ਮੈਂ ਕਹਿੰਦਾ ਹਾਂ ਕਿ ਸੰਵਿਧਾਨ ਦੀ ਪਰੋਵੀਜ਼ਨ ਨੂੰ ਮਕੈਨੀਕਲੀ ਲਾਗੂ ਨਾ ਕੀਤਾ ਜਾਵੇ। ਉਸਦੀ ਭਾਵਨਾ ਸਮਝੀ ਜਾਵੇ। ਇਹ ਅਸੀਂ ਸੰਵਿਧਾਨ ਦੀ ਭਾਵਨਾ ਦੇ ਉਲਟ ਕੰਮ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਕਿਸੇ ਬਹੁਤ ਵੱਡੀ ਸਟੇਟ ਲਈ ਤਾਂ ਠੀਕ ਹੈ। ਬਾਕੀ ਜਿਸ ਵੇਲੇ ਏਥੇ ਵੀ ਹਰਿਆਣਾ, ਹਿਮਾਚਲ ਅਤੇ ਪੰਜਾਬ ਇਕੱਠਾ ਸੀ, ਉਸ ਵੇਲੇ ਇਸਨੂੰ ਰੱਖਣ ਦਾ ਤਾਂ ਕੋਈ ਲਾਜਿਕ ਵੀ ਹੋ ਸਕਦਾ ਸੀ। ਹੁਣ ਪੰਜਾਬ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਸੰਗਰੂਰ ਕੇ ਛੋਟਾ ਜਿਹਾ ਰਹੀ ਗਿਆ ਹੈ ਅਤੇ ਅੱਜ ਇਸਦੀ ਆਰਥਿਕ ਹਾਲਤ ਵੀ ਠੀਕ ਨਹੀਂ ਹੈ। ਫੇਰ ਦੋ ਹਾਊਸ ਬਣਾ ਦਿੱਤੇ ਜਾਣ ਤਾਂ ਗੱਲ ਵਿੱਚ ਕੋਈ ਵਜ਼ਨ ਨਹੀਂ ਹੋਵੇਗਾ। ਬਾਕੀ ਆਰਥਿਕ ਸੰਕਟ ਦਾ ਤਾਂ ਮਿੱਤਲ ਸਾਹਿਬ ਨੇ ਪਹਿਲਾਂ ਹੀ ਜ਼ਿਕਰ ਕਰ ਦਿੱਤਾ ਹੈ। ਮੈਂ ਸਮਾਂ ਬਚਾਉਣਾ ਚਾਹੁੰਦਾ ਹਾਂ।

ਜੋ ਦੇਸ਼ ਦੀ ਆਰਥਿਕ ਸਥਿਤੀ ਇਸ ਵੇਲੇ ਬਣ ਰਹੀ ਹੈ, ਉਸ ਤੋਂ ਸਾਰਾ ਦੇਸ਼ ਚਿੰਤਤ ਹੈ। ਸਾਰਾ ਮੁਲਕ ਵਰਲਡ ਬੈਂਕ ਦਾ ਕਰਜ਼ਾਈ ਹੈ। ਅਸੀਂ ਬੜੀਆਂ ਮਹਿੰਗੀਆਂ ਦਰਾਂ ਤੋਂ ਉਨ੍ਹਾਂ ਤੋਂ ਕਰਜ਼ਾ ਲੈ ਰਹੇ ਹਾਂ। ਪਤਾ ਨਹੀਂ ਉਹ ਕਰਜ਼ਾ ਅਸੀਂ ਕਿਸ ਤਰ੍ਹਾਂ ਵਾਪਸ ਕਰਾਂਗੇ। ਉਸ ਕਰਜ਼ੇ ਦਾ ਤਾਂ ਸਾਡੇ ਕੋਲੋਂ ਇੰਟਰੈਸਟ ਵੀ ਵਾਪਸ ਨਹੀਂ ਹੋ ਰਿਹਾ। ਉਹ ਇੰਟਰੈਸਟ ਵਾਪਸ ਕਰਨ ਵਾਸਤੇ ਅਸੀਂ ਹੋਰ ਕਰਜ਼ਾ ਲੈ ਰਹੇ ਹਾਂ। ਇਨ੍ਹਾਂ ਹਾਲਾਤ ਵਿਚ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦਾ ਇਕ ਨਵਾਂ ਖਰਚਾ ਖੜ੍ਹਾ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ, ਢੁਕਵਾਂ ਨਹੀਂ ਹੈ। ਆਰਥਿਕ ਸੰਕਟ ਦਾ ਸਾਹਮਣਾ ਕਰਨ ਵਾਸਤੇ ਮੁਲਾਜ਼ਮਾਂ ਦਾ ਗਲਾ ਕੱਟਣ ਦੀਆਂ ਗੱਲਾਂ ਵੀ ਹੋ ਰਹੀਆਂ ਹਨ। ਜਿਹੜੀਆਂ ਅਸ਼ੋਰੈਂਸ ਸਰਕਾਰ ਨੇ ਪਿਛਲੇ ਸਮੇਂ ਵਿਚ ਦਿੱਤੀਆਂ ਸਨ, ਉਹ ਤਾਂ ਪੂਰੀਆਂ ਨਹੀਂ ਹੋ ਰਹੀਆਂ। ਗਰੀਬ ਲੋਕਾਂ ਦੇ ਕਰਜ਼ੇ ਮੁਆਫ ਕਰਨ ਦੀਆਂ ਗੱਲਾਂ ਸਰਕਾਰ ਨੇ ਕੀਤੀਆਂ ਸਨ, ਉਹ ਕਰਜ਼ੇ ਅਜੇ ਤਕ ਮੁਆਫ ਨਹੀਂ ਕੀਤੇ ਜਾ ਸਕੇ। ਮਹਿੰਗਾਈ ਨੂੰ ਵੀ ਰੋਕਿਆ ਨਹੀਂ ਜਾ ਸਕਿਆ। ਅਗਰ ਇਹੋ ਜਿਹੀਆਂ ਗੱਲਾਂ ਧਿਆਨ ਵਿਚ ਰੱਖ ਲਈਆਂ ਜਾਣ ਤਾਂ ਇਸ ਤਰ੍ਹਾਂ ਦੇ ਡੂੰਘੇ ਆਰਥਿਕ ਸੰਕਟ ਦੇ ਹੁੰਦਿਆਂ ਇਹੋ ਜਿਹਾ ਨਵਾਂ ਖਰਚਾ ਖੜ੍ਹਾ ਕਰਨਾ ਬਿਲਕੁਲ ਠੀਕ ਨਹੀਂ ਹੈ। ਇਸ ਤੋਂ ਇਲਾਵਾ ਜਮਹੂਰੀ ਤਰੀਕੇ ਨਾਲ ਅਤੇ ਸਹੀ ਢੰਗ ਨਾਲ ਤਾਂ ਇਸ ਵਿਧਾਨ ਸਭਾ ਦੀ ਫੰਕਸ਼ਨਿੰਗ ਵੀ ਨਹੀਂ ਹੋ ਰਹੀ। ਇਸ ਦੇ ਇਕ ਸਮਾਗਮ ਤੋਂ ਬਾਦ 6 ਮਹੀਨੇ ਦੇ ਅੰਦਰ ਅੰਦਰ ਦੂਸਰਾ ਸਮਾਗਮ ਬੁਲਾਇਆ ਜਾਣਾ ਜ਼ਰੂਰੀ ਹੈ। ਇਹ ਇਕ ਬੜੀ ਵੱਡੀ ਵਿਧਾਨਿਕ ਮਜ਼ਬੂਰੀ ਹੈ। ਅਗਰ ਇਹ ਮਜ਼ਬੂਰੀ ਨਾ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਸ਼ਾਇਦ ਅਸੀਂ ਬਜਟ ਸੈਸ਼ਨ ਹੀ ਮਸਾਂ ਕਰਿਆ ਕਰਦੇ, ਉਸ ਤੋਂ ਬਾਦ ਹੋਰ ਕੋਈ ਸੈਸ਼ਨ ਸ਼ਾਇਦ ਨਾ ਹੀ ਕਰਦੇ। ਸੋ, ਇਸ ਵਿਧਾਨ ਸਭਾ ਦੀ ਫੰਕਸ਼ਨਿੰਗ ਤਾਂ ਪੂਰੇ ਤੌਰ ਤੇ ਹੋ ਨਹੀਂ ਰਹੀ। ਇਸ ਕਰਕੇ ਮੈਂ ਇਸ ਬਿੱਲ ਦਾ ਬੜਾ ਵਿਰੋਧ ਕਰਦਾ ਹਾਂ। ਇਸ ਬਿੱਲ ਦਾ ਪਾਸ ਨਾ ਕੀਤਾ ਜਾਣਾ ਇਨ੍ਹਾਂ ਰੂਲਿੰਗ ਪਾਰਟੀ ਵਾਲਿਆਂ ਦੇ ਆਪਣੇ ਹਿੱਤ ਵਿਚ ਵੀ ਹੋਵੇਗਾ। ਇਹ ਪਬਲਿਕ ਵਿਚ ਚੰਗੇ ਤਰੀਕੇ ਨਾਲ ਜਾ ਸਕਣਗੇ। ਅਗਰ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਪਬਲਿਕ ਵਿਚ ਇਨ੍ਹਾਂ ਦਾ ਬੜਾ ਵਿਰੋਧ ਹੋਵੇਗਾ। ਜੋ ਇਨ੍ਹਾਂ ਨੇ ਲਾਅ ਐਂਡ ਆਰਡਰ ਦੇ ਮਾਮਲੇ ਵਿਚ ਪ੍ਰਾਪਤੀ ਕੀਤੀ ਹੈ, ਅਸੀਂ ਉਸ ਦੀ ਪੂਰੀ ਸਪੋਰਟ ਕੀਤੀ ਹੈ। ਇਸ ਬਿੱਲ ਦੇ ਲਿਆਉਣ ਨਾਲ ਜਿਹੜੀ ਨੈਗੇਟਿਵ ਅਚੀਵਮੈਂਟ ਕਰਨ ਇਹ ਜਾ ਰਹੇ ਹਨ, ਕ੍ਰਿਪਾ ਕਰਕੇ ਇਹ ਕੰਮ ਨਾ ਕਰਨਾ। ਪਹਿਲਾਂ ਕੀਤੀ ਪ੍ਰਾਪਤੀ ਨੂੰ ਨਾ ਗੁਆਉਣ। ਇਹ ਕੇਵਲ ਸਾਡੀਆਂ ਭਾਵਨਾਵਾਂ ਹੀ ਨਹੀਂ, ਲੋਕਾਂ ਦੀਆਂ ਵੀ ਇਹੀ ਭਾਵਨਾਵਾਂ ਹਨ। ਇਸ ਕਰਕੇ ਇਸ ਬਿੱਲ ਦਾ ਸਖਤ ਸ਼ਬਦਾਂ ਵਿਚ ਵਿਰੋਧ ਕਰਦਾ ਹੋਇਆ ਮੈਂ ਬੇਨਤੀ ਕਰਦਾ ਹਾਂ ਕਿ ਇਹ ਮਤਾ ਵਾਪਸ ਲਿਆ ਜਾਵੇ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** (ਖਡੂਰ ਸਾਹਿਬ, ਐਸ.ਸੀ.): ਸਪੀਕਰ ਸਾਹਿਬ, ਵਿਧਾਨ ਪਰੀਸ਼ਦ ਬਣਾਉਣ ਵਾਸਤੇ ਜਿਹੜਾ ਬਿੱਲ ਇਥੇ ਲਿਆਂਦਾ ਗਿਆ ਹੈ, ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵਲੋਂ ਉਸ ਦਾ ਵਿਰੋਧ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਇਸ ਪਰੀਸ਼ਦ ਨੂੰ 1969 ਵਿਚ ਅਕਾਲੀ ਸਰਕਾਰ ਨੇ ਲੋਕ ਹਿੱਤ ਵਿਚ ਖਤਮ ਕੀਤਾ ਸੀ। ਉਸ ਵੇਲੇ ਇਹ ਉਸ ਅਕਾਲੀ ਸਰਕਾਰ ਦਾ ਕੋਈ ਘਰੇਲੂ ਝਗੜਾ ਨਹੀਂ ਸੀ ਜਿਸ ਕਰਕੇ ਇਸ ਨੂੰ ਖਤਮ ਕੀਤਾ ਗਿਆ ਸੀ, ਬਲਕਿ ਇਸ ਨੂੰ ਲੋਕ ਹਿੱਤ ਵਿਚ ਖਤਮ ਕੀਤਾ ਗਿਆ ਸੀ। ਇਹ ਲੋਕਾਂ ਤੋਂ ਫਾਈਨਾਂਸ਼ਲ ਬੋਝ ਹਟਾਉਣ ਵਾਸਤੇ ਕੀਤਾ ਗਿਆ ਸੀ

Original with;
Punjab Vidhan Sabha
Digitized by;
Panjab Digital Library

ਇਹ ਇਕ ਚਿੱਟਾ ਹਾਥੀ ਹੈ ਜਿਸ ਤੇ ਘਟੋ ਘੱਟ ਇਕ ਕਰੋੜ ਰੁਪਏ ਦਾ ਖਰਚ ਆ ਜਾਣਾ ਹੈ। ਇਕ ਪਾਸੇ ਤਾ ਮੁਲਾਜ਼ਮਾਂ ਨੂੰ ਡੀ.ਏ. ਦੀਆਂ ਕਿਸ਼ਤਾਂ ਦੇਣ ਵਾਸਤੇ ਅਸੀਂ ਕੰਨੀ ਕਤਰਾ ਰਹੇ ਹਾਂ ਕਿ ਸਾਡੇ ਕੋਲ ਫੰਡਜ਼ ਨਹੀਂ ਹਨ ਪਰ ਦੂਸਰੇ ਪਾਸੇ ਇਕ ਨਵਾਂ ਬੋਝ ਅਸੀਂ ਖੜ੍ਹਾ ਕਰ ਰਹੇ ਹਾਂ। ਅਜੇ ਅੱਜ ਹੀ ਅਖਬਾਰਾਂ ਵਿਚ ਇਹ ਖਬਰ ਆਈ ਹੈ ਕਿ ਬਿਜਲੀ ਦੇ ਰੇਟ ਹੋਰ ਵਧਾਏ ਜਾਣਗੇ, ਸਰਕਾਰ ਦਾ ਵਿੱਤੀ ਘਾਟਾ ਪੂਰਾ ਕਰਨ ਵਾਸਤੇ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਸ ਵਿਧਾਨ ਪਰੀਸ਼ਦ ਦੀ ਹੁਣ ਕੀ ਜ਼ਰੂਰਤ ਪੈ ਗਈ ਹੈ ? ਇਥੇ ਮੰਤਰੀ ਜੀ ਨੇ ਦੂਸਰੇ ਦੇਸ਼ਾਂ-ਫਰਾਂਸ ਅਤੇ ਇੰਗਲੈਂਡ ਵਗੈਰਾ ਦੀਆਂ ਉਦਾਹਰਣਾਂ ਤਾਂ ਦਿੱਤੀਆਂ ਹਨ ਪਰ ਚੰਗਾ ਹੁੰਦਾ ਕਿ ਨਾਲ ਲਗਦੇ ਸੂਬਿਆਂ ਦੀਆਂ ਉਦਾਹਰਣਾਂ ਵੀ ਦੇ ਦਿੰਦੇ। ਹਰਿਆਣਾ ਦੀ ਉਦਾਹਰਣ ਦੇ ਦਿੰਦੇ, ਹਿਮਾਚਲ ਪ੍ਰਦੇਸ਼ ਦੀ ਉਦਾਹਰਣ ਦੇ ਦਿੰਦੇ। ਬਾਹਰਲੇ ਮੁਲਕਾਂ ਦੀਆਂ ਉਦਾਹਰਣਾਂ ਤਾਂ ਦੇ ਦਿੱਤੀਆਂ ਹਨ ਜਿਨ੍ਹਾਂ ਦੀ ਇਨਕਮ ਦੇ ਸੋਰਸ ਬਹੁਤ ਜ਼ਿਆਦਾ ਹਨ ਪਰ ਸਾਡੇ ਆਪਣੇ ਮੁਲਕ ਦੀ ਹਾਲਤ ਉਨ੍ਹਾਂ ਤੋਂ ਵੱਖਰੀ ਹੈ। ਸਾਡੀ ਆਰਥਿਕ ਹਾਲਤ ਐਨੀ ਮਾੜੀ ਹੈ ਸਾਡੇ ਸਿਰਾਂ ਤੇ ਕਰਜ਼ਾ ਐਨਾ ਚੜ੍ਹ ਗਿਆ ਹੈ ਕਿ ਹਰੇਕ ਜੰਮਦੇ ਬੱਚੇ ਦੇ ਸਿਰ ਤੇ 4750 ਰੁਪਏ ਦਾ ਕਰਜ਼ ਹੁੰਦਾ ਹੈ। ਇਹ ਕਰਜ਼ਾ ਹੋਰ ਵਧਾਉਣ ਵਾਸਤੇ ਹੁਣ ਇਹ ਵਿਧਾਨ ਪਰੀਸ਼ਦ ਦਾ ਬਿੱਲ ਲੈ ਆਏ ਹਨ। ਮੈਂ ਸਮਝਦਾ ਹਾਂ ਕਿ ਐਮ.ਐਲ.ਏਜ਼ ਦੇ ਘਰੇਲੂ ਕੰਮਾਂ ਵਾਸਤੇ ਇਹ ਵਿਧਾਨ ਪਰੀਸ਼ਦ ਦਾ ਇਹ ਬਿੱਲ ਲੈ ਆਏ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਨ੍ਹਾਂ ਦੇ ਘਰੇਲੂ ਕੰਮ ਕਰਿਆ ਕਰਨਗੇ ਜਾਂ ਕਿ ਸਟੇਟ ਦੇ ਜਾਂ ਲੋਕ ਹਿੱਤ ਦੇ ਕੰਮ ? ਮੈਂ ਇਸ ਨੂੰ ਚੰਗਾ ਨਹੀਂ ਸਮਝਦਾ। ਇਸ ਦੇ ਨਾਲ ਹੀ ਮੈਂ ਇਸ ਬਿਲ ਦੀ ਸਖਤ ਵਿਰੋਧਤਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਹ ਵਿਧਾਨ ਪਰੀਸ਼ਦ ਨਾ ਬਣਾਈ ਜਾਵੇ ਅਤੇ ਪੰਜਾਬ ਦੇ ਲੋਕਾਂ ਤੇ ਇਕ ਨਵਾਂ ਆਰਥਿਕ ਬੋਝ ਨਾ ਖੜ੍ਹਾ ਕੀਤਾ ਜਾਵੇ।

**ਸ੍ਰੀ ਸਪੀਕਰ** : ਕਾਮਰੇਡ ਤਰਸੇਮ ਜੋਧਾ ਜੀ, ਤੁਸੀਂ ਦੋ ਤਿੰਨ ਮਿੰਟ ਵਿਚ ਵਾਈਂਡ ਅੱਪ ਕਰਨਾ ਹੈ।

**ਕਾਮਰੇਡ ਤਰਸੇਮ ਜੋਧਾਂ** (ਕਿਲ੍ਹਾ ਰਾਏਪੁਰ) : ਸਪੀਕਰ ਸਾਹਿਬ, ਅੱਜ ਜੋ ਵਿਧਾਨ ਸਭਾ ਦੇ ਵਿਚ ਵਿਧਾਨ ਪ੍ਰੀਸ਼ਦ ਰੀਵਾਈਵ ਕਰਨ ਦਾ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਮੈਂ ਇਸ ਦੀ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਡਟਵੀਂ ਵਿਰੋਧਤਾ ਕਰਦਾ ਹਾਂ।

(ਇਸ ਵੇਲੇ ਆਵਾਜ਼ ਸਾਫ ਸੁਣਾਈ ਨਹੀਂ ਦੇ ਰਹੀ ਸੀ ਕਿਉਂਕਿ ਸਬੰਧਤ ਮੈਂਬਰ ਸਾਹਿਬ ਦਾ ਮਾਈਕ ਕੁਝ ਖਰਾਬ ਸੀ।)

**ਸ੍ਰੀ ਸਪੀਕਰ** : ਤੁਸੀਂ ਆਪਣਾ ਮਾਇਕ ਠੀਕ ਕਰ ਲਵੋ ਜੀ।

**ਕਾਮਰੇਡ ਤਰਸੇਮ ਜੋਧਾਂ** : ਕਿਉਂਕਿ ਸਾਡਾ ਤਜਰਬਾ ਦਸਦਾ ਹੈ ਕਿ ਚੈਕ ਐਂਡ ਬੈਲੈਂਸ ਦੀ ਜੋ ਨੀਤੀ ਬਾਹਰੋਂ ਅਮਰੀਕਾ ਜਾਂ ਪਤਾ ਨਹੀਂ ਕਿਤੋਂ ਹੋਰ ਲਿਆ ਕੇ ਏਥੇ ਸਾਡੇ ਦੇਸ਼ ਤੇ ਲਾਗੂ ਕਰਨ ਦੇ ਸਾਡੇ ਹਾਲਾਤ ਨਹੀਂ। ਪਿਛਲੇ 46 ਸਾਲਾਂ ਵਿਚ ਸਾਡੇ ਦੇਸ਼ ਦੀ ਰਾਜਨੀਤੀ ਵਿਚ ਬੜੀ ਡੀ-ਜੈਨਰੇਸ਼ਨ ਹੋਈ ਹੈ। ਜਿਹੜੇ ਲੋਕ ਚੁਣ ਕੇ ਆਉਂਦੇ ਰਹੇ ਹਨ ਉਨ੍ਹਾਂ ਨੂੰ ਬੋਲਣ ਦਾ ਟਾਈਮ ਨਹੀਂ ਦਿੱਤਾ ਜਾਂਦਾ ਸੀ। ਅਸੀਂ ਛੋਟੇ ਛੋਟੇ ਹੁੰਦੇ ਸੀ ਔਰ ਸੁਣਦੇ ਸੀ ਕਿ ਵਿਧਾਨ ਸਭਾ ਦਾ ਸੈਸ਼ਨ ਚਲ ਰਿਹਾ ਹੈ। ਅਸੀਂ ਦੇਖਦੇ ਸੀ ਕਿ ਵਿਧਾਨ ਸਭਾ ਦਾ ਸੈਸ਼ਨ ਕਈ ਕਈ ਦਿਨ, ਮਹੀਨਾ ਮਹੀਨਾ ਚਲਦਾ ਸੀ। ਪਰ ਹੁਣ ਪੰਜ, ਸਾਢੇ ਪੰਜ ਘੰਟੇ ਵਿਚ ਸੈਸ਼ਨ ਖਤਮ ਕਰ ਦਿਤਾ ਜਾਂਦਾ ਹੈ। ਇਸ ਲਈ ਜੋ ਚੋਰ ਮੋਰੀ ਦੇ ਰਸਤੇ ਰਾਹੀਂ ਵੱਡੇ ਵੱਡੇ ਜਾਗੀਰਦਾਰਾਂ, ਵੱਡੇ ਵੱਡੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ]

ਧਨਾਡਾਂ ਨੂੰ ਔਰ ਕ੍ਰਿਮੀਨਲ ਟਾਈਪ ਦੇ ਜਿਹੜੇ ਲੋਕ ਹਨ ਉਨ੍ਹਾਂ ਨੂੰ ਆਉਣ ਦਾ ਮੌਕਾ ਦਿਤਾ ਜਾਣਾ ਹੈ ਸਾਨੂੰ ਇਸ ਦੀ ਸਖਤ ਵਿਰੋਧਤਾ ਕਰਨੀ ਚਾਹੀਦੀ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਬੰਗਾਲ ਦੇ ਵਿਚੋਂ ਰਾਜ ਸਭਾ ਦਾ ਇਕ ਮੈਂਬਰ ਚੁਣ ਕੇ ਭੇਜਿਆ ਗਿਆ। ਇਸ ਦੀ ਬੜੀ ਚਰਚਾ ਹੈ ਕਿ ਉਸ ਨੇ 7 ਕਰੋੜ ਰੁਪਿਆ ਦਿੱਤਾ। ਇਸ ਕਰਕੇ ਅਸੀਂ ਚਾਹੁੰਦੇ ਹਾਂ ਕਿ ਕੇਵਲ ਉਹੀ ਆਦਮੀ ਜਿੰਨ੍ਹਾਂ ਨੂੰ ਲੋਕ ਚੁਣ ਕੇ ਭੇਜਣ, ਲੋਕਾਂ ਦੀ ਸੇਵਾ ਕਰਨ ਕਿਉਂਕਿ ਉਹ ਲੋਕਾਂ ਨੂੰ ਜਵਾਬਦੇਹ ਹੁੰਦੇ ਹਨ। ਇਹ ਚੋਰ-ਮੋਰੀ ਰੱਖੀ ਜਾਂਦੀ ਹੈ, ਤਾਂਕਿ ਜਿਹੜੇ ਲੋਕ ਪਿੰਡ ਦੇ ਪੰਚ ਜਾਂ ਸਰਪੰਚ ਨਹੀਂ ਬਣ ਸਕੇ ਉਨ੍ਹਾਂ ਲੋਕਾਂ ਨੂੰ ਏਥੇ ਆਉਣ ਦਾ ਮੌਕਾ ਦਿੱਤਾ ਜਾਵੇ। ਅਜਿਹਾ ਕਰਨ ਨਾਲ ਜਿੱਥੇ ਇਹ ਡੈਮੋਕ੍ਰੇਸੀ ਨਾਲ ਧਕਾ ਹੋਏਗਾ ਉਥੇ ਪੰਜਾਬ ਦੀ ਜਨਤਾ ਤੇ ਇਕ ਬਹੁਤ ਵੱਡਾ ਆਰਥਕ ਭਾਰ ਵੀ ਹੋਏਗਾ। ਇਥੋਂ ਤਕ ਕਿ ਕਾਂਸਟੀਚਊਐਂਟ ਅਸੈਂਬਲੀ ਦੇ ਮੈਂਬਰ ਸ੍ਰੀ ਪੀ ਕ੍ਰਿਸ਼ਨਾਮਾਚਾਰੀ ਅਤੇ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਦਕਰ ਨੇ ਵੀ ਇਸ ਚਿੱਟੇ ਹਾਥੀ ਦੀ ਵਿਰੋਧਤਾ ਕੀਤੀ ਸੀ। ਇਸ ਲਈ ਸਾਨੂੰ ਹੁਣ ਜਦੋਂ ਸਾਡਾ ਦੇਸ਼ ਬੜੇ ਸੰਕਟ ਦੇ ਵਿਚੋਂ ਗੁਜ਼ਰ ਰਿਹਾ ਹੈ, ਸਪੈਸ਼ਲੀ ਪੰਜਾਬ ਤੇ ਇਸ ਵੇਲੇ ਬਹੁਤ ਆਰਥਕ ਬੋਝ ਹੈ, ਇਸ ਲਈ ਇਸ ਨੂੰ ਰੋਕਣ ਲਈ ਸਾਨੂੰ ਇਸ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ। ਅਸੀਂ, ਜਦੋਂ ਮੈਂਬਰਾਂ ਦੇ ਭੱਤਿਆਂ ਵਿਚ ਵਾਧੇ ਕਾਰਣ ਵਿੱਤੀ ਬੋਝ ਪਿਆ ਸੀ, ਉਸ ਦੀ ਵੀ ਵਿਰੋਧਤਾ ਕੀਤੀ ਸੀ ਔਰ ਹੁਣ ਵੀ ਕਰਦੇ ਹਾਂ। ਦਿੱਲੀ ਵਿਚ ਕਰਮਚਾਰੀਆਂ ਦੀਆਂ ਤਨਖਾਹਾਂ ਵਿਚ ਕਟੌਤੀ ਕਰਨ ਦੀ ਗਲ ਚੱਲ ਰਹੀ ਹੈ ਔਰ ਮਜ਼ਦੂਰਾਂ ਦੀਆਂ ਘੱਟੋ ਘਟ ਉਜਰਤਾਂ ਨੂੰ ਵਧਾਇਆ ਨਹੀਂ ਜਾ ਸਕਿਆ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਜਿਸ ਢੰਗ ਨਾਲ ਸਾਡੇ ਮੁੱਖ ਮੰਤਰੀ ਜੀ ਨੇ ਪਿਛਲੇ ਸਮੇਂ ਵਿਚ ਪਾਜ਼ਿਟਿਵ ਸਟੈਂਡ ਲਿਆ ਸੀ, ਅੱਜ ਵੀ ਉਹ ਸਟੈਂਡ ਲੈਣਾ ਚਾਹੀਦਾ ਹੈ ਔਰ ਪੰਜਾਬ ਦੇ ਵਿਚ ਲੋਕਾਂ ਨੇ ਜੋ ਉਨ੍ਹਾਂ ਨੂੰ ਫਤਵਾ ਦਿੱਤਾ ਹੈ, ਉਸ ਅਨੁਸਾਰ ਸਾਨੂੰ ਚੱਲਣਾ ਚਾਹੀਦਾ ਹੈ। ਔਰ ਮੈਂ ਮੰਗ ਕਰਦਾ ਹਾਂ ਕਿ ਵਿਧਾਨ ਪ੍ਰੀਸ਼ਦ ਸਬੰਧੀ ਰੀਵਾਈਵ ਕਰਨ ਦਾ ਰੈਜ਼ੋਲਿਊਸ਼ਨ ਜਿਹੜਾ 1976 ਵਿਚ ਜਦੋਂ ਐਮਰਜੈਂਸੀ ਲਗਾਈ ਗਈ ਸੀ ਉਸ ਨਾਲ ਲੋਕਾਂ ਦੇ ਜਮਹੂਰੀ ਹੱਕ ਖੋਹ ਲਏ ਗਏ ਸਨ ਔਰ ਚੰਮ ਦੀਆਂ ਚਲਦੀਆਂ ਸਨ। ਅਸੀਂ ਆਪ ਸਟੂਡੈਂਟ ਲੀਡਰ ਸੀ ਔਰ ਡੀ. ਆਈ. ਆਰ. ਦੇ ਵਰੰਟਡ ਸੀ। ਉਸ ਸਮੇਂ ਇਹ ਗੱਲ ਲਿਆਂਦੀ ਗਈ ਸੀ। ਸਾਨੂੰ ਉਹ ਦਿਨ ਅੱਜ ਫਿਰ ਲੋਕਾਂ ਨੂੰ ਯਾਦ ਨਹੀਂ ਕਰਵਾਉਣਾ ਚਾਹੀਦਾ। ਸੋ ਮੈਂ ਆਪਣੀ ਪਾਰਟੀ ਵਲੋਂ ਇਸ ਰੈਜ਼ੋਲਿਊਸ਼ਨ ਦੀ ਡੱਟਵੀਂ ਵਿਰੋਧਤਾ ਕਰਦਾ ਹਾਂ ਔਰ ਮੰਗ ਕਰਦਾ ਹਾਂ ਕਿ ਹਾਊਸ ਵਿਚ ਇਸ ਨੂੰ ਬਿਲਕੁਲ ਪਾਸ ਨਾ ਕੀਤਾ ਜਾਵੇ ਔਰ ਲੋਕਾਂ ਤੇ ਹੋਰ ਵਿੱਤੀ ਬੋਝ ਨਾ ਪਾਇਆ ਜਾਵੇ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** (ਬਾਘਾ ਪੁਰਾਣਾ) : ਸਪੀਕਰ ਸਾਹਿਬ, ਇਹ ਜਿਹੜਾ ਵਿਧਾਨ ਪ੍ਰੀਸ਼ਦ ਰੀਵਾਈਵ ਕਰਨ ਦਾ ਬਿਲ ਅੱਜ ਵਿਧਾਨ ਸਭਾ ਵਿੱਚ ਲਿਆਂਦਾ ਗਿਆ ਹੈ, ਮੈਂ ਇਸ ਮਤੇ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ।

**ਸ੍ਰੀ ਸਪੀਕਰ :** ਸਾਥੀ ਜੀ, ਸਮੇਂ ਦਾ ਧਿਆਨ ਜ਼ਰੂਰ ਰੱਖਣਾ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ:** ਸਪੀਕਰ ਸਾਹਿਬ, ਜਿਵੇਂ ਅਰਸੀ ਜੀ ਨੇ ਪੜ੍ਹ ਕੇ ਸੁਣਾਇਆ ਹੈ ਮੈਂ ਚੌਧਰੀ ਬਲਬੀਰ ਸਿੰਘ ਜੀ ਦੇ ਬਿਆਨ ਦੀਆਂ ਦੋ ਲਾਈਨਾਂ ਪੜ੍ਹ ਕੇ ਸੁਣਾਉਂਦਾ ਹਾਂ :—

"यह चैम्बर्ज की Institution इंगलैंड में सन् 1295 में शुरू हुई थी जब कि वहां पर सारी सियासत फियूडल लार्डज के पास थी। वहां प्रासैस रिवर्स डायरैक्शन में चला"।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ ਸਾਹਿਬ, ਇਹ ਗੱਲਾਂ ਸਾਬਤ ਕਰਦੀਆਂ ਹਨ ਕਿ ਜਿਹੜੀ ਗੱਲ ਮਾਨਯੋਗ ਮੰਤਰੀ ਜੀ ਨੇ ਦੱਸੀ ਹੈ ਇਹ ਗੱਲ ਬਾਰੀਕ ਛਾਨਣੀ ਲਾਉਣ ਵਾਲੀ ਨਹੀਂ । ਇਹ ਤਾਂ ਸਭਿਅਤਾ ਉਨ੍ਹਾਂ ਵੇਲਿਆਂ ਦੀ ਸੀ ਜਦੋਂ ਉਨ੍ਹਾਂ ਲੋਕਾਂ ਨੂੰ ਚੋਰ ਮੋਰੀਆਂ ਰਾਹੀਂ, ਚੋਰ ਦਰਵਾਜਿਆਂ ਰਾਹੀਂ ਅੰਦਰ ਲਿਆ ਕੇ ਸਾਜਿਆ ਜਾਂਦਾ ਸੀ। ਮੈਂ ਇਹ ਗੱਲ ਕਹਿ ਸਕਦਾ ਹਾਂ ਉਸ ਵੇਲੇ ਮੈਂ ਗੈਲਰੀ ਦੇ ਵਿੱਚ ਬੈਠਾ ਸੀ ਜਦੋਂ ਇਹ ਬਿਲ ਪਾਸ ਹੋਇਆ ਸੀ। ਪਰ ਅੱਜ ਮੈਂ ਇਕ ਐਮ.ਐਲ.ਏ. ਦੇ ਤੌਰ ਤੇ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਇਹ ਬਿਲਕੁਲ ਸਫੇਦ ਹਾਂਥੀ ਨਹੀਂ ਹੋਣੇ ਚਾਹੀਦੇ। ਇਸ ਵੇਲੇ ਸਾਡੀ ਵੀ ਵਿਧਾਨ ਸਭਾ ਵਿੱਚ ਸਾਥੀਆਂ ਵਿੱਚ ਕਈ ਲਾਰਾਂ ਸਿੱਟੀ ਜਾਂਦੇ ਹਨ ਕਿ ਅਸੀਂ ਐਮ.ਐਲ.ਸੀ. ਬਨਣਾ ਹੈ। ਮੈਂ ਇਹ ਸਮਝਦਾ ਹਾਂ ਕਿ ਇਸ ਵੇਲੇ ਪੰਜਾਬ ਤੇ ਸੰਕਟ ਹੈ, ਬੋਝ ਹੈ। ਇਕ ਐਮ.ਐਲ.ਏ. ਤੇ ਜਿਵੇਂ ਮਿੱਤਲ ਸਾਹਿਬ ਨੇ ਦੱਸਿਆ ਹੈ ਕਿ ਇਕ ਲੱਖ ਰੁਪਿਆ ਮਹੀਨੇ ਦਾ ਖਰਚ ਆਉਂਦਾ ਹੈ। ਫਿਰ ਉਨ੍ਹਾਂ ਨੂੰ ਵੀ ਜਿਪਸੀਆਂ ਦੇ ਦਿਓ, ਉਨ੍ਹਾਂ ਨੂੰ ਗਾਰਡ ਲਾ ਦਿਓ ਅਤੇ ਫਿਰ ** ** **

**ਸ੍ਰੀ ਸਪੀਕਰ** : ਸਾਥੀ ਜੀ, ਤੁਹਾਡੇ ਇਹ ਰਿਮਾਰਕਸ ਐਕਸਪੰਜ ਕੀਤੇ ਜਾਂਦੇ ਹਨ।

**ਸੰਸਦੀ ਮਾਮਲਿਆਂ ਦੇ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਅਨਪਾਰਲੀਮੈਂਟਰੀ ਸ਼ਬਦ ਤਾਂ ਕਹੇ ਹੀ ਹਨ, ਇਨ੍ਹਾਂ ਦੇ ਕਹਿਣ ਦਾ ਢੰਗ ਵੀ ਅਨਪਾਰਲੀਮੈਂਟਰੀ ਹੈ ।

**ਸ੍ਰੀ ਸਪੀਕਰ** : ਕਹਿਣ ਦਾ ਢੰਗ ਤਾ ਮੈਂ ਨਹੀਂ ਬਦਲ ਸਕਦਾ ਪਰ ਉਹ ਸ਼ਬਦ ਐਕਸਪੰਜ ਕਰ ਦਿਤੇ ਗਏ ਹਨ ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਮਾਨਯੋਗ ਸਪੀਕਰ ਸਾਹਿਬ, ਜਿਹੜਾ ਅੱਜ ਮੰਤਰੀ ਜੀ ਨੇ ਹਾਉਸ ਸਾਈਨ-ਡਾਈ ਕਰਨ ਦਾ ਮੋਸ਼ਨ ਲਿਆਂਦਾ ਹੈ, ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ 10 ਦਿਨਾਂ ਬਾਅਦ ਫਿਰ ਇਹ ਹਾਉਸ ਨੂੰ ਬੁਲਾਉਂਦੇ ਅਤੇ ਇਹ ਜਿਹੜੇ ਨਿੱਕੇ ਨਿੱਕੇ ਬਿੱਲ ਜਾਂ ਅਮੈਂਡਮੈਂਟਸ ਲਿਆਂਦੀਆਂ ਹਨ ਇਨ੍ਹਾਂ ਉਤੇ ਖੁਲ ਕੇ ਬਹਿਸ ਹੁੰਦੀ ਔਰ ਇਸ ਤਰ੍ਹਾਂ ਕਰਕੇ ਇਹ ਵਿਧਾਨ ਸਭਾ ਸਹੀ ਕੰਮ ਕਰਦੀ..

**ਸ੍ਰੀ ਸਪੀਕਰ** : ਸਾਥੀ ਜੀ, ਵਾਈਂਡ ਅੱਪ ਕਰੋ ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਪਰੀਸ਼ਦ ਵਿੱਚ ਸਿਆਣੇ ਬੰਦੇ ਲਿਆਉਣੇ ਨੇ , ਪੜ੍ਹੇ-ਲਿਖੇ ਲਿਆਉਣੇ ਨੇ। ਇਹ ਮੈਨੂੰ ਦੱਸ ਦੇਣ ਕਿ ਕੀ ਅਸੀਂ ਇਥੇ ਸਾਰੇ ਕਮਲੇ ਈ ਬੈਠੇ ਹਾਂ ......

**ਸੰਸਦੀ ਮਾਮਲਿਆਂ ਦੇ ਮੰਤਰੀ** : ਸਪੀਕਰ ਸਾਹਿਬ, ਕਹਿਣ ਦੀ ਲੋੜ ਨਹੀਂ । ਇਹ ਤਾਂ ਨਜ਼ਰ ਹੀ ਆ ਰਿਹਾ ਹੈ ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਜੇਕਰ ਕਾਂਗਰਸ ਪਾਰਟੀ ਖੁਦ ਵੋਟਿੰਗ ਕਰੇ ਤਾਂ ਮੈਂ ਇਹ ਸ਼ਰਤ ਨਾਲ ਕਹਿੰਦਾ ਹਾਂ ਕਿ ਇਹ ਪਾਸ ਨਹੀਂ ਕਰ ਸਕਦੇ। ਮਗਰ ਮੈਂ ਬੇਨਤੀ ਕਰਦਾ ਹਾਂ ਕਿ ਆਪਾਂ ਇਹ ਪਾਪ ਨਾ ਕਰੀਏ, ਪੰਜਾਬ ਦੇ ਲੋਕਾਂ ਤੇ ਬੋਝ ਨਾ ਪਾਈਏ । ਅੱਗੇ ਹੀ ਸਾਡੀ ਸਟੇਟ ਤੇ ਬੜਾ ਭਾਰੀ ਬੋਝ ਪੈ ਰਿਹਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਕਾਂਗਰਸ ਪਾਰਟੀ ਵਾਲਿਆਂ ਨੂੰ ਵੀ ਇਸ ਬਿੱਲ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ।

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਸਾਥੀ ਜੀ, ਇਹ ਰੈਜ਼ੋਲਿਊਸ਼ਨ ਹੈ, ਬਿੱਲ ਨਹੀਂ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਠੀਕ ਹੈ ਜੀ, ਕਈ ਵਾਰੀ ਮੂੰਹੋ ਨਿਕਲ ਜਾਂਦਾ ਹੈ। ਸਪੀਕਰ ਸਾਹਿਬ, ਜਦੋਂ ਸਰਦਾਰ ਬੇਅੰਤ ਸਿੰਘ ਵੀ ਮੈਂਬਰ ਸਨ, ਉਸ ਵੇਲੇ ਇਕ ਮੈਂਬਰ ਸਾਥੀ ਰੂਪ ਲਾਲ ਜੀ ਨੇ ਵੀ ਕਿਹਾ ਸੀ ਕਿ ਇਸ ਝੋਟੇ ਨੂੰ ਚੰਮ ਜੂੰਆਂ ਨਾ ਪਾਓ। ਇਸ ਨੂੰ ਢਕਿਆ ਹੀ ਰਹਿਣ ਦਿਓ, ਮਰਿਆ ਹੀ ਰਹਿਣ ਦਿਓ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਰੈਜ਼ੋਲਿਊਸ਼ਨ ਦੀ ਵਿਰੋਧਤਾ ਕਰਦਾ ਹਾਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵੱਲੋਂ ਕਿ ਇਹ ਚਿੱਟਾ ਹਾਥੀ ਬਿਲਕੁਲ ਨਹੀਂ ਲਿਆਉਣਾ ਚਾਹੀਦਾ।

**ਸ਼੍ਰੀ ਸਪੀਕਰ :** ਕਾਮਰੇਡ ਬਲਦੇਵ ਸਿੰਘ ਜੀ, ਤੁਸੀਂ ਬੋਲੋ ਅਤੇ ਕੇਵਲ 2 ਮਿੰਟ ਵਿਚ ਹੀ ਖਤਮ ਕਰ ਦੇਣਾ।

**ਕਾਮਰੇਡ ਬਲਦੇਵ ਸਿੰਘ ਬਲਮਗੜ੍ਹ (ਮਲੋਟ, ਐਸ. ਸੀ.) :** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਵਿਧਾਨ ਪਰੀਸ਼ਦ ਨੂੰ ਬਹਾਲ ਕਰਨ ਦੇ ਰੈਜ਼ੋਲਿਊਸ਼ਨ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਯੂ.ਸੀ.ਪੀ.ਆਈ. ਵਲੋਂ ਇਸ ਰੈਜ਼ੋਲਿਊਸ਼ਨ ਦੇ ਹੱਕ ਵਿੱਚ ਗੱਲ ਕਰਨ ਲਈ ਖੜ੍ਹਾ ਹੋਇਆ ਹਾਂ (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ)। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਰੇ ਸਾਥੀ ਇਸ ਗੱਲ ਨੂੰ ਜਾਣਦੇ ਹਨ ਕਿ ਪਿਛਲੇ 7-8 ਸਾਲਾਂ ਤੋਂ ਸਾਡੇ ਪੰਜਾਬ ਵਿੱਚ ਡੈਮੋਕਰੇਟਿਕ ਗੌਰਮਿੰਟ ਨਹੀਂ ਸੀ, ਚੁਣੀ ਹੋਈ ਸਰਕਾਰ ਨਹੀਂ ਸੀ ਔਰ ਪੰਜਾਬ ਨੇ ਇਸ ਸਮੇਂ ਜੋ ਸੰਤਾਪ ਹੰਢਾਇਆ, ਉਸ ਤੋਂ ਸਾਰੇ ਜਾਣੂ ਹਨ। ਪਿਛਲੇ ਸਾਲ ਜਦੋਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਚੁੱਣੀ ਗਈ ਉਸ ਤੋਂ ਇਕ ਸਾਲ ਬਾਅਦ ਵਾਲੇ ਹਾਲਾਤ ਬਾਰੇ ਤੁਸੀਂ ਅੰਦਾਜ਼ਾ ਲਗਾ ਲਓ ਕਿ ਕਿੰਨਾ ਫਰਕ ਪਿਆ ਹੈ। ਸਪੀਕਰ ਸਾਹਿਬ, ਪੰਜਾਬ ਵਿੱਚ ਓਹੀ ਡੀ.ਜੀ.ਪੀ. ਹੈ, ਓਹੀ ਗਵਰਨਰ ਸਾਹਿਬ ਹਨ। ਜੇਕਰ ਨਵੇਂ ਚੁਣੇ ਗਏ ਹਨ ਤਾਂ 117 ਮੈਂਬਰ ਹਨ ਸਮੇਤ ਸਰਦਾਰ ਬੇਅੰਤ ਸਿੰਘ ਜੀ ਦੇ। ਜਦੋਂ ਦੀ ਚੁਣੀ ਹੋਈ ਸਰਕਾਰ ਆਈ ਉਦੋਂ ਤੋਂ ਹੀ ਇਹ ਪੰਜਾਬ ਦਾ ਮਸਲਾ ਹੱਲ ਹੋਇਆ ਹੈ। (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ) ਔਰ ਇਸ ਡੈਮੋਕਰੇਸੀ ਦਾ ਹੋਰ ਵਿਸਥਾਰ ਕਰਨ ਦੀ ਗੱਲ ਜਿਹੜੀ ਕੀਤੀ ਗਈ ਹੈ ਅਤੇ ਮਤਾ ਲਿਆਂਦਾ ਗਿਆ ਹੈ, ਮੈਂ ਉਹਦਾ ਸਮਰਥਨ ਕਰਦਾ ਹਾਂ। ਦੂਜੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਦੇ ਬੜੇ ਬੜੇ ਨਾਮਵਰ ਅਤੇ ਮਹਾਨ ਯੋਧੇ ਐਮ.ਐਲ.ਸੀ. ਰਹੇ ਹਨ। ਕਾਮਰੇਡ ਤੇਜਾ ਸਿੰਘ ਸੁਤੰਤਰ, ਜਿਹੜੇ ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀਆਂ ਵਿਚੋਂ ਇੱਕ ਹਨ ਉਹ ਐਮ.ਐਲ.ਸੀ. ਸਨ। ਇਸੇ ਤਰੀਕੇ ਨਾਲ ਸਾਡੇ ਮਾਸਟਰ ਹਰੀ ਸਿੰਘ ਜਿਹੜੇ ਬੜੇ ਮਹਾਨ ਪਾਰਲੀਮੈਂਟੇਰੀਅਨ ਸਨ ਜਦੋਂ ਬਜਟ ਤੇ ਬਹਿਸ ਕਰਦੇ ਸਨ ਤਾਂ ਸਾਰੇ ਪੰਜਾਬ ਦੇ ਲੋਕ ਇਹ ਗੱਲ ਕਹਿੰਦੇ ਸਨ ਕਿ ਕੀ ਗੱਲ ਹੈ, ਜੋ ਮਾਸਟਰ ਜੀ ਬੋਲ ਰਹੇ ਹਨ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਹ ਮਤਾ ਸਰਕਾਰ ਨੇ ਠੀਕ ਲਿਆਂਦਾ ਹੈ ਅਤੇ ਇਹ ਸਰਕਾਰ ਇਸ ਗੱਲ ਤੇ ਵਧਾਈ ਦੀ ਪਾਤਰ ਹੈ (ਥੰਪਿੰਗ)। ਔਰ ਇਸੇ ਤਰੀਕੇ ਨਾਲ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵਰਗੇ ਹੋਰ ਵੀ ਮਹਾਨ ਵਿਦਵਾਨ ਹਨ ਜਿਹੜੇ ਇਸ ਹਾਊਸ ਦੇ ਮੈਂਬਰ ਰਹੇ ਹਨ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਇਹ ਮਤਾ ਵੇਲੇ ਸਿਰ ਲਿਆਂਦਾ ਹੈ ਅਤੇ ਇਸ ਨੂੰ ਸਾਰੇ ਹਾਊਸ ਨੂੰ ਜ਼ਰੂਰ ਪਾਸ ਕਰਨਾ ਚਾਹੀਦਾ ਹੈ। ਇਨਾਂ ਲਫਜ਼ਾਂ ਨਾਲ ਮੈਂ ਤੁਹਾਡਾ ਬਹੁਤ ਬਹੁਤ ਸ਼ੁਕਰਗੁਜ਼ਾਰ ਹਾਂ।

**ਡਾਕਟਰ ਮਹਿੰਦਰ ਕੁਮਾਰ ਰਿਣਵਾਂ (ਫਾਜ਼ਿਲਕਾ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਰੈਜ਼ੋਲਿਊਸ਼ਨ ਤੇ ਬੋਲਣ ਦਾ ਮੌਕਾ ਦਿੱਤਾ। ਮੈਂ ਅਤੇ ਮੇਰੇ ਸਾਥੀ ਇਸ ਦਾ ਸਮਰਥਨ

Original with;
Punjab Vidhan Sabha
Digitized by;
Panjab Digital Library

ਕਰਦੇ ਹਾਂ (ਥੰਪਿੰਗ)। ਕਿਉਂਕਿ ਪੰਜਾਬ ਦੇ ਅੰਦਰ ਤੁਸੀਂ ਦੇਖ ਰਹੇ ਹੋ ਕਿ ਪਿਛਲੇ 7-8 ਸਾਲ ਗਵਰਨਰ ਦਾ ਰਾਜ ਰਿਹਾ ਅਤੇ ਉਸ ਦੇ ਬਾਅਦ ਡੈਮੋਕਰੇਸੀ ਬਹਾਲ ਹੋਈ ਹੈ, ਅਤੇ ਸਾਰੇ ਹਾਲਾਤ ਦੇਖਦੇ ਹੋਏ ਪਤਾ ਚਲਦਾ ਹੈ ਕਿ ਹੁਣ ਐਡਮਨਿਸਟਰੇਟਿਵ ਸੈਟ-ਅੱਪ ਕਿਸ ਤਰ੍ਹਾਂ ਸੁਚਾਰੂ ਰੂਪ ਨਾਲ ਚਲ ਰਿਹਾ ਹੈ। ਰਾਜ ਪ੍ਰੀਸ਼ਦ ਜਿਸ ਨੂੰ ਅਪਰ-ਹਾਊਸ ਕਹਿੰਦੇ ਹਨ, ਜਿਸ ਵਿੱਚ ਐਜੂਕੇਸ਼ਨਿਸਟ, ਜਰਨਲਿਸਟ, ਵਕੀਲ, ਮਾਸਟਰ, ਡਾਕਟਰ ਆਦਿ ਹੁੰਦੇ ਹਨ ਅਤੇ ਜਿਨ੍ਹਾਂ ਦਾ ਵੋਟ ਰਾਹੀਂ ਚੁਣ ਕੇ ਆਉਣ ਵਿੱਚ ਇੰਟਰੈਸਟ ਨਹੀਂ ਹੁੰਦਾ ਉਸ ਵਿੱਚ ਉਹ ਲੋਕ ਇਥੇ ਆ ਕੇ ਸਾਡੇ ਸੂਬੇ ਦੀ, ਦੇਸ਼ ਦੀ ਸੇਵਾ ਕਰ ਸਕਦੇ ਹਨ। ਜਿਵੇਂ ਮੈਂ ਇੱਕ ਉਦਾਹਰਣ ਦੇਣੀ ਚਾਹੁੰਦਾ ਹਾਂ। ਡਾ. ਮਨਮੋਹਨ ਸਿੰਘ ਜੀ ਜਿਹੜੇ ਪਹਿਲਾਂ ਉਚੇ ਅਹੁਦੇ ਤੇ ਸਨ ਅਤੇ ਜਦੋਂ ਦਾ ਉਨ੍ਹਾਂ ਨੇ ਕੇਂਦਰ ਵਿੱਚ ਵਿੱਤ ਵਿਭਾਗ ਸੰਭਾਲਿਆ ਹੈ, ਤੁਸੀਂ ਵੇਖਿਆ ਹੈ ਕਿ ਪਿਛਲੇ 20--30 ਸਾਲ ਤੋਂ ਕਦੇ ਵੀ ਕਿਸੇ ਚੀਜ਼ ਦਾ ਭਾਅ ਨਹੀਂ ਘਟਿਆ, ਇਨ੍ਹਾਂ ਨੇ ਇੱਕ ਸਾਲ ਦੇ ਅੰਦਰ-ਅੰਦਰ ਇਸ ਤਰ੍ਹਾਂ ਨਾਲ ਬਜਟ ਪੇਸ਼ ਕੀਤਾ ਕਿ ਉਸਦੇ ਰਿਜ਼ਲਟਸ ਸਾਡੇ ਸਭ ਦੇ ਸਾਹਮਣੇ ਹਨ। ਹਰ ਇੱਕ ਚੀਜ਼ ਦੇ ਭਾਅ ਵਿੱਚ ਕਮੀ ਆਈ ਹੈ। ਮੈਂ ਜ਼ੋਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਰੈਜ਼ੋਲਿਊਸ਼ਨ ਲਿਆਂਦਾ ਹੈ, ਮੈਂ ਅਤੇ ਮੇਰੇ ਸਾਥੀ ਇਸਦੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। (ਥੰਪਿੰਗ)

**ਸ੍ਰੀ ਸਪੀਕਰ** : ਮੁੱਖ ਮੰਤਰੀ ਜੀ।

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਸਾਡੇ ਪਾਰਲੀਮਾਨੀ ਮਾਮਲਿਆਂ ਦੇ ਮਨਿਸਟਰ ਸਰਦਾਰ ਉਮਰਾਓ ਸਿੰਘ ਜੀ ਨੇ ਅੱਜ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਹੈ ਵਿਧਾਨ ਪ੍ਰੀਸ਼ਦ ਨੂੰ ਇੱਥੇ ਸੁਰਜੀਤ ਕਰਨ ਵਾਸਤੇ, ਮੈਂ ਸਮਝਦਾ ਹਾਂ ਕਿ ਇਹ ਇੱਕ ਬੜਾ ਭਾਰੀ ਅਗਾਂਹ ਵਧੂ ਕਦਮ ਹੈ। ਮੈਂ ਕਹਿੰਦਾ ਹਾਂ ਕਿ ਵਕਤ ਵਕਤ ਦੀ ਗੱਲ ਹੁੰਦੀ ਹੈ। ਮੈਂ ਜਦੋਂ ਵੀ ਕੋਈ ਗੱਲ ਆਖੀ ਹੈ ਚੰਗੀ ਗੱਲ ਆਖੀ ਹੈ, ਤੁਹਾਨੂੰ ਐਪਰੀਸ਼ੀਏਟ ਕਰਨੀ ਚਾਹੀਦੀ ਹੈ। 1969 ਦਾ ਸਪੀਕਰ ਸਾਹਿ ਬ ਜ਼ਿਕਰ ਕੀਤਾ ਗਿਆ ਹੈ। ਮੈਂ ਉਸ ਸਮੇਂ ਇੱਕ ਇੰਡੀਪੈਂਡੈਂਟ ਮੈਂਬਰ ਸੀ। ਉਸ ਵਕਤ ਹਾਲਾਤ ਐਸੇ ਸਨ ਕਿ ਲਗਦਾ ਇਹ ਸੀ ਕਿ ਜੋ ਵੀ ਸਰਕਾਰ ਉਸ ਵਕਤ ਬਣੀ ਹੈ ਅਕਾਲੀ ਦਲ ਦੀ, ਉਹ ਸਰਕਾਰ ਇੱਕ ਡਿਕਟੇਟਰ ਸਰਕਾਰ ਲਗਦੀ ਸੀ ਅਤੇ ਉਸ ਨੇ ਜੋ ਗੱਲ ਵੀ ਆਖੀ ਸੀ ਉਸ ਵਿਚ ਬੜਾ ਕਨਫਯੂਜ਼ਨ ਸੀ। ਉਸ ਸਮੇਂ ਬੜੇ ਚਰਚੇ ਚਲਦੇ ਰਹਿੰਦੇ ਸੀ ਕਿ ਭਾਖੜਾ ਡੈਮ ਲੈਣਾ ਹੈ ਜਾਂ ਨਹੀਂ, ਚੰਡੀਗੜ੍ਹ ਸਾਨੂੰ ਮਿਲਣਾ ਚਾਹੀਦਾ ਹੈ, ਇਹ ਸਾਰੀਆਂ ਗੱਲਾਂ ਚਲਦੀਆਂ ਰਹਿੰਦੀਆਂ ਸਨ। ਲੇਕਿਨ ਵਿਧਾਨ ਪ੍ਰੀਸ਼ਦ ਅਤੇ ਅਸੈਂਬਲੀ ਦੇ ਵਿੱਚ ਕੋਈ ਕੁਆਰਡੀਨੇਸ਼ਨ ਨਹੀਂ ਸੀ। ਸਪੀਕਰ ਸਾਹਿਬ, ਮੈਂ ਇਹ ਗੱਲ ਸਪਸ਼ਟ ਤੌਰ ਤੇ ਕਹਿਣੀ ਚਾਹੁੰਦਾ ਹਾਂ ਕਿ ਜੋ ਵਿਜੇ ਸਾਥੀ, ਅੱਜ ਸਾਡਾ ਅਜ਼ੀਜ਼ ਇੱਥੇ ਬੈਠਾ ਹੈ, ਉਨ੍ਹਾਂ ਨੇ ਇਹ ਗੱਲ ਕਹੀ ਹੈ, ਔਰ ਸਾਫ ਗੱਲ ਇਹ ਹੈ ਕਿ ਇੱਥੇ ਹੀ ਉਨ੍ਹਾਂ ਦੇ ਜੋ ਬਜ਼ੁਰਗ ਹਨ ਜੋ ਮੇਰੇ ਵੀ ਸਾਥੀ ਰਹੇ, ਸਾਥੀ ਰੂਪ ਲਾਲ ਇਨ੍ਹਾਂ ਦੇ ਪਿਤਾ ਜੀ, ਉਨ੍ਹਾਂ ਨੇ ਵੀ ਇਹ ਗੱਲ ਕਹੀ ਸੀ ਕਿ ਭਾਖੜਾ ਨੰਗਲ ਭਾਵੇਂ ਸਾਨੂੰ ਦੇ ਦਿਓ, ਪਰ ਉਮਰਾ ਨੰਗਲ ਨੂੰ ਲੈ ਲਓ ਸੋ, ਇਸ ਤਰ੍ਹਾਂ ਕੁਝ ਵੀ ਨਹੀਂ ਹੋਵੇਗਾ। ਮੈਂ ਸਮਝਦਾ ਹਾਂ ਕਿ ਫਿਰ ਕੋਈ ਐਸੀ ਗੱਲ ਨਹੀਂ ਰਹਿੰਦੀ ਅਤੇ ਮੈਂ ਇਹ ਸਮਝਿਆ ਹੈ ਕਿ ਅਜਿਹੀ ਗੱਲ ਨਹੀਂ ਕੀਤੀ ਹੋਵੇਗੀ ਕਿ ਸਮਾਂ ਆਵੇਗਾ ਅਤੇ ਸਾਨੂੰ ਇਸ ਬਾਰੇ ਦੁਬਾਰਾ ਸੋਚਣਾ ਪਵੇਗਾ। ਅਕਾਲੀ ਦਲ ਦੀ ਜਿਹੜੀ ਕਨਫਿਊਜ਼ਡ ਸਰਕਾਰ ਸੀ, ਉਸ ਵਕਤ ਵੀ ਇਹੀ ਕੰਮ ਕਰਨਾ ਚਾਹੀਦਾ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਉਸ ਵਕਤ ਕੌਂਸਲ ਸੀ ਉਸ ਦੇ ਬੜੇ ਮਹਾਨ ਮੈਂਬਰ ਸ੍ਰੀ ਕ੍ਰਿਸ਼ਨ ਲਾਲ ਸੈਣੀ ਸਨ ਅਤੇ ਉਹ ਫਾਈਨਾਂਸ ਮਨਿਸਟਰ ਸਨ। ਅੱਜ ਉਹ ਲੀਡਰ ਹਨ। ਬੀ.ਜੀ.ਪੀ. ਦੇ ਸ੍ਰੀ ਮਦਨ ਮੋਹਨ ਮਿੱਤਲ ਜੀ ਸ਼ਾਇਦ ਸੈਣੀ ਸਾਹਿਬ ਦੇ ਨਕਸ਼ੇ-ਕਦਮ ਤੇ ਚੱਲਣ ਦੀ ਕੋਸ਼ਿਸ਼ ਕਰਦੇ ਹੋਣਗੇ। ਮੈਂ ਸਮਝਦਾ ਹਾਂ ਕਿ ਜਿਹੜਾ ਰੈਜ਼ੋਲਿਊਸ਼ਨ ਸਰਦਾਰ ਉਮਰਾਓ ਸਿੰਘ ਨੇ ਪੇਸ਼ ਕੀਤਾ ਹੈ, ਉਸ ਵਿਚ ਬੜੇ ਮਹਾਨ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਬੰਦਿਆਂ ਨੂੰ ਆਉਣ ਦਾ ਮੌਕਾ ਲੱਗੇਗਾ। ਸ੍ਰੀ ਕ੍ਰਿਸ਼ਨ ਲਾਲ ਸੈਣੀ ਜੀ ਦਾ ਸੂਬੇ ਦੀ ਡਿਵੈਲਪਮੈਂਟ ਵਿੱਚ ਬੜਾ ਭਾਰਾ ਹੱਥ ਸੀ ਅਤੇ ਜਦੋਂ ਉਹ ਅੰਕੜੇ ਬੋਲਦੇ ਹੁੰਦੇ ਸਨ ਤਾਂ ਉਨ੍ਹਾਂ ਦੀ ਸਭ ਦਾਦ ਦੇਂਦੇ ਸਨ। ਕਈ ਵਾਰੀ ਐਸੇ ਲੋਕ ਵੀ ਹਨ ਜਿਨ੍ਹਾਂ ਨੂੰ ਅਸੀਂ ਸਨਮਾਨਿਤ ਕਰਨਾ ਚਾਹੁੰਦੇ ਹਾਂ। ਸ੍ਰੀ ਠਾਕੁਰ ਸਿੰਘ, ਜਿਨ੍ਹਾਂ ਨੇ ਕਾਫੀ ਜ਼ਿਆਦਾ ਅਸੰਬਲੀ ਇਲੈਕਸ਼ਨ ਲੜੇ। ਇਹ ਵੀ ਮਾਣ ਵਾਲੀ ਗੱਲ ਹੈ ਕਿ ਉਹ ਇਸ ਦੇ ਮੈਂਬਰ ਰਹੇ। ਜਿਸ ਤਰ੍ਹਾਂ ਭਾਰੀ ਕੰਟਰੀਬਿਊਸ਼ਨ ਭਾਈ ਵੀਰ ਸਿੰਘ ਦੀ ਰਹੀ ਉਸੇ ਤਰ੍ਹਾਂ ਸ੍ਰੀ ਠਾਕੁਰ ਸਿੰਘ ਦੀ ਸੀ। ਸਪੀਕਰ ਸਾਹਿਬ, ਜਿਹੜਾ ਸਾਡਾ ਕਾਂਸਟੀਚਿਊਸ਼ਨ ਹੈ, ਉਹ ਵੱਖ-ਵੱਖ ਮੁਲਕਾਂ ਤੋਂ ਲੈ ਕੇ ਬਣਾਇਆ ਗਿਆ ਹੈ ਔਰ ਮੈਂ ਸਮਝਦਾ ਹਾਂ ਕਿ ਜਿਹੜੀ ਬੇਸ ਡੈਮੋਕਰੇਸੀ ਹੈ, ਉਹ ਇੰਗਲੈਂਡ ਵਿਚ ਹੀ ਹੈ। ਉਥੇ ਜੋ ਵੀ ਬਿਲ ਜਾਂਦਾ ਹੈ, ਉਹ ਬਿਲਕੁਲ ਪੁਣ ਕੇ ਜਾਂਦਾ ਹੈ ਅਤੇ ਜੋ ਠੀਕ ਨਹੀਂ ਹੁੰਦਾ, ਉਹ ਵਾਪਸ ਕੀਤਾ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਸਹੀ ਮਾਅਨਿਆਂ ਵਿਚ ਡੈਮੋਕਰੇਸੀ ਨੂੰ ਲਿਆਉਣਾ ਚਾਹੀਦਾ ਹੈ। ਮੈਨੂੰ ਅਫਸੋਸ ਹੈ ਕਿ 12-14 ਸਾਲ ਬੜੇ ਔਖੇ ਲੰਘੇ। ਲੇਕਿਨ ਜੋ ਅਪਰ ਹਾਊਸ ਹੈ, ਉਹ ਭਾਵੇਂ ਲੰਡਨ ਵਿਚ ਹੋਵੇ ਜਾਂ ਦਿੱਲੀ ਵਿਚ ਹੋਵੇ, ਜਾਂ ਚੰਡੀਗੜ੍ਹ ਵਿਚ ਹੋਵੇ, ਉਸ ਦਾ ਜ਼ਿਆਦਾ ਤੋਂ ਜ਼ਿਆਦਾ ਫਾਇਦਾ ਸਾਡੇ ਲੋਕਾਂ ਨੂੰ ਹੁੰਦਾ ਹੈ। ਮੈਂ ਕਹਿਣਾ ਚਾਹੁੰਦੇ ਹਾਂ ਕਿ ਅੱਜ ਇਥੇ ਜੋ ਅਕਾਲੀ ਦਲ ਬਿਰਾਜ-ਮਾਨ ਹੈ, ਉਹ ਅਸਲੀ ਅਕਾਲੀ ਦਲ ਨਹੀਂ। ਮੈਂ ਕਹਿਣਾ ਚਾਹੁੰਦਾ ਹਾਂ ਕਿ (ਸ਼ੋਰ).........।

(ਇਸ ਸਮੇਂ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ ਜਿਸ ਕਾਰਨ ਕੁੱਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ)

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੂੰ ਬਿਠਾਓ। ਮੈਂ ਇਹੀ ਅਸਲੀ ਅਕਾਲੀ ਦਲ ਮੰਨ ਲੈਂਦਾ ਹਾਂ। (ਸ਼ੋਰ) (ਵਿਘਨ)

**ਮੁੱਖ ਮੰਤਰੀ :** ਮੈਂ ਮੰਨ ਲੈਂਦਾ ਹਾਂ। ਇਨ੍ਹਾਂ ਨੂੰ ਗੁੱਸਾ ਕਾਹਦਾ ਹੈ।

**Mr. Speaker :** No Interruption, please.

**ਮੁੱਖ ਮੰਤਰੀ :** ਇਹ ਅਕਾਲੀ ਦਲ ਹੀ ਸਹੀ। ਹੁਣ ਤਾਂ ਤਸੱਲੀ ਹੈ। ਮੈਂ ਜੋ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਕਾਲੀ ਦਲ ਦਾ ਬਹੁਤ ਵੱਡਾ ਲੀਡਰ ਸਰਦਾਰ ਗੁਰਚਰਨ ਸਿੰਘ ਟੌਹੜਾ ਹੈ ਅਤੇ ਉਹ ਅੱਜ ਐਸ.ਜੀ.ਪੀ.ਸੀ. ਦਾ ਪ੍ਰੈਜ਼ੀਡੈਂਟ ਹੈ। 17-18 ਸਾਲ ਹੋ ਗਏ ਹਨ। ਲੇਕਿਨ ਉਨ੍ਹਾਂ ਨੂੰ ਵੀ, ਸਪੀਕਰ ਸਾਹਿਬ, ਜ਼ਿਆਦਾ ਫਿਕਰ ਐਸ.ਜੀ.ਪੀ.ਸੀ. ਦੀ ਪ੍ਰਧਾਨਗੀ ਦਾ ਨਹੀਂ, ਜ਼ਿਆਦਾ ਫਿਕਰ ਰਾਜ ਸਭਾ ਵਿੱਚ ਜਾਣ ਦਾ ਰਿਹਾ। ਕਿੰਨੀ ਵਾਰੀ ਰਾਜ ਸਭਾ ਦੇ ਮੈਂਬਰ ਰਹੇ, ਜ਼ਰਾ ਅੰਦਾਜ਼ਾ ਲਗਾ ਕੇ ਦੱਸ ਦਿਉ। ਜਿਸ ਤਰ੍ਹਾਂ ਕਿਹਾ ਗਿਆ ਹੈ ਸਾਡੇ ਐਮ.ਐਲ.ਏ. ਸਾਹਿਬ ਵਲੋਂ ਕਿ ਕੌਂਸਲ ਦੇ ਵਿੱਚ ਬੜੇ ਜੂਰਿਸਟ ਰਹੇ, ਜਰਨਲਿਸਟ ਰਹੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਬੜੇ ਵੱਡੇ ਮਹਾਨ ਨੇਤਾ ਅਪਰ ਹਾਊਸ ਦੇ ਵਿੱਚ ਬੈਠਦੇ ਰਹੇ ਔਰ ਜੇ ਇਥੇ ਕੌਂਸਲ ਹੁੰਦੀ, ਅਪਰ ਹਾਊਸ ਹੁੰਦਾ ਤਾਂ ਡੈਮੋਕਰੇਸੀ ਚਲਦੀ ਰਹਿੰਦੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਥੇ ਸਾਨੂੰ ਇਤਨੀ ਲੋੜ ਗਵਰਨਰੀ ਰਾਜ ਦੀ ਨਾ ਪੈਂਦੀ। ਇਥੇ ਕਿਹਾ ਹੈ ਕਿ ਮੈਂ ਕੌਂਸਲ ਬਾਰੇ ਕੁਝ ਹੋਰ ਬੋਲਿਆ ਹੈ। ਉਸ ਵੇਲੇ ਵਕਤ ਦੀ ਨਜ਼ਾਕਤ ਸੀ, ਹੁਣ ਪਾਣੀ ਕਾਫੀ ਨਿਕਲ ਗਿਆ ਪੁਲਾਂ ਵਿਚੋਂ, ਮੈਂ ਅੱਜ ਦੀ ਗੱਲ ਕਰਨੀ ਚਹੁੰਦਾ ਹਾਂ। ਇਨ੍ਹਾਂ ਨੇ ਵਾਈਟ ਐਲੀਫੈਂਟ ਦੀ ਵੀ ਗੱਲ ਕੀਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਕਈ ਖਰਚ ਨਿਹਾਇਤ ਅੱਛੇ ਕੰਮ ਵਾਸਤੇ ਲਾਜ਼ਮੀ ਕਰਨੇ ਪੈਂਦੇ ਹਨ। ਪ੍ਰਮਾਤਮਾ ਨਾ ਕਰੇ ਕੋਈ ਨੁਕਸਾਨ ਹੋਵੇ, ਪਿਛਲੇ ਸਾਲ ਹੜ੍ਹ ਆਏ ਤਾਂ ਇਕੱਲੇ ਫਿਰੋਜ਼ਪੁਰ ਜ਼ਿਲ੍ਹੇ ਨੂੰ ਇਸ ਦੇ ਲਈ 2 ਕਰੋੜ 53 ਲੱਖ ਰੁਪਏ ਦੇਣੇ ਪਏ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਵਿਧਾਨ ਪ੍ਰੀਸ਼ਦ ਨੂੰ ਬਣਾਉਣ ਲਈ 2 ਕਰੋੜ ਰੁਪਏ ਵੀ ਨਹੀਂ ਲਗਦੇ, ਕਾਹਦਾ ਵਾਈਟ ਐਲੀਫੈਂਟ

Original with;
Punjab Vidhan Sabha
Digitized by;
Panjab Digital Library

ਹੈ। ਇਹ ਕੋਈ ਬਹੁਤ ਲੰਮਾ ਚੌੜਾ ਖਰਚਾ ਨਹੀਂ। ਪਰ ਜਿਤਨਾ ਖ਼ਰਚ ਕਰਕੇ ਅਸੀਂ ਜੋ ਲੈਜਿਸਲੇਸ਼ਨ ਹੈ, ਉਹ ਬੜੀ ਅੱਛੀ ਸਤਾਹ ਤੇ ਲਿਆਂਵਾਂਗੇ। ਮੈਂ ਗੱਲ ਇਹ ਜ਼ਰੂਰ ਕਹਾਂਗਾ ਕਿ ਇਹ ਗੱਲ ਨਹੀਂ ਹੋਵੇਗੀ ਕਿ ਹਾਰੇ ਹੋਏ ਪਾਲੀਟੀਸ਼ਨਜ਼ ਨੂੰ ਅਕਾਮੋਡੇਟ ਕਰਨਾ ਹੈ। ਅਸੀਂ ਉਨ੍ਹਾਂ ਨੂੰ ਅਕਾਮੋਡੇਟ ਕਰਾਂਗੇ ਜਿਨ੍ਹਾਂ ਦਾ ਬੜਾ ਭਾਰੀ ਮਹਾਨ ਸਥਾਨ ਪੰਜਾਬ ਦੇ ਵਿੱਚ ਹੋਵੇਗਾ ਔਰ ਪੰਜਾਬ ਦੇ ਵਿੱਚ ਉਨ੍ਹਾਂ ਦਾ ਵੀ ਸਥਾਨ ਹੁੰਦਾ ਹੈ ਜੋ ਬਾਹਰ ਰਹਿ ਕੇ ਆਪਣੀਆਂ ਸਲਾਹਾਂ ਦਿੰਦੇ ਹਨ। ਲੇਕਿਨ ਬਾਹਰ ਰਹਿ ਕੇ ਉਨ੍ਹਾਂ ਦੀ ਸਲਾਹ ਦੀ ਉਤਨੀ ਕੀਮਤ ਨਹੀਂ ਪੈਂਦੀ ਲੇਕਿਨ ਜਦੋਂ ਉਹ ਵਿਧਾਨ ਪ੍ਰੀਸ਼ਦ ਵਿੱਚ ਆਪਣੀ ਸਲਾਹ ਦੇਣਗੇ, ਆਪਣੀ ਰਾਇ ਦੇਣਗੇ ਤਾਂ ਉਨ੍ਹਾਂ ਦੀ ਸਲਾਹ ਦੀ ਕੀਮਤ ਪਵੇਗੀ। ਇਕ ਇਕ ਬਿਲ ਤੇ ਆਪਣੀ ਰਾਇ ਪ੍ਰਗਟ ਕਰਨਗੇ। ਇਹ ਜਿਹੜੇ ਬਿਲ ਅਸੀਂ ਕੱਲ੍ਹ ਪਾਸ ਕੀਤੇ ਹਨ, ਦੋ ਮੁਤਜ਼ਾਦ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਇਕ ਤਾਂ ਕਹਿੰਦੇ ਹਨ ਕਿ ਬਿਲ ਬੜੀ ਜਲਦੀ ਪਾਸ ਕਰ ਦਿੱਤੇ ਹਨ। ਜੇ ਵਿਧਾਨ ਪ੍ਰੀਸ਼ਦ ਹੋਵੇਗੀ ਤਾਂ ਜੇ ਇਥੇ ਬਿਲ ਪਾਸ ਹੋਏ ਹਨ ਤਾਂ ਉਥੋਂ ਵੀ ਉਸ ਦੀ ਪੂਰੀ ਛਾਣ ਬੀਣ ਕਰਕੇ ਬਿਲ ਪਾਸ ਕੀਤੇ ਜਾਣਗੇ। ਸਪੀਕਰ ਸਾਹਿਬ' ਡਾਕਟਰ ਬਲਦੇਵ ਪ੍ਰਕਾਸ਼ ਜੀ ਸਾਡੇ ਵਿੱਚ ਨਹੀਂ ਰਹੇ, ਸੰਸਾਰ ਤੋਂ ਚੱਲੇ ਗਏ ਹਨ। ਅਦਵਾਨੀ ਸਾਹਿਬ ਨੇ ਔਰ ਬਾਜਪਾਈ ਸਾਹਿਬ ਨੇ ਬੜਾ ਯਤਨ ਕਰਕੇ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਬਣਾਇਆ ਔਰ ਉਹ ਇਸ ਕਰਕੇ ਬਣਾਇਆ ਕਿ ਉਹ ਬੜੀ ਭਾਰੀ ਚੰਗੀ ਰਾਇ ਆਪਣੀ ਰਾਜ ਸਭਾ ਵਿੱਚ ਦੇ ਸਕਣ ਔਰ ਮੈਂ ਸਮਝਦਾ ਹਾਂ ਕਿ ਉਹ ਬੜੇ ਮਹਾਨ ਨੇਤਾ ਸਨ, ਬੀ.ਜੇ.ਪੀ. ਦੇ ਇਸ ਪੰਜਾਬ ਦੇ ਵਿੱਚ, ਔਰ ਉਨ੍ਹਾਂ ਨੇ ਆਪਣਾ ਕਾਫੀ ਯੋਗਦਾਨ ਪਾਇਆ। ਜੋ, ਸਪੀਕਰ ਸਾਹਿਬ, ਮਿੱਤਲ ਸਾਹਿਬ ਨੇ ਗੱਲ ਕੀਤੀ ਹੈ, ਕਿ ਸਰਦਾਰ ਉਮਰਾਓ ਸਿੰਘ ਜੀ ਨੇ ਗੱਲ ਕੀਤੀ ਸੀ ਕਿ ਫਰੈਸ਼ ਹੋ ਕੇ ਬੀਅਰ ਦਾ ਗਿਲਾਸ ਪੀ ਕੇ ਫਿਰ ਆ ਜਾਂਦੇ ਸਨ। ਤੁਹਾਡੇ ਵਾਸਤੇ ਬਾਰ ਖੋਲ੍ਹ ਦਿੰਦੇ ਹਾਂ। ਜੇ ਮਿੱਤਲ ਸਾਹਿਬ ਪ੍ਰਾਮਿਸ ਕਰਨ ਕਿ ਪੀ ਕੇ ਅਸੈਂਬਲੀ ਨੂੰ ਛੱਡ ਕੇ ਵਿਧਾਨ ਪ੍ਰੀਸ਼ਦ ਵਿੱਚ ਚਲੇ ਜਾਇਆ ਕਰਨਗੇ ਤਾਂ ਮੈਂ ਇਥੇ ਬਾਰ ਦਾ ਇੰਤਜ਼ਾਮ ਕਰ ਦਿੰਦਾ ਹਾਂ। (ਹਾਸਾ) ਸੋ ਮੈਂ ਸਮਝਦਾ ਹਾਂ ਕਿ ਵਿਧਾਨ ਪ੍ਰੀਸ਼ਦ ਸਾਨੂੰ ਇਥੇ ਕਾਇਮ ਕਰਨੀ ਚਾਹੀਦੀ ਹੈ। ਇਕ ਗੱਲ, ਸਪੀਕਰ ਸਾਹਿਬ, ਮੈਂ ਇਥੇ ਹੋਰ ਕਹਾਂਗਾ ਜੋ ਅਰਸ਼ੀ ਸਾਹਿਬ ਨੇ ਕਿਹਾ ਹੈ ਅਰਸ਼ੀ ਸਾਹਿਬ ਗੁੱਸਾ ਨਾ ਕਰਨਾ, ਜਿਸ ਤਰ੍ਹਾਂ ਅਕਾਲੀ ਪਾਰਟੀ ਖਿੰਡੀ ਹੈ ਤੁਹਾਡੀ ਪਾਰਟੀ ਵੀ ਖਿੰਡੀ ਹੈ। ਕਾਮਰੇਡ ਤੇਜਾ ਸਿੰਘ ਸੁਤੰਤਰ ਔਰ ਮਾਸਟਰ ਹਰੀ ਸਿੰਘ ਜੀ ਬਹੁਤ ਵੱਡੇ ਲੀਡਰ ਰਹੇ ਜਿਨ੍ਹਾਂ ਨੇ ਕੋਸ਼ਿਸ਼ ਕੀਤੀ ਕਿ ਇਹ ਕਮਿਊਨਿਸਟ ਪਾਰਟੀ ਇਕੱਠੀ ਰਹੇ, ਪਰ ਅੱਜ ਉਹ ਕਮਿਊਨਿਸਟ ਪਾਰਟੀ ਇਕੱਠੀ ਨਹੀਂ। ਇਕ ਸੀ.ਪੀ.ਆਈ. ਹੋ ਗਈ ਅਤੇ ਦੂਸਰੀ ਸੀ.ਪੀ.ਆਈ. (ਐਮ) ਹੋ ਗਈ। ਫਿਰ ਸਰਦਾਰ ਬਲਦੇਵ ਸਿੰਘ ਬਲੱਮਗੜ੍ਹ ਹਨ, ਉਹ ਵੀ ਤਾਂ ਕਮਿਊਨਿਸਟ ਪਾਰਟੀ ਦੇ ਹੀ ਹਨ, ਲੇਕਿਨ ਖਿਆਲਾਤ ਵਖਰੇ ਵਖਰੇ ਹੋ ਗਏ। ਚੰਗੀ ਗਲ ਹੈ ਕਿ ਕੋਈ ਤਾਂ ਕਮਿਊਨਿਸਟ ਪਾਰਟੀ ਦਾ ਬੰਦਾ ਸਾਨੂੰ ਸਪੋਰਟ ਕਰਦਾ ਹੈ। ਉਹ ਇਹ ਗੱਲ ਤਾਂ ਨਹੀਂ ਕਰਦੇ ਆਪੋਜ਼ੀਸ਼ਨ ਫ਼ਾਰ ਦੀ ਸੇਕ ਆਫ਼ ਆਪੋਜ਼ੀਸ਼ਨ। ਸਪੀਕਰ ਸਾਹਿਬ, ਇਕ ਮੁਹਾਵਰਾ ਹੈ ਕਿ 'ਮੈਂ ਤੇਰੇ ਨਹੀਂ ਰਹਿਣਾ, ਤੇਰੀ ਦਾਹੜੀ ਹਿਲਦੀ ਹੈ'। ਮੈਂ ਸਾਰੇ ਵੀਰਾਂ ਨੂੰ ਕਹਾਂਗਾ ਕਿ ਅਸੀਂ ਸਾਰੇ ਇਕੱਠੇ ਹੋ ਕੇ ਵਿਧਾਨ ਪ੍ਰੀਸ਼ਦ ਰਿਵਾਈਵ ਕਰਕੇ ਪੰਜਾਬ ਦੀ ਸੇਵਾ ਕਰੀਏ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਸੀਟ ਲੈਂਦਾ ਹਾਂ।

**Mr. Speaker** : Question is—

"(1) Whereas, Clause (1) of Article 169 of the Constitution provides that notwithstanding anything in Article 168, Parliament may by law provide for the creation of the Legislative Council in a State having no such Council, if the Legislative Assembly of the State passes a resolution to that effect by a majority of the total membership of the Assembly and by a majority of not less than two thirds of the members of the Assembly present and voting,

And whereas, it appears to this Assembly that it is desirable to create the Legislative Council of this State;

Now, therefore, this Assembly resolves that the Legislative Council be created in the State of Punjab.

Original with;
Punjab Vidhan Sabha
Digitized by;
Panjab Digital Library

[Mr. Speaker]

(2) This House recommends that Parliament be pleased to direct that the law which it may make in this behalf shall take effect from the date when the President of India gives his assent after the Parliament has passed necessary legislation"

**Mr. Speaker** : Since the Resolution has been moved under the provision of the Constitution, voting count will be recorded.

(At this stage division bells were sounded.)

(The Members belonging to the BSP, BJP, CPI, SAD(K), CPM and JD, present in the House, were raising. ** ** ** slogans against the Resolution).

**Mr. Speaker**: No slogans should form part of the record. Before the Division is recorded the number of Members present in the House will be counted.

(At this stage a count of the Members was taken)

**Mr. Speaker** : Ayes for the right and Noes for the left.

(The Assembly then divided)

**Mr. Speaker** : Total number of Members present in the House 106.

In favour of the Resolution 87

Against the Resolution 19

AYES—87

1. Chaudhary Abdul Gaffar.
2. Shri Avtar Henry.
3. Sardar Avtar Singh Brar.
4. Shri Babu Ram Chawla.
5. Comrade Baldev Singh Balamgarh.
6. Sardar Baldev Singh Pacca
7. Shri Bal Mukand Sharma
8. Sardar Beant Singh
9. Shri Bhagwan Dass Arora
10. Shri Brahm Mohindra.
11. Sardar Brij Bhupinder Singh Kang
12. Sardar Darshan Singh Brar
13. Sardar Dhanwant Singh.
14. Shri Dharam Pal Sabharwal.
15. Sardar Dilbagh Singh.
16. Shri Faqir Chand Sharma.
17. Sardar Gulzar Singh Kapurthala.

*Not recorded as ordered by Chair.

Original with;
Punjab Vidhan Sabha
Digitized by;
Panjab Digital Library

18. Sardar Gulzar Singh Nathana.
19. Sardar Gurbinder Singh Atwal.
20. Sardar Gurcharan Singh Dirba.
21. Sardar Gurcharan Singh Panjgrian.
22. Sardar Gurchet Singh Bhullar.
23. Sardar Gurmail Singh Cheema.
24. Sardar Gurmej Singh.
25. Sardar Gurnam Singh Abul Khurana.
26. Sardar Hamir Singh Ghagga.
27. Shri Hans Raj Josan.
28. Sardar Harbans Singh Sidhu.
29. Sardar Harcharan Singh Brar.
30. Shri Harminder Singh Jassi.
31. Shri Harnam Dass Johar.
32. Sardar Harnek Singh Kharar.
33. Sardar Harnek Singh Payal.
34. Sardar Ishar Singh.
35. Master Jagir Singh.
36. Chaudhary Jagjit Singh.
37. Sardar Jagmohan Singh Kang.
38. Sardar Jagtar Singh Multani.
39. Shri Jaikishan Saini.
40. Sardar Jasbir Singh.
41. Sardar Joginder Singh Mann.
42. Doctor Kewal Krishan.
43. Shri Khushhal Bahl.
44. Sardar Kirpal Singh Makha.
45. Shri Kishan Chand.
46. Shri Krishan Kumar Kaushal.
47. Sardar Lakhmir Singh Randhawa.
48. Sardar Lal Singh.
49. Sardar Malkiat Singh Birmi.
50. Sardar Malkiat Singh Dakha.
51. Doctor(Mrs). Malti Thapar.

Original with;
Punjab Vidhan Sabha
Digitized by;
Panjab Digital Library

[Mr. Speaker]

52. Sardar Maninderjit Singh Bitta.
53. Sardar Manjit Singh Bhattal.
54. Doctor Mohinder Kumar Rinwa.
55. Sardar Mohinder Singh Gill.
56. Shri Naresh Thakur
57. Sardar Nirmal Singh Mahant.
58. Sardar Parminder Singh.
59. Sardar Partap Singh Bajwa.
60. Shri Raghubir Singh.
61. Shri Raghunath Sahai Puri.
62. Smt. Rajinder Kaur Bhattal.
63. Shri Raj Kumar Khurana.
64. Shri Rakesh Kumar Panday.
65. Shri Raman Kumar Bhalla.
66. Shri Ramesh Kumar Singla.
67. Sardar Ranjit Singh Majitha.
68. Sardar Ravinder Singh Sandhu Babbal.
69. Shri Romesh Chander Dogra.
70. Sardar Sadhu Singh.
71. Shri Sajjan Kumar Jakhar.
72. Shri Sajwar Singh.
73. Shri Santokh Singh Chaudhary.
74. Sardar Sardul Singh.
75. Sardar Shamsher Singh Rai.
76. Sardar Shamsher Singh Dullo.
77. Sardar Sher Singh Gagowal.
78. Smt. Sushil Mahajan.
79. Pandit Som Dutt Sharma.
80. Sardar Sukhwinder Singh Butter.
81. Sardar Sukhdev Singh Shahbazpuri.
82. Sardarni Surjit Kaur Kalkat.
83. Shri Surinder Kapoor.
84. Sardar Tripat Rajinder Singh Bajwa.
85. Sardar Umrao Singh.

Original with;
Punjab Vidhan Sabha
Digitized by;
Panjab Digital Library

86. Shri Upinder Kumar Sharma.

87. Doctor Vir Pawan Kumar Bhardwaj.

NOES—19

1. Sardar Avtar Singh Karimpuri.
2. Sardar Baldev Singh Bhatti.
3. Shri Gurpal Chand Saroa.
4. Doctor Harbans Lal.
5. Comrade Hardev Singh Arshi.
6. Sardar Hargopal Singh, Advocate.
7. Sardar Inderjit Singh Zira.
8. Shri Jagdish Sawhney.
9. Shri Madan Mohan Mittal.
10. Sardar Nirmal Singh Nimma.
11. Sardar Raj Singh Kheri.
12. Shri Rajinder Kumar.
13. Doctor Ramesh Dutt,.
14. Sardar Ranjit Singh Chhajalwadi .
15. Shri Satnam Singh Kainth.
16. Shri Sat Pal Gosain.
17. Shri Shingara Ram Sahungra.
18. Comrade Tarsem Jodhan.
19. Shri Vijay Kumar Sathi, Advocate.

**Mr. Speaker** : The Resolution is passed by a majority of the total membership of the House and by a majority of two-thirds of the members present and voting. (*Thumping*).

*The motion was carried.*

## LEGISLATIVE BUSINESS

## THE PUNJAB PANCHAYAT SAMITIS AND ZILA PARISHADS (AMENDMENT AND VALIDATION) BILL, 1993

**Rural Development and Panchayats Minister (Sardar Umrao Singh)** : Sir, I beg to introduce the Punjab Panchayat Samitis and Zila Parishads (Amendment and Validation) Bill.

Sir, I also beg to move—

That the Punjab Panchayat Samitis and Zila Parishads (Amendment and Validation) Bill be taken into consideration at once.

**Mr. Speaker** : Motion moved—

That the Punjab Panchayat Samitis and Zila Parishads (Amendment and Validation) Bill be taken into consideration at once.

Original with;
Punjab Vidhan Sabha
Digitized by;
Panjab Digital Library

**ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਉਮਰਾਓ ਸਿੰਘ)** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਐਕਸਪਲੇਨ ਕਰਨਾ ਚਾਹੁੰਦਾ ਹਾਂ। ਮੈਂ ਮੈਂਬਰ ਸਾਹਿਬਾਨ ਦੇ ਗਿਆਤ ਲਈ ਥੋੜ੍ਹਾ ਜਿਹਾ ਇਹ ਦੱਸਣਾ ਹੈ ਕਿ ਇਹ ਜਿਹੜਾ ਬਿਲ ਹੈ, ਇਹ ਬੜਾ ਇਨੋਸੈਂਟ ਜਿਹਾ ਬਿਲ ਹੈ, ਕਿਉਂਕਿ ਪੰਜਾਬ ਦੀ ਰੀਆਰਗੇਨਾਈਜੇਸ਼ਨ ਹੋਈ ਔਰ ਦੋ ਨਵੇਂ ਜ਼ਿਲ੍ਹੇ ਬਣੇ ਮਾਨਸਾ ਔਰ ਫਤਿਹਗੜ੍ਹ ਸਾਹਿਬ । ਉਥੇ ਵੀ ਜ਼ਿਲ੍ਹਾ ਪ੍ਰੀਸ਼ਦ ਦੀ ਸਥਾਪਨਾ ਕੀਤੀ ਗਈ। ਜਿਹੜਾ ਪੁਰਾਣਾ ਐਕਟ ਹੈ ਉਸ ਵਿਚ ਜ਼ਿਲ੍ਹਾ ਪਰੀਸ਼ਦ ਬਣਾਉਣ ਦੀ ਵਿਵਸਥਾ ਹੈ ਪਰ ਉਹ ਉਦੋਂ ਹੀ ਬਣ ਸਕਦੇ ਹਨ ਜਦੋਂ ਅਸੀਂ ਜ਼ਿਲ੍ਹਾ ਪਰੀਸ਼ਦਾਂ ਦੀਆਂ ਇਲੈਕਸ਼ਨਾਂ ਕਰਵਾਈਏ। ਕਿਉਂਕਿ ਅੱਜੇ ਸਮਾਂ ਸੀ ਇਲੈਕਸ਼ਨਾਂ ਵਿਚ, ਇਸ ਕਰਕੇ ਜੋ ਅਧਿਕਾਰੀ ਬਣਾਏ ਗਏ ਜੋ ਜ਼ਿਲ੍ਹਾ ਪਰੀਸ਼ਦਾਂ ਦੇ ਜ਼ਿੰਮੇ ਕੰਮ ਲਾਇਆ ਗਿਆ, ਉਨ੍ਹਾਂ ਦੇ ਕੰਮ ਨੂੰ ਵੈਲੀਡੇਟ ਕਰਨ ਵਾਸਤੇ ਇਹ ਕੀਤਾ ਹੈ। ਤਾਂਕਿ ਜੋ ਉਨ੍ਹਾਂ ਨੇ ਕੰਮ ਕੀਤੇ ਹਨ ਜਾਂ ਇਲੈਕਸ਼ਨ ਹੋਣ ਤੱਕ ਕਰਨੇ ਹਨ, ਉਨ੍ਹਾਂ ਨੂੰ ਵੈਲੀਡੇਟ ਕਰਕੇ ਆਥੋਰਾਈਜ਼ ਕੀਤਾ ਜਾ ਸਕੇ ਇਸ ਐਕਟ ਦੇ ਨਾਲ। ਇਸ ਕਰਕੇ ਇਹ ਬੜਾ ਇਨੋਸੈਂਟ ਜਿਹਾ ਬਿਲ ਹੈ। ਨਵੇਂ ਜ਼ਿਲ੍ਹੇ ਬਣਾਉਣ ਕਰਕੇ ਹੀ ਇਹ ਬਣਾਇਆ ਗਿਆ ਹੈ। ਸੋ ਮੇਰਾ ਖਿਆਲ ਹੈ ਕਿ ਸਦਨ ਇਸ ਨੂੰ ਪਾਸ ਕਰੇਗਾ।

**ਸ਼੍ਰੀ ਸਪੀਕਰ** : ਅਰਸ਼ੀ ਸਾਹਿਬ, ਤੁਸੀਂ ਇਸ ਨੂੰ ਦੋ ਤਿੰਨ ਮਿੰਟਾਂ ਵਿਚ ਹੀ ਵਾਈਂਡ ਅੱਪ ਕਰ ਦੇਣਾ।

**ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ)** : ਮਾਨਯੋਗ ਮੰਤਰੀ ਜੀ ਨੇ ਇਹ ਬਿਲ ਪੇਸ਼ ਕਰਦੇ ਹੋਏ ਕਿਹਾ ਹੈ ਕਿ ਦੋ ਨਵੇਂ ਜ਼ਿਲ੍ਹੇ ਬਣਾਏ ਹਨ। ਕਿਉਂਕਿ ਉਨ੍ਹਾਂ ਵਿਚ ਪਹਿਲੇ ਜ਼ਿਲ੍ਹਾ ਪਰੀਸ਼ਦਾਂ ਨਹੀਂ ਸਨ, ਇਸ ਕਰਕੇ ਉਥੇ ਸੁਪਰਸੀਡ ਵਾਲੀ ਗੱਲ ਇੰਪਲੀਮੈਂਟ ਨਹੀਂ ਹੋ ਸਕਦੀ ਸੀ। ਇਸ ਨੂੰ ਧਿਆਨ ਵਿਚ ਰਖਕੇ ਇਹ ਟੈਕਨੀਕਲ ਮਜ਼ਬੂਰੀ ਹੋ ਗਈ ਸੀ ਔਰ ਇਸ ਕਰਕੇ ਇਹ ਅਮੈਂਡਮੈਂਟ ਲਿਆਉਣੀ ਪਈ। ਮੈਂ ਸਮਝਦਾ ਹਾਂ ਕਿ ਇਹ ਅਮੈਂਡਮੈਂਟ ਜਿਹੜੀ ਲਿਆਂਦੀ ਗਈ ਹੈ, ਇਸ ਨੂੰ ਅਨਡੈਮੋਕਰੈਟਿਕ ਤਰੀਕੇ ਨਾਲ ਯੂਜ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਕਾਰ ਇਸ ਬਿਲ ਵਿਚ 2 ਡਿਸਟ੍ਰਿਕਟ ਤੱਕ ਸੀਮਿਤ ਹੁੰਦੀ ਤਾਂ ਠੀਕ ਸੀ। ਅਸੀਂ ਵੀ ਸਮਝ ਜਾਂਦੇ। ਪਰ ਸਰਕਾਰ ਇਨ੍ਹਾਂ 2 ਡਿਸਟ੍ਰਿਕਟ ਤੋਂ ਇਲਾਵਾ ਸਟੇਟ ਨੂੰ ਰੀ-ਆਰਗੇਨਾਈਜ਼ ਕਰਨ ਦਾ ਵਿਚਾਰ ਕਰ ਰਹੀ ਹੈ। ਇਸ ਵਿੱਚ ਆਪਣੇ ਪ੍ਰਸ਼ਾਸਨਿਕ ਅਧਿਕਾਰੀ ਲਗਾਉਣ ਦੀ ਪ੍ਰੋਵੀਜ਼ਨ ਕੀਤੀ ਗਈ ਹੈ ਅਤੇ ਨਵੇਂ ਬਲਾਕ ਬਨਾਉਣ ਦੀ ਗੱਲ ਕੀਤੀ ਗਈ ਹੈ । ਅਗਰ ਤੁਸੀਂ 2 ਨਵੇਂ ਜ਼ਿਲ੍ਹਿਆਂ ਦੇ ਵਿਚ ਨਵੇਂ ਬਲਾਕ ਬਣਾਉਂਦੇ ਤਾਂ ਠੀਕ ਸੀ ਪਰ ਇਸ ਬਿਲ ਤੋਂ ਇੰਡੀਕੇਟ ਹੁੰਦਾ ਹੈ ਕਿ ਪਾਰਟੀ ਦੇ ਇੰਟਰੈਸਟ ਨੂੰ ਸਾਹਮਣੇ ਰਖਦੇ ਹੋਏ, ਬਲਾਕ ਸੰਮਤੀਆਂ ਦੀਆਂ ਚੋਣਾਂ ਨੂੰ ਸਾਹਮਣੇ ਰਖਦੇ ਹੋਏ ਬਿਲ ਵਿਚ ਪ੍ਰੋਵੀਜ਼ਨ ਕੀਤੀ ਗਈ ਹੈ ਤਾਂ ਕਿ ਰੂਲਿੰਗ ਪਾਰਟੀ ਦਾ ਨੁਕਸਾਨ ਨਾ ਹੋਵੇ। ਇਸ ਲਈ ਇਹ ਅਮੈਂਡਮੈਂਟ ਠੀਕ ਨਹੀਂ ਹੈ। ਇਸ ਬਿਲ ਦਾ ਬੀ ਪਾਰਟ ਕਲੀਅਰ ਇੰਡੀਕੇਟ ਕਰਦਾ ਹੈ, ਜਿਸ ਦੇ ਵਿਚ ਹੈ ਕਿ ਕਿਸੇ ਸਟੇਜ ਤੇ ਸਟੇਟ ਗੌਰਮਿੰਟ ਜ਼ਿਲ੍ਹਾ ਪ੍ਰੀਸ਼ਦ ਦੀਆਂ ਪਾਵਰਜ਼ ਨੂੰ ਵਾਪਸ ਵੀ ਲੈ ਸਕਦੀ ਹੈ। ਇਸ ਦੀ ਕਲੈਰੀਫਿਕੇਸ਼ਨ ਸਰਦਾਰ ਉਮਰਾਓ ਸਿੰਘ ਆਪਣੇ ਜਵਾਬ ਵਿਚ ਦੇ ਦੇਣ। ਜੋ ਮੈਂ ਸਟਡੀ ਕੀਤਾ ਹੈ ਉਸ ਦੇ ਨਾਲ ਇਹ ਅਮੈਂਡਮੈਂਟ ਵਾਪਸ ਹੋਣੀ ਚਾਹੀਦੀ ਹੈ। ਕਿਉਂਕਿ ਇਹ ਠੀਕ ਨਹੀਂ ਹੈ। ਇਸ ਨਾਲ ਨਵੇਂ ਬਲਾਕ ਬਣਾਏ ਜਾਣੇ ਹਨ । ਇਸ ਵਿਚ ਪਬਲਿਕ ਹਿੱਤ ਹੁੰਦਾ ਤਾਂ ਮੈਂ ਤੁਹਾਡੇ ਨਾਲ ਸਹਿਮਤ ਹੁੰਦਾ ਪਰ ਇਥੇ ਨਵੇਂ ਬਲਾਕ ਬਨਾਉਣ ਲਈ ਪਾਰਟੀ ਦੇ ਇੰਟਰੈਸਟ ਨੂੰ ਧਿਆਨ ਵਿਚ ਰਖਿਆ ਗਿਆ ਹੈ। ਜਿਸ ਤਰ੍ਹਾਂ ਤੁਸੀਂ ਮਾਨਸਾ ਅਤੇ ਫਤਿਹਗੜ੍ਹ ਸਾਹਿਬ ਦੇ ਡਿਸਟ੍ਰਿਕਟ ਬਣਾਏ ਹਨ ਅਤੇ ਇਨ੍ਹਾਂ ਦੇ ਲਈ ਨਵੇਂ ਬਲਾਕ ਬਨਾਉਣੇ ਹਨ, ਤਾਂ ਗੱਲ ਠੀਕ ਸੀ ਪਰ ਸਟੇਟ ਦੇ ਲਈ ਨਵੇਂ ਬਲਾਕ ਪਾਰਟੀ ਦੇ ਇੰਟਰੈਸਟ ਨੂੰ ਧਿਆਨ ਵਿਚ ਰਖਕੇ ਹਏ ਬਨਾਉਣ ਦੀ

Original with;
Punjab Vidhan Sabha
Digitized by;
Panjab Digital Library

ਕੋਸ਼ਿਸ਼ ਨੂੰ ਪੱਖਪਾਤੀ ਕਿਹਾ ਜਾਵੇਗਾ। ਇਸ ਤਰ੍ਹਾਂ ਇਸ ਦੀ ਤਰਜਮਾਨੀ ਨਾ ਕਰੋ। ਰਾਜਨੀਤਿਕ ਹਿਤਾਂ ਤੋਂ ਪ੍ਰੇਰਤ ਹੋ ਕੇ ਤੁਸੀਂ ਇਸ ਤਰ੍ਹਾਂ ਨਾ ਕਰੋ, ਕਿਉਂਕਿ ਇਹ ਡੈਮੋਕਰੇਟਿਕ ਪ੍ਰੋਸੈਸ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਦੇ ਅਧਿਕਾਰਾਂ ਦੀ ਰੀਫਲੈਕਸ਼ਨ ਜਮਹੂਰੀਅਤ ਤੇ ਪੈਂਦੀ ਹੈ। ਜਿਸ ਤਰ੍ਹਾਂ ਡਿਸਟ੍ਰਿਕਟ ਪਲੈਨਿੰਗ ਬੋਰਡ ਸਾਰੇ ਭਾਰਤ ਵਿਚ ਬਨਾਉਣ ਦੀ ਸੋਚ ਰਾਜੀਵ ਗਾਂਧੀ ਜੀ ਦੀ ਦੇਨ ਹੈ ਅਤੇ ਉਨ੍ਹਾਂ ਨੇ ਇਸ ਨੂੰ ਸਾਰੇ ਭਾਰਤ ਵਰਸ਼ ਵਿਚ ਲਾਗੂ ਕੀਤਾ। ਇਸ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਪਿਛੇ ਇਸ ਦੀ ਚਰਚਾ ਸੀ ਕਿ ਇਸ ਨੂੰ ਬੰਦ ਕਰ ਦਿੱਤਾ ਜਾਵੇ। ਇਹ ਨਹੀਂ ਹੋਣਾ ਚਾਹੀਦਾ। ਤੁਸੀਂ ਇਸ ਨੂੰ ਮਜ਼ਬੂਤ ਕਰਕੇ ਡੈਮੋਕਰੇਸੀ ਨੂੰ ਰੀਸਟੋਰ ਕਰੋ। ਇਸ ਨੂੰ ਤੋੜਨ ਦੀ ਕੋਸ਼ਿਸ਼ ਨਾ ਕਰੋ। ਜਿਸ ਤਰ੍ਹਾਂ ਮਹਾਂਰਾਸ਼ਟਰ ਅਤੇ ਗੁਜਰਾਤ ਵਿਚ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਮਜ਼ਬੂਤ ਕੀਤਾ ਹੋਇਆ ਹੈ ਅਤੇ ਉਸ ਵਿਚ ਡੈਮੋਕਰੇਸੀ ਦਾ ਕਾਫੀ ਉਘਾ ਰੋਲ ਹੈ। ਉਥੇ ਜਿਹੜਾ ਪੈਟਰਨ ਅਡਾਪਟ ਕੀਤਾ ਗਿਆ ਹੈ, ਉਸ ਨੂੰ ਇਥੇ ਲਾਗੂ ਕੀਤਾ ਜਾਵੇ। ਉਥੇ ਪੰਚਾਇਤ ਸੰਮਤੀਆਂ ਨੂੰ ਕਾਫੀ ਅਧਿਕਾਰ ਦਿੱਤੇ ਹੋਏ ਹਨ। ਉਸ ਦੀ ਰੋਸ਼ਨੀ ਵਿਚ ਇਸ ਬਿਲ ਵਿਚ ਅਮੈਂਡਮੈਂਟ ਲਿਆਉਣੀ ਚਾਹੀਦੀ ਹੈ ਅਤੇ ਲੋਕਾਂ ਨੂੰ ਵੱਧ ਅਧਿਕਾਰ ਦੇਣੇ ਚਾਹੀਦੇ ਹਨ, ਡੈਮੋਕਰੇਸੀ ਨੂੰ ਬਹਾਲ ਕਰਨਾ ਚਾਹੀਦਾ ਹੈ। ਇਸ ਨੂੰ ਡੈਮੋਕਰੇਟਿਕ ਤਰੀਕੇ ਨਾਲ ਲਾਗੂ ਕਰੋ। ਮੇਰੇ ਬੀ ਪਾਰਟ ਦੀ ਕਲੈਰੀਫਿਕੇਸ਼ਨ ਮਨਿਸਟਰ ਸਾਹਿਬ ਦੇ ਦੇਣ।

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ (ਬਲਾਚੌਰ)** : ਸਪੀਕਰ ਸਾਹਿਬ, ਇਹ ਜਿਹੜਾ ਬਿਲ ਹਾਊਸ ਵਿਚ ਲਿਆਂਦਾ ਗਿਆ ਹੈ, ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਸੋਧਨਾ ਦਾ ਬਿਲ ਜੋ ਅੱਜ ਪਾਸ ਕੀਤਾ ਜਾ ਰਿਹਾ ਹੈ, ਮੈਂ ਇਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਡਿਵੈਲਪਮੈਂਟ ਪ੍ਰੋਸੈਸ ਵਿਚ ਕਿਸੇ ਲਈ ਵੀ ਇੰਨੀਆਂ ਸ਼ਕਤੀਆਂ ਅੱਜ ਤੱਕ ਹੋਂਦ ਵਿਚ ਨਹੀਂ ਆਈਆਂ। ਇਹ ਸ਼ਕਤੀਆਂ ਬਹੁਤ ਹਾਈ ਲੈਵਲ ਤੇ ਹੁੰਦੀਆਂ ਹਨ। ਇਹ ਦਿੱਲੀ ਦੀ ਸਰਕਾਰ ਅਤੇ ਪੰਜਾਬ ਦੇ ਗਵਰਨਰ ਤੱਕ ਸੀਮਤ ਰਹਿੰਦੀਆਂ ਹਨ। ਪੰਚਾਇਤ ਸੰਮਤੀਆਂ ਵਿਚ ਥੋੜ੍ਹਾ ਬਹੁਤ ਅਦਲ-ਬਦਲ ਕਰਕੇ ਅਧਿਕਾਰ ਦਿੱਤੇ ਹਨ ਇਹ ਬੜੀ ਹੀ ਹੈਰਾਨਗੀ ਹੋਈ ਕਿ ਇੱਕ ਪਾਸੇ ਜਿਹੜਾ ਕੰਮ ਚਲ ਰਿਹਾ ਹੈ ਔਰ ਜ਼ਿਲ੍ਹਾ ਪਲੈਨਿੰਗ ਬੋਰਡ ਕੰਮ ਚਲਾ ਰਿਹਾ ਹੈ, ਇਸ ਦੇ ਨਾਲ ਹਰ ਇਕ ਹਲਕੇ ਨੂੰ ਨੁਮਾਇੰਦਗੀ ਮਿਲਦੀ ਹੈ, ਪਰ ਇਸ ਅਮੈਂਡਮੈਂਟ ਦੇ ਨਾਲ ਠੀਕ ਗਰਾਂਟਾਂ ਦੀ ਡਿਸਟ੍ਰੀਬਿਊਸ਼ਨ ਨਹੀਂ ਹੋਵੇਗੀ। ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਨੂੰ ਸੰਕਟ ਕਲੀਨ ਸ਼ਕਤੀਆਂ ਦਿਤੀਆਂ ਗਈਆਂ ਹਨ। ਇਹ ਸ਼ਕਤੀਆਂ ਕਿਸੇ ਵੇਲੇ ਵੀ ਮਿਸ ਯੂਟੋਲਾਈਜ਼ ਹੋ ਸਕਦੀਆਂ ਹਨ। ਸਰਕਾਰ ਇਸ ਨੂੰ ਮਿਸਯੂਟੋਲਾਈਜ਼ ਕਰ ਸਕਦੀ ਹੈ। ਕਾਂਗਰਸ ਸਰਕਾਰ ਆਪਣੇ ਹਲਕੇ ਵਿਚ ਆਪਣਾ ਵਕਾਰ ਬਨਾਉਣ ਲਈ, ਵਿਰੋਧੀ ਪਾਰਟੀਆਂ ਨੂੰ ਥੱਲੇ ਲਾਉਣ ਲਈ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਕਰ ਸਕਦੀ ਹੈ। ਜਦੋਂ ਪਲੈਨਿੰਗ ਬੋਰਡ ਕੰਮ ਕਰ ਰਹੇ ਹਨ ਜ਼ਿਲ੍ਹਾ ਪਰਿਸ਼ਦਾਂ ਪਹਿਲਾਂ ਤੋਂ ਹੀ ਭੰਗ ਹੋ ਚਕੀਆਂ ਹਨ, ਉਨ੍ਹਾਂ ਨੂੰ ਹੋਰ ਸ਼ਕਤੀਆਂ ਦੇਣਾ ਠੀਕ ਨਹੀਂ ਹੈ। ਇਹ ਸ਼ਕਤੀਆਂ ਰਾਸ਼ਟਰਪਤੀ ਅਤੇ ਸਟੇਟ ਦੇ ਗਵਰਨਰ ਨੂੰ ਮਿਲੀਆਂ ਸਨ। ਇਸ ਤਰ੍ਹਾਂ ਦੀ ਸ਼ਕਤੀ ਕਿਸੇ ਨੂੰ ਅੱਜ ਤੱਕ ਨਹੀਂ ਮਿਲੀ। ਇਹ ਜੋ ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦਾ ਬਿਲ ਲਿਆਂਦਾ ਜਾ ਰਿਹਾ ਹੈ ਮੈਂ ਇਸ ਦੇ ਨਾਲ ਸਹਿਮਤ ਨਹੀਂ ਹਾਂ। ਬਲਾਕ ਸੰਮਤੀਆਂ ਤੇ ਅਫਸਰ ਕੰਟਰੋਲ ਕਰ ਸਕਦਾ ਹੈ। ਇਸ ਤਰ੍ਹਾਂ ਦੀ ਪਾਵਰ ਦੇਣਾ ਠੀਕ ਨਹੀਂ ਹੈ। ਜਿਹੜੀਆਂ ਸੰਮਤੀਆਂ ਸਰਕਾਰ ਦੇ ਖਿਲਾਫ ਚਲਣਗੀਆਂ ਜਾਂ ਕੋਈ ਸਿਆਸੀ ਪਾਰਟੀ ਸਰਕਾਰ ਦੇ ਖਿਲਾਫ ਚਲੇਗੀ ਤਾਂ ਉਸ ਨੂੰ ਨੁਕਸਾਨ ਪਹੁੰਚਾਇਆ ਜਾਵੇਗਾ। ਮੈਂ ਸਪੀਕਰ ਸਾਹਿਬ, ਇਸ ਬਿਲ ਦੀ ਵਿਰੋਧਤਾ ਕਰਦਾ ਹਾਂ

**ਸ਼੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮੈਂ ਇਸ ਬਿਲ ਤੇ ਬੋਲਣਾ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਮਿੱਤਲ ਜੀ, ਤੁਸੀਂ ਦੋ ਮਿੰਟ ਵਿਚ ਵਾਈਂਡ ਅਪ ਕਰ ਦਿਓ। ਇਹ ਬਿਲ ਦੋ ਜਿਹੜੇ ਨਵੇਂ ਜਿਲ੍ਹੇ ਬਣੇ ਹਨ, ਉਨ੍ਹਾਂ ਬਾਰੇ ਹੈ।

**ਸ੍ਰੀ ਮਦਨ ਮੋਹਨ ਮਿੱਤਲ (ਨੰਗਲ) :** ਸਪੀਕਰ ਸਾਹਿਬ, ਮੈਂ ਸਿਰਫ ਦੋ ਮਿੰਟ ਵਿਚ ਹੀ ਅਰਜ਼ ਕਰਨੀ ਹੈ। ਅਰਸ਼ੀ ਜੀ ਨੇ ਜੋ ਕਿਹਾ ਹੈ ਮੈਂ ਉਹੀ ਗੱਲ ਰਿਪੀਟ ਨਹੀਂ ਕਰਦਾ। ਅਰਸ਼ੀ ਜੀ ਨੇ ਵੀ ਇਸ ਬਿੱਲ ਤੇ ਬੋਲਣ ਲਈ ਥੋੜ੍ਹਾ ਟਾਇਮ ਲਿਆ ਹੈ ਅਤੇ ਸੁਜੈਸ਼ਨ ਦਿੱਤੀ ਹੈ, ਸਪੀਕਰ ਸਾਹਿਬ, ਜ਼ਿਲ੍ਹਾ ਪਰਿਸ਼ਦਾਂ ਅਤੇ ਬਲਾਕ ਸੰਮਤੀਆਂ ਦੀਆਂ ਚੋਣਾਂ ਨਹੀਂ ਹੋਈਆਂ। ਦੂਸਰਾ ਮੰਤਰੀ ਜੀ ਜਦੋਂ ਇਸ ਬਿੱਲ ਤੇ ਬੋਲਣ ਤਾਂ ਇੱਕ ਗੱਲ ਕਲੀਅਰ ਕਰ ਦੇਣ ਕਿਉਂਕਿ ਇਹ ਗੱਲ ਮੈਂ ਪਹਿਲਾਂ ਵੀ ਪੁੱਛੀ ਸੀ, ਪਰ ਕਲੀਅਰ ਨਹੀਂ ਹੋਈ ਸੀ। ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾਂ ਕਰਾਉਣ ਦਾ ਸਰਕਾਰ ਦਾ ਨੀਅਰ ਫਿਊਚਰ ਕੋਈ ਮਨਸ਼ਾ ਹੈ ਜਾਂ ਨਹੀਂ। ਤੀਸਰਾ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੇ ਨਵੇਂ ਵਾਰਡ ਪੰਜਾਬ ਸਰਕਾਰ ਵੱਲੋਂ ਬਨਾਉਣ ਦੀ ਕੋਈ ਪਰਪੋਜ਼ਲ ਚਲ ਰਹੀ ਹੈ, ਜਾਂ ਨਹੀਂ। ਮੰਤਰੀ ਜੀ ਇਹ ਗੱਲ ਕਲੀਅਰ ਕਰ ਦੇਣ ਕਿ ਨਵੇਂ ਵਾਰਡ ਬਨਾਉਣੇ ਹਨ ਜਾਂ ਨਹੀਂ। ਲੋਕਾਂ ਦੇ ਮਨਾਂ ਵਿਚ ਖਦਸ਼ਾ ਹੈ ਕਿ ਨਵੇਂ ਵਾਰਡ ਬਣਾਏ ਜਾਣਗੇ ਜਾਂ ਨਹੀਂ। ਸਪੀਕਰ ਸਾਹਿਬ, ਬਲਾਕ ਸੰਮਤੀਆਂ ਦੀਆਂ ਚੋਣਾਂ ਹੋਣੀਆਂ ਹਨ ਔਰ ਉਸ ਦੇ ਮੁਤਾਬਿਕ ਹੀ ਪਹਿਲਾਂ ਤਿਆਰੀ ਕਰਨੀ ਹੁੰਦੀ ਹੈ। ਮੈਂ, ਸਪੀਕਰ ਸਾਹਿਬ, ਸਮਝਦਾ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਇਹ ਗੱਲ ਮੰਤਰੀ ਜੀ ਸਪਸ਼ਟ ਕਹ ਦੇਣ।

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਉਮਰਾਓ ਸਿਘ) : ਸਪੀਕਰ ਸਾਹਿਬ, ਇਸ ਬਿੱਲ ਵਿਚ ਜੋ ਦੱਸਿਆ ਗਿਆ ਹੈ, ਉਸ ਬਾਰੇ ਸ਼ਾਇਦ ਮੈਂਬਰ ਸਾਹਿਬ ਦੇ ਸਮਝ ਵਿਚ ਨਹੀਂ ਆਇਆ। ਮੈਂ ਅਰਜ਼ ਕਰ ਰਿਹਾ ਸੀ ਕਿ ਮਾਨਸਾ ਅਤੇ ਫਤਿਹਗੜ੍ਹ ਸਾਹਿਬ, ਦੋ ਜਿਲ੍ਹੇ ਸਰਕਾਰ ਵੱਲੋਂ ਬਣਾਏ ਗਏ ਹਨ। ਪੰਚਾਇਤ ਸੰਮਤੀ ਐਂਡ ਜ਼ਿਲ੍ਹਾ ਪਰਿਸ਼ਦ ਪੰਜਾਬ ਵਿਚ ਅੰਡਰ ਸੁਪਰਸੈਸ਼ਨ ਹਨ, ਐਕਸੈਪਟ ਦੋ ਜ਼ਿਲ੍ਹਾ ਪਰਿਸ਼ਦ ਜੋ ਕਿ ਨਵੇਂ ਡਿਸਟ੍ਰਿਕਟ ਬਣਾਏ ਗਏ ਹਨ। ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਨੂੰ ਇਹ ਅਧਿਕਾਰ ਹੋਵੇਗਾ, ਐਕਟ ਵਿਚ ਇਹ ਪ੍ਰੋਵੀਜ਼ਨ ਹੈ ਕਿ ਜਿਥੇ ਜ਼ਿਲ੍ਹਾ ਪਰਿਸ਼ਦ ਚੱਲ ਰਹੀ ਹੈ, ਸੁਪਰਸੀਡ ਹੋ ਸਕਦੀ ਹੈ। ਜਿਥੇ ਬਲਾਕ ਸੰਮਤੀ ਚਲ ਸਕਦੀ ਹੈ ਔਰ ਜਿਥੇ ਬਲਾਕ ਸੰਮਤੀ ਨਹੀਂ ਚੱਲ ਸਕਦੀ ਤਾਂ ਉਥੇ ਐਡਮਨਿਸਟਰੇਟਰ ਲੱਗ ਸਕਦਾ ਹੈ। ਇਹ ਕਾਫੀ ਸੋਚ ਵਿਚਾਰ ਕਰਨ ਤੋਂ ਬਾਅਦ ਅਮੈਂਡਮੈਂਟ ਲਿਆਂਦੀ ਗਈ ਹੈ। ਜਦੋਂ ਪਹਿਲਾਂ ਐਕਟ ਬਣਾਇਆ ਗਿਆ ਸੀ ਤਾਂ ਇਸ ਚੀਜ਼ ਨੂੰ ਨਹੀਂ ਸੋਚਿਆ ਗਿਆ ਸੀ ਕਿਉਂਕਿ ਨਵੀਂ ਜ਼ਿਲ੍ਹਾ ਪਰਿਸ਼ਦ ਅਤੇ ਨਵਾਂ ਬਲਾਕ ਬਣਾਉਣ ਤੋਂ ਬਾਅਦ ਇਮੀਜੇਏਟਲੀ ਉਸਦੀ ਇਲੈਕਸ਼ਨ ਕਰਾਉਣੀ ਪੈਂਦੀ ਹੈ। ਕਿਉਂਕਿ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਣੀਆਂ ਸਨ, ਫੇਰ ਸੰਮਤੀਆਂ ਦੀ ਇਲੈਕਸ਼ਨ ਹੋਣੀ ਹੈ ਅਤੇ ਫੇਰ ਜ਼ਿਲ੍ਹਾ ਪਰਿਸ਼ਦ ਲਾਉਣੀ ਹੈ ਤਾਂ ਕਿ ਸਾਰਾ ਕੰਮ ਇਨਵੈਲਿਡ ਨਾ ਹੋ ਜਾਵੇ, ਕੋਈ ਵਿਘਨ ਨਾ ਪੈ ਜਾਵੇ, ਇਹ ਬਿੱਲ ਲਿਆਂਦਾ ਗਿਆ ਹੈ। ਇਸ ਵਿੱਚ ਦੋ ਚੀਜ਼ਾਂ ਕੀਤੀਆਂ ਗਈਆਂ। ਜਿਸ ਤਰ੍ਹਾਂ ਐਡਮਨਿਸਟਰੇਟਰ ਲਗਦਾ ਹੈ, ਕੋਈ ਗੌਰਮਿੰਟ ਦਾ ਅਫਸਰ ਜਾਂ ਡੀ.ਸੀ, ਉਸਨੂੰ ਉਸੇ ਤਰ੍ਹਾਂ ਲਗਾਇਆ ਜਾਵੇਗਾ ਅਤੇ ਉਹ ਹੀ ਉਨੀ ਦੇਰ ਫੰਕਸ਼ਨ ਕਰੇਗਾ ਜਾਂ ਗੌਰਮਿੰਟ ਆਪ ਅਖਤਿਆਰ ਲੈ ਸਕਦੀ ਹੈ। ਫੇਰ ਜ਼ਿਲ੍ਹਾ ਪਰਿਸ਼ਦ ਵਾਸਤੇ ਵੀ ਨਵੇਂ ਬਲਾਕ ਬਣਾਉਣ ਦਾ ਵਿਚਾਰ ਹੈ ਕਿਉਂਕਿ ਨਵੇਂ ਸਬ-ਡਿਵੀਜਨ ਬਣ ਗਏ, ਨਵੇਂ ਜ਼ਿਲ੍ਹੇ ਬਣ ਗਏ। ਫਤਿਹਗੜ੍ਹ ਸਾਹਿਬ ਵਿੱਚ ਹੀ ਕਈ ਬਲਾਕ ਐਸੇ ਪੈਂਦੇ ਹਨ ਜਿਹੜੇ ਫਤਿਹਗੜ੍ਹ ਸਾਹਿਬ ਵਿੱਚ ਵੀ ਪੈਂਦੇ ਹਨ ਅਤੇ ਲੁਧਿਆਣਾ ਨਾਲ ਵੀ ਲਗਦੇ ਹਨ। ਉਨ੍ਹਾਂ ਦੀ ਰੀ-ਆਰਗੇਨਾਈਜ਼ੇਸ਼ਨ ਹੋਣੀ ਬੜੀ ਜ਼ਰੂਰੀ ਹੈ। ਸਾਡੇ ਵਿਚਾਰ ਵਿੱਚ ਬਲਾਕ ਸਬ-ਡਿਵੀਜ਼ਨ ਦੇ ਅੰਦਰ ਹੀ ਰਹਿਣਾ ਚਾਹੀਦਾ ਹੈ। ਫੇਰ ਇਹ ਬਲਾਕ

Original with;
Punjab Vidhan Sabha
Digitized by;
Punjab Digital Library

ਤਾਂ ਜ਼ਿਲ੍ਹੇ ਵਿੱਚ ਹੀ ਨਹੀਂ ਰਹੇ, ਜ਼ਿਲ੍ਹੇ ਤੋਂ ਵੀ ਬਾਹਰ ਹੋ ਗਏ। ਇਨ੍ਹਾਂ ਨੂੰ ਬਣਾਉਣ ਤੋਂ ਪਹਿਲਾਂ ਜੋ ਪਰੀ-ਰਿਕੁਇਜ਼ਿਟ ਕੰਡੀਸ਼ਨਜ਼ ਹਨ ਬਲਾਕ ਦੀਆਂ, ਆਬਾਦੀ, ਰਕਬਾ ਆਦਿ ਨੂੰ ਮੁਖ ਰੱਖ ਕੇ ਬਲਾਕ ਦੀ ਡੀਮਾਰਕੇਸ਼ਨ ਕੀਤੀ ਜਾਵੇਗੀ। ਇਸ ਦੇ ਨਾਲ ਨਾਲ ਜਿਵੇਂ ਹੁਣੇ ਹੀ ਸਾਰੇ ਮੈਂਬਰ ਸਾਹਿਬਾਨ ਨੇ ਕਿਹਾ ਸੀ ਕਿ ਫਾਇਨਾਂਸਿਜ਼ ਦਾ ਵੀ ਖਿਆਲ ਰੱਖਿਆ ਜਾਵੇ। ਕਿਉਂਕਿ ਨਵੀਂ ਜ਼ਿਲ੍ਹਾ ਪਰਿਸ਼ਦ ਦੇ ਫਾਈਨਾਂਸ ਵੀ ਹੋਰ ਹੋਣਗੇ, ਕਰਮਚਾਰੀ ਲੱਗਣਗੇ ਅਤੇ ਹੋਰ ਕਈ ਖਰਚੇ ਹਨ। ਉਸ ਲਈ ਕਿੰਨੇ ਬਲਾਕ ਜ਼ਰੂਰੀ ਹਨ, ਇਹ ਵੀ ਧਿਆਨ ਵਿੱਚ ਰੱਖਿਆ ਜਾਵੇਗਾ। ਜਿਹੜੀਆਂ ਦੋ ਜ਼ਿਲ੍ਹਾ ਪਰਿਸ਼ਦਾਂ ਬਣਾਉਣੀਆਂ ਹਨ, ਉਹ ਕਿਸ ਤਰ੍ਹਾਂ ਰੱਖਣੀਆਂ ਹਨ। ਇਸ ਸਬੰਧੀ ਬੜੀ ਇਨੋਸੈਂਟ ਗੱਲ ਰੱਖੀ ਹੈ ਕਿ ਇਕ ਸਾਲ ਦੀ ਨੋਟੀਫਿਕੇਸ਼ਨ ਹੋਵੇਗੀ ਜੋ ਮਿੱਤਲ ਸਾਹਿਬ 6 ਮਹੀਨੇ ਦੀ ਅਮੈਂਡਮੈਂਟ ਵੀ ਕਰ ਦੇਂਦੇ ਤਾਂ ਅਸੀਂ ਮੰਨ ਲੈਣੀ ਸੀ। ਇਸ ਦਾ ਅਸੀਂ ਆਊਟਰ ਪੀਰੀਅਡ ਇਕ ਸਾਲ ਦਾ ਰਖਿਆ ਹੈ। ਜਦੋਂ ਅਸੀਂ ਸੁਪਰਸੈਸ਼ਨ ਦੀ ਮਿਆਦ ਵਧਾਈ ਸੀ ਤਾਂ ਇਕ ਸਾਲ ਦੀ ਵਧਾਈ ਸੀ। ਹੁਣ ਅਸੀਂ ਵਿਚਾਰ ਕਰ ਰਹੇ ਹਾਂ ਕਿ ਇਲੈਕਸ਼ਨ ਜਿਹੜੀਆਂ ਸੰਮਤੀਆਂ ਦੀਆਂ, ਜ਼ਿਲਾ ਪਰਿਸ਼ਦ ਦੀਆਂ ਹਨ, ਉਹ ਸੁਪਰਸੈਸ਼ਨ ਦੇ ਐਕਸਟੈਂਡਿਡ ਪੀਰੀਅਡ ਦੇ ਅੰਦਰ ਅੰਦਰ ਹੀ ਕਰਾ ਦੇਈਏ, ਇਹ ਚੀਜ਼ ਵਿਚਾਰ ਅਧੀਨ ਹੈ। ਇਸ ਦੇ ਨਾਲ ਹੀ ਕੁੱਝ ਗੱਲਾਂ ਕੀਤੀਆਂ ਗਈਆਂ ਕਿ ਪਾਵਰ ਤਾਂ ਐਡਮਨਿਸਟਰੇਟਰ ਦੀ ਹੀ ਹੈ। ਪਾਵਰਜ਼ ਤਾਂ ਉਹੀ ਹਨ ਜੋ ਐਕਟ ਵਿੱਚ ਹਨ। ਫੇਰ ਉਸਦੇ ਨਾਲ ਹੀ ਪਲਾਨਿੰਗ ਬੋਰਡ ਜੋੜ ਲਿਆ। ਅਰਸ਼ੀ ਜੀ ਬੜੇ ਸਿਆਣੇ ਮੈਂਬਰ ਹਨ। ਪਤਾ ਨਹੀਂ ਇਹ ਗੱਲ ਕਿਸ ਤਰ੍ਹਾਂ ਕੰਟਰਾਡਿਕਟਰੀ ਕਰ ਗਏ। ਇਕ ਪਾਸੇ ਕਹਿੰਦੇ ਹਨ ਕਿ ਜ਼ਿਲ੍ਹਾ ਪਰਿਸ਼ਦ ਬਣਾ ਦਿਓ ਪਰ ਉਸਨੂੰ ਪਾਵਰ ਨਾ ਦਿਉ। ਜੇ ਪਲਾਨਿੰਗ ਬੋਰਡ ਹੀ ਰੱਖਣਾ ਹੈ ਤਾਂ ਜ਼ਿਲ੍ਹਾ ਪਰਿਸ਼ਦ ਦਾ ਕੀ ਕੰਮ ਰਹਿ ਗਿਆ। ਉਸਨੂੰ ਵੀ ਤਾਂ ਕੋਈ ਨਾ ਕੋਈ ਕੰਮ ਦੇਣਾ ਪੈਣਾ ਹੈ। ਜਦੋਂ ਪਲਾਨਿੰਗ ਬੋਰਡ ਬਣਾਏ ਗਏ ਸੀ, ਉਸ ਵਕਤ ਅਸੈਂਬਲੀ ਨਹੀਂ ਸੀ, ਸਰਕਾਰ ਨਹੀਂ ਸੀ। ਇਹ ਇਕ ਫੋਰਮ ਬਣਾਈ ਗਈ ਸੀ ਤਾਂ ਕਿ ਲੋਕਾਂ ਦੇ ਰਿਪਰਜ਼ੈਂਟੇਟਿਵ ਪੰਚਾਇਤਾਂ ਨਾਲ ਐਸੋਸੀਏਟ ਕਰਕੇ ਇਸ ਵਿੱਚ ਆਉਣ। ਜ਼ਿਲ੍ਹਾ ਪਰਿਸ਼ਦ ਦੀਆਂ ਇਲੈਕਸ਼ਨਾਂ ਕਰਾਉਣੀਆਂ ਹਨ। ਬਾਕੀ ਕਿਹੜਾ ਕਿਹੜਾ ਕੰਮ ਕਿਸ ਲੈਵਲ ਤੇ ਹੋਣਾ ਹੈ, ਇਹ ਗੌਰਮਿੰਟ ਲੈਵਲ ਤੇ ਸੋਚਿਆ ਜਾਵੇਗਾ। ਨਾ ਕੋਈ ਤੋੜਨ ਦਾ ਵਿਚਾਰ ਹੈ ਅਤੇ ਨਾ ਵਿਚਾਰ ਹੈ ਕਿ ਕਿਹੜਾ ਅਖਤਿਆਰ ਰਹਿ ਜਾਵੇਗਾ ਜਾਂ ਕਿਹੜਾ ਜ਼ਿਲ੍ਹਾ ਪਰਿਸ਼ਦ ਕੋਲ ਜਾਵੇਗਾ। ਇਹ ਪੰਚਾਇਤੀ ਰਾਜ ਸਿਸਟਮ ਹੈ। ਬਾਕੀ ਜਿਹੜਾ ਰੇਜ਼ੋਲਿਊਸ਼ਨ ਹੁਣੇ ਅਸੀਂ ਪਿਛੇ ਪਾਸ ਕੀਤਾ ਸੀ, ਜਿਸ ਸਬੰਧੀ ਕਾਂਸਟੀਚਿਊਸ਼ਨਲ ਅਮੈਂਡਮੈਂਟ ਆਈ ਹੋਈ ਹੈ, ਉਹ ਪਾਰਟ ਆਫ ਦਿ ਕਾਂਸਟੀਚਿਊਸ਼ਨ ਬਣਨੀ ਹੈ। ਉਸ ਦੁਆਰਾ ਬਹੁਤ ਸਾਰੇ ਅਧਿਕਾਰ ਜ਼ਿਲ੍ਹਾ ਪਰਿਸ਼ਦ, ਸੰਮਤੀਆਂ ਅਤੇ ਪੰਚਾਇਤਾਂ ਨੂੰ ਦਿੱਤੇ ਗਏ ਹਨ। ਨਵਾਂ ਐਕਟ ਜ਼ਿਲਾ ਪਰਿਸ਼ਦ ਦਾ ਮੋਡੀਫਾਈ ਕਰਨਾ ਹੈ, ਪੰਚਾਇਤਾਂ ਦਾ ਐਕਟ ਵੀ ਮੋਡੀਫਾਈ ਕਰਨਾ ਹੈ, ਉਹ ਸਾਰੀਆਂ ਚੀਜ਼ਾਂ ਲਿਆਉਣੀਆਂ ਹਨ। ਇਹ ਵੀ ਜ਼ਿਕਰ ਹੈ ਉਸ ਐਕਟ ਵਿੱਚ ਜਿਹੜਾ ਕਿ ਥੋੜ੍ਹੇ ਦਿਨਾਂ ਦੇ ਅੰਦਰ ਅੰਦਰ ਜਦੋਂ ਪ੍ਰੈਜ਼ੀਡੈਂਟ ਦੀ ਅਸੈਂਟ ਹੋ ਗਈ ਅਤੇ ਸਾਰੀਆਂ ਅਸੈਂਬਲੀਆਂ ਨੇ ਰੈਟੀਫਾਈ ਕਰ ਦਿੱਤਾ ਤਾਂ ਪੰਚਾਇਤ ਲਈ ਪਿੰਡ ਦੇ ਵੀ ਜ਼ੋਨ ਬਣਾਉਣੇ ਪੈਣੇ ਹਨ। ਜੇ ਅਸੀਂ ਪੰਚਾਇਤਾਂ ਲਈ ਜ਼ੋਨ ਬਣਾਉਣੇ ਹਨ ਤਾਂ ਉਸ ਉਤੇ ਵੀ ਵਿਚਾਰ ਹੋ ਰਹੀ ਹੈ ਕਿ ਉਹ ਬਲਾਕ ਜਿਹੜਾ ਹੈ, ਉਹ ਬਹੁਤ ਵੱਡਾ ਹੈ। ਕੋਈ ਕਿਤਿਓਂ ਵੋਟਾਂ ਲੈ ਲਈਆਂ, ਕੋਈ ਕਿਤਿਓਂ ਲੈ ਲਈਆਂ। ਜੇ 16 ਬੰਦੇ ਚੁਣੇ ਜਾਂਦੇ ਹਨ ਤਾਂ ਉਹ ਕਦੀ ਰਿਸਪਾਂਸੀਬਲ ਨਹੀਂ ਹੁੰਦੇ। ਸਵਾਲ ਤਾਂ ਇਹ ਹੈ ਕਿ ਇਹ ਜਿਹੜੀਆਂ ਬਾਡੀਜ਼ ਬਣਾਈਆਂ ਜਾਂਦੀਆਂ ਹਨ। ਉਨ੍ਹਾਂ ਦੇ ਜ਼ਿੰਮੇਂ ਕੋਈ ਕੰਮ ਲੱਗੇ। ਜਦੋਂ ਇਨ੍ਹਾਂ ਦਾ ਕੋਈ ਏਰੀਆ ਆਫ ਡਿਮਾਰਕੇਸ਼ਨ ਹੀ ਨਹੀਂ, ਤਾਂ ਉਹ ਡਿਵੈਲਪਮੈਂਟ ਦਾ ਕੰਮ ਕੀ ਕਰਨਗੇ? ਵੱਧ ਤੋਂ ਵੱਧ ਆਪਣੇ ਪਿੰਡ ਲਈ ਕੋਸ਼ਿਸ਼ ਕੀਤੀ ਜਾਵੇਗੀ। ਜੇ ਉਨ੍ਹਾਂ ਦਾ ਕਈ ਜ਼ੋਨ ਬਣੇ ਤਾਂ ਕੁਦਰਤੀ ਤੌਰ ਤੇ ਉਸ ਜ਼ੋਨ ਦੀ ਡਿਵੈਲਪਮੈਂਟ ਲਈ ਉਹ ਕੰਮ ਕਰਨਗੇ ਪਰ ਇਹ ਸਾਰੀਆਂ

Original with;
Punjab Vidhan Sabha
Digitized by;
Panjab Digital Library

[ਪੇਂਡੂ ਵਿਕਾਸ ਅਤੇ ਪਚਾਇਤਾਂ ਮੰਤਰੀ]

ਚੀਜ਼ਾਂ ਅਜੇ ਵਿਚਾਰ ਅਧੀਨ ਹਨ, ਕੋਈ ਫੈਸਲਾ ਅਜੇ ਇਸ ਬਾਰੇ ਨਹੀਂ ਹੋਇਆ । ਜਦੋਂ ਫੈਸਲਾ ਹੋਵੇਗਾ ਤਾਂ ਸਪਸ਼ਟ ਤੌਰ ਤੇ ਸਾਰੀ ਚੀਜ਼ ਸਾਹਮਣੇ ਆ ਜਾਵੇਗੀ। ਇਸ ਦੇ ਮੈਰਿਟਸ ਅਤੇ ਡੀਮੈਰਿਟਸ ਤਿਆਰ ਕੀਤੇ ਜਾ ਰਹੇ ਹਨ

ਇਸੇ ਤਰ੍ਹਾਂ ਹੀ ਪਲੈਨਿੰਗ ਬੋਰਡ ਦੇ ਮੈਰਿਟਸ ਔਰ ਡੀਮੈਰਿਟਸ ਦੇਖਣੇ ਹਨ। ਪਿਛਲੇ ਤਜਰਬੇ ਤੋਂ ਅਸੀਂ ਦੇਖਣਾ ਹੈ ਕਿ ਜੋ ਖਰਚ ਕੀਤਾ ਗਿਆ ਹੈ, ਉਹ ਠੀਕ ਹੈ? ਇਥੇ ਸਰਦਾਰ ਹਰਗੋਪਾਲ ਸਿੰਘ ਨੇ ਕਹਿ ਦਿੱਤਾ ਕਿ ਉਨ੍ਹਾਂ ਨੂੰ ਗ੍ਰਾਂਟਾਂ ਦੇਣ ਦਾ ਅਖਤਿਆਰ ਹੈ। ਗ੍ਰਾਂਟ ਦੇਣ ਦਾ ਅਖਤਿਆਰ ਤਾਂ ਹੈ, ਪਰ ਗ੍ਰਾਂਟ ਕਿਸ ਤਰ੍ਹਾਂ ਖਰਚ ਕੀਤੀਆਂ ਜਾਣੀਆਂ ਹਨ, ਉਸ ਦੇ ਬਾਰੇ ਬੋਰਡ ਦੇਖਦਾ ਹੀ ਨਹੀਂ। ਲੱਖਾਂ ਰੁਪਏ ਦੀ ਸੁਪਰਵੀਜ਼ਨ ਨਹੀਂ ਹੋ ਰਹੀ। ਕੱਲ੍ਹ ਨੂੰ ਸਰਕਾਰ ਨੂੰ ਕਹਿ ਦਿਓਗੇ ਕਿ ਐਨਾ ਪੈਸਾ ਫਲਾਣੀ ਪੰਚਾਇਤ ਨੂੰ ਦੇ ਦਿੱਤਾ, ਉਸ ਦੀ ਸੁਪਰਵੀਜ਼ਨ ਹੀ ਨਹੀਂ। ਉਹ ਸੁਪਰਵੀਜ਼ਨ ਡਿਪਾਰਟਮੈਂਟ ਨੇ ਕਰਨੀ ਹੈ, ਪੈਸਾ ਚਾਹੇ ਜਿਸ ਨੂੰ ਮਰਜ਼ੀ ਦੇਈਏ। ਇਹ ਸਾਰੀਆਂ ਚੀਜ਼ਾਂ ਵਿਚਾਰਨੀਆਂ ਹਨ ਤਾਂ ਕਿ ਪਰਾਪਰ ਸੁਪਰਵੀਜ਼ਨ ਫੰਡਾਂ ਦੀ ਵੰਡ ਹੋ ਸਕੇ। ਇਹ ਸਾਰੀਆਂ ਚੀਜ਼ਾਂ ਸਰਕਾਰ ਵਿਚਾਰੇਗੀ ਅਤੇ ਉਸ ਤੋਂ ਬਾਦ ਇਸ ਦਾ ਬੜੇ ਚੰਗੇ ਅਤੇ ਸੁਚੱਜੇ ਢੰਗ ਨਾਲ ਫੈਸਲਾ ਕੀਤਾ ਜਾਵੇਗਾ। ਇਹ ਬਿੱਲ ਤਾਂ ਇਕ ਟਰਾਂਜੀਟਰੀ ਹੈ। ਇਸ ਲਈ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

**Mr. Speaker :** Question is—

That the Punjab Panchayat Samitis and *Zila* Parishads (Amendment and Validation) Bill be taken into consideration at once.

*The motion was carried unanimously.*

**Mr. Speaker :** Now the House will proceed to consider the Bill clause -by -clause.

**Clause 2**

**Mr. Speaker :** Question is —

That Clause 2 stand part of the Bill.

*The motion was carried unanimously.*

**Clause 3**

**Mr. Speaker :** Question is—

That Clause 3 stand part of the Bill.

*The motion was carried unanimously.*

**Clause 1**

**Mr. Speaker :** Question is —

That Clause 1 stand part of the Bill.

Original with;
Punjab Vidhan Sabha
Digitized by;
Panjab Digital Library

*The motion was carried unanimously.*

**Title**

**Mr. Speaker** : Question is —

That Title be the Title of the Bill.

*The motion was carried unanimously.*

**Rural Development and Panchayats Minister (Sardar Umrao Singh):** Sir, I beg to move—

That the Punjab Panchayat Samitis and Zila Parishads (Amendment and Validation) Bill be passed.

**Mr. Speaker** : Motion moved —

That the Punjab Panchayat Samitis and Zila Parishads (Amendment and Validation) Bill be passed.

**Mr. Speaker** : Question is —

That the Punjab Panchayat Samitis and Zila Parishads (Amendment and Validation) Bill be passed.

*The motion was carried unanimously* .

## THE PUNJAB STATE LEGISLATURE MEMBERS (PENSION AND MEDICAL FACILITIES REGULATION) (AMENDMENT) BILL, 1993

**Minister for Parliamentary Affairs (Sardar Umrao Singh )** : Sir, I beg to introduce the Punjab State Legislature Members (Pension and Medical Facilities Regulation) (Amendment) Bill.

Sir, I also beg to move—

That the Punjab State Legislature Members (Pension and Medical Facilities Regulation) (Amendment) Bill be taken into consideration at once.

**Mr. Speaker** : Motion moved—

That the Punjab State Legislature Members (Pension and Medical Facilities Regulation) (Amendment) Bill be taken into consideration at once.

**ਸੰਸਦੀ ਮਾਮਲਿਆਂ ਦੇ ਮੰਤਰੀ (ਸਰਦਾਰ ਉਮਰਾਓ ਸਿੰਘ)** : ਸਪੀਕਰ ਸਾਹਿਬ, ਇਹ ਬੜੀ ਛੋਟੀ ਜਿਹੀ ਅਤੇ ਸਿੰਪਲ ਅਮੈਂਡਮੈਂਟ ਹੈ। ਜੋ ਪੈਨਸ਼ਨ ਮੈਂਬਰ ਸਾਹਿਬਾਨ ਨੂੰ ਮਿਲਦੀ ਹੈ, ਅਨਫਾਰਚੂਨੇਟਲੀ ਅਗਰ ਕਿਸੇ ਦੀ ਡੈੱਥ ਹੋ ਜਾਂਦੀ ਹੈ ਤਾਂ ਉਸ ਦੇ ਸਪਾਊਜ਼ ਨੂੰ ਉਸ ਦੀ 50 ਪ੍ਰਤੀਸ਼ਤ ਐਨਟਾਈਟਲ-ਮੈਂਟ ਮਿਲਦੀ ਹੈ ਔਰ 50 ਪ੍ਰਤੀਸ਼ਤ ਪੈਨਸ਼ਨ ਜਿਹੜਾ ਪੁਰਾਣਾ ਬਿੱਲ ਬਣਿਆ ਸੀ, ਉਸ ਦੇ ਵਿਚ ਥੋੜ੍ਹੀ ਜਿਹੀ ਟੈਕਨੀਕਲ ਗਲਤੀ ਰਹਿ ਗਈ ਕਿ ਜੋ ਪੈਨਸ਼ਨ ਕੋਈ ਮੈਂਬਰ ਲੈ ਰਿਹਾ ਸੀ, ਉਸ ਦੇ ਹਸਬੈਂਡ ਜਾਂ ਵਾਈਫ ਨੂੰ ਉਹ ਮਿਲਣੀ ਸੀ। ਇਸ ਅਮੈਂਡਮੈਂਟ ਵਿਚ ਇਹ ਕੀਤਾ ਗਿਆ ਹੈ ਕਿ ਕੁਝ ਕੇਸ ਐਸੇ ਹਨ ਜਿਨ੍ਹਾਂ ਵਿਚ ਮੈਂਬਰ ਤਾਂ ਹਨ, ਮਗਰ ਉਨ੍ਹਾਂ ਨੇ ਪੈਨਸ਼ਨ ਨਹੀਂ ਲਵਾਈ, ਲਵਾ ਨਹੀਂ ਸਕੇ ਜਾਂ

Original with;
Punjab Vidhan Sabha
Digitized by;
Panjab Digital Library

[ਸੰਸਦੀ ਮਾਮਲਿਆਂ ਦੇ ਮੰਤਰੀ]

ਪੈਨਸ਼ਨ ਉਦੋਂ ਸ਼ੁਰੂ ਨਹੀਂ ਸੀ ਹੋਈ, ਉਨ੍ਹਾਂ ਕੇਸਿਜ਼ ਵਾਸਤੇ "Those members who were entitled also ਇਹ ਚੀਜ਼ ਐਡ ਕੀਤੀ ਗਈ ਹੈ। ਐਸੇ ਬੜੇ ਥੋੜ੍ਹੇ ਜਿਹੇ ਕੇਸ ਹਨ। ਸ਼ਾਇਦ 3-4 ਕੇਸ ਹੀ ਐਸੇ ਹਨ ਅਤੇ ਉਨ੍ਹਾਂ ਦੀਆਂ ਵਿਡੋਜ਼ ਵਲੋਂ ਰਿਪਰਜੈਨਟੇਸ਼ਨ ਆਈ ਸੀ ਕਿ ਐਨੀ ਛੋਟੀ ਜਿਹੀ ਗੱਲ ਨਾਲ ਐਨ-ਟਾਈਟਲਮੈਂਟ ਨਹੀਂ ਬਣਦੀ। ਮੈਂ ਸਮਝਦਾ ਹਾਂ ਕਿ ਜਿਹੜੇ ਸਾਡੇ ਫਾਰਮਰ ਮੈਂਬਰ ਸਨ, ਉਨ੍ਹਾਂ ਸਾਥੀਆਂ ਦੇ ਵਾਈਫ ਜਾਂ ਹਸਬੈਂਡ ਦੇ ਜੋ ਕੇਸ ਹਨ, ਉਨ੍ਹਾਂ ਨੂੰ 50 ਪ੍ਰਤੀਸ਼ਤ ਪੈਨਸ਼ਨ ਦੇ ਦਿੱਤੀ ਜਾਵੇ।

**Mr. Speaker** : Question is —

That the Punjab State Legislature Members (Pension and Medical Facilities Regulation) (Amendment) Bill be taken into consideration at once.

*The motion was carried unanimously.*

**Mr Speaker** : Now the House will proceed to consider the Bill Clause by Clause.

**Sub-Clause (2) of Clause 1**

**Mr. Speaker** : Question is —

That Sub-Clause (2) of Clause 1 stand part of the Bill.

*The motion was carried unanimously.*

**Clause 2**

**Mr Speaker** : Question is —

That Clause 2 stand part of the Bill.

*The motion was carried.*

**Sub-Clause (1) of Clause 1**

**Mr. Speaker** : Question is —

That Sub -Clause (1) of Clause 1 stand part of the Bill.

*The motion was carried unanimously.*

**Title**

**Mr. Speaker** : Question is —

That Title be the Title of the Bill.

*The motion was carried unanimously.*

**Minister For Parliamentary Affairs (Sardar Umrao Singh)** : Sir, I beg to move —

That the Punjab State Legislature Members (Pension and Medical Facilities Regulation) (Amendment) Bill be passed.

**Mr. Speaker** : Motion moved —

That the Punjab State Legislature Members (Pension and Medical Facilities Regulation) (Amendment) Bill be passed.

Original with;
Punjab Vidhan Sabha
Digitized by;
Panjab Digital Library

**Mr. Speaker** : Question is —

That the Punjab State Legislature Members (Pension and Medical Facilities Regulation) (Amendment) Bill be passed.

*The motion was carried unanimously.*

## THE PUNJAB LEGISLATIVE ASSEMBLY (ALLOWANCES OF MEMBERS) (AMENDMENT) BILL, 1993

**Minister For Parliamentary Affairs (Sardar Umrao Singh)** : Sir, I beg to introduce the Punjab Legilsative Assembly (Allowances of Members) (Amendment) Bill.

Sir, I also beg to move—

That the Punjab Legislative Assembly (Allowances of Members) (Amendment) Bill be taken into consideration at once.

**Mr. Speaker** : Motion moved —

That the Punjab Legislative Assembly (Allowances of Members) (Amendment) Bill be taken into consideration at once.

ਸੰਸਦੀ ਮਾਮਲਿਆਂ ਦੇ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਇਹ ਵੀ ਇੰਨੋਸੈਂਟ ਜਿਹਾ ਬਿਲ ਹੈ। ਇਹ ਜਿਹੜੇ ਮੈਂਬਰ ਸਾਹਿਬਾਨ ਕਰਜ਼ੇ ਲੈਂਦੇ ਹਨ ਉਸ ਦੀ ਰੀਕਵਰੀ ਬਾਰੇ ਹੈ। ਇਹ ਵਿਧਾਨ ਸਭਾ ਸੈਕਰੀਟੇਰੀਅੱਟ ਵਲੋਂ ਸੁਜੈਸਟ ਕੀਤਾ ਗਿਆ ਹੈ ਤਾਂ ਕਿ ਕਰਜ਼ੇ ਦੀ ਰੀਕਵਰੀ ਈਫੈਕਟਿਵਲੀ ਔਰ ਐਫੀਸ਼ੀਐਂਟਲੀ ਹੋ ਸਕੇ। ਇਸ ਲਈ ਇਸ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਔਰ ਮੈਂ ਸਮਝਦਾ ਹਾਂ ਕਿ ਸਾਰੇ ਹਾਊਸ ਦੇ ਮੈਂਬਰ ਸਾਹਿਬਾਨ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਜੋ ਲੋਨ ਲੈਂਦੇ ਹਨ, ਉਹ ਵਕਤ ਸਿਰ ਮੋੜਿਆ ਜਾਵੇ ਤਾਂ ਕਿ ਹੋਰਨਾਂ ਮੈਂਬਰਾਂ ਨੂੰ ਵੀ ਮਿਲ ਸਕੇ। ਇਹ ਸਿਰਫ ਇਸ ਨੂੰ ਪੂਰਾ ਕਰਨ ਵਾਸਤੇ ਇਹ ਅਮੈਂਡਮੈਂਟ ਲਿਆਂਦੀ ਗਈ ਹੈ ।

**Mr. Speaker** : Question is —

That the Punjab Legislative Assembly (Allowances of Members) (Amendment) Bill be taken into consideration at once.

*The motion was carried unanimously .*

**Mr. Speaker** : Now the House will proceed to consider the Bill Clause by Clause.

### Clause 2

**Mr. Speaker** : Question is —

That Clause 2 stand part of the Bill.

*The motion was carried unanimously.*

### Clause 1

**Mr. Speaker** : Question is —

Original with;
Punjab Vidhan Sabha
Digitized by;
Panjab Digital Library

[Mr. Speaker]

That Clause 1 stand part of the Bill.

*The motion was carried unanimously.*

**Title**

**Mr. Speaker :** Question is—

That Title be the Title of the Bill.

*The motion was carried unanimously.*

**Minister For Parliamentary Affairs (Sardar Umrao Singh) :** Sir, I beg to move—

That the Punjab Legislative Assembly (Allowances of Members) (Amendment) Bill be passed.

**Mr. Speaker :** Motion moved—

That the Punjab Legislative Assembly (Allowances of Members) (Amendment) Bill be passed.

**Mr. Speaker ;** Question is—

That the Punjab Legislative Assembly (Allowances of Members) (Amendment) Bill be passed.

*The motion was carried unanimously.*

## THE PUNJAB PASSENGERS AND GOODS TAXATION (REPEAL) BILL, 1993

**Minister of State For Transport (Master Jagir Singh) ;** Sir, I beg to introduce the Punjab Passengers and Goods Taxation (Repeal) Bill.

Sir, I also beg to move—

That the Punjab Passengers and Goods Taxation (Repeal) Bill be taken into consideration at once.

**Mr. Speaker :** Motion moved—

That the Punjab Passengers and Goods Taxation (Repeal) Bill be taken into consideration at once.

Discussion, if any.

**Shri Jagdish Sawhney :** Sir, .........

**Mr. Speaker :** Jagdish Ji, you may speak on the second Bill, as it is only Repeal Bill.

Original with;
Punjab Vidhan Sabha
Digitized by;
Panjab Digital Library

**Mr. Speaker** : Question is—

That the Punjab Passengers and Goods Taxation (Repeal) Bill be taken into consideration at once.

*The motion was carried unanimously.*

**Mr. Speaker** : Now the House will proceed to consider the Bill. Clause-by-Clause.

**Clause 2**

**Mr. Speaker** : Question is—

That Clause 2 stand part of the Bill.

*The motion was carried unanimously.*

**Clause 1**

**Mr. Speaker** : Question is—

That Clause 1 stand part of the Bill.

*The motion was carried unanimously.*

**Title.**

**Mr. Speaker** : Question is—

That Title be the Title of the Bill.

*The motion was carried unanimously.*

**Minister of State For Transport (Master Jagir Singh):** Sir, I beg to to move—

That the Punjab Passengers and Goods Taxation (Repeal) Bill be passed.

**Mr. Speaker** : Motion moved—

That the Punjab Passengers and Goods Taxation (Repeal) Bill be passed.

**Mr. Speaker** : Question is—

That the Punjab Passengers and Goods Taxation (Repeal) Bill be passed.

*The motion was carried unanimously.*

---

THE PUNJAB MOTOR VECHICLES TAXATION (AMENDMENT) BILL, 1993

**Minister of State For Transport (Master Jagir Singh):** Sir, I beg to introduce the Punjab Motor Vehicles Taxation (Amendment) Bill.

Sir, I also beg to move—

That the Punjab Motor Vehicles Taxation (Amendment) Bill be taken into consideration at once

Original with;
Punjab Vidhan Sabha
Digitized by;
Panjab Digital Library

**Mr. Speaker : Motion moved —**

That the Punjab Motor Vehicles Taxation (Amendment) Bill be taken into consideration at once.

**Discussion, if any.**

**ਰਾਜ ਮੰਤਰੀ, ਟਰਾਂਸਪੋਰਟ (ਮਾਸਟਰ ਜਾਗੀਰ ਸਿੰਘ) :** ਸਪੀਕਰ ਸਾਹਿਬ, ਜੇਕਰ ਇਨ੍ਹਾਂ ਨੇ ਨਹੀਂ ਬੋਲਣਾ ਤਾਂ ਮੈਂ ਦੱਸ ਦਿੰਦਾ ਹਾਂ। ਇਹ ਜਿਹੜਾ ਬਿੱਲ ਲਿਆਂਦਾ ਗਿਆ ਹੈ ਇਹ ਸਰਕਾਰ ਦੀ ਚੋਰੀ ਰੋਕਣ ਵਾਸਤੇ ਲਿਆਂਦਾ ਗਿਆ ਹੈ। ਸਪੀਕਰ ਸਾਹਿਬ, ਜਿਹੜੀਆਂ ਪੰਜਾਬ ਵਿੱਚ ਬੱਸਾਂ ਚਲਦੀਆਂ ਹਨ, ਉਨ੍ਹਾਂ ਵਿੱਚ ਇਕ ਟਿਕਟ ਲਗਦੀ ਹੈ, ਉਸ ਦੇ ਉਤੇ ਇਕ 45 ਪ੍ਰਤੀਸ਼ਤ ਦੇ ਹਿਸਾਬ ਨਾਲ ਹੋਰ ਟਿਕਟ ਲਗਦੀ ਹੈ ਜਿਸ ਨਾਲ ਸਰਕਾਰ ਨੂੰ ਆਮਦਨ ਕਰ ਆਉਂਦਾ ਹੈ। ਲੇਕਿਨ ਜਿਹੜੇ ਪ੍ਰਾਈਵੇਟ ਓਪਰੇਟਰ ਹਨ ਉਹ ਇਹ ਨਹੀਂ ਲਗਾਉਂਦੇ। ਜੇ ਲਗਾਉਂਦੇ ਹਨ ਤਾਂ ਅੱਧੀ ਲਗਾਉਂਦੇ ਹਨ ਜਾਂ ਉਨ੍ਹਾਂ ਹੀ ਟਿਕਟਾਂ ਨੂੰ ਦੁਬਾਰਾ ਵਰਤੀ ਜਾਂਦੇ ਹਨ। ਇਸ ਤਰ੍ਹਾਂ ਨਾਲ ਸਰਕਾਰ ਨੂੰ ਬੜਾ ਭਾਰੀ ਘਾਟਾ ਪੈ ਰਿਹਾ ਹੈ। ਕਰੋੜਾਂ ਰੁਪਏ ਦਾ ਘਾਟਾ ਪੈ ਰਿਹਾ ਹੈ। ਇਸ ਕਰਕੇ ਹੀ ਸਾਨੂੰ ਇਹ ਅਮੈਂਡਮੈਂਟ ਲਿਆਉਣੀ ਪਈ ਹੈ। ਜੇਕਰ ਇਨ੍ਹਾਂ ਨੇ ਡਿਸਕਸ਼ਨ ਕਰਨੀ ਹੈ ਕਰ ਲੈਣ, ਮੈਂ ਜਵਾਬ ਦੇ ਦੇਵਾਂਗਾ।

**ਸ੍ਰੀ ਜਗਦੀਸ਼ ਸਾਹਨੀ (ਬਟਾਲਾ) :** ਸਪੀਕਰ ਸਾਹਿਬ, ਜੋ ਟਰਾਂਸਪੋਰਟ ਮੰਤਰੀ ਜੀ ਨੇ ਦਸਿਆ ਹੈ ਕਿ ਚੋਰੀ ਹੁੰਦੀ ਹੈ। ਸਭ ਤੋਂ ਪਹਿਲਾਂ ਗੱਲ ਹੈ ਕਿ ਸਾਡਾ ਸੂਬਾ ਇਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਉਸ ਦੇ ਮੁਤਾਬਿਕ ਹੀ ਅਸੀਂ ਸਭ ਕੁਝ ਦੇਖਦੇ ਹਾਂ ਔਰ ਦੂਸਰੇ ਪਾਸੇ ਸਭ ਤੋਂ ਵੱਡੀ ਇੰਡਸਟਰੀ ਜਿਹੜੀ ਹੈ ਉਹ ਟਰਾਂਸਪੋਰਟ ਹੈ ਜਿਹੜੀ ਕਿ ਸੈਲਫ ਸਟਾਈਲ ਨਾਲ ਚਲਦੀ ਹੈ। ਗੌਰਮਿੰਟ ਤੇ ਇਸ ਦਾ ਕੋਈ ਬਰਡਨ ਨਹੀਂ ਹੈ ਅਤੇ ਇਸ ਦੇ ਮੁਤਾਬਿਕ ਇਹ ਜਿਸ ਤਰ੍ਹਾਂ ਇਨ੍ਹਾਂ ਨੇ ਟੈਕਸ ਇਮਪੋਜ਼ ਕੀਤਾ ਹੈ ਲੰਪ-ਸੰਮ, ਇਸ ਬਾਰੇ ਤਾਂ ਕੋਈ ਨਹੀਂ ਕਿਹਾ ਜਾ ਸਕਦਾ ਕਿ ਕਿੰਨੇ ਪੈਸੰਜਰ, ਕਿੰਨੇ ਟਾਇਮ ਤੇ ਬੈਠਣਗੇ ਜਾਂ ਨਹੀਂ। ਪੈਸੰਜਰ ਟੈਕਸ ਅਸੀਂ ਟਰਾਂਸਪੋਰਟਰਜ਼ ਲੋਕਾਂ ਨੇ ਕੁਲੈਕਟ ਕਰਕੇ ਸਰਕਾਰ ਨੂੰ ਦੇਣਾ ਹੈ ਸਰਕਾਰ ਦਾ ਕੰਮ ਇਹ ਟਰਾਂਸਪੋਰਟਰਜ਼ ਕਰਦੇ ਹਨ। ਜਿਸ ਤਰ੍ਹਾਂ, ਜਿਸ ਤਰ੍ਹਾਂ ਪੈਸੰਜਰਜ਼ ਨੇ ਬੈਠਣਾ ਹੈ ਤਿਉਂ ਤਿਉਂ ਲੇਵੀ ਟੈਕਸ ਕੁਲੈਕਟ ਕਰਕੇ ਸਰਕਾਰ ਨੂੰ ਦੇਣਾ ਹੈ। ਇਹ ਲੋਕ ਆਪਣੇ ਕੋਲੋਂ ਪਹਿਲਾਂ ਪੇਮੈਂਟ ਕਰਕੇ ਟਿਕਟਾਂ ਦੀ ਖਰੀਦ ਕਰਕੇ ਫਿਰ ਪੈਸੈਂਜਰਜ਼ ਤੋਂ ਟੈਕਸ ਉਗਰਾਹੁੰਦੇ ਹਨ। ਇਹ ਪਹਿਲਾਂ ਗੌਰਮਿੰਟ ਨੂੰ ਪੇਮੈਂਟ ਕਰਦੇ ਹਨ ਅਤੇ ਬਾਅਦ ਵਿੱਚ ਪੈਸੰਜਰਜ਼ ਕੋਲੋਂ ਕੁਲੈਕਟ ਕਰਦੇ ਹਨ। ਇਸਦੇ ਵਿਚ ਕੋਈ ਕੁਲੈਕਸ਼ਨ ਦੀ ਸਿਕਿਓਰਟੀ ਤਾਂ ਨਹੀਂ। ਕਿਸੇ ਦੁਕਾਨ ਤੇ ਬਿਲਜ਼ ਟੈਕਸ ਲੰਪ-ਸੰਮ ਲਗਾਉਂਦੇ ਹਨ। ਉਸਦੇ ਅੰਦਰ ਮਾਲ ਆ ਗਿਆ, ਉਸ ਨੂੰ ਪਤਾ ਹੈ ਕਿ ਉਸਨੂੰ ਮਾਲ ਦੀ ਸੇਲ ਦੇ ਮੁਤਾਬਿਕ ਇੰਨਾ ਟੈਕਸ ਮਿਲ ਜਾਣਾ ਹੈ। ਸਾਨੂੰ ਇਹ ਤਾਂ ਪਤਾ ਨਹੀਂ ਹੁੰਦਾ ਕਿ ਕਿੰਨੀ ਸੇਲ ਹੋਣੀ ਹੈ ਕਿੰਨੀ ਨਹੀਂ ਹੋਣੀ। ਸੱਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਲੰਪ-ਸੰਪ ਟੈਕਸ ਨਹੀਂ ਹੋਣਾ ਚਾਹੀਦਾ। ਇਸਦੇ ਬਾਵਜੂਦ ਗੌਰਮਿੰਟ ਦੀ ਨਿਗਾਹ ਵਿੱਚ ਜੇ ਇਹ ਫੀਲ ਹੁੰਦਾ ਹੈ ਕਿ ਇਸਦੀ ਬੜੀ ਚੋਰੀ ਹੁੰਦੀ ਹੈ, ਜਿਸ ਤਰ੍ਹਾਂ ਟਰਾਂਸਪੋਰਟ ਮੰਤਰੀ ਜੀ ਨੇ ਦੱਸਿਆ ਹੈ ਕਿ ਇਸਦੇ ਵਿੱਚ ਬੜੀ ਚੋਰੀ ਹੁੰਦੀ ਹੈ, ਅਤੇ ਲੋਕ ਇਸ ਨੂੰ ਨਹੀਂ ਲਗਾਉਂਦੇ ਪਰੰਤੂ ਮੰਤਰੀ ਜੀ ਨੇ ਪਹਿਲਾਂ ਜੋ ਬਿਆਨ ਦਿਤਾ ਸੀ ਉਸਦੇ ਮੁਤਾਬਿਕ 60 ਪ੍ਰਤੀਸ਼ਤ ਫੰਕਸ਼ਨਿੰਗ ਜਿਹੜੀ ਹੈ ਉਹ ਸਰਕਾਰ ਦੇ ਆਪਣੇ ਅਦਾਰਿਆਂ ਦੀ ਹੈ ਅਤੇ 40 ਪ੍ਰਤੀਸ਼ਤ ਪ੍ਰਾਈਵੇਟ ਦੀ ਹੈ। ਆਪਣੇ ਅਦਾਰਿਆਂ ਦੇ ਮੁਤਾਬਿਕ ਉਹ ਦੇਖ ਲੈਣ। 60 ਪ੍ਰਤੀਸ਼ਤ ਅਥਾਰਿਟੀਜ਼ ਹੈ, ਉਸਦੇ ਮੁਤਾਬਿਕ ਮੋਹ-ਦੇਨ 80 ਪ੍ਰਤੀਸ਼ਤ ਇਹ ਮਾਈਲੇਜ ਨੂੰ ਕਵਰ ਕਰਦੇ ਹਨ, ਤਾਂ ਵੀ ਓਵਰ-

Original with;
Punjab Vidhan Sabha
Digitized by;
Panjab Digital Library

ਲੋਂਪਿੰਗ ਰੂਟਸ ਹਨ, ਜਿਸ ਤਰ੍ਹਾਂ ਦਿੱਲੀ ਹੋ ਗਿਆ ,ਹਰਿਆਣਾ ਹੋ ਗਿਆ, ਰਾਜਸਥਾਨ ਹੋ ਗਿਆ, ਹਿਮਾਚਲ ਪ੍ਰਦੇਸ਼ ਹੋ ਗਿਆ, ਉਸਦੀ ਕਾਊਂਟਿੰਗ ਇਹ ਨਹੀਂ ਕਰਦੇ ਇਹ ਗਿਣਦੇ ਹਨ ਕਿ ਪੰਜਾਬ ਰੋਡਵੇਜ਼ ਜ਼ਿਆਦਾ ਟੈਕਸ ਦਿੰਦੀ ਹੈ ਅਤੇ ਪ੍ਰਾਈਵੇਟ ਵਾਲੇ ਘੱਟ ਦਿੰਦੇ ਹਨ। ਅੱਜ ਤੱਕ ਦੇਖਿਆ ਹੈ ਕਿ 80 ਪ੍ਰਤੀਸ਼ਤ ਮਾਈਲੇਜ਼ ਨੂੰ ਕਵਰ ਕਰਕੇ 85 ਪ੍ਰਤੀਸ਼ਤ ਮਾਈਲੇਜ਼ ਨੂੰ ਕਵਰ ਕਰਕੇ ਉਨ੍ਹਾਂ ਦਾ ਟੈਕਸ ਰੇਟ ਉਨਾ ਹੀ ਆਉਂਦਾ ਹੈ, ਜਿੰਨਾ ਕਿ ਪ੍ਰਾਈਵੇਟ ਦਾ ਹੈ। ਪਿਛਲੇ ਸਾਰੇ ਡਾਟੇ ਕਢਵਾ ਕੇ ਵੇਖ ਲਏ ਜਾਣ, ਉਸਦੇ ਮੁਤਾਬਿਕ ਜੇ ਇਨ੍ਹਾਂ ਨੂੰ 75 ਪ੍ਰਤੀਸ਼ਤ ਜਾਂ 80 ਪ੍ਰਤੀਸ਼ਤ ਲੰਪ-ਸੰਮ ਨੂੰ ਲਗਾਉਣ ਦੀ ਕੋਸ਼ਿਸ਼ ਕੀਤੀ ਔਰ ਜਦ ਵੀ ਉਹ ਉਗਰਾਹੁਣ ਦੀ ਕੋਸ਼ਿਸ਼ ਕੀਤੀ ਹੈ ਤਾਂ ਉਹ ਉਗਰਾਹੀ 14 ਤੋਂ 17/18 ਪ੍ਰਤੀਸ਼ਤ ਤੱਕ ਹੋਈ ਹੈ। ਕੁੱਝ ਟਰਾਂਸਪੋਰਟਰ ਵੀ ਇਹ ਕਹਿੰਦੇ ਹਨ ਕਿ ਲੰਪ-ਸੰਮ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਵਿੱਚ ਵੀ ਦਿਸਦਾ ਹੈ ਕਿ ਜਿਹੜੇ ਲੋਕ ਵੱਧ ਮਾਈਲੇਜ਼ ਕਵਰ ਕਰਦੇ ਹਨ, ਜਿਸ ਤਰ੍ਹਾਂ ਐਜ਼-ਐਨ ਇੰਸਟਾਂਸ ਮੇਰੇ ਕੋਲ ਇੱਕ ਰੂਟ ਹੈ ਅੰਮ੍ਰਿਤਸਰ ਤੋਂ ਪਠਾਨਕੋਟ, ਦੂਸਰਾ ਹੈ ਅੰਮ੍ਰਿਤਸਰ ਤੋਂ ਜਲੰਧਰ। ਮੈਂ ਇਸ ਗੱਡੀ ਨੂੰ ਅੰਮ੍ਰਿਤਸਰ ਤੋਂ ਪਠਾਨਕੋਟ ਵੀ ਚਲਾਵਾਂਗਾ ਅਤੇ ਪਠਾਨਕੋਟ ਤੋਂ ਜਲੰਧਰ ਵੀ ਚਲਾਵਾਂਗਾ। ਮੈਂ ਉਸ ਨੂੰ ਤਿੰਨ ਵਾਰ ਕਵਰ ਕੀਤਾ। ਜੇ ਤਿੰਨ ਵਾਰ ਕਵਰ ਕਰਕੇ ਇੱਕ ਵਾਰ ਟੈਕਸ ਦੇ ਦਿੱਤਾ ਤਾਂ ਸਰਕਾਰ ਨੂੰ ਤਾਂ ਕੋਈ ਫਰਕ ਨਹੀਂ ਪੈਂਦਾ ਹੈ ਸਰਕਾਰ ਕਹਿੰਦੀ ਹੈ ਕਿ ਟੈਕਸ ਆ ਗਿਆ ਹੈ ਔਰ ਜੋ ਇਹ ਰੇਸ਼ੋ ਲਗਾਈ ਗਈ ਹੈ 65 ਪ੍ਰਤੀਸ਼ਤ ਇਸ ਤੇ ਸਾਨੂੰ ਟਰਾਂਸਪੋਰਟਰ ਲੋਕਾਂ ਨੂੰ ਜਾਂ ਇਸ ਇੰਡਸਟਰੀ ਨੂੰ ਇੰਨਾ ਦੁੱਖ ਨਹੀਂ ਹੈ ਜਿੰਨਾ ਇਸ ਗੱਲ ਤੇ ਦੁੱਖ ਹੈ ਕਿ ਇਹ ਲੰਪ-ਸੰਮ ਲਗਾ ਦਿਤਾ ਹੈ। ਲੰਪ-ਸੰਮ ਦਾ ਮਤਲਬ ਹੈ ਕਿ ਇਸ ਦੇ ਵਿੱਚ ਕੋਈ ਕਲਾਸੀਫਿਕੇਸ਼ਨ ਨਹੀਂ ਕੀਤੀ ਗਈ ਕਿ ਜਿਸ ਤਰ੍ਹਾਂ ਰੂਟਸ ਅਲੱਗ ਅਲੱਗ ਤਰ੍ਹਾਂ ਦੇ ਹਨ, ਕੁਝ ਇਕਨੌਮਿਕਲ ਹਨ ਅਤੇ ਕੁਝ ਅਨ-ਇਕਨੌਮਿਕਲ। ਜਿਹੜੇ ਅਨ-ਇਕਨੌਮੀਕਲ ਰੂਟਸ ਹਨ ਜਿਹੜੇ ਲਿੰਕ-ਰੋਡਜ਼ ਤੇ ਚਲਦੇ ਹਨ, ਵਿੱਦ ਇੰਨ ਦੀ ਡਿਸਟ੍ਰਿਕਟ ਜਿੰਨ੍ਹਾਂ ਦੀ ਫੰਕਸ਼ਨਿੰਗ ਹੈ, ਜੇ ਉਨ੍ਹਾਂ ਨੂੰ 65 ਪ੍ਰਤੀਸ਼ਤ ਦੇਣਾ ਪਵੇਗਾ ਤਾਂ ਇੰਨੀ ਤਾਂ ਉਨ੍ਹਾਂ ਦੀ ਟਿਕਟ ਵੀ ਨਹੀਂ ਕਟਾਉਂਦੀ । ਦੂਜੀ ਸੱਭ ਤੋਂ ਵੱਡੀ ਗੱਲ ਜਿਹੜੀ ਅੱਜ ਤੱਕ ਚਲੀ ਆਈ ਹੈ ਪੰਜਾਬ ਵਿੱਚ ਪਿਛਲੇ 14-15 ਸਾਲਾਂ ਤੋਂ ਉਹ ਹੈ ਸਟੂਡੈਂਟਸ ਦੀ, ਇਮਪਲਾਈਜ਼ ਦੀ ਔਰ ਖਾਸ ਤੌਰ ਤੇ ਹੁਣ ਜਿਹੜੀ ਆ ਗਈ ਹੈ ਉਹ ਪੁਲਿਸ ਇਮਪਲਾਈਜ਼ ਦੀ ਹੈ। ਉਹ ਧੱਕੇ ਨਾਲ ਸਫ਼ਰ ਕਰਦੇ ਹਨ ਉਨ੍ਹਾਂ ਤੋਂ ਇਹ ਬੱਸ ਉਪਰੇਟਰ ਕਿਥੋਂ ਪੈਸੇ ਉਗਰਾਹੁਣਗੇ । ਸਟੂਡੈਂਟਸ ਟਿਕਟ ਨਹੀਂ ਲੈਂਦੇ ਪਹਿਲਾਂ ਪੰਜਾਬ ਰੋਡਵੇਜ਼ ਉਨ੍ਹਾਂ ਦੇ ਪਾਸ ਬਣਾਉਂਦੀ ਸੀ ਅਤੇ ਉਸ ਨੇ ਵੀ ਹੁਣ ਪਾਸ ਬਣਾਉਣੇ ਬੰਦ ਕਰ ਦਿਤੇ ਹਨ। ਹੁਣ ਤਾਂ ਉਨ੍ਹਾਂ ਦੇ ਸੈਲਫ ਸਟਾਇਲ ਰਾਈਟਸ ਬਣ ਗਏ। ਉਨ੍ਹਾਂ ਰਾਇਟਸ ਦੇ ਮੁਤਾਬਿਕ ਉਹ ਬੱਸਾਂ ਤੇ ਬੈਠਦੇ ਹਨ, ਕੋਈ ਟਿਕਟ ਨਹੀਂ ਲੈਂਦਾ। ਜੇ ਇਕ ਦਮ ਸਰਕਾਰ ਨੇ ਇੰਨਾ ਕੀਤਾ, ਜੇ ਸਰਕਾਰ ਦੇਖਦੀ ਹੈ ਕਿ ਪੀਕ-ਆਵਰ ਵਿੱਚ ਇੰਨੇ ਜ਼ਿਆਦਾ ਪੈਸੰਜਰ ਬੈਠੇ ਹਨ ਬੱਸਾਂ ਦੀਆਂ ਛੱਤਾਂ ਭਰੀਆਂ ਹੋਈਆਂ ਹਨ, ਤਾਂ ਸਰਕਾਰ ਨੂੰ ਇਹ ਨਹੀਂ ਪਤਾ ਕਿ ਉਸਦੇ ਵਿੱਚ ਕਿੰਨੇ ਵਿਦਾਊਟ ਟਿਕਟ ਹਨ, ਜਿਹੜੇ ਟਿਕਟ ਲੈਂਦੇ ਹੀ ਨਹੀਂ। ਪੁਲਿਸ ਵਾਲੇ ਕਹਿੰਦੇ ਹਨ ਕਿ ਉਨ੍ਹਾਂ ਹੋਰ ਵੀ ਕੰਮ ਕਰਨੇ ਹੁੰਦੇ ਹਨ, ਜੇ ਟਰਾਂਸਪੋਰਟਰਜ਼ ਵਾਰ ਵਾਰ ਇੱਕ ਥਾਣੇ ਤੋਂ ਦੂਜੇ ਥਾਣੇ ਦੇ ਅੱਗੇ ਬੱਸ ਰੋਕੇਗਾ, ਤਾਂ ਉਨ੍ਹਾਂ ਦੇ ਟਾਈਮ ਵੀ ਮਿਸ ਹੋਣਗੇ। ਇਸ ਦੇ ਇਲਾਵਾ ਵੀ, ਜਿਸ ਤਰ੍ਹਾਂ ਮੌਸਮ ਬਦਲਦੇ ਹਨ, ਗਰਮੀਆਂ ਵਿੱਚ ਦੁਪਹਿਰ ਦੇ ਟਾਇਮ ਤੇ ਘੱਟ ਸਵਾਰੀ ਮਿਲਦੀ ਹੈ, ਸਰਦੀਆਂ ਵਿੱਚ ਸ਼ਾਮ ਨੂੰ ਘੱਟ ਸਵਾਰੀ ਮਿਲਦੀ ਹੈ, ਬਾਰਸ਼ਾਂ ਹੋ ਗਈਆਂ। ਇਸੇ ਤਰ੍ਹਾਂ ਰੈਲੀਆਂ ਦਾ ਹੈ। ਇਸ ਤਰ੍ਹਾਂ ਕਰਕੇ ਇਸ ਇੰਡਸਟਰੀ ਨੂੰ ਮਾਰਨ ਦੀ ਖਾਤਰ ਇਕ ਦਮ ਲੰਪ-ਸੰਮ ਟੈਕਸ ਵਸੂਲ ਕਰਨਾ ਕੋਈ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜਗਦੀਸ਼ ਸਾਹਨੀ]

ਅੱਛੀ ਗੱਲ ਨਹੀਂ, ਕਿਉਂਕਿ ਲੰਪ-ਸੰਮ ਦੀ ਕੋਈ ਰੇਸ਼ੋ ਹੋਣੀ ਚਾਹੀਦੀ ਹੈ ਜਦ ਕਿ ਇਸ ਦੀ ਸਰਟੇਨਿਟੀ ਹੀ ਕੋਈ ਨਹੀਂ ਹੈ ਕਿ ਇਸ ਵਿੱਚ ਕਿੰਨੀ ਚੀਜ਼ ਆਵੇਗੀ, ਕਿੰਨੇ ਪੈਸੰਜਰ ਜਾਣਗੇ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਇਨ੍ਹਾਂ ਟਰਾਂਸਪੋਰਟਰ ਲੋਕਾਂ ਨੂੰ ਮਾਰਨ ਵਾਲਾ ਬਿੱਲ ਹੈ। ਜਿਹੜੀ ਇੰਡਸਟਰੀ ਸੈਲਫਸਟਾਇਲ ਹੋਣ ਦੀ ਖਾਤਰ ਆਪਣੇ ਤੌਰ ਤੇ ਚਲਦੀ ਹੈ ਅਤੇ ਗੌਰਮਿੰਟ ਤੇ ਇਸ ਦਾ ਬਰਡਨ ਨਹੀਂ ਹੈ, ਅਤੇ ਟੈਕਸ ਚੋਰੀ ਰੋਕਣ ਲਈ ਸਰਕਾਰ ਕੋਲ ਬੜੀਆਂ ਚੀਜ਼ਾਂ ਹਨ ਜੇ ਕੋਈ ਈਵਨ ਦੈਨ ਟੈਕਸ ਚੋਰੀ ਕਰਦਾ ਹੈ ਉਸਦੇ ਲਈ ਮੈਕਸੀਮਮ ਪੈਨੇਲਟੀਜ਼ ਹਨ। Penalties start from Rs. 5:0/- up to Rs. 5000/- and no appeal is there. ਇੰਨਾ ਕੁੱਝ ਕਹਿਣ ਦੇ ਬਾਵਜੂਦ ਵੀ 65 ਪ੍ਰਤੀਸ਼ਤ ਟੈਕਸ ਲਗਾ ਦਿੱਤਾ ਗਿਆ। ਮੈਂ ਸਮਝਦਾ ਹਾਂ ਕਿ ਟਰਾਂਸਪੋਰਟ ਇੰਡਸਟਰੀ ਇਸ ਨਾਲ ਬਹੁਤ ਬੁਰੀ ਤਰ੍ਹਾਂ ਹਿੱਟ ਹੋਵੇਗੀ।

ਦੂਸਰੇ ਪਾਸੇ ਅਸੀਂ ਪੰਜਾਬ ਵਿਚ ਸੁਖਾਵਾਂ ਮਾਹੌਲ ਬਣਾਉਣ ਦੀ ਖਾਤਰ ਇਹ ਗੱਲ ਇਨਵਾਈਟ ਕਰਦੇ ਹਾਂ ਕਿ ਬਾਹਰੋਂ ਟੂਰਿਸਟ ਆਉਣਗੇ ਅਤੇ ਟੂਰਿਸਟ ਬਸਾਂ ਤੇ ਜੋ ਟੈਕਸ ਇਮਪੋਜ਼ ਕੀਤਾ ਹੈ, ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਕੋਈ ਵੀ ਆਲ ਇੰਡੀਆ ਪਰਮਿਟ ਬੱਸਾਂ, ਇਸ ਕਾਰਣ ਪਾਉਣ ਦੀ ਕੋਸ਼ਿਸ਼ ਨਹੀਂ ਕਰੇਗਾ ਜਾਂ ਉਨ੍ਹਾਂ ਵਿੱਚ ਵਾਧਾ ਨਹੀਂ ਕਰੇਗਾ। ਹਿਮਾਚਲ ਪ੍ਰਦੇਸ਼ ਸੂਬਾ ਹੈ। ਹਰਿਆਣਾ ਵਿਚ ਅਜਿਹਾ ਨਹੀਂ। ਰਾਜਸਥਾਨ ਵਿਚ ਵੀ ਟੂਰਿਸਟ ਬੱਸਾਂ ਚਲਦੀਆਂ ਹਨ। ਏਅਰ ਕੰਡੀਸ਼ਨਡ ਬੱਸਾਂ ਨੂੰ ਇਨ੍ਹਾਂ ਨੇ ਦੋ ਲੱਖ ਅਠਾਸੀ ਹਜ਼ਾਰ ਰੁਪਿਆ ਟੈਕਸ ਭਰਨ ਲਈ ਕਿਹਾ ਹੈ। ਮੈਂ ਸਮਝਦਾ ਹਾਂ ਕਿ ਇੱਕ ਸਾਲ ਵਿਚ ਓਪਰੇਟਰ ਇੰਨਾ ਰੁਪਿਆ ਸਰਕਾਰ ਨੂੰ ਦੇਣਗੇ ਤਾਂ ਆਪਣੇ ਲਈ ਕੀ ਕਮਾਉਣਗੇ ਅਤੇ ਖਰਚ ਕਿਸ ਤਰ੍ਹਾਂ ਕਰਨਗੇ। ਇਸ ਮੁਤਾਬਿਕ ਇਨ੍ਹਾਂ ਨੂੰ ਲੰਮ-ਸੰਮ ਕਰਨ ਸਬੰਧੀ ਵਿਚਾਰ ਕਰਨਾ ਚਾਹੀਦਾ ਹੈ ਅਤੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਇਸਦੀ ਕਲੈਰੀਫੀਕੇਸ਼ਨ ਹੋਵੇਗੀ। ਪਰ ਇਸ ਕਲੈਰੀਫੀਕੇਸ਼ਨ ਦੇ ਵੇਰਵੇ ਨਹੀਂ ਹਨ ਕਿ ਅਸੀਂ ਕਿਸ ਤਰ੍ਹਾਂ ਕਰਨਾ ਹੈ। ਪਹਿਲਾਂ ਜੋ ਸੈਟਲਮੈਂਟ ਹੋਈ ਸੀ, ਉਸ ਮੁਤਾਬਿਕ ਕਿਹਾ ਗਿਆ ਸੀ ਕਿ 65 ਪ੍ਰਤੀਸ਼ਤ ਟੋਟਲ ਲੰਪ-ਸੰਮ ਹੋਵੇਗੀ। ਜਿਹੜੀਆਂ ਗੱਡੀਆਂ ਨੈਸ਼ਨਲ ਰੂਟ ਤੇ ਚੱਲਣਗੀਆਂ, ਜਦ ਉਹ ਸਟੇਟ ਹਾਈਵੇ ਤੇ ਆਉਣਗੀਆਂ, ਇਨ੍ਹਾਂ ਗਡੀਆਂ ਦਾ 55 ਪ੍ਰਤੀਸ਼ਤ ਹੋਵੇਗਾ ਜਿਹੜੀਆਂ ਸਟੇਟ ਹਾਈਵੇ ਤੋਂ ਡਿਸਟ੍ਰਿਕਟ ਹਾਈਵੇ ਤੇ ਚੱਲਣਗੀਆਂ, ਉਨ੍ਹਾਂ ਨੂੰ 45 ਪ੍ਰਤੀਸ਼ਤ ਦੇਣਾ ਹੋਵੇਗਾ। ਇਸ ਨਾਲ ਕੁੱਝ ਰਾਹਤ ਤਾਂ ਹੋ ਸਕਦੀ ਹੈ ਪਰ ਜੋ ਇਕਦਮ ਲੋਕਲ ਗੱਡੀਆਂ ਵੀ ਅਨ-ਇਕਨਾਮੀਕਲ ਰੂਟਸ ਤੇ ਚੱਲਣਗੀਆਂ ਅਤੇ 65 ਪ੍ਰਤੀਸ਼ਤ ਦੇਣਗੀਆਂ ਤਾਂ ਇਸ ਨਾਲ ਟਰਾਂਸਪੋਰਟ ਇੰਡਸਟਰੀ ਬੁਰੀ ਤਰ੍ਹਾਂ ਹਿੱਟ ਹੋਵੇਗੀ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸਨੂੰ ਦੁਬਾਰਾ ਸੋਚਿਆ ਜਾਵੇ ਤਾਂ ਕਿ ਲੋਕਾਂ ਨੂੰ ਰਾਹਤ ਮਿਲ ਸਕੇ। ਉਮੀਦ ਸੀ ਕਿ ਪਾਪੂਲਰ ਗੌਰਮਿੰਟ ਆਉਣ ਨਾਲ ਲੋਕਾਂ ਨੂੰ ਰਾਹਤ ਮਿਲੇਗੀ ਕਿਉਂਕਿ ਗਵਰਨਰੀ ਰਾਜ ਸਮੇਂ ਰਾਹਤ ਲੋਕਾਂ ਨੂੰ ਮੁਹੱਈਆ ਨਹੀਂ ਹੋ ਸਕਦੀ ਸੀ। ਮਗਰ ਹੁਣ ਜਿਸ ਵੇਲੇ ਪਾਪੂਲਰ ਗੌਰਮਿੰਟ ਆਈ ਹੈ, ਉਸ ਦੇ ਮੁਤਾਬਿਕ 65 ਪ੍ਰਤੀਸ਼ਤ ਟੈਕਸ ਬਿਲਕੁਲ ਨਹੀਂ ਹੋਣਾ ਚਾਹੀਦਾ। ਮੈਂ ਇਸ ਦਾ ਵਿਰੋਧ ਕਰਦਾ ਹਾਂ।

**ਖੇਤੀਬਾੜੀ ਅਤੇ ਵਣ ਮੰਤਰੀ (ਸਰਦਾਰ ਦਿਲਬਾਗ ਸਿੰਘ, ਨਵਾਂਸ਼ਹਿਰ)**: ਸਪੀਕਰ ਸਾਹਿਬ, ਇਹ ਜਿਹੜੇ ਦੋ ਬਿਲ ਆਏ ਹਨ; ਇੱਕ ਰਾਹੀਂ ਪੈਸੰਜਰ ਐਂਡ ਗੁੱਡਜ਼ ਟੈਕਸ ਨੂੰ ਖਤਮ ਕਰਨਾ ਹੈ ਅਤੇ ਦੂਸਰੇ ਰਾਹੀਂ ਸਪੈਸ਼ਲ ਰੋਡ ਟੈਕਸ ਨੂੰ ਲਗਾਉਣਾ ਹੈ। ਇਹ ਟੈਕਸ 1952 ਵਿਚ ਲੱਗਾ ਸੀ। ਪੰਜਾਬ ਵਿਚ ਉਸ ਵੇਲੇ ਬੜੀ ਮੁਸ਼ਕਲ ਸੀ ਅਤੇ ਲੰਬੀ ਸਟਰਾਈਕ ਹੋਈ। ਸਟਰਾਈਕ ਟਰੱਕ ਵਾਲਿਆਂ ਨੇ ਕੀਤੀ ਸੀ ਕਿ ਅਸੀਂ ਇਸ ਦਾ ਹਿਸਾਬ ਨਹੀਂ ਰੱਖ ਸਕਦੇ। ਮਹਿਕਮੇ ਵਾਲੇ ਜਬਰ ਕਰਨਗੇ। ਸਤ ਦਿਨ ਦੀ ਸਟ੍ਰਾਈਕ ਹੋਈ ਅਤੇ ਗੌਰਮਿੰਟ ਨੇ ਮੰਨਿਆ ਕਿ ਲੰਮ ਸੰਮ ਦੇ ਦਿਓ। ਇਹ ਲੰਪ ਸੰਮ

Original with;
Punjab Vidhan Sabha
Digitized by;
Panjab Digital Library

ਠੀਕ ਚਲਦਾ ਰਿਹਾ। ਦੂਸਰੇ ਪਾਸੇ ਜਿਹੜਾ ਪੈਸੰਜਰ ਟੈਕਸ ਸੀ, ਉਸ ਵਿਚ ਅਹਿਮ ਇਹ ਸੀ ਕਿ ਪਹਿਲਾ ਜਾ ਕੇ ਟਿਕਟਾ ਲਓ, ਫਿਰ ਇਸਤੇਮਾਲ ਕਰੋ ਅਤੇ ਜੁਰਮਾਨੇ ਭਰੋ। ਬੱਸਾਂ ਦੀ ਯੂਨੀਅਨ ਨੇ ਕਈ ਵਾਰ ਰਿਪਰਜ਼ੈਂਟ ਕੀਤਾ ਕਿ ਕੁੱਝ ਲੋਕ ਐਸੇ ਹਨ ਜੋ ਚੋਰੀ ਕਰਦੇ ਹਨ ਅਤੇ ਜੋ ਠੀਕ ਦੇਣਾ ਚਾਹੁੰਦੇ ਹਨ, ਉਨ੍ਹਾ ਨੂੰ ਜੁਰਮਾਨੇ ਹੁੰਦੇ ਹਨ, ਇਸ ਦਾ ਕੋਈ ਉਪਾਅ ਕੀਤਾ ਜਾਵੇ। ਲੰਬੇ ਸਮੇਂ ਤੋਂ ਬਾਅਦ ਇੱਕ ਲੰਬੀ-ਚੌੜੀ ਫਾਈਲ ਬਣੀ ਜਿਹੜੀ ਕਦੀ ਗਵਰਨਰ ਸਾਹਿਬ ਕੋਲ ਘੁੰਮਦੀ ਰਹੀ ਅਤੇ ਕਦੀ ਕਿੱਥੇ। ਪਰ ਇਸ ਦਾ ਹੱਲ ਨਹੀਂ ਹੋਇਆ। ਦੂਸਰੇ ਪਾਸੇਂ ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ (ਰਾਜ ਮੰਤਰੀ, ਟਰਾਂਸਪੋਰਟ ਵੱਲੋਂ ਵਿਘਨ)......

ਮੈਂ ਗੱਲ ਕਰ ਰਿਹਾ ਸੀ ਕਿ ਜਿਹੜਾ ਤਰੀਕਾ ਟਰਾਂਸਪੋਟਰਾਂ ਦੇ ਕਹਿਣ ਤੇ ਅਪਨਾਉਣਾ ਹੈ ਅਤੇ ਸਰਕਾਰ ਨੇ ਜਵਾਬ ਦੇਣਾ ਹੈ। ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਇਹ ਚਾਹੁੰਦੀ ਸੀ ਕਿ ਇਨਸਪੈਕਟਰੀ ਰਾਜ ਨੂੰ ਮਗਰੋਂ ਲਾਹਿਆ ਜਾਵੇ, ਕੁਰੱਪਸ਼ਨ ਨਾ ਹੋਵੇ ਔਰ ਵੱਧ ਤੋਂ ਵੱਧ ਟੈਕਸ ਆਵੇ। ਇਹ ਸਾਰੀਆਂ ਚੀਜ਼ਾਂ ਸਾਹਮਣੇ ਰੱਖ ਕੇ ਸਪੈਸ਼ਲ ਰੋਡ ਟੈਕਸ ਨੂੰ ਲਿਆਂਦਾ ਹੈ। ਇਸ ਦੇ ਵਿੱਚ ਕੁੱਝ ਸਾਥੀਆਂ ਨੇ ਕਿਹਾ ਹੈ ਕਿ ਇਹ ਪਰਮਿਟ ਤੇ ਰੋਡ ਟੈਕਸ ਹੈ। ਉਸ ਦੇ ਵਿੱਚ ਦੇਖਣਾ ਹੈ ਕਿ ਕਿੰਨੀ ਕਪੈਸਟੀ ਹੈ, ਕਿੰਨੀ ਡੇਲੀ ਮਾਈਲੇਜ ਹੈ। ਸਾਰਾ ਕੁਝ ਦੇਖ ਕੇ ਸਾਡੀ ਗੌਰਮਿੰਟ ਨੇ ਵੱਧ ਤੋਂ ਵੱਧ ਜਿਥੋਂ ਤਕ ਕਰ ਸਕਦੇ ਸੀ ਕੀਤਾ ਹੈ। ਇਹ ਗੌਰਮਿੰਟ ਦਾ ਕੰਮ ਹੈ, ਡੀਪਾਰਟਮੈਂਟ ਦਾ ਕੰਮ ਹੈ ਦੇਖਣਾ ਕਿ ਕਿਹੜੇ ਚੰਗੇ ਰੂਟ ਹਨ ਅਤੇ ਕਿਹੜੇ ਰੂਟ ਮਾੜੇ ਹਨ। ਯੂਨੀਅਨ ਨੇ ਵੀ ਕਿਹਾ ਹੈ, ਸਾਡੀ ਸਰਕਾਰ ਵੀ ਚਾਹੁੰਦੀ ਹੈ ਔਰ ਅਸੀਂ ਵੀ ਚਾਹੁੰਦੇ ਹਾਂ ਕਿ ਇਸ ਤਰ੍ਹਾਂ ਹੋਵੇ। ਇਸ ਤੋਂ ਵਧੀਆ ਬਿਲ ਪੰਜਾਬ ਦੇ ਟਰਾਂਸਪੋਰਟਰਜ਼ ਵਾਸਤੇ, ਪੰਜਾਬ ਦੇ ਲੋਕਾਂ ਵਾਸਤੇ ਹੋਰ ਕੋਈ ਨਹੀਂ ਹੋ ਸਕਦਾ।

**ਸ੍ਰੀ ਗੁਰਪਾਲ ਚੰਦ ਸਰੋਆ** (ਸ਼ਾਮ **ਚੌਰਾਸੀ, ਐਸ.ਸੀ.**) : ਸਤਿਕਾਰਯੋਗ ਸਪੀਕਰ ਸਾਹਿਬ, ਜੋ ਲੰਪ-ਸਮ ਟੈਕਸ ਲਗਾਇਆ ਜਾ ਰਿਹਾ ਹੈ, ਉਹ ਠੀਕ ਹੈ ਕਿ ਗੌਰਮਿੰਟ ਲੰਪ-ਸਮ ਟੈਕਸ ਲਗਾ ਰਹੀ ਹੈ ਪਰ ਇਸ ਦੇ ਨਾਲ ਇਹ ਤਾਂ ਧਿਆਨ ਦੇਣਾ ਪਵੇਗਾ ਕਿ ਜਿਸ ਤਰ੍ਹਾਂ ਕੰਡੀ ਦਾ ਏਰੀਆ ਹੈ ਉਸ ਇਲਾਕੇ ਵਿੱਚ ਰੂਟ ਬਹੁਤ ਖਰਾਬ ਹਨ, ਚੋਅ ਪੈਂਦੇ ਹਨ, ਉਨ੍ਹਾਂ ਇਲਾਕਿਆਂ ਦੇ ਵਿੱਚ ਜਿਹੜੀਆਂ ਬੱਸਾਂ ਹਨ ਉਹ ਬਹੁਤ ਘੱਟ ਜਾਂਦੀਆਂ ਹਨ। ਉਨ੍ਹਾਂ ਦੇ ਲਈ ਟੈਕਸ ਕਮ ਸੇ ਕਮ ਹੋਣਾ ਚਾਹੀਦਾ ਹੈ, ਘੱਟ ਹੋਣਾ ਚਾਹੀਦਾ ਹੈ। ਜੋ ਟੈਕਸ ਇਸ ਵੇਲੇ ਲਾਏ ਜਾ ਰਹੇ ਹਨ, ਮੈਂ ਅਤੇ ਮੇਰੀ ਪਾਰਟੀ ਇਸ ਦਾ ਵਿਰੋਧ ਕਰਦੀ ਹੈ। ਇਤਨਾ ਕਹਿੰਦਾ ਹੋਇਆ ਮੈਂ ਆਪਣੀ ਸੀਟ ਲੈਂਦਾ ਹਾਂ। ਜੈ ਭੀਮ, ਜੈ ਭਾਰਤ।

**ਸ੍ਰੀ ਸਪੀਕਰ** : ਬਲਦੇਵ ਸਿੰਘ ਜੀ; ਤੁਹਾਨੂੰ 2 ਮਿੰਟ ਮਿਲੇ ਹਨ। ਕਿਉਂਕਿ ਦੋ ਰਿਪੋਰਟਾਂ ਵੀ ਡਿਸਕਸ ਹੋਣੀਆਂ ਬਾਕੀ ਰਹਿੰਦੀਆਂ ਹਨ। ਟਾਈਮ ਦਾ ਜ਼ਰਾ ਧਿਆਨ ਰੱਖ ਲੈਣਾ।

**ਕਾਮਰੇਡ ਬਲਦੇਵ ਸਿੰਘ ਬਲਮਗੜ੍ਹ (ਮਲੋਟ, ਐਸ.ਸੀ.)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਇਹ ਜਿਹੜਾ ਬਿੱਲ ਲਿਆਂਦਾ ਹੈ ਲੰਪ ਸੰਮ ਟੈਕਸ ਦੇਣ ਦਾ, ਮੈਂ ਸਮਝਦਾ ਹਾਂ ਕਿ ਇਹ ਬਹੁਤ ਵਧੀਆ ਹੈ। (ਥੰਪਿੰਗ) ਪਹਿਲਾਂ ਜੋ ਸਾਡਾ ਢਾਂਚਾ ਸੀ, (ਥੰਪਿੰਗ) ਪਹਿਲਾ ਸਾਡਾ ਢਾਂਚਾ ਕੀ ਸੀ ਇਸ ਗੱਲ ਨੂੰ ਦੇਖਣਾ ਪੈਣਾ ਹੈ। ਮੇਰੇ ਕੋਲ ਇਕ ਮਿਸਾਲ ਹੈ। ਪਟਿਆਲਾ ਦਾ ਇਕ ਟਰਾਂਸਪੋਰਟਰ ਮੇਰਾ ਬੇਲੀ ਹੈ। ਉਹ ਕਹਿੰਦਾ ਹੈ ਕਿ ਮੈਂ ਇਕ ਲੱਖ ਰੁਪਏ ਦਾ ਟੈਕਸ ਲਿਆਇਆ ਹਾਂ ਖਜ਼ਾਨੇ ਵਿੱਚੋਂ ਤੇ ਮੈਨੂੰ ਤਾਂ ਕਿਸੇ ਨੇ ਫੜਨਾ ਨਹੀਂ। ਮੈਂ ਤਾਂ ਲੱਖ ਰੁਪਏ ਦਾ ਟੈਕਸ ਲੈ ਆਉਂਦਾ ਹੈ। ਉਹ 50 ਹਜ਼ਾਰ ਦਾ ਅਗੇ ਕਿਸੇ ਹੋਰ ਨੂੰ ਦੇ ਦਿੱਤਾ। ਉਸ ਨੇ, ਲੱਖ ਲਾ ਕੇ ਲੱਖ ਹੀ ਉਗਰਾਹ ਲਿਆ। ਇਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਬਲਮਗੜ੍ਹ]

ਤਰੀਕੇ ਨਾਲ 50 ਹਜ਼ਾਰ ਦਾ ਟੈਕਸ ਜਿਸ ਨੇ ਲਿਆ ਲੱਖ ਦਾ ਲੱਖ ਉਸ ਨੇ ਕਮਾ ਲਿਆ ਔਰ ਜਿਸ ਨੇ ਪਹਿਲਾਂ ਲੱਖ ਦਾ ਲਿਆ ਸੀ ਉਸ ਨੇ ਉਹ 50 ਹਜ਼ਾਰ ਦਾ ਦੇ ਦਿੱਤਾ। ਇਸ ਤਰੀਕੇ ਨਾਲ ਜਿਹੜੀ ਘਪਲੇ ਬਾਜ਼ੀ ਹੁੰਦੀ ਸੀ ਇਸ ਘਪਲੇਬਾਜ਼ੀ ਨੂੰ ਘੱਟ ਕਰਨ ਵਾਸਤੇ ਇਹ ਬਿੱਲ ਹੈ।

ਦੂਜੀ ਗੱਲ ਪਿੰਡਾਂ ਦੇ ਵਿਚ ਬੱਸਾਂ ਚਲਾਉਣ ਦੇ ਬਾਰੇ ਅਰਜ਼ ਕਰਦਾ ਹਾਂ ਕਿ ਅਸੀਂ ਵੇਖਦੇ ਹਾਂ ਕਿ ਉਪਰ ਵੀ ਸਵਾਰੀਆਂ ਅਤੇ ਥੱਲੇ ਵੀ ਸਵਾਰੀਆਂ। ਸੌ ਸੌ ਸਵਾ ਸੌ ਸੌ ਸਵਾਰੀਆਂ ਹੁੰਦੀਆਂ ਹਨ, ਐਸੀ ਹਾਲਤ ਵਿਚ ਅਗਰ 65 ਸਵਾਰੀਆਂ ਦਾ ਟੈਕਸ ਲੰਪ ਸੰਮ ਦੇ ਦੇਣਗੇ ਤਾਂ ਕਿਹੜੀ ਵੱਡੀ ਗੱਲ ਹੈ। ਸੋ ਇਹ ਜਿਹੜਾ ਬਿਲ ਲਿਆਂਦਾ ਗਿਆ ਹੈ, ਮੈਂ ਇਸ ਦਾ ਸਮਰਥਨ ਕਰਦਾ ਹਾਂ। ਕਿਉਂਕਿ ਇਕ ਤਾਂ ਇਸ ਨਾਲ ਇੰਸਪੈਕਟਰੀ ਰਾਜ ਖ਼ਤਮ ਹੁੰਦਾ ਹੈ, ਦੂਸਰੇ ਇਸ ਨਾਲ ਟੈਕਸ ਦੀ ਚੋਰੀ ਖ਼ਤਮ ਹੋ ਜਾਵੇਗੀ।

**ਸ਼੍ਰੀ ਭਗਵਾਨ ਦਾਸ ਅਰੋੜਾ** (ਸੁਨਾਮ): ਸਪੀਕਰ ਸਾਹਿਬ, ਮੈਂ ਐਮ.ਐਲ.ਏ. ਦੇ ਨਾਲ ਨਾਲ ਇਕ ਟਰਾਂਸਪੋਰਟਰ ਵੀ ਹਾਂ। ਜੋ ਲੰਪਸੰਮ ਟੈਕਸ ਬਾਰੇ ਬਿੱਲ ਪੇਸ਼ ਹੋਇਆ ਹੈ ਮੈਂ ਇਸ ਦੀ ਹਮਾਇਤ ਕਰਦਾ ਹਾਂ। ਸਪੀਕਰ ਸਾਹਬ ਜਦੋਂ ਗੱਡੀਆਂ ਤੇ ਟਿਕਟਾਂ ਲਾਉਣ ਵਾਸਤੇ ਗੱਥੀਆਂ ਬਣਾਉਂਦੇ ਹਨ ਸਰਕਾਰ ਦਾ ਉਸ ਤੇ ਖਰਚ ਆਉਂਦਾ ਹੈ ਪ੍ਰੈਸ ਵਿਚ, ਉਸ ਤੋਂ ਬਾਅਦ ਬੱਸ ਕੰਪਨੀਆਂ ਨੂੰ ਬੰਦੇ ਰਖਣੇ ਪੈਂਦੇ ਹਨ ਟਿਕਟਾਂ ਛਪਾਉਣ ਵਾਸਤੇ। ਜਦੋਂ ਟਿਕਟਾਂ ਨਹੀਂ ਕੱਟੀਆਂ ਜਾਂਦੀਆਂ ਤਾਂ ਰਸਤੇ ਵਿਚ ਗੱਡੀਆਂ ਖੜ੍ਹੀਆਂ ਕਰਕੇ ਟਿਕਟਾਂ ਕਟਣੀਆਂ ਪੈਂਦੀਆਂ ਹਨ, ਇਸ ਦੇ ਨਾਲ ਸਾਵਾਰੀਆਂ ਦੇ ਟਾਈਮ ਦਾ ਬੜਾ ਨੁਕਸਾਨ ਹੁੰਦਾ ਹੈ। ਦੂਸਰੇ ਗੱਡੀਆਂ ਖੜ੍ਹੀਆਂ ਕਰਨ ਨਾਲ ਡੀਜ਼ਲ ਵਗੈਰਾ ਦਾ ਵੀ ਨੁਕਸਾਨ ਹੁੰਦਾ ਹੈ। ਇਹ ਲੰਪਸੰਮ ਦਾ ਬਿਲ ਲਿਆ ਕੇ ਬੜੀ ਚੰਗੀ ਗੱਲ ਕੀਤੀ ਹੈ। ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਕੁਰੱਪਸ਼ਨ ਦਾ ਅੱਡਾ ਖਤਮ ਕੀਤਾ ਹੈ।

ਇਸ ਦੇ ਨਾਲ ਹੀ ਮੈਂ ਇਹ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੂੰ ਘੱਟੋ ਘੱਟ ਪੰਜ ਗੁਣਾ ਆਮਦਨ ਵਿਚ ਵਾਧਾ ਹੋਵੇਗਾ। ਮੈਂ ਵੇਖਿਆ ਹੈ ਕਿ ਜੋ ਟਰਾਂਸਪੋਰਟਰਜ਼ ਲੰਪਸੰਮ ਟੈਕਸ ਭਰਦੇ ਹਨ ਉਹ ਬਹੁਤ ਖੁਸ਼ ਹਨ ਬਨਿਸਬਤ ਉਨ੍ਹਾਂ ਦੇ ਜਿਹੜੇ ਲੰਪਸੰਮ ਟੈਕਸ ਨਹੀਂ ਭਰਦੇ ਕਿਉਂਕਿ ਉਹ ਮਹਿਕਮੇ ਦੀ ਬਗਾਰ ਤੋਂ ਬਚੇ ਰਹਿੰਦੇ ਹਨ। ਸੋ, ਮੈਂ ਸਮਝਦਾ ਹਾਂ ਕਿ ਇਹ ਜਿਹੜਾ ਬਿਲ ਹੈ ਇਹ ਪਾਸ ਹੋਣਾ ਚਾਹੀਦਾ ਹੈ। ਇਸ ਨਾਲ ਸਰਕਾਰ ਦਾ ਵਕਾਰ ਵਧੇਗਾ ਅਤੇ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੀ ਹੋਰ ਵੀ ਚੜ੍ਹਤ ਮੱਚੇਗੀ।

**ਰਾਜ ਮੰਤਰੀ, ਟਰਾਂਸਪੋਰਟ** (ਮਾਸਟਰ ਜਾਗੀਰ ਸਿੰਘ): ਸਪੀਕਰ ਸਾਹਿਬ, ਇਹ ਜੋ ਅਮੈਂਡਿੰਗ ਬਿੱਲ ਲਿਆਂਦਾ ਹੈ, ਇਸ ਦੇ ਬਾਰੇ ਮੈਂ ਪਹਿਲੇ ਵੀ ਇਥੇ ਕਿਹਾ ਸੀ ਕਿ ਪੰਜਾਬ ਦੇ ਵਿਚ ਟੈਕਸ ਦੀ ਜੋ ਬੜੀ ਭਾਰੀ ਚੋਰੀ ਹੋ ਰਹੀ ਹੈ ਇਸ ਨੂੰ ਰੋਕਣ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਟਰਾਂਸਪੋਰਟ ਦਾ ਜੋ ਇਹ ਟੈਕਸ ਹੈ, ਇਸ ਨੂੰ ਐਕਸਾਈਜ਼ ਐਂਡ ਟੈਕਸੇਸ਼ਨ ਕੰਟਰੋਲ ਕਰਦਾ ਸੀ। ਅਕਸਰ ਇਹ ਵੇਖਿਆ ਗਿਆ ਹੈ ਕਿ ਜੋ ਵੀ ਬੱਸਾਂ ਚੈਕ ਕਰਨ ਵਾਲੇ ਲਾਲ ਝੰਡੀਆਂ ਲਗਾ ਕੇ ਖੜ੍ਹੇ ਹੁੰਦੇ ਸਨ, ਉਹ ਬਸਾਂ ਵਾਲਿਆਂ ਨਾਲ ਰਲ ਮਿਲ ਜਾਂਦੇ ਸਨ ਔਰ ਬਸਾਂ ਵਾਲੇ ਟਿਕਟਾਂ ਲਾਉਂਦੇ ਹੀ ਨਹੀਂ ਸਨ। ਮੈਂ ਆਂਕੜ ਦੇ ਸਕਦਾ ਹਾਂ ਔਰ ਇਸ ਸਬੰਧ ਵਿਚ ਹਾਊਸ ਨੂੰ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਰੋਡਵੇਜ਼ ਨੇ 1991-92 ਵਿਚ 31.37 ਕਰੋੜ ਰੁਪਿਆ ਪੈਸੰਜਰ ਟੈਕਸ ਦਿੱਤਾ ਔਰ ਪ੍ਰਤੀ ਬੱਸ ਪ੍ਰਤੀ ਸਾਲ 1.35 ਲੱਖ ਰੁਪਿਆ ਬਣਦਾ ਹੈ। ਇਸ ਨਾਲ ਨਾਲ 1991-92 ਦੌਰਾਨ ਜੋ ਪ੍ਰਾਈਵੇਟ ਅਪਰੇਟਰਜ਼ ਹਨ, ਉਨ੍ਹਾਂ ਨੇ 14.71 ਕਰੋੜ ਰੁਪਿਆ ਦਿਤਾ ਪੈਸੰਜਰ ਟੈਕਸ ਦਾ ਜਦੋਂ ਕਿ ਸਰਕਾਰ ਦਾ 1.35 ਰਖਿਆ ਹੈ ਔਰ ਇਨ੍ਹਾਂ ਦਾ 0.75 ਹੈ। ਇਸ ਦੇ ਨਾਲ ਨਾਲ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਕਈ ਪ੍ਰਾਈਵੇਟ ਅਪਰੇਟਰਾਂ ਨੇ ਲਗ ਭੱਗ ਸੰਨ 1991-92 ਵਿਚ 20 ਕਰੋੜ ਰੁਪਏ ਦਾ ਪੰਜਾਬ ਸਰਕਾਰ ਨੂੰ ਘਾਟਾ ਪਾਇਆ ਹੈ। ਔਰ

Original with;
Punjab Vidhan Sabha
Digitized by;
Panjab Digital Library

20 ਕਰੋੜ ਰੁਪਏ ਦੀ ਚੋਰੀ ਰੋਕਣ ਲਈ ਇਹ ਸਾਰਾ ਪ੍ਰਬੰਧ ਕੀਤਾ ਗਿਆ ਹੈ। ਮਾਨਯੋਗ ਮੈਂਬਰ ਸਾਹਿਬ ਬੋਲੇ ਹਨ, ਮੈਨੂੰ ਬੜਾ ਸਤਿਕਾਰ ਹੈ। ਮੈਂ ਇਕ ਗੱਲ ਪੁੱਛਦਾ ਹਾਂ ਕਿ ਪੰਜਾਬ ਸਰਕਾਰ ਨੇ ਪਹਿਲਾਂ ਗਵਰਨਰੀ ਰਾਜ ਵੇਲੇ 75 ਫੀਸਦੀ ਦਾ ਫੈਸਲਾ ਕੀਤਾ ਪਰ 75 ਫੀਸਦੀ ਦੇ ਖਿਲਾਫ ਇਹ ਹਾਈਕੋਰਟ ਗਏ। ਸਰਕਾਰ ਨੂੰ ਪੈਸਾ ਦੇਣਾ ਨਹੀਂ ਸੀ ਚਾਹੁੰਦੇ, ਕਿਉਂਕਿ ਟਿਕਟ ਕੋਈ ਲਗਾਉਂਦਾ ਨਹੀਂ ਸੀ। ਕੋਰਟ ਨੇ ਟਰਨਡਾਊਨ ਕਰ ਦਿੱਤਾ ਕਿ ਪੈਸੰਜਰਾਂ ਕੋਲੋਂ ਸਰਕਾਰ ਲੈ ਸਕਦੀ ਹੈ, ਟਰਾਂਸਪੋਰਟਰਾਂ ਕੋਲੋਂ ਨਹੀਂ ਲੈ ਸਕਦੀ। ਫਿਰ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਨੇ, ਜਿਨ੍ਹਾਂ ਕੋਲ ਟੈਕਸ ਸੀ, ਉਨ੍ਹਾਂ ਨੇ ਬੜਾ ਯਤਨ ਕਰਕੇ ਦੁਬਾਰਾ ਕੋਸ਼ਿਸ਼ ਕੀਤੀ ਔਰ ਮੈਨੂੰ ਪਤਾ ਹੈ ਕਿ ਸਾਰੇ ਪੰਜਾਬ ਦੇ ਟਰਾਂਸਪੋਰਟਰ ਇਕੱਠੇ ਹੋ ਕੇ ਮਾਨਯੋਗ ਮੁੱਖ ਮੰਤਰੀ ਸਾਹਿਬ ਪਾਸ ਆਏ ਔਰ ਮੀਟਿੰਗ ਹੋਈ ਔਰ ਇਨ੍ਹਾਂ ਨੇ ਕਿਹਾ 75 ਫੀਸਦੀ ਜ਼ਿਆਦਾ ਹੈ, ਤੁਸੀਂ ਸਰਦਾਰ ਜੀ ਸਾਡੀ ਮੱਦਦ ਕਰੋ, ਔਰ ਫਿਰ ਸਲਾਹ ਨਾਲ 65 ਫੀਸਦੀ ਦਾ ਫੈਸਲਾ ਹੋ ਗਿਆ, ਔਰ ਨੋਟੀਫਿਕੇਸ਼ਨ ਜਾਰੀ ਹੋ ਗਿਆ। ਉਸ ਤੋਂ ਬਾਅਦ ਪਿਛਲੇ ਸੈਸ਼ਨ ਵਿਚ ਇਸ ਵਿਚ ਇਸ ਡਿਪਾਰਟਮੈਂਟ ਨੇ, ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਨੇ, ਉਸ ਵਿਚ ਸੋਧ ਲਿਆਂਦੀ। ਫਿਰ ਟਰਾਂਸਪੋਰਟਰਜ਼ ਮੈਜਾਰਿਟੀ ਵਿਚ ਅੱਜ ਹਾਈਕੋਰਟ ਵਿਚ ਗਿਆ ਹੈ ਔਰ ਹਾਈਕੋਰਟ ਨੇ ਫਿਰ ਦੁਬਾਰਾ ਕਹਿ ਦਿੱਤਾ ਹੈ ਔਰ ਸਟੇਅ ਦੇ ਦਿੱਤਾ ਹੈ ਔਰ ਕੇਸ ਹਾਈਕੋਰਟ ਵਿਚ ਚਲ ਰਿਹਾ ਹੈ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਹਿਮਾਚਲ ਪ੍ਰਦੇਸ਼ ਸਟੇਟ ਹੈ। ਉਸ ਦੇ ਟਰਾਂਸਪੋਰਟਰਜ਼ ਰਿੱਟ ਵਿਚ ਗਏ ਔਰ ਕਿਹਾ ਕਿ ਇਹ ਪੈਸੰਜਰਜ਼ ਪਾਸੋਂ ਟੈਕਸ ਲੈਣਾ ਬਣਦਾ ਹੈ। ਸਾਨੂੰ ਖਦਸ਼ਾ ਹੈ ਕਿ ਪੰਜਾਬ ਸਰਕਾਰ ਨੂੰ ਕਰੋੜਾਂ ਰੁਪਏ ਦਾ ਘਾਟਾ ਪੈਂਦਾ ਹੈ। ਸੋ, ਅਸੀਂ ਕੋਈ ਧੱਕਾ ਕਰਨ ਵਾਲੀ ਗੱਲ ਨਹੀਂ ਕਰ ਰਹੇ। ਜੋ ਭਾਰੀ ਆਮਦਨ ਹੈ, ਜੋ ਚੋਰੀ ਹੋ ਰਹੀ ਹੈ ਉਸ ਨੂੰ ਰੋਕਣ ਦਾ ਪ੍ਰਬੰਧ ਕਰ ਰਹੇ ਹਾਂ। ਕਾਮਰੇਡ ਬਲਦੇਵ ਸਿੰਘ ਨੇ ਕਿਹਾ ਹੈ ਕਿ ਛੱਤ ਉਤੇ ਵੀ ਸਵਾਰੀਆਂ ਤੇ ਥੱਲੇ ਵੀ ਸਵਾਰੀਆਂ ਔਰ ਵੇਖਿਆ ਗਿਆ ਹੈ ਕਿ ਜਿਸ ਪਾਸ ਪਰਮਿਟ ਹੈ, ਉਹਨਾਂ ਪਾਸੋਂ ਟੈਕਸ ਦੀ ਚੋਰੀ ਹੁੰਦੀ ਹੈ, ਕਿਉਂਕਿ ਉਹ ਟਿਕਟਾਂ ਨਹੀਂ ਲਗਾਉਂਦੇ ਔਰ ਫੇਰੇ ਵੀ ਵੱਧ ਲਗਾਉਂਦੇ ਹਨ। ਅਸੀਂ ਇਹ ਗੱਲ ਮੰਨਣ ਨੂੰ ਤਿਆਰ ਹਾਂ ਕਿ ਕਈ ਟਰਾਂਸਪੋਰਟਰਜ਼ ਟੈਕਸ ਦਿੰਦੇ ਹਨ। ਸਰਦਾਰ ਦਿਲਬਾਗ ਸਿੰਘ ਹੋਰੀਂ ਪੂਰਾ ਟੈਕਸ ਦਿੰਦੇ ਹਨ, ਹੈਨਰੀ ਸਾਹਿਬ ਵੀ ਪੂਰਾ ਟੈਕਸ ਦਿੰਦੇ ਹਨ ਔਰ ਭਗਵਾਨ ਦਾਸ ਹੋਰੀਂ ਵੀ ਪੂਰਾ ਟੈਕਸ ਦਿੰਦੇ ਹਨ। ਪਰ ਮੈਂ ਉਨ੍ਹਾਂ ਬੀ.ਜੇ.ਪੀ. ਵਾਲਿਆਂ ਨੂੰ ਪੁੱਛਣਾ ਚਾਹੁੰਦਾ ਹਾਂ. . . . (ਵਿਰੋਧੀ ਧਿਰ ਵਲੋਂ ਵਿਘਨ) ਮੇਰੀ ਗੱਲ ਵੀ ਸੁਣ ਲਵੋ। ਮੈਂ ਦੱਸਣਾ ਚਾਹੁੰਦ ਹਾਂ ਕਿ ਜਿਤਨੇ ਵੀ ਟਰਾਂਸਪੋਰਟਰਜ਼ ਕਾਂਗਰਸ ਪਾਰਟੀ ਨਾਲ ਸਬੰਧਤ ਨੇ ਟੈਕਸ ਦਿੰਦੇ ਹਨ। ਦੂਸਰੇ ਭਾਵੇਂ ਕਿਸੇ ਪਾਰਟੀ ਦੇ ਹੋਣ, ਕਿੰਨਾ ਕਿੰਨਾ ਟੈਕਸ ਨਹੀਂ ਦੇ ਰਹੇ, ਕੋਈ ਟਿਕਟ ਨਹੀਂ ਲਗਾ ਰਹੇ......

**ਸ੍ਰੀ ਜਗਦੀਸ਼ ਸਾਹਨੀ :** ਸਪੀਕਰ ਸਾਹਿਬ, ਪਰਸਨਲੀ ਕਿਹਾ ਗਿਆ ਹੈ ਕਿ ਇਨ੍ਹਾਂ ਦੇ ਜ਼ਿੰਮੇ ਟੈਕਸ ਹੈ। ਮੈਂ ਚੈਲੰਜ਼ ਕਰਦਾ ਹਾਂ ਕਿ ਕੋਈ ਟੈਕਸ ਕੱਢ ਦੇਣ ਮੇਰੇ ਜ਼ਿੰਮੇਂ।

**ਰਾਜ ਮੰਤਰੀ, ਟਰਾਂਸਪੋਰਟ :** ਮੈਂ ਕਹਿੰਦਾ ਹਾਂ, ਇਨ੍ਹਾਂ ਦੇ ਜ਼ਿੰਮਾ ਹੈ, ਮੈਨੂੰ ਪਤਾ ਹੈ।

**ਸ੍ਰੀ ਸਪੀਕਰ :** ਮਾਸਟਰ ਜੀ, ਤੁਸੀਂ ਜਵਾਬ ਦੇ ਰਹੇ ਹੋ ਬਿੱਲ ਉਤੇ ਹੋਈ ਬਹਿਸ ਦਾ, ਇਸ ਲਈ ਉਸ ਤੇ ਹੀ ਬੋਲੋ।

**ਰਾਜ ਮੰਤਰੀ, ਟਰਾਂਸਪੋਰਟ :** ਸਪੀਕਰ ਸਾਹਿਬ, ਅਮੈਂਡਮੈਂਟ ਦਾ ਜ਼ਿਕਰ ਕਰਦਾ ਹਾਂ, ਇਨ੍ਹਾਂ ਦੇ ਵੱਲ ਮੈਨੂੰ ਪਤਾ ਹੈ ਕਿ ਕਿਤਨਾ ਬਕਾਇਆ ਹੈ।

Original with;
Punjab Vidhan Sabha
Digitized by;
Panjab Digital Library

**Mr. Speaker** : Master Ji, be to the point.

**ਰਾਜ ਮੰਤਰੀ, ਟਰਾਂਸਪੋਰਟ** : ਚਲੋ, ਗੱਲ ਇਹ ਹੈ ਜੀ, ਸਪੀਕਰ ਸਾਹਿਬ, ਇਹ ਜੋ ਅਮੈਂਡਮੈਂਟ ਅਸੀਂ ਲੈ ਆਏ ਹਾਂ, ਇਹ ਚੋਰੀ ਰੋਕਣ ਲਈ ਹੈ, ਸਰਕਾਰ ਦੇ ਭਲੇ ਲਈ ਹੈ, ਪੰਜਾਬ ਦੇ ਭਲੇ ਲਈ ਹੈ। ਇਸ ਲਈ ਇਸ ਨੂੰ ਕ੍ਰਿਪਾ ਕਰਕੇ ਪਾਸ ਕੀਤਾ ਜਾਵੇ।

**Mr. Speaker** : Question is —

That the Punjab Motor Vehicles Taxation (Amendment) Bill be taken into consideration at once.

*The motion was carried unanimously.*

**Mr. Speaker** : Now the House will proceed to consider the Bill Clause-by-Clause.

If it is pleasure of the House, I put all the Clauses of the Bill to the vote of the House together ?

Voices : Yes yes.

**Sub Clause (2) of Clause (1), Clause 2, Clause 3, 4, Clause 5, Clause 6, Clause 7, Clause 8, Clause 9, Clause 10, Clause 11, Clause 12, Clause 13, Clause 14, Clause 15, Scheduled 'A' and Sub-clause (1) of Clause 1.**

**Mr. Speaker** : Question is—

That Sub clause (2) of Clause 1, Clause 2, Clause 3, Clause 4, Clause 5, Clause 6, Clause 7, Clause 8, Clause 9, Clause 10, Clause 11, Clause 12, Clause 13, Clause 14, Clause 15, Schedule 'A' and Sub-Clause (1) of Clause 1, stand part of the Bill.

*The motion was carried.*

**Title.**

**Mr. Speaker** : Question is —

That Title be the Title of the Bill.

*The motion was carried.*

**Minister of State For Transport (Master Jagir Singh)**: Sir, I beg to move —

That the Punjab Motor Vehicles Taxation (Amendment) Bill be passed.

**Mr. Speaker** : Motion moved —

That the Punjab Motor Vehicles Taxation (Amendment) Bill be passed.

**Mr. Speaker** : Question is

That the Punjab Motor Vehicles Taxation (Amendment) Bill be passed.

*The motion was carried unanimously.*

---

Original with;
Punjab Vidhan Sabha
Digitized by;
Panjab Digital Library

## DISCUSSION ON THE ANNUAL REPORTS OF THE PUNJAB POLICE HOUSING CORPORATION LTD. AND THE ANNUAL STATEMENTS OF ACCOUNTS OF THE PUNJAB HOUSING DEVELOPMENT BOARD

**ਸ੍ਰੀ ਸਪੀਕਰ :** ਹੁਣ ਦੋ ਐਨੂਅਲ ਰਿਪੋਰਟਸ ਹਨ' ਇਕ ਤਾਂ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੀ ਹੈ। ਇਹ 1989-90 ਅਤੇ 1990-91 ਦੀ ਹੈ ਔਰ ਇਕ ਰਿਪੋਰਟ ਪੰਜਾਬ ਹਾਊਸਿੰਗ ਡਿਵੈਲਪਮੈਂਟ ਬੋਰਡ ਦੀ ਹੈ। ਇਹ ਵੀ 1986-87 ਤੋਂ 1989-90 ਤਕ ਦੀ ਹੈ। ਇਸ ਤੇ ਡਿਸਕਸ਼ਨ ਕਰਨੀ ਹੈ......

**ਵਿੱਤ ਮੰਤਰੀ :** ਸਪੀਕਰ ਸਾਹਿਬ, ਦੋਨਾਂ ਤੇ ਇਕੱਠੀ ਡਿਸਕਸ਼ਨ ਕਰਵਾ ਲਓ।

**ਸ੍ਰੀ ਸਪੀਕਰ :** ਜੇ ਹਾਊਸ ਦੀ ਮਰਜ਼ੀ ਹੈ, ਤਾਂ ਦੋਨਾਂ ਰਿਪੋਰਟਸ ਤੇ ਇਕੱਠੀ ਡਿਸਕਸ਼ਨ ਹੋ ਜਾਵੇ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਠੀਕ ਹੈ, ਦੋਨਾਂ ਤੇ ਇਕੱਠੀ ਡਿਸਕਸ਼ਨ ਕਰ ਲਈ ਜਾਵੇ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ—

ਕਿ ਸਾਲ 1989-90 ਅਤੇ 1990-91 ਲਈ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਲਿਮਿਟਡ ਦੀਆਂ ਸਾਲਾਨਾਂ ਰਿਪੋਰਟਾਂ ਜੋ 23 ਫਰਵਰੀ, 1993 ਨੂੰ ਮੇਜ਼ ਤੇ ਰਖੀਆਂ ਗਈਆਂ ਸਨ, ਤੇ ਬਹਿਸ ਕੀਤੀ ਜਾਵੇ।

**ਸ੍ਰੀ ਸਪੀਕਰ :** ਦੂਜੀ ਰਿਪੋਰਟ ਵੀ ਮੂਵ ਕਰ ਦਿਓ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਠੀਕ ਹੈ ਜੀ, ਮੈਂ ਪ੍ਰਸਤਾਵ ਕਰਦਾ ਹਾਂ:—

ਕਿ ਸਾਲ 1986-87 ਤੋਂ 1989-90 ਤਕ ਲਈ ਪੰਜਾਬ ਮਕਾਨ ਉਸਾਰੀ ਬੋਰਡ ਦੇ ਲੇਖਿਆਂ ਦੇ ਸਾਲਾਨਾ ਵਿਵਰਣ ਜੋ 3 ਮਾਰਚ, 1993 ਨੂੰ ਸਦਨ ਦੇ ਮੇਜ਼ ਤੇ ਰਖੇ ਗਏ ਸਨ, ਤੇ ਬਹਿਸ ਕੀਤੀ ਜਾਵੇ।

**Mr. Speaker :** Motion moved —

> That the Annual Reports of the Punjab Police Housing Corporation Ltd., for the years 1989-90 and 1990-91, which were laid on the Table of the House on the 23rd February, 1993 and that the Annual Statements of Accounts of the Punjab Housing Development Board for the years from 1986-87 to 1989-90, which were laid on the Table of the House on the 3rd March, 1993 be discussed.

Now discussion follows.

**ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਦੋਨਾਂ ਕਾਰਪੋਰੇਸ਼ਨਾਂ ਬਾਰੇ ਆਪਣੇ ਵਿਚਾਰ ਰਖਾਂਗਾ। ਪਹਿਲੀ ਗੱਲ ਠੀਕ ਹੈ ਕਿ ਹਰ ਵਿਅਕਤੀ ਦਾ ਹੱਕ ਹੈ ਕਿ ਉਸ ਨੂੰ ਰਹਿਣ ਲਈ ਮਕਾਨ ਹੋਣਾ ਲਾਜ਼ਮੀ ਹੈ ਚਾਹੇ ਕਿਸੇ ਡਿਪਾਰਟਮੈਂਟ ਦਾ ਮੁਲਾਜ਼ਮ ਹੋਵੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਔਰ ਚਾਹੇ ਉਹ ਪੁਲਿਸ ਡਿਪਾਰਟਮੈਂਟ ਦਾ ਹੋਵੇ ਉਸ ਦੇ ਲਈ ਮਕਾਨ ਹੋਣਾ ਜ਼ਰੂਰੀ ਹੈ ਔਰ ਸਾਨੂੰ ਪਤਾ ਹੈ ਕਿ ਡਿਸਟ੍ਰਿਕਟ ਲੈਵਲ ਤੇ ਅਤੇ ਤਹਿਸੀਲ ਲੈਵਲ ਤੇ ਬਹੁਤ ਹੀ ਘੱਟ ਮਕਾਨ ਮੁਲਾਜ਼ਮਾਂ ਵਾਸਤੇ ਬਣਾਏ ਜਾਂਦੇ ਸਨ। ਸਿਕਿਉਰਟੀ ਫੋਰਸਿਜ਼ ਵਾਸਤੇ ਵੱਡੇ ਪੈਮਾਨੇ ਤੇ ਮਕਾਨ ਬਨਾਉਣ ਲਈ ਇਸ ਕਾਰਪੋਰੇਸ਼ਨ ਨੂੰ ਬਣਾਇਆ ਗਿਆ ਕਿਉਂਕਿ ਪੁਲਿਸ ਫੋਰਸਿਜ਼ ਵਾਸਤੇ ਬਹੁਤ ਹੀ ਘੱਟ ਗਿਣਤੀ ਵਿਚ ਮਕਾਨ ਪਹਿਲੇ ਸਨ। ਇਨ੍ਹਾਂ ਫੋਰਸਿਜ਼ ਨੂੰ ਇਕ ਜਗ੍ਹਾ ਤੇ ਇਕੱਠਾ ਰਖਣ ਲਈ ਮਕਾਨਾਂ ਦੀ ਲੋੜ ਸੀ ਅਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਉਨ੍ਹਾਂ ਦੀ ਵਿਦਿਅਕ ਸਹੂਲਤ ਲਈ ਪੁਲਿਸ ਕਲੋਨੀਜ਼ ਬਨਾਉਣ ਦੀ ਲੋੜ ਸੀ। ਇਸ ਦੀ ਪਹਿਲੇ ਬਹੁਤ ਘਾਟ ਸੀ ਅਤੇ ਕਾਫੀ ਅਰਸੇ ਤੋਂ ਇਹ ਘਾਟ ਚਲੀ ਆ ਰਹੀ ਸੀ। ਆਤੰਕਵਾਦ ਨੇ ਇਨ੍ਹਾਂ ਦੀਆਂ ਅਨਟਾਇਅਰ ਫੈਮਿਲੀਜ਼ ਨੂੰ ਖਤਮ ਕਰ ਦਿੱਤਾ ਅਤੇ ਪੁਲਿਸ ਫੋਰਸਿਜ਼ ਦੀਆਂ ਫੈਮਿਲੀਜ਼ ਨੂੰ ਸ਼ਿਕਾਰ ਬਣਾਇਆ। ਇਸ ਲਈ ਉਨ੍ਹਾਂ ਲਈ ਸੇਫ ਜਗ੍ਹਾ ਦਾ ਹੋਣਾ ਬੜਾ ਲਾਜ਼ਮੀ ਸੀ ਔਰ ਮਕਾਨਾਂ ਨੂੰ ਬਣਾ ਕੇ ਦੇਣ ਦੀ ਲੋੜ ਸੀ ਤਾਂ ਕਿ ਉਹ ਸੇਫ ਜਗ੍ਹਾ ਤੇ ਰਹਿ ਸਕਣ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪ੍ਰੋਟੈਕਸ਼ਨ ਮਿਲ ਸਕੇ। ਉਸ ਵੇਲੇ ਪੰਜਾਬ ਵਿਚ ਸੈਂਟਰ ਦੇ ਡਿਪਟੀ ਹੋਮ ਮਨਿਸਟਰ ਆਏ। ਆਪਣੇ ਵਿਜ਼ਿਟ ਦੇ ਵਿਚ ਸ੍ਰੀ ਚਿੱਤਮਬਰਮ ਨੇ ਪੰਜਾਬ ਦੇ ਵਿਚ ਸਿਕਿਉਰਟੀ ਫਰੋਸਿਜ਼ ਦਾ ਲੇਖਾ ਜੋਖਾ ਕੀਤਾ ਅਤੇ ਉਨ੍ਹਾਂ ਦੀਆਂ ਪ੍ਰਾਬਲਮਜ਼ ਨੂੰ ਬੜੀ ਚੰਗੀ ਤਰ੍ਹਾਂ ਲਿਆ ਅਤੇ ਪ੍ਰਾਬਲਮਜ਼ ਨੂੰ ਡਿਸਕਸ ਕਰਕੇ ਇਹ ਗੱਲ ਸਾਹਮਣੇ ਆਈ ਕਿ ਸਿਕਿਉਰਟੀ ਫੋਰਸਿਜ਼ ਦੇ ਲਈ ਅਲਹਿਦਾ ਮਕਾਨ ਹੋਣੇ ਚਾਹੀਦੇ ਹਨ ਅਤੇ ਸੇਫ ਜਗ੍ਹਾ ਤੇ ਹੋਣੇ ਚਾਹੀਦੇ ਹਨ ਤਾਂ ਕਿ ਉਹ ਆਤੰਕਵਾਦੀਆਂ ਦਾ ਸ਼ਿਕਾਰ ਨਾ ਬਣ ਸਕਣ। ਇਹ ਗੱਲ ਪੰਜਾਬ ਵਿਚ ਬਹੁਤ ਪਹਿਲੇ ਹੋਣੀ ਚਾਹੀਦੀ ਸੀ। ਜਿਸ ਤਰ੍ਹਾਂ ਦੂਜੀਆਂ ਸਟੇਟਾਂ ਦੇ ਵਿਚ ਪੁਲਿਸ ਹਾਊਸਿੰਗ ਕਾਰਪੋਰੇਸ਼ਨਾਂ ਹਨ, ਜਿਵੇਂ ਬਿਹਾਰ ਅਤੇ ਕਰਨਾਟਕਾ ਵਿਚ ਇਸ ਤਰ੍ਹਾਂ ਦੀਆਂ ਕਾਰਪੋਰੇਸ਼ਨਾਂ ਹਨ। ਉਹ ਮਕਾਨ ਬਣਾ ਕੇ ਆਪਣੀ ਸਿਕਿਉਰਟੀ ਫੋਰਸਿਜ਼ ਨੂੰ ਦਿੰਦੀਆਂ ਹਨ ਇਸ ਦੀ ਸਾਡੇ ਪੰਜਾਬ ਵਿਚ ਬਹੁਤ ਘਾਟ ਸੀ। ਇਨ੍ਹਾਂ ਹਾਲਾਤ ਨੂੰ ਵੇਖਦੇ ਹੋਏ ਸਿਕਿਉਰਟੀ ਫੋਰਸਿਜ਼ ਦਾ ਅਲੱਗ ਅਲੱਗ ਜਗ੍ਹਾ ਤੇ ਰਹਿਣਾ ਠੀਕ ਨਹੀਂ ਸੀ। ਸਿਕਿਉਰਟੀ ਫੋਰਸਿਜ਼ ਨੂੰ ਇਕ ਜਗ੍ਹਾ ਤੇ ਕੇਂਦਰਿਤ ਕਰਨਾ ਠੀਕ ਸੀ। ਇਸੇ ਰੋਸ਼ਨੀ ਵਿਚ 1989 ਵਿਚ ਇਹ ਕਾਰਪੋਰੇਸ਼ਨ ਪੰਜਾਬ ਵਿਚ ਬਣਾਈ ਗਈ ਸੀ। ਮੈਨੂੰ ਇਹ ਗੱਲ ਕਹਿਣ ਵਿਚ ਖੁਸ਼ੀ ਹੋਵੇਗੀ ਕਿ ਜਿਥੇਂ ਅਸੀਂ ਹੋਮ ਡਿਪਾਰਟਮੈਂਟ ਨੂੰ ਡਿਸਕਸ ਕਰਦੇ ਹਾਂ ਅਤੇ ਪੁਲਿਸ ਡਿਪਾਰਟਮੈਂਟ ਦੀ ਕਾਰਗੁਜ਼ਾਰੀ ਵੱਲ ਵੇਖਦੇ ਹਾਂ, ਉਥੇ ਇਨ੍ਹਾਂ ਦੀਆਂ ਪ੍ਰਾਬਲਮਜ਼ ਨੂੰ ਵੀ ਸਮਝਣਾ ਚਾਹੀਦਾ ਹੈ। ਜਿਹੜਾ ਕੰਮ ਇਤਨੇ ਥੋੜ੍ਹੇ ਸਮੇਂ ਵਿਚ ਇਸ ਕਾਰਪੋਰਸ਼ਨ ਨੇ ਕੀਤਾ ਹੈ, ਉਹ ਬੜਾ ਹੀ ਐਪਰੀਸ਼ੀਏਬਲ ਹੈ। ਇਸ ਨੇ ਇਤਨੇ ਥੋੜ੍ਹੇ ਸਮੇਂ ਵਿਚ ਆਪਣੇ ਹੀ ਮਹਿਕਮੇ ਦੇ ਸਟਾਫ ਅਤੇ ਟੈਕਨੀਕਲ ਐਕਸਪਰਟ ਲਗਾ ਕੇ ਕੰਮ ਕੀਤਾ ਹੈ। ਪਹਿਲੇ ਸਿਕਿਉਰਿਟੀ ਫੋਰਸਿਜ਼ ਦੇ 35 ਹਜ਼ਾਰ ਮੁਲਾਜ਼ਮ ਸਨ ਔਰ ਇਹ 8 ਫੀ ਸਦੀ ਹੀ ਲੋਕਾਂ ਨੂੰ ਮਕਾਨ ਬਣਾ ਕੇ ਦੇ ਸਕੇ ਸਨ, ਜਦ ਕਿ ਟਾਰਗੇਟ 40 ਫੀ ਸਦੀ ਲੋਕਾਂ ਨੂੰ ਦੇਣ ਦਾ ਸੀ। ਇਨ੍ਹਾਂ ਦੇ ਲਈ 16,000 ਮਕਾਨ ਬਨਾਉਣ ਦਾ ਟੀਚਾ ਸੀ ਜੋ ਬਹੁਤ ਜ਼ਰੂਰੀ ਸੀ ਲੇਕਿਨ ਉਹ ਟੀਚੇ ਪੂਰੇ ਨਹੀਂ ਹੋ ਸਕੇ। ਉਹ ਸਿਰੇ ਇਸ ਲਈ ਨਹੀਂ ਚੜ੍ਹ ਸਕੇ ਕਿਉਂਕਿ ਸਿਕਿਉਰਿਟੀ ਫੋਰਸਿਜ਼ ਦੀ ਗਿਣਤੀ 35 ਹਜ਼ਾਰ ਤੋਂ ਵੱਧ ਕੇ 60 ਹਜ਼ਾਰ ਤੱਕ ਪਹੁੰਚ ਗਈ ਔਰ ਇਹ ਆਪਣਾ ਟੀਚਾ 12 ਫੀ ਸਦੀ ਤੱਕ ਹੀ ਪਹੁੰਚਾ ਸਕੇ। ਪੰਜਾਬ ਵਿਚ ਪੁਲਿਸ ਦਾ ਇਕ ਅਹਿਮ ਰੋਲ ਹੈ। ਬਿਹਾਰ ਵਿਚ ਪੁਲਿਸ ਦੇ ਲਈ 40 ਫੀਸਦੀ ਮਕਾਨ ਬਣਾ ਕੇ ਦਿੱਤੇ ਰਏ ਹਨ ਜਦ ਕਿ ਪੰਜਾਬ ਵਿਚ 12 ਫੀਸਦੀ ਲੋਕਾਂ ਨੂੰ ਅਕਾਮੋਡੇਸ਼ਨ ਦਿੱਤੀ ਗਈ ਹੈ। ਸਟੇਟ ਦੇ ਵਿਚ ਪੁਲਿਸ ਸਟੇਸ਼ਨ ਸੈਂਕੜੇ ਸਾਲਾਂ ਪੁਰਾਣੀਆਂ ਬਿਲਡਿੰਗਾਂ ਜਿਵੇਂ ਅੰਮ੍ਰਿਤਸਰ ਦੇ ਵਿਚ ਹਨ, ਜਿਹੜੀ ਬਿਲਡਿੰਗਜ਼ ਸੇਫ ਨਹੀਂ ਹਨ, ਔਰ ਕਿਸੇ ਸਮੇਂ ਵੀ ਖਤਰਾ ਬਣ ਸਕਦੀਆਂ ਹਨ ਬਣੀਆਂ ਹੋਈਆਂ ਹਨ। ਪੁਲਿਸ ਹਾਊਸਿੰਗ ਕਾਰਪੋਰੇਸ਼ਨ ਨੇ ਇਕੱਲੇ ਆਪਣੇ ਮੁਲਾਜ਼ਮਾਂ ਦੇ ਲਈ ਮਕਾਨ ਬਣਾ

Original with;
Punjab Vidhan Sabha
Digitized by;
Panjab Digital Library

ਕੇ ਨਹੀਂ ਦੇਣੇ ਸਨ ਬਲਕਿ ਪੁਲਿਸ ਸਟੇਸ਼ਨ ਵੀ ਬਣਾ ਕੇ ਦੇਣੇ ਹਨ ਜਿਹੜੇ ਸੇਫ ਹੋਣ। ਇਸ ਲਈ ਸਟੇਟ ਸਰਕਾਰ ਨੂੰ ਆਪਣਾ ਸ਼ੇਅਰ ਐਕਸਪੈਂਡੀਚਰ ਇਸ ਕਾਰਪੋਰੇਸ਼ਨ ਨੂੰ ਦੇਣਾ ਚਾਹੀਦਾ ਸੀ ਅਤੇ ਕੇਂਦਰ ਸਰਕਾਰ ਨੇ ਇਸ ਕਾਰਪੋਰੇਸ਼ਨ ਨੂੰ ਚਲਾਉਣ ਲਈ 35 ਕਰੋੜ ਰੁਪਿਆ ਦਿੱਤਾ ਹੈ। ਕੁਝ ਇਸ ਕਾਰਪੋਰੇਸ਼ਨ ਨੇ ਲੋਨ ਲਿਆ ਹੈ ਅਤੇ ਆਪਣਾ ਕੰਮ ਕੀਤਾ ਹੈ। ਇਨ੍ਹਾਂ ਨੇ ਆਪਣਾ ਪੈਸਾ ਉਰੇ ਪੂਰੇ ਨਹੀਂ ਕੀਤਾ ਬਲਕਿ ਬੈਂਕ ਦੇ ਵਿਚ ਜਮ੍ਹਾਂ ਕਰਵਾ ਕੇ 8 ਕਰੋੜ ਰੁਪਿਆ ਇੰਟਰਰੈਸਟ ਦਾ ਕਮਾਇਆ। ਜਿਸ ਦੇ ਸਿੱਟੇ ਵੱਜੋਂ ਇਨ੍ਹਾਂ ਨੇ 63 ਕਰੋੜ ਰੁਪਿਆ ਖਰਚ ਕੀਤਾ ਹੈ ਔਰ 2500 ਮਕਾਨ ਬਣਾਏ ਹਨ ਔਰ 13 ਬੈਰਿਕਾਂ ਬਣਾਈਆਂ ਹਨ, ਜਿਥੇ 4 ਹਜ਼ਾਰ ਪੁਲਿਸ਼ ਦੇ ਜਵਾਨ ਬੈਰਿਕਾਂ ਦੇ ਵਿਚ ਠਹਿਰ ਸਕਦੇ ਹਨ ਔਰ 10 ਡੀ.ਐਸ.ਪੀਜ਼ ਦੇ ਲਈ ਰੈਜ਼ੀਡੈਂਸ ਬਣਾ ਕੇ ਦਿੱਤੇ ਹਨ ਇਸ ਦੇ ਵਿਚ ਸਾਰੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਅਗਰ ਸਟੇਟ ਗੌਰਮਿੰਟ ਆਪਣਾ ਪੂਰਾ ਸ਼ੇਅਰ ਦੇਵੇ ਤਾਂ ਇਹ ਕਾਰਪੋਰੇਸ਼ਨ ਹੋਰ ਜ਼ਿਆਦਾ ਕੰਮ ਕਰ ਸਕਦੀ ਹੈ। ਪਰ ਸਰਕਾਰ ਨੇ ਮਾਰਚ ਦੇ ਅੰਤ ਤੱਕ 12 ਕਰੋੜ ਵਿਚੋਂ ਕੇਵਲ 7.5 ਕਰੋੜ ਰੁਪਿਆ ਹੀ ਦਿੱਤਾ ਹੈ। ਇਸ ਲਈ ਸਰਕਾਰ ਨੂੰ ਜ਼ਿਆਦਾ ਤੋਂ ਜ਼ਿਆਦਾ ਪੈਸਾ ਦੇਣ ਦੀ ਪ੍ਰੋਵੀਜ਼ਨ ਕਰਨੀ ਚਾਹੀਦੀ ਹੈ ਜਿਹੜੀ ਕਿ ਅਲੱਗ ਪ੍ਰੋਵੀਜ਼ਨ ਕੀਤੀ ਨਹੀਂ ਗਈ ਹੈ। ਹੋ ਸਕਦਾ ਹੈ ਕਿ ਹੋਮ ਡਿਪਾਰਟਮੈਂਟ ਦੇ ਵਿਚ ਇਸ ਦੀ ਪ੍ਰੋਵੀਜ਼ਨ ਕੀਤੀ ਹੋਵੇ ਤਾਂ ਕਿ ਮਕਾਨਾਂ ਉਤੇ ਖਰਚਾ ਕੀਤਾ ਜਾ ਸਕੇ।

ਸਪੀਕਰ ਸਾਹਿਬ, ਇਸ ਕਾਰਪੋਰੇਸ਼ਨ ਨੇ ਵੱਧ ਤੋਂ ਵੱਧ ਮਕਾਨ ਬਣਾਏ ਪਰ ਇਸ ਤਰ੍ਹਾਂ ਦੀ ਪਰੋਵੀਜ਼ਨ ਸਟੇਟ ਗੌਰਮਿੰਟ ਨੇ ਨਹੀਂ ਕੀਤੀ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜ ਸਾਲਾ ਪਲਾਨ ਜੋ ਹੈ, ਇਹ ਬਹੁਤ ਲੰਬਾ ਚੌੜਾ ਪਲਾਨ ਹੈ। ਇਸ ਪਲਾਨ ਵਿਚ 690 ਕਰੋੜ ਰੁਪਏ ਦੀ ਜ਼ਰੂਰਤ ਹੈ। 1400 ਮਕਾਨ ਬਨਾਉਣੇ ਹਨ। 116 ਪੁਲਿਸ ਸਟੇਸ਼ਨ 2 ਪੀ.ਏ.ਪੀ. ਬਟਾਲੀਅਨ ਅਤੇ ਫੋਰਸਿਜ਼ ਲਈ ਬਿਜਲੀ ਦਾ ਪ੍ਰਬੰਧ ਵੀ ਕਰਨਾ ਹੈ। ਇਹ ਬੜਾ ਹੀ ਲੰਬਾ ਚੌੜਾ ਪਲਾਨ ਹੈ। ਸਿਕਿਉਰਿਟੀ ਫੋਰਸਿਜ਼ ਦੇ ਰਹਿਣ ਦੀ ਸਮੱਸਿਆ ਵੀ ਜ਼ਰੂਰ ਘੱਟ ਸਕਦੀ ਹੈ। ਸਪੀਕਰ ਸਾਹਿਬ, ਵੱਧ ਤੋਂ ਵੱਧ ਪੈਸਾ ਸੈਂਟਰਲ ਗੌਰਮਿੰਟ ਦੇਵੇ। ਮੈਂ ਬੇਨਤੀ ਕਰਾਂਗਾ ਕਿ ਸਟੇਟ ਦੀ ਸਰਕਾਰ ਵੱਧ ਤੋਂ ਵੱਧ ਸ਼ੇਅਰ ਸੈਂਟਰਲ ਗੌਰਮਿੰਟ ਤੋਂ ਲਵੇ। ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਨੇ ਬੜਾ ਸ਼ਾਨਦਾਰ ਕੰਮ ਕੀਤਾ ਹੈ। ਇਹ ਕੰਮ ਕਾਫੀ ਸ਼ਲਾਘਾ ਯੋਗ ਹੈ ਬਾਕੀ ਕਾਰਪੋਰੇਸ਼ਨ ਦਾ ਜ਼ਿਕਰ ਮੈਂ ਬਾਅਦ ਵਿਚ ਕਰਾਂਗਾ। ਸਪੀਕਰ ਸਾਹਿਬ, ਓਵਰਹੈਡ ਖਰਚਾ ਉਨ੍ਹਾਂ ਦਾ 30—35 ਫੀਸਦੀ ਦੇ ਕਰੀਬ ਸੀ। ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦਾ ਪਹਿਲੇ ਸਾਲ ਦਾ ਖਰਚਾ 5 ਫੀਸਦੀ ਸੀ, ਦੂਸਰੇ ਸਾਲ ਦਾ ਖਰਚਾ 6 ਫੀਸਦੀ ਸੀ। ਇਹ ਬੜੀ ਸ਼ਲਾਘਾਯੋਗ ਗੱਲ ਹੈ। ਇਤਨੇ ਸਮੇਂ ਵਿਚ ਬਹੁਤ ਘੱਟ ਖਰਚਾ ਹੋਇਆ ਹੈ। ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਨੇ ਪੁਲਿਸ ਨੂੰ ਇਤਨੇ ਮਕਾਨ ਬਣਾ ਕੇ ਦਿਤੇ ਹੋਣ। ਇਸ ਬਾਰੇ ਸਾਰਾ ਹਾਊਸ ਐਪਰੀਸ਼ੀਏਟ ਕਰਦਾ ਹੈ। ਇਹ ਬੜੀ ਅਚੀਵਮੈਂਟ ਕੀਤੀ ਹੈ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਟੇਟ ਗੌਰਮਿੰਟ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਇਸ ਬਾਰੇ ਸੈਂਟਰਲ ਗੌਰਮਿੰਟ ਦੇ ਨਾਲ ਮਾਮਲਾ ਟੇਕ-ਅੱਪ ਕਰੇ। ਜੋ ਪੰਜ ਸਾਲਾ ਪਲਾਨ ਬਣਾਈ ਹੈ, ਉਸ ਵਾਸਤੇ ਵੱਧ ਤੋਂ ਵੱਧ ਪੈਸਾ ਕੇਂਦਰ ਸਰਕਾਰ ਕੋਲੋਂ ਲਿਆ ਜਾਣਾ ਚਾਹੀਦਾ ਹੈ। ਛੋਟੇ ਮੋਟੇ ਜੋ ਡਰਾਅ ਬੈਕਸ ਵੀ ਹਨ, ਉਨ੍ਹਾਂ ਨੂੰ ਹੱਲ ਕਰਨ ਲਈ ਕੋਈ ਵਾਇਆ ਮੀਡੀਆ ਕੱਢਣਾ ਚਾਹੀਦਾ ਹੈ। ਜਿਸ ਤਰ੍ਹਾਂ ਸੀਵਰੇਜ, ਵਾਟਰ ਸਪਲਾਈ ਅਤੇ ਇਲੈਕਟ੍ਰੀਸਿਟੀ ਦੀਆਂ ਸਹੂਲਤਾਂ ਵਗੈਰਾ ਹਨ, ਉਹ ਠੀਕ ਤਰ੍ਹਾਂ ਮੁਹੱਈਆ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਹ ਠੀਕ ਹੈ ਕਿ ਇਨਡੀਪੈਂਡੈਂਟਲੀ ਕਾਰਪੋਰੇਸ਼ਨ ਨੇ ਟਿਊਬਵੈਲਜ਼ ਲਗਾਏ ਹੋਏ ਹਨ ਔਰ ਵਾਟਰ ਸਪਲਾਈ ਦੇ ਕੁਨੈਕਸ਼ਨ ਵਗੈਰਾ ਵੀ ਲਏ ਹੋਏ ਹਨ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਸਪੀਕਰ ਸਾਹਿਬ ਪੁਲਿਸ ਫੋਰਸ ਵਿਚ ਮੁਲਾਜ਼ਮਾਂ ਦੀਆਂ ਟਰਾਂਸਫਰਾਂ ਹੁੰਦੀਆਂ ਰਹਿੰਦੀਆਂ ਹਨ ਅਤੇ ਬਿਜਲੀ ਵਗੈਰਾ ਦਾ ਬਿੱਲ ਪਹਿਲਾਂ ਦਾ ਹੁੰਦਾ ਹੈ ਪਰ ਬਾਅਦ ਵਿਚ ਉਥੇ ਨਵੇਂ ਮੁਲਾਜ਼ਮ ਆ ਜਾਂਦੇ ਹਨ। ਇਸ ਤਰ੍ਹਾਂ ਕਰਕੇ ਬਿਜਲੀ ਦੇ ਬਿਲ ਵਗੈਰਾ ਕਰੋੜਾਂ ਰੁਪਏ ਦੇ ਡਿਊ ਹੋ ਜਾਂਦੇ ਹਨ। ਕਈ ਦਫਾ ਨਵੇਂ ਕਰਮਚਾਰੀਆਂ ਨੂੰ ਬਿੱਲ ਦੇਣਾ ਪੈਂਦਾ ਹੈ। ਉਨ੍ਹਾਂ ਦੇ ਕੇਸਾਂ ਬਾਰੇ ਵੀ ਕੋਈ ਬਿਜਲੀ ਬੋਰਡ ਨੂੰ ਫੈਸਲਾ ਕਰਨਾ ਚਾਹੀਦਾ ਹੈ। ਬਿਜਲੀ ਬੋਰਡ ਨੂੰ ਜੋ ਘਾਟਾ ਪਿਆ ਹੈ ਉਸ ਬਾਰੇ ਵੀ ਕੋਈ ਸਰਕਾਰ ਨੂੰ ਫੈਸਲਾ ਕਰਨਾ ਚਾਹੀਦਾ ਹੈ। ਇਹ ਪੈਸਾ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚੋਂ ਕੱਟ ਕੇ ਜਾਂ ਕਿਸੇ ਹੋਰ ਤਰੀਕੇ ਦੇ ਨਾਲ ਬਿਜਲੀ ਬੋਰਡ ਨੂੰ ਅਦਾ ਕਰਨਾ ਚਾਹੀਦਾ ਹੈ। ਛੋਟੇ ਮੋਟੇ ਜੋ ਡਰਾਅਬੈਕਸ ਹਨ, ਉਨ੍ਹਾਂ ਨੂੰ ਹੱਲ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਕਾਰਪੋਰੇਸ਼ਨ ਨੇ ਬਹੁਤ ਵਧੀਆ ਕੰਮ ਕੀਤਾ ਹੈ। ਇਸ ਬਾਰੇ ਸਾਰਾ ਹਾਊਸ ਐਪਰੀਸ਼ੀਏਟ ਕਰਦਾ ਹੈ। ਅਗੋਂ ਵੀ ਕਾਰਪੋਰੇਸ਼ਨ ਕੋਲੋਂ ਅਸੀਂ ਆਸ ਕਰਦੇ ਹਾਂ ਕਿ ਚੰਗਾ ਕੰਮ ਕਰੇ ਔਰ ਉਮੀਦ ਹੈ ਕਿ ਸਟੇਟ ਸਰਕਾਰ ਉਨ੍ਹਾਂ ਦੀ ਫਾਈਨੈਂਸ਼ਲ ਹੈਲਪ ਕਰੇਗੀ। ਸਟੇਟ ਸਰਕਾਰ ਪੂਰਾ ਯਤਨ ਕਰੇ ਕਿ ਕੇਂਦਰ ਤੋਂ ਵੱਧ ਤੋਂ ਵੱਧ ਪੈਸਾ ਮਿਲੇ।

ਸਪੀਕਰ ਸਾਹਿਬ, ਮੈਂ ਹੁਣ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਬੋਰਡ ਨੇ ਕਿਤਨੇ ਮਕਾਨ ਬਨਾਉਣੇ ਹਨ ਅਤੇ ਉਹ ਕਿਸ ਨੂੰ ਦੇਣੇ ਹਨ। ਉਨ੍ਹਾਂ ਮਕਾਨਾਂ ਨੂੰ ਦੇਣ ਵਿਚ ਜੋ ਐਲਿਜੀਬਿਲਿਟੀ ਹੈ, ਉਸ ਬਾਰੇ ਸਟੇਟ ਸਰਕਾਰ ਨੂੰ ਅਮੈਂਡਮੈਂਟ ਕਰਨੀ ਚਾਹੀਦੀ ਹੈ। ਸਪੀਕਰ ਸਾਹਿਬ, ਪੰਜਾਬ ਵਿਚ ਦੋ ਤਰ੍ਹਾਂ ਦੇ ਲੋਕ ਹਨ ਇਕ ਤਾਂ ਅਮੀਰ ਲੋਕ ਹਨ ਅਤੇ ਦੂਸਰੇ ਗਰੀਬ ਲੋਕ ਹਨ। ਗਰੀਬ ਲੋਕ ਤਾਂ ਗਰੀਬੀ ਰੇਖਾ ਤੋਂ ਥੱਲੇ ਹਨ। ਅਮੀਰ ਆਦਮੀ ਤਾਂ ਆਪਣੇ ਸਾਧਨਾਂ ਤੋਂ ਮਕਾਨ ਬਣਾ ਸਕਦਾ ਹੈ। ਉਨ੍ਹਾਂ ਅਮੀਰ ਲੋਕਾਂ ਦੀ ਇਨਕਮ ਜ਼ਿਆਦਾ ਹੈ ਅਤੇ ਉਹ ਮਕਾਨ ਬਣਾ ਸਕਦੇ ਹਨ। ਮਕਾਨ ਬਣਾ ਕੇ ਬੋਰਡ ਨੂੰ ਫਸਟ ਪਰੈਫਰੈਂਸ ਵੀਕਰ ਸੈਕਸ਼ਨ ਦੇ ਲੋਕਾਂ ਨੂੰ, ਜੋ ਗਰੀਬ ਹਨ, ਉਨ੍ਹਾਂ ਨੂੰ ਦੇਣੀ ਚਾਹੀਦੀ ਹੈ। ਗਰੀਬ ਲੋਕਾਂ ਵਾਸਤੇ ਜੋ ਵੀਕਰ ਸੈਕਸ਼ਨ ਨੂੰ ਬਿਲਾਂਗ ਕਰਦੇ ਹਨ, ਉਨ੍ਹਾਂ ਵਾਸਤੇ ਮਕਾਨਾਂ ਵਿਚ ਪਰਸੈਂਟੇਜ਼ ਰਖੀ ਜਾਵੇ। ਦੂਸਰੀ ਬੇਨਤੀ ਮੈਂ ਕਰਨੀ ਚਾਹੁੰਦਾ ਹਾਂ ਕਿ ਜੋ ਆਕਸ਼ਨ ਵਗੈਰਾ ਦਾ ਪਰੋਵੀਜ਼ਨ ਹੈ ਉਸ ਆਕਸ਼ਨ ਵਿਚ ਮਕਾਨ ਮੈਂ ਸਮਝਦਾ ਹਾਂ ਕਿ ਚੰਗੇ ਪੈਸੇ ਵਾਲੇ, ਵੱਧ ਪੈਸੇ ਵਾਲੇ ਲੈ ਜਾਂਦੇ ਹਨ ਪਰ ਗਰੀਬ ਲੋਕ ਜਿਨ੍ਹਾਂ ਦੀ ਆਰਥਿਕ ਹਾਲਤ ਚੰਗੀ ਨਹੀਂ ਹੈ, ਉਹ ਮਕਾਨ ਨਹੀਂ ਲੈ ਸਕਦੇ। ਮੈਂ ਚਾਹੁੰਦਾ ਕਿ ਜਿਹੜੇ ਮਕਾਨ ਅਮੀਰ ਲੋਕ ਗਲਤ ਤਰੀਕੇ ਨਾਲ ਲੈ ਜਾਂਦੇ ਹਨ ਉਨ੍ਹਾਂ ਤੇ ਸਖਤੀ ਕਰਨੀ ਚਾਹੀਦੀ ਹੈ। ਮੈਂ ਇਕ ਐਫੀਡੇਵਿਟ ਦੇ ਦਿੰਦਾ ਹਾਂ ਕਿ ਮੇਰਾ ਇਸ ਸ਼ਹਿਰ ਵਿਚ ਕੋਈ ਮਕਾਨ ਨਹੀਂ ਹੈ ਅਤੇ ਮੈਂ ਕਿਸੇ ਏਜੰਸੀ ਜਾਂ ਬੋਰਡ ਤੋਂ ਮਕਾਨ ਨਹੀਂ ਲਿਆ ਔਰ ਚੰਡੀਗੜ੍ਹ ਮਕਾਨ ਲੈ ਲੈਂਦਾ ਹਾਂ। ਇਸੇ ਤਰ੍ਹਾਂ ਉਸ ਦੀ ਬਠਿੰਡੇ ਅਤੇ ਅੰਮ੍ਰਿਤਸਰ ਵਿਚ ਐਲੀਜੀਬਿਲਿਟੀ ਹੋ ਗਈ। ਇਸ ਕਰਕੇ ਇਸ ਵਿਚ ਅਮੈਂਡਮੈਂਟ ਹੋਣੀ ਚਾਹੀਦੀ ਹੈ ਤਾਂ ਕਿ ਇੱਕ ਵਿਅਕਤੀ ਕਈ ਕਈ ਮਕਾਨ ਨਾ ਲੈ ਸਕੇ। ਚਾਹੇ ਕੋਈ ਹੋਰ ਏਜੰਸੀ ਹੈ, ਚਾਹੇ ਹਾਊਸ-ਫੈਡ ਹੈ, ਇਕੋ ਵਿਅਕਤੀ ਇਕੋ ਸਮੇਂ ਸਾਰੀ ਸਟੇਟ ਵਿੱਚ ਇਕ ਮਕਾਨ ਲੈ ਸਕਦਾ ਹੈ। ਬਾਕੀ ਜਿਹੜਾ ਵਿਅਕਤੀ ਕਮਜ਼ੋਰ ਹੈ ਉਹ ਤਾਂ ਇਕ ਮਕਾਨ ਹੀ ਬੜੀ ਮੁਸ਼ਕਲ ਨਾਲ ਬਣਾਏਗਾ। ਇਸ ਗੱਲ ਨੂੰ ਜ਼ਰੂਰ ਰੋਕਣਾ ਚਾਹੀਦਾ ਹੈ। ਬਾਕੀ ਮਕਾਨਾਂ ਵਿੱਚ ਯੂਜ਼ ਹੁੰਦੇ ਮੈਟੀਰੀਅਲ ਬਾਰੇ ਵੀ ਬੜੀ ਵਾਰੀ ਸ਼ਿਕਾਇਤਾਂ ਆਉਂਦੀਆਂ ਹਨ। ਮੈਟੀਰੀਅਲ ਦਾ ਸਟੈਂਡਰਡ ਕਾਫੀ ਘਟੀਆ ਰਿਹਾ ਹੈ। ਇਸ ਗੱਲ ਤੇ ਸਖਤੀ ਨਾਲ ਚੈੱਕ ਰਖਿਆ ਜਾਣਾ ਚਾਹੀਦਾ ਹੈ। ਦੂਜਾ ਮੈਂ ਕੰਪੇਅਰ ਕਰਨਾ ਚਾਹੁੰਦਾ ਹਾਂ ਕਿ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੇ ਓਵਰ ਹੈਡ ਚਾਰਜਿਜ਼ 6 ਫੀਸਦੀ ਤੋਂ ਜ਼ਿਆਦਾ ਨਹੀਂ ਵੱਧ ਰਹੇ। ਇਸ ਦੇ ਉਲਟ ਪੰਜਾਬ ਹਾਊਸਿੰਗ ਬੋਰਡ ਦੇ ਓਵਰ ਹੈਡ ਚਾਰਜਿਜ਼ 25-30 ਅਤੇ 35 % ਤੱਕ ਵੀ ਜਾ ਸਕਦੇ ਹਨ ਜੇ ਪੁਲਿਸ ਹਾਊਸਿੰਗ ਵਾਲਿਆਂ ਨੇ ਕੋਈ ਚੰਗਾ ਕੰਮ ਕੀਤਾ ਹੈ ਤਾਂ ਉਸ ਤੋਂ ਲਰਨ ਕਰਨਾ ਚਾਹੀਦਾ ਹੈ

Original with;
Punjab Vidhan Sabha
Digitized by;
Panjab Digital Library

ਤਾਂ ਕਿ ਅਸੀਂ ਵੀ ਓਵਰ ਹੈਡ ਚਾਰਜਿਜ਼ ਘਟਾ ਲਈਏ। ਇਸ ਤਰ੍ਹਾਂ ਕਰਕੇ ਹੀ ਅਸੀਂ ਅੱਛੀ ਕੁਆਲਿਟੀ ਦੇ ਅੱਛੇ ਮਕਾਨ ਬਣਾ ਸਕਦੇ ਹਾਂ।

**ਸ੍ਰੀ ਸਪੀਕਰ :** ਅਰਸ਼ੀ ਜੀ, ਵਾਈਂਡ ਅੱਪ ਕਰ ਦਿਉ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਆਖਿਰ ਵਿੱਚ ਮੈਂ ਖਾਸ ਕਰਕੇ ਮੁਲਾਜ਼ਮਾਂ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਮੁਲਾਜ਼ਮਾਂ ਨੂੰ ਮਕਾਨ ਆਦਿ ਦੇਂਦੇ ਹਾਂ ਤਾਂ ਸਭ ਤੋਂ ਹੇਠਲੀ ਸ਼੍ਰੇਣੀ ਦੇ ਕਰਮਚਾਰੀ ਇਗਨੋਰ ਹੋ ਜਾਂਦੇ ਹਨ। ਵੈਸੇ ਤਾਂ ਇਨ੍ਹਾਂ ਲੋਕਾਂ ਵਾਸਤੇ ਕਈ ਲਾਅ ਵਗੈਰਾ ਬਣਾਏ ਹਨ। ਬਾਕੀ ਸਿਰਫ ਸਾਡੇ ਰਾਜਪਾਲ ਜੀ ਦੇ ਰਾਜਭਵਨ ਵਿੱਚ ਹੀ ਪ੍ਰੋਵੀਜ਼ਨ ਹੈ ਕਿ ਕਿੰਨੀ ਅਕਾਮੋਡੇਸ਼ਨ ਕਲਾਸ ਫੋਰ ਦੇ ਕਰਮਚਾਰੀਆਂ ਲਈ ਰਿਜ਼ਰਵ ਹੈ ਪਰ ਬਾਕੀ ਕਿਸੇ ਡਿਪਾਰਟਮੈਂਟ, ਕਿਸੇ ਜਗ੍ਹਾ ਤੇ ਐਸੀ ਕੋਈ ਪ੍ਰੋਵੀਜ਼ਨ ਨਹੀਂ ਹੈ। ਅਸੀਂ ਏਥੇ ਬੈਠੇ ਦੋਨੋਂ ਪਾਸੇ ਦੇ ਐਮ. ਐਲ. ਏ. ਇਹ ਮਹਿਸੂਸ ਕਰਦੇ ਹਾਂ ਕਿਉਂਕਿ ਐਮ. ਐਲ. ਏ. ਬਣ ਕੇ ਤਾਂ ਪਹਿਲਾਂ ਹੋਸਟਲ ਵਿਚ ਹੀ ਜਾਂਦੇ ਹਾਂ, ਮੰਤਰੀ ਤਾਂ ਬਾਅਦ ਵਿਚ ਹੀ ਬਣਦੇ ਹਾਂ। ਉਥੇ ਐਮ. ਐਲ. ਏ. ਹੋਸਟਲ ਵਿਚ ਕਲਾਸ-ਫੋਰ ਦੇ ਕਰਮਚਾਰੀ ਜਿੰਨੇ ਵੀ ਹਨ, ਉਨ੍ਹਾਂ ਵਿਚੋਂ ਸਿਰਫ ਇੱਕ ਕਰਮਚਾਰੀ ਨੂੰ ਮਕਾਨ ਦਿੱਤਾ ਗਿਆ ਹੈ, ਬਾਕੀ ਕਿਸੇ ਨੂੰ ਕੋਈ ਨਹੀਂ ਦਿੱਤਾ ਗਿਆ। ਸਪੀਕਰ ਸਾਹਿਬ, ਮੈਂ ਹਿਊਮਨ ਗਰਾਉਂਡਜ਼ ਤੇ ਕਹਿ ਰਿਹਾ ਹਾਂ ਕਿ 11-12 ਵਜੇ ਰਾਤ ਤੱਕ ਉਹ ਸਰਵਿਸ ਕਰਕੇ ਜਾਂਦੇ ਹਨ ਅਤੇ ਸਵੇਰੇ ਫੇਰ 4-5 ਵਜੇ ਆਪਣੇ ਆਪਣੇ ਪਿੰਡ ਤੋਂ ਭਜਦੇ ਹਨ। ਜੇ ਉਨ੍ਹਾਂ ਨੂੰ ਏਥੇ ਹੀ ਮਕਾਨ ਬਣਾ ਕੇ ਦੇ ਦਿੱਤੇ ਜਾਣ ਤਾਂ ਉਹ ਆਪ ਇਥੇ ਰਹਿ ਸਕਦੇ ਹਨ, ਉਨ੍ਹਾਂ ਦੀਆਂ ਫੈਮਿਲੀਜ਼ ਰਹਿ ਸਕਦੀਆਂ ਹਨ ਅਤੇ ਉਹ ਡਿਊਟੀਜ਼ ਵੀ ਚੰਗੀ ਤਰ੍ਹਾਂ ਨਿਭਾ ਸਕਦੇ ਹਨ। ਮੈਂ ਸਪੀਕਰ ਸਾਹਿਬ, ਏਨੀ ਬੇਨਤੀ ਕਰਦਾ ਹੋਇਆ ਇਕ ਮੰਗ ਕਰਾਂਗਾ ਕਿ ਜਿਵੇਂ ਹਾਊਸਿੰਗ ਵਿਕਾਸ ਬੋਰਡ ਤਾਂ ਸਦਨ ਦੀ ਕਮੇਟੀ ਪੀ.ਯੂ ਸੀ. ਦੇ ਅਧੀਨ ਆਉਂਦਾ ਹੈ। ਉਸਨੂੰ ਉਥੇ ਐਗਜ਼ਾਮਿਨ ਕਰ ਸਕਦੇ ਹਾਂ ਪਰ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਕਿਸੇ ਕਮੇਟੀ ਦੇ ਅੰਡਰ ਨਹੀਂ ਆਉਂਦੀ। ਜੇ ਉਹ ਵੀ ਕਿਸੇ ਕਮੇਟੀ ਦੇ ਅੰਡਰ ਆ ਜਾਵੇ ਤਾਂ ਏਥੇ ਸਮਾਂ ਲਾਉਣ ਦੀ ਜ਼ਰੂਰਤ ਨਹੀਂ ਰਹਿ ਜਾਂਦੀ। ਮੈਂ ਸੰਖੇਪ ਵਿਚ ਏਨੇ ਸ਼ਬਦ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ (ਨੂਰਮਹਿਲ) :** ਮਾਨਯੋਗ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬੜੀ ਖੁਸ਼ੀ ਦੀ ਗਲ ਹੈ ਅਤੇ ਸਰਕਾਰ ਦਾ ਬੜਾ ਸ਼ਲਾਘਾਯੋਗ ਕਦਮ ਹੈ ਕਿ ਜਿਹੜਾ ਉਨ੍ਹਾਂ ਨੇ ਪੁਲਿਸ ਲਈ ਹਾਊਸਿੰਗ ਬੋਰਡ ਬਣਾਇਆ, ਉਨ੍ਹਾਂ ਜਵਾਨਾਂ ਲਈ ਜਿਨ੍ਹਾਂ ਨੇ ਆਪਣੀਆਂ ਜਾਨਾਂ ਤੇ ਖੇਡ ਕੇ ਅੱਤਵਾਦ ਅਤੇ ਵੱਖਵਾਦ ਤੇ ਕਾਬੂ ਪਾਇਆ। ਸਰਕਾਰ ਨੇ ਜਿਹੜਾ ਉਨ੍ਹਾਂ ਨੂੰ ਮਕਾਨ ਦੇਣ ਲਈ ਉਪਰਾਲਾ ਕੀਤਾ ਹੈ, ਉਹ ਸ਼ਲਾਘਾਯੋਗ ਕੰਮ ਹੈ। ਬੋਰਡ ਦੀ ਆਪਣੀ ਕਾਰਗੁਜ਼ਾਰੀ ਵੀ ਸ਼ਲਾਘਾਯੋਗ ਹੈ। ਪਰ ਮੈਂ ਇਸ ਦੇ ਨਾਲ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਵੱਡੇ ਵੱਡੇ ਸ਼ਹਿਰਾਂ ਵਿਚ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿਚ ਚਲੇ ਜਾਈਏ ਤਾਂ ਇਕ ਪਾਸੇ ਤਾਂ ਵੱਡੇ ਵੱਡੇ ਸਕਾਈ ਸਕਰੈਪਰਜ਼, ਸ਼ਾਪਿੰਗ ਕੰਪਲੈਕਸ ਅਤੇ ਵੱਡੀਆਂ ਵੱਡੀਆਂ ਬਿਲਡਿੰਗਾਂ ਦਿਖਦੀਆਂ ਹਨ ਅਤੇ ਦੂਜੇ ਪਾਸੇ ਕਿਸੇ ਰੇਲਵੇ ਲਾਈਨ ਦੇ ਨਾਲ ਨਾਲ ਅਤੇ ਜੀ. ਟੀ. ਰੋਡ ਦੇ ਨਾਲ ਬਦਕਿਸਮਤ ਲੋਕਾਂ ਦੀਆਂ ਝੌਂਪੜੀਆਂ ਦਿਖਾਈ ਦੇਣਗੀਆਂ ਜਿਨ੍ਹਾਂ ਕੋਲ ਨਾ ਕੋਈ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਿੰਦਰ ਸਿੰਘ ਅਟਵਾਲ]

ਜ਼ਮੀਨ ਹੁੰਦੀਹੈ ਅਤੇ ਨਾਂ ਹੀ ਛੱਤ ਅਤੇ ਜਿਸ ਜ਼ਮੀਨ ਤੇ ਝੌਂਪੜੀਆਂ ਵੀ ਬਣਾਈਆਂ ਹੁੰਦੀਆਂ ਹਨ, ਉਹ ਵੀ ਪੀ. ਡਬਲਿਊ. ਡੀ. ਦੀ ਜਾਂ ਕਿਸੇ ਹੋਰ ਮਹਿਕਮੇ ਦੀ ਹੁੰਦੀ ਹੈ। ਉਹ ਉਨ੍ਹਾਂ ਦੀਆਂ ਝੁੱਗੀਆਂ ਦਾ ਸਾਜ਼ੋਸਮਾਨ ਚੁੱਕ ਕੇ ਕਦੇ ਸੜਕ ਦੇ ਇਸ ਪਾਸੇ ਰਖ ਦੇਂਦੇ ਹਨ ਅਤੇ ਕਦੇ ਦੂਜੇ ਪਾਸੇ ਰੱਖ ਦੇਂਦੇ ਹਨ। ਮੈਂ ਸਰਦਾਰ ਬੇਅੰਤ ਸਿੰਘ ਜੀ ਦਾ ਇਸ ਗੱਲ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਹੜਾ ਉਨ੍ਹਾਂ ਨੇ ਸਦਨ ਵਿਚ ਅਤੇ ਬਾਹਰ ਵੀ ਜ਼ਿਕਰ ਕੀਤਾ ਹੈ ਕਿ ਲੁਧਿਆਣਾ ਜਲੰਧਰ ਅਤੇ ਅੰਮ੍ਰਿਤਸਰ ਵਿਚ ਬੇ-ਘਰੇ ਲੋਕਾਂ ਲਈ 2400-2400 ਮਕਾਨ ਬਣਾਉਣੇ ਹਨ। ਇਹ ਹਾਊਸਿੰਗ ਬੋਰਡ ਦੀ ਪਿਛਲੀ ਕਾਰਗੁਜ਼ਾਰੀ ਹੈ ਕਿ ਇਨ੍ਹਾਂ ਨੇ 6 ਮਹੀਨੇ ਦੇ ਅੰਦਰ-ਅੰਦਰ ਵਜ਼ੀਰਾਂ ਨੂੰ ਕਲੋਨੀ ਉਸਾਰ ਕੇ ਦਿੱਤੀ ਹੈ। ਮੈਂ ਆਸ ਕਰਦਾ ਹਾਂ ਕਿ ਹਾਊਸਿੰਗ ਬੋਰਡ ਬੇਘਰੇ ਲੋਕਾਂ ਲਈ ਮਕਾਨ ਉਸਾਰਨ ਵਿਚ ਵੀ ਵਧੀਆ ਕਾਰਗੁਜ਼ਾਰੀ ਦਿਖਾਏਗਾ।

ਇਸ ਦੇ ਨਾਲ ਹੀ ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ 1980 ਵਿਚ ਫਿਲੌਰ ਵਿਖੇ ਇਕ ਪ੍ਰਾਜੈਕਟ ਦਾ ਨੀਂਹ ਪੱਥਰ ਰਖਿਆ ਸੀ ਲੇਕਿਨ ਫੰਡਜ਼ ਦੀ ਸ਼ਾਰਟੇਜ ਕਾਰਨ ਉਹ ਪ੍ਰਾਜੈਕਟ ਸ਼ੁਰੂ ਨਹੀਂ ਕੀਤਾ ਜਾ ਸਕਿਆ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਪ੍ਰਾਜੈਕਟ ਨੂੰ ਜਲਦੀ ਤੋਂ ਜਲਦੀ ਹਾਊਸਿੰਗ ਬੋਰਡ ਤੋਂ ਸ਼ੁਰੂ ਕਰਵਾਇਆ ਜਾਵੇ। ਫਿਲੌਰ, ਨੂਰ ਮਹਿਲ ਅਤੇ ਨਕੋਦਰ ਵਿਚ ਸਰਕਾਰ ਵਲੋਂ ਕੋਈ ਵੀ ਮਕਾਨ ਅਜੇ ਤੱਕ ਨਹੀਂ ਬਣਾਇਆ ਗਿਆ! ਫਗਵਾੜਾ ਵੀ ਇਸ ਵਿਚ ਸ਼ਾਮਲ ਹੈ, ਭਾਵੇਂ ਕਿ ਫਗਵਾੜੇ ਵਿਚ ਇਨ੍ਹਾਂ ਨੇ ਅਰਬਨ ਐਸਟੇਟ ਬਣਾ ਦਿੱਤੀ ਹੈ। ਫਗਵਾੜੇ ਦੀ ਤਰ੍ਹਾਂ ਫਿਲੌਰ, ਨੂਰ ਮਹਿਲ ਅਤੇ ਨਕੋਦਰ ਵਿਚ ਵੀ ਅਰਬਨ ਐਸਟੇਟ ਬਣਾਈ ਜਾਵੇ ਅਤੇ ਹਾਊਸਿੰਗ ਬੋਰਡ ਵਲੋਂ ਉਥੇ ਰਿਹਾਇਸ਼ੀ ਕਾਲੋਨੀਆਂ ਬਣਾਈਆਂ ਜਾਣ। ਇਕ ਬੇਨਤੀ ਹੋਰ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਹਾਊਸਿੰਗ ਬੋਰਡ ਜਿਹੜਾ ਹੈ, ਕਿਉਂਕਿ ਸਰਕਾਰ ਵਲੋਂ ਕੋਈ ਗਰਾਂਟ ਤਾਂ ਝੁੱਗੀ ਝੌਂਪੜੀ ਵਾਲਿਆਂ ਨੂੰ ਦਿੱਤੀ ਨਹੀਂ ਜਾਂਦੀ, ਇਸ ਕਰਕੇ ਹਾਊਸਿੰਗ ਬੋਰਡ ਵੱਲੋਂ ਇਨ੍ਹਾਂ ਬੇਘਰੇ ਝੁੱਗੀ ਝੌਂਪੜੀ ਵਾਲਿਆਂ ਨੂੰ ਮਕਾਨ ਵਾਸਤੇ ਗ੍ਰਾਂਟ ਦਿਵਾਈ ਜਾਵੇ। ਐਫ.ਐਮ. ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਇਸ ਗੱਲ ਦਾ ਨੋਟਿਸ ਲੈਣ ਕਿਉਂਕਿ ਉਨ੍ਹਾਂ ਨੇ ਇਸ ਗੱਲ ਦਾ ਭਰੋਸਾ ਦਿਵਾਇਆ ਹੋਇਆ ਹੈ ਕਿ ਅਸੀਂ ਇਨ੍ਹਾਂ ਗਰੀਬ ਲੋਕਾਂ ਨੂੰ ਮਕਾਨ ਦਿਵਾਉਣੇ ਹਨ। ਇਸ ਦੇ ਨਾਲ ਹੀ ਮੈਂ ਹਾਊਸਿੰਗ ਬੋਰਡ ਅਤੇ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਬੇ-ਘਰੇ ਲੋਕਾਂ ਨੂੰ ਜਲਦੀ ਤੋਂ ਜਲਦੀ ਮਕਾਨ ਦਿਵਾਏ ਜਾਣ।

**ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ)** : ਜਿਹੜੀ ਰਿਪੋਰਟ ਇਥੇ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਹਾਊਸਿੰਗ ਬੋਰਡ ਬਾਰੇ ਪੇਸ਼ ਕੀਤੀ ਗਈ ਹੈ, ਉਸ ਬਾਰੇ ਪਹਿਲੀ ਗੱਲ ਤਾਂ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੀ ਜਿਹੜੀ ਕਾਰਗੁਜ਼ਾਰੀ ਹੈ, ਉਹ ਬਹੁਤ ਸ਼ਲਾਘਾਯੋਗ ਹੈ ਅਤੇ ਉਸ ਦੀ ਕਾਰਗੁਜ਼ਾਰੀ ਤੋਂ ਦੂਜੇ ਅਦਾਰਿਆਂ ਨੂੰ ਸਬਕ ਸਿੱਖਣਾ ਚਾਹੀਦਾ ਹੈ। ਇਸ ਨੇ ਜਿਹੜੀਆਂ ਪੁਲਿਸ ਦੀਆਂ ਕਾਲੋਨੀਆਂ ਜਾਂ ਬੈਰਕਾਂ ਬਣਾਈਆਂ ਹਨ, ਅਸੀਂ ਵੀ ਜਾ ਕੇ ਦੇਖਦੇ ਹਾਂ, ਉਹ ਬਹੁਤ ਵਧੀਆ ਹਨ। ਦੂਸਰੇ ਪਾਸੇ ਪੰਜਾਬ ਹਾਊਸਿੰਗ ਬੋਰਡ ਦੀ ਜਿਹੜੀ ਕਾਰਗੁਜ਼ਾਰੀ ਹੈ, ਉਹ ਬੜੀ ਨਿਕੰਮੀ ਹੈ। ਇਸ ਦੇ ਓਵਰਹੈਡ ਖਰਚੇ ਬਹੁਤ ਜ਼ਿਆਦਾ ਹਨ। ਇਸ ਵੱਲੋਂ ਉਸਾਰੀਆਂ ਗਈਆਂ ਇਮਾਰਤਾਂ ਦਾ ਸੀਮਿੰਟ ਹੱਥ ਲਾਇਆਂ ਟੁੱਟ ਜਾਂਦਾ ਹੈ। ਦਰਵਾਜੇ ਵੀ ਟੁੱਟੇ ਹੁੰਦੇ ਹਨ। ਹੋਰ ਵੀ ਬੜੀਆਂ ਹੇਰਾਫੇਰੀਆਂ ਹੁੰਦੀਆਂ ਹਨ। ਮੇਰੀ ਬੇਨਤੀ ਹੈ ਕਿ ਪੰਜਾਬ

Original with;
Punjab Vidhan Sabha
Digitized by;
Panjab Digital Library

ਪੁਲਿਸ ਹਾਊਸਿੰਗ ਕਾਰਪੋਰੇਸ਼ਨ ਨੂੰ ਹੋਰ ਜ਼ਿਆਦਾ ਫੰਡ ਦਿਤੇ ਜਾਣ ਤਾਂਕਿ ਜਿਨ੍ਹਾਂ ਥਾਵਾਂ ਤੇ ਪੁਲਿਸ ਮੁਲਾਜ਼ਮਾਂ ਦੇ ਰਹਿਣ ਵਾਸਤੇ ਕੋਈ ਮਕਾਨ ਨਹੀਂ, ਉਨ੍ਹਾਂ ਵਾਸਤੇ ਉਥੇ ਮਕਾਨ ਬਣਾਏ ਜਾ ਸਕਣ। ਜਿਹੜੇ ਥਾਣੇ ਗਿਰਨ ਵਾਲੇ ਹਨ, ਉਨ੍ਹਾਂ ਦਾ ਠੀਕ ਪ੍ਰਬੰਧ ਕੀਤਾ ਜਾਵੇ। ਜਿਸ ਤਰ੍ਹਾਂ ਜਗਰਾਉਂ ਪੁਲਿਸ ਜ਼ਿਲ੍ਹੇ ਵਿਚ ਬੀ. ਡੀ. ਓ. ਦੇ ਦਫਤਰ ਵਿਚ ਉਹ ਪੁਲਿਸ ਵਾਲੇ ਡੇਰੇ ਲਾਈ ਬੈਠੇ ਹਨ। ਉਨਾਂ ਵਾਸਤੇ ਨਵੀਂ ਬਿਲਡਿੰਗ ਦਾ ਪ੍ਰਬੰਧ ਕੀਤਾ ਜਾਵੇ। ਖਾਸ ਕਰਕੇ ਛੋਟੇ ਮੁਲਾਜ਼ਮਾਂ ਦੇ ਰਹਿਣ ਵਾਸਤੇ ਉਨ੍ਹਾਂ ਦੀ ਰਿਹਾਇਸ਼ ਦਾ ਖਾਸ ਪ੍ਰਬੰਧ ਕੀਤਾ ਜਾਵੇ।

ਪੰਜਾਬ ਹਾਊਸਿੰਗ ਬੋਰਡ ਜਿਹੜਾ ਹੈ, ਇਸ ਦੀ ਜਿਹੜੀ ਅਲਾਟਮੈਂਟ ਹੁੰਦੀ ਹੈ, ਉਸ ਵਿਚ ਬੜੀ ਹੇਰਾਫੇਰੀ ਹੁੰਦੀ ਹੈ। ਕਈ ਬੰਦੇ 2-2, 3-3, 4-4 ਜਾਂ 5-5 ਮਕਾਨ ਇਕੋ ਸ਼ਹਿਰ ਵਿਚ ਹੀ ਅਲਾਟ ਕਰਵਾ ਲੈਂਦੇ ਹਨ। ਉਹ ਆਪ ਕਦੇ ਇਨ੍ਹਾਂ ਮਕਾਨਾਂ ਵਿਚ ਨਹੀਂ ਰਹਿੰਦੇ। ਉਹ ਲੋਕ ਪਗੜੀਆਂ ਲੈ ਕੇ 5-5, 10-10 ਹਜ਼ਾਰ ਰੁਪਿਆ ਲੈ ਕੇ ਮਕਾਨ ਵੇਚ ਦਿੰਦੇ ਹਨ ਅਤੇ ਲੋਕਾਂ ਨੂੰ ਬਲੈਕਮੇਲ ਕਰਦੇ ਹਨ। ਇਨ੍ਹਾਂ ਮਕਾਨਾਂ ਦੀ ਰਜਿਸਟਰੀ ਤਾਂ ਹੁੰਦੀ ਨਹੀਂ, ਇਸ ਕਰਕੇ ਪਗੜੀਆਂ ਲੈ ਕੇ ਇਹ ਲੋਕ ਪੈਸਾ ਕਮਾਉਂਦੇ ਹਨ। ਜਿਹੜੇ ਲੋਕ ਡਿਜ਼ਰਵ ਕਰਦੇ ਹਨ, ਉਨ੍ਹਾਂ ਨੂੰ ਮਕਾਨ ਅਲਾਟ ਨਹੀਂ ਹੁੰਦੇ। ਇਸ ਲਈ ਇਹੋ ਜਿਹੇ ਕੇਸਾਂ ਦੀ ਇਨਕੁਆਰੀ ਹੋਣੀ ਚਾਹੀਦੀ ਹੈ ਅਤੇ ਇਨਕੁਆਰੀ ਤੋਂ ਬਾਦ ਜਿਹੜੇ ਲੋਕਾਂ ਨੇ ਮਕਾਨ ਅਲਾਟ ਕਰਵਾਏ ਹੋਏ ਹਨ ਪਰ ਆਪ ਉਨ੍ਹਾਂ ਮਕਾਨ ਵਿਚ ਨਹੀਂ ਰਹਿ ਰਹੇ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ ਅਤੇ ਲੋੜਵੰਦ ਲੋਕਾਂ ਨੂੰ ਮਕਾਨ ਅਲਾਟ ਕੀਤੇ ਜਾਣ। ਸ਼ਹਿਰਾਂ ਵਿਚ, ਖਾਸ ਕਰਕੇ ਜਿਥੇ ਸਲੱਮ ਏਰੀਆਜ਼ ਹਨ, ਜਿਥੇ ਸੀਵਰੇਜ ਦਾ ਕੋਈ ਪ੍ਰਬੰਧ ਨਹੀਂ ਹੈ, ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ ਹੈ, ਉਥੇ ਨਵੀਆਂ ਕਾਲੋਨੀਆਂ ਹਾਊਸਿੰਗ ਬੋਰਡ ਵਲੋਂ ਬਣਾਈਆਂ ਜਾਣ। ਜਿਸ ਤਰ੍ਹਾਂ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਨੇ ਇਕ ਮਿਸਾਲ ਕਾਇਮ ਕੀਤੀ ਹੈ, ਉਸੇ ਤਰਾਂ ਹੀ ਪੰਜਾਬ ਹਾਊਸਿੰਗ ਬੋਰਡ ਨੂੰ ਆਪਣੀ ਕਾਰਗੁਜ਼ਾਰੀ ਵਿਚ ਸੁਧਾਰ ਕਰਨਾ ਚਾਹੀਦਾ ਹੈ। ਇਸ ਵਿਚ ਜਿਹੜੀ ਘਪਲੇਬਾਜ਼ੀ ਹੁੰਦੀ ਹੈ, ਉਸ ਨੂੰ ਬੰਦ ਕਰਨ ਵਾਸਤੇ ਉਚੇਚੇ ਕਦਮ ਚੁੱਕੇ ਜਾਣ। ਇਸ ਦੇ ਵਾਸਤੇ ਡੈਮੋਕਰੇਟੀਕਲੀ ਇਲੈਕਟਿਡ ਕਮੇਟੀਆਂ ਬਣਾਈਆਂ ਜਾਣ ਜਿਹੜੀਆਂ ਬੋਰਡ ਦੇ ਕੰਮ ਕਾਰ ਨੂੰ ਚੈਕ ਕਰਨ, ਤਾਂ ਕਿ ਜਿਹੜੇ ਲੋਕ ਡਿਜ਼ਰਵ ਕਰਦੇ ਹਨ, ਉਨਾਂ ਨੂੰ ਲਾਭ ਪਹੁੰਚਾਇਆ ਜਾ ਸਕੇ।

(ਇਸ ਸਮੇਂ ਸ੍ਰੀ ਵਿਜੇ ਕੁਮਾਰ ਸਾਥੀ, ਐਡਵੋਕੇਟ, ਬੋਲਣ ਲਈ ਖੜ੍ਹੇ ਹੋਏ)

**ਸ੍ਰੀ ਸਪੀਕਰ** : ਸਾਥੀ ਜੀ, ਤੁਸੀਂ ਦੋਨੋਂ (ਜੋਧਾਂ ਜੀ ਸਮੇਤ) ਇਕੋ ਬੈਂਚ ਤੇ ਬੈਠਦੇ ਹੋ। ਤੁਹਾਡੇ ਜਿਸਮ ਦੋ ਹਨ, ਪਰ ਦਿਲੋਂ ਤੁਸੀਂ ਇਕ ਹੋ। ਮੰਤਰੀ ਜੀ ਨੂੰ ਬੋਲ ਲੈਣ ਦਿਓ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਸਰ, ਮੈਂ ਕੇਵਲ ਦੋ ਮਿੰਟ ਹੀ ਲੈਣੇ ਹਨ ਜੀ।

**ਸ੍ਰੀ ਸਪੀਕਰ** : ਚਲੋ, ਸਿਰਫ ਦੋ ਮਿੰਟ ਮਿਲਣਗੇ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** (ਬਾਘਾ ਪੁਰਾਣਾ) : ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਕਾਮਰੇਡ ਹਰਦੇਵ ਸਿੰਘ ਅਰਸ਼ੀ ਜੀ ਵਲੋਂ ਜੋ ਰਿਪੋਰਟ ਪੇਸ਼ ਰਖੀ ਗਈ ਹੈ, ਇਨ੍ਹਾਂ ਅਨੁਸਾਰ ਮੈਂ ਇਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਹਰ ਕਿਸੇ ਦੀ ਜ਼ਿੰਦਗੀ ਦੀ ਜ਼ਰੂਰਤ ਲਈ ਕੁੱਲੀ,

Original with;
Punjab Vidhan Sabha
Digitized by;
Panjab Digital Library

[ਸ੍ਰੀ ਵਿਜ ਕੁਮਾਰ ਸਾਥੀ ਐਡਵੋਕੇਟ]

ਗੁਲੀ, ਜੁੱਲੀ ਦੀ ਬਹੁਤ ਅਵੱਸ਼ਕਤਾ ਹੈ। ਹਰ ਇਨਸਾਨ ਨੂੰ ਇਹ ਚਾਹੀਦੀ ਹੈ। ਜਿਥੋਂ ਤਕ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦਾ ਤਾਲੁੱਕ ਹੈ, ਆਮ ਤੌਰ ਤੇ ਕਹਿੰਦੇ ਨੇ ਕਾਰਪੋਰੇਸ਼ਨ-ਕਰ ਪ੍ਰੇਸ਼ਾਨ। ਮਗਰ ਇਸ ਕਾਰਪੋਰੇਸ਼ਨ ਦਾ ਜਿਹੜਾ ਕੰਮ ਹੈ, ਉਹ ਕਾਫੀ ਸ਼ਲਾਘਾਯੋਗ ਹੈ। ਜਿਹੜੀਆਂ ਇਨ੍ਹਾਂ ਨੇ ਕਾਲੋਨੀਆਂ ਬਣਾਈਆਂ, ਉਨ੍ਹਾਂ ਨੂੰ ਅਸੀਂ ਦੇਖਿਆ ਹੈ। ਖਾਸ ਕਰਕੇ ਮੋਗੇ ਦੇ ਸਦਰ ਥਾਣੇ ਵਿਚ ਜਾ ਕੇ ਦੇਖਿਆ ਹੈ। ਇਸ ਦੀ ਉਸਾਰੀ ਬਹੁੱਤ ਹੀ ਵਧੀਆ ਚਲ ਰਹੀ ਹੈ। ਬਹੁਤ ਅੱਛਾ ਕੰਮ ਕੀਤਾ ਜਾ ਰਿਹਾ ਹੈ। ਮਗਰ ਇਸ ਵਿਚ ਇਕ ਤਕਲੀਫ ਹੈ ਕਿ ਇਥੋਂ ਜਾਣ ਲਈ ਨੇੜੇ ਕੋਈ ਮਾਰਕੀਟ ਨਹੀਂ। ਕੋਈ ਵੀ ਚੀਜ਼ ਲੈਣੀ ਹੋਵੇ, ਤਾਂ ਦੂਰ ਬਜ਼ਾਰ ਜਾਣਾ ਪੈਂਦਾ ਹੈ। ਦੂਜੀ ਗੱਲ ਜਿਹੜੀ ਰਿਪੇਅਰ ਹੁੰਦੀ ਹੈ ਪੰਜਾਬ ਪੁਲਿਸ ਦੇ ਥਾਣਿਆਂ ਦੀ, ਠੀਕ ਹੈ ਹਰ ਬਿਲਡਿੰਗ ਦੀ ਕੋਈ ਨਿਸ਼ਚਿਤ ਮਿਆਦ ਹੁੰਦੀ ਹੈ। ਇਨ੍ਹਾਂ ਤੇ ਪਲਸਤਰ ਕੀਤਾ ਜਾ ਰਿਹਾ ਹੈ ਪਰ ਇਨ੍ਹਾਂ ਨੇ ਰਹਿਣਾ ਨਹੀਂ, ਡਿੱਗ ਪੈਣਾ ਹੈ। ਸੋ ਪੁਰਾਣੀਆਂ ਡੀਮਾਲਿਸ਼ ਹੋਣ ਵਾਲੀਆਂ ਬਿਲਡਿੰਗਾਂ ਦੀ ਰਿਪੇਅਰ ਤੇ ਪੈਸਾ ਲਾਉਣਾ ਕੋਈ ਚੰਗੀ ਗਲ ਨਹੀਂ। ਉਨ੍ਹਾਂ ਨੂੰ ਢਾਹ ਕੇ ਨਵੀਆਂ ਬਨਾਉਣੀਆਂ ਚਾਹੀਦੀਆਂ ਹਨ। ਇਸ ਵੇਲੇ ਜਿਹੜੀ ਪੰਜਾਬ ਪੁਲਿਸ ਦੀ ਗਿਣਤੀ ਹੈ ਇਹ ਪੰਜਾਬ ਦੇ ਵਿਚ 65 ਹਜ਼ਾਰ ਦੇ ਕਰੀਬ ਹੈ। 65 ਹਜ਼ਾਰ ਦੇ ਵਿਚ ਜਿਵੇਂ ਕਿ ਕਾਮਰੇਡ ਅਰਸ਼ੀ ਜੀ ਨੇ ਦਸਿਆ, ਹਾਲੇ ਤਾਂ ਸਿਰਫ ਥੋੜੇ ਜਿਹੇ ਮਕਾਨ ਹੀ ਬਣੇ ਹਨ। ਸਪੀਕਰ ਸਾਹਿਬ, ਪੰਜਾਬ ਪੁਲਿਸ ਨੇ ਬੜੇ ਔਖੇ ਸਮੇਂ ਵਿੱਚੋਂ ਲੰਘ ਕੇ, ਅੱਤਵਾਦ ਔਰ ਵੱਖਵਾਦ ਦਾ ਮੁਕਾਬਲਾ ਕੀਤਾ ਹੈ, ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਪਰਿਵਾਰਾਂ ਦੇ ਜਾਨ ਅਤੇ ਮਾਲ ਦੀ ਰਾਖੀ ਲਈ ਸਾਨੂੰ ਜ਼ਰੂਰ ਉਪਰਾਲੇ ਕਰਨੇ ਚਾਹੀਦੇ ਹਨ। ਉਨ੍ਹਾਂ ਨੂੰ ਵਧੀਆ ਮਕਾਨ ਬਣਾ ਕੇ ਦਿੱਤੇ ਜਾਣ। ਦੂਜੇ ਪਾਸੇ ਸਾਡਾ ਜਿਹੜਾ ਪੰਜਾਬ ਹਾਊ-ਸਿੰਗ ਡੀਵੈਲਪਮੈਂਟ ਬੋਰਡ ਹੈ ਇਸ ਦੇ ਵਿਚ ਮੈਂ ਦੇਖਿਆ ਹੈ ਕਿ ਇਸ ਬੋਰਡ ਵਲੋਂ ਬਣਾਏ ਗਏ ਮਕਾਨਾਂ ਦਾ ਸੀਮਿੰਟ ਬਹੁਤ ਛੇਤੀ ਭੁਰ ਜਾਂਦਾ ਹੈ ਔਰ ਨਵਾਂ ਲਗਾਉਣਾ ਪੈਂਦਾ ਹੈ। ਇਸ ਬੋਰਡ ਦਾ ਕੰਮ ਘਟੀਆ ਹੁੰਦਾ ਹੈ ਔਰ ਸਾਡੀ ਸਰਕਾਰ ਦੀ ਦੇਖ ਰੇਖ ਵਿਚ ਹੁੰਦਾ ਹੈ। ਸਾਡੇ ਮੰਤਰੀ ਵੀ ਇਸ ਬੋਰਡ ਦਾ ਕੰਮ ਦੇਖਦੇ ਹਨ। ਪਰ ਜਿਹੜਾ ਕੰਮ ਪੰਜਾਬ ਪੁਲਿਸ ਨੇ ਆਪ ਕੀਤਾ ਹੈ, ਉਹ ਬਿਲਡਿੰਗਾਂ ਬਹੁਤ ਵਧੀਆ ਹਨ। ਮੈਂ ਸਮਝਦਾ ਹਾਂ ਕਿ ਇਸ ਪਾਸੇ ਸਰਕਾਰ ਨੂੰ ਆਪਣਾ ਧਿਆਨ ਦੇਣ ਦੀ ਜ਼ਿਆਦਾ ਲੋੜ ਹੈ। ਜਿਵੇਂ ਐਮ. ਐਲ. ਏ. ਸਾਹਿਬ ਨੇ ਦੱਸਿਆ ਹੈ ਕਿ ਗਰੀਬਾਂ ਨੂੰ ਦੇਣ ਵਾਸਤੇ ਜਿਹੜੇ ਮਕਾਨ ਬਣਾਏ ਜਾਂਦੇ ਹਨ, ਉਹ ਬਹੁਤ ਹੀ ਘਟੀਆ ਕਿਸਮ ਦੇ ਹੁੰਦੇ ਹਨ। ਇਸ ਲਈ ਇਹ ਜਰੂਰੀ ਹੋ ਜਾਂਦਾ ਹੈ ਕਿ ਇਸ ਬੋਰਡ ਵੱਲ ਵਿਸ਼ੇਸ਼ ਧਿਆਨ ਦਿਤਾ ਜਾਵੇ। ਘਪਲੇਬਾਜੀ ਔਰ ਪੈਸੇ ਦੀ ਕੁਵਰਤੋਂ ਨੂੰ ਨੱਥ ਪਾਈ ਜਾਣੀ ਜ਼ਰੂਰੀ ਹੈ। ਇਸ ਤੋਂ ਇਲਾਵਾ ਪੁਲਿਸ ਦੇ ਵਿਚ ਜਿਹੜੇ ਥਾਣੇ ਹਨ, ਜਿੱਥੇ ਕਿ ਕੈਦੀਆਂ ਨੂੰ ਰਖਿਆ ਜਾਂਦਾ ਹੈ, ਹੋ ਸਕਦਾ ਹੈ ਕਿ ਕੱਲ੍ਹ ਨੂੰ ਸਾਡੇ ਵਰਗੇ ਨੂੰ ਹੀ ਉਥੇ ਜਾਣਾ ਪੈ ਜ਼ਾਵੇ, ਉਥੇ ਵੀ ਚੰਗੇ ਕੰਮ ਕਰਵਾਉਣੇ ਚਾਹੀਦੇ ਹਨ।

**ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ (ਚੌਧਰੀ ਜਗਜੀਤ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਹਾਊਸਿੰਗ ਡੀਵੈਲਪਮੈਂਟ ਬੋਰਡ ਦੀ ਰਿਪੋਰਟ ਤੇ ਡਿਸਕਸਨ ਹੋਈ ਹੈ। ਇਸ ਦੇ ਵਿਚ ਕੁਝ ਅਰਸ਼ੀ ਜੀ ਨੇ ਔਰ ਕੁਝ ਹੋਰ ਮੈਂਬਰ ਸਾਹਿਬਾਨ ਨੇ ਕਮੀਆਂ ਦਾ ਜ਼ਿਕਰ ਕੀਤਾ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਹਾਊਸਿੰਗ ਡੀਵੈਲਪਮੈਂਟ ਬੋਰਡ ਦੀ ਰਿਪੋਰਟ ਤੇ ਜਿਸਦੀ ਡਿਸਕਸ਼ਨ ਹੋਈ ਹੈ, ਏਥੇ ਇਹ ਪੁਰਾਣੀ ਰਿਪੋਰਟ ਹੈ। ਇਹ ਪਾਰਲੀਮੈਂਟ ਵਿਚ ਵੀ ਰਖੀ ਗਈ ਸੀ ਔਰ ਇਹ ਪੁਰਾਣੀ ਰਿਪੋਰਟ ਹੈ। ਪਰ ਜਦੋਂ ਦੀ ਸਰਦਾਰ ਬੇਅੰਤ ਸਿੰਘ ਦੀ ਸਰਕਾਰ

Original with;
Punjab Vidhan Sabha
Digitized by;
Panjab Digital Library

ਪੰਜਾਬ ਵਿਚ ਆਈ ਹੈ, ਪੰਜਾਬ ਹਾਊਸਿੰਗ ਡੀਵੈਲਪਮੈਂਟ ਬੋਰਡ ਨੇ ਨਵੇਂ ਪ੍ਰੋਗਰਾਮ ਉਲੀਕੇ ਹਨ ਅਤੇ ਜਿਹੜੇ ਪ੍ਰੋਗਰਾਮ ਬਣਾਏ ਹਨ ਉਹ ਬਿਲਕੁਲ ਜਿਹੜੀਆਂ ਗੱਲਾਂ ਇਨ੍ਹਾਂ ਨੇ ਏਥੇ ਕਹੀਆਂ ਹਨ, ਉਸ ਅਨੁਸਾਰ ਢੁਕਵੇਂ ਹਨ। ਪਹਿਲੀ ਗੱਲ ਮੈਂ ਇਹ ਦਸਣੀ ਚਾਹੁੰਦਾ ਹਾਂ ਕਿ ਏਥੇ ਕਿਹਾ ਗਿਆ ਹੈ ਕਿ ਪੰਜਾਬ ਹਾਊਸਿੰਗ ਬੋਰਡ ਦੇ ਜਿਹੜੇ ਖਰਚੇ ਹਨ ਉਹ ਪੁਲਿਸ ਕਾਰਪੋਰੇਸ਼ਨ ਨਾਲੋਂ ਵੱਧ ਹਨ। ਇਹ ਮੈਂ ਮੰਨਦਾ ਹਾਂ ਪਰ ਪਰੈਜ਼ੀਡੈਂਟ ਰੂਲ ਵਿਚ ਜਦੋਂ ਪੰਜਾਬ ਹਾਊਸਿੰਗ ਬੋਰਡ ਦੇ ਜਿਹੜੇ ਖਰਚੇ ਸਨ, ਉਹ 20% ਦੇ ਕਰੀਬ ਸਨ ਔਰ ਜਦੋਂ ਦੀ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਆਈ ਹੈ, ਅਸੀਂ ਚਾਰਜ ਲਿਆ ਹੈ, ਪੰਜਾਬ ਹਾਊਸਿੰਗ ਡੀਵੈਲਪਮੈਂਟ ਦੇ ਖਰਚ ਘਟ ਕੇ 10% ਤੇ ਆ ਚੁੱਕੇ ਹਨ।

ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਵੀ ਯਕੀਨ ਦਿਵਾਉਂਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਇਹ ਖਰਚਾ ਹੋਰ ਵੀ ਘਟਾਇਆ ਜਾਵੇਗਾ ਅਤੇ ਇਸ ਨੂੰ ਕਰੀਬ 8% ਤੱਕ ਲਿਆਂਦਾ ਜਾਵੇਗਾ ਸਾਡੀ ਪੂਰੀ ਇੱਛਾ ਹੈ ਕਿ ਜਿਹੜੇ ਵੀ ਮਕਾਨ ਪੰਜਾਬ ਹਾਊਸਿੰਗ ਡਿਵੈਲਪਮੈਂਟ ਬੋਰਡ ਦੇ ਬਣਦੇ ਹਨ, ਉਸਾਰੀ ਹੁੰਦੀ ਹੈ, ਉਸ ਦੀ ਕੁਆਲਟੀ ਨੂੰ ਪੂਰੀ ਤਰ੍ਹਾਂ ਚੈਕ ਕਰੀਏ। ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਹਾਊਸਿੰਗ ਡਿਵੈਲਪਮੈਂਟ ਬੋਰਡ ਨੇ ਜਿਹੜੇ ਵੀ ਮਕਾਨ ਬਣਾਏ ਹਨ ਉਨ੍ਹਾਂ ਮਕਾਨਾਂ ਦੀ ਸੁਪਰਵੀਜ਼ਨ ਵਾਸਤੇ, ਉਨ੍ਹਾਂ ਦੀ ਕੁਆਲਟੀ ਨੂੰ ਚੈਕ ਕਰਨ ਵਾਸਤੇ ਮੈਂ ਵੀ ਮੌਕੇ ਤੇ ਜਾਂਦਾ ਰਹਿੰਦਾ ਹਾਂ ਅਤੇ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੇ ਵੀ ਉਹ ਮਕਾਨ ਵਿਜ਼ਿਟ ਕੀਤੇ ਹਨ। ਮੈਂ ਤੁਹਾਨੂੰ ਇਥੇ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਥੋੜੇ ਅਰਸੇ ਵਿਚ ਪੰਜਾਬ ਵਿਚ ਜਿਹੜੇ ਮਕਾਨ ਬਣਾਏ ਗਏ ਹਨ, ਉਨ੍ਹਾਂ ਦੀ ਕੁਆਲਟੀ ਅਤੇ ਕੰਮ ਨੂੰ ਚੰਗੀ ਤਰ੍ਹਾਂ ਵੇਖਿਆ ਗਿਆ ਹੈ। ਜਿਹੜੇ ਮੇਰੇ ਮੈਂਬਰ ਸਾਹਿਬਾਨ ਨੇ ਕੁਝ ਗੱਲਾਂ ਕਹੀਆਂ ਹਨ, ਮੈਂ ਉਨ੍ਹਾਂ ਨਾਲ ਇਤਫਾਕ ਨਹੀਂ ਕਰਦਾ। ਫਿਰ ਵੀ ਜੇਕਰ ਕਿਸੇ ਕਿਸਮ ਦੀਆਂ ਕੋਈ ਕਮੀਆਂ ਹੋਣਗੀਆਂ ਤਾਂ ਉਨ੍ਹਾਂ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਜਾਵੇਗੀ ਤਾਂਕਿ ਅਸੀਂ ਉਨ੍ਹਾਂ ਨੂੰ ਅੱਛੇ ਤਰੀਕੇ ਨਾਲ ਬਣਾ ਸਕੀਏ। ਕਿਉਂਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਪਹਿਲਾਂ ਹੀ ਪ੍ਰੋਗਰਾਮ ਬਣਾਇਆ ਹੈ ਪੰਜਾਬ ਦੇ ਲੋਕਾਂ ਨੂੰ ਹਾਊਸ ਦੇਣ ਦਾ। ਸਪੀਕਰ ਸਾਹਿਬ, ਪੰਜਾਬ ਹਾਊਸਿੰਗ ਡਿਵੈਲਪਮੈਂਟ ਬੋਰਡ ਵਿਚ ਜਿਹੜਾ ਡਾਇਰੈਕਟੋਰੇਟ ਅਰਬਨ ਐਸਟੇਟ ਸੀ, ਉਸ ਨੂੰ ਮਰਜ ਕਰ ਦਿੱਤਾ ਗਿਆ ਹੈ। ਉਸ ਨੂੰ ਮਰਜ ਕਰਨ ਤੋਂ ਬਾਅਦ ਜਿਹੜੇ ਮਕਾਨ ਅਰਬਨ ਅਸਟੇਟਸ ਨੇ ਪੰਜਾਬ ਵਿਚ ਪਹਿਲਾਂ ਬਣਾਏ ਸਨ, ਪ੍ਰੈਜ਼ੀਡੈਂਟ ਰੂਲ ਦੌਰਾਨ ਜਾਂ ਉਸ ਤੋਂ ਵੀ ਪਹਿਲਾਂ ਦੀਆਂ ਸਰਕਾਰਾਂ ਵਲੋਂ; ਉਹ ਕੋਈ ਅੱਛੇ ਨਹੀਂ ਸਨ। ਲੇਕਿਨ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਸਮੇਂ ਅਰਬਨ ਅਸਟੇਟਸ ਜਿਵੇਂ ਜਲੰਧਰ, ਬਟਾਲਾ, ਫਗਵਾੜਾ, ਲੁਧਿਆਣਾ, ਮੋਹਾਲੀ, ਬਠਿੰਡਾ, ਪਟਿਆਲਾ ਆਦਿ ਵਾਸਤੇ ਅਸੀਂ ਨਵਾਂ ਪ੍ਰੋਗਰਾਮ ਉਲੀਕਿਆ ਹੈ। ਉਥੇ ਦੀਆਂ ਸੜਕਾਂ ਪ੍ਰੀਮਿਕਸ ਕਾਰਪੈਟਸ ਪਾ ਕੇ ਤਿਆਰ ਕੀਤੀਆਂ ਹਨ। ਜਿਹੜੀਆਂ ਛੋਟੀਆਂ ਸੜਕਾਂ ਹਨ, ਉਨ੍ਹਾਂ ਨੂੰ ਵੀ ਬੜੇ ਅੱਛੇ ਤਰੀਕੇ ਨਾਲ ਬਣਾਇਆ ਹੈ। ਉਨ੍ਹਾਂ ਸੜਕਾਂ ਉੱਤੇ ਚੰਡੀਗੜ੍ਹ ਸ਼ਹਿਰ ਵਰਗੀਆਂ ਲਾਈਟਾਂ ਲਗਾਉਣ ਦਾ ਪ੍ਰਬੰਧ ਕੀਤਾ ਹੈ। ਸਪੀਕਰ ਸਾਹਿਬ ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ ਪੰਜਾਬ ਦੀ ਸਰਕਾਰ ਵਲੋਂ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਥੱਲੇ ਇਨ੍ਹਾਂ ਅਰਬਨ ਐਸਟੇਟਸ ਵਿਚ ਜਿਥੇ ਅੱਛੀਆਂ ਸੁਵਿਧਾਵਾਂ ਨਹੀਂ ਸਨ, ਉਥੇ ਹੋਰ ਵਧੇਰੇ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ। ਮੋਹਾਲੀ ਇਕ ਬੜਾ ਸ਼ਾਨਦਾਰ ਟਾਊਨ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ]

ਬਣਾਇਆ ਹੈ, ਅਤੇ ਇਤਿਹਾਸਕ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਦੇ ਨਾਂ ਤੇ ਬਣਾਇਆ ਹੈ। ਅਤੇ ਕਾਂਗਰਸ ਪਾਰਟੀ ਨੇ ਬਣਾਇਆ ਹੈ। ਲੇਕਿਨ ਪਹਿਲਾਂ ਉਸ ਵੱਲ ਕੋਈ ਜ਼ਿਆਦਾ ਧਿਆਨ ਨਹੀਂ ਸੀ ਦਿੱਤਾ ਗਿਆ। ਸਾਡੀ ਸਰਕਾਰ ਆਉਣ ਦੇ ਨਾਲ ਸਰਦਾਰ ਬੇਅੰਤ ਸਿੰਘ ਜੀ ਦੇ ਆਦੇਸ਼ਾਂ ਨਾਲ, ਮੈਂ ਫਖਰ ਨਾਲ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਉਥੇ ਦੀਆਂ ਸੜਕਾਂ ਉੱਤੇ ਪਿਛਲੇ ਸਾਲ 3 ਕਰੋੜ ਰੁਪਏ ਲਗਾ ਕੇ ਪ੍ਰੀਮਿਕਸ ਕਾਰਪੈਟਸ ਪਾਇਆ ਗਿਆ ਹੈ। ਇਥੇ ਹੀ ਬੱਸ ਨਹੀਂ, ਚੰਡੀਗੜ੍ਹ ਦੇ ਨਾਲ ਲਗਦੀਆਂ ਸਾਰੀਆਂ ਸੜਕਾਂ ਨੂੰ ਡਬਲ ਕਰਕੇ ਉਨ੍ਹਾਂ ਨੂੰ ਚੰਡੀਗੜ੍ਹ ਦੀਆਂ ਸੜਕਾਂ ਵਰਗਾ ਲਾਇਟ ਸਿਸਟਮ ਲਗਾਇਆ ਗਿਆ ਹੈ। ਮੋਹਾਲੀ ਦੇ ਲੋਕਾਂ ਦੀ ਸਹੂਲਤਾਂ ਵਾਸਤੇ ਉਥੇ 15 ਬੱਸਾਂ ਦੇ ਸ਼ੈਲਟਰ ਬਣਾਏ ਗਏ ਹਨ ਤਾਂ ਜੋ ਸਵਾਰੀਆ ਬੱਸਾਂ ਵਿਚ ਚੜ੍ਹਣ ਵੇਲੇ ਅਰਾਮ ਨਾਲ ਉਥੇ ਖੜ੍ਹੀਆਂ ਹੋ ਸਕਣ। ਇਥੇ ਹੀ ਬਸ ਨਹੀਂ ਸਪੀਕਰ ਸਾਹਿਬ, ਉਥੇ ਪਾਣੀ ਦਾ ਇੰਤਜਾਮ ਵੀ ਕੀਤਾ ਗਿਆ ਹੈ। ਅਸੀਂ ਉਥੇ ਦੋ ਲੱਖ ਗੈਲਣ ਪਾਣੀ ਨੂੰ ਸਟੋਰ ਕਰਨ ਲਈ ਟੈਂਕ ਵੀ ਬਣਾਇਆ ਹੈ ਅਤੇ 15 ਡੀਪ ਟਿਊਬਵੈਲ ਵੀ ਲਗਾਏ ਹਨ ਤਾਂ ਜੋ ਉਥੋਂ ਦੇ ਵਾਸੀਆਂ ਨੂੰ ਪੀਣ ਦੇ ਪਾਣੀ ਦੀ ਸਪਲਾਈ ਅੱਛੀ ਤਰ੍ਹਾਂ ਕੀਤੀ ਜਾ ਸਕੇ। ਉਥੇ ਇੰਟਰਨੈਸ਼ਨਲ ਕ੍ਰਿਕਟ ਸਟੇਡੀਅਮ ਬਣਾਈਆ ਜਾ ਰਿਹਾ ਹੈ। ਉਸ ਵਿਚ ਬੋਰਡ 40% ਰਕਮ ਲਗਾਏਗਾ ਤਾਂ ਜੋ ਖੇਡਾਂ ਨੂੰ ਬੜ੍ਹਾਵਾ ਦਿਤਾ ਜਾ ਸਕੇ, (ਥੰਪਿੰਗ) ਅਤੇ ਉਥੇ ਇੰਟਰਨੈਸ਼ਨਲ ਪੱਧਰ ਦੀਆਂ ਖੇਡਾਂ ਕਰਵਾਈਆਂ ਜਾ ਸਕਣ। ਇਸ ਦੇ ਨਾਲ ਹੀ ਅਸੀਂ ਉਥੇ ਇਕ ਸਪੋਰਟਸ ਕੰਮਪਲੈਕਸ ਬਣਾ ਰਹੇ ਹਾਂ ਜਿਹਾ ਕਿ ਸਪੋਰਟਸ ਡਿਪਾਰਟਮੈਂਟ ਨਾਲ ਰਲ ਕੇ ਬਣਾਇਆ ਜਾ ਰਿਹਾ ਹੈ। ਇਸ ਵਿਚ ਪੰਜਾਬ ਹਾਊਸਿੰਗ ਬੋਰਡ 50% ਰਕਮ ਲਗਾਏਗਾ ਤਾਂਕਿ ਸਾਡੇ ਨੌਜਵਾਨ ਬੱਚਿਆਂ ਨੂੰ ਖੇਡਾਂ ਦੀ ਸਹੂਲਤ ਦਿੱਤੀ ਜਾ ਸਕੇ। ਇਥੇ ਹੀ ਬੱਸ ਨਹੀਂ, ਸਪੀਕਰ ਸਾਹਿਬ, ਜਿਹੜਾ ਉਥੇ 25 ਬਿਸਤਰਿਆਂ ਦਾ ਹਸਪਤਾਲ ਹੈ ਉਸ ਦੇ ਵਿਚ 500 ਇਨਡੋਰ ਮਰੀਜ਼ਾਂ ਵਾਸਤੇ ਕਮਰਿਆਂ ਦੀ ਉਸਾਰੀ ਹਾਊਸਿੰਗ ਬੋਰਡ ਕਰ ਰਿਹਾ ਹੈ ਤਾਂਕਿ ਮੋਹਾਲੀ ਅਰਬਨ ਐਸਟੇਟ ਨੂੰ ਪੂਰੀ ਸਹੂਲਤ ਦਿੱਤੀ ਜਾ ਸਕੇ।

ਇਸੇ ਤਰ੍ਹਾਂ ਇਥੇ ਹੋਰ ਬਹੁਤ ਸਾਰੀਆਂ ਚੀਜ਼ਾਂ ਅਸੀਂ ਬਣਾਈਆਂ ਪਹਿਲਾਂ ਸੋਸ਼ਲ ਫੰਕਸ਼ਨਜ਼ ਵਾਸਤੇ ਅਰਬਨ ਐਸਟੇਟ ਵਿਚ ਜਗ੍ਹਾ ਨਹੀਂ ਸੀ। ਅਸੀਂ ਹਾਊਸਿੰਗ ਬੋਰਡ ਨੇ ਕਮਿਊਨਿਟੀ ਸੈਂਟਰ ਬਣਾਏ ਤਾਂਕਿ ਲੋਕ ਸੋਸ਼ਲ ਫੰਕਸ਼ਨ ਕਰ ਸਕਣ। ਇਕ ਹੋਰ ਖੁਸ਼ੀ ਦੀ ਗੱਲ ਮੈਂ ਦੱਸਣੀ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਜਿਹੜੇ ਸਾਡੇ ਅਰਬਨ ਅਸਟੇਟਸ ਹਨ ਉਥੇ ਵਿਦਿਆ ਦਾ ਪ੍ਰਬੰਧ ਨਹੀਂ ਸੀ, ਸਕੂਲਾਂ ਦਾ ਪ੍ਰਬੰਧ ਨਹੀਂ ਸੀ ਅਤੇ ਵਿਦਿਆ ਵਿਭਾਗ ਵਲੋਂ ਕੋਈ ਬਿਲਡਿੰਗ ਨਹੀਂ ਸੀ ਬਣਾਈ ਜਾ ਸਕਦੀ। ਮੈਂ ਮੁਹਾਲੀ ਦੀ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਅਸੀਂ ਉਥੇ 4 ਹਾਈ ਸਕੂਲਾਂ ਦੀਆਂ ਬਿਲਡਿੰਗਾਂ ਬਣਾ ਕੇ ਦਿਤੀਆਂ ਤਾਂਕਿ ਬੱਚਿਆਂ ਨੂੰ ਸਹੂਲਤ ਮਿਲ ਸਕੇ। ਇਸੇ ਤਰ੍ਹਾਂ 10 ਪ੍ਰਾਇਮਰੀ ਸਕੂਲਾਂ ਲਈ ਬਿਲਡਿੰਗਾਂ ਬਣਾ ਕੇ ਦੇਵਾਂਗੇ ਤਾਂਕਿ ਉਥੋਂ ਦੇ ਬੱਚਿਆਂ ਨੂੰ ਇਹ ਸਹੂਲਤ ਮਿਲ ਸਕੇ। ਇਸ ਦੇ ਨਾਲ ਹੀ 85 ਲੱਖ ਰੁਪਏ ਦੀ ਲਾਗਤ ਨਾਲ ਬੋਰਡ ਨੇ ਇਕ ਬੱਸ ਸਟੈਂਡ ਬਣਾਇਆ ਹੈ ਅਤੇ ਉਸਦਾ ਉਦਘਾਟਨ ਸਾਡੇ ਹਰਮਨ ਪਿਆਰੇ ਮੁੱਖ-ਮੰਤਰੀ ਜੀ ਨੇ ਕੀਤਾ ਅਤੇ ਲੋਕਾਂ ਨੂੰ ਇਹ ਸਹੂਲਤ ਦਿਤੀ ਹੈ (ਥੰਪਿੰਗ) ਮੈਂ ਕਹਿੰਦਾ ਹਾਂ ਕਿ ਸਪੀਕਰ ਸਾਹਿਬ ਅਸੀਂ ਨਾ ਸਿਰਫ ਮੁਹਾਲੀ ਵਿਚ ਬਲਕਿ ਸਾਰੀਆਂ ਦੂਸਰੀਆਂ ਅਰਬਨ ਅਸਟੇਟਸ ਵਿਚ ਵੀ ਡੀਵੈਲਪਮੈਂਟ ਦੇ ਕੰਮ ਆਰੰਭੇ ਹਨ। ਅਸੀਂ ਸੀਵਰੇਜ ਦਾ, ਲਾਈਟ ਦਾ, ਵਾਟਰ ਸਪਲਾਈ ਦਾ, ਕਮਿਊਨਿਟੀ ਸੈਂਟਰ ਦਾ, ਸਕੂਲਾਂ ਲਈ ਬਿਲਡਿੰਗਾਂ ਬਣਾਉਣ ਦਾ ਕੰਮ ਆਰੰਭ ਕੀਤਾ ਹੈ ਅਤੇ ਇਹ ਕੰਮ ਸਰਦਾਰ ਬੇਅੰਤ ਸਿੰਘ ਜੀ ਸਾਡੇ ਹਰਮਨ ਪਿਆਰ ਮੁੱਖ-ਮੰਤਰੀ ਜੀ ਦੀ ਰਹਿਨੁਮਾਈ ਥੱਲੇ ਆਰੰਭ ਹੋਏ ਹਨ। ਅਸੀਂ ਇਹ ਸਾਰੀ

Original with;
Punjab Vidhan Sabha
Digitized by;
Panjab Digital Library

ਫੈਸਿਲਟੀਜ਼ ਅਰਬਨ ਐਸਟੇਟਸ ਵਿਚ ਪ੍ਰੋਵਾਈਡ ਕਰਾਂਗੇ ਅਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਸਾਲ ਅਸੀਂ 3000 ਮਕਾਨ ਬਣਾਏ ਹਨ ਅਤੇ 4 ਹਜ਼ਾਰ ਦੇ ਕਰੀਬ ਲੋਕਾਂ ਨੂੰ ਪਲਾਟ ਦਿਤੇ ਹਨ। ਆਉਣ ਵਾਲੇ ਸਾਲ ਵਿਚ ਸਾਡਾ ਯਤਨ ਹੈ ਕਿ 10,000 ਪਲਾਟ ਲੋਕਾਂ ਨੂੰ ਮੁਹੱਈਆ ਕਰੀਏ ਅਤੇ 10,000 ਮਕਾਨ ਜਿਨ੍ਹਾਂ ਤੇ 172 ਕਰੋੜ ਰੁਪਏ ਖਰਚ ਆਉਣਗੇ, ਆਉਣ ਵਾਲੇ ਸਾਲ ਵਿਚ ਬਣਾ ਕੇ ਦੇਵਾਂਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਪੂਰਾ ਯਤਨ ਹੋਵੇਗਾ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦਾ ਪੂਰਾ ਯਤਨ ਹੋਵੇਗਾ ਕਿ ਵੱਧ ਤੋਂ ਵੱਧ ਗਰੀਬਾਂ ਨੂੰ ਸਹੂਲਤਾਂ ਦਿਤੀਆਂ ਜਾਣ।

ਜਿਸ ਤਰ੍ਹਾਂ ਅਰਸ਼ੀ ਜੀ ਨੇ ਕਿਹਾ ਕਿ ਅਸੀਂ 50% ਪਲਾਟ ਜਿਹੜੇ ਹਨ, ਜਾਂ ਮਕਾਨ ਬਣਾਉਣੇ ਹਨ ਉਨ੍ਹਾਂ ਵਿਚੋਂ 50% ਮਕਾਨ ਗਰੀਬ ਲੋਕਾਂ ਲਈ ਬਣਾਈਏ। ਮੈਂ ਦੱਸਣਾ ਚਾਹੁੰਦਾ ਹਾਂ ਕਿ ਲੁਧਿਆਣਾ ਵਿਖੇ 2400 ਮਕਾਨ ਅਸੀਂ ਗਰੀਬ ਲੋਕਾਂ ਵਾਸਤੇ ਬਣਾਏ ਹਨ ਅਤੇ ਡਾ. ਅੰਬੇਦਕਰ ਜੀ ਦਾ ਜਨਮ ਦਿਨ 14 ਅਪ੍ਰੈਲ ਨੂੰ ਮਨਾਇਆ ਜਾ ਰਿਹਾ ਹੈ। ਉਸ ਦਿਨ ਮੁੱਖ ਮੰਤਰੀ ਜੀ ਗਰੀਬ ਝੁੱਗੀਆਂ ਵਾਲਿਆਂ ਨੂੰ ਮਕਾਨ ਦੇਣਗੇ। ਸਪੀਕਰ ਸਾਹਿਬ ਮੈਂ ਦਸਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਮੋਹਾਲੀ ਹੈ, ਹੋਰ ਅਰਬਨ ਐਸਟੇਟਸ ਹਨ, ਜਿਥੇ ਵੀ ਝੁੱਗੀਆਂ ਵਾਲੇ ਬੈਠੇ ਹਨ, ਲੁਧਿਆਣਾ ਵਿਖੇ ਵੀ ਪਹਿਲਾਂ ਝੁੱਗੀਆਂ ਵਾਲਿਆਂ ਲਈ ਮਕਾਨ ਬਣਾਏ ਗਏ ਹਨ, ਸਾਡੀ ਇਹ ਪਲੈਨਿੰਗ ਹੈ ਕਿ ਉਨ੍ਹਾਂ ਝੁੱਗੀਆਂ ਵਾਲਿਆਂ ਨੂੰ ਉਨੀ ਦੇਰ ਤੱਕ ਨਾ ਉਠਾਇਆ ਜਾਵੇ ਜਦੋਂ ਤੱਕ ਉਨ੍ਹਾਂ ਲਈ ਮਕਾਨ ਤਿਆਰ ਨਾ ਹੋ ਜਾਣ। ਕਿਉਂਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦਾ ਇਹ ਪ੍ਰੋਗਰਾਮ ਹੈ ਕਿ ਜਿੰਨੀ ਸੇਵਾ ਗਰੀਬਾਂ ਦੀ ਕੀਤੀ ਜਾ ਸਕੇ, ਜਿੰਨੀਆਂ ਸਹੂਲਤਾਂ ਮਕਾਨਾਂ ਦੀਆਂ, ਪਲਾਟਾਂ ਦੇ ਸਬੰਧ ਵਿਚ ਦਿਤੀਆਂ ਜਾ ਸਕਣ, ਥੋੜੀਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਗਰੀਬਾਂ ਨੂੰ ਪਲਾਟ ਦੇਣ ਲਈ ਅਸੀਂ ਵੱਡੇ ਪਲਾਟਾਂ ਦੇ ਰੇਟ ਵਿਚ ਵਾਧਾ ਕਰਾਂਗੇ ਅਤੇ ਛੋਟੇ ਪਲਾਟ ਦੀ ਕੀਮਤ ਘੱਟ ਰੱਖਾਂਗੇ ਤਾਂਕਿ ਵਡੇ ਪਲਾਟਾਂ ਵਿਚੋਂ ਪੈਸਾ ਬਚਾਕੇ ਇਨ੍ਹਾਂ ਗਰੀਬਾਂ ਨੂੰ ਸਬਸਿਡੀ ਦਿਤੀ ਜਾ ਸਕੇ ਅਤੇ ਇਸ ਤਰ੍ਹਾਂ ਇਨ੍ਹਾਂ ਨੂੰ ਥੋੜੇ ਪੈਸਿਆਂ ਨਾਲ ਪਲਾਟ ਵੀ ਮਿਲ ਸਕਣਗੇ ਅਤੇ ਹਾਊਸਿੰਗ ਬੋਰਡ ਵਲੋਂ ਥੋੜੇ ਥੋੜੇ ਪੈਸਿਆਂ ਨਾਲ ਉਨ੍ਹਾਂ ਨੂੰ ਇਕ ਮਕਾਨ ਬਣਾ ਕੇ ਵੀ ਅਸੀਂ ਦੇਣ ਦਾ ਯਤਨ ਕਰਾਂਗੇ। ਕਿਉਂਕਿ ਸਰਦਾਰ ਬੇਅੰਤ ਸਿੰਘ ਜੀ ਦੀ ਇਹ ਪਾਲਿਸੀ ਹੈ ਕਿ ਗਰੀਬ ਲੋਕਾਂ ਨੂੰ ਮਕਾਨ ਦਿਤੇ ਜਾਣ ਅਤੇ ਹੋਰ ਸਹੂਲਤਾਂ ਮੁਹਈਆ ਕੀਤੀਆਂ ਜਾਣ। ਪੰਜਾਬ ਹਾਊਸਿੰਗ ਬੋਰਡ ਬੜੀ ਮਿਹਨਤ ਨਾਲ ਯਤਨ ਕਰ ਰਿਹਾ ਹੈ ਔਰ ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਸਾਡੇ ਪਿਆਰੇ ਮੁੱਖ ਮੰਤਰੀ ਜੀ ਨੇ ਪੰਜਾਬ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਅਥਾਰਟੀ ਬਣਾਉਣ ਦਾ ਐਲਾਨ ਕੀਤਾ ਹੈ। ਜਿਸ ਦੇ ਨਾਲ ਅਸੀਂ ਪਲੈਨਿੰਗ ਦੇ ਨਾਲ ਸ਼ਹਿਰਾਂ ਦੀ ਡਿਵੈਲਪਮੈਂਟ ਕਰ ਸਕਾਂਗੇ ਔਰ ਪੁਰਾਣੇ ਸ਼ਹਿਰਾਂ ਵਿਚ ਜਿੱਥੇ ਸੀਵਰੇਜ ਦੀਆਂ ਅਤੇ ਹੋਰ ਸਹੂਲਤਾਂ ਨਹੀਂ ਹਨ ਉਨ੍ਹਾਂ ਦਾ ਮਿਆਰ ਹੋਰ ਉਚਾ ਕਰਾਂਗੇ ਅਤੇ ਜੋ ਲੋਕ ਤੰਗ ਗਲੀਆਂ ਵਿਚ ਨਹੀਂ ਰਹਿਣਾ ਚਾਹੁੰਦੇ ਅਸੀਂ ਸਾਰੇ ਪੰਜਾਬ ਦੇ ਵਿਚ ਹਰ ਜ਼ਿਲ੍ਹੇ ਵਿਚ ਅਰਬਨ ਐਸਟੇਟ ਨਾਲ ਕੰਮ ਕਰਾਂਗੇ ਤਾਂਕਿ ਲੋਕਾਂ ਨੂੰ ਮੌਕਾ ਦੇ ਸਕੀਏ ਕਿ ਉਹ ਆਪਣੇ ਨਵੇਂ ਪਲਾਟ ਲੈ ਕੇ ਮਕਾਨ ਬਣਾ ਸਕਣ ਅਤੇ ਨਾਲ ਨਾਲ ਹੀ ਸਾਡਾ ਯਤਨ ਹੋਵੇਗਾ ਕਿ ਗਰੀਬ ਲੋਕਾਂ ਨੂੰ ਛੋਟੇ ਛੋਟੇ ਪਲਾਟ 50% ਘੱਟ ਰੇਟ ਤੇ ਦਿਤੇ ਜਾਣ ਅਤੇ ਮਕਾਨ ਬਣਾ ਕੇ ਦਿੱਤੇ ਜਾਣ। ਪੰਜਾਬ ਦੇ ਲੋਕਾਂ ਦੀ ਸੇਵਾ ਵਾਸਤੇ ਪੰਜਾਬ ਦਾ ਹਾਊਸਿੰਗ ਡਿਵੈਲਪਮੈਂਟ ਬੋਰਡ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ]

ਪੂਰੀ ਲਗਨ ਨਾਲ ਕੰਮ ਕਰੇਗਾ। ਸਰਦਾਰ ਸਾਹਿਬ ਦਾ ਜੋ ਨਿਸ਼ਾਨਾ ਹੈ ਉਸਨੂੰ ਪੂਰਾ ਕਰਾਂਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਹਾਉਸ ਨੂੰ ਫਿਰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਜੋ ਕਮੀਆਂ ਹਾਉਸਿੰਗ ਡਿਵੈਲਪਮੈਂਟ ਬੋਰਡ ਵਿਚ ਹਨ, ਉਨ੍ਹਾ ਨੂੰ ਦੂਰ ਕਰ ਦਿੱਤਾ ਜਾਵਗਾ ਅਤੇ ਇਸ ਨੂੰ ਅਗੇ ਵਧਾਇਆ ਜਾਵੇਗਾ। ਜੋ ਗਲਤੀ ਕਰਨਗੇ, ਉਨ੍ਹਾ ਨੂੰ ਕਦੇ ਮਾਫ ਨਹੀਂ ਕੀਤਾ ਜਾਵੇਗਾ।

**ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ)** : ਸਪੀਕਰ ਸਾਹਿਬ, ਅੱਛੀ ਗੱਲ ਹੈ ਕਿ ਇਨ੍ਹਾਂ ਦੋਹਾਂ ਕਾਰਪੋਰੇਸ਼ਨਾਂ ਉਤੇ ਬਹਿਸ ਹੋਈ ਹੈ। ਇਨ੍ਹਾਂ ਦੋਵਾਂ ਦਾ ਤੁਅੱਲਕ ਹਾਉਸਿੰਗ ਨਾਲ ਹੈ। ਇਹ ਬਹੁਤ ਹੀ ਖੁਸ਼ੀ ਦੀ ਗਲ ਹੈ ਕਿ ਅਰਸ਼ੀ ਸਾਹਿਬ ਨੇ ਖਾਸ ਕਰਕੇ ਖੁਦ ਕਿਹਾ ਸੀ ਕਿ ਇਹ ਰਿਪੋਰਟ ਡਿਸਕਸ ਹੋਵੇ। ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਐਸੀ ਚੀਜ਼ ਨਹੀਂ ਜੋ ਕਰਿਟੀਸਾਈਜ਼ ਹੋਵੇ। ਸਾਰਿਆਂ ਨੇ ਤਾਰੀਫ ਕੀਤੀ। ਜੋਧਾਂ ਸਾਹਿਬ ਬੋਲ ਰਹੇ ਸਨ, ਉਨ੍ਹਾਂ ਨੇ ਵੀ ਤਾਰੀਫ ਕੀਤੀ। ਮੈਂ ਸਮਝਦਾ ਹਾਂ ਕਿ ਜਦੋਂ ਕਿਸੇ ਚੀਜ਼ ਦੀ ਤਾਰੀਫ ਹੋਵੇ ਤਾਂ ਉਸ ਵਿਚ ਕੋਈ ਖੂਬੀ ਜ਼ਰੂਰ ਹੁੰਦੀ ਹੈ। ਪੁਲਿਸ ਹਾਉਸਿੰਗ ਕਾਰਪੋਰੇਸ਼ਨ 1989 ਵਿਚ ਵਜੂਦ ਵਿਚ ਆਈ ਅਤੇ ਇਹੋ ਜਿਹੀਆਂ ਕਾਰਪੋਰੇਸ਼ਨਾਂ 14 ਸਟੇਟਸ ਵਿਚ ਹਨ। ਮੈ ਕਹਿਣਾ ਚਾਹੁੰਦਾ ਹਾਂ ਕਿ ਇਹ ਕਾਰਪੋਰੇਸ਼ਨ ਟੀਚਿੰਗ ਸਟੇਜ ਤੇ ਹੈ ਅਤੇ ਇਸ ਦੀ ਹਾਲਤ ਦੰਦੀਆਂ ਕੱਢਣ ਵਾਲੇ ਬੱਚੇ ਵਾਂਗ ਹੈ। ਪਰ ਫਿਰ ਵੀ ਇਸ ਨੇ ਬਹੁਤ ਹੀ ਮਹਾਨ ਕੰਮ ਕੀਤੇ। ਮੈਂ ਸਮਝਦਾ ਹਾਂ ਕਿ ਪੁਲਿਸ ਦੀ ਅੱਜ ਦੇਸ਼ ਨੂੰ ਬੜੀ ਲੋੜ ਹੈ। ਅੱਜ ਲੋਕ ਪੁਲਿਸ ਦੀ ਜ਼ਰੂਰਤ ਮਹਿਸੂਸ ਕਰਦੇ ਹਨ। ਕੁਝ ਕ੍ਰਿਟਿਸਿਜ਼ਮ ਵੀ ਕਰਦੇ ਹਨ। ਪੁਲਿਸ ਨੂੰ ਲੋੜ ਹੈ ਅੱਜ ਮਕਾਨਾਂ ਦੀ। ਪੁਲਿਸ ਦੇ ਮੁਲਾਜ਼ਮਾਂ ਵਾਸਤੇ ਪਹਿਲਾਂ ਇਹੋ ਜਿਹਾ ਕੋਈ ਬੰਦੋਬਸਤ ਨਹੀਂ ਸੀ। ਉਹ ਆਪਣੇ ਘਰਾਂ ਵਿਚ ਹੀ ਰਹਿੰਦੇ ਸਨ। ਕਿਸੇ ਨੂੰ ਆਪਣੇ ਬੱਚੇ ਦੀ ਤਕਲੀਫ ਸੀ। ਅਗਰ ਉਹ ਡਿਊਟੀ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਰਹਿਣ ਦੀ ਪਰਾਬਲਮ ਹੈ, ਰਾਤ ਨੂੰ ਸੌਣ ਨੂੰ ਕਮਰਾ ਨਹੀਂ। ਅੱਜ ਹਾਲਤ ਇਹ ਹਨ ਕਿ ਜਦੋਂ ਪੁਲਿਸ ਵਾਲੇ ਛੁੱਟੀ ਕੱਟਣ ਘਰ ਜਾਂਦੇ ਹਨ ਤਾਂ ਰਾਹ ਵਿਚ ਗੋਲੀਆਂ ਨਾਲ ਕਤਲ ਕਰ ਦਿਤਾ ਜਾਂਦਾ ਹੈ। ਉਨ੍ਹਾਂ ਦੇ ਰਿਸ਼ਤੇਦਾਰ ਮਾਰ ਦਿਤੇ ਜਾਂਦੇ ਹਨ। ਇਸ ਵਾਸਤੇ ਸੋਚਿਆ ਕਿ ਐਸੀਆਂ ਕਾਰਪੋਰੇਸ਼ਨਾਂ ਬਣਾਈਆਂ ਜਾਣ। ਸਾਡੇ ਕੋਲ ਫੰਡਜ਼ ਦੀ ਕਮੀ ਹੈ ਅਤੇ ਇਸ ਨੂੰ ਦੂਰ ਕਰਨ ਉਪਰੰਤ ਸਾਨੂੰ ਹਰ ਥਾਣੇ ਪੱਧਰ ਤੇ ਐਸੇ ਕੁਆਰਟਰ ਬਣਾਉਣੇ ਪੈਣਗੇ ਜਿਥੇ ਕਾਂਸਟੇਬਲ ਰਹਿ ਸਕਣ, ਐਸ. ਐਚ. ਓ. ਰਹਿ ਸਕਣ। ਜਦੋਂ ਇਹ ਸ਼ੁਰੂ ਕੀਤਾਂ ਤਾਂ 10 ਕਰੋੜ ਰੁਪਿਆ ਕਾਰਪੋਰੇਸ਼ਨ ਨੇ ਲਿੱਤਾ ਸੀ। ਇਸ ਤੋਂ ਬਾਅਦ ਪ੍ਰਾਸੈਸ ਸ਼ੁਰੂ ਕੀਤਾ। ਇੰਜੀਨੀਅਰ ਪੀ. ਡਬਲਿਊ. ਡੀ. ਤੋਂ ਲਏ ਅਤੇ ਰਿਟਾਇਰਡ ਅਫਸਰ ਵੀ ਲਗਾਏ। ਆਈ.ਜੀ. ਨੂੰ ਐਮ. ਡੀ. ਬਣਾਇਆ ਗਿਆ ਕਿਉਂਕਿ ਪੁਲਿਸ ਅਫਸਰ ਹਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਸੀ ਕਿ ਪੁਲਿਸ ਨੂੰ ਕੀ ਤਕਲੀਫਾਂ ਹਨ। ਥਾਣਿਆਂ ਦੀਆਂ ਬਿਲਡਿੰਗਾਂ ਠੇਕੇਦਾਰ ਰਾਹੀਂ ਬਣਾਈਆਂ ਜਾਂਦੀਅ ਹਨ। 1989 ਵਿਚ 18 ਬਿਲਡਿੰਗਾਂ ਬਣਾਈਆਂ ਗਈਆਂ। ਹੋਸਟਲ ਵੀ ਬਣਾਏ ਗਏ। 324 ਦੇ ਕਰੀਬ ਮਕਾਨ ਬਣਾਏ ਗਏ ਅਤੇ ਕੰਪਲੈਕਸ ਬਣਾਏ ਗਏ। ਦਫਤਰ ਵੀ ਬਣਾਏ ਹਨ ਅਤੇ ਬੜੇ ਅੱਛੇ ਬਣੇ ਹਨ। ਹੁਣੇ ਚੌਧਰੀ ਜਗਜੀਤ ਸਿੰਘ ਹੋਰੀਂ ਬੋਲੇ ਸਨ। ਉਨ੍ਹਾਂ ਨੇ ਹਾਉਸਿੰਗ ਡਿਵੈਲਪਮੈਂਟ ਦੀ ਗੱਲ ਕੀਤੀ ਹੈ ਔਰ ਇਹ ਵੀ ਇਕ ਕਾਰਪੋਰੇਸ਼ਨ ਹੈ ਜਿਸ ਨੇ ਬੜਾ ਅੱਛਾ ਕੰਮ ਕੀਤਾ ਹੈ ਇਨ੍ਹਾਂ ਸਾਲਾਂ ਦੇ ਅੰਦਰ। ਉਨ੍ਹਾਂ ਨੇ ਬੜੇ ਐਗਜ਼ਾਸਟਿਵ ਤਰੀਕੇ ਨਾਲ ਗਲ ਕੀਤੀ ਹੈ। ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਭਾਵੇਂ ਪੀ. ਡਬਲਿਯੂ. ਡੀ. ਹੋਵੇ ਜਾਂ ਮਾਰਕੀਟਿੰਗ ਬੋਰਡ ਹੋਵੇ ਜਾਂ ਕੋਈ ਕਾਰਪੋਰੇਸ਼ਨ ਹੋਵੇ ਜਾਂ ਪੁਲਿਸ ਕਾਰਪੋਰੇਸ਼ਨ ਹੋਵੇ,

Original with;
Punjab Vidhan Sabha
Digitized by;
Panjab Digital Library

ਇਹ ਮੈਂ ਥੋੜੇ ਜਿਹੜੇ ਗਿਣੇ ਹਨ ਹੋਰ ਵੀ ਬਹੁਤ ਸਾਰੇ ਮਹਿਕਮੇ ਹਨ ਜਿਹੜੇ ਸੜਕਾਂ ਔਰ ਮਕਾਨ ਬਣਾਉਣ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਦੇ ਬਾਰੇ ਕਿਹਾ ਜਾਂਦਾ ਹੈ ਕਿ ਤੇਸੀ ਔਰ ਕਾਂਡੀ ਖੜਕਦੀ ਰਹਿੰਦੀ ਹੈ। ਅੱਜ ਡਿਵੈਲਪਮੈਂਟ ਤਾਂ ਹੀ ਹੋ ਸਕਦੀ ਹੈ ਜੇ ਸੀਮਿੰਟ ਲਗਦਾ ਰਹੇ ਅਤੇ ਕਾਂਡੀ ਤੇਸੀ ਦਾ ਕੰਮ ਹੁੰਦਾ ਰਹੇ । ਪੁਲਿਸ ਵਾਲਿਆਂ ਨੇ ਬਹੁਤ ਅੱਛੇ ਕੰਮ ਕੀਤੇ ਹਨ। ਆਪਣੀਆਂ ਜਾਨਾਂ ਵੀ ਦਿੱਤੀਆਂ ਹਨ ਔਰ ਉਹ ਸਭ ਕੁਝ ਕਰਨ ਲਈ ਤਿਆਰ ਰਹਿੰਦੇ ਹਨ ਤਾਂ ਸਾਨੂੰ ਵੀ ਚਾਹੀਦਾ ਹੈ ਕਿ ਉਨ੍ਹਾਂ ਨੂੰ ਕੁਝ ਫੈਸਿਲਿਟੀਜ਼ ਦੇਈਏ। ਜੇ ਉਨ੍ਹਾਂ ਨੂੰ ਅਸੀਂ ਫੈਸਿਲਿਟੀਜ਼ ਨਾ ਦੇਈਏ ਤਾਂ ਮੈਂ ਸਮਝਦਾ ਹਾਂ ਕਿ ਇਹ ਬਹੁਤ ਬੁਰੀ ਗੱਲ ਹੋਵੇਗੀ। ਸਾਨੂੰ ਸੈਂਟ੍ਰਲ ਗੌਰਮਿੰਟ ਏਡ ਵੀ ਦਿੰਦੀ ਹੈ। ਪਿਛਲੇ ਸਾਲ 24 ਕਰੋੜ ਰੁਪਿਆ ਗਰਾਂਟ ਇਨ ਏਡ ਦਾ ਦਿਤਾ ਔਰ ਕੁਝ ਸਾਡੀ ਸਰਕਾਰ ਆਪਣੇ ਕੋਲੋਂ ਵੀ ਪੈਸੇ ਪਾ ਰਹੀ ਹੈ ਅਤੇ ਪਾਉਂਦੀ ਹੈ ਔਰ ਪੈਸਾ ਪਾ ਕੇ ਇਕ ਐਸਾ ਪ੍ਰੋਗਰਾਮ ਬਣਾਇਆ ਹੈ ਜਿਸ ਦੇ ਨਾਲ ਸਾਰੀ ਪੁਲਿਸ ਫੋਰਸ ਮਹਿਸੂਸ ਕਰ ਸਕੇ ਕਿ ਸਾਨੂੰ ਵੀ ਕੋਈ ਸਹੂਲਤ ਦੇਣ ਵਾਲਾ ਹੈ, ਸਾਨੂੰ ਵੀ ਕੋਈ ਆਰਾਮ ਦੇਣ ਵਾਲਾ ਹੈ। ਸਪੀਕਰ ਸਾਹਿਬ, ਤੁਸੀਂ ਦੇਖਿਆ ਹੋਣਾ ਹੈ ਕਿ ਬਾਰਡਰ ਦੇ ਏਰੀਏ ਦੇ ਵਿਚ ਬੀ.ਐਸ. ਐਫ. ਦੇ ਲਈ ਮਕਾਨ ਹਨ, ਸੀ.ਆਰ. ਪੀ. ਐਫ. ਦੀਆਂ ਬੈਰਿਕਸ ਵੀ ਬਹੁਤ ਹਨ ਲੇਕਿਨ ਫਿਰ ਵੀ ਦੇਖਦੇ ਹਾਂ ਕਿ ਪੂਰਾ ਨਹੀਂ ਸਰਦਾ। ਉਨ੍ਹਾਂ ਦੇ ਲਈ ਕਈ ਕੰਪਲੈਕਸ ਵੀ ਬਣਾਏ ਹਨ ਪਰ ਕੰਮਪਲੈਕਸ ਜੋ ਬਣੇ ਹਨ ਉਨ੍ਹਾਂ ਲਈ ਵੀ ਦੇਖਿਆ ਹੈ ਕਿ ਸਾਡੀ ਇਹ ਜੋ ਕਾਰਪੋਰੇਸ਼ਨ ਹੈ ਇਸ ਕੰਮ ਵਿਚ ਬਹੁਤਾ ਕੋਈ ਅੱਗੇ ਨਹੀਂ ਵਧੀ। ਫਿਲੌਰ ਦਾ ਕਿਲਾ ਹੈ, ਉਸ ਦਾ, ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਨਾਲ ਵੀ ਸਬੰਧਤ ਹੈ। ਉਥੇ ਦਾ ਜੋ ਕਿਲਾ ਹੈ ਉਥੇ ਥੋੜੇ ਦਿਨ ਹੋਏ ਮੈਂ ਗਿਆ ਹਾਂ। ਉਥੇ ਜਾ ਕੇ ਮੈਂ ਦੇਖਿਆ ਹੈ ਕਿ ਉਸ ਕਿਲੇ ਦੀਆਂ ਦੀਵਾਰਾਂ ਦੇ ਵਿਚ ਤਰੇੜਾਂ ਆਈਆਂ ਹੋਈਆਂ ਹਨ । ਮੈਂ ਸਮਝਦਾ ਹਾਂ ਕਿ ਕਿਧਰੇ ਉਹ ਢਹਿ ਢੇਰੀ ਨਾ ਹੋ ਜਾਵੇ । ਅਸੀਂ ਇਕ ਮੀਟਿੰਗ ਬੁਲਾਕੇ ਦੇਖਾਂਗੇ ਕਿ ਇਸ ਕਿਲੇ ਦੀ ਜਿਸ ਦੀ ਸ਼ਾਨ ਨਿਰਾਲੀ ਹੈ, ਉਸ ਨੂੰ ਇਸ ਹਾਲਤ ਤੋਂ ਕਿਵੇਂ ਬਚਾਉਣਾ ਹੈ।

ਸਪੀਕਰ ਸਾਹਿਬ, ਜਦੋਂ ਦੀ ਟਰੇਨਿੰਗ ਸ਼ੁਰੂ ਹੋਈ ਹੈ ਬੜੀਆਂ ਬੈਰਿਕਾਂ ਬਣੀਆਂ ਹਨ ਲੇਕਿਨ ਇਨ੍ਹਾਂ ਬੈਰਿਕਾਂ ਨਾਲ, ਪੁਲਿਸ ਲਈ ਜੋ ਹਾਊਸਿਜ਼ ਬਣਾਏ ਹਨ ਉਨ੍ਹਾਂ ਨਾਲ ਸਰਦਾ ਨਹੀਂ । ਇਸ ਦੇ ਵਿਚ ਹਰ ਸਾਲ ਦੇ ਸਾਲ ਬਿਹਤਰੀ ਲਿਆਂਦੀ ਜਾਵੇਗੀ ਅਤੇ ਇਸਦੇ ਵਿਚ ਜੋ ਕੰਮ ਪੈਂਡਿੰਗ ਪਏ ਹਨ ਉਹ ਸਾਡੀ ਪੁਲਿਸ ਕਾਰਪੋਰੇਸ਼ਨ ਕਰੇਗੀ। ਮੈਂ ਅਰਜ਼ ਕਰਾਂਗਾ ਕਿ ਸਾਡੇ ਦੋਸਤ ਨੇ ਇਹ ਚੰਗਾ ਕੀਤਾ ਹੈ ਕਿ ਇਹ ਕਾਰਪੋਰੇਸ਼ਨ ਚੁਣੀ ਹੈ ਬਹਿਸ ਲਈ। ਪਰ ਮੈਂ ਕੋਈ ਗਲ ਕਹਿੰਦਾ ਚੰਗਾ ਨਹੀਂ ਲਗਦਾ ਲੇਕਿਨ ਇਹ ਕਹਿਣਾ ਚਾਹੁੰਦਾ ਹਾਂ ਕਿ ਕੋਈ ਐਸੀ ਕਾਰਪੋਰੇਸ਼ਨ ਚੁਣ ਕੇ ਲਿਆਉਂਦੇ ਜਿਸ ਦੇ ਵਿਚ ਕੋਈ ਨੁਕਸ ਵੀ ਕੱਢ ਸਕਦੇ, ਕੋਈ ਨੁਕਸ ਕੱਢਣ ਵਾਲੀ ਕਾਰਪੋਰੇਸ਼ਨ ਚੁਣ ਕੇ ਲਿਆਉਂਦੇ। ਸਪੀਕਰ ਸਾਹਿਬ, ਆਪੋਜੀਸ਼ਨ ਦਾ ਮਤਲਬ ਹੈ ਸਾਡੇ ਨੁਕਸ ਕੱਢ ਕੇ ਸਾਨੂੰ ਦੱਸਣ ਫਿਰ ਵੀ ਜੋ ਅਰਸ਼ੀ ਸਾਹਿਬ ਨੇ ਕੁਝ ਸੁਜੇਸ਼ਨਜ਼ ਦਿੱਤੀਆਂ ਹਨ ਮੈਂ ਉਨ੍ਹਾਂ ਸੁਜੇਸ਼ਨਜ਼ ਦੀ ਬੜੀ ਭਾਰੀ ਕਦਰ ਕਰਦਾ ਹਾਂ। ਅਰਸ਼ੀ ਸਾਹਿਬ ਇਕ ਅਗਾਂਹ ਵਧੂ ਪਾਰਟੀ ਦੇ ਮੈਂਬਰ ਹਨ। ਮੈਂ ਉਨ੍ਹਾਂ ਨੂੰ ਯਕੀਨ ਦੁਆਉਣਾਂ ਚਾਹੁੰਦਾ ਹਾਂ ਕਿ ਜਿਹੜੇ ਥੋੜੇ ਬਹੁਤ ਨੁਕਸ ਹਨ ਇਸ ਕਾਰਪੋਰੇਸ਼ਨ ਦੀ ਵਰਕਿੰਗ ਵਿਚ, ਉਹ ਮੇਰੇ ਨਾਲ ਕਿਸੇ ਵੇਲੇ ਬੈਠ ਜਾਣ ਔਰ ਬੈਠ ਕੇ ਅਸੀਂ ਉਹ ਨੁਕਸ ਦੂਰ ਕਰ ਦੇਵਾਂਗੇ ਇਹ ਬੜੀ ਅੱਛੀ ਗਲ ਹੋਈ ਹੈ ਕਿ ਦੋ ਕਾਰਪੋਰੇਸ਼ਨਾਂ ਦੀ ਵਰਕਿੰਗ ਤੇ ਡਿਸਕਸ਼ਨ ਹੋਈ ਹੈ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ ]

ਔਰ ਇਹ ਇਕ ਅੱਛੀ ਪ੍ਰੰਪਰਾ ਬਣੀ ਹੈ। ਜਿਹੜੀਆਂ ਕਾਰਪੋਰੇਸ਼ਨਾਂ ਹਨ ਉਨ੍ਹਾਂ ਨੇ ਜੋ ਕੰਮ ਕੀਤਾ ਹੈ, ਉਸ ਦੇ ਬਾਰੇ ਇਸ ਮੁਤਬਰਕ ਹਾਊਸ ਦੇ ਵਿਚ ਡਿਸਕਸ਼ਨ ਹੋਣੀ ਚਾਹੀਦੀ ਹੈ। ਅੱਜ ਤਾਂ ਹਾਊਸ ਨੇ ਸਾਈਨੇ ਡਾਈ ਐਡਜਰਨ ਹੋ ਜਾਣਾ ਹੈ। ਦੁਆਰਾ ਜਦੋਂ ਫਿਰ ਇਹ ਹਾਊਸ ਮਿਲੇਗਾ ਤਾਂ ਜ਼ਰੂਰ ਕੋਈ ਕਾਰਪੋਰੇਸ਼ਨ ਲਿਆਉ ਜਿਸ ਤੇ ਅਸੀਂ ਬਹਿਸ ਕਰਾਂਗੇ, ਲੋਕਾਂ ਨੂੰ ਪਤਾ ਲਗੇਗਾ ਸਾਨੂੰ ਵੀ ਪਤਾ ਲਗੇਗਾ ਕਿ ਸਾਡੇ ਇਹ ਇਹ ਨੁਕਸ ਹਨ । ਇਤਨੀ ਗੱਲ ਕਰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸ੍ਰੀ ਸਪੀਕਰ** : ਮੈਂ ਸਿਰਫ ਦੋ ਚੀਜ਼ਾਂ ਬਾਰੇ ਕਹਿਣਾ ਚਾਹਾਂਗਾ। ਇਕ ਤਾਂ ਇਹ ਕਿ ਹਾਊਸ ਤੋਂ ਬਾਅਦ ਪੰਜਾਬੀ ਰੀਜਨਲ ਰੂਮ ਵਿਚ ਇੰਡੀਅਨ ਪਾਰਲੀਮੈਂਟ ਐਸੋਸੀਏਸ਼ਨ ਦੀ ਮੀਟਿੰਗ ਹੋਵੇਗੀ, ਉਸ ਵਿਚ ਸਾਰੇ ਮੈਂਬਰ ਸਾਹਿਬਾਨ ਹਾਜ਼ਰ ਹੋਣਗੇ।

ਦੂਸਰੀ ਗੱਲ ਇਹ ਹੈ ਕਿ ਲੀਡਰ ਆਫ ਦੀ ਹਾਊਸ ਟਰੈਜ਼ਰੀ ਬੈਂਚਿਜ਼, ਲੀਡਰ ਆਫ ਦੀ ਆਪੋਜ਼ੀਸ਼ਨ, ਆਪੋਜ਼ੀਸ਼ਨ ਪਾਰਟੀਆਂ ਦੇ ਲੀਡਰ ਸਾਹਿਬਾਨ ਅਤੇ ਆਪੋਜ਼ੀਸ਼ਨ ਪਾਰਟੀਆਂ ਦੇ ਮੈਂਬਰ ਸਾਹਿਬਾਨ ਦਾ ਮੈਂ ਦਿੱਲੋਂ ਧੰਨਵਾਦੀ ਹਾਂ ਕਿ ਤੁਹਾਡੇ ਕੋਆਪ੍ਰੇਸ਼ਨ ਨਾਲ ਹਾਊਸ ਬੜਾ ਅੱਛਾ ਚਲਿਆ ਔਰ ਤੁਸੀਂ ਬੜੇ ਕਨਸਟਰਕਟਿਵ ਤਰੀਕੇ ਨਾਲ ਹਾਊਸ ਚਲਾਇਆਂ।

The House stands adjourned *sine die*.

| | |
|---|---|
| *1.30 P.M. | (*The Sabha then adjourned *sine die*). |

*Original with;*
Punjab Vidhan Sabha
*Digitized by;*
Panjab Digital Library

APPENDIX

TO

PUNJAB VIDHAN SABHA DEBATES

*Dated, 7th April, 1993*

Vol. IV—No. 20

## STARRED QUESTIONS AND ANSWERS

### ਸਰਕਾਰੀ ਹਾਈ ਸਕੂਲ ਸਰਾਂ ਅਮਾਨਤ ਖਾਂ, ਜ਼ਿਲ੍ਹਾ ਅੰਮ੍ਰਿਤਸਰ ਨੂੰ ਬਾਰਡਰ ਬੈਲਟ ਵਿਚੋਂ ਕਢਣਾ

*997. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਸਰਕਾਰੀ ਹਾਈ ਸਕੂਲ ਸਰਾਂ ਅਮਾਨਤ ਖਾਂ ਜੋ ਬਾਰਡਰ ਤੋਂ ਤਿੰਨ ਕੁ ਕਿਲੋਮੀਟਰ ਦੂਰ ਹੈ ਅਤੇ ਜੋ ਪਹਿਲਾਂ ਬਾਰਡਰ, ਬੈਲਟ ਅਧੀਨ ਆਉਂਦਾ ਸੀ, ਹੁਣ ਬਾਰਡਰ ਬੈਲਟ ਵਿਚੋਂ ਕੱਢ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ;

(ਅ) ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲ ਨੂੰ ਦੁਬਾਰਾ ਬਾਰਡਰ ਬੈਲਟ ਵਿਚ ਸ਼ਾਮਲ ਕਰਨ ਦੀ ਤਜਵੀਜ਼ ਹੈ। ਜੇਕਰ ਅਜਿਹਾ ਹੋਵੇ ? ਤਾਂ ਕਦੋਂ ?

**ਸ੍ਰੀ ਹਰਨਾਮ ਦਾਸ ਜੌਹਰ** : (ਏ) ਹਾਂ ਜੀ, ਪਰੰਤੂ ਇਹ ਸਕੂਲ ਬਾਰਡਰ ਬੈਲਟ ਵਿਚੋਂ ਕਦੇ ਨਹੀਂ ਕੱਢਿਆ ਗਿਆ।

(ਬੀ) ਸਵਾਲ ਹੀ ਨਹੀਂ ਉਠਦਾ ਕਿਉਂ ਜੋ ਇਸ ਸਕੂਲ ਨੂੰ ਕਦੇ ਵੀ ਬਾਰਡਰ ਬੈਲਟ ਵਿਚੋਂ ਨਹੀਂ ਕੱਢਿਆ ਗਿਆ।

---

### Reinstatement of Suspended B.P.E.Os. and Clerks of Education Department

*994. **Sardar Sukhdev Singh Shahbazpuri** : Will the Minister for Education be pleased to state :—

(a) whether it is a fact that during the President's Rule in the State (1989—92), some Block Primary Education Officers and clerks were placed under suspension on acount of payment of L.T.C., to some Primary Teachers in contravention to the relavant Rules regarding L.T.C., if so their names and dates of their suspension;

Original with;
Punjab Vidhan Sabha
Digitized by;
Panjab Digital Library

(b) whether the officers/clerks mentioned in para (a) above have since been reinstated, if so the dates of their reinstatement in each case together with the details of places of their postings ?

**ਸਰਦਾਰ ਲਖਮੀਰ ਸਿੰਘ ਰੰਧਾਵਾ** : (ੳ) ਜੀ ਹਾਂ, ਸਬੰਧਤ ਬੀ.ਪੀ.ਈ.ਓਜ਼ ਅਤੇ ਕਲਰਕਾਂ ਦੇ ਨਾਵਾਂ ਦੀ ਸੂਚੀ ਅਤੇ ਉਨ੍ਹਾਂ ਦੀ ਮੁਅੱਤਲੀ ਦੀ ਮਿਤੀ ਅਨੁਲੱਗ 'ੳ' ਤੇ ਅਨੁਲੱਗ 'ਅ' ਤੇ ਹੈ ਜੀ।

(ਅ) ਜੀ ਹਾਂ, ਸਾਰੇ ਬੀ.ਪੀ.ਈ.ਓਜ਼ ਅਤੇ ਕਲਰਕ ਹੁਣ ਬਹਾਲ ਕੀਤੇ ਜਾ ਚੁੱਕੇ ਹਨ। ਇਨ੍ਹਾਂ ਬੀ.ਪੀ.ਈ.ਓਜ਼/ਕਲਰਕਾਂ ਦੀ ਬਹਾਲੀ ਦੀ ਮਿਤੀ ਅਤੇ ਉਨ੍ਹਾਂ ਦੀ ਵਰਤਮਾਨ ਪੋਸਟਿੰਗ ਦੀ ਥਾਂ ਅਨੁਲੱਗ 'ੳ' ਅਤੇ 'ਅ' ਤੇ ਹੈ ਜੀ।

ਅਨੁਲੱਗ 'ੳ'

| ਲੜੀ ਨੰ: | ਬੀ.ਪੀ.ਈ.ਓ. ਦਾ ਨਾਮ ਅਤੇ ਮੁਅੱਤਲੀ ਸਮੇਂ ਪੋਸਟਿੰਗ ਸਥਾਨ | ਮੁਅੱਤਲੀ ਦੀ ਮਿਤੀ | ਬਹਾਲੀ ਦੀ ਮਿਤੀ | ਬਹਾਲੀ ਉਪਰੰਤ ਪੋਸਟਿੰਗ ਸਥਾਨ |
|---|---|---|---|---|
| 1 | 2 | 3 | 4 | 5 |
| | ਸਰਵਸ਼੍ਰੀ/ਸ਼੍ਰੀਮਤੀ | | | |
| 1 | ਨਰੰਜਣ ਸਿੰਘ, ਰੋਪੜ-1 | 11-7-90 | 31-1-91 | ਰੋਪੜ-1 |
| 2 | ਗੁਰਮੇਲ ਸਿੰਘ, ਕੁਰਾਲੀ ... | 11-7-90 | 2-7-91 | ਕੁਰਾਲੀ (ਰਿਟਾਇਰਡ) |
| 3 | ਨਿਰਮਲਾ ਦੇਵੀ, ਰੋਪੜ-2 ... | 11-7-90 | 2-7-91 | ਸੈਂਟਰ ਹੈਡ ਟੀਚਰ ਰਿਵਰਟ ਕੀਤਾ ਗਿਆ |
| 4 | ਪਰੇਮ ਸਿੰਘ, ਮਾਜਰੀ (ਰੋਪੜ) | 11-7-90 | 25-5-91 | ਮਾਜਰੀ (ਰੋਪੜ) |
| 5 | ਗਿਆਨ ਸਿੰਘ, ਚਮਕੌਰ ਸਾਹਿਬ (ਰੋਪੜ) | 11-7-90 | 25-6-91 | ਖਰੜ-1 |
| 6 | ਹਰਭਜਨ ਕੌਰ, ਖਰੜ-3 ... | 30-7-90 | 25-6-91 | ਖਰੜ-3 |
| 7 | ਮੋਹਿੰਦਰ ਕੌਰ, ਖਰੜ-1 ... | 30-7-90 | 3-7-91 | ਕੁਰਾਲੀ (ਰੋਪੜ) |
| 8 | ਦਮਿਅੰਤੀ ਕਪੂਰ, ਨੂਰਪੁਰਬੇਦੀ | 30-7-90 | 28-7-91 | ਨੰਗਲ (ਰੋਪੜ) |
| 9 | ਜਨਕ ਦੁਲਾਰੀ, ਨੰਗਲ ... | 30-7-90 | 7-7-91 | ਆਨੰਦਪੁਰ ਸਾਹਿਬ (ਰੋਪੜ) |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ੍ਰੀ/ਸ੍ਰੀਮਤੀ — | | | |
| 10 | ਵੇਦ ਵਿਆਸ, ਸਮਰਾਲਾ (ਲੁਧਿਆਣਾ) | 8-8-90 | 4-7-91 | ਖੰਨਾ-2 (ਲੁਧਿਆਣਾ) |
| 11 | ਮੇਹਰ ਸਿੰਘ, ਖੰਨਾ-2 ... (ਲੁਧਿਆਣਾ) | 8-8-90 | 13-8-91 | ਸਮਰਾਲਾ-2 (ਲੁਧਿਆਣਾ) |
| 12 | ਬਿਮਲਾ ਵੈਕਟਰ, ਦੋਰਾਹਾ (ਲੁਧਿਆਣਾ) | 8-8-90 | 13-11-91 | ਖੰਨਾ-1 (ਲੁਧਿਆਣਾ) |
| 13 | ਪਿਆਰਾ ਸਿੰਘ, ਸੁਧਾਰ (ਲੁਧਿਆਣਾ) | 8-8-90 | 2-8-90 | ਲੁਧਿਆਣਾ (ਹੈਡ ਕੁਆ-ਟਰ) |
| 14 | ਬਲਵੰਤ ਕੌਰ, ਪੱਖੋਵਾਲ (ਲੁਧਿਆਣਾ) | 5-9-90 | 8-7-91 | ਸੁਧਾਰ (ਲੁਧਿਆਣਾ) |
| 15 | ਸੁਰਜੀਤ ਕੌਰ, ਡੇਹਲੋਂ-1 (ਲੁਧਿਆਣਾ) | 6-9-90 | 18-7-91 | ਲੁਧਿਆਣਾ-1 |
| 16 | ਜਗੀਰ ਕੌਰ, ਜਗਰਾਓਂ (ਲੁਧਿਆਣਾ) | 5-9-90 | 25-6-91 | ਡੇਹਲੋਂ-1 (ਲੁਧਿਆਣਾ) |
| 17 | ਦਿਆ ਸਿੰਘ, ਮਾਛੀਵਾੜਾ (ਲੁਧਿਆਣਾ) | 5-9-90 | 1-4-91 | ਮਾਛੀਵਾੜਾ (ਲੁਧਿਆਣਾ) |
| 18 | ਮੋਹਿੰਦਰ ਸਿੰਘ, ਡੇਹਲੋਂ-2 (ਲੁਧਿਆਣਾ) | 6-9-90 | 4-7-91 | ਸਮਰਾਲਾ-2 (ਲੁਧਿਆਣਾ) |
| 19 | ਕਮਲਾ ਸਹੋਤਾ, ਲੁਧਿਆਣਾ-1 | 19-10-90 | 26-7-91 | ਸਮਰਾਲਾ-1 (ਲੁਧਿਆਣਾ) |
| 20 | ਗਿਆਨ ਸਿੰਘ, ਲੁਧਿਆਣਾ-3 | 19-10-90 | 4-7-91 | ਸਿੱਧਵਾਂ-2 (ਲੁਧਿਆਣਾ) |
| 21 | ਨਰਿੰਦਰ ਕੌਰ, ਲੁਧਿਆਣਾ-3 | 19-10-90 | 25-6-91 | ਖੰਨਾ-1 (ਲੁਧਿਆਣਾ) |
| 22 | ਬਹਾਦਰ ਸਿੰਘ, ਮਾਂਗਟ-1 ... | 19-10-90 | 12-7-91 | ਲੁਧਿਆਣਾ-2 |
| 23 | ਜਸਵੰਤ ਕੌਰ, ਮਾਂਗਟ-2 ... | 19-10-90 | 25-6-91 | ਜਗਰਾਓਂ (ਲੁਧਿਆਣਾ) |
| 24 | ਨਸੀਬ ਕੌਰ, ਮਾਂਗਟ-3 ... (ਲੁਧਿਆਣਾ) | 19-10-90 | 25-6-91 | ਦੋਰਾਹਾ (ਲੁਧਿਆਣਾ) |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ਼੍ਰੀ/ਸ਼੍ਰੀਮਤੀ— | | | |
| 25 | ਗੁਰਦੇਵ ਸਿੰਘ, ਸਮਰਾਲਾ-1 (ਲੁਧਿਆਣਾ) | 19-10-90 | 28-6-91 | ਖਮਾਣੋਂ (ਫਤਿਹਗੜ੍ਹ ਸਾਹਿਬ) |
| 26 | ਭਜਨ ਸਿੰਘ, ਖੰਨਾ (ਲੁਧਿਆਣਾ) | 19-10-90 | 18-7-91 | ਡੇਹਲੋਂ-2 (ਲੁਧਿਆਣਾ) |
| 27 | ਸਾਧੂ ਸਿੰਘ, ਭਵਾਨੀਗੜ੍ਹ (ਸੰਗਰੂਰ) | 11-9-90 | 23-1-91 | ਲਹਿਰਾਗਾਗਾ (ਸੰਗਰੂਰ) |
| 28 | ਨਿਰਮਲ ਕੌਰ, ਸੰਗਰੂਰ-1 | 19-10-90 | 18-7-91 | ਧੂਰੀ (ਸੰਗਰੂਰ) |
| 29 | ਜਗਦੀਪ ਸਿੰਘ, ਚੀਮਾ (ਸੰਗਰੂਰ) | 19-10-90 | 27-8-91 | ਸ਼ੇਰ ਪੁਰ (ਸੰਗਰੂਰ) |
| 30 | ਨਛੱਤਰ ਸਿੰਘ, ਅਹਿਮਦਗੜ੍ਹ (ਸੰਗਰੂਰ) | 19-10-90 | 13-7-91 | ਮਲੇਰਕੋਟਲਾ (ਸੰਗਰੂਰ) |
| 31 | ਹਰਮੇਲ ਕੌਰ, ਮਲੇਰਕੋਟਲਾ (ਸੰਗਰੂਰ) | 19-10-90 | 15-4-91 | ਮਲੇਰਕੋਟਲਾ-2 |
| 32 | ਬਸੰਤ ਸਿੰਘ, ਲਹਿਰਾਗਾਗਾ (ਸੰਗਰੂਰ) | 20-3-91 | 20-3-91 | ਸੈਂਟਰ ਹੈਡ ਟੀਚਰ ਰਿਵਰਟ ਕੀਤਾ ਗਿਆ |
| 33 | ਗੁਰਬਚਨ ਕੌਰ, ਮਲੇਰਕੋਟਲਾ (ਸੰਗਰੂਰ) | 20-3-91 | 5-7-91 | ਅਹਿਮਦਗੜ੍ਹ (ਸੰਗਰੂਰ) |
| 34 | ਜੀਤ ਸਿੰਘ, ਸੁਨਾਮ 2 (ਸੰਗਰੂਰ) | 20-3-91 | 28-6-91 | ਬਰਨਾਲਾ (ਸੰਗਰੂਰ) |
| 35 | ਰਛਪਾਲ ਸਿੰਘ, ਖੰਨਾ-1 | 8-8-90 | 13-1-92 | ਸਮਰਾਲਾ (ਲੁਧਿਆਣਾ) |
| 36 | ਹਰੀ ਸਿੰਘ, ਮਹਿਲ ਕਲਾਂ (ਸੰਗਰੂਰ) | 19-10-90 | 18-5-91 | ਸਹਿਣਾ (ਸੰਗਰੂਰ) |
| 37 | ਪ੍ਰੀਤਮ ਕੌਰ, ਸ਼ੇਰਪੁਰ (ਸੰਗਰੂਰ) | 19-10-90 | 12-7-91 | ਸ਼ੇਰਪੁਰ (ਸੰਗਰੂਰ) |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ੍ਰੀ/ਸ੍ਰੀਮਤੀ— | | | |
| 38 | ਮਾਇਆ ਦੇਵੀ, ਧੂਰੀ (ਸੰਗਰੂਰ) | 19-10-90 | 14-8-91 | ਸੰਗਰੂਰ-1 |
| 39 | ਨੰਦ ਲਾਲ ਬਠਿੰਡਾ .. | 19-10-90 | 4-2-91 | ਸੰਗਤ (ਬਠਿੰਡਾ) |
| 40 | ਨਾਜਰ ਸਿੰਘ, ਬੁਢਲਾਡਾ (ਮਾਨਸਾ) | 19-10-90 | 25-6-91 | ਝੁਨੀਰ (ਮਾਨਸਾ) |
| 41 | ਸ਼ਾਂਤੀ ਦੇਵੀ, ਰਾਮਪੁਰਾ ਫੂਲ (ਬਠਿੰਡਾ) | 19-10-90 | 15-7-91 | ਤਲਵੰਡੀ ਸਾਬੋ (ਬਠਿੰਡਾ) |
| 42 | ਗੁਰਚਰਨ ਕੌਰ, ਕਪੂਰਥਲਾ | 19-10-90 | 5-6-91 | ਕਪੂਰਥਲਾ (ਹੈਡ ਕੁਆਟਰ) |
| 43 | ਹਰਦਿਆਲ ਸਿੰਘ, ਕਪੂਰਥਲਾ--2 | 19-10-90 | 28-6-91 | ਕਪੂਰਥਲਾ-2 |
| 44 | ਮਦਨ ਗੋਪਾਲ, ਕਪੂਰਥਲਾ--3 | 19-10-90 | 28-6-91 | ਕਪੂਰਥਲਾ-2 |
| 45 | ਸਲਵੰਤ ਸਿੰਘ, ਸੁਲਤਾਨਪੁਰ ਲੋਧੀ (ਕਪੂਰਥਲਾ) | 19-10-90 | 22-10-91 | ਭੁਲੱਥ (ਕਪੂਰਥਲਾ) |
| 46 | ਰਾਜ ਕੁਮਾਰ ਫਗਵਾੜਾ ... | 19-10-90 | 2-7-91 | ਫਗਵਾੜਾ (ਕਪੂਰਥਲਾ) |
| 47 | ਕੁਸ਼ੱਲਿਆ ਦੇਵੀ, ਫਰੀਦਕੋਟ (ਹੈਡਕੁਆਟਰ) | 19-10-90 | 22-8-91 | ਫਰੀਦਕੋਟ-2 |
| 48 | ਬਲਬੀਰ ਕੌਰ, ਕੋਟ ਕਪੂਰਾ ... | 19-10-90 | 9-9-91 | ਕੋਟਕਪੂਰਾ (ਫਰੀਦਕੋਟ) |
| 49 | ਅਜੀਤ ਸਿੰਘ, ਮੋਗਾ--2 ... | 19-10-90 | 4-3-91 | ਮੋਗਾ-2 (ਫਰੀਦਕੋਟ) |
| 50 | ਸੱਤਨਾਮ ਸਿੰਘ, ਮੋਗਾ-1 ... | 19-10-90 | 9-4-91 | ਮੋਗਾ-1 |
| 51 | ਹਰਦੇਵ ਕੌਰ, ਮਲੋਟ (ਫਰੀਦਕੋਟ) | 19-10-90 | 30-7-91 | ਮਲੋਟ (ਫਰੀਦਕੋਟ) |
| 52 | ਵਿਧੀ ਸਿੰਘ, ਮੁਕੇਰੀਆਂ (ਹੁਸ਼ਿਆਰਪੁਰ) | 22-10-90 | 5-8-91 | ਹਾਜੀਪੁਰ (ਹੁਸ਼ਿਆਰਪੁਰ) |
| 53 | ਤਾਰਾ ਰਾਣੀ, ਮੁਕੇਰੀਆਂ-2 (ਹੁਸ਼ਿਆਰਪੁਰ) | 22-10-90 | 24-6-91 | ਮੁਕੇਰੀਆਂ-2 (ਹੁਸ਼ਿਆਰ-ਪੁਰ) |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ਼੍ਰੀ/ਸ਼੍ਰੀਮਤੀ — | | | |
| 54 | ਰਾਮਸਰਨ ਦਾਸ, ਸੁਨਾਮ–1 (ਸੰਗਰੂਰ) | 19-10-90 | 7-8-91 | ਸੁਨਾਮ–1 (ਸੰਗਰੂਰ) |
| 55 | ਹੰਸ ਰਾਜ, ਘੱਲ ਖੁਰਦ (ਫਿਰੋਜ਼ਪੁਰ) | 19-10-90 | 19-7-91 | ਜਲਾਲਾਬਾਦ (ਫਿਰੋਜ਼ਪੁਰ) |
| 56 | ਅੰਜਨਾ ਦੇਵੀ, ਫਿਰੋਜ਼ਪੁਰ–3 | 19-10-90 | 28-8-91 | ਫਿਰੋਜ਼ਪੁਰ–3 |
| 57 | ਨੰਦ ਲਾਲ, ਅਬੋਹਰ–1 (ਫਿਰੋਜ਼ਪੁਰ) | 19-10-90 | 3-9-91 | ਖੂਈਆਂ ਸਰਵਰ (ਫਿਰੋਜ਼ਪੁਰ) |
| 58 | ਵਰਿਆਮ ਸਿੰਘ, ਗੁਰੂਹਰ ਸਹਾਏ (ਫਿਰੋਜ਼ਪੁਰ) | 19-10-90 | 28-1-91 | ਗੁਰੂ ਹਰ ਸਹਾਏ 2 (ਫਿਰੋਜ਼ਪੁਰ) |
| 59 | ਪੁਸ਼ਪਿੰਦਰ ਕੌਰ, ਘੱਲ ਖੁਰਦ–1 (ਫਿਰੋਜ਼ਪੁਰ) | 19-10-90 | 19-8-91 | ਫਿਰੋਜ਼ਪੁਰ–4 |
| 60 | ਰਾਜ ਕੁਮਾਰ, ਫਿਰੋਜ਼ਪੁਰ ... | 19-10-90 | 27-11-91 | ਘੱਲ ਖੁਰਦ (ਫਿਰੋਜ਼ਪੁਰ) |
| 61 | ਸੰਗਤ ਰਾਮ, ਖੂਈਆਂ ਸਰਵਰ (ਫਿਰੋਜ਼ਪੁਰ) | 19-10-90 | 27-11-91 | ਅਬੋਹਰ–1 (ਫਿਰੋਜ਼ਪੁਰ) |
| 62 | ਬਖਸ਼ੀਸ਼ ਸਿੰਘ, ਜਲੰਧਰ ਪੱਛਮੀ | 19-10-90 | 30-7-91 | ਅਲਾਵਲਪੁਰ (ਜਲੰਧਰ) |
| 63 | ਬਖਸ਼ੀਸ਼ ਕੌਰ, ਅਲਾਵਲਪੁਰ (ਜਲੰਧਰ) | 15-10-90 | 5-7-91 | ਜਲੰਧਰ ਪੱਛਮੀ–2 |
| 64 | ਕੇਸਰ ਸਿੰਘ, ਨਵਾਂ ਸ਼ਹਿਰ (ਜਲੰਧਰ) | 19-10-90 | 17-7-91 | ਔੜ (ਜਲੰਧਰ) |
| 65 | ਸੋਹਨ ਸਿੰਘ, ਫਿਲੌਰ (ਜਲੰਧਰ) | 19-10-90 | 4-2-91 | ਗੋਰਾਇਆ (ਜਲੰਧਰ) |
| 66 | ਪਿਆਰੇ ਲਾਲ, ਰਾਜਪੁਰਾ–1 (ਪਟਿਆਲਾ) | 27-8-90 | 7-8-91 | ਰਾਜਪੁਰਾ–1 (ਪਟਿਆਲਾ) |
| 67 | ਘਨਸ਼ਾਮ ਮੁਥਗਿਲ, ਰਾਜਪੁਰਾ | 27-8-90 | 6-8-91 | ਨਾਭਾ–2 (ਪਟਿਆਲਾ) |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ੍ਰੀ/ਸ੍ਰੀਮਤੀ— | | | |
| 68 | ਰਾਮ ਕਿਸ਼ਨ ਬਸੀਪਠਾਨਾ–1 (ਫਤਿਹਗੜ੍ਹ ਸਾਹਿਬ) | 27-6-90 | 25-6-91 | ਸਰਹਿੰਦ–1 (ਫਤਿਹਗੜ੍ਹ ਸਾਹਿਬ) |
| 69 | ਅਜੈਬ ਸਿੰਘ, ਸਰਹਿੰਦ–1 (ਫਤਿਹਗੜ੍ਹ ਸਾਹਿਬ) | 22-6-90 | 25-6-91 | ਬਸੀ ਪਠਾਨਾ–1 (ਫਤਿਹਗੜ੍ਹ ਸਾਹਿਬ) |
| 70 | ਧਿਆਨ ਸਿੰਘ, ਬਸੀ ਪਠਾਨਾ-1 (ਫਤਿਹਗੜ੍ਹ ਸਾਹਿਬ) | 27-6-90 | 25-6-91 | ਸਰਹਿੰਦ–1 (ਫਤਿਹਗੜ੍ਹ ਸਾਹਿਬ) |
| 71 | ਰਾਜਿੰਦਰ ਕੌਰ, ਬਸੀ ਪਠਾਨਾ-2 | 22-6-90 | 25-6-91 | ਸਰਹਿੰਦ–2 |
| 72 | ਨਰੈਣ ਦੇਵ, ਸਮਾਣਾ-1 (ਪਟਿਆਲਾ) | 27-8-90 | 1-8-91 | ਸਮਾਣਾ-1 (ਪਟਿਆਲਾ) |
| 73 | ਪ੍ਰਕਾਸ਼ਵਤੀ, ਸਮਾਣਾ-2 | 23-6-90 | 26-7-91 | ਸਮਾਣਾ-2 (ਪਟਿਆਲਾ) |
| 74 | ਦਰਸ਼ਨ ਲਤਾ, ਭਾਦਸੋਂ-1 (ਪਟਿਆਲਾ) | 7-9-90 | 3-12-90 | ਭਾਦਸੋਂ-1 (ਪਟਿਆਲਾ) |
| 75 | ਨਰੰਜਨ ਕੌਰ, ਭਾਦਸੋਂ-2 (ਪਟਿਆਲਾ) | 7-9-90 | 3-12-90 | ਭਾਦਸੋਂ-1 |
| 76 | ਓਮ ਪਰਕਾਸ਼, ਭੁਨਰਹੇੜੀ–1 (ਪਟਿਆਲਾ) | 27-8-90 | 25-6-91 | ਭੁਨਰਹੇੜੀ–1 (ਪਟਿਆਲਾ) |
| 77 | ਨਰੈਣ ਦਾਸ, ਘਨੌਰ (ਪਟਿਆਲਾ) | 27-8-90 | 27-8-91 | ਬਨੂੜ |
| 78 | ਮੋਹਿੰਦਰ ਸਿੰਘ, ਬਨੂੜ | 27-8-90 | 27-8-91 | ਬਨੂੜ |
| 79 | ਰਾਮਸਰਨ ਦਾਸ, ਸੁਨਾਮ-1 (ਸੰਗਰੂਰ) | 27-8-90 | 27-8-91 | ਸੁਨਾਮ (ਰਿਟਾਇਰਡ) |
| 80 | ਮਨੋਹਰ ਲਾਲ, ਸੁਧਾਰ (ਲੁਧਿਆਣਾ) | 5-9-90 | .. | ਸਿੱਧਵਾਂ (ਲੁਧਿਆਣਾ) ਮੌਤ ਹੋ ਚੁੱਕੀ |
| 81 | ਅਮਰ ਨਾਥ, ਮਾਨਸਾ | 30-11-90 | 30-11-90 | ਮਾਨਸਾ |
| 82 | ਨਛੱਤਰ ਸਿੰਘ, ਸਿੱਧਵਾਂ-2 (ਲੁਧਿਆਣਾ) | 8-8-90 | 11-11-91 | ਸਿੱਧਵਾਂ–2 (ਲੁਧਿਆਣਾ) |

Original with;
Punjab Vidhan Sabha
Digitized by;
Panjab Digital Library

## ਅਨੁਲੱਗ "ਅ"

| ਲੜੀ ਨੰ: | ਕਰਮਚਾਰੀ ਦਾ ਨਾਂ ਅਤੇ ਮੁਅਤਲੀ ਸਮੇਂ ਨਿਯੁਕਤੀ ਸਥਾਨ | ਮੁਅੱਤਲੀ ਦੀ ਮਿਤੀ | ਬਹਾਲੀ ਦੀ ਮਿਤੀ | ਬਹਾਲੀ ਉਪਰੰਤ ਨਿਯੁਕਤੀ ਸਥਾਨ |
|---|---|---|---|---|
| 1 | 2 | 3 | 4 | 5 |
| | ਸਰਵ੍ ਸ਼੍ਰੀ/ਸ਼੍ਰੀਮਤੀ — | | | |
| 1 | ਸੁਰਮ ਸਿੰਘ, ਦ: ਬੀ. ਪੀ. ਈ. ਓ., ਰੋਪੜ -2 | 19-7-90 | 14-11-91 | ਸ. ਮ. ਤ. ਸ., ਨੰਗਲ ਟਾਊਨਸ਼ਿਪ (ਰੋਪੜ) |
| 2 | ਜਗਦੀਸ਼ ਚੰਦ ਦ. ਬੀ. ਪੀ. ਈ. ਓ., ਰੋਪੜ -1 | 19-7-90 | 10-9-91 | ਸ.ਸ.ਸ.ਸ., (ਗਰਲਜ਼) ਰੋਪੜ |
| 3 | ਰਾਮ ਚੰਦ, ਦ. ਬੀ. ਪੀ. ਈ. ਓ., ਮਾਜਰੀ (ਰੋਪੜ) | 19-7-90 | 21-10-91 | ਸ. ਹ. ਸ., ਸਿਆਲਵਾ (ਰੋਪੜ) |
| 4 | ਦਰਸ਼ਨ ਸਿੰਘ, ਦ.ਬੀ.ਪੀ.ਓ., ਚਮਕੌਰ ਸਾਹਿਬ (ਰੋਪੜ) | 19-7-90 | 13-11-91 | ਦ. ਬੀ. ਪੀ. ਈ. ਓ., ਚਮਕੌਰ ਸਾਹਿਬ (ਰੋਪੜ) |
| 5 | ਨਿਰਮਲ ਸਿੰਘ ਰੂਪਰਾਏ, ਦ. ਬੀ. ਪੀ. ਈ. ਓ., ਮੋਰਿੰਡਾ (ਰੋਪੜ) | 19-7-90 | 11-11-91 | ਦ. ਬੀ. ਪੀ. ਈ. ਓ., ਨੂਰਪੁਰ ਬੇਦੀ (ਰੋਪੜ) |
| 6 | ਜਥਾਤ ਰਾਮ, ਦ. ਬੀ. ਪੀ. ਈ. ਓ., ਨੰਗਲ (ਰੋਪੜ) | 6-8-90 | 8-10-91 | ਦ. ਬੀ. ਪੀ. ਈ. ਓ., ਨੰਗਲ (ਰੋਪੜ) |
| 7 | ਸੁਰਿੰਦਰ ਪਾਲ ਸਿੰਘ, ਦ. ਬੀ. ਪੀ. ਈ. ਓ., ਨੂਰਪੁਰ ਬੇਦੀ (ਰੋਪੜ) | 6-8-90 | 16-10-91 | ਦ. ਬੀ. ਪੀ. ਈ. ਓ., ਨੂਰਪੁਰ ਬੇਦੀ (ਰੋਪੜ) |
| 8 | ਬਾਲ ਕ੍ਰਿਸ਼ਨ, ਦ. ਬੀ. ਪੀ. ਈ. ਓ., ਆਨੰਦਪੁਰ ਸਾਹਿਬ (ਰੋਪੜ) | 6-8-90 | 11-9-91 | ਸ. ਹ. ਸ. ਮਟੌਰ (ਰੋਪੜ) |



Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ਼੍ਰੀ/ਸ਼੍ਰੀਮਤੀ — | | | |
| 9 | ਵਰਿੰਦਰ ਕੁਮਾਰ, ਦ. ਬੀ. ਪੀ. ਈ. ਓ., ਖਰੜ-1 (ਰੋਪੜ) | 6-8-90 | 16-12-91 | ਸ. ਸ. ਸ. ਸ. ਦਿਆਲਪੁਰ ਸੋਢੀਆਂ (ਪਟਿਆਲਾ) |
| 10 | ਪ੍ਰਿੰਕੋ ਸਿੰਘ, ਦ. ਬੀ. ਪੀ. ਈ. ਓ., ਖਰੜ-3 (ਰੋਪੜ) | 6-8-90 | 12-8-91 | ਸਰਕਾਰੀ ਕਾਲਜ, ਢੁੱਡੀਕੇ (ਫਰੀਦਕੋਟ) |
| 11 | ਓਂਕਾਰ ਸਿੰਘ, ਦ. ਬੀ. ਪੀ. ਈ. ਓ., ਤਖਤਗੜ੍ਹ (ਰੋਪੜ) | 6-8-90 | 29-11-91 | ਦ. ਬੀ. ਪੀ. ਈ. ਓ., ਤਖਤਗੜ੍ਹ (ਰੋਪੜ) |
| 12 | ਲਾਲ ਚੰਦ, ਦ. ਬੀ. ਪੀ. ਈ. ਓ., ਸਰਹਿੰਦ-1 (ਫਤਿਹਗੜ੍ਹ ਸਾਹਿਬ) | 19-7-90 | 12-10-91 | ਦ. ਬੀ. ਪੀ. ਈ. ਓ., ਸਰਹਿੰਦ-1 (ਫਤਿਹ-ਗੜ੍ਹ ਸਾਹਿਬ) |
| 13 | ਕ੍ਰਿਸ਼ਨ ਗੋਪਾਲ ਮਹਿਤਾ, ਦ. ਬੀ. ਪੀ. ਈ. ਓ., ਸਰਹਿੰਦ-2 (ਫਤਿਹਗੜ੍ਹ ਸਾਹਿਬ) | 19-7-90 | 16-10-91 | ਦ. ਬੀ. ਪੀ. ਈ. ਓ., ਸਰਹਿੰਦ-2 (ਫਤਿਹ-ਗੜ੍ਹ ਸਾਹਿਬ) |
| 14 | ਮਨਜੀਤ ਸਿੰਘ, ਦ. ਬੀ. ਪੀ. ਈ. ਓ., ਬੱਸੀ ਪਠਾਣਾ-2 (ਫਤਹਿਗੜ੍ਹ ਸਾਹਿਬ) | 19-7-90 | 16-10-91 | ਦ. ਬੀ. ਪੀ. ਈ. ਓ., ਬੱਸੀ ਪਠਾਣਾਂ (ਫਤਹਿ-ਗੜ੍ਹ ਸਾਹਿਬ) |
| 15 | ਗੁਰਮੇਲ ਸਿੰਘ, ਦ. ਬੀ. ਪੀ. ਈ. ਓ., ਬੱਸੀ ਪਠਾਣਾ-1 (ਫਤਹਿਗੜ੍ਹ ਸਾਹਿਬ) | 19-7-90 | 16-10-91 | ਦ. ਬੀ. ਪੀ. ਈ. ਓ., ਬੱਸੀ ਪਠਾਣਾਂ-1 (ਫਤਹਿਗੜ੍ਹ ਸਾਹਿਬ) |
| 16 | ਊਸ਼ਾ ਦੇਵੀ, ਦ. ਬੀ. ਪੀ. ਈ. ਓ., ਸਮਾਣਾ-2 (ਪਟਿਆਲਾ) | 5-12-90 | 14-10-91 | ਦ. ਬੀ. ਪੀ. ਈ. ਓ., ਸਮਾਣਾ-2 (ਪਟਿਆਲਾ) |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ਼੍ਰੀ/ਸ਼੍ਰੀਮਤੀ — | | | |
| 17 | ਅਮਰਜੀਤ ਸਿੰਘ, ਦ. ਬੀ. ਪੀ. ਈ. ਓ., ਭੁਨਰਹੇੜੀ (ਪਟਿਆਲਾ) | 5-12-90 | 16-10-91 | ਸ. ਹ. ਸ., ਘੁਢਾਣੀ ਕਲਾਂ (ਲੁਧਿਆਣਾ) |
| 18 | ਅਨਿਲ ਕੁਮਾਰ, ਦ. ਬੀ. ਪੀ. ਈ. ਓ., ਰਾਜਪੁਰਾ-1 (ਪਟਿਆਲਾ) | 5-12-90 | 30-9-91 | ਦ. ਬੀ. ਪੀ. ਈ. ਓ., ਰਾਜਪੁਰਾ-1 (ਪਟਿਆਲਾ) |
| 19 | ਗਿਆਨ ਚੰਦ, ਦ. ਬੀ. ਪੀ. ਈ. ਓ., ਬਨੂੜ ਐਟ ਰਾਜਪੁਰਾ (ਪਟਿਆਲਾ) | 5-12-90 | 16-10-91 | ਦ. ਬੀ. ਪੀ. ਈ. ਓ., ਰਾਜਪੁਰਾ-2 (ਪਟਿਆਲਾ) |
| 20 | ਬਸੰਦਾ ਰਾਮ, ਦ. ਬੀ. ਪੀ. ਈ. ਓ., ਰਾਜਪੁਰਾ-2 (ਪਟਿਆਲਾ) | 5-12-90 | 30-9-91 | ਦ. ਬੀ. ਪੀ. ਈ. ਓ., ਬਨੂੜ ਐਟ ਰਾਜਪੁਰਾ (ਪਟਿਆਲਾ) |
| 21 | ਹਰੀ ਚੰਦ, ਦ. ਬੀ. ਪੀ. ਈ. ਓ., ਸਮਾਣਾ-1 (ਪਟਿਆਲਾ) | 5-12-90 | 11-1-92 | ਦ. ਬੀ. ਪੀ. ਈ. ਓ., ਸਮਾਣਾ-1 (ਪਟਿਆਲਾ) |
| 22 | ਕੰਵਲਜੀਤ ਕੌਰ, ਦ. ਬੀ.ਪੀ. ਈ. ਓ., ਘਨੌਰ ਐਟ ਰਾਜਪੁਰਾ (ਪਟਿਆਲਾ) | 5-12-90 | 30-9-91 | ਸ. ਸ. ਸ. ਸ.,ਐਨ.ਟੀ.ਸੀ. ਰਾਜਪੁਰਾ (ਪਟਿਆਲਾ) |
| 23 | ਗੁਰਮੀਤ ਸਿੰਘ, ਦ. ਬੀ. ਪੀ. ਈ. ਓ., ਸਰਹਿੰਦ-3 ਐਟ ਅਮਲੋਹ (ਫਤਹਿਗੜ੍ਹ ਸਾਹਿਬ) | 5-12-90 | 14-11-91 | ਸ. ਹ. ਸ., ਫਤਹਿਪੁਰ (ਪਟਿਆਲਾ) |
| 24 | ਗੁਰਜਿੰਦਰ ਸਿੰਘ, ਬੀ. ਪੀ. ਈ. ਓ., ਭਾਦਸੋਂ-1, ਐਟ ਨਾਭਾ (ਪਟਿਆਲਾ) | 5-12-90 | 8-10-91 | ਦ. ਬੀ. ਪੀ. ਈ. ਓ., ਭਾਦਸੋਂ-1, ਐਟ ਨਾਭਾ (ਪਟਿਆਲਾ) |
| 25 | ਜੋਗਿੰਦਰ ਦੱਤ, ਦ. ਬੀ. ਪੀ. ਈ. ਓ., ਭਾਦਸੋਂ-2, ਐਟ ਨਾਭਾ (ਪਟਿਆਲਾ) | 5-12-90 | 13-9-91 | ਸ. ਸ. ਸ. ਸ., ਭਾਦਸੋਂ (ਪਟਿਆਲਾ) (ਇਸ ਦੀ ਮੌਤ ਹੋ ਚੁੱਕੀ ਹੈ) |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ੍ਰੀ/ਸ੍ਰੀਮਤੀ— | | | |
| 26 | ਦਲਜੀਤ ਸਿੰਘ, ਦ. ਬੀ. ਪੀ. ਈ. ਓ., ਸਿੱਧਵਾਂ ਬੇਟ (ਲੁਧਿਆਣਾ) | 5-12-90 | 16-10-91 | ਸ. ਹ. ਸ., ਮਲਿਕ (ਲੁਧਿਆਣਾ) |
| 27 | ਭਗਵੰਤ ਸਿੰਘ, ਦ. ਬੀ. ਪੀ. ਈ. ਓ., ਸਿੱਧਵਾਂ ਬੇਟ-2 (ਲੁਧਿਆਣਾ) | 5-12-90 | 14-10-91 | ਦ. ਬੀ. ਪੀ. ਈ. ਓ., ਘੱਲ ਖੁਰਦ (ਲੁਧਿਆਣਾ) |
| 28 | ਮੁਖਤਿਆਰ ਸਿੰਘ, ਦ. ਬੀ. ਪੀ. ਈ. ਓ., ਜਗਰਾਓਂ (ਲੁਧਿਆਣਾ) | 5-12-90 | 16-10-91 | ਦ. ਬੀ. ਪੀ. ਈ. ਓ., ਸਿੱਧਵਾਂ ਬੇਟ-2 (ਲੁਧਿਆਣਾ) |
| 29 | ਨਛੱਤਰ ਸਿੰਘ, ਦ. ਬੀ. ਪੀ. ਈ. ਓ., ਸੁਧਾਰ (ਲੁਧਿਆਣਾ) | 5-12-90 | 15-11-91 | ਦ. ਬੀ. ਪੀ. ਈ. ਓ., ਸੁਧਾਰ (ਲੁਧਿਆਣਾ) |
| 30 | ਸੁਰਿੰਦਰ ਸਿੰਘ, ਦ. ਬੀ. ਪੀ. ਈ. ਓ., ਡੇਹਲੋਂ-1 (ਲੁਧਿਆਣਾ) | 5-12-90 | 31-10-91 | ਸ. ਸ. ਸ. ਸ., ਡੇਹਲੋਂ, (ਲੁਧਿਆਣਾ) |
| 31 | ਕਰਨੈਲ ਸਿੰਘ, ਦ. ਡੀ. ਪੀ. ਈ. ਓ., ਡੇਹਲੋਂ-2 (ਲੁਧਿਆਣਾ) | 5-12-90 | 12-11-91 | ਦ. ਡੀ. ਪੀ. ਈ. ਓ., ਡੇਹਲੋਂ-2 (ਲੁਧਿਆਣਾ) |
| 32 | ਪਿਆਰਾ ਸਿੰਘ, ਦ. ਬੀ. ਪੀ. ਈ. ਓ., ਪੱਖੋਵਾਲ (ਲੁਧਿਆਣਾ) | 5-12-90 | 16-10-91 | ਦ. ਬੀ. ਪੀ. ਈ. ਓ., ਪੱਖੋਵਾਲ (ਲੁਧਿਆਣਾ) |
| 33 | ਮਹਿੰਦਰ ਸਿੰਘ, ਦ. ਬੀ. ਪੀ. ਈ. ਓ., ਦੋਰਾਹਾ (ਲੁਧਿਆਣਾ) | 5-12-90 | 12-11-91 | ਦ. ਬੀ. ਪੀ. ਈ. ਓ., ਦੁਰਾਹਾ (ਲੁਧਿਆਣਾ) |
| 34 | ਜਸਵੰਤ ਸਿੰਘ, ਦ. ਬੀ. ਪੀ. ਈ. ਓ., ਮਾਛੀਵਾੜਾ (ਲੁਧਿਆਣਾ) | 5-12-90 | 13-10-91 | ਸ. ਹਾਈ ਸਕੂਲ, ਕੋਟਾਲਾ |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ਼੍ਰੀ/ਸ਼੍ਰੀਮਤੀ — | | | |
| 35 | ਸੋਮ ਨਾਥ ਜੋਸ਼ੀ, ਦ. ਬੀ. ਪੀ. ਈ. ਓ., ਖੰਨਾ-1 (ਲੁਧਿਆਣਾ) | 5-12-90 | 23-11-91 | ਦ. ਬੀ. ਪੀ. ਈ. ਓ., ਧਰਮ ਕੋਟ |
| 36 | ਗੁਲਜ਼ਾਰ ਸਿੰਘ, ਦ. ਬੀ. ਪੀ. ਈ. ਓ., ਸਮਰਾਲਾ (ਲੁਧਿਆਣਾ) | 5-12-90 | 20-11-91 | ਸ. ਸ. ਸ. ਸ., ਸਮਰਾਲਾ (ਲੁਧਿਆਣਾ) |
| 37 | ਬੰਸੀ ਲਾਲ, ਦ. ਬੀ. ਪੀ. ਈ. ਓ., ਲੁਧਿਆਣਾ-1 | 5-12-90 | 6-3-92 | ਦ. ਬੀ. ਪੀ. ਈ. ਓ., ਲੁਧਿਆਣਾ-1 |
| 38 | ਓਮ ਪ੍ਰਕਾਸ਼, ਦ. ਬੀ. ਪੀ. ਈ. ਓ., ਲੁਧਿਆਣਾ-2 | 5-12-90 | 23-11-91 | ਲੁਧਿਆਣਾ-2 |
| 39 | ਬਲਦੇਵ ਰਾਜ, ਦ. ਬੀ. ਪੀ. ਈ. ਓ., ਲੁਧਿਆਣਾ-3 | 5-12-90 | 28-12-91 | ਲੁਧਿਆਣਾ-3 |
| 40 | ਮਨਮੋਹਨ ਸਿੰਘ, ਦ. ਬੀ. ਪੀ. ਈ. ਓ., ਮਾਂਗਟ-1 (ਲੁਧਿਆਣਾ) | 5-12 90 | 11-11-91 | ਮਾਂਗਟ-1 (ਲੁਧਿਆਣਾ) |
| 41 | ਬਰਹਮ ਦੱਤ, ਦ. ਬੀ. ਪੀ. ਈ. ਓ., ਮਾਂਗਟ-2 | 5-12-90 | 16-10-91 | ਮਾਂਗਟ-2 (ਲੁਧਿਆਣਾ) |
| 42 | ਬਲਵੰਤ ਸਿੰਘ, ਦ. ਬੀ. ਪੀ. ਈ. ਓ., ਸਮਰਾਲਾ-1 | 5-12-90 | 20-9 -91 | ਮਾਛੀਵਾੜਾ (ਲੁਧਿਆਣਾ) |
| 43 | ਗੁਰਮੇਲ ਸਿੰਘ, ਦ. ਬੀ. ਪੀ. ਈ. ਓ., ਖਮਾਣੋਂ ਕਲਾਂ | 5-12-90 | 29-11-91 | ਖਮਾਣੋਂ ਕਲਾਂ (ਲੁਧਿਆਣਾ) |
| 44 | ਜਿਵੇਂ ਕਿ ਲੜੀ ਨੰਬਰ 27 ਤੇ ਵੇਖਿਆ ਜਾਵੇ | | | |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ੍ਰੀ/ਸ੍ਰੀਮਤੀ— | | | |
| 45 | ਰੁਲਦੂ ਰਾਮ, ਦ. ਬੀ. ਪੀ. ਈ. ਓ., ਮਲੇਰਕੋਟਲਾ–1 | 5-12-90 | 16-10-91 | ਮਲੇਰਕੋਟਲਾ–1 (ਸੰਗਰੂਰ) |
| 46 | ਦਰਸ਼ਨ ਸਿੰਘ, ਦ. ਬੀ. ਪੀ. ਈ. ਓ., ਮਲੇਰਕੋਟਲਾ–2 | 5-12-90 | 29-11-91 | ਮਲੇਰਕੋਟਲਾ–2 (ਸੰਗਰੂਰ) |
| 47 | ਭਜਨ ਸਿੰਘ, ਦ. ਬੀ. ਪੀ. ਈ. ਓ., ਅਹਿਮਦਗੜ੍ਹ (ਸੰਗਰੂਰ) | 5-12-90 | 16-10-91 | ਅਹਿਮਦਗੜ੍ਹ (ਸੰਗਰੂਰ) |
| 48 | ਮੇਵਾ ਸਿੰਘ, ਦ. ਬੀ. ਪੀ. ਈ. ਓ., ਸ਼ੇਰਪੁਰ (ਸੰਗਰੂਰ) | 5-12-90 | 30-9-91 | ਸ. ਹ. ਸ., ਟਿੱਬਾ (ਸੰਗਰੂਰ) |
| 49 | ਰਣਧੀਰ ਸਿੰਘ, ਦ. ਬੀ. ਪੀ. ਈ. ਓ., ਮਹਿਲ ਕਲਾਂ (ਸੰਗਰੂਰ) | 5-12-90 | 23-11-91 | ਦ. ਬੀ. ਪੀ. ਈ. ਓ., ਮਹਿਲ ਕਲਾਂ (ਸੰਗਰੂਰ) |
| 50 | ਈਤ ਸਿੰਘ, ਦ. ਬੀ. ਪੀ. ਈ. ਓ., ਬਰਨਾਲਾ (ਸੰਗਰੂਰ) | 5-12-90 | 3-9-91 | ਸ. ਹ. ਸ., ਢੱਗੂਵਾਲਾ (ਸੰਗਰੂਰ) |
| 51 | ਹਰਚੇਤ ਸਿੰਘ, ਦ. ਬੀ. ਪੀ. ਈ. ਓ., ਲਹਿਰਾਗਾਗਾ (ਸੰਗਰੂਰ) | 5-12-90 | 1-11-91 | ਦ. ਬੀ. ਪੀ. ਈ. ਓ., ਲਹਿਰਾਗਾਗਾ (ਸੰਗਰੂਰ) |
| 52 | ਹਰੀ ਕ੍ਰਿਸ਼ਨ, ਦ. ਬੀ. ਪੀ. ਈ. ਓ., ਸੁਨਾਮ–1 (ਸੰਗਰੂਰ) | 5-12-90 | 16-10-91 | ਦ. ਬੀ. ਪੀ. ਈ. ਓ., ਸੁਨਾਮ–1 (ਸੰਗਰੂਰ) |
| 53 | ਅਮਰੀਕ ਸਿੰਘ, ਦ. ਬੀ. ਪੀ. ਈ. ਓ., ਸੁਨਾਮ–2 (ਸੰਗਰੂਰ) | 5-12-90 | 23-11-91 | ਸ. ਹ. ਸ., ਭੈ[illegible] (ਸੰਗਰੂਰ) |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ੍ਰੀ/ਸ੍ਰੀਮਤੀ— | | | |
| 54 | ਵੇਦ ਪ੍ਰਕਾਸ਼, ਦ. ਬੀ. ਪੀ. ਈ. ਓ., ਸੰਗਰੂਰ-1 | 5-12-90 | 3-10-91 | ਦ. ਬੀ. ਪੀ. ਈ. ਓ., ਸੰਗਰੂਰ-1 |
| 55 | ਅਮਰ ਨਾਥ, ਦ. ਬੀ. ਪੀ. ਈ. ਓ., ਚੀਮਾ (ਸੰਗਰੂਰ) | 5-12-90 | 16-10-91 | ਦ. ਬੀ. ਪੀ. ਈ. ਓ., ਚੀਮਾ, ਸੰਗਰੂਰ |
| 56 | ਸਰੂਪ ਚੰਦ, ਦ. ਬੀ. ਪੀ. ਈ. ਓ., ਧੂਰੀ (ਸੰਗਰੂਰ) | 5-12-90 | 12-10-91 | (ਇਸ ਕਰਮਚਾਰੀ ਦੀ ਮੌਤ ਹੋ ਚੁੱਕੀ ਹੈ) |
| 57 | ਬਲਬੀਰ ਕ੍ਰਿਸ਼ਨ, ਦ. ਬੀ. ਪੀ. ਈ. ਓ., ਸੰਗਰੂਰ-2 | 5-12-90 | 27-9-91 | ਸ. ਹ. ਸ., ਕੁਰੜ (ਸੰਗਰੂਰ) |
| 58 | ਤਰਸੇਮ ਚੰਦ, ਦ. ਬੀ. ਪੀ. ਈ. ਓ., ਬਠਿੰਡਾ | 5-12-90 | 26-2-91 | ਦ. ਬੀ. ਪੀ. ਈ. ਓ., ਬਠਿੰਡਾ |
| 59 | ਨਛੱਤਰ ਸਿੰਘ, ਦ. ਬੀ. ਪੀ. ਈ. ਓ., ਮੰਡੀ ਫੂਲ ਈਸਟ (ਬਠਿੰਡਾ) | 5-12-90 | 16-10-91 | ਸ. ਸ. ਸ. ਸ., ਨਥਾਣਾ (ਬਠਿੰਡਾ) |
| 60 | ਪੰਨਾ ਲਾਲ, ਦ. ਬੀ. ਪੀ. ਈ. ਓ., ਬੁਢਲਾਡਾ (ਬਠਿੰਡਾ) | 5-12-90 | 16-10-91 | ਸ. ਗ. ਹ. ਸ., ਬੁਢਲਾਡਾ (ਬਠਿੰਡਾ) |
| 61 | ਵਿਸ਼ਨੂੰ ਕੁਮਾਰ, ਦ. ਬੀ. ਪੀ. ਈ. ਓ., ਫਿਰੋਜ਼ਪੁਰ | 5-12-90 | 20-12-91 | ਦ. ਬੀ. ਪੀ. ਈ. ਓ., ਫਿਰੋਜ਼ਪੁਰ-3 |
| 62 | ਲਛੂ ਰਾਮ, ਦ. ਬੀ. ਪੀ. ਈ. ਓ., ਘੱਲ, ਖੁਰਦ ਐਟ ਮੱਲ ਵਾਲਾ ਕਦੀਮ (ਫਿਰੋਜ਼ਪੁਰ) | 5-12-90 | 6-11-91 | ਸ. ਹ. ਸ., ਸਕੂਰ (ਫਿਰੋਜ਼ਪੁਰ) |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ੍ਰੀ/ਸ੍ਰੀਮਤੀ — | | | |
| 63 | ਰਾਜਪਾਲ ਸ਼ਰਮਾ, ਦ: ਬੀ. ਪੀ. ਈ. ਓ., ਗੁਰੂ ਹਰ ਸਹਾਏ 2 (ਫਿਰੋਜ਼ਪੁਰ) | 5-12-90 | 23-11-91 | ਦ. ਬੀ. ਪੀ. ਈ. ਓ., ਗੁਰੂ ਹਰ ਸਹਾਏ (ਫਿਰੋਜ਼ਪੁਰ) |
| 64 | ਸੁਭਾਸ਼ ਚੰਦਰ, ਦ.ਬੀ.ਪੀ.ਈ.ਓ., ਅਬੋਹਰ -1 (ਫਿਰੋਜ਼ਪੁਰ) | 5-12-90 | 22-10-91 | ਦ: ਬੀ. ਪੀ. ਈ. ਓ., ਅਬੋਹਰ -1 (ਫਿਰੋਜ਼ਪੁਰ) |
| 65 | ਭਗਵਾਨ ਦਾਸ, ਦ: ਬੀ. ਪੀ. ਈ. ਓ., ਖੂਈਆਂ ਸਰਵਰ (ਫਿਰੋਜ਼ਪੁਰ) | 5-12-90 | 11-11-91 | ਸ. ਹ. ਸ., ਸੱਪਾਂ ਵਾਲੀ (ਫਿਰੋਜ਼ਪੁਰ) |
| 66 | ਸੰਤੋਸ਼ ਰਾਣੀ, ਦ: ਬੀ. ਪੀ. ਈ. ਓ., ਕਪੂਰਥਲਾ -1 | 5-12-90 | 22-10-91 | ਦ: ਬੀ. ਪੀ. ਈ. ਓ., (ਕਪੂਰਥਲਾ -1 |
| 67 | ਸੁਲਕਸ਼ਨਾ ਸ਼ਰਮਾ, ਦ: ਬੀ. ਪੀ. ਈ. ਓ., ਕਪੂਰਥਲਾ -2 | 5-12-90 | 7-6-91 | ਦ: ਬੀ. ਪੀ. ਈ. ਓ., ਕਪੂਰਥਲਾ–2 |
| 68 | ਜਸਪਾਲ ਵੰਤੀ, ਦ: ਬੀ. ਪੀ. ਈ. ਓ., ਕਪੂਰਥਲਾ -3 | 5-12-90 | 16-9-91 | ਦ. ਬੀ. ਪੀ. ਈ. ਓ., ਕਪੂਰਥਲਾ–3 |
| 69 | ਦਰਸ਼ਨ ਕੁਮਾਰ, ਦ: ਬੀ. ਪੀ. ਈ. ਓ., ਸੁਲਤਾਨਪੁਰ -2 (ਕਪੂਰਥਲਾ) | 5-12-90 | 23-8-91 | ਦ: ਬੀ. ਪੀ. ਈ. ਓ., ਸੁਲਤਾਨਪੁਰ–2 ਕਪੂਰਥਲਾ) |
| 70 | ਮਨਜੀਤ ਕੌਰ, ਦ: ਬੀ. ਪੀ. ਈ. ਓ., ਫਗਵਾੜਾ (ਕਪੂਰਥਲਾ) | 5-12-90 | 7-6-91 | ਸ. ਹ. ਸ.. ਅਲਾਵਲਪੁਰ (ਜਲੰਧਰ) |
| 71 | ਸੁਦਰਸ਼ਨ ਲਾਲ, ਦ: ਬੀ. ਪੀ. ਈ. ਓ., ਅਲਾਵਲਪੁਰ (ਜਲੰਧਰ) | 5-12-90 | 30-9-91 | ਸ. ਸ. ਸ. ਸ., ਔੜ (ਜਲੰਧਰ) |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | ਸਰਵਸ਼੍ਰੀ/ਸ਼੍ਰੀਮਤੀ — | | | |
| 72 | ਜੋਗਿੰਦਰਪਾਲ, ਦ: ਬੀ. ਪੀ. ਈ. ਓ., ਆਦਮਪੁਰ (ਜਲੰਧਰ) | 5-12-90 | 30-8-91 | ਸ. ਸ. ਸ. ਸ., ਕਾਲਾ ਬਕਰਾ (ਗੁਰਦਾਸਪੁਰ) |
| 73 | ਓ. ਪੀ. ਮਹਿਤਾ, ਦ: ਬੀ. ਪੀ. ਈ. ਓ., ਨਵਾਂ ਸ਼ਹਿਰ-1 | 5-12-90 | 16-10-91 | ਸ. ਹ. ਸ., ਗੁਣਾਚੋਰ (ਜਲੰਧਰ) |
| 74 | ਟੇਕ ਚੰਦ, ਦ: ਬੀ. ਪੀ. ਈ. ਓ., ਜਲੰਧਰ ਵੈਸਟ-1 | 5-12-90 | 18-6-91 | ਦ. ਬੀ. ਪੀ. ਈ. ਓ., ਅਲਾਵਲਪਰ (ਜਲੰਧਰ) |
| 75 | ਰਾਜ ਕ੍ਰਿਸ਼ਨ, ਦ: ਬੀ. ਪੀ. ਈ. ਓ., ਫਿਲੌਰ (ਜਲੰਧਰ) | 5-12-90 | 17-6-91 | ਦ. ਬੀ. ਪੀ. ਈ. ਓ.. ਫਿਲੌਰ (ਜਲੰਧਰ) |
| 76 | ਮਨਜੀਤ ਸਿੰਘ, ਦ: ਬੀ. ਪੀ. ਈ. ਓ., ਖੰਨਾ-2 (ਲੁਧਿਆਣਾ) | 5-12-90 | 6-11-91 | ਦ: ਬੀ. ਪੀ. ਈ. ਓ., ਖੰਨਾ-2 (ਲੁਧਿਆਣਾ) |

6950 PVS—Govt. Press, U.T., Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1993

Published under the authority of the Punjab Vidhan Sabha and
printed by the Controller Govt. Press, (U. T.), Chandigarh,

Original with;
Punjab Vidhan Sabha
Digitized by;
Panjab Digital Library

ANNEXURE

TO

# Punjab Vidhan Sabha Debates

*7th April,* 1993

**Vol. IV—No. 20**

OFFICIAL REPORT

CONTENTS

*Wednesday, the 7th April,* 1993


| | | Page |
|---|---|---|
| Unstarred Questions (Converted as such from being Starred Questions) and Answers for the meeting of the Punjab Vidhan Sabha held on 7th April, 1993 | .. | (20)1 |
| Appendix | .. | (i) |


Punjab Vidhan Sabha Secretariat, Chandigarh.

**Price :** Rs. 110-00

riginal with;
unjab Vidhan Sabha
igitized by;

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Wednesday, the 7th April, 1993*

## Annexure

*This Annexure contains Unstarred Questions (converted as such from being Starred Questions and Answers) for the meeting dated 7th April, 1993*

---

**Unstarred Questions (converted as such from being Starred Questions) and Answers for the 7th April, 1993**

**ਪੁਲਿਸ ਅਫਸਰ, ਕਰਮਚਾਰੀਆਂ ਨੂੰ ਸੇਵਾ ਵਿਚ ਵਾਧਾ**

*699. (C.U.) (1) ਕਾਮਰੇਡ ਹਰਦੇਵ ਸਿੰਘ ਅਰਸ਼ੀ
(2) ਸ੍ਰੀਮਤੀ ਵਿਮਲਾ ਡਾਂਗ } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੇ ਕੁਝ ਪੁਲਿਸ ਅਫਸਰਾਂ/ਕਰਮਚਾਰੀਆਂ ਨੂੰ ਸੇਵਾ ਨਿਵਿਰਤ ਹੋਣ ਤੋਂ ਬਾਅਦ ਵਿਚ ਮੁੜ ਰੁਜ਼ਗਾਰ ਦਿਤਾ ਗਿਆ, ਸੇਵਾ ਵਿਚ ਵਾਧਾ ਕੀਤਾ ਗਿਆ ਹੈ। ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਣ ਕੀ ਹਨ ਅਤੇ ਉਨ੍ਹਾਂ ਅਫਸਰਾਂ/ਕਰਮਚਾਰੀਆਂ ਦੇ ਨਾਂ, ਅਹੁਦਾ ਅਤੇ ਉਨ੍ਹਾਂ ਦੀ ਇਸ ਸਮੇਂ ਉਮਰ ਕਿੰਨੀ ਹੈ ਜੋ ਅਜੇ ਵੀ ਸੇਵਾ ਵਿਚ ਹਨ ?

**ਸਰਦਾਰ ਬੇਅੰਤ ਸਿੰਘ** : (ੳ) ਕਿਸੇ ਵੀ ਪੁਲਿਸ ਅਫਸਰ ਨੂੰ ਸੇਵਾ ਨਿਵਿਰਤ ਹੋਣ ਉਪਰੰਤ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਵਿਚ ਮੁੜ ਨਿਯੁਕਤ/ਸੇਵਾ ਵਿਚ ਵਾਧਾ ਨਹੀਂ ਕੀਤਾ ਗਿਆ। ਪਰ ਲੋਕ ਨਿਰਮਾਣ ਅਤੇ ਆਰਕੀਟੈਕਟ ਵਿਭਾਗਾਂ ਤੋਂ ਸੇਵਾ ਨਿਵਿਰਤ ਹੋਏ ਕੁਝ ਤਕਨੀਕੀ ਅਤੇ ਹੋਰ ਅਫਸਰਾਂ/ਕਰਮਚਾਰੀਆਂ ਅਤੇ ਪੁਲਿਸ ਵਿਭਾਗ ਤੋਂ ਸੇਵਾ ਨਿਵਿਰਤ ਹੋਏ ਕੁਝ ਸਿਵਲੀਅਨ ਕਲੈਰੀਕਲ ਸਟਾਫ ਅਤੇ ਮੁੱਖ ਸਿਪਾਹੀ/ ਸਿਪਾਹੀ ਡਰਾਈਵਰਾਂ ਨੂੰ ਪੁਲਿਸ ਕਾਰਪੋਰੇਸ਼ਨ ਵਿਚ ਕੰਟਰੈਕਟ ਆਧਾਰ ਤੇ ਰੱਖਿਆ ਗਿਆ ਹੈ।

(ਅ) ਪੁਲਿਸ ਮੁਲਾਜ਼ਮਾਂ ਲਈ ਰਿਹਾਇਸ਼ੀ ਮਕਾਨਾਂ ਅਤੇ ਪੁਲਿਸ ਸਟੇਸ਼ਨਾਂ ਦੀ ਉਸਾਰੀ ਦੇ ਕੰਮ ਨੂੰ ਸੰਤੁਸ਼ਟ ਤੌਰ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ, ਉਨ੍ਹਾਂ ਦਾ ਪੱਧਰ 12 ਪ੍ਰਤੀਸ਼ਤ ਤੋਂ ਘੱਟੋ ਘੱਟ 40 ਪ੍ਰਤੀਸ਼ਤ, ਪਹਿਲ ਦੇ ਆਧਾਰ ਤੇ ਲਿਆਉਣ ਲਈ, 3,000-4,000 ਮਕਾਨ ਹਰ ਸਾਲ, ਅਗਲੇ 5 ਸਾਲਾਂ ਤੱਕ ਤਿਆਰ ਕਰਨ ਲਈ, ਤਜ਼ਰਬੇਕਾਰ ਤਕਨੀਕੀ ਅਤੇ ਹੋਰ ਸਟਾਫ ਲੋੜੀਂਦਾ ਸੀ। ਉਨ੍ਹਾਂ ਕਰਮਚਾਰੀਆਂ/ਅਧਿਕਾਰੀਆਂ ਦੇ ਨਾਂ ਅਤੇ ਅਹੁਦੇ, ਜੋ ਸੇਵਾ ਨਿਵਿਰਤ ਉਪਰੰਤ, ਕੰਟਰੈਕਟ ਨਿਯੁਕਤੀ ਤੇ ਕਾਰਪੋਰੇਸ਼ਨ ਵਿਚ ਹਨ, ਨਾਲ ਨੱਥੀ ਕੀਤੇ ਜਾਂਦੇ ਹਨ।

---

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਅਨੁਲਗ

| ਲੜੀ ਨੰ: | ਨਾਂ | ਕਾਰਪੋਰੇਸ਼ਨ ਵਿਚ ਅਹੁਦਾ | ਉਮਰ ਜੇ ਹੁਣ ਸਰਵਿਸ ਵਿਚ ਹੈ | ਕੰਟਰੈਕਟ ਆਧਾਰ ਦੇ ਖਤਮ ਹੋਣ ਦੀ ਮਿਤੀ |
|---|---|---|---|---|
| 1 | 2 | 3 | 4 | 5 |
| 1 | ਸ੍ਰੀ ਅਵਤਾਰ ਸਿੰਘ ਸਹਿਮੀ, ਆਰਕੀਟੈਕਟ (ਆਰਕੀਟੈਕਟ ਵਿਭਾਗ ਤੋਂ ਸੇਵਾ ਨਿਵਿਰਤ) | ਆਰਕੀਟੈਕਟ | 60 ਸਾਲ 2 ਮਹੀਨੇ | 2-5-94 |
| 2 | ਸ੍ਰੀ ਇੰਦਰਜੀਤ ਸਿੰਘ, ਸਹਾਇਕ ਇੰਜੀਨੀਅਰ (ਲੋ: ਨਿ: ਵਿ: ਤੋਂ ਸੇਵਾ ਨਿਵਿਰਤ) | ਸਹਾਇਕ ਇੰਜੀਨੀਅਰ (ਪਲੈਨਿੰਗ) | 65 ਸਾਲ 3 ਮਹੀਨੇ | 7-9-93 |
| 3 | ਸ੍ਰੀ ਕੇਸਰ ਸਿੰਘ, ਸਹਾਇਕ ਇੰਜੀਨੀਅਰ (ਜਸ) ਲੋ: ਨਿ: ਵਿ: ਤੋਂ ਸੇਵਾ ਨਿਵਿਰਤ) | ਸਹਾਇਕ ਇੰਜੀਨੀਅਰ (ਪਲੈਨਿੰਗ) (ਜਸ) | 62 ਸਾਲ 2 ਮਹੀਨੇ | 18-6-94 |
| 4 | ਸ੍ਰੀ ਕਰਨੈਲ ਸਿੰਘ, ਸੁਪਰਡੰਟ, (ਲੋ:ਨਿ:ਵਿ: ਤੋਂ ਸੇਵਾ ਨਿਵਿਰਤ) | ਸਹਾਇਕ | 61 ਸਾਲ | 13-10-93 |
| 5 | ਸ੍ਰੀ ਹਰਬੰਸ ਸਿੰਘ, ਮੁੱਖ ਨਕਸ਼ਾਨਵੀਸ (ਲੋ:ਨਿ:ਵਿ: ਤੋਂ ਸੇਵਾ ਨਿਵਿਰਤ) | ਮੁੱਖ ਨਕਸ਼ਾਨਵੀਸ | 61 ਸਾਲ 3 ਮਹੀਨੇ | 25-12-93 |
| 6 | ਸ੍ਰੀ ਰਮੇਸ਼ ਬਾਲੀ, ਸੁਪਰਡੰਟ (ਲੋ:ਨਿ:ਵਿ: ਤੋਂ ਸੇਵਾ ਨਿਵਿਰਤ) | ਸਹਾਇਕ | 60 ਸਾਲ | 23-12-93 |
| 7 | ਸ੍ਰੀ ਤਾਰਾ ਸਿੰਘ ਭਾਗ ਲਾਲ, ਸੁਪਰਡੰਟ (ਪੁਲਿਸ ਵਿਭਾਗ ਤੋਂ ਸੇਵਾ ਨਿਵਿਰਤ) | ਪ੍ਰਬੰਧਕ ਅਫਸਰ | 62 ਸਾਲ | 31-7-93 |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| 8 | ਸ੍ਰੀ ਜਮਨਾ ਦਾਸ, ਸੁਪਰਡੰਟ (ਪੁਲਿਸ ਵਿਭਾਗ ਤੋਂ ਸੇਵਾ ਨਿਵਿਰਤ) | ਸੁਪਰਡੰਟ | 59 ਸਾਲ 10 ਮਹੀਨੇ | 2-9-93 |
| 9 | ਸ੍ਰੀ ਬਰਿਜ ਲਾਲ, ਸਹਾਇਕ (ਪੁਲਿਸ ਵਿਭਾਗ ਤੋਂ ਸੇਵਾ ਨਿਵਿਰਤ) | ਲੇਖਾ ਸਹਾਇਕ | 59 ਸਾਲ 7 ਮਹੀਨੇ | 11-12-93 |
| 10 | ਸ੍ਰੀ ਗੁਰਦਿਆਲ ਸਿੰਘ, ਮੁੱਖ ਸਿਪਾਹੀ (ਸੇਵਾ ਨਿਵਿਰਤ) | ਡਰਾਈਵਰ | 66 ਸਾਲ 5 ਮਹੀਨੇ | 17-10-93 |
| 11 | ਸ੍ਰੀ ਜਗਨ ਨਾਥ, ਮੁੱਖ ਸਿਪਾਹੀ (ਸੇਵਾ ਨਿਵਿਰਤ) | ਡਰਾਈਵਰ | 61 ਸਾਲ 4 ਮਹੀਨੇ | 7-10-93 |
| 12 | ਸ੍ਰੀ ਰਾਮਾ ਨੰਦ ਸਿਪਾਹੀ ਡਰਾਈਵਰ (ਸੇਵਾ ਨਿਵਿਰਤ) | ਡਰਾਈਵਰ | 59 ਸਾਲ 2 ਮਹੀਨੇ | 30-11-63 |

## ACQUIRING LAND FOR CONSTRUCTION OF DISTRICT COMPLEX AT MANSA

***797. (c.u.) Comrade Hardev Singh Arshi** : Will the Chief Minister be pleased to state –

(a) the total acreage of land acquired for the construction of district offices complex at Mansa : together with the names and addresses of the land owners, whose, land has been acquired for the said purpose ;

(b) the per acre price of the land mentioned in para (a) above which has been paid to the land owners ?

ਸਰਦਾਰ ਬੇਅੰਤ ਸਿੰਘ: (ੳ) ਮਾਨਸਾ ਵਿਖੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਉਸਾਰੀ ਲਈ 15 ਏਕੜ ਭੋਂ ਪ੍ਰਾਪਤ ਕਰਨ ਦੀ ਤਜਵੀਜ਼ ਹੈ। ਭੋਂ ਮਾਲਕਾਂ ਦੇ ਨਾਵਾਂ ਅਤੇ ਉਨ੍ਹਾਂ ਦਾ ਪਤਾ ਅਨੁਲਗ 'ੳ' ਵਿੱਚ ਦਰਜ਼ ਹਨ।

(ਅ) ਅਜੇ ਤੱਕ ਕੋਈ ਮੁਆਵਜ਼ਾ ਅਵਾਰਡ ਨਿਸ਼ਚਤ/ਘੋਸ਼ਿਤ ਨਹੀਂ ਕੀਤਾ ਗਿਆ ਅਤੇ ਇਸ ਲਈ ਪ੍ਰਤੀ ਏਕੜ ਕੋਈ ਕੀਮਤ ਨਿਰਧਾਰਤ ਨਹੀਂ ਕੀਤੀ ਗਈ ਅਤੇ ਨਾ ਹੀ ਭੋਂ ਮਾਲਕਾਂ ਨੂੰ ਕੋਈ ਅਦਾਇਗੀ ਕੀਤੀ ਗਈ ਹੈ।

*Original with;*
Punjab Vidhan Sabha
*Digitized by;*
Panjab Digital Library

[ਮੁੱਖ ਮੰਤਰੀ]

ਅਨੁਲੱਗ-'ੳ'

ਮਾਲਕਾਨ ਦਾ ਨਾਂ ਅਤੇ ਪੂਰਾ ਪਤਾ ਜਿਹਨਾਂ ਪਾਸੋਂ ਭੂਮੀ ਪ੍ਰਾਪਤ ਕਰਨੀ ਹੈ।

| ਲੜੀ ਨੰ: | ਨਾਂ ਅਤੇ ਪੂਰਾ ਪਤਾ |
|---|---|
| 1 | 2 |
| 1 | ਜਗੀਰ ਸਿੰਘ, ਗੁਰਦੇਵ ਸਿੰਘ, ਅਜੀਤ ਸਿੰਘ, ਅਜਮੇਰ ਸਿੰਘ, ਮਹਿੰਦਰ ਸਿੰਘ ਬੇਟੇ ਨਰੈਣ ਸਿੰਘ ਵਾਸੀ ਮਾਨਸਾ। |
| 2 | ਹਾਕਮ ਸਿੰਘ, ਮਹਿੰਦਰੋ ਸਨਤਾਨ ਗੁਰਨਾਮ ਸਿੰਘ ਵਾਸੀ ਮਾਨਸਾ। |
| 3 | ਮਹਿੰਦਰ ਸਿੰਘ, ਪੁੱਤਰ ਹਰੀ ਸਿੰਘ ਵਾਸੀ ਮਾਨਸਾ। |
| 4 | ਚਮਨ ਲਾਲ, ਜਗਦੀਸ਼ ਰਾਜ, ਪੁੱਤਰਾਨ ਟੇਕ ਚੰਦ, ਵਾਸੀ ਮਾਨਸਾ। |
| 5 | ਸਨੋਤਰੀ ਦੇਵੀ, ਪਤਨੀ ਟੇਕ ਚੰਦ, ਵਾਸੀ ਮਾਨਸਾ। |
| 6 | ਅਮਰੀਕ ਸਿੰਘ, ਕੁਲਦੀਪ ਸਿੰਘ, ਰਾਮ ਸਿੰਘ, ਮਲਕੀਤ ਸਿੰਘ ਬੇਟੇ ਤੇਜਾ ਸਿੰਘ, ਵਾਸੀ ਮਾਨਸਾ |
| 7 | ਭਗਵੰਤ ਸਿੰਘ, ਪੁੱਤਰ ਹਜ਼ੂਰਾ ਸਿੰਘ, ਮਹੇਸ਼ ਇੰਦਰ ਸਿੰਘ, ਪੁੱਤਰ ਰਵਿੰਦਰ ਸਿੰਘ, ਵਾਸੀਆਨ ਮਾਨਸਾ। |
| 8 | ਸਾਧੂ ਸਿੰਘ, ਪੁੱਤਰ ਹਰਨਾਮ ਸਿੰਘ, ਵਾਸੀ ਮਾਨਸਾ। |
| 9 | ਗੁਰਨਾਮ ਸਿੰਘ, ਪੁੱਤਰ ਧੰਨਾ ਸਿੰਘ, ਵਾਸੀ ਮਾਨਸਾ। |
| 10 | ਸੁਖਦੇਵ ਸਿੰਘ, ਪੁੱਤਰ ਈਸ਼ਰ ਸਿੰਘ, ਵਾਸੀ ਮਾਨਸਾ। |
| 11 | ਗੁਰਲਾਲ ਸਿੰਘ, ਪੁੱਤਰ ਉੱਤਮ ਸਿੰਘ, ਵਾਸੀ ਮਾਨਸਾ। |
| 12 | ਗੁਰਪਰਨਾਮ ਦਾਸ, ਪੁੱਤਰ ਜੱਗਰ ਦਾਸ, ਵਾਸੀ ਮਾਨਸਾ। |
| 13 | ਗੁਰਸੇਵਕ ਸਿੰਘ, ਪੁੱਤਰ ਫ਼ੌਡਾ ਸਿੰਘ, ਵਾਸੀ ਮਾਨਸਾ। |
| 14 | ਬਲਵੀਰ ਕੌਰ, ਪਤਨੀ ਸੁਖਮਿੰਦਰ ਸਿੰਘ, ਵਾਸੀ ਮਾਨਸਾ। |
| 15 | ਸੁਖਦੇਵ ਸਿੰਘ, ਜਗਦੇਵ ਸਿੰਘ, ਜਗਦੀਪ ਸਿੰਘ, ਲਾਲ ਸਿੰਘ, ਬੇਟੇ ਬਲਵੰਤ ਸਿੰਘ, ਵਾਸੀਆਨ ਮਾਨਸਾ। |

Original with;
Punjab Vidhan Sabha
Digitized by;
Panjab Digital Library

| 1 | 2 |
|---|---|
| 16 | ਅਜੈ ਪਾਲ, ਅਸ਼ੋਕ ਕੁਮਾਰ, ਬੇਟੇ ਵੈਦ ਪ੍ਰਕਾਸ਼, ਵਾਸੀਆਨ ਮਾਨਸਾ। |
| 17 | ਜਗੀਰ ਸਿੰਘ, ਗੁਰਦੇਵ ਸਿੰਘ, ਅਜੀਤ ਸਿੰਘ, ਅਜਮੇਰ ਸਿੰਘ, ਮਹਿੰਦਰ ਸਿੰਘ, ਬੇਟੇ ਨਰੈਣ ਸਿੰਘ, ਵਾਸੀਆਨ ਮਾਨਸਾ। |
| 18 | ਜਰਨੈਲ ਸਿੰਘ, ਹਾਕਮ ਸਿੰਘ, ਮਹਿੰਦਰੋ ਸੰਤਾਨ ਗੁਰਨਾਮ ਸਿੰਘ, ਵਾਸੀਆਨ ਮਾਨਸਾ। |
| 19 | ਮਹਿੰਦਰ ਸਿੰਘ, ਪੁੱਤਰ ਹਰੀ ਸਿੰਘ ਵਾਸੀ ਮਾਨਸਾ। |
| 20 | ਮੁਸਤਰਕਾ ਮਾਲਕਾਨ ਵਾਸੀਆਨ ਮਾਨਸਾ। |

## Disposal of Sullage Water of Village Wadali Guru, District Amritsar

***767. (c.u.) Shrimati Vimla Dang :** Will the Minister for Finance be pleased to state whether it is a fact that no temporary or permanent disposal of sullage water has been provided by the Punjab Water Supply and Sewerage Board for the Sewerage laid in village Wadali Guru, district Amritsar resulting in great inconvenience and health hazard for the residents of the said village ; if so, the time by which the situation is likely to be remedied ?

**ਡਾਕਟਰ ਕੇਵਲ ਕ੍ਰਿਸ਼ਨ** : ਇਹ ਠੀਕ ਹੈ ਕਿ ਵਡਾਲੀ ਗੁਰੂ ਲਈ ਵਖਰਾ ਡਿਸਪੋਜ਼ਲ ਨਹੀਂ। ਵਡਾਲੀ ਗੁਰੂ ਦੇ ਸੀਵਰ ਨੂੰ ਅੰਮ੍ਰਿਤਸਰ ਸ਼ਹਿਰ ਦੇ ਸੀਵਰੇਜ-ਸਿਸਟਮ ਨਾਲ ਜੋੜਨ ਦੀ ਤਜ਼ਵੀਜ਼ ਹੈ। ਇਸ ਪਿਛੋਂ ਪਿੰਡ ਵਾਸੀਆਂ ਵੱਲੋਂ ਜਿਸ ਮੁਸ਼ਕਲ ਦਾ ਸਹਾਮਣਾ ਕਰਨਾ ਪੈ ਰਿਹਾ ਹੈ, ਉਹ ਖਤਮ ਹੋ ਜਾਵੇਗੀ।

## Shortage of Drinking Water in Moga

***1005. (c.u.) Doctor (Mrs.) Malti Thapar :** Will the Minister for Finance be pleased to state

(a) whether it is a fact that there is an acute shortage of drinking water in Moga and its surrounding areas ;

(b) if so, the steps being taken by the Government to overcome this shortage ?

**ਡਾਕਟਰ ਕੇਵਲ ਕ੍ਰਿਸ਼ਨ** : (ੳ) ਹਾਂ ਜੀ।

(ਅ) ਇਸ ਸ਼ਹਿਰ ਵਿਚ ਪਾਣੀ ਦੀ ਕਮੀ ਨੂੰ ਪੂਰਾ ਕਰਨ ਲਈ 4.75 ਕਰੋੜ ਰੁਪਏ ਦੀ ਲੋੜ ਹੈ। ਇਸ ਸਕੀਮ ਲਈ ਵਰਲਡ ਬੈਂਕ ਤੋਂ ਵਿਤੀ ਸਹਾਇਤਾ ਪ੍ਰਾਪਤ ਕਰਨ ਦੀ ਤਜ਼ਵੀਜ਼ ਹੈ ਅਤੇ ਇਸ ਸਬੰਧ ਵਿਚ ਲੋੜੀਂਦੀ ਕਾਰਵਾਈ ਅਰੰਭ ਕੀਤੀ ਜਾ ਚੁੱਕੀ ਹੈ।

Original with;
Punjab Vidhan Sabha
Digitized by;
Panjab Digital Library

ਪਿੰਡ ਮਹਿਣਾ ਜ਼ਿਲ੍ਹਾ ਸੰਗਰੂਰ ਵਿੱਚ ਸਰਕਾਰੀ ਦੁਕਾਨਾਂ ਦੀ ਉਸਾਰੀ

*1030. (ਸੀ.ਯੂ.) **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਬੀ.ਡੀ.ਓ. ਦਫਤਰ ਮਹਿਣਾ, ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ ਦੇ ਬਾਹਰਵਾਰ ਬਣਾਈਆਂ ਜਾ ਰਹੀਆਂ ਸਰਕਾਰੀ ਦੁਕਾਨਾਂ ਦੀ ਗਿਣਤੀ ਕਿੰਨੀ ਹੈ ਅਤੇ ਉਕਤ ਦੁਕਾਨਾਂ ਨੂੰ ਕਦੋਂ ਤੱਕ ਪੂਰੇ ਕੀਤੇ ਜਾਣ ਦੀ ਸੰਭਾਵਨਾ ਹੈ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਦੁਕਾਨਾਂ ਬਣਾਉਣ ਦਾ ਕੰਮ ਇਕ ਠੇਕੇਦਾਰ ਦੁਆਰਾ ਕਰਵਾਇਆ ਜਾ ਰਿਹਾ ਹੈ, ਜੇਕਰ ਅਜਿਹਾ ਹੋਵੇ ਤਾਂ ਕਿੰਨੀ ਰਕਮ ਦਾ ਠੇਕਾ ਦਿੱਤਾ ਗਿਆ ?

**ਸਰਦਾਰ ਉਮਰਾਓ ਸਿੰਘ** : (ੳ) 4 ਦੁਕਾਨਾਂ ਜੋ ਕਿ ਜ਼ਿਲ੍ਹਾ ਯੋਜਨਾ ਬੋਰਡ ਤੋਂ ਪੈਸਾ ਮਿਲਣ ਤੇ ਛੇ ਮਹੀਨੇ ਦੇ ਅੰਦਰ ਅੰਦਰ ਮੁਕੰਮਲ ਹੋਣ ਦੀ ਸੰਭਾਵਨਾ ਹੈ।

(ਅ) ਨਹੀਂ ਜੀ।

---

**Subsidy of Tractors**

*1011. (c.u.) **Sardar Avtar Singh Krimpuri :** Will the Minister for Agriculture and Forests be pleased to state—

(a) the number of tractors proposed to be given to the farmers in the State on subsidy during the financial year 1993-94, together with the amount of subsidy proposed to be granted for each tractor ;

(b) the criteria to be adopted for the sale of tractors referred to in part (a) above ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ** : (ੳ) (i) 76 ਟਰੈਕਟਰ।

(ii) ਰੁਪਏ 30,000 ਪ੍ਰਤੀ ਟਰੈਕਟਰ।

(ਅ) ਇਸ ਸਕੀਮ ਅਧੀਨ ਜਿਹੜੀ ਕਿ ਪੰਜਾਬ ਸਰਕਾਰ ਨੇ 22.80 ਲੱਖ ਰੁਪਏ ਦੀ ਲਾਗਤ ਨਾਲ ਮਨਜ਼ੂਰ ਕੀਤੀ ਜਾ ਚੁੱਕੀ ਹੈ, ਤਰੀਕਾ (ਕਰਾਈਟੇਰੀਆਂ) ਭਾਰਤ ਸਰਕਾਰ ਵਲੋਂ ਰੁ. 22.80 ਲੱਖ ਦੀ ਰਕਮ ਰਿਲੀਜ਼ ਕਰਨ ਸਮੇਂ ਜਾਰੀ ਕੀਤੀਆਂ ਗਾਈਡਲਾਈਨਜ਼ ਦੇ ਆਧਾਰ ਤੇ ਹੀ ਨਿਸਚਿਤ ਕੀਤਾ ਜਾਵੇਗਾ।

---

ਐਡਹਾਕ ਡਾਕਟਰਾਂ ਦੀ ਨਿਯੁਕਤੀ ਬਾਰੇ

*798. (ਸੀ.ਯੂ.) **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਇਹ ਦੱਸਣ ਦੀ ਮਿਹਰ ਕਰਨਗੇ ਕਿ ਜ਼ਿਲ੍ਹਾ-ਵਾਰ ਕਿੰਨੇ-ਕਿੰਨੇ ਐਮ.ਬੀ.ਬੀ.ਐਸ. ਡਾਕਟਰਾਂ ਨੂੰ ਜਨਵਰੀ 1993 ਦੌਰਾਨ ਐਡਹਾਕ ਆਧਾਰ ਤੇ ਨਿਯੁਕਤੀ ਦਿੱਤੀ ਗਈ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਲਾਲ ਸਿੰਘ** : ਜਨਵਰੀ, 1993 ਦੌਰਾਨ ਐਡਹਾਕ ਆਧਾਰ ਤੇ ਨਿਯੁਕਤ ਕੀਤੇ ਡਾਕਟਰਾਂ ਦੀ ਜਿਲਾ-ਵਾਰ ਗਿਣਤੀ ਹੇਠ ਅਨੁਸਾਰ ਹੈ : --

| | | | |
|---|---|---|---|
| (1) | ਪਟਿਆਲਾ | ... | 8 |
| (2) | ਸੰਗਰੂਰ | ... | 23 |
| (3) | ਬਠਿੰਡਾ | ... | 14 |
| (4) | ਮਾਨਸਾ | ... | 10 |
| (5) | ਫਰੀਦਕੋਟ | ... | 18 |
| (6) | ਫਿਰੋਜ਼ਪੁਰ | ... | 15 |
| (7) | ਅੰਮ੍ਰਿਤਸਰ | ... | 48 |
| (8) | ਕਪੂਰਥਲਾ | ... | 8 |
| (9) | ਜਲੰਧਰ | ... | 28 |
| (10) | ਲੁਧਿਆਣਾ | ... | 8 |
| (11) | ਰੋਪੜ | ... | 14 |
| (12) | ਹੁਸ਼ਿਆਰਪੁਰ | ... | 20 |
| (13) | ਫਤਿਹਗੜ੍ਹ ਸਾਹਿਬ | ... | 8 |
| (14) | ਗੁਰਦਾਸਪੁਰ | ... | 26 |
| | ਕੁੱਲ | ... | 248 |

## ਜ਼ਿਲ੍ਹਾ ਬਠਿੰਡਾ ਵਿਚ ਕੈਂਸਰ ਨਾਲ ਮੌਤਾਂ

*669. (ਸੀ.ਯੂ.) **ਕਾਮਰੇਡ ਹਰਦੇਵ ਸਿੰਘ ਅਰਸ਼ੀ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਪਿੰਡ ਗਿਆਨਾਂ, ਤਹਿਸੀਲ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਦੇ ਉਨ੍ਹਾਂ ਵਿਅਕਤੀਆਂ ਦੀ ਗਿਣਤੀ ਅਤੇ ਨਾਂਵ ਕੀ ਹਨ ਜਿਨ੍ਹਾਂ ਦੀ ਮੌਤ ਸਾਲ 1991-92 ਦੌਰਾਨ ਸਰਕਾਰੀ ਹਸਪਤਾਲਾਂ ਵਿਚ ਕੈਂਸਰ ਨਾਲ ਹੋਈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਲਾਲ ਸਿੰਘ** : ਪਿੰਡ ਗਿਆਨਾ ਤਹਿਸੀਲ ਤਲਵੰਡੀ ਸਾਬੋ ਜਿਲ੍ਹਾ ਬਠਿੰਡਾ ਦੇ ਕਿਸੇ ਵਿਅਕਤੀ ਦੀ ਸਾਲ 1991-92 ਦੌਰਾਨ ਰਾਜ ਦੇ ਕਿਸੇ ਸਰਕਾਰੀ ਹਸਪਤਾਲ ਵਿਚ ਕੈਂਸਰ ਨਾਲ ਮੌਤ ਨਹੀਂ ਹੋਈ। ਇਸ ਪ੍ਰਕਾਰ ਅਜਿਹੇ ਵਿਅਕਤੀ ਦੇ ਨਾਮ ਦੱਸਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਹੈ।

---

## Rental Allowance to Internal Migrants in the State

***625. (C.U.) (1) Shrimati Vimla Dang**
**2. Comrade Hardev Singh Arshi** } : Will the Minister for Relief and Resettlement be pleased to state whether the Government have imposed a condition that only those internal migrants will be entitled to claim Rental Allowance whose income will be less than Rs. 1000 per month. If so, the reason therefor together with the date from which this condition had been made effective ?

**ਸ੍ਰੀ ਬਾਲ ਮੁਕੰਦ ਸ਼ਰਮਾ** : ਹਾਂ ਜੀ।

2. ਅੰਦਰੂਨੀ ਪਰਵਾਸੀ ਪਰਿਵਾਰਾਂ ਦੁਆਰਾ ਕਿਰਾਇਆ ਭੱਤਾ ਪ੍ਰਾਪਤ ਕਰਨ ਲਈ ਉਨ੍ਹਾਂ ਦੀ ਕਿਸੇ ਵੀ ਸਾਧਨ ਤੋਂ ਵੱਧ ਤੋਂ ਵੱਧ 1000 ਰੁਪਏ ਪ੍ਰਤੀ ਮਹੀਨਾ ਦੀ ਆਮਦਨ ਦੀ ਸ਼ਰਤ, ਅੱਤਵਾਦ ਤੋਂ ਪ੍ਰਭਾਵਿਤ ਵਿਆਕਤੀਆਂ ਨੂੰ ਦਿੱਤੇ ਜਾ ਰਹੇ 1000 ਰੁਪਏ ਪ੍ਰਤੀ ਮਹੀਨੇ ਦੇ ਗੁਜ਼ਾਰੇ ਭੱਤੇ ਦੀ ਸੇਧ ਵਿੱਚ ਲਿਆਉਣ ਲਈ ਲਗਾਈ ਗਈ ਸੀ ਜਿਨ੍ਹਾਂ ਨੂੰ ਕਿਰਾਇਆ ਭੱਤਾ ਨਹੀਂ ਦਿੱਤਾ ਗਿਆ ਸੀ। ਇਹ ਸ਼ਰਤ ਮਿਤੀ 1 ਅਪ੍ਰੈਲ, 1992 ਤੋਂ ਲਾਗੂ ਹੈ।

---

## Enquiry into the Capitation Fee charged by Hindu Kanya College, Kapurthala

***632. (c.u.) Shrimati Vimla Dang :** Will the Minister for Education with reference to his reply to the Unstarred Question No. 43 be pleased to state whether the State Government has adopted the report of S.D.O. (Civil) regarding charging the capitation fee by the Management of Hindu Kanya College, Kapurthala, if so, the follow up action if any taken thereon ?

**ਸ੍ਰੀ ਹਰਨਾਮ ਦਾਸ ਜੌਹਰ** : ਰਿਪੋਰਟ ਸਰਕਾਰ ਦੇ ਵਿਚਾਰ ਅਧੀਨ ਹੈ ਕਿਉਂ ਜੋ ਇਹ ਹੁਣੇ ਹੀ ਮਿਤੀ 17 ਫਰਵਰੀ, 1993 ਨੂੰ ਪ੍ਰਾਪਤੀ ਹੋਈ ਹੈ।

---

## Opening a New I.T.I. at Adampur

***1027. (c.u.) Shri Rajinder Kumar :** Will the Minister for Technical Education and Industrial Training be pleased to state whether there is any proposal under consideration of the Government to open any Industrial Training Centre at Adampur District Jalandhar during the year 1993-94 ; if so, when ?

Original with;
Punjab Vidhan Sabha
Digitized by;
Panjab Digital Library

ਸਰਦਾਰ ਲਖਮੀਰ ਸਿੰਘ ਰੰਧਾਵਾ : ਨਹੀਂ ਜੀ। ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

**ਮੱਛੀ ਪਾਲਣ ਲਈ ਪਾਣੀ ਦੇ ਖਰਚਿਆਂ ਦੀਆਂ ਦਰਾਂ**

*635. (ਸੀ. ਯੂ.) **ਸ੍ਰੀਮਤੀ ਵਿਮਲਾ ਡਾਂਗ** : ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰਾਜ ਵਿਚ 1 ਜਨਵਰੀ, 1993 ਨੂੰ ਮੱਛੀ ਪਾਲਣ ਲਈ ਪਾਣੀ ਦੇ ਖਰਚਿਆਂ ਦੀਆਂ ਦਰਾਂ ਕੀ ਹਨ ?

**ਸਰਦਾਰ ਹਰਬੰਸ ਸਿੰਘ ਸਿੱਧੂ** : ਮੱਛੀ ਪਾਲਣ ਲਈ ਪਾਣੀ ਟਿਊਬਵੈਲਾਂ ਰਾਹੀਂ ਦਿਤਾ ਜਾਂਦਾ ਹੈ ਤੇ ਮੱਛੀ ਪਾਲਣ ਅਧੀਨ ਛੱਪੜਾਂ ਦੇ ਸਾਈਜ਼ ਮੁਤਾਬਕ ਖੇਤੀ ਬਾੜੀ ਦੇ ਦੂਜੇ ਕੇਸਾਂ ਲਈ ਬਿਜਲੀ ਦੇ ਵੱਖ ਵੱਖ ਰੇਟ ਹਨ।

---

**Selection of Agriculture Development Officers (Fodder)**

***1017. (C.U.) (1) Comrade Tarsem Jodhan**
**(2) Shri Vijay Kumar Sathi** : Will the Minister of State for Animal Husbandry and Fisheries be pleased to state—

(a) the number of times from January, 1991 to date letters for interviews were issued to the candidates for filling up the posts of Agriculture Development Officers (Fodder) in the Department of Animal Husbandry together with the datewise details thereof ;

(b) whether any candidates were selected for the said posts during the aforesaid period ; if so, the number thereof together with the number of those belonging to the Scheduled Castes ?

**ਸਰਦਾਰ ਹਰਬੰਸ ਸਿੰਘ ਸਿੱਧੂ** : (ੳ) ਕੋਈ ਇੰਟਰਵਿਊ ਪੱਤਰ ਜਾਰੀ ਨਹੀਂ ਕੀਤੇ ਗਏ ਸਨ।

(ਅ) ਸਵਾਲ ਪੈਦਾ ਨਹੀਂ ਹੁੰਦਾ।

---

**Construction of new Link Roads in Tehsil Moga**

***971. (C.U.) Doctor (Mrs.) Malti Thapar** : Will the Minister of State for Public Works (B & R) be pleased to state whether there is any proposal under consideration of the Government for construction of new link roads in teshil Moga, district Faridkot, during the financial year 1993-94; if so, the details thereof?

**ਸਰਦਾਰ ਬੇਅੰਤ ਸਿੰਘ (ਮੁੱਖ ਮੰਤਰੀ)** : ਨਹੀਂ ਜੀ।

---

Original with;
Punjab Vidhan Sabha
Digitized by;
Panjab Digital Library

*1025. (ਸੀ.ਯੂ.) ਸ੍ਰੀ ਰਾਜਿੰਦਰ ਕੁਮਾਰ : ਕੀ ਲੋਕ ਨਿਰਮਾਣ ਵਿਭਾਗ (ਭਵਨ ਤੇ ਸੜਕਾਂ) ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਜ਼ਿਲ੍ਹਾ ਜਲੰਧਰ ਵਿੱਚ ਆਦਮਪੁਰ ਅਤੇ ਭੋਗਪੁਰ ਬਲਾਕਾਂ ਵਿੱਚ ਵੱਖ-2 ਸਾਲ 1991-92 ਅਤੇ 1992-93 ਦੇ ਦੌਰਾਨ ਮੁਰੰਮਤ ਕੀਤੀਆਂ ਦਿਹਾਤੀ ਲਿੰਕ ਸੜਕਾਂ ਦੀ ਗਿਣਤੀ ਅਤੇ ਵੇਰਵੇ ਕੀ-ਕੀ ਹਨ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਦੋਹਾਂ ਬਲਾਕਾਂ ਵਿੱਚ ਉਨ੍ਹਾਂ ਦੀਆਂ ਲਿੰਕ ਸੜਕਾਂ ਦਾ ਵੇਰਵਾ ਕੀ ਹੈ, ਜਿਨ੍ਹਾਂ ਨੂੰ ਸਾਲ 1992-93 ਦੇ ਦੌਰਾਨ ਬਣਾਏ ਜਾਣ ਦੀ ਤਜਵੀਜ਼ ਹੋਵੇ ?

**ਸਰਦਾਰ ਬੇਅੰਤ ਸਿੰਘ** (ਮੁੱਖ ਮੰਤਰੀ) : (ੳ) ਜ਼ਿਲ੍ਹਾ ਜਲੰਧਰ ਵਿਚ ਆਦਮਪੁਰ ਅਤੇ ਭੋਗਪੁਰ ਬਲਾਕਾਂ ਵਿਚ (ਮਾਰਕੀਟ ਕਮੇਟੀਆਂ) ਵਿੱਚ ਵੱਖ-2 ਸਾਲ 1991-92 ਅਤੇ 1992-93 ਦੇ ਦੌਰਾਨ ਮੁਰੰਮਤ ਕੀਤੀਆਂ ਗਈਆਂ ਦਿਹਾਤੀ ਲਿੰਕ ਸੜਕਾਂ ਦੀ ਗਿਣਤੀ ਅਤੇ ਵੇਰਵੇ ਹੇਠ ਲਿਖੇ ਅਨੁਸਾਰ ਹਨ :—

| ਲੜੀ ਨੰ: | ਬਲਾਕ ਦਾ ਨਾਂ | ਸਾਲ | ਸੜਕਾਂ ਦੀ ਗਿਣਤੀ | ਲੰਬਾਈ (ਕਿਲੋਮੀਟਰ) |
|---|---|---|---|---|
| 1 | ਆਦਮਪੁਰ | 1991-92 | 9 | 17.79 |
| 2 | ਆਦਮਪੁਰ | 1992-93 | 15 | 22.93 |
| 3 | ਭੋਗਪੁਰ | 1991-92 | 7 | 15.37 |
| 4 | ਭੋਗਪੁਰ | 1992-93 | 10 | 22.30 |

ਇਨ੍ਹਾਂ ਸੜਕਾਂ ਦੀ ਸੂਚੀ ਵੀ ਨੱਥੀ ਹੈ।

(ਅ) ਸਾਲ 1992-93 ਦੌਰਾਨ ਨਵੀਆਂ ਸੜਕਾਂ ਦੀ ਉਸਾਰੀ ਵਾਸਤੇ ਕੋਈ ਸਕੀਮ ਨਹੀਂ ਸੀ। ਫਿਰ ਵੀ ਸਾਲ 1991-92 ਦੌਰਾਨ ਸ਼ੁਰੂ ਕੀਤੀ ਗਈ ਸੜਕ "ਮੁਚਰੋਵਾਲ ਤੋਂ ਘੋੜਾਬਾਹੀ" ਸਾਲ 1992-93 ਦੌਰਾਨ ਪੂਰੀ ਕੀਤੀ ਗਈ ਹੈ। ਜਿਸ ਦੀ ਲੰਬਾਈ 1.83 ਕਿਲੋਮੀਟਰ ਹੈ ਜੋ ਕਿ ਭੋਗਪੁਰ ਬਲਾਕ ਵਿੱਚ ਹੈ।

Original with;
Punjab Vidhan Sabha
Digitized by;
Panjab Digital Library

ਦਿਹਾਤੀ ਸੜਕਾਂ ਦੀ ਸੂਚੀ ਜਿਨ੍ਹਾਂ ਦੀ ਮੁਰੰਮਤ ਸਾਲ 1991-92 ਅਤੇ 1992-93 ਵਿੱਚ ਕੀਤੀ ਗਈ।

ਬਲਾਕ/ਮ:ਕ:ਭੋਗਪੁਰ

| ਲੜੀ ਨੰ: | ਸੜਕ ਦਾ ਨਾਂ | | ਮੁਰੰਮਤ ਕੀਤੀ ਸੜਕ ਦੀ ਲੰਬਾਈ (ਕਿਲੋਮੀਟਰ) |
|---|---|---|---|
| | **ਸਾਲ 1991-92** | | |
| 1 | ਜਲੰਧਰ ਪਠਾਨਕੋਟ ਤੋਂ ਡੱਲੀ | ... | 0.50 |
| 2 | ਜਲੰਧਰ ਪਠਾਨਕੋਟ ਤੋਂ ਮੁਸਤਾਪੁਰ ਤੋਂ ਬੁੱਲੈ | ... | 6.40 |
| 3 | ਚਾੜਕੇ ਤੋਂ ਬੁੱਲੋਵਾਲ | ... | 4,09 |
| 4 | ਜਲੰਧਰ ਪਠਾਨਕੋਟ ਤੋਂ ਰੇਲਵੇ ਸਟੇਸ਼ਨ ਭੋਗਪੁਰ | ... | 0.31 |
| 5 | ਬਾਉਪੁਰ ਤੋਂ ਬੁੱਲੇ | ... | 1.37 |
| 6 | ਰੋਜਰੀ ਤੋਂ ਕੰਬਾਲਾ ਗੁਰੂ | ... | 1.18 |
| 7 | ਭਟਲੇਰਾ ਲੁਭਾਣਾ ਤੋਂ ਭੋਗਪੁਰ ਭੁਲਥ | ... | 1.52 |
| | ਜੋੜ | ... | 15.37 |
| | **ਸਾਲ 1992-93** | | |
| 1 | ਆਦਮਪੁਰ ਭੋਗਪੁਰ ਨੰਗਲ ਫੀਦਾ | ... | 0.56 |
| 2 | ਸਲਾਲਾ ਤੋਂ ਸੂਦਿਆਲ | ... | 1.92 |
| 3 | ਜਲੰਧਰ ਪਠਾਨਕੋਟ ਤੋਂ ਚਮਿਆਰੀ | ... | 1.70 |
| 4 | ਜਲੰਧਰ ਪਠਾਨਕੋਟ ਤੋਂ ਬਾਹੂਪੁਰ | ... | 0.62 |
| 5 | ਗੜੀਬਖਸ਼ਾ ਤੋਂ ਸਧਾਣਾ | ... | 2.78 |
| 6 | ਜੰਡੇ ਸਰਾਏ ਤੋਂ ਅਖਾੜਾ ਭੁਲੱਥ | ... | 2.05 |
| 7 | ਦਾਮੂਲੀ ਤੋਂ ਡੇਰਾ ਬਾਬਾ ਜਵਾਹਰ ਦਾਸ | ... | 1.27 |
| 8 | ਜਲੰਧਰ ਪਠਾਨਕੋਟ ਤੋਂ ਮੋਗਾ ਵਾਇਆ ਕੱਟੀਆਂ | ... | 8.30 |
| 9 | ਆਦਮਪੁਰ ਭੋਗਪੁਰ ਤੋਂ ਦਰਾਵਾ | ... | 0.10 |
| 10 | ਬਹਿਰਾਮ ਤੋਂ ਇੱਟਾ ਬੱਧੀ | ... | 3.00 |
| | ਜੋੜ | ... | 22.30 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਅ) 1992-93 ਦੌਰਾਨ ਨਵੀਂ ਉਸਾਰੀ

1 ਮੱਛਰੋਵਾਲ ਤੋਂ ਘੋੜਾਵਾਹੀ 1.84

**ਦਿਹਾਤੀ ਸੜਕਾਂ ਦੀ ਸੂਚੀ ਜਿਨ੍ਹਾਂ ਦੀ ਮੁਰੰਮਤ ਸਾਲ 1991-92 ਅਤੇ 1992-93 ਵਿੱਚ ਕੀਤੀ ਗਈ**

**ਬਲਾਕ/ਮ: ਕ: ਆਦਮਪੁਰ**

| ਲੜੀ ਨੰ: | ਸੜਕ ਦਾ ਨਾਂ | | ਮੁਰੰਮਤ ਕੀਤੀ ਸੜਕ ਦੀ ਲੰਬਾਈ (ਕਿਲੋਮੀਟਰ) |
|---|---|---|---|
| | **ਸਾਲ 1991-92** | | |
| 1 | ਐਮ.ਈ.ਐਸ. ਤੋਂ ਪਤਾਰਾ | ... | 1.25 |
| 2 | ਕੁਠਾਰ ਪਿਆਲਾ ਤੋਂ ਮਸਾਣੀਆਂ | ... | 0.48 |
| 3 | ਸ਼ਾਮ ਚੋਰਾਸੀ ਤੋਂ ਭਗਵਾਨਪੁਰ | ... | 0.56 |
| 4 | ਕਾਲਾਬਕਰਾ ਤੋਂ ਆਲਮਗੀਰ ਜਲਾਲਾਬਾਲ | ... | 0.95 |
| 5 | ਐਮ.ਈ.ਐਸ. ਤੋਂ ਉਚਾ | ... | 4.70 |
| 6 | ਆਦਮਪੁਰ ਭੋਗਪੁਰ ਤੋਂ ਪੰਡੋਰੀ ਨਿੱਜਾਰਾ, ਬਸਤੀ | ... | 1.00 |
| 7 | ਵਾਈਡਨਿੰਗ ਅਤੇ ਕਬਰ ਕਰੈਕਸ਼ਨ ਆਦਮਪੁਰ ਕਾਲਰਾ ਸੈਂਟੀਆਲਾ | | 4.05 |
| 8 | ਵਾਈਡਨਿੰਗ ਆਦਮਪੁਰ ਅਲਾਵਲਪੁਰ ਕਰਤਾਰਪੁਰ | ... | 2.80 |
| 9 | ਕੋਟਲੀ ਅਰਾਈਆਂ ਤੋਂ ਸ਼ਾਮ ਚੋਰਾਸੀ | ... | 1.97 |
| | ਜੋੜ | ... | 17.79 |
| | **ਸਾਲ 1992-93** | | |
| 1 | ਢੋਡਰ ਢੰਡੋਰੀ ਤੋਂ ਛੁਆਣੀ | ... | 1.31 |
| 2 | ਕੋਟਲੀ ਜਮੀਤ ਸਿਘ ਤੋਂ ਜੇਠਪੁਰ | ... | 1.40 |
| 3 | ਆਦਮਪੁਰ ਭੋਗਪੁਰ ਤੋਂ ਢੀਗਰੀਆਂ | ... | 0.87 |
| 4 | ਆਦਮਪੁਰ ਭੋਗਪੁਰ ਤੋਂ ਪੰਡਰੋਰੀ ਨਿਜਰਾ ਬਸਤੀ | ... | 0.40 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਸੜਕ ਦਾ ਨਾਂ | | ਮੁਰੰਮਤ ਕੀਤੀ ਸੜਕ ਦੀ ਲੰਬਾਈ (ਕਿਲੋ ਮੀਟਰ) |
|---|---|---|---|
| 5 | ਮਾਣਕੋ ਤੋਂ ਡਰੋਲੀਕਲਾਂ | ... | 2.00 |
| 6 | ਆਦਮਪੁਰ ਭੋਗਪੁਰ ਤੋਂ ਸਲਾਲਾ | ... | 0.67 |
| 7 | ਜੀ.ਟੀ.ਰੋਡ ਪੰਡੋਰੀ ਨਿਜਰਾ | ... | 3.53 |
| 8 | ਕਾਲਾਬਕਰਾ ਆਲਮਗੀਰ ਜਲਾਲਵਾਲ | ... | 0.78 |
| 9 | ਆਦਮਪੁਰ ਭੋਗਪੁਰ ਤੋਂ ਸੰਗਰਾ | .. | 0.67 |
| 10 | ਤਲਵਾੜਾ ਤੋਂ ਫਤੁਪੁਰ | ... | 1.05 |
| 11 | ਕੁਠਾਰ ਤੋਂ ਘੜੋਆਲ | ... | 1.43 |
| 12 | ਜੇਠਪੁਰ ਤੋਂ ਛੁਹਾਣਾ | ... | 1.55 |
| 13 | ਆਦਮਪੁਰ ਕਾਲਰਾ ਮੋਟੀਆਨਾ ਤੋਡਰੋਲੀ ਕਲਾਂ | ... | 1.57 |
| 14 | ਕੁਠਾਰ ਖਿਆਲਾ ਤੋਂ ਡਰੋਲੀ ਕਲਾਂ | ... | 3.00 |
| 15 | ਕੰਧੋਲਾ ਤੋਂ ਡਰੋਲੀ ਕਲਾਂ ਵਾਇਆ ਦਮੁੰਡਾ | .. | 2.70 |
| | ਜੋੜ | .. | 22.93 |

**ਪੰਜਾਬ ਰੋਡਵੇਜ਼ ਦਾ ਨੀਤੀ ਸਬੰਧੀ ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ ਦੀਆਂ ਮੰਗਾਂ**

*622. (ਸੀ.ਯੂ.) **ਸ੍ਰੀਮਤੀ ਵਿਮਲ ਡਾਂਗ** : ਕੀ ਟਰਾਂਸਪੋਰਟ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਉਨ੍ਹਾਂ ਨੂੰ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਦੀ ਪੰਜਾਬ ਸਟੇਟ ਕਮੇਟੀ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਵੱਲੋਂ ਮਿਤੀ 5 ਅਗਸਤ, 1992 ਦਾ ਯਾਦ-ਪੱਤਰ ਮਿਲਿਆ ਜਿਸ ਵਿਚ ਟਰੇਡ ਯੂਨੀਅਨਜ਼ ਦੇ ਸਲਾਹ-ਮਸ਼ਵਰੇ ਨਾਲ ਪੰਜਾਬ ਰੋਡਵੇਜ਼ ਦੇ ਨਿਜੀਕਰਣ ਕਰਨ ਦੀ ਨੀਤੀ ਨੂੰ ਖਤਮ ਕਰਨ, ਨਵੀਆਂ ਬੱਸਾਂ ਪਾਉਣ ਅਤੇ ਬਦਲੀਆਂ ਸਬੰਧੀ ਨੀਤੀ ਬਨਾਉਣ ਆਦਿ ਦੀਆਂ ਮੰਗਾਂ ਸ਼ਾਮਿਲ ਹਨ ; ਜੇਕਰ ਅਜਿਹਾ ਹੋਵੇ ਤਾਂ ਉਸ ਦੀ ਇਕ ਕਾਪੀ ਅਤੇ ਉਨ੍ਹਾਂ ਤੇ ਕੀਤੀ ਗਈ ਕਾਰਵਾਈ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

**ਸ੍ਰੀ ਮਹਿੰਦਰ ਸਿੰਘ ਕੇ. ਪੀ.** : ਹਾਂ ਜੀ। ਸਟੇਟ ਟਰਾਂਸਪੋਰਟ ਦੇ ਨਿਜੀਕਰਨ ਲਈ ਸਰਕਾਰ ਨੇ ਕੋਈ ਫੈਸਲਾ ਨਹੀਂ ਲਿਆ। ਪੰਜਾਬ ਰੋਡਵੇਜ ਅਤੇ ਪੀ.ਆਰ.ਟੀ.ਸੀ. ਦੇ ਬੱਸ ਫਲੀਟਾਂ ਵਿਚ ਪੁਰਾਣੀਆਂ ਅਤੇ ਕੰਡਮ ਬੱਸਾਂ ਦੇ ਬਦਲਾਵ ਲਈ ਯੋਜਨਾਬੰਦੀ ਵਿਭਾਗ ਵੱਲੋਂ ਸਾਲ 1992-93 ਵਿਚ

Original with;
Punjab Vidhan Sabha
Digitized by;
Panjab Digital Library

[ਟਰਾਂਸਪੋਰਟ ਦੇ ਰਾਜ ਮੰਤਰੀ]

ਪੰਜਾਬ ਰੋਡਵੇਜ਼ ਲਈ 14.50 ਕਰੋੜ ਰੁਪਏ ਅਤੇ ਪੀ.ਆਰ.ਟੀ.ਸੀ. ਲਈ 9.00 ਰੁਪਏ ਪ੍ਰਦਾਨ ਕੀਤੇ ਗਏ ਹਨ ।

---

### Filling up the posts of Clerk in the Office of State Transport Commissioner

***1018. (C.U.) (1) Comrade Tarsem Jodhan**
**(2) Shri Vijay Kumar Sathi** } : Will the Minister of State for Transport be pleased to state :—

(a) the total number of posts of clerks lying vacant in the office of the State Transport Commissioner at present;

(b) the details of steps so far taken to fill up the said vacancies during the period from January, 1992 to-date;

(c) whether there is any proposal under consideration of the Government to fill up the said vacancies by absorbing the officials of other departments?

**ਸ਼੍ਰੀ ਮਹਿੰਦਰ ਸਿੰਘ ਕੇ.ਪੀ.:** (ੳ) 41.

(ਅ) ਅਤੇ (ੲ) ਪੰਜਾਬ ਫਿਲਮ ਤੇ ਨਿਊਜ਼ ਕਾਰਪੋਰੇਸ਼ਨ ਦੇ 34 ਸਰਪਲੱਸ ਕਰਮਚਾਰੀ ਜੋ ਕਲਰਕ ਦੀ ਆਸਾਮੀ ਲਈ ਨਿਰਧਾਰਤ ਯੋਗਤਾ ਰੱਖਦੇ ਸਨ, ਉਹਨਾਂ ਨੂੰ ਮਾਰਚ ਅਤੇ ਅਪ੍ਰੈਲ, 1992 ਵਿੱਚ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ। ਇਨਾਂ ਵਿਚੋਂ 29 ਕਰਮਚਾਰੀਆਂ ਨੇ ਡਿਊਟੀ ਤੇ ਹਾਜ਼ਰੀ ਦਿੱਤੀ ਸੀ ਅਤੇ ਬਾਕੀ ਦੇ 5 ਕਰਮਚਾਰੀਆਂ ਨੇ ਵੱਖ ਵੱਖ ਕਾਰਣਾਂ ਕਾਰਣ ਨਿਯੁਕਤੀ ਦੀ ਪੇਸ਼ਕਸ ਦੇ ਸਨਮੁੱਖ ਡਿਊਟੀ ਤੇ ਹਾਜਰ ਨਹੀਂ ਹੋਏ। ਹੁਣ ਖਾਲੀ ਕਰਲਕਾਂ ਦੀਆਂ 41 ਆਸਾਮੀਆਂ ਵੱਖ ਵੱਖ ਵਰਗ ਦੇ ਵਿਅਕਤੀਆ ਤੋਂ ਸਰਕਾਰ ਦੀ ਪਾਲਿਸੀ ਅਤੇ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਕੀਤੀਆਂ ਨੂੰ ਮੁੱਖ ਰੱਖਦੇ ਹੋਏ ਭਰੀਆਂ ਜਾਣਗੀਆਂ ।

---

### Villages without Water Supply in District Hoshiarpur

***1012. (C.U.) Sardar Avtar Singh Karimpuri** : Will the Minister of State for Public Health be pleased to state the Tehsil-wise names of the villages in district Hoshiarpur which have not so far been provided water under the Rural Drinking Water Supply Scheme ?

ਸਰਦਾਰ ਮਨਿੰਦਰਜੀਤ ਸਿੰਘ ਬਿੱਟਾ : ਸੂਚਨਾ ਇਕੱਠੀ ਕੀਤੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

List of problem villages which have not been provided water supply of District Hoshiarpur

TEHSIL HOSHIARPUR

| Serial No. | Name of village | H.B. No. |
|---|---|---|
| 1 | 2 | 3 |
| 1 | Langla | 118 |
| 2 | Kunt | 122 |
| 3 | Katewal | 97 |
| 4 | Panjedita | 123 |
| 5 | Machariwal | 116 |
| 6 | Sahota | 115 |
| 7 | Bangampur | 99 |
| 8 | Jandiala | 100 |
| 9 | Singriwal | 245 |
| 10 | Haiderwala | 233 |
| 11 | Fatehgarh | 232 |
| 12 | Chak gujran | 234 |
| 13 | Fandori Rukman | 244 |
| 14 | Hardo Khanpur | 224 |
| 15 | Dagana Kalan | 102 |
| 16 | Daganal Khurd | 139 |
| 17 | Deowal | 214 |
| 18 | Khalwara | 215 |
| 19 | Nainowal | 186 |
| 20 | Lohar Kangna | 185 |
| 21 | Badial | 216 |
| 22 | Bhaga (Dhugga) | 187 |
| 23 | Pathial | 184 |
| 24 | Hargarh | 217 |
| 25 | Sehjewal | 171 |

Original with;
Punjab Vidhan Sabha
Digitized by;
Panjab Digital Library

[Minister of State for Public Health]

| 1 | 2 | | 3 |
|---|---|---|---|
| 26 | Chakowal | .. | 218 |
| 27 | Randhawa Brotta | .. | 192 |
| 28 | Sandhra | .. | 169 |
| 29 | Kalkot | .. | 167 |
| 30 | Challpur | .. | 166 |
| 31 | Bhatha | .. | 197 |
| 32 | Jand (Jandi) | .. | 194 |
| 33 | Chandpur | .. | 190 |
| 34 | Chak Raju | .. | 170 |
| 35 | Sahaipur | .. | 191 |
| 36 | Bahid | .. | 153 |
| 37 | Pandori Mail | .. | 146 |
| 38 | Gigamwal | .. | 152 |
| 39 | Pandori Khazur | .. | 151 |
| 40 | Fatehpur | .. | 149 |
| 41 | Dhariwal | .. | 145 |
| 42 | Mirzapur | .. | 144 |
| 43 | Kotla Naudsingh | .. | 143 |
| 44 | Tanuli | .. | 268 |
| 45 | Bhatrana | .. | 289 |
| 46 | Mukran | .. | 278 |
| 47 | Harmoya | .. | 290 |
| 48 | Badial | .. | 282 |
| 49 | Phulahi | .. | 291 |
| 50 | Patti Khass | .. | 296 |
| 51 | Pandori Kad | .. | 282 |
| 52 | Mukhliana | .. | 284 |
| 53 | Mona Kalan | .. | 275 |
| 54 | Mona Khurd | .. | 279 |

Original with;
Punjab Vidhan Sabha
Digitized by;
Panjab Digital Library

| 1 | 2 | 3 |
|---|---|---|
| 55 | Bhugaini | 283 |
| 56 | Rajpur | 280 |
| 57 | Harian | 281 |
| 58 | Phuglana | 274 |
| 59 | Chitton | 299 |
| 60 | Halta | 285 |
| 61 | Khanpur | 298 |
| 62 | Sasoli | 302 |
| 63 | Jalowal | 300 |
| 64 | Suna | 297 |
| 65 | Data | 4 |
| 66 | Bhana | 3 |
| 67 | Mangarh | 2 |
| 68 | Nangal | 81 |
| 69 | Tur | 80 |
| 70 | Jhinger | 82 |
| 71 | Fatehpur | 450 |
| 72 | Tund | 14 |
| 73 | Barinda | 447 |
| 74 | Bathiwal | 448 |
| 75 | Manga | 12 |
| 76 | Kalra | 138 |
| 77 | Balala | 28 |
| 78 | Argowal | 40 |
| 79 | Badiala | 11 |
| 80 | Dharamkot | 51 |
| 81 | Derapur | 52 |
| 82 | Pandori Mahlian | 53 |
| 83 | Nangal | 36 |
| 84 | Alar Pindd | 34 |

Original with;
Punjab Vidhan Sabha
Digitized by;
Panjab Digital Library

[Minister of State for Public Health]

| 1 | 2 | | 3 |
|---|---|---|---|
| 85 | Ambala | .. | 32 |
| 86 | Rupowal | .. | 37 |
| 87 | Ramdaspur | .. | 38 |
| 88 | Jia Sahota Khurd | .. | 23 |
| 89 | Chohak | .. | 24 |
| 90 | Bagha | .. | 39 |
| 91 | Nangal Chorawal | .. | 437 |
| 92 | Nangal Thathan | .. | 130 |
| 93 | Thathian Musa | .. | 439 |
| 94 | Goindpur | .. | 42 |
| 95 | Sarhala | .. | 41 |
| 96 | Sehjewal | .. | 438 |
| 97 | Talwandi Jattan | .. | 46 |
| 98 | Pakhowal | .. | 432 |
| 99 | Khurdan (Khurd) | .. | 45 |
| 100 | Pandori | .. | 524 |
| 101 | Phambra | .. | 527 |
| 102 | Bhatlian | .. | 523 |
| 103 | Taggar | .. | 512 |
| 104 | Hussainpur | .. | 50 |
| 105 | Dalowal | .. | 516 |
| 106 | Goraya | .. | 513 |
| 107 | Chotlla | .. | 58 |
| 108 | Sarain | .. | 241 |
| 109 | Kandhali (Nourangpur) | .. | 35 |
| 110 | Jalowal | .. | 57 |
| 111 | Sotla | .. | 525 |
| 112 | Lalowali | .. | 504 |
| 113 | Badla | .. | 511 |
| 114 | Bassi Baxid | .. | 422 |
| 115 | Bhaliala | .. | 421 |

Original with;
Punjab Vidhan Sabha
Digitized by;
Panjab Digital Library

| 1 | 2 | | 3 |
|---|---|---|---|
| 116 | Nila Nola | .. | 419 |
| 117 | Nangal Pind | .. | 418 |
| 118 | Dalowal | .. | 411 |
| 119 | Mishera (Naushera) | .. | 413 |
| 120 | Basso Balo | .. | 417 |
| 121 | Sahzadpur | .. | 416 |
| 122 | Bassi Kale Khan | .. | 487 |
| 123 | Jabirpur | .. | 400 |
| 124 | Bassi Panj Bhaian | .. | 401 |
| 125 | Khanpur | .. | 408 |
| 126 | Bassi Walidad | .. | 404 |
| 127 | Bhaki | .. | 405 |
| 128 | Bhanowal | .. | 486 |
| 129 | Makarsoli | .. | 403 |
| 130 | Bassi Umarkhan | .. | 402 |
| 131 | Chak Gujjran | .. | 396 |
| 132 | Bassi Babu Khan | .. | 414 |
| 133 | Tajpur Khurd | .. | 397 |
| 134 | Qutabpur | .. | 72 |
| 135 | Nikiwal | .. | 73 |
| 136 | Hajipur | .. | 409 |
| 137 | Kang | .. | 71 |
| 138 | Makimpur | .. | 70 |
| | TEHSIL GARHSHANKAR | | |
| 1 | Ramgarh | .. | 162 |
| 2 | Chack Phullu | .. | 150 |
| 3 | Chack Gujran | .. | 161 |
| 4 | Sumundran Khas | .. | 160 |
| 5 | Nazarpur Chack | .. | 158 |
| 6 | Gelowal | .. | 153 |

Original with;
Punjab Vidhan Sabha
Digitized by;
Panjab Digital Library

[Minister of State for Public Health]

| 1 | 2 | | 3 |
|---|---|---|---|
| 7 | Bakapur | .. | 138 |
| 8 | Sikanderpur | .. | 152 |
| 9 | Alipur | .. | 154 |
| 10 | Rurki Khas | .. | 155 |
| 11 | Ghaura | .. | 135 |
| 12 | Dhagan | .. | 133 |
| 13 | Fatehpur Kalan | .. | 141 |
| 14 | Deron | .. | 140 |
| 15 | Bogarpur | .. | 139 |
| 16 | Basiala | .. | 139 |
| 17 | Dehwal Kalan | .. | 134 |
| 18 | Jiwanpur Gujran | .. | 122 |
| 19 | Katha Raipur | .. | 121 |
| 20 | Chack Gujran | .. | 161 |
| 21 | Moranwali | .. | 118 |
| 22 | Aima Muglan | .. | 119 |
| 23 | Suni | .. | 113 |
| 24 | Binjon | .. | 107 |
| 25 | Chach Musdula (Suni) | .. | 112 |
| 26 | Aima Jattan | .. | 114 |
| 27 | Rehla | .. | 109 |
| 28 | Mehrowal | .. | 108 |
| 29 | Chandsu (Jattan) | .. | 104 |
| 30 | Paldi | .. | 99 |
| 31 | Nangal Kalan | .. | 71 |
| 32 | Khera | .. | 89 |
| 33 | Kalewal | .. | 129 |
| 34 | Dhada | .. | 105 |
| 35 | Jhaj | .. | 96 |
| 36 | Pandori Ladha Singh | .. | 106 |
| 37 | Thuwana | .. | 97 |

Original with;
Punjab Vidhan Sabha
Digitized by;
Punjab Digital Library

| 1 | 2 | | 3 |
|---|---|---|---|
| 38 | Bugra | .. | 110 |
| 39 | Ket Farohi (Fatuhi) | .. | 89 |
| 40 | Kotla | .. | 93 |
| 41 | Thinda | .. | 94 |
| 42 | Bahbalpur | .. | 94 |
| 43 | Jalwahara | .. | 2 |
| 44 | Ajnoha | .. | 52 |
| 45 | Chahal | .. | 3 |
| 46 | Nangal | .. | 5 |
| 47 | Thandal | .. | 4 |
| 48 | Kukowal | .. | 6 |
| 49 | Dhiana | .. | 7 |
| 50 | Badon | .. | 51 |
| 51 | Maujo Mazara | .. | 8 |
| 52 | Muggo Patti | .. | 56 |
| 53 | Rupowal | .. | 48 |
| 54 | Mahal | .. | 55 |
| 55 | Dadian | .. | 50 |
| 56 | Kukar | .. | 46 |
| 57 | Gondian | .. | 47 |
| 58 | Gophlian | .. | 45 |
| 59 | Dham | .. | 12 |
| 60 | Jangaliana | .. | 44 |
| 61 | Atwal | .. | 43 |
| 62 | Manahana | .. | 90 |
| 63 | Chele (Chein) | .. | 83 |
| 64 | Chack Mussa | .. | 92 |
| 65 | Data | .. | 82 |
| 66 | Kalupur | .. | 91 |
| 67 | Khushalpur | .. | 87 |
| 68 | Bikapur | .. | 85 |

*Original with;*
Punjab Vidhan Sabha
*Digitized by;*
Panjab Digital Library

[Minister of State for Public Health]

| 1 | 2 | | 3 |
|---|---|---|---|
| 69 | Pachhangal | .. | 86 |
| 70 | Bhagtupur | .. | 87 |
| 71 | Ishpur | .. | 73 |
| 72 | Nandipur | .. | 84 |
| 73 | Mautian | .. | 39 |
| 74 | Bhunon | .. | 35 |
| 75 | Subhanpur | .. | 20 |
| 76 | Persota | .. | 40 |
| 77 | Malharwal | .. | 41 |
| 78 | Chambal Kalan | .. | 63 |
| 79 | Chambal Khurd | .. | 64 |
| 80 | Molian | .. | 42 |
| 81 | Kharar Rawal Bassi | .. | 75 |
| 82 | Sarhala Khurd | .. | 59 |
| **Tehsil Balachaur** | | | |
| 1 | Khanpur urf Kulewal | .. | 184 |
| 2 | Raipur | .. | 185 |
| 3 | Rurki Khurd | .. | 187 |
| 4 | Thathiala | .. | 181 |
| 5 | Garhi Kanugonan | .. | 188 |
| 6 | Kishanpur | .. | 284 |
| 7 | Ramgarh | .. | 298 |
| 8 | Jeowal | .. | 427 |
| 9 | Bachhwan | .. | 428 |
| 10 | Jamitgarh | .. | 289 |
| 11 | Bir Sarkar urf Kathgarh | .. | 434 |
| 12 | Bharthala | .. | 205 |
| 13 | Jalalpur | .. | 200 |
| 14 | Kamalpur | .. | 201 |
| 15 | Chahal | .. | 202 |

Original with;
Punjab Vidhan Sabha
Digitized by;
Panjab Digital Library

| 1 | 2 | | 3 |
|---|---|---|---|
| 16 | Makowal | .. | 443 |
| 17 | Sajawalpur | .. | 170 |
| 18 | Bharapur | .. | 238 |
| 19 | Mahandpur | .. | 167 |
| 20 | Rakran | .. | 176 |
| **Tehsil Dasuya** | | | |
| 1 | Bhogal Kalan | .. | 66 |
| 2 | Khuda | .. | 71 |
| 3 | Karula Khurd | .. | 65 |
| 4 | Karala Kalan | .. | 64 |
| 5 | Jianatha | .. | 705 |
| 6 | Ludhe chack | .. | 507 |
| 7 | Munak | .. | 505 |
| 8 | Kamalpur | .. | 501 |
| 9 | Kadari chak | .. | 507 |
| 10 | Madda | .. | 509 |
| 11 | Munak Khurad | .. | 506 |
| 12 | Kotali | .. | 59 |
| 13 | Bodal | .. | 54 |
| 14 | Masti Palkot | .. | 51 |
| 15 | Hansipind | .. | 40 |
| 16 | Nangal Khugian | .. | 53 |
| 17 | Rasulpur | .. | 42 |
| 18 | Dhadiala | .. | 25 |
| 19 | Hambran | .. | 32 |
| 20 | Baich | .. | 27 |
| 21 | Dhariwal | .. | 28 |
| 22 | Littar | .. | 29 |
| 23 | Chahal | .. | 30 |
| 24 | Kandhala Jattan | .. | 31 |

Original with;
Punjab Vidhan Sabha
Digitized by;
Panjab Digital Library

[Minister of State for Public Health]

| 1 | 2 | | 3 |
|---|---|---|---|
| 25 | Bassi Jalan Khan | .. | 26 |
| 26 | Ghorewaha | .. | 16 |
| 27 | Ludhiana | .. | 126 |
| 28 | Chhangla | .. | 127 |
| 29 | Ashrafpur | .. | 143 |
| 30 | Mangat | .. | 125 |
| 31 | Ghian | .. | 121 |
| 32 | Jand | .. | 124 |
| 33 | Kalianpur | .. | 144 |
| 34 | Usman Shahid | .. | 142 |
| 35 | Khairbad | .. | 130 |
| 36 | Hamla (Haza) | .. | 120 |
| 37 | Gaunspur | .. | 199 |
| 38 | Dardarpur | .. | 196 |
| 39 | Ganga Chak | .. | 148 |
| 40 | Sangi | .. | 149 |
| 41 | Bhikowal | .. | 457 |
| 42 | Khanpur | .. | 461 |
| 43 | Bhogia | .. | 462 |
| 44 | Khera | .. | 489 |
| 45 | Galowal | .. | 477 |
| 46 | Chak Bamun | .. | 477 |
| 47 | Bhuchhan | .. | 491 |
| 48 | Rajpur | .. | 85 |
| 49 | Akal Tunda | .. | 480 |
| 50 | Passi | .. | 479 |
| 51 | Khun Khurd | .. | 86 |
| 52 | Duggal Bawakhari | .. | 19 |
| 53 | Raju Bawakhari | .. | 78 |
| 54 | Khakhar Duwakhari | .. | 79 |
| 55 | Bercha | .. | 83 |

Original with;
Punjab Vidhan Sabha
Digitized by;
Panjab Digital Library

| 1 | 2 | | 3 |
|---|---|---|---|
| 56 | Rajpur | .. | 85 |
| 57 | Kehpur Kotli | .. | 113 |
| 58 | Bajwa | .. | 112 |
| 59 | Nihalpur | .. | 114 |
| 60 | Dugri | .. | 116 |
| 61 | Shahpur | .. | 89 |
| 62 | Ralhan | .. | 73 |

## SCHEME FOR SUPPLY OF DRINKING WATER IN VILLAGES OF BET AREA IN TEHSIL GARHSHANKAR

*1014. (C.U.) **Sardar Avtar Singh Karimpuri** : Will the Minister of State for Public Health be pleased to State whether any Scheme has been formulated to solve the problem of supply of Drinking Water in 25 Villages of Bet Area of tehsil Garhshankar; if so, details thereof; if not, the reasons therefor ?

**ਸਰਦਾਰ ਮਨਿੰਦਰਜੀਤ ਸਿੰਘ ਬਿੱਟਾ** : ਹਾਂ ਜੀ। ਤਹਿਸੀਲ ਗੜ੍ਹਸ਼ੰਕਰ ਦੇ ਬੇਟ ਇਲਾਕੇ ਦੇ ਪਿੰਡਾਂ ਨੂੰ ਪਾਣੀ ਦੇਣ ਲਈ ਪਹਿਲਾਂ ਹੀ ਜਲ ਸਪਲਾਈ ਸਕੀਮ ਬਣੀ ਹੋਈ ਹੈ ਅਤੇ ਭਾਰਤ ਸਰਕਾਰ ਦੁਆਰਾ ਮਿਥੇ ਗਏ ਨਾਰਮਜ਼ ਅਨੁਸਾਰ ਇਸ ਜਲ ਸਪਲਾਈ ਸਕੀਮ ਤੋਂ ਪਾਣੀ ਦੀ ਸਪਲਾਈ 40 ਲਿਟਰ ਪ੍ਰਤੀ ਜੀਅ ਪ੍ਰਤੀ ਦਿਨ ਦੇ ਹਿਸਾਬ ਨਾਲ ਦਿੱਤੀ ਜਾ ਰਹੀ ਹੈ।

---

## CONSTRUCTION OF SPORTS STADIUM AT SIRHIND

*945. (C.U.) **Doctor Harbans Lal** : Will the Minister of State for Youth Services and Sports be pleased to State whether the Government propose to construct a Sports Stadium at Sirhind Mandi, if so, the location of sites selected for the same and the time by which it is likely to be constructed?

**ਸ੍ਰੀ ਮਹਿੰਦਰ ਸਿੰਘ ਕੇ.ਪੀ.** : ਹਾਂ ਜੀ। ਸਰਹਿੰਦ ਮੰਡੀ ਵਿਖੇ ਬਲਾਕ ਪੱਧਰ ਦਾ ਸਪੋਰਟਸ ਸਟੇਡੀਅਮ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ-ਅਧੀਨ ਹੈ। ਇਸ ਮੰਤਵ ਲਈ ਢੁੱਕਵੀ ਜਗ੍ਹਾਂ ਦੀ ਭਾਲ ਸਥਾਨਕ ਪ੍ਰਸ਼ਾਸਨ ਵੱਲੋਂ ਕੀਤੀ ਜਾ ਰਹੀ ਹੈ। ਇਸ ਸਟੇਜ ਤੇ ਇਸ ਦੀ ਸਮਾਂ-ਸੂਚੀ ਦੇਣ ਸਮੇਂ ਤੋਂ ਪਹਿਲਾਂ ਵਾਲੀ ਗੱਲ ਹੋਵੇਗੀ।

---

Original with;
Punjab Vidhan Sabha
Digitized by;
Panjab Digital Library

ਰਾਜ ਵਿਚ ਨਵੇਂ ਜ਼ਿਲ੍ਹਾ ਬਣਾਉਣਾ

*670. (ਸੀ.ਯੂ.) (1) ਕਾਮਰੇਡ ਹਰਦੇਵ ਸਿੰਘ ਅਰਸ਼ੀ
(2) ਸ਼੍ਰੀਮਤੀ ਵਿਮਲਾ ਡਾਂਗ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ

ਕਿ:—

(ੳ) ਮੌਜੂਦਾ ਸਰਕਾਰ ਨੂੰ ਰਾਜ ਪ੍ਰਬੰਧ ਸੰਭਾਲਣ ਤੋਂ ਬਾਅਦ ਰਾਜ ਵਿਚ ਨਵੇਂ ਜ਼ਿਲ੍ਹੇ ਬਣਾਉਣ ਲਈ ਕਿੰਨੀਆਂ ਪ੍ਰਤੀ ਬੇਨਤੀਆਂ ਪ੍ਰਾਪਤ ਹੋਈਆਂ ;

(ਅ) ਕੀ ਮੌਜੂਦਾ ਸਰਕਾਰ ਦੁਆਰਾ ਨਵੇਂ ਜ਼ਿਲ੍ਹੇ ਬਣਾਉਣ ਸਬੰਧੀ ਵਿਚਾਰ ਕਰਨ ਲਈ ਬਣਾਈ ਗਈ ਕਮੇਟੀ ਨੇ ਆਪਣੀ ਰਿਪੋਰਟ ਦੇ ਦਿੱਤੀ ਹੈ ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ?

ਸਰਦਾਰ ਬੇਅੰਤ ਸਿੰਘ : (ੳ) ਮੌਜੂਦਾ ਸਰਕਾਰ ਨੂੰ ਨਵੇਂ ਜ਼ਿਲੇ ਬਣਾਉਣ ਲਈ 200 ਪ੍ਰਤੀ ਬੇਨਤੀਆਂ ਪ੍ਰਾਪਤ ਹੋਈਆਂ ਹਨ ।

(ਅ) ਨਹੀਂ ਜੀ ।

ਦਰਜਾ ਚਾਰ ਕਰਮਚਾਰੀਆਂ ਦੀਆਂ ਮੰਗਾ

*616. (ਸੀ.ਯੂ.) ਸ਼੍ਰੀਮਤੀ ਵਿਮਲਾ ਡਾਂਗ : ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਅਤੇ ਰਾਜ ਦੇ ਦਰਜਾ ਚਾਰ ਕਰਮਚਾਰੀ ਯੂਨੀਅਨ ਵਿਚਕਾਰ 28 ਮਈ, 1991 ਨੂੰ ਤਨਖਾਹ ਸਕੇਲਾਂ ਅਤੇ ਸਲਾਨਾ ਤਰੱਕੀ ਦੀ ਦਰ ਆਦਿ ਸਬੰਧੀ ਉਨ੍ਹਾਂ ਦੀਆਂ ਮੰਗਾਂ ਸਬੰਧੀ ਕੋਈ ਸਮਝੌਤਾ ਹੋਇਆ ਸੀ ; ਜੇਕਰ ਅਜਿਹਾ ਹੈ, ਤਾਂ ਉਸ ਦੀ ਇੱਕ ਕਾਪੀ ਅਤੇ ਉਸ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਸਦਨ ਦੀ ਮੇਜ਼ ਤੇ ਰੱਖੇ ਜਾਣ ?

ਸਰਦਾਰ ਬੇਅੰਤ ਸਿੰਘ : ਨਹੀਂ ਜੀ

## ANNEXURE-I

**Proceeding of the meeting of Class-IV Employees union with Chief Secretary held on 28th May, 1991.**

PRESENT :

1. Sh. Tejendra Khanna, IAS, Chief Secretary to Governments, Punjab.
2. Sh. Rajesh Chhabra, IAS, Secretary Personnel and General Administration.
3. Sh. Samjyoti Sarup, Deputy Secretary Finanace(s).

The Class-IV Employees Union Stated that they are allowed one winter uniform and three summer uniforms after three years. They stated that one uniform in summer and one in winter may be given to them on every alternative year. This was so in the case of Drivers of Punjab Roadways. It was decided that the matter may be reconsidered by the Committee set up by the Department of Printing& Stationery on the subject. In this connection a representation was handed over by the Union to SPGA who has marked it to Secretary, Printing and Stationery.

Original with;
Punjab Vidhan Sabha
Digitized by;
Panjab Digital Library

2. The Union represented that in the case of Clerks whatever the scale of pay was decided to be given on the recommendations of the Punjab Pay Commission, it was decided by Government to give them a start of Rs. 1000 i.e. with a benefit of two increments since the basic pay of the clerk is Rs. 950. The union represented that in the case of Class-IV, they have been given only benefit of one increment and given a start of Rs. 770 on the scale of pay starting with Rs. 750 They represented that they should at least be given one more increment. It was decided that the matter may be given a second thought.

3. The Union represented that prior to the existing scales of pay, Class-IV employees were 20% in the selection grade. They demanded that they should be given higher scale of pay as allowed in the case of Clerks, C.S. asked them if they would prefer to have the same set up as it existed perior to the implementation of the recommendations of the Pay Commission, in that context he discussed at length the avenue of promotion to higher level by class-IV employees so that those who could rise upward are able to do so by improving their qualification. It was in this context that it was decided that the matter regarding raising the existing rate of promotion of 10% posts be increased and in this context the matter be examined and file submitted to C.S. It was also decided by C.S. that there should be introduction of test after 5 and 10 years for higher avenues of promotion to the post of Record Lifter/Restorer etc. after 5—10 years or for similar posts in the field.

4. C.S. also emphasised that there should be avenues for in service training of class-IV employees so that after getting that training they become eligible to pass the above mentioned test and equipped for manning better posts with better avenues for promotion.

5. The union demanded that prior to implementation of recommendations of the Pay Commission the Jamadars were in the scale of pay of Rs. 325—450 plus Rs. 20 as special Pay whereas peons, were in the scale of pay of Rs. 300—430. It was explained by D.S.F. (s) that Jamadar who were getting special pay in lieu of higher time scale of pay, their special pay has been merged in the revised scale scale of pay whereas promotees in the revised scale of pay will be getting two increments at the time of promotion as Jamadars C.S. has desired that this matter may be reexamined.

6. Union demanded that Washing allowance which is allowed at Rs. 15 per month is too meagre in view of rising prices and it may be raised to Rs. 20. This demand of the union was accepted.

7. The union demanded that the fixed travelling allowance which is allowed at Rs. 50 per month be increased to atleast Rs. 120 per month. It was decided that certain categoreis of posts of Class-IV such as Process Servers in the Department of Revenue/Judiciary and Dak runner in Irrigation Department be considered for allowing them fixed travelling allowance of Rs. 100 or Rs. 120. It was decided that all such posts may be got identified before allowing increased fixed travelling allowance DSF (S) however, stated that circular instructions are being issued with respect to those who are eligible for such fixed travelling allowance.

8. The union demanded that fixed medical allowance at Rs. 100 instead of Rs. 40 which is allowed at present may be sanctioned. C.S. indicated that the matter will be considered by Government.

9. The union demanded that risk allowance may be allowed to chowkidars who happen to remain in the building looking after its premises When everybody has left the office. In these times the risk to chowkidars when they are lone in the building is very much on the higher side and some provision should be made so that the chowkidars are compensated. The matter can be considered by Government. The report of the Committee on hazardous job has since been submitted to F.D. who are considering it.

10. The union demanded House Rent Allowance to people serving throughout the State irrespective of city or villages on the pattern of Bengal Government. They also stated that besides House Rent Allowance, Government Employees are also paid rural area allowance. Since report on difficult area is yet to be finalised by F.C.R.

Original with;
Punjab Vidhan Sabha
Digitized by;
Panjab Digital Library

[Chief Minister]

matter of compensating people serving in such difficult are as which are identified by Committee will be considered by F.D.

11. The union requested that in earlier years Government has been allowing wheat allowance which was later suspended. Haryana Government is allowing such interest free wheat loan to class-IV employees. The union requested that on similar pattern they may also be allowed wheat loan which may be recovered in 10 equated instalments C.S. was of the view that this facility can be extended to class-IV employees and the matter may be considered by F.D.

12. The union requred that Haryana Government has allowed hazard allowance to sweepers at Rs. 50 in addition to Rs. 15 which is already admissible to them. The union therefore, desired that similar allowance may be allowed in case of sweepers. It was decided that matter may be canstdered by F.D.

The Union also requested for arranging for weekly rest for a day in case chowkidars It was desired that he matter may be considered and appropriate instructions issued.

Original with;
Punjab Vidhan Sabha
Digitized by;
Panjab Digital Library

## ANNEXURE-II

**Statement showing the position of demands of Class-IV Govt. employees union discussed in the meeting held on 28th May, 1991 and action taken thereon.**

| Serial No. | Demand | Action taken thereon/Comments |
|---|---|---|
| 1 | Class-IV employees may be given one uniform in summer and one in winter on every alternative year | It was decided that the matter may be considered by the committee set-up by the Department of Printing and Stationery and the demand being made for giving unfirom allowance in cash the matters being further considered by the Department |
| 2 | As in the case of clerks and others, a start of Rs. 1,000 P.M. has been allowed. So Class-IV employees may also be given the start of Rs. 790 instead of Rs. 770 | Department of Finance have observed that the clerks were given a start of Rs. 1000 in the pay scale of Rs. 950—1800, subject to the condition that the minimum academic qualification for recruitment as Clerk shall in future be matriculation second division or 10+2, but in the case of Class-IV employees, the qualifications have not been raised. Further, there are large number of categories, who are in the pay scale of Rs. 950—1800, but they have not been given a start of Rs. 1000. Thus as compared to these latter categories of employees, the class-IV employees who have been given a start of Rs. 770/ i.e. the benefit of one increment, are better placed. |
| 3 | Due to less avenues of promotion the 20% slection grade to class-IV Govt. employees may be restored | It was decided that the matter regarding raising the existing ratio of promotion of 10% increase. The matter is under consideration. However it has been felt that employees promoted as such fail to work efficiently. |
| 4 | Better avenue of promotion for Class-IV employees .. | Ditto |
| 5 | Special pay to Jamadars .. | Department of Finance have observed that the special pay granted in lieu of higher time scale of pay to Head Mali, Head Chowkidar, Jamadar, Daftri, and record lifter was abolished with effect from the 11th January, 1990 and the then existing incumbents of the posts are allowed to continue to draw such special pay in lieu of higher time scale and it was decided |

Original with;
Punjab Vidhan Sabha
Digitized by;
Panjab Digital Library

[Chief Minister]

| Serial No. | Demand | Action taken thereon Comments |
|---|---|---|
| | | that this special pay should be taken into account while fixing their pay on promotion to higher posts. Since the concept of grant of special pay in lieu of a separate higher time scale has been abolished with effect from 11th January, 1990 and Note 9 below Rule 4.4 of C.S.R. Vol. -I, Part-I, relating to the grant of spl. pay in lieu of higher time scale has also been abrogated with effect from 11th January, 1990, no spl. pay in lieu of higher time scale is admissible to the incumbents promoted or appointed to these posts on or after 11th January, 1990. If the matter regarding the grant of special pay to these categories of employees is to be reconsidered, the matter in the first instance is required to be examined in the Department of General Admn. As such, that Department may be requested to send a detailed proposal in this behalf. |
| 6 | Washing allowance may be enhanced from Rs. 15 to Rs. 20 | The matter regarding the increase in the rate of washing allowance was considered by the Standing Committee on Uniforms and Liveries, which is functioning under the Department of Printing and Stationery. The extract of this paragraph was sent to the Printing and Stationery on 12th June, 1991, for placing the matter before the Committee. The case was considered in the meeting of the Committee and rejected. |
| 7 | Enhancement of fixed T.A. to certain categories Class-IV employees from Rs. 50 to 120. | The demand for raising the fixed travelling allowance cum-Misc-allowance from Rs. 50 to Rs. 120 p.m. cannot be accepted because recently with effect from the 1st March, 1991 the rate of this allowance to class-IV employes from Rs. 30 p.m. to Rs. 50 p.m. has been raised. No proposal for giving fixed travelling allowance at the rate of Rs. 100/- or Rs. 120 is Process servers in the Department of Revenue/Judiciary and Dak Runner's in the Department of Irrigation has been received in the Department of Finance. Only proposals for giving fixed travelling allowance at the rate of Rs. 120 and in the office of Sub-Judge, Sangrur have been received and these proposals cannot be considered unless these come through the Administration Department concerned. |
| 8 | Enhancement of fixed medical allowance from Rs. 40 to Rs. 100 p.m. | The rate of fixed medical allowance has been increased from Rs. 30 to Rs. 40 p.m. with effect from 1st May, 1990 and there is no justification to increase it to Rs. 100 p.m. |

Original with;
Punjab Vidhan Sabha
Digitized by;
Panjab Digital Library

| Serial No. | Demand | Action taken thereon comments |
|---|---|---|
| 9 | Risk allowance to Chowkidars .. | There is justification for giving any risk allowance to Chowkidars as their duties cannot in any way be said to be hazardous<br>As regards, the report of the Committee on hazardous jobs, it is stated that the report received in the Department of Finance is incomplete and the defects in the report have been pointed out and are being considered by Department of Personnel, Punjab. |
| 10 | House rent may be given on Bengal Pattern .. | The demand has no justification in view of recommendation made by the 3rd Punjab Pay Commission. |
| 11 | Wheat loan to Class-IV employees .. | It was allowed by the Finance Department in the Financial year 1991-92 as per demand of the union. |
| 12 | On Haryana pattern hazard allowance may be allowed to sweepers .. | Finance Department has found no justification in this demand. |

Original with;
Punjab Vidhan Sabha
Digitized by;
Panjab Digital Library

**Scales of pay of Inspectors/Assistants of Municipal Committees**

***959. (C.U.). (1) Comrade Ajaib Singh Raunta**
**(2) Shrimati Vimla Dang** } : Will the Minister for Finance be pleased to state—

(a) the present scale of Inspectors/Assistants of Municipal Committees in the State and the date since when these scales are in force ;

(b) whether the Government has received any complaint regarding payment of pensionary benefits to some Inspectors on the basis of unrevised scales of pay; if so, the action proposed to be taken on the said complaint ?

**ਡਾਕਟਰ ਕੇਵਲ ਕ੍ਰਿਸ਼ਨ** : (ੳ) ਮਿਤੀ 1 ਜਨਵਰੀ, 1986 ਤੋਂ ਰਾਜ ਦੀਆਂ ਸਮੂਹ ਕਮੇਟੀਆਂ ਵਿੱਚ ਕੰਮ ਕਰਦੇ ਇੰਨਸਪੈਕਟਰਾਂ ਅਤੇ ਸਹਾਇਕਾਂ ਦੇ ਇਸ ਵੇਲੇ ਤਨਖਾਹ ਸਕੇਲ ਕਰਮਵਾਰ ਰੁ: 1,500--2,640 ਅਤੇ ਰੁ: 1,800---3,200 ਹਨ ।

(ਅ) ਨਹੀਂ ਜੀ। ਫਿਰ ਵੀ ਕੁਝ ਰਿਟਾਇਰ ਹੋਏ ਇੰਸਪੈਕਟਰਾਂ ਵੱਲੋਂ ਸਹਾਇਕਾਂ ਦੇ ਬਰਾਬਰ ਤਨਖਾਹ ਸਕੇਲ ਰੁ: 1,500---2,640 ਨੂੰ ਮੁੜ ਸੋਧਕੇ ਰੁ: 1,800---3,200 ਕੀਤੇ ਜਾਣ ਬਾਰੇ ਸਕਾਇਤਾਂ ਪ੍ਰਾਪਤ ਹੋਈਆਂ ਹਨ ਤਾਂ ਜੋ ਉਹ ਵਾਧੂ ਪੈਨਸ਼ਨਰੀ ਲਾਭ ਲੈ ਸਕਣ। ਉਨ੍ਹਾਂ ਦੀਆਂ ਪ੍ਰਤੀ ਬੇਨਤੀਆਂ ਇਸ ਵਿਭਾਗ ਦੇ ਵਿਚਾਰ ਅਧੀਨ ਹਨ ।

————

**Promotion of Accountants as B.D., P.Os.**

***1031. (C.U.) Sardar Nirmal Singh Nimma** : Will the Minister for Rural Development and Panchayats be pleased to state—

(a) whether there exists and scheme for making any promotions of Accountants as Block Development and Panchayat Officers in the Department of Rural Development and Panchayats; if so, the names of Accountants who have since been promoted as Block Development and Panchayat Officers;

(b) whether the number of persons referred to in part (a) above were promoted keeping in view the quota reserved for Scheduled Castes ?

Original with;
Punjab Vidhan Sabha
Digitized by;
Panjab Digital Library

**ਸਰਦਾਰ ਉਮਰਾਓ ਸਿੰਘ** : (ੳ) ਹਾਂ ਜੀ। ਪਰੰਤੂ ਕਿਸੇ ਵੀ ਸੀਨੀਅਰ ਸਹਾਇਕ (ਲੇਖਾ) ਨੂੰ ਅਜੇ ਤੱਕ ਬਤੌਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਰੈਗੂਲਰ ਤਰੱਕੀ ਨਹੀਂ ਦਿੱਤੀ ਗਈ ਕਿਉਂਕਿ ਅਜੇ ਤੱਕ ਸਬੰਧਤ ਨਿਯਮਾਂ ਵਿਚ ਲੋੜੀਂਦੀ ਸੋਧ ਨਹੀਂ ਹੋਈ। ਬਲਾਕ ਵਿਕਾਸ ਤੇ ਪੰਚਾਇਤ ਅਫਸਰ ਦੀ ਆਸਾਮੀ ਤੇ ਤਰੱਕੀ ਲਈ ਯੋਗ ਕਰਮਚਾਰੀਆਂ ਦੀ ਘਾਟ ਨੂੰ ਮੁੱਖ ਰੱਖਦੇ ਹੋਏ 12 ਸੀਨੀਅਰ ਸਹਾਇਕ (ਲੇਖਾ) ਨੂੰ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਦੀ ਆਸਾਮੀ ਦਾ ਆਫੀਸ਼ੀਏਟਿੰਗ/ਵਾਧੂ ਚਾਰਜ ਦਿੱਤਾ ਹੋਇਆ ਹੈ।

(ਅ) ਨਹੀਂ ਜੀ। ਅਨੁਸੂਚਿਤ ਜਾਤੀ ਦੇ ਲੇਖਾਕਾਰਾਂ ਨੂੰ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਦੀਆਂ ਆਸਾਮੀਆਂ ਦਾ ਆਫੀਸ਼ੀਏਟਿੰਗ/ਵਾਧੂ ਚਾਰਜ ਦੇਣ ਸਮੇਂ ਪ੍ਰਤੀਨਿਧਤਾ ਦੇਣ ਦਾ ਮਾਮਲਾ ਵਿਚਾਰ ਅਧੀਨ ਹੈ।

— — — —

## ਸਰਕਾਰੀ ਕਰਮਚਾਰੀਆਂ ਨੂੰ ਬਣਾਉਟੀ ਦੰਦਾਂ ਦੇ ਖਰਚੇ ਦੀ ਪ੍ਰਤੀ ਪੂਰਤੀ

*771. (ਸੀ.ਯੂ.) (1) ਕਾਮਰੇਡ ਹਰਦੇਵ ਸਿੰਘ ਅਰਸ਼ੀ
(2) ਸ਼੍ਰੀਮਤੀ ਵਿਮਲਾ ਡਾਂਗ
} : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸਰਕਾਰੀ ਕਰਮਚਾਰੀ ਬਣਾਉਟੀ ਦੰਦਾਂ ਦੇ ਖ਼ਰਚੇ ਦੀ ਪ੍ਰਤੀ ਪੂਰਤੀ ਲਈ ਹੱਕਦਾਰ ਹਨ ; ਜੇ ਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਤਾਜ਼ਾ ਸਰਕਾਰੀ ਹਦਾਇਤਾਂ ਦੀ ਇੱਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

**ਸਰਦਾਰ ਲਾਲ ਸਿੰਘ** : ਹਾਂ ਜੀ। ਪੰਜਾਬ ਸਰਕਾਰ ਵੱਲੋਂ ਜਾਰੀ ਤਾਜ਼ਾ ਹਦਾਇਤਾਂ ਨੰ: 12 (87) 89-5 ਐਚ.ਬੀ. 5/17910, ਮਿਤੀ 11 ਸਤੰਬਰ, 1989 ਦੀ ਕਾਪੀ ਨੱਥੀ ਹੈ।

No. 12(87)/89-5HBV/17910

**GOVERNMENT OF PUNJAB**

DEPARTMENT OF HEALTH AND FAMILY WELFARE

(HEALTH V BRANCH)

To

All Heads of Departments, Commissioners of Divisions, Deputy Commissioners and Sub-Divisional Officers (Civil) in the Punjab State and Registrar, Punjab and Haryana High Court, District and Session Judges and Principals of Medical/Dental Colleges and Hospitals in the State.

Dated, Chandigarh, the 11th Sept., 1989.

**Subject**:—Grant of free Medical facilities regarding dental treatment of Punjab Government Employees and their dependents Re-imbursement of expenditure on dentures.

———

Sir,

I am directed to invite a reference to Punjab Govt. letter No. 4412-5HBV-82/12554, dated the 17th August, 1982 on the subject noted above and to say that on further

Original with;
Punjab Vidhan Sabha
Digitized by;
Panjab Digital Library

[Minister for Health and Family Welfare]

consideration, the President of India is pleased to enhance the rates of re-imbursement in connection with fixing of dentures, with immediate effect, as under:—

| | | Existing rates | Revised rates | |
|---|---|---|---|---|
| (i) Partial denture (1 to 4 teeth) | .. | Rs. 50 | Rs. 75 | Or actual cost whichever is less |
| (ii) Partial denture (5 to 10 teeth) | .. | Rs. 100 | Rs. 150 | |
| (iii) Partial denture (Exceeding 10 teeth) | .. | Rs. 200 | Rs. 275 | |
| (iv) Half denture | .. | Rs. 250 | Rs. 350 | |
| (v) Full denture | .. | Rs. 500 | Rs. 700 | |

2. The terms and conditions already laid down in Punjab Government, letter, dated the 17th August, 1982, referred to above, will continue to be applicable.

3. This issues with the concurrence of the Department of Finance conveyed,—*vide* their I.D. No. 10/11/84, FPI, dated the 22nd August, 1989.

Yours faithfully,

(Sd.)/- . . . .,

Under Secretary, Health.

A copy is forwarded to all Financial Commissioners and Administrative Secretaries to Govt., Punjab for information and necessary action.

(Sd.)/- . . . .,

Under Secretary, Health.

To

All the Financial Commissioners and Administrative Secretaries to Govt., Punjab.

I.D.No. 12(87)89-5HBV/17911, dated Chandigarh, the 11th Sept., 1989.

## Revision of Pay Scales of College Cadre Librarians

*981. **(C.U.) Doctor Harbans Lal**: Will the Minister for Education be pleased to state whether any proposal for grant of the same Pay Scale as that of College Lecturers to the Librarian of the College Cadre is under consideration of the Government; if so, the time by which it is likely to be done ?

**ਸਰਦਾਰ ਲਖਮੀਰ ਸਿੰਘ ਰੰਧਾਵਾ**: ਸਰਕਾਰੀ ਕਾਲਜ ਕਾਡਰ ਲਾਇਬਰੇਰੀਅਨਜ਼ ਪਹਿਲਾਂ ਹੀ ਸਰਕਾਰੀ ਕਾਲਜ ਲੈਕਚਰਾਰਾਂ ਵਾਲਾ ਸਕੇਲ ਲੈ ਰਹੇ ਹਨ।

Original with;
Punjab Vidhan Sabha
Digitized by;
Panjab Digital Library

**ਜ਼ਿਲ੍ਹਾ ਹੁਸ਼ਿਆਰਪੁਰ ਅਤੇ ਜਲੰਧਰ ਵਿਚ ਪ੍ਰਾਇਮਰੀ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਭਰਨਾ**

*1010. (ਸੀ.ਯੂ.) **ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਸਿੱਖਿਆ ਮੰਤਰੀ ਇਹ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ :—

(ੳ) ਜ਼ਿਲ੍ਹਾ ਹੁਸ਼ਿਆਰਪੁਰ ਅਤੇ ਜਲੰਧਰ ਵਿੱਚ ਅਜਿਹੇ ਪ੍ਰਾਇਮਰੀ ਸਕੂਲਾਂ ਦੀ ਬਲਾਕ-ਵਾਰ ਗਿਣਤੀ ਜਿਨ੍ਹਾਂ ਵਿੱਚ ਇਕ ਹੀ ਅਧਿਆਪਕ ਕੰਮ ਕਰਦਾ ਹੈ ;

(ਅ) ਅਜਿਹੇ ਸਕੂਲਾਂ, ਜੋ ਭਾਗ (ੳ) ਵਿੱਚ ਆਉਂਦੇ ਹਨ, ਵਿੱਚ ਬਲਾਕ-ਵਾਰ ਪ੍ਰਾਇਮਰੀ ਅਧਿਆਪਕਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਵਰਤਮਾਨ ਗਿਣਤੀ ਅਤੇ ਇਹ ਪੋਸਟਾਂ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਹਰਨਾਮ ਦਾਸ ਜੌਹਰ** : (ੳ) ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਕੋਈ ਵੀ ਸਿੰਗਲ ਟੀਚਰ ਸਕੂਲ ਨਹੀਂ ਹੈ। ਜਿਲ੍ਹਾ ਜਲੰਧਰ ਵਿੱਚ (ਖਿਆਲਾ, ਦਾਸੂਪੁਰ ਅਤੇ ਮਹਿਮੂਦਪੁਰ) ਤਿੰਨ ਸਿੰਗਲ ਟੀਚਰ ਸਕੂਲ ਹਨ ਜਿਹੜੇ ਬਲਾਕ ਆਦਮਪੁਰ, ਕਰਤਾਰਪੁਰ ਅਤੇ ਨਕੋਦਰ-11 ਵਿੱਚ ਹਨ।

(ਅ) ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਕੋਈ ਸਿੰਗਲ ਟੀਚਰ ਸਕੂਲ ਨਹੀਂ ਹੈ। ਜ਼ਿਲ੍ਹਾ ਜਲੰਧਰ ਵਿੱਚ ਤਿੰਨ ਸਿੰਗਲ ਟੀਚਰ ਸਕੂਲ ਹਨ। ਇਹਨਾਂ ਵਿਚੋਂ ਕਿਸੇ ਵੀ ਸਕੂਲ ਵਿੱਚ ਅਧਿਆਪਕ ਦੀ ਆਸਾਮੀ ਖਾਲੀ ਨਹੀਂ ਹੈ।

---

**Setting up Veterinary Dispensaries in Village Ramgarh and Kirpal Singhwala, Tehsil Barnala, District Sangrur**

*1028. (C.U.) **Sardar Nirmal Singh Nimma**: Will the Minister of State for Animal Husbandry and Fisheries be pleased to state—

(a) whether the Government propose to set up Veterinary Dispensaries in Villages Ramgarh and Kirpal Singhwala Tehsil, Barnala, District Sangrur; if so, when;

(b) whether the Government would consider the proposal to open Veterinary Dispensaries in the villages referred to in part (a) above on priority basis if the concerned Panchayats render help in providing land and buildings therefor ?

**ਸਰਦਾਰ ਹਰਬੰਸ ਸਿੰਘ ਸਿਧੂ** : (ੳ) ਇਸ ਵੇਲੇ ਪਿੰਡ ਰਾਮਗੜ੍ਹ ਅਤੇ ਕਿਰਪਾਲ ਸਿੰਘ ਵਾਲਾ ਜ਼ਿਲ੍ਹਾ ਸੰਗਰੂਰ ਵਿਖੇ ਪਸ਼ੂ ਡਿਸਪੈਂਸਰੀ ਸਥਾਪਤ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

(ਅ) ਗਰਾਮ ਪੰਚਾਇਤ, ਰਾਮਗੜ੍ਹ ਅਤੇ ਕਿਰਪਾਲ ਸਿੰਘ ਵਾਲਾ ਦੀ ਬੇਨਤੀ ਉਤੇ ਗੁਣ ਦੋਸ਼ ਦੇ ਅਧਾਰ ਉਤੇ ਸਾਲ 1993-94, ਦੌਰਾਨ ਸਰਕਾਰ ਵੱਲੋਂ ਪ੍ਰਵਾਨ ਕੀਤੀਆਂ ਸੇਧਾਂ ਅਤੇ ਜ਼ਿਲ੍ਹਾ ਯੋਜਨਾ ਬੋਰਡ ਵੱਲੋਂ ਦਿਤੀ ਪ੍ਰਵਾਨਗੀ ਦੇ ਅਧਾਰ ਉਤੇ ਵਿਚਾਰ ਕੀਤਾ ਜਾਵੇਗਾ।

---

Original with;
Punjab Vidhan Sabha
Digitized by;
Panjab Digital Library

**Widening the road from Jhabal to Naushera Dhalla**

***995. (C.U.) Sardar Sukhdev Singh Shahbazpuri**: Will the Minister of State for Public Works (B. & R.) be pleased to state—

(a) whether it is a fact that the road from Jhabal to Naushehra Dhalla via Chima Khurd and Chima Kalan in District Amritsar, is very narrow;

(b) if the reply, to part (a) above be in the affirmative whether the Government purpose to widen the said road; if so, when ?

ਸਰਦਾਰ ਬੇਅੰਤ ਸਿੰਘ (ਮੁੱਖ ਮੰਤਰੀ) : (ੳ) ਇਹ ਗਲਤ ਹੈ ਕਿ ਜ਼ਿਲਾ ਅੰਮ੍ਰਿਤਸਰ ਵਿੱਚ ਝਬਾਲ ਤੋਂ ਨੌਸ਼ਿਹਿਰਾ ਢੱਲਾ ਵਾਇਆ ਚੀਮਾਂ ਖੁਰਦ ਅਤੇ ਚੀਮਾਂ ਕਲਾਂ ਤੱਕ ਸੜਕ ਬਹੁਤ ਤੰਗ ਹੈ।

(ਅ) ਇਸ ਵੇਲੇ ਇਸ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

---

**Widening and Bi-Laning of Sher Shah Suri Marg between Amritsar-Jandiala**

***1002. (C.U.) Shrimati Laxmi Kanta Chawla**: Will the Minister for Public Works (B.&R.) be pleased to state whether there is any proposal under consideration of the Government for widening and bi-laning of Sher Shah Suri Marg between Amritsar and Jalandhar; if so, the time by which work thereon is likely to be undertaken ?

ਸਰਦਾਰ ਬੇਅੰਤ ਸਿੰਘ (ਮੁੱਖ ਮੰਤਰੀ) : ਜੀ ਹਾਂ, ਰਾਸ਼ਟਰੀ ਮਾਰਗ ਨੰ: 1 ਤੇ ਜਲੰਧਰ ਤੋਂ ਅੰਮ੍ਰਿਤਸਰ ਸੜਕ ਨੂੰ ਸੰਨ 2000 ਤੋਂ 2005 ਵਿੱਚ ਚੌੜਾ ਕਰਨ ਦੀ ਤਜਵੀਜ਼ ਹੈ।

---

**Starting Bus Service from Amritsar to Khalra *via* Jhabal China, Chhina and Rasulpur**

***996. (C.U.). Sardar Sukhdev Singh Shahbazpuri**: Will the Minister of State for Transport be pleased to state whether there is any proposal under consideration of the Government to start any bus service from Amritsar to Khalra *via* Jhabal, Chima, Chhina and Rasulpur; if so, when?

ਮਾਸਟਰ ਜਾਗੀਰ ਸਿੰਘ : ਨਹੀਂ ਜੀ।

---

**Bus Fare on Hilly Bus Routes**

***1013. (C.U.) Sardar Avtar Singh Karimpuri** : Will the Minister of State for Transport be pleased to state—

(a) whether it is a fact that at present double fare is charged on the Garhshankar to Jhungi (Beenewal) Bus Route in Tehsil Garhshankar, it being a hilly area;

(b) if the reply to part (a) above be in the affirmative; whether there is any proposal under consideration of the Government to bring the said bus fare at par with the ordinary tarrif in view of economically backward conditions of the said area

Original with;
Punjab Vidhan Sabha
Digitized by;
Panjab Digital Library

**ਮਾਸਟਰ ਜਾਗੀਰ ਸਿੰਘ** : (ੳ) ਪਹਾੜੀ ਸੜਕਾਂ ਦੇ ਇਸ ਭਾਗ ਤੇ ਕਿਰਾਇਆ ਰੁਪਏ 5 ਪ੍ਰਤੀ ਸਵਾਰੀ ਅਤੇ ਪਲੇਨ ਸੜਕਾਂ ਤੇ 3 ਰੁਪਏ ਪ੍ਰਤੀ ਸਵਾਰੀ ਚਾਰਜ ਕੀਤਾ ਜਾਂਦਾ ਹੈ।

(ਅ) ਅਜਿਹੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

---

**ਰਾਜ ਵਿਚ ਆਈ.ਏ.ਐਸ. ਅਫਸਰਾਂ ਦੇ ਤਨਖਾਹ ਸਕੇਲ ਅਤੇ ਭੱਤੇ**

*619. **(ਸੀ.ਯੂ.) ਸ੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ 1 ਅਗਸਤ, 1990, 1 ਅਗਸਤ, 1991 ਅਤੇ 1 ਅਗਸਤ, 1992 ਨੂੰ ਆਈ.ਏ.ਐਸ. ਅਫਸਰਾਂ ਦੀ ਕੁੱਲ ਗਿਣਤੀ ਕਿੰਨੀ-ਕਿੰਨੀ ਸੀ ਅਤੇ ਉਨ੍ਹਾਂ ਦੇ ਤਨਖਾਹ ਸਕੇਲ ਕੀ ਸਨ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਤਿੰਨਾਂ ਤਰੀਖਾਂ ਨੂੰ ਅਫਸਰਾਂ ਦੀ ਹਰ ਇਕ ਸ਼੍ਰੇਣੀ ਨੂੰ ਉਪਲਬਧ ਦੂਜੇ ਭੱਤਿਆਂ ਅਤੇ ਸਹੂਲਤਾਂ ਦੇ ਵੇਰਵੇ ਕੀ ਸਨ ?

**ਸਰਦਾਰ ਬੇਅੰਤ ਸਿੰਘ**: ਲੋੜੀਂਦੀ ਸੂਚਨਾਂ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

| | 1-8-1990 | 1-8-1991 | 1-8-1992 |
|---|---|---|---|
| (ੳ) ਆਈ.ਏ.ਐਸ. ਅਫਸਰਾਂ ਦੀ ਕੁੱਲ ਗਿਣਤੀ | 185 | 189 | 189 |

**ਤਨਖਾਹ ਸਕੇਲ**

| | |
|---|---|
| ਮੁੱਖ ਸਕੱਤਰ | ... ਰੁ: 8,000 (ਬੱਝੇ ਹੋਏ) |
| ਵਿੱਤ ਕਮਿਸ਼ਨਰ/ਪ੍ਰਮੁੱਖ ਸਕੱਤਰ | ... ਰੁ: 7,300—100—7,600 |
| ਸੁਪਰ ਟਾਇਮ ਸਕੇਲ | ... ਰੁ: 5,900—200—6,700 |
| ਸਿਲੈਕਸ਼ਨ ਗਰੇਡ | ... ਰੁ: 4,800—150—5,700 |
| ਜੂਨੀਅਰ ਪ੍ਰਬੰਧਕੀ ਗਰੇਡ | ... ਰੁ: 3,950—125—4,700—150—5,000 (ਨਾਨ-ਫੰਕਸ਼ਨਲ) |
| ਟਾਇਮ ਸਕੇਲ | ... ਰੁ: 3,200 (5ਵਾਂ ਅਤੇ 6ਵਾਂ ਸਾਲ)—100—3,700—125—4,700 |
| ਜੂਨੀਅਰ ਸਕੇਲ | ... ਰੁ: 2,200—75—2,800—ਈ.ਬੀ.—100—4,000 |

**ਵਿਸ਼ੇਸ਼ ਤਨਖਾਹ**

ਉਪਰੋਕਤ ਦੱਸੇ ਤਨਖਾਹ ਸਕੇਲਾਂ ਤੋਂ ਇਲਾਵਾ ਵਿਸ਼ੇਸ਼/ਵਧੀਕ/ਸੰਯੁਕਤ ਸਕੱਤਰ ਰੈਂਕ ਦੇ ਅਧਿਕਾਰੀ 500 ਰੁਪਏ ਪ੍ਰਤੀ ਮਹੀਨਾ ਵਿਸ਼ੇਸ਼ ਤਨਖ਼ਾਹ ਪ੍ਰਾਪਤ ਕਰਦੇ ਹਨ ਜਦੋਂ ਕਿ ਉਪ-ਸਕੱਤਰ ਰੈਂਕ

Original with;
Punjab Vidhan Sabha
Digitized by;
Punjab Digital Library

[ਮੁੱਖ ਮੰਤਰੀ]

ਦੇ ਅਧਿਕਾਰੀ ਨੂੰ 400 ਰੁਪਏ ਪ੍ਰਤੀ ਮਹੀਨਾ ਵਿਸ਼ੇਸ਼ ਤਨਖਾਹ ਦਿੱਤੀ ਜਾਂਦੀ ਹੈ। ਡਿਪਟੀ ਕਮਿਸ਼ਨਰ/ ਵਧੀਕ ਡਿਪਟੀ ਕਮਿਸ਼ਨਰ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ 300 ਰੁਪਏ ਪ੍ਰਤੀ ਮਹੀਨਾ ਵਿਸ਼ੇਸ਼ ਤਨਖਾਹ ਦਿੱਤੀ ਜਾਂਦੀ ਹੈ ।

(ਅ) ਸਾਰੇ ਅਧਿਕਾਰੀਆਂ ਨੂੰ ਉਪਰੋਕਤ (ੳ) ਵਿੱਚ ਵਰਣਿਤ ਤਿੰਨਾਂ ਤਾਰੀਖਾਂ ਨੂੰ ਹੇਠ ਲਿਖੇ ਅਨੁਸਾਰ ਭੱਤੇ ਅਤੇ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ :

(1) (ੳ) **ਵਿਚ ਵਰਣਿਤ ਤਿੰਨਾਂ ਤਰੀਖਾਂ ਮਿਤੀ** 1 **ਅਗਸਤ**, 1990, 1 **ਅਗਸਤ**, 1991 **ਅਤੇ** 1 **ਅਗਸਤ**, 1992 ਨੂੰ **ਮਿਲਣ ਯੋਗ ਭੱਤੇ**

(ੳ) **ਮਹਿੰਗਾਈ ਭੱਤਾ**

**ਮਿਤੀ 1 ਅਗਸਤ,** 1990

| ਤਨਖ਼ਾਹ | ਮਹਿੰਗਾਈ ਭੱਤਾ ਦਰ ਪ੍ਰਤੀ ਮਹੀਨਾ |
|---|---|
| ਮੂਲ ਤਨਖ਼ਾਹ 3,500 ਰੁਪਏ ਤੱਕ | 43 ਫੀਸਦੀ ਮੂਲ ਤਨਖ਼ਾਹ ਦਾ |
| ਮੂਲ ਤਨਖ਼ਾਹ 3,501 ਤੋਂ 6,000 ਰੁਪਏ ਤੱਕ | 32 ਫੀਸਦੀ ਅਤੇ ਘੱਟੋ-ਘੱਟ 1505 ਰੁਪਏ |
| ਮੂਲ ਤਨਖ਼ਾਹ 6,000 ਤੋਂ ਵੱਧ | 28 ਫੀਸਦੀ ਅਤੇ ਘੱਟੋ ਘੱਟ 1920 ਰੁਪਏ । |
| **ਮਿਤੀ 1 ਅਗਸਤ, 1991 :** | |
| ਮੂਲ ਤਨਖਾਹ 3,500 ਰੁ: ਤੱਕ | 60 ਫੀਸਦੀ ਮੂਲ ਤਨਖਾਹ ਦਾ |
| ਮੂਲ ਤਨਖ਼ਾਹ 3,501 ਤੋਂ 6,000 ਰੁ: ਤੱਕ | 45 ਫੀਸਦੀ ਅਤੇ ਘੱਟੋ-ਘੱਟ 2,100 ਰੁਪਏ । |
| ਮੂਲ ਤਨਖਾਹ 6,000 ਤੋਂ ਵੱਧ | 39 ਫੀਸਦੀ ਅਤੇ ਘੱਟੋ-ਘੱਟ 2,700 ਰੁਪਏ । |
| **ਮਿਤੀ 1 ਅਗਸਤ, 1992 :** | |
| ਮੂਲ ਤਨਖ਼ਾਹ 3,500 ਰੁਪਏ ਤੱਕ | 83 ਫੀਸਦੀ ਮੂਲ ਤਨਖਾਹ ਦਾ |
| ਮੂਲ ਤਨਖ਼ਾਹ 3,501 ਤੋਂ 6,000 ਰੁਪਏ ਤੱਕ | 62 ਫੀਸਦੀ ਅਤੇ ਘੱਟੋ-ਘੱਟ 2,905 ਰੁਪਏ |
| ਮੂਲ ਤਨਖ਼ਾਹ 6,000 ਰੁਪਏ ਤੋਂ ਵੱਧ | 54 ਫੀਸਦੀ ਅਤੇ ਘੱਟੋ-ਘੱਟ 3,720 ਰੁਪਏ |

**(ਅ) ਸ਼ਹਿਰ ਮੁਆਵਜ਼ਾ ਭੱਤਾ (ਸੀ.ਸੀ.ਏ.)**

ਚੰਡੀਗੜ੍ਹ ਅਤੇ ਸ਼ਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਤੈਨਾਤ ਅਧਿਕਾਰੀਆਂ ਨੂੰ ਇਹ ਭੱਤਾ 100 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਦਿੱਤਾ ਜਾਂਦਾ ਹੈ।

Original with;
Punjab Vidhan Sabha
Digitized by;
Punjab Digital Library

(ੲ) ਮਕਾਨ ਕਿਰਾਇਆ ਭੱਤਾ

ਵੱਖਰੀ-ਵੱਖਰੀ ਤਨਖ਼ਾਹ ਦੇ ਆਧਾਰ ਤੇ ਵੱਖਰੇ ਵੱਖਰੇ ਸ਼ਹਿਰਾਂ ਲਈ ਮਕਾਨ ਕਰਾਇਆ ਭੱਤੇ ਦੀ ਦਰ ਹੇਠ ਲਿਖੇ ਅਨੁਸਾਰ ਹੈ :

| ਤਨਖਾਹ (ਰੁਪਏ) | | ਏ ਕਲਾਸ ਸ਼ਹਿਰ | ਬੀ ਕਲਾਸ ਸ਼ਹਿਰ | ਸੀ. ਕਲਾਸ ਸ਼ਹਿਰ | ਡੀ. ਕਲਾਸ ਸ਼ਹਿਰ |
|---|---|---|---|---|---|
| 1,750--2,249 | ... | 400 | 300 | 200 | 150 |
| 2,250--2,849 | ... | 500 | 375 | 250 | 175 |
| 2,750--3,249 | ... | 600 | 450 | 300 | 225 |
| 3,250--3,749 | ... | 700 | 525 | 350 | 250 |
| 3,750--4,249 | ... | 800 | 600 | 400 | 300 |
| 4,250--4,749 | ... | 900 | 675 | 450 | 325 |
| 4,750--5,249 | ... | 1,000 | 750 | 500 | 375 |
| 5,250 ਅਤੇ ਉੱਤੇ | ... | 1,000 | 750 | 500 | 375 |

(ਸ) ਬੱਝਾ ਮੈਡੀਕਲ ਭੱਤਾ

ਅਧਿਕਾਰੀਆਂ ਦੇ ਚਾਹੁਣ ਤੇ ਇਹ ਭੱਤਾ 40 ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਦਿੱਤਾ ਜਾਂਦਾ ਹੈ ।

(ਹ) ਸਫ਼ਰ/ਰੋਜ਼ਾਨਾ ਭੱਤਾ :

ਇਹ ਭੱਤਾ ਇੱਕ ਅਧਿਕਾਰੀ ਨੂੰ ਦੌਰੇ ਸਮੇਂ ਨਿਯਮਾਂ ਅਨੁਸਾਰ ਦਿੱਤਾ ਜਾਂਦਾ ਹੈ ।

(ਕ) ਬੱਚਿਆਂ ਦੀ ਪੜ੍ਹਾਈ ਸਬੰਧੀ ਭੱਤਾ:

ਜਿਨ੍ਹਾਂ ਅਧਿਕਾਰੀਆਂ ਦੀ ਨੌਕਰੀ ਦੌਰਾਨ ਮੌਤ ਹੋ ਜਾਂਦੀ ਹੈ, ਉਨਾਂ ਦੇ ਬੱਚਿਆਂ ਨੂੰ ਟਿਯੂਸ਼ਨ ਫੀਸ ਦੀ ਅਦਾਇਗੀ ਕੀਤੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(2) (ੳ) ਵਿਚ ਵਰਣਿਤ ਤਿਨਾਂ ਤਾਰੀਕਾਂ ਮਿਤੀ 1 ਅਗਸਤ, 1990, 1 ਅਗਸਤ, 1991 ਅਤੇ 1 ਅਗਸਤ, 1992 ਨੂੰ ਮਿਲਣਯੋਗ ਸਹੂਲਤਾਂ :--

(ੳ) ਐਲ.ਟੀ.ਸੀ.

ਅਧਿਕਾਰੀਆਂ ਨੂੰ ਚਾਰ ਸਾਲ ਦੇ ਇੱਕ ਸਪੈਲ ਵਿੱਚ ਦੇਸ਼ ਦੇ ਕਿਸੇ ਵੀ ਹਿੱਸੇ ਅਤੇ ਦੋ ਸਾਲ ਦੇ ਇੱਕ ਸਪੈਲ ਵਿੱਚ ਆਪਣੇ ਜੱਦੀ ਸ਼ਹਿਰ/ਪਿੰਡ ਦੀ ਕੇਵਲ ਇੱਕ ਵਾਰ ਯਾਤਰਾ ਕਰਨ ਦੀ ਸਹੂਲਤ ਪ੍ਰਾਪਤ ਹੈ ।

(ਅ) ਕਾਰ

(1) ਸਰਕਾਰੀ ਵਰਤੋਂ ਲਈ

ਅਧਿਕਾਰੀਆਂ ਨੂੰ ਇਹ ਸਹੂਲਤ ਉਨ੍ਹਾਂ ਦੇ ਰੁਤਬੇ ਅਨੁਸਾਰ ਪ੍ਰਾਪਤ ਹੈ।

(2) ਨਿੱਜੀ ਵਰਤੋਂ ਲਈ

ਉਹ ਅਧਿਕਾਰੀ ਜਿਨ੍ਹਾਂ ਨੂੰ ਇਸ ਸਬੰਧੀ ਅਧਿਕਾਰ ਪ੍ਰਾਪਤ ਹੈ ਜਿਵੇਂ ਪ੍ਰਸ਼ਾਸਨਿਕ ਸਕੱਤਰ ਅਤੇ ਵਿਭਾਗਾਂ ਦੇ ਮੁੱਖੀ, ਇਸ ਸਹੂਲਤ ਦਾ ਲਾਭ ਉਠਾ ਸਕਦੇ ਹਨ। ਇੱਕ ਮਹੀਨੇ ਵਿੱਚ 400 ਕਿਲੋ-ਮੀਟਰ ਤੱਕ ਸਰਕਾਰੀ ਗੱਡੀ ਦੀ ਵਰਤੋਂ ਕਰਨ ਤੇ 300 ਰੁਪਏ ਅਤੇ 200 ਕਿਲੋਮੀਟਰ ਤੱਕ ਸਰਕਾਰੀ ਗੱਡੀ ਦੀ ਵਰਤੋਂ ਕਰਨ ਤੇ 150 ਰੁਪਏ ਸਰਕਾਰ ਪਾਸ ਜਮ੍ਹਾਂ ਕਰਵਾਉਂਣੇ ਪੈਂਦੇ ਹਨ। ਮਿਤੀ 24 ਨਵੰਬਰ, 1991 ਤੋਂ ਪਹਿਲਾਂ 400 ਕਿਲੋਮੀਟਰ ਤੱਕ ਦਾ ਸਫਰ 100 ਰੁਪਏ ਵਿੱਚ ਕੀਤਾ ਜਾ ਸਕਦਾ ਸੀ ।

(ੲ) ਟੈਲੀਫੂਨ

ਅਧਿਕਾਰੀਆਂ ਨੂੰ ਉਨ੍ਹਾਂ ਦੇ ਦਫ਼ਤਰ ਅਤੇ ਰਿਹਾਇਸ਼ ਵਿਖੇ ਇਹ ਸਹੂਲਤ ਉਪਲੱਬਧ ਕਰਾਈ ਗਈ ਹੈ ।

(ਸ) ਮੈਡੀਕਲ ਖਰਚੇ ਦੀ ਪ੍ਰਤੀਪੂਰਤੀ

ਇਸ ਅਧੀਨ ਅਧਿਕਾਰੀਆਂ ਨੂੰ ਆਪਣੇ ਇਲਾਜ਼ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਦੇ ਇਲਾਜ਼ ਉਤੇ ਹੋਣ ਵਾਲੇ ਖਰਚੇ, ਭਾਵੇਂ ਕਿ ਇਲਾਜ ਬਤੌਰ ਇਨ-ਡੋਰ/ਆਊਟ ਡੋਰ ਮਰੀਜ਼ ਕਰਵਾਇਆ ਗਿਆ ਹੋਵੇ, ਦੀ ਪ੍ਰਤੀਪੂਰਤੀ ਕੀਤੀ ਜਾਂਦੀ ਹੈ ।

(ਹ) ਕਰਜ਼ੇ

(1) ਕਾਰ ਖਰੀਦਣ ਲਈ ਕਰਜ਼ਾ

ਜਿਹਨਾਂ ਅਧਿਕਾਰੀਆਂ ਦੀ ਤਨਖਾਹ 3,000 ਰੁਪਏ ਜਾ ਵੱਧ ਹੈ, ਜਿਸ ਨੂੰ 80,000 ਰੁਪਏ ਤੱਕ ਜਾਂ ਕਾਰ ਦੀ ਕੀਮਤ ਜੋ ਵੀ ਘੱਟ ਹੋਵੇ, ਇਹ ਕਰਜ਼ਾ ਦਿੱਤਾ ਜਾਂਦਾ ਹੈ। ਇਹ 100 ਬਰਾਬਰ ਕਿਸ਼ਤਾਂ ਵਿੱਚ ਵਸੂਲਿਆ ਜਾਂਦਾ ਹੈ ।

(2) ਮਕਾਨ ਉਸਾਰੀ ਕਰਜ਼ਾ

ਇਹ 75 ਮਹੀਨਿਆਂ ਦੀ ਮੂਲ ਤਨਖਾਹ ਜਾਂ 2.50 ਲੱਖ ਰੁਪਏ ਜਿਹੜਾ ਵੀ ਘੱਟ ਹੋਵੇ ਦੇ ਬਰਾਬਰ ਦਿੱਤਾ ਜਾਂਦਾ ਹੈ ਅਤੇ 180 ਬਰਾਬਰ ਕਿਸ਼ਤਾਂ ਵਿੱਚ ਵਸੂਲ ਕੀਤਾ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

(3) ਮੁਰੰਮਤ ਸੰਬਧੀ ਕਰਜ਼ਾ

ਇਹ ਕਰਜ਼ਾ ਕਿਸੇ ਵੀ ਸਮੇਂ ਲਿਆ ਜਾ ਸਕਦਾ ਹੈ ਜੇ ਮਕਾਨ ਉਸਾਰੀ ਕਰਜ਼ਾ ਨਾ ਲਿਆ ਹੋਵੇ ਅਤੇ ਜੇ ਮਕਾਨ ਉਸਾਰੀ ਕਰਜ਼ਾ ਲਿਆ ਹੋਵੇ ਤਾਂ ਕਰਜ਼ਾ ਲੈਣ ਤੋਂ ਪੰਜ ਸਾਲ ਬਾਅਦ ਲਿਆ ਜਾ ਸਕਦਾ ਹੈ। ਇਹ ਕਰਜ਼ਾ 25 ਮਹੀਨਿਆਂ ਦੀ ਮੂਲ ਤਨਖਾਹ ਦੇ ਬਰਾਬਰ ਜਾਂ ਵੱਧ ਤੋਂ ਵੱਧ 60,000 ਰੁਪਏ ਹੁੰਦਾ ਹੈ ਅਤੇ 100 ਬਰਾਬਰ ਕਿਸ਼ਤਾਂ ਵਿੱਚ ਵਸੂਲ ਕੀਤਾ ਜਾਂਦਾ ਹੈ।

(4) ਪਲਾਟ ਖਰੀਦਣ ਲਈ ਕਰਜ਼ਾ

ਇਹ ਕਰਜ਼ਾ ਜੇ ਉਚਿਤ ਸਮਝਿਆ ਜਾਵੇ ਉਸ ਜ਼ਮੀਨ ਦੀ ਖਰੀਦ ਲਈ ਦਿੱਤਾ ਜਾਂਦਾ ਹੈ ਜਿਸ ਉੱਤੇ ਮਕਾਨ ਉਸਾਰਿਆ ਜਾਣਾ ਹੈ ਅਤੇ ਇਹ ਜ਼ਮੀਨ ਦੀ ਕੀਮਤ ਜਾਂ ਮਿਲਣਯੋਗ ਕਰਜ਼ੇ ਦਾ ਵੱਧ ਤੋਂ ਵੱਧ 25 ਫੀਸਦੀ ਹੁੰਦਾ ਹੈ।

(ਕ) ਸਰਕਾਰੀ ਮਕਾਨ

ਜੇਕਰ ਉਪਲਬਧ ਹੋਣ ਤਾਂ ਸਰਕਾਰੀ ਮਕਾਨ ਅਧਿਕਾਰੀਆਂ ਨੂੰ ਉਨ੍ਹਾਂ ਦੇ ਅਧਿਕਾਰ ਅਨੁਸਾਰ ਅਲਾਟ ਕੀਤੇ ਜਾਂਦੇ ਹਨ।

(ਖ) ਸਮੂਹਕ ਬੀਮਾ ਯੋਜਨਾ

ਇਹ ਯੋਜਨਾ ਅਧਿਕਾਰਿਆਂ ਨੂੰ ਇਹਨਾਂ ਦੇ ਦਵੱਲੇ ਲਾਭ ਲਈ, ਮੌਤ ਹੋਣ ਦੀ ਸੂਰਤ ਵਿੱਚ ਉਹਨਾਂ ਦੇ ਪਰਿਵਾਰ ਦੀ ਮੱਦਦ ਅਤੇ ਸੇਵਾ ਨਿਵਿਰਤੀ ਦੀ ਸੂਰਤ ਵਿੱਚ ਕਮਾਈ ਦੇ ਸਾਧਨਾਂ ਵਿੱਚ ਵਾਧੇ ਲਈ ਯਕਮੁਸ਼ਤ ਅਦਾਇਗੀ ਕਰਨ ਦੇ ਲਈ ਲਾਗੂ ਕੀਤੀ ਗਈ ਹੈ।

---

## Merger of G.I.I.C., with P.S.S.I.E.C.

***696. (C.U.) Shrimati Vimla Dang:** Will the Chief Minister be pleased to state whether the Government propose to merge the Goindwal Industrial and Investment Corporation with Punjab State Small Industries and Export Corporation; if so, the number of employees of the said Corporation who will be rendered surplus and the manner in which the Government propose to absorb them ?

**ਸਰਦਾਰ ਬੇਅੰਤ ਸਿੰਘ:** ਹਾਂ ਜੀ। ਗੋਇੰਦਵਾਲ ਕਾਰਪੋਰੇਸ਼ਨ ਦੇ ਕੁੱਲ 76 ਕਮਰਚਾਰੀਆਂ ਵਿਚੋਂ 47 ਕਰਮਚਾਰੀਆਂ ਨੂੰ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਵਿਚ ਜਜਬ ਕੀਤਾ ਜਾ ਰਿਹਾ ਹੈ। ਬਾਕੀ 29 ਕਰਮਚਾਰੀ ਜੋ ਕਿ ਵਾਧੂ ਮਿਥੇ ਗਏ ਹਨ ਨੂੰ ਦੂਜੇ ਸਰਕਾਰੀ ਮਹਿਕਮਿਆਂ/ਨਿਗਮਾਂ /ਬੋਰਡਾਂ ਵਿੱਚ ਜਜ਼ਬ ਕਰਨ ਦੇ ਉਪਰਾਲੇ ਕੀਤੇ ਜਾਣਗੇ। ਅਜਿਹੇ ਕਰਮਚਾਰੀਆਂ ਦੇ ਕੇਸ ਛਾਂਟੀ ਲਈ ਅਤੇ ਛਾਂਟੀ ਸਬੰਧੀ ਸਹੂਲਤਾਂ ਦੇਣ ਲਈ ਨਿਯੁਕਤੀ ਪੱਤਰ ਦੀਆਂ ਸ਼ਰਤਾਂ ਅਨੁਸਾਰ ਵਿਚਾਰੇ ਜਾਣਗੇ।

---

Original with;
Punjab Vidhan Sabha
Digitized by;
Panjab Digital Library

### Floating of New Lottery in the State

***906. (C.U.) Comrade Ajaib Singh Raunta**: Will the Minister for Finance be pleased to State—

(a) whether a new Lakshmi Diwali Bumper 1992 Lottery scheme was floated in October, 1992 with the 1st Prize of Rs. 1 Crore for winners and of Rs. 5 lacs for stockists; if so, the names and addresses of individuals who have won these prizes so far ;

(b) net income of the Government from the scheme referred to in part (a) above ?

**ਡਾਕਟਰ ਕੇਵਲ ਕ੍ਰਿਸ਼ਨ** : (ੳ) ਜੀ ਹਾਂ, ਪਰ ਇਸ ਲਾਟਰੀ ਵਿਚ ਪਹਿਲਾਂ ਇਨਾਮ ਕਿਸੇ ਵਿਅਕਤੀ ਜਾਂ ਸਟਾਕਿਸਟ ਨੇ ਨਹੀਂ ਜਿੱਤਿਆ।

(ਅ) 35,79,883 ਰੁਪਏ।

---

### ਮੋਗਾ ਵਿੱਚ ਦੰਦਾਂ ਦਾ ਹਸਪਤਾਲ ਖੋਲ੍ਹਣਾ

*1004. **(ਸੀ.ਯੂ.) ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਮੋਗਾ ਵਿਖੇ ਇਕ ਦੰਦਾਂ ਦਾ ਹਸਪਤਾਲ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ; ਜੇਕਰ ਨਹੀਂ ਤਾਂ ਇਸ ਦੇ ਕਾਰਨ ਕੀ ਹਨ?

**ਸਰਦਾਰ ਲਾਲ ਸਿੰਘ** : ਨਹੀਂ ਜੀ।

ਸਿਵਲ ਹਸਪਤਾਲ ਮੋਗਾ ਵਿਖੇ ਡੈਂਟਲ ਕਲੀਨਿਕ ਮੌਜੂਦ ਹੈ, ਜਿਸ ਵਿੱਚ ਦੋ ਡੈਂਟਲ ਡਾਕਟਰ ਅਤੇ ਇਕ ਡੈਂਟਲ ਹਾਈਜੀਨਿਸਟ ਤੇ ਇਕ ਡੈਂਟਲ ਅਟੈਂਡੈਂਟ ਦੀਆਂ ਆਸਾਮੀਆਂ ਮਨਜ਼ੂਰ ਹਨ।

*1026 (CU) Reg. Hospital Buildings under [illegible]

### ਲੋਕ ਸੰਪਰਕ ਵਿਭਾਗ ਵਿਚ ਖਾਲੀ ਆਸਾਮੀਆਂ ਨੂੰ ਭਰਨਾ

*1029. **(ਸੀ.ਯੂ.) ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ----

(ੳ) ਲੋਕ ਸੰਪਰਕ ਵਿਭਾਗ ਵਿਚ ਤਬਲਾ ਮਾਸਟਰਾਂ, ਢੋਲਕ ਮਾਸਟਰਾਂ ਅਤੇ ਹਰਮੋਨੀਅਮ ਮਾਸਟਰਾਂ ਦੀਆਂ ਆਸਾਮੀਆਂ ਦੀ ਜ਼ਿਲ੍ਹੇਵਾਰ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਲਈ ਰਖਵੀਆਂ ਅਤੇ ਇਸ ਸਮੇਂ ਖਾਲੀ ਪਈਆਂ ਅਸਾਮੀਆਂ ਦੀ ਵੱਖ ਵੱਖ ਗਿਣਤੀ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਰੈਗੂਲਰ ਆਸਾਮੀਆਂ ਹਨ ਅਤੇ ਉਕਤ ਖਾਲੀ ਆਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

* reply to *1026 (CU) [illegible] in the Library.

Original with;
Punjab Vidhan Sabha
Digitized by;
Panjab Digital Library

**ਸਰਦਾਰ ਬੇਅੰਤ ਸਿੰਘ :** (ੳ) ਸਿਵਾਏ ਫਤਿਹਗੜ੍ਹ ਸਾਹਿਬ ਅਤੇ ਮਾਨਸਾ ਦੇ ਬਾਕੀ ਹਰ ਜ਼ਿਲੇ ਵਿਚ ਤਬਲਾ ਮਾਸਟਰ ਅਤੇ ਹਰਮੋਨੀਅਮ ਮਾਸਟਰ ਦੀ ਇਕ ਇਕ ਆਸਾਮੀ ਹੈ। ਤਬਲਾ ਮਾਸਟਰ ਅਤੇ ਢੋਲਕ ਮਾਸਟਰ ਦੀ ਆਸਾਮੀ ਇਕੋ ਹੀ ਹੈ ਜਿਸ ਦੇ ਦੋ ਵਖਰੇ ਵਖਰੇ ਨਾਂ ਹਨ। ਤਬਲਾ ਮਾਸਟਰਾਂ ਦੀਆਂ 12 ਆਸਾਮੀਆਂ ਵਿਚੋਂ ਤਿੰਨ ਆਸਾਮੀਆਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ, ਜਿਨ੍ਹਾਂ ਵਿਰੁੱਧ ਅਨੁਸੂਚਿਤ ਜਾਤੀਆਂ ਦੇ ਕਰਮਚਾਰੀ ਨਿਯੁਕਤ ਹਨ। ਤਬਲਾ ਮਾਸਟਰ ਦੀ ਕੋਈ ਆਸਾਮੀ ਖਾਲੀ ਨਹੀਂ ਹੈ। ਹਰਮੋਨੀਅਮ ਮਾਸਟਰ ਦੀਆਂ 12 ਆਸਾਮੀਆਂ ਵਿਚੋਂ ਤਿੰਨ ਆਸਾਮੀਆਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ, ਜਿਨ੍ਹਾਂ ਵਿਰੁੱਧ ਅਨੁਸੂਚਿਤ ਜਾਤੀ ਦੇ ਤਿੰਨ ਕਰਮਚਾਰੀ ਨਿਯੁਕਤ ਹਨ। 12 ਆਸਾਮੀਆਂ ਵਿਚੋਂ ਸਿਰਫ 2 ਆਸਾਮੀਆਂ ਖਾਲੀ ਹਨ।

(ਅ) ਇਹ ਆਸਾਮੀਆਂ ਰੈਗੂਲਰ ਹਨ ਅਤੇ 2 ਖਾਲੀ ਆਸਾਮੀਆਂ ਨੂੰ ਭਰਨ ਬਾਰੇ ਕਾਰਵਾਈ ਕੀਤੀ ਜਾ ਰਹੀ ਹੈ।

---

## ਯੂਨਾਨੀ ਇਲਾਜ ਦਾ ਕਾਲਜ ਖੋਲ੍ਹਣ ਬਾਰੇ

*1020. (ਸੀ. ਯੂ.) **ਚੋਧਰੀ ਅਬਦੁਲ ਗੁਫਾਰ** : ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਰਾਜ ਵਿੱਚ ਮਲੇਰਕੋਟਲਾ ਵਿਖੇ ਜਾਂ ਕਿਸੇ ਦੂਜੀ ਥਾਂ ਤੇ ਇਲਾਜ਼ ਦੀ ਯੂਨਾਨੀ ਤਿਬੀਆ ਪ੍ਰਣਾਲੀ ਅਤੇ ਸਰਜਰੀ ਦਾ ਡਿਗਰੀ ਕਾਲਜ਼ ਖੋਲ੍ਹਣ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ; ਜੇਕਰ ਨਹੀਂ ਇਸ ਦੇ ਕਾਰਣ ਕੀ ਹਨ ?

**ਸਰਦਾਰ ਲਾਲ ਸਿੰਘ** : ਸਰਕਾਰ ਦਾ ਰਾਜ ਵਿਚ ਮਲੇਰਕੋਟਲਾ ਵਿਖੇ ਜਾਂ ਕਿਸੇ ਦੂਜੀ ਥਾਂ ਤੇ ਇਲਾਜ਼ ਦੀ ਯੂਨਾਨੀ ਤਿਬੀਆ ਪ੍ਰਣਾਲੀ ਅਤੇ ਸਰਜਰੀ ਦਾ ਡਿਗਰੀ ਕਾਲਜ਼ ਖੋਲਣ ਦਾ ਕੋਈ ਵਿਚਾਰ ਨਹੀਂ ਹੈ। ਇਸ ਲਈ ਵੇਰਵੇ ਦੱਸਣ ਦੀ ਕੋਈ ਉਚਿਤਤਾ ਨਹੀਂ ਹੈ। ਇਸ ਮੰਤਵ ਲਈ ਫੰਡਜ਼ ਦਾ ਕੋਈ ਉਪਬੰਧ ਨਹੀਂ ਹੈ।

---

## ਰਾਜ ਵਿੱਚ ਯੂਨਾਨੀ ਅਤੇ ਆਯੁਰਵੈਦਿਕ ਡਾਕਟਰਾਂ ਦੀਆਂ ਖਾਲੀ ਆਸਾਮੀਆਂ

*1021. (ਸੀ.ਯੂ.) **ਚੋਧਰੀ ਅਬਦੁਲ ਗੁਫਾਰ** : ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਯੂਨਾਨੀ ਤਿਬੀਆ, ਆਯੁਰਵੈਦਿਕ ਅਤੇ ਹੋਮਿਓਪੈਥਿਕ ਡਿਸਪੈਂਸਰੀਆਂ ਅਤੇ ਹਸਪਤਾਲ ਦੀ ਵੱਖ ਵੱਖ ਗਿਣਤੀ ਕਿੰਨੀ ਹੈ ;

(ਅ) ਰਾਜ ਵਿੱਚ ਇਸ ਸਮੇਂ ਯੂਨਾਨੀ ਤਿਬੀਆ ਅਤੇ ਆਯੁਰਵੈਦਿਕ ਡਾਕਟਰਾਂ ਦੀਆਂ ਵੱਖ ਵੱਖ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ;

(ੲ) ਆਯੁਰਵੈਦਿਕ ਡਾਕਟਰਾਂ ਵਿੱਚ ਤਬਦੀਲ ਕੀਤੀਆਂ ਗਈਆਂ ਯੂਨਾਨੀ ਤਿਬੀਆ ਡਾਕਟਰਾਂ ਦੀਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਦੇ ਕਾਰਣ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚਰਨ ਸਿੰਘ ਬਰਾੜ :** (ੳ) ਆਯੁਰਵੈਦਿਕ ਵਿਭਾਗ, ਪੰਜਾਬ

(1) ਯੂਨਾਨੀ ਡਿਸਪੈਂਸਰੀਆਂ ਦੀ ਗਿਣਤੀ ... 34

(2) ਆਯੁਰਵੈਦਿਕ ਡਿਸਪੈਂਸਰੀਆਂ ਦੀ ਗਿਣਤੀ ... 480

(3) ਆਯੁਰਵੈਦਿਕ ਹਸਪਤਾਲਾਂ ਦੀ ਗਿਣਤੀ ... 6

(4) ਆਯੁਰਵੈਦਿਕ ਸਵਾਸਥ ਕੇਂਦਰਾਂ ਦੀ ਗਿਣਤੀ ... 10

ਹੋਮਿਓਪੈਥਿਕ ਵਿਭਾਗ, ਪੰਜਾਬ

(1) ਹੋਮਿਓਪੈਥਿਕ ਡਿਸਪੈਂਸਰੀਆਂ ਦੀ ਗਿਣਤੀ ... 105

(2) ਹੋਮਿਓਪੈਥਿਕ ਹਸਪਤਾਲਾਂ ਦੀ ਗਿਣਤੀ ... 1

(1) ਯੂਨਾਨੀ ਮੈਡੀਕਲ ਅਫ਼ਸਰ ਦੀਆਂ ਖਾਲੀ ਆਸਾਮੀਆਂ ਦੀ ਗਿਣਤੀ 14

(2) ਆਯੁਰਵੈਦਿਕ ਮੈਡੀਕਲ ਅਫ਼ਸਰਾਂ ਦੀਆਂ ਖਾਲੀ ਆਸਾਮੀਆਂ ਦੀ ਗਿਣਤੀ ... 6

(ਏ) ਯੂਨਾਨੀ ਮੈਡੀਕਲ ਅਫ਼ਸਰਾਂ ਦੀਆਂ ਆਸਾਮੀਆਂ ਵਿਚੋਂ ਕੋਈ ਆਸਾਮੀ ਆਯੁਰਵੈਦਿਕ ਵਿੱਚ ਤਬਦੀਲ ਨਹੀਂ ਕੀਤੀ ਗਈ।

8932 PVS—Govt. Press, U.T., Chd.

Original with;
Punjab Vidhan Sabha
Digitized by;
Punjab Digital Library

## APPENDIX
## TO
## Annexure to Punjab Vidhan Sabha Debates
## Dated the 7th April 1993. Vol. IV No. 2026
## (UNSTARRED QUESTIONS AND ANSWERS)

### ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਹਾਊਸਿੰਗ ਗਰਾਟਾਂ ਦੀ ਵੰਡ ਕਰਨਾ

*1032. (ਸੀ. ਯੂ.) ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਚਾਲੂ ਮਾਲੀ ਸਾਲ ਦੌਰਾਨ ਰਾਜ ਵਿਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਦੀ ਗਿਣਤੀ ਜਿਨ੍ਹਾਂ ਨੂੰ ਗਰਾਟਾਂ ਵੰਡੀਆਂ ਗਈਆਂ ਹਨ;

(ਅ) ਕਿਸ਼ਤਾਂ ਦੀ ਕੁੱਲ ਗਿਣਤੀ ਜਿਨ੍ਹਾਂ ਵਿਚ ਇਹ ਗਰਾਂਟ ਦੀ ਵਸੂਲੀ ਕੀਤੀ ਜਾਣੀ ਸੀ ਅਤੇ ਨਾਲ ਹੀ ਹਰ ਕੇਸ ਵਿਚ ਬਕਾਇਆ ਕਿਸ਼ਤਾਂ ਦੀ ਗਿਣਤੀ;

(ੲ) ਕੀ ਇਥੇ ਅਜਿਹੇ ਪਿੰਡ ਵੀ ਹਨ ਜਿਨ੍ਹਾਂ ਨੂੰ ਚੈਕ ਜ਼ਾਰੀ ਕੀਤੇ ਗਏ ਹਨ ਪਰੰਤੂ ਬਾਅਦ ਵਿਚ ਉਨ੍ਹਾਂ ਨੂੰ ਵਾਪਸ ਲੈ ਲਿਆ ਗਿਆ; ਜੇਕਰ ਇਸ ਤਰ੍ਹਾਂ ਹੈ, ਤਾਂ ਅਜਿਹੇ ਪਿੰਡਾਂ ਦੇ ਨਾਂ ਅਤੇ ਕਾਰਣਾਂ ਬਾਰੇ ਦੱਸਿਆ ਜਾਵੇ ?

ਮਾਸਟਰ ਜਾਗੀਰ ਸਿੰਘ (ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ) : ਇਸ ਸਾਲ 1992-93 ਦੌਰਾਨ ਰਾਜ ਵਿਚ ਅਨੁਸੂਚਿਤ ਜਾਤਾਂ ਨਾਲ ਸਬੰਧਤ 5050 ਵਿਅਕਤੀਆਂ ਨੂੰ ਗਰਾਟਾਂ ਦੀ ਵੰਡ ਕੀਤੀ ਗਈ ਹੈ।

(ਅ) ਇਹ ਸਾਰੀ ਦੀ ਸਾਰੀ ਗਰਾਂਟ ਇੰਦਰਾ ਆਵਾਸ ਯੋਜਨਾਂ (ਜੇ. ਆਰ. ਵਾਈ.) ਅਧੀਨ ਹੈ ਜੋ ਵਸੂਲੀਯੋਗ ਨਹੀਂ ਹੈ।

(ੲ) ਸਿਰਫ ਗੁਰਦਾਸਪੁਰ ਜ਼ਿਲ੍ਹੇ ਵਿਚ 19 ਲਾਭਪਾਤਰਾਂ ਨੂੰ ਜ਼ਾਰੀ ਕੀਤੀ ਗਈ ਗਰਾਂਟ ਪ੍ਰਸ਼ਾਸਕ-ਕਮ-ਡਿਪਟੀ-ਕਮਿਸ਼ਨਰ, ਗੁਰਦਾਸਪੁਰ ਦੇ ਹੁਕਮਾਂ ਅਨੁਸਾਰ ਤਸਦੀਕ ਕਰਨ ਬਾਅਦ ਬਦਲੀ ਗਈ। ਇਸ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ :-

| ਲੜੀ ਨੰ : | ਬਲਾਕ ਦਾ ਨਾਂ, | ਪਿੰਡ ਦਾ ਨਾਂ | ਲਾਭਪਾਤਰਾਂ ਦੀ ਗਿਣਤੀ ਜਿਨ੍ਹਾਂ ਦੀਆਂ ਗਰਾਟਾਂ ਬਦਲੀਆਂ ਗਈਆਂ ਸਨ |
|---|---|---|---|
| 1 | ਧਾਰੀਵਾਲ | ਭੰਗਵਾਂ ਦੇ ਭੰਗਵਾਂ | 2 (ਦੋ) |
| 2 | ਬਮਿਆਲ | ਮੁੱਠੀ ਦੇ ਚੱਕ ਅਮੀਰ | 5 (ਪੰਜ) |
| 3 | ਦੀਨਾਨਗਰ | ਵਾੜਾਂ ਦੇ ਸੰਦੜ | |
| 4 | ਕਾਹਨੂੰਵਾਨ | ਜਲਾਲਪੁਰ ਬੇਦੀਆਂ ਦੇ ਜਲਾਲਪੁਰ ਬੇਦੀਆਂ | 3 (ਤਿੰਨ) |
| 5 | ਸ੍ਰੀਹਰਗੋਬਿੰਦਪੁਰ | ਮੰਡ ਦੇ ਮੰਡ | 1 (ਇੱਕ) |
| | ਉਹੀ | ਦੜੇਵਾਲੀ ਦੇ ਦੜੇਵਾਲੀ, | 5 (ਪੰਜ) |

*Original with;*
Punjab Vidhan Sabha
*Digitized by;*
Panjab Digital Library

## APPOINTMENT OF ARTS AND CRAFTS TEACHERS IN AMRITSAR DISTRICT

*657 (C.U.) (1) **Comrade Hardev Singh Arshi**
(2) **Shrimati Vimla Dang** } :Will the Minister for Education be pleased to state whether any Arts and Crafts teachers were selected for appointments by the D.E.O. Amritsar during the year 1989; if so, the number thereof together with the number of those who have since been given appointment and the number of those who have not been given appointment as yet separately?

**ਸਰਦਾਰ ਲਖਮੀਰ ਸਿੰਘ ਰੰਧਾਵਾ** : ਸਪੈਸ਼ਲ ਰੀਹੈਬੀਲੀਟੇਸ਼ਨ ਪ੍ਰੋਗਰਾਮ ਫਾਰ ਦੀ ਯੂਥ ਆਫ ਬਾਰਡਰ ਏਰੀਆ ਸਕੀਮ ਅਧੀਨ ਸਾਲ 1989 ਵਿਚ ਆਰਟ ਤੇ ਕਰਾਫਟ ਟੀਚਰਾਂ ਲਈ ਇੰਟਰਵਿਊ ਕਰਕੇ ਨਿਯੁਕਤੀ ਲਈ ਚੋਣ ਕੀਤੀ ਗਈ ਸੀ।

ਕੇਵਲ 8 ਉਮੀਦਵਾਰ ਇੰਟਰਵਿਊ ਤੇ ਆਏ ਸਨ, ਜਿਹੜੇ ਡੀ.ਸੀ. ਅੰਮ੍ਰਿਤਸਰ ਮੈਨੇਜਰ ਜਿਲ੍ਹਾ ਇੰਡਸਟਰੀਜ਼ ਵਲੋਂ ਸਪੌਂਸਰ ਹੋਏ ਸਨ।

ਇਨ੍ਹਾਂ ਵਿਚੋਂ 6 ਉਮੀਦਵਾਰਾਂ ਨੂੰ ਨਿਯੁਕਤ ਕੀਤਾ ਜਾ ਚੁੱਕਾ ਹੈ।

ਇਨਾਂ ਵਿਚੋ ਇਕ ਉਮੀਦਵਾਰ ਯੋਗਤਾਵਾਂ ਪੂਰੀਆਂ ਨਹੀਂ ਕਰਦਾ ਸੀ। ਇਕ ਉਮੀਦਵਾਰ ਦਾ ਕੇਸ ਨੌਕਰੀ ਲਈ ਬੇਨਤੀ ਕਰਦੇ ਹੋਏ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪੈਂਡਿੰਗ ਸੀ ਜੋ ਕਿ ਡਿਸਮਿਸ ਹੋ ਗਿਆ ਸੀ।

---

## ਰਾਜ ਵਿਚ ਵੱਡੇ ਹਸਪਤਾਲਾਂ ਦੇ ਨੇੜੇ ਬਾਲ ਨਰਸਰੀਆਂ ਦੀ ਸਹੂਲਤ ਮੁਹੱਈਆ ਕਰਨਾ

*1019. (ਸੀ. ਯੂ.) (1) **ਕਾਮਰੇਡ ਤਸਸੇਮ ਜੋਧਾਂ**
(2) **ਸ਼੍ਰੀ ਵਿਜੈ ਕੁਮਾਰ ਸਾਥੀ** } : ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਵਡੇ ਸਰਕਾਰੀ ਹਸਪਤਾਲਾਂ ਦੇ ਨੇੜੇ ਉਕਤ ਹਸਪਤਾਲ ਵਿਚ ਕੰਮ ਕਰਦੇ ਕਰਮਚਾਰੀਆਂ ਦੇ ਬੱਚਿਆਂ ਲਈ, ਬਾਲ ਨਰਸਰੀਆਂ ਆਦਿ ਦੀ ਸਹੂਲਤ ਮੁਹੱਈਆ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਹਰਚਰਨ ਸਿੰਘ ਬਰਾੜ** (ਸਿਹਤ ਅਤੇ ਪਰਿਵਾਰ ਭਲਾਈ ਮੰਤਰੀ) : ਰਾਜ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿਚ ਇਸ ਸਮੇਂ ਕੋਈ ਅਜਿਹੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

---

## ਹੁਸ਼ਿਆਰਪੁਰ ਅਤੇ ਜਲੰਧਰ ਜ਼ਿਲ੍ਹਿਆ ਵਿਚ ਧਰਮਸ਼ਾਲਾਵਾਂ

*1009. (ਸੀ. ਯੂ.)**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

(ੳ) ਕੀ ਇਹ ਠੀਕ ਹੈ ਕਿ ਹੁਸ਼ਿਆਰਪੁਰ ਅਤੇ ਜਲੰਧਰ ਜ਼ਿਲ੍ਹਿਆਂ ਵਿਚ ਪੈਂਦੇ ਪਿੰਡਾਂ ਵਿਚ ਅਨੁਸੂਚਿਤ ਜ਼ਾਤੀਆਂ ਦੀਆਂ ਬਹੁਤ ਸਾਰੀਆਂ ਧਰਮਸ਼ਾਲਾਵਾਂ ਖਸਤਾ ਹਾਲਤ ਵਿਚ ਹਨ ਜਾਂ ਅਧੂਰੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਅਤੇ ਵੇਰਵੇ ਕੀ ਹਨ;

Original with;
Punjab Vidhan Sabha
Digitized by;
Panjab Digital Library

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਧਰਮਸ਼ਾਲਾਵਾਂ ਨੂੰ ਪੂਰਾ ਕਰਨ ਅਤੇ ਉਨ੍ਹਾਂ ਦ. ਮੁਰੰਮਤ ਕਰਨ ਲਈ ਚਾਲੂ ਵਿੱਤੀ ਸਾਲ ਦੇ ਦੌਰਾਨ ਕਿੰਨੇ ਫੰਡ ਰੱਖਣ ਦੀ ਤਜਵੀਜ਼ ਹੈ ?

**ਚੌਧਰੀ ਜਗਜੀਤ ਸਿੰਘ** (ਰਾਜ ਮੰਤਰੀ, ਸਮਾਜ ਭਲਾਈ) : (ੳ) ਹਾਂ ਜੀ। ਜ਼ਿਲ੍ਹਾ ਹੁਸ਼ਿਆਰਪੁਰ ਅਤੇ ਜਲੰਧਰ ਵਿਖੇ ਕਰਮਵਾਰ 412 ਅਤੇ 525 ਅਜਿਹੀਆਂ ਧਰਮਸ਼ਾਲਾਵਾਂ ਹਨ ਜਿਹੜੀਆਂ ਜਾਂ ਤਾਂ ਅਧੂਰੀਆਂ ਹਨ ਜਾਂ ਮੁਰੰਮਤ ਯੋਗ ਹਨ। ਇਨ੍ਹਾਂ ਪਿੰਡਾਂ ਦੀ ਕੁੱਲ ਗਿਣਤੀ 937 (ਸੂਚੀ **ਨੱਥੀ ਹੈ**) ਹੈ।

(ਅ) 95 ਅਧੂਰੀਆਂ ਮੁਰੰਮਤ ਯੋਗ ਧਰਮਸ਼ਾਲਾਵਾਂ ਨੂੰ ਜ਼ਿਲ੍ਹਾ ਵਿਕਾਸ ਅਤੇ ਯੋਜਨਾ **ਬੋਰਡ**, ਹੁਸ਼ਿਆਰਪੁਰ ਅਤੇ ਜਲੰਧਰ ਵਲੋਂ 1992-93 ਦੌਰਾਨ 11,14,731 ਰੁ: ਪ੍ਰਵਾਨ ਕੀਤੇ ਗਏ। ਪ੍ਰਵਾਨਤ ਫੰਡਾਂ ਦੀ ਸੂਚਨਾ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਜਿਲ੍ਹਾ | ਧਰਮਸ਼ਾਲਾਵਾਂ ਦੀ ਦੀ ਗਿਣਤੀ | ਪ੍ਰਵਾਨਤ ਰਕਮ | ਵਿਸ਼ੇਸ਼ ਕਥਨ, |
|---|---|---|---|---|
| 1 | ਹੁਸ਼ਿਆਰਪੁਰ, | 13 | 2,80,00 -ਰੁ: | ਲਿਸਟ **ਨੱਥੀ ਹੈ** |
| | ਜਲੰਧਰ | 82 | 8,34,731 - | ,, |
| | | 95 | 11,14,731 - | |

ਉਨ੍ਹਾਂ ਪਿੰਡਾਂ ਦੀ ਸੂਚੀ ਜਿਨ੍ਹਾਂ ਵਿਚ ਬਣੀਆਂ ਹੋਈਆਂ ਧਰਮਸ਼ਾਲਾਵਾਂ ਮੁਰੰਮਤ ਯੋਗ ਖਸਤਾ ਹਾਲਤ ਵਿਚ ਹਨ ਜਿਲ੍ਹਾ ਜਲੰਧਰ।

ਧਰਮਸ਼ਾਲਾ ਮੁਰੰਮਤ ਦੀਆਂ ਸਿਫਾਰਸ਼ਾਂ ਤਹਿਸੀਲ ਨਕੋਦਰ

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 1 | ਨਵਾਂ ਕਿਲਾ | 10 | ਐਦਲਪੁਰ |
| 2 | ਮੁਲੇਵਾਲ ਖੇਹਰਾ | 11 | ਰਾਮਪੁਰ |
| 3 | ਚੈਵਿੰਡਾ | 12 | ਖਾਨਪੁਰ ਰਾਜਪੂਤਾਂ |
| 4 | ਕੁਤਬੀਵਾਲ | 13 | ਵੈਹਰਾ |
| 5 | ਬੁੜੇਵਾਲ | 14 | ਉਮਰੇਵਾਲ |
| 6 | ਨੰਰਗਪੁਰ ਹੰਸੀ | 15 | ਮੂਸੇਵਾਲ |
| 7 | ਰਾਮਤਾਰਪੁਰ | 16 | ਕੰਮ ਸਾਹਿਬ |
| 8 | ਈਸੇਵਾਲ | 17 | ਕੁਹਾੜ ਕਲਾਂ |
| 9 | ਖੁਰਮਪੁਰ ਮਲਸੀਆਂ | 18 | ਜਾਫਰਪੁਰ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 19 | ਢੱਡਾ ਹੁੰਦਲ | 51 | ਬੁੱਢੀ ਪਿੰਡ |
| 20 | ਛੋਹਕਸਲਗੜ੍ਹ | 52 | ਬਾਗਪੁਰ |
| 21 | ਮੂਲੇਵਾਲ ਬ੍ਰਾਹਮਣਾ | 53 | ਮੇਦਾ |
| 22 | ਮੋਰੀਪੁਰ | 54 | ਪੱਤੋ ਖੁਰਦ |
| 23 | ਝੰਡੇਵਾਲ | 55 | ਖੁਰਮਪੁਰ |
| 24 | ਸਾਹਪੁਰ | 56 | ਨਵਾਂ ਪਿੰਡ ਅਰਾਈਆਂ |
| 25 | ਆਧੀ | 57 | ਬੀਰਪਿੰਡ |
| 26 | ਬੁੱਢਣਵਾਲ | 58 | ਪੰਡੋਰੀਦਾਸ |
| 27 | ਸੱਜਣਵਾਲ | 59 | ਊਘੀ |
| 28 | ਹੇਰਾਂ | 60 | ਤਾਰਪੁਰ |
| 29 | ਬਾਊਪੁਰ | 61 | ਰਾਈਵਾਲ ਦੋਨਾ |
| 30 | ਸਾਹਮਲੇਪੁਰ (ਮਹਿਤਪੁਰ) | 62 | ਬਾਸੀਵਾਲ |
| 31 | ਚੱਕ ਬੰਡਲ | 63 | ਬਾਜੀਵਾਲ |
| 32 | ਚਾਚੋਵਾਲ | 64 | ਧਰਮੀਵਾਲ |
| 33 | ਬੀੜਬਾਲੋਂਦੀ | 65 | ਰਾਏਪੁਰ ਅਰਾਈਆਂ |
| 34 | ਰਵੇਲ ਪੱਤੀ ਮਲਸੀਆਂ | 66 | ਸਿੰਘਪੁਰ ਦੋਨਾ |
| 35 | ਰੂਪੇਵਾਲੀ | 67 | ਸਰਾਏ ਖਾਸ |
| 36 | ਸ਼ਾਹਪੁਰ | 68 | ਕਾਗਣਾ |
| 37 | ਫਖਰੂਵਾਲ | 69 | ਲੋਹੀਆਂ |
| 38 | ਸੋਖੋਵਾਲ(ਅ) | 70 | ਮਹਿਸੂਲਵਾਲ ਯੂਸਫਪੁਰ |
| 39 | ਸਹੀਹਪੱਤੀ ਬਾਹੋਦੀ (ਅ) | 71 | ਮੀਏਵਾਲ ਅਰਾਈਆਂ |
| 40 | ਯੂਸਫਪੁਰ ਆਲੇਵਾਲ | 72 | ਗੋਸੂਵਾਲ |
| 41 | ਮੁਹੱਲਾ ਸਟੇਸ਼ਨ ਵਾਲਾ ਨਕੋਦਰ | 73 | ਚੱਕ ਬੁੰਡਾਲਾ |
| 42 | ਝੁਗੀਆਂ (ਬੀਟਲ) | 74 | ਸਾਲਾ ਨਗਰ ਮਲਸੀਆਂ |
| 43 | ਭੁਲਰ | 75 | ਰਾਮੂਵਾਲ |
| 44 | ਗੇਹਲਣ | 76 | ਖਾਨਪੁਰ ਢੱਡਾ |
| 45 | ਢੱਡਾ ਲਹਿਣਾ | 77 | ਪਰਜੀਆਂ ਕਲਾਂ |
| 46 | ਕਿਲਾ ਮੁਹਲਾ ਸ਼ਾਹਕੋਟ | 78 | ਹਾਜੀਪੁਰ ਸਲੇਚ |
| 47 | ਸਹੀਹ ਪੱਤੀ ਡਫਰ | 79 | ਢੱਡੋਵਾਲ |
| 48 | ਸਰਕਪੁਰ | 80 | ਮਲਸੀਆਂ |
| 49 | ਬਦਲੀ | 81 | ਜਕੋਪੁਰ ਖੁਰਦ |
| 50 | ਬਾੜਾ ਸਲਾਮ | 82 | ਅਕਬਰਪੁਰ ਕਲਾਂ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 83 | ਦਾਨੇਵਾਲ | 116 | ਸਾਰਿੰਗਵਾਲ |
| 84 | ਭਦਵਾ | 117 | ਜਾਫਰਵਾਲ |
| 85 | ਦੌਲਥਪੁਰ ਢੰਡਾ | 118 | ਕੋਟਲੀ ਕੰਬੋਆ |
| 86 | ਕੰਗ ਸਾਹਿਬ ਰਾਏ | 119 | ਉਮਰੇਵਾਲ ਬਿਲਾ |
| 87 | ਨਿਜਾਮੀਪੁਰ | 120 | ਇਨੋਵਾਲ |
| 88 | ਮਹਿਮਪੁਰ | 121 | ਮਹਿਮੂਵਾਲ (ਮਾਲਾ) |
| 89 | ਖੁਰਲਾਪੁਰ | 122 | ਕੁਨੀਆਂ ਖੁਰਦ |
| 90 | ਕੋਨਾ | 123 | ਟੁਰਨਾ |
| 91 | ਢੇਰੀਆ ਮੁਸਤਰਕਾ | 124 | ਥਮੂਵਾਲ |
| 92 | ਚਕਮੁਗਲਾਨੀ | 125 | ਬਿਲਾ ਨਵਾਬ |
| 93 | ਬੁਲੰਦਾ | 126 | ਬਿੱਲੀ ਬੜੈਚ |
| 94 | ਹਰਾ ਬੱਕਰਾ | 127 | ਜਹਾਂਗੀਰ |
| 95 | ਕੋਟਲੀ ਗਾਜਰਾ | 128 | ਮਲੀਆਂ ਖੁਰਦ |
| 96 | ਸੋਹਲ ਖੁਰਦ | 129 | ਕੰਗ ਖੁਰਦ |
| 97 | ਬਾੜਾ ਬੁਧ ਸਿੰਘ | 130 | ਧਾਲੀਵਾਲ |
| 98 | ਫਾਜਲਪੁਰ | 131 | ਬਜਵਾ ਖੁਰਦ |
| 99 | ਮੁਹੇਮ | 132 | ਹੁਸਨਾਬਾਦ |
| 100 | ਸਰੀਹਪੱਤੀ ਜੈਚੰਦ | 133 | ਮੁਹਰੀਵਾਲ |
| 101 | ਤੰਦਾ ਉਚਾ | 134 | ਟੁਟ |
| 102 | ਅਕਬਰਪੁਰ ਖੁਰਦ | 135 | ਨੱਲ |
| 103 | ਮਲੀਆ ਕਲਾਂ | 136 | ਬੱਗਾ |
| 104 | ਸੋਹਲ ਜਗੀਰ | 137 | ਸ਼ਾਲਾ ਨਗਰ |
| 105 | ਬਾੜਾ ਜੋਧ ਸਿੰਘ | 138 | ਪਡਾੜੀਆਂ |
| 106 | ਨੰਗਲ ਜੀਵਨ | 139 | ਸਿਧੂਪੁਰ |
| 107 | ਰੰਗੜਾ | 140 | ਮੰਨਦਾ |
| 108 | ਅਲੀਵਾਲ | 141 | ਕਿਲੀ |
| 109 | ਮੁੱਖੀ | 142 | ਸਿੰਘੜ |
| 110 | ਚੱਕ ਬਾਹਮਣੀਆਂ | 143 | ਮੁਹਲਾ ਰਹਿਮਾਨਪੁਰਾ ਨਕੋਦਰ |
| 111 | ਚੱਕ ਚੈਲਾ | 144 | ਨਵਾਂ ਪਿੰਡ ਦੋਨੇਵਾਲ |
| 112 | ਨਵੀ ਪਿੰਡ ਅਕਾਲੀਆਂ | 145 | ਕਾਕੜ ਕਲਾਂ |
| 113 | ਖਿੱਲੀ ਚਹਾਰਸੀ | 146 | ਲਮੂੜੀ |
| 114 | ਖੀਵਾ | 147 | ਸੰਡੋਵਾਲ |
| 115 | ਫੁਲ | | |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 148 | ਨਵਾਂ ਪਿੰਡ ਖਾਲੇਵਾਲ | 180 | ਸਿੱਧਵਾਂ |
| 149 | ਥਾਬਲਕੇ | 181 | ਸਰਕਪੁਰ |
| 150 | ਪੰਡੋਰੀ ਰਾਜਪੂਤਾਂ | 182 | ਨਵਾਂ ਪਿੰਡ ਜੱਟਾਂ |
| 151 | ਕੁਲਾਰਾ | 183 | ਰਸੂਲਪੁਰ ਕਲਾਂ |
| 152 | ਲਿਤਰਾ | 184 | ਮੀਰਾਪੁਰ |
| 153 | ਬੱਲ | 185 | ਮਾਹੂਵਾਲ |
| 154 | ਤਲਵੰਡੀ ਸਾਬੋ | 186 | ਗੋਹੀਰ |
| 155 | ਪੁਨੀਆ | 187 | ਬਿਲੀ ਚਓ |
| 156 | ਔਲਕ | 188 | ਕਾਸੂਪੁਰ |
| 157 | ਚੱਕ ਕਲਾਂ | 189 | ਬਜੂਹਾ ਕਲਾਂ |
| 158 | ਸੰਗੋਵਾਲ | 190 | ਕੋਟਲਾ ਸੂਰਜਮਲ |
| 159 | ਸਮਾਇਲਪੁਰ | 191 | ਤਲਵੰਡੀ ਸੰਘੇੜਾ |
| 160 | ਸੀਚੇਵਾਲ | 192 | ਸਮਾਇਲਪੁਰ |
| 161 | ਕੋਟਲਾ ਜਗਾ | 193 | ਮੰਤਿਆਲਾ |
| 162 | ਚਾਨੀਆਂ(ਅ) | 194 | ਸੇਖੋਂਵਾਲ |
| 163 | ਈਦਾ | 195 | ਸੀਊਵਾਲ |
| 164 | ਸੈਦੂਪੁਰ ਝਿੜੀ | 196 | ਹੁਸੈਨਪੁਰ |
| 165 | ਮੁਹਲਾ ਬਾਲਮੀਕੀ ਨਕੋਦਰ | 197 | ਨਿਹਾਲੂਵਾਲ |
| 166 | ਮਹਿਮੂਦਪੁਰ | 198 | ਮੁਜਫਰਪੁਰ |
| 167 | ਗਾਧਰਾਂ | 199 | ਸਿਆਣੀਵਾਲ |
| 168 | ਬਘਲਾ | 200 | ਝੁਗੀਆਂ |
| 169 | ਸਾਦਿਕਪੁਰ | 201 | ਸਿਆਨੀਵਾਲ |
| 170 | ਤਲਵੰਡੀ ਸਲੇਮ | 203 | ਕਰਾ |
| 171 | ਕਾਕੜਾ ਕਲਾਂ | 204 | ਲਧੜਾ |
| 172 | ਭੁਲਾਣਾ | 205 | ਪਰਜੀਆ ਖੁਰਦ |
| 173 | ਰੌਲੀ | 206 | ਤਲਵੰਡੀ ਬੂਟੀਆ |
| 174 | ਫਤਿਹਪੁਰ | 207 | ਬਾਲੋਕੀ |
| 175 | ਟੂਟਸ਼ੇਰ ਸਿੰਘ | 208 | ਮੀਏਵਾਲ ਅਰਾਈਆਂ |
| 176 | ਸੰਕਰਪੱਤੀ ਪੂਰੇਵਾਲ | 209 | ਨੰਗਲ ਅੰਬੀਆਂ |
| 177 | ਮਹਿਰਾਜਵਾਲ | 210 | ਚੱਕ ਖੁਰਦ |
| 178 | ਕਮਾਲਪੁਰ | 211 | ਮਾਲੂਵਾਲ |
| 179 | ਕੰਨੀਆਂ ਕਲਾਂ | 212 | ਖਾਨਪੁਰ ਢੱਡਾ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ: | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 213 | ਸਹੋਹਪੱਤੀ ਬਾਹੋਂਦੀ (ਬਾਲਮੀਕੀ) | 244 | ਅਬਾਦਪੁਰਾ |
| 214 | ਬਸਤੀ ਗੁਜਾਂ ਜਲੰਧਰ | 245 | ਲਾਡੋਵਾਲੀ ਰੋਡ ਜਲੰਧਰ |
| 215 | ਬਿਸਰਾਮਪੁਰ | 246 | ਬਸਤੀ ਬਾਵਾ ਖੇਲ |
| 216 | ਰਜਬਾ | 247 | ਲੱਦੇਵਾਲੀ |
| 217 | ਖੁਸਰੋਪੁਰ | 248 | ਸੈਮੀ |
| 218 | ਸਰਾਏ ਖਾਸ | 249 | ਕੋਟਸਦੀਕ |
| 219 | ਮੱਲੀਆਂ | 250 | ਮੁਬਾਰਕਪੁਰ |
| 220 | ਸੰਘਵਾਲ | 251 | ਸ਼ੇਰਪੁਰ |
| 221 | ਸੰਤੋਖਪੁਰਾ | 252 | ਕਾਦੀਆਂ ਵਾਲੀ (ਬ) |
| 222 | ਸਮੀਪੁਰ | 253 | ਕਾਦੀਆਂ ਵਾਲੀ (ਅ) |
| 223 | ਕਿਸ਼ਨਗੜ | 254 | ਹਰਦੇਵ ਗਲਾ |
| 224 | ਨਿਧਾਣਾ | 255 | ਹਜਾਰਾ |
| 225 | ਨਿਜ਼ਾਮਦੀਨਪੁਰ | 256 | ਕਾਕੀ ਪਿੰਡ |
| 226 | ਸੰਗਲ ਸੋਹਲ | 257 | ਕੋਟਲੀ ਜਗੀਤ ਸਿੰਘ |
| 227 | ਹੈਲਰ | 258 | ਕਬੂਲਪੁ ਰ |
| 228 | ਹੀਰਾਪੁਰ | 259 | ਖੁਰਲਾ |
| 229 | ਐਮਕਾਜੀਆ | 260 | ਸ਼ੇਰਪੁਰ |
| 230 | ਕਾਲਾ ਖੇੜਾ | 261 | ਭੋਡੇ ਸਪਰਾਏ |
| 231 | ਨੰਗਲ ਸਲੇਮਪੁਰ | 262 | ਕੰਗਨੀਵਾਲ |
| 232 | ਕੋਟ ਸਦੀਕ | 263 | ਚੰਨਣਪੁਰ |
| 233 | ਗਿੱਲ | 264 | ਜੁਗਰਾਲ |
| 234 | ਰਾਮ ਸਿੰਘਪੁਰ | 265 | ਜਮਸ਼ੇਰ |
| 235 | ਸੰਮਨਪੁਰ | 266 | ਢਿਲਵਾਂ |
| 236 | ਮੰਗਾਕੇ | 267 | ਦਕੋਹਾ |
| 237 | ਥਰਾਮਪੁਰ | 268 | ਧਨਾਲ ਖੁਰਦ |
| 238 | ਪਵਾਰ | 269 | ਧਨਾਲ ਕਲਾਂ |
| 239 | ਧੀਰਪੁਰ | 270 | ਧੀਣਾ |
| 240 | ਬੜਾ ਛੋਟਾ ਪਿੰਡ | 271 | ਪ੍ਰਤਾਪਪੁਰਾ |
| 241 | ਚਿਟੀ | 272 | ਫੋਲੜੀ ਵਾਲ |
| 242 | ਚੁਗਾਵਾ | 273 | ਬਰਜਾਲ |
| 243 | ਚੁਮਿਟੀ | 274 | ਸਿਫਾਪੁਰ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 275 | ਲੁਹਾਰ ਨੰਗਲ | 307 | ਸਲਾਲਾ |
| 276 | ਲਾਬੜਾ | 308 | ਸੁਕਰਪੁਰ |
| 277 | ਲਾਬੜੀ | 309 | ਸੋਹਲਪੁਰ |
| 278 | ਮਹਦੀਪੁਰ | 310 | ਆਲਮਗੀਰ |
| 279 | ਮਹਦੀਪੁਰ ਅਰਾਈਆਂ | 311 | ਰਾਮਦਾਸਪੁਰਾ |
| 280 | ਬੂੜੇ | 312 | ਗਊਵਾਲੀ |
| 281 | ਫੁਲਪੁਰ | 313 | ਮੁਰਾਦਪੁਰ |
| 282 | ਧਨੋਵਾਲੀ | 314 | ਮਾਣਕੇ |
| 283 | ਢੰਡਾ | 315 | ਬੁਲੰਦਪੁਰ |
| 284 | ਗੋਰੇਵਾਲ | 316 | ਬਰਾਉਦੀਨਪੁਰ |
| 285 | ਲੁਹਾਰਾ | 317 | ਪਪਿਆਣਾ |
| 286 | ਰੋਹਮੜੀ | 318 | ਧੋਗੜੀ |
| 287 | ਰਾਮਤਸੋ | 319 | ਚੁਹੜੇ |
| 288 | ਮਾਣਕਰਾਈ | 320 | ਚੁਮੁੜਾ |
| 289 | ਮੁਰੀਦਪੁਰ | 321 | ਜਗਨਪੁਰ |
| 290 | ਭੁੰਦੀਆਂ | 322 | ਜੰਡਸਿੰਘ |
| 291 | ਬੂਲੈ | 323 | ਚੁਹੜਵਾਲੀ |
| 292 | ਬਾਹੋਪੁਰ | 324 | ਘੜਿਆਲ |
| 293 | ਪੰਡਰੀ ਨਿਜਰਾ | 325 | ਖੁਰਦਪੁਰ |
| 294 | ਨੰਗਲ ਫੀਦਾ | 326 | ਕਲਾਰਾ |
| 295 | ਧੁਰਿਆਲ | 327 | ਕਡਿਆਣਾ |
| 296 | ਧਮੂਲੀ | 328 | ਕੰਦੋਲਾ |
| 297 | ਡੀਗਰੀਆਂ | 329 | ਕਪੂਰ ਪਿੰਡ |
| 298 | ਕਮਾਲਪੁਹਾ | 330 | ਕੋਦਲੀ ਸ਼ੇਖਾ |
| 299 | ਚਮਿਆਰੀ | 331 | ਕਠਾਰ |
| 300 | ਚਾਹੜਕੇ | 332 | ਸਿਕੰਦਰਪੁਰ |
| 301 | ਘੋੜੇਵਾਲੀ | 333 | ਅਲਾਵਲਪੁਰ (ਬ) |
| 302 | ਕਾਲਾ ਬੱਕਰਾ | 334 | ਸਾਹਪੁਰ |
| 303 | ਕੰਧਾਲਾ ਗੁਰੂ | 335 | ਨਾਗਰਾ |
| 304 | ਕੁਰਾਲਾ | 336 | ਦੇਸਲਪੁਰ |
| 305 | ਸਨੋਰਾ ਬਾਜੀਗਰ | 337 | ਬੱਲ |
| 306 | ਸੀਤਲਪੁਰ | 338 | ਰਾਏਪੁਰ ਲਲੀਆਂ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 339 | ਮੂਸਾਪੁਰ | 360 | ਉਪਲਖਾਲਸਾ |
| 340 | ਮੁਸਤਫਾਪੁਰ | 371 | ਬਹਾਦਰਪੁਰ |
| 341 | ਮੋਖਾ | 372 | ਮੰਨਾ ਪਿੰਡ ਪਤੀਤਾਹਰਪੁਰ |
| 342 | ਬਸਤੀ ਸੇਖ | 373 | ਸਿਧਮ ਮੁਸਤਦੀ |
| 343 | ਬਸਤੀ ਪੀਰਦਾਦ | 374 | ਫਤਿਹਪੁਰ |
| 344 | ਬੇਗਮਪੁਰ | 375 | ਅਨੀਹਰ |
| 345 | ਨੰਗਲ | 376 | ਅੱਟਾ |
| 346 | ਮੁਹਲਾ ਰਵੀਦਾਸਪੁਰਾ ਗੁਰਾਇਆ | 377 | ਤੂਹਾ |
| 347 | ਚੀਮਾਕਲਾਂ ਚੱਕ | 378 | ਸਮਾਣੀ |
| 348 | ਲਸਾੜਾ ਪੱਤੀ ਪੇਖੋਪੁਰ | 379 | ਮੁਠੱਡਾ ਖੁਰਦ |
| 349 | ਹਰਦੋ ਸ਼ੇਖ | 380 | ਚੀਮਾਂ ਖੁਰਦ ਚੱਕ |
| 350 | ਜੌਰਲ (ਬ) | 381 | ਲਦਾੜਾ |
| 351 | ਲਸਾੜਾ ਪਤੀ ਖਾਸ | 382 | ਧਲੇਤਾ |
| 352 | ਚੱਕ ਮਜਾਰਾ | 383 | ਸੁਲਤਾਨਪੁਰ |
| 353 | ਚੋਲਾਗ | 384 | ਮੰਢੀ |
| 354 | ਭੈਣੀ | 385 | ਅਪਰਾ |
| 355 | ਪਰਤਾਪਪੁਰਾ (ਅ) | 386 | ਛੋਕਰਾ |
| 356 | ਬਿਲਗਾ ਪੱਤੀ (ਭੋਜੈ) | 387 | ਪਾਲਨੋ |
| 357 | ਬਿਲਗਾਪੱਤੀ ਚੁਨੀਆਂ ਮਨਸੂਰ | 388 | ਉਟਾਲ |
| 358 | ਮਿਠੜਾ | 389 | ਅਮਰਗੜ੍ਹ |
| 359 | ਢੀਢਸਾ | 390 | ਅਲਾਚੋਰ |
| 360 | ਲਾਂਗੜੀਆ | 391 | ਸੌਨਾ |
| 361 | ਰੰਧਾਵਾ | 392 | ਸੋਨਾਵਾ |
| 362 | ਮੁਠੜਾ ਕਲਾਂ | 393 | ਸਾਹਬਪੁਰ |
| 363 | ਢੰਡ | 394 | ਸਜਵਲਪੁਰ |
| 364 | ਪੰਡੋਰੀ ਮਸਤਰਕੀ | 395 | ਬੜਵਾ |
| 365 | ਨੱਥੇਵਾਲ | 396 | ਭਗੋਰਾ |
| 366 | ਦਾਦੂਵਾਲ | 397 | ਸਲੋਰ |
| 367 | ਘੇਲਾ | 398 | ਸਕੋਹਪੁਰ |
| 368 | ਗਮਟਾਲੀ | 399 | ਹਿਆਲਾ |
| 369 | ਸ਼ੇਰਪੁਰ | 400 | ਕਰਿਆਮ |

*Original with;*
Punjab Vidhan Sabha
*Digitized by;*
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ; | ਪਿੰਡ ਦਾ ਨਾਂ |
|---|---|---|---|
| 401 | ਕੋਟਰੰਝਾ | 434 | ਬਹਿਰਾਮ ਅੰਬੇਦਕਰ ਭਵਨਾਂ |
| 402 | ਧਮੇੜਪੁਰ | 435 | ਮੰਡੇਰਾ ਚੱਕ |
| 403 | ਕਨਾਉਨ | 436 | ਮਲਾ ਸੋਢੀਆਂ |
| 404 | ਘਟਾਰ | 437 | ਮੰਗੂਵਾਲ |
| 405 | ਜਬੋਵਾਲ ਕਲੋਨੀ | 438 | ਲਧਾਣਾ ਉੱਚਾ |
| 406 | ਜਾਡਲਾ | 439 | ਮਾਧਪੁਰ |
| 407 | ਦੌਲਤਪੁਰ | 440 | ਸਰਹਾਲਕਾਜੀਆ |
| 408 | ਬੈਰਸੀਆਂ | 441 | ਗੜਪਧਾਣਾ |
| 409 | ਬਠਵਲੜ ਕਲਾਂ | 442 | ਗੁਣਾਚੋਰ |
| 410 | ਬੀਰੋਵਾਲ | 443 | ਮੁਕੰਦਪੁਰ |
| 411 | ਬੇਗਮਪੁਰ | 444 | ਗੜੱਪੜ |
| 412 | ਵਜੀਦਪੁਰ | 445 | ਚਕਦਾਨਾ |
| 413 | ਭੰਗੜ ਕਲਾਂ | 446 | ਬੀਜਾ |
| 414 | ਭਾਰਟਾ ਖੁਰਦ | 447 | ਤਲਵੰਡੀ ਜਟਾਂ |
| 415 | ਭਾਰਟੀ ਕਲਾਂ | 448 | ਮਾਹਿਲ ਮਹਿਲਾ |
| 416 | ਮੂਸਾਪੁਰਾ | 449 | ਮਕਸੂਦਪੁਰ |
| 417 | ਮਹਾਲੋਂ | 450 | ਤਲਵੰਡੀ ਫੱਤੂ |
| 418 | ਮੁਬਾਰਕਪੁਰ | 451 | ਲੰਗੇਰੀ |
| 419 | ਮੀਰਪਰ ਜੱਟਾਂ | 452 | ਮਾਗਟ ਡੀਗਰੀਆਂ |
| 420 | ਰਾਮਗੜ | 453 | ਬਾਲੋਂ |
| 421 | ਲੰਗੜੋਆ | 454 | ਮੁਹਲਾ ਰੇਤਾਬਾਰ |
| 422 | ਸੋਤਰਾ | 455 | ਨਵੀਂ ਅਬਾਦੀ ਰਾਹੋਂ |
| 423 | ਸੁੰਢ | 456 | ਮੁਹਲਾ ਕਿਲਾ ਨਵਾਂ ਸ਼ਹਿਰ |
| 424 | ਸੂਰਾਪੁਰ | 457 | ਮੁਹਲਾ ਡਗੋਹਾ ਨਵਾਂ ਸ਼ਹਿਰ |
| 425 | ਸੁਚੋ | 458 | ਮੁਹਲਾ ਇਬਰਾਹੀਮਪੁਰ |
| 426 | ਕੁਲਥਮ | 459 | ਮੁਹਲਾ ਨਵਾਂ ਸ਼ਹਿਰ ਗੜ ਸ਼ੰਕਰ, ਰੋਡ ਨਵਾਂਸ਼ਹਿਰ |
| 427 | ਕਰੀਹਾ | | |
| 428 | ਕਟਕੜ ਕਲਾਂ | 460 | ਮੁਹਲਾ ਰਵੀਦਾਸ ਨਗਰ, ਨਵਾਂ ਸ਼ਹਿਰ |
| 429 | ਖਮਾਚੋਂ | | |
| 430 | ਚੱਕਗੁਰੂ | 461 | ਮੁਹਲਾ ਆਰਨਗਲੀ ਰਾਹੋਂ ਬਜੋਂ |
| 431 | ਜੰਡਿਆਲਾ | 462 | ਬੱਜੋਂ |
| 432 | ਜੰਡਿਆਲੀ | 463 | ਮੜੀ ਫਤਿਰਖਾ |
| 433 | ਬਹਿਰਾਮ (ਬਾਹਲੀ ਅਬਾਦੀ) | 464 | ਉਦੋ ਵਾਲ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 465 | ਨੌਰਾ | 496 | ਮੰਢਾਲੀ |
| 466 | ਨੰਗਲ ਛਾਮਾ | 497 | ਬੀਸਲਾ |
| 467 | ਕਮਾਮ | 498 | ਬਾਲਪੁਰ |
| 468 | ਭੀਣ | 499 | ਮਹੱਦੀਪੁਰ |
| 469 | ਪੱਲੀ ਝਿੱਕੀ | 500 | ਮੰਢਾਲਾ |
| 470 | ਪੱਲੀ ਉੱਚੀ | 501 | ਰਾਣੇਵਾਲ |
| 471 | ਭੋਰਾ | 502 | ਚਾਹੜ ਮਜਾਰਾ |
| 472 | ਬੈਸ | 503 | ਕਾਜਲਪੁਰ |
| 473 | ਭੂਤਾਂ | 504 | ਵਜੀਦਪੁਰ |
| 474 | ਕਜਲਾ | 505 | ਤਾਜੋਵਾਲ |
| 475 | ਖਾਨਪੁਰ | 506 | ਚੱਕ ਇਲਾਹੀਬਖਸ਼ |
| 476 | ਖਾਨਖਾਨਾ | 507 | ਦਪਾਲਪੁਰ |
| 477 | ਕਾਹਮਾ | 508 | ਮਕਾਰਾ ਕਲਾਂ |
| 478 | ਲਖਪੁਰ | 509 | ਮਜਾਰਾ ਖੁਰਦ |
| 479 | ਲੰਗੋਰੀ | 510 | ਜੇਠੂਮਜਾਰਾ |
| 480 | ਬਖਰੌਲ | 511 | ਬਰਸਾਲ |
| 481 | ਹਕੀਮਪੁਰ | 512 | ਹੰਸਰੋ |
| 482 | ਜਗਤਪੁਰ | 513 | ਹੁਸੈਨਪੁਰ |
| 483 | ਝਿੰਗੜਾ | 514 | ਦੌਲਤਪੁਰ |
| 484 | ਰਟੈਂਡਾ | 515 | ਬੇਗੋਵਾਲ |
| 485 | ਸੈਖਪੁਰ | 516 | ਪੰਦਰਾਵਲ |
| 486 | ਝਿਕਾ | 517 | ਖੜਕੂਵਾਲ |
| 487 | ਰੈਮਾ | 518 | ਜੁਲਾਹ ਮਾਜਰਾ |
| 488 | ਬਲੋਵਾਲ | 519 | ਝੰਗੀਆਂ |
| 489 | ਘੁਮਣਾ | 520 | ਗੜੀ ਸੇਰੂ |
| 490 | ਮਾਣਕਾ | 521 | ਅੜਾਪੜ |
| 491 | ਮੈਹਲੀਆਣਾ | 522 | ਔੜ |
| 492 | ਮੈਹਲੀ | 523 | ਬਹਿਰਾਮ ਅੰਦਰਲੀ ਅਬਾਦੀ |
| 493 | ਲਿਦੜਕਲਾਂ | 524 | ਮੁਹਲਾ ਬਾਲਮੀਕੀ ਨਵਾਂ ਸ਼ਹਿਰ |
| 494 | ਜਮੋ ਮਾਜਰਾ | 525 | ਮੁਹਲਾ ਰਵੀਦਾਸ ਮੰਦਰ ਨਵਾਂ ਸ਼ਹਿਰ |
| 495 | ਬਾਹੜ ਮਜਾਰਾ | | |

Original with;
Punjab Vidhan Sabha
Digitized by;
Panjab Digital Library

ਉਹਨਾਂ ਪਿੰਡਾਂ ਦੀ ਸੂਚੀ, ਜਿਹਨਾਂ ਵਿਚ ਬਣੀਆਂ ਹੋਈਆਂ ਧਰਮਸਾਲਾਵਾਂ ਨੂੰ ਸਾਲ 1992-93 ਵਿਚ ਅਣ-ਟਾਈਡ ਫੰਡਾਂ ਵਿਚੋਂ ਗਰਾਂਟ ਦਿਤੀ ਗਈ: ਜ਼ਿਲ੍ਹਾ ਜਲੰਧਰ

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 1. | ਸਲਾਰਪੁਰ | 30. | ਸਹਿਬਾਜਪੁਰ |
| 2. | ਰਾਏਪੁਰ | 31. | ਕਲੇਰਾ |
| 3,4. | ਕਕੜ ਪਿੰਡ ਦੋ ਧਰਮਸਾਲਾਵਾਂ (2) | 32. | ਹੀਉ |
| 5. | ਜੰਡਿਆਲੀ | 33. | ਝੰਡੇਰਾ ਖੁਰਦ |
| 6. | ਦੀਵਾਲੀ | 34. | ਖੌਖੜਾ |
| 7. | ਦੌਲਤਪੁਰ | 35. | ਬਜੂਹਾ ਖੁਰਦ |
| 8. | ਪੂਰਣਪੁਰ | 36. | ਚਾਨੀਆ |
| 9. | ਮਜਫਰਪੁਰ | 37. | ਗਹੀਰ |
| 10. | ਚਾਂਦਪੁਰ | 38. | ਬੋਪਾਰਾਏ |
| 11. | ਕੋਟਲੀ ਥਾਨ ਸਿੰਘ | 39. | ਮਹੜੂ |
| 12. | ਬਡਿਆਲਾ | 40. | ਆਲੋਵਾਲ |
| 13. | ਲਾਲੇ ਵਾਲੀ | 41. | ਕਦੋਲਾ |
| 14. | ਗੁਜਣ ਬਲਾਕ ਰੰਗਾ | 42. | ਗੋਰਸੀਆ |
| 15. | ਮੀਰਾਪੁਰ ਸ਼ਾਹਕੋਟ | 43. | ਆਦਰਾਮਾਨ |
| 16. | ਰੇੜਵਾਂ | 44. | ਝੁਗੀਆਂ ਖੁਰਮਸਰ |
| 17. | ਰਾਜਪੂਤਾਂ | 45. | ਪਾਲਨੌ |
| 18. | ਜਮਸ਼ੇਰ ਸੇਰਗੜੀ | 46. | ਥਲਾ |
| 19. | ਸਾਬੋਵਾਲ | 47. | ਮੰਡੀ |
| 20. | ਪਰਜੀਆ ਖੁਰਦ | 48. | ਬੰਸੀਆ ਚੱਕ |
| 21. | ਜਾਨੀਆਂ ਚਾਹਲ | 49. | ਜੱਜਾ ਖੁਰਦ |
| 22. | ਬਿਲੀ ਬੜੈਚ | 50. | ਦੁਸਾਝ ਕਲਾਂ |
| 23. | ਜਲਾਲਪੁਰ ਖੁਰਦ | 51. | ਗੁਸਾਝ ਖੁਰਦ |
| 24. | ਬਾੜਾ ਸਿੰਧ ਪੁਰ | 52. | ਪਾੜਾ ਪਿੰਡ |
| 25. | ਨਿਹਾਲ ਵਾਲਾ | 53. | ਕੋਟਲਾ |
| 26. | ਜਲਵਾਹਾ | 54. | ਬਖੂ ਨੰਗਲ |
| 27. | ਜਫਰਪੁਰ | 55. | ਨੂਰਪੁਰ ਕਲੋਨੀ |
| 28. | ਗੋਰਖਪੁਰ | 56. | ਮੁਹਲਾ ਬਾਲਮੀਕ ਵਰਿਆਣਾ |
| 29. | ਸੈਦਪੁਰ | 57. | ਪਧਿਆਣਾ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: ਪਿੰਡ ਦਾ ਨਾਂ | ਲੜੀ ਨੰ: ਪਿੰਡ ਦਾ ਨਾਂ |
|---|---|
| 58. ਜਲਭੇ | 71. ਚੰਨਣਪੁਰ |
| 59. ਕੂਪਰ | 72. ਕਿੰਗਰ |
| 60. ਮਸਾਣੀਆਂ | 73. ਸਪਰਾਏ |
| 61. ਕੋਟਲੀ ਅਜਾਈਆਂ | 74. ਖਾਬਰਾ |
| 62. ਸਾਰੋਵਾਦ | 75. ਸੰਤੋਖਪੁਰਾ ਜਲੰਧਰ |
| 63. ਬਲੋਵਾਲ | 76. ਆਨੰਦ ਨਗਰ ਜਲੰਧਰ |
| 64. ਮੋਗਾ | 77. ਖੁਰਮਪੁਰ |
| 65. ਬਹਿਰਾਮ ਸਰਿਸ਼ਟਾ | 78. ਬਘੇਲਾ |
| 66. ਸਾਰੰਗਵਾਦ | 79. ਰੂਪੇਵਾਲੀ |
| 67. ਗੜ੍ਹਾ | 80. ਚੂਹੇਕੀ |
| 68. ਭੋਜੋਵਾਲ | 81. ਬਾਲਮੀਕ ਮੁਹਲਾ ਨੂਰਮਹਿਲ |
| 69. ਤਾਜਪੁਰ | 82. ਕੰਦੋਲਾ |
| 70. ਉਦੋਪੁਰ | |

ਉਹਨਾਂ ਪਿੰਡਾਂ ਦੀ ਸੂਚੀ ਜਿਨ੍ਹਾਂ ਵਿੱਚ ਬਣੀਆਂ ਹੋਈਆਂ ਧਰਮਸ਼ਾਲਾਵਾਂ ਮੁਰੰਮਤ-ਯੋਗ ਖਸਤਾ ਹਾਲਤ ਵਿੱਚ ਹਨ, ਜ਼ਿਲ੍ਹਾ ਹੁਸ਼ਿਆਰਪੁਰ

| ਲੜੀ ਨੰ: ਪਿੰਡ ਦਾ ਨਾਂ | ਲੜੀ ਨੰ: ਪਿੰਡ ਦਾ ਨਾਂ |
|---|---|
| 1. ਚੱਕ ਰਾਜੂ ਸਿੰਘ | 17. ਦਲੂਪੁਰ |
| 2. ਸਾਹਰੀ | 18. ਬਸੀ ਦੌਲਤ ਮਾਂ |
| 3. ਕੋਰਟ | 19. ਅਟੱਲਗੜ੍ਹ |
| 4. ਰਾਏਪੁਰ | 20. ਬਜਵਾੜਾ |
| 5. ਚੋਹਾਲ | 21. ਮਿਠੇਵਾਲ |
| 6. ਕੋਟਲੀ | 22. ਸਿੰਘਪੁਰ |
| 7. ਕੋਟਲਾ ਨੋਧ ਸਿੰਘ | 23. ਹੁਕੜਾ |
| 8. ਪਿਆਲਾ | 24. ਪੰਡੋਰੀ ਰੁਕਮਾਨ (ਨਵੀਂ ਅਬਾਦੀ) |
| 9. ਲੁਧਾ | 25. ਅਤੋਵਾਲ |
| 10. ਡੱਲੇਵਾਲ | 26. ਪੰਡੋਰੀ ਕੱਦ |
| 11. ਹਾਰਟਾ | 27. ਪਟਿਆਲਾ |
| 12. ਸਰਹਾਲ ਮੁੰਡੀਆ | 28. ਕਾਟੀਆਂ |
| 13. ਧਰਮਕੋਟ | 29. ਫਗੁੜਿਆਂ ਦੀ ਪੰਡੋਰੀ |
| 14. ਫਾਬਰਾ | 30. ਫੰਬੀਆਂ |
| 15. ਆਦਮਵਾਲ | 31. ਗੋਬਿੰਦਪੁਰ ਖੁਣਖੁਣ ਪਤੀ ਜੱਟਾਂ |
| 16. ਥਕਲਾ | 32. ਕਸੀਰਪੁਰ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 33. | ਗੋਂਦਪੁਰ | 64. | ਪੁਰਹੀਰਾਂ |
| 34. | ਨਲੋਈਆ | 65. | ਪੰਡੋਰੀ ਅਟਵਾਲ |
| 35. | ਰਹੇਸੀਵਾਲ | 66. | ਰਾਮ ਅਟਵਾਲੀ |
| 36. | ਅਜੜਾਮ | 67. | ਕਾਣੇ |
| 37. | ਅਧਿਕਾਰ | 68. | ਬੱਚਾ |
| 38. | ਭਾਵਾ | 69. | ਤਲਵੰਡਰੀ ਅਰਾਈਆਂ |
| 39. | ਮਾਝੀ | 70. | ਸੀਣਾ |
| 40. | ਬਾਦੋਵਾਲ | 71. | ਤਲਵੰਡੀ ਗੋਨੀ |
| 41. | ਸੇਚਾ | 72. | ਮੰਡਿਆਲਾ |
| 42. | ਭਾਗੋਵਾਲ | 73. | ਪਥਰਾਲੀਆ |
| 43. | ਨਿਆਲਾ ਸ਼ਾਹਪੁਰ | 74. | ਤਾਜਪੁਰ |
| 44. | ਮਲੋਟ | 75. | ਸੋਤਲਾ |
| 45. | ਮਹਿੰਗੋਰੋਵਾਲ | 76. | ਪਟੀ |
| 46. | ਡੰਡੋਹ | 77. | ਸ਼ੇਰਪੁਰ ਗੁਲਿੰਡ |
| 47. | ਮੁਸਤਫਾਪੁਰ | 78. | ਧੁਗੋਕਲਾਂ |
| 48. | ਕਪਾਹਟ | 79. | ਬਾਦੋਵਾਲ |
| 49. | ਚੱਕ ਗੁਜਰਾਂ | 80. | ਜਨੌੜੀ |
| 50. | ਬਸੀ ਕਿਕਰਾਂ | 81. | ਕੁਲੀਆਂ |
| 51. | ਪੰਡੋਰੀ ਮਾਇਲ | 82. | ਡਿਡੀਆਣਾ ਖੁਰਦ |
| 52. | ਲਹਿਲੀ ਮੁਰਦ | 83. | ਨਾਰੂ ਨੰਗਲ |
| 53. | ਪੰਡੋਰੀ ਬੀਬੀ | 84. | ਭੀਖੋਵਾਲ |
| 54. | ਖਨੂਰ | 85. | ਖਾਨਪੁਰ ਸਹੋਤਾ |
| 55. | ਦਿਰੂੜਵਾਲ | 86. | ਫਤੇਵਾਲ . |
| 56. | ਮੈਘੋਵਾਲ | 87. | ਚਬੇਵਾਲ |
| 57. | ਖਿਹਾਲਾ | 88. | ਗੜਦੀਵਾਲ |
| 58. | ਬਾਘਾ | 89. | ਕਾਹਰੀ |
| 59. | ਦਾਰਾਪੁਰ | 90. | ਮਹਨਾਈਆਂ |
| 60. | ਚੌਟਾਲਾ | 91. | ਪਿਪਲਾਂਵਾਲਾ |
| 61. | ਮਰਾਂਈ | 92. | ਸਹਿਮੋਵਾਲ |
| 62. | ਨੰਦਾਚੌਹ | 93. | ਕੰਗ ਮਾਈ |
| 63. | ਖਨੌੜਾ | 94. | ਰੂਪੋਵਾਲ |

*Original with;*
Punjab Vidhan Sabha
*Digitized by;*
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 95. | ਲਾਲਪੁਰ | 126. | ਚਕੈਵਾਲ ਸ਼ੈਖਾ |
| 96. | ਨੰਗਲ ਸ਼ਹੀਦਾਂ | 127. | ਬਡਾਲਾ ਮਾਹੀ |
| 97. | ਸ਼ਾਮਚੁਰਾਸੀ ਮੁਹਲਾ ਲੁਹਾਰਾਂ | 128. | ਬਸੀ ਮਰੂਦ ਸਿਆਣਾ |
| 98. | ਮਿਰਜਾਪੁਰ ਜੰਡੈ | 129. | ਡਗਾਣਾ ਕਲਾਂ |
| 99. | ਤਲਵੰਡੀ ਕਾਨੂੰਗੋਆ | 130. | ਕਾਲਕਟ |
| 100. | ਮੱਛਰੀਵਾਲ | 131. | ਘਾਸੀਪੁਰ |
| 101. | ਬਸੀ ਗੁਲਾਮ ਹੁਸੈਨ | 132. | ਦੋਲੋਵਾਲ |
| 102. | ਮੰਨਣ | 133. | ਡਵਿਡਾ ਹਰਿਆਣਾ |
| 103. | ਚੁੜਿਆਲ | 134. | ਫਗਲਾਣਾ |
| 104. | ਖਬਲਾ | 135. | ਖੁਸਰੋਪੁਰ |
| 105. | ਸਾਦਾ ਰਾਈਆ | 136. | ਮੁਖਲਿਆਣਾ |
| 106. | ਨਿਆਜੀਆਂ | 137. | ਲਹਿਲੀਕਲਾਂ |
| 107. | ਰੰਧਾਵਾ ਬਰੋਟਾ | 138. | ਕਕੋ |
| 108. | ਨੀਲਾ ਨੜੋਆ | 139. | ਸੋਸਲੀ |
| 109. | ਹਰਿਆਣਾ | 140. | ਢੱਕੋਵਾਲ |
| 110. | ਭਾਨੋਵਾਲ | 141. | ਸਹਿਜੋਵਾਲ |
| 111. | ਲਿੱਟ | 142. | ਸ਼ੇਰਪੁਰ |
| 112. | ਮਰੂਲੀ ਬ੍ਰਾਹਮਣਾਂ | 143. | ਗੁਜਰ ਬਸੋਹਾ |
| 113. | ਬੋਹਣ | 144. | ਥਿੰਦਾਂ |
| 114. | ਨੰਗਲ ਬੂਰੈ | 145. | ਚਿਪੜਾ |
| 115. | ਬਲਾਸਪੁਰ | 146. | ਪਖੋਵਾਲ |
| 116. | ਪੰਡੋਰੀ ਮਹਿਤਮਾ | 147. | ਮਸਤੀਵਾਲ |
| 117. | ਚੁਕੜਾ | 148. | ਧੂਤਕਲਾਂ |
| 118. | ਢਾਹਾਰਾਮ ਨਗਰ | 149. | ਧਾਲੀਵਾਲ |
| 119. | ਹਰਮੋਏ | 150. | ਬਾਖਰਪੁਰ |
| 120. | ਹਾਰਟਾ ਬਡਲਾ | 151. | ਮੋਨਾ ਕਲਾਂ |
| 121. | ਸੁਸਾਣਾ | 152. | ਨਾਰੰਗਾ ਬਾਦ |
| 122. | ਅਜੋਵਾਲ | 153. | ਕੋਠੇ ਜਟਾਂ |
| 123. | ਚੋਹਕਾ | 154. | ਮੋਨਾ ਖੁਰਦ |
| 124. | ਅੰਬਾਲਾ ਜਟਾਂ | 155. | ਜੋਹਲਾ |
| 125. | ਚਕੋਵਾਲ ਬ੍ਰਾਹਮਣਾਂ | 156. | ਸਲੇਰਨ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 157 | ਸਲੇਮਪੁਰ | 187 | ਬਾਗੋਵਾਲ |
| 158 | ਖਾਨਪੁਰ ਸਿਆੜਾ | 188 | ਮਨਸੂਰਪੁਰ |
| 159 | ਡਾਡਾ | 189 | ਹਮਰਾ |
| 160 | ਸਰਿਸ਼ਟਪੁਰ | 190 | ਭਟੀਆਂ ਜਟਾਂ |
| 161 | ਮੁਗਲਪੁਰਾ | 191 | ਰਾਏਚੱਕ |
| 162 | ਬਹਾਦਰਪੁਰ ਬਾਹੀਆਂ | 192 | ਬਿਸੋ ਚੱਕ |
| 163 | ਬਸੀ ਅਲੀ ਖਾਂ | 193 | ਮੱਖੋਵਾਲ |
| 164 | ਅਸਲਪੁਰ | 194 | ਸਸੋਨੇ ਕਨਾਮਾ |
| 165 | ਚੱਕ ਮੇਲਾਂ | 195 | ਕੈਥਾ ਵਾਰਡ ਨੰ: 13 |
| 166 | ਭਠਲਾਂ | 196 | ਮੋਹਾ |
| 167 | ਮੁੰਡੀਆਂ ਜਟਾਂ | 197 | ਕੰਧਾਲਾ ਜੱਟਾਂ |
| 168 | ਬਜਰੋੜ | 198 | ਜੱਕੋਵਾਲ |
| 169 | ਇਲਾਹਾਬਾਦ | 199 | ਕੁਲੀਆਂ ਵਾਲਾ |
| 170 | ਪਜੋਦਿੱਤਾ | 200 | ਠੱਕਰ |
| 171 | ਧਾਮੀਆਂ ਕਲਾਂ | 201 | ਬੁੱਧਪੁਰ |
| 172 | ਕਾਹਲਵਾਂ | 202 | ਬਗੋਲ ਖੁਰਦ |
| 173 | ਲਾਚੋਵਾਲ | 203 | ਹਸਤਪੁਰ |
| 174 | ਹੜਗੜ੍ਹ | 204 | ਭੰਬੋਤਾੜਾ |
| 175 | ਨੈਣੋਵਾਲ ਜੱਟਾਂ | 205 | ਬਡਾਲੀਆ 7 |
| 176 | ਕੜਿਆਣਾ | 206 | ਅਮਹੋਰ ਹਾਰ ਵਾਲਾ ਮੁਹਲਾ |
| 177 | ਰਹੀਮਪੁਰ | 207 | ਭਟੇੜ |
| 178 | ਸਵਾਰ | 208 | ਮੰਝਪੁਰ |
| 179 | ਨਿੱਕੂ ਚੱਕ | 209 | ਉਸਮਾਨ ਸ਼ਹੀਦ |
| 180 | ਮਾਂਗਟ | 210 | ਗੋਂਸਪੁਰ |
| 181 | ਕੋਟਲੀ ਮੁਕੇਰੀਆਂ | 211 | ਗੋਂਦਾ |
| 182 | ਟੈਰਕੀਆਣਾ | 212 | ਮਿਆਣੀ |
| 183 | ਕੋਲੀਆ ਮੁਕੇਰੀਆਂ | 213 | ਮੀਰਪੁਰ |
| 184 | ਉੱਡਰਾਂ | 214 | ਖੁਣਖੁਣ ਕਲਾ |
| 185 | ਮੋਰੀਆਂ | 215 | ਭੂਸਾ |
| 186 | ਸਦਰਪੁਰ | 216 | ਸਿੰਘਪੁਰ ਜਟਾਂ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 217 | ਰੱਲ੍ਹਣ | 249 | ਬਹਿਬਲ ਮੰਝ |
| 218 | ਦਸਮੇਸ਼ ਨਗਰ ਟਾਂਡਾ | 250 | ਲਮੀਨ |
| 219 | ਫੱਤਣ ਚੱਕ | 251 | ਮਹਿਮੂਦਪੁਰ |
| 220 | ਗੁਰਦੇਵ ਪੁਰ ਮੁਕੇਰੀਆਂ | 252 | ਮੋਹਾ |
| 221 | ਗੁਜਰ ਕਤਰਾਲਾ | 253 | ਚੋਹਾਨ |
| 222 | ਧਾਮੀਆਂ | 254 | ਰਕੜੀ |
| 223 | ਧਨੋਆ | 255 | ਸਿਬੂਚੱਕ |
| 224 | ਟਾਂਡਾ ਚੂੜੀਆਂ | 256 | ਨਮੌਲੀ |
| 225 | ਗੁਹਲੜਾ | 257 | ਭਟੋਲੀ |
| 226 | ਮੰਝਪੁਰ | 258 | ਥਿੰਦੀਆਂ |
| 227 | ਮਲਕੋਵਾਲ | 259 | ਰਜਪਾਲਮਾਂ |
| 228 | ਭਾਗੜਾ | 260 | ਭੰਗਾਲਾ ਨਵਾਂ |
| 229 | ਝਾਜਾ | 261 | ਨਰਾੜੀ |
| 230 | ਹਾਜੀਪੁਰ | 262 | ਝਾਵਾਂ |
| 231 | ਤਲਵਾੜਾ ਟਾਊਨ | 263 | ਤਲਵੰਡੀ ਸੋਲਾ |
| 232 | ਖੁੱਡਾ | 264 | ਭਵਨੌਰ |
| 233 | ਬੈਚ ਬਾਜਾ | 265 | ਕਲੋਏ |
| 234 | ਮਦੀਨਪੁਰ | 266 | ਬਾਬਕੇ |
| 235 | ਜਾਜਾ | 267 | ਖੁਹਲਖੁਰਦ |
| 236 | ਕੰਧਾਲੀ ਨਾਰੰਗਪੁਰ | 268 | ਤਲਬੰਡੀ ਝੇੜੀਆਂ |
| 237 | ਮਦੀਨਪੁਰ ਗਾਜੀ | 269 | ਬੁਢਾਬੜ |
| 238 | ਉੜਮੁੜ | 270 | ਪਲਾਕੀ |
| 239 | ਬੁਜੜੀ (ਬਾੜੀ) | 271 | ਗੌਂਸਪੁਰ |
| 240 | ਪੱਸੀ ਕਰੋੜਾ | 272 | ਬੰਗਾਲੀਪੁਰ |
| 241 | ਮੁਹਾਮਗੜ੍ਹ | 273 | ਜਹਾਨਪੁਰ |
| 242 | ਖੈਰਾਬਾਦ | 274 | ਬਹਿਮਾਵਾ |
| 243 | ਮੀਰਪੁਰ ਕੋਟਲੀ | 275 | ਸਾਂਗਲਾ |
| 244 | ਬਸੀ ਜਲਾਲ | 276 | ਮੁਹਿਤਾਬਪੁਰ |
| 245 | ਪੱਸੀ ਕੰਡੀ | 277 | ਆਲਮਪੁਰ |
| 246 | ਸੈਰਕ | 278 | ਡੇਅਰੀਵਾਲ |
| 247 | ਦਾਤਾਰਪੁਰ | 279 | ਮਨਸੂਰਪੁਰ |
| 248 | ਹਜਾਰਪੁਰ | 280 | ਕਲੋਏ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 281 | ਗਗਜਲੋ | 311 | ਬਡਲਾ |
| 282 | ਘਟਵਾੜਾ | 312 | ਨੰਗਲ |
| 283 | ਹੰਡਵਾਲ | 313 | ਭੰਬੋਤੜ |
| 284 | ਪੋਤ | 314 | ਨੰਗਲ ਫਰੀਦ |
| 285 | ਮੁਸਾਹਿਬਪੁਰ | 315 | ਹਲੇੜ |
| 286 | ਬਹਿਦੁੱਲ | 316 | ਮੁਲਕ ਖੁਰਦ |
| 287 | ਜਲਾਲਪੁਰ | 317 | ਪੰਡੋਰੀ ਝਾਵਾਂ |
| 288 | ਕੋਲੀਆ | 318 | ਚੱਕ ਸਾਸੂ |
| 289 | ਪੰਡੋਰੀ ਭਗਤਾਂ | 319 | ਅਲੋ ਭੱਟੀ |
| 290 | ਦੇਵੀ ਦਾਸ | 320 | ਜੁਗਿਆਲ |
| 291 | ਕਾਲਾ ਝਿੰਗੜਾ | 321 | ਪਲਾਬੜ੍ਹ |
| 292 | ਸੀਪਰੀਆਂ | 322 | ਸੋਹੀਆ |
| 293 | ਭੰਗਾਲਾ ਪੁਰਾਣਾ | 323 | ਮੰਗੂ ਮਹਿਰੀ |
| 294 | ਰੜਾ | 324 | ਦੇਨੋਵਾਲ ਕਲਾਂ |
| 295 | ਟਾਹਲੀ | 325 | ਚੇਹੜਾ |
| 296 | ਕਲੋਆ | 326 | ਰੀਲਾ |
| 297 | ਸ਼ਾਹਪੁਰ | 327 | ਰੁੜਕੀ ਖਾਸ |
| 298 | ਨੰਗਲ ਬਿਹਾਲਾ | 328 | ਫਤਿਹਪੁਰ ਖੁਰਦ |
| 299 | ਬਿਸੋ ਚੱਕ | 329 | ਬਿਲੜੋ |
| 300 | ਸੋਹੜਾ ਚੰਡਿਆਲ | 330 | ਗੜੀ ਮਨਸੋਵਾਲ |
| 301 | ਰਣਸੋਤਾ | 331 | ਲਹਿਰਾ |
| 302 | ਬਹਾਦਰਪੁਰ | 332 | ਪੁਰਖੋਵਾਲ |
| 303 | ਰਾਇਪੁਰ | 333 | ਗੋਗੇ |
| 304 | ਕੁੰਗਲਾ ਕਲਾਂ | 334 | ਸਰਹਾਲਾ ਕਲਾਂ |
| 305 | ਦਤੋਵਾਲ | 335 | ਢਾਡਾ ਕਲਾਂ |
| 306 | ਜਹੁਰਾ | 336 | ਕੋਟ |
| 307 | ਘੋੜਾ ਵਾਹਾ | 337 | ਮਹਿੰਦਵਾਣੀ |
| 308 | ਬਹਿਰੁੰਗਲੀ | 338 | ਮਾਹਲਪੁਰ (ਬਾਲਮੀਕੀ) |
| 309 | ਚੰਗੜਵਾਹਾ | 339 | ਕਾਲੇਵਾਲ ਬੀਤ |
| 310 | ਹਰਦੋਖੁਦਪੁਰ | 340 | ਟੋਹਲੀਆਂ |

Original with;
Punjab Vidhan Sabha
Digitized by;
Punjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 341 | ਝੁਗੀਆਂ ਰਾਮਗੜ੍ਹ | 372 | ਨੀਡਾ |
| 342 | ਘਾਗੋਗੁਰੂ | 373 | ਰਾਮਪੁਰ ਬਿਲੜੇ |
| 343 | ਜੀਵਨਪੁਰ | 374 | ਇਬਰਾਹੀਮਪੁਰ |
| 344 | ਭਗਤਪੁਰ ਰਾਜਪੂਤਾਂ | 375 | ਨੈਣਵਾ |
| 345 | ਮਨੋਲੀਆਂ | 376 | ਹਲੂਵਾਲ |
| 346 | ਸੇਖੋਵਾਲ | 377 | ਬਾੜੀ ਕਲਾਂ |
| 347 | ਸਦਰਪੁਰ | 378 | ਖਰੜ |
| 348 | ਜੀਵਨਪੁਰ (ਲਾਲਮੀਕੀ) | 379 | ਪਾਰੋਵਾਲ |
| 349 | ਖਾਨਪੁਰ | 380 | ਦਾਦੂਵਾਲ |
| 350 | ਰਸੂਲਪੁਰ | 381 | ਕੋਟ ਫਤੂਹੀ |
| 351 | ਗੋਲੀਆਂ | 382 | ਬੀਨੇਵਾਲ |
| 352 | ਭਵਾਨੀਪੁਰ | 383 | ਬੰਬੋਲੀ |
| 353 | ਗੜ੍ਹਸ਼ੰਕਰ ਵਾਰਡ ਨੰ: 1 | 384 | ਭੇੜੂਆ |
| 354 | ਪਾਲੋਵਾਲ | 385 | ਪੁਰਖੋਵਾਲ |
| 355 | ਦਦਿਆਲ | 386 | ਪਾਲੋਵਾਲ |
| 356 | ਸਲੀਮਪੁਰ | 387 | ਬਡੇਸਰੋਂ |
| 357 | ਕੋਟ ਫਤੂਹੀ | 388 | ਮੁਗੋਵਾਲ |
| 358 | ਕੋਟਲਾ | 389 | ਨੌਨੀਤਪੁਰ |
| 359 | ਮਜਾਰਾ ਡੀਗਰੀਆਂ | 390 | ਜੰਡੋਲੀ |
| 360 | ਅਰਜੀਆਣਾ | 391 | ਅਲੀਪੁਰ |
| 361 | ਅਜਨੋਹਾ | 392 | ਸਿੰਘਪੁਰ |
| 362 | ਗਣੇਸ਼ਪੁਰ | 393 | ਕਾਲੇਵਾਲ ਭਗਤਾਂ |
| 363 | ਐਮਾਂ ਜੱਟਾਂ | 394 | ਸਾਹਬਾਂ |
| 364 | ਰੋਡ ਮਜਾਰਾ | 395 | ਜੱਟਪੁਰ ਬੇਟ |
| 365 | ਭਰਾੜਪੁਰ | 396 | ਕੁਲਪੁਰ ਨਵਾ ਗਰਾਂ |
| 366 | ਚਣਸੂ ਜਟਾਂ | 397 | ਜੀਊਵਾਲ |
| 367 | ਢਾਡਾ ਖੁਰਦ | 398 | ਰੁਹਣੋ |
| 368 | ਖੇਲਾ | 399 | ਮਜਾਰਾ |
| 369 | ਕੋਡੋਵਾਲ | 400 | ਰੁੜਕੀ ਮੁਹਲਾ |
| 370 | ਮਾਹਲਪੁਰ (ਆਧਰਮੀ) | 401 | ਮਹਿੰਦਪੁਰ |
| 371 | ਟੋਡਰਪੁਰ | 402 | ਕੋਲਗੜ੍ਹ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 403 | ਸਿੰਬਲ ਮਜਾਰਾ | 408 | ਰੇਲਪੱਤੀ ਮਾਜਰਾ |
| 404 | ਬਛੌੜੀ | 409 | ਰਕੜਾ ਬੇਟ |
| 405 | ਭੱਦੀ | 410 | ਸਿੰਘਪੁਰ |
| 406 | ਛਦੌੜੀ | 411 | ਤਾਰਾਪੁਰ |
| 407 | ਰਤੇਵਾਲ ਰਵੀਦਾਰ ਨਗਰ | 412 | ਬਾਲਮੀਕ ਬਸਤੀ ਬਲਾਚੌਰ |

ਉਹਨਾਂ ਪਿੰਡਾਂ ਦੀ ਸੂਚੀ, ਜਿਹਨਾਂ ਵਿਚ ਬਣੀਆਂ ਹੋਈਆਂ ਧਰਮਸ਼ਾਲਾਵਾਂ ਨੂੰ ਸਾਲ 1992-93 ਵਿਚ ਅਨਟਾਈਡ ਫੰਡਜ਼ ਵਿਚੋਂ ਗਰਾਂਟ ਦਿੱਤੀ ਗਈ।

| ਤਹਿਸੀਲ ਹੁਸ਼ਿਆਰਪੁਰ | | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 1 | ਫੰਬੀਆਂ | 8 | ਭਟੇੜ |
| 2 | ਰੌੜੀਆਂ | 9 | ਬਹਿ ਬਿਧੀਆ |
| 3 | ਮੱਲ ਮਾਜਰਾ | 10 | ਸਰਿਆਣਾ |
| 4 | ਕੰਧਾਲੀਆ | 11 | ਸਾਹਦਾ ਪਿੰਡ |
| 5 | ਜਮਸ਼ੇਰ ਚਠਿਆਲ | 12 | ਰਾਮਪੁਰ ਝੱਜੋਵਾਲ |
| 6 | ਢਾਡਾ ਫਤਿਹ ਸਿੰਘ | 13 | ਮਹਿਤਪੁਰ |
| 7 | ਠੁਕਰਾਲ | | |

## CONSTRUCTION OF WALL FOR SAVING A BASTI FROM WATFR STAGNATION IN SRI HARGOBINDPUR.

***1033. (C.U.) Comrade Gurnam Singh Dhirowal : Will the Minister** for Finance be pleased to state—

(a) whether it is a fact that after having invited tenders by the Municipal Committee, Sri Hargobindpur, District Gurdaspur, work was allocated during the year. 1993, for the construction of a wall to save a Basti from the inflow and stagnation of water of a Mohalla in Sri Hargobindpur ;

(b) if the reply to part (a) above be in the affirmative the amount for which the tender was accepted togetherwith the time by which the construction work is likely to be completed ?

ਡਾਕਟਰ ਕੇਵਲ ਕ੍ਰਿਸ਼ਨ : (ੳ) ਹਾਂ ਜੀ ।

*Original with;*
Punjab Vidhan Sabha
*Digitized by;*
Panjab Digital Library

(ਅ) 5 ਲੱਖ ਰੁਪਏ ਦਾ ਟੈਂਡਰ ਫਰਵਰੀ, 1993 ਵਿਚ ਮਨਜ਼ੂਰ ਕੀਤਾ ਗਿਆ ਸੀ। ਇਹ ਕੰਮ 2 ਮਹੀਨੇ ਦੇ ਸਮੇਂ ਵਿਚ ਮੁਕੰਮਲ ਹੋਣਾ ਸੀ, ਪਰ ਕੰਮ ਦੇ ਦੌਰਾਨ ਢਿੱਗ ਡਿਗਣ ਨਾਲ ਇਕ ਮਜਦੂਰ ਦੀ ਮੌਤ ਹੋਣ ਕਾਰਣ ਇਹ ਕੰਮ ਸਮੇਂ ਸਿਰ ਮੁਕੰਮਲ ਨਹੀਂ ਹੋ ਸਕਿਆ। ਹੁਣ ਸਬੰਧਿਤ ਠੇਕੇਦਾਰ ਨੇ ਭਰੋਸਾ ਦਿਵਾਇਆ ਹੈ ਕਿ ਇਹ ਕੰਮ ਦੋ ਮਹੀਨਿਆਂ ਦੇ ਸਮੇਂ ਵਿਚ ਮੁਕੰਮਲ ਕਰ ਦੇਵੇਗਾ। ਉਹ ਕੰਮ ਦਸੰਬਰ, 1993 ਦੇ ਅੰਤ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

---

## ਬਲਾਚੌਰ ਵਿਖੇ ਸਿਵਲ ਹਸਪਤਾਲ ਖੋਲਣਾ

1023. (ਸੀ.ਯੂ.) **ਸਰਦਾਰ ਹਰਗੋਪਾਲ ਸਿੰਘ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬਲਾਚੌਰ ਵਿਖੇ ਸਿਵਲ ਹਸਪਤਾਲ ਖੋਲਣ ਦਾ ਵਿਚਾਰ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਦੋਂ ਤੱਕ ਖੋਲੇ ਜਾਣ ਦੀ ਸੰਭਾਵਨਾ ਹੈ, ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

**ਸਰਦਾਰ ਹਰਚਰਨ ਸਿੰਘ ਬਰਾੜ** : ਹਾਂ ਜੀ। ਸਿਵਲ ਹਸਪਤਾਲ, ਬਲਾਚੌਰ, ਲਈ ਭੌਂ ਪ੍ਰਾਪਤ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

---

## CRITERIA FOR PROVIDING URDU TEACHER IN SCHOOLS IN THE STATE

***1022. (C.U.) Shri Abdul Ghaffar** : Will the Minister for Education be pleased to state—

(a) the number of Urdu teacher/lecturers in the Government Primary Middle School High and Senior Secondary School in the State separately at present;

(b) criteria being adopted by the Government for providing an Urdu Teacher/lecturer in Schools referred to in part (a) above?

**ਸਰਦਾਰ ਲਖਮੀਰ ਸਿੰਘ ਰੰਧਾਵਾ** : (ੳ) ਰਾਜ ਦੇ ਸਰਕਾਰੀ ਸਕੂਲਾਂ ਵਿਚ ਉਰਦੂ ਦੇ ਦੋ ਅਧਿਆਪਕ ਹਨ—

(1) ਸਰਕਾਰੀ ਮਿਡਲ ਸਕੂਲ ਜਮਾਲਪੁਰਾ (ਸੰਗਰੂਰ)

(2) ਸਰਕਾਰੀ ਹਾਈ ਸਕੂਲ ਮਲੇਰਕੋਟਲਾ (ਸੰਗਰੂਰ)

(ਅ) ਉਰਦੂ ਅਧਿਆਪਕ ਦੀ ਆਸਾਮੀ ਉਰਦੂ ਪੜਨ ਦੇ ਇਛੁੱਕ ਬਚਿਆਂ ਦੀ ਗਿਣਤੀ ਨੂੰ ਮੁੱਖ ਰੱਖਦੇ ਹੋਏ ਸਕੂਲ ਮੁੱਖੀ ਵਲੋਂ ਮੰਗ ਅਨੁਸਾਰ ਦਿੱਤੀ ਜਾਂਦੀ ਹੈ। ਉਰਦੂ ਅਧਿਆਪਕ ਦੀ ਆਸਾਮੀ ਘੱਟੋ ਘੱਟ 10 ਵਿਦਿਆਰਥੀਆਂ ਪਿੱਛੇ ਮਨਜ਼ੂਰ ਕੀਤੀ ਜਾਂਦੀ ਹੈ।

---

Original with;
Punjab Vidhan Sabha
Digitized by;
Panjab Digital Library

## ਸਰਕਾਰੀ ਹਸਪਤਾਲ/ਡਿਸਪੈਂਸਰੀਆਂ ਵਿਖੇ ਗਰਭ ਰੋਕੂ ਸਾਧਨਾਂ ਦੀ ਸਪਲਾਈ

*1998. (ਸੀ.ਯੂ.) **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਕਿ ਇਹ ਠੀਕ ਹੈ ਕਿ ਇਸ ਸਮੇਂ ਰਾਜ ਵਿਚ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ ਗਰਭ ਰੋਕੂ ਗੋਲੀਆਂ ਅਤੇ ਕੋਪਰ-ਟੀ ਆਦਿ ਦੀ ਬਹੁਤ ਕਮੀ ਹੈ; ਜੇਕਰ ਅਜਿਹਾ ਹੋਵੇ ਤਾਂ ਪਰਿਵਾਰ ਭਲਾਈ ਦੇ ਟੀਚਿਆਂ ਨੂੰ ਪੂਰਾ ਕਰਨ ਲਈ ਇਸ ਕਮੀ ਨੂੰ ਦੂਰ ਕਰਨ ਵਾਸਤੇ ਕੀਤੀ ਜਾਣ ਵਾਲੀ ਕਾਰਵਾਈ ਦਾ ਵੇਰਵਾ ਕੀ ਹੈ ?

**ਸਰਦਾਰ ਹਰਚਰਨ ਸਿੰਘ ਬਰਾੜ** : ਹਾਂ ਜੀ। ਰਾਜ ਸਰਕਾਰ ਵਲੋਂ ਭਾਰਤ ਸਰਕਾਰ ਨੂੰ ਸਪਲਾਈ ਬਿਹਤਰ ਬਨਾਉਣ ਲਈ ਲਿਖਿਆਂ ਗਿਆ ਹੈ ਅਤੇ ਨਿੱਜੀ ਪੱਧਰ ਤੇ ਯਤਨ ਕੀਤੇ ਗਏ ਹਨ।

----------

8932 PVS—Govt. Press, U.T. Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©1993

Published under the authority of the Punjab Vidhan Sabha and printed by the Controller, Govt. Press U.T., Chandigarh.

*Original with;*
Punjab Vidhan Sabha
*Digitized by;*
Panjab Digital Library

# Punjab Vidhan Sabha

# Debates

*20th July, 1993*

**Vol. V—No. I**

OFFICIAL REPORT

CONTENTS

*Tuesday, the 20th July, 1993*


| | Page |
|---|---|
| Obituary References | (1)1 |



Punjab Vidhan Sabha Secretariat, Chandigarh

Price : Rs. 30-00



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

## PUNJAB VIDHAN SABHA

*Tuesday, The 20th July, 1993*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 2.00 P.M. Mr. Deputy Speaker (Shri Ramesh Chander Dogra) in the Chair.*

---

## OBITUARY REFERENCES

**Mr. Deputy Speaker** : I feel sad to inform the House that Sardar Harcharn Singh Ajnala, Speaker, Punjab Vidhan Sabha, elected as MLA from 20-Ajnala Constituency of Amritsar district, died on 9th June, 1993. C.M. Sahib to speak on Obituary.

**ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ)** : ਡਿਪਟੀ ਸਪੀਕਰ ਸਾਹਿਬ, ਬੜੇ ਹੀ ਡੂੰਘੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਇਸ ਹਾਊਸ ਦੇ ਸਪੀਕਰ, ਸਰਦਾਰ ਹਰਚਰਨ ਸਿੰਘ ਅਜਨਾਲਾ ਸਾਡੇ ਕੋਲੋਂ ਅਚਾਨਕ ਜੁਦਾ ਹੋ ਗਏ 1 ਸਰਦਾਰ ਹਰਚਰਨ ਸਿੰਘ ਅਜਨਾਲਾ ਜਿਸ ਤਰ੍ਹਾਂ ਕਿ ਅਸੀਂ ਉਨ੍ਹਾਂ ਨੂੰ ਇਕਲੇ ਅਜਨਾਲਾ ਹੀ ਕਹਿ ਕੇ ਬੁਲਾਉਂਦੇ ਸੀ ਮੈਂ ਸਮਝਦਾ ਹਾਂ ਕਿ ਉਹ ਇਕ ਮੁਕੰਮਲ ਇਨਸਾਨ ਸਨ । ਉਨ੍ਹਾਂ ਨੇ ਹਰ ਸਫੀਅਰ ਵਿੱਚ ਬੜੀ ਭਾਰੀ ਕੰਟਰੀਬਿਊਸ਼ਨ ਕੀਤੀ ਔਰ ਪਹਿਲੀ ਜ਼ਿੰਦਗੀ ਦੇ ਅੰਦਰ ਕੁਝ ਐਸੀ ਨੌਕਰੀ ਵੀ ਕੀਤੀ ਜੋ ਪਬਲਿਕ ਨਾਲ ਡੀਲ ਕਰਦੀ ਸੀ ਔਰ ਉਸ ਤੇ ਉਨ੍ਹਾਂ ਦਾ ਬੜਾ ਭਾਰੀ ਰਿਗਾਰਡ ਹੋਇਆ ਕਿਉਂਕਿ ਜਿਸ ਸਮਝ ਦੇ ਨਾਲ ਉਨ੍ਹਾਂ ਨੇ ਡੀਲ ਕੀਤਾ ਉਹ ਬੜਾ ਸ਼ਲਾਘਾਯੋਗ ਸੀ ਔਰ ਫਿਰ ਉਹ ਇਸ ਹਾਊਸ ਦੇ ਪਹਿਲੀ ਵਾਰੀ 1972 ਦੇ ਵਿੱਚ ਮੈਂਬਰ ਬਣੇ । ਜਦੋਂ ਗਿਆਨੀ ਜ਼ੈਲ ਸਿੰਘ ਜੀ ਇਥੇ ਚੀਫ਼ ਮਨਿਸਟਰ ਸਨ ਤਾਂ ਅਜਨਾਲਾ ਸਾਹਿਬ ਇਥੇ ਕਾਂਗਰਸ ਪਾਰਟੀ ਦੇ ਚੀਫ਼ ਵਿੱਪ ਬਣੇ ਔਰ ਜਿਸ ਢੰਗ ਨਾਲ ਉਨ੍ਹਾਂ ਨੇ ਕੰਮ ਕੀਤਾ ਔਰ ਜਿਸ ਢੰਗ ਨਾਲ ਉਨ੍ਹਾਂ ਨੇ ਐਮ. ਐਲ. ਏ. ਸਾਹਿਬਾਨ ਦਾ ਸਤਿਕਾਰ ਕੀਤਾ ਔਰ ਉਨ੍ਹਾਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਹਾਊਸ ਨੂੰ ਚਲਾਉਣਾ ਹੈ, ਉਹ ਕੰਟਰੀਬਿਊਸ਼ਨ ਉਨ੍ਹਾਂ ਦੀ ਬੜੀ ਭਾਰੀ ਸੀ । ਅਜਨਾਲਾ ਸਾਹਿਬ ਹਮੇਸ਼ਾਂ ਹੀ ਬੜੇ ਖੁਸ਼ ਰਹਿਣ ਵਾਲੇ ਇਨਸਾਨ ਸਨ । ਜਦੋਂ ਵੀ ਕੋਈ ਗੱਲ ਹੁੰਦੀ ਸੀ ਤਾਂ ਉਹ ਹਮੇਸ਼ਾਂ ਹੀ ਸਭ ਨਾਲੋਂ ਜ਼ਿਆਦਾ ਅੱਗੇ ਵੱਧ ਕੇ ਹਿੱਸਾ ਲੈਂਦੇ ਸਨ । ਉਰਦੂ ਤੇ ਉਨ੍ਹਾਂ ਦੀ ਬੜੀ ਮੁਹਾਰਤ ਸੀ ਔਰ ਅਸੀਂ ਉਨ੍ਹਾਂ ਨੂੰ ਕਿਹਾ ਕਰਦੇ ਸੀ ਕਿ ਤੁਹਾਨੂੰ ਕਿਸ ਤਰ੍ਹਾਂ ਉਰਦੂ ਦੇ ਇਤਨੇ ਸ਼ੇਅਰ ਯਾਦ ਰਹਿੰਦੇ ਹਨ । ਹਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮੌਕੇ ਤੇ ਇਤਨੇ ਢੁਕਵੇਂ ਉਹ ਉਰਦੂ ਦੇ ਸ਼ੇਅਰ ਕਹਿੰਦੇ ਸਨ ਜਿਸ ਦਾ ਕੋਈ ਹਿਸਾਬ ਨਹੀਂ ਔਰ ਨਾਲ ਹੀ ਮਿਊਜ਼ਿਕ ਦੇ ਉਹ ਬੜੇ ਸ਼ੁਕੀਨ ਸਨ। ਮੈਂ ਸਮਝਦਾ ਹਾਂ ਕਿ ਇਹੋ ਜਿਹਾ ਇਨਸਾਨ ਅੱਜ ਮਿਲਣਾ ਬੜਾ ਔਖਾ ਹੈ। ਐਮ.ਐਲ.ਏ. ਰਹਿਣ ਤੋਂ ਬਾਅਦ ਉਹ 1980 ਵਿੱਚ ਦੁਬਾਰਾ ਅਸੈਂਬਲੀ ਦੇ ਅੰਦਰ ਆਏ ਤਾਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵੇਲੇ ਉਹ ਐਜੂਕੇਸ਼ਨ ਮਨਿਸਟਰ ਰਹੇ। ਐਜੂਕੇਸ਼ਨ ਮਨਿਸਟਰ ਦੇ ਤੌਰ ਤੇ ਬੜੀ ਭਾਰੀ ਕੰਟਰੀਬਿਊਸ਼ਨ ਉਨ੍ਹਾਂ ਨੇ ਪੰਜਾਬ ਦੇ ਅੰਦਰ ਕੀਤੀ ਔਰ ਮੈਂ ਇਹ ਕਹਿੰਦਾ ਹੁੰਦਾ ਸੀ ਕਿ ਅਗਰ ਕੋਈ ਐਜੂਕੇਸ਼ਨ ਮਨਿਸਟਰ ਹੋਵੇ ਤਾਂ ਇਹੋ ਜਿਹਾ ਹੋਵੇ। ਹਰ ਸਬਜੈਕਟ ਤੇ ਉਨ੍ਹਾਂ ਦੀ ਬੋਲਣ ਦੀ ਮੁਹਾਰਤ ਸੀ ਔਰ ਹਰ ਸਬਜੈਕਟ ਤੇ ਉਹ ਤਪਸਰਾ ਵੀ ਕਰਦੇ ਸਨ। ਉਸ ਤੋਂ ਬਾਅਦ ਅੱਜ ਜਦੋਂ ਪੰਜਾਬ ਦੇ ਹਾਲਾਤ ਬੜੇ ਭਾਰੀ ਵਿਗੜੇ ਤਾਂ ਅਜਨਾਲਾ ਸਾਹਿਬ ਬੜੇ ਡੱਟ ਕੇ ਆਪਣੇ ਇਲਾਕੇ, ਜੋ ਬਾਰਡਰ ਦਾ ਇਲਾਕਾ ਹੈ ਅੰਮ੍ਰਿਤਸਰ ਦਾ ਉਥੇ ਦੇ ਲੋਕਾਂ ਨੂੰ ਹਮੇਸ਼ਾਂ ਉਤਸ਼ਾਹ ਦਿੰਦੇ ਰਹੇ ਕਿ ਇਹ ਆਤੰਕਵਾਦ ਜੋ ਹੈ ਇਹ ਬੜਾ ਭੈੜਾ ਹੈ ਔਰ ਇਸ ਦਾ ਮੁਕਾਬਲਾ ਸਾਨੂੰ ਡੱਟ ਕੇ ਕਰਨਾ ਚਾਹੀਦਾ ਹੈ। ਉਸ ਤੋਂ ਬਾਅਦ ਉਹ ਥੋੜ੍ਹਾ ਜਿਹਾ ਬਿਮਾਰ ਵੀ ਹੋਏ ਔਰ ਬਿਮਾਰੀ ਦੇ ਦੌਰਾਨ ਜਦੋਂ ਮੈਂ ਇਕ ਵਾਰੀ ਉਨ੍ਹਾਂ ਨੂੰ ਮਿਲਣ ਲਈ ਗਿਆ ਤਾਂ ਉਹ ਸੋਟੀ ਨਾਲ ਚਲਦੇ ਸਨ, ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਹੌਸਲਾ ਰਖੋ ਬਹੁਤ ਛੇਤੀ ਤੁਸੀਂ ਰਾਜ਼ੀ ਹੋ ਜਾਵੋਗੇ ਔਰ ਉਹ ਰਾਜ਼ੀ ਹੋ ਵੀ ਗਏ। ਸਾਨੂੰ ਇਸ ਗੱਲ ਦਾ ਮਾਣ ਮਿਲਿਆ ਹੈ ਕਿ ਉਹ ਇਸ ਅਸੈਂਬਲੀ ਦੇ ਇਹੋ ਜਿਹੇ ਲਾਇਕ ਸਪੀਕਰ ਬਣੇ ਸਨ। ਡਿਪਟੀ ਸਪੀਕਰ ਸਾਹਿਬ, ਜਿਥੇ ਤੁਸੀਂ ਅੱਜ ਬਿਰਾਜਮਾਨ ਹੋ ਇਥੇ ਉਹ ਬੈਠਦੇ ਸਨ ਅਤੇ ਹਰ ਇਕ ਨੂੰ ਉਨ੍ਹਾਂ ਕੋਲੋਂ ਇਸ ਹਾਊਸ ਵਿੱਚ ਇਨਸਾਫ ਮਿਲਦਾ ਸੀ। ਮੈਂ ਖੁਲ੍ਹ ਕੇ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਅਪੋਜੀਸ਼ਨ ਪਾਰਟੀਆਂ ਵੀ ਉਨ੍ਹਾਂ ਕੋਲੋਂ ਇਨਸਾਫ ਲੈਂਦੀਆਂ ਸਨ। ਉਹ ਹਮੇਸ਼ਾਂ ਕਿਹਾ ਕਰਦੇ ਸਨ ਕਿ ਅਪੋਜੀਸ਼ਨ ਪਾਰਟੀਆਂ ਨੂੰ ਵੀ ਉਤਨੀ ਹੀ ਅਹਿਮੀਅਤ ਦਿਓ ਜਿੰਨੀ ਅਹਿਮੀਅਤ ਤੁਸੀਂ ਆਪਣੀ ਪਾਰਟੀ ਨੂੰ ਦਿੰਦੇ ਹੋ। ਮੈਂ ਸਮਝਦਾ ਹਾਂ ਕਿ ਅਜਨਾਲਾ ਸਾਹਿਬ ਜੋ ਸਾਡੇ ਕੋਲੋਂ ਜੁਦਾ ਹੋਏ ਹਨ ਉਹ ਇਸ ਅਸੈਂਬਲੀ ਨੇ ਹੀ ਨਹੀਂ, ਪੰਜਾਬ ਨੇ ਹੀ ਨਹੀਂ ਬਲਕਿ ਮੈਂ ਕਹਾਂਗਾ ਕਿ ਸਾਰੇ ਦੇਸ਼ ਨੇ ਇਕ ਬਹੁਤ ਭਾਰੀ ਆਪਣਾ ਸਪੂਤ ਆਪਣੇ ਕੋਲੋਂ ਹਮੇਸ਼ਾ ਵਾਸਤੇ ਤੋਰਿਆ ਹੈ। ਮੈਂ ਅਰਦਾਸ ਕਰਦਾ ਹਾਂ ਕਿ ਇਹੋ ਜਿਹੀ ਸਖਸ਼ੀਅਤ ਨੂੰ ਪ੍ਰਮਾਤਮਾ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਔਰ ਸਾਨੂੰ ਸਾਰਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਉਹ ਜਿਸ ਤਰ੍ਹਾਂ ਕੰਮ ਕਰਦੇ ਸਨ, ਜੋ ਉਨ੍ਹਾਂ ਦਾ ਸੁਭਾਅ ਸੀ ਅਸੀਂ ਚਾਹੁੰਦੇ ਹਾਂ ਅਸੀਂ ਵੀ ਉਨ੍ਹਾਂ ਵਰਗਾ ਸੁਭਾਅ ਕਾਇਮ ਕਰ ਸਕੀਏ। ਪੁਲਿਟੀਕਲ ਲਾਈਫ ਦੇ ਅੰਦਰ ਉਹ ਹਮੇਸ਼ਾ ਹੀ ਠੰਡੇ ਦਿਮਾਗ

Original with;
Punjab Vidhan Sabha
Digitized by;
Panjab Digital Library

ਨਾਲ ਕੰਮ ਕਰਦੇ ਸਨ ਔਰ ਠੰਡਾ ਸੁਭਾਅ ਹੋਣਾ ਪੁਲਿਟੀਕਲ ਲਾਈਫ ਵਿਚ ਬਹੁਤ ਜ਼ਰੂਰੀ ਹੈ । ਸੋ ਮੈਂ ਕਹਾਂਗਾ ਕਿ ਅੱਜ ਅਜਨਾਲਾ ਸਾਹਿਬ ਦੇ ਪਰਿਵਾਰ ਨੂੰ ਚਿੱਠੀ ਲਿਖਣੀ ਚਾਹੀਦੀ ਹੈ ਕਿ ਅਸੈਂਬਲੀ ਦੇ ਮੈਂਬਰ ਉਨ੍ਹਾਂ ਦੀ ਘਾਟ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਦੇ ਦੁੱਖ ਵਿਚ ਸ਼ਾਮਲ ਹੁੰਦੇ ਹਨ ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਕੁਝ ਹੋਰ ਵੀ ਚੰਗੀਆਂ ਚੰਗੀਆਂ ਹਸਤੀਆਂ ਸਾਡੇ ਤੋਂ ਜੁਦਾ ਹੋ ਗਈਆਂ ਹਨ ਉਨ੍ਹਾਂ ਵਿਚੋਂ ਇਕ ਪ੍ਰੋਫੈਸਰ ਸੱਯਦ ਨੂਰੁਲ ਹਸਨ ਪੱਛਮੀ ਬੰਗਾਲ ਦੇ ਰਾਜਪਾਲ ਹਨ । ਉਹ ਇਕ ਭਾਰੀ ਐਜੂਕੇਸ਼ਨਿਸਟ ਸਨ ਔਰ ਉਨ੍ਹਾਂ ਨੇ ਆਪਣੇ ਕਲਚਰ ਨੂੰ ਬੜਾ ਉੱਚਾ ਰੱਖਿਆ । ਜਿਸ ਤਰ੍ਹਾਂ ਉਹ ਜ਼ਿੰਦਗੀ ਬਤੀਤ ਕਰਦੇ ਸਨ ਉਸ ਤੋਂ ਇਹ ਪਤਾ ਨਹੀਂ ਸੀ ਲਗਦਾ ਕਿ ਉਹ ਕਿਸ ਜ਼ਾਤ ਦੇ ਹਨ ਜਾਂ ਕਿਸ ਮਜ਼ਹਬ ਨਾਲ ਸਬੰਧ ਰਖਦੇ ਹਨ । ਉਹ ਸੈਂਟਰ ਵਿਚ ਮਨਿਸਟਰ ਵੀ ਰਹੇ ਅਤੇ ਹੋਰ ਵੀ ਬਹੁਤ ਵੱਡੇ ਵੱਡੇ ਅਹੁਦਿਆਂ ਤੇ ਰਹੇ । ਸ਼੍ਰੀਮਤੀ ਇੰਦਰਾ ਗਾਂਧੀ ਔਰ ਸ਼੍ਰੀ ਰਾਜੀਵ ਗਾਂਧੀ ਜੀ ਨੇ ਹਮੇਸ਼ਾਂ ਉਨ੍ਹਾਂ ਨੂੰ ਆਪਣੇ ਨਾਲ ਰੱਖਿਆ ਔਰ ਉਹ ਚਾਹੁੰਦੇ ਸਨ ਕਿ ਇਨ੍ਹਾਂ ਨੂੰ ਕੋਈ ਅੱਛਾ ਐਡਮਨਿਸਟਰੇਟਰ ਲਾਇਆ ਜਾਵੇ ਤਾਕਿ ਇਨ੍ਹਾਂ ਦੀ ਕੰਟਰੀਬਿਊਸ਼ਨ ਹਿੰਦੁਸਤਾਨ ਨੂੰ ਮਿਲਦੀ ਰਹੇ । 8-10 ਮਹੀਨੇ ਪਹਿਲੇ ਮੈਨੂੰ ਵੀ ਕਲਕੱਤੇ ਜਾਣ ਦਾ ਮੌਕਾ ਮਿਲਿਆ ਤਾਂ ਮੈ ਉਨ੍ਹਾਂ ਨੂੰ ਮਿਲਿਆ ਸੀ । ਉਨ੍ਹਾਂ ਨੂੰ ਵੇਖ ਕੇ ਕੋਈ ਅੰਦਾਜ਼ਾ ਨਹੀਂ ਸੀ ਲਗਾ ਸਕਦਾ ਕਿ ਉਹ ਕਿਸੇ ਸਟੇਟ ਦੇ ਗਵਰਨਰ ਵੀ ਹੋ ਸਕਦੇ ਹਨ । ਉਨ੍ਹਾਂ ਦਾ ਬਹੁਤ ਸਾਦਾ ਜੀਵਨ ਸੀ । ਅੱਜ ਅਸੀਂ ਉਨ੍ਹਾਂ ਦੀ ਬਹੁਤ ਘਾਟ ਮਹਿਸੂਸ ਕਰਦੇ ਹਾਂ ਔਰ ਬਹੁਤ ਦੁੱਖ ਪ੍ਰਗਟ ਕਰਦੇ ਹਾਂ ਕਿ ਉਹ ਸਾਡੇ ਤੋਂ ਜੁਦਾ ਹੋ ਗਏ ਹਨ ।

ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਸਾਡੇ ਕੋਲੋਂ ਬਹੁਤ ਅੱਛੇ ਲੈਜਿਸਲੇਟਰ ਵੀ, ਜਿਨ੍ਹਾਂ ਨੇ ਇਸ ਹਾਊਸ ਵਿਚ ਕੰਮ ਕੀਤਾ, ਉਨ੍ਹਾਂ ਵਿਚੋਂ ਸਰਦਾਰ ਤਾਰਾ ਸਿੰਘ ਲਾਇਲਪੁਰੀ ਵੀ ਸਾਡੇ ਵਿਚੋਂ ਜੁਦਾ ਹੋ ਗਏ ਹਨ । ਉਹ ਅਕਾਲੀ ਪਾਰਟੀ ਦੀ ਟਿਕਟ ਤੇ ਅਸੈਂਬਲੀ ਦੇ ਮੈਂਬਰ ਬਣੇ ਸਨ ਔਰ ਉਹ ਪਛੜੇ ਵਰਗ ਦੀ ਨੁਮਾਇੰਦਗੀ ਕਰਦੇ ਰਹੇ ਹਨ । ਉਹ ਰੈਵੇਨਿਊ ਡਿਪਾਰਟਮੈਂਟ ਦੇ ਸਟੇਟ ਮਨਿਸਟਰ ਵੀ ਬਣੇ ਔਰ ਬਹੁਤ ਅੱਛੇ ਕੰਮ ਕੀਤੇ । ਗਰੀਬ ਵਰਗ ਦੇ ਲੋਕਾਂ ਲਈ ਕੰਮ ਕੀਤਾ, ਅੱਜ ਉਨ੍ਹਾਂ ਦੇ ਵੀ ਚਲੇ ਜਾਣ ਤੇ ਅਸੀਂ ਦੁੱਖ ਮਹਿਸੂਸ ਕਰਦੇ ਹਾਂ ।

ਇਸ ਤੋਂ ਬਾਅਦ ਸਰਦਾਰ ਅਜਮੇਰ ਸਿੰਘ ਸਾਡੀ ਪਾਰਟੀ ਦੇ ਮੈਂਬਰ ਰਹੇ ਹਨ ਅਤੇ ਰੈਵੇਨਿਊ ਮਨਿਸਟਰ ਵੀ ਰਹੇ ਸਨ । ਉਹ ਸਮਰਾਲੇ ਹਲਕੇ ਤੋਂ ਚੁਣੇ ਜਾਂਦੇ ਰਹੇ ਹਨ । ਜਦੋਂ ਮਨਿਸਟਰ ਬਣੇ ਤਾਂ ਉਨ੍ਹਾਂ ਨੇ ਬੜੇ ਅੱਛੇ ਕੰਮ ਕੀਤੇ ਔਰ ਰੈਵੇਨਿਊ ਐਕਟ ਦੇ ਵਿਚ ਚੰਗੀਆਂ ਚੰਗੀਆਂ ਤਰਮੀਮਾਂ ਕੀਤੀਆਂ । ਰਿਹੈਬਲੀਟੇਸ਼ਨ ਦਾ ਮਹਿਕਮਾ ਵੀ ਉਨ੍ਹਾਂ ਕੋਲ ਸੀ, ਉਸ ਮਹਿਕਮੇ ਵਿਚ ਉਨ੍ਹਾਂ ਦੀ ਬਹੁਤ ਕੰਟਰੀਬਿਊਸ਼ਨ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਰਹੀ ਹੈ । ਉਨ੍ਹਾਂ ਦੇ ਚਲੇ ਜਾਣ ਨਾਲ ਇਸ ਹਾਊਸ ਨੂੰ ਸਾਡੀ ਪਾਰਟੀ ਨੂੰ ਬਹੁਤ ਦੁੱਖ ਹੋਇਆ ਹੈ ਔਰ ਮੈਂ ਉਨ੍ਹਾਂ ਦੇ ਪਰਿਵਾਰ ਨਾਲ ਇਸ ਦੁੱਖ ਵਿਚ ਸ਼ਾਮਲ ਹੁੰਦਾ ਹਾਂ ।

ਡਿਪਟੀ ਸਪੀਕਰ ਸਾਹਿਬ, ਸਾਡੇ ਕੋਲੋਂ ਜਸਟਿਸ ਮੇਹਰ ਸਿੰਘ, ਸਾਬਕਾ ਚੀਫ ਜਸਟਿਸ ਵੀ ਜੁਦਾ ਹੋ ਗਏ ਹਨ । ਜਸਟਿਸ ਮੇਹਰ ਸਿੰਘ, ਸਾਬਕਾ ਚੀਫ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਸਨ ਅਤੇ ਉਹ ਜਿਸਮਾਨੀ ਤੌਰ ਤੇ ਅਤੇ ਦਿਮਾਗੀ ਤੌਰ ਤੇ ਬਹੁਤ ਚੰਗੇ ਸੱਜਣ ਸਨ । ਇਹ ਜ਼ਿਮੀਂਦਾਰ ਕਮਿਊਨਿਟੀ ਵਿੱਚੋਂ ਅਤੇ ਛੋਟੀ ਜਗ੍ਹਾ ਤੋਂ ਉਠ ਕੇ ਇਕ ਬਹੁਤ ਵੱਡੀ ਸੀਟ ਤੇ ਪਹੁੰਚੇ ਸਨ ਅਤੇ ਉਨ੍ਹਾਂ ਨੇ ਕਾਫੀ ਵੱਡਾ ਰੁਤਬਾ ਹਾਸਲ ਕੀਤਾ । ਪਹਿਲੇ ਇਹ ਫਰੀਦਕੋਟ ਦੇ ਵਿਚ ਛੋਟੇ ਜੱਜ ਸਨ ਫਿਰ ਉਹ ਹੌਲੀ ਹੌਲੀ ਲਿਆਕਤ ਨਾਲ ਪਹਿਲਾਂ ਹਾਈ ਕੋਰਟ ਦੇ ਜਸਟਿਸ ਬਣੇ ਅਤੇ ਫਿਰ ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਬਣੇ । ਉਨ੍ਹਾਂ ਦੀਆਂ ਜਜਮੈਂਟਸ ਤੇ ਕਈ ਕਿਤਾਬਾਂ ਲਿਖੀਆਂ ਹੋਈਆਂ ਹਨ ਜਿਸ ਤੋਂ ਲੋਕ ਸਿੱਖਿਆ ਲੈਂਦੇ ਹਨ । ਹੁਣ ਸਰਦਾਰ ਮੇਹਰ ਸਿੰਘ ਕਾਫੀ ਬਜ਼ੁਰਗ ਹੋ ਗਏ ਸਨ ਅਤੇ ਕਈ ਵਾਰ ਸਵੇਰੇ ਸੈਰ ਕਰਦੇ ਹੋਏ ਮਿਲਦੇ ਸਨ । ਅਸੀਂ ਉਨ੍ਹਾਂ ਦੀ ਜਵਾਨੀ ਵੀ ਵੇਖੀ ਅਤੇ ਬੁਢਾਪਾ ਵੀ ਵੇਖਿਆ ਹੈ ਅਤੇ ਹੁਣ ਉਹ ਕੁਬਲੇ ਅਤੇ ਪਤਲੇ ਹੋ ਗਏ ਸਨ ਕਿ ਇਹ ਇਕ ਕੁਦਰਤ ਦਾ ਕਰਿਸ਼ਮਾ ਸੀ । ਇਨ੍ਹਾਂ ਨੂੰ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਇਸੇ ਤਰ੍ਹਾਂ ਸਰਦਾਰ ਮਾਧੋ ਸਿੰਘ, ਸਾਬਕਾ ਐਮ. ਐਲ. ਏ., ਜੋ ਪਹਿਲੇ ਬਾਈ ਇਲੈਕਸ਼ਨ ਵਿਚ ਅਕਾਲੀ ਪਾਰਟੀ ਵੱਲੋਂ ਇਸ ਹਾਊਸ ਦੇ ਮੈਂਬਰ ਬਣ ਕੇ ਆਏ ਸਨ ਫੇਰ ਉਹ ਕਾਂਗਰਸ ਪਾਰਟੀ ਦੇ ਦੁਬਾਰਾ ਐਮ. ਐਲ. ਏ. ਚੁਣ ਕੇ ਆਏ ਸਨ । ਉਨ੍ਹਾਂ ਦਾ ਜੀਵਨ ਬੜਾ ਸਾਦਾ ਸੀ ਅਤੇ ਉਹ ਥੋੜ੍ਹੇ ਦਿਨ ਹੋਏ ਮੇਰੇ ਕੋਲ ਕਿਸੇ ਕੰਮ ਵਾਸਤੇ ਆਏ ਸਨ । ਅੱਜ ਜਦੋਂ ਮੈਂ ਵੇਖਿਆ ਕਿ ਉਹ ਗੁਜ਼ਰ ਗਏ ਹਨ ਮੈਨੂੰ ਬਹੁਤ ਦੁੱਖ ਹੋਇਆ । ਮੇਰੇ ਕੋਲੋਂ ਅਖਬਾਰ ਵਿੱਚੋਂ ਉਨ੍ਹਾਂ ਦੀ ਮੌਤ ਦੀ ਖਬਰ ਸਲਿਪ ਕਰ ਗਈ ਅਤੇ ਮੈਨੂੰ ਪਤਾ ਹੀ ਨਹੀਂ ਲੱਗਾ । ਸਰਦਾਰ ਮਾਧੋ ਸਿੰਘ ਹਮੇਸ਼ਾ ਸੱਚੀ ਅਤੇ ਸੁੱਚੀ ਗੱਲ ਕਹਿਣ ਵਾਲੇ ਇਨਸਾਨ ਸਨ । ਇਨ੍ਹਾਂ ਨੂੰ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਇਸ ਤੋਂ ਇਲਾਵਾ ਸ਼੍ਰੀ ਕੇਸ਼ੋ ਦਾਸ, ਸਾਬਕਾ ਐਮ. ਐਲ. ਏ., ਜੋ ਪਠਾਨਕੋਟ ਤੋਂ 1952 ਵਿਚ ਇਸ ਹਾਊਸ ਦੇ ਮੈਂਬਰ ਚੁਣੇ ਗਏ ਸਨ । 1947 ਤੋਂ ਬਾਅਦ ਜਦੋਂ ਪੰਜਾਬ ਵਿਚ ਡੈਮੋਕਰੇਟਿਕ ਤਾਕਤਾਂ ਪਰਵ੍ਰਿਸ਼ ਕਰ ਰਹੀਆਂ ਸਨ ਉਸ ਵਕਤ ਜੁਆਇੰਟ ਪੰਜਾਬ ਸੀ, ਇਨ੍ਹਾਂ ਦੀ ਇਸ ਵਿਚ ਬੜੀ ਕੰਟਰੀਬਿਊਸ਼ਨ ਸੀ । ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਦੇ ਪਰਿਵਾਰ ਨੂੰ ਵਿਧਾਨ ਸਭਾ ਵੱਲੋਂ ਉਨਾਂ ਦੇ ਅਕਾਲ ਚਲਾਣੇ ਤੇ ਕੰਡੋਲੈਂਸ ਦਾ ਮੈਸਿਜ ਭੇਜਿਆ ਜਾਵੇ ।

ਸਰਦਾਰ ਪ੍ਰੀਤਮ ਸਿੰਘ ਕਾਹਲੋਂ ਜੋ ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ ਤੋਂ ਇਲੈਕਟ ਹੋ ਕੇ ਇਸ ਹਾਊਸ ਦੇ ਮੈਂਬਰ ਬਣੇ ਸਨ ਅਤੇ ਉਹ ਅਕਾਲੀ ਪਾਰਟੀ ਦੇ ਨਾਲ ਸਬੰਧ ਰਖਦੇ ਸਨ । ਇਹ ਬਹੁਤ ਚੰਗੇ ਸਜਣ ਸਨ । ਇਨ੍ਹਾਂ ਦੇ ਅਕਾਲ ਚਲਾਣੇ ਤੇ ਸਾਨੂੰ ਬਹੁਤ ਦੁੱਖ ਹੈ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਸ ਦੁੱਖ ਵਿਚ ਸ਼ਾਮਲ ਹੁੰਦਾ ਹਾਂ ਅਤੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਮੈਂ ਤੁਹਾਨੂੰ, ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ ਕਿ ਇਨ੍ਹਾਂ ਸਾਰੇ ਸਜਣਾਂ ਦੇ ਪਰਿਵਾਰਾਂ ਨੂੰ, ਜੋ ਸਾਡੇ ਸਾਥੀ ਰਹੇ ਹਨ ਇਨ੍ਹਾਂ ਦੇ ਪਰਿਵਾਰਾਂ ਨੂੰ ਵਿਧਾਨ ਸਭਾ ਵਲੋਂ ਸ਼ੋਕ ਦਾ ਮਤਾ ਭੇਜ ਦਿੱਤਾ ਜਾਵੇ ।

**ਸ੍ਰੀ ਸਤਨਾਮ ਸਿੰਘ ਕੈਂਥ (ਬੰਗਾ, ਐਸ.ਸੀ.)** : ਡਿਪਟੀ ਸਪੀਕਰ ਸਾਹਿਬ, ਪਿਛਲੇ ਅਸੈਂਬਲੀ ਦੇ ਸੈਸ਼ਨ ਤੋਂ ਬਾਅਦ ਦੁਬਾਰਾ ਪੰਜਾਬ ਅਸੈਂਬਲੀ ਦਾ ਸੈਸ਼ਨ ਸ਼ੁਰੂ ਹੋਇਆ ਹੈ । ਇਸ ਦੇ ਦਰਮਿਆਨ ਬੜਾ ਭਾਰੀ ਗੈਪ ਮਿਲਿਆ ਹੈ । ਸਾਡੀ ਮੌਜੂਦਾ ਅਸੈਂਬਲੀ ਦੇ ਸਪੀਕਰ, ਸਰਦਾਰ ਹਰਚਰਨ ਸਿੰਘ ਅਜਨਾਲਾ, ਅੱਜ ਸਾਡੇ ਵਿਚ ਨਹੀਂ ਰਹੇ । ਅਜਨਾਲਾ ਸਾਹਿਬ ਦੀ ਲਾਈਫ ਇਕ ਖੁੱਲ੍ਹੀ ਕਿਤਾਬ ਦੇ ਤੌਰ ਤੇ ਸੀ । ਉਹ ਪਹਿਲਾਂ ਸੈਕਟਰੀ ਜ਼ਿਲ੍ਹਾ ਪ੍ਰੀਸ਼ਦ ਰਹੇ । ਮੈਨੂੰ ਅੰਮ੍ਰਿਤਸਰ ਜਾਣ ਦਾ ਮੌਕਾ ਮਿਲਿਆ, ਉਨ੍ਹਾਂ ਬਾਰੇ ਲੋਕਾਂ ਨੇ ਜੋ ਗੱਲਾਂ ਦੱਸੀਆਂ ਕਿ ਬਤੌਰ ਜ਼ਿਲ੍ਹਾ ਪ੍ਰੀਸ਼ਦ ਸੈਕਟਰੀ ਉਹ ਇਕ ਅਮਿੱਟ ਛਾਪ ਸਨ । ਫੇਰ ਉਹ ਇਸ ਮਹਾਨ ਸਦਨ ਦੇ ਮੈਂਬਰ 1972 ਵਿਚ ਚੁਣੇ ਗਏ ਅਤੇ ਫੇਰ 1980 ਵਿਚ ਦੁਬਾਰਾ ਇਲੈਕਟ ਹੋਏ ਸਨ। ਸਰਦਾਰ ਦਰਬਾਰਾ ਸਿੰਘ ਦੀ ਮਨਿਸਟਰੀ ਵਿਚ ਉਹ ਐਜੂਕੇਸ਼ਨ ਮਨਿਸਟਰ ਬਣੇ ਅਤੇ ਐਜੂਕੇਸ਼ਨ ਵਿਚ ਉਨ੍ਹਾਂ ਨੇ ਆਪਣੀ ਅਮਿੱਟ ਛਾਪ ਛੱਡੀ ਸੀ । ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਅਦ 1992 ਵਿਚ ਇਲੈਕਸ਼ਨ ਹੋਏ । ਇਨ੍ਹਾਂ ਇਲੈਕਸ਼ਨਾਂ ਤੋਂ ਬਾਅਦ ਉਹ ਪੰਜਾਬ ਦੀ ਅਸੈਂਬਲੀ ਦੇ ਸਪੀਕਰ ਬਣੇ ਸਨ । ਉਨ੍ਹਾਂ ਦੀ ਸਖਸ਼ੀਅਤ ਨੂੰ ਬਹੁਤ ਨੇੜੇ ਤੋਂ ਦੇਖਣ ਦਾ ਮੌਕਾ ਮਿਲਿਆ । ਉਹ ਸਭ ਮੈਂਬਰਾਂ ਨੂੰ ਚਾਹੇ ਉਹ ਰੂਲਿੰਗ ਪਾਰਟੀ ਦਾ ਹੋਵੇ ਜਾਂ ਵਿਰੋਧੀ ਪਾਰਟੀ ਦਾ ਹੋਵੇ, ਇਕੋ ਜਿਹਾ ਸਮਝਦੇ ਸਨ । ਉਨ੍ਹਾਂ ਵਿਚ ਜੋ ਗੁਣ ਮੌਜੂਦ ਸਨ ਉਹ ਕਿਸੇ ਹੋਰ ਸਖਸ਼ੀਅਤ ਵਿਚ ਘੱਟ ਹੀ ਨਜ਼ਰ ਆਉਂਦੇ ਹਨ । ਇਸ ਸਦਨ ਦੇ ਅੰਦਰ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਉਸ ਮਹਾਨ ਸਖਸ਼ੀਅਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ । ਉਨ੍ਹਾਂ ਦੀ ਹਮੇਸ਼ਾ ਸਾਨੂੰ ਯਾਦ ਰਹੇਗੀ ।

ਪ੍ਰੋਫੈਸਰ ਸਯਦ ਨੂਰੁਲ ਹਸਨ ਸਾਰੇ ਇੰਡੀਆ ਦੇ ਅੰਦਰ ਅਤੇ ਬਾਹਰ ਜਾਣੇ ਪਛਾਣੇ ਸਨ । ਉਨ੍ਹਾਂ ਨੇ ਹਾਇਅਰ ਐਜੂਕੇਸ਼ਨ ਪਰਾਪਤ ਕੀਤੀ । ਉਹ ਮਿੰਟਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਤਨਾਮ ਸਿੰਘ ਕੈਂਥ]

ਦੇ ਵਿਚ ਵਜ਼ੀਰ ਵੀ ਰਹੇ ਅਤੇ ਵੱਖ ਵੱਖ ਅਹੁਦਿਆਂ ਤੇ ਕੰਮ ਕਰਦੇ ਰਹੇ ਸਨ। ਯੂ.ਐਨ.ਓ. ਦੇ ਅੰਦਰ ਵੀ ਉਨ੍ਹਾਂ ਨੂੰ ਇੰਡੀਆ ਦਾ ਪੱਖ ਪੇਸ਼ ਕਰਨ ਦਾ ਮੌਕਾ ਮਿਲਿਆ । ਲੇਟੈਸਟ ਉਹ ਹੁਣ ਪੱਛਮੀ ਬੰਗਾਲ ਦੇ ਗਵਰਨਰ ਸਨ । ਇਨ੍ਹਾਂ ਬਾਰੇ ਵੀ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ।

ਸਰਦਾਰ ਤਾਰਾ ਸਿੰਘ ਲਾਇਲਪੁਰੀ, ਸਾਬਕਾ ਮੰਤਰੀ ਵੀ ਇਸ ਹਾਊਸ ਦੇ ਮੈਂਬਰ ਰਹੇ ਸਨ । ਉਨ੍ਹਾਂ ਦਾ ਵਿਸ਼ਾਲ ਤਜਰਬਾ ਸੀ । ਸਰਦਾਰ ਅਜਮੇਰ ਸਿੰਘ ਅਤੇ ਸਰਦਾਰ ਮਾਧੋ ਸਿੰਘ ਵੀ ਇਸ ਹਾਊਸ ਦੇ ਮੈਂਬਰ ਰਹੇ ਸਨ । ਉਨ੍ਹਾਂ ਸਾਰਿਆਂ ਬਾਰੇ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ।

ਇਸ ਦੇ ਨਾਲ ਨਾਲ ਹੀ ਡਿਪਟੀ ਸਪੀਕਰ ਸਾਹਿਬ, ਲੇਟੈਸਟ ਜੋ ਪੰਜਾਬ ਦੇ ਅੰਦਰ ਹਾਹਾਕਾਰ ਮਚੀ ਹੋਈ ਹੈ ਅਤੇ ਹੜ੍ਹਾਂ ਦੇ ਅੰਦਰ ਕੀਮਤੀ ਜਾਨਾਂ ਚਲੀਆਂ ਗਈਆਂ ਹਨ । ਇਹ ਪੰਜਾਬ ਦੇ ਅੰਦਰ ਚਾਹੇ ਨੈਚੂਰਲ ਕਲੈਮਿਟੀ ਕਰਕੇ ਜਾਨਾਂ ਗਈਆਂ ਹਨ, ਪਰ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਸਾਰਿਆਂ ਬਾਰੇ ਜਿਨ੍ਹਾਂ ਦੀਆਂ ਹੜ੍ਹਾਂ ਕਰਕੇ ਜਾਨਾਂ ਗਈਆਂ ਹਨ, ਮੈਂ ਉਨ੍ਹਾਂ ਬਾਰੇ ਵੀ ਚਾਹਵਾਂਗਾ ਕਿ ਇਸ ਅਸੈਂਬਲੀ ਦੇ ਅੰਦਰ ਸਾਨੂੰ ਸਾਰਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨੇ ਚਾਹੀਦੇ ਹਨ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਬੈਠਦਾ ਹਾਂ । ਜੈ ਭੀਮ ਜੈ ਭਾਰਤ ।

**ਮੁੱਖ ਮੰਤਰੀ** : ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਸਾਨੂੰ ਸਾਰਿਆਂ ਨੂੰ ਬੜਾ ਹੀ ਦੁੱਖ ਹੈ । ਇਸ ਬਾਰੇ ਅਸੀਂ ਵੀ ਗੱਲ ਕਰਨਾ ਚਾਹੁੰਦੇ ਹਾਂ । ਹੜ੍ਹਾਂ ਦੇ ਕਾਰਨ ਜਿਹੜੀਆਂ ਕੀਮਤੀ ਜਾਨਾਂ ਗਈਆਂ ਹਨ ਉਨ੍ਹਾਂ ਸਾਰਿਆਂ ਦਾ ਸਾਨੂੰ ਬੜਾ ਹੀ ਅਫ਼ਸੋਸ ਹੈ । ਮੈਂ ਡਿਪਟੀ ਸਪੀਕਰ ਸਾਹਿਬ, ਚਾਹਵਾਂਗਾ ਕਿ ਜਦੋਂ ਸਾਰੀਆਂ ਪਾਰਟੀਆਂ ਦੇ ਲੀਡਰ ਸ਼ਰਧਾ ਦੇ ਫੁੱਲ ਭੇਟ ਕਰ ਚੁੱਕਣ ਤਾਂ ਉਸ ਤੋਂ ਬਾਅਦ ਹਾਊਸ ਨੂੰ ਐਡਜਰਨ ਕੀਤਾ ਜਾਵੇ ।

**ਸ਼੍ਰੀ ਮਦਨ ਮੋਹਨ ਮਿੱਤਲ (ਨੰਗਲ)** : ਡਿਪਟੀ ਸਪੀਕਰ ਸਾਹਿਬ, ਬੜੇ ਅਫ਼ਸੋਸ ਦੀ ਗੱਲ ਹੈ ਕਿ ਜਦੋਂ ਅਸੀਂ ਇਸ ਅਸੈਂਬਲੀ ਨੂੰ ਐਡਜਰਨ ਕਰਕੇ ਗਏ ਸੀ ਅਤੇ ਅੱਜ ਆਏ ਹਾਂ ਇਸ ਦੌਰਾਨ ਬਹੁਤ ਸਾਰੀਆਂ ਸਖਸ਼ੀਅਤਾਂ ਸਾਡੇ ਵਿਚੋਂ ਚਲੀਆਂ ਗਈਆਂ ਹਨ । ਸਰਦਾਰ ਹਰਚਰਨ ਸਿੰਘ ਅਜਨਾਲਾ, ਸਪੀਕਰ, ਦੇ ਚਲੇ ਜਾਣ ਨਾਲ ਇਸ ਤਰ੍ਹਾਂ ਲਗਦਾ ਹੈ ਕਿ ਹਾਊਸ ਨੂੰ ਇਕ ਵਿਅਕਤੀਗਤ ਨੁਕਸਾਨ ਹੋਇਆ ਹੈ । ਸਰਦਾਰ ਹਰਚਰਨ ਸਿੰਘ ਅਜਨਾਲਾ ਹਰ ਇਕ ਮੈਂਬਰ ਦੇ ਨਾਲ ਇਸ ਤਰੀਕੇ ਦੇ ਨਾਲ ਵਿਵਹਾਰ ਕਰਦੇ ਸਨ ਜਿਸ ਤਰ੍ਹਾਂ ਕਿ ਇਕ ਚੰਗੇ ਸਪੀਕਰ ਨੂੰ ਕਰਨਾ

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ । ਉਨ੍ਹਾਂ ਨੇ ਹਰ ਇਕ ਮੈਂਬਰ ਦੇ ਨਾਲ ਅਮਨ ਅਤੇ ਸ਼ਾਂਤੀ ਦਾ ਵਿਵਹਾਰ ਕੀਤਾ । ਹਰ ਇਕ ਮੈਂਬਰ ਨੂੰ ਉਨ੍ਹਾਂ ਤੇ ਕਨਫੀਡੈਂਸ ਸੀ ਅਤੇ ਉਨ੍ਹਾਂ ਦੀ ਰੂਲਿੰਗ ਉਤੇ ਹਰ ਇਕ ਨੂੰ ਭਰੋਸਾ ਸੀ । ਜੋ ਮਾਨਯੋਗ ਸਪੀਕਰ ਵਿਚ ਗੁਣ ਹੋਣੇ ਚਾਹੀਦੇ ਹਨ ਉਹ ਸਾਰੇ ਉਨ੍ਹਾਂ ਵਿਚ ਮੌਜੂਦ ਸਨ । ਜਦੋਂ ਇਥੇ ਹਾਊਸ ਦੀ ਕਾਰਵਾਈ ਚਲਦੀ ਸੀ ਤਾਂ ਉਨ੍ਹਾਂ ਨੇ ਬੜੇ ਅੱਛੇ ਤਰੀਕੇ ਦੇ ਨਾਲ ਹਾਊਸ ਦੀ ਕਾਰਵਾਈ ਚਲਾਈ ਅਤੇ ਕਿਸੇ ਵੀ ਮੈਂਬਰ ਨੂੰ ਨਰਾਜ਼ਗੀ ਦਾ ਮੌਕਾ ਨਹੀਂ ਦਿੱਤਾ । ਕਿਸੇ ਮੈਂਬਰ ਨੂੰ ਵੀ ਉਨ੍ਹਾਂ ਦੇ ਨਾਲ ਨਰਾਜ਼ਗੀ ਨਹੀਂ ਹੋਵੇਗੀ । ਐਸਾ ਅਜਨਾਲਾ ਸਾਹਿਬ ਨੇ ਕਦੇ ਮੌਕਾ ਹੀ ਨਹੀਂ ਦਿੱਤਾ ਕਿ ਕਿਸੇ ਮੈਂਬਰ ਦੇ ਨਾਲ ਡਿਸਕਰਿਮੀਨੇਸ਼ਨ ਹੋਵੇ । ਉਨ੍ਹਾਂ ਨੇ ਹਾਊਸ ਦੀ ਕਾਰਵਾਈ ਸਹੀ ਮਰਿਆਦਾ ਦੇ ਮੁਤਾਬਿਕ ਅਤੇ ਆਪਣੀ ਜ਼ਿੰਮੇਂਵਾਰੀ ਬਤੌਰ ਸਪੀਕਰ ਨਿਭਾਈ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਸ ਤਰ੍ਹਾਂ ਮਹਿਸੂਸ ਕਰਦਾ ਹਾਂ ਕਿ ਐਸਾ ਸਪੀਕਰ ਚਲੇ ਜਾਣ ਨਾਲ ਹਾਊਸ ਨੂੰ ਬੜਾ ਘਾਟਾ ਪਿਆ ਹੈ । ਵਿਅਕਤੀਗਤ ਤੌਰ ਤੇ ਵੀ ਬੜਾ ਲੌਸ ਹੋਇਆ ਹੈ । ਉਨ੍ਹਾਂ ਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਜ਼ਿਲ੍ਹਾ ਪਰਿਸ਼ਦ ਵਿਚ ਬਤੌਰ ਸੈਕਟਰੀ ਕੰਮ ਕੀਤਾ ਸੀ । ਅਜਨਾਲਾ ਸਾਹਿਬ ਸਿਖਿਆ ਮੰਤਰੀ ਵੀ ਰਹੇ ਅਤੇ ਸਪੀਕਰ ਵੀ ਰਹੇ ਪਰ ਉਨ੍ਹਾਂ ਦੇ ਇਲਾਕੇ ਦੇ ਲੋਕ ਉਨ੍ਹਾਂ ਦੇ ਕੰਮ ਕਾਰ ਕਰਕੇ ਜ਼ਿਲ੍ਹਾ ਪਰਿਸ਼ਦ ਦੇ ਸੈਕਟਰੀ ਦੇ ਤੌਰ ਤੇ ਹੀ ਯਾਦ ਕਰਦੇ ਹਨ ਅਤੇ ਉਨ੍ਹਾਂ ਨੂੰ ਹਮੇਸ਼ਾ ਸੈਕਟਰੀ ਦੇ ਤੌਰ ਤੇ ਹੀ ਬੁਲਾਉਂਦੇ ਸਨ । ਮੈਂ ਸਮਝਦਾ ਹਾਂ ਕਿ ਐਸੇ ਮੌਕੇ ਤੇ ਸਾਡੇ ਵਿਚੋਂ ਉਨ੍ਹਾਂ ਦਾ ਚਲੇ ਜਾਣਾ ਬਹੁਤ ਬੜੀ ਘਾਟ ਹੈ । ਮੈਂ ਉਨ੍ਹਾਂ ਦੇ ਪ੍ਰਤੀ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ । ਡਿਪਟੀ ਸਪੀਕਰ ਸਾਹਿਬ, ਇਸ ਤਰੀਕੇ ਨਾਲ ਦੇਖਣ ਵਿੱਚ ਆਇਆ ਹੈ ਕਿ ਪਿਛਲੀਆਂ ਹਾਊਸ ਦੀਆਂ ਪ੍ਰੋਸੀਡਿੰਗਜ਼ ਸ਼ੁਰੂ ਐਸੇ ਮੌਕੇ ਤੇ ਚਲੀਆਂ ਕਿ ਹਾਊਸ ਦੀ ਕਾਰਵਾਈ ਖਤਮ ਹੋਣ ਤੋਂ ਬਾਅਦ ਕਮੇਟੀ ਮੀਟਿੰਗਜ਼ ਵਿੱਚ ਵੀ ਐਸਾ ਹੀ ਹੁੰਦਾ ਰਿਹਾ ਹੈ ਕਿ ਸਾਡੇ ਕਿਸੇ ਨਾ ਕਿਸੇ ਸਾਥੀ ਦੀ ਮੌਤ ਹੁੰਦੀ ਰਹੀ ਅਤੇ ਕਮੇਟੀ ਮੀਟਿੰਗਜ਼ ਅਫ਼ਸੋਸ ਦਾ ਮਤਾ ਪਾਸ ਕਰਕੇ ਐਡਜਰਨ ਹੁੰਦੀਆਂ ਰਹੀਆਂ ।

ਸਾਡੇ ਸਾਥੀ ਸਰਦਾਰ ਅਜਮੇਰ ਸਿੰਘ ਇਕ ਪੁਲੀਟਿਕਲ ਨੇਤਾ, ਸਿਆਸੀ ਨੇਤਾ ਅਤੇ ਬੜੇ ਉਘੇ ਲਾਇਅਰ, ਜਿਨ੍ਹਾਂ ਦੇ ਬਾਰੇ ਮੁੱਖ ਮੰਤਰੀ ਜੀ ਨੇ ਵੀ ਦੱਸਿਆ ਹੈ ਕਿ ਉਹ ਲੁਧਿਆਣਾ ਦੇ ਬੜੇ ਪਰਾਮੀਨੈਂਟ ਕ੍ਰਿਮਿਨਲ ਲਾਇਅਰ ਸਨ, ਸਾਡੇ ਕੋਲੋਂ ਵਿਛੜ ਗਏ ਹਨ । ਉਨ੍ਹਾਂ ਦੀ ਲੋਕਾਂ ਤੇ ਬੜੀ ਅਹਿਮ ਛਾਪ ਸੀ । ਉਹ ਪੰਜਾਬ ਵਿੱਚ ਰੈਵੇਨਿਊ ਮਨਿਸਟਰ ਵੀ ਰਹੇ ਅਤੇ ਬੜੀ ਅੱਛੀ ਪਰਫਾਰਮੈਂਸ ਦਿੱਤੀ । ਉਹ ਕਿਸੇ ਨਾਲੋਂ ਘੱਟ ਨਹੀਂ ਸਨ । ਉਨ੍ਹਾਂ ਨੇ ਯੋਗ ਮੰਤਰੀ ਅਤੇ ਯੋਗ ਲਾਇਅਰ ਦੇ ਤੌਰ ਤੇ ਬੜੀ ਅਹਿਮ ਅਤੇ ਸ਼ਾਨਦਾਰ ਭੂਮਿਕਾ ਨਿਭਾਈ । ਇਸ ਤਰ੍ਹਾਂ ਦੇ ਰੈਵੇਨਿਊ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਮਾਨਿਸਟਰ ਹੋਣ ਤਾਂ ਖੇਤੀ-ਬਾੜੀ ਕਰਨ ਵਾਲੇ ਲੋਕਾਂ ਨੂੰ ਬੜਾ ਅੱਛਾ ਇਨਸਾਫ ਮਿਲਦਾ ਹੈ ਕਿਉਂਕਿ ਉਨ੍ਹਾਂ ਦਾ ਸਬੰਧ ਮੋਸਟਲੀ ਰੇਵੇਨਿਊ ਡਿਪਾਰਟਮੈਂਟ ਨਾਲ ਰਹਿੰਦਾ ਹੈ । ਉਨ੍ਹਾਂ ਦੇ ਜਾਣ ਨਾਲ ਪੰਜਾਬ ਨੂੰ ਬੜਾ ਭਾਰੀ ਘਾਟਾ ਪਿਆ ਹੈ ।

ਡਿਪਟੀ ਸਪੀਕਰ ਸਾਹਿਬ, ਇਸ ਤਰੀਕੇ ਨਾਲ ਸਰਦਾਰ ਤਾਰਾ ਸਿੰਘ ਲਾਇਲਪੁਰੀ ਕਈ ਵਾਰ ਇਸ ਸਦਨ ਵਿੱਚ ਚੁਣ ਕੇ ਆਏ, ਮੰਤਰੀ ਰਹੇ ਅਤੇ ਲੋਕਾਂ ਦੀ ਸੇਵਾ ਕੀਤੀ । ਉਨ੍ਹਾਂ ਦੀ ਇਹ ਪਾਪੂਲੈਰਿਟੀ ਹੀ ਸੀ ਕਿ ਭਾਵੇਂ ਐਸ.ਜੀ.ਪੀ.ਸੀ. ਹੋਵੇ, ਪੁਲੀਟਿਕਲ ਪਾਰਟੀ ਹੋਵੇ, ਲੈਜਿਸਲੇਟਿਵ ਵਿੰਗ ਹੋਵੇ, ਉਨ੍ਹਾਂ ਨੇ ਜਿਥੇ ਵੀ ਚੋਣ ਲੜੀ, ਉਥੋਂ ਜਿੱਤ ਕੇ ਹੀ ਆਏ ਅਤੇ ਸਮਾਜ ਦੀ ਸੇਵਾ ਕਰਦੇ ਰਹੇ । ਉਨ੍ਹਾਂ ਦਾ ਸਮਾਜ ਵਿੱਚ ਆਪਣਾ ਸਥਾਨ ਸੀ । ਉਨ੍ਹਾਂ ਦੇ ਜਾਣ ਨਾਲ ਪਾਰਟੀ ਨੂੰ ਹੀ ਨਹੀਂ, ਬਲਕਿ ਸਮੁੱਚੇ ਪੰਜਾਬ ਨੂੰ, ਸਮੁੱਚੇ ਸਮਾਜ ਨੂੰ ਬੜਾ ਭਾਰੀ ਘਾਟਾ ਪਿਆ ਹੈ ।

ਕੇਸ਼ੋ ਦਾਸ ਜੀ ਇਸ ਸਦਨ ਵਿੱਚ ਚਾਹੇ ਇਕ ਵਾਰੀ ਵਿਧਾਇਕ ਦੇ ਤੌਰ ਤੇ ਚੁਣ ਕੇ ਆਏ, ਪਰ ਆਪਣੇ ਇਲਾਕੇ ਵਿੱਚ ਉਨ੍ਹਾਂ ਦੀ ਆਪਣੀ ਸ਼ਾਖ ਸੀ । ਸਾਨੂੰ ਵੀ ਉਨ੍ਹਾਂ ਦੇ ਇਲਾਕੇ ਵਿੱਚ ਚੋਣਾਂ ਕਾਰਣ ਜਾਂ ਦੂਸਰੇ ਤਰੀਕੇ ਨਾਲ ਜਾਣਾ ਪਿਆ ਹੈ । ਉਥੇ ਉਨ੍ਹਾਂ ਦਾ ਬੜਾ ਨਾਂ ਸੀ । ਉਨ੍ਹਾਂ ਦੀ ਫੋਲੋਇੰਗ ਹਾਲੇ ਤਕ ਕਾਇਮ ਸੀ । ਭਾਵੇਂ ਉਹ ਇੱਥੇ ਚੁਣ ਕੇ ਦੁਬਾਰਾ ਨਹੀਂ ਆ ਸਕੇ but still he maintained the people with him. ਉਨ੍ਹਾਂ ਤੇ ਲੋਕ ਭਰੋਸਾ ਕਰਦੇ ਸਨ । ਉਨ੍ਹਾਂ ਦੇ ਜਾਣ ਨਾਲ ਪੰਜਾਬ ਨੂੰ ਘਾਟਾ ਪਿਆ ਹੈ ।

ਐਸੇ ਤਰੀਕੇ ਨਾਲ ਸਰਦਾਰ ਮਾਧੋ ਸਿੰਘ ਜੀ ਇਸ ਸਦਨ ਵਿੱਚ ਇਕ ਵਾਰੀ ਜਿੱਤ ਕੇ ਆਏ । ਉਹ ਸ਼ਡਿਊਲਡ ਕਾਸਟ ਜਾਤੀ ਨਾਲ ਸਬੰਧ ਰਖਦੇ ਸਨ । ਮੈਂ ਇਸ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ ਕਿ 1977 ਵਿੱਚ ਅਨੰਦਪੁਰ ਸਾਹਿਬ ਇਕ ਜਨਰਲ ਕਾਂਸਟੀਚਿਉਐਂਸੀ ਹੋਣ ਦੇ ਬਾਵਜੂਦ ਉਹ ਉਥੋਂ ਇਕ ਬੈਕਵਰਡ ਕੈਂਡੀਡੇਟ, ਇਕ ਹਰੀਜਨ ਕੈਂਡੀਡੇਟ ਹੋ ਕੇ ਵੀ ਜਿੱਤ ਕੇ ਆਏ । ਇਹ ਇਕ ਬੜੀ ਵੱਡੀ ਗੱਲ ਹੈ । ਇਹ ਉਨ੍ਹਾਂ ਦੀ ਬਾਈ-ਇਲੈਕਸ਼ਨ ਜਿੱਤ ਸੀ । ਮੈਂ ਉਦੋਂ ਖੁਦ ਉਥੇ ਹਲਕਾ ਇੰਚਾਰਜ ਸੀ । ਸਾਰੇ ਚੁਣਾਓ ਦੀ ਦੇਖ ਰੇਖ ਮੇਰੇ ਕੋਲ ਸੀ । ਉਹ ਲੋਕਾਂ ਵਿਚ ਬੜੇ ਪਾਪੂਲਰ ਸੀ । ਉਨ੍ਹਾਂ ਦੇ ਜਾਣ ਨਾਲ ਉਸ ਇਲਾਕੇ ਨੂੰ, ਰੋਪੜ ਜ਼ਿਲ੍ਹੇ ਨੂੰ ਬੜਾ ਭਾਰੀ ਘਾਟਾ ਪਿਆ ਹੈ ।

ਡਿਪਟੀ ਸਪੀਕਰ ਸਾਹਿਬ, ਇਸੇ ਤਰੀਕੇ ਨਾਲ ਸਰਦਾਰ ਪ੍ਰੀਤਮ ਸਿੰਘ ਜੀ ਕਾਹਲੋਂ ਇੱਥੇ ਚੁਣ ਕੇ ਆਏ । ਉਨ੍ਹਾਂ ਨੇ ਆਪਣੇ ਇਲਾਕੇ ਦੇ ਲੋਕਾਂ ਦੀ ਬੜੀ ਸੇਵਾ ਕੀਤੀ । ਉਨ੍ਹਾਂ ਦੇ ਜਾਣ ਨਾਲ ਵੀ ਪੰਜਾਬ ਦੇ ਸੂਬੇ ਨੂੰ ਬੜਾ ਭਾਰੀ ਘਾਟਾ ਪਿਆ ਹੈ ।

Original with;
Punjab Vidhan Sabha
Digitized by;
Punjab Digital Library

ਮੈਂ ਇਥੇ ਇਕ ਗੱਲ ਦਾ ਹੋਰ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਜਸਟਿਸ ਜੇ.ਐਨ. ਗਰੋਵਰ, ਜੋ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਅਤੇ ਸੁਪ੍ਰੀਮ ਕੋਰਟ ਦੇ ਜੱਜ ਰਹੇ, ਉਹ ਪੰਜਾਬ ਦੇ ਸਪੂਤ ਸਨ । ਉਹ ਇਕ ਬੜੇ ਸੁਚੱਜੇ ਜੱਜ ਸਨ । ਉਹ ਹਮੇਸ਼ਾ ਇਨਸਾਫ ਵਾਸਤੇ ਲੜਦੇ ਰਹੇ । ਜਦੋਂ ਉਨ੍ਹਾਂ ਨੂੰ ਲੱਗਿਆ ਕਿ ਉਨ੍ਹਾਂ ਨੂੰ ਸੁਪਰਸੀਡ ਕੀਤਾ ਜਾ ਰਿਹਾ ਹੈ ਤਾਂ ਬਜਾਏ ਕੁਰਸੀ ਨਾਲ ਚਿਪਕਣ ਦੇ, ਉਨ੍ਹਾਂ ਨੇ ਰੀਜ਼ਾਈਨ ਕਰਨਾ ਠੀਕ ਸਮਝਿਆ । ਜਸਟਿਸ ਜੇ.ਐਨ.ਗਰੋਵਰ ਇਕ ਐਸੇ ਜੱਜ ਸਨ । ਉਨ੍ਹਾਂ ਦਾ ਨਾਂ ਵੀ ਇਸ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ । ਉਨ੍ਹਾਂ ਦੀਆਂ ਜਿੰਨੀਆਂ ਵੀ ਜੱਜਮੈਂਟਸ ਹਾਈ ਕੋਰਟ ਅਤੇ ਸੁਪ੍ਰੀਮ ਕੋਰਟ ਵਿੱਚ ਦਿੱਤੀਆਂ ਹੋਈਆਂ ਹਨ, ਉਹ ਇਕ ਲੈਂਡਮਾਰਕ ਹਨ ।

ਡਿਪਟੀ ਸਪੀਕਰ ਸਾਹਿਬ, ਐਸੇ ਤਰ੍ਹਾਂ ਜਸਟਿਸ ਮੇਹਰ ਸਿੰਘ ਜੀ ਬਾਰੇ ਇਹ ਗੱਲ ਬੜੀ ਹੀ ਮਸ਼ਹੂਰ ਸੀ ਕਿ ਉਹ ਬਹੁਤ ਨਿਡਰ ਸਨ । ਬਹੁਤ ਸਾਰੇ ਐਸੇ ਮੌਕੇ ਆਏ ਜਦੋਂ ਉਨ੍ਹਾਂ ਨੂੰ ਸਰਕਾਰ ਦੇ ਖਿਲਾਫ ਫੈਸਲੇ ਦੇਣੇ ਪਏ ਪਰ ਉਹ ਕਿਸੇ ਤਰ੍ਹਾਂ ਵੀ ਪ੍ਰਿਜ਼ੁਡਾਈਜ਼ ਨਹੀਂ ਹੋਏ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਪ੍ਰਿਜ਼ੁਡਾਈਜ਼ ਕਰ ਸਕਿਆ। ਉਹ ਇਕ ਨਿਸ਼ਪਕਸ਼ ਜੱਜ ਰਹੇ । ਉਨ੍ਹਾਂ ਦੀਆਂ ਜੱਜਮੈਂਟਸ ਅੱਜ ਵੀ ਲੈਂਡਮਾਰਕ ਹਨ । ਉਹ ਸਾਡੇ ਜੁਡੀਸ਼ੀਅਲ ਸਿਸਟਮ ਵਿੱਚ ਗਾਈਡ-ਲਾਈਨਜ਼ ਹਨ । ਉਹ further delivery of justice ਵਾਸਤੇ ਬੜੇ ਅੱਛੇ ਜੱਜ ਰਹੇ ਔਰ ਜੋ ਉਨ੍ਹਾਂ ਨੇ ਆਪਣੇ ਸਮੇ ਦੌਰਾਨ ਜੁਡੀਸ਼ਰੀ ਸਿਸਟਮ ਵਿੱਚ ਇੰਪਰੂਵਮੈਂਟਸ ਕੀਤੀਆਂ ਉਨ੍ਹਾਂ ਦਾ ਜ਼ਿਕਰ ਕਰਨਾ ਵੀ ਬਹੁਤ ਜ਼ਰੂਰੀ ਹੈ । ਉਨ੍ਹਾਂ ਦੇ ਸਮੇਂ ਦੇ ਵਿੱਚ ਜੁਡੀਸ਼ਰੀ ਬਹੁਤ ਨਿਸ਼ਪਕਸ਼ ਸੀ ਔਰ ਲੋਕਾਂ ਨੂੰ ਸਹੀ ਇਨਸਾਫ ਮਿਲਦਾ ਸੀ । ਜਦੋਂ ਚੀਫ ਜਸਟਿਸ ਨਿਸ਼ਪਕਸ਼ ਹੋਵੇ ਤਾਂ ਹੇਠਾਂ ਤੋਂ ਹੀ ਲੋਕਾਂ ਨੂੰ ਜ਼ਰੂਰ ਇਨਸਾਫ ਸਹੀ ਮਿਲਦਾ ਹੈ । ਉਨ੍ਹਾਂ ਨੇ ਬੜੇ ਛੋਟੇ ਰੁਤਬੇ ਤੋਂ ਉਪਰ ਉਠ ਕੇ ਜੁਡੀਸ਼ੀਅਲ ਮੈਜਿਸਟਰੇਟ ਦੇ ਤੌਰ ਤੇ ਸਬ-ਜੱਜ ਵਜੋਂ ਵੀ ਕੰਮ ਕੀਤਾ ਔਰ ਉਹ ਪੈਪਸੂ ਵਿੱਚ ਹਾਈਕੋਰਟ ਦੇ ਜੱਜ ਵੀ ਰਹੇ । ਇਸ ਤੋਂ ਸਾਬਤ ਹੁੰਦਾ ਹੈ ਕਿ ਉਨ੍ਹਾਂ ਦਾ ਕੈਲੀਬਰ ਬਹੁਤ ਉਚਾ ਸੀ ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਓਬਿਚੂਅਰੀ ਦੀ ਸੂਚੀ ਵਿੱਚ ਇਕ ਹੋਰ ਬੜੇ ਉਘੇ ਜਰਨਲਿਸਟ, ਸ਼੍ਰੀ ਹੀਰਾ ਲਾਲ ਜੈਨ ਜੋ ਕਿ ਬੜੇ ਬੋਲਡ ਸਨ, ਜਰਨਲਿਸਟ ਦਾ ਲੈਜਿਸਲੇਚਰ ਨਾਲ ਵੀ ਬੜਾ ਡੂੰਘਾ ਸਬੰਧ ਹੁੰਦਾ ਹੈ, ਭਾਵੇਂ ਸੀ.ਐਮ. ਸਾਹਿਬ ਨੇ ਆਪਣੇ ਵੱਲੋਂ ਸ਼ਰਧਾਂਜਲੀ ਦਿੰਦੇ ਹੋਏ ਉਨ੍ਹਾਂ ਦਾ ਸ਼ਾਇਦ ਜ਼ਿਕਰ ਨਹੀਂ ਕੀਤਾ, ਮੈਂ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਦੇਣਾ ਬਹੁਤ ਜ਼ਰੂਰੀ ਸਮਝਦਾ ਹਾਂ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਮਦਨ ਮੋਹਨ ਮਿੱਤਲ]

ਇਸ ਤੋਂ ਇਲਾਵਾ ਪ੍ਰੋਫੈਸਰ ਸੱਯਦ ਨੂਰੁਲ ਹਸਨ ਜੋ ਕਿ ਵੈਸਟ ਬੰਗਾਲ ਦੇ ਗਵਰਨਰ ਵੀ ਸਨ ਔਰ ਬੜੇ ਅੱਛੇ ਸਮਾਜ ਸੁਧਾਰਕ ਸਨ ਉਨ੍ਹਾਂ ਦੇ ਜਾਣ ਨਾਲ ਵੀ ਸਾਡੇ ਹਿੰਦੁਸਤਾਨ ਵਿੱਚ ਬਹੁਤ ਵੱਡਾ ਖਲਾਅ ਪਿਆ ਹੈ । ਜਿਸ ਰੁਤਬੇ ਤੇ ਵੀ ਉਹ ਰਹੇ ਉਨ੍ਹਾਂ ਨੇ ਦੇਸ਼ ਦੀ ਖੂਬ ਸੇਵਾ ਕੀਤੀ । ਭਾਵੇਂ ਉਹ ਹਿੰਦੁਸਤਾਨ ਦੇ ਵਿੱਚ ਰਹੇ ਭਾਵੇਂ ਦੂਸਰੇ ਦੇਸ਼ਾਂ ਵਿੱਚ, ਇੰਟਰ ਨੈਸ਼ਨਲ ਫੀਲਡ ਵਿੱਚ ਹਿੰਦੁਸਤਾਨ ਦੇ ਮੁਫਾਦ ਨੂੰ ਉਨ੍ਹਾਂ ਨੇ ਬਹੁਤ ਅੱਛੇ ਢੰਗ ਨਾਲ ਪਲੀਡ ਕੀਤਾ । ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਲੋਕਾਂ ਦੀਆਂ ਹੜ੍ਹਾਂ ਦੇ ਕਾਰਨ ਜਾਨਾਂ ਚਲੀਆਂ ਗਈਆਂ ਹਨ, ਜੋ ਲੋਕ ਇਸ ਕੁਦਰਤੀ ਆਫਤ ਦੀ ਲਪੇਟ ਵਿੱਚ ਆ ਗਏ, ਜੋ ਕੁਦਰਤ ਨੇ ਏਨੇ ਇੰਜਾਮ ਦੇ ਵਿੱਚ ਆ ਕੇ ਕਰਿਸ਼ਮਾ ਦਿਖਾਇਆ, ਇਸ ਬਿਪਤਾ ਵਿੱਚ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ, ਮੈਂ ਉਨ੍ਹਾਂ ਨੂੰ ਵੀ ਇਥੇ ਸ਼ਰਧਾਂਜਲੀ ਭੇਂਟ ਕਰਨਾ ਚਾਹੁੰਦਾ ਹਾਂ । ਮੈਂ ਆਪਣੇ ਵੱਲੋਂ, ਆਪਣੀ ਪਾਰਟੀ ਵੱਲੋਂ ਇਨ੍ਹਾਂ ਨੇਤਾਵਾਂ ਔਰ ਇਨ੍ਹਾਂ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ਔਰ ਪਰਮਪਿਤਾ ਪਰਮਾਤਮਾ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਉਹ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ । ਮੈਂ ਇਸ ਹਾਊਸ ਨਾਲ ਸਹਿਮਤ ਹਾਂ ਕਿ ਇਸ ਕੰਡੋਲੈਂਸ ਮੈਸੇਜ ਦਾ ਰੈਜ਼ੋਲਿਊਸ਼ਨ ਪਾਸ ਕਰਕੇ ਜੋ ਕਿ ਸੀ.ਐਮ. ਸਾਹਿਬ ਨੇ ਏਥੇ ਰੱਖਿਆ ਹੈ, ਇਸ ਦੀ ਕਾਪੀ ਸਭ ਦੇ ਪਰਿਵਾਰਾਂ ਨੂੰ ਭੇਜੀ ਜਾਣੀ ਚਾਹੀਦੀ ਹੈ ਔਰ ਇਸ ਦੇ ਨਾਲ ਹੀ ਇਸ ਸਦਨ ਦੀ ਕਾਰਵਾਈ ਕੰਡੋਲੈਂਸ ਤੋਂ ਬਾਅਦ ਮੁਲਤਵੀ ਕਰ ਦੇਣੀ ਚਾਹੀਦੀ ਹੈ ।

**ਮੁੱਖ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਨਾਂ ਮਿੱਤਲ ਸਾਹਿਬ ਨੇ ਪੇਸ਼ ਕੀਤੇ ਹਨ ਉਹ ਵੀ ਲਿਸਟ ਦੇ ਵਿੱਚ ਇਨਕਲੂਡ ਕਰ ਲੈਣੇ ਚਾਹੀਦੇ ਹਨ ।

**Mr. Deputy Speaker** : We will include them.

**ਸ੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ)** : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਅੱਜ ਸਾਡੇ ਸਦਨ ਦੇ ਸਾਹਮਣੇ ਅੱਠ ਵਿਅਕਤੀਆਂ ਦੇ ਸ਼ੋਕ ਦੀ ਸੂਚੀ ਪਈ ਹੈ । ਮੈਂ ਆਪਣੇ ਸੀ.ਪੀ.ਆਈ. ਗਰੁੱਪ ਵੱਲੋਂ ਸਭ ਦੇ ਬਾਰੇ ਸਹਾਨਭੂਤੀ ਔਰ ਸ਼ਰਧਾਂਜਲੀ ਦਾ ਪ੍ਰਗਟਾਵਾ ਕਰਦੀ ਹਾਂ ਔਰ ਇਨ੍ਹਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦੀ ਹੋਈ ਇਨ੍ਹਾਂ ਦੇ ਪਰਿਵਾਰਾਂ ਨੂੰ ਸ਼ੋਕ ਭਾਵਨਾਵਾਂ ਭੇਜਦੀ ਹਾਂ । ਸੱਭ ਤੋਂ ਪਹਿਲਾਂ ਸਰਦਾਰ ਹਰਚਰਨ ਸਿੰਘ ਜੀ ਅਜਨਾਲਾ ਜੋ ਕਿ ਵਿਧਾਨ ਸਭਾ ਦੇ ਸਪੀਕਰ ਸਨ ਔਰ ਸਾਡੇ ਜ਼ਿਲ੍ਹੇ ਦੇ ਬੜੇ ਯੋਗ ਵਿਅਕਤੀ ਸਨ ।

Original with;
Punjab Vidhan Sabha
Digitized by;
Panjab Digital Library

ਸਾਡੇ ਇਲਾਕੇ ਦੇ ਵਿੱਚ ਮੀਰਾਕੋਟ ਦੇ ਵਿੱਚ ਉਨ੍ਹਾਂ ਦੀ ਕੋਠੀ ਸੀ । ਮੈਨੂੰ ਉਨ੍ਹਾਂ ਨੂੰ ਨਿੱਜੀ ਤੌਰ ਤੇ ਜਾਨਣ ਦਾ ਵੀ ਮੌਕਾ ਮਿਲਿਆ ਜਦੋਂ ਉਹ ਇਸ ਹਾਊਸ ਦੇ ਸਪੀਕਰ ਬਣੇ । ਅਜਨਾਲਾ ਸਾਹਿਬ ਬਗੈਰ ਅੱਜ ਇਹ ਸਦਨ ਸੁੰਨਾ ਅਤੇ ਬਹੁਤ ਖਾਲੀ ਖਾਲੀ ਲਗਦਾ ਹੈ । ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਵੇਲੇ ਅਜਨਾਲਾ ਜੀ ਬਤੌਰ ਐਜੂਕੇਸ਼ਨ ਮਨਿਸਟਰ ਸਨ । ਉਨ੍ਹਾਂ ਨੇ ਐਜੂਕੇਸ਼ਨ ਮਨਿਸਟਰ ਦੇ ਤੌਰ ਤੇ ਪ੍ਰਾਇਮਰੀ ਐਜੂਕੇਸ਼ਨ ਦੇ ਵਿਕਾਸ ਵਿੱਚ ਵਿਸ਼ੇਸ਼ ਤੌਰ ਤੇ ਬੜਾ ਯੋਗਦਾਨ ਦਿੱਤਾ, ਉਨ੍ਹਾਂ ਦੀ ਬੜੀ ਭਾਰੀ ਕੰਟਰੀਬਿਊਸ਼ਨ ਸੀ । ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਦੇ ਮੈਂਬਰ ਵੀ ਸਨ ਔਰ ਉਹ ਇਕ ਬੜੇ ਕਾਬਲ ਔਰ ਬੜੇ ਕਲਚਰਡ ਇਨਸਾਨ ਸਨ, ਉਹ ਸ਼ੇਅਰੋ-ਸ਼ਾਇਰੀ ਔਰ ਪੋਇਟਰੀ ਦੇ ਵਿੱਚ ਬੜੀ ਦਿਲਚਸਪੀ ਰੱਖਦੇ ਸਨ । ਮਾਰਚ, 1992 ਵਿੱਚ ਅਜਨਾਲਾ ਜੀ ਵਿਧਾਨ ਸਭਾ ਦੇ ਸਪੀਕਰ ਚੁਣੇ ਗਏ ਔਰ ਉਸ ਤੋਂ ਬਾਅਦ ਉਨ੍ਹਾਂ ਦਾ ਸਾਡੇ ਨਾਲ ਨੇੜੇ ਦਾ ਸਬੰਧ ਰਿਹਾ ਹੈ । ਮੈਂ ਇਹ ਗੱਲ ਕਹਿਣਾ ਚਾਹਾਂਗੀ ਕਿ ਭਾਵੇਂ ਸਪੀਕਰ ਰੂਲਿੰਗ ਪਾਰਟੀ ਦਾ ਹੀ ਹੁੰਦਾ ਹੈ ਪਰ ਸਪੀਕਰ ਦੇ ਵਿੱਚ ਇਕ ਬਹੁਤ ਵੱਡਾ ਗੁਣ ਹੋਣਾ ਜ਼ਰੂਰੀ ਹੁੰਦਾ ਹੈ ਅਤੇ ਉਹ ਹੈ ਨਿਰਪੱਖਤਾ ਦੀ ਭਾਵਨਾ ਅਤੇ ਇਹ ਗੁਣ ਅਜਨਾਲਾ ਜੀ ਵਿੱਚ ਸੀ । ਅਸੀਂ ਦੇਖਿਆ ਹੈ ਕਿ ਬਹੁਤ ਵਾਰੀ ਕੁਐਸਚਨ ਆਵਰ ਦੀ ਡਿਸਕਸ਼ਨ ਦੇ ਸਬੰਧ ਵਿੱਚ ਕਾਫੀ ਵਾਰੀ ਅਜਨਾਲਾ ਜੀ ਮਨਿਸਟਰ ਸਾਹਿਬਾਨ ਦੀ ਆਲੋਚਨਾ ਕਰਨ ਤੋਂ ਵੀ ਸੰਕੋਚ ਨਹੀਂ ਸਨ ਕਰਦੇ । ਸਾਡੇ ਗਰੁੱਪ ਵੱਲੋਂ ਜਿਹੜੇ ਮਸਲੇ ਉਨ੍ਹਾਂ ਨੂੰ ਲਿਖ ਕੇ ਚਿੱਠੀ ਰਾਹੀਂ ਭੇਜਦੇ ਸਾਂ, ਉਹ ਉਨ੍ਹਾਂ ਸਾਰੀਆਂ ਚਿੱਠੀਆਂ ਦਾ ਜਵਾਬ ਭੇਜਦੇ ਹੁੰਦੇ ਸਨ । ਅਪੋਜ਼ੀਸ਼ਨ ਵਾਲਿਆਂ ਦੀਆਂ ਗੱਲਾਂ ਸੁਣਦੇ ਸਨ । ਐਮ.ਐਲ.ਏ. ਦੀਆਂ ਔਕੜਾਂ ਦਾ ਅਹਿਸਾਸ ਕਰਕੇ ਉਨ੍ਹਾਂ ਦੀ ਮਦਦ ਕਰਨਾ ਚਾਹੁੰਦੇ ਸਨ । ਇਸ ਹਾਊਸ ਵਿੱਚ ਪਿਛਲੇ ਕੁਝ ਅਰਸੇ ਵਿੱਚ ਬੜੇ ਤਿੱਖੇ ਮਤਭੇਦ ਪੈਦਾ ਹੋਏ, ਮਸਲੇ ਖੜ੍ਹੇ ਹੋਏ, ਝਗੜੇ ਹੋਏ, ਵਾਕ-ਆਊਟ ਹੋਏ ਅਤੇ ਧਰਨੇ ਵੀ ਮਾਰੇ ਗਏ । ਕਈ ਵਾਰੀ ਸੰਕਟ ਭਰੀ ਸਥਿਤੀ ਆ ਜਾਣ ਤੇ ਅਜਨਾਲਾ ਜੀ ਨੇ ਇਨ੍ਹਾਂ ਮਸਲਿਆਂ ਨੂੰ ਆਪਣੀ ਸੂਝ-ਬੂਝ ਨਾਲ ਹੱਲ ਕਰਨ ਦਾ ਸ਼ੁਰੂ ਤੋਂ ਹੀ ਯਤਨ ਕੀਤਾ । ਮੈਂ ਜ਼ਾਤੀ ਤੌਰ ਤੇ ਇਹ ਗੱਲ ਕਹਿਣਾ ਚਾਹੁੰਦੀ ਹਾਂ ਕਿ ਜੋ ਵੀ ਐਮ.ਐਲ.ਏਜ਼ ਦੀਆਂ ਪਰਸਨਲ ਡਿਫੀਕਲਟੀਜ਼ ਹੁੰਦੀਆਂ ਸਨ, ਉਨ੍ਹਾਂ ਵਿੱਚ ਉਨ੍ਹਾਂ ਦੀ ਬਹੁਤ ਦਿਲਚਸਪੀ ਹੁੰਦੀ ਸੀ । ਮੇਰਾ ਜਦੋਂ ਐਕਸੀਡੈਂਟ ਹੋਇਆ, ਉਹ 2-3 ਵਾਰੀ ਹਸਪਤਾਲ ਵਿੱਚ ਮੇਰਾ ਪਤਾ ਲੈਣ ਗਏ ਹਾਲਾਂਕਿ ਉਨ੍ਹਾਂ ਦੀ ਧਰਮ ਪਤਨੀ ਵੀ ਬਿਮਾਰ ਸਨ । ਜਦੋਂ ਮੈਂ ਉਨ੍ਹਾਂ ਦਾ ਪਤਾ ਕਰਨ ਲਈ ਉਨ੍ਹਾਂ ਨੂੰ ਟੈਲੀਫੋਨ ਕੀਤਾ ਤਾਂ ਅਜਨਾਲਾ ਜੀ ਆਪ ਹੀ ਪੀ.ਜੀ.ਆਈ. ਵਿੱਚ ਦਾਖਲ ਸਨ । 3-4 ਦਿਨਾਂ ਤੋਂ ਬਾਅਦ ਹੀ ਟੈਲੀਵੀਜ਼ਨ ਤੋਂ ਖ਼ਬਰ ਸੁਣ ਕੇ ਬੜਾ ਸਦਮਾ ਲੱਗਿਆ ਕਿ ਅਜਨਾਲਾ ਜੀ ਖ਼ਤਮ ਹੋ ਗਏ ਹਨ । ਉਨ੍ਹਾਂ ਦੇ ਜਾਣ ਨਾਲ ਪੰਜਾਬ ਦੀ ਅਸੈਂਬਲੀ ਨੂੰ, ਨਾ ਕੇਵਲ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਵਿਮਲਾ ਡਾਂਗ]

ਕਾਂਗਰਸ ਪਾਰਟੀ ਨੂੰ ਸਗੋਂ ਸਾਰੇ ਪ੍ਰਾਂਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਮੈਂ ਆਪਣੀ ਪਾਰਟੀ ਵੱਲੋਂ ਇਸ ਗੱਲ ਦੀ ਆਸ ਕਰਦੀ ਹਾਂ ਕਿ ਕੱਲ੍ਹ ਜਦੋਂ ਅਸੀਂ ਨਵੇਂ ਸਪੀਕਰ ਦੀ ਚੋਣ ਕਰੀਏ ਤਾਂ ਉਹ ਵੀ ਅਜਨਾਲਾ ਸਾਹਿਬ ਵਾਂਗ ਨਿਰਪੱਖਤਾ ਵਾਲੇ ਹੋਣ। ਖਾਸ ਤੌਰ ਤੇ ਅਪੋਜ਼ੀਸ਼ਨ ਵੱਲ ਜ਼ਰੂਰ ਨਿਰਪੱਖ ਹੋਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਅਜਨਾਲਾ ਸਾਹਿਬ ਦੇ ਪਰਿਵਾਰ ਨਾਲ ਸਹਾਨਭੂਤੀ ਦਾ ਪ੍ਰਗਟਾਵਾ ਕਰਦੀ ਹਾਂ ਅਤੇ ਸ਼ਰਧਾਂਜਲੀ ਅਰਪਨ ਕਰਦੀ ਹਾਂ।

ਦੂਸਰੀ ਮਹਾਨ ਸ਼ਖਸ਼ੀਅਤ ਹਨ ਪ੍ਰੋਫੈਸਰ ਸੱਯਦ ਨੂਰੁਲ ਹਸਨ ਜਿਹੜੇ ਕਿ ਆਪਣੀ ਮੌਤ ਦੇ ਸਮੇਂ ਵੈਸਟ ਬੰਗਾਲ ਦੇ ਅਤਿ ਸਨਮਾਨਿਤ ਗਵਰਨਰ ਸਨ। ਸਾਲ 1972 ਤੋਂ ਲੈ ਕੇ 1977 ਤੱਕ ਉਹ ਐਜੂਕੇਸ਼ਨ, ਸ਼ੋਸ਼ਲ ਵੈਲਫੇਅਰ ਅਤੇ ਕਲਚਰਲ ਦੇ ਮਨਿਸਟਰ ਰਹੇ ਅਤੇ 1984 ਤੋਂ 1986 ਤੱਕ ਤਿੰਨ ਸਾਲ ਤੱਕ ਫਾਰਮਰ ਸੋਵੀਅਤ ਯੂਨੀਅਨ ਵਿੱਚ ਬਤੌਰ ਹਿੰਦੁਸਤਾਨੀ ਐਮਬੈਸਡਰ ਰਹੇ। ਉਨ੍ਹਾਂ ਦੀ ਮੌਤ ਉਪਰੰਤ ਵੈਸਟ ਬੰਗਾਲ ਦੀ ਸਰਕਾਰ ਨੇ ਤਿੰਨ ਦਿਨਾਂ ਦੀ ਸਟੇਟ ਮੌਰਨਿੰਗ ਡਿਕਲੇਅਰ ਕੀਤੀ। ਉਹ ਹਿੰਦੁਸਤਾਨ ਦੇ ਇਕ ਲਾਇਕ ਆਦਮੀ ਸਨ। ਉਨ੍ਹਾਂ ਨੇ ਪੁਰਾਤਨ ਭਾਰਤ ਦਾ ਸਮਾਜਿਕ ਅਤੇ ਆਰਥਿਕ ਇਤਿਹਾਸ ਦਾ ਅਧਿਐਨ ਕੀਤਾ। ਉਹ ਇਕ ਲਿਬਰਲ ਸਕਾਲਰ ਸਨ ਸੈਕੂਲਰ ਇਨਸਾਨ ਸਨ ਅਤੇ ਸੈਕੂਲਰਿਜ਼ਮ ਵਿੱਚ ਵਿਸ਼ਵਾਸ ਰੱਖਣ ਵਾਲੇ ਸਨ। ਉਨ੍ਹਾਂ ਦੀ ਮੌਤ ਨਾਲ ਸਾਨੂੰ ਜਾਤੀ ਘਾਟਾ ਮਹਿਸੂਸ ਹੁੰਦਾ ਹੈ। ਉਨ੍ਹਾਂ ਦੇ ਪਰਿਵਾਰ ਨੂੰ ਅਸੀਂ ਆਪਣੇ ਵੱਲੋਂ ਸ਼ਰਧਾਂਜਲੀ ਅਰਪਨ ਕਰਦੇ ਹਾਂ।

ਇਸ ਤੋਂ ਬਾਅਦ ਸਾਬਕਾ ਮੰਤਰੀ, ਸਰਦਾਰ ਅਜਮੇਰ ਸਿੰਘ ਜਿਹੜੇ ਕਿ ਸਰਦਾਰ ਪਰਤਾਪ ਸਿੰਘ ਕੈਰੋਂ ਦੀ ਵਜ਼ਾਰਤ ਵਿੱਚ ਮੰਤਰੀ ਸਨ ਰੈਵੇਨਿਊ ਦੇ ਅਤੇ ਉਹ 16 ਸਾਲ ਚੀਫ਼ ਖਾਲਸਾ ਦੀਵਾਨ ਦੇ ਸੈਕਟਰੀ ਰਹੇ। ਚੀਫ਼ ਖਾਲਸਾ ਦੀਵਾਨ ਇਕ ਅਜਿਹੀ ਸੰਸਥਾ ਹੈ ਜਿਸ ਨੇ ਬਹੁਤ ਸਾਰੇ ਅਦਾਰਿਆਂ ਵਿੱਚ ਸੇਵਾ ਕੀਤੀ ਹੈ। ਉਨ੍ਹਾਂ ਨੇ ਵਿਧਾਨ ਸਭਾ ਦੀਆਂ ਬਹੁਤ ਸਾਰੀਆਂ ਕਮੇਟੀਆਂ ਵਿੱਚ ਕੰਮ ਕੀਤਾ ਹੈ। ਉਨ੍ਹਾਂ ਦੀ ਮੌਤ ਤੇ ਵੀ ਮੈਂ ਆਪਣੀ ਸ਼ਰਧਾਂਜਲੀ ਅਰਪਨ ਕਰਦੀ ਹਾਂ।

ਸਰਦਾਰ ਜਗਾ ਸਿੰਘ ਲਾਇਲਪੁਰੀ ਜੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਮਨਿਸਟਰੀ ਵਿੱਚ ਰੈਵੇਨਿਊ ਅਤੇ ਰੀਹੈਬਲੀਟੇਸ਼ਨ ਦੇ ਮੰਤਰੀ ਰਹੇ। ਉਹ ਵਿਧਾਨ ਸਭਾ ਦੀਆਂ ਕਈ ਕਮੇਟੀਆਂ ਦੇ ਅਕਾਲੀ ਪਾਰਟੀ ਦੇ ਦੌਰਾਨ ਮੈਂਬਰ ਵੀ ਰਹੇ। ਮੈਂ ਉਨ੍ਹਾਂ ਨੂੰ ਵੀ ਆਪਣੀ ਸ਼ਰਧਾਂਜਲੀ ਭੇਟ ਕਰਦੀ ਹਾਂ।

ਸ੍ਰੀ ਕੇਸ਼ੋ ਦਾਸ ਜੀ ਪਠਾਨਕੋਟ ਤੋਂ 1951 ਤੋਂ 1957 ਤੱਕ ਐਮ.ਐਲ.ਏ. ਰਹੇ। ਮੈਂ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਅਰਪਨ ਕਰਦੀ ਹਾਂ।

Original with;
Punjab Vidhan Sabha
Digitized by;
Panjab Digital Library

ਸਾਬਕਾ ਐਮ.ਐਲ.ਏ. ਸਰਦਾਰ ਮਾਧੋ ਸਿੰਘ ਜੀ, ਜਿਨ੍ਹਾਂ ਬਾਰੇ ਮਾਣਯੋਗ ਮੁੱਖ ਮੰਤਰੀ ਜੀ ਨੇ ਦੱਸਿਆ ਉਹ ਹਰੀਜਨ ਲੀਡਰ ਸਨ ਅਤੇ ਉਨ੍ਹਾਂ ਨੇ ਦਲਿਤ ਲੋਕਾਂ ਦੇ ਉਧਾਰ ਲਈ ਕੰਮ ਕੀਤੇ । ਉਹ ਅਨੰਦਪੁਰ ਸਾਹਿਬ ਹਲਕੇ ਤੋਂ ਐਮ.ਐਲ.ਏ. ਰਹੇ ਅਤੇ ਰੋਪੜ ਦੇ ਮਿਊਂਸਪਲ ਕਮਿਸ਼ਨਰ ਵੀ ਰਹੇ । ਮੈਂ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਅਰਪਨ ਕਰਦੀ ਹਾਂ ।

ਸਰਦਾਰ ਪ੍ਰੀਤਮ ਸਿੰਘ ਜੀ ਕਾਹਲੋਂ ਸਾਲ 1969 ਵਿੱਚ ਧਾਰੀਵਾਲ ਤੋਂ ਐਮ.ਐਲ.ਏ. ਚੁਣੇ ਗਏ ਸਨ । ਬੜੇ ਪ੍ਰਸਿੱਧ ਅਕਾਲੀ ਲੀਡਰ ਸਨ । 15 ਸਾਲ ਐਸ.ਜੀ.ਪੀ.ਸੀ. ਦੀ ਐਗਜ਼ੈਕਟਿਵ ਬਾਡੀ ਦੇ ਮੈਂਬਰ ਰਹੇ । ਮੌਤ ਸਮੇਂ ਉਨ੍ਹਾਂ ਦੀ ਉਮਰ 88 ਵਰ੍ਹਿਆਂ ਦੀ ਸੀ । ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਨ ਕਰਦੀ ਹਾਂ ।

ਜਸਟਿਸ ਮੇਹਰ ਸਿੰਘ ਜੀ ਸਾਨੂੰ ਵਿਛੋੜਾ ਦੇ ਗਏ, ਉਹ ਪੰਜਾਬ ਅਤੇ ਹਰਿਆਣਾ ਦੇ ਚੀਫ਼ ਜਸਟਿਸ ਸਨ ਅਤੇ ਥੋੜ੍ਹੇ ਸਮੇਂ ਲਈ ਪੰਜਾਬ ਦੇ ਗਵਰਨਰ ਵੀ ਰਹੇ। ਮੈਂ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਅਰਪਨ ਕਰਦੀ ਹਾਂ ।

ਮੈਂ ਆਸ ਕਰਦੀ ਹਾਂ ਕਿ ਕੋਈ ਨਾਮ ਨਹੀਂ ਰਹਿ ਗਿਆ, ਜਿੰਨੇ ਮੈਂਬਰ ਵਿਛੜੇ ਹਨ ਉਨ੍ਹਾਂ ਦੇ ਸਾਰੇ ਪਰਿਵਾਰ ਦੇ ਨਾਲ ਸੀ.ਪੀ.ਆਈ. ਵੱਲੋਂ ਦੁੱਖ ਸਾਂਝਾ ਕਰਦੀ ਹੋਈ ਮੈਂ ਉਨ੍ਹਾਂ ਨੂੰ ਸ਼ਰਧਾ ਭਾਵਨਾਵਾਂ ਭੇਟ ਕਰਦੀ ਹਾਂ ।

ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ) : ਮਾਣਯੋਗ ਡਿਪਟੀ ਸਪੀਕਰ ਸਾਹਿਬ, ਅੱਜ ਜਦੋਂ ਅਸੀਂ ਮਹਾਨ ਸਦਨ ਵਿੱਚ ਜੁੜੇ ਹਾਂ, ਇਹ ਸਦਨ ਜਿਹੜਾ ਹੈ ਇਹ ਸਾਨੂੰ ਸੁੰਨਾ ਸੁੰਨਾ ਦਿਖਾਈ ਦੇ ਰਿਹਾ ਹੈ ਕਿਉਂਕਿ ਸਰਦਾਰ ਹਰਚਰਨ ਸਿੰਘ ਜੀ ਅਜਨਾਲਾ, ਜਿਨ੍ਹਾਂ ਦੀ ਅਗਵਾਈ ਦੇ ਵਿੱਚ ਇਹ ਸਦਨ ਚਲਿਆ ਅਤੇ ਉਨ੍ਹਾਂ ਨੇ ਇਸ ਸਦਨ ਨੂੰ ਸੇਧ ਦਿੱਤੀ, ਜਿੱਥੇ ਬਤੌਰ ਸਪੀਕਰ ਦੇ ਉਨ੍ਹਾਂ ਨੇ ਰੋਲ ਬੜੇ ਸੁਚੱਜੇ ਢੰਗ ਨਾਲ ਨਿਭਾਇਆ, ਉੱਥੇ ਅਸੀਂ ਬਤੌਰ ਐਮ.ਐਲ.ਏ. ਉਨ੍ਹਾਂ ਨੂੰ ਆਪਣਾ ਲੀਡਰ ਵੀ ਸਮਝਦੇ ਰਹੇ ਜਿਨ੍ਹਾਂ ਨੇ ਸਾਨੂੰ ਐਜੂਕੇਟ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਸ ਸਦਨ ਨੂੰ ਬਿਨਾ ਕਿਸੇ ਭੇਦ-ਭਾਵ ਦੇ ਠੀਕ ਢੰਗ ਨਾਲ ਚਲਾ ਕੇ ਇਸ ਪ੍ਰਤਿਸ਼ਠਾ ਵਿੱਚ ਵਾਧਾ ਕੀਤਾ । ਸਾਨੂੰ ਇਸ ਗੱਲ ਦਾ ਗਿਆਨ ਨਹੀਂ ਸੀ ਕਿ ਸਰਦਾਰ ਅਜਨਾਲਾ ਜੀ ਇੰਨੀ ਛੇਤੀ ਵਿੱਛੜ ਜਾਣਗੇ, ਜਿਸ ਸਮੇਂ ਉਨ੍ਹਾਂ ਦੀ ਮੌਤ ਦੀ ਖ਼ਬਰ ਸੁਣੀ ਤਾਂ ਉਨ੍ਹਾਂ ਦੀ ਮੌਤ ਤੋਂ ਬਾਅਦ, ਉਨ੍ਹਾਂ ਦੀ ਮੌਤ ਦਾ ਦੁੱਖ ਕਿਸੇ ਪਾਰਟੀ ਜਾਂ ਵਰਗ ਨੂੰ ਨਹੀਂ ਬਲਕਿ ਸਮੁੱਚੇ ਪੰਜਾਬ ਨੂੰ, ਦੇਸ਼ ਦੇ ਲੋਕਾਂ ਨੂੰ ਹੋਇਆ ਹੈ । ਸਮੁੱਚੀ ਅਪੋਜ਼ੀਸ਼ਨ ਨੇ ਇਸ ਨੂੰ ਬੜਾ ਭਾਰੀ ਘਾਟਾ ਸਮਝਿਆ ਹੈ ਕਿਉਂਕਿ ਉਨ੍ਹਾਂ ਦੇ ਵਿੱਚ ਬਹੁਤ ਵੱਡੇ ਗੁਣ ਸਨ, ਉਹ ਬੜੇ ਸੋਬਰ ਸਨ, ਨਰਮ ਸੁਭਾਅ ਦੇ ਸਨ । ਉਹ ਹਰ ਵਰਗ ਨੂੰ ਠੀਕ ਤਰੀਕੇ ਨਾਲ ਟਰੀਟ ਕਰਦੇ ਸਨ । ਅਸੈਂਬਲੀ ਵਿੱਚ ਜੋ ਉਤਰਾਅ ਚੜ੍ਹਾਅ ਅਤੇ ਗਰਮ ਮੌਕੇ ਆਏ ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ]

ਨੇ ਬੜੇ ਸੁਚੱਜੇ ਢੰਗ ਨਾਲ ਹੱਲ ਕੀਤੇ ਔਰ ਜਦੋਂ ਸਾਨੂੰ ਕਦੇ ਕੋਈ ਗਿਲਾ ਹੁੰਦਾ ਸੀ ਤਾਂ ਅਸੀਂ ਸਪੀਕਰ ਸਾਹਿਬ ਦੇ ਚੈਂਬਰ ਵਿੱਚ ਜਾਂਦੇ ਸੀ, ਮੈਂ ਮਹਿਸੂਸ ਕਰਦਾ ਹਾਂ ਕਿ ਜਦੋਂ ਵੀ ਉਨ੍ਹਾਂ ਦੇ ਚੈਂਬਰ ਵਿੱਚੋਂ ਬਾਹਰ ਆਉਂਦੇ ਸੀ ਤਾਂ ਹਰ ਕੋਈ ਸਮਝਦਾ ਸੀ ਕਿ ਸਪੀਕਰ ਸਾਹਿਬ ਮੇਰੇ ਹਨ ਅਤੇ ਉਹ ਆਪਣੇ ਬੱਚਿਆਂ ਵਾਂਗ ਸਾਨੂੰ ਟਰੀਟ ਕਰਦੇ ਸਨ ਅਤੇ ਤਸੱਲੀ ਕਰਵਾ ਦਿੰਦੇ ਸਨ । ਜਿਵੇਂ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਇਸ ਸਦਨ ਦੇ ਵਿੱਚ ਬੜੇ ਮੌਕੇ ਆਏ, ਬੜੇ ਉਤਰਾਅ ਚੜ੍ਹਾਅ ਆਏ ਪਰ ਸਪੀਕਰ ਸਾਹਿਬ ਨੇ ਉਨ੍ਹਾਂ ਮੌਕਿਆਂ ਨੂੰ ਆਪਣੀ ਸੂਝਬੂਝ ਦੇ ਨਾਲ, ਆਪਣੇ ਗਿਆਨ ਦੇ ਨਾਲ ਬੜੇ ਸੁਚੱਜੇ ਢੰਗ ਨਾਲ ਹੱਲ ਕਰਕੇ ਸਾਡੀ ਇਸ ਵਿਧਾਨ ਸਭਾ ਦੀ ਪ੍ਰਤਿਸ਼ਠਾ ਵਿੱਚ ਵਾਧਾ ਕੀਤਾ । ਉਨ੍ਹਾਂ ਦੇ ਬੋਲ ਜੋ ਅਸੀਂ ਯਾਦ ਕਰਦੇ ਹਾਂ, ਇਥੇ ਬਹੁਤ ਸਾਰੇ ਸ਼ੋਕ ਮਤੇ ਪਾਸ ਕੀਤੇ ਗਏ, ਅਜਨਾਲਾ ਸਾਹਿਬ ਉਨ੍ਹਾਂ ਤੇ ਆਪਣੇ ਵਿਚਾਰ ਦਿੰਦੇ ਸੀ ਔਰ ਜਦੋਂ ਉਹ ਬੋਲਦੇ ਸਨ ਤਾਂ ਇੰਝ ਪ੍ਰਤੀਤ ਹੁੰਦਾ ਸੀ ਕਿ ਉਨ੍ਹਾਂ ਦੇ ਮੂੰਹ ਵਿੱਚੋਂ ਫੁੱਲ ਗਿਰ ਰਹੇ ਹੋਣ । ਜਿਸ ਢੰਗ ਨਾਲ ਉਹ ਉਰਦੂ ਅਤੇ ਪੰਜਾਬੀ ਦੇ ਸ਼ਬਦਾਂ ਨਾਲ ਆਪਣੇ ਜਜ਼ਬਾਤ ਪੇਸ਼ ਕਰਦੇ ਸਨ, ਉਸ ਤੋਂ ਹਰ ਬੰਦਾ ਪ੍ਰਭਾਵਿਤ ਹੁੰਦਾ ਸੀ । ਮੈਂ ਉਨ੍ਹਾਂ ਦੇ ਹਲਕੇ ਵਿੱਚ ਗਿਆ, ਉਥੇ ਉਨ੍ਹਾਂ ਦਾ ਬੜਾ ਮਾਣ-ਸਤਿਕਾਰ ਸੀ । ਉਹ ਜ਼ਿਲ੍ਹਾ ਪ੍ਰੀਸ਼ਦ ਦੇ ਸਕੱਤਰ ਹੋਣ ਦੇ ਨਾਤੇ ਬੜੇ ਪਾਪੂਲਰ ਸਨ । ਉਨ੍ਹਾਂ ਦਾ ਲੋਕਾਂ ਨਾਲ ਬੜਾ ਰਾਬਤਾ ਸੀ । ਉਨ੍ਹਾਂ ਨੇ ਬਤੌਰ ਐਮ.ਐਲ.ਏ. ਤੇ ਐਜੂਕੇਸ਼ਨ ਮਨਿਸਟਰ ਜੋ ਰੋਲ ਅਦਾ ਕੀਤਾ, ਉਹ ਸਭ ਦੇ ਸਾਹਮਣੇ ਹੈ । ਅੱਜ ਇਸ ਹਾਊਸ ਵਿੱਚੋਂ ਉਨ੍ਹਾਂ ਦਾ ਚਲੇ ਜਾਣਾ, ਸਾਡੇ ਸਾਰਿਆਂ ਲਈ ਬੜੇ ਘਾਟੇ ਵਾਲੀ ਗੱਲ ਹੈ । ਆਉਣ ਵਾਲੇ ਸਮੇਂ ਵਿਚ ਜੋ ਵੀ ਸੱਜਣ ਇਸ ਕੁਰਸੀ ਤੇ ਬਿਰਾਜਮਾਨ ਹੋਣਗੇ, ਅਸੀਂ ਉਨ੍ਹਾਂ ਤੋਂ ਇਹੀ ਆਸ ਰਖਾਂਗੇ ਕਿ ਜਿਵੇਂ ਸਰਦਾਰ ਅਜਨਾਲਾ ਜੀ ਨੇ ਇਸ ਹਾਊਸ ਦੀ ਪ੍ਰਤਿਸ਼ਠਾ ਵਿਚ ਵਾਧਾ ਕੀਤਾ, ਉਸੇ ਪ੍ਰਕਾਰ ਉਹ ਵੀ ਇਸ ਹਾਊਸ ਦੀ ਪ੍ਰਤਿਸ਼ਠਾ ਬਣਾਈ ਰੱਖਣਗੇ । ਸੋ, ਮੈਂ ਆਪਣੀ ਪਾਰਟੀ ਵੱਲੋਂ ਅਤੇ ਆਪਣੇ ਵੱਲੋਂ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਵਿਚ ਸ਼ਾਮਲ ਹੁੰਦਾ ਹਾਂ ਅਤੇ ਦਿਲੀ ਹਮਦਰਦੀ ਪੇਸ਼ ਕਰਦਾ ਹਾਂ ।

ਇਸੇ ਤਰ੍ਹਾਂ ਸਰਦਾਰ ਅਜਮੇਰ ਸਿੰਘ ਜੀ, ਐਕਸ-ਮਨਿਸਟਰ, ਪੰਜਾਬ ਅਤੇ ਸਰਦਾਰ ਤਾਰਾ ਸਿੰਘ ਲਾਇਲਪੁਰੀ ਜੋ ਕਿ ਅਕਾਲੀ ਪਾਰਟੀ ਦੇ ਲੀਡਰ ਸਨ ਅਤੇ ਰੇਵਨਿਊ ਮਨਿਸਟਰ ਵੀ ਸਨ । ਉਨ੍ਹਾਂ ਨੇ ਪੰਜਾਬ ਵਿਚ ਬਤੌਰ ਐਮ.ਐਲ.ਏ. ਅਤੇ ਸਿਆਸਤਦਾਨ ਵੱਜੋਂ ਬੜਾ ਅਹਿਮ ਹਿੱਸਾ ਪਾਇਆ ।

ਇਸ ਤੋਂ ਇਲਾਵਾ ਸਰਦਾਰ ਮਾਧੋ ਸਿੰਘ ਜੀ ਜੋ ਕਿ ਪੰਜਾਬ ਦੇ ਸਾਬਕਾ ਐਮ.ਐਲ.ਏ. ਸਨ ਤੇ ਪਛੜੀਆਂ ਜਾਤਾਂ ਨਾਲ ਸਬੰਧ ਰੱਖਦੇ ਸਨ ਉਨ੍ਹਾਂ ਨੂੰ ਰੋਪੜ ਵਿਖੇ ਮੈਨੂੰ ਮਿਲਣ ਦਾ ਮੌਕਾ ਮਿਲਿਆ । ਮੈਂ ਉਨ੍ਹਾਂ ਦੇ ਵਿਚਾਰਾਂ ਤੋਂ ਬੜਾ ਪ੍ਰਭਾਵਿਤ ਹੋਇਆ । ਉਨ੍ਹਾਂ ਵਿਚ ਲੀਡਰ ਵਾਲੀ ਕੋਈ ਗੱਲ ਨਹੀਂ ਸੀ ਬਲਕਿ ਉਹ ਆਮ ਲੋਕਾਂ

Original with;
Punjab Vidhan Sabha
Digitized by;
Panjab Digital Library

ਨੂੰ ਬੜੇ ਪਿਆਰ ਨਾਲ ਮਿਲਦੇ ਸਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਫਖ਼ਰ ਸੀ ਕਿ ਉਹ ਪਛੜੀਆਂ ਜਾਤਾਂ ਨਾਲ ਸਬੰਧ ਰੱਖਦੇ ਹਨ । ਉਨ੍ਹਾਂ ਦੀਆਂ ਡੀ.ਸੀ. ਦਫਤਰ ਵਿਖੇ ਮੈਂ ਗੱਲਾਂ ਸੁਣੀਆਂ ਅਤੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਵਿਚ ਕੋਈ ਇਨਫੀਰੀਆਰਿਟੀ ਕੰਪਲੈਕਸ ਨਹੀਂ ਸੀ ।

ਇਸ ਦੇ ਨਾਲ ਹੀ ਮੈਂ ਸ੍ਰੀ ਕੇਸ਼ੋ ਦਾਸ, ਸਾਬਕਾ ਐਮ.ਐਲ.ਏ. ਜਿਹੜੇ ਕਿ ਸਾਡੇ ਬਜ਼ੁਰਗ ਆਗੂ ਸਨ, ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਜਸਟਿਸ ਮੇਹਰ ਸਿੰਘ ਜੀ ਜਿਨ੍ਹਾਂ ਦੀ ਸਾਡੇ ਦੇਸ਼ ਅਤੇ ਪੰਜਾਬ ਨੂੰ ਬੜੀ ਦੇਣ ਹੈ, ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਰਦਾਰ ਪ੍ਰੀਤਮ ਸਿੰਘ ਜੀ ਕਾਹਲੋਂ, ਸਾਬਕਾ ਐਮ.ਐਲ.ਏ. ਵੀ ਸਾਥੋਂ ਵਿੱਛੜ ਗਏ । ਇਸ ਤੋਂ ਇਲਾਵਾ ਸ੍ਰੀ ਗਿਰੀ ਲਾਲ ਜੀ ਜੈਨ ਅਤੇ ਜਸਟਿਸ ਏ.ਐਨ. ਗਰੋਵਰ ਜੀ ਵੀ ਸਾਥੋਂ ਵਿੱਛੜ ਗਏ । ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਇਸ ਦੇ ਨਾਲ ਹੀ ਪਿਛਲੇ ਸਮੇਂ ਦੌਰਾਨ ਪੰਜਾਬ ਵਿਚ ਜੋ ਤਬਾਹੀ ਹੋਈ ਹੈ, ਉਸ ਨੇ ਸਾਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਹੈ । ਲੋਕਾਂ ਦਾ ਕਾਫੀ ਮਾਲੀ ਅਤੇ ਜਾਨੀ ਨੁਕਸਾਨ ਹੋਇਆ ਹੈ । ਬਹੁਤ ਸਾਰੇ ਲੋਕ ਹੜ੍ਹਾਂ ਦੀ ਮਾਰ ਹੇਠ ਆਏ ਹਨ ਅਤੇ ਸੈਂਕੜੇ ਕੀਮਤੀ ਜਾਨਾਂ ਹੜ੍ਹਾਂ ਕਾਰਨ ਸਾਡੇ ਕੋਲੋਂ ਚਲੀਆਂ ਗਈਆਂ ਹਨ । ਮੈਂ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਭੇਂਟ ਕਰਦਾ ਹਾਂ ।

ਅੰਤ ਵਿਚ ਮੈਂ ਮੁੱਖ ਮੰਤਰੀ ਜੀ ਵੱਲੋਂ ਪੇਸ਼ ਕੀਤੇ ਗਏ ਮਤੇ ਕਿ ਹਮਦਰਦੀ ਉਨ੍ਹਾਂ ਦੇ ਘਰ ਪਰਿਵਾਰਾਂ ਨੂੰ ਭੇਜ ਦਿੱਤੀ ਜਾਵੇ ਅਤੇ ਫਿਰ ਸਦਨ ਉਠਾ ਦਿੱਤਾ ਜਾਵੇ, ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ (ਜ਼ੀਰਾ)** : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਪਿਛਲੇ ਸਦਨ ਤੋਂ ਬਾਅਦ ਸਾਡੇ ਵਿੱਚੋਂ ਜੋ ਅੱਠ ਮਹਾਨ ਹਸਤੀਆਂ ਚਲੀਆਂ ਗਈਆਂ ਹਨ, ਉਹ ਨਾ ਪੂਰਾ ਹੋਣ ਵਾਲਾ ਘਾਟਾ ਹੈ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ । ਅੱਜ ਸਦਨ ਵਿਚ ਆਉਣ ਸਮੇਂ ਇੰਜ ਮਹਿਸੂਸ ਹੋਇਆ ਜਿਵੇਂ ਬੱਚਿਆਂ ਦੇ ਸਿਰ ਤੋਂ ਕੋਈ ਬਜ਼ੁਰਗ ਚਲਾ ਜਾਂਦਾ ਹੈ । ਇਹ ਘਾਟਾ ਹੈ, ਮਾਨਯੋਗ ਸਪੀਕਰ ਸਾਹਿਬ ਸਰਦਾਰ ਹਰਚਰਨ ਸਿੰਘ ਅਜਨਾਲਾ ਜੀ ਦਾ । ਸਰਦਾਰ ਹਰਚਰਨ ਸਿੰਘ ਅਜਨਾਲਾ ਜੀ ਬੜੇ ਮਿਠ ਬੋਲੜੇ ਸਨ । ਵੀਰ ਜੀ, ਭਾਈ, ਬੇਟਾ ਕਹਿ ਕੇ ਬੁਲਾਉਂਦੇ ਸਨ । ਜਿਵੇਂ ਤਰਸੇਮ ਜੀ ਨੇ ਦੱਸਿਆ ਕਿ ਹਰ ਮੌਕੇ ਜਦੋਂ ਅਸੀਂ ਉਨ੍ਹਾਂ ਕੋਲ ਜਾਂਦੇ ਸੀ ਤਾਂ ਅਸੀਂ ਮਹਿਸੂਸ ਕਰਦੇ ਸੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਕਿ ਸਪੀਕਰ ਸਾਹਿਬ ਸਭ ਦੇ ਸਪੀਕਰ ਹਨ । ਸਾਨੂੰ ਬੱਚਿਆਂ ਵਾਂਗ ਪਿਆਰ ਕਰਦੇ ਸਨ । ਅੱਜ ਜੋ ਘਾਟਾ ਪਿਆ, ਸਾਨੂੰ, ਸਦਨ ਨੂੰ ਔਰ ਪੰਜਾਬ ਨੂੰ ਉਹ ਘਾਟਾ ਪੂਰਾ ਹੋਣ ਵਾਲਾ ਨਹੀਂ । ਅੱਜ ਉਨ੍ਹਾਂ ਦੇ ਅਸੂਲਾਂ ਦੀ ਸੱਚੀ ਸ਼ਰਧਾਂਜਲੀ ਤਾਂ ਇਹੀ ਹੈ ਕਿ ਜਿਹੜੇ ਉਹਨਾਂ ਦੇ ਅਸੂਲ ਹਨ ਉਨ੍ਹਾਂ ਦੇ ਅਸੂਲਾਂ ਨੂੰ ਅਪਨਾਈਏ । ਅਸੀਂ ਜਦੋਂ ਉਨ੍ਹਾਂ ਦੇ ਭੋਗ ਤੇ ਗਏ ਤਾਂ ਕੀ ਦੇਖਿਆ ਕਿ ਹਰ ਇੱਕ ਬੱਚਾ, ਹਰ ਇੱਕ ਬਜ਼ੁਰਗ, ਹਰ ਇੱਕ ਮਾਤਾ, ਹਰ ਭੈਣ ਜਿਸ ਦੀਆਂ ਅੱਖਾਂ ਵਿਚੋਂ ਅਥਰੂ ਜਾ ਰਹੇ ਸਨ ਏਨਾ ਪਿਆਰ ਉਨ੍ਹਾਂ ਨੂੰ ਦਿੱਤਾ ਸੀ ਜੋ ਅੱਜ ਤੱਕ ਸਾਨੂੰ ਵੇਖਣ ਦਾ ਮੌਕਾ ਨਹੀਂ ਮਿਲਿਆ, ਇਸ ਲਈ ਉਨ੍ਹਾਂ ਦੇ ਪ੍ਰਤੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ ।

ਇਸੇ ਤਰ੍ਹਾਂ ਮਹਾਨ ਹਸਤੀਆਂ ਸਰਦਾਰ ਅਜਮੇਰ ਸਿੰਘ ਜੀ ਸਾਬਕਾ ਮੰਤਰੀ, ਸਰਦਾਰ ਤਾਰਾ ਸਿੰਘ ਲਾਇਲਪੁਰੀ ਜੋ ਚਾਰ ਵਾਰ ਇਸ ਅਸੈਂਬਲੀ ਦੇ ਵਿੱਚ ਆਏ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਮਨਿਸਟਰੀ ਦੇ ਸਮੇਂ ਉਹ ਮੰਤਰੀ ਰਹੇ ਜਿਨ੍ਹਾਂ ਦਾ ਪੰਥਕ ਸ਼੍ਰੋਮਣੀ ਅਕਾਲੀ ਦਲ ਸੀ । ਉਹ ਪੰਜਾਬ ਦੇ ਸਪੂਤ ਸਨ ।

ਇਸੇ ਤਰ੍ਹਾਂ ਸ਼੍ਰੀ ਕੌਸ਼ੋ ਦਾਸ, ਸਾਬਕਾ ਐਮ.ਐਲ.ਏ., ਸਰਦਾਰ ਮਾਧੋ ਸਿੰਘ ਸਾਬਕਾ ਐਮ.ਐਲ.ਏ. ਸਨ ਜੋ ਬਹੁਤ ਨਿਧੜਕ ਸਨ । ਇਸੇ ਤਰ੍ਹਾਂ ਪੱਛਮੀ ਬੰਗਾਲ ਦੇ ਰਾਜਪਾਲ ਪ੍ਰੋਫੈਸਰ ਸੱਯਦ ਨੂਰੁਲ ਹਸਨ ਤੇ ਸਰਦਾਰ ਪ੍ਰੀਤਮ ਸਿੰਘ ਕਾਹਲੋਂ ਵਰਗੀਆਂ ਮਹਾਨ ਹਸਤੀਆਂ ਸਾਡੇ ਵਿੱਚੋਂ ਜਿਹੜੀਆਂ ਚਲੀਆਂ ਗਈਆਂ ਹਨ ਇਹ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ । ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਸੱਚੇ ਪਾਤਸ਼ਾਹ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਔਰ ਸਾਨੂੰ ਭਾਣਾ ਮੰਨਣ ਦਾ ਬਲ ਬਖਸ਼ੇ ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਬਾ ਪੁਰਾਣਾ)** : ਡਿਪਟੀ ਸਪੀਕਰ ਸਾਹਿਬ, ਮੌਤ ਮਿਥੀ ਹੈ, ਜਨਮ ਮਰਨ ਬਣਿਆ ਹੋਇਆ ਹੈ । ਸਾਡੇ ਵਿਚੋਂ ਸਾਡੇ ਹਰਮਨ ਪਿਆਰੇ ਸਰਦਾਰ ਹਰਚਰਨ ਸਿੰਘ ਜੀ ਅਜਨਾਲਾ ਜੋ ਇਸ ਹਾਊਸ ਦੇ ਵਿੱਚ ਨਹੀਂ । ਹਾਊਸ ਦੇ ਵਿੱਚ ਜਿੱਥੇ ਤੁਸੀਂ ਬਿਰਾਜਮਾਨ ਹੋ ਉਥੇ ਉਹ ਬੈਠਦੇ ਸਨ ਅਤੇ ਜਦੋਂ ਕਦੇ ਬਾਅਦ ਵਿੱਚ ਇਹੋ ਜਿਹੇ ਮੌਕੇ ਤੇ ਉਹ ਬੋਲਦੇ ਸਨ ਤਾਂ ਉਹ ਸ਼ੇਅਰ ਬੋਲਦੇ ਸਨ ਜੋ ਇਸ ਤਰ੍ਹਾਂ ਹੈ :

ਜੋ ਵਾਅਦਾ-ਕਸ਼ ਹੈ ਪੁਰਾਣੇ ਵੁਹ ਉਠਤੇ ਜਾਤੇ ਹੈਂ,
ਕਹੀਂ ਸੇ ਆਬੇ ਬਕਾਏ ਦਵਾਮ-ਲਾ ਸਾਕੀ ।

ਅੱਜ ਉਨ੍ਹਾਂ ਦੇ ਅਲਫਾਜ਼ ਯਾਦ ਆਉਂਦੇ ਹਨ । ਉਨ੍ਹਾਂ ਦੀ ਉਮਰ 69 ਸਾਲ ਦੀ ਸੀ । ਮੌਕੇ ਮੁਤਾਬਿਕ ਮੈਂ ਉਨ੍ਹਾਂ ਦੀ ਸ਼ਾਨ ਵਿੱਚ ਇੱਕ ਗੱਲ ਕਹਿੰਦਾ ਹਾਂ :

ਕੁਛ ਉਮਰ ਭੀ ਨਾ ਪਾਈ ਥੀ ਐਸੇ ਮੁਸ਼ਨ ਨਾ ਥੇ,
ਤਸਵੀਰ ਕਹਿ ਰਹੀ ਹੈ ਕਿ ਮਰਨੇ ਕੇ ਦਿਨ ਨਾ ਥੇ ।

Original with;
Punjab Vidhan Sabha
Digitized by;
Panjab Digital Library

ਜਦੋਂ ਅਜਨਾਲਾ ਜੀ ਸਾਡੇ ਵਿਚੋਂ ਗਏ ਤਾਂ ਉਹ ਰਿਸ਼ਟ-ਪੁਸ਼ਟ ਔਰ ਵਧੀਆ ਸਿਹਤ ਵਿੱਚ ਸਨ । ਜਦੋਂ ਸੁਣਿਆ ਕਿ ਉਨ੍ਹਾਂ ਦੀ ਮੌਤ ਹੋ ਗਈ ਤਾਂ ਦਿਲ ਤੇ ਇੱਕ ਸੱਟ ਵੱਜੀ ।

ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਵਿੱਚ ਮੇਰੇ ਵਰਗੇ ਕਈ ਅੱਲੜ੍ਹ ਤੇ ਨਵੇਂ ਨੌਜਵਾਨ ਜਾਂ ਨਵੀਆਂ ਸ਼ਖਸੀਅਤਾਂ ਆਈਆਂ । ਵਿਧਾਨ ਸਭਾ ਵਿੱਚ ਕਈ ਵਾਰ ਜਿਹੇ ਜਿਹੇ ਮੌਕੇ ਵੀ ਆਏ ਜੋ ਗਰਮਾ ਗਰਮੀ ਵਾਲੇ ਆਏ । ਸੋ, ਅਜਨਾਲਾ ਸਾਹਿਬ ਦੀ ਸ਼ਖਸੀਅਤ ਦਾ ਵਰਣਨ ਇੱਕ ਉਦਾਹਰਣ ਨਾਲ ਕਹਿ ਸਕਦਾ ਹਾਂ । ਇੱਕ ਸਿੱਖ ਵਿਚੋਂ ਸ਼ਰਾਬ ਲਾਈ ਸੀ, ਕਿਸੇ ਚੁਗਲਿਆਂ ਨੇ ਕਿਹਾ ਕਿ ਸ਼ਰਾਬ ਵਿੱਚ ਕੋਈ ਮਕੂੜਾ ਨਾ ਆਵੇ । ਮਕੂੜਾ ਤੇ ਪਹਿਲਾ ਹੀ ਮੁੱਠੀ ਉਸ ਨੂੰ ਸੰਦੂਕ ਵਿੱਚ ਪਾ ਕੇ ਲੈ ਗਏ । ਉਥੇ ਅੰਦਰ ਆਉਣ ਤੇ ਮਕੂੜਾ ਦੀ ਲੋੜ ਪਈ । ਸੰਦੂਕ ਖੋਲ੍ਹਿਆ ਬਾਪੂ ਨੂੰ ਪੁੱਛਿਆ ਤਾਂ ਉਸ ਨੇ ਗੱਲ ਮੁੱਛਿਆਂ ਨੂੰ ਦੱਸਿਆ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਜੋ ਸ਼ਰਾਬ ਆਈ ਹੈ ਇਸ ਵਿੱਚ ਜ਼ਰੂਰ ਕੋਈ ਮਕੂੜਾ ਹੈ । ਸਪੀਕਰ ਸਾਹਿਬ ਤਾਂ ਹਰ ਔਕੜ ਨੂੰ ਸੁਲਝਾ ਦਿੰਦੇ ਸੀ । ਇੱਕ ਹੋਰ ਗੱਲ ਦੱਸਦਾ ਹਾਂ ਕਿ ਅਜਨਾਲਾ ਸਾਹਿਬ ਜਦੋਂ ਇਸ ਕੁਰਸੀ ਤੇ ਬੈਠੇ ਸਨ ਅਤੇ ਜਦੋਂ ਕਹਿੰਦੇ ਸਨ ਸੀ.ਐਮ. ਸਾਹਿਬ, ਤਾਂ ਸੀ.ਐਮ. ਸਾਹਿਬ ਖੜ੍ਹੇ ਹੋ ਜਾਂਦੇ ਸੀ । ਫਿਰ ਉਹ ਕਹਿੰਦੇ ਸਨ ਫਰਮਾਈਏ ਤਾਲੀਮ । ਕਿੰਨੇ ਮਿੱਠੇ ਬੋਲ ਬੋਲਦੇ ਸਨ । ਹਰ ਇਕ ਗੱਲ ਨੂੰ ਉਹ ਉਰਦੂ ਦੇ ਇਸ ਲਹਿਜੇ ਨਾਲ, ਇਸ ਤਰਕੀਬ ਨਾਲ ਪੇਸ਼ ਕਰਦੇ ਸਨ ਕਿ ਉਸ ਨਾਲ ਹਰ ਆਦਮੀ ਨੂੰ ਭਾਵੇਂ ਉਹ ਕਿਸੇ ਵੀ ਪਾਰਟੀ ਦਾ ਹੋਵੇ ਉਸ ਨੂੰ ਇਸ ਤਰ੍ਹਾਂ ਲਗਦਾ ਸੀ ਜਿਸ ਤਰ੍ਹਾਂ ਅਜਨਾਲਾ ਸਾਹਿਬ ਮੇਰੇ ਹੀ ਹਨ ਖਾਸ ਤੌਰ ਤੇ ਮੈਂ ਆਪਣਾ ਕਹਾਂਗਾ ਕਿ ਮੈਂ ਜਦੋਂ ਉਨ੍ਹਾਂ ਨੂੰ ਕਹਿੰਦਾ ਸੀ ਕਿ ਸਪੀਕਰ ਸਾਹਿਬ ਮੈਨੂੰ ਟਾਈਮ ਨਹੀਂ ਮਿਲਿਆ ਤਾਂ ਉਹ ਕਹਿੰਦੇ ਸਨ ਕਿ ਮੈਂ ਤੁਹਾਡਾ ਜ਼ਰੂਰ ਖਿਆਲ ਰਖਾਂਗਾ, ਤੁਹਾਨੂੰ ਵੀ ਟਾਈਮ ਦੇਵਾਂਗਾ । ਸੱਚੀ ਸ਼ਰਧਾਂਜਲੀ ਤਾਂ ਸਾਡੀ ਇਹ ਹੈ ਕਿ, ਮੌਤ ਤਾਂ ਮਿੱਥੀ ਹੋਈ ਹੈ, ਮੌਤ ਦਾ ਵਕਤ ਮਿੱਥਿਆ ਹੋਇਆ ਹੈ, ਮੈਂ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਇਸ ਹਾਊਸ ਵਿੱਚ ਜਦੋਂ ਇਸ ਸਪੀਕਰ ਦੀ ਕੁਰਸੀ ਤੇ ਜਿਸ ਨੂੰ ਵੀ ਬਿਠਾਉ ਉਹ ਐਸਾ ਹੀ ਮਹਾਨ ਆਦਮੀ ਹੋਵੇ ਜੋ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਇਸ ਸਪੀਕਰ ਦੀ ਕੁਰਸੀ ਤੇ ਬੈਠ ਕੇ ਕੰਮ ਕਰੇ, ਇਹ ਰਾਜਭਾਗ ਵਾਲਿਆਂ ਨੇ ਦੇਖਣਾ ਹੈ ਕਿ ਕਿਸ ਨੂੰ ਬਿਠਾਉਣਾ ਹੈ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸਰਦਾਰ ਹਰਚਰਨ ਸਿੰਘ ਜੀ ਅਜਨਾਲਾ ਦੇ ਪਰਿਵਾਰ ਨਾਲ ਸਿੰਪਥੀ ਰਖਦਾ ਹਾਂ ਔਰ ਜਿਹੜਾ ਮਤਾ ਚੀਫ ਮਨਿਸਟਰ ਸਾਹਿਬ ਨੇ ਰਖਿਆ ਹੈ ਕਿ ਉਨ੍ਹਾਂ ਦੇ ਪਰਿਵਾਰ ਨੂੰ ਕੰਡੋਲੈਂਸ ਭੇਜਿਆ ਜਾਵੇ ਉਸ ਦੇ ਵਿੱਚ ਸ਼ਾਮਲ ਹੁੰਦਾ ਹੋਇਆ ਕਹਿੰਦਾ ਹਾਂ ਕਿ ਇਹ ਜ਼ਰੂਰ ਭੇਜਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ ]

ਉਸ ਤੋਂ ਬਾਅਦ ਸਰਦਾਰ ਅਜਮੇਰ ਸਿੰਘ, ਐਕਸ-ਮਨਿਸਟਰ, ਸਾਡੇ ਕੋਲੋਂ ਵਿੱਛੜ ਗਏ ਹਨ ਜੋ ਕੈਰੋਂ ਸਾਹਿਬ ਦੀ ਮਨਿਸਟਰੀ ਵਿੱਚ ਮੰਤਰੀ ਸਨ । ਛੋਟੇ ਜਿਹੇ ਜਦੋਂ ਹੁੰਦੇ ਸੀ ਤਾਂ ਅਸੀਂ ਦੇਖਦੇ ਸੀ ਕਿ ਜਿਹੜੀ ਮਨਿਸਟਰੀ ਆਈ ਹੈ ਇਸ ਦੇ ਮਨਿਸਟਰਜ਼ ਦੇ ਕਾਰਨਾਮੇ ਕੀ ਹਨ । ਜਿਹੜੇ-ਜਿਹੜੇ ਉਹ ਕੰਮ ਕਰਦਾ ਹੈ ਉਹ ਕਿਹੜੇ-ਕਿਹੜੇ ਠੀਕ ਹਨ ਅਤੇ ਕਿਹੜੇ ਗਲਤ ਹਨ । ਉਹ ਬੜੇ ਹਰਮਨ ਪਿਆਰੇ ਸਨ ਅਤੇ ਉਨ੍ਹਾਂ ਦੇ ਸਾਡੇ ਕੋਲੋਂ ਵਿਛੜ ਜਾਣ ਨਾਲ ਜੋ ਘਾਟਾ ਪਿਆ ਹੈ ਉਹ ਸਾਡੇ ਪੰਜਾਬ ਵਾਸਤੇ ਨਾ ਪੂਰਾ ਹੋਣ ਵਾਲਾ ਘਾਟਾ ਹੈ ।

ਇਸ ਤੋਂ ਬਾਅਦ ਸਰਦਾਰ ਤਾਰਾ ਸਿੰਘ ਲਾਇਲਪੁਰੀ, ਜੋ ਬਾਦਲ ਸਾਹਿਬ ਦੀ ਮਨਿਸਟਰੀ ਵਿੱਚ ਮੰਤਰੀ ਰਹੇ, ਉਨ੍ਹਾਂ ਨੇ ਬੜਾ ਅਹਿਮ ਰੋਲ ਅਦਾ ਕੀਤਾ । ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਵੀ ਬੜੇ ਸਰਾਹਨੀਆ ਕੰਮ ਕੀਤੇ ਅਤੇ ਅੱਜ ਉਹ ਵੀ ਸਾਡੇ ਕੋਲੋਂ ਵਿਛੜ ਗਏ ਹਨ ਔਰ ਅਸੀਂ ਸਮਝਦੇ ਹਾਂ ਕਿ ਇਹੋ ਜਿਹੀ ਸ਼ਖਸੀਅਤ ਦਾ ਸਾਡੇ ਵਿਚੋਂ ਚਲੇ ਜਾਣਾ ਪੰਜਾਬ ਦੇ ਲੋਕਾਂ ਲਈ ਇਕ ਬਹੁਤ ਘਾਟੇ ਵਾਲੀ ਗੱਲ ਹੈ ।

ਡਿਪਟੀ ਸਪੀਕਰ ਸਾਹਿਬ, ਸ੍ਰੀ ਕੇਸ਼ੋ ਦਾਸ ਜੀ ਇਸ ਹਾਊਸ ਵਿੱਚ ਐਮ.ਐਲ.ਏ.ਚੁਣ ਕੇ ਆਏ ਔਰ ਉਹ ਪਠਾਨਕੋਟ ਦੇ ਇਲਾਕੇ ਵਿਚੋਂ ਆਏ ਸਨ ਔਰ ਮੈਨੂੰ ਯਾਦ ਹੈ ਕਿ ਮੇਰੇ ਬਾਪੂ ਜੀ, ਸਾਥੀ ਰੂਪ ਲਾਲ, ਉਨ੍ਹਾਂ ਦੇ ਨਾਲ ਕਿਸੇ ਕਮੇਟੀ ਦੇ ਮੈਂਬਰ ਸਨ ਅਤੇ ਅਕਸਰ ਉਹ ਉਨ੍ਹਾਂ ਦੀਆਂ ਗੱਲਾਂ ਕਰਦੇ ਰਹਿੰਦੇ ਸਨ ਜਿਨ੍ਹਾਂ ਤੋਂ ਪਤਾ ਲਗਦਾ ਸੀ ਕਿ ਉਹ ਬਹੁਤ ਅੱਛੇ, ਸੁਚੱਜੇ ਅਤੇ ਨੇਕ ਇਨਸਾਨ ਸਨ, ਐਮ.ਐਲ.ਏ. ਸਨ ਔਰ ਆਪਣੇ ਇਲਾਕੇ ਵਿੱਚ ਬੜੇ ਪਾਪੂਲਰ ਸਨ । ਉਨ੍ਹਾਂ ਦਾ ਵਿਛੜ ਜਾਣਾ ਵੀ ਸਾਡੇ ਲਈ ਬੜੀ ਦੁੱਖਦਾਈ ਗੱਲ ਹੈ ।

ਸਰਦਾਰ ਮਾਧੋ ਸਿੰਘ ਇਕ ਸ਼ਡਿਊਲਡ ਕਾਸਟ ਹੁੰਦਿਆਂ ਹੋਇਆ ਵੀ ਜਨਰਲ ਕੰਸਟੀਚਿਊਐਂਸੀ ਤੋਂ ਜਿੱਤ ਕੇ ਆਏ ਸਨ ਔਰ ਬੜੇ ਪਾਪੂਲਰ ਇਨਸਾਨ ਸਨ । ਉਨ੍ਹਾਂ ਨੇ ਸ਼ਡਿਊਲਡ ਕਾਸਟਸ ਲਈ, ਬੈਕਵਰਡ ਕਲਾਸਿਜ਼ ਲਈ, ਡਾਊਨ ਟਰੋਡਨਜ਼ ਲਈ ਆਪਣਾ ਬੜਾ ਯੋਗਦਾਨ ਪਾਇਆ । ਮੈਂ ਸਮਝਦਾ ਹਾਂ ਕਿ ਇਹੋ ਜਿਹੇ ਇਨਸਾਨ ਦਾ ਇਸ ਸਮੇਂ ਚਲੇ ਜਾਣਾ ਜਦ ਕਿ ਇਸ ਵੇਲੇ ਪੰਜਾਬ ਨੂੰ, ਸਾਰੇ ਦੇਸ਼ ਨੂੰ ਲੋੜ ਹੈ, ਸਾਡੇ ਲਈ ਇਹ ਇਕ ਬੜੇ ਘਾਟੇ ਵਾਲੀ ਗੱਲ ਹੈ ।

ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰੀਤਮ ਸਿੰਘ ਜੋ ਕਾਹਲੋਂ ਵਰਗੀ ਸ਼ਖਸੀਅਤ ਦਾ ਵੀ ਚਲੇ ਜਾਣਾ ਸਾਡੇ ਲਈ, ਪੰਜਾਬ ਲਈ, ਦੇਸ਼ ਲਈ ਬੜੀ ਘਾਟੇ ਵਾਲੀ ਗੱਲ ਹੈ ।

Original with;
Punjab Vidhan Sabha
Digitized by;
Panjab Digital Library

ਜਿਥੋਂ ਤਕ, ਡਿਪਟੀ ਸਪੀਕਰ ਸਾਹਿਬ, ਜਸਟਿਸ ਮੇਹਰ ਸਿੰਘ, ਸਾਬਕਾ ਚੀਫ ਜਸਟਿਸ ਦੀ ਗੱਲ ਹੈ, ਮੈਂ ਵੀ ਫਰੀਦਕੋਟ ਜ਼ਿਲ੍ਹੇ ਤੋਂ ਹਾਂ, ਜਸਟਿਸ ਮੇਹਰ ਸਿੰਘ ਦੀਆਂ ਜਜਮੈਂਟਸ ਅਸੀਂ ਪੜ੍ਹੀਆਂ ਹਨ ਜੋ ਬੜੀਆਂ ਸਰਾਹਨੀਆਂ ਹਨ । ਡਿਪਟੀ ਸਪੀਕਰ ਸਾਹਿਬ, ਅੱਜ ਜੋ ਕੁਝ ਜੁਡੀਸ਼ਰੀ ਵਿਚ ਹੋ ਰਿਹਾ ਹੈ ਉਹ ਮੈਂ ਕਹੇ ਬਿਨਾਂ ਰਹਿ ਨਹੀਂ ਸਕਦਾ । ਮੈਨੂੰ ਦੋ ਤਿੰਨ ਵਾਰ ਸੁਪਰੀਮ ਕੋਰਟ ਜਾਣ ਦਾ ਮੌਕਾ ਮਿਲਿਆ ਔਰ ਉਥੇ ਅਮੂਮਨ ਗੱਲ ਪੰਜਾਬ ਔਰ ਹਰਿਆਣੇ ਦੀ ਚਲਦੀ ਹੈ : Loardship, there is another casuality from Punjab and Haryana. ਔਰ ਜਦੋਂ ਕੋਈ ਮੁਕਦਮਾ ਪੇਸ਼ ਹੁੰਦਾ ਹੈ ਤਾਂ ਜਸਟਿਸ ਮੇਹਰ ਸਿੰਘ ਵੱਲੋਂ ਦਿੱਤੀਆਂ ਹੋਈਆਂ ਜਜਮੈਂਟਸ ਨੂੰ ਕੋਈ ਢਾਹ ਨਹੀਂ ਸਕਦਾ, ਕੋਈ ਬਦਲ ਨਹੀਂ ਸਕਦਾ, ਉਹ ਇੰਪਲੀਮੈਂਟ ਹੁੰਦੀਆਂ ਹਨ, ਲਾਗੂ ਹੁੰਦੀਆਂ ਹਨ ਔਰ ਉਨ੍ਹਾਂ ਦੀਆਂ ਜਜਮੈਂਟਸ ਨੂੰ ਕੋਟ ਕੀਤਾ ਜਾਂਦਾ ਹੈ । ਅੱਜ ਜਸਟਿਸ ਮੇਹਰ ਸਿੰਘ ਦਾ ਸਾਡੇ ਵਿਚੋਂ ਚਲੇ ਜਾਣਾ ਸਾਡੇ ਪੰਜਾਬ ਲਈ, ਸਾਡੇ ਦੇਸ਼ ਲਈ ਬਹੁਤ ਘਾਟੇ ਵਾਲੀ ਗੱਲ ਹੈ । ਉਹ ਜਾਣਦੇ ਸਨ ਕਿ ਉਨ੍ਹਾਂ ਦੇ ਮੂਹਰੇ ਤਰਾਜ਼ੂ ਹੈ ਔਰ ਇਹ ਤਰਾਜ਼ੂ ਡੋਲੇਗਾ ਨਹੀਂ ।

ਡਿਪਟੀ ਸਪੀਕਰ ਸਾਹਿਬ, ਪ੍ਰੋਫੈਸਰ ਸੱਯਦ ਨੂਰੁਲ ਹਸਨ ਦੀ ਗੱਲ ਆਈ ਹੈ, ਉਹ ਇਕ ਬਹੁਤ ਹੀ ਵਿਦਵਾਨ ਔਰ ਕਾਬਲੇ ਤਾਲੀਮ ਸ਼ਖਸੀਅਤ ਸਨ । ਅੱਜ ਇਸ ਵੇਲੇ ਉਨ੍ਹਾਂ ਦਾ ਚਲੇ ਜਾਣਾ ਜਿਸ ਵੇਲੇ ਦੇਸ਼ ਵਿਚ ਕਮਿਊਨਿਲਿਜ਼ਮ ਅਤੇ ਫੰਡਾਮੈਂਟੇਲਿਜ਼ਮ ਦਾ ਦੌਰ ਚਲ ਰਿਹਾ ਹੋਵੇ ਬਹੁਤ ਘਾਟੇ ਵਾਲੀ ਗੱਲ ਹੈ । ਉਹ ਸੈਂਟਰ ਵਿਚ ਮਨਿਸਟਰ ਵੀ ਰਹੇ ਔਰ ਵੈਸਟ ਬੰਗਾਲ ਦੇ ਗਵਰਨਰ ਵੀ ਰਹੇ, ਉਨ੍ਹਾਂ ਦੇ ਚਲੇ ਜਾਣ ਤੇ ਵੈਸਟ ਬੰਗਾਲ ਵਿਚ ਜਿਥੇ ਕਿ ਕਮਿਊਨਿਸਟ ਪਾਰਟੀ ਮਾਰਕਸਿਸਟ ਦਾ ਰਾਜ ਭਾਗ ਹੋਵੇ ਔਰ ਉਹ ਤਿੰਨ ਦਿਨਾਂ ਦਾ ਸ਼ੋਕ ਕਰੇ, ਇਹ ਸਾਬਤ ਕਰਦਾ ਹੈ ਕਿ ਇਹੋ ਜਿਹੀਆਂ ਸਖਸ਼ੀਅਤਾਂ ਬਹੁਤ ਘੱਟ ਹੁੰਦੀਆਂ ਹਨ । ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਤਦ ਹੀ ਹੋਵੇਗੀ ਜੇ ਸਾਡੀ ਸੋਚ ਉਨ੍ਹਾਂ ਦੇ ਮੁਤਾਬਿਕ ਸੈਕੂਲਰ ਔਰ ਸੋਸ਼ਲਿਸਟਿਕ ਹੋਵੇ ਤਾਂ ਉਨ੍ਹਾਂ ਨੂੰ ਇਹ ਸਚੀ ਸ਼ਰਧਾਂਜਲੀ ਹੋਵੇਗੀ ।

ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਜਸਟਿਸ ਏ.ਐਨ. ਗਰੋਵਰ ਦਾ ਨਾਂ ਆਇਆ ਹੈ । ਉਹ ਜਦੋਂ ਦੇਸ਼ ਵਿਚੋਂ 3 ਜੱਜਾਂ ਨੂੰ ਸੁਪਰਸੀਡ ਕੀਤਾ ਗਿਆ ਤਾਂ ਉਹ ਉਨ੍ਹਾਂ ਵਿਚੋਂ ਇਕ ਸਨ । ਮਗਰ ਉਨ੍ਹਾਂ ਨੇ ਉਸ ਫੈਸਲੇ ਨੂੰ ਜਿਸ ਨਾਲ ਕਿ ਉਨ੍ਹਾਂ ਨੂੰ ਸੁਪਰਸੀਡ ਕੀਤਾ ਗਿਆ, ਲਾਗੂ ਨਾ ਮੰਨਿਆ ਅਤੇ ਉਨ੍ਹਾਂ ਨੇ ਅਸਤੀਫਾ ਦੇ ਦਿੱਤਾ ਮਗਰ ਉਨ੍ਹਾਂ ਨੇ ਦਾਮਨ ਤੇ ਦਾਗ ਨਹੀਂ ਸੀ ਆਉਣ ਦਿੱਤਾ । ਉਨ੍ਹਾਂ ਨੂੰ ਵੀ ਅਸੀਂ ਸਚੀ ਸ਼ਰਧਾਂਜਲੀ ਪ੍ਰਗਟ ਕਰਦੇ ਹਾਂ ।

ਇਸ ਤੋਂ ਬਾਅਦ ਸ੍ਰੀ ਗਿਰੀ ਲਾਲ ਜੈਨ, ਜਿਨ੍ਹਾਂ ਦਾ ਨਾਂ ਅੱਜ ਅਖਬਾਰਾਂ ਵਿਚ ਆਇਆ ਹੈ ਉਹ ਬਹੁਤ ਉੱਚੇ ਜਰਨੇਲਿਸਟ ਸਨ । ਉਹ ਬਹੁਤ ਨਿਡਰ ਅਤੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ]

ਨਿਪਕਸ਼ ਹੋਣ ਦੇ ਨਾਤੇ ਬੜੀਆਂ ਸੁਚੀਆਂ ਅਤੇ ਸੱਚੀਆਂ ਗੱਲਾਂ ਲਿਖਦੇ ਸਨ । ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਸ਼ਖਸ਼ੀਅਤਾਂ ਦਾ ਚਲੇ ਜਾਣਾ ਦੇਸ਼ ਲਈ ਬਹੁਤ ਘਾਟੇ ਵਾਲੀ ਗੱਲ ਹੈ ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਅੱਗੇ ਮੈਂ ਉਹ ਮੌਤਾਂ ਜਿਹੜੀਆਂ ਨੈਚੁਰਲ ਕਲੈਮਿਟੀਜ਼ ਨਾਲ ਹੋਈਆਂ ਹਰਿਆਣੇ ਵਿਚ, ਪੰਜਾਬ ਵਿਚ ਜਦੋਂ ਪਤਾ ਹੀ ਨਹੀਂ ਕਿ ਰਾਤ ਨੂੰ ਪਾਣੀ ਕਿੰਨਾ ਚੜ੍ਹ ਗਿਆ, ਕੋਠਾ ਰੁੜ੍ਹ ਗਿਆ ਔਰ ਲਾਸ਼ਾਂ ਹਾਲੇ ਵੀ ਦਬੀਆਂ ਪਈਆਂ ਹਨ । ਰੋਜ਼ ਅਖਬਾਰ ਵਿਚ ਆਉਂਦਾ ਹੈ ਕਿ ਅੱਜ 10 ਹੋਰ ਲਾਸ਼ਾਂ ਮਿਲੀਆਂ ਹਨ । ਮੈਂ ਸਮਝਦਾ ਹਾਂ ਕਿ ਇਸ ਪਵਿੱਤਰ ਸਦਨ ਵਿਚ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਦੇਣੀ ਚਾਹੀਦੀ ਹੈ ਜਿਨ੍ਹਾਂ ਦੇ ਯਾਦ ਚਿਤ ਵਿਚ ਵੀ ਇਹ ਨਹੀਂ ਸੀ ਕਿ ਇਸ ਤਰ੍ਹਾਂ ਕਦੇ ਹੋਵੇਗਾ । ਉਨ੍ਹਾਂ ਨੂੰ ਵੀ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਇਸ ਸਦਨ ਵਿਚ ਦਿੰਦਾ ਹਾਂ । ਇਹ ਜਿਹੜੀਆਂ ਸ਼ਖਸੀਅਤਾਂ ਗਈਆਂ ਹਨ ਔਰ ਜਿਹੜੀਆਂ 200--300 ਮੌਤਾਂ ਹੋਈਆਂ ਹਨ, ਜਿਨ੍ਹਾਂ ਦੀਆਂ ਹਾਲੀਂ ਵੀ ਲਾਸ਼ਾਂ ਲਭ ਰਹੀਆਂ ਹਨ, ਉਨ੍ਹਾਂ ਨੂੰ ਵੀ ਮੈਂ ਸ਼ਰਧਾਂਜਲੀ ਪ੍ਰਗਟ ਕਰਦਾ ਹਾਂ ਔਰ ਸ਼ਰਧਾ ਦੇ ਫੁਲ ਭੇਂਟ ਕਰਦਾ ਹਾਂ । ਜਿਹੜਾ ਮਤਾ ਮੁੱਖ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ਅਤੇ ਆਪਣੀ ਜਗ੍ਹਾ ਲੈਂਦਾ ਹਾਂ ।

**ਸਰਦਾਰ ਸੁਰਜਨ ਸਿੰਘ (ਜੋਗਾ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਬਾਅਦ ਹੁਣ ਤਕ ਸਾਡੇ ਵਿਚੋਂ 8 ਮਹਾਨ ਸ਼ਖਸੀਅਤਾਂ ਜੁਦਾ ਹੋ ਗਈਆਂ ਹਨ ਜਿਨ੍ਹਾਂ ਵਿਚੋਂ ਸਾਡੇ ਮਾਨਯੋਗ ਸਪੀਕਰ ਸਾਹਿਬ ਸਰਦਾਰ ਹਰਚਰਨ ਸਿੰਘ ਜੀ ਵੀ ਹਨ ਜਿਨ੍ਹਾਂ ਬਾਰੇ ਸਾਰੀਆਂ ਪਾਰਟੀਆਂ ਨੇ ਜ਼ਿਕਰ ਕੀਤਾ ਹੈ । ਅਸੀਂ ਜਦੋਂ ਵੀ ਸਪੀਕਰ ਸਾਹਿਬ ਨੂੰ ਮਿਲਣ ਗਏ ਤਾਂ ਐਸਾ ਕਦੇ ਵੀ ਮਹਿਸੂਸ ਨਹੀਂ ਸੀ ਹੁੰਦਾ ਕਿ ਅਸੀਂ ਅਪੋਜ਼ੀਸ਼ਨ ਪਾਰਟੀ ਦੇ ਬੰਦੇ ਨੂੰ ਮਿਲ ਰਹੇ ਹਾਂ ਬਲਕਿ ਇਸ ਤਰ੍ਹਾਂ ਮਹਿਸੂਸ ਹੁੰਦਾ ਸੀ ਕਿ ਅਸੀਂ ਆਪਣੀ ਪਾਰਟੀ ਦੇ ਹੀ ਲੀਡਰ ਨੂੰ ਮਿਲ ਰਹੇ ਹਾਂ । ਉਨ੍ਹਾਂ ਕੋਲੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ । ਮੈਂ ਪਹਿਲੀ ਵਾਰ ਇਸ ਹਾਊਸ ਦਾ ਮੈਂਬਰ ਚੁਣ ਕੇ ਆਇਆ ਹਾਂ ਅਤੇ ਮੈਨੂੰ ਹਾਊਸ ਦੇ ਬਾਰੇ ਕੋਈ ਜ਼ਿਆਦਾ ਨਹੀਂ ਸੀ ਪਤਾ । ਅਜਨਾਲਾ ਸਾਹਿਬ ਨੇ, ਸਾਨੂੰ ਹਾਊਸ ਵਿਚ ਗੱਲ ਬਾਤ ਕਰਨ ਦਾ ਢੰਗ ਅਤੇ ਸਵਾਲ ਜਵਾਬ ਕਰਨ ਦਾ ਤਰੀਕਾ ਦਸਿਆ ਅਤੇ ਵਿਧਾਨ ਸਭਾ ਦੀ ਕਾਰਵਾਈ ਬਾਰੇ ਕਾਫ਼ੀ ਜਾਣਕਾਰੀ ਦਿੱਤੀ । ਇਸ ਦੇ ਨਾਲ ਜਦੋਂ ਵੀ ਅਸੀਂ ਉਨ੍ਹਾਂ ਕੋਲ ਕਿਸੇ ਕੰਮ ਵਾਸਤੇ ਜਾਂਦੇ, ਉਹ ਸਾਡਾ ਕੰਮ ਕਰਨ ਤੋਂ ਇਲਾਵਾ ਸਾਨੂੰ ਪਹਿਲੇ ਠੰਡਾ ਅਤੇ ਤੱਤਾ ਪੁੱਛਦੇ । ਉਹਨਾਂ ਕੋਲ ਜਾ ਕੇ ਇਹ ਮਹਿਸੂਸ ਹੁੰਦਾ ਸੀ ਕਿ ਅਜਨਾਲਾ ਸਾਹਿਬ ਸਾਡੇ ਨਜ਼ਦੀਕੀ ਅਤੇ ਨਿੱਜੀ ਮਿੱਤਰ ਹਨ । ਮੈਂ ਇਸ ਮਹਾਨ ਹਸਤੀ ਨੂੰ ਆਪਣੇ ਵੱਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਇਲਾਵਾ ਜਿਹੜੇ ਹੇਠ ਵਿਅਕਤੀ ਅਕਾਲ ਚਲਾਣਾ ਕਰ ਗਏ ਹਨ ਜਿਵੇਂ ਸਰਦਾਰ ਅਜਮੇਰ ਸਿੰਘ, ਸਾਬਕਾ ਮੰਤਰੀ, ਸਰਦਾਰ ਤਾਰਾ ਸਿੰਘ ਲਾਇਲਪੁਰੀ, ਸਾਬਕਾ ਮੰਤਰੀ, ਸ੍ਰੀ ਕੇਸ਼ੋ ਦਾਸ, ਸਾਬਕਾ ਐਮ.ਐਲ.ਏ., ਸਰਦਾਰ ਮਾਧੋ ਸਿੰਘ, ਸਾਬਕਾ ਐਮ.ਐਲ.ਏ., ਜਸਟਿਸ ਮੇਹਰ ਸਿੰਘ, ਸਾਬਕਾ ਚੀਫ਼ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਪ੍ਰੋਫੈਸਰ ਸਯੱਦ ਨੂਰੁਲ ਹਸਨ ਪੱਛਮੀ ਬੰਗਾਲ ਦੇ ਗਵਰਨਰ ਅਤੇ ਸਰਦਾਰ ਪ੍ਰੀਤਮ ਸਿੰਘ ਕਾਹਲੋਂ, ਸਾਬਕਾ ਐਮ.ਐਲ.ਏ. ਇਨ੍ਹਾਂ ਸਾਰੀਆਂ ਵਿਛੜੀਆਂ ਹੋਈਆਂ ਸ਼ਖਸੀਅਤਾਂ ਨੂੰ ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ ਅਤੇ ਇਨ੍ਹਾਂ ਦੇ ਪਰਿਵਾਰਾਂ ਦੇ ਨਾਲ ਹਮਦਰਦੀ ਜ਼ਾਹਰ ਕਰਦਾ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਮਹਾਨ ਹਸਤੀਆਂ ਦੀਆਂ ਯਾਦਾਂ ਕਾਇਮ ਕੀਤੀਆਂ ਜਾਣ ਅਤੇ ਜਿਹੜੇ ਉਹ ਕੰਮ ਅਧੂਰੇ ਛੱਡ ਗਏ ਹਨ ਉਹਨਾਂ ਨੂੰ ਅਸੀਂ ਪੂਰਾ ਕਰੀਏ । ਇਸ ਤੋਂ ਇਲਾਵਾ, ਜਿਹੜੇ ਹੜ੍ਹਾਂ ਦੇ ਦੌਰਾਨ ਵਿਅਕਤੀ ਮਾਰੇ ਗਏ ਹਨ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਵੀ ਆਪਣੀ ਪਾਰਟੀ ਵਲੋਂ ਅਤੇ ਆਪਣੇ ਵਲੋਂ ਹਮਦਰਦੀ ਜ਼ਾਹਰ ਕਰਦਾ ਹਾਂ ਅਤੇ ਸ਼ਰਧਾਂਜਲੀ ਭੇਂਟ ਕਰਦਾ ਹਾਂ ਔਰ ਜਿਹੜਾ ਮਤਾ ਸਾਡੇ ਮੁੱਖ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ ਉਸ ਦੇ ਨਾਲ ਮੈਂ ਸਹਿਮਤ ਹਾਂ ।

**ਡਾਕਟਰ ਰਮੇਸ਼ ਦੱਤ (ਆਨੰਦਪੁਰ ਸਾਹਿਬ)** : ਡਿਪਟੀ ਸਪੀਕਰ ਸਾਹਿਬ, ਅੱਜ ਜਿਹੜੀਆਂ 8 ਮਹਾਨ ਸ਼ਖਸੀਅਤਾਂ ਪੰਜਾਬ ਵਿਚੋਂ ਅਕਾਲ ਚਲਾਣਾ ਕਰ ਗਈਆਂ ਹਨ ਇਨ੍ਹਾਂ ਵਿਚ ਸਾਡੇ ਸਪੀਕਰ, ਸਰਦਾਰ ਹਰਚਰਨ ਸਿੰਘ ਅਜਨਾਲਾ ਜੀ ਵੀ ਹਨ ਜੋ ਪਿਛਲੇ ਸਾਲ ਹੀ ਸਾਡੇ ਸਪੀਕਰ ਚੁਣੇ ਗਏ ਸਨ । ਅਜਨਾਲਾ ਸਾਹਿਬ ਨੇ ਨਵੇਂ ਚੁਣੇ ਗਏ ਮੈਂਬਰਾਂ ਨੂੰ ਹਾਊਸ ਦੀ ਕਾਰਵਾਈ ਬਾਰੇ ਕਾਫੀ ਜਾਣਕਾਰੀ ਦਿੱਤੀ । ਚੂੰਕਿ ਮੈਂ ਵੀ ਪਹਿਲੀ ਵਾਰ ਇਸ ਹਾਊਸ ਦਾ ਮੈਂਬਰ ਬਣ ਕੇ ਆਇਆ ਹਾਂ ਇਸ ਹਾਊਸ ਬਾਰੇ ਕੋਈ ਜ਼ਿਆਦਾ ਜਾਣਕਾਰੀ ਨਹੀਂ ਸੀ । ਉਹ ਥੋੜ੍ਹਾਂ ਅਰਸਾ ਹੀ ਸਾਡੇ ਸਪੀਕਰ ਰਹੇ ਅਤੇ ਅਕਾਲ ਚਲਾਣਾ ਕਰ ਗਏ । ਅਜਨਾਲਾ ਸਾਹਿਬ ਨੇ ਹਰ ਮੈਂਬਰ ਦੇ ਨਾਲ ਨਿਜੀ ਸਬੰਧ ਰਖੇ ਹੋਏ ਸਨ ਅਤੇ ਖਾਸ ਕਰਕੇ ਅਪੋਜ਼ੀਸ਼ਨ ਦੇ ਮੈਂਬਰਾਂ ਨਾਲ ਅੱਛੇ ਸਬੰਧ ਰਖਦੇ ਸਨ ਅਤੇ ਅਪੋਜ਼ੀਸ਼ਨ ਤੋਂ ਮਾਣ ਪ੍ਰਾਪਤ ਕਰਦੇ ਸਨ । ਅਜਨਾਲਾ ਸਾਹਿਬ ਸਰਕਾਰੀ ਨੌਕਰੀ ਤੋਂ ਲੈ ਕੇ ਪੰਜਾਬ ਦੇ ਐਜੂਕੇਸ਼ਨ ਮਨਿਸਟਰ ਤੱਕ ਰਹੇ ਅਤੇ ਫੇਰ ਦੁਬਾਰਾ ਇਲੈਕਟ ਹੋਏ ਅਤੇ ਵਿਧਾਨ ਸਭਾ ਦੇ ਸਪੀਕਰ ਚੁਣੇ ਗਏ । ਉਹ ਬਹੁਤ ਸੋਚ ਸਮਝ ਕੇ ਹਾਊਸ ਦੀ ਕਾਰਵਾਈ ਨੂੰ ਚਲਾਉਂਦੇ ਸਨ । ਇਨ੍ਹਾਂ ਦੇ ਅਕਾਲ ਚਲਾਣੇ ਤੇ ਪੰਜਾਬ ਦੇ ਲੋਕਾਂ ਨੂੰ ਅਤੇ ਸਾਡੇ ਵਿਚੋਂ ਵਿਛੜ ਜਾਣ ਨਾਲ ਹਾਊਸ ਨੂੰ ਜੋ ਘਾਟ ਪਈ ਉਹ ਘਾਟ ਪੂਰੀ ਨਹੀਂ ਹੋ ਸਕਦੀ ।

ਇਸ ਦੇ ਨਾਲ ਹੀ, ਸਰਦਾਰ ਮਾਧੋ ਸਿੰਘ ਜੋ ਮੇਰੇ ਹਲਕੇ ਦੇ ਨੁਮਾਇੰਦੇ ਸਨ ਉਹ 1978 ਵਿਚ ਪਹਿਲੀ ਵਾਰ ਐਮ.ਐਲ.ਏ. ਚੁਣੇ ਗਏ ਅਤੇ 2 ਸਾਲਾਂ ਬਾਅਦ

Original with;
Punjab Vidhan Sabha
Digitized by;
Panjab Digital Library

[ਡਾਕਟਰ ਰਮੇਸ਼ ਦੱਤ]

ਫੇਰ ਇਸ ਹਾਊਸ ਦੇ ਮੈਂਬਰ ਬਣੇ । ਉਹ ਹਰੀਜਨ ਅਤੇ ਪਛੜੀਆਂ ਸ਼੍ਰੇਣੀਆਂ ਦੇ ਨਾਲ ਸਬੰਧ ਰਖਦੇ ਸਨ ਪਰ ਉਹ ਜਨਰਲ ਸੀਟ ਆਨੰਦਪੁਰ ਸਾਹਿਬ ਜ਼ਿਲ੍ਹਾ ਰੋਪੜ ਤੋਂ ਇਲੈਕਸ਼ਨ ਲੜ ਕੇ ਆਏ । ਉਹ ਬੜੇ ਸੱਚੇ ਅਤੇ ਸਾਦਾ ਕਿਸਮ ਦੇ ਐਮ.ਐਲ.ਏ. ਸਨ । ਅਗਰ ਉਨ੍ਹਾਂ ਨੂੰ ਆਪਣੇ ਕੰਮ ਵਾਸਤੇ ਕੋਈ ਸਾਈਕਲ ਤੇ ਲੈ ਜਾਂਦਾ ਸੀ ਜਾਂ ਕੋਈ ਰਿਕਸ਼ਾ ਵਿੱਚ ਬਿਠਾ ਕੇ ਲੈ ਜਾਂਦਾ ਸੀ ਤਾਂ ਉਸ ਨਾਲ ਵੀ ਚਲੇ ਜਾਂਦੇ ਸਨ । ਉਹ ਗਰੀਬਾਂ ਦੇ ਲਈ ਬਹੁਤ ਕੰਮ ਕਰਦੇ ਸਨ ।

ਤੀਸਰੀ ਮਹਾਨ ਸ਼ਖਸੀਅਤ ਪ੍ਰੋਫੈਸਰ ਸਯੱਦ ਨੂਰੁਲ ਹਸਨ ਜਿਹੜੇ ਕਿ ਗਵਰਨਰ ਰਹੇ ਸਨ, ਮੈਨੂੰ ਯਾਦ ਹੈ ਕਿ ਉਨ੍ਹਾਂ ਨੇ ਰੂਸ ਜਾ ਕੇ ਬਹੁਤ ਕੰਮ ਕੀਤਾ । 1975-76 ਵਿਚ ਉਹ ਐਜੂਕੇਸ਼ਨ ਮਨਿਸਟਰ ਰਹੇ । ਉਨ੍ਹਾਂ ਨੇ ਪੰਜਾਬ ਦੇ ਅੰਦਰ ਸ਼ਿਖਸ਼ਾ ਵਿਚ ਬੜਾ ਉਘਾ ਰੋਲ ਪਲੇਅ ਕੀਤਾ । ਨੂਰਪੁਰਬੇਦੀ ਬਲਾਕ ਵਿਚ ਮੈਨੂੰ ਯਾਦ ਹੈ ਕਿ ਜਦੋਂ ਉਹ ਸੈਂਟਰ ਦੀ ਸਰਕਾਰ ਵਿਚ ਵਜ਼ੀਰ ਸਨ ਤਾਂ ਵੀ ਉਥੇ ਸ਼ਿਖਸ਼ਾ ਖਾਤਰ ਕੰਮ ਕੀਤਾ । ਸ਼ਿਖਸ਼ਾ ਨੂੰ ਕਾਮਯਾਬ ਕਰਨ ਵਿਚ ਆਪਣਾ ਯੋਗਦਾਨ ਪਾਉਂਦੇ ਰਹੇ । ਪੰਜਾਬ ਦੇ ਲੋਕ ਉਨ੍ਹਾਂ ਨੂੰ ਹਮੇਸ਼ਾ ਯਾਦ ਰਖਣਗੇ । ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਬੜੀ ਸੇਵਾ ਕੀਤੀ ।

ਬਾਕੀ ਜਿਹੜੇ ਇਸ ਹਾਊਸ ਦੇ ਮੈਂਬਰ ਵੀ ਰਹੇ ਅਤੇ ਪੰਜਾਬ ਦੇ ਮੰਤਰੀ ਵੀ ਰਹੇ ਉਨ੍ਹਾਂ ਨੇ ਵੀ ਪੰਜਾਬ ਦੇ ਲੋਕਾਂ ਦੀ ਬੜੀ ਸੇਵਾ ਕੀਤੀ । ਅਸੀਂ ਉਨ੍ਹਾਂ ਮਹਾਨ ਸ਼ਖਸੀਅਤਾਂ ਤੋਂ ਪ੍ਰੇਰਨਾ ਲੈ ਕੇ ਪੰਜਾਬ ਦੇ ਲੋਕਾਂ ਦੀ ਸੇਵਾ ਕਰੀਏ, ਇਹੀ ਸਾਡੇ ਲਈ ਸ਼ਰਧਾਂਜਲੀ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁਲ ਭੇਟ ਕਰਦਾ ਹਾਂ । ਮੈਂ ਉਮੀਦ ਕਰਦਾ ਹਾਂ ਕਿ ਅਸੀਂ ਉਨ੍ਹਾਂ ਮਹਾਨ ਸ਼ਖਸੀਅਤਾਂ ਤੋਂ ਪ੍ਰੇਰਨਾ ਲੈ ਕੇ ਠੀਕ ਤਰੀਕੇ ਨਾਲ ਸੇਵਾ ਕਰੀਏ ਤਾਂ ਹੀ ਪੰਜਾਬ ਦੇ ਲੋਕਾਂ ਦਾ ਭਲਾ ਹੋ ਸਕਦਾ ਹੈ । ਅਜਨਾਲਾ ਸਾਹਿਬ, ਬਤੌਰ ਸਪੀਕਰ ਹਾਊਸ ਨੂੰ ਠੀਕ ਮਰਿਆਦਾ ਦੇ ਨਾਲ ਚਲਾਉਂਦੇ ਸਨ ਅਤੇ ਅੰਤ ਵਿਚ ਮੈਂ ਸਾਰੀਆਂ ਸ਼ਖਸੀਅਤਾਂ ਨੂੰ ਸ਼ਰਧਾ ਦੇ ਫੁਲ ਭੇਟ ਕਰਦਾ ਹੋਇਆ ਆਪਣੀ ਥਾਂ ਲੈਂਦਾ ਹਾਂ ।

**ਡਾਕਟਰ ਮਹਿੰਦਰ ਕੁਮਾਰ ਰਿਨਵਾ (ਫਾਜ਼ਿਲਕਾ)** : ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਸ਼ਖਸੀਅਤਾਂ ਸਾਡੇ ਵਿਚੋਂ ਚਲੀਆਂ ਗਈਆਂ ਹਨ, ਉਨ੍ਹਾਂ ਦੇ ਚਲੇ ਜਾਣ ਨਾਲ ਮੈਂ ਸਮਝਦਾ ਹਾਂ ਕਿ ਪੰਜਾਬ ਨੂੰ, ਦੇਸ਼ ਨੂੰ ਬੜਾ ਵੱਡਾ ਘਾਟਾ ਪਿਆ ਹੈ । ਸਰਦਾਰ ਹਰਚਰਨ ਸਿੰਘ ਅਜਨਾਲਾ, ਸਪੀਕਰ ਦੇ ਚਲੇ ਜਾਣ ਨਾਲ ਬਹੁਤ ਅਹਿਮ ਘਾਟਾ ਪਿਆ ਹੈ । ਸਰਦਾਰ ਹਰਚਰਨ ਸਿੰਘ ਅਜਨਾਲਾ ਲਗਭਗ ਸਵਾ ਸਾਲ ਸਪੀਕਰ ਰਹੇ । ਸਾਰੇ ਹਾਊਸ ਦੇ ਮੈਂਬਰਾਂ ਨੂੰ ਉਨ੍ਹਾਂ ਤੇ ਵਿਸ਼ਵਾਸ ਸੀ । ਉਨ੍ਹਾਂ ਨੇ ਹਾਊਸ ਦੀ ਮਰਿਆਦਾ ਨੂੰ ਠੀਕ ਤਰੀਕੇ ਦੇ ਨਾਲ ਨਿਭਾਇਆ । ਅਗਰ ਛੋਟੀ ਮੋਟੀ ਗੱਲ ਹਾਊਸ ਦੇ ਅੰਦਰ ਹੋ ਜਾਂਦੀ ਸੀ ਤਾਂ ਅਜਨਾਲਾ ਸਾਹਿਬ ਸਾਰੀਆਂ ਪਾਰਟੀਆਂ ਨੂੰ

Original with;
Punjab Vidhan Sabha
Digitized by;
Panjab Digital Library

ਬੁਲਾ ਕੇ ਆਪਣੇ ਚੈਂਬਰ ਵਿਚ ਉਸ ਮਸਲੇ ਦਾ ਹੱਲ ਸੁਲਝਾ ਲੈਂਦੇ । ਮੈਂ ਸਮਝਦਾ ਹਾਂ ਕਿ ਸਿਰਫ ਕਾਂਗਰਸ ਪਾਰਟੀ ਹੀ ਨਹੀਂ, ਪੰਜਾਬ ਹੀ ਨਹੀਂ ਬਲਕਿ ਉਨ੍ਹਾਂ ਦੇ ਚਲੇ ਜਾਣ ਨਾਲ ਸਾਰੇ ਹਿੰਦੁਸਤਾਨ ਨੂੰ ਬਹੁਤ ਬੜਾ ਘਾਟਾ ਪਿਆ ਹੈ । ਬਤੌਰ ਸੈਕਟਰੀ ਜ਼ਿਲ੍ਹਾ ਪਰਿਸ਼ਦ ਦੇ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਬੜੀ ਸੇਵਾ ਕੀਤੀ । ਫਿਰ ਉਸ ਤੋਂ ਬਾਅਦ ਐਮ.ਐਲ.ਏ. ਚੁਣੇ ਗਏ ਅਤੇ ਪੰਜਾਬ ਵਿਚ ਉਹ ਐਜੂਕੇਸ਼ਨ ਮਨਿਸਟਰ ਰਹੇ । ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਸੇਵਾ ਕਰਕੇ ਬੜਾ ਵਡਾ ਯੋਗਦਾਨ ਪਾਇਆ । ਜਦੋਂ ਉਹ ਸਪੀਕਰ ਚੁਣੇ ਗਏ ਤਾਂ ਫਿਰ ਹਾਊਸ ਦੀ ਮਰਿਆਦਾ ਨੂੰ ਸਹੀ ਢੰਗ ਨਾਲ ਨਿਭਾਇਆ ।

ਸਰਦਾਰ ਅਜਮੇਰ ਸਿੰਘ, ਸਰਦਾਰ ਤਾਰਾ ਸਿੰਘ ਜੋ ਕਿ ਹਾਊਸ ਦੇ ਮੈਂਬਰ ਵੀ ਰਹੇ ਅਤੇ ਪੰਜਾਬ ਦੇ ਮਨਿਸਟਰ ਵੀ ਰਹੇ । ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਬੜੀ ਸੇਵਾ ਕੀਤੀ । ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁਲ ਭੇਟ ਕਰਦਾ ਹਾਂ ।

ਸਰਦਾਰ ਮਾਧੋ ਸਿੰਘ, ਐਕਸ-ਐਮ.ਐਲ.ਏ. ਜੋ ਸਨ ਉਨ੍ਹਾਂ ਨੇ ਪੰਜਾਬ ਦੇ ਗਰੀਬ ਲੋਕਾਂ ਦੀ ਬੜੀ ਸੇਵਾ ਕੀਤੀ । ਮੈਂ ਉਨ੍ਹਾਂ ਨੂੰ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁਲ ਭੇਟ ਕਰਦਾ ਹਾਂ ।

ਪ੍ਰੋਫੈਸਰ ਸਯੱਦ ਨੂਰੁਲ ਹਸਨ, ਜੋ ਕਿ ਪੱਛਮੀ ਬੰਗਾਲ ਦੇ ਗਵਰਨਰ ਸਨ ਉਹ ਸੈਕੂਲੇਰਿਜ਼ਮ ਦੇ ਹਾਮੀ ਸਨ । ਉਨ੍ਹਾਂ ਨੇ ਬਤੌਰ ਮਨਿਸਟਰ ਵੀ ਪੰਜਾਬ ਦੇ ਲੋਕਾਂ ਦੀ ਬੜੀ ਸੇਵਾ ਕੀਤੀ । ਉਨ੍ਹਾਂ ਨੇ ਸਿਖਿਆ ਵਿਚ ਬੜਾ ਯੋਗਦਾਨ ਪਾਇਆ ਸੀ ।

ਜਸਟਿਸ ਮੇਹਰ ਸਿੰਘ ਜੋ ਕਿ ਚੀਫ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਰਹੇ, ਉਨ੍ਹਾਂ ਨੇ ਵੀ ਪੰਜਾਬ ਦੀ ਬੜੀ ਸੇਵਾ ਕੀਤੀ । ਮੈਂ ਉਨ੍ਹਾਂ ਨੂੰ ਵੀ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁਲ ਭੇਟ ਕਰਦਾ ਹਾਂ । ਮੈਂ ਮੁੱਖ ਮੰਤਰੀ ਜੀ ਨੇ ਜੋ ਮਤਾ ਰਖਿਆ ਹੈ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ । ਇਸ ਫਲੱਡ ਵਿਚ ਜਿਨ੍ਹਾਂ ਦੀਆਂ ਜਾਨਾਂ ਗਈਆਂ ਹਨ, ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ।

**ਸ਼੍ਰੀ ਡਿਪਟੀ ਸਪੀਕਰ :** ਮੈਂ ਵੀ ਆਪਣੇ ਆਪ ਨੂੰ, ਲੀਡਰ ਆਫ ਦੀ ਹਾਊਸ, ਲੀਡਰ ਆਫ ਦੀ ਅਪੋਜ਼ੀਸ਼ਨ, ਵੱਖ ਵੱਖ ਪਾਰਟੀਆਂ ਦੇ ਲੀਡਰ ਸਾਹਿਬਾਨ ਅਤੇ ਮੈਂਬਰ ਸਾਹਿਬਾਨ ਨੇ ਜਿਹੜੇ ਵਿਚਾਰ ਹਾਊਸ ਵਿੱਚ ਰਖੇ ਹਨ, ਉਨ੍ਹਾਂ ਨਾਲ ਸ਼ਾਮਲ ਕਰਦਾ ਹਾਂ । ਸਰਦਾਰ ਹਰਚਰਨ ਸਿੰਘ ਅਜਨਾਲਾ, ਜਿਹੜੇ ਕਿ ਇਸ ਵਿਧਾਨ ਸਭਾ ਦੇ ਸਪੀਕਰ ਸਨ, ਉਨ੍ਹਾਂ ਦੇ ਜਾਣ ਨਾਲ ਉਨ੍ਹਾਂ ਦੇ ਪਰਿਵਾਰ ਨੂੰ ਹੀ ਘਾਟਾ ਨਹੀਂ ਹੋਈ, ਮੈਂ ਸਮਝਦਾ ਹਾਂ ਕਿ ਸਾਡੇ ਸਾਰੇ ਮੈਂਬਰ ਸਾਹਿਬਾਨ ਨੂੰ, ਇਸ ਹਾਊਸ ਨੂੰ, ਰਾਜਨੀਤੀ ਨੂੰ

Original with;
Punjab Vidhan Sabha
Digitized by;
Panjab Digital Library

[ਸ੍ਰੀ ਡਿਪਟੀ ਸਪੀਕਰ]

ਔਰ ਇਸ ਦੇ ਨਾਲ-ਨਾਲ ਸਾਡੀ ਵਿਧਾਨ ਸਭਾ ਸੈਕ੍ਰੇਟੇਰੀਏਟ ਦੇ ਸਟਾਫ ਨੂੰ ਬਹੁਤ ਵੱਡੀ ਘਾਟ ਹੋਈ ਹੈ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਜਾਣ ਨਾਲ ਜੋ ਇਹ ਖਲਾਅ ਪੈਦਾ ਹੋਇਆ ਹੈ, ਇਸ ਨੂੰ ਪੂਰਾ ਕਰਨਾ ਬਹੁਤ ਹੀ ਮੁਸ਼ਕਲ ਦਿਖਾਈ ਦਿੰਦਾ ਹੈ । ਜਿਵੇਂ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਲੋਕ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਸਨ । ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਜਦੋਂ ਅਸੀਂ ਉਨ੍ਹਾਂ ਦੇ ਭੋਗ ਤੇ ਗਏ ਤਾਂ ਉਥੇ ਇਹ ਗੱਲ ਦੇਖੀ ਕਿ ਤਕਰੀਬਨ 25,000 ਤੋਂ ਵੱਧ ਲੋਕ ਉਸ ਭੋਗ ਵਿਚ ਸ਼ਾਮਲ ਸਨ । ਇਸ ਤੋਂ ਇਹ ਗੱਲ ਸਾਬਤ ਹੁੰਦੀ ਹੈ ਕਿ ਉਹ ਕਿੰਨੇ ਪਰਾਮੀਨੈਂਟ ਸਨ ਅਤੇ ਲੋਕ ਉਨ੍ਹਾਂ ਨਾਲ ਕਿੰਨਾ ਪਿਆਰ ਕਰਦੇ ਸਨ । ਜਿੰਨਾ ਉਨ੍ਹਾਂ ਨੂੰ ਲੋਕਾਂ ਨਾਲ ਪਿਆਰ ਸੀ, ਉਨਾਂ ਹੀ ਪਿਆਰ ਲੋਕੀਂ ਉਨ੍ਹਾਂ ਨਾਲ ਕਰਦੇ ਸਨ । ਇਹ ਗੱਲ ਉਨ੍ਹਾਂ ਦੇ ਭੋਗ ਦੇ ਇਕੱਠ ਤੋਂ ਨਜ਼ਰ ਆਉਂਦੀ ਸੀ । ਇਹ ਗੱਲ ਕਹੀ ਜਾਂਦੀ ਹੈ ਕਿ ਉਨ੍ਹਾਂ ਨੂੰ ਅਜਨਾਲਾ ਦੇ ਲੋਕ, ਅੰਮ੍ਰਿਤਸਰ ਦੇ ਲੋਕ ਬਹੁਤ ਹੀ ਪਿਆਰ ਕਰਦੇ ਸਨ ਔਰ ਉਹ ਲੋਕ ਉਨ੍ਹਾਂ ਨੂੰ ਆਮ ਤੌਰ ਤੇ ਸੈਕ੍ਰੇਟਰੀ ਸਾਹਿਬ ਕਹਿ ਕੇ ਹੀ ਪੁਕਾਰਦੇ ਸਨ । ਉਹ ਬਹੁਤ ਲੰਬੇ ਅਰਸੇ ਤਕ ਸੈਕ੍ਰੇਟਰੀ ਜ਼ਿਲ੍ਹਾ ਪਰਿਸ਼ਦ ਰਹੇ । ਇਸੇ ਵਜ੍ਹਾ ਨਾਲ ਉਨ੍ਹਾਂ ਨੂੰ ਲੋਕ ਆਮ ਤੌਰ ਤੇ ਇਸੇ ਰੂਪ ਵਿੱਚ ਪਿਆਰ ਨਾਲ ਪੁਕਾਰਦੇ ਸਨ, ਸਤਿਕਾਰਦੇ ਸਨ ।

ਕੁਦਰਤੀ ਇਕ ਦਹਾਕੇ ਤੋਂ ਬਾਅਦ ਅੱਜ ਪੰਜਾਬ ਵਿਚ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਦੀ ਕਿਰਪਾ ਦੇ ਨਾਲ ਬੜਾ ਸ਼ਾਂਤ ਵਾਤਾਵਰਣ, ਬੜਾ ਅੱਛਾ ਮਾਹੌਲ ਕਾਇਮ ਹੋਇਆ ਹੈ । ਇਸ ਦੇ ਵਿਚ ਅਸੀਂ ਸਮਝਦੇ ਸੀ ਕਿ ਸਰਦਾਰ ਹਰਚਰਨ ਸਿੰਘ ਅਜਨਾਲਾ ਵਰਗੀਆਂ ਸ਼ਖਸੀਅਤਾਂ ਦੀ ਬੜੀ ਲੋੜ ਸੀ ਕਿ ਉਹ ਸਾਡੇ ਆਉਣ ਵਾਲੇ ਸਮੇਂ ਦੇ ਵਿੱਚ ਸਾਡਾ ਮਾਰਗ-ਦਰਸ਼ਨ ਕਰ ਸਕਦੀਆਂ । ਸਰਦਾਰ ਹਰਚਰਨ ਸਿੰਘ ਅਜਨਾਲਾ ਵਿਧਾਨ ਸਭਾ ਦੇ ਵਿੱਚ ਬੜੇ ਨਿਰਪੱਖ ਤੌਰ ਤੇ ਆਪਣੇ ਫੈਸਲੇ ਕਰਦੇ ਸਨ ਔਰ ਸ਼ਾਇਦ ਉਨ੍ਹਾਂ ਫੈਸਲਿਆਂ ਦੀ ਵਜ੍ਹਾ ਨਾਲ ਹੀ ਸਾਰੀ ਅਪੋਜ਼ੀਸ਼ਨ ਵੀ ਉਨ੍ਹਾਂ ਨੂੰ ਬੜਾ ਪਿਆਰ ਕਰਦੀ ਰਹੀ ਹੈ । ਅੱਜ ਉਸ ਪਿਆਰ ਦੇ ਸਦਕਾ ਹੀ ਬੜੇ ਅੱਛੇ ਵਿਚਾਰ ਸਾਡੇ ਲੀਡਰ ਆਫ ਦੀ ਹਾਊਸ ਨੇ ਪੇਸ਼ ਕੀਤੇ ਅਤੇ ਸਾਡੇ ਅਪੋਜ਼ੀਸ਼ਨ ਦੇ ਮੈਂਬਰਾਂ ਨੇ ਵੀ ਉਨ੍ਹਾਂ ਪ੍ਰਤੀ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਅੱਛੇ-ਅੱਛੇ ਵਿਚਾਰ ਰਖੇ ।

ਸਰਦਾਰ ਹਰਚਰਨ ਸਿੰਘ ਅਜਨਾਲਾ ਨੇ ਬੜਾ ਲੰਬਾ ਸਮਾਂ ਸਿਆਸਤ ਵਿਚ ਗੁਜ਼ਾਰਿਆ ਔਰ ਮੈਂ ਸਮਝਦਾ ਹਾਂ ਕਿ ਉਹ ਬੜੀ ਦਿਲਦਾਰ ਸ਼ਖਸੀਅਤ ਦੇ ਨਿਸ਼ਾਨ ਸਨ । ਉਨ੍ਹਾਂ ਦਾ ਵਿਧਾਨ ਸਭਾ ਸੈਕ੍ਰੇਟੇਰੀਏਟ ਦੇ ਸਟਾਫ਼ ਨਾਲ ਬੜਾ ਅੱਛਾ ਵਿਵਹਾਰ ਰਿਹਾ । ਉਹ ਆਪਣੇ ਆਪ ਨੂੰ ਇਥੇ ਪਿਤਾ ਦਾ ਦਰਜਾ ਦਿੰਦੇ ਸਨ । ਮੈਂ ਮਹਿਸੂਸ ਕਰਦਾ ਹਾ ਕਿ ਉਨ੍ਹਾਂ ਦੇ ਦਿਹਾਂਤ ਤੋਂ ਬਾਅਦ ਸਾਰੇ ਵਿਧਾਨ ਸਭਾ ਸਕੱਤਰੇਤ

Original with;
Punjab Vidhan Sabha
Digitized by;
Panjab Digital Library

ਸਟਾਫ ਨੇ ਇੰਝ ਹੀ ਮਹਿਸੂਸ ਕੀਤਾ ਜਿਵੇਂ ਉਨ੍ਹਾਂ ਨੇ ਆਪਣਾ ਪਿਤਾ ਖੋਹ ਦਿੱਤਾ ਹੋਵੇ । ਇਸ ਤਰ੍ਹਾਂ ਦਾ ਪਿਆਰ ਉਨ੍ਹਾਂ ਨੇ ਇਕ ਸਾਲ ਦੇ ਸਮੇਂ ਵਿੱਚ ਇਥੋਂ ਦੇ ਲੋਕਾਂ ਨਾਲ ਪਾਇਆ । ਮੈਨੂੰ ਵੀ ਮਾਨਯੋਗ ਸਰਦਾਰ ਹਰਚਰਨ ਸਿੰਘ ਅਜਨਾਲਾ ਜੀ ਨਾਲ ਇਕ ਸਾਲ ਦਾ ਸਮਾਂ ਬਿਤਾਉਣ ਦਾ ਮੌਕਾ ਮਿਲਿਆ ਔਰ ਮੈਂ ਸਮਝਦਾ ਹਾਂ ਕਿ ਇਹ ਬੜਾ ਹੀ ਘੱਟ ਸਮਾਂ ਸੀ, ਹਾਲੇ ਉਨ੍ਹਾਂ ਕੋਲੋਂ ਕਾਫੀ ਕੁਝ ਸਿੱਖਣਾ ਸੀ । ਉਨ੍ਹਾਂ ਦੀ ਸ਼ਖਸੀਅਤ ਹੀ ਇਸ ਤਰ੍ਹਾਂ ਦੀ ਸੀ ਕਿ ਉਹ ਹਮੇਸ਼ਾਂ ਹਰੇਕ ਨਾਲ ਮਿੱਠਾ ਬੋਲਦੇ ਸਨ ਅਤੇ ਪਿਆਰ ਦੀ ਸਾਂਝ ਰਖਦੇ ਸਨ । ਮੈਨੂੰ ਇਹ ਵੀ ਯਾਦ ਹੈ ਕਿ ਜਿਸ ਵੇਲੇ ਵੀ ਕਦੇ ਬਜਟ ਦੀ ਗੱਲ ਚਲਦੀ ਸੀ ਤਾਂ ਇਹੀ ਗੱਲ ਕਹਿੰਦੇ ਸਨ ਕਿ ਅਸੀਂ ਘੱਟ ਤੋਂ ਘੱਟ ਖਰਚ ਕਰੀਏ, ਜਿੰਨਾਂ ਵੀ ਪੈਸਾ ਬਚਾਈਏ ਅੱਛਾ ਹੈ, ਇਸ ਨਾਲ ਅਸੀਂ ਆਪਣੇ ਮੁੱਖ ਮੰਤਰੀ ਜੀ ਦੀ, ਆਪਣੇ ਪੰਜਾਬ ਦੀ ਇਕਨਾਮਿਕ ਕੰਡੀਸ਼ਨ ਨੂੰ ਮੁੱਖ ਰਖਦੇ ਹੋਏ ਮਦਦ ਕਰ ਸਕਦੇ ਹਾਂ । ਸਰਦਾਰ ਹਰਚਰਨ ਸਿੰਘ ਅਜਨਾਲਾ ਜੀ ਦਾ ਸੁਭਾਅ ਇਸ ਤਰ੍ਹਾਂ ਦਾ ਸੀ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਆਪਣੇ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਣ ਕਰਦਾ ਹਾਂ । ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਈਸ਼ਵਰ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਵਾਸਾ ਦੇਵੇ ਔਰ ਉਨ੍ਹਾਂ ਦੇ ਪਰਿਵਾਰ ਨੂੰ ਸ਼ਕਤੀ ਬਖਸ਼ੇ ਕਿ ਉਹ ਇਸ ਘਾਟੇ ਨੂੰ ਸਹਿਨ ਕਰ ਸਕਣ ।

ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸਖਸ਼ੀਅਤਾਂ ਹਨ ਜਿਹੜੀਆਂ ਕਿ ਵਿਧਾਨ ਸਭਾ ਦੇ, ਇਸ ਹਾਊਸ ਦੇ ਵਿੱਚ ਸਮੇਂ ਸਮੇਂ ਤੇ ਮੈਂਬਰ ਰਹੇ ਔਰ ਉਨ੍ਹਾਂ ਦੇ ਵਿੱਚੋਂ ਸਰਦਾਰ ਅਜਮੇਰ ਸਿੰਘ, ਐਕਸ ਮਨਿਸਟਰ, ਪੰਜਾਬ, ਸਰਦਾਰ ਤਾਰਾ ਸਿੰਘ ਲਾਇਲਪੁਰੀ ਐਕਸ ਮਨਿਸਟਰ ਅਤੇ ਸ਼੍ਰੀ ਕੋਝੋ ਦਾਸ, ਸਾਬਕਾ ਐਮ.ਐਲ.ਏ. ਔਰ ਸਰਦਾਰ ਮਾਧੋ ਸਿੰਘ ਜੀ, ਸਾਬਕਾ ਐਮ.ਐਲ.ਏ. ਹਨ ਅਤੇ ਇਸੇ ਤਰ੍ਹਾਂ ਜਸਟਿਸ ਮੇਹਰ ਸਿੰਘ, ਫਾਰਮਰ ਚੀਫ ਜਸਟਿਸ, ਪੰਜਾਬ ਐਂਡ ਹਰਿਆਣਾ ਹਾਈ ਕੋਰਟ ਅਤੇ ਇਨ੍ਹਾਂ ਤੋਂ ਇਲਾਵਾ ਜਿਸ ਤਰ੍ਹਾਂ ਮੁੱਖ ਮੰਤਰੀ ਜੀ ਨੇ ਦੱਸਿਆ ਪ੍ਰੋ: ਸਯੱਦ ਨੂਰੁਲ ਹਸਨ, ਗਵਰਨਰ ਵੈਸਟ ਬੰਗਾਲ ਔਰ ਸਰਦਾਰ ਪ੍ਰੀਤਮ ਸਿੰਘ ਕਾਹਲੋਂ, ਸਾਬਕਾ ਐਮ.ਐਲ.ਏ. ਅਤੇ ਜਸਟਿਸ ਏ.ਐਨ. ਗਰੋਵਰ ਅਤੇ ਸ਼੍ਰੀ ਗਿਰੀ ਲਾਲ ਜੈਨ ਜੀ ਅਤੇ ਜਿਹੜੇ ਫਲੱਡਜ਼ ਦੇ ਕਾਰਨ ਪੰਜਾਬ ਵਿਚ ਸਾਡੇ ਭਰਾ, ਭੈਣਾ ਅਤੇ ਮਾਸੂਮ ਬੱਚੇ ਮਾਰੇ ਗਏ ਹਨ ਉਨ੍ਹਾਂ ਸਾਰਿਆਂ ਨੂੰ ਆਪਣੇ ਵੱਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ ਔਰ ਈਸ਼ਵਰ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਉਹ ਇਨ੍ਹਾਂ ਸਾਰਿਆਂ ਨੂੰ ਆਪਣੇ ਚਰਨਾਂ ਦੇ ਵਿੱਚ ਵਾਸਾ ਦੇਵੇ ਔਰ ਉਨ੍ਹਾਂ ਦੇ ਪਰਿਵਾਰਾਂ ਨੂੰ ਇਹ ਸ਼ਕਤੀ ਦੇਵੇ ਕਿ ਉਹ ਇਸ ਘਾਟੇ ਨੂੰ ਬਰਦਾਸ਼ਤ ਕਰ ਸਕਣ । ਇੰਨਾ ਕਹਿੰਦਾ ਹੋਇਆ ਮੈਂ ਆਪਣੀ ਸੀਟ ਲੈਂਦਾ ਹਾਂ । ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਰਿਕੁਐਸਟ ਕਰਾਂਗਾ ਕਿ ਅਸੀਂ ਦੋ ਮਿੰਟ ਖੜ੍ਹੇ ਹੋ ਕੇ ਮੋਨ ਧਾਰਨ ਕਰੀਏ ।

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਹਾਊਸ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਨੇ ਦੋ ਮਿੰਟ ਲਈ ਖੜ੍ਹੇ ਹੋ ਕੇ ਮੋਨ ਧਾਰਨ ਕੀਤਾ ।)

**Mr. Deputy Speaker:** The House stands adjourned till 9.00 A.M. on Wednesday, The 21st July, 1993.

| *3.19 P.M. | *(The Sabha then adjourned* till 9.00 A.M. on Wednesday, the 21st July, 1993).* |
|---|---|

7043 PVS--Govt. Press, U.T., Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1993

Published under the authority of the Punjab Vidhan Sabha and printed by the Controller, Govt.. Press (U.T.), Chandigarh.

Original with;
Punjab Vidhan Sabha
Digitized by;
Panjab Digital Library

22

# Punjab Vidhan Sabha Debates

*21st July, 1993*

**Vol. V—No. 2**

OFFICIAL REPORT

CONTENTS

*Wednesday, the 21st July, 1993*


| | | Page |
|---|---|---|
| Starred Questions and Answers | .. | (2)1 |
| Unstarred Questions and Answers | .. | (2)19 |
| Election of Speaker | .. | (2)31 |
| Congratulatory Speeches | .. | (2)32 |
| Announcement by the Speaker re. resignation of Sardar Umrao Singh, M.L.A. | .. | (2)38 |
| Announcement by the Secretary | .. | (2)39 |
| Dharna | ... | (2)40 |
| Substantive Motion | ... | (2)40 |
| Call Attention Notice under Rule 66 | ... | (2)60 |


Punjab Vidhan Sabha Secretariat, Chandigarh.

Price Rs. 205-50

Original with;
Punjab Vidhan Sabha
Digitized by;
Panjab Digital Library

Dharna ... (2)64

Call Attention Notice under Rule 66 (*resumption*) ... (2)64

Papers Laid on the Table ... (2)65

**Legislative Business—**

Bills—

The Punjab Municipal (Amendment)——, 1993 ... (2)66

The Punjab General Sales Tax (Second Amendment)—, 1993 ... (2)73

Short Adjournment of the House ... (2)79

Bills—

The Punjab Panchayat Samitis and Zila Parishads (Temporary Supersession) Amendment——, 1993 .. (2)79

The Punjab Village Common Lands (Regulation) Amendment——, 1993 .. (2)82

The Punjab Agricultural Produce Markets (Amendment)—— 1993 .. (2)84

Motion under Rule 16 .. (2)88

Motion under Rule 77 .. (2)88

Appendix ... (1)

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Wednesday, the 21st July,* 1993

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. Mr. Deputy Speaker (Shri Romesh Chander Dogra) in the Chair*

## STARRED QUESTIONS AND ANSWERS

### Starred Question No. 1045*

**Mr. Deputy Speaker :** Extension has been asked for in respect of Starred Question No. 1045 which I have granted.

### ਸਿੰਚਾਈ ਵਿਭਾਗ ਦੇ ਇੰਜੀਨੀਅਰਾਂ ਨੂੰ ਸੈਨਿਕ ਸੇਵਾ ਦਾ ਲਾਭ

*1054. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਮਿਤੀ 1 ਮਾਰਚ, 1993 ਲਈ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਨਿਸ਼ਾਨ ਵਾਲੇ ਪ੍ਰਸ਼ਨ ਨੰ: 752 ਦੇ ਉੱਤਰ ਦੇ ਹਵਾਲੇ ਨਾਲ ਦੱਸਣਗੇ ਕਿ—

(ੳ) ਸਿੰਜਾਈ ਵਿਭਾਗ ਦੇ ਉਨ੍ਹਾਂ ਦੋ ਅਫਸਰਾਂ ਨੂੰ ਸੈਨਿਕ ਸੇਵਾ ਦੇ ਲਾਭ ਦੇਣ ਲਈ ਕੀ ਕਾਰਵਾਈ ਕੀਤੀ ਗਈ ਹੈ ਜਿਨ੍ਹਾਂ ਨੇ ਸਾਲ 1962-63 ਦੇ ਦੌਰਾਨ ਭਾਰਤੀ ਫੌਜ ਵਿਚ ਨੌਕਰੀ ਕੀਤੀ;

(ਅ) ਇਸ ਮਾਮਲੇ ਦਾ ਕਦੋਂ ਤੱਕ ਅੰਤਮ ਫੈਸਲਾ ਕੀਤੇ ਜਾਣ ਦੀ ਸੰਭਾਵਨਾ ਹੈ ?

**Sardar Beant Singh :** (a) The matter to grant the benefits of Military Service to 2 Officers is still under active consideration of the Government.

(b) Final decision in the matter shall be taken very shortly.

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹਾਂਗਾ ਕਿ ਇਸੇ ਤਰ੍ਹਾਂ ਦਾ ਸਵਾਲ ਪਿਛਲੇ ਸੈਸ਼ਨ ਵਿੱਚ ਵੀ ਆਇਆ ਸੀ। ਇਸ ਦਾ ਜੋ ਜਵਾਬ ਦਿੱਤਾ ਗਿਆ ਹੈ ਮੈਂ ਉਸ ਦੇ ਨਾਲ ਸਹਿਮਤ ਨਹੀਂ ਹਾਂ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਨੇ ਫੌਜੀ ਅਫਸਰਾਂ ਨੂੰ ਸੀਨਿਉਰਿਟੀ ਬੈਨੀਫਿਟ ਦੇਣ ਬਾਰੇ ਫੈਸਲਾ ਕਰਨਾ ਸੀ। ਇਹ ਬਣਦਾ ਲਾਭ ਉਨ੍ਹਾਂ ਨੂੰ ਕਦੋਂ ਤੱਕ ਦੇ ਦਿੱਤਾ ਜਾਵੇਗਾ, ਇਹ ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ।

**ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਗੱਲ ਇਹ ਹੈ ਕਿ ਦੋ ਅਫਸਰਾਂ ਨੇ ਪਹਿਲਾਂ ਇਰੀਗੇਸ਼ਨ ਡਿਪਾਰਟਮੈਂਟ ਵਿੱਚ ਜੁਆਇਨ ਕੀਤਾ ਸੀ। ਉਸ ਤੋਂ ਬਾਅਦ ਉਹ ਫੌਜ ਵਿੱਚ ਚਲੇ ਗਏ ਅਤੇ ਫਿਰ ਵਾਪਸ ਆ ਗਏ ਤੇ ਐਕਸੀਅਨ ਦੇ ਤੌਰ ਤੇ ਕੰਮ ਕਰ ਰਹੇ ਹਨ। ਜੇਕਰ ਪਹਿਲਾਂ ਫੌਜ ਵਿਚੋਂ ਆਉਂਦੇ

**For Starred Question No. 1045 and reply thereto, please see Appendix to this Debate,

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਤਾਂ ਰਿਜ਼ਲਟ ਹੋਰ ਹੋਣਾ ਸੀ ਜਾਂ ਫੈਸਲਾ ਹੋਰ ਹੋਣਾ ਸੀ। ਇਸ ਤੋਂ ਬਾਅਦ ਪਬਲਿਕ ਹੈਲਥ ਦਾ ਇਕ ਅਫਸਰ ਕੋਰਟ ਵਿੱਚ ਚਲਾ ਗਿਆ ਅਤੇ ਉਸ ਨੂੰ ਇਹ ਬੈਨੀਫਿਟ ਮਿਲਿਆ। ਉਸ ਤੋਂ ਬਾਅਦ ਉਸ ਨੂੰ ਦੇਖ ਕੇ ਇਨ੍ਹਾਂ ਅਫਸਰਾਂ ਨੇ ਅਪਲਾਈ ਕੀਤਾ ਹੈ। ਕੋਰਟ ਕੇਸ ਦੀ ਲਾਈਟ ਵਿਚ ਅਸੀਂ ਜਲਦੀ ਹੀ ਫੈਸਲਾ ਲੈ ਰਹੇ ਹਾਂ ਅਤੇ ਜੋ ਸਾਡਾ ਡਿਫੈਂਸ ਸਰਵਿਸ ਵੈਲਫੇਅਰ ਦਾ ਮਹਿਕਮਾ ਹੈ, ਉਸ ਦੀ ਰਾਏ ਲੈ ਕੇ ਇਹ ਫੈਸਲਾ ਜਲਦੀ ਹੀ ਕਰ ਦਿੱਤਾ ਜਾਵੇਗਾ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਨੂੰ ਜਾਣਕਾਰੀ ਹਿੱਤ ਦੱਸਣਾ ਚਾਹੁੰਦਾ ਹਾਂ ਕਿ ਦੋ ਅਫਸਰ ਪਬਲਿਕ ਹੈਲਥ ਦੇ ਸ੍ਰੀ ਜੇ.ਐਸ.ਸੋਢੀ ਅਤੇ ਸ੍ਰੀ ਜਗਜੀਤ ਸਿੰਘ ਨੂੰ ਪਿਛੋਂ ਲਾਭ ਦਿੱਤਾ ਗਿਆ ਹੈ, ਉਹ ਬੈਨੀਫਿਟ ਵੀ ਸਰਕਾਰ ਨੇ ਹੀ ਦਿੱਤਾ ਹੈ।

**Mr. Deputy Speaker** : Shahbazpuri ji, you please ask your question.

**ਸਰਦਾਰ ਸੁਖਦੇਵ ਸਿੰਘ ਸ਼ਾਹਜ਼ਾਬਪੁਰੀ** : ਸਰ, ਮੈਂ ਸਵਾਲ ਬਾਰੇ ਹੀ ਪੁੱਛ ਰਿਹਾ ਹਾਂ ਕਿ ਸਾਲ 1962-63 ਵਿੱਚ ਜਦੋਂ ਸਵਰਗੀ ਸਰਦਾਰ ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸਨ ਅਤੇ ਸਰਦਾਰ ਹਰਚਰਨ ਸਿੰਘ ਬਰਾੜ ਇਰੀਗੇਸ਼ਨ ਅਤੇ ਪਾਵਰ ਦੇ ਡਿਪਟੀ ਮੰਤਰੀ ਸਨ ਉਨ੍ਹਾਂ ਦੀ ਅਪੀਲ ਉਤੇ ਹੀ ਇਨ੍ਹਾਂ ਨੇ ਵਾਲੰਟੀਅਰਲੀ ਆਪਣੇ ਆਪ ਨੂੰ ਪੇਸ਼ ਕੀਤਾ ਸੀ ਅਤੇ ਫੌਜ ਵਿੱਚ ਕੰਮ ਕੀਤਾ ਸੀ। ਉਨ੍ਹਾਂ ਨੂੰ ਬੈਨੀਫਿਟ ਦੇਣ ਵਾਸਤੇ ਮੈਂ ਸਰਕਾਰ ਨੂੰ, ਮੁੱਖ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਬਣਦਾ ਹੱਕ ਉਨ੍ਹਾਂ ਨੂੰ ਕਦੋਂ ਤੱਕ ਦੇ ਦਿੱਤਾ ਜਾਵੇਗਾ?

**ਮੁੱਖ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਆਖਿਆ ਹੈ ਕਿ ਜਿਹੜਾ ਪਬਲਿਕ ਹੈਲਥ ਦੇ ਅਫਸਰ ਨੂੰ ਬੈਨੀਫਿਟ ਦਿੱਤਾ ਗਿਆ ਸੀ ਉਸ ਦੇ ਆਧਾਰ ਤੇ ਹੀ ਇਨ੍ਹਾਂ ਅਫਸਰਾਂ ਨੂੰ ਵੀ ਬੈਨੀਫਿਟ ਦੇਈਏ, ਇਸ ਬਾਰੇ ਅਸੀਂ ਜਲਦੀ ਹੀ ਫੈਸਲਾ ਕਰ ਲਵਾਂਗੇ ਪਰ ਇਸ ਬਾਰੇ ਟਾਈਮ ਮੁਕੱਰਰ ਨਹੀਂ ਕੀਤਾ ਜਾ ਸਕਦਾ।

------

**ਪੰਜਾਬ ਲੋਕ ਸੇਵਾ ਕਮਿਸ਼ਨ ਦੇ ਅਧਿਕਾਰ ਖੇਤਰ ਵਿਚੋਂ ਕਢੀਆਂ ਗਈਆਂ ਆਸਾਮੀਆਂ**

*1035. 1. **ਕਾਮਰੇਡ ਹਰਦੇਵ ਸਿੰਘ ਅਰਸ਼ੀ**
2. **ਸ੍ਰੀਮਤੀ ਵਿਮਲਾ ਡਾਂਗ** : } : ਕੀ ਸਿਹਤ ਅਤੇ ਪਰਿਵਾਰ ਭਲਾਈ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀਆਂ ਅਜਿਹੀਆਂ ਆਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ ਹੈ ਜੋ ਸਾਲ 1992-93 ਅਤੇ 1993-94, ਹੁਣ ਤੱਕ ਦੇ ਦੌਰਾਨ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਅਧਿਕਾਰ ਖੇਤਰ ਵਿਚੋਂ ਕੱਢੀਆਂ ਗਈਆਂ ਹਨ?

**Sardar Harcharan Singh Brar** : During 1992-93 and 1993-94, to date 103 posts of P.C.M.S. doctors have been taken out of the purview of the Punjab Public Service Commission.

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਉਤਰ ਵਿੱਚ ਇਨ੍ਹਾਂ ਨੇ ਦੱਸਿਆ ਹੈ ਕਿ ਸਾਲ 1992-93 ਅਤੇ

Original with;
Punjab Vidhan Sabha
Digitized by;
Panjab Digital Library

1993-94 ਦੌਰਾਨ ਹੁਣ ਤੱਕ 103 ਪੀ.ਸੀ.ਐਮ.ਐਸ. ਡਾਕਟਰਾਂ ਦੀਆਂ ਆਸਾਮੀਆਂ ਪਬਲਿਕ ਸਰਵਿਸ ਕਮਿਸ਼ਨ ਦੇ ਅਧਿਕਾਰ ਖੇਤਰ ਤੋਂ ਕੱਢੀਆਂ ਗਈਆਂ ਹਨ, ਕੀ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਇਹ ਆਸਾਮੀਆਂ ਪਬਲਿਕ ਸਰਵਿਸ ਦੇ ਅਧਿਕਾਰ ਖੇਤਰ ਵਿਚੋਂ ਕੱਢਣ ਦੇ ਕਾਰਨ ਕੀ ਸਨ ?

**ਮੰਤਰੀ :** ਡਿਪਟੀ ਸਪੀਕਰ ਸਾਹਿਬ, ਪਹਿਲਾਂ ਸਰਕਾਰ ਨੇ ਸੰਧਾਵਾਲੀਆ ਕਮੇਟੀ ਅਨਾਮਲੀਜ਼ ਦੂਰ ਕਰਨ ਲਈ ਬਣਾਈ ਸੀ। ਉਸਨੇ ਰਿਕਮੈਂਡ ਕੀਤਾ ਸੀ ਕਿ 4 ਸਾਲ ਤੋਂ ਬਾਅਦ ਐਡਹਾਕ ਸਰਵਿਸ ਜਿਹੜੀ ਹੁੰਦੀ ਹੈ, ਉਹ ਰੈਗੂਲਰ ਹੋਣ ਦੇ ਐਲੀਜੀਬਲ ਹੋ ਜਾਂਦੀ ਹੈ । ਇਸ ਲਈ ਰੈਗੂਲੇਰਾਈਜ਼ੇਸ਼ਨ ਨੂੰ ਮੱਦੇ-ਨਜ਼ਰ ਰੱਖਦੇ ਹੋਏ ਇਹ ਪੋਸਟਾਂ ਪਬਲਿਕ ਸਰਵਿਸ ਕਮਿਸ਼ਨ ਦੇ ਅਧਿਕਾਰ ਖੇਤਰ ਵਿੱਚੋਂ ਕੱਢੀਆਂ ਗਈਆਂ ਹਨ ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਡਿਪਟੀ ਸਪੀਕਰ ਸਾਹਿਬ, ਕੀ ਮੰਤਰੀ ਜੀ ਯਕੀਨ ਦਿਲਾਉਣਗੇ ਕਿ ਭਵਿੱਖ ਵਿੱਚ ਇਨ੍ਹਾਂ ਦੀਆਂ ਸਰਵਿਸਿਜ਼ ਰੈਗੂਲਰ ਕਰਨ ਤੋਂ ਬਾਅਦ, ਪੰਜਾਬ ਪਬ-ਲਿਕ ਸਰਵਿਸ ਕਮਿਸ਼ਨ ਦੇ ਅਧਿਕਾਰ ਖੇਤਰ ਵਿਚੋਂ ਸਟੇਟ ਗੌਰਮਿੰਟ ਇਸ ਤਰ੍ਹਾਂ ਪੋਸਟਾਂ ਨਹੀਂ ਕੱਢੇ-ਗੀ ?

**ਮੰਤਰੀ :** ਗੌਰਮਿੰਟ ਦੀ ਕਦੇ ਕੋਈ ਮਨਸ਼ਾ ਨਹੀਂ ਹੋਈ ਕਿ ਪਬਲਿਕ ਸਰਵਿਸ ਕਮਿਸ਼ਨ ਨੂੰ ਬਾਈ-ਪਾਸ ਕੀਤਾ ਜਾਵੇ। ਲੇਕਿਨ ਕਦੇ ਅਜਿਹੇ ਹਾਲਾਤ ਪੈਦਾ ਹੋ ਜਾਂਦੇ ਹਨ ਜਿਸ ਕਰਕੇ ਪਬਿਲਕ ਸਰਵਿਸ ਕਮਿਸ਼ਨ ਦੇ ਅਧਿਕਾਰ ਖੇਤਰ ਵਿਚੋਂ ਪੋਸਟਾਂ ਕੱਢਣੀਆਂ ਪੈਂਦੀਆਂ ਹਨ।

---

## ਫਿਰੋਜ਼ਪੁਰ ਜ਼ਿਲ੍ਹੇ ਵਿਚ ਬਲੱਡ ਬੈਂਕਾਂ ਦੀ ਗਿਣਤੀ

*1041. **ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਫਿਰੋਜ਼ਪੁਰ ਵਿਚ ਉਨ੍ਹਾਂ ਹਸਪਤਾਲਾਂ/ਡਿਸਪੈਂਸਰੀਆਂ ਦੇ ਵੇਰਵੇ ਅਤੇ ਗਿਣਤੀ ਕਿੰਨੀ ਹੈ ; ਜਿਨ੍ਹਾਂ ਵਿਚ ਬਲੱਡ ਬੈਂਕ ਖੋਲ੍ਹੇ ਗਏ ਹਨ ;

(ਅ) ਉਕਤ ਹਸਪਤਾਲਾਂ /ਡਿਸਪੈਂਸਰੀਆਂ ਦੇ ਬਲੱਡ ਬੈਂਕਾਂ ਵਿਚ ਰੱਖੇ ਗਏ ਸਾਜ਼ੋ-ਸਾਮਾਨ ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਦੀ ਕੀਮਤ ਕਿੰਨੀ ਹੈ ;

(ੲ) ਉਕਤ ਜ਼ਿਲ੍ਹੇ ਦੇ ਬਲੱਡ ਬੈਂਕਾਂ ਵਿਚ ਇਸ ਸਮੇਂ ਜਮ੍ਹਾਂ ਖ਼ੂਨ ਦੀ ਮਾਤਰਾ ਕਿੰਨੀ ਹੈ ?

**Sardar Harcharan Singh Brar:** (a) The following four Blood Banks are functioning in the Civil Hospitals of District Ferozepur:—

1. Ferozepur
2. Abohar
3. Fazilka
4. Jalalabad

Original with;
Punjab Vidhan Sabha
Digitized by;
Panjab Digital Library

[Health and Family Welfare Minister]

(b) The details of the equipments supplied together with their value are as under :—

| | Refri-gerators | Air-Condi-tioner | VDRL Shaker | Centri-fuge | Micro-scope | Total cost |
|---|---|---|---|---|---|---|
| | | | | | | Rs. |
| 1. Ferozepur | 2 | 1 | 1 | 1 | 1 | 40,000 |
| 2. Abohar | 1 | 1 | 1 | 1 | 1 | 35,000 |
| 3. Fazilka | 1 | 1 | 1 | 1 | 1 | 35,000 |
| 4. Jalalabad | 1 | 1 | 1 | 1 | 1 | 35,000 |

(c) The stock of blood as on 16th July, 1993 in the hospitals was as under :—

| | |
|---|---|
| 1. Ferozepur | 12 Units |
| 2. Abohar | 15 Units |
| 3. Fazilka | 2 Units |
| 4. Jalalabad | 2 Units |

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪਹਿਲਾਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਮੇਰਾ ਸਵਾਲ ਪੰਜਾਬੀ ਵਿੱਚ ਸੀ, ਮੈਨੂੰ ਇਸ ਦਾ ਜਵਾਬ ਪੰਜਾਬੀ ਵਿੱਚ ਦਿਤਾ ਜਾਵੇ ।

**ਸ੍ਰੀ ਡਿਪਟੀ ਸਪੀਕਰ** : ਮਨਿਸਟਰ ਸਾਹਿਬ । ਪਰ ਜ਼ੀਰਾ ਸਾਹਿਬ, ਤੁਸੀਂ ਇਸ ਦਾ ਮਤਲਬ ਸਮਝ ਤਾਂ ਗਏ ਹੀ ਹੋਵੋਗੇ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਡਿਪਟੀ ਸਪੀਕਰ ਸਾਹਿਬ, ਇਹ ਗੱਲ ਨਹੀਂ, ਮੇਰੇ ਸਵਾਲ ਦਾ ਜਵਾਬ ਪੰਜਾਬੀ ਵਿੱਚ ਦਿਤਾ ਜਾਣਾ ਚਾਹੀਦਾ ਹੈ । ਮੇਰੇ ਕੋਲ ਪੰਜਾਬੀ ਵਿੱਚ ਜਵਾਬ ਪੁੱਜ ਗਿਆ ਹੈ । ਮੈਂ ਸਾਰਾ ਪੜ੍ਹ ਵੀ ਲਿਆ ਹੈ, ਲੇਕਿਨ ਪਹਿਲਾਂ ਇੱਥੇ ਕਿਹਾ ਗਿਆ ਸੀ ਕਿ ਜਿਹੜਾ ਸਵਾਲ ਪੰਜਾਬੀ ਵਿੱਚ ਆਵੇਗਾ, ਉਸਦਾ ਜਵਾਬ ਪੰਜਾਬੀ ਵਿੱਚ ਹੀ ਦਿਤਾ ਜਾਵੇਗਾ । ਅਸੀਂ ਪੰਜਾਬੀ ਲਾਗੂ ਕਰਾਉਣੀ ਹੈ ।

**ਸ੍ਰੀ ਡਿਪਟੀ ਸਪੀਕਰ** : ਜ਼ੀਰਾ ਜੀ, ਚਲੋ ਤੁਹਾਡੇ ਕੋਲ ਜਵਾਬ ਪੰਜਾਬੀ ਵਿੱਚ ਪੁੱਜ ਗਿਆ ਹੈ, ਸਪਲੀਮੈਂਟਰੀ ਪੁੱਛੋ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਡਿਪਟੀ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਜ਼ੀਰਾ ਵਿਖੇ ਕੋਈ ਬਲੱਡ-ਬੈਂਕ ਖੋਲ੍ਹਣ ਦਾ ਵਿਚਾਰ ਹੈ ?

**ਮੰਤਰੀ** : ਹਾਂ ਜੀ । ਬਲੱਡ ਬੈਂਕ ਲਈ ਲਾਇਸੈਂਸ ਜਿਹੜਾ ਸੀ ਉਹ ਪਹਿਲਾਂ ਡਰੱਗ ਇੰਸਪੈਕਟਰ ਪੰਜਾਬ ਦਿੰਦਾ ਸੀ । ਹੁਣ ਗੌਰਮਿੰਟ ਆਫ ਇੰਡੀਆ ਤੋਂ ਲੈਣਾ ਪੈਂਦਾ ਹੈ, ਇਸ ਕਰਕੇ ਦੇਰੀ ਹੋ ਗਈ ਹੈ ।

Original with;
Punjab Vidhan Sabha
Digitized by;
Panjab Digital Library

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੀਆਂ ਖੂਨ ਦੀਆਂ ਬੋਤਲਾਂ ਬਲੱਡ ਬੈਂਕ ਵਿਚ ਪਈਆਂ ਹਨ, ਉਨ੍ਹਾਂ ਦੀ ਐਕਸਪਾਇਰੀ ਡੇਟ ਕੀ ਹੈ ਅਤੇ ਕੀ ਉਹ ਟਾਈਮ ਸਿਰ ਯੂਜ਼ ਹੋ ਰਹੀਆਂ ਹਨ ?

**ਮੰਤਰੀ :** ਇਹ ਸਪਲੀਮੈਂਟਰੀ ਇਸ ਕੁਐਸਚਨ ਵਿਚੋਂ ਰਾਈਜ਼ ਨਹੀਂ ਹੁੰਦੀ। ਇਸ ਲਈ ਇਹ ਸੈਪਰੇਟ ਨੋਟਿਸ ਦੇ ਦੇਣ।

**Mr. Deputy Speaker :** You can seek the information separately.

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਮੇਰੀ ਸਪਲੀਮੈਂਟਰੀ ਇਸ ਕੁਐਸਚਨ ਨਾਲ ਕਨਸਰਨਡ ਹੈ। ਮੰਤਰੀ ਜੀ ਕੋਲ ਬੋਤਲਾਂ ਦੀ ਲਿਸਟ ਤਾਂ ਹੋਵੇਗੀ।

**Mr Deputy Speaker :** You should give a separate notice for it.

---

ਗ੍ਰਾਮ ਪੰਚਾਇਤ ਸਕੱਤਰਾਂ ਦੀਆਂ ਸੇਵਾਵਾਂ ਨਿਯਮਿਤ ਕਰਨਾ

*1046. **ਡਾਕਟਰ ਹਰਬੰਸ ਲਾਲ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਗ੍ਰਾਮ ਪੰਚਾਇਤ ਸਕੱਤਰਾਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਨੂੰ ਕਦੋਂ ਤੱਕ ਨਿਯਮਿਤ ਕੀਤੇ ਜਾਣ ਦੀ ਸੰਭਾਵਨਾ ਹੈ; ਜੇਕਰ ਨਹੀਂ, ਤਾਂ ਉਸਦੇ ਕੀ ਕਾਰਣ ਹਨ ?

**ਸਰਦਾਰ ਉਮਰਾਓ ਸਿੰਘ :** ਪੰਜਾਬ ਰਾਜ ਵਿੱਚ ਸਾਰੇ ਪੰਚਾਇਤ ਸਕੱਤਰ ਪਹਿਲਾਂ ਹੀ ਰੈਗੂਲਰ ਤੌਰ ਤੇ ਕੰਮ ਕਰ ਰਹੇ ਹਨ।

**ਡਾਕਟਰ ਹਰਬੰਸ ਲਾਲ :** ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੰਚਾਇਤਾਂ ਦੇ ਸਕੱਤਰ ਹਨ ਅਤੇ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੁਲਾਜ਼ਮ ਹਨ, ਉਨ੍ਹਾਂ ਨੂੰ ਤਨਖਾਹਾਂ ਸਰਕਾਰ ਪੰਚਾਇਤਾਂ ਕੋਲੋਂ ਲੈ ਕੇ ਦਿੰਦੀ ਹੈ। ਕੀ ਮੰਤਰੀ ਜੀ ਦੱਸਣਗੇ ਕਿ ਸਕੱਤਰਾਂ ਨੂੰ ਪੰਜਾਬ ਸਰਕਾਰ ਦੇ ਮੁਲਾਜ਼ਮ ਬਣਾਉਣ ਵਾਸਤੇ ਅਤੇ ਉਨ੍ਹਾਂ ਦੀ ਸਰਵਿਸ ਪੈਨਸ਼ਨਏਬਲ ਕਰਨ ਵਾਸਤੇ ਸਰਕਾਰ ਕੋਈ ਵਿਚਾਰ ਰੱਖਦੀ ਹੈ ?

**ਮੰਤਰੀ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਦੋਂ ਪੰਚਾਇਤ ਇੰਸਟੀਚਿਊਸ਼ਨਜ਼ ਨੂੰ ਕਾਇਮ ਕੀਤਾ ਗਿਆ ਤਾਂ ਇਹ ਵਿਚਾਰ ਰੱਖਿਆ ਗਿਆ ਕਿ ਇਨ੍ਹਾਂ ਵਿਚ ਡਿਸਿਪਲਿਨ ਰੱਖਣ ਵਾਸਤੇ ਇੰਸਟੀਚਿਊਸ਼ਨਜ਼ ਦੇ ਇੰਪਲਾਈਜ਼ ਇੰਸਟੀਚਿਊਸ਼ਨਜ਼ ਦੇ ਹੀ ਹੋਣਗੇ ਅਤੇ ਹੁਣ ਜਦੋਂ ਨਵਾਂ ਪੰਚਾਇਤੀ ਰਾਜ ਸਿਸਟਮ ਹੋਂਦ ਵਿਚ ਆਇਆ ਹੈ, ਉਸ ਵਿਚ ਵੀ ਪ੍ਰੋਵੀਜ਼ਨ ਹੈ ਕਿ ਇੰਸਟੀਚਿਊਸ਼ਨਜ਼ ਨੂੰ ਸਟਰੈਂਥਨ ਕੀਤਾ ਜਾਵੇ।

---

ਰਾਜ ਵਿਚ ਨਵੀਆਂ ਆਈ. ਟੀ. ਆਈਜ਼ ਖੋਲ੍ਹਣਾ

*1042. **ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿਚ ਵਿੱਤੀ ਸਾਲ 1993-94 ਦੇ ਦੌਰਾਨ ਖੋਲ੍ਹੀਆਂ ਜਾਣ ਵਾਲੀਆਂ ਤਜਵੀਜ਼ਤ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਵੇਰਵੇ ਅਤੇ ਗਿਣਤੀ ਕਿੰਨੀ ਹੈ ;

Original with;
Punjab Vidhan Sabha
Digitized by;
Panjab Digital Library

[ ਸਰਦਾਰ ਇੰਦਰਜੀਤ ਸਿੰਘ ਜ਼ੀਰਾ ]

(ਅ) ਕੀ ਸਰਕਾਰ ਦੀ ਉਕਤ ਸੰਸਥਾਵਾਂ ਖੋਲ੍ਹਣ ਲਈ ਉਨ੍ਹਾਂ ਸ਼ਹਿਰਾਂ/ਕਸਬਿਆਂ ਨੂੰ ਪਹਿਲਤਾ ਦੇਣ ਦੀ ਤਜਵੀਜ਼ ਹੈ, ਜਿਨ੍ਹਾਂ ਵਿਚ ਇਸ ਉਦੇਸ਼ ਲਈ ਇਮਾਰਤਾਂ ਮੁਹੱਈਆ ਕੀਤੀਆਂ ਜਾਣਗੀਆਂ ;

(ੲ) ਕੀ ਸਰਕਾਰ ਦੀ ਚਾਲੂ ਸਾਲ 1993-94 ਦੇ ਦੌਰਾਨ ਜ਼ੀਰਾ ਵਿਚ ਵੀ ਉਦਯੋਗਿਕ ਸਿਖਲਾਈ ਸੰਸਥਾ ਖੋਲ੍ਹਣ ਦੀ ਤਜਵੀਜ਼ ਹੈ ?

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : (ੳ) ਸਾਲ 1993-94 ਵਿੱਚ ਸੱਤ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਚਲਾਉਣ ਲਈ ਕੰਮ ਸ਼ੁਰੂ ਕਰਨ ਦਾ ਸੁਝਾਅ ਹੈ। ਜਿਨ੍ਹਾਂ ਵਿਚੋਂ ਚਾਰ ਲੜਕਿਆਂ ਲਈ ਜੈਤੋ, ਖਡੂਰ ਸਾਹਿਬ, ਲੋਪੋਕੇ ਅਤੇ ਬੇਮਿਆਲ ਵਿਖੇ ਅਤੇ ਤਿੰਨ ਉਦਯੋਗਿਕ ਸਿਖਲਾਈ ਸੰਸਥਾਵਾਂ ਲੜਕੀਆਂ ਲਈ ਟਾਂਡਾ ਉੜਮੁੜ, ਤਰਨ ਤਾਰਨ ਅਤੇ ਮੂਨਕ ਵਿਖੇ ਹਨ।

(ਅ) ਨਵੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਖੋਲ੍ਹਣ ਦੇ ਸਥਾਨ ਬਾਰੇ ਫੈਸਲਾ ਉਸ ਇਲਾਕੇ ਦੀ ਤਕਨੀਕੀ-ਆਰਥਿਕ ਸਹੂਲਤਾਂ ਦੀ ਸੰਭਵਤਾ ਅਤੇ ਅਜਿਹੀ ਸੰਸਥਾ ਨੂੰ ਸਥਾਪਤ ਕਰਨ ਦੀ ਲਾਗਤ ਅਤੇ ਫੰਡਜ਼ ਦੀ ਉਪਲਬਧਤਾ ਨੂੰ ਧਿਆਨ ਵਿੱਚ ਰਖਦੇ ਹੋਏ ਲਿਆ ਜਾਂਦਾ ਹੈ। ਸਮਾਜਕ ਸੰਗਠਨਾਂ ਵਲੋਂ ਜ਼ਮੀਨ ਅਤੇ ਬਿਲਡਿੰਗ ਉਪਲਬਧ ਕਰਾਏ ਜਾਣ ਨਾਲ ਸੰਸਥਾ ਦੀ ਲਾਗਤ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ ਅਤੇ ਇਸ ਲਈ ਕਿਸੇ ਉਦਯੋਗਿਕ ਸਿਖਲਾਈ ਸੰਸਥਾ ਦੀ ਲੋਕੇਸ਼ਨ ਦਾ ਫੈਸਲਾ ਲੈਣ ਸਮੇਂ ਅਹਿਮੀਅਤ ਦਿੱਤੀ ਜਾਂਦੀ ਹੈ।

(ੲ) ਨਹੀਂ ਜਨਾਬ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਸੱਤ ਉਦਯੋਗਿਕ ਸਿਖਲਾਈ ਸੰਸਥਾਵਾਂ ਖੋਲ੍ਹਣ ਬਾਰੇ ਕਿਹਾ ਹੈ, ਇਨ੍ਹਾਂ ਨੂੰ ਕਦੋਂ ਸ਼ੁਰੂ ਕਰ ਦਿੱਤਾ ਜਾਵੇਗਾ ?

**ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਭਰੋਸਾ ਦਿਵਾਉਂਦੀ ਹਾਂ ਕਿ ਇਨ੍ਹਾਂ ਸੱਤ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਸਾਲ 1993-94 ਦੌਰਾਨ ਚਾਲੂ ਕਰਵਾ ਦਿੱਤਾ ਜਾਵੇਗਾ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਦੀ ਉਦਯੋਗਿਕ ਸਿਖਲਾਈ ਸੰਸਥਾਵਾਂ ਖੋਲ੍ਹਣ ਦੀ ਤਜਵੀਜ਼ ਹੈ, ਉਸ ਸਬੰਧ ਵਿਚ ਮੈਂ ਲਿਖਤੀ ਮੰਗ ਵੀ ਕੀਤੀ ਸੀ ਮਾਨਯੋਗ ਮੁੱਖ ਮੰਤਰੀ ਪਾਸੋਂ। ਉਸ ਆਧਾਰ ਤੇ ਡਾਇਰੈਕਟਰ, ਟੈਕਨੀਕਲ ਐਜੂਕੇਸ਼ਨ ਨੂੰ ਲੈਟਰ ਵੀ ਲਿਖਿਆ ਸੀ ਕਿ ਬਰੇਟਾ ਮੰਡੀ ਵਿਚ ਆਈ.ਟੀ.ਆਈ. ਖੋਲ੍ਹਣ ਲਈ ਜੋ ਜ਼ਮੀਨ ਮੰਗੀ ਸੀ, ਉਸ ਦਾ ਅਸੀਂ ਪ੍ਰਬੰਧ ਕਰ ਰਹੇ ਹਾਂ। ਕੀ ਸਰਕਾਰ ਇਨ੍ਹਾਂ ਸੱਤ ਉਦਯੋਗਿਕ ਸਿਖਲਾਈ ਸੰਸਥਾਵਾਂ ਤੋਂ ਇਲਾਵਾ ਲੜਕੀਆਂ ਦੀ ਆਈ.ਟੀ.ਆਈ. ਬਰੇਟਾ ਮੰਡੀ ਵਿਖੇ ਖੋਲ੍ਹਣ ਦਾ ਵਿਚਾਰ ਰੱਖਦੀ ਹੈ ?

**ਮੰਤਰੀ** : ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਪੰਜਾਬ ਵਿਚ ਆਈ.ਟੀ.ਆਈਜ਼. ਖੋਲ੍ਹਣ ਬਾਰੇ ਕਾਫੀ ਸੋਚ-ਵਿਚਾਰ ਕਰ ਰਹੀ ਹੈ ਅਤੇ ਪੰਜਾਬ ਦੇ ਮੁੱਖ ਮੰਤਰੀ ਜੀ ਕਾਫੀ ਤਰਜੀਹ ਦੇ ਰਹੇ ਹਨ। ਜਿਸ ਤਰ੍ਹਾਂ ਅਨ-ਇੰਪਲਾਇਮੈਂਟ ਵਧ ਰਹੀ ਹੈ, ਉਸ ਨੂੰ ਮੱਦੇ ਨਜ਼ਰ ਰੱਖਦੇ ਹੋਏ ਨੌਜਵਾਨਾਂ ਨੂੰ ਟੈਕਨੀਕਲ ਐਜੂਕੇਸ਼ਨ ਵੱਲ ਪਾਇਆ ਜਾਵੇ। ਮੁੱਖ ਮੰਤਰੀ ਜੀ ਇਸ ਬਾਰੇ ਕਾਫੀ ਐਫਰਟਸ ਕਰ ਰਹੇ ਹਨ। ਇਸ ਵਿਚ

Original with;
Punjab Vidhan Sabha
Digitized by;
Panjab Digital Library

ਫੰਡਜ਼ ਵੀ ਰੱਖਣੇ ਪੈਂਦੇ ਹਨ ਪਰ ਕਈ ਵਾਰੀ ਪ੍ਰਾਇਰਟੀ ਹੋਰ ਪਾਸੇ ਚਲੀ ਜਾਂਦੀ ਹੈ। ਜਿਵੇਂ ਕਿ ਫਲੱਡਜ਼ ਆ ਗਏ। ਜਿਨ੍ਹਾਂ ਉਦਯੋਗਿਕ ਸਿਖਲਾਈ ਸੰਸਥਾਵਾਂ ਦਾ ਜ਼ਿਕਰ ਨਹੀਂ ਕੀਤਾ ਗਿਆ, ਉਨ੍ਹਾਂ ਨੂੰ ਵੀ ਲਾਜ਼ਮੀ ਤੌਰ ਤੇ ਖੋਲ੍ਹਿਆ ਜਾਵੇਗਾ ਅਤੇ ਘਰੋਟਾ ਮੰਡੀ ਵਿਖੇ ਆਈ.ਟੀ.ਆਈ. ਖੋਲ੍ਹਣ ਸਬੰਧੀ ਤਜਵੀਜ਼ ਨੂੰ ਪਹਿਲ ਦੇ ਆਧਾਰ ਤੇ ਵਿਚਾਰਾਂਗੇ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਿਹੜਾ ਇਹਨਾਂ ਨੇ ਦੱਸਿਆ ਹੈ ਕਿ 1993-94 ਵਿੱਚ ਉਦਯੋਗਿਕ ਸਿਖਲਾਈ ਸੰਸਥਾਵਾਂ ਖੋਲ੍ਹੀਆਂ ਜਾਣਗੀਆਂ, ਕੀ ਉਸ ਦੇ ਵਿੱਚ ਉਦਯੋਗਿਕ ਸੰਸਥਾ ਮੋਗੇ ਵਿੱਚ ਵੀ ਖੋਲ੍ਹਣ ਦੀ ਤਜਵੀਜ਼ ਹੈ ?

**ਸ੍ਰੀ ਡਿਪਟੀ ਸਪੀਕਰ :** ਮਨਿਸਟਰ ਸਾਹਿਬਾ, ਤੁਸੀਂ ਕੋਈ ਜਵਾਬ ਦੇ ਸਕਦੇ ਹੋ?

**ਮੰਤਰੀ .** ਇਨ੍ਹਾਂ ਸੱਤਾਂ ਵਿੱਚ ਤਾਂ ਨਹੀਂ ਜੀ।

**ਸ੍ਰੀ ਡਿਪਟੀ ਸਪੀਕਰ :** ਜ਼ੀਰਾ ਜੀ, ਤੁਸੀਂ ਕੋਈ ਸਪਲੀਮੈਂਟਰੀ ਕਰਨੀ ਚਾਹੁੰਦੇ ਹੋ ?

**ਸਰਦਾਰ ਇੰਦਰਜੀਤ ਸਿੰਘ ਜ਼ੀਰਾ .** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬਾ ਤੋਂ ਪੁੱਛਿਆ ਸੀ ਕਿ ਕੀ ਜ਼ੀਰਾ ਵਿੱਚ ਵੀ ਉਦਯੋਗਿਕ ਸਿਖਲਾਈ ਸੰਸਥਾ ਖੋਲ੍ਹਣ ਦੀ ਤੁਹਾਡੇ ਕੋਲ ਕੋਈ ਤਜਵੀਜ਼ ਹੈ ? ਇਹਨਾਂ ਨੇ ਨਹੀਂ ਵਿੱਚ ਜਵਾਬ ਦਿੱਤਾ। ਅੱਜ ਤੋਂ ਪਹਿਲਾਂ ਦੋ-ਤਿੰਨ ਵਾਰੀ ਇਸ ਦੇ ਬਾਰੇ ਗੱਲ ਹੋ ਚੁੱਕੀ ਹੈ (ਵਿਘਨ)।

**Mr. Deputy Speaker : Zira Ji, I have allowed you, please continue.**

**ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਸੀਂ ਇਨ੍ਹਾਂ ਦੇ ਨੋਟਿਸ ਵਿੱਚ ਥੋੜ੍ਹੇ ਦਿਨ ਪਹਿਲਾਂ ਲਿਆਂਦਾ ਹੈ। ਥੋੜ੍ਹੇ ਦਿਨ ਪਹਿਲਾਂ ਸੀ.ਐਮ. ਸਾਹਿਬ ਜ਼ੀਰੇ ਗਏ। ਸੀ.ਐਮ. ਸਾਹਿਬ ਨੇ ਜ਼ੀਰੇ ਵਿੱਚ ਐਲਾਨ ਕੀਤਾ ਸੀ ਕਿ ਉਥੇ ਉਦਯੋਗਿਕ ਸਿਖਲਾਈ ਸੰਸਥਾ ਖੋਲ੍ਹ ਦਿੱਤੀ ਜਾਵੇਗੀ। ਸਾਡੇ ਨੋਟਿਸ ਵਿੱਚ ਆਇਆ ਹੈ ਕਿ ਇਸ ਬਾਰੇ ਮੀਟਿੰਗ ਵੀ ਕਰਨਗੇ।

**ਸ੍ਰੀ ਡਿਪਟੀ ਸਪੀਕਰ :** ਮਨਿਸਟਰ ਸਾਹਿਬਾ, ਪਲੀਜ਼।

**ਮੰਤਰੀ :** ਮੈਂ ਪਹਿਲਾਂ ਵੀ ਕਿਹਾ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਕਈ ਥਾਵਾਂ ਤੇ ਐਲਾਨ ਕੀਤੇ ਸਨ। ਅਸੀਂ ਉਨ੍ਹਾਂ ਐਲਾਨਾਂ ਨੂੰ ਪ੍ਰਾਇਰਟੀ ਦੇ ਆਧਾਰ ਤੇ ਲਵਾਂਗੇ। ਅਸੀਂ ਇਸ ਨੂੰ ਸਪੈਸ਼ਲ ਕੇਸ ਦੇ ਤੌਰ ਤੇ ਵਿਚਾਰਾਂਗੇ। ਇਸ ਦੇ ਮੁਤਾਬਿਕ ਤਾਂ ਮੈਂ ਇਹੀ ਜਵਾਬ ਦਿੰਦੀ ਹਾਂ ਕਿ ਇਸ ਨੂੰ ਤਰਜੀਹ ਦੇ ਆਧਾਰ ਤੇ ਕਰ ਰਹੇ ਹਾਂ। ਜੋ ਵੀ ਸੀ.ਐਮ. ਸਾਹਿਬ ਨੇ ਅਨਾਊਂਸਮੈਂਟ ਕੀਤੀ ਹੈ, ਉਸ ਨੂੰ ਪਹਿਲ ਦੇ ਆਧਾਰ ਤੇ ਲਾਗੂ ਕਰਨ ਦੀ ਕੋਸ਼ਿਸ਼ ਕਰਾਂਗੇ।

**ਕਾਮਰੇਡ ਬਲਦੇਵ ਸਿੰਘ ਬਲਮਗੜ੍ਹ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਪਿਛਲੇ ਸਾਲ ਸੀ.ਐਮ. ਸਾਹਿਬ ਨੇ ਸਾਡੇ ਮਲੋਟ ਵਿੱਚ ਐਲਾਨ ਕੀਤਾ ਸੀ ਕਿ ਮਲੋਟ ਵਿੱਚ ਆਈ.ਟੀ.ਆਈ. ਖੋਲਾਂਗੇ। ਸਾਡੇ ਮਲੋਟ ਦਾ ਨਾਂ ਨਹੀਂ ਆਇਆ। ਮੰਤਰੀ ਜੀ ਦੱਸਣਗੇ ਕਿ ਕੀ ਗੱਲ ਹੋ ਗਈ, ਜੋ ਅਨਾਊਂਸਮੈਂਟ ਕੀਤੀ ਗਈ ਸੀ ਉਸ ਮੁਤਾਬਿਕ ਹੁਣ ਤੱਕ ਆਈ.ਟੀ.ਆਈ. ਖੋਲ੍ਹਿਆ ਕਿਉਂ ਨਹੀਂ ਗਿਆ, ਇਸ ਤਜਵੀਜ਼ ਨੂੰ ਕਿਉਂ ਛੱਡ ਦਿੱਤਾ ਗਿਆ ?

**ਮੰਤਰੀ:** ਇਹ ਸਵਾਲ ਪਹਿਲਾਂ ਵੀ ਹੋ ਚੁੱਕਾ ਹੈ। ਇਸ ਦਾ ਜਵਾਬ ਵੀ ਉਹੀ ਹੈ ਜੋ ਪਹਿਲਾਂ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਜਗਤਾਰ ਸਿੰਘ ਮੁਲਤਾਨੀ :** ਸਾਡੇ ਮਾਨਯੋਗ ਮੁੱਖ ਮੰਤਰੀ ਪਹਿਲਾਂ ਭਰੋਸਾ ਦੇ ਚੁਕੇ ਹਨ ਕਿ ਟਾਂਡਾ, ਦਸੂਹਾ, ਕਪੂਰਥਲਾ, ਭੁਲੱਥ ਆਈ.ਟੀ.ਆਈ. ਖੋਲ੍ਹੀਆਂ ਜਾਣਗੀਆਂ। ਇਸ ਸਬੰਧ ਵਿਚ ਸਾਡੇ ਮਾਨਯੋਗ ਮੰਤਰੀ ਰੰਧਾਵਾ ਜੀ ਜਦੋਂ ਢਿਲਵਾਂ ਵਿੱਚ ਕਾਨਫਰੰਸ ਹੋਈ ਸੀ, ਉਥੇ ਅਨਾਊਂਸਮੈਂਟ ਕਰਕੇ ਆਏ ਸੀ ਕਿ ਜੇ ਜ਼ਮੀਨ ਦਿੱਤੀ ਜਾਵੇ ਜਾਂ ਬਿਲਡਿੰਗ ਦਿੱਤੀ ਜਾਵੇ, ਅਸੀਂ ਪਹਿਲ ਦੇ ਆਧਾਰ ਤੇ ਆਈ.ਟੀ.ਆਈ. ਖੋਲ੍ਹ ਦੇਵਾਂਗੇ। ਅਸੀਂ ਪਿੰਡ ਮਕਸੂਦਪੁਰਾ ਵਿਖੇ 50 ਲੱਖ ਦੀ ਬਿਲਡਿੰਗ ਦਿੱਤੀ ਕਿ ਉਥੇ ਟੈਕਨੀਕਲ ਇੰਸਟੀਚਿਊਟ ਖੋਲ੍ਹ ਦਿੱਤੀ ਜਾਵੇ। ਅਸੀਂ ਬਿਲਡਿੰਗ ਸਰਟੀਫ਼ਿਕੇਟ ਵੀ ਦਿੱਤੀ। ਅਸੀਂ 20 ਏਕੜ ਜ਼ਮੀਨ ਦੇਣ ਨੂੰ ਵੀ ਤਿਆਰ ਹਾਂ। ਕੀ ਇਸ ਸਾਲ ਆਈ.ਟੀ.ਆਈ. ਜਾਰੀ ਕਰ ਦਿੱਤੀ ਜਾਵੇਗੀ ?

**ਸ੍ਰੀ ਡਿਪਟੀ ਸਪੀਕਰ :** ਇਫੈਕਟਿਵ ਜਵਾਬ ਤਾਂ ਪਹਿਲਾਂ ਆ ਚੁੱਕਾ ਹੈ, ਫਿਰ ਵੀ ਮਨਿਸਟਰ ਸਾਹਿਬ ਤੁਸੀਂ ਕਲੀਅਰ ਕਰ ਦਿਉ।

**ਮੰਤਰੀ :** ਮੈਂ ਯਕੀਨ ਦਿਵਾਉਂਦੀ ਹਾਂ ਕਿ ਜਿੰਨੀ ਦੇਰ ਤੱਕ ਅਸੀਂ ਮੁੱਖ ਮੰਤਰੀ ਸਾਹਿਬ ਦੀ ਅਨਾਊਂਸਮੈਂਟ ਪੂਰੀ ਨਹੀਂ ਕਰਦੇ, ਮੈਂ ਕੋਈ ਨਵੀਂ ਅਨਾਊਂਸਮੈਂਟ ਨਹੀਂ ਕਰਾਂਗੀ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ :** ਡਿਪਟੀ ਸਪੀਕਰ ਸਾਹਿਬ, ਪਿਛਲੇ ਸਮੇਂ ਰੰਧਾਵਾ ਜੀ ਨੇ ਆਈ.ਟੀ.ਆਈ. ...........

**ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਬੇਨਤੀ ਹੈ ਕਿ ਇਹ ਜੋ ਕੁਐਸਚਨ ਦੀ ਸਪਲੀਮੈਂਟਰੀ ਇਸ ਸਮੇਂ ਹੈ, ਇਸ ਤੋਂ ਜ਼ਾਹਰ ਹੁੰਦਾ ਹੈ ਕਿ ਸਾਡੇ ਐਮ.ਐਲ.ਏ. ਸਾਹਿਬਾਨ ਬਹੁਤ ਜੋਸ਼ ਵਿੱਚ ਹਨ। ਪਰ ਇਸ ਦੇ ਬਾਰੇ ਹੋਰ ਕੋਈ ਸਪਲੀਮੈਂਟਰੀ ਨਹੀਂ ਹੋਣੀ ਚਾਹੀਦੀ। ਇਸ ਦੇ ਉਤੇ ਮਨਿਸਟਰ ਸਾਹਿਬਾਨ ਨੇ ਵੀ ਅਨਾਊਂਸਮੈਂਟ ਕੀਤੀ ਹੈ। ਇਸ ਦੇ ਬਾਰੇ ਐਮ.ਐਲ.ਏ. ਸਾਹਿਬਾਨ ਵੀ ਸੋਚ ਲੈਣ। ਅਸੀਂ ਜੋ ਸਕੂਲ ਅਪਗਰੇਡ ਕਰਦੇ ਹਾਂ ਜਨਰਲ ਐਜੂਕੇਸ਼ਨ ਦੇ, ਉਹਨਾਂ ਨੂੰ ਘੱਟ ਕਰਕੇ ਟੈਕਨੀਕਲ ਐਜੂਕੇਸ਼ਨ ਵੱਲ ਚੱਲ ਪਈਏ। ਇਹ ਸਾਰੀ ਗੱਲ ਵਿਚਾਰਣ ਵਾਲੀ ਹੈ। (ਵਿਘਨ)
(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**Mr. Deputy Speaker** : Zira Sahib, please sit down. Please take your seat. Next question please.

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰਨੀ ਚਾਹੁੰਦਾ ਹਾਂ।

**Mr. Deputy Speaker** : Please take your seat. Mittal Ji, I have called for the next question. Sardar Surjan Singh, (Interruption) Shri Joga is not present. I proceed to the next question. Zira Sahib, please take your seat. If you want to say anything, you must address the Chair.

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਸੁਰਜਨ ਸਿੰਘ ਆਪਣੀ ਸੀਟ ਤੇ ਆ ਗਏ ਅਤੇ ਉਨ੍ਹਾਂ ਨੇ ਆਪਣਾ ਪ੍ਰਸ਼ਨ ਪੇਸ਼ ਕਰਨ ਲਈ ਆਗਿਆ ਮੰਗੀ)

**ਸ੍ਰੀ ਡਿਪਟੀ ਸਪੀਕਰ :** ਹਾਂ ਜੀ, ਜੋਗਾ ਜੀ, ਤੁਸੀਂ ਆਪਣਾ ਸਵਾਲ ਪੇਸ਼ ਕਰੋ।

------

Original with;
Punjab Vidhan Sabha
Digitized by;
Panjab Digital Library

## ਕੋਆਪ੍ਰੇਟਿਵ ਸਪਿਨਿੰਗ ਮਿੱਲ, ਮਾਨਸਾ ਅਤੇ ਕੋਆਪਰੇਟਿਵ ਸ਼ੂਗਰ ਮਿੱਲ, ਬੁਢਲਾਡਾ ਦਾ ਨਿੱਜੀਕਰਣ

*1044. **ਸਰਦਾਰ ਸੁਰਜਨ ਸਿੰਘ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕੋਆਪ੍ਰੇਟਿਵ ਸਪਿਨਿੰਗ ਮਿੱਲ, ਮਾਨਸਾ ਅਤੇ ਕੋਆਪ੍ਰੇਟਿਵ ਸ਼ੂਗਰ ਮਿੱਲ, ਬੁਢਲਾਡਾ ਦਾ ਕੰਟਰੋਲ ਪ੍ਰਾਈਵੇਟ ਅਦਾਰਿਆਂ ਨੂੰ ਦੇਣ ਦੀ ਕੋਈ ਤਜਵੀਜ਼ ਹੈ ?

**Shri Sajjan Kumar Jakhar** : (a) There is no proposal to hand over the control of Co-oprative Spinning Mills Mansa to private concern.

(b) As regards Cooperative Sugar Mill, Budhlada, the Mill has been suffering heavy losses. The Government is examining the proposal to privatise the Mill.

**ਸਰਦਾਰ ਸੁਰਜਨ ਸਿੰਘ** : ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਸਹਿਕਾਰੀ ਖੰਡ ਮਿੱਲ, ਬੁਢਲਾਡਾ ਬਾਰੇ ਸਰਕਾਰ ਮਿੱਲ ਨੂੰ ਪ੍ਰਾਈਵੇਟ ਕਨਸਰਨ ਨੂੰ ਦੇਣ ਬਾਰੇ ਵਿਚਾਰ ਕਰ ਰਹੀ ਹੈ। ਪਹਿਲੀ ਗੱਲ ਡਿਪਟੀ ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਪ੍ਰਾਈਵੇਟੀਕਰਨ ਹੋ ਜਾਂਦਾ ਹੈ ਤਾਂ ਇਸ ਦੇ ਨਾਲ ਜਿਹੜੇ ਉਥੇ ਮਜ਼ਦੂਰ ਮਿੱਲਾਂ ਵਿੱਚ ਕੰਮ ਕਰਨ ਵਾਲੇ ਹਨ ਜਾਂ ਉਥੇ ਦੇ ਕਰਮਚਾਰੀ ਹਨ, ਉਨ੍ਹਾਂ ਨੂੰ ਬਹੁਤ ਵੱਡਾ ਨੁਕਸਾਨ ਹੁੰਦਾ ਹੈ ਕਿਉਂਕਿ ਪ੍ਰਾਈਵੇਟ ਸੈਕਟਰ ਵਾਲੇ ਠੇਕੇਦਾਰੀ ਸਿਸਟਮ ਕਰ ਦਿੰਦੇ ਹਨ ਜਿਸ ਦੇ ਨਾਲ ਲੁੱਟ ਮੱਚ ਜਾਂਦੀ ਹੈ ਅਤੇ ਉਨ੍ਹਾਂ ਗਰੀਬਾਂ ਤੇ ਉਹ ਬਹੁਤ ਜਬਰ ਕਰਦੇ ਹਨ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਪ੍ਰਾਈਵੇਟ ਹੱਥਾਂ ਵਿੱਚ ਨਹੀਂ ਦੇਣੀਆਂ ਚਾਹੀਦੀਆਂ।

**Mr Deputy Speaker** : Please ask the question specifically.

**ਸਰਦਾਰ ਸੁਰਜਨ ਸਿੰਘ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਨਾਲ ਹੀ ਹੋਰ ਵੀ ਕਈ ਮਿੱਲਾਂ ਹਨ ਜਿਸ ਤਰ੍ਹਾਂ ਜਗਰਾਵਾਂ ਦੀ ਮਿੱਲ ਹੈ, ਧੂਰੀ ਦੀ ਮਿੱਲ ਹੈ ਅਤੇ ਅਜਨਾਲੇ ਦੀ ਮਿੱਲ ਹੈ ਇਨ੍ਹਾਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ, ਇਹ ਨਹੀਂ ਹੋਣਾ ਚਾਹੀਦਾ। ਮੰਤਰੀ ਜੀ ਇਸ ਦਾ ਜਵਾਬ ਦੇਣ ।

**मंत्री** : डिप्टी स्पीकर साहिब, मैं मानयोग मैंबर साहिब को बताना चाहता हूं कि किसी वरकर को हटाने की बात को बिल्कुल ध्यान में रखा जाएगा और उन के हितों का पूरा ध्यान रखा जाएगा। इस में कोई चिंता वाली बात नहीं है।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਕ ਬਹੁਤ ਹੀ ਗੰਭੀਰ ਪ੍ਰਸ਼ਨ ਹੈ। ਇਨ੍ਹਾਂ ਨੇ ਆਪਣੇ ਉੱਤਰ ਵਿੱਚ ਕਿਹਾ ਹੈ ਕਿ ਮਾਨਸਾ ਸਪਿਨਿੰਗ ਮਿੱਲ ਨੂੰ ਪ੍ਰਾਈਵੇਟ ਕਨਸਰਨ ਦੇ ਹੱਥਾਂ ਵਿੱਚ ਸੌਂਪਣ ਦੀ ਕੋਈ ਤਜਵੀਜ਼ ਨਹੀਂ ਹੈ ਪਰ ਬੁਢਲਾਡੇ ਦੀ ਸ਼ੂਗਰ ਮਿੱਲ ਇਸ ਕਰਕੇ ਪ੍ਰਾਈਵੇਟ ਕਨਸਰਨ ਨੂੰ ਸੌਂਪਣ ਦੀ ਤਜਵੀਜ਼ ਤੇ ਵਿਚਾਰ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਮਿੱਲ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਹੋਰ ਵੀ ਬਹੁਤ ਸਾਰੀਆਂ ਸ਼ੂਗਰ ਮਿੱਲਾਂ ਹਨ, ਉਨ੍ਹਾਂ ਨੂੰ ਸ਼ੂਗਰ ਫੈਡ ਨੇ ਕਿਹਾ ਹੈ ਕਿ ਕੋਈ ਇਸ ਤਰ੍ਹਾਂ ਦੀ ਲੈਟਰ ਜਾਂ ਕੋਈ ਰੈਜ਼ੋਲਿਊਸ਼ਨ ਪਾ ਕੇ ਭੇਜੋ ਕਿ ਇਸ ਮਿੱਲ ਨੂੰ ਪ੍ਰਾਈਵੇਟ ਹੱਥਾਂ ਵਿੱਚ ਦਿੱਤਾ ਜਾਵੇ। ਇਹ ਤਜਵੀਜ਼ ਬਣ ਚੁੱਕੀ ਹੈ ਕਿ ਇਹ ਪਬਲਿਕ ਸੈਕਟਰ ਵਿਚੋਂ ਕੱਢ ਕੇ ਪ੍ਰਾਈਵੇਟ ਹੱਥਾਂ ਨੂੰ ਸੌਂਪ ਦਿੱਤੀ ਜਾਵੇ। ਇਸ ਦੇ ਲਈ ਲੋਕਾਂ ਦੇ ਵਿੱਚ ਬੜੀ ਰਿਜ਼ੈਂਟਮੈਂਟ ਹੈ। ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮਿੱਲਾਂ ਪਿਛਲੇ ਸਮੇਂ ਵਿੱਚ ਲਗੀਆਂ ਹਨ ਉਨ੍ਹਾਂ ਦੀਆਂ ਮੈਨੇਜਮੈਂਟਸ ਵਿੱਚ ਬਹੁਤ ਸਾਰੀਆਂ ਬੇਕਾਇਦਗੀਆਂ ਹਨ, ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]
ਨੂੰ ਦਰੁਸਤ ਕੀਤਾ ਜਾਵੇ, ਨਾ ਕਿ ਪ੍ਰਾਈਵੇਟ ਹੱਥਾਂ ਵਿੱਚ ਦੇਣ ਲਈ ਸਰਕਾਰ ਵਿਚਾਰ ਕਰੇ। ਕੀ ਮੰਤਰੀ ਜੀ ਇਸ ਸਬੰਧੀ ਭਰੋਸਾ ਦਿਵਾਉਣਗੇ?

**मंत्री :** डिप्टी स्पीकर साहिब, मैं अरशी जी को बताना चाहता हूँ कि मधिनिग मिल जो है वह प्राईवेट हाथो में देने की कोई स्कीम अभी नहीं है।

ਇਹ ਬਿਲਕੁਲ ਠੀਕ ਹੈ ਕਿ ਸ਼ੂਗਰ ਮਿੱਲਾਂ ਨੂੰ ਬਹੁਤ ਘਾਟਾ ਹੋ ਰਿਹਾ ਹੈ, ਕਰੋੜਾਂ ਰੁਪਏ ਦਾ ਲਾਸ ਹੋ ਰਿਹਾ ਹੈ ਪਰ ਇਨ੍ਹਾਂ ਸ਼ੂਗਰ ਮਿੱਲਾਂ ਦੀ ਵਰਕਿੰਗ ਅੱਛੀ ਹੈ। ਇਸ ਘਾਟੇ ਦਾ ਕਾਰਣ ਇਹ ਹੈ ਕਿ ਸ਼ੂਗਰਕੇਨ ਬਲੇ ਏਰੀਆ ਬਹੁਤ ਘੱਟ ਰਿਹਾ ਹੈ ਹਾਲਾਂਕਿ ਸ਼ੂਗਰ ਮਿਲਾਂ ਨੇ ਰਿਕਵਰੀ ਵਧਾ ਦਿੱਤੀ ਹੈ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਮੰਤਰੀ ਸਾਹਿਬ ਨੇ ਹੁਣੇ ਦੱਸਿਆ ਹੈ ਕਿ ਘਾਟਾ ਹੈ, ਕੀ ਇਸ ਦੀ ਖੋਜ ਕੀਤੀ ਹੈ ਕਿ ਇਸ ਘਾਟੇ ਦਾ ਕਾਰਣ ਕੀ ਹੈ? ਕੀ ਇਹ ਤਾਂ ਨਹੀਂ ਕਿ ਅਫਸਰਸ਼ਾਹੀ ਦੀ ਧਾਂਦਲੀ ਕਾਰਣ ਅੱਜ ਕਰਮਚਾਰੀਆਂ ਦੇ ਸਿਰ ਹਥੌੜਾ ਚਲਾਇਆ ਜਾ ਰਿਹਾ ਹੈ? (ਵਿਘਨ)

**ਮੰਤਰੀ :** ਮੈਂ ਜਵਾਬ ਵਿਚ ਦਸਿਆ ਹੈ ਕਿ ਘਾਟੇ ਦਾ ਕਾਰਣ ਮਿੱਲਾਂ ਦੀ ਵਰਕਿੰਗ ਵਿਚ ਕੋਈ ਨੁਕਸ ਨਹੀਂ ਹੈ, ਬਲਕਿ ਸ਼ੂਗਰਕੇਨ ਬੱਲੇ ਏਰੀਆ ਹੀ ਘੱਟ ਹੈ।

**ਸ੍ਰੀ ਮਦਨ ਮੋਹਨ ਮਿੱਤਲ :** ਡਿਪਟੀ ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਸ਼ੂਗਰ ਮਿੱਲਾਂ ਦੇ ਘਾਟੇ ਨੂੰ ਦੂਰ ਕਰਨ ਲਈ ਇਨ੍ਹਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਬਾਰੇ ਮਾਮਲਾ ਅੰਡਰ ਕੰਸਿਡਰੇਸ਼ਨ ਹੈ। The Government wants to hand these over to the Private Sector. ਉਹ ਕਿਹੜੀਆਂ ਕਿਹੜੀਆਂ ਸ਼ੂਗਰ ਮਿੱਲਾਂ ਹਨ ਔਰ ਉਸ ਦੇ ਕੀ ਨਾਰਮਸ ਹੋਣਗੇ?

**ਮੰਤਰੀ :** ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਹਾਲੇ ਤਾਂ ਇਹ ਤਜਵੀਜ਼ ਹੈ, ਨਾਰਮਸ ਨਹੀਂ ਬਣੇ। It is only under considration.

**Mr Deputy Speaker :** This is sufficient reply and I would like to proceed with the next question. Smt. Vimla Dang.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬੜਾ ਜਮਹੂਰੀਅਤ ਦਾ ਸਵਾਲ ਹੈ ਔਰ ਇਸ ਵਾਸਤੇ ਪੰਡਿਤ ਨਹਿਰੂ ਅਤੇ ਮਹਾਤਮਾ ਗਾਂਧੀ ਦੀ ਬਹੁਤ ਦੇਣ ਹੈ। ਜੇ ਹੁਣ ਤੁਸੀਂ ਅਲਾਓ ਨਹੀਂ ਕਰੋਗੇ ਤਾਂ ਜਮਹੂਰੀਅਤ ਨੂੰ ਢਾਹ ਲਗੇਗੀ। ਇਸ ਲਈ ਇਸ ਤੇ ਹੋਰ ਸਪਲੀਮੈਂਟਰੀ ਅਲਾਓ ਕਰਨੇ ਚਾਹੀਦੇ ਹਨ।

**Mr Deputy Speaker :** In fact lot of information has been given on this question and I have already called upon the next question.

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਡਿਪਟੀ ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਤਾਂ ਮਨਿਸਟਰ ਸਾਹਿਬ ਨੂੰ ਦੇ ਲੈਣ ਦਿਓ...(ਵਿਘਨ) ਮੈਂ ਪੁੱਛਿਆ ਸੀ ਕਿ ਜਿਹੜਾ ਘਾਟਾ ਪੈ ਰਿਹਾ ਹੈ ਕੀ ਉਸ ਦਾ ਕਾਰਣ ਇਹ ਤਾਂ ਨਹੀਂ ਕਿ ਪਿੱਛੇ ਜਿਹੜੀ ਅਫਸਰਸ਼ਾਹੀ ਨੇ ਉਨ੍ਹਾਂ ਵਿਚ ਧਾਂਦਲੀ ਮਚਾਈ ਰੱਖੀ ਹੈ, ਉਸ ਕਾਰਣ ਹੀ ਅੱਜ ਗਰੀਬ ਮੁਲਾਜ਼ਮਾਂ ਤੇ ਹਥੌੜਾ ਮਾਰਿਆ ਜਾ ਰਿਹਾ ਹੈ?

**Mr Deputy Speaker :** You have already asked it.

Original with;
Punjab Vidhan Sabha
Digitized by;
Panjab Digital Library

**ਮੰਤਰੀ :** ਜੇ ਕੋਈ ਗਬਨ ਦਾ ਮਸਲਾ ਹੈ ਤਾਂ ਇਹ ਨੋਟਿਸ ਦੇ ਦੇਣ, ਇਨਕੁਆਇਰੀ ਕਰਵਾ ਲਵਾਂਗੇ ਔਰ ਫਿਰ ਐਕਸ਼ਨ ਲਿਆ ਜਾਵੇਗਾ ।

**ਕਾਮਰੇਡ ਤਰਸੇਮ ਜੋਧਾਂ :** ਜਿਹੜੀਆਂ ਮਿੱਲਾਂ ਘਾਟੇ ਵਿਚ ਜਾ ਰਹੀਆਂ ਹਨ, ਮੰਤਰੀ ਸਾਹਿਬ ਨੇ ਇਸ ਬਾਰੇ ਦੱਸਿਆ ਹੈ ਕਿ ਸ਼ੂਗਰਕੇਨ ਥੱਲੇ ਏਰੀਆ ਘੱਟ ਰਿਹਾ ਹੈ। ਇਸ ਲਈ ਸਰਕਾਰ ਸ਼ੂਗਰਕੇਨ ਨੂੰ ਵਧਾਉਣ ਲਈ ਕੀ ਉਪਰਾਲੇ ਕਰ ਰਹੀ ਹੈ ਔਰ ਦੂਜਾ ਮੈਂ ਇਹ ਪੁੱਛਣਾ ਹੈ ਕਿ ਜਿਹੜੀਆਂ ਚੁਣੀਆਂ ਹੋਈਆਂ ਕਮੇਟੀਆਂ ਹਨ, ਕੀ ਸਰਕਾਰ ਉਨ੍ਹਾਂ ਨੂੰ ਉਤਸ਼ਾਹਿਤ ਕਰੇਗੀ ਤਾਂ ਕਿ ਉਹ ਇਸ ਵਿਚ ਮਦਦ ਕਰਨ ?

**ਮੰਤਰੀ :** ਡਿਪਟੀ ਸਪੀਕਰ ਸਾਹਿਬ, ਸਰਕਾਰ ਕੋਆਪਰੇਟਿਵ ਸਪਿਨਿੰਗ ਮਿੱਲਜ਼ ਅਤੇ ਕੋਆਪ-ਰੇਟਿਵ ਸ਼ੂਗਰ ਮਿੱਲਜ਼ ਦਾ ਕੰਮ ਠੀਕ ਤਰੀਕੇ ਨਾਲ ਕਰ ਰਹੀ ਹੈ। ਜਿਨ੍ਹਾਂ ਚੀਜ਼ਾਂ ਦੇ ਰੇਟ ਵੱਧ ਗਏ ਹਨ ਉਸ ਉਪਰ ਸਰਕਾਰ ਵਲੋਂ ਲੋਕਾਂ ਨੂੰ ਸਬਸਿਡੀ ਦਿੱਤੀ ਜਾਂਦੀ ਹੈ। ਜਿਵੇਂ ਸਰਕਾਰ ਖਾਦਾਂ ਉਤੇ ਕਿਸਾਨਾਂ ਨੂੰ ਸਬਸਿਡੀ ਦਿੰਦੀ ਹੈ ਅਤੇ ਦਵਾਈਆਂ ਉਤੇ ਸਬਸਿਡੀ ਦੇ ਰਹੀ ਹੈ। ਅਗਰ ਹੋਰ ਕੋਈ ਗੱਲ ਹੈ ਤਾਂ ਇਹ ਮੇਰੇ ਨੋਟਿਸ ਵਿਚ ਲੈ ਆਉਣ ।

**ਸ੍ਰੀ ਡਿਪਟੀ ਸਪੀਕਰ :** ਇਸ ਸਵਾਲ ਤੇ ਸਲੀਮੈਂਟ ਸਪਲੀਮੈਂਟਰੀਜ਼ ਹੋ ਚੁਕੀਆਂ ਹਨ। ਅਗਲਾ ਸਵਾਲ ।

---

**ਦੂਜੇ ਰਾਜਾਂ ਦੇ ਆਰ. ਐਮ. ਪੀ. ਸਰਟੀਫਿਕੇਟਾਂ ਨੂੰ ਮਾਨਤਾ ਦੇਣਾ**

*1058. **ਸ੍ਰੀਮਤੀ ਵਿਮਲਾ ਡਾਂਗ :** ਕੀ ਡਾਕਟਰੀ ਸਿਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ---

(ੳ) ਉਨ੍ਹਾਂ ਰਾਜਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੇ ਆਰ.ਐਮ.ਪੀ. (ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਜ਼) ਸਰਟੀਫਿਕੇਟਾਂ ਨੂੰ ਰਾਜ ਸਰਕਾਰ ਦੁਆਰਾ ਮਾਨਤਾ ਦਿੱਤੀ ਜਾਂਦੀ ਹੈ;

(ਅ) ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਾਜਾਂ ਤੋਂ ਇਲਾਵਾ ਕਿਸੇ ਹੋਰਨਾਂ ਰਾਜਾਂ ਦੇ ਅਜਿਹੇ ਸਰਟੀਫਿਕੇਟਾਂ ਨੂੰ ਵੀ ਮਾਨਤਾ ਦੇਣ ਦੀ ਤਜਵੀਜ਼ ਹੈ?

**ਸ੍ਰੀ ਬ੍ਰਹਮ ਮਹਿੰਦਰਾ :** (ੳ) ਰਾਜ ਸਰਕਾਰ ਕੁਆਲੀਫਾਇਡ ਮੈਡੀਕਲ ਪ੍ਰੈਕਟੀਸ਼ਨਰਾਂ, ਜਿਨ੍ਹਾਂ ਪਾਸ ਕਿਸੇ ਦੂਜੇ ਰਾਜ ਦਾ ਰਜਿਸਟ੍ਰੇਸ਼ਨ ਸਰਟੀਫਿਕੇਟ ਹੋਵੇ, ਨੂੰ ਮਾਨਤਾ ਦਿੰਦੀ ਹੈ।

(ਅ) ਉਪਰੋਕਤ ਭਾਗ (ੳ) ਵਿੱਚ ਦਿੱਤੇ ਉਤਰ ਦੇ ਸਨਮੁੱਖ ਭਾਗ (ਅ) ਦਾ ਉੱਤਰ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

---

**ਪ੍ਰਾਈਵੇਟ ਪ੍ਰੈਸਾਂ/ਪਬਲਿਸ਼ਰਾਂ ਤੋਂ ਪਾਠ ਪੁਸਤਕਾਂ ਦੀ ਛਪਾਈ**

*1034. 1. **ਕਾਮਰੇਡ ਹਰਦੇਵ ਸਿੰਘ ਅਰਸ਼ੀ**
2. **ਸ੍ਰੀਮਤੀ ਵਿਮਲਾ ਡਾਂਗ**
} : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਕੂਲ ਸਿਖਿਆ ਬੋਰਡ ਨੇ ਸਾਲ 1991-92 ਦੌਰਾਨ ਪ੍ਰਾਈਵੇਟ ਪ੍ਰੈਸਾਂ/ਪਬਲਿਸ਼ਰਾਂ ਤੋਂ ਆਪਣੀਆਂ ਪਾਠ-ਪੁਸਤਕਾਂ ਕਿਨ੍ਹਾਂ ਸ਼ਰਤਾਂ ਤੇ ਛਪਾਈਆਂ ਸਨ ਅਤੇ ਅਜਿਹੇ ਕੰਮ ਲਈ ਵਰਤਮਾਨ ਸ਼ਰਤਾਂ ਕੀ ਹਨ ?

**ਸਰਦਾਰ ਲਖਮੀਰ ਸਿੰਘ ਰੰਧਾਵਾ :** ਲੋੜੀਂਦੀ ਸੂਚਨਾ* ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

---

*Placed in the Library.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਡੀਟੇਲ ਵਿਚ ਦਿੱਤਾ ਹੈ। ਗੌਰਮਿੰਟ ਦੀਆਂ ਪ੍ਰਿੰਟਿੰਗ ਪ੍ਰੈਸਾਂ ਮੋਹਾਲੀ, ਪਟਿਆਲਾ ਅਤੇ ਚੰਡੀਗੜ੍ਹ ਵਿਚ ਹਨ। ਫੇਰ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਾਲੇ ਪ੍ਰਾਈਵੇਟ ਪ੍ਰਿੰਟਿੰਗ ਪ੍ਰੈਸਾਂ ਤੋਂ ਕਿਉਂ ਕੰਮ ਕਰਵਾਉਂਦੇ ਹਨ? ਇਸ ਦੇ ਕੀ ਕਾਰਣ ਹਨ ?

**ਮੰਤਰੀ:** ਡਿਪਟੀ ਸਪੀਕਰ ਸਾਹਿਬ, ਇਹ ਪ੍ਰਿੰਟਿੰਗ ਦਾ ਕੰਮ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਕਰਵਾਉਂਦਾ ਹੈ। ਕਿਉਂਕਿ ਗੌਰਮਿੰਟ ਪ੍ਰਿੰਟਿੰਗ ਪ੍ਰੈਸਾਂ ਵਿਚ ਕੰਮ ਬਹੁਤ ਜ਼ਿਆਦਾ ਹੁੰਦਾ ਹੈ, ਜਿਸ ਕਰਕੇ ਬੋਰਡ ਪ੍ਰਾਈਵੇਟ ਪ੍ਰਿੰਟਿੰਗ ਪ੍ਰੈਸਾਂ ਵਾਲਿਆਂ ਤੋਂ ਪ੍ਰਿੰਟਿੰਗ ਦਾ ਕੰਮ ਕਰਵਾਉਂਦਾ ਹੈ। ਬੋਰਡ ਵਾਲੇ ਪ੍ਰਾਈਵੇਟ ਪ੍ਰਿੰਟਿੰਗ ਪ੍ਰੈਸ ਵਾਲਿਆਂ ਤੋਂ ਆਪਣੇ ਕੰਮ ਲਈ ਟੈਂਡਰ ਕਾਲ ਕਰਦੇ ਹਨ, ਫੇਰ ਕੰਮ ਅਲਾਟ ਕੀਤਾ ਜਾਂਦਾ ਹੈ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਡਿਪਟੀ ਸਪੀਕਰ ਸਾਹਿਬ, ਇਥੇ ਕਿਹਾ ਗਿਆ ਹੈ ਕਿ ਗੌਰਮਿੰਟ ਪ੍ਰਿੰਟਿੰਗ ਪ੍ਰੈਸਾਂ ਵਿਚ ਕੰਮ ਜ਼ਿਆਦਾ ਹੁੰਦਾ ਹੈ ਜਿਸ ਕਰਕੇ ਪੰਜਾਬ ਬੋਰਡ ਵਾਲੇ ਪ੍ਰਾਈਵੇਟ ਪ੍ਰੈਸਾਂ ਤੋਂ ਕੰਮ ਕਰਵਾਉਂਦੇ ਹਨ। 1991-92 ਅਤੇ 1992-93 ਦੇ ਰੇਟ ਵੇਖੇ ਜਾਣ ਤਾਂ ਪਤਾ ਲਗਦਾ ਹੈ ਕਿ ਪ੍ਰਾਈਵੇਟ ਪ੍ਰੈਸਾਂ ਵਾਲਿਆਂ ਨੂੰ ਡਬਲ ਰੇਟ ਦਿੱਤਾ ਜਾਂਦਾ ਰਿਹਾ ਹੈ। ਰੇਟ ਫਿਕਸ ਕਰਨ ਦਾ ਕੀ ਕਰਾਈਟੇਰੀਆ ਹੈ? ਇਹ ਰੇਟਸ ਪਿਛਲੇ ਸਾਲ ਦੇ ਮੁਕਾਬਲੇ ਡਬਲ ਕਿਉਂ ਦਿੱਤੇ ਜਾ ਰਹੇ ਹਨ ?

**ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਹ ਪ੍ਰਿੰਟਿੰਗ ਦੇ ਰੇਟਸ 1986-87 ਦੇ ਚਲ ਰਹੇ ਸਨ ਅਤੇ 4-5 ਸਾਲਾਂ ਬਾਦ ਇਹ ਰੇਟਸ ਵਧੇ ਹਨ । ਇਹ ਰੇਟਸ ਡਬਲ ਨਹੀਂ ਹੋਏ ਪਰ 25 ਤੋਂ 30 ਫੀਸਦੀ ਤੱਕ ਰੇਟਸ ਵਧ ਗਏ ਹਨ ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਡਿਪਟੀ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਦੇ ਜਵਾਬ ਨਾਲ ਸੰਤੁਸ਼ਟ ਨਹੀਂ ਹਾਂ। 1986-87 ਦੇ ਰੇਟਸ ਨਹੀਂ, ਇਹ ਰੇਟਸ 1991-92 ਅਤੇ 1992-93 ਦੇ ਮੈਂ ਕੋਟ ਕਰ ਰਿਹਾ ਹਾਂ। ਉਦਾਹਰਣ ਦੇ ਤੌਰ ਤੇ, ਬਲਾਕ ਮੇਕਿੰਗ ਚਾਰਜਿਜ਼ 12/- ਰੁਪਏ ਪਰ ਸੈਂਟੀਮੀਟਰ 1991-92 ਵਿਚ ਸੀ ਅਤੇ ਇਹ 1992-93 ਵਿਚ ਵਧ ਕੇ 24/- ਰੁਪਏ ਹੋ ਗਏ ਹਨ। ਪਿਛਲੇ ਸਾਲ ਦੇ ਮੁਕਾਬਲੇ ਡਬਲ ਰੇਟ ਹੋ ਗਏ ਹਨ। ਪ੍ਰਾਈਵੇਟ ਪ੍ਰਿੰਟਿੰਗ ਵਾਲਿਆਂ ਨੂੰ ਬੋਰਡ ਵਲੋਂ ਭਾਰੀ ਲਾਭ ਪਹੁੰਚਾਇਆ ਜਾ ਰਿਹਾ ਹੈ।

**ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਸ ਦੇ ਲਈ ਸ਼ੈਡਿਊਲਡ ਰੇਟਸ ਫਿਕਸ ਕੀਤੇ ਹੋਏ ਹਨ। ਪੁਰਾਣੇ ਰੇਟਸ ਤੇ ਪ੍ਰਾਈਵੇਟ ਪ੍ਰਿੰਟਿੰਗ ਪ੍ਰੈਸਾਂ ਵਾਲੇ ਛਾਪਣ ਤੇ ਤਿਆਰ ਨਹੀਂ ਸਨ ਜਿਸ ਕਰਕੇ ਬੋਰਡ ਨੇ ਕੁਝ ਪ੍ਰਿੰਟਿੰਗ ਦਿੱਲੀ ਤੋਂ ਕਰਵਾਈ। ਪਹਿਲਾਂ 4-5 ਸਾਲ ਪੁਰਾਣੇ ਰੇਟਸ ਤੇ ਕੰਮ ਕਰਵਾ ਰਹੇ ਸਨ। ਹੁਣ ਪ੍ਰਾਈਸ ਇੰਡੈਕਸ ਇਨਕਰੀਜ਼ ਹੋ ਗਿਆ ਹੈ ਜਿਸ ਕਰਕੇ ਰੀਵਾਈਜ਼ਡ ਰੇਟਸ ਬੋਰਡ ਨੂੰ ਦੇਣੇ ਪਏ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਡਿਪਟੀ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦੀ ਹਾਂ ਕਿ ਬੋਰਡ ਨੇ 1992-93 ਵਿਚ ਜਿਹੜੀਆਂ ਸਕੂਲਾਂ ਦੇ ਲਈ ਕਿਤਾਬਾਂ ਛਪਵਾਈਆਂ ਸਨ, ਉਹ ਸਰਕਾਰੀ ਪ੍ਰੈਸ ਅਤੇ ਪ੍ਰਾਈਵੇਟ ਪ੍ਰੈਸ ਤੋਂ ਕਿੰਨੀਆਂ ਕਿੰਨੀਆਂ ਛਪਵਾਈਆਂ ਗਈਆਂ ?

**ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਹ ਤਾਂ ਕੋਈ ਜ਼ਰੂਰੀ ਨਹੀਂ ਹੈ ਕਿ ਅਸੀਂ ਜ਼ਿਆਦਾ ਕੰਮ ਪ੍ਰਾਈਵੇਟ ਕੋਲੋਂ ਕਰਾਈਏ।

---

Original with;
Punjab Vidhan Sabha
Digitized by;
Panjab Digital Library

## ਪੀ. ਐਚ. ਡੀ. ਅਧਿਆਪਕਾਂ ਨੂੰ ਅਗੇਤੀਆਂ ਸਾਲਾਨਾ ਤਰੱਕੀਆਂ

*1059. **ਸ੍ਰੀਮਤੀ ਵਿਮਲਾ ਡਾਂਗ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਾਲਜ ਕਾਡਰ ਅਤੇ ਸਕੂਲ ਕਾਡਰ ਦੇ ਅਜਿਹੇ ਅਧਿਆਪਕਾਂ, ਜਿਨ੍ਹਾਂ ਨੇ ਪੀ.ਐਚ.ਡੀ. ਕੀਤੀ ਹੋਈ ਹੈ, ਨੂੰ ਨਿਯੁਕਤੀਆਂ ਦੇ ਸਮੇਂ ਤੇ ਕੋਈ ਅਗੇਤੀਆਂ ਸਾਲਾਨਾ ਤਰੱਕੀਆਂ ਦਿੱਤੀਆਂ ਜਾਂਦੀਆਂ ਹਨ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ?

**ਸਰਦਾਰ ਲਖਮੀਰ ਸਿੰਘ ਰੰਧਾਵਾ** : ਜਿਹੜੇ ਕਾਲਜ ਕਾਡਰ ਲੈਕਚਰਾਰ ਮਿਤੀ 1 ਜਨਵਰੀ, 1986 ਤੋਂ ਬਾਅਦ ਪੀ.ਐਚ.ਡੀ. ਡਿਗਰੀ ਸਹਿਤ ਸੇਵਾ ਵਿੱਚ ਰੱਖੇ ਗਏ ਹਨ, ਉਨ੍ਹਾਂ ਨੂੰ ਨਿਯੁਕਤੀ ਸਮੇਂ ਤਿੰਨ ਐਡਵਾਂਸ ਇਨਕਰੀਮੈਂਟ ਦਿੱਤੇ ਜਾਂਦੇ ਹਨ ।

ਸਕੂਲ ਕਾਡਰ ਵਿੱਚ ਨਿਯੁਕਤੀਆਂ ਸੇਵਾਂ ਨਿਯਮਾਂ ਅਨੁਸਾਰ ਨਿਰਧਾਰਤ ਯੋਗਤਾਵਾਂ ਦੇ ਆਧਾਰ ਤੇ ਕੀਤੀਆਂ ਜਾਂਦੀਆਂ ਹਨ । ਜਿਹੜੇ ਅਧਿਆਪਕ ਪੀ.ਐਚ.ਡੀ. ਦੀ ਯੋਗਤਾ ਰੱਖਦੇ ਹਨ, ਨੂੰ ਨਿਯੁਕਤੀ ਸਮੇਂ ਐਡਵਾਂਸ ਇਨਕਰੀਮੈਂਟ ਦੇਣ ਸਬੰਧੀ ਨਾ ਤਾਂ ਸੇਵਾ ਨਿਯਮਾਂ ਵਿੱਚ ਕੋਈ ਉਪਬੰਧ ਹੈ ਅਤੇ ਨਾ ਹੀ ਇਸ ਸਬੰਧੀ ਸਰਕਾਰ ਦੀਆਂ ਕੋਈ ਵੱਖਰੀਆਂ ਹਦਾਇਤਾਂ ਹਨ ।

**ਸ੍ਰੀਮਤੀ ਵਿਮਲਾ ਡਾਂਗ** : ਇਹ ਤਾਂ ਡਿਸਕਰੀਮੀਨੇਸ਼ਨ ਹੈ । ਮਨਿਸਟਰ ਸਾਹਿਬ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਕਾਲਜ ਲੈਕਚਰਾਰ ਨੂੰ ਜਿਹੜਾ ਪੀ.ਐਚ.ਡੀ. ਹੈ, ਉਸ ਨੂੰ ਤਿੰਨ ਐਡਵਾਂਸ ਇਨਕਰੀਮੈਂਟ ਮਿਲਦੇ ਹਨ । ਸਕੂਲ ਕਾਡਰ ਵਿਚ ਪੀ.ਐਚ.ਡੀ ਵਾਲੇ ਨੂੰ ਤਿੰਨ ਇਨਕਰੀਮੈਂਟ ਨਹੀਂ ਮਿਲਦੇ । ਇਸ ਸਰਵਿਸ ਰੂਲ ਨੂੰ ਸਰਕਾਰ ਬਦਲੇ ਤਾਂ ਹੀ ਡਿਸਕਰੀਮਿਸ਼ਨ ਦੂਰ ਹੋ ਸਕਦੀ ਹੈ ।

**ਮੰਤਰੀ** : ਇਹ ਡਿਸਕਰੀਮੀਨੇਸ਼ਨ ਨਹੀਂ ਹੈ । ਸਕੂਲ ਕਾਡਰ ਦੇ ਅਧਿਆਪਕਾਂ ਲਈ ਯੋਗਤਾ ਪੀ.ਐਚ.ਡੀ. ਨਹੀਂ ਹੈ । ਇਸ ਲਈ ਉਨ੍ਹਾਂ ਨੂੰ ਤਿੰਨ ਇਨਕਰੀਮੈਂਟ ਐਡਵਾਂਸ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

**ਸ੍ਰੀਮਤੀ ਵਿਮਲਾ ਡਾਂਗ** : ਜਦੋਂ ਕਾਲਜ ਕਾਡਰ ਵਾਸਤੇ ਤਿੰਨ ਇਨਕਰੀਮੈਂਟ ਹਨ ਪਰ ਸਕੂਲ ਕਾਡਰ ਵਾਸਤੇ ਕੋਈ ਇਨਕਰੀਮੈਂਟ ਨਹੀਂ ਹੈ । ਇਹ ਡਿਸਕਰੀਮੀਨੇਸ਼ਨ ਹੈ, ਔਰ ਦੂਰ ਹੋਣੀ ਚਾਹੀਦੀ ਹੈ ।

**ਮੰਤਰੀ** : ਡਿਸਕਰੀਮੀਨੇਸ਼ਨ ਕੋਈ ਨਹੀਂ ਹੈ । ਸਕੂਲ ਕਾਡਰ ਲੈਕਚਰਾਰਜ਼ ਲਈ ਐਮ.ਏ., ਬੀ.ਐਡ. ਕੁਆਲੀਫਿਕੇਸ਼ਨ ਹੈ ਅਤੇ ਕਾਲਜ ਕਾਡਰ ਵਾਸਤੇ ਐਮ.ਏ., ਐਮ.ਫਿਲ, ਵੱਧ ਤੋਂ ਵੱਧ ਕੁਆਲੀਫਿਕੇਸ਼ਨ ਹੈ । ਪੀ.ਐਚ.ਡੀ. ਕੁਆਲੀਫਿਕੇਸ਼ਨ ਸਕੂਲ ਕਾਡਰ ਵਾਸਤੇ ਨਹੀਂ ਹੈ ਔਰ ਨਾ ਹੀ ਪੀ.ਐਚ.ਡੀ. ਕੁਆਲੀ-ਫਿਕੇਸ਼ਨ ਦੇ ਲੈਕਚਰਾਰਜ਼ ਰਖਣ ਦੀ ਲੋੜ ਹੈ ।

**ਸ੍ਰੀ ਮਦਨ ਮੋਹਨ ਮਿੱਤਲ** : ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਸਕੂਲ ਕਾਡਰ ਵਿਚ ਪੀ.ਐਚ.ਡੀ. ਦੀ ਲੋੜ ਹੀ ਨਹੀਂ । ਸੈਕੰਡਰੀ ਸਕੂਲਾਂ ਵਿਚ ਜਿਥੇ 10+2 ਹੈ ਉਥੇ ਲੋੜ ਨਹੀਂ, ਪਰ ਕਾਲਜ ਕਾਡਰ ਵਿਚ ਜਿਥੇ 10+2 ਹੈ ਉਥੇ ਲੋੜ ਹੈ । ਇਸ ਤਰ੍ਹਾਂ ਤਾਂ ਕੋਈ ਵੀ ਲੈਕਚਰਾਰ ਆਪਣੀ ਯੋਗਤਾ ਵਧਾਏ ਜਾਂ ਨਾ ਵਧਾਏ ਅਤੇ ਹੋਰ ਰਿਸਰਚ ਕਰੇ ਜਾਂ ਨਾ ਕਰੇ । ਜਿਥੇ ਤਾਲਾ ਇਕ ਵਾਰ ਲੱਗ ਗਿਆ ਉਥੇ ਹੀ ਰਹੇ । Why he does not assure the House to amend the rules and to give additional increments to these teachers who go for higher studies to enhance the status and standard of schools. ਕੀ ਮਨਿਸਟਰ ਸਾਹਿਬ ਭਰੋਸਾ ਦਿਵਾਉਣਗੇ ਕਿ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਲੈਕਚਰਾਰ ਜੇ ਕੋਈ ਪੀ.ਐਚ.ਡੀ. ਕਰ ਲਵੇ ਜਾਂ ਹੋਵੇ ਤਾਂ ਉਸ ਨੂੰ ਤਿੰਨ ਤਿਨ ਐਡਵਾਂਸ ਇਨਕਰੀਮੈਂਟ ਦਿਵਾਉਣਗੇ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਉਨ੍ਹਾਂ ਸਕੂਲ ਲੈਕਚਰਾਰਜ਼ ਨੂੰ ਕੋਈ ਇਨਕਰੀਮੈਂਟ ਦੇਣ ਦੀ ਪਰਪੋਜ਼ਲ ਨਹੀਂ ਹੈ। ਪੀ.ਐਚ.ਡੀ. ਦੀ ਕੁਆਲੀਫਿਕੇਸ਼ਨ ਸਕੂਲਾਂ ਲਈ ਨਿਰਧਾਰਤ ਨਹੀਂ ਹੈ। ਇਸ ਕੁਆਲੀਫਿਕੇਸ਼ਨ ਦੀ ਲੋੜ ਵੀ ਨਹੀਂ ਹੈ। ਜੋ ਕਮਿਸ਼ਨ ਦੀਆਂ ਹਦਾਇਤਾਂ ਹਨ ਉਹ ਕਾਲਜ ਲੈਕਚਰਾਰ ਵਾਸਤੇ ਹੀ ਹਨ ਔਰ ਉਨਾਂ ਤੇ ਹੀ ਲਾਗੂ ਕੀਤੀਆਂ ਜਾਂਦੀਆਂ ਹਨ।

**Mr Deputy Speaker :** The reply is very clear. You can ask separate question.

**श्रीमति लक्ष्मी कांता चावला :** उपाध्यक्ष महोदय, मैं मनिस्टर साहिब से पूछना चाहूँगी कि उन्होंने कहा कि कालेज लैक्चरारज़ को 1-1-1986 के बाद तीन इनकरीमैंट देते हैं। पर यह कैसा फैसला है और कैसी इनकी सोच है ? स्कूल लैक्चरारज़ को जो पी. एच. डी. हैं उनको कोई इनकरीमैंट नहीं दिया जाता। स्कूलों में भी 10+2 हैं और कालजों में भी 10+2 है। यह कौन सी नगरी है और कौन सा रूल है ?

**ਮੰਤਰੀ :** ਡਿਪਟੀ ਸਪੀਕਰ ਸਾਹਿਬ, 1 ਜਨਵਰੀ, 1986 ਤੋਂ ਬਾਅਦ ਪੀ.ਐਚ.ਡੀ. ਕੁਆਲੀਫਿਕੇਸ਼ਨ ਵਾਲੇ ਕਾਲਜ ਲੈਕਚਰਾਰਜ਼ ਨੂੰ ਤਿੰਨ ਐਡਵਾਂਸ ਇਨਕਰੀਮੈਂਟ ਦਿੱਤੇ ਗਏ ਹਨ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਮੇਰੇ ਕਾਲਜ ਵਿੱਚ ਇਹ ਗੱਲ ਲਾਗੂ ਨਹੀਂ ਹੋਈ।

**ਮੰਤਰੀ :** ਡਿਪਟੀ ਸਪੀਕਰ ਸਾਹਿਬ, ਕੋਈ ਜੇ ਇਸ ਤਰ੍ਹਾਂ ਦੀ ਗੱਲ ਹੈ ਤਾਂ ਇਹ ਵਖਰੇ ਤੌਰ ਤੇ ਲਿਖ ਕੇ ਦੇਣ, ਦੇਖ ਲਵਾਂਗੇ। ਬਾਕੀ ਪੀ.ਐਚ.ਡੀ. ਕੁਆਲੀਫਿਕੇਸ਼ਨ ਸਬੰਧੀ ਮੈਂ ਵਾਰ ਵਾਰ ਅਰਜ਼ ਕੀਤੀ ਹੈ ਕਿ ਕੁਆਲੀਫਿਕੇਸ਼ਨ ਦੀ ਸਕੂਲ ਲੈਵਲ ਤੇ ਕੋਈ ਲੋੜ ਨਹੀਂ ਹੈ। ਇਹ ਸਿਰਫ ਰਿਸਰਚ ਵਾਲੀ ਜਗ੍ਹਾ ਤੇ ਲੋੜੀਂਦੀ ਹੈ। ਬਾਕੀ ਸਕੂਲ ਸਕੂਲ ਹੈ ਅਤੇ ਕਾਲਜ ਕਾਲਜ ਹੈ। ਸੀਨੀਅਰ ਸੈਕੰਡਰੀ ਸਕਲ ਦਾ ਨਾਂ ਕਾਲਜ ਏਸੇ ਕਰਕੇ ਹੀ ਨਹੀਂ ਰੱਖਿਆ, ਸਕੂਲ ਹੀ ਰੱਖਿਆ ਹੈ।

**ਸ੍ਰੀ ਮਦਨ ਮੋਹਨ ਮਿੱਤਲ :** ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਹੁਣੇ ਲਕਸ਼ਮੀ ਕਾਂਤਾ ਜੀ ਨੇ ਕਿਹਾ ਹੈ ਕਿ ਤਿੰਨ ਇਨਕਰੀਮੈਂਟਾਂ ਐਡਵਾਂਸ ਦੇਣ ਸਬੰਧੀ ਰੂਲ ਕਾਲਜਾਂ ਤੇ ਵੀ ਲਾਗੂ ਨਹੀਂ ਹੋ ਰਿਹਾ। 1986 ਤੋਂ ਬਾਅਦ ਕਾਲਜਾਂ ਦੇ ਕਈ ਪੀ.ਐਚ.ਡੀ. ਟੀਚਰਾਂ ਨੂੰ ਇਹ ਇਨਕਰੀਮੈਂਟਾਂ ਨਹੀਂ ਮਿਲੀਆਂ। ਕੀ ਮੰਤਰੀ ਜੀ ਇਨ੍ਹਾਂ ਨੂੰ ਲਾਗੂ ਕਰਾਉਣ ਸਬੰਧੀ ਸਦਨ ਵਿੱਚ ਭਰੋਸਾ ਦਿਵਾਉਣਗੇ ?

**ਮੰਤਰੀ :** ਜਿਸ ਜਗ੍ਹਾ ਤੇ ਨਿਰਧਾਰਤ ਮਿਤੀ ਤੋਂ ਬਾਅਦ ਇਹ ਇਨਕਰੀਮੈਂਟਾਂ ਨਹੀਂ ਮਿਲੀਆਂ, ਮੈਂਬਰ ਸਾਹਿਬ ਲਿਖ ਕੇ ਦੇ ਦੇਣ, ਉਸ ਤੇ ਵਿਚਾਰ ਕੀਤਾ ਜਾਵੇਗਾ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਡਿਪਟੀ ਸਪੀਕਰ ਸਾਹਿਬ, ਡਿਪਾਰਟਮੈਂਟ ਕਿਸ ਮਰਜ਼ ਦੀ ਦਵਾ ਹੈ? ਕੀ ਡਿਪਾਰਟਮੈਂਟ ਨੂੰ ਨਹੀਂ ਪਤਾ ਕਿ ਕਿਥੇ ਕਿਥੇ ਮਿਲ ਚੁਕੀਆਂ ਹਨ ਅਤੇ ਕਿਥੇ ਨਹੀਂ ਮਿਲੀਆਂ ?

**ਸ੍ਰੀ ਡਿਪਟੀ ਸਪੀਕਰ :** ਭੈਣ ਜੀ, ਜੇ ਕੋਈ ਚੀਜ਼ ਤੁਹਾਡੇ ਨੋਟਿਸ ਵਿਚ ਹੈ, ਤਾਂ ਤੁਸੀਂ ਦੱਸ ਦਿਓ। ਅਗਲਾ ਸਵਾਲ।

---

Original with;
Punjab Vidhan Sabha
Digitized by;
Panjab Digital Library

## ਪਿੰਡ ਦੇ ਚੌਂਕੀਦਾਰਾਂ ਨੂੰ ਤਨਖਾਹਾਂ ਦੀ ਅਦਾਇਗੀ

***1051. ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪਿੰਡਾਂ ਦੇ ਚੌਕੀਦਾਰਾਂ ਨੂੰ ਅਗੋਂ ਤੋਂ ਤਹਿਸੀਲ ਸਦਰ ਮੁਕਾਮ ਦੀ ਬਜਾਏ ਕਾਨੂੰਨਗੋ ਸਰਕਲ ਸਦਰ ਮੁਕਾਮਾਂ ਤੇ ਤਨਖਾਹਾਂ ਦੀ ਅਦਾਇਗੀ ਕਰਨ ਦੀ ਤਜਵੀਜ਼ ਹੈ? ਜੇਕਰ ਨਹੀਂ ਤਾਂ, ਇਸ ਦੇ ਕੀ ਕਾਰਣ ਹਨ ?

**Sardar Beant Singh** : No.

Tehsildar draws the money from the treasury located at tehsil headquarters and disburses the amount. It is not practicable to move about with this money to various kanungo circle headquarters and disburse the amount to the chowkidars.

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਕੋਲੋਂ ਸਪਲੀਮੈਂਟਰੀ ਵਿਚ ਪੁੱਛਣਾ ਚਾਹਵਾਗਾਂ ਕਿ ਚੌਕੀਦਾਰ ਜਿਨ੍ਹਾਂ ਨੂੰ 200 ਰੁਪਿਆ ਤਨਖਾਹ ਮਿਲਦੀ ਹੈ, ਉਹ ਉਸਨੂੰ ਲੈਣ ਪਿਛੇ ਤਹਿਸੀਲ ਹੈਡਕੁਆਟਰ ਤੇ 10–10 ਚੱਕਰ ਮਾਰਦੇ ਹਨ ਪਰ ਫੇਰ ਵੀ ਉਨ੍ਹਾਂ ਨੂੰ ਤਨਖਾਹ ਨਹੀਂ ਮਿਲਦੀ। ਉਹ ਉਥੇ ਸਾਰਾ ਸਾਰਾ ਦਿਨ ਬਹਿ ਕੇ ਆ ਜਾਂਦੇ ਹਨ। ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹਵਾਂਗਾ ਕਿ ਅਗਰ ਡੀ.ਓ. ਟੀਚਰਜ਼ ਦੀ ਤਨਖਾਹ ਚੈਕ ਸਿਸਟਮ ਰਾਹੀਂ ਦੇ ਸਕਦੇ ਹਨ ਤਾਂ ਕੀ ਕਾਨੂੰਗੋ ਲੈਵਲ ਤੇ ਚੌਕੀਦਾਰਾਂ ਨੂੰ ਚੈਕ ਰਾਹੀਂ ਪੇਮੈਂਟ ਨਹੀਂ ਕਰਵਾਈ ਜਾ ਸਕਦੀ ?

**ਮੁੱਖ ਮੰਤਰੀ** : ਡਿਪਟੀ ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਜਿਵੇਂ ਟੀਚਰਜ਼ ਨੂੰ ਤਨਖਾਹ ਚੈਕ ਰਾਹੀਂ ਦਿੱਤੀ ਜਾਂਦੀ ਹੈ ਉਸੇ ਤਰ੍ਹਾਂ ਚੌਕੀਦਾਰਾਂ ਨੂੰ ਦਈਏ। ਪਰ ਫੇਰ ਉਹ ਚੈਕ ਲੈ ਕੇ ਬੈਂਕਾਂ ਵਿੱਚ ਚੱਕਰ ਮਾਰਦੇ ਰਹਿਣਗੇ। ਇਸ ਤੋਂ ਜਿਆਦਾ ਆਸਾਨ ਤਹਿਸੀਲਦਾਰ ਕੋਲ ਜਾਣਾ ਹੈ। ਤਹਿਸੀਲਾਂ ਬੜੀਆਂ ਕਾਂਪੈਕਟ ਹਨ। ਕਈ ਨਵੀਆਂ ਤਹਿਸੀਲਾਂ ਖੋਲ੍ਹੀਆਂ ਹਨ। ਚੌਕੀਦਾਰਾਂ ਵਾਸਤੇ ਕਾਫੀ ਐਕਸੈਸਿਬਲ ਹੈ। ਦੂਜੇ ਪਾਸੇ ਅਸੀਂ ਕਾਨੂੰਗੋ ਨੂੰ ਪਾਵਰ ਦੇਵਾਂਗੇ, ਪੈਸਾ ਦੇਵਾਂਗੇ ਅਤੇ ਜੋ ਕਾਨੂੰਗੋ ਅੱਜ ਦੀ ਜੋ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਹੈ, ਉਸ ਵਿੱਚ ਅਗਰ ਪੈਸੇ ਚੁੱਕੀ ਫਿਰੇ ਚੰਗੀ ਗੱਲ ਨਹੀਂ। ਤਹਿਸੀਲ ਹੈਡਕੁਆਰਡਰ ਤੇ ਚੌਕੀਦਾਰਾਂ ਨੂੰ ਕੋਈ ਤਕਲੀਫ ਨਹੀਂ। ਬਾਕੀ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਉਹ 10–10 ਚੱਕਰ ਮਾਰਦੇ ਹਨ ਪਰ ਤਨਖਾਹ ਨਹੀਂ ਮਿਲਦੀ, ਉਸ ਚੀਜ਼ ਨੂੰ ਮੈਂ ਸਟਰੀਮਲਾਈਨ ਕਰਾ ਲਵਾਂਗਾ, ਉਨ੍ਹਾਂ ਨੂੰ ਚੱਕਰ ਨਹੀਂ ਲਾਉਣੇ ਪੈਣਗੇ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਅਤੇ ਇਹ ਵੀ ਸਹਿਮਤ ਹੋਣਗੇ ਕਿ ਪੇਂਡੂ ਖੇਤਰ ਵਿੱਚ ਜਿੰਨੇ ਵੀ ਚੌਕੀਦਾਰ ਹਨ, ਉਹ ਜ਼ਿਆਦਾਤਰ ਅਨੁਸੂਚਿਤ ਜਾਤੀਆਂ ਨਾਲ ਸਬੰਧ ਰਖਦੇ ਹਨ ਅਤੇ ਉਨ੍ਹਾਂ ਦੇ ਆਰਥਿਕ ਹਾਲਾਤ ਬਿਲਕੁਲ ਠੀਕ ਨਹੀਂ ਹੁੰਦੇ। ਬਾਕੀ ਕੋਈ ਵੀ ਬਲਾਕ ਅਫਸਰ ਜਾਂ ਪਟਵਾਰੀ ਆਦਿ ਜਾਵੇ, ਤਾਂ ਸਾਰਾ ਕੰਮ ਉਨ੍ਹਾਂ ਤੋਂ ਹੀ ਲਿਆ ਜਾਂਦਾ ਹੈ ਅਤੇ ਚੌਕੀਦਾਰਾਂ ਤੇ ਮੈਕਸੀਮਮ ਕੰਮ ਦਾ ਬੋਝ ਪੈਂਦਾ ਹੈ। ਪਰ ਉਨ੍ਹਾਂ ਦੀ 200 ਰੁਪਿਆ ਤਨਖਾਹ ਨਾਲ ਸੰਤੁਸ਼ਟੀ ਨਹੀਂ। ਅੱਜ ਦੇ ਮਹਿੰਗਾਈ ਦੇ ਸਮੇਂ ਵਿੱਚ ਇਨ੍ਹਾਂ ਪੈਸਿਆਂ ਨਾਲ ਗੁਜ਼ਾਰਾ ਹੁੰਦਾ ਹੀ ਨਹੀਂ। ਬੜੇ ਲੰਬੇ ਸਮੇਂ ਤੋਂ ਉਹ ਮੰਗ ਕਰ ਰਹੇ ਹਨ ਕਿ ਉਨ੍ਹਾਂ ਦੀ ਤਨਖਾਹ ਵਧਾਈ ਜਾਵੇ ਅਤੇ ਉਨ੍ਹਾਂ ਨੂੰ ਦਰਜਾ ਚਾਰ ਕਰਮਚਾਰੀਆਂ ਦੇ ਤੌਰ ਤੇ ਸਟੇਟ ਗੌਰਮਿੰਟ ਕਸਿਡਰ ਕਰੇ। ਉਨ੍ਹਾਂ ਦੀ ਇਹ ਜਾਇਜ਼ ਮੰਗ ਹੈ ਅਤੇ ਇਸ ਨਾਲ ਸਾਡੀ ਵੀ ਸਹਿਮਤੀ ਹੈ। ਕੀ ਸਟੇਟ ਗੌਰਮਿੰਟ ਉਨ੍ਹਾਂ ਨੂੰ ਇਹ ਦਰਜਾ ਦੇਣ ਲਈ ਅਤੇ ਤਨਖਾਹ ਵਧਾਉਣ ਲਈ ਵਿਚਾਰ ਕਰੇਗੀ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਇਸ ਸਬੰਧੀ ਸੈਪਰੇਟ ਨੋਟਿਸ ਲੋੜੀਂਦਾ ਹੈ ।

ਜ਼ਿਲ੍ਹਾ ਪਟਿਆਲਾ ਦੇ ਐਸ. ਐਚ. ਓਜ਼ ਦੇ ਵਿਰੁੱਧ ਸ਼ਿਕਾਇਤਾਂ

*1055. 1. ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ
2. ਕਾਮਰੇਡ ਤਰਸੇਮ ਜੋਧਾਂ
: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ

ਕਿ--

(ੳ) ਜ਼ਿਲ੍ਹਾ ਪਟਿਆਲਾ ਦੇ ਐਸ.ਐਚ.ਓਜ਼ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਦੇ ਵਿਰੁੱਧ ਹਲਫੀਆ ਬਿਆਨਾਂ ਨਾਲ ਜਨਵਰੀ, 1993 ਤੋਂ ਹੁਣ ਤੱਕ ਦੇ ਸਮੇਂ ਦੇ ਦੌਰਾਨ ਸ਼ਿਕਾਇਤਾਂ ਪ੍ਰਾਪਤ ਹੋਈਆਂ ਅਤੇ ਇਨ੍ਹਾਂ ਦੇ ਵੇਰਵੇ ਕੀ ਹਨ ;

(ਅ) ਕੀ ਉਪ੍ਰੋਕਤ ਭਾਗ (ੳ) ਵਿਚ ਵਰਣਿਤ ਸ਼ਿਕਾਇਤਾਂ ਤੇ ਸਰਕਾਰ ਦੁਆਰਾ ਕੋਈ ਕਾਰਵਾਈ ਕੀਤੀ ਗਈ ਹੈ, ਜੇਕਰ ਕੀਤੀ ਗਈ ਹੈ. ਤਾਂ ਉਸਦੇ ਵੇਰਵੇ ਕੀ ਹਨ ?

**Sardar Beant Singh** : (a)& (b) Nill

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਨਾਂਹ ਵਿਚ ਜਵਾਬ ਦਿੱਤਾ ਹੈ, ਆਇਆ, ਮਹਿਕਮਾ ਇਨ੍ਹਾਂ ਨੂੰ ਮਿਸਲੀਡ ਤਾਂ ਨਹੀਂ ਕਰਦਾ ? ਦੂਸਰੀ ਗੱਲ ਇਹ ਹੈ ਕਿ ਛੋਤੀ ਮੌਤੇ ਤਾਂ ਕੋਈ ਪੰਜਾਬ ਦੇ ਵਿੱਚ, ਇਸ ਵੇਲੇ ਜਿੰਨੀ ਫੋਰਸਿਜ਼ ਦੀ ਦਹਿਸ਼ਤ ਹੈ, ਕੋਈ ਬੰਦਾ ਹਲਫੀਆ ਬਿਆਨ ਨਹੀਂ ਦਿੰਦਾ ਔਰ ਜੇ ਕਰ ਕੋਈ ਜੁਰੱਅਤ ਕਰੇ ਤਾਂ ਉਸਦਾ ਜਵਾਬ ਨਿੱਲ ਵਿੱਚ ਆਇਆ ਹੈ। ਮੇਰੇ ਕੋਲ ਇਸ ਵੇਲੇ ਵੀ ਇਕ ਹਲਫੀਆ ਬਿਆਨ ਹੈ ਔਰ ਐਸ. ਐਸ. ਪੀ. ਨੇ ਅੱਗੇ ਮਾਰਕ ਕੀਤਾ ਹੈ। ਅਸ਼ੋਕ ਕੁਮਾਰ ਨਾਂ ਦਾ ਇੱਕ ਬੰਦਾ ਹੈ ਜਿਹੜਾ ਕਿ ਪਿੰਡ ਭੱਟੀ ਮੱਲਾ ਥਾਣੇ ਦੇ ਵਿੱਚ ਆਉਂਦਾ ਹੈ। ਐਸ.ਐਚ.ਓ. ਦੇ ਕੋਲ 28 ਜੂਨ, 1993 ਨੂੰ ਇਹ ਹਲਫੀਆ ਬਿਆਨ ਦਿੱਤਾ ਹੈ ਔਰ ਸ਼ਕਾਇਤ ਕੀਤੀ ਹੈ। ਅੱਜ ਉਹ ਨਿਆਂ ਮੰਗਦਾ ਹੈ ਔਰ ਜਿਹੜਾ ਜਵਾਬ ਆਇਆ ਹੈ ਉਹ ਨਿੱਲ ਆਇਆ ਹੈ। ਇਹ ਆਪ ਪੜਚੋਲ ਕਰ ਲੈਣ ਆਇਆ ਪੁਲਿਸ, ਮੈਂ ਸਾਰੀ ਪੁਲਿਸ ਨੂੰ ਦੋਸ਼ੀ ਨਹੀਂ ਕਹਿੰਦਾ ਜਿਹੜੇ ਪੁਲਿਸ ਵਿੱਚ ਦੋਸ਼ੀ ਹਨ ਜਿਨ੍ਹਾਂ ਦੇ ਖਿਲਾਫ ਹਲਫੀਆ ਬਿਆਨ ਦਿੱਤੇ ਗਏ ਹਨ, ਔਰ ਜਿਹੜੇ ਲੋਕ ਜੁਰਅਤ ਕਰਦੇ ਹਨ, ਮੌਤ ਨੂੰ ਮੂਹਰੇ ਰੱਖ ਕੇ ਹਲਫੀਆ ਬਿਆਨ ਦਿੰਦੇ ਹਨ, ਉਨ੍ਹਾਂ ਦੇ ਬਾਰੇ ਇਹ ਦੱਸਣ ਕਿ ਕੋਈ ਕਾਰਵਾਈ ਕਰਨਗੇ ?

**ਸ੍ਰੀ ਡਿਪਟੀ ਸਪੀਕਰ** : ਸਾਥੀ ਜੀ, ਇਹ ਗੱਲ ਤੁਸੀਂ ਸੀ.ਐਮ. ਸਾਹਿਬ ਨਾਲ ਵੈਸੇ ਵੀ ਕਰ ਸਕਦੇ ਹੋ ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਮੈਂ ਇਸ ਹਾਊਸ ਦੇ ਵਿੱਚ ਜਵਾਬ ਮੰਗਦਾ ਹਾਂ ਜੀ । ਮੈਂ ਸਾਰੀ ਪੁਲਿਸ ਨੂੰ ਦੋਸ਼ੀ ਨਹੀਂ ਕਹਿੰਦਾ। ਪੁਲਿਸ ਵਿਚ ਵੀ ਬੜੇ ਚੰਗੇ ਅਫਸਰ ਹਨ।

**ਮੁੱਖ ਮੰਤਰੀ** : ਡਿਪਟੀ ਸਪੀਕਰ ਸਾਹਿਬ, ਜਿਹੜੀ ਗੱਲ ਦਹਿਸ਼ਤ ਵਾਲੀ ਇਨ੍ਹਾਂ ਨੇ ਕੀਤੀ ਹੈ, ਇਹ ਬਿਲਕੁਲ ਗਲਤ ਗੱਲ ਹੈ। ਇਨ੍ਹਾਂ ਫਲੱਡਜ਼ ਦੇ ਦੌਰਾਨ ਇਹ ਗੱਲ ਸਾਬਤ ਹੋਈ ਹੈ ਕਿ ਪੁਲਿਸ ਅਸਲੀ ਮਾਅਨਿਆਂ ਵਿੱਚ ਪਬਲਿਕ ਸਰਵੈਂਟ ਬਣ ਕੇ ਲੱਗੀ ਹੋਈ ਹੈ। ਜਿੰਨਾ ਕੰਮ ਪੁਲਿਸ ਨੇ ਕੀਤਾ ਹੈ ਉਨ੍ਹਾਂ ਕਿਸੇ ਹੋਰ ਨੇ ਨਹੀਂ ਕੀਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਜਿਹੜੀ

Original with;
Punjab Vidhan Sabha
Digitized by;
Panjab Digital Library

ਏਹਿਮੀਅਤ ਵਾਲੀ ਹੈ ਇਹ ਬਿਲਕੁਲ ਗਲਤ ਗੱਲ ਹੈ। ਕਈ ਸ਼ਕਾਇਤਾਂ ਮੇਰੇ ਕੋਲ ਦੂਸਰੇ ਅਫਸਰਾਂ ਦੀਆਂ ਆਉਂਦੀਆਂ ਹਨ, ਇਨਕੁਆਇਰੀਆਂ ਵੀ ਹੋਈਆਂ ਹਨ। ਤੁਹਾਨੂੰ ਪਤਾ ਹੀ ਹੈ ਕਿ ਪਿਛਲੇ ਸਾਲ ਡਿਸਮਿਸਲ ਵੀ ਐਸ. ਪੀ. ਤੋਂ ਲੈ ਕੇ ਸਿਪਾਹੀ ਤੱਕ ਹੋਈਆਂ ਹਨ। ਕੋਈ 100 ਦੇ ਕਰੀਬ ਡਿਸਮਿਸ ਹੋਏ ਸਨ। ਅਗਰ ਇਨ੍ਹਾਂ ਕੋਲ ਕੋਈ ਬੜਾ ਭਾਰੀ ਸਬੂਤ ਪਹੁੰਚਿਆ ਹੈ ਤਾਂ ਇਹ ਮੇਰੇ ਨਾਲ ਗੱਲ ਕਰ ਲੈਣ। ਲੇਕਿਨ ਮੇਰੇ ਕੋਲ ਕੋਈ ਅਜਿਹੀ ਇਨਫਰਮੇਸ਼ਨ ਨਹੀਂ ਔਰ ਨਾ ਹੀ ਮੈਂ ਕਿਸੇ ਆਈ. ਜੀ. ਨੂੰ ਜਾਂ ਕਿਸੇ ਹੋਰ ਨੂੰ ਪੁੱਛਿਆ ਹੈ।

**ਕਾਮਰੇਡ ਤਰਸੇਮ ਜੋਧਾਂ**: ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਕੰਪਲੇਂਟ ਅਸ਼ੋਕ ਕੁਮਾਰ ਨੇ ਕੀਤੀ ਔਰ ਐਸ. ਐਸ. ਪੀ. ਨੇ ਐਸ. ਐਚ. ਓ. ਨੂੰ ਹੁਕਮ ਦਿੱਤਾ ਔਰ ਉਸ ਐਸ. ਐਚ. ਓ. ਨੇ ਉਹ ਹੁਕਮ ਨਹੀਂ ਮੰਨਿਆ। ਜੋ ਐਫੀਡੈਵਿਟ ਉਸ ਨੇ ਦਿੱਤਾ ਸੀ, ਉਸਦੀ ਕਾਪੀ ਸਾਡੇ ਕੋਲ ਵੀ ਹੈ। ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਕੀ ਉਸ ਐਫੀਡੈਵਿਟ ਬਾਰੇ ਪੜਤਾਲ ਕਰਵਾਈ ਜਾਵੇਗੀ ਔਰ ਦੋਸ਼ੀ ਅਫਸਰਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ ? ਕੀ ਮੁੱਖ ਮੰਤਰੀ ਜੀ ਇਸ ਬਾਰੇ ਸਾਨੂੰ ਭਰੋਸਾ ਦਿਵਾਉਣਗੇ ?

**ਮੁੱਖ ਮੰਤਰੀ**: ਡਿਪਟੀ ਸਪੀਕਰ ਸਾਹਿਬ, ਮੈਂ ਅੱਗੇ ਵੀ ਕਹਿ ਚੁੱਕਾ ਹਾਂ ਕਿ ਜੇ ਕੋਈ ਸਪੈਸ਼ਲ ਸਬੂਤ ਦੇਣਗੇ ਤਾਂ ਇਸ ਦੀ ਇਨਕੁਆਇਰੀ ਕਰਵਾ ਲਵਾਂਗੇ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**: ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਪੁਲਿਸ ਨੇ ਬੜਾ ਚੰਗਾ ਰੋਲ ਅਦਾ ਕੀਤਾ ਹੈ। ਇਨ੍ਹਾਂ ਨੇ ਹੜ੍ਹ ਪੀੜਤਾਂ ਦੀ ਗੱਲ ਕੀਤੀ ਹੈ। ਪਟਿਆਲੇ ਦੇ ਵਿੱਚ ਮੈਂ ਖੁਦ ਜਾ ਕੇ ਦੇਖਿਆ, ਤੁਸੀਂ ਉਥੇ ਦੇ ਬੰਦਿਆਂ ਕੋਲੋਂ ਪੁੱਛ ਪੜਤਾਲ ਕਰ ਸਕਦੇ ਹੋ, ਪੰਜੇ ਉਂਗਲਾਂ ਇਕੋ ਜਿਹੀਆਂ ਨਹੀਂ ਹੁੰਦੀਆਂ। ਸਾਰੀ ਪੁਲਿਸ ਖਰਾਬ ਨਹੀਂ ਹੁੰਦੀ ਹੈ। ਲੋਕਾਂ ਨੇ ਕਿਹਾ ਹੈ ਕਿ ਪੁਲਿਸ ਨੇ ਸਾਡੇ ਨਾਲ ਠੀਕ ਵਿਵਹਾਰ ਨਹੀਂ ਕੀਤਾ। ਮੈਂ ਇਸ ਦਾ ਚਸ਼ਮਦੀਦ ਗਵਾਹ ਹਾਂ।

**Mr Deputy Speaker :** Sathi Ji, please take your seat.

**ਔਰਤਾਂ ਲਈ ਪਖਾਨੇ ਬਣਾਉਣਾ**

*1050. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਰਾਜ ਵਿਚ ਸਾਰੇ ਛੋਟੇ ਤੇ ਵੱਡੇ ਬੱਸ ਸਟਾਪਾਂ ਤੇ ਵਿਸ਼ੇਸ਼ ਤੌਰ ਤੇ ਔਰਤਾਂ ਲਈ ਪਖਾਨੇ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ ?

**ਸ੍ਰੀ ਮਹਿੰਦਰ ਸਿੰਘ ਕੇ. ਪੀ. (ਰਾਜ ਮੰਤਰੀ, ਟ੍ਰਾਂਸਪੋਰਟ)**: ਸਰਕਾਰ ਦੀ ਮੌਜੂਦਾ ਨੀਤੀ ਅਨੁਸਾਰ ਟਰਾਂਸਪੋਰਟ ਵਿਭਾਗ ਪੰਜਾਬ ਰਾਜ ਵਿੱਚ ਜਿਥੇ ਪੰਜਾਬ ਟਰਾਂਸਪੋਰਟ ਵਿਭਾਗ ਦੇ ਡਿਪੂ/ਸਬ ਡਿਪੂ ਸਥਿਤ ਹਨ ਉਥੇ ਸਾਰੇ ਛੋਟੇ ਅਤੇ ਵੱਡੇ ਬੱਸ ਸਟੈਂਡਾਂ ਤੇ ਵੱਖਰੀਆਂ ਲਵਾਟਰੀਜ਼ (ਸਪੈਸ਼ਲ ਔਰਤਾਂ ਲਈ) ਬਣਾਉਂਦਾ ਹੈ।

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ**: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰਾ ਸਵਾਲ ਇਹ ਨਹੀਂ ਸੀ ਕਿ ਜਿਹੜੇ ਸੱਤ ਡੀਪੂ ਹਨ, ਉਨ੍ਹਾਂ ਤੇ ਪਖਾਨੇ ਬਣਾਏ ਗਏ ਹਨ ਜਾਂ ਨਹੀਂ। ਮੇਰਾ ਸਵਾਲ ਇਹ ਸੀ ਕਿ ਜਿਹੜੇ ਵੱਡੇ ਅਤੇ ਛੋਟੇ ਬੱਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਗੁਰਨਾਮ ਸਿੰਘ ਧੀਰੋਵਾਲ]

ਸਟੈਂਡ ਹਨ, ਉਨ੍ਹਾਂ ਤੇ ਲੇਡੀਜ਼ ਵਾਸਤੇ ਬੜੀ ਮੁਸ਼ਕਿਲ ਪੇਸ਼ ਆਉਂਦੀ ਹੈ। ਜਦੋਂ ਉਨ੍ਹਾਂ ਨੂੰ ਬੱਸਾਂ ਦੀ ਵੇਟ ਕਰਨੀ ਪੈਂਦੀ ਹੈ ਤਾਂ ਕਈ ਵਾਰ ਮਗਰੋਂ ਬੱਸ ਆ ਜਾਂਦੀ ਹੈ। ਉਨ੍ਹਾਂ ਨੂੰ ਵਿਚਾਰੀਆਂ ਨੂੰ ਪਖਾਨੇ ਜਾਣ ਵਾਸਤੇ ਕਿਸੇ ਨੇੜੇ ਦੇ ਮੱਕੀ/ਛੱਨੇ ਦੇ ਖੇਤ ਵਿੱਚ ਜਾਣਾ ਪੈਂਦਾ ਹੈ। ਮਗਰੋਂ ਬੱਸ ਆ ਜਾਂਦੀ ਹੈ ਤਾਂ ਉਨ੍ਹਾਂ ਨੂੰ ਭੱਜ ਕੇ ਆਉਣਾ ਪੈਂਦਾ ਹੈ। ਮੇਰਾ ਸਵਾਲ ਇਸ ਬਾਰੇ ਸੀ ਕਿ ਇਸ ਤਰ੍ਹਾਂ ਉਨ੍ਹਾਂ ਨੂੰ ਬੜੀ ਮੁਸ਼ਕਿਲ ਪੇਸ਼ ਆਉਂਦੀ ਹੈ।

**Mr Deputy Speaker :** Please ask the question.

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ :** ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵੱਡੇ ਛੋਟੇ ਬੱਸ ਸਟੈਂਡ ਹਨ, ਉਨ੍ਹਾਂ ਤੇ ਕਾਫੀ ਸਵਾਰੀਆਂ ਚੜ੍ਹਦੀਆਂ ਹਨ। ਕੀ ਉਥੇ ਕੋਈ ਨਵੀਆਂ ਲੈਟਰੀਨਾਂ ਬਨਾਉਣ ਦੀ ਤਜਵੀਜ਼ ਹੈ ?

**ਰਾਜ ਮੰਤਰੀ (ਟ੍ਰਾਂਸਪੋਰਟ) :** ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਚੁਕਿਆ ਹਾਂ ਕਿ ਜਿਥੇ ਸਾਡੇ ਡਿਪੂ ਜਾਂ ਸਬ-ਡਿਪੂ ਹਨ, ਉਥੇ ਸਾਡਾ ਟਰਾਂਸਪੋਰਟ ਮਹਿਕਮਾ ਲੈਟਰੀਨ ਬਣਾਉਂਦਾ ਹੈ। ਬਾਕੀ ਜਿਹੜੇ ਦੂਜੇ ਬਸ ਸਟੈਂਡ ਮਿਉਂਸਪਲ ਕਮੇਟੀ ਦੇ ਜਾਂ ਨੋਟੀਫਾਈਡ ਏਰੀਆ ਕਮੇਟੀ ਹੇਠ ਆਉਂਦੇ ਹਨ ਉਥੇ ਉਹ ਬਣਵਾਉਂਦੇ ਹਨ। ਇਹ ਲੈਟਰਿਨਾਂ ਮਿਉਂਸਪਲ ਕਮੇਟੀਆਂ ਅਤੇ ਨੋਟੀ-ਫਾਈਡ ਏਰੀਆ ਕਮੇਟੀਆਂ ਲੋਕਲ ਬਾਡੀਜ਼ ਮਹਿਕਮੇ ਥੱਲੇ ਆਉਂਦੀਆਂ ਹਨ ਅਤੇ ਉਥੇ ਉਨ੍ਹਾਂ ਰਾਹੀਂ ਹੀ ਬਣਾਈਆਂ ਜਾਂਦੀਆਂ ਹਨ।

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ :** ਡਿਪਟੀ ਸਪੀਕਰ ਸਾਹਿਬ, ਮੇਰਾ ਸਵਾਲ ਇਹ ਨਹੀਂ ਕਿ ਸਮਰਾਲੇ ਨਹੀਂ ਬਣੀ ਹੋਈ ਜਾਂ ਮਾਨਸਾ ਨਹੀਂ ਬਣੀ ਹੋਈ। ਮੇਰਾ ਸਵਾਲ ਇਹ ਹੈ ਕਿ ਜਿਹੜੇ ਮੇਨ ਸੜਕ ਤੇ ਬੱਸ ਸਟਾਪ ਹੁੰਦੇ ਹਨ ਅਤੇ ਉਥੇ ਸਵਾਰੀਆਂ ਵੀ ਬਹੁਤ ਗਿਣਤੀ ਵਿਚ ਆਉਂਦੀਆਂ ਹਨ, ਕੀ ਉਨ੍ਹਾਂ ਥਾਵਾਂ ਤੇ ਪਬਲਿਕ ਲੈਟਰੀਨ ਬਣਾਉਣ ਦੀ ਸਰਕਾਰ ਦੀ ਕੋਈ ਪਰਪੋਜ਼ਲ ਹੈ ?

**ਰਾਜ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਤਜਵੀਜ਼ ਤਾਂ ਅੱਛੀ ਹੈ। ਲੇਕਿਨ ਜਿਥੇ ਸਾਡੇ ਡਿਪੂ ਜਾਂ ਸਬ ਡਿਪੂ ਹੁੰਦੇ ਹਨ ਉਥੇ ਸਾਡਾ ਮਹਿਕਮਾ ਬਣਾਉਂਦਾ ਹੈ ਅਤੇ ਦੂਜੀਆਂ ਥਾਵਾਂ ਤੇ ਯੋਜਨਾ ਬੋਰਡ ਦੀ ਮਨਜ਼ੂਰੀ ਨਾਲ ਤਜਵੀਜ਼ ਕਰਕੇ ਬਣਾਏ ਜਾਂਦੇ ਹਨ।

**ਸ੍ਰੀ ਮਦਨ ਮੋਹਨ ਮਿੱਤਲ :** ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਨੇ ਇਥੇ ਇਹ ਕਿਹਾ ਹੈ ਕਿ ਜਿਥੇ ਉਨ੍ਹਾਂ ਦੇ ਡਿਪੂ ਹਨ ਉਥੇ ਉਹ ਆਪ ਲੈਟਰਿਨ ਬਣਵਾਉਂਦੇ ਹਨ ਅਤੇ ਦੂਜੀਆਂ ਥਾਵਾਂ ਜਿਵੇਂ ਮਿਉਂਸਪਲ ਕਮੇਟੀਆਂ, ਨੋਟੀਫਾਈਡ ਏਰੀਆ ਕਮੇਟੀਆਂ ਅਧੀਨ ਥਾਵਾਂ ਤੇ ਯੋਜਨਾ ਬੋਰਡ ਦੀ ਮਨਜ਼ੂਰੀ ਨਾਲ ਬਣਾਈਆਂ ਜਾਂਦੀਆਂ ਹਨ। ਮੇਰਾ ਸਵਾਲ ਹੈ ਕਿ ਟਰਾਂਸਪੋਰਟ ਦਾ ਸਾਰਾ ਕੰਮ ਟਰਾਂਸਪੋਰਟ ਡਿਪਾਰਟਮੈਂਟ ਦੇ ਰਾਹੀਂ ਹੀ ਹੁੰਦਾ ਹੈ। ਕੀ ਮੁੱਖ ਮੰਤਰੀ ਜੀ ਦੂਸਰੇ ਮਹਿਕਮਿਆਂ ਦੇ ਨਾਲ ਤਾਲ-ਮੇਲ ਕਰਕੇ ਇਹ ਐਸ਼ਿਓਰ ਕਰਾਉਣਗੇ ਕਿ ਉਥੇ ਲੈਵਾਟਰੀਜ਼ ਬਣ ਸਕਣ ?

**ਰਾਜ ਮੰਤਰੀ :** ਕੋ-ਆਪਰੇਸ਼ਨ ਦੇ ਨਾਲ ਜ਼ਰੂਰ ਬਣਾਉਣ ਦੀ ਕੋਸ਼ਿਸ਼ ਕਰਾਂਗੇ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਇਹ ਤਜਵੀਜ਼ ਅੱਛੀ ਹੈ। ਕੀ ਮੰਤਰੀ ਜੀ ਕੋਈ ਟਾਈਮ-ਬਾਊਂਡ ਪਰੋਗਰਾਮ ਬਣਾਉਣਗੇ ਕਿ ਲੋਕਾਂ ਨੂੰ ਇਹ ਫੈਸਿਲਿਟੀ ਮਿਲ ਸਕੇ ?

**ਰਾਜ ਮੰਤਰੀ :** ਡਿਪਟੀ ਸਪੀਕਰ ਸਾਹਿਬ, ਟਾਈਮ-ਬਾਊਂਡ ਤਾਂ ਨਹੀਂ ਕੀਤਾ ਜਾ ਸਕਦਾ। ਪਹਿਲਾਂ ਇਹ ਦੇਖਣਾ ਪਵੇਗਾ ਕਿ ਕਿੱਥੇ ਕਿਥੇ ਪਰਪੋਜ਼ਲ ਹੈ। ਫਿਰ ਯੋਜਨਾ ਬੋਰਡ ਦੇ ਨਾਲ ਤਾਲ-ਮੇਲ ਕਰਕੇ ਇਹ ਬਣਵਾ ਦੇਵਾਂਗੇ ?

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਿਥੇ-ਜਿਥੇ ਬੱਸ ਸਟੈਂਡਾਂ ਤੇ ਸ਼ੌਚਾਲਿਯ ਬਣੇ ਹੋਏ ਹਨ ਉਨ੍ਹਾਂ ਦੀ ਸਫਾਈ ਦਾ ਪ੍ਰਬੰਧ ਕੀ ਟਰਾਂਸਪੋਰਟ ਡਿਪਾਰਟਮੈਂਟ ਕਰਦਾ ਹੈ ਜਾਂ ਕਿ ਪ੍ਰਾਈਵੇਟ ਤੌਰ ਤੇ ਹੁੰਦਾ ਹੈ ਇਕ-ਇਕ ਰੁਪਿਆ ਲੈ ਕੇ।

**ਰਾਜ ਮੰਤਰੀ**: ਇਸ ਦੇ ਬਾਰੇ ਵੱਖਰਾ ਸਵਾਲ ਦੇ ਦੇਣ। ਜਵਾਬ ਦੇ ਦਿੱਤਾ ਜਾਵੇਗਾ।

**Mr. Deputy Speaker** : Questions are over.

---

## UNSTARRED QUESTIONS AND ANSWERS

### ਫਿਰਕੂ ਜਥੇਬੰਦੀਆਂ ਨਾਲ ਸਬੰਧਿਤ ਵਿਅਕਤੀਆਂ ਦੀਆਂ ਗ੍ਰਿਫਤਾਰੀਆਂ

145. **ਸ਼੍ਰੀਮਤੀ ਵਿਮਲਾ ਡਾਂਗ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਆਰ.ਐਸ.ਐਸ., ਵਿਸ਼ਵ ਹਿੰਦੂ ਪਰਿਸ਼ਦ, ਬਜਰੰਗ ਦਲ ਅਤੇ ਜਮਾਤ-ਏ-ਇਸਲਾਮੀ ਹਿੰਦੂ (ਸਾਰੀਆਂ ਜਥੇਬੰਦੀਆਂ ਤੇ ਪਾਬੰਦੀ ਲੱਗੀ ਹੋਈ ਹੈ) ਨਾਲ ਸਬੰਧ ਰੱਖਣ ਵਾਲੇ ਕਿੰਨੇ ਵਿਅਕਤੀ 30 ਅਪਰੈਲ, 1993 ਤੱਕ ਗ੍ਰਿਫਤਾਰ ਕੀਤੇ ਗਏ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਉਨ੍ਹਾਂ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ਜਿਹੜੇ ਅਜੇ ਵੀ ਜੇਲ੍ਹਾਂ ਵਿਚ ਹਨ ?

**ਸਰਦਾਰ ਬੇਅੰਤ ਸਿੰਘ**: (ੳ) ਪ੍ਰਤੀਬੰਧਿਤ ਸੰਸਥਾਵਾਂ ਦੇ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦਾ ਵੇਰਵਾ ਨਿਮਨ ਅਨੁਸਾਰ ਹੈ।

| ਸੰਸਥਾ ਦਾ ਨਾਂ | ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਗਿਣਤੀ | ਰਿਹਾਅ ਕੀਤੇ ਗਏ ਵਿਅਕਤੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| ਆਰ. ਐਸ. ਐਸ. | 33 | 33 | .. |
| ਵਿਸ਼ਵ ਹਿੰਦੂ ਪਰੀਸ਼ਦ | 25 | 25 | ਵਿਸ਼ਵ ਹਿੰਦੂ ਪਰੀਸ਼ਦ ਦਾ ਇਕ ਵਿਅਕਤੀ ਡਾ. ਸ਼ਿਵ ਚਰਨ ਦਾਸ ਪੁੱਤਰ, ਤੁਲਸੀ ਰਾਮ ਸੂਦ ਵਾਸੀ, ਚੌਕ ਕਣਕ ਮੰਡੀ, ਹੁਸ਼ਿਆਰਪੁਰ 4 ਫਰਵਰੀ, 1993 ਨੂੰ ਮਰ ਚੁੱਕਾ ਹੈ ਇਹ ਮਿਤੀ 16 ਦਸੰਬਰ, 1992 ਨੂੰ ਜ਼ਮਾਨਤ ਤੇ ਰਿਹਾਅ ਕੀਤਾ ਗਿਆ ਸੀ। |

(ਅ) ਕਿਸੇ ਵੀ ਪ੍ਰਤੀਬੰਧਿਤ ਸੰਸਥਾ ਦਾ ਵਿਅਕਤੀ ਜੇਲ੍ਹ ਵਿਚ ਨਹੀਂ ਹੈ ਅਤੇ ਸਾਰੇ ਜ਼ਮਾਨਤ ਤੇ ਰਿਹਾਅ ਕੀਤੇ ਜਾ ਚੁੱਕੇ ਹਨ।

---

### ਰਾਜ ਵਿਚ ਰਿਹਾਇਸ਼ੀ ਸਹੂਲਤਾਂ ਵਾਲੇ ਸਕੂਲ

146. **ਸ਼੍ਰੀਮਤੀ ਵਿਮਲਾ ਡਾਂਗ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਲੜਕੇ ਅਤੇ ਲੜਕੀਆਂ ਲਈ ਅਜਿਹੇ ਸਰਕਾਰੀ ਹਾਈ, ਮਿਡਲ ਅਤੇ ਪ੍ਰਾਇਮਰੀ ਸਕੂਲਾਂ ਦੀ ਜ਼ਿਲ੍ਹਾਵਾਰ ਵੱਖ-ਵੱਖ ਗਿਣਤੀ ਕਿੰਨੀ ਹੈ, ਜਿਨ੍ਹਾਂ ਵਿਚ 1 ਮਈ, 1993 ਨੂੰ ਰਿਹਾਇਸ਼ੀ ਸਹੂਲਤਾਂ ਦਿੱਤੀਆਂ ਗਈਆਂ ਸਨ ?

Original with;
Punjab Vidhan Sabha
Digitized by;
Panjab Digital Library

ਸਰਦਾਰ ਲਖਮੀਰ ਸਿੰਘ ਰੰਧਾਵਾ: ਕੋਈ ਨਹੀਂ ਜੀ।

---

ਨਕਾਰਾ ਹੋਏ ਵਿਅਕਤੀਆਂ ਨੂੰ ਸਹਾਇਤਾ ਦੇਣਾ

147. ਸ੍ਰੀਮਤੀ ਵਿਮਲਾ ਡਾਂਗ : ਕੀ ਸਹਾਇਤਾ ਅਤੇ ਮੁੜ ਵਸੇਬਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੱਤਵਾਦੀਆਂ ਦੇ ਹਮਲਿਆਂ ਕਾਰਣ ਸਥਾਈ ਤੌਰ ਤੇ 100 ਪ੍ਰਤੀਸ਼ਤ ਨਾਲੋਂ ਘੱਟ ਨਕਾਰਾ ਹੋਏ ਵਿਅੱਕਤੀਆਂ ਨੂੰ ਵਿੱਤੀ ਸਹਾਇਤਾ ਦੇਣ ਲਈ ਇਸ ਸਮੇਂ ਸਰਕਾਰ ਪਾਸ ਫੈਸਲੇ ਲਈ ਕੋਈ ਕੇਸ ਪੈਂਡਿੰਗ ਪਏ ਹਨ; ਜੇਕਰ ਅਜਿਹਾ ਹੈ, ਤਾਂ ਇਨ੍ਹਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ?

ਸ੍ਰੀ ਹਰਨਾਮ ਦਾਸ ਜੌਹਰ : ਹਾਂ ਜੀ। 927 ਵਿਅਕਤੀ ਜੋ ਮਿਤੀ 1 ਅਗਸਤ, 1982 ਤੋਂ 31 ਦਸੰਬਰ, 1990 ਤੱਕ ਦੇ ਸਮੇਂ ਦੌਰਾਨ ਅੱਤਵਾਦੀਆਂ ਦੀਆਂ ਹਿੰਸਕ ਕਾਰਵਾਈਆਂ ਕਾਰਨ ਸਥਾਈ ਤੌਰ ਤੇ 100 ਪ੍ਰਤੀਸ਼ਤ ਤੋਂ ਘੱਟ ਨਕਾਰਾ ਹੋਏ ਸਨ, ਦੇ ਕੇਸ ਵਿਚਾਰ/ਪੜਤਾਲ ਅਧੀਨ ਹਨ। ਪੰਜਾਬ ਰਾਜ ਵਿਚ ਜਿਹੜੇ ਵਿਅਕਤੀ ਇਸ ਸਮੇਂ ਦੌਰਾਨ ਅੱਤਵਾਦੀਆਂ ਦੀਆਂ ਹਿੰਸਕ ਕਾਰਵਾਈਆਂ ਕਾਰਨ ਸਥਾਈ ਤੌਰ ਤੇ 100 ਪ੍ਰਤੀਸ਼ਤ ਨਾਲੋਂ ਘੱਟ ਨਕਾਰਾ ਹੋਏ ਹਨ, ਉਨ੍ਹਾਂ ਦੀ ਜ਼ਿਲ੍ਹਾਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਜ਼ਿਲ੍ਹਾ | | ਗਿਣਤੀ |
|---|---|---|---|
| 1 | ਅੰਮ੍ਰਿਤਸਰ | ... | 483 |
| 2 | ਬਠਿੰਡਾ | ... | 81 |
| 3 | ਫਰੀਦਕੋਟ | ... | 108 |
| 4 | ਫਿਰੋਜ਼ਪੁਰ | ... | 8 |
| 5 | ਗੁਰਦਾਸਪੁਰ | ... | 9 |
| 6 | ਜਲੰਧਰ | ... | 136 |
| 7 | ਕਪੂਰਥਲਾ | ... | 102 |
| | ਕੁੱਲ | ... | 927 |

ਰਾਜ ਵਿਚ ਰੋਜ਼ਗਾਰ ਕੇਂਦਰਾਂ ਦੀ ਗਿਣਤੀ

148. 1. ਸ੍ਰੀਮਤੀ ਵਿਮਲਾ ਡਾਂਗ
2. ਕਾਮਰੇਡ ਹਰਦੇਵ ਸਿੰਘ ਅਰਸ਼ੀ } : ਕੀ ਕਿਰਤ ਅਤੇ ਰੋਜ਼ਗਾਰ ਦੇ

ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸ਼ਹਿਰੀ ਅਤੇ ਦਿਹਾਤੀ ਰੋਜ਼ਗਾਰ ਕੇਂਦਰਾਂ ਦੀ ਜ਼ਿਲ੍ਹਾਵਾਰ 1 ਅਪਰੈਲ, 1992 ਅਤੇ 1 ਅਪਰੈਲ, 1993 ਨੂੰ ਵੱਖ-ਵੱਖ ਗਿਣਤੀ ਕਿੰਨੀ ਕਿੰਨੀ ਸੀ ?

ਸਰਦਾਰ ਜੋਗਿੰਦਰ ਸਿੰਘ ਮਾਨ : ਰਾਜ ਵਿੱਚ 1 ਅਪਰੈਲ, 1992 ਅਤੇ 1 ਅਪਰੈਲ, 1993 ਨੂੰ ਪੇਂਡੂ ਅਤੇ ਸ਼ਹਿਰੀ ਰੋਜ਼ਗਾਰ ਦਫਤਰਾਂ ਦੀ ਜ਼ਿਲ੍ਹਾਵਾਰ ਗਿਣਤੀ ਹੇਠ ਅਨੁਸਾਰ ਹੈ :

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਜ਼ਿਲ੍ਹਾ | | ਰੋਜ਼ਗਾਰ ਦਫਤਰਾਂ ਦੀ ਗਿਣਤੀ 1-4-1992 | | | ਰੋਜ਼ਗਾਰ ਦਫਤਰਾਂ ਦੀ ਗਿਣਤੀ 1-4-1993 | | |
|---|---|---|---|---|---|---|---|---|
| | | | ਸ਼ਹਿਰੀ | ਪੇਂਡੂ | ਕੁੱਲ | ਸ਼ਹਿਰੀ | ਪੇਂਡੂ | ਕੁੱਲ |
| 1 | ਅੰਮ੍ਰਿਤਸਰ | ... | 4 | ... | 4 | 4 | ... | 4 |
| 2 | ਗੁਰਦਾਸਪੁਰ | ... | 3 | ... | 3 | 3 | ... | 3 |
| 3 | ਜਲੰਧਰ | ... | 4 | ... | 4 | 4 | ... | 4 |
| 4 | ਕਪੂਰਥਲਾ | ... | 3 | ... | 3 | 3 | ... | 3 |
| 5 | ਹੁਸ਼ਿਆਰਪੁਰ | ... | 2 | ... | 2 | 2 | ... | 2 |
| 6 | ਲੁਧਿਆਣਾ | ... | 4 | ... | 4 | 4 | ... | 4 |
| 7 | ਫਿਰੋਜ਼ਪੁਰ | ... | 4 | .. | 4 | 4 | ... | 4 |
| 8 | ਪਟਿਆਲਾ | ... | 5 | ... | 5 | 4 | ... | 4 |
| 9 | ਰੋਪੜ | ... | 3 | ... | 3 | 3 | ... | 3 |
| 10 | ਸੰਗਰੂਰ | .. | 4 | ... | 4 | 4 | ... | 4 |
| 11 | ਬਠਿੰਡਾ | .. | 4 | ... | 4 | 3 | ... | 3 |
| 12 | ਫਰੀਦਕੋਟ | ... | 3 | ... | 3 | 3 | ... | 3 |
| 13 | ਮਾਨਸਾ | ... | ਮਿਤੀ 13 ਅਪਰੈਲ, 1992 ਤੋਂ ਨਵੇਂ ਜ਼ਿਲ੍ਹੇ ਬਣੇ | | | 1 | ... | 1 |
| 14 | ਫਤਿਹਗੜ੍ਹ ਸਾਹਿਬ | | | | | 1 | ... | 1 |
| | ਕੁੱਲ | ... | 43 | .. | 43 | 43 | ... | 43 |

ਨੋਟ: 1. ਉਪਰੋਕਤ ਤੋਂ ਇਲਾਵਾ ਲੁਧਿਆਣਾ ਵਿਖੇ ਅੰਗਹੀਣਾਂ ਲਈ ਸਪੈਸ਼ਲ ਰੋਜ਼ਗਾਰ ਦਫਤਰ ਵੀ ਖੋਲ੍ਹਿਆ ਗਿਆ ਹੈ।

2. ਉਪਰੋਕਤ ਰੋਜ਼ਗਾਰ ਦਫਤਰ ਜ਼ਿਲ੍ਹਾ ਅਤੇ ਤਹਿਸੀਲ ਸਦਰ ਮੁਕਾਮਾਂ ਤੇ ਸਥਿਤ ਹਨ ਅਤੇ ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਪੇਂਡੂ ਅਤੇ ਸ਼ਹਿਰੀ ਬੇ-ਰੁਜ਼ਗਾਰਾਂ ਨੂੰ ਰੋਜ਼ਗਾਰ ਸਹਾਇਤਾ ਪ੍ਰਦਾਨ ਕਰਦੇ ਹਨ।

## "ਸੁੰਦਰ ਗਰਾਮ" ਸਕੀਮ ਅਧੀਨ ਲਿਆਂਦੇ ਗਏ ਪਿੰਡ

151. **ਕਾਮਰੇਡ ਹਰਦੇਵ ਸਿੰਘ ਅਰਸ਼ੀ:** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਉਨ੍ਹਾਂ ਪਿੰਡਾਂ ਦੇ ਬਲਾਕਵਾਰ ਨਾਂ ਕੀ ਕੀ ਹਨ ਜਿਨ੍ਹਾਂ ਨੂੰ "ਸੁੰਦਰ ਗਰਾਮ" ਸਕੀਮ ਅਧੀਨ ਲਿਆਂਦਾ ਗਿਆ ਹੈ?

**ਸਰਦਾਰ ਉਮਰਾਓ ਸਿੰਘ:** "ਸੁੰਦਰ ਗਰਾਮ" ਸਕੀਮ ਹੁਣ "ਉੱਨਤ ਗਰਾਮ" ਸਕੀਮ ਅਧੀਨ ਹੁਣ ਤੱਕ ਲਿਆਂਦੇ ਗਏ ਜ਼ਿਲ੍ਹਾ ਅੰਮ੍ਰਿਤਸਰ ਅਤੇ ਮਾਨਸਾ ਦੇ ਪਿੰਡਾਂ ਦੇ ਬਲਾਕਵਾਰ ਨਾਵਾਂ ਦੀ ਸੂਚੀ* ਹੁਣ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

*Placed in the Library.

Original with;
Punjab Vidhan Sabha
Digitized by;
Panjab Digital Library

*

**Unstarred Question No. 154**

(Extension has been asked for in respect Unstarred Question No. 154)

ਅ.ਮ.ਪ.ਨੰ: 5/56/93-3ਸਿ. 6

ਲਖਮੀਰ ਸਿੰਘ ਰੰਧਾਵਾ

ਮੰਤਰੀ,
ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ।
ਮਿਤੀ 19 ਜੁਲਾਈ, 1993.

**ਵਿਸ਼ਾ :** ਬਿਨਾ ਨਿਸ਼ਾਨ ਪ੍ਰਸ਼ਨ ਨੰਬਰ 154 ਵਲੋਂ ਸ੍ਰੀ ਤਰਿਪਤ ਰਾਜਿੰਦਰ ਸਿੰਘ ਬਾਜਵਾ ਬਾਬਤ ਅਨ ਸੇਫ ਇਮਾਰਤਾਂ ਨੂੰ ਲਾਉਣ ਬਾਰੇ।

ਪਿਆਰੇ ਡੋਗਰਾ ਸਾਹਿਬ,

ਅਨਸਟਾਰਡ ਪ੍ਰਸ਼ਨ ਨੰਬਰ 154, ਮਿਤੀ 21-7-1993 ਨੂੰ ਉਤਰ ਦੇਣ ਹਿੱਤ ਵਿਧਾਨ ਸਭਾ ਵਿੱਚ ਲੱਗਾ ਹੋਇਆ ਹੈ। ਇਸ ਵਿੱਚ ਦਿੱਤੀ ਜਾਣ ਵਾਲੀ ਸੂਚਨਾ ਫੀਲਡ ਵਿਚੋਂ ਇਕੱਤਰ ਕਰਨੀ ਹੈ ਜੋ ਕਿ ਸਮੁੱਚੇ ਰਾਜ ਨਾਲ ਸਬੰਧਤ ਹੈ। ਇਸ ਨੂੰ ਇੱਕਤਰ ਕਰਨ ਵਿੱਚ ਕਾਫੀ ਸਮਾ ਲੱਗਣ ਦੀ ਸੰਭਾਂਵਨਾ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਨਸਟਾਰਡ ਪ੍ਰਸ਼ਨ ਦਾ ਉੱਤਰ ਦੇਣ ਲਈ 15 ਦਿਨਾਂ ਦਾ ਹੋਰ ਵਾਧਾ ਦੇਣ ਦੀ ਕਿਰਪਾਲਤਾ ਕੀਤੀ ਜਾਵੇਗੀ।

ਸਤਿਕਾਰ ਸਹਿਤ, ਹਿਤੂ.

ਸਹੀ/- . . .
(ਲਖਮੀਰ ਸਿੰਘ ਰੰਧਾਵਾ)

ਸ੍ਰੀ ਰਮੇਸ਼ ਚੰਦਰ ਡੋਗਰਾ,
ਉਪ ਸਪੀਕਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ।

---

**ਬਣਾਉਟੀ ਖਾਦਾਂ ਦੀ ਵਿਕਰੀ ਚੈਕ ਕਰਨ ਸਬੰਧੀ ਨੀਤੀ**

155. **ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ :** ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਖੇਤੀਬਾੜੀ ਵਿਭਾਗ ਦੇ ਫੀਲਡ ਸਟਾਫ ਨੇ ਪਿਛਲੇ 3 ਸਾਲਾਂ ਦੇ ਦੌਰਾਨ ਕਿਸਾਨ ਵਰਗ ਨੂੰ ਖਾਦਾਂ ਵੇਚਣ ਵਾਲੀਆਂ ਦੁਕਾਨਾਂ ਦਾ ਨਿਰੀਖਣ ਕਰਕੇ ਕੁਝ ਦੁਕਾਨਾਂ ਨੂੰ ਨਕਲੀ ਜਾਂ ਘਟੀਆ ਦਰਜੇ ਦੀਆਂ ਖਾਦਾਂ ਵੇਚਦੇ ਹੋਏ ਪਾਇਆ। ਜੇਕਰ ਅਜਿਹਾ ਹੈ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ;

(ਅ) ਕੀ ਕਿਸਾਨਾਂ ਨੂੰ ਵੇਚੀਆਂ ਜਾ ਰਹੀਆਂ ਖਾਦਾਂ ਨੂੰ ਚੈੱਕ ਕਰਨ ਸਬੰਧੀ ਸਰਕਾਰ ਨੇ ਕੋਈ ਨੀਤੀ ਬਣਾਈ ਹੈ; ਜੇਕਰ ਅਜਿਹਾ ਹੋਵੇ ਤਾਂ ਕੇਵਲ ਚੰਗੇ ਮਿਆਰ ਦੀਆਂ ਖਾਦਾਂ ਦੀ ਸਪਲਾਈ ਯਕੀਨੀ ਬਣਾਉਣ ਲਈ ਕੀ ਉਪਾਅ ਅਖਤਿਆਰ ਕੀਤੇ ਜਾ ਰਹੇ ਹਨ ?

**ਸਰਦਾਰ ਦਿਲਬਾਗ ਸਿੰਘ ਨਵਾਂਸ਼ਹਿਰ :** (ੳ) ਹਾਂ ਜੀ।

ਪਿਛਲੇ ਤਿੰਨ ਸਾਲਾਂ ਦੌਰਾਨ ਵਿਸ਼ਲੇਸ਼ਣ ਕੀਤੇ ਸੈਂਪਲਾਂ ਅਤੇ ਨਕਲੀ ਜਾਂ ਸਬ-ਸਟੈਂਡਰਡ ਪਾਏ ਗਏ ਸੈਂਪਲਾਂ ਦਾ ਵੇਰਵਾ ਹੇਠ ਅਨੁਸਾਰ ਹੈ :—

| ਲੜੀ ਨੰ : | ਸਾਲ | | ਵਿਸ਼ਲੇਸ਼ਣ ਕੀਤੇ ਸੈਂਪਲਾਂ ਦੀ ਗਿਣਤੀ | ਨਕਲੀ ਪਾਏ ਗਏ ਸੈਂਪਲਾਂ ਦੀ ਗਿਣਤੀ | ਸਬ-ਸਟੈਂਡਰਡ ਪਾਏ ਗਏ ਸੈਂਪਲਾਂ ਦੀ ਗਿਣਤੀ |
|---|---|---|---|---|---|
| 1 | 1990-91 | ... | 2,082 | 8 | 120 |
| 2 | 1991-92 | ... | 2,034 | 9 | 47 |
| 3 | 1992-93 | ... | 2,067 | 9 | 88 |

* Reply to this question received after the printing of this Debate and placed in the Library.

Original with;
Punjab Vidhan Sabha
Digitized by;
Panjab Digital Library

(ਅ) ਹਾਂ ਜੀ।

ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਵਧੀਆ ਕੁਆਲਿਟੀ ਦੀ ਖਾਦ ਦੀ ਸਪਲਾਈ ਯਕੀਨੀ ਬਣਾਉਣ ਲਈ ਹੇਠ ਲਿਖੇ ਉਪਾਅ ਕੀਤੇ ਹਨ :--

1. ਫੀਲਡ ਸਟਾਫ ਵੱਲੋਂ ਖਾਦ ਵੇਚਣ ਵਾਲੇ ਡੀਲਰਾਂ ਦੀ ਸਮੇਂ-ਸਮੇਂ ਤੇ ਪੜਤਾਲ/ਨਿਗਰਾਨੀ ਕੀਤੀ ਜਾਂਦੀ ਹੈ ।
2. ਉਨ੍ਹਾਂ ਖਾਦਾਂ ਵਿੱਚੋਂ ਵੱਧ ਤੋਂ ਵੱਧ ਸੈਂਪਲ ਲਏ ਜਾਂਦੇ ਹਨ, ਜਿਨ੍ਹਾਂ ਵਿਚ ਮਿਲਾਵਟ ਕਰਨ ਦੀ ਜ਼ਿਆਦਾ ਸੰਭਾਵਨਾ ਹੈ, ਜਿਵੇਂ ਕਿ ਡੀ. ਏ. ਪੀ., ਸੁਪਰਫਾਸਫੇਟ, ਕੰਪਲੈਕਸ ਫਰਟੀਲਾਈਜ਼ਰ (ਐਨ. ਪੀ. ਕੇ. 12:32:16, 12:25:6, ਐਨ. ਪੀ. 23:23, 20:20) ਜਿੰਕ ਸਲਫੇਟ ਅਤੇ ਫਾਰਸ ਸਲਫੇਟ ਆਦਿ।
3. ਹਾੜ੍ਹੀ ਅਤੇ ਸਾਉਣੀ ਦੌਰਾਨ ਜਦੋਂ ਵੱਧ ਵਿਕਰੀ ਦਾ ਭਰਵਾ ਸਮਾਂ ਹੁੰਦਾ ਹੈ ਤਾਂ ਖਾਸ ਮੁਹਿੰਮ ਚਲਾਏ ਜਾਂਦੇ ਹਨ, ਜਿਸ ਦੌਰਾਨ ਵੱਧ ਤੋਂ ਵੱਧ ਸੈਂਪਲ ਲਏ ਜਾਂਦੇ ਹਨ।
4. ਮੁੱਖ ਦਫਤਰ ਅਤੇ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਦੇ ਫਲਾਇੰਗ ਸੁਕੈਡ ਵੀ ਬਣਾਏ ਜਾਂਦੇ ਹਨ, ਜੋ ਖਾਦਾਂ ਸਬੰਧੀ ਕਿਸਾਨਾਂ ਦੀਆਂ ਸ਼ਿਕਾਇਤਾਂ ਅਤੇ ਸੈਂਪਲ ਲੈਣ ਬਾਰੇ ਤੁਰੰਤ ਕਾਰਵਾਈ ਕਰਦੇ ਹਨ ।
5. ਦੋਸ਼ੀ ਦੇ ਵਿਰੁੱਧ ਸਖਤ ਕਾਰਵਾਈ ਕੀਤੀ ਜਾਂਦੀ ਹੈ।

---

**ਕੈਟ ਸਕੈਨਿੰਗ ਮਸ਼ੀਨਾਂ ਦੀ ਖਰੀਦ :**

156. **ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਸਾਲ 1992-93 ਦੇ ਦੌਰਾਨ ਸਰਕਾਰ ਦੁਆਰਾ ਕੁੱਲ ਕਿੰਨੀਆਂ ਕੈਟ ਸਕੈਨਿੰਗ ਮਸ਼ੀਨਾਂ ਖਰੀਦੀਆਂ ਗਈਆਂ ਅਤੇ ਇਹ ਮਸ਼ੀਨਾਂ ਕਿਸ ਕਿਸ ਤਰੀਕੇ ਨੂੰ ਖਰੀਦੀਆਂ ਗਈਆਂ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮਸ਼ੀਨਾਂ ਕੁਲ ਕਿੰਨੀ ਕੀਮਤ ਦੀਆਂ ਸਨ ਅਤੇ ਉਸ ਕੰਪਨੀ ਦਾ ਨਾਂ ਕੀ ਹੈ ਜਿਸ ਤੋਂ ਉਹ ਮਸ਼ੀਨਾਂ ਖਰੀਦੀਆਂ ਗਈਆਂ ਅਤੇ ਇਹ ਮਸ਼ੀਨਾਂ ਕਿਸ-ਕਿਸ ਹਸਪਤਾਲ ਵਿਚ ਲਗਾਈਆਂ ਗਈਆਂ ਹਨ ;

(ੲ) ਕੀ ਉਕਤ ਮਸ਼ੀਨਾਂ ਨੂੰ ਵਰਤੋਂ ਵਿਚ ਲਿਆਂਦਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਮਰੀਜ਼ਾਂ ਦੀ ਹਸਪਤਾਲ ਵਾਰ ਗਿਣਤੀ ਕਿੰਨੀ-ਕਿੰਨੀ ਹੈ ਜਿਨ੍ਹਾਂ ਦੀ ਹੁਣ ਤੱਕ ਕੈਟ ਸਕੈਨਿੰਗ ਕੀਤੀ ਗਈ ਹੈ ?

**ਸਰਦਾਰ ਹਰਚਰਨ ਸਿੰਘ ਬਰਾੜ :** (ੳ) ਸਾਲ 1992-93 ਦੌਰਾਨ ਸਰਕਾਰ ਵਲੋਂ ਕੋਈ ਵੀ ਕੈਟ ਸਕੈਨ ਦੀ ਮਸ਼ੀਨ ਨਹੀਂ ਖਰੀਦੀ ਗਈ।

(ਅ) ਪ੍ਰਸ਼ਨ ਪੈਦਾ ਨਹੀਂ ਹੁੰਦਾ।

(ੲ) ਪ੍ਰਸ਼ਨ ਪੈਦਾ ਨਹੀਂ ਹੁੰਦਾ।

---

**ਜ਼ਿਲ੍ਹਾ ਯੋਜਨਾ ਬੋਰਡ ਮਾਨਸਾ ਦੇ ਬੰਧਨ ਮੁਕਤ ਫੰਡਾਂ ਵਿਚੋਂ ਖਰਚਾ**

159. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਸਕੀਮਾਂ ਦਾ ਵੇਰਵਾ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਤੇ ਵਿੱਤੀ ਸਾਲ 1992-93 ਦੇ ਦੌਰਾਨ ਜ਼ਿਲ੍ਹਾ ਯੋਜਨਾ ਬੋਰਡ, ਮਾਨਸਾ ਦੁਆਰਾ ਬੰਧਨ-ਮੁਕਤ ਫੰਡਾਂ ਵਿਚੋਂ ਖਰਚਾ ਕੀਤਾ ਗਿਆ ਅਤੇ ਉਕਤ ਹਰ ਇਕ ਸਕੀਮ ਤੇ ਕਿੰਨੀ-ਕਿੰਨੀ ਰਕਮ ਖਰਚ ਕੀਤੀ ਗਈ ?

**Doctor Kewal Krishan** : Detailed information is given in the enclosed statement which is laid on the Table of the House.

Original with;
Punjab Vidhan Sabha
Digitized by;
Panjab Digital Library

[Finance Minister]

STATEMENT

**Total Amount Released/Spent by DP and DB Mansa under untied Funds during the year, 1992-93**

| Serial No. | Name of the Scheme/Work | Released amount (Rs. in lakhs) | | | Date of DPDB meeting | Announcement, if any | Expenditure |
|---|---|---|---|---|---|---|---|
| | | Rural | Urban | Total | | | |
| 1 | 2 | 3 | 4 | 5 | 6 | 7 | 8 |
| 1. | Additional/Alteration including Internal Sanitary in Tehsil Complex, Mansa | .. | 1·078 | 1·078 | 27-6-92 | .. | 1·078 |
| 2. | Additional Alteration, Raising of B/Wall Construction of Security room, construction of check post provided flood light in D.C. office (Camp Office) P.W.D., Rest House, Mansa | .. | 6·742 | 6·742 | 27-6-92 | .. | 6·742 |
| 3. | Construction of Record Room in D.C. Office | .. | 1·350 | 1·350 | 27-6-92 | .. | 1·350 |
| | Total .. | .. | 9·170 | 9·170 | | .. | 9·170 |
| 1. | Construction of Building for the Establishment of Computer Centre in D.C. Office | .. | 2·77 | 2·77 | 31-7-92 | .. | 2·77 |
| 2. | Raising/B/wall from 6' to 8' and providing Barbed wire fancing Height at top of the Rest House | .. | 0·98 | 0·98 | 31-7-92 | .. | 0·98 |
| 3. | Purchase of Two photo Stat (one for D.C. Office and one for DPDB Office one Duplicator, Two Typewriter for the office DPDB | .. | 2·74 | 2·74 | 31-7-92 | .. | 2·74 |
| | Total .. | .. | 6·49 | 6·49 | .. | .. | 6·49 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| 1. | To provide the facility of Water and Sewerage at P.W.D. Rest House, Mansa | .. | 0·63 | 0·63 | 29-9-92 | .. | 0·63 |
| 2. | Renovation of S.C. Dharamshala at Village Mian, Teh. Ghuman | 0·10 | .. | 0·10 | Do | S. Kirpal Singh Mak[illegible] MLA | 0·10 |
| 3. | Construction of SDO (C) Office, DSP Office and Judicial Complex at Budlada | .. | 5·00 | 5·00 | Do | .. | 5·00 |
| | | 0·10 | 5·63 | 5·73 | | 0·10 | 5·73 |
| 1. | Construction of Meeting Hall .. | .. | 3·24 | 3·24 | 27-10-92 | 3·24 | 3·24 |
| 2. | Construction of Garriage Check Post for security Guard and Protection wall at the Residence of SDM, Budlada | .. | 2·00 | 2·00 | 27-10-92 | .. | 2·00 |
| | | .. | 5·24 | 5·24 | | 3·24 | 5·24 |
| 1. | Construction of Bridge Over Sandoha, Branch at Village Kotli, RD No. 6290 | 0·95 | .. | 0·95 | 16-11-92 | .. | 0·95 |
| 2. | Construction of Stadium at Mansa .. | .. | 5·00 | 5·00 | Do | | 5·00 |
| | | 0·95 | 5·00 | 5·95 | | .. | 5·95 |
| 1. | Construction of Shamshan Ghat of SC Harigarh Basti at Village Budlada | 0·30 | .. | 0·30 | 16-11-92 | .. | 0·30 |
| 2. | Construction of Bridge over Sirhind Choe of Gurne Kalan-Phaphre Bhaike | 10·00 | .. | 10·00 | Do | Hon'ble Minister Shri Surinder Kapoor, Chairman, DPDB, Mansa | 10·00 |
| 3. | Construction of Sirsa Tikoni to Bus stand, Mansa | .. | 1·83 | 1·83 | Do | .. | 1·83 |

Original with;
Punjab Vidhan Sabha
Digitized by;
Panjab Digital Library

[Finance Minister]

| 1 | 2 | 3 | 4 | 5 | 6 | 7 | 8 |
|---|---|---|---|---|---|---|---|
| 4. | Construction of Security Guard at ADC's Residence | .. | 0·28 | 0·28 | 16-11-92 | .. | 0·28 |
| 5. | Construction of Protection wall of CHC at V. Dhapti | 0·90 | .. | 0·90 | Do | .. | 0·90 |
| | Total .. | 11·20 | 2·11 | 13·31 | | | 13·31 |
| 1. | Completion and furnishing of Zila Prishad Meeting Hall | — | 4.14 | 4.14 | 15-2-93 | .. | 4.14 |
| 2. | Construction of L/R from Dhalewan to Moharsingh-wala | 4·63 | .. | 4·63 | Do | .. | 4·63 |
| | Total .. | 4·63 | 4·14 | 8·77 | | | 8·77 |
| 1. | Internal Sanitary fitting of Civil Hospital, Mansa | .. | 1·00 | 1·00 | 8-3-93 | | 1·00 |
| 2. | Internal Sanitary Fitting of ITI, Budlada .. | .. | 1·37 | 1·37 | Do | Shri Surinder Kapoor, Hon'ble Minister and Chairman, DPDB, Mansa | 1·37 |
| | | .. | 2·37 | 2·37 | | | 2·37 |
| 1. | Construction of road from Gandhi, Sec. Schools to Chakerian Road, Mansa | .. | 0·21 | 0·21 | 14-12-92 | .. | 0·21 |
| 2. | Construction of remaining part of Jawaharke Bye-Pass Road, Mansa | .. | 6·93 | 6·93 | | | 6·93 |
| | | .. | 7·14 | 7·14 | | | 7·14 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| 1. | Construction of S.C. Dharamshalla of village Herian | 0·30 | .. | 0·30 | 8/3/1993 | Hon'ble Minister Shri Surinder Kapoor Chairman DTDE, Mansa | 0·30 |
| 2. | Construction of Do Attala Kalan | 0·30 | .. | 0·30 | .. | Do | 0·30 |
| 3. | Do Khokhar Kalan | 0·30 | .. | 0·30 | Do | Do | 0·30 |
| 4. | Do Phus Mandi | 0·30 | .. | 0·30 | Do | Do | 0·30 |
| 5. | Do Fatta Maloka | 0·30 | .. | 0·30 | Do | Do | 0·30 |
| 6. | Do Sardulewala | 0·30 | .. | 0·30 | Do | Do | 0·30 |
| 7. | Do Sangha | 0·30 | .. | 0·30 | Do | Do | 0·30 |
| 8. | Repair of —Do— Sardulewala | 0·10 | .. | 0·10 | Do | Do | .. (Dharmshala |
| 9. | Do Sangha | 0·10 | .. | 0·10 | Do | Do | .. Committee has not |
| 10. | Do Bareha | 0·10 | .. | 0·10 | Do | Do | .. agreed so far) |
| 11. | Do Kulana | 0·10 | .. | 0·10 | Do | Do | .. |
| 12. | Do Chanak | 0·10 | .. | 0·10 | Do | Do | .. |
| 13. | Do Satike | 0·10 | .. | 0·10 | Do | Do | .. |
| 14. | Repair of six Dharamshalas at Bhikhi | 0·30 | .. | 0·30 | Do | Do | 0·30 |
| 15. | Repair of Urinal of High school at village Khiva Shehzadsingh wala | 0·40 | .. | 0·40 | Do | Do | 0·40 |
| 16. | Renovation of Primary school Khudal Kalan | 0·50 | .. | 0·50 | Do | Do | 0·50 |
| 17. | Construction of Panchayat Ghar at Jaurkiaon | 0·25 | .. | 0·25 | Do | Do | 0·25 |
| | | 4·15 | .. | 4·15 | | | 3·55 |

Original with;
Punjab Vidhan Sabha
Digitized by;
Panjab Digital Library

[Finance Minister]

| 1 | 2 | 3 | 4 | 5 | 6 | 7 | 8 |
|---|---|---|---|---|---|---|---|
| 1. | Construction of Dharamshala of Village Nangal Kalan | 0·25 | .. | 0·25 | 8-3-93 | Deputy Commissioner, Mansa | 0·25 |
| 2. | For Science Lab/Block at Joga (Boys) .. | 0·20 | .. | 0·20 | Do | Do | 0·20 |
| 3. | For Library of Village Joga .. | 0·15 | .. | 0·15 | Do | Do | 0·15 |
| 4. | Construction of Varandha at Sr. Secondary School, Boha .. | 1·40 | .. | 1·40 | Do | Do | 1·40 |
| 5. | Construction of Primary School at Akla Kalan .. | 1·00 | .. | 1·00 | Do | Do | 1·00 |
| 6. | Completion of Civil Dispensary Jawaharke .. | 0·50 | .. | 0·50 | Do | Do | 0·50 |
| 7. | For Sakanja of Vety. dispensary Jawaharke .. | 0·10 | .. | 0·10 | Do | Do | 0·10 |
| 8. | Construction of Stadium of Phaphre Bhaike .. | 1·00 | .. | 1·00 | Do | Do | 1·00 |
| | | 4·60 | .. | 4·60 | | | 4·60 |
| 1. | Const. of SC Dharamshala of Chakerian .. | 0·30 | .. | 0·30 | Do | Hon'ble Minister S. Harbans Singh Sidhu | 0·30 |
| 2. | Repair of S.C. Dharamshala of Village Kishangarh Pharwahi | 0·10 | .. | 0·10 | Do | Do | 0·10 |
| 3. | —Do— Bir Khurd .. | 0·10 | .. | 0·10 | Do | Do | 0·10 |
| 4. | Construction of Vet. Dispensary at Village Chakerian | 1·12 | .. | 1·12 | Do | Do | 1·12 |
| | | 1·62 | .. | 1·62 | | | 1·62 |
| 1. | Construction of Retaining wall at V. Gharangna | 1·00 | .. | 1·00 | Do | Hon'ble Chief Minister S. Beant Singh | 1·00 |
| | Total .. | 1·00 | .. | 1·00 | | | 1·00 |
| 1. | Construction of S.C. Dharamshala of Village Kahangarh | 0·30 | .. | 0·30 | 8-3-93 | Shri Hardev Singh Arshi MLA | Dharamshala Committee has not approved so far |
| 2. | Do Bareta .. | 0·30 | .. | 0·30 | Do | Do | |
| 3. | Do Ralli .. | 0·30 | .. | 0·30 | Do | Do | 0·30 |

Original with;
Punjab Vidhan Sabha
Digitized by;
Panjab Digital Library

| | | | | | | | | |
|---|---|---|---|---|---|---|---|---|
| 4. | Do | Akanwali .. | 0·30 | .. | 0·30 | Do | Do | 0·30 |
| 5. | Do | Saspali .. | 0·30 | .. | 0·30 | Do | Do | 0·30 |
| 6. | Do | Talwara .. | 0·30 | .. | 0·30 | Do | Do | 0·30 |
| 7. | Do | Repair of SC Dharamshala V. Kahangarh | 0·20 | .. | 0·20 | Do | Do | 0·20 |
| 8. | Do | Datewas (R) .. | 0·15 | .. | 0·15 | Do | Do | 0·15 |
| 9. | Do | Datewas (M) .. | 0·10 | .. | 0·10 | Do | Do | — |
| 10. | Do | Ahemdadpur .. | 0·10 | .. | 0·10 | Do | Do | Dharamsnala Committee has not approved so far |
| 11. | Do | Ahmedpur (R) .. | 0·10 | .. | 0·10 | Do | Do | |
| 12. | Do | Ralli (M) .. | 0·10 | .. | 0·10 | Do | Do | — |
| 13. | Do | Lakhmiiwala .. | 0·20 | .. | 0·20 | Do | Do | — |
| 14. | Do | Alampur Mandran .. | 0·20 | .. | 0·20 | Do | Do | 0·20 |
| 15. | Do | Dialpura .. | 0·10 | .. | 0·10 | Do | Do | 0·20 |
| 16. | Do | Gamiwala (R) .. | 0·15 | .. | 0·15 | Do | Do | 0·10 |
| 17. | Do | Sherkhanwala .. | 0·15 | .. | 0·15 | Do | Do | 0·15 |
| 18. | Construction of B/Wall of High School, Bachhuana | | 0·50 | .. | 0·50 | Do | Do | 0·50 |
| 19. | Construction of B/Wall of Dispensary, Datewal | | 0·30 | .. | 0·30 | Do | Do | 0·30 |
| 20. | Construction of Retaining wall of Village Akanwali | | 1·00 | .. | 1·00 | Do | Do | 1·00 |
| 21. | Construction of B/Wall of Shamshan Ghat of Village Ralli | | 0·20 | .. | 0·20 | Do | Do | 0·20 |
| 22. | Constn. of Missing Link of Shamshan Ghar of Village Boha | | 0·80 | .. | 0·80 | 8-3-93 | Do | 0·80 |
| 23. | Constn. of Shed at Bus Stand, Ralli .. | | 0·29 | .. | 0·29 | Do | Do | 0·29 |
| | | | 6·44 | .. | 6·44 | | | 5·44 |

Original with;
Punjab Vidhan Sabha
Digitized by;
Panjab Digital Library

[Finance Minister]

| 1 | 2 | 3 | 4 | 5 | 6 | 7 | 8 |
|---|---|---|---|---|---|---|---|
| 1. | Constn. of S.C. Dharamshala at Sardulgarh (R) | 0·30 | .. | 0·30 | Do | S. Kirpal Singh, Makha, M.L.A. | 0·30 |
| 2. | Do Sardulgarh (M) .. | 0·30 | .. | 0·30 | Do | Do | 0·30 |
| 3. | Repair of SC Dharmshala Mirpur Khurd .. | 0·10 | .. | 0·10 | Do | Do | Dharamshala Committee has not approved so far |
| 4, | Do Mirpur Kalan .. | 0·10 | .. | 0·10 | Do | Do | |
| 5. | Do Krandi .. | 0·10 | .. | 0·10 | Do | Do | |
| 6. | Do Khaira Khurd .. | 0·10 | .. | 0·10 | Do | Do | |
| 7, | Do Jaurkian .. | 0·10 | .. | 0·10 | Do | Do | 0·10 |
| 8. | Construction of R/wall of V. Sahnewali .. | 0·50 | .. | 0·50 | Do | Do | 0·50 |
| 9, | Constn. of Small Bridge at Tibbi Harisinghwala | 0·50 | .. | 0·50 | Do | Do | 0·50 |
| | | 2·10 | .. | 2·10 | | | 1·70 |
| 1. | Constn. of Room of High School Nangal Kalan | 0·50 | .. | 0·50 | 8-3-98 | S. Sher Singh Gagowal, M.L.A. | 0·50 |
| 2. | Constn. of Room of Pry. School, Alampur Bodla | 0·30 | .. | 0·30 | Do | Do | 0·30 |
| 3. | Constn. of R/wall of Village Gagowal .. | 0·40 | .. | 0·40 | Do | Do | 0·40 |
| 4. | Constn. of Bye-pass of Village (Phirni) Gagowal | 2·00 | .. | 2·00 | Do | Do | 2·00 |
| | | 3·20 | .. | 3·20 | | | 3·20 |
| | Grand Total .. | 39·99 | 47·29 | 87·28 | | | 85·28 |

Original with;
Punjab Vidhan Sabha
Digitized by;
Panjab Digital Library

**Mr. Deputy Speaker** : There is a very important item on the Agenda i.e., Election of the Speaker.

**Chief Minister (Sardar Beant Singh)** : Sir, I beg to move :—

(ਇਸ ਵੇਲੇ ਬੀ.ਐਸ.ਪੀ. ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਪੁਆਇੰਟਸ ਆਫ਼ ਆਰਡਰ ਦੀ ਮੰਗ ਕਰ ਰਹੇ ਸਨ) ।

**Mr. Deputy Speaker** : There are many items. We shall have discussions. I would request the Hon'ble Members to take their seats. Time for Election of the Speaker is fixed. This is very important matter. Please resume your seats. (ਇਸ ਵੇਲੇ ਬੀ.ਐਸ.ਪੀ. ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਵੈੱਲ-ਆਫ-ਦੀ-ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਹਰੇ ਮਾਰ ਰਹੇ ਸਨ) । The slogans being raised in the House should not form part of the proceedings. (ਵਿਘਨ) (ਸ਼ੋਰ).... Kainth Sahib, please resume your seat. I will give you sufficient time. Let the election of the Speaker take place. Please co-operate in the election of the Speaker. (ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ) ।

---

## ELECTION OF SPEAKER

**Mr. Deputy Speaker**: Now the House will proceed to elect the Speaker.

(All the B.S.P. Members who were present in the House were raising slogans and nothing was audible).

**Mr. Deputy Speaker** : Leader of the House to move the motion.

**Chief Minister (Sardar Beant Singh)**: Sir, I beg to move—

> That Shri Harnam Dass Johar, a Member of the Punjab Vidhan Sabha, who is present in the House, do take the Chair as Speaker of the Assembly.

**Finance Minister (Doctor Kewal Krishan)** : Sir, I second this motion.

**Mr. Deputy Speaker** : Motion moved—

> That Shri Harnam Dass Johar, a Member of the Punjab Vidhan Sabha, who is present in the House, do take the Chair as Speaker of the Assembly.

**Mr. Deputy Speaker** : Is there any other porposal ?

(No other proposal was put forward by any other Hon'ble Member)

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**Mr. Deputy Speaker** : Since no other proposal has been put forward by any other Hon'ble Member, I declare Shri Harnam Dass Johar elected as Speaker of the Punjab Vidhan Sabha unanimously. (Thumping).

(ਇਸ ਸਮੇਂ ਮਾਨਯੋਗ ਮੁੱਖ ਮੰਤਰੀ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ ਨਵੇਂ ਚੁਣੇ ਗਏ ਮਾਨਯੋਗ ਸਪੀਕਰ ਸਾਹਿਬ ਨੂੰ ਉਨ੍ਹਾਂ ਦੀ ਕੁਰਸੀ ਤੱਕ ਛੱਡਣ ਗਏ ।)

(Shri Harnam Dass Johar occupied the Chair of the Speaker).

## CONGRATULATORY SPEECHES

**ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ)**: ਬੜੇ ਦੁੱਖ ਦੀ ਗੱਲ ਹੈ, ਸਪੀਕਰ ਸਾਹਿਬ, ਕਿ ਸਾਡੇ ਮਾਨਯੋਗ ਸਪੀਕਰ ਸਾਹਿਬ ਜੋ ਸਾਡੀ ਵਿਧਾਨ ਸਭਾ ਵਿੱਚ ਸਨ ਸਰਦਾਰ ਹਰਚਰਨ ਸਿੰਘ ਜੀ ਅਜਨਾਲਾ ਸਾਡੇ ਕੋਲੋਂ ਚਲੇ ਗਏ। ਦੁੱਖ ਦੀ ਗੱਲ ਜ਼ਰੂਰ ਹੈ ਲੇਕਿਨ ਆਖਰਕਾਰ ਇਹ ਅਹੁਦਾ ਤਾਂ ਭਰਨਾ ਹੀ ਪੈਂਦਾ ਹੈ। ਮੈਂ ਹਰਨਾਮ ਦਾਸ ਜੀ ਜੌਹਰ ਨੂੰ ਮੁਬਾਰਕਬਾਦ ਦਿੰਦਾ ਹਾਂ। (ਥੰਪਿੰਗ) ਮੈਂ ਸਮਝਦਾ ਹਾਂ ਕਿ ਇਹ ਵਕੀਲ ਹਨ ਔਰ ਹਰ ਰਾਹ ਨੂੰ ਅੱਛੀ ਤਰ੍ਹਾਂ ਸਮਝਦੇ ਹਨ ਔਰ ਜਿੰਨੀ ਸੇਵਾ ਸਾਡੀ ਪਾਰਟੀ ਅਤੇ ਵਿਧਾਨ ਸਭਾ ਵਿੱਚ ਕੀਤੀ ਖਾਸ ਕਰਕੇ 1985 ਦੇ ਅੰਦਰ ਜਦੋਂ ਇਹ ਅਪੋਜ਼ੀਸ਼ਨ ਵਿੱਚ ਬੈਠੇ ਸਨ ਜੋ ਕੰਟਰੀਬਿਊਸ਼ਨ ਇਹਨਾਂ ਦੇ ਵੱਲੋਂ ਹੈ ਉਹ ਵਿਧਾਨ ਸਭਾ ਦੇ ਰਿਕਾਰਡ ਅੰਦਰ ਮੌਜੂਦ ਹੈ। ਐਜੂਕੇਸ਼ਨ ਮਨਿਸਟਰ ਦੇ ਤੌਰ ਤੇ ਵੀ ਇਹਨਾਂ ਨੇ ਸਰਕਾਰ ਦੇ ਅੰਦਰ ਕੰਟਰੀਬਿਊਸ਼ਨ ਕੀਤੀ। ਮੈਂ ਸਮਝਦਾ ਹਾਂ ਕਿ ਇਹਨਾਂ ਦੇ ਅੰਦਰ ਇੱਕ ਮਾਦਾ ਐਸਾ ਹੈ ਜਿਸ ਕਰਕੇ ਇਹ ਸਾਰਿਆਂ ਨੂੰ ਅੱਛੀ ਤਰ੍ਹਾਂ ਨਾਲ ਸਮੋ ਕੇ ਚੱਲ ਸਕਦੇ ਹਨ। ਔਰ ਮੈਂ ਅੱਜ ਜੌਹਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਉਹ ਅਪੋਜ਼ੀਸ਼ਨ ਦਾ ਵੀ ਖਾਸ ਕਰਕੇ ਖਿਆਲ ਰੱਖਣ ਕਿਉਂਕਿ ਪਾਰਲੀਮੈਂਟ ਵਿੱਚ ਕੁਝ ਪ੍ਰੋਵੀਜ਼ਨ ਹਨ। ਜੇਕਰ ਉਹਨਾਂ ਨੂੰ ਠੀਕ ਤਰ੍ਹਾਂ ਨਾਲ ਸਮਝਿਆ ਜਾਵੇ ਤਾਂ ਡੈਮੋਕਰੇਸੀ ਬੜੇ ਅੱਛੇ ਢੰਗ ਨਾਲ ਚੱਲ ਸਕਦੀ ਹੈ। ਸੋ ਮੈਂ ਜੌਹਰ ਸਾਹਿਬ ਨੂੰ ਇਹ ਜ਼ਰੂਰ ਬੇਨਤੀ ਕਰਾਂਗਾ ਕਿ ਇਹ ਜੋ ਤੁਹਾਨੂੰ ਅਹੁਦਾ ਦਿੱਤਾ ਗਿਆ ਹੈ ਉਹ ਐਸਾ ਅਹੁਦਾ ਤਾਂ ਨਹੀਂ ਕਿ ਫੁੱਲਾਂ ਦੀ ਸੇਜ ਹੈ। ਕਈ ਦਫਾ ਔਖੇ-ਔਖੇ ਫੈਸਲੇ ਵੀ ਲੈਣੇ ਪੈਂਦੇ ਹਨ ਲੇਕਿਨ ਤੁਹਾਨੂੰ ਹਰੇਕ ਦਾ ਖਿਆਲ ਰੱਖਣਾ ਚਾਹੀਦਾ ਹੈ। ਮੈਨੂੰ ਯਕੀਨ ਹੈ ਕਿ ਤੁਸੀਂ ਟਰੈਜ਼ਰੀ ਬੈਂਚਿਜ਼ ਨਾਲ ਤਾਲਮੇਲ ਰਖੋਗੇ। ਔਰ ਕਿਸੇ ਮੌਕੇ ਉਤੇ ਤੁਹਾਡੇ ਸਾਹਮਣੇ ਐਸੀ ਆਈਟਮ ਆਵੇ, ਉਸ ਨੂੰ ਤੁਹਾਡੇ ਵਲੋਂ ਪੂਰੀ ਸੋਚ ਦੇ ਨਾਲ ਕੀਤਾ ਜਾਣਾ ਚਾਹੀਦਾ ਹੈ। ਤੁਸੀਂ ਲੁਧਿਆਣੇ ਦੇ ਰਹਿਣ ਵਾਲੇ ਹੋ ਔਰ ਉਥੇ ਵੀ ਸਮਾਜ ਦੇ ਅੰਦਰ ਤੁਹਾਡਾ ਬਹੁਤ ਉੱਚਾ ਨਾਂ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਵੀ ਮੌਕਾ ਮਿਲਿਆ ਕਿ ਤੁਹਾਡੇ ਵਰਗੇ ਇੱਕ ਨੌਜਵਾਨ ਨੂੰ ਸਪੀਕਰ ਬਣਾਈਏ ਔਰ ਸਪੀਕਰ ਬਣਾ ਕੇ ਅਸੀਂ ਦੇਖੀਏ ਕਿ ਸਾਡੀ ਪਾਰਲੀਮੈਂਟ ਦੀ ਡੈਮੋਕਰੇਸੀ ਹੋਰ ਅੱਗੇ ਵਧੇ ਔਰ ਪੰਜਾਬ ਦੇ ਅੰਦਰ ਇਨ੍ਹਾਂ ਦਾ ਨਾਂ ਉੱਚਾ ਹੋਵੇ। ਸੋ ਮੈਂ ਇਕ ਵਾਰੀ ਫਿਰ ਤੁਹਾਨੂੰ ਮੁਬਾਰਕਬਾਦ ਦਿੰਦਾ ਹਾਂ। (ਥੰਪਿੰਗ)

**ਸ੍ਰੀ ਸਤਨਾਮ ਸਿੰਘ ਕੈਂਥ (ਬੰਗਾ, ਐਸ.ਸੀ.)**: ਮਾਨਯੋਗ ਸਪੀਕਰ ਸਾਹਿਬ, ਸਰਦਾਰ ਹਰਚਰਨ ਸਿੰਘ ਜੀ ਅਜਨਾਲਾ ਦੀ ਮੌਤ ਤੋਂ ਬਾਅਦ ਅੱਜ ਤੁਹਾਨੂੰ ਬਤੌਰ ਸਪੀਕਰ ਰੂਲਿੰਗ ਪਾਰਟੀ ਔਰ ਸਾਰਿਆਂ ਨੇ ਚੁਣਿਆ ਹੈ। ਸਪੀਕਰ ਦਾ ਅਹੁਦਾ ਬੜਾ ਅਹਿਮ ਹੁੰਦਾ ਹੈ ਔਰ ਉਸ ਨੂੰ ਹਾਊਸ ਦੀ ਮਦਰ ਕਿਹਾ ਜਾਂਦਾ ਹੈ। ਬਹੁਤ ਸਾਰੇ ਨਿਰਣੇ ਐਸੇ ਆਉਂਦੇ ਹਨ, ਜਿਨ੍ਹਾਂ ਵਿੱਚ ਸਪੀਕਰ ਦੀ ਇਸ ਹਾਊਸ ਨੂੰ ਕੰਟਰੋਲ ਕਰਨ ਲਈ ਭੂਮਿਕਾ ਬੜੀ ਅਹਿਮ ਹੁੰਦੀ ਹੈ। ਅਜਨਾਲਾ ਸਾਹਿਬ ਦੀ ਸ਼ਖਸੀਅਤ ਦਾ ਬੜਾ ਪ੍ਰਭਾਵ ਸੀ। ਕਿਸੇ ਦੀ ਵਰਕਿੰਗ ਤੇ ਸ਼ੱਕ ਨਹੀਂ ਕਰਨਾ ਚਾਹੀਦਾ। ਲੇਕਿਨ ਅਸੀਂ ਆਸ ਕਰਦੇ

Original with;
Punjab Vidhan Sabha
Digitized by;
Panjab Digital Library

ਹਾਂ ਕਿ ਤੁਸੀਂ ਇਸ ਹਾਊਸ ਨੂੰ ਚਲਾਉਣ ਵਿੱਚ ਇਸ ਹਾਊਸ ਦੀ ਡਿਗਨਿਟੀ ਨੂੰ ਵਧਾਓਗੇ । ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵੱਲੋਂ ਆਪ ਨੂੰ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ ਅਤੇ ਇਸ ਦੇ ਨਾਲ ਹੀ ਮੈਂ ਇਹ ਪ੍ਰੋਟੈਸਟ ਵੀ ਆਪਣਾ ਦੱਸਣਾ ਚਾਹੁੰਦਾ ਹਾਂ ਕਿ ਹਾਊਸ ਦੇ ਅੰਦਰ ਸਪੀਕਰ ਇਕ ਕਾਮਨ ਮੈਨ ਹੁੰਦਾ ਹੈ। ਮੈਂ ਪਿਛਲੀ ਵਾਰੀ ਵੀ ਕਿਹਾ ਸੀ, ਇਹ ਠੀਕ ਹੈ ਕਿ ਕਾਂਗਰਸ ਪਾਰਟੀ, ਰੂਲਿੰਗ ਪਾਰਟੀ ਬੜੀ ਮੈਜਾਰਿਟੀ ਵਿੱਚ ਆਈ ਹੈ ਪਰ ਹਾਊਸ ਦੇ ਵਿੱਚ ਅਪੋਜ਼ੀਸ਼ਨ ਦੀ ਵੀ ਆਪਣੀ ਅਹਿਮੀਅਤ ਹੁੰਦੀ ਹੈ ਅਤੇ ਆਪੋਜ਼ੀਸ਼ਨ ਦੀ ਅਹਿਮੀਅਤ ਨੂੰ ਦੇਖਦੇ ਹੋਏ ਸਪੀਕਰ ਦਾ ਚੁਣਾਓ ਯੂਨਾਨੀਮਸਲੀ ਹੋਣਾ ਚਾਹੀਦਾ ਹੈ ਔਰ ਆਪੋਜ਼ੀਸ਼ਨ ਨੂੰ ਵੀ ਥੋੜ੍ਹਾ ਕਿਹਾ ਇਸ ਦੇ ਲਈ ਕੰਸਲਟ ਕਰ ਲੈਣਾ ਚਾਹੀਦਾ ਹੈ। ਇਹ ਮੈਂ ਆਪਣੇ ਰੋਸ ਦਾ ਇਜ਼ਹਾਰ ਕਰਨਾ ਚਾਹੁੰਦਾ ਹਾਂ। ਇਸ ਦੇ ਨਾਲ ਹੀ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਤੁਹਾਨੂੰ ਮੁਬਾਰਕਬਾਦ ਦਿੰਦਾ ਹਾਂ । ਧੰਨਵਾਦ । ਜੈ ਭੀਮ, ਜੈ ਭਾਰਤ ।

**ਸ੍ਰੀ ਡਿਪਟੀ ਸਪੀਕਰ (ਸ੍ਰੀ ਰਮੇਸ਼ ਚੰਦਰ ਡੋਗਰਾ)** : ਜੈਹਰ ਸਾਹਿਬ, ਤੁਹਾਨੂੰ ਸਪੀਕਰ ਚੁਣੇ ਜਾਣ ਤੇ ਮੈਂ ਆਪਣੇ ਵਲੋਂ ਵਧਾਈ ਦਿੰਦਾ ਹਾਂ ਅਤੇ ਮੈਨੂੰ ਬੜਾ ਫਖਰ ਹੈ ਇਸ ਗੱਲ ਦਾ ਕਿ ਤੁਹਾਨੂੰ ਸਪੀਕਰ ਦੀ ਕੁਰਸੀ ਤੇ ਬਿਠਾ ਕੇ ਮੁੱਖ ਮੰਤਰੀ ਜੀ ਨੇ ਇਕ ਬਹੁਤ ਹੀ ਅਹਿਮ ਫੈਸਲਾ ਲਿਆ ਹੈ ਔਰ ਮੈਨੂੰ ਆਸ ਹੈ ਕਿ ਜੋ ਵੀ ਪ੍ਰੰਪਰਾਵਾਂ ਸਰਦਾਰ ਹਰਚਰਨ ਸਿੰਘ ਜੀ ਅਜਨਾਲਾ ਜੋ ਸਾਡੇ ਸਪੀਕਰ ਸਾਹਿਬ ਸਨ ਉਨ੍ਹਾਂ ਨੇ ਇਸ ਸਦਨ ਨੂੰ ਚਲਾਉਣ ਵਾਸਤੇ ਬਣਾਈਆਂ ਸਨ, ਉਨ੍ਹਾਂ ਪ੍ਰੰਪਰਾਵਾਂ ਦਾ ਪੂਰਾ ਧਿਆਨ ਰਖਿਆ ਜਾਵੇਗਾ ਔਰ ਉਨ੍ਹਾਂ ਲੀਹਾਂ ਤੇ ਹੀ ਇਸ ਹਾਊਸ ਨੂੰ ਚਲਾਉਣ ਦਾ ਯਤਨ ਕੀਤਾ ਜਾਵੇਗਾ। ਮੈਨੂੰ ਪਤਾ ਹੈ ਕਿ ਜਦੋਂ ਸਾਡੇ ਮੁੱਖ ਮੰਤਰੀ ਸਾਹਿਬ ਨੇ ਆਪਣੀ ਸਰਕਾਰ ਬਣਾਈ ਅਤੇ ਤੁਹਾਨੂੰ ਉਸ ਦੇ ਵਿੱਚ ਐਜੂਕੇਸ਼ਨ ਮਨਿਸਟਰ ਬਣਾਇਆ ਗਿਆ ਸੀ ਤਾਂ ਤੁਸੀਂ ਬਤੌਰ ਐਜੂਕੇਸ਼ਨ ਮਨਿਸਟਰ ਇਕ ਬਹੁਤ ਅਹਿਮ ਰੋਲ ਅਦਾ ਕੀਤਾ ਕਿਉਂਕਿ ਉਸ ਵੇਲੇ ਪੰਜਾਬ ਵਿੱਚ ਆਤੰਕਵਾਦ ਫੈਲਿਆ ਹੋਇਆ ਸੀ ਅਤੇ ਆਤੰਕਵਾਦ ਦੇ ਪ੍ਰਭਾਵ ਥੱਲੇ ਬਹੁਤ ਸਾਰੇ ਸਕੂਲ ਬੰਦ ਪਏ ਸਨ। ਤੁਸੀਂ ਦੂਰ ਦੂਰ ਬਾਰਡਰ ਦੇ ਇਲਾਕੇ ਦੇ ਸਕੂਲਾਂ ਵਿੱਚ ਜਾ ਕੇ ਜੋ ਸਕੂਲ ਬਹੁਤ ਚਿਰ ਤੋਂ ਬੰਦ ਪਏ ਸਨ, ਜਿਥੇ ਟੀਚਰ ਜਾਂਦੇ ਹੀ ਨਹੀਂ ਸਨ, ਤੁਸੀਂ ਉਨ੍ਹਾਂ ਬੰਦ ਪਏ ਸਕੂਲਾਂ ਨੂੰ ਮੁੜ ਕੇ ਚਾਲੂ ਕਰਵਾ ਕੇ ਇਕ ਬਹੁਤ ਭਾਰੀ ਅਹਿਮ ਰੋਲ ਅਦਾ ਕੀਤਾ ਅਤੇ ਉਨ੍ਹਾਂ ਸਕੂਲਾਂ ਨੂੰ ਦੁਬਾਰਾ ਖੁਲ੍ਹਵਾਉਣ ਵਾਸਤੇ ਹਰ ਸੰਭਵ ਯਤਨ ਕੀਤੇ। ਇਸ ਦੇ ਨਾਲ ਹੀ ਜਿਥੇ ਚੀਫ ਮਨਿਸਟਰ ਸਾਹਿਬ ਨੇ ਯਤਨ ਕੀਤਾ ਕਿ ਆਤੰਕਵਾਦ ਨੂੰ ਖ਼ਤਮ ਕੀਤਾ ਜਾਵੇ ਉਥੇ ਤੁਸੀਂ ਆਪਣਾ ਪੂਰਾ ਯਤਨ ਬੰਦ ਪਏ ਸਕੂਲਾਂ ਨੂੰ ਦੁਬਾਰਾ ਚਲਵਾਉਣ ਵਿੱਚ ਕੀਤਾ। ਮੈਂ ਸਮਝਦਾ ਹਾਂ ਕਿ ਉਸ ਵੇਲੇ ਬਹੁਤ ਸਾਰੇ ਸਕੂਲ ਬੰਦ ਹੋ ਗਏ ਸਨ ਅਤੇ ਬਹੁਤ ਸਾਰੇ ਸਕੂਲਾਂ ਵਿੱਚ ਆਪਣੀਆਂ ਪ੍ਰੰਪਰਾਵਾਂ ਨੂੰ ਛੱਡ ਕੇ ਕਈ ਹੋਰ ਗੱਲਾਂ ਚਲ ਪਈਆਂ ਸਨ ਜਿਨ੍ਹਾਂ ਨੂੰ ਤੁਸੀਂ ਖ਼ਤਮ ਕੀਤਾ ਅਤੇ ਜਿਹੜੇ ਸਕੂਲ ਬੰਦ ਹੋ ਗਏ ਸਨ ਉਨ੍ਹਾਂ ਨੂੰ ਤੁਸੀਂ ਮੁੜ ਕੇ ਦੁਬਾਰਾ ਚਾਲੂ ਕੀਤਾ। ਮੈਨੂੰ ਯਕੀਨ ਹੈ ਕਿ ਜਿਸ ਤਰ੍ਹਾਂ ਤੁਸੀਂ ਪਹਿਲਾਂ ਇਤਨਾ ਅਹਿਮ ਰੋਲ ਅਦਾ ਕੀਤਾ ਹੈ ਉਸੇ ਤਰ੍ਹਾਂ ਹੀ ਹੁਣ ਵੀ ਇਸ ਹਾਊਸ ਵਿੱਚ ਨਿਰਪੱਖਤਾ ਨਾਲ ਆਪਣਾ ਰੋਲ ਅਦਾ ਕਰੋਗੇ। ਮੈਂ ਇਕ ਵਾਰੀ ਫਿਰ ਆਪਣੇ ਵੱਲੋਂ ਤੁਹਾਨੂੰ ਵਧਾਈ ਦਿੰਦਾ ਹਾਂ । ਜੈ ਹਿੰਦ ।

**ਸ੍ਰੀ ਮਦਨ ਮੋਹਨ ਮਿੱਤਲ (ਨੰਗਲ)**: ਜੈਹਰ ਸਾਹਿਬ, ਵਿਧਾਨ ਸਭਾ ਦਾ ਸਪੀਕਰ ਬਣਨ ਤੇ ਮੈਂ ਆਪ ਜੀ ਨੂੰ ਆਪਣੀ ਪਾਰਟੀ ਵੱਲੋਂ ਅਤੇ ਆਪਣੇ ਵੱਲੋਂ ਵਧਾਈ ਦਿੰਦਾ ਹਾਂ ਔਰ ਨਾਲ ਹੀ ਇਹ ਵੀ ਉਮੀਦ ਕਰਦਾ ਹਾਂ ਕਿ ਜਿਸ ਕੁਰਸੀ ਤੇ ਤੁਸੀਂ ਬਿਰਾਜਮਾਨ ਹੋਏ ਹੋ, ਇਸ ਤੇ ਬਹੁਤ ਦਾਨਿਸ਼ਮੰਦ ਸਪੀਕਰ ਹੋ ਕੇ ਚਲੇ ਗਏ ਹਨ ਜਿਨ੍ਹਾਂ ਨੇ ਇਸ ਹਾਊਸ ਨੂੰ ਬੜੇ ਡੈਮੋਕਰੇਟਿਕ ਢੰਗ ਨਾਲ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਚਲਾਇਆ ਅਤੇ ਹਾਊਸ ਦੀ ਮਰਿਆਦਾ ਨੂੰ ਕਾਇਮ ਰਖਿਆ। ਸਪੀਕਰ ਦੀ ਜ਼ਿੰਮੇਵਾਰੀ ਬਹੁਤ ਹੁੰਦੀ ਹੈ ਅਤੇ ਉਸ ਦੀ ਰੂਲਿੰਗ ਵੀ ਇਸ ਹਾਊਸ ਵਿੱਚ ਫਾਈਨਲ ਹੁੰਦੀ ਹੈ। ਇਸ ਲਈ ਮੈਂ ਉਮੀਦ ਕਰਾਂਗਾ ਕਿ ਆਉਣ ਵਾਲੇ ਸਮੇਂ ਵਿੱਚ ਤੁਸੀਂ ਇਸ ਕੁਰਸੀ ਦੀ ਪਵਿੱਤਰਤਾ ਨੂੰ ਹੀ ਮੇਨਟੇਨ ਨਹੀਂ ਕਰੋਗੇ ਸਗੋਂ ਫੇਅਰਲੀ ਅਤੇ ਇਮਪਾਰਸ਼ੀਅਲੀ ਨਿਰਣੇ ਲਵੋਗੇ। ਬੇਸ਼ਕ ਸਪੀਕਰ ਰੂਲਿੰਗ ਪਾਰਟੀ ਦਾ ਹੁੰਦਾ ਹੈ ਪਰ ਸਪੀਕਰ ਬਣਨ ਤੋਂ ਬਾਅਦ ਉਹ ਨਾਨ-ਪਾਰਟੀ ਮੈਨ ਹੋ ਜਾਂਦਾ ਹੈ ਅਤੇ ਹਰ ਇਕ ਧਿਰ ਨੂੰ ਪੂਰਾ ਇਨਸਾਫ ਦੇਣ ਲਈ ਆਪਣਾ ਨਿਰਣਾ ਲੈਂਦਾ ਹੈ। ਇਹ ਜੋ ਸਦਨ ਹੈ ਇਸ ਨੂੰ ਚਲਾਉਣ ਲਈ ਨਿਯਮ ਹਨ ਉਨ੍ਹਾਂ ਤੇ ਚਲਣ ਨਾਲ ਹੀ ਹਾਊਸ ਦੀ ਮਰਿਆਦਾ ਰਹਿ ਸਕਦੀ ਹੈ ਔਰ ਮੈਂ ਹੁਣ ਆਪ ਨੂੰ ਪੂਰਾ ਭਰੋਸਾ ਦਿੰਦਾ ਹਾਂ ਕਿ ਮੈਂ ਔਰ ਮੇਰੀ ਪਾਰਟੀ ਦੇ ਮੈਂਬਰ ਤੁਹਾਨੂੰ ਹਰ ਤਰ੍ਹਾਂ ਨਾਲ ਪੂਰਾ ਸਹਿਯੋਗ ਦੇਣਗੇ। ਇਕ ਗੱਲ ਮੈਂ ਹੋਰ ਇਹ ਕਹਿਣੀ ਹੈ ਕਿ ਅਸੀਂ ਉਮੀਦ ਕਰਦੇ ਸੀ ਕਿ ਸਪੀਕਰ ਦੀ ਚੋਣ ਤੋਂ ਪਹਿਲਾਂ ਲੀਡਰ ਆਫ ਦੀ ਹਾਊਸ ਸਾਡੀ ਪਾਰਟੀ ਨਾਲ ਰਾਏ ਕਰਨਗੇ। ਠੀਕ ਹੈ, ਇਨ੍ਹਾਂ ਦੀ ਪਾਰਟੀ ਮੈਜਾਰਿਟੀ ਵਿਚ ਹੈ ਪਰ ਜੋ ਕਨਵੈਨਸ਼ਨਜ਼ ਹਨ, ਉਨ੍ਹਾਂ ਨੂੰ ਇਸ ਵੇਲੇ ਬਰੇਕ ਕੀਤਾ ਗਿਆ ਹੈ। ਇਸ ਦੇ ਨਾਲ ਹੀ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**ਸ੍ਰੀਮਤੀ ਵਿਮਲਾ ਡਾਂਗ** (ਅੰਮ੍ਰਿਤਸਰ ਪੱਛਮੀ): ਸਤਿਕਾਰਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਆਪਣੀ ਸੀ.ਪੀ.ਆਈ. ਦੇ ਗਰੁੱਪ ਵਲੋਂ ਇਸ ਗੱਲ ਤੇ ਦੁਖ ਅਤੇ ਰੋਸ ਪ੍ਰਗਟ ਕਰਦੀ ਹਾਂ ਕਿ ਇਤਨੇ ਅਹਿਮ ਅਹੁਦੇ ਦੀ ਚੋਣ ਦੇ ਸਮੇਂ ਕਾਂਗਰਸ ਪਾਰਟੀ ਨੇ ਆਪੋਜ਼ੀਸ਼ਨ ਨੂੰ ਕਨਸਲਟ ਨਹੀਂ ਕੀਤਾ। ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਆਪੋਜ਼ੀਸ਼ਨ ਪਾਰਟੀਆਂ ਦੀ ਰਾਏ ਲੈਂਦੇ। ਬਾਕੀ ਜਿਸ ਤਰ੍ਹਾਂ ਮੇਰੇ ਹੋਰ ਸਾਥੀਆਂ ਨੇ ਕਿਹਾ ਹੈ ਕਿ ਸਪੀਕਰ ਦਾ ਜਿਹੜਾ ਅਹੁਦਾ ਹੈ ਇਹ ਸਾਰੀਆਂ ਪਾਰਟੀਆਂ ਦੀ ਪ੍ਰਤੀਨਿਧਤਾ ਕਰਦਾ ਹੈ ਔਰ ਸਾਰੇ ਹਾਊਸ ਦਾ ਸਾਂਝਾ ਹੁੰਦਾ ਹੈ। ਮੁੱਖ ਮੰਤਰੀ ਸਾਹਿਬ ਨੇ ਡੈਮੋਕਰੇਸੀ ਦੀ ਗੱਲ ਕੀਤੀ ਹੈ ਪਰ ਇਸ ਮਾਮਲੇ ਵਿਚ ਉਨ੍ਹਾਂ ਨੇ ਅਪੋਜ਼ੀਸ਼ਨ ਦੀ ਪਰਵਾਹ ਨਹੀਂ ਕੀਤੀ। ਜੇ ਉਹ ਸਾਨੂੰ ਕਨਸਲਟ ਕਰਦੇ ਤਾਂ ਅਸੀਂ ਵੀ ਆਪਣੀ ਚੁਆਇਸ ਦਿੰਦੇ ਕਿ this is not a happy Choice. ਪਰ ਕਾਂਗਰਸ ਪਾਰਟੀ ਦੀ ਮੈਜਾਰਿਟੀ ਹੈ ਔਰ ਜੌਹਰ ਸਾਹਿਬ ਨੂੰ ਇਸ ਅਹੁਦੇ ਲਈ ਚੁਣਿਆ ਗਿਆ ਹੈ। ਅਸੀਂ ਆਸ ਰਖਦੇ ਹਾਂ ਕਿ ਉਹ ਬਿਲਕੁਲ ਨਿਰਪੱਖ ਤਰੀਕੇ ਨਾਲ ਹਾਊਸ ਦੇ ਕੰਮਕਾਜ ਨੂੰ ਚਲਾਉਣਗੇ। ਜਿਸ ਤਰ੍ਹਾਂ ਅਜਨਾਲਾ ਜੀ ਨੇ ਹਾਊਸ ਦੇ ਕੰਮ-ਕਾਜ ਨੂੰ ਸੁਚੱਜੇ ਤਰੀਕੇ ਨਾਲ ਚਲਾਇਆ ਸੀ ਉਸੇ ਤਰ੍ਹਾਂ ਜੌਹਰ ਸਾਹਿਬ ਵੀ ਚਲਾਉਣਗੇ। ਜੇ ਹਾਊਸ ਨਿਰਪੱਖਤਾ ਨਾਲ ਚਲੇਗਾ ਤਾਂ ਅਸੀਂ ਤੁਹਾਨੂੰ ਯਕੀਨ ਦਿਵਾਉਂਦੇ ਹਾਂ ਕਿ ਸਾਡੀ ਸੀ.ਪੀ.ਆਈ. ਦੇ ਗਰੁੱਪ ਵੱਲੋਂ ਤੁਹਾਨੂੰ ਪੂਰਾ ਮਿਲਵਰਨ ਦਿੱਤਾ ਜਾਵੇਗਾ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** (ਖਡੂਰ ਸਾਹਿਬ, ਐਸ.ਸੀ.): ਸਪੀਕਰ ਸਾਹਿਬ, ਅਜ ਇਸ ਹਾਊਸ ਦੀ ਇਸ ਕੁਰਸੀ ਤੇ ਚੁਣੇ ਜਾਣ ਲਈ ਮੈਂ ਆਪਣੀ ਪਾਰਟੀ ਵਲੋਂ ਤੁਹਾਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ ਔਰ ਇਹ ਆਸ ਰਖਦਾ ਹਾਂ ਕਿ ਜਿਸ ਤਰ੍ਹਾਂ ਅਜਨਾਲਾ ਸਾਹਿਬ ਭਾਵੇਂ ਕਾਂਗਰਸ ਪਾਰਟੀ ਨਾਲ ਸਬੰਧ ਰਖਦੇ ਸਨ, ਪਰ ਉਨ੍ਹਾਂ ਨੇ ਕਦੇ ਮਹਿਸੂਸ ਨਹੀਂ ਸੀ ਹੋਣ ਦਿੱਤਾ ਕਿ ਉਹ ਰੂਲਿੰਗ ਪਾਰਟੀ ਦੇ ਮੈਂਬਰ ਹਨ। ਉਨ੍ਹਾਂ ਨੇ ਅਪੋਜ਼ੀਸ਼ਨ ਪਾਰਟੀ ਨੂੰ ਬੜੇ ਪਿਆਰ ਨਾਲ ਔਰ ਚੰਗੀ ਤਰ੍ਹਾਂ ਸੁਣਿਆ ਔਰ ਸਾਡੀ ਮਦਦ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਇਸੇ ਤਰ੍ਹਾਂ ਜੇ ਹੁਣ ਵੀ ਅਪੋਜ਼ੀਸ਼ਨ ਪਾਰਟੀ ਦਾ ਪੂਰਾ ਖਿਆਲ ਰਖਿਆ ਜਾਵੇਗਾ ਤਾਂ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਸਾਡੀ ਪਾਰਟੀ ਤੁਹਾਨੂੰ ਮਿਲਵਰਤਨ ਦੇਵੇਗੀ। ਜਿਸ ਤਰ੍ਹਾਂ ਪਹਿਲੇ ਬਗੈਰ ਪੱਖਪਾਤ ਤੋਂ ਕੰਮ ਚਲਦਾ ਰਿਹਾ ਹੈ ਔਰ ਤੁਸੀਂ ਕਿਉਂਕਿ 1977 ਵਿਚ ਜਨਤਾ ਪਾਰਟੀ ਵਿਚ ਰਹੇ ਹੋ (ਹਾਸਾ) ਇਸ ਲਈ ਹੁਣ ਤੁਸੀਂ ਅਪੋਜ਼ੀਸ਼ਨ ਪਾਰਟੀ ਦਾ ਪੂਰਾ ਖਿਆਲ ਰਖੋਗੇ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਤਰਸੇਮ ਜੋਧਾਂ** (ਕਿਲਾ ਰਾਇਪੁਰ): ਸਪੀਕਰ ਸਾਹਿਬ, ਮੈਂ ਤੁਹਾਨੂੰ ਇਸ ਪਵਿੱਤਰ ਸਦਨ ਦੇ ਸਪੀਕਰ ਦੇ ਅਹੁਦੇ ਤੇ ਚੁਣੇ ਜਾਣ ਤੇ ਤੁਹਾਨੂੰ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਤੁਸੀਂ ਆਪੋਜ਼ੀਸ਼ਨ ਪਾਰਟੀ ਦੇ ਮੈਂਬਰਾਂ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਮੌਕਾ ਦੇਵੋਗੇ। ਚਾਹੇ ਰੂਲਿੰਗ ਪਾਰਟੀ ਦੀ ਕਾਫੀ ਮੈਜਾਰਿਟੀ ਹੈ ਅਤੇ ਆਪੋਜ਼ੀਸ਼ਨ ਬਹੁਤ ਘੱਟ ਗਿਣਤੀ ਵਿਚ ਬੈਠੀ ਹੈ, ਪਰ ਤੁਸੀਂ ਆਪੋਜ਼ੀਸ਼ਨ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਮੌਕਾ ਦੇਵੋਗੇ ਅਤੇ ਪੂਰਾ ਖਿਆਲ ਰੱਖੋਗੇ। ਸਰਕਾਰ ਨੂੰ ਸਪੀਕਰ ਦੀ ਇਲੈਕਸ਼ਨ ਤੋਂ ਪਹਿਲਾਂ ਆਪੋਜ਼ੀਸ਼ਨ ਪਾਰਟੀਜ਼ ਦੇ ਨਾਲ ਕਨਸਲਟ ਜ਼ਰੂਰ ਕਰਨਾ ਚਾਹੀਦਾ ਸੀ। ਪਰ ਇਥੇ ਆਪੋਜ਼ੀਸ਼ਨ ਨੂੰ ਇਗਨੋਰ ਕੀਤਾ ਗਿਆ ਹੈ ਜੋ ਨਹੀਂ ਹੋਣਾ ਚਾਹੀਦਾ ਸੀ। ਇਸ ਦੇ ਨਾਲ ਡੈਮੋਕਰੇਸੀ ਨੂੰ ਖਤਰਾ ਮਹਿਸੂਸ ਹੁੰਦਾ ਹੈ। ਅਪੋਜ਼ੀਸ਼ਨ ਦੀ ਪਰਵਾਹ ਨਹੀਂ ਕੀਤੀ ਗਈ। ਮੈਂ ਤੁਹਾਡੇ ਤੋਂ ਆਸ ਰਖਦਾ ਹਾਂ ਕਿ ਤੁਸੀਂ ਇਸ ਪਵਿੱਤਰ ਹਾਊਸ ਦੀਆਂ ਰਵਾਇਤਾਂ ਨੂੰ ਕਾਇਮ ਰੱਖੋਗੇ ਅਤੇ ਅਜਨਾਲਾ ਸਾਹਿਬ ਨੇ ਜਿਹੜੀਆਂ ਅੱਛੀਆਂ ਰਵਾਇਤਾਂ ਕਾਇਮ ਕੀਤੀਆਂ ਹਨ ਉਨ੍ਹਾਂ ਰਵਾਇਤਾਂ ਨੂੰ ਕਾਇਮ ਰੱਖੋਗੇ। ਅਪੋਜ਼ੀਸ਼ਨ ਨੂੰ ਵੇਟੇਜ ਜ਼ਿਆਦਾ ਦੇਵੋਗੇ ਅਤੇ ਅਪੋਜ਼ੀਸ਼ਨ ਨੂੰ ਆਪਣਾ ਰੋਲ ਅਦਾ ਕਰਨ ਦਾ ਪੂਰਾ ਮੌਕਾ ਦੇਵੋਗੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਤੁਹਾਨੂੰ ਇਸ ਅਹੁਦੇ ਤੇ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** (ਬਾਘਾ ਪੁਰਾਣਾ) : ਸਪੀਕਰ ਸਾਹਿਬ, ਮੈਂ ਤੁਹਾਨੂੰ ਇਸ ਪਵਿੱਤਰ ਸਦਨ ਦੇ ਸਪੀਕਰ ਦੇ ਅਹੁਦੇ ਤੇ ਚੁਣੇ ਜਾਣ ਤੇ ਆਪਣੇ ਵਲੋਂ ਅਤੇ ਆਪਣੀ ਪਾਰਟੀ ਵੱਲੋਂ ਵਧਾਈ ਦਿੰਦਾ ਹਾਂ। ਮਗਰ ਜਿਹੜਾ ਖਦਸ਼ਾ ਆਪੋਜ਼ੀਸ਼ਨ ਪਾਰਟੀ ਦੇ ਮੈਂਬਰਾਂ ਨੇ ਜ਼ਾਹਿਰ ਕੀਤਾ ਹੈ ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਇਹ ਖਦਸ਼ਾ ਖਤਮ ਹੋ ਜਾਵੇਗਾ ਅਤੇ ਤੁਸੀਂ ਐਸਾ ਰੋਲ ਅਦਾ ਕਰੋਗੇ ਕਿ ਅਪੋਜ਼ੀਸ਼ਨ ਸਾਰੀ ਤੁਹਾਡੇ ਨਾਲ ਚਲੇ। ਜਿਸ ਤਰ੍ਹਾਂ ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਤੁਸੀਂ ਇਕ ਵਕੀਲ ਹੋ ਅਤੇ ਬਤੌਰ ਵਿਦਿਆ ਮੰਤਰੀ ਤੁਸੀਂ ਕੰਮ ਕੀਤਾ ਹੈ। ਪਹਿਲੇ ਸਾਡੀ ਤੁਹਾਡੇ ਨਾਲ ਸਪਲੀਮੈਂਟਰੀ ਰਾਹੀਂ ਗੱਲਬਾਤ ਹੁੰਦੀ ਸੀ। ਹੁਣ ਤੁਸੀਂ ਸਪੀਕਰ ਦੇ ਅਹੁਦੇ ਲਈ ਚੁਣੇ ਗਏ ਹੋ ਇਸ ਲਈ ਤੁਸੀਂ ਅਪੋਜ਼ੀਸ਼ਨ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਮੌਕਾ ਦੇਣਾ। ਸਪੀਕਰ ਸਾਹਿਬ, ਮੈਂ ਆਸ ਰਖਦਾ ਹਾਂ ਕਿ ਤੁਸੀਂ ਆਉਣ ਵਾਲੇ ਸਮੇਂ ਵਿਚ ਅਜਨਾਲਾ ਸਾਹਿਬ ਵੱਲੋਂ ਪਾਈਆਂ ਗਈਆਂ ਰਵਾਇਤਾਂ ਨੂੰ ਕਾਇਮ ਰੱਖੋਗੇ ਅਤੇ ਜਿਹੜਾ ਅਜਨਾਲਾ ਸਾਹਿਬ ਦੇ ਚਲੇ ਜਾਣ ਨਾਲ ਖਲਾਅ ਪੈਦਾ ਹੋ ਗਿਆ ਉਸ ਨੂੰ ਤੁਸੀਂ ਪੂਰਾ ਕਰੋਗੇ ਅਤੇ ਡੈਮੋਕਰੇਟਿਕ ਰਵਾਇਤਾਂ ਨੂੰ ਕਾਇਮ ਰੱਖੋਗੇ ਅਤੇ ਆਪੋਜ਼ੀਸ਼ਨ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਮੌਕਾ ਦੇਵੋਗੇ ਸਰਕਾਰ ਨੂੰ ਸਪੀਕਰ ਦੀ ਇਲੈਕਸ਼ਨ ਤੋਂ ਪਹਿਲਾਂ ਅਪੋਜ਼ੀਸ਼ਨ ਪਾਰਟੀ ਦੇ ਲੀਡਰਜ਼ ਨੂੰ ਜ਼ਰੂਰ ਕੰਸਲਟ ਕਰਨਾ ਚਾਹੀਦਾ ਸੀ ਤਾਂ ਕਿ ਜਿਹੜੀਆਂ ਰਵਾਇਤਾਂ ਬਣੀਆਂ ਹੋਈਆਂ ਹਨ ਉਹ ਕਾਇਮ ਰਹਿ ਸਕਣ। ਇਹ ਠੀਕ ਹੈ ਕਿ ਸਰਕਾਰ ਦੀ ਕਾਫੀ ਮੈਜਾਰਟੀ ਹੈ ਅਤੇ ਉਹ ਆਪਣੇ ਫੈਸਲੇ ਲਾਗੂ ਕਰਵਾ ਸਕਦੀ ਹੈ ਪਰ ਸਰਕਾਰ ਅਪੋਜ਼ੀਸ਼ਨ ਨੂੰ ਕਨਸਲਟ ਕਰ ਲੈਂਦੀ ਤਾਂ ਅੱਛੀ ਗੱਲ ਸੀ। ਤੁਹਾਨੂੰ ਮੈਂ ਇਸ ਅਹੁਦੇ ਤੇ ਚੁਣੇ ਜਾਣ ਤੇ ਲੱਖ ਲੱਖ ਵਧਾਈ ਦਿੰਦਾ ਹਾਂ ਅਸੀਂ ਤੁਹਾਨੂੰ ਪੂਰਾ ਸਹਿਯੋਗ ਦੇਵਾਂਗੇ ਅਤੇ ਤੁਹਾਡੇ ਤੋਂ ਆਸ ਰੱਖਦੇ ਹਾਂ ਕਿ ਤੁਸੀਂ ਵੀ ਸਾਨੂੰ ਪੂਰਾ ਸਮਾਂ ਦੇਵੋਗੇ ਅਤੇ ਅਪੋਜ਼ੀਸ਼ਨ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਮੌਕਾ ਦੇਵੋਗੇ

**ਸਰਦਾਰ ਸੁਰਜਨ ਸਿੰਘ** (ਜੋਗਾ) : ਸਪੀਕਰ ਸਾਹਿਬ, ਤੁਹਾਨੂੰ ਇਸ ਅਹੁਦੇ ਲਈ ਚੁਣੇ ਜਾਣ ਤੇ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਵਧਾਈ ਦਿੰਦਾ ਹਾਂ। ਜਿਸ ਤਰ੍ਹਾਂ ਅਜਨਾਲਾ ਸਾਹਿਬ ਨੇ ਇਸ ਪਵਿੱਤਰ ਹਾਉਸ ਨੂੰ ਚਲਾਉਣ ਲਈ ਅੱਛੀਆਂ ਰਵਾਇਤਾਂ ਕਾਇਮ ਕੀਤੀਆਂ ਅਤੇ ਸੁਚੱਜੇ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੁਰਜਨ ਸਿੰਘ ]

ਢੰਗ ਨਾਲ ਹਾਊਸ ਦੀ ਕਾਰਵਾਈ ਨੂੰ ਚਲਾਇਆ ਅਤੇ ਅਪੋਜ਼ੀਸ਼ਨ ਨੂੰ ਪੂਰਾ ਮਾਣ ਦਿੱਤਾ ਅਤੇ ਉਹ ਅਪੋਜ਼ੀਸ਼ਨ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਮੌਕਾ ਦਿੰਦੇ ਸਨ, ਮੈਂ ਆਸ ਕਰਦਾ ਹਾਂ ਕਿ ਤੁਸੀਂ ਵੀ ਉਨ੍ਹਾਂ ਰਵਾਇਤਾਂ ਨੂੰ ਕਾਇਮ ਰੱਖੋਗੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਆਪਣੀ ਪਾਰਟੀ ਵੱਲੋਂ ਤੁਹਾਨੂੰ ਵਧਾਈ ਦਿੰਦਾ ਹਾਂ।

**ਡਾਕਟਰ ਰਮੇਸ਼ ਦੱਤ** (ਅਨੰਦਪੁਰ ਸਾਹਿਬ) : ਸਪੀਕਰ ਸਾਹਿਬ, ਅੱਜ ਤੁਹਾਨੂੰ ਵਿਧਾਨ ਸਭਾ ਦੇ ਸਪੀਕਰ ਚੁਣੇ ਜਾਣ ਤੇ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਵਧਾਈ ਦਿੰਦਾ ਹਾਂ ਅੌਰ ਉਮੀਦ ਕਰਦਾ ਹਾਂ ਕਿ ਜਿਸ ਤਰ੍ਹਾਂ ਇਸ ਕੁਰਸੀ ਤੇ ਡਾਕਟਰ ਸੱਤ ਪਾਲ, ਸਰਦਾਰ ਗੁਰਦਿਆਲ ਸਿੰਘ ਢਿੱਲੋਂ ਅਤੇ ਸ੍ਰੀ ਪ੍ਰਬੋਧ ਚੰਦਰ ਨੇ ਅਤੇ ਅਜਨਾਲਾ ਸਾਹਿਬ ਨੇ ਜਿਹੜੀਆਂ ਵਿਧਾਨ ਸਭਾ ਵਿਚ ਰਵਾਇਤਾਂ ਕਾਇਮ ਕੀਤੀਆਂ, ਉਸ ਤੋਂ ਤੁਸੀਂ ਪ੍ਰੇਰਣਾ ਲੈ ਕੇ ਇਸ ਹਾਊਸ ਦੀ ਕਾਰਵਾਈ ਨੂੰ ਚਲਾਉਗੇ ਅਤੇ ਰਵਾਇਤਾਂ ਨੂੰ ਕਾਇਮ ਰੱਖੋਗੇ ਅਤੇ ਅਪੋਜ਼ੀਸ਼ਨ ਨੂੰ ਸਰਕਾਰ ਦੀਆਂ ਕਮੀਆਂ ਨੂੰ ਇਸ ਹਾਊਸ ਵਿਚ ਉਜਾਗਰ ਕਰਨ ਦਾ ਪੂਰਾ ਮੌਕਾ ਦੇਵੋਗੇ ਅਤੇ ਰਵਾਇਤਾਂ ਨੂੰ ਹੋਰ ਉਚਾ ਕਰੋਗੇ। ਮੈਂ ਉਮੀਦ ਕਰਦਾ ਹਾਂ ਕਿ ਸ੍ਰੀ ਹਰਨਾਮ ਦਾਸ ਜੌਹਰ ਆਪਣੇ ਇਸ ਅਹੁਦੇ ਤੇ ਕਾਮਯਾਬੀ ਦੇ ਨਾਲ ਚੰਗੀ ਤਰ੍ਹਾਂ ਕੰਮ ਨਿਭਾਉਣਗੇ। ਮੈਂ ਆਪਣੇ ਵੱਲੋਂ ਜੌਹਰ ਸਾਹਿਬ ਨੂੰ ਸਪੀਕਰ ਚੁਣੇ ਜਾਣ ਲਈ ਵਧਾਈ ਦਿੰਦਾ ਹਾਂ ਅਤੇ ਸਾਡੀ ਪਾਰਟੀ ਉਨ੍ਹਾਂ ਨੂੰ ਪੂਰਾ ਤੁਆਵਨ ਦੇਵੇਗੀ।

**ਡਾਕਟਰ ਮਹਿੰਦਰ ਕੁਮਾਰ ਰਿਣਵਾਂ** (ਫਾਜ਼ਿਲਕਾ) : ਸਪੀਕਰ ਸਾਹਿਬ, ਮੈਂ ਆਪਣੇ ਵੱਲੋਂ ਅਤੇ ਆਪਣੇ ਸਾਥੀਆਂ ਵੱਲੋਂ ਤੁਹਾਨੂੰ ਵਧਾਈ ਦਿੰਦਾ ਹਾਂ। ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਜੋ ਹਾਊਸ ਨੇ ਤੁਹਾਡੇ ਤੇ ਵਿਸ਼ਵਾਸ ਪਰਗਟ ਕੀਤਾ ਹੈ ਉਸ ਤੇ ਤੁਸੀਂ ਪੂਰੇ ਉਤਰੋਗੇ। ਜੋ ਸਰਦਾਰ ਗੁਰਦਿਆਲ ਸਿੰਘ, ਸਰਦਾਰ ਹਰਚਰਨ ਸਿੰਘ ਅਜਨਾਲਾ ਵੱਲੋਂ ਪਰੰਪਰਾਵਾਂ ਅਤੇ ਕਨਵੈਨਸ਼ਨਜ਼ ਬਣਾਈਆਂ ਹੋਈਆਂ ਹਨ ਉਨ੍ਹਾਂ ਨੂੰ ਤੁਸੀਂ ਉਚਾ ਰਖੋਗੇ ਅੌਰ ਉਨ੍ਹਾਂ ਤੇ ਪੂਰਾ ਉਤਰੋਗੇ। ਅਪੋਜ਼ੀਸ਼ਨ ਪਾਰਟੀ ਦੇ ਮੈਂਬਰਾਂ ਨੂੰ ਵਿਸ਼ਵਾਸ ਵਿਚ ਰਖਕੇ ਕੰਮ ਕਰੋਗੇ। ਮੈਂ ਤੁਹਾਨੂੰ ਬਤੌਰ ਚੇਅਰਮੈਨ ਪਲਾਨਿੰਗ ਬੋਰਡ ਦੇ ਵੀ ਜਦੋਂ ਤੁਸੀਂ ਪਹਿਲਾਂ ਹੁੰਦੇ ਸੀ, ਉਸ ਵੇਲੇ ਵੀ ਮੈਂ ਤੁਹਾਨੂੰ ਨਜ਼ਦੀਕੀ ਨਾਲ ਦੇਖਿਆ ਹੈ। ਹੁਣ ਤੁਸੀਂ ਜਿਤਨੀ ਦੇਰ ਐਜੂਕੇਸ਼ਨ ਮਨਿਸਟਰ ਦੇ ਤੌਰ ਤੇ ਕੰਮ ਕੀਤਾ ਤਾਂ ਬਾਰਡਰ ਇਲਾਕੇ ਦੇ ਵਿਚ ਜੋ ਸਕੂਲ ਬੰਦ ਪਏ ਸਨ, ਉਨ੍ਹਾਂ ਸਕੂਲਾਂ ਨੂੰ ਖੁਲ੍ਹਵਾਇਆ। ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਤੁਹਾਡੇ ਨਾਲ ਪੂਰਾ ਕੋਆਪਰੇਟ ਕਰਾਂਗੇ ਅੌਰ ਹਾਊਸ ਦੀ ਮਰਿਆਦਾ ਨੂੰ ਪੂਰੀ ਤਰ੍ਹਾਂ ਕਾਇਮ ਰਖਾਂਗੇ।

**ਸ੍ਰੀ ਸਪੀਕਰ** : ਮੈਂ ਮੁੱਖ ਮੰਤਰੀ, ਲੀਡਰ ਆਫ ਦੀ ਹਾਊਸ ਅਤੇ ਬਾਕੀ ਸਾਰੇ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਸਪੀਕਰ ਚੁਣ ਕੇ ਮਾਣ ਬਖਸ਼ਿਆ ਹੈ। ਮੈਂ ਖਾਸ ਕਰਕੇ ਉਹ ਨੇਤਾਗਨ ਜਿਨ੍ਹਾਂ ਨੇ ਮੈਨੂੰ ਮੁਬਾਰਕਬਾਦ ਦਿੱਤੀ ਹੈ ਅੌਰ ਮੇਰੇ ਲਈ ਚੰਗੇ ਸ਼ਬਦ ਵਰਤੇ ਹਨ ਅੌਰ ਨਾਲ ਹੀ ਮੈਨੂੰ ਯਕੀਨ ਦਿਵਾਇਆ ਹੈ ਤੁਆਵਨ ਦੇਣ ਦਾ, ਮੈਂ ਉਨ੍ਹਾਂ ਸਾਰਿਆਂ ਦਾ ਬਹੁਤ ਮਸ਼ਕੂਰ ਹਾਂ। ਮੈਂ ਕੋਸ਼ਿਸ਼ ਕਰਾਂਗਾ ਅੌਰ ਯਕੀਨ ਦਿਵਾਉਂਦਾ ਹਾਂ ਕਿ ਹਾਊਸ ਦੀਆਂ ਪਰੰਪਰਾਵਾਂ, ਹਾਊਸ ਦੀਆਂ ਕਨਵੈਨਸ਼ਨਜ਼ ਜੋ ਹਨ ਉਨ੍ਹਾਂ ਨੂੰ ਹਮੇਸ਼ਾਂ ਲਈ ਅਪਣਾਇਆ ਜਾਏਗਾ। ਜਿਸ ਤਰ੍ਹਾਂ ਇਥੇ ਮੁੱਖ ਮੰਤਰੀ ਜੀ ਨੇ ਕਿਹਾ ਹੈ ਅੌਰ ਮੈਂ ਕੋਸ਼ਿਸ਼ ਕਰਾਂਗਾ ਕਿ ਅਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੂੰ ਵੱਧ ਤੋਂ ਵੱਧ ਸਮਾਂ ਦੇ ਕੇ ਉਨ੍ਹਾਂ ਦੇ ਵਿਚਾਰ ਸੁਣੇ ਜਾਣ। (ਥੰਪਿੰਗ) ਮੈਨੂੰ ਪਤਾ ਹੈ ਕਿ ਇਸ ਪਵਿੱਤਰ ਸਦਨ ਦੇ ਅੰਦਰ ਜੋ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ, ਇਹ ਸਾਰੇ ਮੈਂਬਰ 2 ਕਰੋੜ ਤੋਂ ਵੀ ਵੱਧ ਲੋਕਾਂ ਦੇ ਪ੍ਰਤੀਨਿਧ ਹਨ। ਉਨ੍ਹਾਂ ਸਾਰੇ ਲੋਕਾਂ ਦੇ ਵਿਚਾਰ ਅਤੇ ਖਿਆਲ ਇਥੇ ਉਨ੍ਹਾਂ ਮੈਂਬਰਾਂ ਰਾਹੀਂ ਮਿਲ ਸਕਦੇ ਹਨ। ਮੈਂ ਇਥੇ ਹਾਊਸ ਵਿਚ ਇਕ ਵਾਰ ਫਿਰ

Original with;
Punjab Vidhan Sabha
Digitized by;
Panjab Digital Library

ਯਕੀਨ ਦਿਵਾਉਂਦਾ ਹਾਂ ਕਿ ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਖਾਸ ਕਰਕੇ ਅਪੋਜ਼ੀਸ਼ਨ ਨੂੰ ਵੱਧ ਤੋਂ ਵੱਧ ਸਮਾਂ ਦੇ ਕੇ ਉਨ੍ਹਾਂ ਦੇ ਖਿਆਲ ਸੁਣਕੇ ਸਰਕਾਰ ਤਕ ਪਹੁੰਚਾਉਣ ਦਾ ਯਤਨ ਕਰਾਂਗਾ। ਮੈਂ ਆਪਣੇ ਸੀਨੀਅਰ ਸਾਥੀਆਂ ਸਾਬਕਾ ਸਪੀਕਰ ਸਾਹਿਬਾਨ, ਸਰਦਾਰ ਕਪੂਰ ਸਿੰਘ, ਸਰਦਾਰ ਗੁਰਦਿਆਲ ਸਿੰਘ ਢਿਲੋਂ ਖਾਸ ਕਰਕੇ ਸਰਦਾਰ ਹਰਚਰਨ ਸਿੰਘ ਅਜਨਾਲਾ, ਜੋ ਕਿ ਹੁਣੇ ਹੁਣੇ ਪਹਿਲਾਂ ਸਪੀਕਰ ਸਨ, ਅਤੇ ਜਿਨ੍ਹਾਂ ਵਿਚ ਬਹੁਤ ਨਿਮਰਤਾ ਪਿਆਰ ਸੀ ਅਤੇ ਜਿਨ੍ਹਾਂ ਪ੍ਰਤੀ ਹਾਊਸ ਨੇ ਕੱਲ੍ਹ ਹੀ ਸ਼ਰਧਾ ਦੇ ਫੁਲ ਭੇਂਟ ਕੀਤੇ, ਉਨ੍ਹਾਂ ਦੇ ਨਕਸ਼ੇ ਕਦਮ ਤੇ ਚਲਣ ਦਾ ਯਤਨ ਕਰਾਂਗਾ। (ਥੰਪਿੰਗ) ਸਭ ਮੈਂਬਰਾਂ ਦੇ ਨਾਲ ਪ੍ਰੇਮ ਪਿਆਰ ਰਖਣ ਦੀ ਕੋਸ਼ਿਸ਼ ਕਰਾਂਗਾ। ਮੇਰੀ ਕੋਸ਼ਿਸ਼ ਹੋਵੇਗੀ ਕਿ ਟਰੈਯਰੀ ਬੈਂਚਿਜ਼ ਔਰ ਆਪੋਜ਼ੀਸ਼ਨ ਬੈਂਚਿਜ਼ ਜੋ ਕਿ ਬਹੁਤ ਹੀ ਇੰਪਾਰਟੈਂਟ ਅਦਾਰੇ ਹਨ, ਉਨ੍ਹਾਂ ਦਾ ਤਾਲਮੇਲ ਵੱਧ ਤੋਂ ਵੱਧ ਹੋਵੇ ਔਰ ਆਪਸ ਵਿਚ ਪ੍ਰੇਮ ਪਿਆਰ ਹੋਵੇ। ਇਥੇ ਡਿਸਕਸ਼ਨ ਰਾਹੀਂ ਗੱਲਬਾਤ ਰਾਹੀਂ ਆਪਣੇ ਵਿਚਾਰ ਰੱਖਣ ਦਾ ਸਭ ਨੂੰ ਪੂਰਾ ਪੂਰਾ ਹੱਕ ਹੋਵੇਗਾ। (ਥੰਪਿੰਗ) ਲੇਕਿਨ ਮੈਂ ਇਸ ਦੇ ਨਾਲ ਹੀ ਨਿਰਮਤਾ ਸਹਿਤ ਪ੍ਰਾਰਥਨਾ ਕਰਾਂਗਾ ਕਿ ਆਈਂ ਸਾਰੇ ਰੂਲਾਂ ਦੀ ਪਾਲਣਾ ਕਰੀਏ ਅਤੇ ਉਹ ਢੰਗ ਨਾ ਵਰਤਿਆ ਜਾਵੇ ਜਿਹੜਾ ਕਿ ਰੂਲਜ਼ ਦੇ ਮੁਤਾਬਿਕ ਨਾ ਹੋਵੇ। ਇਥੇ ਸਾਰੇ ਸੁਲਝੇ ਹੋਏ, ਦੇਸ਼-ਭਗਤ, ਸਮਾਜ ਸੇਵੀ ਅਤੇ ਕੌਮ ਦੀ ਸੇਵਾ ਕਰਨ ਵਾਲੇ ਮੈਂਬਰ ਸਾਹਿਬਾਨ ਹਨ ਜਿਹੜੇ ਕਿ ਪੰਜਾਬ ਨਾਲ ਪਿਆਰ ਕਰਦੇ ਹਨ, ਦੇਸ਼ ਨਾਲ ਪਿਆਰ ਕਰਦੇ ਹਨ, ਕੌਮ ਨਾਲ ਪਿਆਰ ਕਰਦੇ ਹਨ, ਉਹ ਆਪਣੀਆਂ ਜਾਨਾਂ ਵੀ ਤਲੀ ਤੇ ਰੱਖ ਕੇ ਇਲੈਕਸ਼ਨ ਲੜ ਕੇ ਆਏ ਹਨ ਕਿਉਂਕਿ ਇਸ ਵਾਰੀ ਇਲੈਕਸ਼ਨਾਂ ਲੜਨੀਆਂ ਕੋਈ ਆਸਾਨ ਕੰਮ ਨਹੀਂ ਸੀ। ਮੈਨੂੰ ਆਸ ਹੈ ਕਿ ਉਹ ਆਪਣੇ ਸੰਪੂਰਨ ਸਹਿਯੋਗ ਦਾ ਭਰੋਸਾ ਦਿਵਾਉਣਗੇ। ਸਾਡੇ ਮੈਂਬਰਾਂ ਦੀ ਏਥੇ ਹੀ ਨਹੀਂ, ਸਾਰੇ ਹਿੰਦੁਸਤਾਨ ਵਿੱਚ ਕਦਰ ਹੈ ਕਿ ਉਹ ਉਸ ਔਖੇ ਸਮੇਂ ਜਦੋਂ ਜਾਨ ਦਾ ਖਤਰਾ ਸੀ, ਆਪਣੀਆਂ ਜਾਨਾਂ ਖਤਰੇ ਵਿੱਚ ਪਾ ਕੇ ਇਲੈਕਸ਼ਨ ਲੜ ਕੇ ਆਏ ਹਨ। ਮੈਂ ਆਸ ਕਰਾਂਗਾ ਕਿ ਜਿਸ ਤਰ੍ਹਾਂ ਮੁੱਖ ਮੰਤਰੀ ਸਾਹਿਬ ਆਪਣੇ ਮੈਂਬਰਾਂ ਦੀ ਕਦਰ ਕਰਦੇ ਹਨ, ਅਪੋਜ਼ੀਸ਼ਨ ਦੇ ਮੈਂਬਰਾਂ ਦੀ ਵੀ ਕਦਰ ਕਰਦੇ ਹਨ ਅਤੇ ਜ਼ਿਆਦਾ ਕਦਰ ਕਰਦੇ ਹਨ, ਉਸੇ ਤਰ੍ਹਾਂ ਸਾਰੇ ਮੈਂਬਰ ਸਾਹਿਬਾਨ ਵੀ ਇਸ ਸਦਨ ਦੀਆਂ ਪਰੰਪਰਾਵਾਂ ਦੀ ਪੂਰੀ ਤਰ੍ਹਾਂ ਕਦਰ ਕਰਨਗੇ। ਮੈਂ ਯਕੀਨ ਦਿਵਾਉਂਦਾ ਹਾਂ ਕਿ ਜਿਥੋਂ ਤੱਕ ਮੇਰਾ ਫਰਜ਼ ਹੈ ਕਿ ਮੈਂ ਤੁਹਾਡੀ ਕਦਰ ਕਰਾਂ, ਇਸ ਪਵਿੱਤਰ ਸਦਨ ਦੀ ਸ਼ਾਨ ਬੜ੍ਹਾਵਾਂ, ਮੈਂ ਆਪਣੇ ਫਰਜ਼ ਜ਼ਰੂਰ ਪੂਰੇ ਕਰਾਂਗਾ। ਮੈਂ ਫੇਰ ਆਖਿਰ ਵਿੱਚ ਪ੍ਰਾਰਥਨਾ ਕਰਾਂਗਾ ਕਿ ਜਿਸ ਤਰ੍ਹਾਂ ਤੁਸੀਂ ਵਿਸ਼ਵਾਸ ਦਿਵਾਇਆ ਹੈ, ਉਸੇ ਤਰ੍ਹਾਂ ਤੁਸੀਂ ਤੁਆਵਨ ਦੇਂਦੇ ਰਹੋ ਅਤੇ ਤੁਆਵਨ ਲੈਂਦੇ ਰਹੋ। ਜੈ ਹਿੰਦ। ਜੈ ਭਾਰਤ।

**ਸ੍ਰੀ ਸਤਨਾਮ ਸਿੰਘ ਕੈਂਥ** : ** ** **

**ਸ੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਮੈਂ ਕੈਂਥ ਸਾਹਿਬ ਨੂੰ ਪ੍ਰਾਰਥਨਾ ਕਰਾਂਗਾ ਕਿ ਅੱਜ ਦੇ ਅਜੰਡੇ ਲਈ ਇਕ ਸਬਸਟਾਂਟਿਵ ਮੋਸ਼ਨ ਆ ਰਹੀ ਹੈ ਜਿਸ ਅਨੁਸਾਰ ਸਾਰੇ ਹਾਊਸ ਨੂੰ ਇਹ ਪੂਰਾ ਮੌਕਾ ਮਿਲੇਗਾ ਕਿ ਉਹ ਆਪਣੇ ਮਨ ਦੀ ਗੱਲ ਕਹਿ ਸਕਣ। ਕ੍ਰਿਪਾ ਕਰਕੇ ਤੁਸੀਂ ਉਸ ਵੇਲੇ ਆਪਣਾ ਕੇਸ ਪੇਸ਼ ਕਰ ਲੈਣਾ ਔਰ ਜੋ ਹਾਊਸ ਫੈਸਲਾ ਕਰੇਗਾ ਉਸ ਲਈ ਸਾਰੇ ਪਾਬੰਦ ਹੋਣਗੇ। (ਵਿਘਨ)

(ਇਸ ਵੇਲੇ ਸਦਨ ਵਿੱਚ ਹਾਜ਼ਰ ਬੀ.ਐਸ.ਪੀ. ਦੇ ਸਾਰੇ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਕੈਂਥ ਸਾਹਿਬ, ਇਸ ਦਾ ਜਵਾਬ ਸੀ.ਐਮ. ਸਾਹਿਬ ਦੇ ਦੇਣਗੇ। ਕ੍ਰਿਪਾ ਕਰਕੇ ਉਨੀ ਦੇਰ ਸ਼ਾਂਤੀ ਨਾਲ ਬੈਠੋ। ਮੈਨੂੰ ਪੂਰੀ ਆਸ ਹੈ ਕਿ ਸਰਦਾਰ ਬਲਦੇਵ ਸਿੰਘ ਭੱਟੀ ਨੂੰ ਇਸ ਹਾਊਸ ਕੋਲੋਂ ਪੂਰਾ ਇਨਸਾਫ ਮਿਲੇਗਾ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ ) :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਕ ਬੜਾ ਅਹਿਮ ਮਸਲਾ ਉਠਾਇਆ ਹੈ ਜਿਸ ਵਿੱਚ ਇਨ੍ਹਾਂ ਦੀ ਸ਼ਿਕਾਇਤ ਹੈ ਕਿ ਉਸ ਨਾਲ ਇਨ-ਜਸਟਿਸ ਹੋਇਆ ਹੈ। ਮੈਂ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਦਾ ਕਿਸੇ ਨਾਲ ਇਨਜਸਟਿਸ ਕਰਨ ਦਾ ਕੋਈ ਮਤਲਬ ਨਹੀਂ ਔਰ ਨਾ ਹੀ ਕੋਈ ਇਨਜਸਟਿਸ ਇਸ ਵਿਧਾਨ ਸਭਾ ਦੇ ਕਿਸੇ ਮੈਂਬਰ ਨਾਲ ਹੋਣਾ ਚਾਹੀਦਾ ਹੈ। ਮੈਂ ਇਸ ਬਾਰੇ ਫਿਰ ਕਹਾਂਗਾ , ਕਿਉਂਕਿ ਇਹ ਲੀਡਰ ਆਫ ਦੀ ਆਪੋ-ਜ਼ੀਸ਼ਨ ਹਨ, ਇਨ੍ਹਾਂ ਨੇ ਗੱਲ ਕੀਤੀ ਹੈ, ਇਸ ਦੇ ਬਾਰੇ ਜੇ ਹੋਰ ਵੀ ਕਿਸੇ ਮੈਂਬਰ ਦਾ ਕਿਸੇ ਪ੍ਰਕਾਰ ਦਾ ਕੋਈ ਖਿਆਲ ਹੈ ਤਾਂ ਉਹ ਵੀ ਸਾਨੂੰ ਸੁਣ ਲੈਣਾ ਚਾਹੀਦਾ ਹੈ ਫਿਰ ਉਸ ਤੋਂ ਬਾਅਦ ਮੈਂ ਸਟੇਟਮੈਂਟ ਦੇ ਦਿਆਂਗਾ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ** ** **

(ਵਿਘਨ)

**Mr. Speaker**: This is no point of order.

(ਇਸ ਵੇਲੇ ਸੀ.ਪੀ.ਆਈ., ਸੀ.ਪੀ.ਆਈ(ਐਮ.) ਸ਼੍ਰੋਮਣੀ ਅਕਾਲੀ ਦਲ (ਕ) ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਖੜ੍ਹੇ ਹੋਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

(ਬੀ.ਜੇ.ਪੀ. (ਪ) ਦੇ ਦੋਨੋਂ ਹਾਜ਼ਰ ਮੈਂਬਰ ਸਾਹਿਬਾਨ ਕੁਝ ਕਹਿ ਰਹੇ ਸਨ ਪਰ ਸਦਨ ਵਿਚ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ) (ਵਿਘਨ)

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ:** ** ** **

**ਸ੍ਰੀ ਸਪੀਕਰ:** ਜੋ ਕੁਝ ਇਹ ਮੇਰੀ ਪਰਮਿਸ਼ਨ ਤੋਂ ਬਗੈਰ ਕਿਹਾ ਗਿਆ ਹੈ, ਉਹ ਰਿਕਾਰਡ ਨਾ ਨਾ ਕੀਤਾ ਜਾਵੇ ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ:** ** ** **

**Mr. Speaker** · Whatever is spoken by Zira Ji, is not to form part of the proceedings.

---

## ANNOUNCEMENT BY THE SPEAKER RE: RESIGNATION OF SARDAR UMRAO SINGH, M.L.A.

**Mr. Speaker**: I have to inform the House that Sardar Umrao Singh, Member of the Punjab Vidhan Sabha representing 35- Nakodar Constituency has resigned his seat in the Punjab Vidhan Sabha with effect from 21st June, 1993.

His resignation was accepted and, he, therefore, ceased to be the member of the Sabha from 21st June, 1993.

There is an announcement by the Secretary.

---

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

## ANNOUNCEMENT BY THE SECRETARY

**ਸ੍ਰੀ ਸਕੱਤਰ**: ਮੈਂ ਦਸਵੀਂ ਵਿਧਾਨ ਸਭਾ ਦੁਆਰਾ ਆਪਣੇ ਚੌਥੇ ਸਮਾਗਮ ਦੇ ਦੌਰਾਨ ਪਾਸ ਕੀਤੇ ਬਿੱਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ।

ਉਨ੍ਹਾਂ ਬਿਲਾਂ ਨੂੰ ਦਰਸਾਉਂਦਾ ਵਿਵਰਣ ਜੋ ਪੰਜਾਬ ਵਿਧਾਨ ਸਭਾ ਦੁਆਰਾ ਆਪਣੇ ਬਜਟ (ਚੌਥੇ) ਸਮਾਗਮ ਦੌਰਾਨ ਪਾਸ ਕੀਤੇ ਗਏ ਸਨ ਅਤੇ ਜਿਨ੍ਹਾਂ ਨੂੰ ਰਾਜਪਾਲ ਦੁਆਰਾ ਸਹਿਮਤੀ ਦੇ ਦਿਤੀ ਗਈ ਹੈ ।

1. ਪੰਜਾਬ ਨਮਿੱਤਣ ਬਿਲ, 1993.
2. ਪੰਜਾਬ ਨਮਿੱਤਣ (ਨੰ: 2) ਬਿਲ, 1993.
3. ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 1993.
4. ਪੰਜਾਬ ਆਮ ਵਿਕਰੀ ਕਰ (ਸੋਧਨਾ) ਬਿਲ, 1993.
5. ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 1993.
6. ਪੂਰਬੀ ਪੰਜਾਬ ਜੰਗੀ ਜਾਗੀਰਾਂ (ਸੋਧਨਾ) ਬਿਲ, 1993.
7. ਪੰਜਾਬ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ (ਸੋਧਨਾ ਅਤੇ ਵੈਧਤਾ) ਬਿਲ, 1993.
8. ਪੰਜਾਬ ਰਾਜ ਵਿਧਾਨ ਮੰਡਲ ਦੇ ਮੈਂਬਰ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮ) (ਸੋਧਨਾ) ਬਿਲ, 1993.
9. ਪੰਜਾਬ ਵਿਧਾਨ ਸਭਾ (ਮੈਂਬਰਾਂ ਦੇ ਭੱਤੇ) (ਸੋਧਨਾ) ਬਿਲ, 1993.
10. ਪੰਜਾਬ ਮੁਸਾਫਰ ਅਤੇ ਸਾਮਾਨ ਤੇ ਕਰ (ਮਨਸੂਖੀ) ਬਿਲ, 1993.
11. ਪੰਜਾਬ ਮੋਟਰ ਗੱਡੀਆਂ ਤੇ ਕਰ (ਸੋਧਨਾ) ਬਿਲ, 1993.

**ਸ੍ਰੀ ਸਪੀਕਰ**: ਹੁਣ ਕਾਲ ਅਟੈਨਸ਼ਨ ਮੋਸ਼ਨ ਲਈ ਜਾਵੇਗੀ। ਸ੍ਰੀਮਤੀ ਵਿਮਲਾ ਡਾਂਗ ਜੀ।

(ਇਸ ਸਮੇਂ ਬੀ.ਐਸ.ਪੀ. ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਹਰੇ ਮਾਰ ਰਹੇ ਸਨ ਅਤੇ ਸਰਦਾਰ ਬਲਦੇਵ ਸਿੰਘ ਭੱਟੀ, ਐਮ.ਐਲ.ਏ. ਦੇ ਵਿਰੁੱਧ ਜੁਡੀਸ਼ੀਅਲ ਇਨਕੁਆਰੀ ਦੀ ਮੰਗ ਕਰ ਰਹੇ ਸਨ। )

**ਸ੍ਰੀ ਸਪੀਕਰ**: ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ। ਕਿਰਪਾ ਕਰਕੇ ਬੈਠ ਜਾਓ। ਜਦੋਂ ਮੋਸ਼ਨ ਆਵੇਗੀ ਤਾਂ ਮੈਂ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਉਹ ਜਵਾਬ ਦੇਣ। ਸ੍ਰੀਮਤੀ ਵਿਮਲਾ ਡਾਂਗ ਜੀ ।

(ਇਸ ਵੇਲੇ ਬੀ.ਐਸ.ਪੀ. ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ** ਨਾਹਰੇ ਮਾਰ ਰਹੇ ਸਨ)।

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ। ਬੈਠ ਜਾਓ, ਜਦੋਂ ਮੋਸ਼ਨ ਆਵੇਗੀ ਸੀ. ਐਮ. ਸਾਹਿਬ ਜਵਾਬ ਦੇਣਗੇ। Please sit down.

---

## DHARNA

(ਇਸ ਵੇਲੇ ਬੀ.ਐਮ.ਪੀ. ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਵੈਲਆਫ ਦੀ ਹਾਊਸ ਵਿੱਚ ਆ ਕੇ ਧਰਨੇ ਤੇ ਬੈਠ ਗਏ ਅਤੇ ਉਹ ** ** ** ਨਾਹਰੇ ਮਾਰ ਰਹੇ ਸਨ)।

**Mr. Speaker :** The matter will be theroughly discussed. All the Members who will be interested in that, they may speak on the Motion. You have the right to speak. After that the Chief Minister will answer it. Please sit down.

(ਇਸ ਸਮੇਂ ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਜਨਤਾ ਦਲ) ਸਰਦਾਰ ਇੰਦਰਜੀਤ ਸਿੰਘ ਜ਼ੀਰਾ (ਸ਼੍ਰੋਮਣੀ ਅਕਾਲੀ ਦਲ (ਕ) ਅਤੇ ਕਾਮਰੇਡ ਤਰਸੇਮ ਜੋਧਾਂ (ਸੀ.ਪੀ.ਆਈ.ਐਮ) ਵੈੱਲ ਆਫ ਦੀ ਹਾਊਸ ਵਿਚ ਆਕੇ ਧਰਨੇ ਤੇ ਬੈਠ ਗਏ ਅਤੇ ਉਹ ਕਿਸਾਨ ਲੀਡਰਾਂ ਦੀ ਰਿਹਾਈ ਦੀ ਮੰਗ ਕਰ ਰਹੇ ਸਨ)।

**ਸ੍ਰੀ ਸਪੀਕਰ :** ਐਮ. ਐਲ. ਏ. ਸਾਹਿਬਾਨ ਜਿਹੜੇ ਵੈੱਲ ਆਫ ਦੀ ਹਾਊਸ ਵਿੱਚ ਬੈਠੇ ਹਨ ਉਹ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਜਾਣ ਔਰ ਜਿਹੜੇ ਨਾਹਰੇ ਮਾਰੇ ਜਾ ਰਹੇ ਹਨ ਉਹ ਰਿਕਾਰਡ ਨਾ ਕੀਤੇ ਜਾਣ। ਮੈਂ ਮੈਂਬਰ ਸਾਹਿਬਾਨ ਨੂੰ ਪ੍ਰਾਰਥਨਾ ਕਰਾਂਗਾ ਕਿ ਉਹ ਆਪਣੀਆਂ ਸੀਟਾਂ ਤੇ ਚਲੇ ਜਾਣ।

**ਸੰਸਦੀ ਮਾਮਲਿਆਂ ਦੇ ਮੰਤਰੀ (ਸਰਦਾਰ ਉਮਰਾਓ ਸਿੰਘ):** ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਜਿਹੜੀ ਮੋਸ਼ਨ ਹੈ, ਉਹ ਪਹਿਲਾਂ ਕਰ ਲਓ ਅਤੇ ਇਨ੍ਹਾਂ ਦੀ ਵੀ ਗੱਲ ਸੁਣ ਲਓ। I propose that agenda may be changed.

**Mr. Speaker :** Is it the pleasure of the House ?

(Voices : Yes, Yes.)

Now we take up the Substantive Motion.

(ਇਸ ਸਮੇਂ ਸਦਨ ਵਿਚ ਕਾਫੀ ਨਾਹਰੇਬਾਜ਼ੀ ਹੋਣ ਕਾਰਣ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

---

## SUBSTANTIVE MOTION

**Sardar Gurbinder Singh Atwal** (Nurmahal) : Sir, I beg to move—

"This House censures the conduct of Sardar Baldev Singh Bhatti, M.L.A. who had allegedly raped Miss Kulwant Kaur D/o Sardar Gurnam Singh, Village Datta, Tehsil, Zira, District Ferozepur in the M.L.A's Hostel Sector 3, Chandigarh during the first week of June, 1993 and later on forcing her father at a gun point to push her into the canal."

(Noise).

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਸ ਸਮਾਜ ਵਿੱਚ ਔਰਤ ਦੀ ਬੜੀ ਕੰਟਰੀਬਿਊਸ਼ਨ ਹੈ। ਪਰੰਤੂ ਪਿਛਲੇ ਦਿਨਾਂ ਵਿਚ ਨਿਊਜ਼ ਪੇਪਰ ਵਿਚ ਵਿਧਾਨ ਸਭਾ ਦੇ ਮਾਨਯੋਗ ਮੈਂਬਰ ਸਾਹਿਬ ਸਬੰਧੀ ਜੋ ਖਬਰ ਲੱਗੀ, ਉਸ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਮੈਂ ਇਹ ਨਹੀਂ ਕਹਿਣਾ ਚਾਹੁੰਦਾ ਕਿ ਸਰਦਾਰ ਬਲਦੇਵ ਸਿੰਘ ਭੱਟੀ ਨੇ ਜੁਰਮ ਕੀਤਾ ਹੈ ਜਾਂ ਨਹੀਂ ਕਿਉਂਕਿ ਮੈਨੂੰ ਜ਼ਾਤੀ ਤੌਰ ਤੇ ਇਸ ਗੱਲ ਦਾ ਪਤਾ ਨਹੀਂ ਪਰ ਜੋ ਕੁਝ ਅਖਬਾਰਾਂ ਵਿਚ ਛਪਿਆ ਹੈ, ਉਸ ਗੱਲ ਦੀ ਲੋਕਾਂ ਵਿਚ ਕਾਫੀ ਚਰਚਾ ਹੈ। ਮੈਂ ਸਮਝਦਾ ਹਾਂ ਕਿ ਜੋ ਐਲੀਗੇਸ਼ਨ ਕਿਸੇ ਮੈਂਬਰ ਸਾਹਿਬ ਤੇ ਲਗਦੇ ਹਨ, ਉਨ੍ਹਾਂ ਦੀ ਵਿਧਾਨ ਸਭਾ ਅੰਦਰ ਡਿਸਕਸ਼ਨ ਹੋਣੀ ਚਾਹੀਦੀ ਹੈ ਅਤੇ ਜਿਹੜਾ ਮੋਸ਼ਨ ਮੈਂ ਵਿਧਾਨ ਸਭਾ ਵਿੱਚ ਮੂਵ ਕੀਤਾ ਹੈ, ਮੈਂ ਸਮਝਦਾ ਹਾਂ ਕਿ ਸਾਰੀਆਂ ਪਾਰਟੀਆਂ ਰਲ ਕੇ ਇਸ ਤੇ ਡਿਸਕਸ਼ਨ ਕਰਨ।

(ਇਸ ਸਮੇਂ ਧਰਨੇ ਤੇ ਬੈਠੇ ਮੈਂਬਰ ਸਾਹਿਬਾਨ ਉਠ ਕੇ ਆਪਣੀਆਂ ਸੀਟਾਂ ਤੇ ਚਲੇ ਗਏ।)

ਸਾਰੀਆਂ ਪਾਰਟੀਆਂ ਨੂੰ ਇਸ ਤੇ ਆਪਣੇ ਆਪਣੇ ਵਿਚਾਰ ਦੇਣੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਔਰਤ ਜ਼ਾਤ ਤੇ ਜ਼ੁਲਮ ਸਾਰੀ ਮਨੁੱਖਤਾ ਤੇ ਜ਼ੁਲਮ ਹੈ। ਗੁਰੂ ਨਾਨਕ ਦੇਵ ਜੀ ਨੇ ਆਖਿਆ ਹੈ :—

"ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ ॥"

ਔਰਤ ਜ਼ਾਤ ਨਾਲ ਜੋ ਕੁਝ ਹੋਇਆ, ਉਹ ਬੜੀ ਹੀ ਸ਼ਰਮ ਦੀ ਗੱਲ ਹੈ। ਵਿਧਾਨ ਸਭਾ ਵਿਚ ਇਸ ਸਬੰਧੀ ਵਿਚਾਰ ਹੋਣੀ ਚਾਹੀਦੀ ਹੈ।

(ਇਸ ਸਮੇਂ ਸਦਨ ਅੰਦਰ ਕਾਫੀ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਇੱਕ ਅਬਲਾ ਕੁਲਵੰਤ ਕੌਰ ਜਿਹੜੀ ਨੌਕਰੀ ਦੀ ਤਲਾਸ਼ ਵਿਚ ਆਈ। (ਵਿਘਨ) ਇਹੋ ਜਿਹੀਆਂ ਪਤਾ ਨਹੀਂ ਕਿੰਨੀਆਂ ਔਰਤਾਂ ਨੇ ਇਸ ਤਰ੍ਹਾਂ ਦੇ 'ਭੱਟੀਆਂ' ਦੇ ਦਰਵਾਜ਼ੇ ਖੜਕਾਏ ਹੋਣਗੇ। ਲੇਕਿਨ ਜੋ ਜ਼ੁਲਮ ਇਸ ਔਰਤ ਨਾਲ ਹੋਇਆ, ਉਸ ਦੀ ਮਿਸਾਲ ਇਸ ਯੁਗ ਵਿਚ ਕਿਧਰੇ ਨਹੀਂ ਮਿਲਦੀ। ਸਪੀਕਰ ਸਾਹਿਬ, ਉਸ ਦੇ ਬਜ਼ੁਰਗ ਬਾਪ ਵਲੋਂ ਇਹ ਐਲੀਗੇਸ਼ਨ ਲਾਇਆ ਗਿਆ। ਉਸ ਦੀਆਂ ਪੰਜ ਹੋਰ ਲੜਕੀਆਂ ਹਨ ਅਤੇ ਇਕ ਲੜਕਾ ਹੈ ਜੋ ਅਪਾਹਜ ਹੈ। ਪਰਿਵਾਰ ਦੀ ਰੋਟੀ ਚਲਾਉਣ ਵਾਲੀ ਉਸ ਅਬਲਾ ਨਾਲ ਜੋ ਕੁਝ ਹੋਇਆ, ਉਹ ਮੂੰਹ ਬੰਦ ਕਰਕੇ ਦੇਖਦੇ ਰਹੇ। ਇਸ ਸਬੰਧੀ ਜ਼ਰੂਰ ਕਾਰਵਾਈ ਹੋਣੀ ਚਾਹੀਦੀ ਹੈ। (ਵਿਘਨ) ਸਰਕਾਰ ਨੇ ਇਤਨੀ ਦੇਰ ਇਸ ਸਬੰਧੀ ਚੁੱਪ ਕਿਉਂ ਰੱਖੀ? ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਇਹ ਗੱਲ ਜ਼ਰੂਰ ਕਹਾਂਗਾ ਕਿ ਕਾਰਵਾਈ ਜਲਦੀ ਤੋਂ ਜਲਦੀ ਹੋਣੀ ਚਾਹੀਦੀ ਹੈ। ਕਿਸੇ ਵੀ ਤਫਤੀਸ਼ ਵਿੱਚ ਕਿਸੇ ਨਾ ਕਿਸੇ ਕਾਨੂੰਨ ਦਾ ਸਹਾਰਾ ਲੈਣਾ ਹੁੰਦਾ ਹੈ। ਇਹ ਗੱਲ ਗਲਤ ਹੈ ਕਿ 4 ਬੰਦੇ ਨਾਹਰੇ ਮਾਰਨ, ਫਿਰ ਇਸ ਆਵਾਜ਼ ਨੂੰ ਚੁੱਪ ਕਰਾਉਣ ਦਾ ਯਤਨ ਕਰਨ। ਇਹ ਗੱਲ ਗਲਤ ਹੈ। ਹਰ ਬੰਦੇ ਦੇ ਹੱਕ ਦੀ ਗੱਲ ਹੋਵੇ। ਇਹ ਵਿਧਾਨ ਸਭਾ ਵਿੱਚ ਹੋਣਾ ਚਾਹੀਦਾ ਹੈ। ਜਿਸ ਪਰਿਵਾਰ ਦੀ ਇੱਕ ਅਬਲਾ ਬੱਚੀ ਇਸ ਸੰਸਾਰ ਤੋਂ ਸਦਾ ਲਈ ਰੁਖਸਤ ਹੋ ਗਈ, ਉਸ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਤੁਹਾਡਾ ਬਹੁਤ ਬਹੁਤ ਸ਼ੁਕਰੀਆ।

**Mr Speaker** : Motion moved—

"This House censures the conduct of Sardar Baldev Singh Bhatti, M.L.A. who had allegedly raped Miss Kulwant Kaur D/o Sardar Gurnam Singh, Village Datta, Tehsil Zira, District Ferozepur in the M.L.A's. Hostel, Sector 3, Chandigarh during the first week of June, 1993 and later on forcing her father at a gun point to push her into the canal."

Discussion, please.

Original with;
Punjab Vidhan Sabha
Digitized by;
Panjab Digital Library

ਸ੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ): ਸਪੀਕਰ ਸਾਹਿਬ, ਮੈਂ ਆਪਣੀ ਰਾਏ ਇਸ ਸਮੱਸਿਆ ਬਾਰੇ ਦੇਣੀ ਚਾਹੁੰਦੀ ਹਾਂ । ਮੇਰੀ ਰਾਏ ਹੈ ਕਿ ਜਿਸ ਤਰ੍ਹਾਂ ਇਹ ਮਤਾ ਪੇਸ਼ ਕੀਤਾ ਗਿਆ ਇੰਜ ਨਹੀਂ ਹੋਣਾ ਚਾਹੀਦਾ। ਹਰ ਮਸਲਾ ਪਹਿਲਾਂ ਅਸੰਬਲੀ ਵਿੱਚ ਡਿਸਕਸ ਹੋਣਾ ਚਾਹੀਦਾ ਹੈ। ਇਸ ਮਸਲੇ ਤੇ ਬਹਿਸ ਹੋਣੀ ਚਾਹੀਦੀ ਹੈ। ਸਾਡੀ ਰਾਏ ਹੈ ਕਿ ਚੀਫ ਮਨਿਸਟਰ ਸਾਹਿਬ ਦੱਸਣ ਕਿ ਉਹਨਾਂ ਨੇ ਟਾਈਮ ਬਾਊਂਡ ਇਨਕੁਆਇਰੀ ਦਾ ਆਰਡਰ ਕੀਤਾ ਸੀ, ਉਸ ਦਾ ਕੀ ਨਤੀਜਾ ਨਿਕਲਿਆ? ਬੀ.ਐਸ.ਪੀ. ਦੇ ਮੈਂਬਰ ਸਾਡੇ ਕੋਲ ਹਾਊਸ ਵਿੱਚ ਬੈਠੇ ਹਨ। ਇਸ ਮਸਲੇ ਬਾਰੇ ਤੁਹਾਡਾ ਇੱਕ ਵਰਸ਼ਨ ਹੈ, ਉਨ੍ਹਾਂ ਦਾ ਦੂਜਾ। ਐਫੀਡੇਵਿਟ ਬਾਰੇ ਵੀ ਦੋ ਵਰਸ਼ਨ ਹਨ, ਇਸ ਲਈ ਉਹ ਜੁਡੀਸ਼ੀਅਲ ਜਾਂਚ ਦੀ ਮੰਗ ਕਰ ਰਹੇ ਹਨ। ਪਹਿਲਾਂ ਇਸ ਸਬੰਧ ਵਿਚ ਸੀ. ਐਮ. ਸਾਹਿਬ ਸਟੇਟਮੈਂਟ ਦੇਣ ਕਿਉਂਕਿ ਉਹਨਾਂ ਨੇ ਕਿਹਾ ਸੀ ਕਿ ਇੱਕ ਹਫਤੇ ਵਿਚ ਟਾਈਮ ਬਾਊਂਡ ਇਨਕੁਆਇਰੀ ਹੋ ਜਾਵੇਗੀ। ਉਸ ਇਨਕੁਆਇਰੀ ਦੀ ਕੀ ਪੁਜੀਸ਼ਨ ਹੈ, ਤੁਹਾਡੀਆਂ ਕੀ ਫਾਈਂਡਿੰਗਜ਼ ਹਨ, ਇਹ ਪੁਆਇੰਟ ਹਾਊਸ ਦੇ ਸਾਹਮਣੇ ਆਉਣੇ ਚਾਹੀਦੇ ਹਨ। ਪਹਿਲਾਂ ਇਸ ਬਾਰੇ ਸੀ. ਐਮ. ਸਾਹਿਬ ਕਲੈਰੀਫਿਕੇਸ਼ਨ ਦੇਣ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਨੂੰ ਬੋਲਣ ਦਾ ਮੌਕਾ ਦਿੱਤਾ ਜਾਵੇ।

ਸ੍ਰੀ ਸਪੀਕਰ : ਬੋਲੋ ।

श्रीमति लक्ष्मी कांता चावला (अमृतसर केन्द्रीय) : हमारे इस सदन के सामने जो अभी यह विषय आया है (विघ्न) यह गम्भीर भी है और लज्जाजनक भी। इस से सब के ऊपर एक धब्बा लगता है। पिछले दिनों दोनों ऐम. ऐल. एज़. होस्टल में जो हुआ, सच पूछिये तो आज ऐम. ऐल. एज़. होस्टल में रहने में और कहने में भी शर्म आती है कि हम ऐम.ऐल.एज़. होस्टल में रहते हैं। मुझे खुशी है कि हमारे एक आदरणीय मैम्बर आज नारी की पीड़ा और नारी के आदर मान की बात कर रहे हैं। यह अच्छा होता अगर नारी की पीड़ा और नारी के आदर की बात उस समय भी की गई होती जब सचिवालय में उस स्त्री ने चिल्ला-चिल्ला कर कहा था कि मेरी इज्जत लूटी गई है और उस को सत्ता के बल पर चुप करा दिया गया था। मुख्य मंत्री जी को याद होगा क्योंकि मैं उस समय उनके पास गई थी और मुझे अपने विश्वसनीय सूत्रों से यह भी पता चला है कि उस मंत्री ने सी. एम. साहिब को जवाब दिया था कि मेरी तो निरी बाँह ही छुई थी जी। मैंने तब यह पूछा था कि जहाँ मंत्री बैठते हैं और जहाँ क्लर्क खड़ी होती हैं उस की दूरी 'एट एन आर्मज़ लैंथ' नहीं होती वहाँ पर कई आर्मज़ की लैंथ होती है।

अभी आप ने यह कहा है कि अलैजड रेप, इस मोशन में लिखा है कि अलैजड रेप, यह तो अभी अलैजड ही है, जो ऐम. ऐल. एज़ होस्टल, सैक्टर 4 के कमरा नं० 20 में हुआ, क्या वह भी अलैजड है (शेम-शेम) तब यह दर्द क्यों नहीं हुआ? मुझे जितना दर्द मंत्री के सातवीं मंजिल के कारनामे का हुआ था, उतना ही कमरा नं० 20, सैक्टर 4 के होस्टल के बारे में दर्द हुआ था। दुनिया भर के

Original with;
Punjab Vidhan Sabha
Digitized by;
Panjab Digital Library

अखबारों में लिखा गया तब कोई मोशन क्यों नहीं आया । मुझे अब भी उतना ही दर्द हुआ है और मैं कहती हूं कि जालंधर की चुनाव में पंजाब के एक वृष्ठ मंत्री पर स्टेज पर जो एलीगेशन लगते रहे, उसकी भी चर्चा करवा लीजिये । I am just talking of allegation. हाऊस की एक कमेटी बनवाइये । हम सब दलों के मैंबर उस कमेटी में हों और उस कमेटी को चारों के चारों केस सौंपिए, हम जाँच करेंगे जो दोषी पाया जाये, न्याय की देवी आँख बन्द रखती है और उस का तीसरा नेत्र खुला रहता है । बिना चेहरे देखे, बिना पार्टी देखे कर्म अच्छा है कि बुरा, इन चारों केसिज़ की जाँच करवाइये । हम सब से पहले उन दोषियों के विरुद्ध खड़े होंगे ; चाहे वो 20 नम्बर कमरे वाले हों, चाहे धर्मकोट वाले हों, चाहे सैक्रट्रीयेट की सातवीं मंज़िल वाले हों और चाहे जालंधर के चुनाव में जो कुछ हुआ उसे करने वाले हों । (थंम्पिग ) धन्यवाद ।

**ਸ੍ਰੀ ਮਲਕੀਅਤ ਸਿੰਘ ਬਿਰਮੀ (ਲੁਧਿਆਣਾ ਦਿਹਾਤੀ)** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮੋਸ਼ਨ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਇਹ ਇਕ ਬਹੁਤ ਹੀ ਅਹਿਮ ਮਸਲਾ ਹੈ। ਇਹ ਇਕ ਬਹੁਤ ਹੀ ਦਰਦਨਾਕ ਘਟਨਾ ਵਾਪਰੀ ਹੈ ਕਿ ਇਸ ਹਾਊਸ ਦੇ ਇਕ ਮੈਂਬਰ ਸਰਦਾਰ ਬਲਦੇਵ ਸਿੰਘ ਭੱਟੀ ਨੇ ਇਕ ਬੀਬੀ ਕੁਲਵੰਤ ਕੌਰ ਨੂੰ ਲਾਲਚ ਦੇ ਕੇ, ਨੌਕਰੀ ਦਾ ਝਾਂਸਾ ਦੇ ਕੇ ਉਸ ਦੇ ਨਾਲ ਐਮ.ਐਲ ਏ. ਹੋਸਟਲ ਦੇ ਵਿੱਚ ਰੇਪ ਕੀਤਾ ਔਰ ਉਸ ਤੋਂ ਬਾਅਦ ਉਸ ਨੂੰ ਚੁੱਪ ਕਰਾਉਣ ਵਾਸਤੇ ਜਿਹੜੇ ਸਾਡੇ ਪਵਿੱਤਰ ਅਸਥਾਨ ਹਨ ਗੁਰਦੁਆਰਾ ਸਾਹਿਬ ਹਨ ਜਿਥੇ ਅਸੀਂ ਮੱਥਾ ਟੇਕਣ ਜਾਂਦੇ ਹਾਂ ਅਤੇ ਪ੍ਰਮਾਤਮਾ ਅਗੇ ਅਰਦਾਸ ਕਰਦੇ ਹਾਂ, ਪ੍ਰਮਾਤਮਾ ਕੋਲ ਫਰਿਆਦ ਕਰਦੇ ਹਾਂ ਕਿ ਹੇ ਸੱਚੇ ਪਾਤਸ਼ਾਹ ਸਾਡੇ ਕੋਲੋਂ ਕੋਈ ਮਾੜਾ ਕੰਮ ਨਾ ਕਰਵਾਈਂ, ਝੂਠ ਨਾ ਬੁਲਵਾਈਂ ਅਤੇ ਨੇਕ ਕੰਮ ਕਰਵਾਈਂ ਅਤੇ ਚੰਗੇ ਤੇ ਨੇਕ ਕੰਮ ਕਰਵਾਉਣ ਵਾਸਤੇ ਅਰਦਾਸ ਕਰਦੇ ਹਾਂ, ਆਪਣਾ ਨੱਕ ਰਗੜਦੇ ਹਾਂ, ਇਹ ਮੈਂਬਰ ਸਾਹਿਬ ਉਸ ਲੜਕੀ ਨਾਲ ਰੇਪ ਕਰਨ ਤੋਂ ਬਾਅਦ ਉਸ ਨੂੰ ਗੁਰਦੁਆਰਾ ਸਾਹਿਬ ਵਿੱਚ ਲੈ ਗਿਆ ਅਤੇ ਕਿਹਾ ਕਿ ਹੇ ਸੱਚੇ ਪਾਤਸ਼ਾਹ ਇਸ ਲੜਕੀ ਤੋਂ ਝੂਠ ਬੁਲਵਾਈਂ ਅਤੇ ਇਸ ਦਾ ਮੂੰਹ ਬੰਦ ਕਰਵਾਈਂ ਕਿ ਇਹ ਲੜਕੀ ਮੇਰੇ ਖਿਲਾਫ ਕੋਈ ਸ਼ਬਦ ਨਾ ਬੋਲੇ। ਇਥੇ ਹੀ ਬੱਸ ਨਹੀਂ, ਇਹ ਮੈਂ ਨਹੀਂ ਕਹਿੰਦਾ ਸਾਰੇ ਕਹਿੰਦੇ ਹਨ ਕਿ ਉਸ ਮੈਂਬਰ ਸਾਹਿਬ ਨੇ ਉਥੋਂ ਗੁਰਦੁਆਰੇ ਤੋਂ ਵਾਪਸ ਆ ਕੇ ਉਸ ਦੇ ਗਰੀਬ ਫਾਦਰ ਨੂੰ ਜੋ ਵਿਚਾਰਾ ਬੜਾ ਲਾਚਾਰ ਸੀ ਉਸ ਨੂੰ ਗੰਨ ਪੁਆਇੰਟ ਤੇ ਕਿਹਾ ਹੈ ਕਿ ਇਸ ਨੂੰ ਨਹਿਰ ਵਿੱਚ ਧੱਕਾ ਦੇ ਅਤੇ ਉਸ ਵਿਚਾਰੇ ਤੋਂ ਆਪਣੀ ਕੁੜੀ ਨੂੰ ਨਹਿਰ ਵਿੱਚ ਸੁਟਵਾ ਕੇ ਮਰਵਾਇਆ। (ਬੀ.ਐਸ.ਪੀ. ਦੇ ਮਾਨਯੋਗ ਮੈਂਬਰਾਂ ਵਲੋਂ ਆਵਾਜ਼ਾਂ: ਐਫ.ਆਈ.ਆਰ. ਦਰਜ ਕਰਵਾਓ) ਉਸ ਤੇ ਕਈ ਕੇਸ ਬਣਦੇ ਹਨ। ਇਕ ਤਾਂ ਉਸ ਨੇ ਉਸ ਲੜਕੀ ਨੂੰ ਵਰਗਲਾਇਆ, ਦੂਸਰਾ ਉਸ ਦਾ ਰੇਪ ਕੀਤਾ, ਫਿਰ ਉਸ ਤੋਂ ਝੂਠ ਬੁਲਵਾਇਆ ਅਤੇ ਫਿਰ ਉਸ ਨੂੰ ਨਹਿਰ ਵਿੱਚ ਸੁਟਵਾ ਕੇ ਮਰਵਾਇਆ। (ਵਿਘਨ) ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਕੋਈ ਪੜ੍ਹਿਆ ਲਿਖਿਆ ਹੋਵੇ ਤਾਂ ਉਹ ਦਸਤਖਤ ਕਰਦਾ ਹੈ ਪਰ ਜੇ ਕੋਈ ਪੜ੍ਹਿਆ ਲਿਖਿਆ ਨਾ ਹੋਵੇ ਤਾਂ ਉਹ ਅੰਗੂਠਾ ਹੀ ਲਾਉਂਦਾ ਹੈ। ਕੋਈ ਅਸ਼ਟਾਮ ਫਰੋਸ਼ ਅਸ਼ਟਾਮ ਪੇਪਰ ਨਹੀਂ ਦਿੰਦਾ ਜਿੰਨਾ ਚਿਰ ਉਸ ਕੋਲ ਕੋਈ ਦਸਤਖਤ ਨਹੀਂ ਕਰਦਾ ਜਾਂ ਅੰਗੂਠਾ ਨਹੀਂ ਲਾਉਂਦਾ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਇਥੇ ਲੋਕੀਂ ਆਤੰਕਵਾਦ ਦੇ ਹੱਥੋਂ ਬੜੇ ਦੁੱਖੀ ਸਨ ਔਰ ਬੜੀ ਮੁਸ਼ਕਲ ਦੇ ਨਾਲ ਸਾਡੀ ਸਰਕਾਰ ਨੇ ਅੱਤਵਾਦ

Original with;
Punjab Vidhan Sabha
Digitized by;
Panjab Digital Library

[ਸ੍ਰੀ ਮਲਕੀਅਤ ਸਿੰਘ ਬਿਰਮੀ]

ਤੋਂ ਲੋਕਾਂ ਨੂੰ ਛੁਟਕਾਰਾ ਦਿਵਾਇਆ ਅਤੇ ਪੰਜਾਬ ਦੀ ਜਨਤਾ ਨੇ ਸਾਨੂੰ ਚੁਣ ਕੇ ਭੇਜਿਆ ਕਿ ਅਸੀਂ ਉਨ੍ਹਾਂ ਦੇ ਲਈ ਕੋਈ ਚੰਗੇ ਕੰਮ ਕਰੀਏ। ਇਸ ਮੈਂਬਰ ਸਾਹਿਬ ਨੂੰ ਉਸ ਇਲਾਕੇ ਦੇ ਲੋਕਾਂ ਨੇ ਇਸ ਹਾਊਸ ਵਿੱਚ ਇਸ ਕਰਕੇ ਚੁਣ ਕੇ ਭੇਜਿਆ ਕਿ ਉਹ ਉਥੇ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਦੂਰ ਕਰੇਗਾ, ਉਨ੍ਹਾਂ ਦੇ ਹਿੱਤਾਂ ਦੀਆਂ ਕੋਈ ਗੱਲਾਂ ਕਰੇਗਾ ਅਤੇ ਉਨ੍ਹਾਂ ਦੀ ਇਜ਼ਤ ਮਾਲ ਅਤੇ ਜਾਨ ਦੀ ਰਾਖੀ ਕਰੇਗਾ। ਪਰ ਇਸ ਮੈਂਬਰ ਨੇ ਉਨ੍ਹਾਂ ਲੋਕਾਂ ਨਾਲ ਇਤਨਾ ਵੱਡਾ ਵਿਸ਼ਵਾਸਘਾਤ ਕੀਤਾ ਹੈ ਅਤੇ ਉਸ ਲੜਕੀ ਦੀ ਮਜ਼ਬੂਰੀ ਦਾ ਫਾਇਦਾ ਉਠਾਂਦਿਆਂ ਉਸ ਨਾਲ ਬਲਾਤਕਾਰ ਕੀਤਾ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਤੇ ਇਸ ਹਾਊਸ ਨੂੰ ਦਰਖਾਸਤ ਕਰਾਂਗਾ ਕਿ ਅਜਿਹੇ ਇਨਸਾਨ ਦੇ ਉਪਰ ਸਖਤ ਤੋਂ ਸਖਤ ਐਕਸ਼ਨ ਹੋਣਾ ਚਾਹੀਦਾ ਹੈ ਤਾਂਕਿ ਅੱਗੇ ਤੋਂ ਕੋਈ ਜੁਰਅੱਤ ਨਾ ਕਰ ਸਕੇ। (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਕੇਸ ਨੂੰ ਦਬਾਉਣਾ ਨਹੀਂ ਚਾਹੀਦਾ, ਨੰਗਾ ਕਰਨਾ ਚਾਹੀਦਾ ਹੈ ਔਰ ਜਿੰਨੀ ਵੱਧ ਤੋਂ ਵੱਧ ਸਜ਼ਾ ਹੋਵੇ ਉਹ ਮੁਜਰਮ ਨੂੰ ਮਿਲਣੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਕੇਸ ਵਿਚ ਕੋਈ ਇਨਕੁਆਇਰੀ ਕਰਾਉਣ ਦੀ ਵੀ ਜ਼ਰੂਰਤ ਨਹੀਂ ਹੈ ਬਲਕਿ ਅਜਿਹੇ ਇਨਸਾਨ ਨੂੰ ਜਲਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਇਤਨਾ ਕਹਿਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਜੈ ਹਿੰਦ।

**ਸ੍ਰੀ ਮਦਨ ਮੋਹਨ ਮਿਤਲ (ਨੰਗਲ)**: ਸਪੀਕਰ ਸਾਹਿਬ, ਇਹ ਜੋ ਮੋਸ਼ਨ ਆਈ ਹੈ ਇਹ ਬਹੁਤ ਸ਼ਰਮਨਾਕ ਹੈ, ਮੈਂ ਸਮਝਦਾ ਹਾਂ ਕਿ ਇਸ ਨਾਲ ਸਾਰੇ ਹਾਊਸ ਦਾ ਸਬੰਧ ਹੈ। It is not a question of one M.L.A., rather it reflects on the working of the M.L.A. class as a whole. ਤੁਸੀਂ ਇਸ ਵੇਲੇ ਇਸ ਹਾਊਸ ਦੇ ਸਪੀਕਰ ਔਰ ਇੰਚਾਰਜ ਹੋ ਇਸ ਲਈ before I enter into merit of this case, ਚਾਹੀਦਾ ਇਹ ਹੈ ਕਿ ਕੋਈ ਇਸ ਲਈ ਕੋਡ ਆਫ ਕੰਡਕਟ ਬਣਾਇਆ ਜਾਵੇ ਔਰ ਉਹ ਰੂਲਜ਼ ਲਾਗੂ ਹੋਣੇ ਚਾਹੀਦੇ ਹਨ ਕਿ ਕਿਸ ਤਰ੍ਹਾਂ ਦਾ ਹੋਸਟਲ ਵਿਚ ਰਹਿਣ ਸਹਿਣ ਹੋਣਾ ਚਾਹੀਦਾ ਹੈ। ਹੁਣ ਤਕ ਵੇਖਣ ਵਿਚ ਇਹ ਆਇਆ ਹੈ ਕਿ ਐਮ.ਐਲ.ਏ. ਹੋਸਟਲ ਵਿਚ ਰਾਤ ਨੂੰ ਕੋਈ ਆਉਂਦਾ ਹੈ ਤਾਂ ਉਸ ਦਾ ਠਹਿਰਨ ਦਾ ਇੰਤਜ਼ਾਮ ਨਹੀਂ ਹੁੰਦਾ। ਮੈਂ ਸਮਝਦਾ ਹਾਂ ਕਿ ਉਸ ਦਾ ਰਾਤ ਨੂੰ ਬਾਹਰ ਠਹਿਰਨ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਭਾਵੇਂ ਜਗ੍ਹਾ ਜਗ੍ਹਾ ਤੇ ਲਿਖਿਆ ਹੁੰਦਾ ਹੈ ਕਿ ਸਿਗਰਟ ਪੀਣਾ ਮਨ੍ਹਾ ਹੈ ਜਾਂ ਸ਼ਰਾਬ ਨਹੀਂ ਪੀਣੀ ਪਰ ਹੋਸਟਲ ਵਿਚ ਇਹ ਸ਼ਰਾਬ ਔਰ ਸਿਗਰਟ ਦਾ ਦੌਰ ਆਮ ਚਲਦਾ ਹੈ ਬਲਕਿ ਇਥੋਂ ਤਕ ਕਿ ਜਿਨ੍ਹਾਂ ਕਮਰਿਆਂ ਵਿਚ ਸ਼ਰਾਬ ਚਲਦੀ ਹੈ ਉਥੇ ਸਰਵੈਂਟ ਵੀ ਭਜ ਭਜ ਕੇ ਸਰਵਿਸ ਕਰਦੇ ਹਨ ਔਰ ਜਿਹੜੇ ਨਾਨ ਸਮੋਕਰਜ਼ ਔਰ ਨਾਨ ਡਰਿੰਕਿੰਗ ਮੈਂਬਰਜ਼ ਹਨ, ਉਨ੍ਹਾਂ ਨੂੰ ਫੂਡ ਵੀ ਨਹੀਂ ਮਿਲਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਪਬਲਿਕ ਮੈਨ ਹਾਂ, we want to keep our head above the crowd also. ਜੇ ਸਾਡੇ ਤੇ ਇਸ ਤਰ੍ਹਾਂ ਦੇ ਇਲਜ਼ਾਮ ਲਗਣ ਭਾਵੇਂ 'ਏ' ਪਾਰਟੀ ਹੋਵੇ ਜਾਂ 'ਬੀ' ਪਾਰਟੀ ਪਰ ਪ੍ਰਸ਼ਨ ਇਹ ਹੈ ਕਿ ਇਹੋ ਜਿਹਾ ਇਲਜ਼ਾਮ ਲਗਣਾ ਇਹ ਸਾਰੇ ਹਾਊਸ ਲਈ ਬੜੀ ਸ਼ਰਮ ਦੀ ਗੱਲ ਹੈ। ਚਾਹੇ ਇਹ ਕੁਰੈਕਟ ਹੈ ਜਾਂ ਨਹੀਂ ਹੈ। ਇਸ ਲਈ ਜੁਡੀਸ਼ੀਅਲ ਇਨਕੁਆਇਰੀ ਹੋਣੀ ਚਾਹੀਦੀ ਹੈ ਜਾਂ ਨਹੀਂ, ਇਹ ਇਕ ਵੱਖਰੀ ਗੱਲ ਹੈ। ਪਰ ਇਸ ਤੋਂ ਇਹ ਪਤਾ ਲਗਦਾ ਹੈ ਕਿ Where you are standing ? What type of stuff we have got ? ਇਸ ਲਈ ਇਸ ਦਾ ਕੋਈ ਨਾ ਕੋਈ ਜ਼ਰੂਰ ਉਪਰਾਲਾ ਕਰਨਾ ਪਵੇਗਾ। ਇਸ ਤਰ੍ਹਾਂ ਦੇ ਐਲੀਗੇਸ਼ਨ

Original with;
Punjab Vidhan Sabha
Digitized by;
Panjab Digital Library

ਲੱਗਣ ਇਹ ਠੀਕ ਨਹੀਂ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਐਮ.ਐਲ.ਏਜ਼. ਹੋਸਟਲ ਵਿਚ ਰਹਿਣ ਸਹਿਣ ਲਈ ਕੋਈ ਕੋਡ ਆਫ਼ ਕੰਡਕਟ ਬਣਾਇਆ ਜਾਣਾ ਚਾਹੀਦਾ ਹੈ। ਅਸੀਂ ਇਸ ਲਈ ਤੁਹਾਨੂੰ ਤੁਆਵਨ ਦੇਵਾਂਗੇ ਔਰ ਸੁਜੈਸ਼ਨਜ਼ ਵੀ ਦੇਵਾਂਗੇ ਤਾਂ ਕਿ ਇਹ ਸਾਰਾ ਮਾਹੌਲ ਠੀਕ ਹੋ ਸਕੇ। ਪਿਛੇ ਵੀ ਇਕ ਇਹੋ ਜਿਹਾ ਇਲਜ਼ਾਮ ਲਗਿਆ ਸੀ ਔਰ ਅਸੀਂ ਉਹ ਅਖਬਾਰਾਂ ਵਿਚ ਪੜ੍ਹਿਆ ਤਾਂ I was shocked to read that news. ਮੈਂ ਇਹ ਵੀ ਕਿਹਾ ਕਿ ਇਸ ਦੀ ਪਹਿਲਾਂ ਇਨਕੁਆਇਰੀ ਕਰ ਲੈਂਦੇ, ਪਰੈਸ ਵਿਚ ਨਹੀਂ ਸੀ ਜਾਣਾ ਚਾਹੀਦਾ, ਤਾਂ ਦਸਿਆ ਗਿਆ ਕਿ ਕਿਉਂਕਿ ਕੋਈ ਐਕਸ਼ਨ ਨਹੀਂ ਸੀ ਲਿਆ ਜਾ ਰਿਹਾ ਇਸ ਕਰਕੇ ਪਰੈਸ ਵਿਚ ਜਾਣਾ ਪਿਆ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਅੱਜ ਅਸੀਂ ਹੋਰ ਸੁਧਾਰ ਦੀ ਕੋਸ਼ਿਸ਼ ਕਰ ਰਹੇ ਹਾਂ ਉਥੇ ਸਾਨੂੰ ਵੀ ਆਪਣੇ ਵਾਸਤੇ ਕੋਡ ਆਫ਼ ਕੰਡਕਟ ਮੇਨਟੇਨ ਕਰਨਾ ਚਾਹੀਦਾ ਹੈ। ਇਸ ਕੇਸ ਬਾਰੇ ਵੀ ਪਿਛੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਇਸ ਦੀ ਇਨਕੁਆਇਰੀ ਡੀ.ਜੀ.ਪੀ. ਨੂੰ ਦਿੱਤੀ ਹੈ, ਸਾਨੂੰ ਨਹੀਂ ਪਤਾ ਕਿ ਉਸ ਦਾ ਕੀ ਬਣਿਆ ਹੈ, ਉਨ੍ਹਾਂ ਨੇ ਹਫਤੇ ਵਿਚ ਰਿਪੋਰਟ ਦੇਣੀ ਸੀ। The Leader of the House will disclose what is the report and what is the truth therein. ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਇਹੋ ਜਿਹੇ ਮਾਹੌਲ ਨੂੰ ਠੀਕ ਕਰਨ ਲਈ ਇਹ ਬੇਹਤਰ ਹੋਵੇਗਾ ਕਿ ਪਹਿਲੇ ਆਪਣੇ ਆਪ ਨੂੰ ਸੰਭਾਲਿਆ ਜਾਵੇ ਔਰ ਇਸ ਲਈ ਕੋਈ ਕੋਡ ਆਫ਼ ਕੰਡਕਟ ਬਣਾਇਆ ਜਾਵੇ। ਸਪੀਕਰ ਸਾਹਿਬ, ਇਹ ਜਿਹੜਾ ਮਤਾ ਲਿਆਂਦਾ ਗਿਆ ਹੈ, ਇਸ ਨੂੰ ਦੇਖਦੇ ਹੋਏ ਮੇਰੀ ਅਪੀਲ ਹੈ ਕਿ ਹਾਊਸ ਦੀ ਮਰਯਾਦਾ ਨੂੰ ਕਾਇਮ ਰਖਿਆ ਜਾਵੇ ਅਤੇ ਰਵਾਇਤਾਂ ਨੂੰ ਵੇਖਦੇ ਹੋਏ ਕਾਰਵਾਈ ਕੀਤੀ ਜਾਵੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ (ਅਟਾਰੀ, ਐਸ. ਸੀ.)** : ਮਾਨਯੋਗ ਸਪੀਕਰ ਸਾਹਿਬ, ਹਾਊਸ ਵਿਚ ਜਿਹੜਾ ਪ੍ਰਸਤਾਵ ਲਿਆਂਦਾ ਗਿਆ ਹੈ ਉਸ ਬਾਰੇ ਜਿਹੜੇ ਪ੍ਰਚਾਰ ਮਾਧਿਅਮ ਰਾਹੀਂ ਦੋਸ਼ ਲਗਾਏ ਗਏ ਹਨ, ਉਹ ਬੜੇ ਸੰਗੀਨ ਕਿਸਮ ਦੇ ਹਨ। ਮੈਂ ਚੀਫ ਮਨਿਸਟਰ ਸਾਹਿਬ ਤੋਂ ਮੰਗ ਕਰਦਾ ਹਾਂ ਕਿ ਦੋਸ਼ੀਆਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਸਮਾਜ ਵਿਚ ਇਸਤਰੀ ਜਾਤੀ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਹਰ ਨਾਗਰਿਕ ਦੀ ਹਿਫਾਜ਼ਤ ਅਤੇ ਇੱਜ਼ਤ ਬਰਕਰਾਰ ਰਖਣੀ ਚਾਹੀਦੀ ਹੈ। ਇਸਤਰੀ ਜਾਤੀ ਦਾ ਸਨਮਾਨ ਹੋਣਾ ਚਾਹੀਦਾ ਹੈ। ਇਸਤਰੀ ਜਾਤੀ ਨੇ ਰਿਸ਼ੀਆਂ ਮੁਨੀਆਂ, ਪੀਰਾਂ, ਪੈਗੰਬਰਾਂ ਨੂੰ ਜਨਮ ਦਿੱਤਾ। ਇਸ ਲਈ ਇਸਤਰੀ ਜਾਤੀ ਦੇ ਸਨਮਾਨ ਲਈ ਦੋਸ਼ੀਆਂ ਦੇ ਖਿਲਾਫ ਜਲਦੀ ਤੋਂ ਜਲਦੀ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਮੇਰੀ ਭੈਣ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਨੂੰ ਪ੍ਰਸਤਾਵ ਲਿਆਉਣਾ ਚਾਹੀਦਾ ਸੀ ਅਤੇ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਸੀ, ਦੋਸ਼ੀਆਂ ਦੀ ਵਕਾਲਤ ਨਹੀਂ ਕਰਨੀ ਚਾਹੀਦੀ ਸੀ। ਇਸ ਤਰ੍ਹਾਂ ਨਾ ਕਰਨ ਨਾਲ ਇਸਤਰੀ ਜਾਤੀ ਦਾ ਅਪਮਾਨ ਹੋਇਆ ਹੈ। (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਕਾਂਤਾ ਜੀ। ਤੁਸੀਂ ਬੈਠੋ। ਮੇਰੀ ਪਰਮਿਸ਼ਨ ਤੋਂ ਬਗੈਰ ਇਹ ਜੋ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

**Expunged, not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਸਪੀਕਰ ਸਾਹਿਬ, ਮੇਰੀ ਭੈਣ ਕਿਉਂ ਚੁੱਪ ਬੈਠੀ ਰਹੀ ਇਹ ਹਾਊਸ ਵਿਚ ਆਵਾਜ਼ ਬੁਲੰਦ ਕਰਦੀ ਅਤੇ ਪ੍ਰਸਤਾਵ ਲਿਆਂਦੀ ਕਿ ਦੋਸ਼ੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ। ਇਨ੍ਹਾਂ ਨੇ ਦੋਸ਼ੀ ਨੂੰ ਬਚਾਉਣ ਦੀ ਕੋਸ਼ਿਸ਼ ਕਿਉਂ ਕੀਤੀ ? (ਵਿਘਨ)

ਮੈਂ ਫਿਰ ਅਪੀਲ ਕਰਦਾ ਹਾਂ ਕਿ ਜਿਹੜਾ ਪ੍ਰਸਤਾਵ ਹਾਊਸ ਵਿਚ ਲਿਆਂਦਾ ਗਿਆ ਹੈ, ਉਸ ਨੂੰ ਪਾਸ ਕਰ ਦਿੱਤਾ ਜਾਵੇ ਅਤੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ। ਮੈਂ ਭੈਣ ਲਕਸ਼ਮੀ ਕਾਂਤਾ ਚਾਵਲਾ ਦਾ ਬਹੁਤ ਸਤਿਕਾਰ ਕਰਦਾ ਹਾਂ। ਇਨ੍ਹਾਂ ਨੂੰ ਇਸਤਰੀ ਜਾਤੀ ਦੇ ਸਤਿਕਾਰ ਅਤੇ ਮਾਣ ਲਈ ਹਾਊਸ ਵਿਚ ਪ੍ਰਸਤਾਵ ਲਿਆਉਣਾ ਚਾਹੀਦਾ ਸੀ ਅਤੇ ਸਰਕਾਰ ਤੋਂ ਕਾਰਵਾਈ ਲਈ ਮੰਗ ਕਰਨੀ ਚਾਹੀਦੀ ਸੀ। (ਵਿਘਨ)

(ਇਸ ਸਮੇਂ ਆਪੋਜ਼ੀਸ਼ਨ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਬੋਲ ਰਹੇ ਸਨ। ** ** ** )

**ਸ੍ਰੀ ਸਪੀਕਰ :** ਮੇਰੀ ਪਰਮਿਸ਼ਨ ਤੋਂ ਬਗੈਰ ਜੋ ਮੈਂਬਰ ਸਾਹਿਬਾਨ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ, ਆਪਣੀ ਆਪਣੀ ਵਾਰੀ ਤੇ ਮੈਂਬਰ ਸਾਹਿਬਾਨ ਨੂੰ ਬੋਲਣਾ ਚਾਹੀਦਾ ਹੈ।

**ਸ੍ਰੀ ਸੰਤੋਖ ਸਿੰਘ ਚੌਧਰੀ (ਫਿਲੌਰ, ਐਸ. ਸੀ.) :** ਸਪੀਕਰ ਸਾਹਿਬ, ਇਹ ਹਾਊਸ ਜਿਸ ਵਿਚ ਸਾਰੇ ਮੈਂਬਰ ਸਾਹਿਬਾਨ ਬਿਰਾਜਮਾਨ ਹਨ, ਇਹ ਹਾਊਸ ਕਾਫੀ ਅਰਸੇ ਦੇ ਬਾਦ ਹੋਂਦ ਵਿਚ ਆਇਆ ਹੈ ਅਤੇ ਕਾਫੀ ਲੋਕਾਂ ਦੀਆਂ ਐਕਸਪੈਕਟੇਸ਼ਨ ਤੋਂ ਬਾਦ, 5 ਸਾਲ ਦੇ ਅਰਸੇ ਦੇ ਬਾਦ ਪੰਜਾਬ ਦੇ ਲੋਕਾਂ ਦੇ ਨੁਮਾਇੰਦੇ ਇਸ ਹਾਊਸ ਵਿਚ ਪੰਜਾਬ ਦੇ ਲੋਕਾਂ ਦੇ ਦੁੱਖ ਅਤੇ ਭਿਆਨਕ ਸਮੱਸਿਆਵਾਂ ਨੂੰ ਦੂਰ ਕਰਨ ਲਈ ਅਤੇ ਲੋਕਾਂ ਦੀ ਸੇਵਾ ਕਰਨ ਵਾਸਤੇ ਇਥੇ ਆਏ ਸੀ। ਕਿਸੇ ਖਾਸ ਮਕਸਦ ਲਈ, ਗਰੀਬਾਂ ਦੀ ਸੇਵਾ ਕਰਨ ਲਈ, ਇਥੇ ਸਾਨੂੰ ਲੋਕਾਂ ਨੇ ਭੇਜਿਆ ਸੀ। ਸਪੀਕਰ ਸਾਹਿਬ, ਇਹ ਬੜੇ ਹੀ ਦੁੱਖ ਦੀ ਗੱਲ ਹੋਈ ਹੈ। ਇੱਕ ਐਮ.ਐਲ.ਏ. ਦੇ ਖਿਲਾਫ ਇਸਤਰ੍ਹਾਂ ਦਾ ਸੰਗੀਨ ਦੋਸ਼ ਸਾਹਮਣੇ ਆਇਆ ਹੈ। 10 ਤਾਰੀਖ ਨੂੰ ਅਖਬਾਰ ਵਿਚ ਇਸ ਬਾਰੇ ਬੜੀ ਭਾਰੀ ਚਰਚਾ ਹੋਈ ਹੈ। ਮੈਂ ਸਮਝਦਾ ਹਾਂ ਕਿ ਇਹ ਬੜਾ ਸੰਗੀਨ ਜੁਰਮ ਹੈ। ਇਕ ਐਮ.ਐਲ.ਏ. ਕੋਲ ਇਕ ਲੜਕੀ ਕਿਸੇ ਚਾਅ ਨਾਲ ਨੌਕਰੀ ਹਾਸਲ ਕਰਨ ਵਾਸਤੇ ਆਈ ਔਰ ਉਸ ਨੂੰ ਅਪਰੋਚ ਕੀਤਾ ਗਿਆ। ਇਹ ਬੜੇ ਹੀ ਦੁੱਖ ਦੀ ਗੱਲ ਹੈ ਕਿ ਉਸ ਲੜਕੀ ਦੇ ਨਾਲ ਬਲਾਤਕਾਰ ਕੀਤਾ ਗਿਆ ਔਰ ਉਸ ਤੋਂ ਬਾਅਦ ਉਸ ਨੂੰ ਜਾਨ ਤੋਂ ਹੀ ਖਤਮ ਕਰ ਦਿਤਾ ਗਿਆ। (ਵਿਘਨ) (ਸ਼ੋਰ) ਇਸ ਤੋਂ ਵੱਧ ਦੁਖਦਾਈ ਘਟਨਾ ਕੀ ਹੋ ਸਕਦੀ ਹੈ ? ਆਪੋਜ਼ੀਸ਼ਨ ਵਾਲਿਆਂ ਤੇ ਇਸ ਤਰ੍ਹਾਂ ਦੇ ਸੰਗੀਨ ਜੁਰਮ ਲਗੇ ਹਨ। ਮੈਂ ਸਮਝਦਾ ਹਾਂ ਕਿ ਜੇ ਕੋਈ ਐਮ.ਐਲ.ਏ. ਕੋਲ ਕਿਸੇ ਕੰਮ ਕਾਰ ਲਈ ਆਵੇ ਅਤੇ ਉਸ ਐਮ.ਐਲ.ਏ. ਨੂੰ ਨੌਕਰੀ ਵਾਸਤੇ ਅਪਰੋਚ ਕਰੇ ਤਾਂ ਉਸ ਨਾਲ ਇਸ ਤਰ੍ਹਾਂ ਦਾ ਵਿਵਹਾਰ ਕੀਤਾ ਜਾਵੇ ਤਾਂ ਕਿਤਨੀ ਮਾੜੀ ਗੱਲ ਹੈ। ਇਸ ਤਰ੍ਹਾਂ ਤਾਂ ਹਰ ਇਕ ਸੋਚੇਗਾ ਕਿ ਮੈਂ ਐਮ.ਐਲ.ਏ. ਕੋਲ ਕੰਮ ਕਰਾਉਣ ਲਈ ਜਾਵਾਂ ਜਾਂ ਨਾ ਔਰ ਜੇਕਰ ਗਿਆ ਤਾਂ ਪਤਾ ਨਹੀਂ ਕੀ ਹੋਣਾ ਹੈ ? (ਵਿਘਨ) ਤੁਹਾਨੂੰ ਪੂਰਾ ਮੌਕਾ ਮਿਲਣਾ ਹੈ ਬੋਲਣ ਦਾ, ਫਿਰ ਤੁਸੀਂ ਆਪਣਾ ਪੱਖ ਪੇਸ਼ ਕਰ ਲੈਣਾ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਮੁੱਖ ਮੰਤਰੀ ਜੀ ਨੂੰ ਕਿ ਇਹ ਬੜਾ ਭਾਰੀ ਵਿਸ਼ਾ ਬਣਿਆ ਹੋਇਆ ਹੈ ਅਤੇ ਪੰਜਾਬ ਦੀ ਪ੍ਰੈਸ ਵਿਚ ਇਹ ਮਸਲਾ ਛਪ ਰਿਹਾ ਹੈ। ਖਾਸ ਕਰਕੇ ਉਸ ਕਸਬੇ ਵਿਚ ਬੜੀਆਂ ਭਾਰੀਆਂ ਰੈਲੀਆਂ ਵੀ ਹੋ ਰਹੀਆਂ ਹਨ। ਅੱਜ ਪੰਜਾਬ ਦੇ ਲੋਕ ਵੇਖ ਰਹੇ ਹਨ ਕਿ ਸਾਡੀ ਪੰਜਾਬ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਕਾਰ ਕੀ ਕਰ ਰਹੀ ਹੈ ? ਪੰਜਾਬ ਦੇ ਲੋਕ ਵੇਖ ਰਹੇ ਹਨ ਕਿ ਸਰਕਾਰ ਨੇ ਹੁਣ ਕੀ ਕਰਨਾ ਹੈ? ਪੰਜਾਬ ਦੀ ਅਸੈਂਬਲੀ ਦੇ ਮੈਂਬਰਾਂ ਨੇ ਕੀ ਕਰਨਾ ਹੈ? ਮੈਂਬਰਾਂ ਦਾ ਆਚਰਨ ਕੀ ਹੈ ? ਅਸੀਂ ਇਥੇ ਆਗਸਟ ਹਾਊਸ ਵਿਚ ਸਾਰੇ ਚੁਣ ਕੇ ਆਏ ਹਾਂ । ਅਸੀਂ ਆਪਣਾ ਆਚਰਨ, ਅਸੀਂ ਆਪਣਾ ਕਰੈਕਟਰ ਇਸ ਤਰ੍ਹਾਂ ਦਾ ਰਖੀਏ ਤਾਂਕਿ ਲੋਕ ਆਪਣੇ ਕੰਮਾਂ-ਕਾਰਾਂ ਵਾਸਤੇ ਨਿਧੜਕ ਹੋ ਕੇ ਸਾਨੂੰ ਅਪਰੋਚ ਕਰ ਸਕਣ। ਇਥੇ 20 ਨੰਬਰ ਕਮਰੇ ਬਾਰੇ ਵੀ ਕਹਿ ਰਹੇ ਹਨ। ਸਪੀਕਰ ਸਾਹਿਬ, ਜਦੋਂ ਕਾਂਗਰਸ ਪਾਰਟੀ ਤੇ ਇਸ ਤੋਂ ਕਿਤੇ ਘੱਟ ਜੁਰਮ ਲਗਾ ਸੀ ਤਾਂ ਕਾਂਗਰਸ ਪਾਰਟੀ ਨੇ ਉਸ ਨੂੰ ਸਸਪੈਂਡ ਕੀਤਾ । (ਥੰਪਿੰਗ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਤਨਾ ਸੰਗੀਨ ਜੁਰਮ ਬਲਾਤਕਾਰ ਦਾ ਲਗਾ ਹੋਵੇ ਔਰ ਫਿਰ ਉਸ ਨੂੰ ਮੌਤ ਦੇ ਘਾਟ ਉਤਾਰ ਦੇਣਾ, ਇਸ ਤੋਂ ਭੈੜਾ ਹੋਰ ਸੰਗੀਨ ਜੁਰਮ ਕਿਹੜਾ ਹੋ ਸਕਦਾ ਹੈ? ਇਹ ਬੜਾ ਹੀ, ਸਪੀਕਰ ਸਾਹਿਬ, ਨਿੰਦਨ ਯੋਗ ਹਾਦਸਾ ਹੈ । ਕਾਂਗਰਸ ਪਾਰਟੀ ਨੇ ਥੋੜ੍ਹੇ ਜਿਹੇ ਜੁਰਮ ਤੇ ਹੀ ਮੈਂਬਰ ਨੂੰ ਸਸਪੈਂਡ ਕੀਤਾ। 13 ਜੁਲਾਈ, 1993 ਦੀ ਜੱਗਬਾਣੀ ਵਿਚ ਖਬਰ ਨੂੰ ਪੜ੍ਹ ਕੇ ਬੜਾ ਹੀ ਦੁਖ ਹੋਇਆ (ਸ਼ੋਰ) (ਬੀ.ਐਸ.ਪੀ. ਦੇ ਮੈਂਬਰ ਸਾਹਿਬਾਨ ਵਲੋਂ ਵਿਘਨ) ਇਨ੍ਹਾਂ ਬੀ.ਐਸ.ਪੀ. ਹਾਈਕਮਾਨ ਦੀ ਮੈਂਬਰ ਸ੍ਰੀਮਤੀ ਮਾਂਇਆਵਤੀ ਨੇ ਕਿਹਾ ਕਿ ਅਸੀਂ ਭੱਟੀ ਤੇ ਕੋਈ ਐਕਸ਼ਨ ਨਹੀਂ ਲੈਣਾ ਇਹ ਬੜੇ ਹੀ ਦੁੱਖ ਦੀ ਗੱਲ ਹੈ। ਇਥੇ ਇਸ ਹਾਊਸ ਵਿਚ ਕਮਜ਼ੋਰ ਜਾਤੀਆਂ ਵਾਸਤੇ ਗੱਲਾਂ ਕਰਦੇ ਹਨ ਪਰ ਬੜੇ ਅਫਸੋਸ ਦੀ ਗੱਲ ਹੈ ਇਨ੍ਹਾਂ ਦੇ ਇੱਕ ਮੈਂਬਰ ਤੇ ਬੜੇ ਭਾਰੀ ਸੰਗੀਨ ਦੋਸ਼ ਆਏ ਹਨ । ਉਹ ਇਕ ਬਿਰਧ ਬਾਪ ਦੀਆਂ ਅੱਖਾਂ ਸਾਹਮਣੇ ਉਸ ਦੀ ਧੀ ਨਾਲ ਲਗਾਤਾਰ ਤਿੰਨ ਦਿਨ ਬਲਾਤਕਾਰ ਕਰਦਾ ਰਿਹਾ ਅਤੇ ਫਿਰ ਉਸ ਨੂੰ ਜਾਨੋਂ ਮਾਰ ਦਿੱਤਾ (ਬੀ.ਐਸ.ਪੀ. ਦੇ ਮੈਂਬਰ ਸਾਹਿਬਾਨ ਵਲੋਂ ਅਵਾਜ਼ਾਂ: ਇਸ ਬਾਰੇ ਜੁਡੀਸ਼ਲ ਇਨਕੁਆਰੀ ਕਰਾਓ) । ਮੈਂ ਸਮਝਦਾ ਹਾਂ ਕਿ ਇਹ ਇਸ ਇਲਜ਼ਾਮ ਨੂੰ ਡਿਫੈਂਡ ਨਹੀਂ ਕਰ ਸਕੇ, ਇਸ ਲਈ ਇਹ ਗੱਲ ਬਿਲਕੁਲ ਸੱਚੀ ਹੈ। ਜੇ ਇਨ੍ਹਾਂ ਕੋਲ ਕੋਈ ਦਲੀਲ ਹੈ ਤਾਂ ਦਲੀਲ ਨਾਲ ਗੱਲ ਕਰਨ। (ਵਿਘਨ) (ਸ਼ੋਰ) ਇਹ ਸਮੇਂ ਨੂੰ ਬਰਬਾਦ ਨਾ ਕਰਨ । ਇਹ ਇਸ ਗੱਲ ਨੂੰ ਫੇਸ ਨਹੀਂ ਕਰ ਸਕੇ। ਇਹ ਗੱਲ ਸੰਗੀਨ ਹੈ। ਮੈਂ ਮੁੱਖ-ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹਵਾਂਗਾ ਕਿ ਇਹ ਜਿਹੜਾ ਮੁਜਰਮ ਹੈ, ਭਾਵੇਂ ਐਮ.ਐਲ.ਏ. ਹੈ ਤੇ ਭਾਵੇਂ ਕੋਈ ਹੋਰ ਹੈ, ਇਸ ਤਰ੍ਹਾਂ ਦੇ ਸੰਗੀਨ ਇਲਜ਼ਾਮ ਵਾਲੇ ਨੂੰ ਕਾਨੂੰਨ ਦੀਆਂ ਨਜ਼ਰਾਂ ਵਿੱਚ ਬਰਾਬਰ ਦੇਖਿਆ ਜਾਂਦਾ ਹੈ। ਮੇਰੀ ਬੇਨਤੀ ਹੈ ਕਿ ਇਸ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਮੇਰੀ ਹਾਊਸ ਅੱਗੇ ਬੇਨਤੀ ਹੈ ਅਤੇ ਸਤਿਕਾਰ ਸਹਿਤ ਬੇਨਤੀ ਹੈ ਕਿ ਇਸ ਮੈਂਬਰ ਦਾ ਜੋ ਕੰਡਕਟ ਹੈ, ਇਸ ਨੂੰ ਸੈਨਸਿਓਰ ਕੀਤਾ ਜਾਵੇ ਤਾਂਕਿ ਆਉਣ ਵਾਲੇ ਸਮੇਂ ਵਿਚ ਕੋਈ ਵੀ ਮੈਂਬਰ ਐਸੀ ਹਰਕਤ ਨਾ ਕਰੇ। ਅੱਜ ਐਸੇ ਸਮੇਂ ਵਿੱਚ ਪੰਜਾਬ ਦੇ ਲੋਕਾਂ ਨੂੰ ਸਾਨੂੰ ਪੂਰੇ ਕਾਨਫੀਡੈਂਸ ਨਾਲ, ਪੂਰੇ ਭਰੋਸੇ ਨਾਲ ਏਥੇ ਭੇਜਿਆ ਹੈ। ਉਨ੍ਹਾਂ ਦੀਆਂ ਨਜ਼ਰਾਂ ਵਿੱਚ ਹਾਊਸ ਦੇ ਸਤਿਕਾਰਯੋਗ ਮੈਂਬਰਾਂ ਪ੍ਰਤੀ ਕੋਈ ਗਲਤ ਖਿਆਲ ਨਾ ਆਵੇ । ਮੈਂ ਇਨ੍ਹਾਂ ਸ਼ਬਦਾਂ ਨਾਲ ਬੇਨਤੀ ਕਰਦਾ ਹਾਂ ਮੁੱਖ ਮੰਤਰੀ ਸਾਹਿਬ ਨੂੰ ਕਿ ਇਸ ਮਾਮਲੇ ਤੇ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਸਮੁੱਚੇ ਹਾਊਸ ਵਲੋਂ ਇਸ ਮੈਂਬਰ ਦੇ ਕੰਡਕਟ ਨੂੰ ਸੈਨਸਿਓਰ ਕੀਤਾ ਜਾਵੇ ।

**ਸ੍ਰੀ ਸਪੀਕਰ:** ਮੈਂ ਬੀ.ਐਸ.ਪੀ. ਦੇ ਸਤਿਕਾਰਯੋਗ ਲੀਡਰ ਸਾਹਿਬ ਨੂੰ ਪ੍ਰਾਰਥਨਾ ਕਰਾਂਗਾ ਕਿ ਜੇ ਉਹ ਇਸ ਮਤੇ ਤੇ ਕੁਝ ਬੋਲਣਾ ਚਾਹੁੰਦੇ ਹਨ ਤਾਂ ਬੋਲਣ।

**ਸ੍ਰੀ ਸਤਨਾਮ ਸਿੰਘ ਕੈਂਥ (ਬੰਗਾ, ਐਸ.ਸੀ.):** ਮਾਨਯੋਗ ਸਪੀਕਰ ਸਾਹਿਬ, ਇਹ ਮਾਮਲਾ ਵੱਡੇ ਪੈਮਾਨੇ ਤੇ ਹਾਊਸ ਦੇ ਅੰਦਰ ਅਤੇ ਹਾਊਸ ਦੇ ਬਾਹਰ ਉਭਰਿਆ। ਮੇਰੇ ਮਾਨਯੋਗ ਕਾਂਗਰਸ ਪਾਰਟੀ ਦੇ ਸਾਥੀਆਂ ਨੇ ਇਹ ਮਤਾ ਲਿਆਂਦਾ। ਲੇਕਿਨ ਅਸੀਂ ਨਹੀਂ ਚਾਹੁੰਦੇ ਕਿ ਕਿਸੇ ਸੱਚ ਨੂੰ ਲੁਕਾਇਆ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਤਨਾਮ ਸਿੰਘ ਕੈਂਥ]

ਜਾਵੇ, ਕਿਉਂਕਿ ਇਸ ਵਕਤ ਦੋ ਵਰਸ਼ਨ ਚਲ ਰਹੇ ਹਨ। ਕਿਸੇ ਪਾਰਟੀ ਨੇ ਵੀ ਭੱਟੀ ਦੇ ਖਿਲਾਫ ਨਹੀਂ ਕਿਹਾ ਬਲਕਿ ਸਾਰੀਆਂ ਪਾਰਟੀਆਂ ਦੇ ਰਿਪਰੈਜ਼ੈਂਟੇਟਿਵਜ਼ ਨੇ ਧਰਮਕੋਟ ਵਿਚ ਮੀਟਿੰਗ ਕੀਤੀ ਅਤੇ ਅਜੀਤ ਅਖਬਾਰ ਵਿਚ ਮਿਲ ਕੇ ਆਏ ਅਤੇ ਕਿਹਾ ਕਿ ਇਹ ਮਖੀਜਾ ਦੀ ਪਰੀ-ਪਲਾਨਡ ਚਾਲ ਹੈ। ਕਿਉਂਕਿ ਅਸੀਂ ਇਹ ਦੇਖਦੇ ਹਾਂ ਕਿ ਪੁਲਿਸ ਦੀ ਕਸਟਡੀ ਵਿੱਚ ਐਫੀਡੇਵਿਟ ਲਿਆ ਗਿਆ ਹੈ ਉਸ ਦੇ ਅੱਗੇ ਵੀ ਤਿੰਨ ਚਾਰ ਅੰਗੂਠੇ ਲਗੇ ਹਨ ਅਤੇ ਪਿਛੇ ਵੀ ਲਗੇ ਹਨ। ਉਸ ਤੇ ਡੇਟ ਵੀ ਕੋਈ ਨਹੀਂ। ਪਤਾ ਨਹੀਂ ਇਹ ਕਦੋਂ ਦਾ ਮਾਮਲਾ ਹੈ। ਪਰ ਮੈਨੂੰ ਦੁੱਖ ਹੈ ਕਿ ਏਥੇ ਇਸ ਨੂੰ ਇਸ ਤਰਾਂ ਪੁੱਟ ਕੀਤਾ ਜਾ ਰਿਹਾ ਹੈ ਜਿਵੇਂ ਇਹ ਮੌਕੇ ਦੇ ਗਵਾਹ ਹੋਣ। ਅਸੀਂ ਚਾਹੁੰਦੇ ਹਾਂ ਕਿ ਕਿਸੇ ਹਾਈਕੋਰਟ ਦੇ ਜੱਜ ਤੋਂ ਜਾਂਚ ਕਰਵਾ ਲਈ ਜਾਵੇ। ਅਗਰ ਭੱਟੀ ਦੋਸ਼ੀ ਹੋਵੇਗਾ ਤਾਂ ਸਾਡੀ ਪਾਰਟੀ ਉਸ ਨੂੰ ਸਸਪੈਂਡ ਹੀ ਨਹੀਂ ਕਰੇਗੀ ਬਲਕਿ ਹੋਰ ਵੀ ਜਿਹੜੀ ਸਜ਼ਾ ਮਿਲਣੀ ਚਾਹੀਦੀ ਹੈ, ਉਸ ਦੀ ਹਮਾਇਤ ਕਰੇਗੀ ਔਰ ਅਗਰ ਮਖੀਜਾ ਦੋਸ਼ੀ ਹੈ ਤਾਂ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਤਾਂਕਿ ਤੱਥ ਸਾਹਮਣੇ ਆ ਸਕਣ। ਇਹ ਬੜੇ ਦੁੱਖ ਦੀ ਗੱਲ ਹੈ ਕਿ ਪੁਲਿਸ ਰੇਡ ਕਰ ਰਹੀ ਹੈ। ਅੱਜ ਵੀ ਲਗਭਗ ਪੌਣਾ ਘੰਟਾ ਡੀ.ਐਸ.ਪੀ. ਦੀ ਰਾਜ ਸਿੰਘ, ਐਮ.ਐਲ.ਏ. ਨਾਲ ਗੱਲਬਾਤ ਹੁੰਦੀ ਰਹੀ। ਇਹ ਉਸ ਨੂੰ ਅਰੈਸਟ ਕਰਨਾ ਚਾਹੁੰਦੇ ਹਨ। ਪਹਿਲਾਂ ਇਸਦੀ ਥੌਰੋ ਜਾਂਚ ਹੋਣੀ ਚਾਹੀਦੀ। ਅਸੀਂ ਇਸ ਮਾਮਲੇ ਨੂੰ ਸਾਧੂ ਸਿੰਘ ਨਾਲ ਨਹੀਂ ਜੋੜਨਾ ਚਾਹੁੰਦੇ। ਬੀ.ਐਸ.ਪੀ. ਉਸ ਪਾਸੇ ਵੱਲ ਨਹੀਂ ਜਾਣਾ ਚਾਹੁੰਦੀ। ਇਸ ਮਾਮਲੇ ਦੀ ਨਿਰਪੱਖਤਾ ਨਾਲ ਜਾਂਚ ਹੋਣੀ ਚਾਹੀਦੀ ਹੈ। ਜਿਹੜਾ ਵੀ ਦੋਸ਼ੀ ਹੈ ਚਾਹੇ ਭੱਟੀ ਹੈ ਅਤੇ ਚਾਹੇ ਮਖੀਜਾ ਹੈ, ਉਸ ਨੂੰ ਮੁਨਾਸਿਬ ਸਜ਼ਾ ਹੋਣੀ ਚਾਹੀਦੀ ਹੈ। ਮੈਂ ਇਨ੍ਹਾਂ ਸ਼ਬਦਾਂ ਨਾਲ ਸੀ.ਐਮ. ਸਾਹਿਬ ਤੋਂ ਇਹ ਡਿਮਾਂਡ ਕਰਾਂਗਾ ਕਿ ਇਸ ਮਾਮਲੇ ਦੀ ਜਾਂਚ ਹਾਈਕੋਰਟ ਦੇ ਜੱਜ ਤੋਂ ਕਰਵਾ ਲਈ ਜਾਵੇ। ਅਗਰ ਭੱਟੀ ਦੋਸ਼ੀ ਪਾਇਆ ਗਿਆ ਤਾਂ ਬੀ.ਐਸ.ਪੀ. ਵੀ ਉਸ ਨੂੰ ਸਖਤ ਸਜ਼ਾ ਦੇਣ ਨੂੰ ਤਿਆਰ ਹੋਵੇਗੀ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ)** : ਸਪੀਕਰ ਸਾਹਿਬ, ਇਹ ਮਸਲਾ ਮਾਂ, ਭੈਣ ਧੀ ਦੇ ਵਕਾਰ ਦਾ ਹੈ, ਇਸ ਵਿੱਚ ਸਾਡੀ ਇੱਜ਼ਤ ਦਾ ਸਵਾਲ ਹੈ। ਉਨ੍ਹਾਂ ਨੇ ਸਾਨੂੰ ਜਨਮ ਦਿੱਤਾ ਹੈ। ਬਾਕੀ ਜਿਹੜੇ ਕੈਂਥ ਸਾਹਿਬ ਨੇ ਲਫਜ਼ ਕਹੇ ਹਨ ਬਹੁਤ ਹੀ ਸਹੀ ਕਹੇ ਹਨ ਕਿ ਸਾਡੀ ਪਾਰਟੀ ਜਾਂ ਅਸੀਂ ਉਸ ਗਲਤ ਆਦਮੀ ਨੂੰ ਸ਼ੀਲਡ ਨਹੀਂ ਕਰਦੇ ਔਰ ਉਹ ਗੱਲ ਸਹੀ ਹੈ। ਮਗਰ ਦੂਸਰੇ ਪਾਸੇ ਇਕ ਗੱਲ ਹੈ, ਮੁੱਖ ਮੰਤਰੀ ਜੀ ਨੇ ਡੀ.ਜੀ.ਪੀ. ਸਾਹਿਬ ਨੂੰ ਇਨਕੁਆਇਰੀ ਲਾ ਦਿੱਤੀ। ਉਸ ਦੀ ਅੱਜ ਵੀ ਥੋੜ੍ਹੀ ਜਿਹੀ ਖਬਰ ਅਖਬਾਰ ਵਿਚ ਪੜ੍ਹੀ ਹੈ। ਉਸ ਦੇ ਵਿਚੋਂ ਇਹ ਸਮੈੱਲ ਆਉਂਦੀ ਹੈ ਕਿ ਭੱਟੀ ਜਿਹੜਾ ਕਿ ਸਾਡਾ ਕੁਲੀਗ ਹੈ, ਉਹ ਦੋਸ਼ੀ ਹੈ। ਸਪੀਕਰ ਸਾਹਿਬ, ਮੈਂ ਇਸ ਕਰਕੇ ਧੰਨਵਾਦੀ ਹਾਂ, ਤੁਹਾਡਾ, ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ। ਮੈਂ ਇਸ ਕੇਸ ਨਾਲ ਸਬੰਧਤ ਇਕ ਦੋ ਤੱਥ ਹੋਰ ਵੀ ਤੁਹਾਡੇ ਮੂਹਰੇ ਲਿਆਉਣਾ ਚਾਹੁੰਦਾ ਹਾਂ। ਇਹ ਵਕਾਰ ਦੀ ਗੱਲ ਹੈ। ਇਸ ਵੇਲੇ ਹਰ ਇਕ ਐਮ.ਐਲ.ਏ. ਸਵਾ ਲੱਖ ਵੋਟਰ ਦਾ ਨੁਮਾਇੰਦਾ ਹੈ। ਕੋਈ ਵੀ ਗਲਤ ਗੱਲ ਭਾਵੇਂ ਉਹ ਰਾਜ ਭਾਗ ਵਾਲੇ ਪਾਸਿਓਂ ਹੋਵੇ ਔਰ ਭਾਵੇਂ ਆਪੋਜ਼ੀਸ਼ਨ ਵਾਲੇ ਪਾਸਿਓਂ ਹੋਵੇ, ਮਗਰ ਸ਼ਰਮ ਆਉਂਦੀ ਹੈ। ਇਸ ਪਵਿੱਤਰ ਸਦਨ ਦੇ ਵਿੱਚ, ਇਸ ਹਾਊਸ ਦੇ ਵਿੱਚ ਸਾਡੀਆਂ ਮਾਵਾਂ, ਭੈਣਾਂ ਵੀ ਬੈਠਦੀਆਂ ਹਨ। ਇਸ ਮੁੱਦੇ ਨੂੰ ਸਹੀ ਹੱਲ ਕਰਕੇ ਲਿਆਈਏ। ਮੈਨੂੰ ਜਾਣਕਾਰੀ ਹੈ, ਮੇਰਾ ਹਲਕਾ ਬਾਘਾ ਪੁਰਾਣਾ ਹੈ। ਭੱਟੀ ਸਾਹਿਬ ਦਾ ਹਲਕਾ ਧਰਮਕੋਟ ਹੈ ਜੋ ਕਿ ਮੋਗੇ ਦੇ ਨਾਲ ਹੀ ਲਗਦਾ ਹੈ। ਮੈਂ ਜ਼ਾਤੀ ਤੌਰ ਤੇ ਕਿਸੇ ਦੇ ਨਾਲ ਕੋਈ ਦੁਸ਼ਮਨੀ ਨਹੀਂ ਰੱਖਦਾ ਔਰ ਨਾ ਹੀ ਸਾਡੀ ਅਜਿਹੀ ਕੋਈ ਸਪਿਰਟ ਹੈ। ਮੈਂ ਕੈਂਥ ਸਾਹਿਬ ਨੂੰ ਕਹਿ ਦਿਆਂ ਕਿ ਜਿਵੇਂ ਇਨ੍ਹਾਂ ਨੇ ਕਿਹਾ ਕਿ ਕਿਸੇ ਸਿਆਸੀ ਪਾਰਟੀ ਨੇ ਇਹ ਮਸਲਾ ਨਹੀਂ ਲਿਆਂਦਾ

Original with;
Punjab Vidhan Sabha
Digitized by;
Panjab Digital Library

ਜਨਤਾ ਦਲ ਨੇ ਲਿਆਂਦਾ। ਮੈਂ ਝੂਠ ਨਹੀਂ ਬੋਲਣਾ। ਸਾਨੂੰ ਕੁਝ ਐਫੀਡੈਵਿਟ ਐਸ.ਐਸ.ਐਮ.ਡੀ ਕਾਲਜ ਵਿਚੋਂ ਵੀ ਮਿਲੇ ਹਨ। ਭੱਟੀ ਸਾਹਿਬ ਦਾ ਜਿਹੜਾ ਧਰਮਕੋਟ ਦਾ ਇਲਾਕਾ ਹੈ, ਉਨ੍ਹਾਂ ਦਾ ਮੋਗੇ ਦੇ ਐਸ. ਐਸ.ਐਮ.ਡੀ ਕਾਲਜ ਵਿੱਚ ਕੀ ਤਾਲੁੱਕ ਹੈ। ਉਹ ਵੀ ਐਸ.ਐਸ.ਐਮ. ਡੀ. ਕਾਲਜ ਦੀ ਮੈਨੇਜਮੈਂਟ ਦਾ ਅਹੁਦੇਦਾਰ ਹੈ। ਭੱਟੀ ਸਾਹਿਬ ਨੂੰ ਉਥੇ ਮੈਂਬਰ ਕਿਸ ਨੇ ਬਣਾਇਆ ? ਦਲਜੀਤ ਸਿੰਘ ਰਾਜਪੂਤਾਨਾਂ ਦਾ ਇਕ ਬੰਦਾ ਹੈ। ਉਹ ਐਡਵੋਕੇਟ ਹੈ। ਉਸ ਦਾ ਪਿਛੋਕੜ ਇਹ ਹੈ ਕਿ ਉਹ ਪਹਿਲਾਂ ਫੈਡਰੇਸ਼ਨ ਵਿਚ ਰਿਹਾ ਹੈ, ਕਦੇ ਮਾਨ ਸਾਹਿਬ ਨਾਲ ਵੀ ਰਹਿੰਦਾ ਰਿਹਾ ਹੋਣਾ ਹੈ ਪਰ ਹੁਣ ਉਹ ਕਾਂਗਰਸ ਦੇ ਵਿੱਚ ਹੈ। ਹੁਣ ਉਹ ਕਾਂਗਰਸ ਜੁਆਇਨ ਕਰ ਚੁੱਕਾ ਹੈ। ਐਸ.ਐਸ.ਐਮ.ਡੀ. ਕਾਲਜ ਦੇ ਵਿੱਚ ਤਿੰਨ ਮੈਨੇਜਮੈਂਟਾਂ ਹਨ। ਭੱਟੀ ਤੀਜੀ ਮੈਨੇਜਮੈਂਟ ਦਾ ਮੈਂਬਰ ਹੈ ਔਰ ਮੈਂ ਦੂਜੀ ਮੈਨੇਜਮੈਂਟ ਦੇ ਵਿਚ ਹਾਂ। ਉਥੇ ਕਾਲਜ ਵਿੱਚ ਕੈਪੀਟੇਸ਼ਨ ਫੀਸ ਦੇ ਤੌਰ ਤੇ ਲੋਕਾਂ ਤੋਂ ਪੈਸੇ ਉਨ੍ਹਾਂ ਦੀਆਂ ਜੇਬਾਂ ਵਿੱਚੋਂ ਲੁੱਟੇ ਜਾਂਦੇ ਹਨ। ਉਥੋਂ 25-30 ਲੱਖ ਰੁਪਏ ਹਰ ਸਾਲ ਉਗਰਾਹੇ ਜਾਂਦੇ ਹਨ। ਮੈਂ ਸੀ.ਐਮ. ਸਾਹਿਬ ਨੂੰ ਇਹ ਗੱਲ ਦੱਸੀ ਹੈ। ਮੈਂ ਇਸ ਕਾਲਜ ਦੇ ਬੱਚੇ, ਬੱਚੀਆਂ ਅਤੇ ਟੀਚਰਜ਼ ਵੀ ਲੈ ਕੇ ਗਿਆ ਸੀ ਕਿ ਇਨ੍ਹਾਂ ਦੇ ਇਮਤਿਹਾਨ ਕਰਾ ਦੇਈਏ, ਇਹ ਮੈਨੇਜਮੈਂਟ ਵਾਲਾ ਮਸਲਾ ਹਾਈਕੋਰਟ ਵਿੱਚ ਐਕਸ ਪਾਰਟੀ ਜਾਂ ਸਟੇਅ ਵਾਲਾ ਹੋ ਸਕਦਾ ਹੈ। ਮਗਰ ਭੱਟੀ ਵਾਲੀ ਗੱਲ ਇਖਲਾਕੀ ਤੌਰ ਤੇ ਗਲਤ ਹੈ। ਇਸ ਭੱਟੀ ਨੂੰ ਮੈਂਬਰ ਕਿਸ ਨੇ ਬਣਾਇਆ ? ਭੱਟੀ ਨੂੰ ਉਥੇ ਲਿਜਾ ਕੇ ਕਿਸ ਨੇ ਮੈਂਬਰ ਬਣਾਇਆ? ਇਹ ਕਾਰਨਾਮੇ ਕਿਸ ਨੇ ਕਰਾਏ? ਇਹ ਠੀਕ ਹੈ ਕਿ ਭੱਟੀ ਤੇ ਮਖੀਜਾ ਦੀ ਆਪਸ ਵਿੱਚ ਲਾਗ-ਡਾਟ ਹੈ। ਮਖੀਜਾ ਵੀ ਕਾਂਗਰਸੀ ਬੰਦਾ ਹੈ। ਮੋਗੇ ਦੇ ਵਿੱਚ ਜਿਹੜਾ ਹੁਣ ਕਾਂਗਰਸੀ ਬਣਿਆ ਹੈ ਉਸ ਦਾ ਕੀ ਤਾਲੁੱਕ ਹੈ। (ਵਿਘਨ) ਮੈਨੂੰ, ਸਪੀਕਰ ਸਾਹਿਬ, ਪੂਰਾ ਕਰ ਲੈਣ ਦਿਓ।

(ਵਿਘਨ)

**ਸ਼੍ਰੀ ਸਪੀਕਰ :** ਸਾਥੀ ਜੀ, ਪਲੀਜ਼ ਬੈਠ ਜਾਓ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਇਹ ਜੋ ਰਾਜਪੂਤ ਹੈ, ਇਹ ਕਾਂਗਰਸ ਦਾ ਪ੍ਰਾਇਮਰੀ ਮੈਂਬਰ ਹੈ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਗਲਤ ਹੈ, ਬਿਲਕੁਲ ਬੇਬੁਨਿਆਦ ਹੈ। ਰਾਜਪੂਤ ਦਾ ਸਾਡੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। ਉਹ ਸਾਡਾ ਮੈਂਬਰ ਨਹੀਂ ਹੈ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਮੈਂ ਇਕ ਗੱਲ ਕਹਿ ਦਿੰਦਾ ਹਾਂ ਕਿ ਮੈਂ ਇਸ ਸਾਰੀ ਗੱਲ ਦਾ ਚਸ਼ਮਦੀਦ ਗਵਾਹ ਤਾਂ ਨਹੀਂ, ਮਗਰ ਨੀਅੱਤਨ ਤੌਰ ਤੇ ਸਾਫ ਗੱਲ ਜ਼ਰੂਰ ਕਰਦਾ ਹਾਂ। ਬੀਬੀ ਮਾਲਤੀ ਨੂੰ ਪੁੱਛ ਲਓ (ਵਿਘਨ) ਉਸ ਨੂੰ ਜੁਆਇਨ ਕਰਵਾਇਆ ਕਿ ਨਹੀਂ ? (ਵਿਘਨ)

**Mr Speaker:** Be brief please ਮੈਨੂੰ ਪਤਾ ਹੈ ਮੋਗੇ ਵਿਚ ਤਾਂ ਮਾਲਤੀ ਤੁਹਾਨੂੰ ਵੜਨ ਨਹੀਂ ਦਿੰਦੀ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਭੱਟੀ ਦੇ ਜਿਹੜੇ ਕਾਰਨਾਮੇਂ ਸੀ, ਮੈਂ, ਐਮ.ਐਲ.ਏ. ਦੇ ਨਾਤੇ ਭੱਟੀ ਨੂੰ ਦੋ ਵਾਰ ਇਹ ਗੱਲ ਕਹੀ ਸੀ ਕਿ ਭੱਟੀ ਤੇਰੇ ਕੰਮ ਗਲਤ ਹਨ। ਤੂੰ ਆਪਣੇ ਆਪ ਨੂੰ ਰੋਕ। ਮੈਂ ਕਹਿੰਦਾ ਹਾਂ ਕਿ ਇਨਕੁਆਰੀ ਭਾਵੇਂ ਪੂਰੀ ਹੈ ਭਾਵੇਂ ਅਧੂਰੀ ਹੈ, ਇਹ ਕਰਵਾਉਣੀ ਚਾਹੀਦੀ ਹੈ। ਜੂਡੀਸ਼ੀਅਲ ਕਰਵਾ ਲਓ। ਜਿਸ ਤਰ੍ਹਾਂ ਭੈਣ ਡਾਂਗ ਜੀ ਨੇ ਕਿਹਾ ਹੈ ਕਿ ਹਾਊਸ ਦੀ ਕਮੇਟੀ ਬਣਾ ਦਿਓ। ਇਹ ਇਕ ਵਿਧਾਨਕਾਰ ਦੇ ਕਰੈਕਟਰ ਤੇ ਜੋ ਧੱਬਾ ਹੈ ਉਹ ਸਾਰੇ ਹਾਊਸ ਤੇ ਧੱਬਾ ਹੈ। ਸਪੀਕਰ ਸਾਹਿਬ, ਇਸ ਵਿੱਚ ਦੋ ਗੱਲਾਂ ਹਨ। ਇਕ ਤਾਂ ਹੈ ਕਤਲ ਦੀ ਅਤੇ ਦੂਜਾ ਹਿੱਸਾ ਹੈ, ਬਲਾਤਕਾਰ ਦਾ। ਕਤਲ

Original with;
Punjab Vidhan Sabha
Digitized by;
Panjab Digital Library

[ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ ]

ਵਿਚ ਕੌਣ ਸ਼ਾਮਲ ਹੈ? ਕਿਤੇ ਇਹ ਪੁਲੀਟੀਕਲੀ ਮੋਟੀਵੇਟਿਡ ਤਾਂ ਨਹੀਂ ਹੈ? ਭੱਟੀ ਇਸ ਦੋਸ਼ ਵਿੱਚ ਕਿੰਨਾ ਕੁ ਦੋਸ਼ੀ ਹੈ? ਅਤੇ ਬਲਾਤਕਾਰ ਵਿੱਚ ਕਿੰਨਾ ਦੋਸ਼ੀ ਹੈ? ਇਸ ਸਾਰੀ ਗੱਲ ਨੂੰ ਹਾਊਸ ਦੀ ਕਮੇਟੀ ਘੋਖ ਕਰੇ। ਇਹ ਗੱਲ ਬੀ.ਐਸ.ਪੀ. ਵਾਲਿਆਂ ਨੇ ਵੀ ਕਹੀ ਹੈ ਕਿ ਜੇਕਰ ਉਹ ਦੋਸ਼ੀ ਹੋਇਆ ਤਾਂ ਉਹ ਉਸ ਨੂੰ ਨਹੀਂ ਰੱਖਣਗੇ। ਇਸ ਲਈ ਇਕ ਹਾਊਸ ਦੀ ਕਮੇਟੀ ਬਣਾ ਦੇਣੀ ਚਾਹੀਦੀ ਹੈ ।

**ਸ੍ਰੀ ਸਪੀਕਰ :** ਹੁਣ ਮੁੱਖ ਮੰਤਰੀ ਸਾਹਿਬ ਬੋਲਣਗੇ।

**ਸ੍ਰੀ ਸਤਨਾਮ ਸਿੰਘ ਕੈਂਥ :** ਸਰ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਲਗਭਗ ਤਿੰਨ ਮਹੀਨੇ ਪਹਿਲਾਂ ਮੇਰੇ ਨਾਲ ਗੱਲ ਕੀਤੀ ਸੀ ਕਿ ਇਕ ਪਾਸੇ ਡਾਕਟਰ ਮਾਲਤੀ ਥਾਪਰ ਅਤੇ ਦੂਜੇ ਪਾਸੇ ਦਲਜੀਤ ਸਿੰਘ ਰਾਜਪੂਤ ਕਾਂਗਰਸੀਆਂ ਦਾ ਲੋਕਲ ਝਗੜਾ ਹੈ। ਇਹ ਲੋਕਲ ਪਾਲਿਟਿਕਸ ਹੈ ਅਤੇ ਤੁਸੀਂ ਇਸ ਵਿੱਚ ਨਾ ਆਓ (ਵਿਘਨ) ... (ਸ਼ੋਰ)

**ਮੁੱਖ ਮੰਤਰੀ** (ਸਰਦਾਰ ਬੇਅੰਤ ਸਿੰਘ): ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਅੱਜ ਸਾਨੂੰ ਇਕ ਐਸੇ ਸਬਜੈਕਟ ਤੇ ਬਹਿਸ ਕਰਨੀ ਪਈ (ਵਿਘਨ)

(ਇਸ ਸਮੇਂ ਸ੍ਰੀ ਸਤਨਾਮ ਸਿੰਘ ਕੈਂਥ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦਿਤਾ।)

**ਸ੍ਰੀ ਸਪੀਕਰ :** ਕੈਂਥ ਜੀ, ਬੈਠ ਜਾਓ, ਮੁੱਖ ਮੰਤਰੀ ਸਾਹਿਬ ਬੋਲ ਰਹੇ ਹਨ ।

**ਮੁੱਖ ਮੰਤਰੀ :** ਬੜੇ ਅਫਸੋਸ ਦੀ ਗੱਲ ਹੈ ਕਿ ਸਾਨੂੰ ਅੱਜ ਇਕ ਐਸੇ ਸਬਜੈਕਟ ਤੇ ਬਹਿਸ ਕਰਨੀ ਪਈ ਹੈ ਜਿਸ ਨਾਲ ਸਾਡੇ ਇਕ ਚੁਣੇ ਹੋਏ ਲੈਜਿਸਲੇਟਰ ਦੇ ਉਤੇ ਇਲਜ਼ਾਮ ਲਗਿਆ ਹੈ। ਮੈਂ ਸਮਝਦਾ ਹਾਂ ਕਿ ਸਾਰੀ ਬਾਹਰਲੀ ਦੁਨੀਆਂ ਇਹ ਦੇਖਦੀ ਹੋਵੇਗੀ ਔਰ ਸੁਣਦੀ ਹੋਵੇਗੀ ਕਿ ਸਾਡੇ ਇਕ ਲੈਜਿਸਲੇਟਰ ਦਾ ਅਸਲੀ ਮਾਅਨਿਆਂ ਵਿਚ ਕੀ ਕਰੈਕਟਰ ਹੈ। ਮੈਂ ਇਸ ਨੂੰ ਬੜੀ ਗੰਭੀਰਤਾ ਨਾਲ ਲਿਆ ਹੈ ਅਤੇ ਚੰਦ ਲਫਜ਼ ਕਹਿਣਾ ਚਾਹੁੰਦਾ ਹਾਂ। ਹੁਣੇ ਮਿੱਤਲ ਸਾਹਿਬ ਨੇ ਕਿਹਾ ਹੈ ਕਿ ਅਸੀਂ ਕੋਰਟ ਬਣਾ ਲਈਏ। ਮੈਨੂੰ ਇਹ ਗੱਲ ਅਫਸੋਸ ਦੇ ਨਾਲ ਕਹਿਣੀ ਪੈਂਦੀ ਹੈ ਕਿ ਇੰਨੇ ਸਾਲਾਂ ਦੇ ਬਾਅਦ ਜਦੋਂ ਇੱਡੀ ਵੱਡੀ ਕੋਰਟ ਸਾਡੇ ਸਾਹਮਣੇ ਹੈ, ਮੌਜੂਦ ਹੈ ਤੇ ਅਸੀਂ ਹਾਲੇ ਵੀ ਇਹ ਗੱਲ ਕਰੀਏ ਕਿ ਸ਼ਾਇਦ ਇਹ ਕੋਰਟ ਨਹੀਂ ਹੈ। ਅਸਲੀ ਮਾਅਨਿਆਂ ਵਿਚ ਸਾਡੀ ਵਿਧਾਨ ਸਭਾ ਇਕ ਪਵਿੱਤਰ ਹਾਊਸ ਹੈ ਜਿਸ ਦਾ ਮੈਂਬਰ ਭਾਵੇਂ ਉਹ ਕਿਸੇ ਵੀ ਪਾਰਟੀ ਦਾ ਕਿਉਂ ਨਾ ਹੋਵੇ, ਜੇਕਰ ਉਹ ਕੋਈ ਗਲਤ ਗੱਲ ਕਰਦਾ ਹੈ ਜਿਹੜੀ ਕਿ ਸਾਡੇ ਵਾਸਤੇ ਸਭਿਅੱਕ ਨਹੀਂ ਤਾਂ ਸਾਨੂੰ ਸਾਰਿਆਂ ਨੂੰ ਬੜੀ ਭਾਰੀ ਸ਼ਰਮ ਆਉਣੀ ਚਾਹੀਦੀ ਹੈ। ਮੇਰੇ ਦੋਸਤਾਂ ਨੇ ਕਿਹਾ ਹੈ ਕਿ 20 ਨੰਬਰ ਕਮਰੇ ਵਿੱਚ ਕੁਝ ਗਲਤ ਹੋਇਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਖਾਸ ਕਰਕੇ ਮੈਂ ਇਸ ਗੱਲ ਤੇ [illegible] ਨਹੀਂ ਕਰਦਾ ਕਿ ਜਿਨ੍ਹਾਂ ਗੱਲਾਂ ਦਾ ਮੈਨੂੰ ਪਤਾ ਲੱਗੇ ਅਤੇ ਮੈਂ ਉਸ ਉਤੇ ਐਕਸ਼ਨ ਨਾ ਲਵਾਂ। ਮੈਨੂੰ ਪਤਾ ਲੱਗਾ ਕਿ ਸਾਡੀ ਪਾਰਟੀ ਦੇ ਇਕ ਐਮ.ਐਲ.ਏ. ਨੇ ਹੋਸਟਲ ਵਿਚ ਕੋਈ ਗੱਲ ਕੀਤੀ ਜਿਸ ਦਾ ਪਹਿਲਾਂ ਪਤਾ ਬੀਬੀ ਚਾਵਲਾ ਜੀ ਨੂੰ ਲਗਿਆ। ਬੀਬੀ ਜੀ ਸਾਡੇ ਹਾਊਸ ਦੇ ਆਗਜਟ ਮੈਂਬਰ ਹਨ ਮੈਂ ਉਨ੍ਹਾਂ ਦੇ ਕਹੇ ਤੇ ਇਨਕੁਆਰੀ ਕੀਤੀ ਔਰ ਇਨਕੁਆਰੀ ਦੇ ਅੰਦਰ ਕੁਝ ਐਸੀਆਂ ਗੱਲਾਂ ਨਹੀਂ ਆਈਆਂ ਜਿਸ ਨਾਲ ਉਸ ਨੂੰ ਕਿਹਾ ਜਾਂਦਾ ਕਿ ਉਸ ਨੇ ਕੋਈ ਗਲਤ ਜਾਂ ਬੁਰਾ ਕੰਮ ਕੀਤਾ ਸੀ। ਮੈਨੂੰ ਮੌਕੇ ਤੇ ਪਤਾ ਲਗਾ ਕਿ ਉਸ ਐਮ.ਐਲ.ਏ. ਦੇ ਕੋਲ ਇੱਕ ਔਰਤ ਜਿਹੜੀ ਕਿ ਪਿੰਡ ਛਿੰਦੜਾ ਦੀ ਸੀ, ਜੋ ਕਿ ਜ਼ਿਲ੍ਹਾ

Original with;
Punjab Vidhan Sabha
Digitized by;
Punjab Digital Library

ਲੁਧਿਆਣਾ ਵਿੱਚ ਪੈਂਦਾ ਹੈ, ਔਰ ਉਸ ਦੀ ਉਮਰ ਉਸ ਐਮ.ਐਲ.ਏ. ਨਾਲੋਂ ਕਿਤੇ ਜ਼ਿਆਦਾ ਸੀ, ਆਈ ਸੀ। ਮੈਂ ਉਸ ਔਰਤ ਨੂੰ ਵੀ ਬੁਲਾਇਆ। ਉਸ ਔਰਤ ਨਾਲ ਪਿੰਡ ਦਾ ਸਰਪੰਚ ਵੀ ਆਇਆ। ਤੁਸੀਂ ਹੈਰਾਨ ਹੋਵੋਗੇ ਕਿ ਉਸ ਨੇ ਉਸ ਨੂੰ ਚਾਚੀ ਕਹਿ ਕੇ ਬੁਲਾਇਆ। ਮੈਂ ਉਸ ਸਰਪੰਚ ਨੂੰ ਕਿਹਾ ਕਿ ਤੇਰੀ ਚਾਚੀ ਐਮ.ਐਲ.ਏ. ਹੋਸਟਲ ਵਿੱਚ ਕੀ ਕਰਨ ਆਈ ਸੀ। ਉਸ ਔਰਤ ਨੇ ਕਿਹਾ ਕਿ ਮੈਂ ਆਮ ਕਰਕੇ ਉਸ ਕੋਲ ਆਉਂਦੀ ਰਹਿੰਦੀ ਸੀ, ਉਹ ਲੜਕਾ (ਸਰਦਾਰ ਸਾਧੂ ਸਿੰਘ, ਐਮ.ਐਲ.ਏ.) ਜਿਹੜਾ ਹੈ ਉਹ ਸਾਡੇ ਪਿੰਡ ਪੜ੍ਹਦਾ ਰਿਹਾ ਹੈ ਅਤੇ ਸਾਡੇ ਪਿੰਡ ਹੀ ਜੰਮਿਆ ਪਲਿਆ ਹੈ। ਇਸ ਨਾਲ ਵੀ ਮੇਰੀ ਤਸੱਲੀ ਨਹੀਂ ਹੋਈ। ਮੈਂ ਅੱਜ ਇਸ ਸਦਨ ਵਿੱਚ ਦਸਣਾ ਚਾਹੁੰਦਾ ਹਾਂ ਕਿ ਮੈਂ ਫਿਰ ਵੀ ਉਸ ਨੂੰ ਆਪਣੀ ਪਾਰਟੀ ਵਿਚੋਂ ਸਸਪੈਂਡ ਕੀਤਾ ਹੋਇਆ ਹੈ। ਅਸੀਂ ਇਸ ਤਰ੍ਹਾਂ ਦੀਆਂ ਪਰੰਪਰਾਵਾਂ ਕਾਇਮ ਕਰਨੀਆਂ ਚਾਹੁੰਦੇ ਹਾਂ।

ਦੂਸਰਾ ਜਿਹੜਾ ਸਾਡੀ ਪਾਰਟੀ ਤੇ ਇਲਜ਼ਾਮ ਲਗਾਇਆ ਹੈ ਬੀਬੀ ਚਾਵਲਾ ਜੀ ਨੇ, ਵੈਸੇ ਕਹਿਣਾ ਤਾਂ ਨਹੀਂ ਚਾਹੀਦਾ ਪਰ ਕਿਸੇ ਤੇ ਇਲਜ਼ਾਮ ਲਗਾਉਣ ਤੋਂ ਪਹਿਲਾਂ ਆਪਣੀ ਮੰਜੀ ਹੇਠ ਵੀ ਡੰਗੋਰੀ ਫੇਰ ਲੈਣੀ ਚਾਹੀਦੀ ਹੈ। ਮੈਂ ਕਹਿੰਦਾ ਹਾਂ ਕਿ ਇਕ ਮਨਿਸਟਰ ਸਾਹਿਬ ਦੇ ਉਤੇ ਇਕ ਇਲਾਜ਼ਾਮ ਲਗਿਆ ਸੀ ਕਿ ਉਸ ਨੇ ਕਿਸੇ ਲੜਕੀ ਨੂੰ ਛੇੜਿਆ ਹੈ, ਲੇਕਿਨ ਮੈਂ ਕਹਿੰਦਾ ਹਾਂ ਕਿ ਮੈਂ ਸੈਕਟਰੀਏਟ ਲੈਵਲ ਦੇ ਵੱਡੇ ਵੱਡੇ ਅਫਸਰਾਂ ਦੇ ਲੈਵਲ ਤੇ, ਇੱਥੋਂ ਤੱਕ ਕਿ ਸੀ.ਐਸ. ਦੇ ਲੈਵਲ ਤੇ ਵੀ ਇਨਕੁਆਰੀ ਕਰਵਾਈ ਔਰ ਉਸ ਵਿਚੋਂ ਕੋਈ ਠੋਸ ਗੱਲ ਸਾਹਮਣੇ ਨਹੀਂ ਆਈ। ਛੋਟੀ ਮੋਟੀ ਗੱਲ ਨਿਕਲੀ ਸੀ ਔਰ ਉਸ ਲੜਕੀ ਦਾ ਹੀ ਕਸੂਰ ਨਿਕਲਿਆ ਸੀ। ਮੈਂ ਇਸ ਸਦਨ ਵਿੱਚ ਦਾਅਵੇ ਨਾਲ ਕਹਿੰਦਾ ਹਾਂ ਕਿ ਜੇ ਮੈਂ ਐਮ.ਐਲ.ਏ. ਨੂੰ ਸਪੇਅਰ ਨਹੀਂ ਕਰਦਾ ਤਾਂ ਕਿਸ ਤਰ੍ਹਾਂ ਕਿਸੇ ਮਨਿਸਟਰ ਨੂੰ ਸਪੇਅਰ ਕੀਤਾ ਜਾ ਸਕਦਾ ਹੈ। ਇਹ ਗੱਲ ਮੈਂ ਅਫਸੋਸ ਨਾਲ ਕਹਿੰਦਾ ਹਾਂ ਕਿ ਅੱਜ ਜਿਹੜਾ ਬੜਾ ਭਾਰੀ ਵਾ-ਵੇਲਾ ਇੱਥੇ ਹੋਇਆ, ਇਹ ਗੱਲ ਜਿਹੜੀ ਮੇਰੇ ਕੋਲ ਆਈ ਇਹ ਐਫੀਡੈਵਿਟ ਦੇ ਆਧਾਰ ਤੇ ਨਹੀਂ ਸੀ। ਐਮ.ਐਲ.ਏ. ਹੋਸਟਲ ਵਿੱਚ ਜੋ ਹੋਇਆ, ਉਸ ਬਾਰੇ ਸਰਦਾਰ ਉਮਰਾਓ ਸਿੰਘ ਜੋ ਸਾਡੇ ਸੰਸਦੀ ਮਾਮਲਿਆਂ ਦੇ ਵਜ਼ੀਰ ਸਨ, ਅੱਜ ਵੀ ਹਨ, ਉਨ੍ਹਾਂ ਨੇ ਮੈਨੂੰ ਨੋਟ ਲਿਖਿਆ ਜਿਸ ਤੇ 2 ਔਰ 3 ਜੂਨ ਦੀ ਰਾਤ ਨੂੰ ਐਮ.ਐਲ.ਏ. ਹੋਸਟਲ ਵਿੱਚ ਜੋ ਹੋਇਆ ਉਸ ਬਾਰੇ ਲਿਖਿਆ ਗਿਆ ਸੀ, ਮੈਂ ਉਨ੍ਹਾਂ ਦੇ ਨੋਟ ਤੇ ਪਹਿਲੇ ਡੀ.ਜੀ.ਪੀ. (ਇੰਟੈਲੀਜੈਂਸ) ਸ੍ਰੀ ਓਮ ਪ੍ਰਕਾਸ਼ ਸ਼ਰਮਾਂ ਨੂੰ ਕਿਹਾ ਕਿ ਇਸ ਦੀ ਇਨਕੁਆਰੀ ਕਰਕੇ ਇੱਕ ਹਫਤੇ ਦੇ ਅੰਦਰ ਅੰਦਰ ਰਿਪੋਰਟ ਪੇਸ਼ ਕੀਤੀ ਜਾਵੇ। ਉਨ੍ਹਾਂ ਨੇ ਇਨਕੁਆਰੀ ਕਰਾਈ ਔਰ ਹਫਤੇ ਦੇ ਅੰਦਰ ਅੰਦਰ ਇਨਕੁਆਰੀ ਰਿਪੋਰਟ ਸਾਡੇ ਕੋਲ ਆਈ। ਮੈਨੂੰ ਇਸ ਗੱਲ ਦਾ ਬੜਾ ਭਾਰੀ ਅਫਸੋਸ ਹੈ ਕਿ ਅੱਜ ਜਿਹੜੀਆਂ ਗੱਲਾਂ ਹੋਈਆਂ ਆਪੋਜ਼ੀਸ਼ਨ ਪਾਰਟੀਆਂ ਵਲੋਂ ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਦੇ ਜਜ਼ਬਾਤ ਸਨ ਲੇਕਿਨ ਸੱਚੀ ਗੱਲ ਕੀ ਸੀ, ਉਨ੍ਹਾਂ ਨੇ ਨਹੀਂ ਕਹੀ। ਜਦੋਂ ਇਨਕੁਆਰੀ ਕਰਾਈ ਸੀ ਉਸ ਵੇਲੇ ਸਾਡੇ ਮਾਨਯੋਗ ਮੈਂਬਰ ਵਿਮਲਾ ਡਾਂਗ ਨੇ ਕਿਹਾ ਸੀ ਕਿ ਬੜੀ ਅੱਛੀ ਗੱਲ ਹੋਈ ਕਿ ਹਫਤੇ ਦੇ ਅੰਦਰ ਅੰਦਰ ਇਨਕੁਆਰੀ ਕਰਾਈ ਗਈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਦੂਜੀਆਂ ਗੱਲਾਂ ਕਰਦੇ ਹਨ, ਇਨ੍ਹਾਂ ਨੂੰ ਅਸਲ ਗੱਲ ਵੀ ਦੱਸਣੀ ਚਾਹੀਦੀ ਹੈ ਔਰ ਸਾਡੇ ਖਾਸ ਕਰਕੇ ਲੇਡੀਜ਼ ਮੈਂਬਰ ਜੋ ਹਨ, ਇਹ ਬੜੀ ਸੈਟਲਡ ਗੱਲ ਹੈ ਅਤੇ ਢੁਕਵਾਂ ਮੌਕਾ ਹੈ ਸਾਨੂੰ ਇਸ ਤੇ ਆਪਣਾ ਬਿਆਨ ਦੇਣਾ ਚਾਹੀਦਾ ਹੈ ਲੇਕਿਨ ਮੈਨੂੰ ਅਫਸੋਸ ਹੈ ਕਿ ਬੇਸ਼ੱਕ ਹੋਰ ਮੈਂਬਰ ਵੀ ਬੋਲਦੇ ਰਹੇ ਹਨ ਪਰ ਅੱਜ ਸ੍ਰੀ ਵਿਜੇ ਕੁਮਾਰ ਸਾਥੀ ਨੇ ਕੁੱਝ ਗੱਲਾਂ ਸੱਚੀਆਂ ਕਹੀਆਂ ਹਨ। ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਪਬਲਿਕ ਵਿਚੋਂ ਪੁਲੀਟੀਕਲ ਸਫੀਅਰ ਵਿੱਚ ਲਿਆਉਣ ਵਾਲਾ ਸਭ ਤੋਂ ਪਹਿਲਾ ਮੈਂਬਰ ਜੇ ਕੋਈ ਸੀ ਤਾਂ ਉਹ ਵਿਜੇ ਕੁਮਾਰ ਸਾਥੀ ਦਾ ਪਿਤਾ ਸ੍ਰੀ ਰੂਪ ਲਾਲ ਸਾਥੀ ਹੈ। ਮੇਰੇ ਕੋਲ ਰੂਪ ਲਾਲ ਸਾਥੀ ਜੀ ਦੇ 10 ਐਫੀਡੈਵਿਟ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਪਏ ਹਨ ਜਿਹੜੇ ਉਨ੍ਹਾਂ ਨੇ ਦਿੱਤੇ। ਮੈਂ ਇਸ ਕਰਕੇ ਕਹਿੰਦਾ ਹਾਂ ਕਿ ਬਾਹਰ ਗੱਲਾਂ ਕੁਝ ਹੋਰ ਹੁੰਦੀਆਂ ਹਨ ਅਤੇ ਵਿਧਾਨ ਸਭਾ ਦੇ ਅੰਦਰ ਹੋਰ। ਦੱਤਾ ਪਿੰਡ ਜਿਹੜਾ ਧਰਮਕੋਟ ਥਾਣੇ ਦੇ ਅੰਦਰ ਪੈਂਦਾ ਹੈ ਉਥੋ ਇਨਕੁਆਰੀ ਤੋਂ ਪਹਿਲਾਂ ਸੱਠ ਆਦਮੀ ਮਿਲੇ ਅਤੇ ਉਨ੍ਹਾਂ ਨੇ ਕਿਹਾ ਕਿ ਛੇ ਮਹੀਨੇ ਤੋਂ ਉਹ ਐਮ.ਐਲ.ਏ. ਸਾਡੇ ਪਿੰਡ ਦਾ ਚੱਕਰ ਲਗਾਉਂਦਾ ਰਿਹਾ। ਤੁਸੀਂ ਸੋਚੋ ਕਿ ਉਹ ਚੱਕਰ ਕਿਉਂ ਲਗਾਉਂਦਾ ਸੀ। ਲੋਕਾਂ ਨੂੰ ਇਸ ਗੱਲ ਦਾ ਪਤਾ ਸੀ ਅਤੇ ਤੁਸੀਂ ਕੋਡ ਆਫ ਕੰਡਕਟ ਦੀ ਗੱਲ ਕਰਦੇ ਹੋ। ਇਹ ਸ਼ਰਮ ਦੀ ਗੱਲ ਹੈ ਕਿ ਲੜਕੀਆਂ ਤੇ ਅੱਖਾਂ ਰੱਖੀਏ ਅਤੇ ਚੱਕਰ ਲਾਈਏ। (ਸ਼ੇਮ, ਸ਼ੇਮ) ਸਰਦਾਰ ਅਵਤਾਰ ਸਿੰਘ ਬਰਾੜ ਨੇ ਕਿਹਾ ਕਿ ਇੱਕ ਰਾਜਪੂਤ ਜੋ ਮੋਗੇ ਦਾ ਰਹਿਣ ਵਾਲਾ ਹੈ, ਉਸ ਦਾ ਸਾਡੀ ਪਾਰਟੀ ਨਾਲ ਕੋਈ ਸਬੰਧ ਨਹੀਂ। ਉਹ ਸਾਡੀ ਪਾਰਟੀ ਦਾ ਮੈਂਬਰ ਨਹੀਂ ਹੈ। ਉਸ ਤੇ ਕਈ ਇਲਜ਼ਾਮ ਲੱਗੇ ਅਤੇ ਕਈ ਵਾਰ ਉਹ ਪਕੜਿਆ ਵੀ ਗਿਆ। ਇਹ ਕਿਹਾ ਜਾਂਦਾ ਹੈ ਕਿ ਉਸ ਰਾਜਪੂਤ ਅਤੇ ਭੱਟੀ ਸਾਹਿਬ, ਐਮ.ਐਲ.ਏ. ਦੀ ਬੜੀ ਭਾਰੀ ਦੋਸਤੀ ਹੈ। ਜੇ ਮੈਂ ਉਨ੍ਹਾਂ ਦੀਆਂ ਗੱਲਾਂ ਦੱਸਾਂ ਤਾਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਜੇ ਮੈਂ ਸਾਥੀ ਰੂਪ ਲਾਲ ਜੀ ਦੀਆਂ ਗੱਲਾਂ ਦੱਸਾਂ ਤਾਂ ਬੀਬੀ ਚਾਵਲਾ ਅਤੇ ਸ੍ਰੀਮਤੀ ਵਿਮਲਾ ਡਾਂਗ ਉਫ ਉਫ ਕਰਨ ਲੱਗ ਜਾਣ। ਮੋਗੇ ਲੜਕੀਆਂ ਨੂੰ ਕੱਚੀਆਂ ਨੌਕਰੀਆਂ ਦੁਆਈਆਂ ਅਤੇ ਫਿਰ ਰੇਪ ਹੁੰਦਾ ਰਿਹਾ ਔਰ ਉਨ੍ਹਾਂ ਨੂੰ ਕਿਹਾ ਗਿਆ ਕਿ ਡਾਇਰੈਕਟਰ, ਹੈਲਥ ਤੋਂ ਪੱਕੀ ਨੌਕਰੀ ਲੁਆ ਦੇਵਾਂਗਾ। ਉਸ ਲੜਕੀ ਨੂੰ ਵੀ ਐਮ.ਐਲ.ਏ. ਹੋਸਟਲ ਲਿਆਂਦਾ ਗਿਆ। ਉਸ ਦਾ ਬਾਪ ਬਾਹਰ ਸੁੱਤਾ ਰਿਹਾ ਅਤੇ ਅੰਦਰ ਰੇਪ ਹੁੰਦਾ ਰਿਹਾ। (ਸ਼ੇਮ, ਸ਼ੇਮ)।

(ਇਸ ਸਮੇਂ ਬੀ.ਐਸ.ਪੀ. ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਕਾਫੀ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**Mr. Speaker** : Leader of the House is on his legs. He is speaking. Let him complete what he has to say.

**ਮੁੱਖ ਮੰਤਰੀ** : ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਤੁਸੀਂ ਬੋਲ ਰਹੇ ਸੀ ਤਾਂ ਮੈਂ ਬਿਲਕੁਲ ਇੰਟਰਫੀਅਰ ਨਹੀਂ ਕੀਤਾ। ਮੈਂ ਥੋੜ੍ਹਾ ਚਿਰ ਬੋਲਣਾ ਹੈ, ਇਸ ਲਈ ਉਨ੍ਹਾਂ ਚਿਰ ਤੁਸੀਂ ਇੰਟਰਫੀਅਰ ਨਾ ਕਰੋ।

ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਤੋਂ ਬਾਅਦ ਅਖਬਾਰਾਂ ਵਿਚ ਇਹ ਗੱਲ ਛਪੀ। ਮੈਨੂੰ ਅਖਬਾਰਾਂ ਨਾਲ ਕੋਈ ਸਰੋਕਾਰ ਨਹੀਂ। ਮੈਂ ਇਕ ਉਚ ਅਧਿਕਾਰੀ ਤੋਂ ਜਿਸ ਦੀ ਬੜੀ ਮਾਣ-ਇੱਜ਼ਤ ਸੀ ਉਸ ਤੋਂ ਇਨਕੁਆਰੀ ਕਰਵਾਈ ਅਤੇ ਉਸ ਦੀ ਰਿਪੋਰਟ ਮੇਰੇ ਕੋਲ ਹੈ। ਉਹ ਲੜਕੀ ਇਸ ਜਹਾਨ ਵਿਚ ਨਹੀਂ ਹੈ। ਤੁਸੀਂ ਜੁਡੀਸ਼ੀਅਲ ਇਨਕੁਆਰੀ ਚਾਹੁੰਦੇ ਹੋ। ਤੁਸੀਂ ਆਪ ਹੀ ਸਲਾਹ ਕਰ ਲਓ। ਆਪ ਹੀ ਸੱਚੀ ਗੱਲ ਦੱਸ ਦਿਓ। (ਵਿਘਨ)

(ਇਸ ਸਮੇਂ ਬੀ.ਐਸ.ਪੀ. ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਕਾਫੀ ਸ਼ੋਰ ਹੋਣ ਕਾਰਣ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**Mr. Speaker** : Please sit down. When the Leader of the House is on his legs and is speaking you should not interrupt. Please sit down.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਇਹ ਕਹਿੰਦੇ ਹਨ ਕਿ ਅਸੀਂ ਐਫੀਡੇਵਿਟ ਦਿਵਾਇਆ, ਮੈਨੂੰ ਦੱਸੋ ਕਿ ਸਾਡੀ ਭੱਟੀ ਨਾਲ ਕੋਈ ਦੁਸ਼ਮਣੀ ਸੀ। ਇਹ ਜਿਹੜਾ ਐਮ.ਐਲ.ਏ. ਹੈ ਤੁਹਾਡੀ ਪਾਰਟੀ ਦਾ, ਅਸੀਂ ਉਸ ਦੀ ਮੱਦਦ ਤਾਂ ਕਰ ਸਕਦੇ ਸੀ। ਜੇ ਉਹ ਗਲਤ ਦਿਖਿਆ ਵੀ, ਉਸ ਨੂੰ ਇਲਜ਼ਾਮ ਲਗਾ ਕੇ ਅਸੀਂ ਆਪਣੇ ਆਪ ਨੂੰ ਲਿਬੇੜਨਾ ਨਹੀਂ ਚਾਹੁੰਦੇ, ਨਾ ਅਸੀਂ ਇਹ ਚਾਹੁੰਦੇ ਹਾਂ ਕਿ ਕੋਈ ਵੀ ਆਦਮੀ ਚਾਹੇ ਉਹ ਆਪੋਜੀਸ਼ਨ ਪਾਰਟੀ ਦਾ ਹੀ ਹੋਵੇ ਉਸ ਨੂੰ ਤੰਗ ਕਰੀਏ ਬਲਕਿ ਅਸੀਂ ਚਾਹੁੰਦੇ ਹਾਂ ਕਿ ਹਰ ਪਾਰਟੀ ਦਾ ਸਤਿਕਾਰ ਕਰੀਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਪੁਲਿਸ ਦੀ ਗੱਲ ਕਰਦੇ ਹਨ। ਪੁਲਿਸ ਦਾ ਡੀ.ਐਸ.ਪੀ. ਧਰਮਕੋਟ ਦਾ ਸੀ ਉਸ ਨੇ ਲੜਕੀ ਦੇ ਬਾਪ ਨੂੰ ਬੁਲਾਇਆ ਸੀ, ਲੜਕੀ ਦੇ ਚਾਚੇ ਨੂੰ ਵੀ ਬੁਲਾਇਆ ਸੀ। ਲੜਕੀ ਦਾ ਚਾਚਾ ਪਰਸੋਂ ਮੇਰੇ ਕੋਲ ਪੇਸ਼ ਕੀਤਾ ਗਿਆ, ਦੋ ਬੰਦੇ ਫੜ ਕੇ ਲਿਆਏ ਸਨ। ਮੈਂ ਹੈਰਾਨ ਹਾਂ, ਸਪੀਕਰ ਸਾਹਿਬ, ਇਹਨਾਂ ਦੀ ਇਨਫਰਮੇਸ਼ਨ ਦੇ ਨਾਲ, ਉਸ ਡੀ.ਐਸ.ਪੀ ਨੇ ਉਸ ਦੇ ਚਾਚੇ ਤੇ ਤਸ਼ੱਦਦ ਕੀਤਾ, ਉਹ ਆਪ ਤੁਰ ਨਹੀਂ ਸੀ ਸਕਦਾ (ਵਿਘਨ) ਦੋ ਆਦਮੀ ਪਕੜ ਕੇ ਲਿਆਏ। The boot is on the other leg, I will say. ਮੈਂ ਕਹਿਣਾ ਚਾਹੁੰਦਾ ਹਾਂ ਸਪੀਕਰ ਸਾਹਿਬ, ਉਸ ਤੇ ਤਸ਼ੱਦਦ ਕੀਤਾ ਗਿਆ। ਉਹਨਾਂ ਇਲਜ਼ਾਮ ਲਗਾਇਆ ਤੁਹਾਡੇ ਉਤੇ, ਇਹ ਮੈਂ ਇਸ ਕਰਕੇ ਦਸਦਾ ਹਾਂ ਕਿਉਂਕਿ ਦੋ ਆਦਮੀ ਉਸ ਨੂੰ ਪਕੜ ਕੇ ਲਿਆਏ ਸਨ। ਇਹ ਬੜੇ ਦੁੱਖ ਦੀ ਗੱਲ ਹੈ, ਸਾਡੇ ਲੇਡੀਜ਼ ਮੈਂਬਰ ਸਾਹਿਬਾਨ ਨੇ ਇਹ ਸਭ ਸੁਣਿਆ ਨਹੀਂ ਜਿਸ ਨੂੰ ਸੁਣ ਕੇ ਲੂੰ ਕੰਡੇ ਖੜ੍ਹੇ ਹੁੰਦੇ ਹਨ। (ਸ਼ੇਮ, ਸ਼ੇਮ) (ਵਿਘਨ)

**ਸ੍ਰੀ ਸਪੀਕਰ** : ਇਨ੍ਹਾਂ ਨੂੰ ਬੋਲ ਲੈਣ ਦਿਓ। ਇਨ੍ਹਾਂ ਨੂੰ ਸੁਣ ਲਓ। ਪਲੀਜ਼ ,ਬੈਠ ਜਾਓ। ਮੈਂਬਰ ਸਾਹਿਬਾਨ ਬੈਠ ਜਾਓ। ਸੀ.ਐਮ. ਸਾਹਿਬ ਦੀ ਗੱਲ ਪੂਰੀ ਸੁਣ ਲੈਣ ਦਿਓ। ਪਲੀਜ਼ ਬੈਠ ਜਾਓ।

**ਸ੍ਰੀ ਜਗਦੀਸ਼ ਸਾਹਨੀ** : ਸਪੀਕਰ ਸਾਹਿਬ, ਇਸ ਗੱਲ ਦੀ ਇਨਕੁਆਰੀ ਹੋਣੀ ਚਾਹੀਦੀ ਹੈ। ਇਨ੍ਹਾਂ ਨੇ ਗਲਤ ਗੱਲ ਕਹੀ ਹੈ।

**ਸ੍ਰੀ ਸਪੀਕਰ** : ਪਲੀਜ਼, ਬੈਠ ਜਾਓ। ਮੈਂਬਰ ਸਾਹਿਬਾਨ ਬੈਠ ਜਾਓ। ਸੀ. ਐਮ. ਸਾਹਿਬ ਨੂੰ ਸਟੇਟਮੇਂਟ ਦੇਣ ਦਿਓ। ਇਹ ਠੀਕ ਨਹੀਂ ਹੈ। Please sit down.

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੈਨੂੰ ਪੁਆਇੰਟ ਆਫ ਆਰਡਰ ਉਠਾਉਣ ਦਿਉ। ਸੀ. ਐਮ. ਸਾਹਿਬ ਨੇ ਜੋ ਇਲਜ਼ਾਮ ਲਾਏ ਹਨ ਉਹ ਗਲਤ ਹਨ।

**Shri Madan Mohan Mittal** : I say she (Smt. Laxnu Kanta Chawla) is on a Point of Order and she should be allowed to explain.

**Smt. Laxmi Kanta Chawla** : He (Chief Minister) has no right to speak like this.

**Mr. Speaker** : As requested earlier this is not the way. We have to discuss, we have to listen and when the Leader of the House is giving his statement which was demanded by Hon'ble Members, we should not interrupt him and I will request you not to interrupt him. Let him complete his statement. Please sit down.

**Shri Madan Mohan Mittal** : Let the Chief Minister reply but let her (Smt. Laxmi Kanta Chawla) also put her Point of Order.

Original with;
Punjab Vidhan Sabha
Digitized by;
Panjab Digital Library

**Mr. Speaker.** After the Chief Minister completes his statement, I will give you time. You can speak whatever you like to speak.

**Smt. Laxmi Kanta Chawla** : Point of Order is never explained when the speech is over. This is the proper time for the point of Order. ਮੈਨੂੰ ਪੁਆਇੰਟ ਆਫ ਆਰਡਰ ਦਾ ਮੌਕਾ ਦਿਓ ।

**Mr. Speaker**: You please sit down. When I am standing, the Hon'ble Members are supposed to sit down.

**Smt. Laxmi Kanta Chawla** : You should listen to me.

**Mr. Speaker** : Whatever you want to say, you would be given sufficient time for that. Please sit down.

**Shri Madan Mohan Mittal** : Please give her time. She should be given time to make her position clear.

**Mr. Speaker**: C.M. Sahib will first give reply. Please sit down, Mittal Ji, you are a responsible leader.

**Shri Madan Mohan Mittal** : Speaker Sahib, you want us to adopt the same procedure. Why don't you allow her to speak ?

**Smt. Laxmi Kanta Chawla** : I am on a Point of Order.

**Mr. Speaker** : What is your Point of Order ?

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ** ** **

**Parliamentary Affairs Minister** : She cannot make a speech on Point of Order.

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ** ** **

**Mr. Speaker** : This is no Point of Order.

**ਸੰਸਦੀ ਮਾਮਲਿਆਂ ਦੇ ਮੰਤਰੀ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਰੇਜ਼ ਕਰਨ ਵਾਸਤੇ ਰੂਲਜ਼ ਬੜੇ ਕਲੀਅਰ ਹਨ ।

**ਸ੍ਰੀ ਸਪੀਕਰ** : ਮੈਂ ਪ੍ਰਾਰਥਨਾ ਕਰਾਂਗਾ ਕਿ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਰੂਲਜ਼ ਪੜ੍ਹ ਲਓ ਔਰ ਫਿਰ ਦਸੋ। (ਵਿਘਨ)

**ਸ੍ਰੀਮਤੀ ਵਿਮਲਾ ਡਾਂਗ** : ** ** **

**Mr. Speaker** : You are going to make a speech. This is no Point of Order. Please sit down. You cannot make a speech without my permission. Please sit down.

**Smt. Vimla Dang** : I will stage a walk out. I have got a right t make a speech.

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker** : You cannot speak without my permission.

**ਸ੍ਰੀਮਤੀ ਵਿਮਲਾ ਡਾਂਗ** : ** ** **

**Mr. Speaker** : It is not a Point of Order. You are going to make a speech. It is of no use. Nothing to form part of the proceedings CM Sahib, to please contiune. (Interruption)

**ਸ੍ਰੀਮਤੀ ਵਿਮਲਾ ਡਾਂਗ** : ** ** **

**Mr Speaker** : It is not a Point of Order. I have already said it. Now the Pariamentary Affairs Minister.

**ਸੰਸਦੀ ਮਾਮਲਿਆਂ ਦੇ ਮੰਤਰੀ** : ਸਪੀਕਰ ਸਾਹਿਬ, ਮਿਸਿਜ਼ ਡਾਂਗ ਨੇ ਸਾਡੇ ਇਕ ਆਨਰੇਬਲ ਮੈਂਬਰ ਦੇ ਖਿਲਾਫ ਬੜੇ ਸੀਰੀਅਸ ਐਲੀਗੇਸ਼ਨ ਲਗਾਏ ਹਨ ਅਤੇ ਨਾਮ ਲਿਆ ਹੈ। ਇਹ ਇਸ ਤਰ੍ਹਾਂ ਨਹੀਂ ਕਰ ਸਕਦੇ। ਇਨ੍ਹਾਂ ਨੇ ਅਗਰ ਕੋਈ ਐਲੀਗੇਸ਼ਨ ਲਗਾਉਣਾ ਸੀ ਤਾਂ ਸਾਡੇ ਵਾਂਗ ਸਬਸਟਾਂਟਿਵ ਮੋਸ਼ਨ ਪਰਾਪਰ ਤਰੀਕੇ ਨਾਲ ਲਿਆਂਦੇ। ਇਨ੍ਹਾਂ ਨੇ ਰੂਲਜ਼ ਦੇ ਉਲਟ ਗੱਲ ਕੀਤੀ ਹੈ, ਇਸ ਲਈ ਇਨ੍ਹਾਂ ਨੇ ਜੋ ਕੁਝ ਕਿਹਾ ਹੈ ਉਹ ਸਾਰਾ ਐਕਸਪੰਜ ਹੋਣਾ ਚਾਹੀਦਾ ਹੈ।

**Mr. Speaker** : I have already declared that these will not be the part of the proceedings. These, therefore, stand automatically expunged. (ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਪੁਆਇੰਟ ਆਫ ਆਰਡਰ ਕਰਨ ਲਈ ਖੜ੍ਹੇ ਸਨ ਅਤੇ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦੇਣ ਦੀ ਮੰਗ ਕਰ ਰਹੇ ਸਨ।)

**Mr. Speaker** : I request all the Members who are speaking without my permission, to sit down ਕਿਰਪਾ ਕਰਕੇ ਹਾਊਸ ਦੀ ਕਾਰਵਾਈ ਨੂੰ ਸ਼ਾਂਤਮਈ ਤਰੀਕੇ ਨਾਲ ਚਲਣ ਦਿਓ। ਚੀਫ ਮਨਿਸਟਰ ਸਾਹਿਬ ਨੇ ਜਵਾਬ ਦੇਣਾ ਹੈ। ਜ਼ੀਰਾ ਸਾਹਿਬ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਇਹ ਜਿਹੜਾ ਮਸਲਾ ਹੈ ਇਹ ਬੜਾ ਗੰਭੀਰ ਮਸਲਾ ਹੈ। ਇਸ ਦੇ ਵਿਚ ਦੋ ਗੱਲਾਂ ਹਨ। ਇਕ ਰੇਪ ਦਾ ਅਤੇ ਦੂਜਾ ਕਤਲ ਦਾ ਕੇਸ ਦਫਾ 302 ਦਾ ਬਣਦਾ ਹੈ।

**ਸੰਸਦੀ ਮਾਮਲਿਆਂ ਦੇ ਮੰਤਰੀ** : ਸਪੀਕਰ ਸਾਹਿਬ, ਜ਼ੀਰਾ ਸਾਹਿਬ ਨੂੰ ਆਪਣਾ ਪੁਆਇੰਟ ਆਫ ਆਰਡਰ ਕਰਨਾ ਚਾਹੀਦਾ ਹੈ, which is arising out of speech. He has started making another Point of Order.

**ਸ੍ਰੀ ਸਪੀਕਰ** : ਜ਼ੀਰਾ ਜੀ, ਤੁਸੀਂ ਪੁਆਇੰਟ ਆਫ ਆਰਡਰ ਕਰੋ, ਸਪੀਚ ਨਾ ਕਰੋ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ** ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। Please sit down. You are talking about Makhija. If you want to say anything, you can bring proper motion about any body. Now please sit down.

---

**Expunged Not recorded as ordered by the Chair.

Original with;
Punjab Vidhan Sabha
Digitized by;
Panjab Dig

[ ਸ੍ਰੀ ਸਪੀਕਰ ]

ਤੁਸੀਂ ਜੋ ਸੀ.ਐਮ. ਸਾਹਿਬ ਦੀ ਸਟੇਟਮੈਂਟ ਹੈ, ਉਸਨੂੰ ਪਰਾਪਰਲੀ ਸੁਣਦੇ ਨਹੀਂ। ਇਸ ਤੋਂ ਵੱਧ ਅਫਸੋਸਨਾਕ ਗੱਲ ਕੀ ਹੋ ਸਕਦੀ ਹੈ ? ਸਾਡਾ ਕੰਮ ਹੈ ਡਿਸਕਸ਼ਨ ਕਰਨਾ, ਡੀਬੇਟ ਕਰਨਾ ਔਰ ਪੁਆਇੰਟ ਆਫ ਆਰਡਰ ਰੇਜ਼ ਕਰਨਾ। ਪਰ ਪੁਆਇੰਟ ਆਫ ਆਰਡਰ ਤੇ ਖੜ੍ਹਾ ਹੋ ਜਾਣਾ ਔਰ ਸਪੀਚ ਕਰਨੀ ਸ਼ੁਰੂ ਕਰ ਦੇਣੀ, ਇਹ ਗਲਤ ਚੀਜ਼ ਹੈ। ਇਸ ਤਰ੍ਹਾਂ ਹਾਊਸ ਦੀਆਂ ਪਰੋਸੀਡਿੰਗਜ਼ ਚਲ ਨਹੀਂ ਸਕਣ-ਗੀਆਂ। ਜੇਕਰ ਹਾਊਸ ਦੀਆਂ ਪਰੋਸੀਡਿੰਗਜ਼ ਚਲ ਨਹੀਂ ਸਕਣਗੀਆਂ ਤਾਂ ਕੋਈ ਲਾਭ ਨਹੀਂ ਹੋਵੇਗਾ। ਜੀਰਾ ਜੀ ਤੁਸੀਂ ਪੁਆਇੰਟ ਆਫ ਆਰਡਰ ਤੇ ਖੜ੍ਹੇ ਹੋ ਕੇ ਸਪੀਚ ਕਰਨੀ ਸ਼ੁਰੂ ਕਰ ਦਿਤੀ। (ਵਿਘਨ) It is no Point of Order. I have clearly said that it is No Point of Order. So the Hon'ble Member should sit down and let the Chief Minister resume his statement. Kindly sit down.

(ਇਸ ਵੇਲੇ ਬੀ. ਐਸ. ਪੀ. ਦੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਬਗੈਰ ਪਰਮਿਸ਼ਨ ਤੋਂ ਇਕੱਠੇ ਹੀ ਬੋਲ ਰਹੇ ਸਨ ** ** **)

**ਸ੍ਰੀ ਸਪੀਕਰ:** ਇਹ ਜਿਹੜਾ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਹਨ, ਉਹ ਪਰੋਸੀਡਿੰਗ ਦਾ ਹਿੱਸਾ ਨਾ ਬਣੇ। ਸੀ. ਐਮ. ਸਾਹਿਬ.ਤੁਸੀਂ ਬੋਲੋ। ਸਾਰੇ ਮੈਂਬਰ ਸਾਹਿਬਾਨ ਨੂੰ ਮੈਂ ਰਿਕੁਐਸਟ ਕਰਾਂਗਾ ਕਿ ਉਹ ਬੈਠ ਜਾਣ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਮੈਂ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ। ਮੈਂ ਜ਼ੀਰਾ ਸਾਹਿਬ ਦੀਆਂ ਗੱਲਾਂ ਸੁਣੀਆਂ ਸਨ ਅਤੇ ਹੋਰ ਮੈਂਬਰਾਂ ਦੀਆਂ ਵੀ ਗੱਲਾਂ ਸੁਣੀਆਂ। (ਵਿਘਨ) (ਸ਼ੋਰ) ਜ਼ੀਰਾ ਸਾਹਿਬ, ਤੁਸੀਂ 2 ਮਿੰਟ ਲਈ ਬੈਠ ਜਾਉ। ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਜ਼ੀਰਾ ਸਾਹਿਬ, ਪੁਆਇੰਟ ਆਫ ਆਰਡਰ ਤੇ ਖੜ੍ਹੇ ਹੋ ਗਏ ਔਰ ਸਪੀਚ ਕਰਨੀ ਸ਼ੁਰੂ ਕਰ ਦਿਤੀ ਜ਼ੀਰਾ ਸਾਹਿਬ, ਹੁਣ ਬੋਲਣ ਦਾ ਮੌਕਾ ਨਹੀਂ। ਤੁਹਾਨੂੰ ਸਾਰਿਆਂ ਨੂੰ ਬੋਲਣ ਦਾ ਮੌਕਾ ਮਿਲਿਆ ਹੈ। ਔਰ ਟਾਇਮ ਦਿੱਤਾ ਗਿਆ ਹੈ। (ਬੀ. ਐਸ. ਪੀ. ਦੇ ਮੈਂਬਰ ਸਾਹਿਬਾਨ ਵਲੋਂ ਵਿਘਨ)

**ਸ੍ਰੀ ਸਪੀਕਰ:** ਤੁਹਾਨੂੰ ਸਾਰਿਆਂ ਨੂੰ ਹੀ ਬੋਲਣ ਲਈ ਟਾਇਮ ਦਿੱਤਾ ਗਿਆ ਹੈ। ਮੈਂ ਇਕ ਵਾਰ ਫਿਰ ਰਿਕੁਐਸਟ ਕਰਾਂਗਾ ਕਿ ਤੁਸੀਂ ਆਪਣੀਆਂ ਸੀਟਾਂ ਤੇ ਬੈਠ ਜਾਉ। Please sit down. ਇਸ ਹਾਊਸ ਦੀਆਂ ਪਰੋਸੀਡਿੰਗਜ਼ ਚਲਾਉਣ ਲਈ ਰੂਲਜ਼ ਐਂਡ ਰੈਗੂਲੇਸ਼ਨਜ਼ ਹੁੰਦੇ ਹਨ। ਉਨ੍ਹਾਂ ਰੂਲਜ਼ ਐਂਡ ਰੈਗੂਲੇਸ਼ਨਜ਼ ਦੇ ਮੁਤਾਬਿਕ ਹੀ ਹਾਊਸ ਨੂੰ ਚਲਣ ਦਿਉ। ਇਸ ਤਰ੍ਹਾਂ ਹਾਊਸ ਦੀਆਂ ਪਰੋਸੀਡਿੰਗਜ਼ ਵਿਚ ਵਿਘਨ ਪਾਉਣਾ ਅੱਛਾ ਨਹੀਂ ਹੋਵੇਗਾ। (ਵਿਘਨ)

**ਸੰਸਦੀ ਮਾਮਲਿਆਂ ਦੇ ਮੰਤਰੀ** (ਸਰਦਾਰ ਉਮਰਾਓ ਸਿੰਘ): ਸਪੀਕਰ ਸਾਹਿਬ, ਜੇ ਮੈਂਬਰ ਸਾਹਿਬ ਕੋਆਪਰੇਟ ਨਹੀਂ ਕਰਦੇ ਤਾਂ ਮੋਸ਼ਨ ਮੂਵ ਕਰਾ ਦਿਉ। ਵਾਰ ਵਾਰ ਕਿਹਾ ਗਿਆ ਹੈ ਕਿ ਅਸੀਂ ਇਨਕੁਆਇਰੀ ਕਰਾਵਾਂਗੇ। ਸੀ. ਐਮ. ਸਾਹਿਬ ਨੇ ਵੀ ਕਿਹਾ ਹੈ ਕਿ ਇਨਕੁਆਇਰੀ ਕਰਾਵਾਂਗੇ ਗੌਰਮਿੰਟ ਦੀ ਐਸੀ ਕੋਈ ਇਨਟੈਨਸ਼ਨ ਨਹੀਂ। (ਵਿਘਨ) (ਸ਼ੋਰ) ਗੌਰਮਿੰਟ ਦੀ ਐਸੀ ਕੋਈ ਇਨ-ਟੈਨਸ਼ਨ ਨਹੀਂ ਕਿ ਇਸ ਹਾਊਸ ਦੇ ਕਿਸੇ ਮੈਂਬਰ ਨੂੰ ਸੈਨਸ਼ਿਓਰ ਕੀਤਾ ਜਾਵੇ। (ਵਿਘਨ) ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਮੈਂਬਰ ਸਾਹਿਬਾਨ ਕੋਆਪਰੇਸ਼ਨ ਨਹੀਂ ਦੇਂਦੇ ਤਾਂ ਸਾਡੇ ਵਾਸਤੇ ਕੋਈ ਚਾਰਾ ਨਹੀਂ ਰਹਿ ਜਾਂਦਾ ਕਿ ਸੈਨਸ਼ਿਓਰ ਮੋਸ਼ਨ ਪੇਸ਼ ਨਾ ਕਰੀਏ। ਮੈਂ ਮੈਂਬਰ

**Not recorded as ordered by the Chair.

Original with;
Punjab Vidhan Sabha
Digitized by;

ਸਾਹਿਬਾਨ ਨੂੰ ਰਿਕੁਐਸਟ ਕਰਨੀ ਚਾਹੁੰਦਾ ਹਾਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਿ ਜਦੋਂ ਸੀ. ਐਮ. ਸਾਹਿਬ, ਲੀਡਰ ਆਫ ਦੀ ਹਾਊਸ ਬੋਲ ਰਹੇ ਹੋਣ ਤਾਂ ਸਾਡਾ ਸਭ ਦਾ ਉਨ੍ਹਾਂ ਨੂੰ ਸੁਣਨ ਦਾ ਫਰਜ਼ ਬਣ ਜਾਂਦਾ ਹੈ। ਜੇ ਮੈਂਬਰ ਸਾਹਿਬ ਕੋਆਪਰੇਟ ਨਹੀਂ ਕਰਦੇ ਤਾਂ ਤੁਸੀਂ ਸੈਨਸ਼ਿਓਰ ਮੋਸ਼ਨ ਪੁੱਟ ਕਰੋ ਅਤੇ ਹਾਊਸ ਦੀ ਵਿੱਲ ਲਓ।

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ):** ਸਪੀਕਰ ਸਾਹਿਬ, ਜਦੋਂ ਲੀਡਰ ਆਫ ਦੀ ਹਾਊਸ ਬੋਲ ਰਹੇ ਹੋਣ ਤਾਂ ਇਹ ਜ਼ਰੂਰੀ ਬਣਦਾ ਹੈ ਕਿ ਮੈਂਬਰ ਸਾਹਿਬਾਨ ਉਨ੍ਹਾਂ ਨੂੰ ਆਰਾਮ ਨਾਲ ਸੁਣਨ, ਸੰਜੀਦਗੀ ਨਾਲ ਸੁਣਨ। ਇਸ ਮਸਲੇ ਤੇ ਜਦ ਕਿ ਸਾਡੇ ਹਾਊਸ ਦੀ ਇੱਜ਼ਤ ਇੰਨਵਾਲਵਡ ਹੈ, ਸਾਨੂੰ ਆਰਾਮ ਨਾਲ ਸਾਰੀ ਗੱਲ ਸੁਣਨੀ ਚਾਹੀਦੀ ਹੈ, ਬੀ. ਐਸ. ਪੀ. ਦੇ ਮੈਂਬਰ ਸਾਹਿਬਾਨ ਇੰਟਰੱਪਟ ਕਰ ਰਹੇ ਹਨ, ਇਹ ਸੀ. ਐਮ. ਸਾਹਿਬ ਦੀ ਸਪੀਚ ਨੂੰ ਇੰਟਰੱਪਟ ਕਰ ਰਹੇ ਹਨ, ਇਨ੍ਹਾਂ ਦਾ ਬਿਹੇਵੀਅਰ ਠੀਕ ਨਹੀਂ ਹੈ। (ਵਿਘਨ) (ਸ਼ੋਰ) ਇਹ ਪਹਿਲਾਂ ਸਪੀਚ ਕਨਕਲੂਡ ਕਰ ਲੈਣ ਦੇਣ। ਉਸ ਤੋਂ ਬਾਅਦ ਪੁਆਇੰਟ ਆਫ ਆਰਡਰ ਰੇਜ਼ ਕਰ ਸਕਦੇ ਹਨ ਪਰ ਲੀਡਰ ਆਫ ਦੀ ਹਾਊਸ ਨੂੰ ਤਾਂ ਬੋਲਣ ਦੇਣ। (ਵਿਘਨ) (ਸ਼ੋਰ) But first of all the Leader of the House should be allowed to conclude his speech.

**ਸਰਦਾਰ ਇੰਦਰਜੀਤ ਸਿੰਘ ਜ਼ੀਰਾ:** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ..................

**ਸ੍ਰੀ ਸਪੀਕਰ:** ਜ਼ੀਰਾ ਸਾਹਿਬ, ਤੁਸੀਂ ਬੈਠ ਜਾਉ। Chief Minister Sahib is making a statement and it is unfortunate that many times requests have been made but some of the members are not cooperating.

ਇਹ ਕੋਈ ਚੰਗੀ ਗੱਲ ਨਹੀਂ ਕਿ ਲੀਡਰ ਆਫ ਦੀ ਹਾਊਸ ਬੋਲ ਰਹੇ ਹੋਣ ਅਤੇ ਅਸੀਂ ਖੜ੍ਹੇ ਹੋ ਜਾਈਏ। ਬੈਠ ਜਾਉ।

**ਮੁੱਖ ਮੰਤਰੀ:** ਮੈਂ ਬੜੇ ਦੁਖ ਨਾਲ ਸਪੀਕਰ ਸਾਹਿਬ, ਇਹ ਸਾਰੀ ਕਹਾਣੀ ਸੁਣਾਈ ਹੈ। ਮੈਂ ਪਹਿਲਾਂ ਵੀ ਕਿਹਾ ਹੈ ਅਤੇ ਫੇਰ ਰਿਪੀਟ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਕੋਈ ਚਾਅ ਨਹੀਂ, ਕੋਈ ਸ਼ੌਕ ਨਹੀਂ ਕਿ ਕਿਸੇ ਐਮ. ਐਲ. ਏ. ਦੇ ਬਰਖਿਲਾਫ ਗੱਲ ਕਰੀਏ। ਮੈਂ ਕਰਾਈਮ ਬਰਾਂਚ ਤੋਂ ਇਨਕੁਆਇਰੀ ਕਰਾਈ ਹੈ। ਜਿਸ ਐਫੀਡੈਵਿਟ ਨੂੰ ਇਹ ਝੂਠਾ ਕਹਿ ਰਹੇ ਹਨ, ਉਸ ਬਾਰੇ ਪਿੰਡ ਤੋਂ ਜਾ ਕੇ ਸਬੰਧਤ ਅਧਿਕਾਰੀਆਂ ਨੇ, ਪਤਾ ਕੀਤਾ ਹੈ ਅਤੇ ਉਹ ਬਿਲਕੁਲ ਸੱਚਾ ਹੈ। (ਵਿਘਨ) ਮੈਨੂੰ ਬੋਲਣ ਦਿਓ। ਮੈਂ ਬਿਲਕੁਲ ਇੰਟਰਫੀਅਰ ਨਹੀਂ ਕੀਤਾ ਜਦੋਂ ਤੁਸੀਂ ਬੋਲ ਰਹੇ ਸੀ। ਮੈਂ ਸਾਰੇ ਮਾਮਲੇ ਦੀ ਆਪ ਇਨਕੁਆਇਰੀ ਕਰਾਈ। ਵੱਡੇ ਤੋਂ ਵੱਡੇ ਅਧਿਕਾਰੀ ਤੋਂ ਕਰਾਈ। ਇਨਕੁਆਇਰੀ ਤੋਂ ਬਾਅਦ ਤਾਂ ਇਲਜ਼ਾਮ ਦਰ ਇਲਜ਼ਾਮ ਅਤੇ ਬਹੁਤ ਭਾਰੇ ਹੋਰ ਇਲਜ਼ਾਮ ਵੀ ਲੱਗੇ। ਬਾਕੀ ਇਥੇ ਮੇਰੀਆਂ ਭੈਣਾਂ ਨੇ ਕਿਹਾ ਹੈ ਕਿ ਮੈਂ ਐਸਪਰਸ਼ਨ ਲਾਇਆ ਹੈ, ਇਹ ਕੋਈ ਐਸਪਰਸ਼ਨ ਨਹੀਂ ਸੀ। ਬੀਬੀ ਡਾਂਗ ਨੇ ਜਦੋਂ ਮੈਂ ਇਨਕੁਆਇਰੀ ਆਰਡਰ ਕੀਤੀ ਤਾਂ ਕਿਹਾ ਸੀ ਕਿ ਇਹ ਬੜਾ ਅੱਛਾ ਕੀਤਾ, ਜਿਹੜੀ ਇਨਕੁਆਇਰੀ ਕਰਾਈ। ਮੈਂ ਉਸਦਾ ਹੀ ਜ਼ਿਕਰ ਕੀਤਾ ਹੈ। ਇਨਕੁਆਇਰੀ ਪ੍ਰੈਜੁਡਿਸ ਹੋ ਕੇ ਨਹੀਂ ਕਰਾਈ ਜਾਂਦੀ। ਅਨ-ਪ੍ਰੈਜੁਡਿਸ ਇਨਕੁਆਇਰੀ ਹੋਈ ਹੈ। ਬਾਕੀ ਜਿਥੇ ਪੁਲਿਸ ਦਾ ਵੀ ਕੋਈ ਫਾਲਟ ਪਾਇਆ ਗਿਆ ਤਾਂ ਅਸੀਂ ਪੁਲਿਸ ਦੇ ਖਿਲਾਫ ਵੀ ਐਕਸ਼ਨ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਲੈਣ ਨੂੰ ਤਿਆਰ ਹਾਂ। ਮੈਂ ਵਾਰ ਵਾਰ ਇਹ ਗੱਲ ਕਹਿਣੀ ਚਾਹੁੰਦਾ ਹਾਂ। ਕੇਵਲ ਆਪੋਜ਼ੀਸ਼ਨ ਦੀ ਸੇਕ ਗੱਲ ਨਾ ਕਰੋ। ਗੱਲ ਸੱਚੀ ਕਰੋ। (ਬੀ.ਐਸ.ਪੀ. ਦੇ ਮੈਂਬਰ ਸਾਹਿਬਾਨ ਵਲੋਂ ਵਿਘਨ)

**ਸ੍ਰੀ ਸਪੀਕਰ:** ਮੈਂ ਬੇਨਤੀ ਕਰਾਂਗਾ ਕਿ ਸਟੇਟਮੈਂਟ ਹੋਣ ਦਿਓ। ਪਲੀਜ਼।

**ਮੁੱਖ ਮੰਤਰੀ :** ਗੱਲ ਸੱਚੀ ਹੋਣੀ ਚਾਹੀਦੀ ਹੈ। ਮੈਂ ਅੱਜ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਲਾਅ ਤੋਂ ਕੋਈ ਵੀ ਆਦਮੀ ਬਚ ਨਹੀਂ ਸਕਦਾ। ਇਕ ਆਦਮੀ, ਇਕ ਆਰਡੀਨਰੀ ਸ਼ਹਿਰੀ ਤੋਂ ਲੈ ਕੇ ਰਾਸ਼ਟਰਪਤੀ ਤੱਕ ਇਕੋ ਜਿਹਾ ਲਾਅ ਹੈ। ਅਗਰ ਉਸ ਲਾਅ ਨੂੰ ਅਸੀਂ ਨਹੀਂ ਸਮਝਦੇ ਔਰ ਐਵੇਂ ਰੌਲਾ ਪਾਓ ਕਿ ਜੁਡੀਸ਼ੀਅਲ ਇਨਕੁਆਇਰੀ ਕਰਵਾਉਣੀ ਹੈ। ਬੜੇ ਬੜੇ ਕੇਸ ਹੁੰਦੇ ਹਨ। ਆਖਿਰਕਾਰ ਜੁਡੀਸ਼ੀਅਲ ਇਨਕੁਆਇਰੀ ਉਥੇ ਹੁੰਦੀ ਹੈ ਜਿਥੇ ਵੱਡੇ ਭਾਰੀ ਦੰਗੇ ਹੋਏ ਹੋਣ ਆਰਡੀਨਰੀ ਕੇਸ ਤਾਂ ਹੁੰਦੇ ਹੀ ਰਹਿੰਦੇ ਹਨ। It is an ordinary caseof rape and killing. Nothing else. ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਇਕ ਗੱਲ ਦਾ ਬੜਾ ਭਾਰੀ ਦੁਖ ਹੈ। ਮੈਂ ਬੀਬੀ ਲਕਸ਼ਮੀ ਕਾਂਤਾ ਚਾਵਲਾ ਦੀ ਬੜੀ ਇਜ਼ਤ ਕਰਦਾ ਹਾਂ। ਇਹ ਸਾਡੀ ਭੈਣ ਹੈ। ਲੇਕਿਨ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਅਸੀਂ ਆਪਣੇ ਐਮ.ਐਲ.ਏ. ਨੂੰ ਸਸਪੈਂਡ ਕਰ ਚੁੱਕੇ ਹਾਂ। ਕੋਈ ਵੀ ਪਾਰਟੀ ਆਪਣੇ ਐਮ. ਐਲ. ਏ. ਨੂੰ ਕਦੇ ਸਸਪੈਂਡ ਨਹੀਂ ਕਰਦੀ। ਲੇਕਿਨ ਕੇਵਲ 20 ਨੰਬਰ ਕਮਰੇ ਦਾ ਨਾਂ ਲਿਆ ਗਿਆ। 27 ਨੰਬਰ ਕਮਰੇ ਵਿਚ ਕੀ ਹੁੰਦਾ ਰਿਹਾ ਹੈ। 27 ਨੰਬਰ ਕਮਰੇ ਵਿੱਚ ਕੀ ਹੁੰਦਾ ਸੀ। ਜੂਨ ਦੇ ਪਹਿਲੇ ਹਫਤੇ ਕਦੇ ਕਿਸੇ ਨੇ ਕੁਝ ਨਹੀਂ ਦੱਸਿਆ। ਜੇ ਮੇਰੇ ਸਾਥੀਆਂ ਨੇ ਦੱਸਿਆ ਤਾਂ ਤੁਸੀਂ ਵੀ ਦੱਸ ਸਕਦੇ ਸੀ। ਇਸ ਗੱਲ ਦਾ ਸਾਨੂੰ ਬੜਾ ਭਾਰੀ ਦੁੱਖ ਹੁੰਦਾ ਹੈ। ਸੋ ਮੈਂ ਆਖਿਰ ਵਿਚ ਕਹਿਣਾ ਚਾਹੁੰਦਾ ਹਾਂ ਕਿ ਬੜੀ ਭਾਰੀ ਇਨਕੁਆਇਰੀ ਤੋਂ ਬਾਅਦ, ਵੈਰੀ-ਫਿਕੇਸ਼ਨ ਤੋਂ ਬਾਅਦ ਇਹ ਕੇਸ ਰਜਿਸਟਰ ਹੋਇਆ ਹੈ ਧਰਮਕੋਟ ਥਾਣੇ ਦੇ ਅੰਦਰ ਦਫਾ 366, 376, 302, 201 ਔਰ 134 ਦੇ ਤਹਿਤ। ਲੇਕਿਨ ਅਸੀਂ ਆਪਣੀ ਇਨਕੁਆਇਰੀ ਚਾਲੂ ਰੱਖੀ। ਮੈਂ ਯਕੀਨ ਦਿਵਾਉਂਦਾ ਹਾਂ ਇਸ ਹਾਊਸ ਨੂੰ ਕਿ ਬਿਨਾਂ ਕਿਸੇ ਵਜ੍ਹਾ ਤੋਂ ਕਿਸੇ ਨੂੰ ਔਖਾ ਨਹੀਂ ਕੀਤਾ ਜਾਏਗਾ। ਇਸ ਕੇਸ ਵਿੱਚ ਵੀ ਸਾਰਾ ਪਿੰਡ ਮੇਰੇ ਕੋਲ ਚੱਲ ਕੇ ਆਇਆ ਔਰ ਜੋ 50-60 ਬੰਦੇ ਸਨ ਉਨ੍ਹਾਂ ਨੇ ਕਾਲੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ ਔਰ ਕਿਰਪਾਨਾਂ ਪਾਈਆਂ ਹੋਈਆਂ ਸਨ। ਉਨ੍ਹਾਂ ਵਿੱਚ ਅਕਾਲੀ ਪਾਰਟੀ ਦੇ ਬੰਦੇ ਵੀ ਸਨ। ਕੋਈ ਵੀ ਅਜਿਹੀ ਪਾਰਟੀ ਨਹੀਂ ਸੀ ਜਿਸ ਦਾ ਬੰਦਾ ਉਸ ਵਿੱਚ ਸ਼ਾਮਲ ਨਾ ਹੋਇਆ ਹੋਵੇ। ਸਾਰੇ ਪਿੰਡ ਵਾਲਿਆਂ ਨੇ ਦੁੱਖ ਭਰੀ ਕਹਾਣੀ ਸੁਣਾਈ। ਉਸ ਤੋਂ ਬਾਅਦ ਅਸੀਂ ਇਹ ਸਟੈਪ ਲਿਆ ਹੈ। ਮੈਨੂੰ ਅਫਸੋਸ ਹੈ ਕਿ ਅਗਰ ਇਹੋ ਜਿਹੇ ਕਾਰਨਾਮੇ ਐਮ.ਐਲ.ਏਜ਼. ਦੇ ਹੋਣਗੇ ਤਾਂ ਲੈਜਿਸਲੇਚਰ ਪਾਰਟੀ ਬਚਦੀ ਨਹੀਂ। ਪ੍ਰਮਾਤਮਾ ਦੇ ਵਾਸਤੇ, ਫਾਰ ਦੀ ਸੇਕ ਆਫ ਆਪੋਜ਼ੀਸ਼ਨ ਇਸ ਤਰ੍ਹਾਂ ਨਾ ਕਰਿਆ ਕਰੋ। ਭਾਵੇਂ ਕੋਈ ਵੀ ਬੰਦਾ ਹੋਵੇ, ਚਾਹੇ ਉਹ ਸਾਡੇ ਵਿਚੋਂ ਹੀ ਹੋਵੇ ਮੈਂ ਐਕਸ਼ਨ ਲੈਣ ਨੂੰ ਤਿਆਰ ਹਾਂ। ਮੈਂ ਵੱਡੀ ਤੋਂ ਵੱਡੀ ਗਲ ਆਖੀ ਹੈ। ਸਾਡੇ ਪੁਰਾਣੇ ਸਾਥੀ ਰੂਪ ਲਾਲ ਜੀ ਦਾ ਲੜਕਾ ਹੈ। ਉਸ ਨੇ 10 ਐਫੀਡੈਵਿਟ ਦਿੱਤੇ ਜੇ ਸਰਦਾਰ ਗੁਰਨਾਮ ਸਿੰਘ ਨੂੰ ਝੂਠਾ ਸਮਝਦੇ ਹੋ ਤਾਂ 10 ਐਫੀਡੈਵਿਟ ਜਿਹੜੇ ਸਾਥੀ ਰੂਪ ਲਾਲ ਨੇ ਦਿੱਤੇ ਹਨ ਉਨ੍ਹਾਂ ਦੀ ਤਾਂ ਕਦਰ ਕਰੋ। ਤੁਹਾਡਾ ਸਾਥੀ ਹੈ। ਉਨ੍ਹਾਂ ਦਾ ਲੜਕਾ ਤੁਹਾਡੇ ਵਿੱਚ ਬੈਠਾ ਹੈ। (ਵਿਘਨ) ਕੋਈ ਐਫੀਡੈਵਿਟ ਇਕੱਠੇ ਕਰਨ ਨੂੰ ਤਿਆਰ ਨਹੀਂ ਹੁੰਦਾ। ਬਚਾਉਣ ਦਾ ਯਤਨ ਕੀਤਾ ਜਾਂਦਾ ਹੈ। ਇਸ ਨੂੰ ਵੀ ਬਚਾਉਣ ਦਾ ਯਤਨ ਕੀਤਾ ਗਿਆ ਪਰ ਅਖਬਾਰਾਂ ਵਿੱਚ ਆਇਆ ਖਬਰਾਂ ਤੋਂ ਤੰਗ ਆ ਕੇ ਇਨਕੁਆਇਰੀ ਕਰਾਈ ਔਰ ਉਸ ਦੇ ਵਿੱਚ ਇਹ ਦੋਸ਼ੀ ਪਾਇਆ ਗਿਆ ਹੈ। ਬਲਦੇਵ ਸਿੰਘ ਭੱਟੀ ਦੋਸ਼ੀ ਹੈ।

Original with;
Punjab Vidhan Sabha
Digitized by;
Panjab Digital Library

(ਇਸ ਵੇਲੇ ਬੀ.ਐਸ.ਪੀ. ਦੇ ਸਦਨ ਵਿਚ ਹਾਜ਼ਰ ਸ਼ਾਰੇ ਮੈਂਬਰ ਸ਼ਾਹਿਬਾਨ ਨੇ ਵੈੱਲ ਆਫ ਦੀ ਹਾਊਸ ਵਿਚ ਖੜ੍ਹੇ ਹੋ ਕੇ ** ** ** ਨਾਹਰੇ ਲਗਾਉਣੇ ਸ਼ੁਰੂ ਕਰ ਦਿੱਤੇ।)

MR.SPEAKER: Question is-

"This House censures the conduct of Sardar Baldev Singh Bhatti, M.L.A., who had allegedly raped Miss Kulwant Kaur D/o Sardar Gurnam Singh, Village Datta, Tehsil Zira, District Ferozepur in the M.L.A's. Hostel, Sector 3, Chandigarh during the first week of June, 1993 and later on forcing her father at a gun point to put her into the canal."

The motion was carried.

Original with; Punjab Vidhan Sabha Digitized by; Panjab Digital Library

Original with:
Punjab Vidhan Sabha
Digitized by:
Panjab Digital Library

(ਇਸ ਵੇਲੇ ਬੀ. ਐਸ. ਪੀ. ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਵੈਲ ਆਫ ਦੀ ਹਾਊਸ ਵਿਚ ਖੜੇ ਹੋ ਕੇ ** **ਨਾਹਰੇ ਲਗਾ ਰਹੇ ਸਨ

**ਸ਼੍ਰੀ ਸਪੀਕਰ :** ਜਿਹੜੇ ਸਤਿਕਾਰਯੋਗ ਮੈਂਬਰ ਸਾਹਿਬਾਨ ਵੈਲ ਆਫ ਦੀ ਹਾਊਸ ਵਿੱਚ ਆ ਕੇ ਨਾਹਰੇਬਾਜ਼ੀ ਕਰ ਰਹੇ ਹਨ, ਉਹ ਕਿਰਪਾ ਕਰਕੇ ਆਪਣੀ ਸੀਟ ਰਿਜ਼ਿਊਮ ਕਰਨ। ਇਸ ਤਰ੍ਹਾਂ ਨਾਅਰੇ ਮਾਰਨ ਨਾਲ ਕੁਝ ਨਹੀਂ ਬਣਨਾ। ਕੁਝ ਮੋਸ਼ਨ ਪੇਸ਼ ਕੀਤੇ ਜਾਣੇ ਹਨ। ਕਿਰਪਾ ਕਰਕੇ ਆਪਣੀ ਆਪਣੀ ਜਗ੍ਹਾ ਲਓ। ਇਹ ਜਿਹੜੀ ਵੀ ਨਾਅਰੇਬਾਜ਼ੀ ਕੀਤੀ ਜਾ ਰਹੀ ਹੈ ਇਹ ਰਿਕਾਰਡ ਨਾ ਕੀਤੀ ਜਾਵੇ। ਹੁਣ ਸ਼੍ਰੀਮਤੀ ਵਿਮਲਾ ਡਾਂਗ ਜੀ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹਨਗੇ।

(ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀਮਤੀ ਵਿਮਲਾ ਡਾਂਗ ਜੀ ਆਪਣੀ ਸੀਟ ਤੇ ਖੜ੍ਹੇ ਹੋਏ ਪ੍ਰੰਤੂ ਸ਼ੋਰ ਨਾਹਰੇਬਾਜ਼ੀ ਕਾਰਨ ਉਨ੍ਹਾਂ ਨੇ ਆਪਣੀ ਕਾਲ ਅਟੈਨਸ਼ਨ ਮੋਸ਼ਨ ਨਹੀਂ ਪੜ੍ਹੀ)।

(ਇਸ ਸਮੇਂ ਬੀ.ਐਸ.ਪੀ. ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਵੱਲੋਂ ਵੈੱਲ ਆਫ ਦੀ ਹਾਊਸ ਵਿੱਚ ਖੜ੍ਹੇ ਹੋ ਕੇ ਨਾਹਰੇਬਾਜ਼ੀ ਜਾਰੀ ਰਹੀ)

ਮੈਂ ਨਾਹਰੇਬਾਜ਼ੀ ਕਰ ਰਹੇ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਮੈਨੂੰ ਅੱਜ ਪਹਿਲੇ ਦਿਨ ਕੋਈ ਅਜਿਹੀ ਕਾਰਵਾਈ ਨਾ ਕਰਨੀ ਪਵੇ ਕਿ ਮੈਂਬਰ ਸਾਹਿਬਾਨ ਨੂੰ ਬਾਹਰ ਭੇਜਣਾ ਪਵੇ। ਇਸ ਕਰਕੇ ਮੇਰੀ ਬੇਨਤੀ ਹੈ ਕਿ ਸਾਰੇ ਮੈਂਬਰ ਸਾਹਿਬਾਨ ਆਪਣੀ ਸੀਟ ਰਿਜ਼ਿਊਮ ਕਰਨ।

(ਇਸ ਸਮੇਂ ਵੀ ਬੀ.ਐਸ.ਪੀ. ਦੇ ਮੈਂਬਰ ਸਾਹਿਬਾਨ ਵੱਲੋਂ ਲਗਾਤਾਰ ਸ਼ੋਰ ਪਾਇਆ ਜਾ ਰਿਹਾ ਸੀ ਅਤੇ ਨਾਹਰੇਬਾਜ਼ੀ ਕੀਤੀ ਜਾ ਰਹੀ ਸੀ।)

ਸ਼੍ਰੀ ਸਤਨਾਮ ਸਿੰਘ ਕੈਂਥ ਜੀ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਆਪਣੇ ਮੈਂਬਰ ਸਾਥੀਆਂ ਨੂੰ ਕਹੋ ਕਿ ਸਾਰੇ ਆਪਣੀਆਂ ਸੀਟਾਂ ਤੇ ਬੈਠ ਜਾਣ।

**ਸੰਸਦੀ ਮਾਮਲਿਆਂ ਦੇ ਮੰਤਰੀ (ਸਰਦਾਰ ਉਮਰਾਓ ਸਿੰਘ):** ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਅੱਜ ਜਦੋਂ ਕਿ ਹਾਊਸ ਦੇ ਸਾਹਮਣੇ ਬੜੇ ਅਹਿਮ ਮਸਲੇ ਹਨ। ਅੱਜ ਜੋ ਪੰਜਾਬ ਦੀ ਸਥਿਤੀ ਹੈ ਉਸਨੂੰ ਡਿਸਕਸ ਕਰਨਾ ਚਾਹੀਦਾ ਹੈ। ਜਿਹੜਾ ਹੜ੍ਹਾਂ ਦੇ ਨਾਲ ਪੰਜਾਬ ਦਾ ਨੁਕਸਾਨ ਹੋਇਆ ਹੈ, ਇਹ ਹਾਊਸ ਉਸਨੂੰ ਡਿਸਕਸ ਕਰਨਾ ਚਾਹੁੰਦਾ ਹੈ। ਬਹੁਤ ਸਾਰੇ ਮੈਂਬਰਾਂ ਨੇ ਇਸ ਸਬੰਧੀ ਬਹੁਤ ਸਾਰੀਆਂ ਮੋਸ਼ਨਾਂ ਦਿੱਤੀਆਂ ਹਨ, ਸਾਡੇ ਮੈਂਬਰਾਂ ਵੱਲੋਂ ਵੀ ਅਤੇ ਆਪੋਜੀਸ਼ਨ ਦੇ ਮੈਂਬਰਾਂ ਵੱਲੋਂ ਵੀ। ਮੇਰੀ ਗੁਜ਼ਾਰਿਸ਼ ਹੈ ਕਿ ਜੋ ਮੈਂਬਰ ਸਾਹਿਬਾਨ ਬੋਲ ਰਹੇ ਹਨ, ਆਪਣੀਆਂ ਸੀਟਾਂ ਤੇ ਬੈਠ ਜਾਣ। ਹੜ੍ਹਾਂ ਦਾ ਮਸਲਾ ਬੜਾ ਅਹਿਮ ਮਸਲਾ ਹੈ। ਅਸੀਂ ਚਾਹਵਾਂਗੇ ਕਿ ਮੈਂਬਰ ਸਾਹਿਬਾਨ ਇਸ ਤੇ ਖੁਲ੍ਹ ਕੇ ਆਪਣੇ ਵਿਚਾਰ ਪੇਸ਼ ਕਰਨ ਤਾਂ ਕਿ ਹੜ੍ਹ ਪੀੜਤਾਂ ਨੂੰ ਜੋ ਰਾਹਤ ਦੇਣੀ ਹੈ, ਉਸ ਸਬੰਧੀ ਫੈਸਲੇ ਕੀਤੇ ਜਾ ਸਕਣ। ਇਸ ਤੋਂ ਇਲਾਵਾ ਹੁਣ ਤੱਕ ਸਰਕਾਰ ਵੱਲੋਂ ਹੜ੍ਹਾਂ ਦੀ ਰੋਕ-ਥਾਮ ਲਈ ਜੋ ਕਦਮ ਉਠਾਏ ਗਏ ਹਨ ਅਤੇ ਹੜ੍ਹ ਪੀੜਤਾਂ ਨੂੰ ਰਿਲੀਫ ਦਿੱਤੀ ਗਈ ਹੈ, ਉਸ ਬਾਰੇ ਵੀ ਦੱਸਿਆ ਜਾ ਸਕੇ। ਇਹ ਪੰਜਾਬ ਦਾ ਮਸਲਾ ਹੈ, ਤੁਸੀਂ ਵੀ ਪੰਜਾਬੀ ਹੋ। ਜੇ ਤੁਹਾਡੇ ਦਿਲ ਅੰਦਰ ਥੋੜੀ ਜਿਹੀ ਵੀ ਪੰਜਾਬ ਦੇ ਲੋਕਾਂ ਪ੍ਰਤੀ, ਕਿਸਾਨਾਂ ਪ੍ਰਤੀ ਹਮਦਰਦੀ ਹੈ, ਮੈਂ ਬੇਨਤੀ ਕਰਦਾ ਹਾਂ ਕਿ ਕਮ-ਅਜ਼-ਕਮ ਇਹ ਹੜ੍ਹ-ਪੀੜਤਾਂ ਦੀ ਗੱਲ ਸੁਣਨ ਵਾਸਤੇ ਜ਼ਰੂਰ ਬੈਠ ਜਾਓ। ਮੇਰੀ ਗੁਜ਼ਾਰਿਸ਼ ਹੈ ਕਿ ਜਿਹੜੇ ਪੰਜਾਬ ਦੇ ਹਿੱਤਾਂ ਨੂੰ ਮੁੱਖ ਰੱਖਦੇ ਹਨ ਔਰ ਹੜ੍ਹ ਪੀੜਤਾਂ ਨਾਲ ਜਿਨ੍ਹਾਂ ਨੂੰ ਹਮਦਰਦੀ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸੰਸਦੀ ਮਾਮਲਿਆਂ ਦੇ ਮੰਤਰੀ]

ਹੈ, ਜਿਨ੍ਹਾਂ ਦੀਆਂ ਫਸਲਾਂ ਤਬਾਹ ਹੋ ਗਈਆਂ, ਲੋਕਾਂ ਦੇ ਘਰ ਤਬਾਹ ਹੋ ਗਏ ਮੈਂ ਸਮਝਦਾ ਹਾਂ ਕਿ ਅਸੀਂ ਜ਼ਰੂਰ ਹਾਊਸ ਦੀ ਕਾਰਵਾਈ ਚਲਾਉਣੀ ਹੈ ਔਰ ਖਾਸ ਕਰਕੇ ਹੜ੍ਹਾਂ ਨੇ ਲੋਕਾਂ ਦਾ ਜੋ ਨੁਕਸਾਨ ਕੀਤਾ ਹੈ, ਹਰੀਜਨਾਂ ਦਾ ਵੀ ਬਹੁਤ ਨੁਕਸਾਨ ਹੋਇਆ ਹੈ ਪਸ਼ੂ ਧਨ ਦਾ ਬਹੁਤ ਨੁਕਸਾਨ ਹੋਇਆ ਹੈ, ਮੈਂ ਸਦਨ ਵਿਚ ਖੜ੍ਹੇ ਸਾਥੀਆਂ ਨੂੰ ਕਹਾਂਗਾ ਕਿ ਉਹ ਆਪਣੀਆਂ ਸੀਟਾਂ ਤੇ ਬੈਠ ਜਾਣ ਅਤੇ ਧਿਆਨ ਨਾਲ ਸੁਣਨ। ਕਮ-ਅਜ਼-ਕਮ ਹੜ੍ਹ ਪੀੜ੍ਹਤਾਂ ਲਈ ਤਾਂ ਸਾਨੂੰ ਕੋਆਪਰੇਟ ਕਰਨ। ਅੱਜ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਉਹ ਮੈਂਬਰ ਵੀ ਹਾਊਸ ਵਿੱਚ ਆਏ ਹਨ ਜਿਹੜੇ ਕਦੇ ਨਹੀਂ ਆਏ ਤਾਂ ਕਿ ਹਾਊਸ ਦੀ ਕਾਰਵਾਈ ਵਿੱਚ ਭਾਗ ਲੈ ਸਕਣ। ਮੇਰੀ ਗੁਜ਼ਾਰਿਸ਼ ਹੈ ਕਿ ਕਮ-ਅਜ਼-ਕਮ ਜੋ ਆਪੋਜ਼ੀਸ਼ਨ ਦੇ ਲੀਡਰ ਹਨ, ਸਾਥੀ ਹਨ, ਪੰਜਾਬ ਦਾ ਜੋ ਮਸਲਾ ਹੈ ਉਸਨੂੰ ਮੁੱਖ ਰੱਖਦੇ ਹੋਏ ਹੁਣ ਤਾਂ ਇਨਕੁਆਇਰੀ ਦਾ ਵੀ ਫੈਸਲਾ ਹੋ ਗਿਆ, ਆਪਣੀਆਂ ਸੀਟਾਂ ਤੇ ਬੈਠ ਜਾਣ। ਮੈਂ ਭੈਣ ਵਿਮਲਾ ਡਾਂਗ ਜੀ ਨੂ ਕਹਾਂਗਾ ਕਿ ਆਪਣੀ ਕਾਲ ਅਟੈਨਸ਼ਨ ਪੜ੍ਹਨ ਔਰ ਹਾਊਸ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ।

ਸ੍ਰੀਮਤੀ ਵਿਮਲਾ ਡਾਂਗ: ਮੈਂ ਸਾਥੀਆਂ ਨੂੰ ਅਪੀਲ ਕਰਦੀ ਹਾਂ ਕਿ ਆਪਣੀਆਂ ਸੀਟਾਂ ਤੇ ਬੈਠ ਜਾਣ। ਮੇਰੀ ਕਾਲ ਅਟੈਨਸ਼ਨ ਮੋਸ਼ਨ ਹੈ।

---

## CALL ATTENTION NOTICE UNDER RULE 66
*(Serial No. 6)*

**Smt. Vimla Dang**: Sir, I beg to draw the attention of the Government towards a matter of urgent public importance, namely, the price of Atta in the open market is nearly Rs. 5 a Kilo. Prices of some other essential commodities have also arisen very steeply.

The public distribution system is not at all working satisfactorily.

There is great resentment amongst the public.

In view of the obvious and urgent importance of the matter, the Minister concerned may please be asked to make a statement in the House (Noise) (Interruption).

**Mr. Speaker**: I would once again request the hon'ble Members to take their seats. Otherwise, I will have to name them and they will have to go out if they are not interested in the proceedings of the House.

ਖੁਰਾਕ ਅਤੇ ਸਪਲਾਈ ਮੰਤਰੀ (**ਸਰਦਾਰ ਲਾਲ ਸਿੰਘ**): ਜਨਤਕ ਵੰਡ ਪ੍ਰਣਾਲੀ ਅਧੀਨ ਪੰਜਾਬ ਰਾਜ ਵਿਚ ਇਸ ਵੇਲੇ ਸਸਤੇ ਭਾਅ ਦੀਆਂ ਦੁਕਾਨਾਂ ਰਾਹੀਂ ਰਾਸ਼ਨ ਕਾਰਡਾਂ ਤੇ ਹੇਠ ਲਿਖੀਆਂ ਜ਼ਰੂਰੀ ਵਸਤੂਆਂ ਖਪਤਕਾਰਾਂ ਨੂੰ ਵੰਡੀਆਂ ਜਾਂਦੀਆਂ ਹਨ :—

| ਵਸਤੂ ਦਾ ਨਾਂ | ਸਰਕਾਰੀ ਭਾਅ |
|---|---|
| 1. ਕਣਕ | ... 3.34 ਰੁ: ਪ੍ਰਤੀ ਕਿਲੋਗ੍ਰਾਮ (ਕੇਵਲ ਅੰਮ੍ਰਿਤਸਰ ਜ਼ਿਲ੍ਹੇ ਵਿਚ) |
| 2. ਕਣਕ ਦਾ ਆਟਾ | ... 3.87 ਰੁ: ਪ੍ਰਤੀ ਕਿਲੋਗ੍ਰਾਮ |

Original with;
Punjab Vidhan Sabha
Digitized by;
Panjab Digital Library

| ਵਸਤੂ ਦਾ ਨਾਂ | | ਸਰਕਾਰੀ ਭਾਅ |
|---|---|---|
| 3. ਚਾਵਲ | ... | 5.47 ਰੁ: ਪ੍ਰਤੀ ਕਿਲੋਗ੍ਰਾਮ |
| 4. ਲੈਵੀ ਖੰਡ | ... | 8.30 ਰ: ਪ੍ਰਤੀ ਕਿਲੋਗ੍ਰਾਮ |
| 5. ਮਿੱਟੀ ਦਾ ਤੇਲ | ... | 2.65 ਰੁ: ਤੋਂ 3.10 ਰੁ: ਪ੍ਰਤੀ ਲੀਟਰ |
| 6. ਪ ਮੋਲੀਨ | ... | 34 ਰੁ: ਪ੍ਰਤੀ ਲੀਟਰ ਅਤੇ 74 ਰੁ: ਪ੍ਰਤੀ ਦੋ ਲੀਟਰ ਟੀਨ। |

ਪੰਜਾਬ ਰਾਜ ਨੂੰ ਭਾਰਤ ਸਰਕਾਰ ਵੱਲੋਂ ਜਨਤਕ ਵੰਡ ਪ੍ਰਣਾਲੀ ਅਧੀਨ 20 ਹਜ਼ਾਰ ਟਨ ਕਣਕ ਅਤੇ 1500 ਟਨ ਚਾਵਲ ਹਰ ਮਹੀਨੇ ਖਪਤਕਾਰਾਂ ਨੂੰ ਰਾਸ਼ਨ ਕਾਰਡਾਂ ਰਾਹੀਂ ਵੰਡਣ ਲਈ ਅਲਾਟ ਕੀਤੇ ਜਾ ਰਹੇ ਹਨ। ਪਿਛਲੇ ਤਿੰਨ ਮਹੀਨਿਆਂ ਦੌਰਾਨ ਕੇਂਦਰ ਵਲੋਂ ਅਲਾਟ ਕੀਤੀ ਗਈ ਕਣਕ, ਚਾਵਲ ਅਤੇ ਉਨ੍ਹਾਂ ਦੀ ਵੰਡ ਦਾ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ:

| ਮਹੀਨੇ ਦਾ ਨਾਂ | | ਭਾਰਤ ਸਰਕਾਰ ਵੱਲੋਂ ਐਲੋਕੇਸ਼ਨ (ਟਨਾਂ ਵਿੱਚ) | ਰਾਜ ਸਰਕਾਰ ਵੱਲੋਂ ਵੰਡੀ ਗਈ ਕਣਕ/ਆਟੇ ਦੀ ਮਾਤਰਾ (ਟਨਾਂ ਵਿੱਚ) |
|---|---|---|---|
| | | **ਕਣਕ** | |
| ਅਪਰੈਲ, 1993 | ... | 20,000 | 494.01 |
| ਮਈ, 1993 | ... | 20,000 | 182. 07 |
| ਜੂਨ, 1993 | ... | 20,000 | 313.89 |
| | | **ਚਾਵਲ** | |
| ਅਪਰੈਲ, 1993 | ... | 15,00 | ... |
| ਮਈ, 1993 | ... | 15,00 | 364.00 |
| ਜੂਨ, 1993 | ... | 15,00 | 398.8 |

ਆਟੇ ਦੀ ਵੰਡ ਦਾ ਕੰਮ ਪੰਜਾਬ ਸਟੇਟ ਸਿਵਲ ਸਪਲਾਈ ਕਾਰਪੋਰੇਸ਼ਨ (ਪਨਸਪ) ਵਲੋਂ ਕੀਤਾ ਜਾਂਦਾ ਹੈ। ਜੂਨ ਮਹੀਨੇ ਵਿਚ ਪਨਸਪ ਨੂੰ ਆਟੇ ਦੀ ਮੰਗ ਖਪਤਕਾਰਾਂ ਵੱਲੋਂ ਨਾ-ਮਾਤਰ ਹੀ ਪ੍ਰਾਪਤ ਹੋਈ ਹੈ। ਫਿਰ ਵੀ 100 ਬੋਰੀਆਂ ਆਟੇ ਦੀਆਂ ਡਿਪੂਆਂ ਰਾਹੀਂ ਵੰਡਣ ਲਈ ਛੇਹਰਟਾ ਨੂੰ ਭੇਜੀਆਂ ਗਈਆਂ ਹਨ।

(ਇਸ ਸਮੇਂ ਬਹੁਜਨ ਸਮਾਜ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਸਾਹਿਬਾਨ ਵੈਲ ਆਫ ਦੀ ਹਾਊਸ ਵਿਚ ਖੜ੍ਹ ਕੇ ਨਾਹਰੇ ਮਾਰ ਰਹੇ ਸਨ ਪਰ ਸਦਨ ਵਿਚ ਸ਼ੋਰ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਹੇ।)

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈ ਮੰਤਰੀ]

ਸਾਲ 1992-93 ਦੌਰਾਨ ਭਾਰਤ ਸਰਕਾਰ ਵੱਲੋਂ 1,20,000 ਮੀਟਰਿਕ ਟਨ ਕਣਕ ਅਲਾਟ ਹੋਈ ਸੀ ਪਰ ਇਸ ਵਿਚੋਂ ਸਿਰਫ 18,866 ਟਨ ਕਣਕ/ਕਣਕ ਦਾ ਆਟਾ ਹੀ ਵੰਡਿਆ ਜਾ ਸਕਿਆ ਸੀ। ਇਸੇ ਤਰ੍ਹਾਂ ਸਾਲ 1993-94 ਦੌਰਾਨ (ਜੂਨ 93 ਤੱਕ) 60 ਹਜ਼ਾਰ ਟਨ ਕਣਕ (20 ਹਜ਼ਾਰ ਪ੍ਰਤੀ ਮਹੀਨਾ ਦੇ ਹਿਸਾਬ ਨਾਲ) ਅਲਾਟਮੈਂਟ ਪ੍ਰਾਪਤ ਹੋ ਰਹੀ ਹੈ। ਇਸ ਵਿਚੋਂ ਸਿਰਫ ਖਪਤਕਾਰਾਂ ਦੀ ਮੰਗ ਅਨੁਸਾਰ 990 ਮੀਟਰਿਕ ਟਨ ਕਣਕ/ਕਣਕ ਦਾ ਆਟਾ ਹੀ ਵੰਡਿਆ ਗਿਆ ਹੈ ਕਿਉਂਕਿ ਖਪਤ ਕਾਰਾਂ ਵਲੋਂ ਹੜ੍ਹਾਂ ਨਾਲ ਪ੍ਰਭਾਵਿਤ ਹੋਣ ਤੋਂ ਪਹਿਲਾਂ ਆਟੇ ਦੀ ਕੋਈ ਮੰਗ ਨਹੀਂ ਸੀ। ਹੁਣ ਹੜ੍ਹਾਂ ਕਾਰਨ ਕਈ ਥਾਵਾਂ ਤੋਂ ਜਿਵੇਂ ਕਿ ਲੁਧਿਆਣਾ, ਪਟਿਆਲਾ, ਰੋਪੜ ਆਦਿ ਥਾਵਾਂ ਤੋਂ ਆਟੇ ਦੀ ਮੰਗ ਖਪਤਕਾਰਾਂ ਵਲੋਂ ਕੀਤੀ ਗਈ ਹੈ। ਸਮੂਹ ਜ਼ਿਲ੍ਹਿਆਂ ਦੀ ਕਣਕ/ਕਣਕ ਦੇ ਆਟੇ ਦੀ ਮੰਗ ਨੂੰ ਪੂਰਾ ਕਰਨ ਲਈ ਜੁਲਾਈ 1993 ਦੌਰਾਨ ਹੇਠ ਲਿਖੇ ਅਨੁਸਾਰ ਕਣਕ ਵੱਖ ਵੱਖ ਜ਼ਿਲ੍ਹਿਆਂ ਨੂੰ ਵੇਚਣ ਲਈ ਦਿੱਤੀ ਗਈ ਹੈ :—

| ਜ਼ਿਲ੍ਹੇ ਦਾ ਨਾਂ | | ਕਣਕ ਦੀ ਮਿਕਦਾਰ (ਟਨਾਂ ਵਿੱਚ) |
|---|---|---|
| 1. ਅੰਮ੍ਰਿਤਸਰ | ... | 3200 |
| 2. ਸੰਗਰੂਰ | ... | 1000 |
| 3. ਹੁਸ਼ਿਆਰਪੁਰ | ... | 1200 |
| 4. ਕਪੂਰਥਲਾ | ... | 600 |
| 5. ਗੁਰਦਾਸਪੁਰ | ... | 2400 |
| 6. ਜਲੰਧਰ | ... | 2400 |
| 7. ਪਟਿਆਲਾ | ... | 1200 |
| 8. ਫਤਿਹਗੜ੍ਹ ਸਾਹਿਬ | ... | 400 |
| 9. ਫਰੀਦਕੋਟ | ... | 1200 |
| 10. ਬਠਿੰਡਾ | ... | 1000 |
| 11. ਰੋਪੜ | ... | 1000 |
| 12. ਲੁਧਿਆਣਾ | ... | 2800 |
| 13. ਫਿਰੋਜ਼ਪੁਰ | ... | 1200 |
| 14. ਮਾਨਸਾ | .. | 400 |
| ਜੋੜ | ... | 20000 |

Original with;
Punjab Vidhan Sabha
Digitized by;
Panjab Digital Library

ਇਸੇ ਤਰ੍ਹਾਂ ਮਹੀਨਾ ਅਗਸਤ 1993 ਵਾਸਤੇ ਵਿਭਾਗ ਨੇ ਪਹਿਲਾਂ ਹੀ ਭਾਰਤ ਸਰਕਾਰ ਤੋਂ ਵੀਹ ਹਜ਼ਾਰ ਟਨ ਕਣਕ ਦੀ ਜਨਤਕ ਵੰਡ ਪ੍ਰਣਾਲੀ ਅਧੀਨ ਕਣਕ/ਆਟੇ ਦੇ ਰੂਪ ਵਿਚ ਵੰਡਣ ਲਈ ਅਲਾਟਮੈਂਟ ਕਰਵਾ ਲਈ ਹੈ। ਇਸ ਤਰ੍ਹਾਂ ਖਪਤਕਾਰਾਂ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਜਨਤਕ ਵੰਡ ਪ੍ਰਣਾਲੀ ਅਧੀਨ ਆਟਾ 3.87 ਰੁਪਏ ਪ੍ਰਤੀ ਕਿਲੋਗ੍ਰਾਮ ਖੁੱਲ੍ਹਾ ਅਤੇ 41.55 ਰੁਪਏ ਪ੍ਰਤੀ 10 ਕਿਲੋ ਥੈਲੀ ਦੇ ਹਿਸਾਬ ਨਾਲ ਦੇਣ ਲਈ ਲੋੜ ਅਨੁਸਾਰ ਕਣਕ ਉਪਲਬਧ ਹੈ।

ਮਹੀਨਾ ਮਈ ਅਤੇ ਜੂਨ 1993 ਵਿਚ ਜਨਤਕ ਵੰਡ ਪ੍ਰਣਾਲੀ ਅਧੀਨ ਖਪਤਕਾਰਾਂ ਦੀ ਮੰਗ ਅਨੁਸਾਰ ਕ੍ਰਮਵਾਰ ਸਿਰਫ 364 ਟਨ ਅਤੇ 399 ਟਨ ਚਾਵਲਾਂ ਦੀ ਵੰਡ 5.47 ਰੁਪਏ ਪ੍ਰਤੀ ਕਿਲੋ-ਗ੍ਰਾਮ ਦੇ ਹਿਸਾਬ ਨਾਲ ਕੀਤੀ ਜਾ ਸਕੀ ਹੈ ਅਤੇ ਜਦੋਂ ਕਿ ਕੇਂਦਰ ਸਰਕਾਰ ਵਲੋਂ ਇਨ੍ਹਾਂ ਦੋ ਮਹੀਨਿਆਂ ਵਿੱਚ 1500 ਟਨ ਪ੍ਰਤੀ ਮਹੀਨਾ ਦੀ ਅਲਾਟਮੈਂਟ ਕੀਤੀ ਗਈ ਸੀ।

ਭਾਰਤ ਸਰਕਾਰ ਵੱਲੋਂ ਲੈਵੀ ਖੰਡ 8523 ਟਨ ਹਰ ਮਹੀਨੇ ਅਲਾਟ ਹੋ ਰਹੀ ਹੈ ਜਿਹੜੀ ਕਿ 1986 ਦੀ ਜਨ ਸੰਖਿਆ ਦੇ ਅਧਾਰ ਤੇ ਦਿੱਤੀ ਜਾਂਦੀ ਹੈ। ਪੰਜਾਬ ਰਾਜ ਦੀ ਵਸੋਂ ਦੇ ਸਨ-ਮੁੱਖ ਪ੍ਰਤੀ ਜੀਅ 375 ਗ੍ਰਾਮ ਲੈਵੀ ਖੰਡ ਰਾਸ਼ਨ ਕਾਰਡਾਂ ਰਾਹੀਂ ਨਿਰਵਿਘਨ 8.30 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੰਡੀ ਜਾ ਰਹੀ ਹੈ। ਇਸ ਕੋਟੇ ਨੂੰ ਵਧਾਉਣ ਲਈ ਮਾਮਲਾ ਭਾਰਤ ਸਰਕਾਰ ਨਾਲ ਉਠਾਇਆ ਹੋਇਆ ਹੈ।

ਮਿੱਟੀ ਦਾ ਤੇਲ ਖਪਤਕਾਰਾਂ ਨੂੰ ਰਾਸ਼ਨ ਕਾਰਡਾਂ ਤੇ ਲਗਾਤਾਰ ਹਰ ਮਹੀਨੇ ਵੰਡਿਆ ਜਾ ਰਿਹਾ ਹੈ। ਇਥੋਂ ਤੱਕ ਕਿ ਇਸ ਵੇਲੇ ਪੰਜਾਬ ਰਾਜ ਵਿਚ ਪਨਸਪ ਰਾਹੀਂ ਇਕ ਸਮੇਂ ਤੇ ਦੋ ਲੀਟਰ ਮਿੱਟੀ ਦਾ ਤੇਲ ਮਜ਼ਦੂਰਾਂ ਅਤੇ ਝੌਂਪੜੀਆਂ ਵਿਚ ਰਹਿਣ ਵਾਲੇ ਪਰਵਾਸੀਆਂ ਤੇ ਹੋਰ ਲੋੜਵੰਦਾਂ ਨੂੰ ਬਿਨਾਂ ਰਾਸ਼ਨ ਕਾਰਡ ਦੇ ਮਿਥੇ ਰੇਟ ਅਨੁਸਾਰ ਦਿੱਤਾ ਜਾ ਰਿਹਾ ਹੈ।, ਬਜ਼ਾਰ ਵਿੱਚ ਖੁਲ੍ਹੀ ਮਾਰਕਿਟ ਰਾਹੀਂ ਘਿਓ 34-35 ਰੁਪਏ ਤੱਕ ਆਮ ਖਪਤਕਾਰਾਂ ਨੂੰ ਮਿਲ ਰਿਹਾ ਹੈ। ਜਦੋਂ ਕਿ ਪਾਮੋਲੀਨ ਦਾ ਭਾਅ ਵੀ 34 ਰੁਪਏ ਪ੍ਰਤੀ ਕਿਲੋਗ੍ਰਾਮ ਹੈ। ਪਾਮੋਲੀਨ ਦੀ ਬਜਾਏ ਆਮ ਖਪਤਕਾਰ ਖੁਲ੍ਹੇ ਬਜ਼ਾਰ ਵਿਚੋਂ ਘਿਓ ਲੈ ਕੇ ਵਰਤਣਾ ਪਸੰਦ ਕਰਦਾ ਹੈ ਅਤੇ ਅਪਰੈਲ, 1992 ਤੋਂ ਬਾਅਦ ਭਾਰਤ ਸਰਕਾਰ ਵੱਲੋਂ ਜਨਤਕ ਵੰਡ ਪ੍ਰਣਾਲੀ ਅਧੀਨ ਪਾਮੋਲੀਨ ਦੀ ਕੋਈ ਐਲੋਕੇਸ਼ਨ ਵੀ ਨਹੀਂ ਹੋਈ ਹੈ। ਇਨ੍ਹਾਂ ਪੰਜ ਜ਼ਰੂਰੀ ਵਸਤਾਂ ਦੀ ਉਪਲਬਧੀ ਖੁਰਾਕ ਤੇ ਸਪਲਾਈ ਵਿਭਾਗ ਵਲੋਂ ਸਮੇਂ ਸਿਰ ਮਿਥੀ ਹੋਈ ਮਾਤਰਾ ਅਨੁਸਾਰ ਕਰਵਾਈ ਜਾ ਰਹੀ ਹੈ। ਜਨਤਕ ਵੰਡ ਪ੍ਰਣਾਲੀ ਪੂਰੀ ਤਸੱਲੀ ਨਾਲ ਕੰਮ ਕਰ ਰਹੀ ਹੈ ਅਤੇ ਆਮ ਜਨਤਾ ਨੂੰ ਇਹ ਵਸਤੂਆਂ ਹਰ ਵਕਤ ਸਸਤੇ ਭਾਅ ਦੀਆਂ ਦੁਕਾਨਾਂ ਰਾਹੀਂ ਉਪਲਬਧ ਕੀਤੀਆਂ ਜਾ ਰਹੀਆਂ ਹਨ। ਖੁਰਾਕ ਅਤੇ ਸਪਲਾਈ ਵਿਭਾਗ ਅਤੇ ਪਨਸਪ ਨੇ ਜਨਤਕ ਵੰਡ ਪ੍ਰਣਾਲੀ ਨੂੰ ਹੋਰ ਕਾਰਗਰ ਬਣਾਉਣ ਲਈ ਗੁਰਦਾਸਪੁਰ, ਅੰਮ੍ਰਿਤਸਰ ਅਤੇ ਸੰਗਰੂਰ ਜ਼ਿਲਿਆਂ ਵਿੱਚ ਚਲਦੀਆਂ ਫਿਰਦੀਆਂ ਦੁਕਾਨਾਂ ਰਾਹੀਂ ਵੀ ਜ਼ਰੂਰੀ ਵਸਤਾਂ ਦੀ ਵੰਡ ਕਰਨ ਦਾ ਉਪਰਾਲਾ ਕੀਤਾ ਹੈ ਤਾਂ ਜੋ ਦੂਰ ਦੁਰਾਡੇ ਅਤੇ ਪਹਾੜੀ ਇਲਾਕਿਆਂ ਦੇ ਪਿੰਡਾਂ ਵਿੱਚ ਜ਼ਰੂਰੀ ਵਸਤਾਂ ਵੰਡੀਆਂ ਜਾ ਸਕਣ। ਇਸ ਤਰ੍ਹਾਂ ਜਨਤਕ ਵੰਡ ਪ੍ਰਣਾਲੀ ਰਾਹੀਂ ਵੰਡੀਆਂ ਜਾਣ ਵਾਲੀਆਂ ਵਸਤਾਂ ਵੰਡੀਆਂ ਜਾ ਸਕਣ। ਇਸ ਤਰ੍ਹਾਂ ਜਨਤਕ ਵੰਡ ਪ੍ਰਣਾਲੀ ਰਾਹੀਂ ਵੰਡੀਆਂ ਜਾਣ ਵਾਲੀਆਂ ਵਸਤਾਂ ਤਸੱਲੀ ਬਖਸ਼ ਢੰਗ ਨਾਲ ਖਪਤਕਾਰਾਂ ਨੂੰ ਸਮੇਂ ਸਿਰ ਉਪਲਬਧ ਕੀਤੀਆਂ ਜਾਂਦੀਆਂ ਹਨ।

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈ ਮੰਤਰੀ]

ਜਨਤਕ ਵੰਡ ਪ੍ਰਣਾਲੀ ਅਧੀਨ ਵੰਡੀਆਂ ਜਾਣ ਵਾਲੀਆਂ ਉਪਰੋਕਤ ਵਸਤਾਂ ਤੋਂ ਇਲਾਵਾ ਪਨਸਪ ਵੱਲੋਂ ਆਪਣੀਆਂ ਦੁਕਾਨਾਂ ਤੇ ਅਤੇ ਵਾਜਿਬ ਭਾਅ ਦੀਆਂ ਦੁਕਾਨਾਂ ਰਾਹੀਂ ਦਾਲਾਂ, ਆਇਓਡਾਈਜ਼ ਸਾਲਟ, ਦੀਆ-ਸਲਾਈ, ਸਾਬਣ, ਕਪੜਾ, ਚਾਹਪੱਤੀ ਆਦਿ ਵੀ ਖਪਤਕਾਰਾਂ ਦੀ ਸਹੂਲਤ ਲਈ ਵਾਜਿਬ ਭਾਅ ਤੇ ਵੰਡੀਆਂ ਜਾਂਦੀਆਂ ਹਨ।

## DHARNA

(ਇਸ ਸਮੇਂ ਬਹੁਜਨ ਸਮਾਜ ਪਾਰਟੀ ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਵੈਲ ਆਫ ਦੀ ਹਾਊਸ ਵਿਚ ਧਰਨੇ ਤੇ ਬੈਠ ਗਏ ਅਤੇ ਉਨ੍ਹਾਂ ਨੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ ਜੋ ਕਿ ਸ਼ੋਰ ਪੈਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਹੇ।)

## CALL ATTENTION NOTICE UNDER RULE 66 (*Resumption*)

**ਸ੍ਰੀਮਤੀ ਵਿਮਲਾ ਡਾਂਗ:** ਸਸਤੀਆਂ ਦੁਕਾਨਾਂ ਦੀ ਇਹ ਜਿਹੜੀ ਗੱਲ ਕੀਤੀ ਜਾ ਰਹੀ ਹੈ ਸਾਡੇ ਗਰੀਬਾਂ ਲਈ ਮੌਜੂਦਾ ਰੇਟਾਂ ਤੇ ਖਰੀਦਣਾ ਬੜਾ ਮੁਸ਼ਕਿਲ ਹੈ। ਆਟੇ ਦੀ ਖਰੀਦ ਗਰੀਬਾਂ ਲਈ ਮੁਸ਼ਕਿਲ ਹੈ, ਇਸ ਦਾ ਭਾਅ ਲਗਭਗ 4 ਰੁਪਏ ਕਿਲੋ ਹੈ। ਖੰਡ ਜਿਹੜੀ ਹੈ ਮਾਰਕਿਟ ਵਿੱਚ 12 ਰੁਪਏ ਕਿਲੋ ਹੈ ਡਿਪੂ ਵਿੱਚ ਲੱਗਭਗ 9 ਰੁਪਏ ਹੈ ਜਿਹੜੀ ਕਿ ਗਰੀਬਾਂ ਲਈ ਖਰੀਦਣੀ ਮੁਸ਼ਕਲ ਹੈ। ਕਣਕ ਬਾਰੇ ਤੁਸੀਂ ਲਿਖਿਆ ਹੈ ਕਿ ਕੇਵਲ ਅੰਮ੍ਰਿਤਸਰ ਵਿੱਚ ਦੇ ਰਹੇ ਹੋ। ਹੋਰ ਚੀਜ਼ਾਂ ਦੀ ਲਿਸਟ ਲੰਬੀ ਹੈ ਜਿਵੇਂ ਕੱਪੜਾ ਹੈ ਜਾਂ ਦੂਸਰੀਆਂ ਚੀਜ਼ਾਂ ਪਰ ਪਨਸਪ ਦੀਆਂ ਦੁਕਾਨਾਂ ਉਤੇ ਇਹਨਾਂ ਦੀ ਸਪਲਾਈ ਪੂਰੀ ਨਹੀਂ ਹੁੰਦੀ। ਮੈਂ ਸਿਰਫ ਇਹ ਦੱਸਣਾ ਚਾਹਾਂਗੀ ਕਿ ਸਰਕਾਰ ਇਸ ਗੱਲ ਦਾ ਯਤਨ ਕਰੇ ਕਿ ਜਿਹੜੇ ਗਰੀਬ ਹਨ ਉਹਨਾਂ ਲਈ ਆਟਾ ਸਹੀ ਮਾਇਨਿਆਂ ਵਿੱਚ ਸਬ-ਸੀਡਾਈਜ਼ ਕਰਕੇ ਸਸਤੇ ਭਾਵਾਂ ਉਤੇ ਸਪਲਾਈ ਕਰੇ ਤਾਂ ਜੋ ਜਿਹੜੇ ਖੇਤ ਮਜ਼ਦੂਰ ਹਨ ਅਤੇ ਸਨਅਤੀ ਮਜ਼ਦੂਰ ਹਨ ਜਾਂ ਬਹੁਤ ਜ਼ਿਆਦਾ ਗਰੀਬ ਹਨ ਉਹਨਾਂ ਨੂੰ 4/ਰੁਪਏ ਤੋਂ ਘਟਾ ਕੇ 3 ਰੁਪਏ ਕਿਲੋ ਆਟਾ ਦੇਵੇ। ਇਸੇ ਤਰ੍ਹਾਂ ਖੰਡ ਵੀ ਸਸਤੀ ਹੋਣੀ ਚਾਹੀਦੀ ਹੈ। ਇਸ ਦੀ ਮਿਕਦਾਰ ਵੀ ਵਧਾਈ ਜਾਣੀ ਚਾਹੀਦੀ ਹੈ। ਸਹੀ ਮਾਅਨਿਆਂ ਵਿੱਚ ਜਿਹੜੀ ਰਾਜ ਦੀ ਵੰਡ ਪ੍ਰਣਾਲੀ ਹੈ ਉਸ ਨੂੰ ਓਵਰ-ਹਾਲ ਕਰਨ ਦੀ ਲੋੜ ਹੈ। ਸਬਸਿਡਾਈਜ਼ਡ ਰੇਟਾਂ ਤੇ ਸਸਤਾ ਆਟਾ ਖੰਡ ਆਦਿ ਸਪਲਾਈ ਕਰਨ ਦੀ ਮੰਗ ਹੈ। ਕੀ ਸਰਕਾਰ ਇਸ ਬਾਰੇ ਹਮਦਰਦੀ ਨਾਲ ਵਿਚਾਰ ਕਰੇਗੀ?

**ਮੰਤਰੀ:** ਸਪੀਕਰ ਸਾਹਿਬ, ਜਿਥੋਂ ਤੱਕ ਮੈਂਬਰ ਸਾਹਿਬਾ ਨੇ ਜ਼ਿਕਰ ਕੀਤਾ, ਮੈਂ ਦੱਸਿਆ ਕਿ ਪਾਮੋਲੀਨ ਘੀ ਦੀਆਂ ਕੀਮਤਾਂ ਬਜਾਰ ਵਿੱਚ ਕਾਫੀ ਨੀਚੇ ਆ ਚੁੱਕੀਆਂ ਹਨ। ਪਾਮੋਲੀਨ ਘੀ ਡਿਪੂਆਂ ਵਿੱਚ ਇਸ ਕਰਕੇ ਨਹੀਂ ਮੰਗਾਇਆ ਜਾਂਦਾ ਕਿਉਂਕਿ ਲੋਕ ਇਸ ਨੂੰ ਪਸੰਦ ਨਹੀਂ ਕਰਦੇ। ਔਰ ਘੀ ਦੀਆਂ ਕੀਮਤਾਂ ਬਜ਼ਾਰ ਵਿੱਚ ਕਾਫੀ ਨੀਚੇ ਆ ਚੁੱਕੀਆਂ ਹਨ। ਜਿਥੋਂ ਤੱਕ ਆਟੇ ਦਾ ਸਵਾਲ ਹੈ, ਜਿਸ ਤਰ੍ਹਾਂ ਕਿਹਾ ਗਿਆ ਹੈ ਕਿ 4 ਰੁਪਏ ਦੇ ਰੇਟ ਨਾਲ ਵੇਚਿਆ ਜਾਂਦਾ ਹੈ। ਮੈਂ ਪਹਿਲਾਂ ਵੀ ਦੱਸਿਆ ਹੈ ਕਿ ਕਣਕ ਦਾ ਭਾਅ 3.34 ਅਤੇ ਆਟੇ ਦਾ ਭਾਅ 3.87 ਹੈ। ਇਹ ਠੀਕ ਹੈ ਜਿਹੜਾ ਦਿੱਤਾ ਜਾ ਰਿਹਾ ਹੈ। ਜੇ ਫਿਰ ਵੀ ਜ਼ਰੂਰਤ ਹੋਵੇ ਤਾਂ ਇਹ ਸਾਡੇ ਕੋਲ ਆ ਕੇ ਦੱਸਣ ਆਟਾ ਸਾਡੇ ਕੋਲ ਵਾਧੂ ਹੈ ਸਰਪਲੱਸ ਹੈ ਜਿਥੇ ਵੀ ਲੋੜ ਹੋਵੇ ਦੱਸਣ ਤਾਂ ਮੈਂ ਪਹੁੰਚਾਉਣ ਦੀ ਪੂਰੀ ਕੋਸ਼ਿਸ਼ ਕਰਾਂਗਾ।

Original with;
Punjab Vidhan Sabha
Digitized by;
Panjab Digital Library

## PAPERS LAID ON THE TABLE

**Minister for Parliamentary Affairs (Sardar Umrao Singh):** Sir, I beg to lay on the Table :—

1. (i) The Punjab Municipal (Amendment) Ordinance, 1993 (Punjab Ordinance No. 1 of 1993);

(ii) the Punjab General Sales Tax (Second Amendment) Ordinance, 1993 (Punjab Ordinance No. 2 of 1993);

(iii) the Punjab Panchayat Samitis and Zila Parishads (Temporary Supersession) Amendment Ordinance, 1993 (Punjab Ordinance No. 3 of 1993).

as required under Article 213(2) (a) of the Constitution of India.

2. The Annual Reports and Accounts of the Punjab Dairy Development Corporation Ltd., for the years from 1979-80 to 1987-88, as required under section 619-A of the Companies Act, 1956.

3. The 24th and 25th Annual Reports of the Punjab State Warehousing Corporation for the years 1990-91 and 1991-92, as required under section 31(ii) of the Warehousing Corporation Act, 1962.

4. The 9th Annual Report of the Punjab State Leather Development Corporation Ltd., for the year 1989-90, as required under section 619-A of the Companies Act, 1956.

5. The 16th and 17th Annual Reports of the Punjab State Industrial Development Corporation Ltd., for the years 1981-82 and 1982-83, as required under section 619-A of the Companies Act, 1956.

6. The Punjab Cooperative Societies (First Amendment) Rules, 1993, as required under section 85(3) of the Punjab Co-operative Societies Act, 1961.

7. The Annual Report and Accounts of the Punjab Pollution Control Board, Patiala, for the year 1990-91, as required under section 39 of the Water (Prevention and Control of Pollution) Act, 1974.

8. The 2nd Annual Report of the Punjab State Forests Development Corporation Ltd., for the year 1984-85, alongwith statement showing the reasons for delay in laying the said Report on the Table of the House, as required under section 619-A of the Companies Act, 1956.

9. The 11th and 14th Annual Reports of the Punjab State Electronics Development and Production Corporation Ltd., for the years 1986-87 and 1989-90, as required under section 619-A of the Companies Act, 1956.

10. The Annual Reports of the Punjab State Hosiery and Knitwear Development Corporation Ltd., for the years 1980-81 and 1981-82, as required under section 619-A of the Companies Act, 1956.

Original with;
Punjab Vidhan Sabha
Digitized by;
Panjab Digital Library

**ਸੰਸਦੀ ਮਾਮਲਿਆਂ ਦੇ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਹਾਊਸ ਦੇ ਸਾਹਮਣੇ ਜੋ ਅੱਜ ਦਾ ਏਜੰਡਾ ਹੈ ਉਸ ਦੇ ਵਿੱਚ ਅਮੈਂਡਮੈਂਟ ਕਰਵਾਉਣਾ ਚਾਹੁੰਦਾ ਹਾਂ ਕਿ ਜੋ ਸਾਡੇ ਸਾਹਮਣੇ ਏਜੰਡੇ ਤੇ ਮੋਸ਼ਨ ਅੰਡਰ ਰੂਲ 77 ਤੇ ਫਲੱਡ ਬਾਰੇ ਜੋ ਡਿਸਕਸ਼ਨ ਹੈ, ਉਹ ਬੜੀ ਇੰਪਾਰਟੈਂਟ ਹੈ ਔਰ ਉਸ ਤੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣਾ ਚਾਹੁੰਦੇ ਹਨ। ਇਸ ਵੇਲੇ ਫਲੱਡ ਦੇ ਨਾਲ ਜੋ ਪੰਜਾਬ ਦੀ ਦਸ਼ਾ ਹੈ ਉਸ ਦੇ ਬਾਰੇ ਜੋ ਮੋਸ਼ਨ ਹੈ, ਉਸ ਦੇ ਲਈ ਮੈਂ ਆਪਣੇ ਇਨ੍ਹਾਂ ਸਾਥੀਆਂ ਨੂੰ ਅਪੀਲ ਕਰਾਂਗਾ ਕਿ ਇਹ ਜੋ ਮੋਸ਼ਨ ਹੈ ਇਸ ਦੇ ਵਿੱਚ ਭਾਗ ਲੈਣ ਅਤੇ ਹਾਊਸ ਵਿੱਚ ਕੋਆਪਰੇਟ ਕਰਨ। ਮੈਂ ਇਹ ਬੇਨਤੀ ਕਰਾਂਗਾ ਕਿ ਇਸ ਮੋਸ਼ਨ ਨੂੰ ਬਾਅਦ ਵਿਚ ਲੈ ਲਵੋ ਅਤੇ ਜਿਹੜੇ ਬਿਲ ਹਨ, ਜੋ ਬੜੇ ਛੋਟੇ ਛੋਟੇ ਬਿਲ ਹਨ, ਅਮੈਂਡਿੰਗ ਬਿਲ ਹਨ, ਪਹਿਲਾਂ ਉਹ ਲੈ ਲਵੋ ਅਤੇ ਉਸ ਤੋਂ ਬਾਅਦ ਇਸ ਮੋਸ਼ਨ ਤੇ ਜਿੰਨੀ ਮਰਜ਼ੀ ਡਿਸਕਸ਼ਨ ਹੋ ਜਾਵੇ। ਸਾਡੇ ਵੱਲੋਂ ਕੋਈ ਸੁਜੈਸ਼ਨ ਨਹੀਂ ਕਿ 2 ਘੰਟੇ ਇਸ ਦੀ ਡਿਸਕਸ਼ਨ ਤੇ ਲਾਏ ਜਾਣ, ਲੰਮਾ ਪੀਰੀਅਡ ਜਿੰਨਾ ਵੀ ਮੈਂਬਰ ਸਾਹਿਬਾਨ ਇਸ ਤੇ ਬੋਲਣਾ ਚਾਹੁੰਦੇ ਹਨ ਤੁਸੀਂ ਉਨ੍ਹਾਂ ਨੂੰ ਬੋਲਣ ਵਾਸਤੇ ਸਮਾਂ ਦਿਉ। ਇਸ ਲਈ ਮੈਂ ਇਹ ਕਹਾਂਗਾ ਕਿ ਬਿਲ ਜਿਹੜੇ ਹਨ, ਇਹ ਛੋਟੇ-ਛੋਟੇ ਬਿਲ ਹਨ, ਅਮੈਂਡਿੰਗ ਬਿਲ ਹਨ ਉਹ ਪਹਿਲਾਂ ਲੈ ਲਓ ਅਤੇ ਪਾਸ ਕਰ ਲਓ ਫਿਰ ਹਾਊਸ ਨੂੰ ਲੰਚ ਵਾਸਤੇ ਇਕ ਘੰਟੇ ਵਾਸਤੇ ਜਾਂ ਪੌਣੇ ਘੰਟੇ ਵਾਸਤੇ ਐਡਜਰਨ ਕਰ ਲਓ ਅਤੇ ਉਸ ਤੋਂ ਬਾਅਦ ਫਿਰ ਹਾਊਸ ਮੀਟ ਕਰੇ ਅਤੇ ਉਸ ਦੇ ਵਿਚ ਜੋ ਮੋਸ਼ਨ ਅੰਡਰ ਰੂਲ 77 ਹੈ ਉਹ ਲਿਆ ਕੇ ਉਸ ਤੇ ਪ੍ਰਾਪਰ ਡਿਸਕਸ਼ਨ ਹੋਵੇ। ਜੇ ਤੁਹਾਡੀ ਇਜਾਜ਼ਤ ਹੋਵੇ ਅਤੇ ਹਾਊਸ ਦੀ ਮਰਜ਼ੀ ਹੋਵੇ ਤਾਂ ਇਹ ਬਿਲ ਪਹਿਲਾਂ ਲੈ ਸਕਦੇ ਹੋ ਅਤੇ ਸਾਈਨੇ-ਡਾਈ ਦੀ ਜਿਹੜੀ ਮੋਸ਼ਨ ਹੈ ਉਹ ਆਖਿਰ ਤੇ ਰੱਖਾਂਗੇ।

**Mr. Speaker:** As proposed by the Parliamentary Affairs Minister, is it the pleasure of the house to take the Legislative Business first?

(Voices: Yes, Yes.)

Now we take up the Legislative Business.

---

## LEGISLATIVE BUSINESS

### The Punjab Municipal (Amendment) Bill, 1993

**Finance and Local Government Minister (Doctor Kewal Krishan) :** Sir, beg to introduce the Punjab Municipal (Amendment) Bill.

Sir, I also beg to move—

> That the Punjab Municipal (Amendment) Bill be taken into consideration at once.

**Mr. Speaker :** Motion moved—

> That the Punjab Municipal (Amendment) Bill be taken into consideration at once. (Discussion please)

(ਇਸ ਵੇਲੇ ਬੀ.ਐਸ.ਪੀ. ਦੇ ਮੈਂਬਰ ਸਾਹਿਬਾਨ ਹਾਊਸ ਦੇ ਵੈੱਲ ਵਿਚ ਬੈਠੇ ਨਾਅਰੇ ਲਾ ਰਹੇ ਸਨ। ਜੋ ਸਾਫ ਸੁਣਾਈ ਨਹੀਂ ਸੀ ਦੇ ਰਹੇ)

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**(ਅੰਮ੍ਰਿਤਸਰ ਕੇਂਦਰੀ): ਸਪੀਕਰ ਸਾਹਿਬ, ਜਿਹੜਾ ਅੱਜ ਹਾਊਸ ਸਾਹਮਣੇ ਅਮੈਂਡਿੰਗ ਬਿਲ ਆਇਆ ਹੈ ਔਰ ਇਸ ਵਾਸਤੇ ਜਿਹੜਾ ਟਾਈਮ ਮੰਗਿਆ ਜਾ ਰਿਹਾ ਹੈ ਇਸ ਦੀ ਕਿਉਂ ਲੋੜ ਪਈ ਹੈ, ਇਸ ਸਬੰਧ ਵਿਚ ਮੈਂ ਦਸਣਾ ਚਾਹੁੰਦੀ ਹਾਂ ਕਿ ਇਹ ਪੰਜਾਬ ਸਰਕਾਰ, ਜੋ ਸੱਤਾ ਦਲ ਹੈ, ਇਸ ਨੇ ਕੁਝ ਕਮੇਟੀਆਂ ਤੇ ਕਬਜ਼ਾ ਕਰਨ ਲਈ ਕੋਸ਼ਿਸ਼ ਕੀਤੀ, ਜਿਨ੍ਹਾਂ ਵਿਚ ਇਨ੍ਹਾਂ ਦੇ ਬੰਦੇ ਚੁਣੇ ਨਹੀਂ ਜਾ ਸਕੇ ਜਿਸ ਤਰ੍ਹਾਂ ਬੁਢਲਾਡੇ ਔਰ ਫਗਵਾੜੇ ਵਿਚ ਹੋਇਆ, ਉਹ ਸਭ ਨੂੰ ਪਤਾ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ........(ਵਿਘਨ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਵਲੋਂ ਕੁਲ ਮੈਂਬਰ ਸਾਹਿਬਾਨ ਉੱਚੀ ਉੱਚੀ ਬੋਲ ਰਹੇ ਸਨ ** **)

**ਸ੍ਰੀ ਸਪੀਕਰ:** ਇਹ ਜੋ ਮੈਂਬਰਜ਼ ਬਗੈਰ ਪਰਮਿਸ਼ਨ ਦੇ ਬਲ ਰਹੇ ਹਨ, ਇਹ ਰਿਕਾਰਡ ਦਾ ਹਿੱਸਾ ਨਾ ਬਣੇ। (ਵਿਘਨ)

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਅੱਜ ਆਪਣੀ ਗਲਤੀ ਛੁਪਾਉਣ ਵਾਸਤੇ ਇਹ ਬਿਲ ਇਥੇ ਲਿਆਂਦਾ ਗਿਆ ਹੈ। ਇਸ ਤਰ੍ਹਾਂ ਨਾਲ ਲੋਕਤੰਤਰ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਥੇ ਇਨ੍ਹਾਂ ਦੇ ਮੈਂਬਰਜ਼ ਨਹੀਂ ਚੁਣੇ ਜਾ ਸਕੇ ਉਥੇ ਇਨ੍ਹਾਂ ਨੇ ਕੁਆਪਟ ਕਰਨ ਦੀ ਵੀ ਕੋਸ਼ਿਸ਼ ਨਹੀਂ ਕੀਤੀ। ਜੋ ਮਿਊਨਸਿਪਲ ਕਮੇਟੀਆਂ ਵਿਚ ਵੀ ਜਿਥੇ ਇਨ੍ਹਾਂ ਦੇ ਪ੍ਰਧਾਨ ਨਹੀਂ ਬਣ ਸਕੇ ਉਸ ਵਾਸਤੇ ਇਹ ਆਪਣੀ ਗਲਤੀ ਨੂੰ ਛੁਪਾਉਣ ਵਾਸਤੇ ਇਹ ਬਿਲ ਲੈ ਆਏ ਹਨ। ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਹ ਬਿਲ ਸਰਕਾਰ ਦੀ ਸਵਾਰਥ ਭਾਵਨਾ ਨਾਲ ਲਿਆਂਦਾ ਗਿਆ ਹੈ, ਇਸ ਲਈ ਇਸ ਨੂੰ ਪਾਸ ਨਹੀਂ ਕਰਨਾ ਚਾਹੀਦਾ।

(ਇਸ ਵੇਲੇ ਵੀ ਬੀ.ਐਸ.ਪੀ. ਦੇ ਮੈਂਬਰ ਸਾਹਿਬਾਨ ਹਾਊਸ ਦੇ ਵੈੱਲ ਵਿਚ ਧਰਨੇ ਤੇ ਬੈਠੇ ਨਾਹਰੇ ਲਾ ਰਹੇ ਸਨ ਜੋ ਸਾਫ ਸੁਣਾਈ ਨਹੀਂ ਸੀ ਦੇ ਰਹੇ।)

**ਸ੍ਰੀ ਮਦਨ ਮੋਹਨ ਮਿੱਤਲ (ਨੰਗਲ):** ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਇਥੇ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ ਨੇ ਇਹ ਬਿਲ ਲਿਆਉਣ ਦੀ ਭਾਵਨਾ ਵਿਸਥਾਰ ਵਿਚ ਦੱਸੀ ਹੈ। ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਇਲੈਕਸ਼ਨ ਨਹੀਂ ਕਰਵਾ ਸਕੇ ਇਨ੍ਹਾਂ ਦੇ ਪ੍ਰਧਾਨ ਨਹੀਂ ਬਣ ਸਕੇ। ਉਥੋਂ ਦੇ ਲੋਕਾਂ ਨੇ ਹਾਈ ਕੋਰਟ ਵਿਚ ਰਿੱਟ ਇਸ ਲਈ ਕੀਤੀ ਕਿ ਜਿਥੇ ਇਲੈਕਸ਼ਨ ਨਹੀਂ ਕਰਵਾਏ ਜਾ ਸਕੇ ਉਥੇ ਕੋਆਪਟ ਕਰ ਲਏ ਜਾਣ ਔਰ ਇਹ ਜਿਹੜੀ ਡਿਲੇਅ ਕੀਤੀ ਜਾ ਰਹੀ ਹੈ ਇਸ ਨੂੰ ਰੋਕਿਆ ਜਾਵੇ। (ਵਿਘਨ) (ਸ਼ੋਰ)

ਇਸ ਬਿਲ ਰਾਹੀਂ ਹੋਰ ਸਮਾਂ ਮੰਗਿਆ ਜਾ ਰਿਹਾ ਹੈ। ਮਨਿਸਟਰ ਸਾਹਿਬ ਇਥੇ ਅਸ਼ੋਰੈਂਸ ਦੇਣ ਕਿ ਉਹ ਹਾਈ ਕੋਰਟ ਵਿਚ ਸਟੇਟਮੈਂਟ ਦੇਣਗੇ ਕਿ ਜਿਥੇ ਮਿਊਂਸਪਲ ਕਮੇਟੀਜ਼ ਦੇ ਵਿਚ ਮੈਂਬਰ ਦੀ ਕੋਆਪਸ਼ਨ ਦੀ ਲੋੜ ਹੈ ਉਥੇ ਡੇਟ ਨਿਸ਼ਚਿਤ ਕਰਨਗੇ ਅਤੇ ਪ੍ਰੈਜ਼ੀਡੈਂਟ ਦੀ ਇਲੈਕਸ਼ਨ ਕਰਵਾਉਣਗੇ। ਇਸ ਤਰ੍ਹਾਂ ਕਰਨ ਦੇ ਨਾਲ ਸੁਪਰਸੈਸ਼ਨ ਦੀ ਕੋਈ ਲੋੜ ਨਹੀਂ ਪੈਣੀ ਸੀ। ਇਸ ਦੇ ਨਾਲ ਸਰਕਾਰ ਦੀ ਮੈਲਾਫਾਈਡ ਇਨਟੈਂਸ਼ਨ ਲਗਦੀ ਹੈ। ਸਰਕਾਰ ਚਾਹੁੰਦੀ ਹੈ ਕਿ ਉਹ ਮੈਂਬਰ ਨੂੰ ਖਰੀਦ ਕੇ ਆਪਣੀ ਰੂਲਿੰਗ ਪਾਰਟੀ ਦਾ ਪ੍ਰੈਜ਼ੀਡੈਂਟ ਲਗਾ ਸਕੇ। ਇਸ ਤਰ੍ਹਾਂ ਕਰਨ ਨਾਲ ਡੈਮੋਕਰੇਸੀ ਦਾ ਗਲਾ ਘੋਟਿਆ ਜਾ ਰਿਹਾ ਹੈ। ਮੈਂ ਇਸ ਲਈ ਇਸ ਬਿਲ ਦਾ ਵਿਰੋਧ ਕਰਦਾ ਹਾਂ।

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) :** ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ। ਇਸ ਦੇ ਵਿਚ ਜਿਹੜੀ ਅਮੈਂਡਮੈਂਟ ਲਿਆਂਦੀ ਗਈ ਹੈ ਉਸ ਰਾਹੀਂ ਸਰਕਾਰ ਹੋਰ ਟਾਈਮ ਲੈਣਾ ਚਾਹੁੰਦੀ ਹੈ। ਪੰਜਾਬ ਵਿਚ ਮਿਉਂਸਿਪਲ ਕਮੇਟੀਜ਼ 15–20 ਨਹੀਂ ਬਲਕਿ ਸਿਰਫ 6-7 ਹੀ ਐਸੀਆਂ ਹਨ, ਜਿਥੇ ਵਿਦਇਨ ਟਾਈਮ ਇਲੈਕਸ਼ਨ ਨਹੀਂ ਹੋ ਸਕਦੀਆਂ। ਚਾਹੇ ਇਹ ਕਿਸੇ ਨਾ ਕਿਸੇ ਕਾਰਣ ਕਰਕੇ ਹਨ ਅਤੇ ਇਸ ਦੀ ਹਾਈ ਕੋਰਟ ਵਿਚ ਸਟੇਅ ਚਲ ਰਹੀ ਹੈ। ਮੈਨੂੰ ਪਤਾ ਹੈ ਕਿ ਸਾਰੀਆਂ ਮਿਉਂਸਿਪਲ ਕਮੇਟੀਜ਼ ਦੀ ਸਟੇਅ ਭਾਵੇਂ ਨਹੀਂ ਹੈ, ਕਿਉਂਕਿ ਸਾਡੀ ਬੁਢਲਾਡਾ ਮੰਡੀ ਦੀ ਕਮੇਟੀ ਦੀ ਇਲੈਕਸ਼ਨ ਤੋਂ ਬਾਦ ਜਿਹੜਾ ਡੋਮੀਨੇਟਿੰਗ ਗਰੁੱਪ ਪ੍ਰਧਾਨ ਬਣਾਉਣਾ ਚਾਹੁੰਦਾ ਸੀ ਉਹ ਗਰੁੱਪ ਹਾਈ ਕੋਰਟ ਵਿਚੋਂ ਸਟੇਅ ਨਹੀਂ ਲੈ ਆਇਆ। ਸਗੋਂ ਉਸ ਨੇ ਮੰਗ ਕੀਤੀ ਹੈ ਕਿ ਚੋਣ ਜਲਦੀ ਕਰਾਈ ਜਾਵੇ। ਸਟੇਟ ਗੌਰਮਿੰਟ ਉਥੇ ਡਾਇਰੈਕਟਿਵ ਦੇਵੇ ਔਰ ਉਥੇ ਇਲੈਕਸ਼ਨ ਕਰਵਾਏ। ਸੁਪਰਸੈਸ਼ਨ ਕਰਨ ਦੀ ਕੋਈ ਲੋੜ ਨਹੀਂ ਸੀ। ਸਰਕਾਰ ਨੇ ਹੋਂਦ ਵਿਚ ਆਉਣ ਤੋਂ ਬਾਦ ਪੰਜਾਬ ਵਿਚ ਦੋ ਬਹੁਤ ਵਧੀਆ ਕੰਮ ਕੀਤੇ ਸਨ। ਪਹਿਲੇ ਸਰਕਾਰ ਨੇ ਗਰਾਸ ਰੂਟ ਲੈਵਲ ਤੇ ਡੈਮੋਕਰੇਸੀ ਨੂੰ ਬਹਾਲ ਕਰਨ ਲਈ ਮਿਉਂਸਿਪਲ ਕਾਰਪੋਰੇਸ਼ਨ ਦੇ ਚੋਣ ਕਰਵਾਏ ਅਤੇ ਫੇਰ ਮਿਉਂਸਿਪਲ ਕਮੇਟੀਜ਼ ਦੇ ਚੋਣ ਕਰਵਾਏ ਅਤੇ ਪੇਂਡੂ ਲੋਕਾਂ ਨੂੰ ਡੈਮੋਕਰੇਸੀ ਦੇਣ ਲਈ ਗਰਾਸ ਰੂਟ ਲੈਵਲ ਤੇ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਅਤੇ ਲੋਕਾਂ ਦੇ ਡੈਮੋਕਰੇਟਿਕ ਹੱਕਾਂ ਨੂੰ ਬਹਾਲ ਕੀਤਾ। ਜਿਹੜੀ ਮਿਉਂਸਿਪਲ ਕਮੇਟੀਜ਼ ਵਿਚ ਸਰਕਾਰ ਮੈਂਬਰਾਂ ਦੀ ਕੋਆਪਸ਼ਨ ਨਹੀਂ ਕਰ ਸਕੀ ਅਤੇ ਰੂਲਿੰਗ ਪਾਰਟੀ ਉਥੇ ਡੋਮੀਨੇਟ ਕਰਨਾ ਚਾਹੁੰਦੀ ਸੀ ਉਥੇ ਸਰਕਾਰ ਨੇ ਲੋਕਾਂ ਦੇ ਡੈਮੋਕਰੇਟਿਕ ਹੱਕਾਂ ਨੂੰ ਬਹਾਲ ਨਹੀਂ ਹੋਣ ਦਿੱਤਾ, ਜਿਸ ਕਰਕੇ ਲੋਕਾਂ ਦੇ ਮਨਾਂ ਵਿਚ ਖਦਸ਼ਾ ਹੈ। ਸਰਕਾਰ ਨੂੰ ਛੋਟੀਆਂ ਜਿਹੀਆਂ ਗੱਲਾਂ ਵਿਚ ਦਖਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ ਅਤੇ ਲੋਕਾਂ ਦਾ ਵਿਕਾਸ ਹੋਣ ਦੇਣਾ ਚਾਹੀਦਾ ਹੈ ਅਤੇ ਸ਼ਹਿਰਾਂ ਦੀ ਤਰੱਕੀ ਹੋਣ ਦੇਣੀ ਚਾਹੀਦੀ ਹੈ। ਲੋਕਾਂ ਦੇ ਨੁਮਾਇੰਦਿਆਂ ਨੂੰ ਕੰਮ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ। ਸਰਕਾਰ ਨੇਂ ਪੰਚਾਇਤਾਂ ਦੀਆਂ ਚੋਣਾਂ ਕਰਵਾ ਕੇ ਚੰਗਾ ਕੰਮ ਕੀਤਾ ਸੀ। ਪੇਂਡੂ ਖੇਤਰ ਵਿਚ ਗਰਾਸ ਰੂਟ ਲੈਵਲ ਤੱਕ ਡੈਮੋਕਰੇਸੀ ਨੂੰ ਬਹਾਲ ਕੀਤਾ ਅਤੇ ਸਰਕਾਰ ਦੀ ਇਹ ਬਹੁਤ ਵੱਡੀ ਪ੍ਰਾਪਤੀ ਸੀ। ਸਰਕਾਰ ਨੂੰ ਇਸ ਗੱਲ ਵਿਚ ਕਦੇ ਵੀ ਨਹੀਂ ਜਾਣਾ ਚਾਹੀਦਾ ਕਿ ਕਿੰਨੀਆਂ ਮਿਉਂਸਿਪਲ ਕਮੇਟੀਜ਼ ਵਿਚ ਅਤੇ ਪੰਚਾਇਤ ਸੰਮਤੀਆਂ ਵਿਚ ਰੂਲਿੰਗ ਪਾਰਟੀ ਨੇ ਕਬਜ਼ਾ ਕੀਤਾ ਹੈ ਅਤੇ ਉਸਦੇ ਪ੍ਰਧਾਨ ਬਣੇ ਹਨ। ਜਿਥੇ ਪ੍ਰਧਾਨ ਨਹੀਂ ਬਣ ਸਕੇ ਉਥੇ ਸਰਕਾਰ ਨੇ ਡੈਮੋਕਰੇਸੀ ਨੂੰ ਬਹਾਲ ਨਹੀਂ ਹੋਣ ਦਿੱਤਾ। ਇਸ ਦੇ ਨਾਲ ਸਰਕਾਰ ਨੂੰ ਕੋਈ ਵੱਡਾ ਲਾਭ ਨਹੀਂ ਹੋਵੇਗਾ। ਇਸ ਦੇ ਨਾਲ ਲੋਕਾਂ ਵਿਚ ਸਰਕਾਰ ਪ੍ਰਤੀ ਵਿਸ਼ਵਾਸ ਉਠ ਜਾਂਦਾ ਹੈ ਅਤੇ ਉਹ ਸ਼ੱਕ ਦੀ ਨਿਗਾਹ ਨਾਲ ਸਰਕਾਰ ਨੂੰ ਵੇਖ ਰਹੇ ਹਨ ਅਤੇ ਉਨ੍ਹਾਂ ਦੇ ਮਨਾਂ ਵਿਚ ਨਰਾਜ਼ਗੀ ਨਜ਼ਰ ਆ ਰਹੀ ਹੈ। ਬੁਢਲਾਡਾ ਮੰਡੀ ਮਿਉਂਸਿਪਲ ਕਮੇਟੀ ਦੇ ਮੈਂਬਰ ਚੁਣੇ ਗਏ ਹਨ ਪਰ ਉਥੇ ਸਰਕਾਰ ਨੇ ਕੋਆਪਸ਼ਨ ਨਹੀਂ ਕੀਤੀ, ਜਿਸ ਕਰਕੇ ਇਕ ਗਰੁੱਪ ਹਾਈ ਕੋਰਟ ਵਿਚ ਗਿਆ ਕਿ ਚੋਣ ਕਰਵਾਓ। ਰੂਲਿੰਗ ਪਾਰਟੀ ਨੂੰ ਇਸ ਗੱਲ ਵਿਚ ਨਹੀਂ ਜਾਣਾ ਚਾਹੀਦਾ ਕਿ ਕਿਸ ਪਾਰਟੀ ਦਾ ਪ੍ਰਧਾਨ ਬਣਦਾ ਹੈ। ਬੁਢਲਾਡਾ ਮੰਡੀ ਦੇ ਲੋਕਾਂ ਵਿਚ ਨਰਾਜ਼ਗੀ ਇਸ ਗੱਲ ਦੀ ਹੈ ਕਿ ਉਹ ਜਾਣਬੁਝ ਕੇ ਉਨ੍ਹਾਂ ਦੇ ਡੈਮੋਕਰੇਟਿਕ ਹੱਕ ਖੋਹ ਰਹੀ ਹੈ। ਮੈਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਿਸ ਪਾਰਟੀ ਦਾ ਪ੍ਰਧਾਨ ਬਣਦਾ ਹੈ। ਬੁਢਲਾਡਾ ਕਮੇਟੀ ਵਿਚ ਸਰਕਾਰ ਕੋਆਪਸ਼ਨ ਕਰਕੇ ਲੋਕਾਂ ਦੇ ਡੈਮੋਕਰੇਟਿਕ ਹੱਕਾਂ ਨੂੰ ਬਹਾਲ ਕਰੇ। ਸਰਕਾਰ ਨੇ ਜਿਹੜੀ ਨਾਰਾਜ਼ਗੀ ਆਪਣੀ ਇਸ ਸਾਲ ਵਿਚ ਲੋਕਾਂ ਵਿਚ ਬਣਾਈ ਹੈ ਅਤੇ

Original with;
Punjab Vidhan Sabha
Digitized by;
Panjab Digital Library

13 ਸਾਲਾਂ ਬਾਦ ਮਿਊਂਸਿਪਲ ਕਮੇਟੀਜ਼ ਦੇ ਇਲੈਕਸ਼ਨ ਕਰਵਾਏ ਹਨ ਸਰਕਾਰ ਉਸ ਕਾਰਗੁਜ਼ਾਰੀ ਨੂੰ ਖਤਮ ਨਾ ਹੋਣ ਦੇਵੇ ।

ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਨੂੰ ਇਕ-ਦੋ ਮਿਊਂਸਿਪਲ ਕਮੇਟੀਜ਼ ਨੂੰ ਛੱਡ ਕੇ ਬਾਕੀ ਦੀਆਂ ਕਮੇਟੀਆਂ ਵਿਚ ਲੋਕਾਂ ਦੇ ਡੈਮੋਕਰੇਟਿਕ ਹੱਕਾਂ ਨੂੰ ਬਹਾਲ ਕਰ ਦੇਣਾ ਚਾਹੀਦਾ ਹੈ। 1-2 ਕਮੇਟੀਆਂ ਵਿਚ ਕੋਈ ਨਾ ਕੋਈ ਕਾਰਣ ਕਰਕੇ ਹਾਈ ਕੋਰਟ ਨੇ ਸਟੇਅ ਦਿੱਤੀ ਹੋਈ ਹੈ। ਇਸ ਲਈ ਮਨਿਸਟਰ ਸਾਹਿਬ ਨੇ ਭਾਵੇਂ ਇਸ ਦੀ ਮਿਆਦ ਵਧਾਉਣ ਲਈ ਸਮਾਂ ਮੰਗਿਆ ਹੈ ਪਰ ਜਿਹੜੀਆਂ ਮਿਊਂਸਿਪਲ ਕਮੇਟੀਜ਼ ਦੀਆਂ ਇਲੈਕਸ਼ਨਾਂ ਹੋ ਚੁੱਕੀਆਂ ਹਨ ਅਤੇ ਪ੍ਰੈਜ਼ੀਡੈਂਟ ਇਲੈਕਟ ਹੋਣੇ ਰਹਿੰਦੇ ਹਨ ਉਥੇ ਮਿਊਂਸਿਪਲ ਕਮੇਟੀਆਂ ਨੂੰ ਬਹਾਲ ਕਰ ਦਿੱਤਾ ਜਾਵੇ ਤਾਂਕਿ ਲੋਕਾਂ ਵਿਚ ਜਿਹੜਾ ਵਿਸ਼ਵਾਸ ਸਰਕਾਰ ਦਾ ਬਣਿਆ ਹੋਇਆ ਹੈ, ਉਹ ਕਾਇਮ ਰਹਿ ਸਕੇ ਅਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਡੈਮੋਕਰੇਸੀ ਵਿਚ ਕੰਮ ਕਰਨ ਦਾ ਮੌਕਾ ਦਿੱਤਾ ਜਾ ਸਕੇ ਤਾਂ ਕਿ ਸ਼ਹਿਰਾਂ ਦਾ ਵਿਕਾਸ ਹੋ ਸਕੇ, ਲੋਕਾਂ ਦੇ ਕੰਮ ਹੋ ਸਕਣ ਅਤੇ ਜਿਹੜੇ ਵਿਕਾਸ ਦੇ ਕੰਮ ਰੁਕੇ ਪਏ ਹਨ ਉਹ ਫਿਰ ਚਾਲੂ ਹੋ ਸਕਣ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਬਿਲ ਦਾ ਵਿਰੋਧ ਕਰਦਾ ਹਾਂ। ਇਸ ਨੂੰ ਅਸੀਂ ਸਪੋਰਟ ਨਹੀਂ ਕਰ ਸਕਦੇ ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ-ਪਰਾਣਾ) : ਸਪੀਕਰ ਸਾਹਿਬ, ਇਸ ਅਮੈਂਡਮੈਂਟ ਤੋਂ ਇਸ ਤਰ੍ਹਾਂ ਜ਼ਾਹਿਰ ਹੁੰਦਾ ਹੈ ਜਿਵੇਂ ਤੰਗ ਦਿਲੀ ਦਾ ਇਜ਼ਹਾਰ ਹੋਵੇ । 6-7 ਮਿਊਂਸਿਪਲ ਕਮੇਟੀਆਂ ਦੇ ਕਰਕੇ ਇਹ ਅਮੈਂਡਮੈਂਟ ਲਿਆਂਦੀ ਜਾ ਰਹੀ ਹੈ। ਹਾਲਾਂ ਕਿ ਜਦੋਂ ਸਾਡੇ ਹਾਈ ਕੋਰਟ ਦੇ ਵਿਚ ਇਹ ਮਸਲੇ ਪੈਂਡਿੰਗ ਹੋਣ ਜਿਨ੍ਹਾਂ ਦੇ ਵਿਚ ਚੁਣੇ ਹੋਏ ਨੁਮਾਇੰਦੇ, ਅਗਰ ਇਹ ਡੀਲੇਅ ਕਰਕੇ ਉਨ੍ਹਾਂ ਦੀ ਜਿਹੜੀ ਕੋਆਪਸ਼ਨ ਕਰਨ ਵਾਲੀ ਗੱਲ ਹੈ, ਇਸ ਤੇ ਰੋਕ ਲਾਈ ਜਾਵੇ ਤਾਂ ਉਨ੍ਹਾਂ ਨੂੰ ਡਰਾ ਧਮਕਾ ਕੇ ਜਾਂ ਉਨ੍ਹਾਂ ਨੂੰ ਇਸ ਗੱਲ ਨਾਲ ਪਾਸੇ ਲਾਇਆ ਜਾਵੇ ਜਾਂ ਡੀਲੇਅ ਕੀਤੀ ਜਾਵੇ, ਅੱਜ ਉਹ ਹਾਈਕੋਰਟ ਦਾ ਦਰਵਾਜਾ ਖੜਕਾਉਣ ਕਿ ਸਾਡਾ ਟਾਈਮ ਬਾਊਂਡ ਕੀਤਾ ਜਾਵੇ ਕਿ ਕਿਤਨੀ ਦੇਰ ਵਿਚ ਪੰਜਾਬ ਸਰਕਾਰ ਜਿਹੜੀ ਹੈ ਉਹ ਕੋਆਪਸ਼ਨ ਕਰਵਾਏਗੀ। ਹੋਰ ਤਾਂ ਮੈਂ ਇਹ ਸਮਝਦਾ ਹਾਂ ਕਿ ਸਰਕਾਰ ਖੁਲ੍ਹਦਿਲੀ ਨਾਲ ਗੱਲ ਕਰੇ ਔਰ ਇਸ ਅਮੈਂਡਮੈਂਟ ਨੂੰ ਵਾਪਿਸ ਲਵੇ ਔਰ ਜਿਹੜੀਆਂ ਸਹੀ ਗੱਲਾਂ ਨੇ ਔਰ ਡੈਮੋਕਰੇਸੀ ਦੇ ਨਾਰਮਜ਼ ਨੇ ਉਨ੍ਹਾਂ ਨੂੰ ਕਿੱਲ ਕਰਨ ਦੀ ਬਜਾਏ ਜਿਹੜੇ ਵਿਰੋਧੀ ਦਲਾਂ ਦੇ ਕੋਲ ਕੁਝ ਕਮੇਟੀਆਂ ਆਉਂਦੀਆਂ ਹਨ ਉਨ੍ਹਾਂ ਵਿਚ ਕੋਆਪਸ਼ਨ ਕੀਤੀ ਜਾਵੇ। ਪੰਜਾਬ ਵਿਚ ਇਤਨੀਆਂ ਮਿਊਂਸੀਪਲ ਕਮੇਟੀਆਂ ਨੇ, ਮਗਰ 6-7 ਮਿਊਂਸਿਪਲ ਕਮੇਟੀਆਂ ਦੀ ਖਾਤਰ ਇਹ ਅਮੈਂਡਮੈਂਟ ਲਿਆਂਦੀ ਜਾਵੇ ਔਰ ਜਿਸ ਦੇ ਵਿਚ ਉਨ੍ਹਾਂ ਦੇ ਕੇਸ ਹਾਈ ਕੋਰਟ ਵਿਚ ਪੈਂਡਿੰਗ ਹੋਣ ਔਰ ਲੋਕ ਇਹ ਗੱਲ ਕਹਿਣ, ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਮਿਊਂਸਿਪਲ ਕਮਿਸ਼ਨਰ ਕਹਿਣ ਕਿ ਸਾਨੂੰ ਟਾਈਮ ਬਾਊਂਡ ਕਰਕੇ ਇਹ ਜਿਹੜੀ ਕੋਆਪਸ਼ਨ ਹੈ ਉਹ ਕਰ ਦਿਤੀ ਜਾਵੇ ਔਰ ਸਰਕਾਰ ਇਸ ਦੇ ਵਿਚ ਜਵਾਬ ਦੇਵੇ। ਮੈਂ ਸਮਝਦਾ ਹਾਂ ਕਿ ਇਸ ਅਮੈਂਡਮੈਂਟ ਨੂੰ ਮੈਂ ਤੰਗ ਦਿਲੀ ਤੇ ਆਧਾਰਿਤ ਸਮਝਦਾ ਹਾਂ ਔਰ ਮੈਂ ਆਪਣੇ ਵੱਲੋਂ ਇਸ ਅਮੈਂਡਮੈਂਟ ਨੂੰ ਵਾਜਬ ਨਹੀਂ ਸਮਝਦਾ ਔਰ ਮੈਂ ਇਸ ਦਾ ਵਿਰੋਧ ਕਰਦਾ ਹਾਂ । ਮੈਂ ਐਨੀ ਗੱਲ ਕਹਿਕੇ ਖਿਮਾ ਮੰਗਦਾ ਹਾਂ।

**ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ)** : ਮਾਨਯੋਗ ਸਪੀਕਰ ਸਾਹਿਬ, ਜੋ ਅਮੈਂਡਮੈਂਟ ਸਰਕਾਰ ਵੱਲੋਂ ਪੇਸ਼ ਕੀਤੀ ਗਈ ਹੈ ਮੈਂ ਇਸ ਦਾ ਵਿਰੋਧ ਕਰਦਾ ਹਾਂ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ, ਹਾਊਸ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਦੇ ਲੋਕਾਂ ਨੇ 10-12 ਸਾਲ ਬੜਾ ਕਸ਼ਟ ਝੱਲਿਆ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ]

ਇਥੇ ਕੌਡ ਲਾਗੂ ਹੁੰਦੇ ਰਹੇ ਔਰ ਅਨਾਊਂਸਮੈਂਟਾਂ ਹੁੰਦੀਆਂ ਰਹੀਆਂ। ਜਿਹੜੀ ਡੈਮੋਕਰੇਸੀ ਹੈ, ਜੋ ਡੈਮੋਕਰੇਟਿਕ ਢੰਗ ਸੀ ਉਸ ਨੂੰ ਰੋਕਿਆ ਗਿਆ। ਅਤਿਵਾਦੀਆਂ ਦੇ ਕਹਿਣ ਤੇ ਦੋ-ਦੋ ਲਾਈਨਾਂ ਛਪਣ ਤੇ ਅਖਬਾਰ ਬੰਦ ਹੁੰਦੇ ਰਹੇ ਔਰ ਜਮਹੂਰੀਅਤ ਨਾਂ ਦੀ ਕੋਈ ਚੀਜ਼ ਨਹੀਂ ਰਹੀ। ਅੱਜ ਪੰਜਾਬ ਦੇ ਵਿਚ ਮਿਉਂਸਪਲ ਕਮੇਟੀ ਦੀਆਂ ਚੋਣਾਂ ਹੋਈਆਂ, ਪੰਚਾਇਤਾਂ ਦੀਆਂ ਚੋਣਾਂ ਹੋਈਆਂ ਹਨ। ਮੈਂ ਇਹ ਗੱਲ ਬੜੇ ਦਾਅਵੇ ਦੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਰੂਲਿੰਗ ਪਾਰਟੀ ਹੈ ਆਪਣੇ ਵਿਰੋਧੀਆਂ ਨੂੰ ਅੱਗੇ ਆਉਣ ਤੋਂ ਰੋਕਨ ਦੀ ਖਾਤਰ ਹਰ ਢੰਗ ਤਰੀਕਾ ਡੈਮੋਕਰੇਸੀ ਨੂੰ ਕਤਲ ਕਰਨ ਦਾ ਵਰਤ ਰਹੀ ਹੈ। ਬਹੁਤ ਸਾਰੀਆਂ ਥਾਵਾਂ ਤੇ ਕੋਆਪਸ਼ਨਾਂ ਨਹੀਂ ਹੋ ਰਹੀਆਂ ਔਰ ਪ੍ਰਧਾਨ ਦੀਆਂ ਚੋਣਾਂ ਵੀ ਨਹੀਂ ਹੋ ਰਹੀਆਂ ਔਰ ਬਹੁਤ ਸਾਰੀਆਂ ਪੰਚਾਇਤਾਂ ਦੇ ਵਿਚ ਵੀ ਇਹ ਢੰਗ ਤਰੀਕਾ ਵਰਤਿਆ ਗਿਆ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਇਸ ਸਰਕਾਰ ਨੂੰ ਬੇਨਤੀ ਕਰਾਂਗਾ ਜੇਕਰ ਪੰਜਾਬ ਦੇ ਵਿਚ ਜੋ ਅਮਨ ਅੱਜ ਸਥਾਪਤ ਹੋਇਆ ਹੈ ਉਸ ਨੂੰ ਅਸੀਂ ਸਥਾਈ ਕਰਨਾ ਚਾਹੁੰਦੇ ਹਾਂ ਅਤੇ ਪੰਜਾਬ ਵਿਚ ਜਮਹੂਰੀਅਤ ਦੀ ਰਾਖੀ ਕਰਨਾ ਚਾਹੁੰਦੇ ਹਾਂ ਤਾਂ ਲੋਕਾਂ ਦੇ ਜਿਹੜੇ ਆਪਣੇ ਵਿਚਾਰ, ਆਪਣੇ ਨੁਮਾਇੰਦੇ ਜਿਹੜੇ ਚੁਣ ਕੇ ਆਏ ਨੇ, ਉਨ੍ਹਾਂ ਨੂੰ ਕੰਮ ਕਰਨ ਦਾ ਮੌਕਾ ਦਿੱਤਾ ਜਾਵੇ, ਇਹ ਲਾਜ਼ਮੀ ਹੈ। ਇਹ ਧੱਕੇ ਦਾ ਜਿਹੜਾ ਕੰਮ ਹੈ ਔਰ ਧੱਕੇ ਨਾਲ ਆਪਣੀ ਮਰਜ਼ੀ ਦੇ ਨਮਾਇੰਦੇ ਅਗੇ ਲਿਆਂਦੇ ਜਾਣ, ਇਹ ਬੰਦ ਕੀਤਾ ਜਾਵੇ, ਨਹੀਂ ਤਾਂ ਜੋ ਪੰਜਾਬ ਨੇ ਕਸ਼ਟ ਝੱਲਿਆ ਹੈ, ਇਸ ਦਾ ਜਿਹੜਾ ਪ੍ਰਤੀਕਰਮ ਹੈ, ਥੋੜ੍ਹੇ ਸਮੇਂ ਦੇ ਵਿਚ ਸਾਡੇ ਲੋਕਾਂ ਵਲੋਂ ਪੇਸ਼ ਹੋਵੇਗਾ। ਸੋ, ਮੈਂ ਇਹ ਕੁਝ ਕਹਿੰਦਾ ਹੋਇਆ ਚੁਣੇ ਹੋਏ ਨਮਾਇੰਦਿਆਂ ਨੂੰ ਆਪਣੀ ਆਜ਼ਾਦੀ ਦੇ ਨਾਲ ਬਿਨਾ ਕਿਸੇ ਡਰ ਭੈਅ, ਦੇ, ਬਿਨਾਂ ਕਿਸੇ ਲਾਲਚ ਦੇ ਆਪਣੇ ਪ੍ਰਧਾਨ ਚੁਣਨ ਦੀ ਆਗਿਆ ਹੋਵੇ ਔਰ ਕੋਈ ਵੀ ਜਿਹੜਾ ਚੁਣਿਆ ਨੁਮਾਇੰਦਾ ਹੈ ਉਸ ਦਾ ਹੱਕ ਨਾ ਮਾਰਿਆ ਜਾਵੇ ਅਤੇ ਉਨ੍ਹਾਂ ਨੂੰ ਲੰਮਾਂ ਸਮਾਂ ਅਦਾਲਤਾਂ ਵਿਚ ਧੱਕੇ ਨਾ ਖਾਣੇ ਪੈਣ ਅਤੇ ਉਹ ਲੋਕਾਂ ਦੀ ਨੁਮਾਇੰਦਗੀ ਕਰ ਸਕਣ, ਮੈਂ ਇਸ ਪੱਖ ਨੂੰ ਧਿਆਨ ਵਿਚ ਰਖਦੇ ਹੋਏ ਇਸ ਅਮੈਂਡਮੈਂਟ ਦੀ ਵਿਰੋਧਤਾ ਕਰਦਾ ਹਾਂ ਅਤੇ ਮੰਗ ਕਰਦਾ ਹਾਂ ਕਿ ਚੁਣੇ ਹੋਏ ਨੁਮਾਇੰਦਿਆਂ ਨੂੰ ਆਜ਼ਾਦੀ ਦੇ ਨਾਲ ਆਪਣੇ ਪ੍ਰਧਾਨ ਚੁਣਨ ਦਾ ਮੌਕਾ ਦਿਤਾ ਜਾਵੇ ਔਰ ਜਿਨ੍ਹਾਂ ਦੇ ਨਾਲ ਧੱਕਾ ਹੋਇਆ ਹੈ, ਇਹ ਬੰਦ ਕੀਤਾ ਜਾਵੇ। ਸਰਕਾਰ ਇਸ ਅਮੈਂਡਮੈਂਟ ਨੂੰ ਵਾਪਿਸ ਲੈਵੇ। ਇੰਨਾ ਕੁਝ ਕਹਿੰਦਾ ਹੋਇਆ ਮੈਂ ਆਪਣੀ ਗੱਲ ਸਮਾਪਤ ਕਰਦਾ ਹਾਂ।

**ਵਿੱਤ ਅਤੇ ਸਥਾਨਕ ਸਰਕਾਰ ਮੰਤਰੀ** (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਇਹ ਅਮੈਂਡਮੈਂਟ ਬੜੀ ਇਨੋਸੈਂਟ ਹੈ ਔਰ ਬੜੀ ਸ਼ਲਾਘਾਯੋਗ ਹੈ। ਮੈਨੂੰ ਅਫਸੋਸ ਹੈ ਕਿ ਆਰਸ਼ੀ ਜੀ ਨੇ ਤਾਂ ਡੈਮੋਕਰੇਸੀ ਬਹਾਲ ਕਰਨ ਦੀ ਗੱਲ ਕੀਤੀ ਹੈ ਪਰ ਹੋਰ ਮੈਂਬਰ ਸਾਹਿਬਾਨ ਨੇ ਇਸ ਅਮੈਂਡਮੈਂਟ ਦੀ ਵਿਰੋਧਤਾ ਕਰਦੇ ਹੋਏ ਹੋਰ ਵੀ ਬੜੀ ਨੁਕਤਾਚੀਨੀ ਕੀਤੀ ਹੈ। ਸਪੀਕਰ ਸਾਹਿਬ, ਖੁਸ਼ੀ ਦੀ ਗੱਲ ਹੈ ਕਿ ਫਰਵਰੀ, 1992 ਵਿੱਚ ਪੰਜਾਬ ਵਿੱਚ ਡੈਮੋਕਰੇਸੀ ਬਹਾਲ ਹੋਈ ਔਰ ਉਸ ਤੋਂ ਬਾਅਦ ਜਦ ਇਹ ਸੰਕਲਪ ਏਥੇ ਦੁਹਰਾਇਆ ਗਿਆ ਕਿ ਅਸੈਂਬਲੀ ਦੇ ਬਾਅਦ ਅਸੀਂ ਮਿਉਂਨਿਸਿਪਲ ਕਮੇਟੀਆਂ ਦੀਆਂ ਔਰ ਮਿਉਨਿਸਿਪਲ ਕਮੇਟੀਆਂ ਦੇ ਬਾਅਦ ਪਿੰਡਾਂ ਦੀਆਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਾਵਾਂਗੇ। ਸਪੀਕਰ ਸਾਹਿਬ, ਮਿਉਨਿਸਿਪਲ ਕਮੇਟੀਆਂ 95 ਹਨ ਔਰ 95 ਮਿਉਂਨਿਸਿਪਲ ਕਮੇਟੀਆਂ ਦੇ ਇਲੈਕਸ਼ਨ 6 ਸਤੰਬਰ, 1992 ਨੂੰ ਹੋਏ। ਅਤੇ ਇਸ ਇਲੈਕਸ਼ਨ ਤੋਂ ਬਾਅਦ 15 ਨਵੰਬਰ ਨੂੰ ਇਨ੍ਹਾਂ ਕਮੇਟੀਆਂ ਦੇ ਪ੍ਰੈਜ਼ੀਡੈਂਟ ਅਤੇ ਵਾਈਸ-ਪ੍ਰੈਜ਼ੀਡੈਂਟ ਚੁਣੇ ਗਏ ਅਤੇ ਕੋਆਪਸ਼ਨ ਵੀ ਹੋ ਗਈ। ਔਰ ਉਸ ਤੋਂ ਬਾਅਦ ਹੁਣ ਅਜ ਦੀ ਪੁਜ਼ੀਸ਼ਨ ਇਹ ਹੈ, ਸਪੀਕਰ ਸਾਹਿਬ, 6 ਮਿਉਂਨਿਸਿਪਲ ਕਮੇਟੀਆਂ ਆਲੋਹ, ਬੁਢਲਾਡਾ, ਫਰੀਦਕੋਟ, ਫਗਵਾੜਾ, ਮੁਕਤਸਰ ਅਤੇ ਕਰਤਾਰਪੁਰ ਹਨ। ਇਨ੍ਹਾਂ ਵਿੱਚੋਂ ਕਰਤਾਰਪੁਰ

Original with;
Punjab Vidhan Sabha
Digitized by;
Panjab Digital Library

ਦੀ ਇਲੈਕਸ਼ਨ ਹੋ ਗਈ ਹੈ ਅਤੇ ਪ੍ਰੈਜ਼ੀਡੈਂਟ, ਵਾਈਸ-ਪ੍ਰੈਜ਼ੀਡੈਂਟ ਬਣ ਚੁਕੇ ਹਨ। ਇਨ੍ਹਾਂ ਬਾਕੀ ਰਹਿੰਦੀਆਂ 5 ਮਿਉਨਿਸਿਪਲ ਕਮੇਟੀਆਂ ਦੇ ਮੈਂਬਰ ਸਾਹਿਬਾਨ ਕੋਰਟਾਂ ਵਿੱਚ ਗਏ ਹੋਏ ਹਨ। ਕੋਰਟ ਵਿਚ ਜਦੋਂ ਲਿਟੀਗੇਸ਼ਨ ਹੋਵੇ, ਉਸਦੇ ਵਿਚ ਐਗਜ਼ੈਕਟਿਵ ਕੋਈ ਦਖਲ ਨਹੀਂ ਦੇ ਸਕਦੀ। ਜੇ ਕੋਰਟ ਨੇ ਸਟੇਅ ਦਿੱਤੀ ਹੋਵੇ ਜਾਂ ਇਲੈਕਸ਼ਨ ਨੂੰ ਰੋਕਿਆ ਹੋਵੇ ਤਾਂ ਉਸਦੇ ਮੁਤਾਬਿਕ ਚਲਣਾ ਪੈਂਦਾ ਹੈ। ਇਸ ਡੈਮੋਕ੍ਰੇਸੀ ਵਿੱਚ, ਭਾਰਤ ਦੀ ਡੈਮੋਕਰੇਸੀ ਦੇ ਤਿੰਨ ਬੜੇ ਸਤੂਨ ਹਨ। ਇਕ ਹੈ ਲੈਜਿਸਲੇਚਰ, ਜਿਸ ਜਗ੍ਹਾ ਤੇ ਅੱਜ ਅਸੀਂ ਇਥੇ ਬੈਠੇ ਹਾਂ। ਇਥੇ ਲੋਕ ਆਪਣੇ ਨੁਮਾਇੰਦੇ ਚੁਣ ਕੇ ਭੇਜਦੇ ਹਨ ਅਤੇ ਇਸ ਕਰਕੇ ਭੇਜਦੇ ਹਨ ਕਿ ਉਹ ਅਸੈਂਬਲੀ ਵਿਚ ਜਾ ਕੇ ਲੋਕਾਂ ਦੇ ਦੁਖ ਦਰਦ ਅਤੇ ਤਕਲੀਫਾਂ ਦੱਸਣ, ਰੂਲਿੰਗ ਪਾਰਟੀ ਦੀ ਜਾਇਜ਼ ਨੁਕਤਾਚੀਨੀ ਕਰਨ ਔਰ ਰੂਲਿੰਗ ਪਾਰਟੀ ਆਪਣੇ ਪ੍ਰੋਗਰਾਮ ਦੇ ਕੰਸਟ੍ਰਕਟਿਵ ਪੱਖ ਜਿਹੜੇ ਹਨ, ਉਹ ਦੱਸੇ। ਪਰ ਬਦਕਿਸਮਤੀ ਦੀ ਗੱਲ ਹੈ, ਸਪੀਕਰ ਸਾਹਿਬ, ਕਿ ਇਕ ਐਸਾ ਟ੍ਰੈਂਡ ਆ ਗਿਆ ਹੈ, ਅਸੀਂ ਪਾਰਲੀਆਮੈਂਟ ਵਿੱਚ ਵੀ ਦੇਖਦੇ ਹਾਂ ਅਤੇ ਅਸੈਂਬਲੀਆਂ ਵਿਚ ਵੀ ਦੇਖਦੇ ਹਾਂ ਕਿ ਬਜਾਏ ਕੰਸਟ੍ਰਕਟਿਵ ਗੱਲ ਰੂਲਜ਼ ਦੇ ਮੁਤਾਬਿਕ ਅਤੇ ਕਨਵੈਨਸ਼ਨਜ਼ ਦੇ ਮੁਤਾਬਿਕ ਕਹਿਣ ਦੇ ਅਸੀਂ ਇਕ ਐਸਾ ਤਰੀਕਾ ਅਖਤਿਆਰ ਕਰ ਲਿਆ ਹੈ ਜਿਸ ਦੇ ਵਿਚ ਕੋਈ ਲੌਜਿਕ ਨਹੀਂ ਸਿਵਾਏ ਇਸ ਦੇ ਕਿ ਸਕੱਟਲ ਕੀਤਾ ਜਾਵੇ ਅਤੇ ਹਾਊਸ ਦੀ ਕਾਰਵਾਈ ਨੂੰ ਰੋਕਿਆ ਜਾਵੇ। ਇਸਦਾ ਸ਼ਿਕਾਰ ਸਾਡੀ ਪੰਜਾਬ ਅਸੈਂਬਲੀ ਵੀ ਹੋਈ ਹੈ ਅਤੇ ਹੋ ਰਹੀ ਹੈ। ਅੱਜ ਵੀ ਅਸੀਂ ਚਾਹੁੰਦੇ ਹਾਂ ਕਿ ਹਾਊਸ ਵਿੱਚ ਖੁਲ੍ਹ ਕੇ ਡਿਸਕਸ਼ਨ ਹੁੰਦੀ, ਇਨ੍ਹਾਂ ਬਿਲਾਂ ਤੇ ਵੀ ਖੁਲ੍ਹ ਕੇ ਡਿਸਕਸ਼ਨ ਹੁੰਦੀ ਅਤੇ ਫਲੱਡ ਸਿਚੂਏਸ਼ਨ ਤੇ ਵੀ ਹੁੰਦੀ। ਅੱਜ ਪੰਜਾਬ ਤੇ ਬਦਕਿਸਮਤੀ ਨਾਲ ਇਕ ਐਸੀ ਆਫਤ ਆ ਗਈ ਹੈ, ਬਿਪੱਤੀ ਪੈ ਗਈ ਹੈ, ਜਿਸ ਦੇ ਕਾਰਣ ਹੜ੍ਹਾਂ ਨਾਲ 250-300 ਲੋਕ ਪੰਜਾਬ ਦੇ ਜਾ ਚੁੱਕੇ ਹਨ। ਉਨ੍ਹਾਂ ਦੀਆਂ ਕੀਮਤੀ ਜਾਨਾਂ ਚਲੀਆਂ ਗਈਆਂ ਹਨ। ਪੰਜਾਬ ਦਾ ਅਰਬਾਂ ਰੁਪਿਆ ਦਾ ਨੁਕਸਾਨ ਹੋ ਚੁੱਕਾ ਹੈ। ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋ ਗਈਆਂ ਹਨ ਅਤੇ ਲੋਕਾਂ ਦੇ ਘਰ ਢਹਿ ਚੁਕੇ ਹਨ। ਇਸ ਸਬੰਧੀ ਬਾਕਾਇਦਾ ਮੋਸ਼ਨ ਲਿਆਂਦਾ ਗਿਆ ਹੈ ਤਾਂਕਿ ਇਸ ਸਿਚੂਏਸ਼ਨ ਨੂੰ ਡਿਸਕਸ ਕੀਤਾ ਜਾ ਸਕੇ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਜਿਹੜੇ ਸਾਡੇ ਸੱਜਣ ਇਸ ਵੇਲੇ ਕਾਰਵਾਈ ਵਿੱਚ ਰੁਕਾਵਟ ਪਾ ਰਹੇ ਹਨ, ਉਹ ਇਸ ਗੱਲ ਦਾ ਅਹਿਸਾਸ ਕਰਦੇ ਹੋਏ ਆਪਣਾ ਹਿੱਸਾ ਪਾਉਣਗੇ ਔਰ ਇਸ ਦੀ ਗੰਭੀਰਤਾ ਦਾ ਅਹਿਸਾਸ ਕਰਦੇ ਹੋਏ ਪੰਜਾਬ ਦੇ ਲੋਕਾਂ ਦੇ ਹਿਤਾਂ ਵਾਸਤੇ ਜ਼ਰੂਰ ਆਪਣਾ ਯੋਗਦਾਨ ਦੇਣਗੇ।

ਸਪੀਕਰ ਸਾਹਿਬ, ਦੂਸਰਾ ਪੱਖ ਹੈ ਐਗਜ਼ੈਕਟਿਵ ਵਿੰਗ। ਇਸ ਵਿੱਚ ਰੂਲਿੰਗ ਪਾਰਟੀ ਜਿਹੜੀ ਹੈ, ਇਹ ਰੂਲਜ਼ ਐਂਡ ਰੈਗੂਲੇਸ਼ਨਜ਼ ਦੇ ਮੁਤਾਬਿਕ ਅਤੇ ਸੰਵਿਧਾਨ ਦੇ ਮੁਤਾਬਿਕ ਕਾਰਵਾਈ ਕਰਦੀ ਹੈ ਅਤੇ ਲੋਕਾਂ ਦੀ ਸੇਵਾ ਕਰਦੀ ਹੈ। ਤੀਸਰਾ ਪੱਖ ਜੁਡੀਸ਼ਰੀ ਦਾ ਹੈ। ਅਗਰ ਐਗਜ਼ੈਕਟਿਵ ਵੱਲੋਂ ਕੋਈ ਬੇਇਨਸਾਫੀ ਹੋਵੇ ਜਾਂ ਐਗਜ਼ੈਕਟਿਵ ਕੋਈ ਐਸੀ ਗੱਲ ਕਰੇ ਜਿਸ ਦੇ ਵਿੱਚ ਐਗਰੀਵਡ ਪਰਸਨ ਨੂੰ ਇਨਸਾਫ ਨਾ ਮਿਲਦਾ ਹੋਵੇ, ਤਾਂ ਉਹ ਜੁਡੀਸ਼ਰੀ ਕੋਲ ਜਾ ਸਕਦਾ ਹੈ। ਬਾਕੀ ਇਨ੍ਹਾਂ ਮਿਉਂਨਿਸਿਪਲ ਕਮੇਟੀਆਂ ਵਿੱਚ ਮੈਂਬਰ ਸਾਹਿਬਾਨ ਦੇ ਆਪਣੇ ਨਿੱਜੀ ਝਗੜੇ ਅਤੇ ਆਪਣੇ ਕੁਰਸੀ ਦੇ ਝਗੜੇ ਸਨ, ਉਨ੍ਹਾਂ ਤੇ ਟੀਕਾ-ਟਿੱਪਣੀ ਨਾ ਕਰਦਾ ਹੋਇਆ ਮੈਂ, ਸਪੀਕਰ ਸਾਹਿਬ, ਵਿਸ਼ਵਾਸ ਦਿਵਾਉਂਦਾ ਹਾਂ ਕਿ 95 ਮਿਉਂਨਿਸਪੈਲਟੀਜ਼ ਦੇ ਪੰਜਾਬ ਸਰਕਾਰ ਨੇ ਨਿਸ਼ਪਕਸ਼ ਇਲੈਕਸ਼ਨ ਕਰਵਾਏ ਔਰ ਇਨ੍ਹਾਂ ਇਲੈਕਸ਼ਨਾਂ ਦੇ ਨਤੀਜੇ ਦੇ ਤੌਰ ਤੇ ਇਕ ਦੋ ਨਹੀਂ ਬਲਿਕ 85 ਫੀਸਦੀ ਲੋਕਾਂ ਨੇ ਆਪਣੀਆਂ ਵੋਟਾਂ ਪਾਈਆਂ 95 ਮਿਉਂਨਿਸਿਪਲ ਕਮੇਟੀਜ਼ ਦੇ ਇਲੈਕਸ਼ਨ ਕਾਮਯਾਬ ਕਰਵਾਏ ਔਰ ਇਸ ਤੋਂ ਬਾਅਦ 80 ਮਿਉਨਿਸਿਪਲ ਕਮੇਟੀਜ਼ ਦੇ ਇਕ ਮਹੀਨੇ ਦੇ ਅੰਦਰ-ਅੰਦਰ ਹੀ ਪ੍ਰੈਜ਼ੀਡੈਂਟ ਵੀ ਲਗਾਏ ਗਏ ਔਰ ਕੋਆਪ-

Original with;
Punjab Vidhan Sabha
Digitized by;
Panjab Digital Library

[ਵਿੱਤ ਅਤੇ ਸਥਾਨਕ ਸਰਕਾਰ ਮੰਤਰੀ]

ਸ਼ਨਾਂ ਵੀ ਹੋ ਗਈਆਂ। ਕੁਝ ਇਕ ਦਾ ਝਗੜਾ ਰਹਿ ਗਿਆ ਹੈ ਉਹ ਵੀ ਖਤਮ ਹੋ ਜਾਵੇਗਾ। ਹੁਣ ਸਿਰਫ ਦੋ ਮਿਉਂਸਿਪਲ ਕਮੇਟੀਆਂ ਰਹਿ ਗਈਆਂ ਹਨ। ਅਗਰ ਇਕ ਵੀ ਰਹਿ ਜਾਵੇ ਤਾਂ ਉਸ ਵਾਸਤੇ ਵੀ ਸਾਨੂੰ ਬਿਲ ਲਿਆਉਣਾ ਪੈਣਾ ਸੀ ਔਰ ਇਸ ਬਿੱਲ ਨੂੰ ਲਿਆ ਕੇ ਐਕਸਟੈਨਸ਼ਨ ਮੰਗਣੀ ਜ਼ਰੂਰੀ ਸੀ। ਇਸ ਕਰਕੇ ਇਹ ਬੜਾ ਇਨੋਸੈਂਟ ਬਿਲ ਲਿਆਂਦਾ ਗਿਆ ਹੈ। ਇਸ ਦੇ ਵਿੱਚ ਜਿਹੜੀਆਂ ਹੁਣ ਕੇਵਲ 5 ਮਿਉਂਸਿਪਲ ਕਮੇਟੀਆਂ ਰਹਿ ਗਈਆਂ ਹਨ ਉਨ੍ਹਾਂ ਦੀਆਂ ਚੋਣਾਂ ਵੀ ਹੋ ਜਾਣਗੀਆਂ। ਪ੍ਰੈਜ਼ੀਡੈਂਟ ਔਰ ਵਾਈਸ-ਪ੍ਰੈਜ਼ੀਡੈਂਟ ਵੀ ਚੁਣੇ ਜਾਣਗੇ ਔਰ ਡੈਮੋਕਰੇਸੀ ਬਹਾਲ ਹੋ ਜਾਵੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਅਰਸ਼ੀ ਸਾਹਿਬ ਦਾ ਸਵਾਗਤ ਕਰਦਾ ਹਾਂ ਕਿ ਉਨ੍ਹਾਂ ਨੇ ਡੈਮੋਕਰੇਸੀ ਬਹਾਲ ਕਰਨ ਲਈ ਪੰਜਾਬ ਸਰਕਾਰ ਦੀ ਪਰਸ਼ੰਸਾ ਕੀਤੀ ਹੈ ਔਰ ਜਿਨ੍ਹਾਂ ਨੇ ਵਿਰੋਧ ਕੀਤਾ ਹੈ ਉਨ੍ਹਾਂ ਨੂੰ ਵਿਸ਼ਵਾਸ ਦਿਲਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਪੰਜ ਮਿਉਨਿਸਿਪਲ ਕਮੇਟੀਆਂ ਨੂੰ ਕਿਸੇ ਕਿਸਮ ਦੀ ਕੋਈ ਖੁਲ੍ਹ ਨਹੀਂ ਦੇਵੇਗੀ। ਇਸ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਨੇ ਕਿਸੇ ਵੀ ਮਿਉਨਿਸਿਪਲ ਕਮੇਟੀ ਵਿੱਚ ਖੁੱਲ੍ਹ ਨਹੀਂ ਦਿੱਤੀ। ਨਿਰਪੱਖ ਤੌਰ ਤੇ ਚੋਣਾਂ ਹੋਣਗੀਆਂ ਔਰ ਇਨ੍ਹਾਂ ਦੇ ਪ੍ਰਧਾਨ ਔਰ ਵਾਈਸ-ਪਰੈਜ਼ੀਡੈਂਟ ਚੁਣੇ ਜਾਣਗੇ। ਮੈਂ ਅੰਤ ਵਿੱਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਯੂਨਾਨੀਮਸਲੀ ਇਸ ਇਨੋਸੈਂਟ ਬਿਲ ਨੂੰ ਪਾਸ ਕਰ ਦਿੱਤਾ ਜਾਵੇ।

**Mr. Speaker :** Question is—

That the Punjab Municipal (Amendment) Bill be taken into consideration at once.

*The motion was carried.*

**Mr. Speaker :** Now the House will proceed to consider the Bill clause by clause.

**Sub-clause (2) of Clause I**

**Mr. Speaker :** Question is—

That sub-clause (2) of Clause I stand part of the Bill.

*The motion was carried.*

**Clause 2**

**Mr. Speaker :** Question is—

That Clause 2 stand part of the Bill.

*The motion was carried.*

**Clause 3**

**Mr. Speaker :** Question is—

That Clause 3 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Sub-clause (1) of Clause 1**

**Mr. Speaker :** Question is—

That Sub-clause (1) of Clause 1 stand part of the Bill.

*The motion was carried.*

**Tital**

**Mr. Speaker :** Question is—

That Title be the Tittle of the Bill.

*The motion was carried.*

**Finance and Local Government Minister (Doctor Kewal Krish an):** Sir I beg to move—

That the Punjab Municipal (Amendment) Bill be passed.

**Mr. Speaker :** Motion moved—

That the Punjab Municipal (Amendment) Bill be passed.

**Mr. Speaker :** Question is—

That the Punjab Municipal (Amendment) Bill be passed.

*The motion was carried.*

## THE PUNJAB GENERAL SALES TAX (SECOND AMENDMENT) BILL, 1993

**Excise and Taxation Minister (Sardar Shamsher Singh Dullo) :** Sir I beg to introduce the Punjab General Sales Tax (Second Amendment Bill.

Sir, I also beg to move—

That the Punjab General Sales Tax (Second Amendment) Bill be taken into consideration at once.

**Mr. Speaker :** Motion moved—

That the Punjab General Sales Tax (Second Amendment) Bill be taken into consideration at once.

Discussion please. Yes, Mittal Sahib.

**Shri Madan Mohan Mittal (Nangal) :** Sir, in the Punjab General Sales Tax Act, 1948, in Section 5 after sub-section (3), the following sub-section is sought to be added:—

"Notwithstanding anything contained in any provision of this Act, the Government is satisfied that it is necessary or expendient so to do in the public interest, may, by notification in the Official Gazette direct that in respect of any goods or class goods a dealer shall pay such lump sum tax and subject such conditions, as the Govt. may specify in the notification.'

Original with;
Punjab Vidhan Sabha
Digitized by;
Panjab Digital Library

[Shri Madan Mohan Mittal]

But in the Statement of Objects and Reasons, the system of lump sum levy of sales tax in respect of Brick-kiln Owners of Punjab has been mentioned whereas in the above amendment, the Government wants to take unbridled powers to declare or include any of the items subsequently which is subject to sales tax. The information is that to bring this Bill, to bring this ordinance, the matter was pending since long and there has been dealing between the brick-kiln owners and the Government Agencies and money has been collected and when the deal was finally struck only then the matter was brought to this House by way of ordinance. They are taking unbridled powers and subsequently the matter will be dealt with in the same manner and there is no check against the corupt practices. So, if anything is to be brought there should be more wider discussions on the Bill so that the effective steps be taken, so that the people are not looted to bring this facility to them. Therefore, I say that the Government must tell what tax we were collecting before this amendment and what will be collected after it. How much saving will be there should be brought into consideration. Till then, the bill should be taken back. This should be taken back and this should be introduced subsequently after bringing the matter before the house.

**Mr. Speaker** : Yes, Arshi Ji.

**ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ)**: ਸਪੀਕਰ ਸਾਹਿਬ, ਜਿਹੜਾ ਬਿਲ ਮੰਤਰੀ ਜੀ ਨੇ ਆਰਡੀਨੈਂਸ ਦੀ ਥਾਂ ਲੈਣ ਵਾਸਤੇ ਲਿਆਂਦਾ ਹੈ, ਇਸ ਗੱਲ ਦਾ ਮੈਨੂੰ ਬੜਾ ਅਫਸੋਸ ਹੈ। ਮੈਂ ਤੁਹਾਡੇ ਰਾਹੀਂ ਆਪਣੀਆਂ ਭਾਵਨਾਵਾਂ ਨੂੰ ਐਕਸਪ੍ਰੈਸ ਕਰਨਾ ਚਾਹੁੰਦਾ ਹਾਂ। ਜਿਸ ਵੇਲੇ ਪਤਾ ਸੀ ਕਿ ਸੈਸ਼ਨ ਹੋਣ ਜਾ ਰਿਹਾ ਹੈ ਅਤੇ ਸਾਡਾ ਪਿਛਲਾ ਤਜਰਬਾ ਵੀ ਹੈ ਕਿ ਬਹੁਤ ਸਾਰੀਆਂ ਚੀਜ਼ਾਂ ਦੇ ਬਾਰੇ ਆਰਡੀਨੈਂਸ ਜਾਰੀ ਕਰ ਦਿੰਦੇ ਹਨ ਜਿਹੜਾ ਜ਼ਰੂਰੀ ਨਹੀਂ ਹੁੰਦਾ। ਆਰਡੀਨੈਂਸ ਅਜਿਹੇ ਹਾਲਾਤ ਵਿੱਚ ਹੋਣਾ ਚਾਹੀਦਾ ਹੈ ਜਦੋਂ ਕੋਈ ਬੜੀ ਮਾੜੀ ਘਟਨਾ ਹੋ ਜਾਵੇ ਅਤੇ ਸਰਕਾਰ ਦੇ ਪਾਸ ਸਮਾਂ ਬਹੁਤ ਥੋੜ੍ਹਾ ਹੋਵੇ ਅਤੇ ਵਿਧਾਨ ਸਭਾ ਦਾ ਸੈਸ਼ਨ ਬੁਲਾਉਣਾ ਸੰਭਵ ਨਾ ਹੋਵੇ, ਉਸ ਹਾਲਾਤ ਵਿਚ ਆਰਡੀਨੈਂਸ ਕੀਤਾ ਜਾ ਸਕਦਾ ਹੈ ਲੇਕਿਨ ਹਰ ਛੋਟੀ ਚੀਜ਼ ਤੇ ਆਰਡੀਨੈਂਸ ਕਰ ਦੇਣਾ ਵਾਜਿਬ ਨਹੀਂ, ਇਸ ਦੇ ਨਾਲ ਵਿਧਾਨ ਸਭਾ ਦੀ ਪਾਵਰ ਵੀ ਘਟਦੀ ਹੈ ਅਤੇ ਅਸੀਂ ਜਨਤਾ ਦੇ ਚੁਣੇ ਹੋਏ ਨੁਮਾਇੰਦੇ ਵੀ ਆਪਣੀ ਠੋਸ ਰਾਏ ਨਹੀਂ ਦੇ ਸਕਦੇ। ਮੈਂ ਸਮਝਦਾ ਹਾਂ ਕਿ ਆਰਡੀਨੈਂਸ ਨੂੰ ਮਿਸ-ਯੂਜ਼ ਕੀਤਾ ਜਾ ਰਿਹਾ ਹੈ। ਪਿਛੇ ਜਿਹੇ ਵੀ ਸਰਕਾਰ ਨੇ ਬਹੁਤ ਸਾਰੇ ਆਰਡੀਨੈਂਸ ਕੀਤੇ ਹਨ। ਇਹ ਠੀਕ ਹੈ ਕਿ ਆਰਡੀਨੈਂਸ ਬਿਲ ਦੇ ਰੂਪ ਵਿੱਚ ਵਿਧਾਨ ਸਭਾ ਵਿਚ ਬਹਿਸ ਲਈ ਆਵੇਗਾ ਪਰ ਇਸ ਤਰ੍ਹਾਂ ਦੀ ਬਹਿਸ ਉੱਨੀ ਮਹੱਤਤਾ ਨਹੀਂ ਰੱਖਦੀ ਜਦ ਕਿ ਆਰਡੀਨੈਂਸ ਕਰਕੇ ਤਾਂ ਲਾਗੂ ਕਰ ਦਿੱਤਾ ਅਤੇ ਬਾਅਦ ਵਿਚ ਬਹਿਸ ਤਾਂ ਬਹਿਸ ਹੀ ਰਹਿ ਜਾਂਦੀ ਹੈ। ਮੈਂਬਰ ਸਾਹਿਬਾਨ ਆਪਣੇ ਤਜ਼ਰਬੇ ਦੇ ਆਧਾਰ ਤੇ ਠੋਸ ਰਾਏ ਦੇਣ ਅਤੇ ਸਰਕਾਰ ਉਸਨੂੰ ਪ੍ਰਵਾਨ ਕਰੇ, ਉਹ ਸਮਾਂ ਨਹੀਂ ਰਹਿ ਜਾਂਦਾ। ਆਰਡੀਨੈਂਸ ਵੀ ਸਰਕਾਰ ਵੱਲੋਂ ਜਿਸ ਤਰ੍ਹਾਂ ਜਾਰੀ ਹੁੰਦੇ ਹਨ ਉਹ ਵੀ ਇੰਨੇ ਡੀਫੈਕਟਿਵ ਹੁੰਦੇ ਹਨ ਕਿ ਜੇ ਕੋਈ ਹਾਈ ਕੋਰਟ ਵਿੱਚ ਚਲਾ ਜਾਵੇ ਤਾਂ ਉਥੇ ਖਿਲਕੁਲ ਨਹੀਂ ਟਿਕਦੇ। ਮੈਂ ਕਹਿੰਦਾ ਹਾਂ ਕਿ ਇਹ ਜਿਹੜੀ ਟੈਂਡੈਂਸੀ ਹੈ ਸਰਕਾਰ ਦੀ, ਕਿ ਇਹ ਜਿਹੜੇ ਲੋਕਾਂ ਦੇ ਚੁਣੇ ਹੋਏ ਨੁਮਾ-ਇੰਦੇ ਹਨ, ਅਸੈਂਬਲੀ ਦੇ ਸੈਸ਼ਨ ਘੱਟ ਤੋਂ ਘੱਟ ਬੁਲਾਓ ਔਰ ਥੋੜ੍ਹੇ ਸਮੇਂ ਵਿਚ ਬਿਲ ਫੜਾਏ ਜਾਂਦੇ ਹਨ,

Original with;
Punjab Vidhan Sabha
Digitized by;
Panjab Digital Library

ਚਾਹੇ ਅਮੈਂਡਮੈਂਟਸ ਹੋਣ ਔਰ ਦੂਸਰੇ ਹੋਣ, ਜਦ ਸਾਡੇ ਕੋਲ ਓਰਿਜ਼ਨਲ ਬਿਲ ਨਹੀਂ ਹੁੰਦੇ, ਜਿਸ ਕਰਕੇ ਅਸੀਂ ਥਾਰੋਅਲੀ ਸਟੱਡੀ ਨਹੀਂ ਕਰ ਸਕਦੇ ਕਿ ਕਿਹੜੀ ਕਲਾਜ਼ ਕਿਥੇ ਢੁਕਦੀ ਹੈ, ਕਿਹੜੀ ਡਿਲੀਟ ਕਰਨੀ ਹੈ ਅਤੇ ਤੋੜਨੀ ਹੈ, ਇਹ ਸਾਰੀਆਂ ਗੱਲਾਂ ਬਾਰੇ ਅਸੀਂ ਆਪਣੀ ਠੋਸ ਰਾਏ ਦੇਣ ਤੋਂ ਰਹਿ ਜਾਂਦੇ ਹਾਂ। ਇਸ ਕਰਕੇ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਾਂਗਾ ਕਿ ਇਹ ਜਿਹੜੀ ਆਰਡੀਨੈਂਸ ਦੀ ਪ੍ਰਥਾ ਹੈ ਇਹ ਅਨ-ਡੈਮੋਕਰੇਟਿਕ ਹੈ, ਇਸਨੂੰ ਰੋਕਣਾ ਚਾਹੀਦਾ ਹੈ। ਅਗਰ ਕੋਈ ਚੀਜ਼ ਪਬਲਿਕ ਹਿੱਤ ਵਿੱਚ ਹੋਵੇ ਤਾਂ ਹੀ ਇਹ ਆਰਡੀਨੈਂਸ ਜਾਰੀ ਹੋਣਾ ਚਾਹੀਦਾ ਹੈ ਨਹੀਂ ਤਾਂ ਸਾਰੇ ਦੀਆਂ ਸਾਰੀਆਂ ਚੀਜ਼ਾਂ ਲੋਕਾਂ ਦੇ ਪ੍ਰਤੀਨਿਧਾਂ ਦੇ ਸਾਹਮਣੇ ਵਿਧਾਨ ਸਭਾ ਵਿੱਚ ਲਿਆਉਣੀਆਂ ਚਾਹੀਦੀਆਂ ਹਨ ਅਤੇ ਵਿਧਾਨ ਸਭਾ ਦੇ ਸੈਸ਼ਨ ਵੱਧ ਤੋਂ ਵੱਧ ਕਰਨੇ ਚਾਹੀਦੇ ਹਨ। ਪਹਿਲੀ ਗੱਲ ਤਾਂ ਮੈਂ ਇਹ ਕਹਿਣੀ ਚਾਹੁੰਦਾ ਹਾਂ।

ਦੂਸਰੀ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਆਰਡੀਨੈਂਸ ਸੇਲਜ਼ ਟੈਕਸ ਦੇ ਸਬੰਧ ਵਿੱਚ ਕੀਤਾ ਗਿਆ ਹੈ, ਮੈਨੂੰ ਇਸ ਦੀ ਭਾਸ਼ਾ ਤੇ ਵੀ ਇਤਰਾਜ਼ ਹੈ। ਅਗਰ ਕੋਈ ਇਸ ਨੂੰ ਹਾਈ ਕੋਰਟ ਵਿੱਚ ਚੈਲੰਜ ਕਰਨਾ ਚਾਹੇ ਤਾਂ ਇਹ ਉਥੇ ਟਿਕ ਨਹੀਂ ਸਕੇਗਾ। ਪਿੱਛੇ ਵੀ ਇੱਕ ਦੋ ਆਰਡੀਨੈਂਸ ਦਾ ਹਸ਼ਰ ਇਸ ਤਰ੍ਹਾਂ ਦਾ ਹੀ ਹੋਇਆ ਹੈ। ਇਸ ਆਰਡੀਨੈਂਸ ਵਿਚ ਜਿਥੋਂ ਤੱਕ ਪਾਵਰਾਂ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਇਹ ਜਨਰਲ ਪਾਵਰਾਂ ਮੰਗਦਾ ਹੈ ਪਰੰਤੂ ਜਿੱਥੋਂ ਅਪਲਾਈ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਇਨ੍ਹਾਂ ਦਾ ਆਬਜੈਕਟ ਹੈ ਉਹ ਕੇਵਲ ਭੱਠਿਆਂ ਤੇ ਲਾਗੂ ਕਰਨਾ ਹੈ ਜਦ ਕਿ ਪਾਵਰਾਂ ਜਨਰਲ ਲਈਆਂ ਜਾ ਰਹੀਆਂ ਹਨ ਔਰ ਮੈਂ ਸਮਝਦਾ ਹਾਂ ਕਿ ਇਸ ਨਾਲ ਆਰਡੀਨੈਂਸ ਦੀ ਦੁਰ-ਵਰਤੋਂ ਹੋਣ ਦਾ ਖਤਰਾ ਹੈ। ਇਹ ਸਰਕਾਰ ਦਾ ਗਲਤ ਰੁਝਾਨ ਹੈ। ਇਸ ਦੇ ਠੀਕ ਸਿੱਟੇ ਵੀ ਨਹੀਂ ਨਿਕਲਦੇ। ਇਸੇ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਇਹ ਆਰਡੀਨੈਂਸ ਇਸ ਲਈ ਜਾਰੀ ਕੀਤਾ ਹੈ ਕਿ ਭੱਠੇ ਵਾਲਿਆਂ ਤੋਂ ਘੱਟ ਸੇਲਜ ਟੈਕਸ ਵਸੂਲ ਹੋ ਰਿਹਾ ਸੀ। ਸਾਨੂੰ ਮੈਂਬਰਜ਼ ਨੂੰ ਕੀ ਪਤਾ ਕਿ ਆਮਦਨ ਘੱਟ ਸੀ ਜਾਂ ਵੱਧ ਸੀ ਔਰ ਤੁਹਾਡੇ ਸੇਲਜ਼ ਟੈਕਸ ਸਿੱਧੇ ਲਗਾਉਣ ਦੇ ਨਾਲ ਆਮਦਨ ਵੱਧ ਜਾਣੀ ਹੈ ਜਾਂ ਨਹੀਂ। ਜਾਂ ਤਾਂ ਘੱਟੋ ਘੱਟ ਪਿਛਲੇ ਚਾਰ ਸਾਲਾਂ ਦੀਆਂ ਫਿਗਰਾਂ ਪੇਸ਼ ਕਰੋ ਜਦੋਂ ਪੰਜਾਬ ਦੀ ਸਿਚੂਏਸ਼ਨ ਨਾਰਮਲ ਨਹੀਂ ਸੀ ਕਿ ਕਿੰਨੀ ਇਨਕਮ ਹੋਈ, ਇਸੇ ਤਰ੍ਹਾਂ ਜਦੋਂ ਨਾਰਮਲ ਹਾਲਾਤ ਸਨ ਉਨ੍ਹਾਂ ਚਾਰ ਸਾਲਾਂ ਦੇ ਡਾਟੇ ਪੇਸ਼ ਕਰੋ ਅਤੇ ਇਸੇ ਤਰ੍ਹਾਂ ਡਾਇਰੈਕਟ ਟੈਕਸ ਲੈਣ ਨਾਲ ਜਿੰਨੀ ਇਨਕਮ ਆਵੇਗੀ ਉਸਦੇ ਡਾਟੇ ਪੇਸ਼ ਕਰੋ, ਫੇਰ ਤਾਂ ਅਸੀਂ ਕਮਪੇਅਰ ਕਰ ਸਕਦੇ ਹਾਂ। ਨਹੀਂ ਤਾਂ ਥੱਲੇ ਲੋਕਾਂ ਵਿੱਚ ਜਿਹੜੀ ਚਰਚਾ ਹੈ ਕਿ ਆਪਣੀ ਪਾਰਟੀ ਲਈ ਫੰਡ ਲੈਣ ਵਾਸਤੇ ਔਰ ਭੱਠੇ ਵਾਲਿਆਂ ਨੂੰ ਖੁਸ਼ ਕਰਨ ਵਾਸਤੇ ਇਹੋ ਜਿਹੇ ਆਰਡੀਨੈਂਸ ਜਾਰੀ ਕੀਤੇ ਜਾ ਰਹੇ ਹਨ, ਜਦ ਕਿ ਕੋਈ ਭੱਠੇ ਵਾਲਾ ਰੌਲਾ ਨਹੀਂ ਪਾ ਰਿਹਾ। ਪਹਿਲਾਂ ਟਰਾਂਸ-ਪੋਰਟਰਾਂ ਨੂੰ ਸੇਕ ਲੱਗਿਆ ਸੀ ਅਤੇ ਉਹ ਇੱਥੇ ਵੀ ਭੱਜੇ ਸਨ ਅਤੇ ਹਾਈਕੋਰਟ ਵਿੱਚ ਵੀ ਜਾਣ ਲਈ ਤਿਆਰ ਸਨ। ਅਸੀਂ ਤਾਂ ਕੋਈ ਭੱਠੇ ਵਾਲਾ ਨਹੀਂ ਵੇਖਿਆ ਜੋ ਚੀਕਦਾ ਹੋਵੇ। ਮੈਂ ਸਮਝਦਾ ਹਾਂ ਕਿ ਬੜਾ ਸੋਫਟ-ਕਾਰਨਰ ਭੱਠੇ ਵਾਲਿਆਂ ਵਾਸਤੇ ਰੱਖਿਆ ਜਾ ਰਿਹਾ ਹੈ ਅਤੇ ਬਹਾਨਾ ਇਹ ਲਗਾ-ਇਆ ਜਾ ਰਿਹਾ ਹੈ ਕਿ ਅਸੀਂ ਵੱਧ ਟੈਕਸ ਇਕੱਠਾ ਕਰਾਂਗੇ। ਇਹ ਗਲਤ ਟੈਂਡੈਂਸੀ ਹੈ ਜਿਸ ਦੇ ਵੱਲ ਸਰਕਾਰ ਦਾ ਝੁਕਾਅ ਵੱਧ ਰਿਹਾ ਹੈ। ਇਸ ਲਈ ਮੈਂ ਸਪਸ਼ਟ ਕਰਦਾ ਹਾਂ ਕਿ ਮੈਂ ਇਸਦਾ ਵਿਰੋਧ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਪਹਿਲਾਂ ਨਾਰਮਲ ਅਤੇ ਐਬ-ਨਾਰਮਲ ਹਾਲਾਤ ਦੀਆਂ ਫਿਗਰਾਂ ਰੱਖੋ ਤਾਂ ਕਿ ਅਸੀਂ ਕਮਪੇਅਰ ਕਰ ਸਕੀਏ ਕਿ ਕਿੰਨੀ ਆਮਦਨ ਹੁੰਦੀ ਸੀ। ਫਿਰ ਉਸਦੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਆਧਾਰ ਤੇ ਇਹ ਜਿਹੜਾ ਬਿਲ ਹੈ, ਇਸਦੀ ਮੱਦਦ ਕੀਤੀ ਜਾ ਸਕਦੀ ਹੈ। ਇਸ ਲਈ ਮੈਂ ਫਿਰ ਬੇਨਤੀ ਕਰਦਾ ਹਾਂ ਕਿ ਜਿਸ ਵੇਲੇ ਮੰਤਰੀ ਜੀ ਇਸ ਬਹਿਸ ਨੂੰ ਸਮਾਪਤ ਕਰਨ ਲਈ ਉੱਤਰ ਦੇਣ, ਮੈਂ ਜੋ ਨੁਕਤੇ ਉਠਾਏ ਹਨ, ਲੋਕਾਂ ਵਿੱਚ ਜੋ ਸ਼ੰਕੇ ਹਨ ਇਹ ਸਾਰੀਆਂ ਗੱਲਾਂ ਕਿਰਪਾ ਕਰਕੇ, ਦੂਰ ਕਰਨ। ਮਿਹਰਬਾਨੀ।

(ਇਸ ਸਮੇਂ ਸਦਨ ਵਿਚ ਬਹੁਜਨ ਸਮਾਜ ਪਾਰਟੀ ਦੇ ਮੈਂਬਰ ਸਾਹਿਬਾਨ ਵੱਲੋਂ ਕਾਫੀ ਨਾਅਰੇ-ਬਾਜ਼ੀ ਚਲ ਰਹੀ ਸੀ ਪਰ ਸ਼ੋਰ ਪੈਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

**ਕਾਮਰੇਡ ਤਰਸੇਮ ਜੋਧਾਂ** (ਕਿਲਾ ਰਾਏਪੁਰ): ਮਾਨਯੋਗ ਸਪੀਕਰ ਸਾਹਿਬ, ਜਿਹੜਾ ਬਿਲ ਇੱਥੇ ਲਿਆਂਦਾ ਗਿਆ ਹੈ, ਇਸ ਬਾਰੇ ਮੈਂ ਆਪਣੇ ਵਿਚਾਰ ਪੇਸ਼ ਕਰਨਾ ਚਾਹੁੰਦਾ ਹਾਂ। ਸਰਕਾਰ ਨੇ ਲੰਪ-ਸੰਮ ਸੇਲਜ਼ ਟੈਕਸ ਦੀ ਜੋ ਨੀਤੀ ਅਪਣਾਈ ਹੈ, ਉਸ ਬਾਰੇ ਲੋਕਾਂ ਵਿੱਚ ਕਾਫੀ ਚਰਚਾ ਹੈ। ਜਿਨ੍ਹਾਂ ਨੇ ਘੱਟ ਸਮਾਂ ਅਪਣਾ ਕਾਰੋਬਾਰ ਚਲਾਉਣਾ ਹੈ, ਉਹ ਲਾਜ਼ਮੀ ਉਤਰਨਗੇ। ਜਿਨ੍ਹਾਂ ਦਾ ਕਾਰੋ ਬਾਰ ਲੰਬੇ ਸਮੇਂ ਤੋਂ ਚੱਲ ਰਿਹਾ ਹੈ, ਉਹ ਮਾਲਾ ਮਾਲ ਹੋਣਗੇ। ਸਪੀਕਰ ਸਾਹਿਬ, ਇਹ ਗੱਲ ਸਪਸ਼ਟ ਹੈ ਕਿ ਜਿਹੜੇ ਸਿੰਗਲ ਭੱਠੇ ਵਾਲੇ ਹਨ, ਜਿਨ੍ਹਾਂ ਦੀ ਪੂੰਜੀ ਘੱਟ ਹੈ ਅਤੇ ਸਿਰਫ 3-4 ਮਹੀਨੇ ਹੀ ਆਪਣਾ ਭੱਠਾ ਚਲਾ ਸਕਦੇ ਹਨ, ਜਿਨ੍ਹਾਂ ਕੋਲ ਲੇਬਰ ਨੂੰ ਦੇਣ ਵਾਸਤੇ ਪੈਸੇ ਨਹੀਂ ਹਨ ਅਤੇ ਕੋਲਾ ਲਿਆਉਣ ਲਈ ਵੀ ਪੈਸੇ ਨਹੀਂ, ਉਹ ਭੱਠੇ ਲਾਜ਼ਮੀ ਬੰਦ ਹੋਣਗੇ। ਜਿਨ੍ਹਾਂ ਦੇ 10-10 ਭੱਠੇ ਹਨ, ਉਹ ਜ਼ਰੂਰ ਮਾਲਾਂ ਮਾਲ ਹੋ ਜਾਣਗੇ।

ਸਪੀਕਰ ਸਾਹਿਬ, ਕਿਸੇ ਜ਼ਿਲ੍ਹੇ ਵਿਚੋਂ 8,000 ਰੁਪਏ ਪਰ ਭੱਠਾ ਇਕੱਠਾ ਕੀਤਾ ਜਾ ਰਿਹਾ ਹੈ ਅਤੇ ਕਿੱਤੇ 5,000 ਰੁਪਏ। ਇਨ੍ਹਾਂ ਦੀ ਐਸੋਸੀਏਸ਼ਨ ਦੇ ਜਨਰਲ ਸਕੱਤਰ ਨੇ ਕਿਹਾ ਕਿ 55 ਲੱਖ ਰੁਪਿਆ ਇਕੱਠਾ ਕੀਤਾ ਗਿਆ ਹੈ। ਉਹ ਪੈਸਾ ਕਿੱਥੇ ਗਿਆ, ਇਹ ਗੱਲ ਲੋਕਾਂ ਸਾਹਮਣੇ ਸਪਸ਼ਟ ਹੋਣੀ ਚਾਹੀਦੀ ਹੈ। ਪੰਜਾਬ ਵਿਚ ਵੀ ਇਸ ਵਿਸ਼ੇ ਬਾਰੇ ਬੜੀ ਚਰਚਾ ਹੈ। ਸਮਾਲ ਸਕੇਲ ਵਾਲਿਆਂ ਨੂੰ ਉਜਾੜਿਆ ਜਾ ਰਿਹਾ ਹੈ। ਇਸ ਕਰਕੇ ਮੈਂ ਇਸ ਬਿਲ ਦੀ ਵਿਰੋਧਤਾ ਕਰਦਾ ਹਾਂ ਕਿਉਂਕਿ ਇਨ੍ਹਾਂ ਕਦਮਾਂ ਨਾਲ ਪੰਜਾਬ ਬਚ ਨਹੀਂ ਸਕੇਗਾ। ਇਸ ਨੂੰ ਬੰਦ ਕੀਤਾ ਜਾਵੇ। ਜੋ ਚਰਚਾ ਅੱਜ ਕੱਲ੍ਹ ਹਰ ਮਹਿਕਮੇਂ ਬਾਰੇ ਹੋ ਰਹੀ ਹੈ ਕਿ ਪੈਸੇ ਤੜਾਤੜ ਇਕੱਠੇ ਕੀਤੇ ਜਾ ਰਹੇ ਹਨ, ਉਹ ਕਿੱਥੇ ਜਾ ਰਹੇ ਹਨ। ਮੈਂ ਮੰਗ ਕਰਦਾ ਹਾਂ ਕਿ ਸਰਕਾਰ ਨੂੰ ਇਹ ਗੱਲ ਲੋਕਾਂ ਸਾਹਮਣੇ ਸਪਸ਼ਟ ਕਰਨੀ ਚਾਹੀਦੀ ਹੈ ਅਤੇ ਜਿੰਨੀ ਕੋਈ ਚੀਜ਼ ਪੈਦਾ ਕਰਦਾ ਹੈ, ਉਸ ਮੁਤਾਬਿਕ ਸੇਲਜ਼ ਟੈਕਸ ਲਿਆ ਜਾਵੇ। ਸੇਲਜ਼ ਟੈਕਸ ਵਿਚ ਚੋਰੀ ਬੰਦ ਕੀਤੀ ਜਾਵੇ। ਜੇ ਉਪਰੋਂ ਸਾਰਾ ਕੰਮ ਠੀਕ ਹੋਵੇ ਤਾਂ ਹੀ ਚੋਰੀ ਬੰਦ ਹੋ ਸਕਦੀ ਹੈ। ਇੰਨੇ ਸ਼ਬਦਾਂ ਨਾਲ ਮੈਂ ਇਸ ਬਿਲ ਦੀ ਵਿਰੋਧਤਾ ਕਰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** (ਬਾਘਾ ਪੁਰਾਣਾ): ਸਪੀਕਰ ਸਾਹਿਬ, ਇਹ ਜਿਹੜਾ ਲੰਪ-ਸੰਮ ਸੇਲਜ਼ ਟੈਕਸ ਹੈ, ਇਸ ਦੀ ਚਰਚਾ ਪਿਛਲੇ ਸਦਨ ਵਿਚ ਵੀ ਹੋਈ ਸੀ। ਸੌਦਾ ਤਾਂ ਓਦੋਂ ਹੀ ਹੋਇਆ ਸੀ ਪਰ ਸਿਰੇ ਹੁਣ ਲੱਗਣ ਲੱਗਾ ਹੈ। ਜਿਵੇਂ ਮੇਰੇ ਫਾਜ਼ਲ ਦੋਸਤ ਤਰਸੇਮ ਜੋਧਾਂ ਜੀ ਨੇ ਗੱਲ ਕਹੀ, ਮੇਰੇ ਖਿਆਲ ਮੁਤਾਬਿਕ ਸੌਦਾ ਤਾਂ ਵੱਧ ਹੈ। 55 ਲੱਖ ਥੋੜ੍ਹਾ ਹੈ ਸੁਣਨ ਵਿੱਚ ਆਇਆ ਹੈ ਕਿ ਕਿਸੇ ਜ਼ਿਲ੍ਹੇ ਵਿਚੋਂ 9,000 ਰੁਪਿਆ ਮੋਗੇ ਵਿਚੋਂ 6,000 ਰੁਪਿਆ, ਫਰੀਦਕੋਟ ਵਿਚੋਂ 8,000 ਰੁਪਿਆ ਪਰ ਭੱਠਾ ਇਕੱਠਾ ਹੋ ਰਿਹਾ ਹੈ। ਇੰਜ ਜਾਪਦਾ ਹੈ ਕਿ ਵਾਰੀ ਵਾਰੀ ਚੀਜ਼ਾਂ ਤੇ

Original with;
Punjab Vidhan Sabha
Digitized by;
Panjab Digital Library

ਸੇਲਜ਼ ਟੈਕਸ ਲੱਗਦਾ ਰਿਹਾ ਹੈ ਅਤੇ ਲੋਕਾਂ ਨਾਲ ਸੌਦਾਗਿਰੀ ਹੋ ਰਹੀ ਹੈ। ਪਹਿਲਾਂ ਮੁੱਖ ਮੰਤਰੀ ਜੀ ਨੇ ਅਸਤੀਫੇ ਲੈ ਕੇ ਮਹਿਕਮੇ ਬਦਲੇ। ਮੈਂ ਇਸ ਬਿਲ ਦਾ ਵਿਰੋਧ ਕਰਦਾ ਹਾਂ। ਇਸ ਵਿਚੋਂ ਸੌਦਾਗਿਰੀ ਦੀ ਸਮੈਲ ਆ ਰਹੀ ਹੈ ਅਤੇ ਸਪੀਕਰ ਸਾਹਿਬ ਮੈਂ ਪਵਿੱਤਰ ਸਦਨ ਵਿਚ ਕਹਿਣਾ ਚਾਹੁੰਦਾ ਹਾਂ ਕਿ ਸੇਲਜ਼ ਟੈਕਸ ਦਾ ਜੋ ਮੁਨਾਫਾ ਹੈ, ਇਹ ਵੱਧ ਸਕਦਾ ਹੈ। ਜਿਹੜਾ ਵਪਾਰੀ ਹੈ ਉਸ ਦੀ ਹਮੇਸ਼ਾ ਮਾਰ ਹੁੰਦੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਭੱਠੇ ਵਾਲੇ ਬੇਈਮਾਨ ਹਨ, ਜਿਹੜੇ ਬੇਈਮਾਨ ਹਨ ਉਹ ਟੈਕਸ ਦੇਣਾ ਹੀ ਨਹੀਂ ਚਾਹੁੰਦੇ, ਇਸ ਨਾਲ ਮਾੜੇ ਭੱਠੇ ਵਾਲਿਆਂ ਤੇ ਭਾਰ ਪਵੇਗਾ। ਇਹ ਜਿਹੜੀ ਲੁੱਟ ਹੋ ਰਹੀ ਹੈ ਇਕ ਕਰੋੜ ਦਾ ਸੌਦਾ ਹੋਇਆ, ਇਸ ਦੀ ਜਾਂਚ ਕਰਨ। ਇਹ ਬਿਲ ਜੋ ਸਦਨ ਵਿਚ ਲਿਆਂਦਾ ਗਿਆ ਹੈ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ।

**ਆਬਕਾਰੀ ਅਤੇ ਕਰ ਮੰਤਰੀ** (ਸਰਦਾਰ ਸ਼ਮਸ਼ੇਰ ਸਿੰਘ ਦੂਲੋ) : ਮਾਨਯੋਗ ਸਪੀਕਰ ਸਾਹਿਬ, ਜਿਹੜੀ ਇਹ ਅਮੈਂਡਮੈਂਟ ਲਿਆਂਦੀ ਹੈ। ਸਰਕਾਰ ਨੇ ਇਕ ਸਾਲ ਦੇ ਅਰਸੇ ਵਿੱਚ ਇਹ ਬੜੀ ਰਵੋਲਿਊਸ਼ਨਰੀ ਚੇਂਜ ਲਿਆਂਦੀ ਹੈ। ਇੱਕ ਸਾਲ ਦੇ ਵਿੱਚ ਕਿੰਨਾ ਇਜ਼ਾਫਾ ਲਿਆਂਦਾ ਇਹ ਤੁਹਾਡੇ ਸਾਹਮਣੇ ਹੈ। ਲਾਸਟ ਯੀਅਰ ਜਿਹੜਾ ਇਜ਼ਾਫਾ ਹੋਇਆ 1991-92 ਦੀਆਂ ਫਿਗਰਾਂ ਅਸੀਂ ਦੇਖੀਆਂ ਤਾਂ 1173 ਕਰੋੜ 27 ਲੱਖ ਰੁਪਏ ਦੇ ਟੈਕਸ ਦੀ ਕੁਲੈਕਸ਼ਨ ਹੋਈ ਹੈ। ਜਦੋਂ 1992-93 ਵਿੱਚ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਆਈ ਤਾਂ ਅਸੀਂ ਇੱਕ ਸਾਲ ਵਿੱਚ 1412 ਕਰੋੜ 24 ਲੱਖ ਦੀ ਕੁਲੈਕਸ਼ਨ ਕੀਤੀ ਹੈ, ਜਿਹੜੀ ਕਿ ਰਿਕਾਰਡ ਹੈ। ਪਿਛਲੇ 45 ਸਾਲਾਂ ਵਿੱਚ ਕਿੰਨੀਆਂ ਸਰਕਾਰਾਂ ਬਣੀਆਂ ਹਨ ਔਰ ਮੇਰੇ ਦੋਸਤਾਂ ਨੇ, ਸਾਹਮਣੇ ਬੈਠਿਆਂ ਵਿਅਕਤੀਆਂ ਨੇ ਕਈ ਤਰ੍ਹਾਂ ਦੀ ਤਲਖੀ ਜ਼ਾਹਰ ਕੀਤੀ ਅਤੇ ਅਲੈਜ ਕੀਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਸੇਲਜ਼ ਟੈਕਸ ਜਿਹੜਾ ਸਾਨੂੰ ਮਿਲਦਾ ਰਿਹਾ ਭੱਠਿਆਂ ਦਾ 20-25 ਹਜ਼ਾਰ ਮਿਲਦਾ ਰਿਹਾ। ਹੁਣ ਜੋ ਨਵੀਂ ਅਮੈਂਡਮੈਂਟ ਲਿਆਂਦੀ, ਇਸ ਅਮੈਂਡਮੈਂਟ ਦੇ ਨਾਲ 20-25 ਹਜ਼ਾਰ ਪਰ ਭੱਠਾ ਮਿਲਦਾ ਹੈ। ਜੋ 20 ਹਜ਼ਾਰ ਟੈਕਸ ਸਾਨੂੰ ਮਿਲਦਾ ਸੀ ਅਸੀਂ ਹੁਣ 1 ਲੱਖ 10 ਹਜ਼ਾਰ ਫੀ ਭੱਠਾ ਲਾਇਆ। ਬਾਕੀ ਖੇੜਾ ਜੋ ਭੱਠਾ ਹੈ ਉਸ ਤੇ 85 ਹਜ਼ਾਰ ਲਾਇਆ। ਜਿਹੜਾ ਬਾਈ ਖੇੜਾ ਤੋਂ ਘੱਟ ਹੈ ਉਸ ਉਤੇ 70 ਹਜ਼ਾਰ ਲਾਇਆ। ਇਹ ਜੋ ਇੰਨੀ ਵੱਡੀ ਰਕਮ ਅਸੀਂ ਲਾਈ ਹੈ ਇਹ ਸਟੇਟ ਦੇ ਇੰਟਰੈਸਟ ਨੂੰ ਦੇਖ ਕੇ ਲਾਈ ਹੈ। ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਲੋਕਾਂ ਨਾਲ ਕਮਿਟਮੈਂਟ ਕੀਤੀ ਸੀ ਕਿ ਜਿਥੇ ਅਸੀਂ ਅੱਤਵਾਦ ਨੂੰ ਹਟਾਉਣਾ ਹੈ ਉਥੇ ਨਾਲ ਨਾਲ ਵਪਾਰੀਆਂ ਨੂੰ ਰਾਹਤ ਵੀ ਦੇਣੀ ਹੈ। ਜਿਹੜੇ ਵਪਾਰੀ ਟੈਕਸ ਚੋਰੀ ਕਰਦੇ ਹਨ ਉਹਨਾਂ ਦੇ ਖਿਲਾਫ ਵੀ ਅਸੀਂ ਜੱਦੋ ਜਹਿਦ ਕੀਤੀ ਹੈ। ਇਸ ਨਵੀਂ ਸੋਧ ਦੇ ਹੋਣ ਨਾਲ ਸਾਨੂੰ ਹੜਤਾਲਾਂ ਦੀਆਂ ਧਮਕੀਆਂ ਵੀ ਦਿਤੀਆਂ ਗਈਆਂ। ਪਰ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਇਹਨਾਂ ਵਪਾਰੀਆਂ ਤੋਂ ਜਿਹੜੇ ਟੈਕਸ ਚੋਰੀ ਕਰਦੇ ਰਹੇ ਹਨ ਉਹਨਾਂ ਤੋਂ ਕਦੇ ਨਹੀਂ ਘਬਰਾਈ। ਜਗ੍ਹਾ ਜਗ੍ਹਾ ਸਾਡੀਆਂ ਕਾਰਾਂ ਜੀਪਾਂ ਵੀ ਫੂਕੀਆਂ, ਐਜੀਟੇਸ਼ਨਾ ਵੀ ਕਰਦੇ ਰਹੇ ਪਰ ਅਸੀਂ ਪਿਛੇ ਨਹੀਂ ਹਟੇ। ਤਕਰੀਬਨ 2 ਹਜ਼ਾਰ ਦੇ ਕਰੀਬ ਸਾਡੇ ਭੱਠੇ ਹਨ। ਉਹਨਾਂ ਤੋਂ ਸਾਨੂੰ ਤਕਰੀਬਨ 6 ਕਰੋੜ ਰੁਪਏ ਦੀ ਬਜਾਏ 17 ਕਰੋੜ ਰੁਪਏ ਦਾ ਟੈਕਸ ਇਜ਼ਾਫਾ ਹੋਵੇਗਾ। ਟੈਕਸ ਜਮ੍ਹਾਂ ਕਰਾਉਣ ਲਈ ਅਸੀਂ ਕੁਝ ਛੋਟਾਂ ਦਿੱਤੀਆਂ ਹਨ। ਜਿਵੇਂ ਜਿਹੜਾ ਸਾਲ ਬਾਅਦ ਕਰਾਏਗਾ ਉਸ ਨੂੰ 2% ਛੋਟ, ਜਿਹੜਾ ਛੇ ਮਹੀਨੇ ਬਾਅਦ ਉਹਨੂੰ ਅਸੀਂ 5% ਛੋਟ ਇਸੇ ਤਰ੍ਹਾਂ ਜਿਹੜਾ ਮੰਥਲੀ ਜਾਂ ਕੁਆਰਟਰਲੀ ਹੈ ਉਸ ਨੂੰ 10% ਛੋਟ। ਇਸ ਦੇ ਨਾਲ ਜਿਹੜੇ ਮੇਰੇ ਦੋਸਤਾਂ ਨੇ ਤਲਖੀ ਜ਼ਾਹਰ ਕੀਤੀ ਹੈ, ਰਿਜ਼ੈਂਟਮੈਂਟ ਆਈ, ਉਸ ਸਬੰਧੀ ਵਪਾਰੀਆਂ

Original with;
Punjab Vidhan Sabha
Digitized by;
Panjab Digital Library

[ਆਬਕਾਰੀ ਅਤੇ ਕਰ ਮੰਤਰੀ]

ਨਾਲ ਮੀਟਿੰਗਾਂ ਵੀ ਕੀਤੀਆਂ। ਵਪਾਰੀ ਤਾਂ 50 ਹਜ਼ਾਰ ਤੋਂ ਵੱਧ ਟੈਕਸ ਵੀ ਨਹੀਂ ਦੇਣਾ ਚਾਹੁਦੇ ਸੀ। ਪਰ 1 ਲੱਖ 10 ਹਜ਼ਾਰ ਅਸੀਂ ਭੱਠੇ ਤੇ ਲਾਇਆ। ਜਿਹੜੇ ਭੱਠੇ ਬੰਦ ਹੋਣਗੇ ਚਾਹੇ ਉਹ ਪਰਸਨਲ ਜਾਂ ਲੇਬਰ ਪਰਾਬਲਮ ਕਰਕੇ ਹੋਣ ਅਗਰ ਉਹ ਇਨਫਰਮੇਸ਼ਨ ਦੇ ਦੇਣਗੇ ਅਸੀਂ ਰਿਕਵਰੀ ਵਿਚ ਛੋਟ ਕਰ ਦੇਵਾਂਗੇ। ਲੋਕ ਹਿਤਾਂ ਨੂੰ ਦੇਖਕੇ ਅਤੇ ਸਰਕਾਰੀ ਇੰਟਰੈਸਟ ਨੂੰ ਦੇਖਦੇ ਹੋਏ ਇਹ ਸੋਧ ਲਿਆਂਦੀ ਗਈ ਹੈ। ਮੈਂ ਰਿਕੁਐਸਟ ਕਰਦਾ ਹਾਂ ਕਿ ਇਸ ਨੂੰ ਯੂਨਾਨੀਮਸਲੀ ਪਾਸ ਕੀਤਾ ਜਾਵੇ।

**Mr. Speaker:** Question is—

That the Punjab General Sales Tax (Second Amendment) Bill be taken into consideration at once.

*The motion was carried.*

**Mr. Speaker :** Now the House will consider the Bill clause by clause.

**Sub-Clause (2) of Clause 1**

**Mr. Speaker :** Question is—

That Sub-Clause (2) of Clause 1 stand part of the Bill.

*The motion was carried.*

**Clause 2**

**Mr. Speaker:** Question is—

That Clause 2 stand part of the Bill.

*The motion was carried.*

**Clause 3**

**Mr. Speaker :** Question is—

That Clause 3 stand part of the Bill.

*The motion was carried.*

**Sub-Clause (1) of Clause 1**

That Sub-Clause (1) of Clause 1 stand part of the Bill.

**Mr. Speaker :** Question is—

That Sub Class (1) of clause 1 stand part of the Bill.

*The motion was carried.*

**Title**

**Mr. Speaker :** Question is—

That Title be the Title of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Excise and Taxation Minister (Sardar Shamsher Singh Dullo):** Sir, I beg to move—

That the Punjab General Sales Tax (Second Amendment) Bill be passed.

**Mr. Speaker:** Motion moved—

That the Punjab General Sales Tax (Second Amendment) Bill be passed.

**Mr. Speaker:** Question is—

That the Punjab General Sales Tax (Second Amendment) Bill be passed.

*The motion was carried.*

## SHORT ADJOURNMENT OF THE HOUSE

**Mr. Speaker :** Is it the pleasure of the House that the House may be adjourned at 1.30 P.M. today, to meet again at 3.00 P.M. and will continue till the Business on the Order Paper is disposed off?

**Voices :** Yes, yes.

**Mr. Speaker :** The House stands adjourned till 3.00 P.M. today.

*1.30 P.M. | (*The Sabha then *adjourned to meet again at* 3.00 *P.M. today.*)

(The House re-assembled at 3.00 P.M.)

## THE PUNJAB PANCHAYAT SAMITIS AND ZILA PARISHADS (TEMPORARY SUPERSESSION) AMENDMENT BILL, 1993

**Development and Panchayats Minister (Sardar Umrao Singh):** Sir, I beg to introduce the Punjab Panchayat Samitis and Zila Parishads (Temporary Supersession) Ammendment Bill.

Sir, I also beg to move—

That the Punjab Panchayat Samitis and Zila Parishads (Temporary Supersession Amendment Bill be taken into consideration at once.

**Mr. Speaker:** Motion moved—

That the Punjab Panchayat Samitis and Zila Parishads (Temporary Supersession Amendment Bill be taken into consideration at once.

Discussion please. Yes, Arshi Ji.

**ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ):** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਬਿਲ ਤੇ ਇਕ ਕਲੈਰੀਫਿਕੇਸ਼ਨ ਹੀ ਚਾਹੁੰਦਾ ਹਾਂ ਕਿਉਂਕਿ ਇਸ ਵਾਸਤੇ ਸੈਸ਼ਨ ਉਚੇਚੇ ਤੌਰ ਤੇ ਬੁਲਾਇਆ ਗਿਆ ਹੈ। ਇਸ ਬਿਲ ਦੇ ਵਿਚ ਸੈਂਟਰ ਨੇ ਪਾਰਲੀਮੈਂਟ ਵਿਚ ਸਾਰੇ ਸਿਸਟਮ ਨੂੰ ਚੇਂਜ ਕੀਤਾ ਔਰ ਇਸ ਤੇ ਸਾਰੀਆਂ ਪੁਲੀਟੀਕਲ ਪਾਰਟੀਆਂ ਨੇ ਸਪੋਰਟ ਕੀਤੀ ਸੀ ਔਰ ਰਾਸ਼ਟਰਪਤੀ ਦੀ ਮੰਜ਼ੂਰੀ ਵੀ ਹੋ ਗਈ, ਔਰ ਹੁਣ ਇਹ ਸਾਰੀਆਂ ਸਟੇਟਸ ਤੇ ਲਾਗੂ ਹੋਣਾ ਹੈ। ਇਸ ਵਿਚ ਕੁਝ ਅਮੈਂਡਮੈਂਟਸ ਜੋ ਕਿਸੇ ਸਟੇਟਸ ਨੇ ਕਰਨੀਆਂ ਹਨ ਤਾਂ ਉਸ ਵਾਸਤੇ ਸਟੇਟਸ ਤੋਂ ਰਾਏ ਮੰਗੀ ਗਈ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਇਸ ਵਾਸਤੇ ਸਰਕਾਰ ਵਲੋਂ ਇਕ ਸਬ ਕਮੇਟੀ ਵੀ ਬਣਾ ਦਿੱਤੀ ਗਈ ਹੈ ਔਰ ਇਹ ਅਖਬਾਰਾਂ ਵਿਚ ਆਇਆ ਹੈ 23 ਅਪਰੈਲ, 1993 ਤੋਂ ਲੈ ਕੇ 23 ਅਪਰੈਲ, 1994 ਤੱਕ ਇਕ ਸਾਲ ਦਾ ਸਮਾਂ ਸੈਂਟਰ ਨੇ ਦਿੱਤਾ ਹੈ ਔਰ ਸਾਨੂੰ ਲਗਦਾ ਹੈ ਕਿ ਸ਼ਾਇਦ ਇਸ ਤੋਂ ਬਾਅਦ ਬਜਟ ਸੈਸ਼ਨ ਹੀ ਆਵੇ। ਇਸ ਲਈ ਐਸੀ ਸੰਭਾਵਨਾ ਹੈ ਕਿ ਜਿਹੜੀਆਂ ਵੀ ਅਮੈਂਡਮੈਂਟਸ ਕੀਤੀਆਂ ਜਾਣਗੀਆਂ ਉਹ ਥਰੂ ਆਰਡੀਨੈਂਸ ਹੀ ਕੀਤੀਆਂ ਜਾਣਗੀਆਂ ਜਿਹੜਾ ਕਿ ਠੀਕ ਨਹੀਂ ਹੋਵੇਗਾ। ਅਸੀਂ ਚਾਹੁੰਦੇ ਹਾਂ ਕਿ ਇਹ ਆਰਡੀਨੈਂਸ ਨਾ ਕੀਤੇ ਜਾਣ, ਇਸ ਵਾਸਤੇ ਸਰਕਾਰ ਇਥੇ ਭਾਵੇਂ ਇਕ ਦੋ ਦਿਨਾਂ ਲਈ ਹੀ ਹੋਵੇ, ਸੈਸ਼ਨ ਜ਼ਰੂਰ ਬੁਲਾਉਣਾ ਚਾਹੀਦਾ ਹੈ। ਸੈਸ਼ਨ ਬੁਲਾ ਕੇ ਹੀ ਸੋਧਾਂ ਕਰਨੀਆਂ ਚਾਹੀਦੀਆਂ ਹਨ ਔਰ ਉਸ ਤੋਂ ਬਾਅਦ ਉਸ ਨੂੰ ਅਮਲੀ ਰੂਪ ਦਿੱਤਾ ਜਾਣਾ ਚਾਹੀਦਾ ਹੈ।

**ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਉਮਰਾਓ ਸਿੰਘ):** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਸ ਗੱਲ ਵਲ ਧਿਆਨ ਦਿਵਾਇਆ ਹੈ, ਇਹ ਬੜਾ ਇੰਪਾਰਟੈਂਟ ਮਸਲਾ ਹੈ। ਇਹ ਬਿਲ ਪਾਰਲੀਮੈਂਟ ਨੇ ਪਾਸ ਕੀਤਾ ਸੀ ਔਰ ਅਸੀਂ ਇਸ ਹਾਊਸ ਵਿਚ ਅਡਾਪਟ ਕੀਤਾ ਸੀ। ਅਡਾਪਟ ਕਰਨ ਤੋਂ ਬਾਅਦ ਇਹ ਕਾਂਸਟੀਚਿਊਸ਼ਨ ਦਾ ਹਿੱਸਾ ਬਣ ਗਿਆ ਹੈ ਔਰ ਸਾਰੀਆਂ ਹੀ ਸਟੇਟਸ ਨੇ ਇਸ ਨੂੰ ਅਡਾਪਟ ਕੀਤਾ ਹੈ। ਜਿਨ੍ਹਾਂ ਸਟੇਟਸ ਨੇ ਹਾਲੇ ਅਡਾਪਟ ਨਹੀਂ ਕੀਤਾ, ਉਨ੍ਹਾਂ ਲਈ ਵੀ ਕਾਨੂੰਨ ਦੇ ਮੁਤਾਬਿਕ ਸੋਧ ਕਰਕੇ ਇਹ ਲਾਗੂ ਕੀਤਾ ਜਾਵੇਗਾ। ਇਸ ਤੇ ਚੰਗੀ ਤਰ੍ਹਾਂ ਵਿਚਾਰਾਂ ਕੀਤੀਆਂ ਗਈਆਂ ਹਨ। ਇਕ ਸਬ ਕਮੇਟੀ ਵੀ ਬਣਾਈ ਗਈ ਹੈ ਜਿਸ ਵਿਚ ਐਲ. ਆਰ. ਅਤੇ ਹੋਰ ਵੱਡੇ ਵੱਡੇ ਅਫਸਰ ਲਾਏ ਗਏ ਹਨ ਔਰ ਇਕ ਕੈਬਨਿਟ ਦੀ ਵੀ ਸਬ ਕਮੇਟੀ ਬਣਾਈ ਗਈ ਹੈ। ਉਸ ਕਮੇਟੀ ਵਿਚ ਦੋ ਵਾਰ ਇਹ ਮਾਮਲਾ ਡਿਸਕਸ ਵੀ ਹੋ ਚੁੱਕਾ ਹੈ। ਇਸ ਐਕਟ ਦੇ ਵਿਚ ਫੰਡਾਮੈਂਟਲ ਚੇਂਜਿਜ਼ ਕਰਨ ਦੀ ਲੋੜ ਸੀ ਔਰ ਪੰਚਾਇਤ ਸੰਮਤੀ ਦੇ ਬਿਲ ਨੂੰ ਕਾਂਸੋਲੀਡੇਟ ਐਕਟ ਦੀ ਸ਼ਕਲ ਵਿਚ ਅਸੀਂ ਲਿਆਉਣਾ ਚਾਹੁੰਦੇ ਹਾਂ ਜਿਹੜੇ 3 ਯੂਨਿਟ ਪੰਚਾਇਤ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤਾਂ ਹਨ ਉਨ੍ਹਾਂ ਨੂੰ ਯੂਨੀਫਾਈਡ ਕਰਨ ਦੀ ਲੋੜ ਹੈ। ਪਹਿਲਾਂ ਪੰਚਾਇਤ ਸੰਮਤੀ 1952 ਦਾ ਐਕਟ ਹੈ ਅਤੇ ਜ਼ਿਲ੍ਹਾ ਪ੍ਰੀਸ਼ਦ ਦਾ ਸੈਪਰੇਟ ਐਕਟ ਹੈ। ਇਨ੍ਹਾਂ ਨੂੰ ਕਾਂਸੋਲੀਡੇਟ ਕਰਨ ਲਈ ਔਰ ਬਿਲ ਦੀ ਸ਼ਕਲ ਦੇਣ ਲਈ ਕਾਫੀ ਵਿਚਾਰ ਕਰਨ ਦੀ ਲੋੜ ਹੈ ਅਤੇ ਪੰਜਾਬ ਦੇ ਹਾਲਾਤ ਨੂੰ ਮੁੱਖ ਰੱਖਦੇ ਹੋਏ ਅਤੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਨੂੰ ਮੁੱਖ ਰੱਖਦੇ ਹੋਏ ਜਿਹੜੇ ਸਾਰੇ ਬਲਾਕ ਹਨ ਉਨ੍ਹਾਂ ਦੇ ਵਿਚ ਰਦੋਬਦਲ ਕਰਨੇ ਪੈਣਗੇ ਅਤੇ ਕਾਂਸਟੀਚਿਊਐਂਸੀ ਵਾਈਜ਼ ਅਤੇ ਜ਼ੋਨਵਾਈਜ਼ ਹੋਣਗੇ ਅਤੇ ਆਬਾਦੀ ਦੇ ਮੁਤਾਬਿਕ ਅਦਲਾ ਬਦਲੀ ਕਰਨ ਦੀ ਲੋੜ ਪਵੇਗੀ। ਪੰਚਾਇਤਾਂ ਵਿਚ ਸਪਸ਼ਟ ਤੌਰ ਤੇ ਫੈਸਲਾ ਕੀਤਾ ਗਿਆ ਸੀ ਕਿ ਪੁਰਾਣੀਆਂ ਪੰਚਾਇਤਾਂ ਨੂੰ ਗਰੁੱਪਿੰਗ ਨਾ ਕਰੀਏ। 2000 ਦੀ ਆਬਾਦੀ ਵਾਲੀਆਂ ਪੰਚਾਇਤਾਂ ਡਿਵੈਲਪ ਕਰ ਰਹੀਆਂ ਹਨ। । 2000 ਦੀ ਆਬਾਦੀ ਵਾਲੀਆਂ ਪੰਚਾਇਤਾਂ ਬਨਾਉਣ ਨਾਲ ਸਾਰਾ ਸਿਸਟਮ ਅੱਪਸੈਟ ਹੋ ਜਾਵੇਗਾ। ਜਿਹੜੀਆਂ ਪੰਚਾਇਤਾਂ ਬਣੀਆਂ ਹੋਈਆਂ ਹਨ ਅਸੀਂ ਉਹਨਾਂ ਨੂੰ ਅੱਗੇ ਰਖਣਾ ਹੈ। ਪੰਚਾਇਤੀ ਰਾਜ ਬਿਲ ਮੁਤਾਬਿਕ ਇਲੈਕਸ਼ਨਾਂ ਵਿਚ ਲੇਡੀ ਨੂੰ 1/3 ਸੀਟਾਂ ਦਿੱਤੀਆਂ ਹਨ ਅਤੇ ਸ਼ੈਡਿਊਲਡ ਕਾਸਟ ਨੂੰ ਉਨ੍ਹਾਂ ਦੀ ਆਬਾਦੀ ਦੇ ਹਿਸਾਬ ਨਾਲ ਸੀਟਾਂ ਰਿਜ਼ਰਵ ਕੀਤੀਆਂ ਗਈਆਂ ਹਨ। ਇਸੇ ਤਰ੍ਹਾਂ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨਾਂ ਵਿਚ ਵੀ 1/3 ਸੀਟਾਂ ਲੇਡੀਜ਼ ਲਈ ਅਤੇ ਸ਼ਡਿਊਲਡ ਕਾਸਟ ਲਈ ਆਬਾਦੀ ਦੇ ਹਿਸਾਬ ਨਾਲ ਰਿਜ਼ਰਵੇਸ਼ਨ ਕੀਤੀਆਂ ਜਾਣਗੀਆਂ। ਇਸ ਕਰਕੇ ਬੜੀ ਸੂਝ ਦੇ ਨਾਲ ਬਿਲ ਬਨਾਉਣ ਵਾਲਾ ਹੈ ਅਤੇ ਪੰਚਾਇਤੀ ਰਾਜ ਢਾਂਚੇ ਦੇ ਨਾਲ ਇਸ ਦਾ ਸਬੰਧ ਹੈ। ਇਸ ਦੇ ਵਿਚ 2-3 ਇੰਪਾਰਟੈਂਟ ਚੀਜ਼ਾਂ ਹਨ ਕਿ ਕਿਹੜੇ ਕਿਹੜੇ ਸਬਜੈਕਟ ਪੰਚਾਇਤਾਂ ਨੂੰ ਭੇਜਣੇ ਹਨ ਅਤੇ ਕਿਹੜੇ ਕਿਹੜੇ ਸਬਜੈਕਟ ਪੰਚਾਇਤ

Original with;
Punjab Vidhan Sabha
Digitized by;
Panjab Digital Library

ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦਾਂ ਨੂੰ ਦੇਣੇ ਹਨ ਅਤੇ ਕਿਹੜੇ ਕਿਹੜੇ ਸਬਜੈਕਟ ਦੇ ਵਿਚ ਕਿਹੜੀਆਂ ਟੈਕਸੇਸ਼ਨ ਪਾਵਰਜ਼ ਦੇਣੀਆਂ ਹਨ ਅਤੇ ਫਾਈਨਾਂਸ ਕਮਿਸ਼ਨ ਬਨਾਉਣਾ ਹੈ ਅਤੇ ਇਲੈਕਸ਼ਨ ਕਮਿਸ਼ਨ ਬਨਾਉਣਾ ਹੈ। ਇਸ ਲਈ ਇਸ ਉਤੇ ਅੱਜ ਢੰਗ ਨਾਲ ਵਿਚਾਰ ਕਰਨ ਦੀ ਲੋੜ ਹੈ। ਇਸ ਦੀ ਕੀ ਬਣਤਰ ਹੋਵੇਗੀ ਅਤੇ ਇਸ ਬਿਲ ਨੂੰ ਕਿਸ਼ ਤਰ੍ਹਾਂ ਲੈਗਲਾਈਜ ਕਰਨ ਦੀ ਲੋੜ ਹੈ। ਪਹਿਲੇ ਇਸ ਬਿਲ ਨੂੰ ਇਸ ਸੈਸ਼ਨ ਵਿਚ ਲਿਆਉਣ ਦਾ ਵਿਚਾਰ ਸੀ ਪਰ ਸਮੇਂ ਦੀ ਘਾਟ ਹੋਣ ਕਰਕੇ ਅਸੀਂ ਇਸ ਬਿਲ ਨੂੰ ਨਹੀਂ ਲਿਆ ਸਕੇ। ਮੈਂ ਅਰਸ਼ੀ ਸਾਹਿਬ ਅਤੇ ਦੂਜੇ ਸਾਥੀਆਂ ਨੂੰ ਗੌਰਮਿੰਟ ਦੀ ਮਨਸ਼ਾ ਦੱਸਦਾ ਹਾਂ ਕਿ ਬਿਲ ਅਸੈਂਬਲੀ ਵਿਚ ਲਿਆ ਕੇ ਬਾਕਾਇਦਾ ਡਿਸਕਸ਼ਨ ਕਰਕੇ ਪਾਸ ਕਰ ਵਾਇਆ ਜਾਵੇਗਾ ਅਤੇ ਇਸ ਦੇ ਲਈ ਦੁਬਾਰਾ ਸਪੈਸ਼ਲ ਸੈਸ਼ਨ ਬੁਲਾਇਆ ਜਾਵੇਗਾ। ਇਸ ਬਿਲ ਕਰਕੇ ਅਸੀਂ ਬਾਕੀ ਰਹਿੰਦੀਆਂ ਇਲੈਕਸ਼ਨਾਂ ਨਹੀਂ ਕਰਵਾ ਸਕੇ। ਇਹ ਬਿਲ ਜਲਦੀ ਪਾਸ ਕਰਕੇ-ਇਲੈਕਸ਼ਨਾਂ ਕਰਵਾਵਾਂਗੇ। ਇਸ ਮਸਲੇ ਕਰਕੇ ਅਸੀਂ ਪਿਛਲੇ ਐਕਟ ਦੇ ਮੁਤਾਬਿਕ ਇਲੈਕਸ਼ਨਾਂ ਕਰ ਵਾਉਣ ਲਈ ਤਿਆਰ ਸੀ ਪਰ ਇਸ ਤੋਂ ਬਾਅਦ ਪੰਚਾਇਤੀ ਰਾਜ ਬਿਲ ਆ ਗਿਆ ਜਿਸ ਕਰਕੇ-ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਇਲੈਕਸ਼ਨਾਂ ਕਰਵਾਉਣ ਵਿਚ ਰੁਕਾਵਟ ਆ ਗਈ। ਗੌਰ-ਮਿੰਟ ਆਫ ਇੰਡੀਆ ਵਲੋਂ ਬਿਲ ਆ ਜਾਣ ਤੋਂ ਬਾਦ ਐਕਟ ਵਿਚ ਅਮੈਂਡਮੈਂਟ ਕਰਨ ਦੀ ਲੋੜ ਸੀ। ਇਸ ਲਈ ਹੁਣ ਇਹ ਐਕਟ ਵਿਧਾਨ ਸਭਾ ਰਾਹੀਂ ਪਾਸ ਕਰਕੇ ਪੰਚਾਇਤ ਸੰਮਤੀ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ ਅਤੇ ਪੰਚਾਇਤਾਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਸੈਲਫ-ਗਵਰਨਿੰਗ ਇੰਸਟੀ-ਚਿਊਸ਼ਨ ਬਣਾਇਆ ਜਾਵੇਗਾ। ਜੋ ਸ੍ਰੀ ਰਾਜੀਵ ਗਾਂਧੀ ਜੀ ਦਾ ਸੁਪਨਾ ਸੀ ਉਸ ਨੂੰ ਸਾਡੇ ਪ੍ਰਧਾਨ ਮੰਤਰੀ ਰਾਓ ਸਾਹਿਬ ਸਾਕਾਰ ਕਰ ਰਹੇ ਹਨ ਅਤੇ ਇਸ ਐਕਟ ਨੂੰ ਉਸੇ ਸਪਿਰਟ ਵਿਚ ਲਾਗੂ ਕਰ ਰਹੇ ਹਨ ਅਤੇ ਕਰਨਾ ਚਾਹੁੰਦੇ ਹਨ ਤਾਂ ਕਿ ਪਿੰਡਾਂ ਵਿਚ ਲੋਕਾਂ ਨੂੰ ਸੈਲਫ ਗੌਰਮਿੰਟ ਦੀ ਸ਼ਕਤੀ ਦਿੱਤੀ ਜਾਵੇ। ਇਸ ਵਾਸਤੇ ਮੈਂ ਸਮਝਦਾ ਹਾਂ ਕਿ ਪੁਰਾਣਾ ਐਕਟ ਜੋ ਚਲ ਰਿਹਾ ਹੈ ਪੰਚਾਇਤ ਸੰਮਤੀ ਸੁਪਰ-ਸੈਸ਼ਨ ਉਹ 11 ਤਾਰੀਖ ਨੂੰ ਖਤਮ ਹੋ ਰਿਹਾ ਸੀ ਅਤੇ ਇਹ ਵੈਕਿਊਮ ਨਾ ਰਹੇ ਇਸ ਲਈ ਇਹ ਬਿਲ ਇਸ ਹਾਊਸ ਵਿਚ ਲਿਆਂਦਾ ਗਿਆ ਹੈ। ਇਸ ਨੂੰ ਸਰਬ ਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

**Mr. Speaker**: Question is—

That the Punjab Panchayat Samitis and Zila Parishads (Temporary Supersession Amendment Bill be taken into consideration at once.

*The motion was carried.*

**Mr. Speaker**: Now the House will proceed to consider the Bill Clause by Clause.

**Sub-Clause (2) of Clause 1**

**Mr. Speaker**: Question is—

That Sub-Clause (2) of Clause 1 stand part of the Bill.

*The motion was carried.*

Original with;
Punjab Vidhan Sabha
Digitized by;

[Mr. Speaker]

Clause 2

**Mr. Speaker :** Question is—

That Clause 2 stand part of the Bill.

*The motion was carried.*

Clause 3

**Mr. Speaker :** Question is—

That Clause 3 stand part of the Bill.

*The motion was carried.*

Sub Clause (1) of Clause 1

**Mr. Speaker :** Question is—

That Sub-Clause (1) of Clause 1 stand part of the Bill.

*The motion was carried.*

Title

**Mr. Speaker :** Question is—

That Title be the Title of the Bill.

*The motion was carried.*

**Development and Panchayats Minister** (Sardar Umrao Singh) : Sir, I beg to move—

That the Punjab Panchayat Samitis and Zila Parishads (Temporary Supersession) Amendment Bill be passed.

**Mr. Speaker :** Motion moved—

That the Punjab Panchayat Samitis and Zila Parishads (Temporary Supersession) Amendment Bill be passed.

**Mr. Speaker :** Question is—

That the Punjab Panchayat Samitis and Zila Parishads (Temporary Supersession) Amendment Bill be passed.

*The motion was carried.*

---

THE PUNJAB VILLAGE COMMON LANDS (REGULATION) AMENDMENT BILL, 1993

**Development and Panchayats Minister** (Sardar Umrao Singh) : Sir, I beg to introduce the Punjab Village Common Lands (Regulation) Amendment Bill.

Original with;
Punjab Vidhan Sabha
Digitized by;
Panjab Digital Library

Sir, I also beg to move—

That the Punjab Village Common Lands (Regulation) Amendment Bill be taken into consideration at once.

**Mr. Speaker** : Motion moved—

That the Punjab Village Common Lands (Regulation) Amendment Bill be taken into consideration at once.

**Mr. Speaker** : Discussion please.

ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਉਮਰਾਓ ਸਿੰਘ): ਸਪੀਕਰ ਸਾਹਿਬ, ਪੰਜਾਬ ਗ੍ਰਾਮ ਸ਼ਾਮਲਾਤ ਜ਼ਮੀਨਾਂ (ਵਿਨਿਯਮ) ਸੋਧਨਾ ਬਿਲ, 1993 ਇਕ ਬਹੁਤ ਜ਼ਰੂਰੀ ਬਿਲ ਹੈ ਕਿਉਂਕਿ ਸ਼ਾਮਲਾਤ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਹੁੰਦੇ ਹਨ। ਜਦੋਂ ਇਹ ਨਜਾਇਜ਼ ਕਬਜ਼ੇ ਦਾ ਸਵਾਲ ਅਰਾਈਜ਼ ਹੁੰਦਾ ਸੀ ਤਾਂ ਟਾਈਟਲ ਦਾ ਸਵਾਲ ਪੈਦਾ ਹੋ ਜਾਂਦਾ ਸੀ। ਇਸ ਤਰੀਕੇ ਦੇ ਨਾਲ ਡੀਲੇਅ ਹੋ ਜਾਂਦੀ ਸੀ। ਪੰਚਾਇਤਾਂ ਨੂੰ ਮੁਸ਼ਕਲ ਪੇਸ਼ ਆਉਂਦੀ ਸੀ ਔਰ ਇਸ ਅਮੈਂਡਮੈਂਟ ਰਾਹੀਂ ਉਨ੍ਹਾਂ ਨੂੰ ਅਧਿਕਾਰ ਹੋਵੇਗਾ। ਦੂਸਰਾ ਸਪੀਕਰ ਸਾਹਿਬ, ਇਹ ਹੈ ਕਿ ਕੁਲੈਕਟਰ ਫੈਸਲਾ ਜਲਦੀ ਕਰੇ ਇਹ ਸਿਵਲ ਕੋਰਟ ਵਿਚ ਨਾ ਜਾਣ।

ਇਹ ਬਿਲ ਇਸ ਲਈ ਵੀ ਜ਼ਰੂਰੀ ਹੈ ਕਿ ਪਿੰਡਾਂ ਦੀਆਂ ਜ਼ਮੀਨਾਂ ਤੇ ਬਹੁਤ ਅਨ-ਅਥੋਰਾਈਜ਼ਡ ਕਬਜ਼ੇ ਸੀ। ਹੁਣ ਉਨ੍ਹਾਂ ਵਿਚੋਂ ਬਹੁਤ ਸਾਰੇ ਕਬਜ਼ੇ ਲੈ ਲਏ ਗਏ ਹਨ। ਇਸ ਕਾਰਣ ਪਿਛਲੇ ਸਾਲ ਜਿਹੜੀ ਪੰਚਾਇਤਾਂ ਦੀ ਇਨਕਮ 16 ਕਰੋੜ ਦੇ ਕਰੀਬ ਹੋ ਗਈ ਸੀ, ਉਹ ਹੋਰ ਵੀ ਵਧ ਗਈ ਹੈ ਅਤੇ ਆਉਣ ਵਾਲੇ ਸਾਲਾਂ ਵਿਚ ਜਿਉਂ ਜਿਉਂ ਨਜਾਇਜ਼ ਕਬਜ਼ੇ ਹਟਾਏ ਜਾਣਗੇ, ਪਿੰਡਾਂ ਦੀ ਜ਼ਮੀਨ ਉਨ੍ਹਾਂ ਦੇ ਕੰਮ ਆ ਸਕੇਗੀ ਅਤੇ ਇਨਕਮ ਹੋਰ ਵਧ ਸਕੇਗੀ। ਇਸ ਲਈ ਮੈਂ ਹਾਊਸ ਨੂੰ ਅਪੀਲ ਕਰਦਾ ਹਾਂ ਕਿ ਇਸ ਬਿਲ ਨੂੰ ਪਾਸ ਕਰ ਦਿੱਤਾ ਜਾਵੇ।

**Mr. Speaker** : Question is—

That the Punjab Village Common Lands (Regulation) Amendment Bill be taken into consideration at once.

*The Motion was carried.*

**Mr. Speaker** : Now the House will proceed to consider the Bill Clause by Clause.

**Clause 2**

**Mr. Speaker** : Question is—

That Clause 2 stand part of the Bill.

*The Motion was carried.*

**Clause 3**

**Mr. Speaker** : Question is—

That Clause 3 stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

[Mr. Speaker]

**Cluase 1**

**Mr. Speaker** : Question is—

That Clause 1 stand part of the Bill.

*The Motion was carried.*

**Title**

**Mr. Speaker** : Question is—

That Titles be the Title of the Bill.

*The Motion was carried.*

**Development and Panchayats Minister** (Sardar Umrao Singh) : Sir. I beg to move—

That the Punjab Village Common Lands (Regulation) Amendment Bill be passed

**Mr. Speaker** : Motion moved—

That the Punjab Village Common Lands (Regulation) Amendment Bill be passed.

**Mr. Speaker** : Question is—

That the Punjab Village Common Lands (Regulation) Amendment Bill be passed.

*The Motion was carried unanimously.*

THE PUNJAB AGRICULTURAL PRODUCE MARKETS (AMENDMENT) BILL, 1993

**Agriculture and Forests Minister (Sardar Dilbagh Singh Nawanshahar) :** Sir, I beg to introduce the Punjab Agricultural Produce Markets (Amendment) Bill.

Sir, I also beg to move:

That the Punjab Agricultural Produce Markets (Amendment) Bill be taken into consideration at once.

**Mr. Speaker:** Motion moved—

That the Punjab Agricultural Produce Markets (Amendment) Bill be taken into consideration at once.

Discussion please.

**ਸ਼੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ)**: ਸਪੀਕਰ ਸਾਹਿਬ, ਬੇਨਤੀ ਹੈ ਕਿ ਜਿਹੜੀਆਂ ਮਾਰਕੀਟ ਕਮੇਟੀਆਂ ਹਨ ਉਨ੍ਹਾਂ ਦੀ ਆਮਦਨ ਤਾਂ ਕਾਫ਼ੀ ਵਧੀ ਹੈ। ਇਕ ਕਲੈਰੀਫਿਕੇਸ਼ਨ ਦੇ ਵਿਊ ਕਿ ਪਿਛਲੇ ਅਰਸੇ ਵਿਚ ਮਾਰਕਿਟ ਕਮੇਟੀਆਂ ਨੇ ਸੜਕਾਂ ਦੀ ਰਿਪੇਅਰ ਕਰਨ ਸਬੰਧੀ ਸੈਂਕਸ਼ਨ

Original with;
Punjab Vidhan Sabha
Digitized by;
Panjab Digital Library

ਜਿਹੜੀ ਦਿੱਤੀ ਹੈ, ਉਸਦੇ ਨਾਲ ਮੈਟਲਿੰਗ ਲਈ ਸੈਂਕਸ਼ਨ ਨਹੀਂ ਦਿੱਤੀ ਜਾਂਦੀ। ਉਸ ਲਈ ਸੈਂਕਸ਼ਨ ਉਪਰੋਂ ਲੈਣੀ ਪੈਂਦੀ ਹੈ। ਆਮਦਨ ਵੱਧ ਗਈ ਹੈ, ਮਾਰਕਿਟ ਕਮੇਟੀਆਂ ਦੀਆਂ ਪਾਵਰਜ਼ ਵੀ ਵਧਾਈਆਂ ਜਾਣ। ਇਹ ਮੇਰੀ ਪਰਪੋਜ਼ਲ ਹੈ। ਸਰਦਾਰ ਹਰਚਰਨ ਸਿੰਘ ਹੀਰੋ ਜਦੋਂ ਜ਼ਿਲ੍ਹਿਆਂ 'ਚ ਗਏ ਤਾਂ ਸਾਰੀਆਂ ਹੀ ਮੀਟਿੰਗਾਂ ਵਿੱਚ ਸੜਕਾਂ ਦੀ ਮੁਰੰਮਤ ਅਤੇ ਨਵੀਆਂ ਸੜਕਾਂ ਦੀ ਮੈਟਲਿੰਗ ਦੀ ਪਰਾਬਲਮ ਉਠਦੀ ਸੀ ਜਦੋਂ ਨਵੀਆਂ ਸੜਕਾਂ ਦੀ ਮੈਟਲਿੰਗ ਦਾ ਸਵਾਲ ਉਠਦਾ ਹੈ ਤਾਂ ਕਹਿੰਦੇ ਹਨ ਕਿ ਉਪਰੋਂ ਸੈਂਕਸ਼ਨ ਲਓ। ਕਈ ਵਾਰ ਸਾਰਾ ਸਾਲ ਲੰਘ ਜਾਂਦਾ ਹੈ ਅਤੇ ਸੈਂਕਸ਼ਨ ਨਹੀਂ ਮਿਲਦੀ ਸੋ ਮਾਰਕੀਟ ਕਮੇਟੀਆਂ ਦੇ ਕੋਲ ਹੁਣ ਕਾਫੀ ਪੈਸਾ ਹੈ ਪਰ ਉਨ੍ਹਾਂ ਦੀਆਂ ਪਾਵਰਜ਼ ਵੀ ਵਧਾਉਣੀਆਂ ਚਾਹੀਦੀਆਂ ਹਨ।

**ਸ਼੍ਰੀ ਮਦਨ ਮੋਹਨ ਮਿੱਤਲ (ਨੰਗਲ):** ਸਪੀਕਰ ਸਾਹਿਬ, ਇਹ ਜੋ ਅਮੈਂਡਮੈਂਟ ਲਿਆਂਦੀ ਹੈ ਇਸਦੇ ਵਿੱਚ ਮੈਂ ਸਮਝਦਾ ਹਾਂ ਕਿ ਸ਼ੇਅਰ ਜੋ ਮਾਰਕੀਟ ਕਮੇਟੀ ਦਾ ਸਟੇਟ ਨੂੰ ਮਿਲਣਾ ਹੈ ਉਸ ਨੂੰ ਰੈਸ਼ਨੇਲਾਈਜ਼ ਕਰਨ ਵਾਸਤੇ ਲਿਆਂਦੀ ਗਈ ਹੈ ਕਿਉਂਕਿ We are discussing about the income of the State Marketing Board and of the Committees. ਜੋ ਸ਼੍ਰੀਮਤੀ ਵਿਮਲਾ ਡਾਂਗ ਜੀ ਨੇ ਕਿਹਾ ਹੈ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਇਕ ਬੜੀ ਭਾਰੀ ਦਿੱਕਤ ਹੈ। ਜਦੋਂ ਪੰਜਾਬ ਦੇ ਵਿੱਚ ਚੇਅਰਮੈਨ ਮਾਰਕੀਟਿੰਗ ਬੋਰਡ ਪੰਜਾਬ ਨੇ ਮੀਟਿੰਗ ਕੀਤੀ ਸੀ ਮੈਂ ਉਦੋਂ ਵੀ ਇਹ ਕੁਐਸਚਨ ਉਠਾਇਆ ਸੀ। ਮੈਂ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਬਹੁਤ ਵੱਡਾ ਫਲਾਅ ਹੈ ਇਸ ਐਕਟ ਦੇ ਵਿੱਚ ਅਤੇ ਉਹ ਇਹ ਹੈ ਕਿ ਅਗਰ ਕੋਈ ਪਰਚੇਜ਼ ਮਾਰਕੀਟ ਕਮੇਟੀ ਤੋਂ ਕਰਦਾ ਹੈ and if he takes the same goods to another Market Committes, thereto he has to pay the market fee which he has already paid from where he has once purchased and if the same goods are transferred to the third area of the Market Commiitee' than again the market fee has to be paid. If the Committee purchases goods from the other in urban areas, they have to pay the market fee thrice. That meanes the price of the commidity is increased which ultimately goes from the pocket of the consumer. ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਅਸੀਂ ਇਨਕਮ ਨੂੰ ਰੈਸ਼ਨੇਲਾਈਜ਼ ਕੀਤਾ ਹੈ ਅਤੇ ਇਨਕਮ ਵਧੀ ਹੈ ਹੋ ਸਕਦਾ ਹੈ ਕਿ ਚੈਕਿੰਗ ਅੱਛੀ ਹੋਈ ਹੋਵੇ। ਮੈਂ ਚਾਹੁੰਦਾ ਹਾਂ ਕਿ ਮੰਤਰੀ ਜੀ ਇਸ ਨੂੰ ਧਿਆਨ ਵਿਚ ਰੱਖਣ ਅਤੇ ਭਰੋਸਾ ਦਿਵਾਉਣ ਕਿ ਜਿਸ ਤਰ੍ਹਾਂ ਇਹ ਰੈਸ਼ਨੇਲਾਈਜ਼ ਕੀਤਾ ਹੈ। ਇਸੇ ਤਰੀਕੇ ਦੇ ਨਾਲ ਹੀ ਅਗਰ ਪੰਜਾਬ ਦੇ ਵਿੱਚ ਇਕ ਮਾਰਕਿਟ ਕਮੇਟੀ ਦੀ ਆਮਦਨੀ ਵਧੀ ਹੈ ਤਾਂ ਦੂਸਰੀ ਮਾਰਕੀਟ ਕਮੇਟੀ ਦੀ ਆਮਦਨ ਘਟਣੀ ਨਹੀਂ ਚਾਹੀਦੀ ਤਾਂ ਕਿ ਲੋਕਾਂ ਨੂੰ ਸਹੂਲਤ ਮਿਲੇ।

**ਖੇਤੀਬਾੜੀ ਅਤੇ ਵਣ ਮੰਤਰੀ (ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ):** ਸਪੀਕਰ ਸਾਹਿਬ, ਇਹ ਜੋ ਅੱਜ ਅਸੀਂ ਅਮੈਂਡਮੈਂਟ ਲਿਆਂਦੀ ਹੈ ਇਹ 1961 ਤੋਂ ਬਾਅਦ ਪਹਿਲੀ ਦਫਾ ਆਈ ਹੈ। ਉਸ ਵੇਲੇ ਸਾਡੀ ਜ਼ਰੂਰਤ ਸੀ ਕਿ 10 ਹਜ਼ਾਰ ਤੱਕ ਜਿਹੜੀ ਆਮਦਨੀ ਹੋਵੇ ਉਸਤੇ 10 ਫੀਸਦੀ ਲੈਣੀ ਹੈ ਅਗਲੇ ਪੰਜ ਹਜ਼ਾਰ ਤੇ 15 ਫੀਸਦੀ ਲੈਣੀ ਹੈ ਅਤੇ ਬਕਾਇਆ ਤੇ 40 ਫੀਸਦੀ। ਉਸ ਵੇਲੇ ਦੇ ਅਤੇ ਹੁਣ ਦੇ ਹਾਲਾਤ 35–40 ਸਾਲਾਂ ਬਾਅਦ ਬਦਲ ਗਏ ਹਨ। ਆਮਦਨੀ ਵਿਚ ਵੀ ਬੜਾ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਵਣ ਮੰਤਰੀ]

ਫਰਕ ਪੈ ਗਿਆ ਹੈ। ਇਸ ਚੀਜ਼ ਦੀ ਬੜੀ ਜ਼ਰੂਰਤ ਸੀ। ਪੰਜਾਬ ਨੂੰ ਇਸਦਾ ਵੀ ਬੜਾ ਲਾਭ ਹੋਇਆ। ਇਸ ਦੇ ਵਿੱਚ ਇਕ ਨੁਕਸ ਇਹ ਸੀ ਕਿ ਜਿਹੜੀਆਂ ਛੋਟੀਆਂ ਮਾਰਕੀਟ ਕਮੇਟੀਆਂ ਸਨ, ਉਨ੍ਹਾਂ ਉਤੇ ਤਾਂ 10 ਫੀਸਦੀ ਲਗਦਾ ਸੀ। ਉਨ੍ਹਾਂ ਦੀ ਕਮਾਈ ਵਿਚੋਂ ਜਿਹੜੇ ਉਨ੍ਹਾਂ ਦੇ ਮੁਲਾਜ਼ਮ ਸਨ ਉਨ੍ਹਾਂ ਨੂੰ ਤਨਖਾਹ ਦੇਣ ਜੋਗੇ ਪੈਸੇ ਵੀ ਨਹੀਂ ਸੀ ਬਚਦੇ। ਹੁਣ ਅਸੀਂ ਇਸ ਨੂੰ ਵਧਾ ਕੇ ਪਹਿਲੇ 20 ਲੱਖ ਤੇ 20 ਫੀਸਦੀ ਅਗਲੇ 20 ਤੇ 40 ਫੀਸਦੀ ਔਰ ਉਸਤੋਂ ਬਾਅਦ 50 ਫੀਸਦੀ ਕਰ ਦਿੱਤਾ ਹੈ। ਇਸ ਦੇ ਨਾਲ ਫਰਕ ਇਹ ਪਵੇਗਾ ਕਿ ਇਹ ਜਿਹੜੀਆਂ ਛੋਟੀਆਂ ਮਾਰਕੀਟ ਕਮੇ-ਟੀਆਂ ਹਨ ਉਨ੍ਹਾਂ ਨੂੰ ਘੱਟ ਦੇਣਾ ਪਵੇਗਾ ਔਰ ਜਿਹੜੀਆਂ ਵੱਡੀਆਂ ਹਨ ਜਿਨ੍ਹਾਂ ਕੋਲ ਬਹੁਤ ਪੈਸੇ ਹਨ ਉਨ੍ਹਾਂ ਨੂੰ ਬਹੁਤਾ ਦੇਣਾ ਪਵੇਗਾ। ਦੂਸਰੇ ਕੁਝ ਕੁ ਸਾਡੇ ਸਾਥੀ ਅਜਿਹੇ ਹਨ ਜਿਹੜੇ ਮਹਿਸੂਸ ਕਰਦੇ ਹਨ ਕਿ ਸਾਡੇ ਮਾਰਕੀਟ ਕਮੇਟੀ ਦੇ ਜਿਹੜੇ ਟੈਕਸਿਜ ਹਨ ਉਹ ਪਹਿਲੀ ਜਗ੍ਹਾ, ਦੂਜੀ ਜਗ੍ਹਾ ਤੀਜੀ ਜਗ੍ਹਾ ਲਗਦੇ ਹਨ। ਇਸ ਬਾਰੇ ਵੀ ਅਸੀਂ ਬਹੁਤ ਕੁਝ ਕੀਤਾ ਹੈ। ਜਦੋਂ ਦੀ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਆਈ ਹੈ ਅਸੀਂ ਇਹ ਬਿਲਕੁਲ ਹਟਾ ਦਿੱਤਾ ਹੈ। ਜਵਾਰ, ਮੂੰਗਫਲੀ ਤੇ ਬਿਲਕੁਲ ਖਤਮ ਕਰ ਦਿੱਤਾ। ਮਹਿੰਦੀ, ਮੂੰਗ, ਮਸਰ, ਸਫੇਦ ਚਨੇ, ਹਲਦੀ, ਜਵੀਂ, ਖੰਡ, ਸੋਆਬੀਨ ਆਦਿ ਇਨ੍ਹਾਂ ਚੀਜ਼ਾਂ ਤੇ ਤਾਂ ਬਿਲਕੁਲ ਖਤਮ ਕਰ ਦਿੱਤਾ ਜਿਹੜਾ ਕਿ ਪਹਿਲਾਂ ਇਨ੍ਹਾਂ ਚੀਜ਼ਾਂ ਕਾਮਾਡੀਟੀਜ਼ ਤੇ ਲਗਦਾ ਸੀ। ਇਸ ਤਰ੍ਹਾਂ ਕਰਨ ਨਾਲ ਇਕ ਕਰੋੜ ਰੁਪਏ ਤੋਂ ਉਪਰ ਸਾਰੇ ਲੋਕਾਂ ਨੂੰ ਰਾਹਤ ਦੇ ਕੇ ਇਸ ਤੋਂ ਨਿਜਾਤ ਦਿਵਾਵਾਂਗੇ। 1961-62 ਵਿੱਚ ਜਿਹੜੀ ਆਮਦਨ ਸੀ ਉਹ 105 ਕਰੋੜ ਰੁਪਏ ਸੀ। ਹੁਣ ਇਹ 114 ਕਰੋੜ 53 ਲੱਖ ਤੇ 5 ਹਜਾਰ ਹੈ ਅਤੇ ਇਹ ਵਧੀ ਹੈ। ਜਦੋਂ ਕਿ ਟੈਕਸ ਘਟਾਇਆ ਹੈ। ਅਸੀਂ ਚਾਹੁੰਦੇ ਹਾਂ ਕਿ ਮਾਰਕੀਟ ਫੀਸ ਜ਼ਿਆਦਾ ਹੋਵੇ, ਇਸ ਦਾ ਬਹੁਤ ਫਾਇਦਾ ਹੋਇਆ ਹੈ। ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਇਕੱਲੇ ਮਾਰਕੀਟਿੰਗ ਬੋਰਡ ਨੇ ਹੜ੍ਹ-ਪੀੜਤਾਂ ਦੀ ਸਹਾਇਤਾ ਲਈ 51 ਲੱਖ ਰੁਪਏ ਦੀ ਰਕਮ ਦਿੱਤੀ ਹੈ ਚੀਫ ਮਨਿਸਟਰ ਸਾਹਿਬ ਨੂੰ ਗਰੀਬਾਂ ਦੀ ਸਹਾਇਤਾ ਕਰਨ ਵਾਸਤੇ। ਇਸ ਤਰ੍ਹਾਂ ਅਸੀਂ ਹੋਰ ਵੀ ਬਹੁਤ ਸਾਰੇ ਸਟੈਪਸ ਲੈ ਰਹੇ ਹਾਂ ਅਤੇ ਬਹੁਤ ਸਾਰੀਆਂ ਚੀਜ਼ਾਂ ਨਾਲ ਲੋਕਾਂ ਦੀ ਭਲਾਈ ਕਰ ਰਹੇ ਹਾਂ। ਜੋ ਨਵੀਆਂ ਮੰਡੀਆਂ ਹਨ, ਉਨ੍ਹਾਂ ਵਿੱਚ ਫਰਸ਼ ਲਗਵਾ ਰਹੇ ਹਾਂ, ਸ਼ੈਡ ਬਣਵਾ ਰਹੇ ਹਾਂ ਤਾਂ ਕਿ ਲੋਕਾਂ ਨੂੰ ਤਕਲੀਫ ਨਾ ਹੋਵੇ। ਲਿੰਕ ਸੜਕਾਂ ਦੀ ਮੁਰੰਮਤ ਬਾਰੇ ਗੱਲ ਆਈ ਹੈ। ਸਾਡੇ ਚੀਫ ਮਨਿਸਟਰ ਸਾਹਿਬ ਤਾਂ ਆਪ ਇਹ ਚਾਹੁੰਦੇ ਹਨ ਕਿ ਜਿਹੜੀਆਂ ਵੀ ਲਿੰਕ ਸੜਕਾਂ ਟੁੱਟੀਆਂ ਹਨ ਉਨ੍ਹਾਂ ਨੂੰ ਜਲਦੀ ਮੁਰੰਮਤ ਕੀਤਾ ਜਾਵੇ, ਬਣਾਇਆ ਜਾਵੇ। ਇਹ ਕੋਈ ਮਾੜਾ ਸੁਝਾਓ ਨਹੀਂ ਹੈ, ਇਸ ਤੇ ਵੀ ਗੌਰ ਕੀਤਾ ਜਾਏਗਾ। ਇਸ ਤੋਂ ਇਲਾਵਾ ਅਸੀਂ ਕਪਾਹ ਦੀ ਗਰੇਡਿੰਗ ਕੀਤੀ, ਕਿੰਨੂ ਦੀ ਗਰੇਡਿੰਗ ਕੀਤੀ, ਕਿਸਾਨ ਭਵਨ ਬਣਵਾਉਣਾ, ਕਿਸਾਨਾਂ ਦੇ ਬੱਚਿਆਂ ਨੂੰ ਵਜ਼ੀਫੇ ਦਿਵਾਉਣਾ, ਮੰਡੀਆਂ ਵਿਚ ਮਸ਼ੀਨਰੀ ਲਗਾਉਣੀ, ਇਹ ਸਾਰੀਆਂ ਚੀਜ਼ਾਂ ਅਸੀਂ ਕਰ ਰਹੇ ਹਾਂ ਅਤੇ ਸੜਕਾਂ ਦੀ ਮੁਰੰਮਤ ਵੱਲ ਵੀ ਅਸੀਂ ਪੂਰਾ ਧਿਆਨ ਦੇ ਰਹੇ ਹਾਂ। ਮੈਂ ਜ਼ਿਆਦਾ ਵਿਚਾਰ ਨਾ ਕਰਦਾ ਹੋਇਆ ਦੋ ਗੱਲਾਂ ਕਹਿੰਦਾ ਹਾਂ। ਜਿਹੜਾ ਸਾਡੀਆਂ ਮੰਡੀਆਂ ਵਿਚ ਵਾਰੀ ਵਾਰੀ ਟੈਕਸ ਲਗਦਾ ਸੀ, ਮੈਂ ਸਮਝਦਾ ਹਾਂ ਕਿ ਉਹ ਮਸਲਾ ਕਾਫੀ ਹੱਲ ਹੋ ਗਿਆ ਹੈ। ਪਹਿਲਾਂ ਜੇਕਰ ਦਾਲ ਦਿੱਲੀ ਤੋਂ ਆਉਂਦੀ ਹੁੰਦੀ ਸੀ ਅਤੇ ਲੁਧਿਆਣੇ ਪਹੁੰਚਦੀ ਸੀ ਤਾਂ ਪਹਿਲਾਂ ਉਥੇ ਟੈਕਸ ਲਗਦਾ ਸੀ। ਫਿਰ ਅੱਗੇ ਜੇਕਰ ਨਵਾਂ ਸ਼ਹਿਰ ਜਾਣੀ ਹੁੰਦੀ ਸੀ ਤਾਂ ਫਿਰ ਉਥੇ ਟੈਕਸ ਲਗਦਾ ਸੀ ਅਤੇ ਉਥੋਂ ਫਿਰ ਜੇਕਰ ਬੰਗਾ ਲਿਆਉਣੀ ਪੈਂਦੀ ਤਾਂ ਫਿਰ ਟੈਕਸ ਲਗਦਾ। ਇਸ ਤਰ੍ਹਾਂ ਪਿੰਡਾਂ ਵਿਚ ਦਾਲ ਮਹਿੰਗੀ ਮਿਲਦੀ ਸੀ ਅਤੇ ਸ਼ਹਿਰਾਂ

Original with;
Punjab Vidhan Sabha
Digitized by;
Punjab Digital Library

ਵਿੱਚ ਮਸਤੀ। ਇਸ ਕਰਕੇਂ ਅਸੀਂ ਦਾਲ ਉੱਤੇ ਟੈਕਸ ਬਿਲਕੁਲ ਖਤਮ ਹੀ ਕਰ ਦਿਤਾ। ਇਹ ਪਹਿਲਾਂ ਗਰੀਬਾਂ ਉੱਤੇ ਬੋਝ ਪਿਆ ਹੋਇਆ ਸੀ। (ਥੰਪਿੰਗ) ਇਸੇ ਕਰਕੇ ਹੀ ਅਸੀਂ 15-20 ਚੀਜ਼ਾਂ ਤੇ ਟੈਕਸ ਛੱਡਿਆ ਹੈ। ਦਾਲਾਂ ਤੇ ਖਿਲਕੁਲ ਛੱਡ ਦਿੱਤਾ ਹੈ। ਗੁੜ ਤੇ ਛੱਡਿਆ ਹੈ। ਅਸੀਂ ਉਹ ਚੀਜ਼ਾਂ ਕੀਤੀਆਂ ਹਨ ਜਿਹੜੀਆਂ ਤੁਹਾਡੇ (ਆਪੋਜੀਸ਼ਨ ਵੱਲ ਇਸ਼ਾਰਾ) ਖ਼ਾਬ ਤੇ ਖਿਆਲ ਵਿਚ ਵੀ ਨਹੀਂ ਸਨ। ਸੋ ਮੈਂ ਬੇਨਤੀ ਕਰਦਾ ਹਾਂ ਕਿ ਇਹ ਬੜਾ ਸਿੰਪਲ ਜਿਹਾ ਬਿਲ ਹੈ। ਇਸ ਦੇ ਨਾਲ ਸਾਡੀ ਇਨਕਮ ਵੀ ਵਧੇਗੀ ਅਤੇ ਜਿਹੜੀਆਂ ਛੋਟੀਆਂ ਮੰਡੀਆਂ ਜਾਂ ਮਾਰਕੀਟਿੰਗ ਕਮੇਟੀਆਂ ਹਨ, ਉਨ੍ਹਾਂ ਨੂੰ ਮੱਦਦ ਮਿਲੇਗੀ ਅਤੇ ਅਸੀਂ ਕਮੇਟੀਆਂ ਤੋਂ ਪੈਸਾ ਲੈ ਕੇ ਸੜਕਾਂ ਬਣਾ ਕੇ ਲੋਕਾਂ ਨੂੰ ਖੁਸ਼ਹਾਲ ਕਰਾਂਗੇ। ਇਸ ਦੇ ਨਾਲ ਮੇਰੀ ਬੇਨਤੀ ਹੈ ਕਿ ਇਹ ਅਮੈਂਡਮੈਂਟ ਬਿਲ ਪਾਸ ਕੀਤਾ ਜਾਵੇ।

**Mr. Speaker** : Question is—

That the Punjab Agricultural Produce Markets (Amendment) Bill be taken into consideration at once.

*The motion was carried.*

**Mr. Speaker** : Now the House will proceed to consider the Bill Clause by Clause.

**Clause 2**

**Mr. Speaker** : Question is—

That Clause 2 stand part of the Bill.

*The motion was carried.*

**Clause 1**

**Mr. Speaker**: Question is—

That Clause 1 stand part of the Bill.

*The motion was carried.*

**Title**

**Mr. Speaker** : Question is

That Title be the Title of the Bill.

*The motion was carried.*

**Agriculture and Forests Minister (Sardar Dilbagh Singh Nawanshahar)**: Sir, I beg to move—

That the Punjab Agricultural Produce Markets (Amendment) Bill be passed.

Original with;
Punjab Vidhan Sabha
Digitized by;
Panjab Digital Library

**Mr. Speaker** : Motion moved—

That the Punjab Agricultural Produce Markets (Amendment) Bill be passed

**Mr. Speaker** : Question is—

That the Punjab Agricultural Produce Markets (Amendment) Bill be passed.

*The motion was carried*

MOTION UNDER RULE 16

**Minister for Parliamentary Affairs (Sardar Umrao Singh)** Sir, I beg to move—

That the Vidhan Sabha (Assembly) at its rising this day shall stand adjourned *sine-die*.

**Mr. Speaker** : Motion moved—

That the Vidhan Sabha (Assembly) at its rising this day shall stand adjourned *sine-die*.

**Mr Speaker** : Question is—

That the Vidhan Sabha (Assembly) at its rising this day shall stand adjourned *sine-die*.

*The motion was carried.*

MOTION UNDER RULE 77

**Mr. Speaker** : We now take up the Motion under Rule 77. Sardar Jasbir Singh to move the Motion.

**ਸਰਦਾਰ ਜਸਬੀਰ ਸਿੰਘ (ਸੰਗਰੂਰ)** : ਮੈਂ ਪ੍ਰਸਤਾਵ ਕਰਦਾ ਹਾਂ ਕਿ ਰਾਜ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਣ ਪੈਦਾ ਹੋਈ ਸਥਿਤੀ ਤੇ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਇਸ ਮਹਾਨ ਸਦਨ ਵਿੱਚ ਸਾਡੇ ਪਿਆਰੇ ਪੰਜਾਬ ਵਿੱਚ ਪਿਛਲੇ ਦਿਨਾਂ ਵਿੱਚ ਜੋ ਹੜ੍ਹ ਆਏ ......

(ਇਸ ਸਮੇਂ ਆਪੋਜੀਸ਼ਨ ਪਾਰਟੀਆਂ ਦੇ ਕੁਝ ਮੈਂਬਰ ਸਾਹਿਬਾਨ ਨਾਈਨੋ-ਡਾਇਟ ਮੋਸ਼ਨ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ)।

**ਸ੍ਰੀ ਸਪੀਕਰ** : ਆਨਰੇਬਲ ਮੈਂਬਰਜ਼ ਨੂੰ ਮੈਂ ਅਰਜ਼ ਕਰਦਾ ਹਾਂ ਕਿ ਸਾਈਨੋ-ਡਾਈ ਮੋਸ਼ਨ ਸਮੇਂ ਕੋਈ ਵੀ ਆਪਣੀ ਜਗ੍ਹਾ ਤੇ ਖੜ੍ਹਾ ਨਹੀਂ ਹੋਇਆ ਔਰ ਇਸ ਕਰਕੇ ਮੈਂ ਸਮਾਂ ਨਹੀਂ ਦਿੱਤਾ। ਨਹੀਂ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਸੀ, ਮੈਂ ਜ਼ਰੂਰ ਸਮਾਂ ਦਿੰਦਾ। ਮੈਂ ਤਾਂ ਬੋਲ ਕੇ ਸਰਦਾਰ ਜਸਬੀਰ ਸਿੰਘ ਹੁਰਾਂ ਨੂੰ ਸਮਾਂ ਦਿਤਾ ਹੈ। ਹੁਣ ਤੁਹਾਨੂੰ (ਆਪੋਜੀਸ਼ਨ ਵਲ ਇਸ਼ਾਰਾ) ਸਰਦਾਰ ਜਸਬੀਰ ਸਿੰਘ ਤੋਂ ਬਾਅਦ ਸਮਾਂ ਦਿੱਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਹਰਦੇਵ ਸਿੰਘ ਅਰਸ਼ੀ: ਇਹ ਮਾਮਲਾ ਵੱਖਰਾ ਹੈ, ਉਹ ਵਖਰਾ ਸੀ ।

**Shrimati Vimla Dang**: It is of very important thing.

**Mr. Speaker**: Now it is of no use.

ਪਹਿਲਾਂ ਕੋਈ ਨਹੀਂ ਉਠਿਆ, ਹੁਣ ਉਹ ਸਮਾਂ ਜਾ ਚੁਕਿਆ ਹੈ। ਹੁਣ ਕੋਈ ਆਇਡੀਆ ਨਹੀਂ ਬੋਲਣ ਦਾ, ਪਲੀਜ਼ ਸਰਦਾਰ ਜਸਬੀਰ ਸਿੰਘ ਜੀ।

**ਸਰਦਾਰ ਜਸਬੀਰ ਸਿੰਘ**: ਮੈਂ ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਆਪ ਜੀ ਨੇ ਪੰਜਾਬ ਦੇ ਅੰਦਰ, ਸਾਡੇ ਪਿਆਰੇ ਪੰਜਾਬ ਦੇ ਵਿਚ ਜੋ ਪਿਛਲੇ ਦਿਨਾਂ ਵਿੱਚ ਬਾਰਸ਼ਾਂ ਨੇ, ਹੜ੍ਹਾਂ ਨੇ ਇੱਕ ਤਬਾਹੀ ਮਚਾਈ ਹੈ, ਉਸ ਤੇ ਵਿਚਾਰ ਕਰਨ ਲਈ 2 ਘੰਟੇ ਦਾ ਸਮਾਂ ਬਹਿਸ ਲਈ ਨਿਸਚਿਤ ਕੀਤਾ ਹੈ, ਮੈਂ ਇਸਦਾ ਧੰਨਵਾਦ ਕਰਦਾ ਹਾਂ।

ਕੁਝ ਹੀ ਦਿਨ ਹੋਏ ਪੰਜਾਬ ਅੰਦਰ ਬਾਰਸ਼ਾਂ ਸ਼ੁਰੂ ਹੋਈਆਂ। ਕਿਸੇ ਸਮੇਂ ਸਾਉਣ ਦਾ ਮਹੀਨਾ ਪੰਜਾਬ ਅੰਦਰ ਖੁਸ਼ੀਆਂ, ਹੁਲਾਸ ਅਤੇ ਖੇੜਿਆਂ ਦਾ ਮੌਸਮ ਹੁੰਦਾ ਸੀ। ਸਾਰਾ ਪੰਜਾਬ ਸਾਉਣ ਦੀ ਉਡੀਕ ਕਰਦਾ ਸੀ। ਗੁਰੂ ਨਾਨਕ ਦੇਵ ਪਾਤਸ਼ਾਹ ਨੇ ਵੀ ਇਸ ਮਹੀਨੇ ਦੀ ਖੂਬਸੂਰਤੀ ਆਪਣੇ ਇੱਕ ਸ਼ਬਦ ਵਿਚ ਕਹੀ ਹੈ :

"ਭੈਣੇਂ ਸਾਵਣ ਆਇਆ, ਮੋਰੀਂ ਰੁਣ ਝੁਣ ਲਾਇਆ ॥"

ਪਰ ਮਾਨਯੋਗ ਸਪੀਕਰ ਸਾਹਿਬ, ਐਤਕੀਂ ਸਾਉਣ ਦੇ ਮਹੀਨੇ ਵਿਚ ਮੋਰਾਂ ਨੇ ਪੈਲਾਂ ਨਹੀਂ ਪਾਈਆਂ ਸਗੋਂ ਇਸ ਬਾਰਸ਼ ਨੇ ਮੌਤ ਦਾ ਸੁਨੇਹਾ ਦਿੱਤਾ। ਇਸ ਬਾਰਸ਼ ਨੇ ਪੰਜਾਬ ਵਿਚ ਤਬਾਹੀ ਮਚਾਈ। ਹਜ਼ਾਰਾਂ ਨਹੀਂ ਬਲਕਿ ਲੱਖਾਂ ਲੋਕ ਬੇਘਰ ਹੋਏ ਔਰ ਉਹ ਦਰਿਆ, ਨਦੀਆਂ ਅਤੇ ਨਾਲੇ ਜੋ ਜ਼ਿੰਦਗੀ ਦਾ ਪ੍ਰਤੀਕ ਸਨ, ਖੁਸ਼ਹਾਲੀ ਦਾ ਸੁਨੇਹਾ ਲੈ ਕੇ ਆਉਂਦੇ ਸਨ, ਕੁਦਰਤ ਦੀ ਕਰੋਪੀ ਕਾਰਨ ਉਨ੍ਹਾਂ ਨੇ ਪੰਜਾਬ ਅੰਦਰ ਕੋਹਰਾਮ ਮਚਾ ਦਿੱਤਾ। ਸਵੇਰੇ ਜ਼ਿੰਦਗੀ ਸੀ। ਲੋਕੀਂ ਆਪਣੇ ਘਰਾਂ ਵਿਚ ਸ਼ਾਮ ਨੂੰ ਆਰਾਮ ਨਾਲ ਸੁੱਤੇ ਅਤੇ ਸ਼ਾਮ ਤੋਂ ਬਾਅਦ ਰਾਤੋ-ਰਾਤ ਜ਼ਿੰਦਗੀ ਮੌਤ ਵਿਚ ਬਦਲ ਗਈ। ਲੱਖਾਂ ਲੋਕ ਬੇਘਰ ਹੋ ਗਏ। ਜਿਹੜੇ ਖਾਂਦੇ-ਪੀਂਦੇ ਘਰ ਸਨ ਅਤੇ ਜਿਨ੍ਹਾਂ ਨੇ ਆਪਣੀ ਬਹੁਤੀ ਜ਼ਿੰਦਗੀ ਬਹੁਤ ਅੱਛੀ ਕੱਟੀ, ਮੈਂ ਗਰੀਬ ਲੋਕਾਂ ਦੀ ਗੱਲ ਨਹੀਂ ਕਰ ਰਿਹਾ, ਉੁਨ੍ਹਾਂ ਦੀ ਹਾਲਤ ਇਹ ਹੋ ਗਈ ਸੀ ਕਿ ਉਨ੍ਹਾਂ ਦੇ ਬੱਚੇ ਦੁੱਧ ਨੂੰ ਤਰਸ ਰਹੇ ਸਨ। ਕਿਸ ਤਰ੍ਹਾਂ ਪੰਜਾਬ ਦੇ ਹਾਲਾਤ ਬਦਲ ਗਏ। ਸੋਨੇ ਰੰਗੀਆਂ ਫਸਲਾਂ, ਲੱਖਾਂ ਏਕੜ ਝੋਨਾ, ਹੋਰ ਫਸਲਾਂ ਅਤੇ ਅਨਾਜ ਸਭ ਖਤਮ ਹੋ ਗਿਆ। ਸਾਰਾ ਦੇਸ਼ ਪੰਜਾਬ ਦੀ ਸਾਉਣੀ ਵੱਲ, ਝੋਨੇ ਵੱਲ, ਚਾਵਲਾਂ ਵੱਲ, ਸੋਨੇ ਰੰਗੀ ਫਸਲ ਵੱਲ ਵੇਖ ਰਿਹਾ ਸੀ ਪਰ ਸਾਰੀ ਤਬਾਹ ਹੋ ਗਈ। ਮੈਂ ਸਮਝਦਾ ਹਾਂ ਕਿ ਸੱਠ ਘੰਟਿਆਂ ਦੀ ਬਾਰਸ਼ ਨਾਲ ਪਹਿਲਾਂ ਕਦੀ ਵੀ ਇੰਨਾ ਨੁਕਸਾਨ ਨਹੀਂ ਹੋਇਆ ਜਿੰਨਾ ਹੁਣ ਹੋਇਆ।

ਮਾਨਯੋਗ ਸਪੀਕਰ ਸਾਹਿਬ, ਇਹ ਠੀਕ ਹੈ ਕਿ ਕੁਦਰਤੀ ਕਰੋਪੀ ਅਤੇ ਬਾਰਸ਼ਾਂ ਤੇ ਸਾਡਾ ਵੱਸ ਨਹੀਂ ਚਲਦਾ ਪਰ ਜਿਨ੍ਹਾਂ ਗੱਲਾਂ ਤੇ ਸਾਡਾ ਵੱਸ ਸੀ, ਉਨ੍ਹਾਂ ਗੱਲਾਂ ਤੇ ਵੀ ਧਿਆਨ ਦੇਣ ਦੀ ਲੋੜ ਹੈ। ਮੈਨੂੰ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਨਹੀਂ ਹੁੰਦੀ ਕਿ ਮੇਰੇ ਹਲਕੇ ਵਿਚੋਂ ਸਰਹਿੰਦ ਚੋਅ ਲੰਘਦਾ ਹੈ ਜੋ ਸੁਨਾਮ ਵਿਚੋਂ ਦੀ ਹੁੰਦਾ ਹੋਇਆ ਘੱਗਰ ਨਾਲ ਜਾ ਮਿਲਦਾ ਹੈ। ਉਸ ਨੇ ਮੇਰੇ ਹਲਕੇ ਵਿਚ ਬੜੀ ਤਬਾਹੀ ਮਚਾਈ ਅਤੇ ਇਸ ਤੋਂ ਇਲਾਵਾ ਸੁਨਾਮ ਅਤੇ ਸੰਗਰੂਰ ਵਿਚ ਵੀ ਬੜੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਬੀਰ ਸਿੰਘ]

ਤਬਾਹੀ ਮਚਾਈ। ਮੈਂ ਅਧਿਕਾਰੀਆਂ ਤੋਂ ਪੁੱਛਿਆ ਕਿ ਇਸ ਚੋਅ ਦੀ ਕਦੋਂ ਸਫਾਈ ਹੋਈ ਹੈ? ਉਨ੍ਹਾਂ ਕਿਹਾ ਕਿ ਇਸ ਦੀ 1985 ਤੋਂ ਬਾਅਦ ਕਦੀ ਸਫਾਈ ਨਹੀਂ ਹੋਈ। ਮੈਨੂੰ ਇਸ ਗੱਲ ਦਾ ਬੜਾ ਦੁੱਖ ਹੈ। ਡਰੇਨੇਜ ਵਿਭਾਗ ਵਲੋਂ ਜਿਨ੍ਹਾਂ ਨਦੀਆਂ, ਨਾਲਿਆਂ ਦੀ ਸਫਾਈ ਨਹੀਂ ਹੋ ਸਕੀ। ਉਨ੍ਹਾਂ ਨੇ ਬੜੀ ਤਬਾਹੀ ਮਚਾਈ। ਲੇਕਿਨ ਖੁਸ਼ੀ ਦੀ ਗੱਲ ਹੈ ਕਿ ਇਸ ਸਮੇਂ ਇਕ ਆਸ ਦੀ ਕਿਰਨ ਦਿਖਾਈ ਦਿੱਤੀ। ਉਮੀਦ ਵਿਖਾਈ ਦਿੱਤੀ ਸਰਦਾਰ ਬੇਅੰਤ ਸਿੰਘ ਦੇ ਰੂਪ ਵਿੱਚ। ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਇਸ ਪਵਿੱਤਰ ਹਾਊਸ ਵਿੱਚ, 12 ਤਰੀਕ ਨੂੰ ਜਦੋਂ ਬਹੁਤ ਜ਼ੋਰਦਾਰ ਬਾਰਸ਼ ਹੋ ਰਹੀ ਸੀ ਪਟਿਆਲੇ ਅਤੇ ਹੋਰ ਸ਼ਹਿਰ ਪਾਣੀ ਵਿੱਚ ਡੁੱਬ ਗਏ ਸਨ ਇੱਕ ਤੂਫਾਨ ਆ ਰਿਹਾ ਸੀ, ਮੌਸਮ ਬਹੁਤ ਖਰਾਬ ਸੀ। ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਨੇ ਫੈਸਲਾ ਕੀਤਾ ਕਿ ਪਟਿਆਲੇ ਦੇ ਅੰਦਰ ਜਾ ਕੇ ਮੈਂ ਆਪਣੇ ਅੱਖੀਂ ਹਾਲਾਤ ਦੇਖਣਾ ਚਾਹੁੰਦਾ ਹਾਂ, ਲੋਕਾਂ ਨੂੰ ਢਾਰਸ ਦੇਣੀ ਚਾਹੁੰਦਾ ਹਾਂ, ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਸਰਕਾਰ ਤੁਹਾਡੇ ਨਾਲ ਹੈ। ਮੌਸਮ ਬਹੁਤ ਖਰਾਬ ਸੀ। ਸੜਕ ਦਾ ਰਸਤਾ ਬੰਦ ਸੀ ਔਰ ਹਵਾਈ ਜਹਾਜ਼ ਦੇ ਪਾਇਲਟ ਨੇ ਕਿਹਾ, ਮਾਨਯੋਗ ਸਪੀਕਰ ਸਾਹਿਬ, ਉਹਨਾਂ ਅਧਿਕਾਰੀਆਂ ਨੇ ਕਿਹਾ ਕਿ ਤੁਹਾਡਾ ਜਾਣਾ ਖਤਰੇ ਤੋਂ ਖਾਲੀ ਨਹੀਂ ਹੈ, ਰਿਸਕੀ ਹੈ, ਤੁਹਾਡੀ ਜ਼ਿੰਦਗੀ ਨੂੰ ਖਤਰਾ ਹੈ ਤੁਸੀਂ ਪਟਿਆਲੇ ਨਾ ਜਾਓ। ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਮੁਕੱਦਸ ਹਾਊਸ ਦੇ ਵਿੱਚ ਗੱਲ ਕਹਿਣੀ ਚਾਹੁੰਦਾ ਹਾਂ, ਸਰਦਾਰ ਬੇਅੰਤ ਸਿੰਘ ਨੇ ਕਿਹਾ ਜੇ ਅੱਤਵਾਦੀਆਂ ਦੀਆਂ ਗੋਲੀਆਂ ਮੇਰਾ ਕੁਝ ਨਹੀਂ ਵਿਗਾੜ ਸਕਦੀਆਂ, ਮੈਂ ਲੋਕਾਂ ਨੂੰ ਡੁੱਬਣ ਨਹੀਂ ਦੇਵਾਂਗਾ। ਜੇ ਲੋਕ ਡੁੱਬ ਗਏ ਤਾਂ ਮੈਂ ਬਚਣਾ ਨਹੀਂ। ਸਰਦਾਰ ਬੇਅੰਤ ਸਿੰਘ ਇਕੱਲੇ ਉਥੇ ਨਹੀਂ ਗਏ। ਉਹਨਾਂ ਦੀ ਟੀਮ, ਉਹਨਾਂ ਦੇ ਸਾਥੀ ਔਰ ਪੰਜਾਬ ਦੇ ਸਾਰੇ ਐਮ. ਐਲ. ਏ. ਸਾਹਿਬਾਨ ਆਪਣੇ ਆਪਣੇ ਹਲਕੇ ਵਿੱਚ ਗਏ। ਉਹਨਾਂ ਨੇ ਰਾਹਤ ਦਾ ਕੰਮ ਵੀ ਕੀਤਾ। ਇੱਕ ਗੱਲ ਹੋਰ ਮੈਂ ਕਰਨੀ ਚਾਹੁੰਦਾ ਹਾਂ ਇਥੇ ਪੰਜਾਬ ਦੇ ਲੋਕ ਛੋਟੀ ਛੋਟੀ ਗੱਲ ਤੋਂ ਪੁਲਿਸ ਦੀਆਂ ਜ਼ਿਆ-ਦਤੀਆਂ ਦੀ ਚਰਚਾ ਕਰਦੇ ਹਨ ਇਕੱਠੇ ਹੋ ਕੇ ਮੋਰਚੇ ਵੀ ਲਾਉਂਦੇ ਹਨ। ਲੇਕਿਨ ਸਪੀਕਰ ਸਾਹਿਬ, ਪੰਜਾਬ ਦੀ ਧਰਤੀ ਤੇ ਪਹਿਲੀ ਵਾਰੀ ਹੋਇਆ, ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਦੀ ਰਹਿਨੁਮਾਈ ਵਿੱਚ ਪਹਿਲੀ ਵਾਰੀ ਹੋਇਆ ਜਦੋਂ ਕਿ ਬਾਰਸ਼ਾਂ ਨੇ ਪੰਜਾਬ ਵਿੱਚ ਇੰਨੀ ਤਬਾਹੀ ਕੀਤੀ। ਪੁਲਿਸ ਨੇ ਲੋਕਾਂ ਨੂੰ ਬਚਾਇਆ ਆਪਣੀ ਜ਼ਿੰਦਗੀ ਖਤਰੇ ਵਿੱਚ ਪਾਈ। (ਘੰਟੀ) ਭਗਤ ਕਬੀਰ ਜੀ ਦਾ ਇੱਕ ਬੰਦ ਹੈ :

ਮੈਂ ਕਹੁੰਗਾ ਅਖਿਨ ਦੇਖੀ॥

ਮਾਨਯੋਗ ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਦਾ ਹਾਂ ਜਿਹੜੀ ਮੈਂ ਇਸ ਹਾਊਸ ਵਿੱਚ ਸਾਰਿਆਂ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਸਾਡੇ ਜ਼ਿਲ੍ਹੇ ਵਿੱਚ ਘੱਗਰ ਨੇ ਬਹੁਤ ਤਬਾਹੀ ਮਚਾਈ। ਸਾਰਾ ਇਲਾਕਾ ਪਾਣੀ ਵਿੱਚ ਡੁਬ ਗਿਆ, ਲੇਕਿਨ ਉਹਨਾਂ ਪਿੰਡਾਂ ਦੇ ਅੰਦਰ ਮੈਂ ਆਖਾਂਗਾ ਕਿ ਜ਼ਿਲ੍ਹਾ ਸੰਗਰੂਰ ਦਾ ਐਸ. ਐਸ. ਪੀ., ਡਿਪਟੀ ਕਮਿਸ਼ਨਰ ਬਾਕੀ ਅਧਿਕਾਰੀਆਂ, ਪੁਲਿਸ ਕਾਂਸਟੇਬਲ ਤੋਂ ਲੈ ਕੇ ਐਸ. ਐਸ. ਪੀ. ਤੱਕ ਨੂੰ ਬੋਰੀਆਂ ਚੁਕਦੇ ਹੋਏ, ਲੋਕਾਂ ਨੂੰ ਬਚਾਉਂਦੇ ਹੋਏ ਦੇਖਿਆ। ਇਸੇ ਤਰ੍ਹਾਂ ਪੰਜਾਬ ਦੇ ਅੰਦਰ ਖਾਸ ਤੌਰ ਤੇ ਆਰਮੀ ਨੇ ਜੋ ਰੋਲ ਅਦਾ ਕੀਤਾ ਹੈ ਖਾਸ ਤੌਰ ਤੇ ਪਟਿਆਲੇ ਦੇ ਇਲਾਕੇ ਵਿੱਚ ਫੌਜੀਆਂ ਨੇ ਲੋਕਾਂ ਦੀ ਜ਼ਿੰਦਗੀ ਬਚਾਈ, ਉਹ ਲੋਕ ਉਹਨਾਂ ਨੂੰ ਜ਼ਿੰਦਗੀ ਭਰ ਨਹੀਂ ਭੁੱਲ ਸਕਣਗੇ। ਸਰਦਾਰ ਬੇਅੰਤ ਸਿੰਘ ਦੀ ਮਿਹਰਬਾਨੀ ਨਾਲ ਪੰਜਾਬ ਅੰਦਰ ਸ਼ਾਂਤੀ ਆਈ। ਪਹਿਲਾਂ ਜੋ ਪੰਜਾਬ ਨੂੰ ਨਜ਼ਰ ਲੱਗ ਗਈ ਸੀ, ਉਸ ਦੀਆਂ ਝਾਕੀਆਂ ਵੇਖਣ ਨੂੰ ਮਿਲੀਆਂ। ਜ਼ਿਲ੍ਹਾ ਸੰਗਰੂਰ

Original with;
Punjab Vidhan Sabha
Digitized by;
Panjab Digital Library

ਦੇ ਅੰਦਰ ਮੈਂ ਦੱਸ ਸਕਦਾ ਹਾਂ ਕਿ ਅਧਿਕਾਰੀਆਂ ਨੇ ਸਮਾਨ ਆਪਣੇ ਸਿਰਾਂ ਤੇ ਚੁੱਕ ਕੇ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਦੇ ਹੋਏ ਭੁੱਖੇ ਲੋਕਾਂ ਨੂੰ ਰਸਦ ਪਹੁੰਚਾਈ। ਸਾਰੇ ਪੰਜਾਬ ਦੇ ਅੰਦਰ ਜਿਹੜੀਆਂ ਸੰਸਥਾਵਾਂ ਹਨ, ਖਾਸ ਤੌਰ ਤੇ ਮੈਂ ਜ਼ਿਕਰ ਕਰਨਾ ਚਾਹਾਂਗਾ ਪੰਜਾਬ ਦੇ ਅੰਦਰ ਸਰਦਾਰ ਬੇਅੰਤ ਸਿੰਘ ਦੀ ਰਹਿਨੁਮਾਈ ਅੰਦਰ ਪੰਚਾਇਤਾਂ ਦੀ ਚੋਣ ਸਮੇਂ 40 ਫੀਸਦੀ ਲੋਕ 25 ਤੋਂ 30 ਵਰ੍ਹਿਆਂ ਦੇ ਨੌਜਵਾਨ ਪੰਚ ਅਤੇ ਸਰਪੰਚ ਹਨ। ਇਹਨਾਂ ਪੰਚਾਂ ਅਤੇ ਸਰਪੰਚਾਂ ਨੇ ਹੜ੍ਹ ਸਮੇਂ ਲੋਕਾਂ ਦੀ ਬਹੁਤ ਮੱਦਦ ਕੀਤੀ। ਜਿਨ੍ਹਾਂ ਨੇ ਤਬਾਹੀ ਵਾਲੇ ਇਲਾਕਿਆਂ ਵਿੱਚ ਆਟਾ ਖੰਡ ਆਦਿ ਟਰੱਕਾਂ ਆਦਿ ਵਿੱਚ ਭਰ ਕੇ ਉਹਨਾਂ ਲੋਕਾਂ ਕੋਲ ਪਹੁੰਚਾਇਆ। ਮੈਂ ਇਹਨਾਂ ਸਾਰੀਆਂ ਸੰਸਥਾਵਾਂ ਅਤੇ ਲੋਕਾਂ ਅਤੇ ਨੌਜਵਾਨ ਸਾਥੀਆਂ ਦਾ ਵੀ ਬਹੁਤ ਧੰਨਵਾਦੀ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ ਜੀ ਨੇ ਅਪੀਲ ਕੀਤੀ ਕਿ ਰਿਲੀਫ ਫੰਡ ਲਈ ਰਿਲੀਫ ਦਿਉ। ਸਰਦਾਰ ਦਿਲਬਾਗ ਸਿੰਘ ਚੇਅਰਮੈਨ ਅਜੀਤ ਅਖਬਾਰ ਨੇ 5 ਲੱਖ ਰਿਲੀਫ ਫੰਡ ਦਿੱਤਾ। ਸਿਪਾਹੀ ਤੋਂ ਲੈ ਕੇ ਡੀ.ਜੀ.ਪੀ. ਤਾਈਂ ਸਾਰਿਆਂ ਦੀ ਇਕ ਦਿਨ ਦੀ ਤਨਖਾਹ 50 ਲੱਖ ਦੇ ਕਰੀਬ ਬਣਦੀ ਹੈ, ਉਹਨਾਂ ਨੇ ਵੀ ਫੰਡ ਵਿਚ ਹਿੱਸਾ ਪਾਇਆ। ਮੰਡੀਕਰਨ ਬੋਰਡ ਨੇ 51 ਲੱਖ ਰੁਪਏ ਦਿੱਤਾ। ਮੈਂ ਅਜੀਤ ਅਖਬਾਰ ਦੀ ਗੱਲ ਕਰਦਾ ਹਾਂ ਜਿਹੜਾ ਕਿ ਸਾਡਾ ਵਿਰੋਧੀ ਗਿਣਿਆ ਜਾਂਦਾ ਹੈ। ਉਹ ਮੁੱਖ ਮੰਤਰੀ ਜੀ ਦੇ ਖਿਲਾਫ ਲਿਖਦਾ ਹੈ। ਲੇਕਿਨ ਮੈਂ ਸਾਂਝੇ ਪੰਜਾਬ ਦੀ ਗੱਲ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਲੋਕਾਂ ਦੀਆਂ ਦੁਖ ਅਤੇ ਤਕਲੀਫਾਂ ਨੂੰ ਸਮਝਦਿਆਂ ਹੋਇਆਂ 'ਅਜੀਤ' ਦੇ ਐਡੀਟਰ ਸਰਦਾਰ ਬਰਜਿੰਦਰ ਸਿੰਘ ਅਤੇ ਹੋਰ ਦੂਸਰੇ ਸਾਰਿਆਂ ਨੇ ਟਰੱਸਟ ਵਲੋਂ 5 ਲੱਖ ਰੁਪਿਆ ਸਰਦਾਰ ਬੇਅੰਤ ਸਿੰਘ ਜੀ ਨੂੰ ਉਨ੍ਹਾਂ ਦੇ ਰਿਲੀਫ ਫੰਡ ਵਿੱਚ ਦਿੱਤਾ। ਇਸੇ ਤਰ੍ਹਾਂ 'ਹਿੰਦ ਸਮਾਚਾਰ' ਗਰੁੱਪ ਨੇ 1 ਲੱਖ ਰੁਪਿਆ ਦਿਤਾ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬ ਦੇ ਲੋਕਾਂ ਨੂੰ ਸਰਦਾਰ ਬੇਅੰਤ ਸਿੰਘ ਜੀ ਤੇ ਭਰੋਸਾ ਹੈ, ਵਿਸ਼ਵਾਸ ਹੈ ਕਿ ਸਾਡਾ ਦਿੱਤਾ ਇਕ ਇਕ ਰੁਪਿਆ, ਸਾਡਾ ਦਿੱਤਾ ਇਕ ਇਕ ਪੈਸਾ ਅੰਜਾਈਂ ਨਹੀਂ ਜਾਵੇਗਾ ਅਤੇ ਇਹ ਦੁਖੀ ਤੇ ਹੜ੍ਹ ਪੀੜਤ ਲੋਕਾਂ ਵਾਸਤੇ ਵਰਤਿਆ ਜਾਵੇਗਾ। ਮੈਂ ਇਸ ਗੱਲ ਦੀ ਪਰਸੰਸਾ ਕਰਨੀ ਚਾਹੁੰਦਾ ਹਾਂ, ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਬਹੁਤ ਵੱਡੇ ਵੱਡੇ ਫੈਸਲੇ ਲਏ। ਅੱਤਵਾਦ ਦੀ ਗੱਲ ਤਾਂ ਹੁਣ ਪੁਰਾਣੀ ਹੋ ਗਈ ਹੈ। ਮੈਂ ਉਸ ਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ, ਹੁਣ ਇਕ ਨਵਾਂ ਫੈਸਲਾ ਲਿਆ ਹੈ ਕਿ ਇਹ ਹੜ੍ਹਾਂ ਦਾ ਕੰਟਰੋਲ ਬੋਰਡ ਕਾਇਮ ਕੀਤਾ ਹੈ। ਪਹਿਲਾਂ ਇਹ ਹੁੰਦਾ ਸੀ ਕਿ ਹਰ ਵੇਲੇ ਇਸ ਕੰਮ ਵਾਸਤੇ ਪੈਸਾ ਦਿਤਾ ਜਾਂਦਾ ਸੀ ਅਤੇ ਜਿਹੜੀ ਥੋੜੀ ਜਿਹੀ ਰਕਮ ਇਸ ਕੰਮ ਵਾਸਤੇ ਦਿੱਤੀ ਜਾਂਦੀ ਸੀ ਉਹ ਖਰਚ ਹੋ ਜਾਂਦੀ ਸੀ ਅਤੇ ਹੜ੍ਹਾਂ ਦੀ ਮਾਰ ਪੈਂਦੀ ਰਹਿੰਦੀ ਸੀ। ਮੈਨੂੰ, ਮਾਨਯੋਗ ਸਪੀਕਰ ਸਾਹਿਬ, ਇਸ ਗੱਲ ਦੀ ਖੁਸ਼ੀ ਹੋਈ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਇਹ ਇਕ ਨਵਾਂ ਫੈਸਲਾ ਲਿਆ ਹੈ ਔਰ ਮੈਨੂੰ ਉਮੀਦ ਹੈ, ਪੰਜਾਬ ਦੇ ਲੋਕਾਂ ਨੂੰ ਉਮੀਦ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਹੇਠ 16 ਮਹੀਨਿਆਂ ਦੇ ਵਿੱਚ ਉਹ ਅੱਤਵਾਦ ਜਿਸ ਦੇ ਬਾਰੇ ਇਥੇ ਬੜਾ ਕਿਹਾ ਜਾਂਦਾ ਸੀ, ਪੰਜਾਬ ਵਿੱਚ ਉਸ ਨੂੰ ਖਤਮ ਕੀਤਾ ਹੈ ਅਤੇ ਉਸ ਅੱਤਵਾਦ ਦੇ ਖਾਤਮੇਂ ਤੋਂ ਬਾਅਦ ਹੁਣ ਪੰਜਾਬ ਦੇ ਲੋਕਾਂ ਨੂੰ ਇਸ ਗੱਲ ਦੀ ਉਮੀਦ ਹੈ ਕਿ ਜਿਹੜੇ ਹੜ੍ਹ ਆਏ ਹਨ ਇਸ ਦੇ ਬਾਰੇ ਵੀ ਸਰਦਾਰ ਬੇਅੰਤ ਸਿੰਘ ਜੀ ਅਤੇ ਉਨ੍ਹਾਂ ਦੀ ਸਰਕਾਰ ਕੋਈ ਐਸਾ ਪ੍ਰਬੰਧ ਕਰਨਗੇ ਕਿ ਇਸ ਤੋਂ ਬਾਅਦ ਕਿੰਨੀ ਵੀ ਕੁਦਰਤੀ ਕਰੋਪੀ ਹੋਵੇਗੀ ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਦੇ ਹੜ੍ਹ ਨਹੀਂ ਆਉਣਗੇ ਇਹ ਕੋਈ ਐਸਾ ਪ੍ਰਬੰਧ ਕਰਨਗੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਬੀਰ ਸਿੰਘ]

ਆਖਿਰ ਵਿੱਚ, ਮਾਨਯੋਗ ਸਪੀਕਰ ਸਾਹਿਬ, ਜਿਥੇ ਮੈਂ ਜ਼ਿਲ੍ਹਾ ਐਡਮਨਿਸਟਰੇਸ਼ਨ ਦੇ ਰੋਲ ਦੀ, ਜਿਥੇ ਮੈਂ ਪੁਲਿਸ ਦੇ ਰੋਲ ਦੀ, ਫੌਜ ਦੇ ਰੋਲ ਦੀ ਪ੍ਰਸ਼ੰਸਾ ਕਰਦਾ ਹਾਂ ਉਥੇ ਪਾਰਟੀ ਪੱਧਰ ਤੋਂ ਉਪਰ ਉਠ ਕੇ ਆਪਣੇ ਸਾਥੀਆਂ ਦੀ ਜੋ ਇਸ ਮੁਕੱਦਸ ਹਾਊਸ ਵਿਚ ਬੈਠੇ ਹਨ, ਭਾਵੇਂ ਉਹ ਕਿਸੀ ਵੀ ਪਾਰਟੀ ਨਾਲ ਸਬੰਧਤ ਹੋਣ ਉਨ੍ਹਾਂ ਨੇ ਵੀ ਆਪਣੀਆਂ ਜ਼ਿੰਦਗੀਆਂ ਖਤਰੇ ਵਿਚ ਪਾ ਕੇ ਲੋਕਾਂ ਵਿੱਚ ਜਾ ਜਾ ਕੇ ਲੋਕਾਂ ਦੀ ਸੇਵਾ ਕੀਤੀ, ਮੈਂ ਸਾਰੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ ਅਤੇ ਉਨ੍ਹਾਂ ਦੇ ਰੋਲ ਦੀ ਪ੍ਰਸ਼ੰਸਾ ਕਰਦਾ ਹਾਂ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਗੱਲ ਵੀ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਜਿਥੇ ਸਾਰੀ ਕੈਬਨਿਟ ਨੇ ਆਪਣੀ ਇਕ ਮਹੀਨੇ ਦੀ ਤਨਖਾਹ ਦੇਣ ਦਾ ਐਲਾਨ ਕੀਤਾ ਸੀ ਉਥੇ ਹੁਣ ਪੰਜਾਬ ਦੀ ਲੈਜਿਸਲੇਟਿਵ ਪਾਰਟੀ ਨੇ ਵੀ ਇਸ ਗੱਲ ਦਾ ਫੈਸਲਾ ਕੀਤਾ ਹੈ ਉਹ ਵੀ ਆਪਣੀ ਇਕ ਮਹੀਨੇ ਦੀ ਤਨਖਾਹ ਮੁੱਖ ਮੰਤਰੀ ਜੀ ਦੇ ਰਿਲੀਫ ਫੰਡ ਵਿੱਚ ਦੇਣਗੇ। (ਥੰਪਿੰਗ) ਮੈਂ ਇਸ ਗੱਲ ਦੀ ਪ੍ਰਸ਼ੰਸਾ ਕਰਦਾ ਹਾਂ। ਮਾਨਯੋਗ ਸਪੀਕਰ ਸਾਹਿਬ, ਮੈਨੂੰ ਇਹ ਗੱਲ ਕਹਿਣ ਵਿੱਚ ਕੋਈ ਹਿਚਕਚਾਹਟ ਨਹੀਂ, ਇਹ ਠੀਕ ਹੈ ਕਿ ਕਰੋਪੀ ਕੁਦਰਤ ਦੀ ਸੀ ਪਰ ਮੈਂ ਆਪ ਜੀ ਦੇ ਰਾਹੀਂ ਸਰਦਾਰ ਬੇਅੰਤ ਸਿੰਘ ਜੀ ਨੂੰ ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਥੇ ਉਨ੍ਹਾਂ ਨੇ ਕੁਰੱਪਟ ਅਧਿਕਾਰੀਆਂ ਨੂੰ ਭਾਵੇਂ ਉਹ ਕਿੰਨੇ ਵੀ ਵੱਡੇ ਸਨ, ਉਨ੍ਹਾਂ ਨੂੰ ਹੱਥ ਪਾਇਆ ਹੈ, ਅਤੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ, ਉਨ੍ਹਾਂ ਨੂੰ ਡਿਸਮਿਸ ਕੀਤਾ ਹੈ ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਹੜ੍ਹਾਂ ਦੇ ਅੰਦਰ ਵੀ ਜਿਨ੍ਹਾਂ ਅਧਿਕਾਰੀਆਂ ਨੇ ਕੋਈ ਵੀ ਕੁਤਾਹੀ ਕੀਤੀ ਹੈ, ਜਿਨ੍ਹਾਂ ਦਾ ਰੋਲ ਗਲਤ ਸੀ ਅਤੇ ਜਿਨ੍ਹਾਂ ਨੇ ਆਪਣੇ ਫਰਜ਼ਾਂ ਦੀ ਪਾਲਣਾ ਨਹੀਂ ਕੀਤੀ ਉਨ੍ਹਾਂ ਨੂੰ ਵੀ ਸਖਤ ਤੋਂ ਸਖਤ ਸਜ਼ਾਵਾਂ ਦਿਤੀਆਂ ਜਾਣ ਤਾਂਕਿ ਅਗੇ ਨੂੰ ਕੋਈ ਵੀ ਅਧਿਕਾਰੀ, ਕੋਈ ਵੀ ਮਨੁੱਖ ਇਸ ਤਰ੍ਹਾਂ ਦੀ ਗਫਲਤ ਨਾ ਕਰ ਸਕੇ। ਮੈਂ ਮਾਨਯੋਗ ਸਪੀਕਰ ਸਾਹਿਬ, ਆਪਣੀ ਗੱਲ ਖਤਮ ਕਰਨ ਤੋਂ ਪਹਿਲਾਂ ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਜੀ, ਸ੍ਰੀ ਨਰਸਿਮਹਾ ਰਾਓ ਜੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਜਦੋਂ ਹੀ ਪੰਜਾਬ ਦੀ ਤਬਾਹੀ ਦਾ ਪਤਾ ਲਗਾ, ਤਾਂ ਉਨ੍ਹਾਂ ਆਪ ਖੁਦ ਹੀ ਪੰਜਾਬ ਦਾ ਹਵਾਈ ਸਰਵੇ ਕੀਤਾ ਅਤੇ ਚੰਡੀਗੜ੍ਹ ਵਿੱਚ 23 ਕਰੋੜ ਰੁਪਿਆ ਪੰਜਾਬ ਦੇ ਲੋਕਾਂ ਨੂੰ ਜਿਨ੍ਹਾਂ ਦਾ ਹੜ੍ਹਾਂ ਦੇ ਨਾਲ ਨੁਕਸਾਨ ਹੋਇਆ ਉਨ੍ਹਾਂ ਨੂੰ ਰਿਲੀਫ ਦੇਣ ਲਈ ਐਲਾਨ ਕੀਤਾ ਔਰ ਹੋਰ ਹੁਕਮ ਕੀਤਾ ਕਿ ਛੇਤੀ ਹੀ ਕਾਫੀ ਵੱਡੀ ਪੱਧਰ ਦੀ ਕਮੇਟੀ ਪੰਜਾਬ ਦਾ ਦੌਰਾ ਕਰੇਗੀ। ਉਨ੍ਹਾਂ ਨੇ ਕਿਹਾ ਕਿ ਸਰਦਾਰ ਬੇਅੰਤ ਸਿੰਘ ਜੀ ਅਸੀਂ ਇਸ ਦੁਖ ਦੀ ਘੜੀ ਵਿਚ ਤੁਹਾਡੇ ਨਾਲ ਖੜ੍ਹੇ ਹਾਂ ਅਤੇ ਪੰਜਾਬ ਨੂੰ ਬਚਾਉਣ ਵਾਸਤੇ, ਲੋਕਾਂ ਦੀ ਮੱਦਦ ਵਾਸਤੇ ਜੋ ਚਾਹੀਦਾ ਹੈ ਉਹ ਤੁਹਾਨੂੰ ਦੇਵਾਂਗੇ।

ਇਸ ਦੇ ਨਾਲ ਹੀ ਮੈਂ ਪ੍ਰਧਾਨ ਮੰਤਰੀ ਜੀ ਦਾ ਇਸ ਗੱਲ ਲਈ ਵੀ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਥੀਨ ਡੈਮ ਵਾਸਤੇ ਜਿਹੜਾ ਕਾਫੀ ਸਮੇਂ ਤੋਂ ਮਾਮਲਾ ਲਟਕ ਰਿਹਾ ਸੀ ਉਹ ਵੀ 2 ਸਾਲਾਂ ਵਿਚ ਮੁਕੰਮਲ ਕਰਨ ਲਈ ਕਿਹਾ ਹੈ ਔਰ ਇਸ ਵਾਸਤੇ ਜਿੰਨਾ ਵੀ ਪੈਸਾ ਚਾਹੀਦਾ ਹੈ ਉਹ ਦਿੱਤਾ ਜਾਵੇਗਾ। ਮੈਨੂੰ ਯਕੀਨ ਹੈ ਕਿ ਜਦੋਂ ਥੀਨ ਡੈਮ ਮੁਕੰਮਲ ਹੋ ਜਾਵੇਗਾ ਤਾਂ ਨਾ ਪਾਣੀ ਦਾ ਮਸਲਾ ਰਹੇਗਾ ਔਰ ਨਾ ਬਿਜਲੀ ਦਾ ਮਸਲਾ ਰਹੇਗਾ ਔਰ ਨਾ ਹੀ ਇਨ੍ਹਾਂ ਕੋਲ ਮੋਰਚੇ ਲਾਉਣ ਦਾ ਮਸਲਾ ਰਹਿ ਜਾਏਗਾ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ।

**Mr. Speaker** : Motion moved :—

That the situation arising out of the recent floods in the State be discussed.

Original with;
Punjab Vidhan Sabha
Digitized by;
Panjab Digital Library

**ਕੈਪਟਨ ਅਮਰਿੰਦਰ ਸਿੰਘ (ਸਮਾਣਾ)**: ਸਪੀਕਰ ਸਾਹਿਬ, ਅੱਜ 11 ਦਿਨ ਹੋ ਗਏ ਹਨ ਜਦੋਂ ਤੋਂ ਪੰਜਾਬ ਵਿਚ ਫਲੱਡ ਆਏ ਹਨ। ਜਦੋਂ ਵੀ ਕੋਈ ਇਹੋ ਜਿਹਾ ਸੰਕਟ ਆਉਂਦਾ ਹੈ ਤਾਂ ਹੋਰ ਕੰਟਰੀਜ਼ ਵਿਚ ਇਕ ਦਮ ਅਰਜੰਟ ਤੌਰ ਤੇ ਉਥੋਂ ਦਾ ਸਦਨ ਮੀਟ ਕਰਦਾ ਹੈ ਔਰ ਉਹ ਉਸ ਦਾ ਸਾਹਮਣਾ ਕਰਨ ਲਈ ਹੱਲ ਕੱਢਦੇ ਹਨ। ਮੇਰੀ ਜ਼ਿੰਦਗੀ ਵਿਚ ਇਹੋ ਜਿਹਾ ਪਹਿਲਾ ਸੰਕਟ ਹੈ, ਐਨਾ ਵੱਡਾ ਸੰਕਟ ਪਹਿਲੇ ਕਦੇ ਨਹੀਂ ਆਇਆ। ਇਸ ਲਈ ਮੈਂ ਸਮਝਦਾ ਹਾਂ ਕਿ ਇਹੋ ਜਿਹੇ ਸਮੇਂ ਜੇ ਇਕਦਮ ਸਦਨ ਬੁਲਾ ਲਿਆ ਜਾਵੇ ਔਰ ਵਿਚਾਰ ਕੀਤਾ ਜਾਵੇ ਤਾਂ ਮਸਲਾ ਕੁਝ ਜਲਦੀ ਹੱਲ ਹੋ ਸਕਦਾ ਹੈ। ਅੱਜ ਵੀ ਸਦਨ ਸਵੇਰ ਤੋਂ ਚੱਲ ਰਿਹਾ ਹੈ ਪਰ ਜਿਹੜਾ ਅਹਿਮ ਮਸਲਾ ਸੀ ਉਸ ਨੂੰ ਹੁਣ ਸ਼ਾਮ ਨੂੰ 4 ਵਜੇ ਲਿਆ ਹੈ ਔਰ ਬਹਿਸ ਸ਼ੁਰੂ ਕੀਤੀ ਹੈ, ਔਰ ਇਸ ਵਾਸਤੇ ਇਕ ਘੰਟਾ ਦਿੱਤਾ ਗਿਆ ਹੈ। (ਵਿਘਨ) ਇਹ ਵੱਖਰੀ ਗੱਲ ਹੈ ਲੋਕਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। 16 ਤਾਰੀਖ ਨੂੰ ਜਦੋਂ ਪ੍ਰਧਾਨ ਮੰਤਰੀ ਇਥੇ ਆਏ ਸਨ ਤਾਂ ਉਸ ਵੇਲੇ ਵੱਖ ਵੱਖ ਥਾਵਾਂ ਤੋਂ ਡੈਮੇਜ ਦੀ ਰਿਪੋਰਟ ਜੋ ਇਕੱਠੀ ਕੀਤੀ ਗਈ ਉਸ ਵਿਚ ਦੱਸਿਆ ਗਿਆ ਸੀ ਕਿ 2500 ਪਿੰਡ ਤਬਾਹ ਹੋਏ ਹਨ, 40 ਸ਼ਹਿਰਾਂ ਨੂੰ ਨੁਕਸਾਨ ਹੋਇਆ ਹੈ ਔਰ ਲਗ ਭਗ 25 ਲੱਖ ਬੰਦਿਆਂ ਦਾ ਨੁਕਸਾਨ ਹੋਇਆ ਹੈ। ਇਸ ਵਿਚ ਮੈਂ ਕੋਈ ਮੁੱਖ ਮੰਤਰੀ ਸਾਹਿਬ ਦੀ ਗਲਤੀ ਨਹੀਂ ਸਮਝਦਾ ਕਿਉਂਕਿ ਐਨੇ ਥੋੜ੍ਹੇ ਸਮੇਂ ਵਿਚ ਹਰ ਜਗ੍ਹਾ ਤੇ ਇਹ ਨਹੀਂ ਜਾ ਸਕੇ ਹੋਣੇ। ਮੈਂ ਵੀ ਸਿਰਫ ਪਟਿਆਲਾ ਔਰ ਰੋਪੜ ਦੇ ਜ਼ਿਲ੍ਹੇ ਵਿਚ ਹੀ ਘੁੰਮ ਸਕਿਆ ਹਾਂ। ਇਹ ਸ਼ਹਿਰਾਂ ਦਾ ਹਾਲ ਹੈ। ਪਿੰਡਾਂ ਦਾ ਤਾਂ ਪਤਾ ਹੀ ਨਹੀਂ, ਕਿੰਨੇ ਪਾਣੀ ਵਿਚ ਡੁੱਬ ਗਏ ਹਨ। ਇਥੇ ਜੋ ਸ਼ਲਾਘਾ ਕੀਤੀ ਗਈ ਹੈ ਕਿ ਸੈਂਟਰ ਨੇ ਗਰਾਂਟ ਦਿੱਤੀ ਹੈ, ਉਸ ਦੇ ਸਬੰਧ ਵਿਚ ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ। ਜਿਸ ਦਿਨ ਸਾਡੇ ਪ੍ਰਧਾਨ ਮੰਤਰੀ ਨੇ ਪੰਜਾਬ ਦਾ ਦੌਰਾ ਕੀਤਾ ਉਸ ਤੋਂ ਅਗਲੇ ਦਿਨ ਵੈਸਟਰਨ ਕੰਟਰੀ ਵਿਚ ਇਕ ਮਿਸੀਸਿਪੀ ਨਦੀ ਆਉਂਦੀ ਹੈ। ਉਸ ਵਿਚ ਹੜ੍ਹ ਆਏ। ਇਹ ਅਖਬਾਰਾਂ ਵਿਚ ਆਇਆ ਸੀ ਔਰ ਕੋਈ 30 ਹਜ਼ਾਰ ਬੰਦੇ ਤਬਾਹ ਹੋ ਗਏ। ਉਸ ਤੇ ਉਥੋਂ ਦੀ ਸੈਨੇਟ ਨੇ ਉਸੇ ਦਿਨ ਮੀਟ ਕੀਤਾ ਔਰ ਉਨ੍ਹਾਂ ਦੀ ਰਲੀਫ ਵਾਸਤੇ ਢਾਈ ਹਜ਼ਾਰ ਡਾਲਰ ਜੋ ਕਿ ਸਾਡੀ ਕਰੰਸੀ ਦੇ ਮੁਤਾਬਿਕ ਸਾਢੇ 7 ਹਜ਼ਾਰ ਕਰੋੜ ਰੁਪਏ ਦੇ ਕਰੀਬ ਬਣਦੇ ਹਨ, ਉਨ੍ਹਾਂ 30 ਹਜ਼ਾਰ ਬੰਦਿਆਂ ਵਾਸਤੇ ਰਿਲੀਫ ਦਿੱਤਾ। ਇਸ ਦੇ ਮੁਤਾਬਿਕ ਇਕ ਇਕ ਆਦਮੀ ਨੂੰ ਕੋਈ 25 ਲੱਖ ਰੁਪਿਆ ਮਿਲਦਾ ਹੈ। ਮੈਂ ਉਸ ਕੰਟਰੀ ਨਾਲ ਮੁਕਾਬਲਾ ਤਾਂ ਨਹੀਂ ਕਰਦਾ ਕਿਉਂਕਿ ਹਰ ਇਕ ਮੁਲਕ ਦੀ ਅਕਾਨੋਮੀ ਆਪਣੀ ਤਰ੍ਹਾਂ ਦੀ ਹੀ ਹੁੰਦੀ ਹੈ। ਸਾਡੀ ਇਹੋ ਜਿਹੀ ਨਹੀਂ ਹੋ ਸਕਦੀ। ਪਰ ਮੈਂ ਸਮਝਦਾ ਹਾਂ ਕਿ ਜੋ ਉਨ੍ਹਾਂ ਦਾ ਸਟੈਂਡਰਡ ਆਫ ਲਿਵਿੰਗ ਹੈ, ਜਿਸ ਤਰ੍ਹਾਂ ਨਾਲ ਆਮ ਲੋਕ ਰਹਿੰਦੇ ਹਨ ਉਸ ਦੇ ਮੁਤਾਬਿਕ ਜੋ ਇਹ ਫਿਗਰਜ਼ 25 ਲੱਖ ਦੀ ਦਿੱਤੀ ਗਈ ਹੈ, ਜੋ ਲੋਕ ਅਫੈਕਟਿਡ ਹੋਏ ਹਨ, ਉਨ੍ਹਾਂ ਲਈ ਇਹ ਰਕਮ ਬਹੁਤ ਥੋੜ੍ਹੀ ਹੈ। ਸਾਡੇ ਪ੍ਰਧਾਨ ਮੰਤਰੀ ਨੇ ਇੱਕੀ ਕਰੋੜ ਰੁਪਏ ਆਪਣੇ ਰਿਲੀਫ ਫੰਡਜ਼ ਦੇ ਵਿਚੋਂ ਦਿੱਤੇ ਹਨ। ਅਗਰ ਅਸੀਂ ਪਰ ਹੈਡ ਹਿਸਾਬ ਲਗਾਈਏ ਜਿਸ ਹਿਸਾਬ ਨਾਲ ਰਿਲੀਫ ਮਿਲਿਆ ਹੈ, ਤਾਂ ਇਹ ਪਰ ਹੈਡ 91 ਰੁਪਏ ਬਣਦਾ ਹੈ। 21 ਕਰੋੜ ਰੁਪਿਆ ਗੌਰਮਿੰਟ ਆਫ ਇੰਡੀਆ ਨੇ ਨੇਚੁਰਲ ਕੈਲਾਮਿਟੀ ਰਿਲੀਫ ਫੰਡਜ਼ ਦੇ ਵਿਚੋਂ ਪੰਜਾਬ ਨੂੰ ਦਿੱਤੇ ਹਨ। ਸਾਡੇ ਪੰਜਾਬ ਵਿਚ ਹੜ੍ਹਾਂ ਦੇ ਨਾਲ ਸੜਕਾਂ ਟੁਟ ਗਈਆਂ ਅਤੇ ਸਾਫ ਹੋ ਗਈਆਂ, ਪੁਲ ਟੁੱਟ ਗਏ ਔਰ ਲੋਕਾਂ ਦੇ ਘਰ ਟੁੱਟ ਗਏ ਹਨ ਅਤੇ ਰੋਪੜ ਜ਼ਿਲ੍ਹੇ ਦੇ ਵਿਚ ਕੋਈ ਐਸਾ ਘਰ ਨਹੀਂ ਹੋਵੇਗਾ ਜਿਸ ਵਿਚ ਤਰੇੜਾਂ ਨਾ ਆਈਆਂ ਹੋਣ ਅਤੇ ਪਟਿਆਲਾ ਜ਼ਿਲ੍ਹੇ ਦੇ ਵਿਚ ਕੋਈ ਹੀ ਘਰ ਬਚਿਆ ਹੋਵੇਗਾ ਜਿਸ ਘਰ ਦਾ ਨੁਕਸਾਨ ਨਾ ਹੋਇਆ ਹੋਵੇ। ਲੋਕਾਂ ਦੇ ਘਰ ਸਾਫ ਹੋ ਗਏ, ਪਲਾਟ ਨਜ਼ਰ ਨਹੀਂ ਆ ਰਹੇ। ਸਰਦਾਰ

Original with;
Punjab Vidhan Sabha
Digitized by;
Punjab Digital Library

[ ਕੈਪਟਨ ਅਮਰਿੰਦਰ ਸਿੰਘ ]

ਰਵੀਇੰਦਰ ਸਿੰਘ, ਸਾਬਕਾ ਸਪੀਕਰ, ਮੈਨੂੰ ਦਸ ਰਹੇ ਸਨ ਕਿ ਇਕ ਪਿੰਡ ਦੀ ਉਹ ਭਾਲ ਕਰ ਰਹੇ ਸਨ ਉਸ ਪਿੰਡ ਦਾ ਪਤਾ ਤੱਕ ਨਹੀਂ ਲੱਗਾ। ਪਿੰਡਾਂ ਦੇ ਪਿੰਡ ਰੁੜ੍ਹ ਗਏ। ਹੁਣ ਤੁਸੀਂ ਦੱਸੋ 21 ਕਰੋੜ ਰੁਪਏ ਦੇ ਨਾਲ ਪਰ ਹੈਡ 91 ਰੁਪਏ ਦੇ ਕੇ ਅਸੀਂ ਲੋਕਾਂ ਦੀ ਕੀ ਮਦਦ ਕਰ ਸਕਦੇ ਹਾਂ ਅਤੇ ਲੋਕਾਂ ਨੂੰ ਕੀ ਮੁਆਵਜ਼ਾ ਦੇ ਸਕਦੇ ਹਾਂ। ਲੋਕਾਂ ਦੀਆਂ ਮੱਝਾਂ ਮਰ ਗਈਆਂ ਹਨ। ਪਟਿਆਲਾ ਜ਼ਿਲ੍ਹੇ ਦੇ ਵਿਚ 1000 ਪਿੰਡ ਹਨ ਅਤੇ ਹਰ ਘਰ ਵਿਚ ਮੱਝਾਂ ਗਾਂ, ਬਲਦ ਹੁੰਦਾ ਹੈ ਅਤੇ ਕਈ ਲੋਕਾਂ ਕੋਲ 10-15 ਪਸ਼ੂ ਵੀ ਹੁੰਦੇ ਹਨ। ਉਹ ਸਭ ਮਰ ਗਏ ਹਨ ਅਤੇ ਕਈ ਪਿੰਡ ਖਤਮ ਹੋ ਗਏ ਹਨ। 10 ਹਜ਼ਾਰ ਦੇ ਕਰੀਬ ਜਾਨਵਰ ਮਰ ਗਏ ਹੋਣਗੇ। ਹੈਲੀਕਾਪਟਰ ਰਾਹੀਂ ਮਿਲਟਰੀ ਵਾਲੇ ਦੱਸ ਰਹੇ ਸਨ ਕਿ ਕੋਈ ਸੂਆ ਕਨਾਲ, ਟੋਬਾ ਨਹੀਂ ਹੋਵੇਗਾ ਜਿਥੇ ਜਾਨਵਰ ਮਰੇ ਪਏ ਨਾ ਹੋਣ। ਪਸ਼ੂ ਪਾਣੀ ਦੇ ਹੜ੍ਹ ਕਾਰਣ ਮਰ ਗਏ ਹਨ। ਲੋਕਾਂ ਦੀ ਸਹਾਇਤਾ ਕਰਨ ਲਈ ਜਿਹੜੀ ਗੌਰਮਿੰਟ ਆਫ ਇੰਡੀਆ ਤੋਂ ਗ੍ਰਾਂਟ ਮਿਲੀ ਹੈ ਉਹ 91 ਰੁਪਏ ਪਰ ਹੈਡ ਬਣਦੀ ਹੈ। ਇਸ ਦੇ ਵਿਚੋਂ ਘਰਾਂ ਦਾ ਨੁਕਸਾਨ ਪੂਰਾ ਕਰੋਗੇ, ਪਸ਼ੂ ਜਿਹੜੇ ਮਰ ਗਏ ਹਨ ਉਸ ਦਾ ਮੁਆਵਜ਼ਾ ਦੇਵੋਗੇ ਅਤੇ ਜਿਹੜੇ ਜੀਵ ਮਰ ਗਏ ਸਾਡੀ ਸਰਕਾਰ ਕੋਲ ਕੰਪਨਸੇਸ਼ਨ ਦੇਣ ਲਈ ਪੈਸੇ ਨਹੀਂ ਹਨ ਕਿਉਂਕਿ ਸਾਡੀ ਸਟੇਟ ਦੇ ਪਿਛਲੇ 10 ਸਾਲਾਂ ਵਿੱਚ ਹਾਲਾਤ ਐਸੇ ਰਹੇ ਹਨ ਕਿ ਪੈਸਾ ਮਿਲੀਟੈਂਸੀ ਉਤੇ ਖਰਚ ਹੋ ਗਿਆ ਹੈ ਅਤੇ ਪੁਲਿਸ ਉਤੇ ਕਾਫੀ ਖਰਚਾ ਹੋ ਗਿਆ ਹੈ। ਸਾਡੇ ਮੁੱਖ ਮੰਤਰੀ ਜੀ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਹੈ ਕਿ ਸਾਡਾ ਐਸਟੀਮੇਟ 2000 ਕਰੋੜ ਰੁਪਏ ਦਾ ਹੈ ਪਰ ਸਾਨੂੰ ਮਿਲਿਆ ਹੈ 23 ਕਰੋੜ ਰੁਪਿਆ ਔਰ ਇਹ 1.15% ਬਣਦਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਸਰਕਾਰ ਕੋਲ ਪੈਸੇ ਨਹੀਂ ਹਨ। ਸਰਕਾਰ ਨੇ ਹਾਲੇ ਨੁਕਸਾਨ ਦੀ ਅਸੈਸਮੈਂਟ ਕਰਨ ਲਈ ਆਰਡਰ ਨਹੀਂ ਕੀਤੇ ਹਨ। 10 ਦਿਨ ਹੋ ਗਏ ਹਨ ਇਹ ਆਰਡਰ ਹਾਲੇ ਤੱਕ ਡਿਸਟ੍ਰਿਕਟ ਐਡਮਨਿਸਟਰੇਸ਼ਨ ਕੋਲ ਨਹੀਂ ਪਹੁੰਚੇ ਹਨ ਕਿ ਕਿੰਨਾ ਕਿੰਨਾ ਨੁਕਸਾਨ ਹੋਇਆ ਹੈ। ਇਸ ਨੁਕਸਾਨ ਨੂੰ ਪੂਰਾ ਕਰਨ ਲਈ ਸਰਕਾਰ ਕੀ ਪ੍ਰਬੰਧ ਕਰੇਗੀ ਔਰ ਇਹ ਸਾਰੇ ਪ੍ਰਬੰਧ ਕਰਨ ਲਈ ਸਰਕਾਰ ਨੂੰ ਪੈਸੇ ਦੀ ਲੋੜ ਪਵੇਗੀ ਅਤੇ ਇਨ੍ਹਾਂ ਨੂੰ ਦਿੱਲੀ ਦੀ ਸਰਕਾਰ ਕੋਲ ਜਾਣਾ ਪਵੇਗਾ, ਔਰ ਹੋਰ ਜ਼ਿਆਦਾ ਗ੍ਰਾਂਟ ਲੈਣ ਲਈ ਕੋਸ਼ਿਸ਼ ਕਰਨੀ ਪਵੇਗੀ। ਪੰਜਾਬ ਦੇ 14 ਜ਼ਿਲ੍ਹਿਆਂ ਦੇ ਵਿਚੋਂ 13 ਜ਼ਿਲ੍ਹੇ ਹੜ੍ਹਾਂ ਦੀ ਮਾਰ ਹੇਠ ਇਫੈਕਟਿਡ ਹੋਏ ਹਨ। ਕੇਵਲ ਫਰੀਦਕੋਟ ਜ਼ਿਲ੍ਹਾ ਹੀ ਬਚਿਆ ਹੈ। ਇਤਨੇ ਭੈੜੇ ਹਾਲਾਤ ਮੈਂ ਆਪਣੀ ਜ਼ਿੰਦਗੀ ਵਿਚ ਨਹੀਂ ਦੇਖੇ ਹਨ। ਪਟਿਆਲਾ ਸ਼ਹਿਰ ਦੇ ਕਈ ਐਸੇ ਮੁਹੱਲੇ ਹਨ, ਜਿਥੇ ਅਸੀਂ ਜਾ ਨਹੀਂ ਸਕੇ ਅਤੇ ਲੋਕ ਆਪਣੇ ਬੱਚਿਆਂ ਦੀ ਭਾਲ ਕਰ ਰਹੇ ਹਨ ਇਹ ਜਿਹੜੇ 23 ਕਰੋੜ ਰੁਪਏ ਪ੍ਰਧਾਨ ਮੰਤਰੀ ਵਲੋਂ ਪੰਜਾਬ ਨੂੰ ਹੜ੍ਹਾਂ ਦੀ ਤਬਾਹੀ ਕਰਕੇ ਦਿੱਤੇ ਗਏ ਹਨ, ਇਹ ਇਕ ਬਾਲਟੀ ਵਿਚ ਇਕ ਬੂੰਦ ਦੇ ਬਰਾਬਰ ਹਨ। ਪੰਜਾਬ ਸਰਕਾਰ ਨੂੰ ਸੈਂਟਰਲ ਗੌਰਮਿੰਟ ਤੋਂ ਐਸ਼ੋਰੈਂਸ ਲੈਣੀ ਚਾਹੀਦੀ ਹੈ ਕਿ ਇਸ ਸੂਬੇ ਨੂੰ ਸਪੈਸ਼ਲ ਟਰੀਟਮੈਂਟ ਦੇਣ ਲਈ ਸਪੈਸ਼ਲ ਗ੍ਰਾਂਟਸ ਰਿਲੀਜ਼ ਕੀਤੀਆਂ ਜਾਣ ਕਿਉਂਕਿ ਇਹ ਸੂਬਾ ਪਹਿਲੇ ਹੀ ਪਿਛਲੇ 10 ਸਾਲਾਂ ਤੋਂ ਮਿਲੀਟੈਂਸੀ ਕਰਕੇ ਤਬਾਹ ਹੁੰਦਾ ਰਿਹਾ ਹੈ, ਅਤੇ ਲੋਕਾਂ ਨੇ ਪਹਿਲੇ ਹੀ ਬਹੁਤ ਤਕਲੀਫਾਂ ਦਾ ਸਾਹਮਣਾ ਕੀਤਾ ਹੈ। ਇਹ ਪੈਸੇ ਦਾ ਇੰਤਜ਼ਾਮ ਸੈਂਟਰਲ ਗੌਰਮਿੰਟ ਤੋਂ ਕਰਵਾਉਣ। ਇਨ੍ਹਾਂ ਦੀ ਇਥੇ ਸਰਕਾਰ ਹੈ ਅਤੇ ਸੈਂਟਰ ਵਿਚ ਵੀ ਇਨਾਂ ਦੀ ਸਰਕਾਰ ਹੈ। ਅਸੀਂ ਆਪੋਜੀਸ਼ਨ ਪਾਰਟੀ ਵਾਲੇ ਸਾਰੇ ਸਰਕਾਰ ਦੇ ਨਾਲ ਹਾਂ ਅਤੇ ਪੂਰਾ ਸਾਥ ਦੇਵਾਂਗੇ। ਲੋਕਾਂ ਦੇ ਹਾਲਾਤ ਸੁਧਾਰਨ ਲਈ ਪਹਿਲੇ ਸਰਕਾਰ ਨੂੰ ਕਦਮ ਚੁਕਣੇ ਪੈਣਗੇ। ਫਸਲਾਂ ਦਾ ਨੁਕਸਾਨ ਹੋਇਆ ਹੈ। ਇਸ ਦੀ ਕੰਪਨਸੇਸ਼ਨ ਲਈ ਸੈਂਟਰ ਦੀ ਸਰਕਾਰ ਕੋਲੋਂ ਮੰਗ ਕਰਨੀ ਚਾਹੀਦੀ ਹੈ ਅਤੇ ਜ਼ਿਮੀਦਾਰਾਂ ਨੂੰ ਮੁਆਵਜ਼ਾ ਦੇਣ ਦੀ ਲੋੜ ਹੈ। ਮੈਂ ਇਕ ਘਰ ਗਿਆ, ਉਸ ਬੰਦੇ

Original with;
Punjab Vidhan Sabha
Digitized by;
Panjab Digital Library

ਕੋਲ ਪਾਉਣ ਲਈ ਇਕ ਕੁਰਤਾ ਤੱਕ ਨਹੀਂ ਰਿਹਾ। ਉਹ ਸ਼ਹਿਰੋਂ ਬਾਹਰ ਗਿਆ ਹੋਇਆ ਸੀ ਕਿ ਪਿਛੋਂ ਹੜ੍ਹ ਆ ਗਏ। ਉਸ ਦਾ ਘਰ ਸਾਫ ਹੋ ਗਿਆ, ਰਾਸ਼ਨ ਸਾਫ ਹੋ ਗਿਆ, ਕਪੜੇ ਸਾਫ ਹੋ ਗਏ, ਘਰ ਵਿਚ ਕੋਈ ਮੱਝ ਨਹੀਂ ਰਹੀ। ਡਿਸਟ੍ਰਿਕਟ ਐਡਮਨਿਸਟਰੇਸ਼ਨ ਨੇ ਕੋਈ ਖਾਸ ਕੰਮ ਨਹੀਂ ਕੀਤਾ ਹੈ, ਕਿਉਂਕਿ ਉਨ੍ਹਾਂ ਕੋਲ ਕੋਈ ਰਿਸੋਰਸਿਜ਼ ਨਹੀਂ ਹਨ। ਉਥੇ ਲੋਕਾਂ ਨੇ ਹੀ ਉਨ੍ਹਾਂ ਦਾ ਸਾਥ ਦਿਤਾ, ਜਿਸ ਤਰ੍ਹਾਂ ਮੇਰੇ ਆਨਰੇਬਲ ਮੈਂਬਰ ਨੇ ਹੁਣੇ ਗੱਲ ਦੱਸੀ ਹੈ। ਲੋਕਾਂ ਨੇ ਪਿੰਡਾਂ ਦੇ ਵਿਚੋਂ ਰੋਟੀਆਂ ਬਣਾ ਕੇ ਸ਼ਹਿਰ ਦੇ ਲੋਕਾਂ ਨੂੰ ਦਿੱਤੀਆਂ ਜਦ ਕਿ ਉਨ੍ਹਾਂ ਦੇ ਪਿੰਡ ਡੁਬੇ ਹੋਏ ਸਨ। ਸਮਾਣਾ ਅਤੇ ਨਾਭਾ ਦੇ ਪਿੰਡਾਂ ਵਾਲਿਆਂ ਨੇ ਰੋਟੀਆਂ ਬਣਾ ਕੇ ਸ਼ਹਿਰਾਂ ਦੇ ਲੋਕਾਂ ਵਿਚ ਵੰਡੀਆਂ ਤਾਂ ਕਿ ਲੋਕ ਭੁੱਖ ਨਾਲ ਨਾ ਮਰ ਜਾਣ। ਸਪੀਕਰ ਸਾਹਿਬ, ਸਮਾਣਾ ਵਿਚੋਂ, ਪਟਿਆਲੇ ਦੇ ਪਿੰਡਾਂ ਵਿਚੋਂ ਲੋਕ ਆਏ। ਇਹ ਤਾਂ ਟੈਂਪਰੇਰੀ ਗੱਲ ਹੁੰਦੀ ਹੈ ਕਿ ਉਨ੍ਹਾਂ ਨੂੰ ਕਿਸੇ ਨੇ ਚਾਹ ਪਾਣੀ, ਰੋਟੀ ਆਦਿ 2-3 ਦਿਨਾਂ ਲਈ ਦਿੱਤੀ। ਕੰਮ ਤਾਂ ਅਸਲੀ ਇਹ ਹੈ ਕਿ ਉਨ੍ਹਾਂ ਫੈਮਿਲੀਜ਼ ਨੂੰ ਦੋਬਾਰਾ ਕਿਸ ਤਰ੍ਹਾਂ ਪਾਲਣਾ ਹੈ। ਸ਼ਹਿਰਾਂ ਵਿੱਚ ਛੋਟੇ-ਛੋਟੇ ਦੁਕਾਨਦਾਰ ਹਨ। ਛੋਟੇ ਛੋਟੇ ਬਿਜ਼ਨਸਮੈਨ ਹਨ। ਉਨ੍ਹਾਂ ਵਾਸਤੇ ਸਰਕਾਰ ਕੀ ਸੋਚ ਰਹੀ ਹੈ ? ਇਨਸ਼ੋਰੈਂਸ ਕੰਪਨੀ ਲਈ ਕੀ ਪੰਜਾਬ ਸਰਕਾਰ ਕੋਈ ਕਦਮ ਚੁਕੇਗੀ ? ਇਕ ਦਮ ਉਨ੍ਹਾਂ ਨੂੰ ਇਨਸ਼ੋਰੈਂਸ ਪੇਅ ਕੀਤੀ ਜਾਵੇ। ਕੀ ਅਸੀਂ ਉਨ੍ਹਾਂ ਦੀ ਕੁਝ ਹੈਲਪ ਕਰਨ ਵਾਸਤੇ ਤਿਆਰ ਹਾਂ ? ਦੁਕਾਨਦਾਰਾਂ ਵਾਸਤੇ ਕੁਝ ਕਰਨ ਲਈ ਤਿਆਰ ਹਾਂ। ਮੈਂ ਸ਼ਹਿਰਾਂ ਦੀ ਗੱਲ ਕਰ ਰਿਹਾ ਹਾਂ। ਸਿਰਫ ਅਸੀਂ ਵੀਕਰ ਸੈਕਸ਼ਨ ਵਾਸਤੇ ਹੀ ਨਹੀਂ ਸੋਚਣਾ ਬਲਕਿ ਸਾਰਿਆਂ ਵਾਸਤੇ ਹੀ ਸੋਚਣਾ ਚਾਹੀਦਾ ਹੈ। ਕੱਚੇ ਮਕਾਨਾਂ ਵਾਸਤੇ ਕੇਵਲ ਸੈਂਕੜੇ ਰੁਪਏ ਹੀ ਦਿੱਤੇ ਜਾਂਦੇ ਹਨ। ਪੱਕੇ ਮਕਾਨਾਂ ਵਾਸਤੇ ਵੀ ਕੁਝ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਸਾਰੀਆਂ ਪੱਕੀਆਂ ਬਿਲਡਿੰਗਾਂ ਵਿਚ ਤਰੇੜਾਂ ਆ ਗਈਆਂ ਹਨ। ਕੀ ਸਰਕਾਰ ਕੋਈ ਪ੍ਰੋਵੀਜ਼ਨ ਕਰਨ ਨੂੰ ਤਿਆਰ ਹੈ ? ਪੱਕੇ ਮਕਾਨਾਂ ਵਾਸਤੇ ਵੀ ਸਰਕਾਰ ਕੋਈ ਫੈਸਲਾ ਕਰੇ। ਮਕਾਨਾਂ ਵਾਸਤੇ ਸਿਰਫ 700 ਰੁਪਏ ਦਿੱਤੇ ਜਾਂਦੇ ਹਨ। ਕੀ ਅਸੀਂ ਜ਼ਿਆਦਾ ਰੁਪਿਆ ਦੇਣ ਵਾਸਤੇ ਤਿਆਰ ਹਾਂ ? ਇਨਪੁਟਸ ਦੀ, ਬਿਜਲੀ ਦੀ ਬਹੁਤ ਲੋੜ ਪਵੇਗੀ। ਇਸ ਵਿਚ ਮੁਆਵਜ਼ਾ ਕੀ ਹੋਰ ਐਡ ਕਰੋਗੇ ? ਕੀ ਤੁਸੀਂ ਮੁਆਵਜ਼ਾ ਹਜ਼ਾਰਾਂ ਵਿਚ ਦਿਉਗੇ ? ਕੀ ਤੁਸੀਂ 700 ਰੁਪਏ ਤੋਂ 4-5 ਹਜ਼ਾਰ ਤਕ ਮੁਆਵਜ਼ਾ ਲੈ ਜਾਣ ਨੂੰ ਤਿਆਰ ਹੋ। ਇਕ ਮੱਝ ਦੀ ਕੀਮਤ 10,000 ਰੁਪਏ ਤੋਂ ਘੱਟ ਨਹੀਂ ਹੈ। ਮੈਂ ਇਹ ਗੱਲ ਇਸ ਵਾਸਤੇ ਕਹਿ ਰਿਹਾ ਹਾਂ ਕਿਉਂਕਿ ਇਹ ਗੱਲ ਸਾਡੀ ਲਿਮਿਟ ਤੋਂ ਬਾਹਰ ਹੈ। ਫਲੱਡਾਂ ਕਰਕੇ ਪੰਜਾਬ ਵਿਚ ਜੋ ਤਬਾਹੀ ਹੋ ਰਹੀ ਹੈ ਉਸਨੂੰ ਪੂਰਾ ਕਰਨਾ ਪੰਜਾਬ ਸਰਕਾਰ ਦੇ ਵੱਸ ਦੀ ਗੱਲ ਨਹੀਂ ਹੈ। ਪੰਜਾਬ ਸਰਕਾਰ ਨੂੰ ਸੈਂਟਰ ਦੀ ਸਰਕਾਰ ਕੋਲ ਜਾਣਾ ਚਾਹੀਦਾ ਹੈ। ਸੈਂਟਰਲ ਸਰਕਾਰ ਕੋਲ ਜਾ ਕੇ ਉਨ੍ਹਾਂ ਤੋਂ ਵੱਧ ਤੋਂ ਵੱਧ ਮੱਦਦ ਲਓ। 21 ਜੁਲਾਈ ਤਕ ਜੋ ਫਸਲਾਂ ਪਹੁੰਚਣੀਆਂ ਸਨ ਉਹ ਪਹੁੰਚ ਚੁਕੀਆਂ ਹਨ। ਜ਼ਮੀਨਾਂ ਖਾਲੀ ਪਈਆਂ ਹਨ। ਜੀਰੀ ਲਾਉਣ ਦਾ ਸਮਾਂ ਨਹੀਂ ਹੈ। ਹੁਣ ਨਾ ਕੋਈ ਫਸਲ ਨਿਕਲਣੀ ਹੈ। ਉਨ੍ਹਾਂ ਕਿਸਾਨਾਂ ਨੂੰ ਖਾਦ, ਬਿਜਲੀ ਵਗੈਰਾ ਦੀ ਲੋੜ ਪਵੇਗੀ, ਕੀ ਤੁਸੀਂ ਉਨ੍ਹਾਂ ਕਿਸਾਨਾਂ ਨੂੰ ਸਭ ਕੁਝ ਦੇਣ ਨੂੰ ਤਿਆਰ ਹੋ ? ਕੀ ਉਨ੍ਹਾਂ ਦੇ ਪਿਛਲੇ ਕਰਜ਼ੇ ਮਾਫ ਕਰਨ ਲਈ ਤਿਆਰ ਹੋ ਔਰ ਅੱਗੋਂ ਤੋਂ ਨਵੇਂ ਕਰਜ਼ੇ ਦੇਣ ਨੂੰ ਤਿਆਰ ਹੋ ? ਕੀ ਪੰਜਾਬ ਦੇ ਲੋਕਾਂ ਨੂੰ ਤੁਸੀਂ ਦੋਬਾਰਾ ਆਬਾਦ ਕਰਨ ਲਈ ਤਿਆਰ ਹੋ ?

ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦਿੱਤੀ ਜਾਵੇ ਤਾਂਕਿ ਪੰਜਾਬ ਖੁਸ਼ਹਾਲ ਹੋ ਸਕੇ ਅਤੇ ਅੱਗੇ ਵਧ ਸਕੇ। ਪੰਜਾਬ ਦਾ ਕਿਸਾਨ 50% ਤੋਂ 60% ਤਕ ਅਨਾਜ ਦਾ ਹਿੱਸਾ ਸੈਂਟਰਲ ਪੂਲ ਵਿਚ ਪਾ ਰਿਹਾ ਹੈ। ਪੰਜਾਬ ਇਤਨਾ ਅਨਾਜ ਸੈਂਟਰਲ ਪੂਲ ਵਿਚ ਕੰਟ੍ਰੀਬਿਊਟ

Original with;
Punjab Vidhan Sabha
Digitized by;
Panjab Digital Library

[ਕੈਪਟਨ ਅਮਰਿੰਦਰ ਸਿੰਘ]

ਕਰ ਰਿਹਾ ਹੈ। ਇਸ ਕਰਕੇ ਬਹੁਤ ਜ਼ਰੂਰੀ ਹੈ ਕਿ ਪੰਜਾਬ ਸਰਕਾਰ ਸੈਂਟਰਲ ਸਰਕਾਰ ਕੋਲੋਂ ਜਾ ਕੇ ਹੋਰ ਏਡ ਲਵੇ। ਮੈਂ ਸਪੀਕਰ ਸਾਹਿਬ, ਬੇਨਤੀ ਕਰਾਂਗਾ ਕਿ ਜਿਹੜੇ ਹੁਣ ਫੈਕਟਸ ਫਾਈਂਡਿੰਗ ਹਨ ਉਸ ਅਨੁਸਾਰ ਮੈਂ ਨਹੀਂ ਕਹਿੰਦਾ ਕਿ ਪੰਜਾਬ ਸਰਕਾਰ ਕੁਝ ਨਹੀਂ ਕਰ ਸਕਦੀ ਜਾਂ ਪੰਜਾਬ ਸਰਕਾਰ ਦਾ ਕਸੂਰ ਹੈ ਬਲਕਿ ਇਹ ਨੈਚੁਰਲ ਕਲੈਮਿਟੀ ਹੈ। ਬਾਰਸ਼ ਬਹੁਤ ਜ਼ਿਆਦਾ ਹੋਈ, ਜਿਤਨੀ ਬਾਰਸ਼ ਸਾਰੀ ਬਰਸਾਤ ਵਿਚ ਹੋਣੀ ਸੀ ਉਹ ਸਾਰੀ ਬਰਸਾਤ ਦੋ ਦਿਨਾਂ ਵਿਚ ਹੋ ਗਈ। ਇਸ ਵਿਚ ਕੋਈ ਐਡਮਨਿਸਟਰੇਸ਼ਨ ਦੀ ਗਲਤੀ ਨਹੀਂ ਹੈ। ਪੰਜਾਬ ਵਿਚ ਫਲੱਡ ਆਏ ਹਨ। ਇਸ ਲਈ ਸੈਂਟਰਲ ਸਰਕਾਰ ਨੂੰ ਪੰਜਾਬ ਸਰਕਾਰ ਦੀ ਮੱਦਦ ਕਰਨੀ ਚਾਹੀਦੀ ਹੈ। ਪੰਜਾਬ ਵਿਚ ਫਲੱਡ ਪਹਿਲਾਂ ਵੀ ਆਏ ਅਤੇ ਅਗੇ ਨੂੰ ਵੀ ਫਲੱਡ ਆਉਣਗੇ। ਅਸੀਂ ਇਸ ਦਾ ਕੋਈ ਪਹਿਲਾਂ ਹੀ ਪ੍ਰਬੰਧ ਕਰੀਏ। ਮੁੱਖ ਮੰਤਰੀ ਜੀ ਨੇ ਵੀ ਪਲਾਨ ਕੀਤਾ ਹੈ। ਫਲੱਡ ਸਬੰਧੀ ਪਲਾਨਾਂ ਪਹਿਲਾਂ ਵੀ ਬਣਦੀਆਂ ਰਹੀਆਂ ਪਰ ਉਨ੍ਹਾਂ ਪਲਾਨਾਂ ਦਾ ਕੀ ਬਣਿਆ? ਇਥੇ ਕਿਹਾ ਗਿਆ ਕਿ ਡਿਪਟੀ ਕਮਿਸ਼ਨਰ ਕਰ ਲਵੇਗਾ। ਸਪੀਕਰ ਸਾਹਿਬ, ਡਿਪਟੀ ਕਮਿਸ਼ਨਰਜ਼ ਕੋਲ ਤਾਂ ਕੋਈ ਪੈਸਾ ਨਹੀਂ ਹੈ ਕਿ ਉਹ ਕਿਸੇ ਨੂੰ ਤੰਬੂ ਵੀ ਦੇ ਸਕਣ। ਅਗਰ ਅੱਜ ਸਾਡੇ ਬੰਦੇ ਰਹਿ ਰਹੇ ਹਨ ਤਾਂ ਫੌਜ ਦੇ ਤੰਬੂਆਂ ਵਿੱਚ ਰਹਿ ਰਹੇ ਹਨ। ਡੀ. ਸੀ. ਨੇ ਐਫ. ਸੀ. ਆਈ. ਵਾਲਿਆਂ ਦੀਆਂ ਪਲਾਸਟਿਕ ਦੀਆਂ ਸ਼ੀਟਾਂ ਲੋਕਾਂ ਨੂੰ ਦਿਤੀਆਂ ਹਨ, ਉਸ ਕੋਲ ਤਾਂ ਤਰਪਾਲਾਂ ਜੋਗੇ ਵੀ ਪੈਸੇ ਨਹੀਂ। ਪਰ ਇਸ ਲਈ ਅਸੀਂ ਡੀ. ਸੀ. ਨੂੰ ਬਲੇਮ ਨਾ ਕਰੀਏ, ਸਿਸਟਮ ਨੂੰ ਸੁਧਾਰੀਏ ਤਾਂ ਠੀਕ ਹੋਵੇਗਾ। ਇਸ ਦਾ ਕਾਰਨ ਕੀ ਹੋਇਆ? ਪੈਸੇ ਪੰਜਾਬ ਕੋਲ ਰਹੇ ਨਹੀਂ ਅਤੇ ਕਿਸੇ ਹੋਰ ਲਈ ਪ੍ਰਾਇਰਟੀ ਰਹਿ ਗਈ ਹੈ। ਕੋਈ ਬ੍ਰੀਚਿਜ਼ ਨਹੀਂ ਭਰੀਆਂ ਗਈਆਂ ਅਤੇ ਨਾ ਹੀ ਬੰਨ੍ਹਾਂ ਦੀ ਰਿਪੇਅਰ ਹੋਈ। ਪਹਿਲਾਂ ਵੀ 1988 ਵਿਚ ਪਟਿਆਲਾ ਵਿਚ ਹੀਰਾ ਬਾਗ ਦੇ ਪੁਲ ਦੇ ਸੱਜੇ ਪਾਸੇ ਬ੍ਰੀਚ ਆਈ ਸੀ। ਉਦੋਂ ਗੌਰਮਿੰਟ ਵਲੋਂ ਅਸ਼ੋਰੈਂਸ ਵੀ ਹੋਈਆਂ ਸਨ ਕਿ ਹਰ ਸਾਲ ਇਸ ਦੀ ਮੇਨਟੀਨੈਂਸ ਕਰਾਂਗੇ। ਪਰ ਇਸ ਸਾਲ ਉਹੀ ਪੁਲ ਫੇਰ ਉਸੇ ਜਗ੍ਹਾ ਤੋਂ ਟੁਟਿਆ ਹੈ ਕਿਉਂਕਿ 8 ਸਾਲ ਤੋਂ ਉਸ ਪੁਲ ਦੀ ਕੋਈ ਮੇਨਟੀਨੈਂਸ ਨਹੀਂ ਹੋਈ, ਕੋਈ ਬ੍ਰੀਚ ਦੀ ਮੇਨਟੀਨੈਂਸ ਨਹੀਂ ਹੋਈ। ਨਵੀਆਂ ਸੜਕਾਂ ਤਾਂ ਬਣਾ ਰਹੇ ਹਾਂ ਪਰ ਕੋਈ ਸਾਈਫਨ ਨਹੀਂ ਦੇਂਦੇ।

ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਸਭ ਚੀਜ਼ ਦੀ ਘੋਖ ਕਰਨ ਲਈ ਕੋਈ ਫੈਕਟਸ ਫਾਈਡਿੰਗ ਕਮਿਸ਼ਨ ਬਿਠਾਉਣਾ ਪਵੇਗਾ। ਜਦੋਂ ਵੀ ਕੋਈ ਨੈਚੂਰਲ ਕਲੈਮਿਟੀਜ਼ ਹੁੰਦੀਆਂ ਹਨ ਤਾਂ ਇਹ ਗੱਲਾਂ ਕੀਤੀਆਂ ਜਾਂਦੀਆਂ ਹਨ। ਸਦਨ ਦੀ ਹੀ ਆਲ ਪਾਰਟੀ ਕਮੇਟੀ ਬਿਠਾਈ ਜਾਵੇ ਜਿਹੜੀ ਇਸ ਗੱਲ ਨੂੰ ਸਾਰੇ ਪੱਖਾਂ ਤੋਂ ਦੇਖੇ ਕਿ ਕੀ ਕਾਰਣ ਹਨ, ਕਿਨ੍ਹਾਂ ਦੀ ਗਲਤੀ ਕਾਰਣ ਇਥੋਂ ਤੱਕ ਨੁਕਸਾਨ ਹੋਇਆ ਹੈ ਅਤੇ ਅਗੋਂ ਵਾਸਤੇ ਇਸ ਨੂੰ ਕਿਸ ਤਰ੍ਹਾਂ ਰੋਕਿਆ ਜਾਵੇ। ਬਾਕੀ ਜੇ ਗਲਤੀ ਭਾਲਦੇ ਸਮੇਂ ਕਿਸੇ ਇਕ ਬੰਦੇ ਨੂੰ ਫਾਹੇ ਲਾ ਦਿਓ ਤਾਂ ਕੋਈ ਫਾਇਦਾ ਨਹੀਂ ਹੋਣ ਲੱਗਾ। ਸਾਨੂੰ ਹਰੇਕ ਚੀਜ਼ ਨੂੰ ਪਿੰਨਪੁਆਇੰਟ ਕਰਕੇ ਅੱਗੋਂ ਵਾਸਤੇ ਐਸੀਆਂ ਕਲੈਮਿਟੀਜ਼ ਨੂੰ ਸਹਿਣ ਲਈ ਤਿਆਰ ਹੋਣਾ ਚਾਹੀਦਾ ਹੈ। ਇਸਦੇ ਨਾਲ ਹੀ ਅਗਰ ਸੈਂਟਰ ਦੀ ਸਰਕਾਰ ਸਾਡੀ ਸਰਕਾਰ ਦੀ ਸਪੋਰਟ ਕਰੇ ਤਾਂ ਹੀ ਅਸੀਂ ਕੁਝ ਸਹਿ ਸਕਾਂਗੇ। ਅੱਗੇ ਵਾਸਤੇ ਇਹ ਕਿਸ ਤਰ੍ਹਾਂ ਅਵਾਇਡ ਹੋ ਸਕਦੇ ਹਨ, ਉਹ ਤਰੀਕਾ ਲੱਭਣਾ ਚਾਹੀਦਾ ਹੈ। ਇਸ ਤਰ੍ਹਾਂ ਤਾਂ ਜੇ ਬਾਰਸ਼ਾਂ ਨਾਲ ਹੀ ਏਨਾ ਨੁਕਸਾਨ ਹੁੰਦਾ ਰਿਹਾ ਤਾਂ ਅੱਗੋਂ 3–4 ਸਾਲਾਂ ਵਿਚ ਬਾਰਸ਼ਾਂ ਕਾਰਣ ਪਤਾ ਨਹੀਂ ਕੀ ਹੋਣਾ ਹੈ; ਇਨ੍ਹਾਂ ਨੂੰ ਫੇਸ ਕਰਨ ਲਈ ਸਾਨੂੰ ਆਪਣੇ ਆਪ ਨੂੰ ਤਿਆਰ ਰਖਣਾ ਚਾਹੀਦਾ ਹੈ। ਬਾਕੀ ਪਟਿਆਲੇ ਦੇ ਡਿਫੈਂਸ ਬੰਨ੍ਹ ਬਣਿਆਂ ਨੂੰ ਵੀ ਕੋਈ 100 ਸਾਲ ਤੋਂ ਉਪਰ ਦਾ ਸਮਾਂ ਹੋ ਗਿਆ ਹੈ। ਪਰ ਹਾਲੇ ਤੱਕ

Original with;
Punjab Vidhan Sabha
Digitized by;
Panjab Digital Library

ਹਿਸਟਰੀ ਰਹੀ ਹੈ ਕਿ ਫਲੱਡ ਕਦੇ ਜੁਲਾਈ ਵਿੱਚ ਨਹੀਂ ਆਇਆ। ਫਲੱਡ ਹਮੇਸ਼ਾ ਅਗਸਤ ਦੇ ਅੰਤ ਵਿੱਚ ਅਤੇ ਸਤੰਬਰ ਦੇ ਸ਼ੁਰੂ ਵਿੱਚ ਹੀ ਆਏ ਹਨ। ਇਹ ਪਹਿਲੀ ਵਾਰ ਹੈ ਕਿ ਜੁਲਾਈ ਵਿਚ ਹੜ੍ਹ ਆ ਗਏ ਹਨ। ਹੁਣ ਵੀ ਬਾਰਸ਼ 10 ਤਾਰੀਖ ਨੂੰ ਆਈ ਸੀ ਅਤੇ ਅੱਜ 11 ਦਿਨ ਹੋ ਗਏ ਹਨ। ਇਸ ਲਈ ਅਸੈਸਮੈਂਟ ਜਲਦੀ ਤੋਂ ਜਲਦੀ ਕਰਾਉਣੀ ਚਾਹੀਦੀ ਹੈ। ਡਿਸਟ੍ਰਿਕਟ ਲੈਵਲ ਤੇ ਆਰਡਰ ਭੇਜੋ ਤਾਂਕਿ ਪਤਾ ਲਗੇ ਕਿ ਇਹ ਕਿਉਂ ਹੋ ਰਿਹਾ ਹੈ। ਬੰਨ੍ਹਾਂ ਨੂੰ ਬਲਾਕ ਕੀਤਾ ਜਾਵੇ ਅਤੇ ਨਾਲ ਹੀ ਸੈਂਟਰ ਤੋਂ ਫੰਡ ਲੈ ਕੇ ਅਗੋਂ ਵਾਸਤੇ ਆਪਣੇ ਆਪ ਨੂੰ ਤਿਆਰ ਰੱਖਣਾ ਚਾਹੀਦਾ ਹੈ। ਜੇ ਏਸੇ ਤਰੀਕੇ ਨਾਲ ਅਗਸਤ ਸਤੰਬਰ ਵਿੱਚ ਕੁਝ ਹੋ ਗਿਆ ਤਾਂ ਸੂਬੇ ਦਾ ਬੜਾ ਭਾਰੀ ਨੁਕਸਾਨ ਹੋ ਜਾਣਾ ਹੈ।

ਇਸ ਲਈ ਮੇਰੀ ਬੇਨਤੀ ਹੈ ਕਿ ਇਕ ਤਾਂ ਇਸ ਆਫਤ ਤੋਂ ਲੈਸਨ ਲਰਨ ਕਰਕੇ ਜਲਦੀ ਤੋਂ ਜਲਦੀ ਐਕਸ਼ਨ ਲੈਣਾ ਚਾਹੀਦਾ ਹੈ ਅਤੇ ਇਸਦੇ ਨਾਲ ਹੀ ਇਕ ਬੇਨਤੀ ਹੈ ਕਿ ਜਦ ਵੀ ਕੋਈ ਐਸਾ ਸੰਕਟ ਆਉਂਦਾ ਹੈ ਤਾਂ ਸਦਨ ਨੂੰ ਜਲਦੀ ਸੱਦ ਲਿਆ ਜਾਵੇ ਤਾਂਕਿ ਅਸੀਂ ਸਾਰੇ ਬੈਠ ਕੇ ਕੋਈ ਫੈਸਲਾ ਕਰ ਸਕੀਏ ਅਤੇ ਐਸੇ ਸੰਕਟ ਦਾ ਸਾਹਮਣਾ ਕਰ ਸਕੀਏ। ਧੰਨਵਾਦ।

**ਸਰਦਾਰ ਮਲਕੀਅਤ ਸਿੰਘ ਦਾਖਾ (ਦਾਖਾ, ਐਸ. ਸੀ.)**: ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਜੋ ਪਿਛਲੇ ਦਿਨਾਂ ਵਿੱਚ ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬੀਆਂ ਦਾ ਨੁਕਸਾਨ ਹੋਇਆ ਹੈ, ਉਸਦੇ ਬਾਰੇ ਜੋ ਬਹਿਸ ਹੋ ਰਹੀ ਹੈ, ਉਸ ਵਿੱਚ ਮੇਰੇ ਤੋਂ ਪਹਿਲਾਂ ਸਰਦਾਰ ਜਸਬੀਰ ਸਿੰਘ ਜੀ ਨੇ ਔਰ ਮਹਾਰਾਜਾ ਸਾਹਿਬ ਨੇ ਵੀ ਹੜ੍ਹਾਂ ਦਾ ਜ਼ਿਕਰ ਕੀਤਾ ਹੈ, ਮੈਂ ਉਸ ਮੁਤੱਲਕ ਅਰਜ਼ ਕਰਨੀ ਚਾਹੁੰਦਾ ਹਾਂ। ਪੰਜਾਬ ਵਿੱਚ ਇਸ ਕੁਦਰਤੀ ਕਰੋਪੀ ਦਾ ਸਾਹਮਣਾ ਕਰਨ ਵਾਸਤੇ ਸਰਦਾਰ ਬੇਅੰਤ ਸਿੰਘ ਜੀ ਮੁੱਖ ਮੰਤਰੀ, ਪੰਜਾਬ ਨੇ ਔਰ ਉਨ੍ਹਾਂ ਦੀ ਸਰਕਾਰ ਨੇ, ਉਨ੍ਹਾਂ ਦੇ ਸਾਥੀਆਂ ਨੇ ਬੜਾ ਭਾਰੀ ਕੰਮ ਕੀਤਾ ਹੈ ਔਰ ਜੋ ਹਾਲਾਤ ਪੈਦਾ ਹੋਏ ਹਨ, ਉਨ੍ਹਾਂ ਦਾ ਸਾਹਮਣਾ ਕਰਨ ਵਾਸਤੇ ਕੋਸ਼ਿਸ਼ਾਂ ਹਾਲੇ ਵੀ ਜਾਰੀ ਹਨ। ਐਸਾ ਪ੍ਰਬੰਧ ਕੀਤਾ ਜਾ ਰਿਹਾ ਹੈ ਕਿ ਹੜ੍ਹਾਂ ਕਾਰਣ ਸਾਡੇ ਪੰਜਾਬੀਆਂ ਦਾ ਜੋ ਨੁਕਸਾਨ ਹੋਇਆ ਹੈ, ਉਸਦਾ ਵੱਧ ਤੋਂ ਵੱਧ ਮੁਆਵਜ਼ਾ ਲੋਕਾਂ ਨੂੰ ਦਿੱਤਾ ਜਾਵੇ। ਪੰਜਾਬ ਸਰਕਾਰ ਵੱਲੋਂ ਇਸ ਵਾਸਤੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਰਦਾਰ ਬੇਅੰਤ ਸਿਘ ਜੀ ਨੇ ਪ੍ਰਧਾਨ ਮੰਤਰੀ ਜੀ ਨੂੰ ਏਥੇ ਲਿਆ ਕੇ ਉਨ੍ਹਾਂ ਵੱਲੋਂ ਜੋ ਹਵਾਈ ਸਰ-ਵੇਖਣ ਕਰਾਇਆ, ਉਨ੍ਹਾਂ ਨੇ ਪੰਜਾਬ ਦਾ ਜੋ ਨੁਕਸਾਨ ਹੋਇਆ ਹੈ ਆਪਣੇ ਅੱਖੀਂ ਵੇਖਿਆ ਔਰ ਅਨੁਭਵ ਕੀਤਾ ਕਿ ਜੋ ਵੀ ਨੁਕਸਾਨ ਇਸ ਸੂਬੇ ਦਾ ਹੋਇਆ ਹੈ, ਇਹ ਸਾਡਾ ਸੂਬਾ ਹਿੰਦੁਸਤਾਨ ਦਾ ਸਿਰਕਢ ਸੂਬਾ ਹੈ ਔਰ ਸਾਰੇ ਭਾਰਤ ਨੂੰ ਇਹ ਖਾਣ ਵਾਸਤੇ ਅਨਾਜ ਦੇਂਦਾ ਹੈ, ਇਸਦਾ ਜੋ ਨੁਕਸਾਨ ਹੋਇਆ ਹੈ ਸੂਬਾ ਹਾਲੇ ਉਹ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਉਹ ਜੋ ਵੀ ਯੋਗ ਮੁਆਵਜ਼ਾ ਵੱਧ ਤੋਂ ਵੱਧ ਸਾਡੇ ਕਿਸਾਨਾਂ ਨੂੰ, ਸਾਡੇ ਮਜ਼ਦੂਰਾਂ ਨੂੰ, ਸਾਡੇ ਦੁਕਾਨਦਾਰਾਂ ਨੂੰ ਜਿੰਨਾ ਦਾ ਜੋ ਵੀ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਦੇਣ ਵਾਸਤੇ ਤਿਆਰ ਹਨ। ਇਸ ਭਾਰੀ ਹੜ੍ਹਾਂ ਦੀ ਕਰੋਪੀ ਦੇ ਵਿੱਚ ਜਿਥੇ ਪੰਜਾਬ ਦੀ ਸਰਕਾਰ ਨੇ, ਸਰਕਾਰ ਦੇ ਅਫਸਰਾਂ ਨੇ ਭਾਵੇਂ ਉਹ ਕਿਸੇ ਵੀ ਮਹਿਕਮੇਂ ਦੇ ਨਾਲ ਸਬੰਧਿਤ ਹੋਣ, ਜੋ ਕੰਮ ਕੀਤਾ ਹੈ ਉਹ ਬੜਾ ਸ਼ਲਾਘਾਯੋਗ ਹੈ ਔਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਕਿਸੇ ਨੇ ਕੋਈ ਅਜਿਹਾ ਕੰਮ ਕੀਤਾ ਹੈ ਉਸ ਦੀ ਪਰਸ਼ੰਸਾ ਵੀ ਕਰਨੀ ਚਾਹੀਦੀ ਹੈ ਔਰ ਉਸ ਨੂੰ ਸਨਮਾਨਿਤ ਵੀ ਕਰਨਾ ਚਾਹੀਦਾ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੇ ਕਿਸੇ ਅਫਸਰ ਨੇ ਕਿਸੇ ਜਗ੍ਹਾ ਤੇ ਕੋਈ ਲਾਪਰਵਾਹੀ ਜਾਂ ਕੁਤਾਹੀ ਕੀਤੀ ਹੈ ਤਾਂ ਉਸ ਵਿਰੁੱਧ ਤੁਰੰਤ ਐਕਸ਼ਨ ਵੀ ਲੈਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਮਲਕੀਅਤ ਸਿਘ ਦਾਖਾ]

ਸਰਦਾਰ ਬੇਅੰਤ ਸਿੰਘ ਜੀ ਨੇ ਆਪਣੇ ਸਿਆਸੀ ਜੀਵਨ ਵਿਚ ਬਹੁਤ ਸਾਰਾ ਸੰਘਰਸ਼ ਕੀਤਾ ਹੈ, ਬੜੀਆਂ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਹੈ। ਜਦੋਂ ਉਨ੍ਹਾਂ ਨੇ ਪੰਜਾਬ ਦੇ ਵਿੱਚ ਸਰਕਾਰ ਸੰਭਾਲੀ ਤਾਂ ਅੱਤਵਾਦ ਦਾ ਬੜਾ ਭਾਰਾ ਕਹਿਰ ਸੀ ਔਰ ਉਸ ਕਹਿਰ ਦਾ ਸਾਹਮਣਾ ਕਰਨ ਵਾਸਤੇ ਉਨ੍ਹਾਂ ਨੇ ਬੜੀ ਦਲੇਰੀ ਔਰ ਦ੍ਰਿੜ੍ਹਤਾ ਨਾਲ ਕਦਮ ਚੁੱਕੇ ਜਿਸ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੇ ਬਹਾਦਰ ਲੋਕਾਂ ਨੇ ਇਹ ਅਨੁਭਵ ਕੀਤਾ ਕਿ ਸਾਨੂੰ ਸਰਦਾਰ ਬੇਅੰਤ ਸਿੰਘ ਜੀ ਨੇ ਅਤੇ ਉਨ੍ਹਾਂ ਦੇ ਸਾਥੀਆਂ ਨੇ ਅੱਤਵਾਦ ਤੋਂ ਰਾਹਤ ਦਿਵਾਈ ਹੈ ਔਰ ਲੋਕ ਖੁਲ੍ਹ ਕੇ ਆਪਣਾ ਕੰਮ ਕਰਨ ਲੱਗੇ ਹਨ, ਆਪਣਾ ਕਾਰੋਬਾਰ ਕਰਨ ਲੱਗੇ ਔਰ ਡਰ ਅਤੇ ਭੈਅ ਦੇ ਮਾਹੌਲ ਵਿਚੋਂ ਨਿਕਲ ਕੇ ਲੋਕਾਂ ਨੇ ਸੁਖ ਦਾ ਸਾਹ ਲਿਆ ਹੈ। ਅੱਜ ਇਸ ਪੰਜਾਬ ਦੇ ਬਹਾਦੁਰ ਲੋਕਾਂ ਤੇ ਫਿਰ ਬੜੀ ਭਾਰੀ ਆਫਤ ਆਈ ਹੈ। ਕਿਸੇ ਦਾ ਇਸ ਵਿੱਚ ਕੋਈ ਕਸੂਰ ਨਹੀਂ ਸੀ, ਕਿਸੇ ਨੂੰ ਕੁਝ ਪਤਾ ਨਹੀਂ ਸੀ ਕਿ ਇਸ ਤਰ੍ਹਾਂ ਹੋ ਜਾਵੇਗਾ ਪਰ ਅੱਜ ਵੀ ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ, ਪੰਜਾਬ ਔਰ ਉਨ੍ਹਾਂ ਦੇ ਸਾਰੇ ਸਾਥੀ ਇਸ ਕੁਦਰਤੀ ਕਰੋਪੀ ਦਾ ਸਾਹਮਣਾ ਕਰਨ ਵਾਸਤੇ ਬੜੀ ਦਲੇਰੀ ਨਾਲ ਔਰ ਦ੍ਰਿੜ੍ਹਤਾ ਨਾਲ ਤਿਆਰ ਹਨ ਔਰ ਇਸ ਦਾ ਸਾਹਮਣਾ ਕਰਨ ਲੱਗੇ ਹੋਏ ਹਨ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੋ ਹੜ੍ਹਾਂ ਦੇ ਕਾਰਨ ਪੰਜਾਬ ਦੇ ਲੋਕਾਂ ਦਾ ਨੁਕਸਾਨ ਹੋਇਆ ਹੈ ਉਸ ਦੇ ਵਿੱਚ ਪਾਰਟੀ ਤੋਂ ਜਾਤਪਾਤ ਤੋਂ, ਧਰਮ ਤੋਂ ਉਪਰ ਉਠ ਕੇ ਲੋਕਾਂ ਨੇ ਪੰਜਾਬ ਦੇ ਉਨ੍ਹਾਂ ਦੁਖੀ ਲੋਕਾਂ ਦਾ ਸਾਥ ਦਿਤਾ ਹੈ। ਜ਼ਿਥੇ ਕਿਤੇ ਵੀ ਖਾਣੇ ਦੀ ਲੋੜ ਸੀ, ਖਾਣਾ ਦਿੱਤਾ। ਜਿਥੇ ਕਿਤੇ ਹੋਰ ਕੋਈ ਜ਼ਰੂਰੀ ਤੋਂ ਜ਼ਰੂਰੀ ਸਾਡੀਆਂ ਲੋੜ ਦੀਆਂ ਵਸਤਾਂ ਦੀ ਜ਼ਰੂਰਤ ਸੀ ਉਹ ਵੀ ਭੇਜੀਆਂ ਔਰ ਜੋ ਸਾਡੇ ਪਸ਼ੂਆਂ ਦਾ ਜਿੰਨਾਂ ਨੇ ਪੰਜਾਬ ਦੇ ਵਿੱਚ ਚਿੱਟਾ ਇਨਕਲਾਬ ਲਿਆਂਦਾ, ਜੋ ਪਸ਼ੂ-ਧਨ ਦਾ ਨੁਕਸਾਨ ਹੋਇਆ ਹੈ ਉਸ ਦੇ ਵਾਸਤੇ ਵੀ ਜਾਇਜ਼ਾ ਲਾਇਆ ਜਾ ਰਿਹਾ ਹੈ ਕਿ ਜੋ ਨੁਕਸਾਨ ਹੋਇਆ ਹੈ ਉਸ ਦਾ ਮੁਆਵਜ਼ਾ ਵੀ ਉਨ੍ਹਾਂ ਗਰੀਬਾਂ ਨੂੰ, ਮਜ਼ਦੂਰਾਂ ਨੂੰ ਔਰ ਕਿਸਾਨਾਂ ਨੂੰ ਜ਼ਰੂਰ ਮਿਲੇ। ਇਸ ਲਈ ਵੀ ਸਾਰੀਆਂ ਪਾਰ-ਟੀਆਂ ਨੇ ਸਰਦਾਰ ਬੇਅੰਤ ਸਿੰਘ ਜੀ ਦਾ ਸਾਥ ਦਿਤਾ ਹੈ ਔਰ ਜ਼ਿਕਰ ਆਇਆ ਹੈ ਕਿ ਬਹੁਤ ਸਾਰੇ ਹਜ਼ਾਰਾਂ ਕਰਮਚਾਰੀਆਂ ਨੇ ਭਾਵੇਂ ਉਹ ਪੁਲਿਸ ਦੇ ਹੋਣ ਜਾਂ ਦੂਸਰੇ ਉਨ੍ਹਾਂ ਸਾਰਿਆਂ ਨੇ ਮੁੱਖ ਮੰਤਰੀ ਰਿਲੀਫ ਫੰਡ ਦੇ ਵਿੱਚ ਆਪਣਾ ਯੋਗਦਾਨ ਪਾਇਆ ਹੈ। ਮੈਂ ਉਨ੍ਹਾਂ ਸਾਰਿਆਂ ਦਾ ਬਹੁਤ ਧੰਨਵਾਦੀ ਹਾਂ ਔਰ ਜੋ ਸਾਡੇ ਪ੍ਰੈਸ ਵਾਲੇ ਹਨ ਜਿਨ੍ਹਾਂ ਦਾ ਬੜਾ ਅਹਿਮ ਰੋਲ ਹੈ ਸਾਡੇ ਪੰਜਾਬ ਔਰ ਹਿੰਦੁਸਤਾਨ ਦੀ ਸਿਆਸਤ ਦੇ ਵਿੱਚ ਉਨ੍ਹਾਂ ਨੇ ਵੀ ਇਹ ਦਾਨ ਦਿੱਤਾ ਹੈ। ਇਸ ਤੋਂ ਇਹ ਅਨੁਭਵ ਹੁੰਦਾ ਹੈ ਕਿ ਪੰਜਾਬ ਵਿੱਚ ਜੋ ਇਹ ਕਰੋਪੀ ਆਈ ਹੈ ਉਸਦਾ ਸਾਹਮਣਾ ਕਰਨ ਵਾਸਤੇ ਪੰਜਾਬ ਦਾ ਬੱਚਾ ਬੱਚਾ ਸਰਦਾਰ ਬੇਅੰਤ ਸਿੰਘ ਜੀ ਦੇ ਨਾਲ ਹੈ ਔਰ ਮੈਂ ਵੀ ਇਹ ਅਨੁਭਵ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਦੇ ਵਿੱਚ ਇਸ ਸੰਕਟ ਦਾ ਅਸੀਂ ਡੱਟ ਕੇ ਮੁਕਾਬਲਾ ਕਰ ਸਕਾਂਗੇ। ਜਿਸ ਤਰ੍ਹਾਂ ਇਥੇ ਜ਼ਿਕਰ ਆਇਆ ਹੈ ਜੋ ਕਿ ਨੁਕਸਾਨ ਹੋਇਆ ਹੈ ਇਸ ਦੇ ਵਾਸਤੇ ਜੋ ਮੁਆਵਜ਼ਾ ਇਕ ਏਕੜ ਪਿੱਛੇ 700 ਰੁਪਏ ਦਿੱਤਾ ਜਾਂਦਾ ਹੈ ਉਸ ਨਾਲ ਸ਼ਾਇਦ ਕੁਝ ਨਹੀਂ ਹੋ ਸਕਦਾ ਇਹ ਤਾਂ ਸਾਰੇ ਹੀ ਜਾਣਦੇ ਹਨ। ਅਗਰ ਕਿਸੇ ਮਨੁੱਖੀ ਜਾਨ ਦਾ ਨੁਕਸਾਨ ਹੋ ਜਾਵੇ ਅਗਰ ਉਸ ਦੀ ਕੀਮਤ ਅਰਬਾਂ ਅਤੇ ਖਰਬਾਂ ਰੁਪਏ ਵੀ ਲਗਾਈ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਉਹ ਥੋੜੀ ਹੈ। ਇਹੋ ਜਿਹੇ ਦੁਖ ਦੇ ਵਿਚ ਕਿਸੇ ਘਰ ਜਾ ਕੇ ਆਹ ਦਾ ਨਾਅਰਾ ਮਾਰਨਾ, ਹਮਦਰਦੀ ਪ੍ਰਗਟ ਕਰਨਾ, ਉਸ ਦੇ ਜ਼ਖਮਾਂ ਉਤੇ ਮਲ੍ਹਮ ਲਗਾਉਣ ਦੇ ਬਰਾਬਰ ਹੁੰਦਾ ਹੈ। ਸਾਡੀ ਸਰਕਾਰ, ਸਾਡੇ ਸਾਰੇ ਸਾਥੀ, ਭਾਵੇਂ ਉਹ ਸਾਡੀ ਸਰਕਾਰ ਦੇ ਹਨ ਜਾਂ ਨਹੀਂ ਅਤੇ ਭਾਵੇਂ ਕਿਸੇ ਹਲਕੇ ਵਿੱਚ ਹੜ੍ਹ ਆਇਆ ਹੈ ਜਾਂ ਨਹੀਂ ਆਇਆ, ਪਰ ਉਨ੍ਹਾਂ ਸਾਰਿਆਂ ਨੇ ਮਹਿਸੂਸ ਕੀਤਾ ਕਿ ਪੰਜਾਬ ਦੇ ਲੋਕਾਂ ਉਤੇ ਕਰੋਪੀ ਆਈ ਹੈ ਅਤੇ ਉਹ ਉਨ੍ਹਾਂ ਦੇ ਦੁੱਖ ਵਿੱਚ ਭਾਗੀਦਾਰ ਹਨ।

Original with;
Punjab Vidhan Sabha
Digitized by;
Panjab Digital Library

ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਜਿਥੇ ਸਮੁੱਚੇ ਪੰਜਾਬ ਵਿੱਚ ਬਹੁਤ ਸਾਰਾ ਨੁਕਸਾਨ ਹੋਇਆ ਹੈ ਉਥੇ ਮੇਰੇ ਹਲਕੇ ਦਾਖਾ ਵਿਚ ਵੀ ਬੜਾ ਭਾਰੀ ਨੁਕਸਾਨ ਹੋਇਆ ਹੈ। ਮੇਰੇ ਹਲਕੇ ਵਿਚ ਖਹਿਰਾ, ਨਵਾਂ ਖਹਿਰਾ, ਮੱਦੋਪੁਰ ਆਦਿ ਕਈ ਜਗ੍ਹਾ ਤੇ ਸਤਲੁਜ ਦਾ ਬੰਨ੍ਹ ਟੁਟਿਆ। ਬਾਹਰ ਦੇ ਲੋਕਾਂ ਨੇ ਅਤੇ ਖਾਸ ਕਰਕੇ ਪੁਲਿਸ ਵਾਲਿਆਂ ਨੇ ਸਾਡੇ ਦੂਸਰੇ ਸਾਥੀਆਂ ਨੇ ਜੇਕਰ ਇਕਦਮ ਐਕਸ਼ਨ ਵਿੱਚ ਆਕੇ ਬੰਨ੍ਹ ਨੂੰ ਬਚਾਉਣ ਦਾ ਯਤਨ ਨਾ ਕੀਤਾ ਹੁੰਦਾ ਤਾਂ ਸ਼ਾਇਦ ਉਥੇ ਹੋਰ ਵੀ ਜ਼ਿਆਦਾ ਨੁਕਸਾਨ ਹੁੰਦਾ। ਸਪੀਕਰ ਸਾਹਿਬ, ਤੁਸੀਂ ਅੱਜ ਸਪੀਕਰ ਦੀ ਕੁਰਸੀ ਤੇ ਬਿਰਾਜਮਾਨ ਹੋ। ਕੁਝ ਦਿਨ ਪਹਿਲਾਂ ਤੁਹਾਡੇ ਨਾਲ ਜਾਕੇ ਟੁੱਟੇ ਬੰਨ੍ਹ ਦਾ ਦੌਰਾ ਕਰਨ ਦਾ ਮੌਕਾ ਮਿਲਿਆ ਅਤੇ ਜੋ ਨੁਕਸਾਨ ਵੇਖਿਆ, ਜਦੋਂ ਉਹ ਦਿਲ ਵਿਚ ਯਾਦ ਆਉਂਦਾ ਹੈ ਤਾਂ ਅੱਖਾਂ ਵਿੱਚ ਅਂਸੂ ਆ ਜਾਂਦੇ ਹਨ। ਜਿਨ੍ਹਾਂ ਗਰੀਬ ਲੋਕਾਂ ਨੇ ਮਿਹਨਤ ਤੇ ਮੁਸ਼ੱਕਤ ਕਰਕੇ ਆਪਣੇ ਖੇਤ ਬਣਾਏ, ਆਪਣੇ ਘਰ ਬਣਾਏ, ਆਪਣੇ ਪਰਿਵਾਰਾਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਕੀਤਾ ਉਨ੍ਹਾਂ ਦਾ ਇੰਨਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ ਕਿ ਸਾਰੇ ਲੋਕ ਉਨ੍ਹਾਂ ਦੇ ਨਾਲ ਹਮਦਰਦੀ ਰਖਦੇ ਹਨ। ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਅਤੇ ਉਨ੍ਹਾਂ ਦੀ ਸਰਕਾਰ ਜਿੰਨੇ ਵੀ ਵੱਧ ਤੋਂ ਵੱਧ ਫੰਡ ਕੇਂਦਰ ਦੀ ਸਰਕਾਰ ਤੋਂ ਲੈ ਸਕੇਗੀ, ਉਹ ਲੈ ਕੇ ਲੋਕਾਂ ਵਿਚ ਵੰਡੇਗੀ। ਇਸ ਦੇ ਨਾਲ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਸਾਡੇ ਪੰਜਾਬ ਤੋਂ ਬਾਹਰ ਵਸਦੇ ਲੋਕਾਂ ਨੂੰ ਖਾਸ ਕਰਕੇ ਹਿੰਦੁਸਤਾਨ ਵਿੱਚ ਵੱਖ ਵੱਖ ਥਾਵਾਂ ਤੇ ਰਹਿਣ ਵਾਲੇ ਪੰਜਾਬੀਆਂ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਉਹ ਇਸ ਦੁਖ ਦੀ ਘੜੀ ਵਿਚ ਖੁਲ੍ਹ ਕੇ ਦਾਨ ਦੇਣ ਤਾਂ ਕਿ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਪੰਜਾਬ ਦੇ ਲੋਕਾਂ ਦੀ ਜ਼ਿਆਦਾ ਮੱਦਦ ਕਰ ਸਕਣ। ਇਨ੍ਹਾਂ ਸ਼ਬਦਾਂ ਦੇ ਨਾਲ ਹੀ ਮੈਂ ਆਪਣੀ ਥਾਂ ਲੈਂਦਾ ਹਾਂ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** (ਬੁਢਲਾਡਾ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਵਿਸ਼ੇ ਤੇ ਬੋਲਣ ਲਈ ਸਮਾਂ ਦਿਤਾ ਹੈ। ਮੈਂ ਸੰਖੇਪ ਵਿਚ ਸਭ ਤੋਂ ਪਹਿਲਾਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਹੁਤ ਸਾਰੇ ਵਡੇਰੀ ਉਮਰ ਦੇ ਵਿਅਕਤੀਆਂ........

**ਸ਼੍ਰੀ ਸਪੀਕਰ** : ਮੈਂ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਸੰਖੇਪ ਵਿੱਚ ਕਹਿਣ। ਪੰਜ-ਪੰਜ ਮਿੰਟ ਹੀ ਬੋਲਿਆ ਜਾਵੇ ਤਾਂ ਕਿ ਬਹੁਤ ਸਾਰੇ ਮੈਂਬਰ ਸਾਹਿਬਾਨ ਦੇ ਜਿਹੜੇ ਖਿਆਲਾਤ ਹਨ, ਉਹ ਸਾਡੇ ਸਾਹਮਣੇ ਆ ਸਕਣ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਭ ਤੋਂ ਪਹਿਲਾਂ ਮੇਰੀ ਬੇਨਤੀ ਹੈ ਕਿ ਜਿਵੇਂ ਕੁਝ ਮੈਂਬਰ ਸਾਹਿਬਾਨ ਨੇ ਕੁਦਰਤੀ ਭਿਆਨਕ ਤਬਾਹੀ ਕਿਹਾ ਹੈ, ਮੈਂ ਉਨ੍ਹਾਂ ਦੇ ਨਾਲ ਪੂਰੀ ਸਹਿਮਤੀ ਤਾਂ ਨਹੀਂ ਪ੍ਰਗਟਾਉਂਦਾ। ਇਹ ਕੁਦਰਤੀ ਆਫਤ ਤਾਂ ਆਪਣੇ ਤੌਰ ਤੇ ਹੈ ਹੀ ਲੇਕਿਨ ਇਸ ਵਿਗਿਆਨਕ ਤੇ ਇਲੈਕਟ੍ਰਾਨਿਕ ਯੁੱਗ ਵਿੱਚ ਇਸ ਨੂੰ ਇਕੱਲਾ ਕੁਦਰਤੀ ਆਫਤਾਂ ਕਹਿ ਕੇ ਨਹੀਂ ਟਾਲਿਆ ਜਾ ਸਕਦਾ। ਹੋਰ ਵੀ ਬਹੁਤ ਸਾਰੇ ਰੂਟ-ਕਾਜ਼ ਹਨ ਜਿਨ੍ਹਾਂ ਨੂੰ ਸਾਨੂੰ ਲੱਭਣਾ ਪਵੇਗਾ। ਜਿਹੜੇ ਜਿਹੜੇ ਡਿਪਾਰਟਮੈਂਟ ਜਾਂ ਮਹਿਕਮੇਂ ਜਿਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ ਉਨ੍ਹਾਂ ਦੇ ਖਿਲਾਫ ਜ਼ਿੰਮੇਵਾਰੀ ਫਿਕਸ ਕਰਕੇ ਸਖਤ ਐਕਸ਼ਨ ਲੈਣਾ ਚਾਹੀਦਾ ਹੈ ਅਤੇ ਅੱਗੇ ਨੂੰ ਇਸ ਗੱਲ ਦੀ ਗਰੰਟੀ ਕਰਨੀ ਚਾਹੀਦੀ ਹੈ ਕਿ ਕਿਸੇ ਤਰ੍ਹਾਂ ਵੱਡੀ ਗਿਣਤੀ ਵਿੱਚ ਜਾਨੀ ਨੁਕਸਾਨ ਨਾ ਹੋਵੇ। ਸਭ ਤੋਂ ਪਹਿਲਾਂ ਸਾਲ 1955 ਵਿੱਚ ਸਵਰਗੀ ਸਰਦਾਰ ਪਰਤਾਪ ਸਿੰਘ ਕੈਰੋਂ ਦੀ ਵਜ਼ਾਰਤ ਸਮੇਂ ਵੱਡੇ ਪੈਮਾਨੇ ਤੇ ਹੜ੍ਹ ਆਏ ਸਨ। ਉਸ ਸਮੇਂ ਉਨ੍ਹਾਂ ਨੇ ਇਕ ਤਕੜੀ ਕਮੇਟੀ ਬਣਾ ਕੇ ਪੱਕੇ ਤੌਰ ਤੇ ਪ੍ਰਬੰਧ ਕੀਤੇ ਸਨ। ਉਸ ਵੇਲੇ ਇਕ ਮਿਸਟਰ ਉੱਪਲ ਜਿਹੜੇ ਬੜੇ ਨੌਨ-ਇੰਜੀਨੀਅਰ ਸਨ, ਉਨ੍ਹਾਂ ਨੇ ਬੜੇ ਅੱਛੇ ਸੁਝਾਓ ਦਿੱਤੇ ਸਨ ਕਿ ਪੰਜਾਬ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਵਿੱਚ ਜਿੰਨੇ ਵੀ ਦਰਿਆ ਹਨ, ਉਨ੍ਹਾਂ ਨੂੰ ਚੈਨੇਲਾਈਜ਼ ਕੀਤਾ ਜਾਵੇ ਤਾਂ ਕਿ ਉਹ ਫਲੱਡ ਦਾ ਕਾਰਨ ਨਾ ਬਣਨ। ਇਹ ਠੀਕ ਹੈ ਕਿ ਇਹੋ ਜਿਹੀ ਪ੍ਰੋਪੋਜ਼ਲਜ਼ ਨੂੰ ਅਮਲੀ ਰੂਪ ਨਹੀਂ ਦਿੱਤਾ ਜਾਂਦਾ। ਜਿੰਨੀਆਂ ਵੀ ਪੰਜਾਬ ਵਿੱਚ ਸਰਕਾਰਾਂ ਆਈਆਂ, ਉਨ੍ਹਾਂ ਨੇ ਇਨ੍ਹਾਂ ਗੱਲਾਂ ਵੱਲ ਧਿਆਨ ਨਹੀਂ ਦਿਤਾ, ਜਦ ਕਿ ਮਿਸਟਰ ਉੱਪਲ ਨੇ ਤਜਰਬੇ ਦੇ ਆਧਾਰ ਤੇ ਇਹ ਸੁਝਾਉ ਦਿੱਤੇ ਸਨ, ਇਨ੍ਹਾਂ ਨੂੰ ਅਮਲੀ ਰੂਪ ਨਹੀਂ ਦਿੱਤਾ। ਧੁੱਸੀ ਬੰਨ੍ਹ ਦਾ ਵੀ ਰੌਲਾ ਪਿਆ ਲੇਕਿਨ ਸਾਡੇ ਮਾਨਸਾ ਵਿੱਚ ਤਾਂ ਧੁੱਸੀ ਬੰਨ੍ਹ ਨਹੀਂ, ਡਰੇਨਜ਼ ਹੀ ਹਨ। ਸਭ ਤੋਂ ਪਹਿਲਾਂ ਸਰਹਿੰਦ ਬਰਾਂਚ ਦਾ ਜ਼ਿਕਰ ਕੀਤਾ ਗਿਆ ਜਦ ਕਿ ਉਸ ਦੀ 50% ਦੀ ਕਪੈਸਟੀ ਸੀ। ਉਸਦੇ ਟੁੱਟਣ ਕਾਰਣ ਵੀ ਬਹੁਤ ਨੁਕਸਾਨ ਹੋਇਆ। ਇਸ ਤਰ੍ਹਾਂ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਦੀ ਮੁਕੰਮਲ ਤੌਰ ਤੇ ਜ਼ਿੰਮੇਵਾਰੀ ਬਣਦੀ ਹੈ। ਭਾਵੇਂ ਸਰਕਾਰ ਆਪਣੇ ਤੌਰ ਤੇ ਕਹਿੰਦੀ ਹੈ ਕਿ ਇਹ ਫਲੱਡ ਜ਼ਿਆਦਾ ਮੀਂਹ ਪੈਣ ਕਾਰਨ ਆਏ ਹਨ ਪਰ ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਦਾ ਦੂਜਾ ਕਾਰਣ ਡਰੇਨੇਜ ਵਿਭਾਗ ਦੀ ਅਣਗਹਿਲੀ ਵੀ ਹੈ। ਅਸੀਂ ਵਾਰ-ਵਾਰ ਇਸ ਗੱਲ ਤੇ ਜ਼ੋਰ ਦਿੰਦੇ ਰਹੇ ਕਿ ਬਾਰਸ਼ਾਂ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ, ਸਾਡੇ ਮਾਨਸਾ ਵਿੱਚ ਇੱਕ ਬਹੁਤ ਵੱਡੀ ਡਰੇਨ ਹੈ, ਉਸਦੀ ਖੁਦਾਈ ਦਾ ਪ੍ਰਬੰਧ ਕੀਤਾ ਜਾਵੇ। ਉਥੇ ਕਰੇਨ ਵੀ ਲਿਆਂਦੀ ਗਈ ਅਤੇ 15–20 ਦਿਨ ਖੁਦਾਈ ਹੋਣ ਤੋਂ ਬਾਅਦ ਕੰਮ ਬੰਦ ਕਰ ਦਿਤਾ ਗਿਆ। ਜਦੋਂ ਉਨ੍ਹਾਂ ਤੋਂ ਕੰਮ ਬੰਦ ਹੋਣ ਦਾ ਕਾਰਣ ਪੁਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਫੰਡਜ਼ ਨਹੀਂ, ਇਸ ਲਈ ਖੁਦਾਈ ਨਹੀਂ ਹੋ ਸਕਦੀ। ਇਸ ਤਰ੍ਹਾਂ ਜੇ ਉਸ ਡਰੇਨ ਦੀ ਸਮੇਂ ਸਿਰ ਖੁਦਾਈ ਹੋ ਜਾਂਦੀ ਤਾਂ ਫਲੱਡਾਂ ਨਾਲ ਹੋਏ ਨੁਕਸਾਨ ਤੋਂ ਬਚਿਆ ਜਾ ਸਕਦਾ ਸੀ। ਹੁਣ ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ, ਜਿਹੜਾ ਕਿ ਸਰਕਾਰ ਪੂਰਾ ਨਹੀਂ ਕਰ ਸਕਦੀ ਅਤੇ ਲੋਕ ਆਰਥਿਕ ਮਾਰ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਸਾਲ 1985 ਵਿੱਚ ਇੱਕ ਸਕੀਮ ਬਣੀ ਸੀ ਔਰ ਖਾਸ ਕਰਕੇ ਮਾਨਸਾ ਵਿੱਚ ਕਿ 169 ਕਿਲੋਮੀਟਰ ਲੰਮੀਆਂ ਡਰੇਨਾਂ ਬਣਾ ਦਿਤੀਆਂ ਜਾਣਗੀਆਂ ਜਿਨ੍ਹਾਂ ਦੇ ਐਸਟੀਮੇਟ ਵੀ ਤਿਆਰ ਕੀਤੇ ਗਏ। ਪਰੰਤੂ ਹੁਣ ਤੱਕ ਇਹ ਕੰਮ ਸ਼ੁਰੂ ਨਹੀਂ ਕੀਤਾ ਗਿਆ, ਬਲਿਕ ਇਸ ਨੂੰ ਵਰਲਡ ਬੈਂਕ ਨਾਲ ਜੋੜ ਦਿਤਾ ਗਿਆ ਹੈ। ਵਰਲਡ ਬੈਂਕ ਵਲੋਂ ਫੰਡਜ਼ ਨਾ ਮਿਲਣ ਕਾਰਨ ਇਹ ਕੰਮ ਉਸੇ ਤਰ੍ਹਾਂ ਪੈਂਡਿੰਗ ਚਲਿਆ ਆ ਰਿਹਾ ਹੈ। ਕਾਸਟ ਆਫ ਕੰਸਟਰਕਸ਼ਨ ਵੀ ਵੱਧ ਗਈ ਹੈ ਅਤੇ ਫਲੱਡਜ਼ ਨਾਲ ਜਿਹੜਾ ਨੁਕਸਾਨ ਹੋਇਆ ਹੈ ਉਹ ਵੱਖਰਾ ਹੈ। ਇਸ ਲਈ ਮਕੈਨੀਕਲ ਤਰੀਕੇ ਦੇ ਨਾਲ ਜਿਹੜੀਆਂ ਸਕੀਮਾਂ ਹਨ ਉਨਾਂ ਨੂੰ ਜ਼ਰੂਰ ਅਮਲੀ ਰੂਪ ਦਿਤਾ ਜਾਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਭਵਿੱਖ ਵਿੱਚ ਸਰਕਾਰ ਨੂੰ ਇਸ ਸਬੰਧੀ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ।

ਦੂਸਰਾ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪੰਜਾਬ ਵਿੱਚ ਤਿੰਨ ਦਰਿਆ ਹਨ। ਉਨ੍ਹਾਂ ਦੀ ਲੰਬਾਈ ਕਿੰਨੀ ਹੈ ! ਸਤਲੁਜ ਹੈ ਉਹ ਫਿਰੋਜ਼ਪੁਰ ਤੱਕ ਹੈ, ਬਿਆਸ ਦੀ ਲੰਬਾਈ ਵੀ ਬਹੁਤ ਥੋੜ੍ਹੀ ਹੈ ਅਤੇ ਇਸੇ ਤਰ੍ਹਾਂ ਤੀਸਰੇ ਦੀ ਲੰਬਾਈ ਵੀ ਥੋੜ੍ਹੀ ਹੀ ਹੈ। ਪਰ ਮੈਨੂੰ ਅਫਸੋਸ ਹੈ ਕਿ ਉਨ੍ਹਾਂ ਦੇ ਇੱਕ ਪਾਸੇ ਹੀ ਬੰਨ੍ਹ ਲਗਾਇਆ ਹੋਇਆ ਹੈ ਅਤੇ ਦੂਜੇ ਪਾਸੇ ਨਹੀਂ। ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਇੱਕ ਸਕੈਂਡਲ ਹੈ ਅਤੇ ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਬੰਨ੍ਹਾਂ ਦਾ ਕੰਮ ਠੇਕੇਦਾਰਾਂ ਦੇ ਰਾਹੀਂ ਕਰਵਾਇਆ ਜਾਂਦਾ ਹੈ ਅਤੇ ਉਹ ਘਾਹ ਫੂਸ ਅਤੇ ਦਰਖਤ ਸੁਟ ਕੇ ਉਨ੍ਹਾਂ ਤੇ ਥੋੜ੍ਹੀ ਬਹੁਤ ਮਿੱਟੀ ਪਾ ਦਿੰਦੇ ਹਨ ਜੋ ਨਾਰਮਲ ਹਾਲਾਤ ਵਿੱਚ ਤਾਂ ਠੀਕ ਲਗਦੇ ਹਨ ਪਰ ਜਦੋਂ ਫਲੱਡ ਆਉਂਦੇ ਹਨ ਉਹ ਫਲੱਡ ਵਿੱਚ ਰੁੜ੍ਹ ਜਾਂਦੇ ਹਨ ਅਤੇ ਗਰੀਬ ਲੋਕਾਂ ਦਾ ਬਹੁਤ ਨੁਕਸਾਨ ਹੁੰਦਾ ਹੈ। ਇਨ੍ਹਾਂ ਦੀ ਜ਼ਰੂਰ ਜਾਂਚ

Original with;
Punjab Vidhan Sabha
Digitized by;
Panjab Digital Library

ਪੜਤਾਲ ਕਰਾਉਣੀ ਚਾਹੀਦੀ ਹੈ। ਸਪੀਕਰ ਸਾਹਿਬ, ਕੈਪਟਨ ਸਾਹਿਬ ਨੇ ਇੱਥੇ ਜ਼ਿਕਰ ਨਹੀਂ ਕੀਤਾ ਪਰ ਪਟਿਆਲੇ ਵਿੱਚ ਕਈ ਮਨੁੱਖੀ ਜਾਨਾਂ ਕਿਸ਼ਤੀਆਂ ਦੇ ਉਲਟਣੇ ਕਰਕੇ ਗਈਆਂ। ਇਸਦੀ ਵੀ ਜ਼ਿੰਮੇਵਾਰੀ ਫਿਕਸ ਕਰਨੀ ਚਾਹੀਦੀ ਹੈ ਕਿ ਕਿਸ ਤਰ੍ਹਾਂ ਅਨ-ਟਰੇਂਡ ਵਿਅਕਤੀਆਂ ਨੂੰ ਕਿਸ਼ਤੀਆਂ ਦਿੱਤੀਆਂ ਗਈਆਂ। ਡਿਸਟ੍ਰਿਕਟ ਐਡਮਨਿਸਟਰੇਸ਼ਨ ਨੂੰ ਭਵਿਖ ਵਿੱਚ ਵੀ ਇਸ ਗੱਲ ਦਾ ਖਿਆਲ ਰੱਖਣਾ ਚਾਹੀਦਾ ਹੈ। ਸਾਡੇ ਮਾਨਸਾ ਵਿੱਚ ਵੀ ਲੋਕ ਫਲੱਡ ਵਿੱਚ ਫਸੇ ਰਹੇ ਅਤੇ ਡਿਸਟਰਿਕਟ ਐਡਮਨਿਸਟਰੇਸ਼ਨ ਕੋਈ ਮੱਦਦ ਨਹੀਂ ਕਰ ਸਕਿਆ ਅਤੇ ਫਲੱਡ ਵਿੱਚ ਫਸੇ ਲੋਕਾਂ ਨੂੰ ਉਨਾਂ ਚਿਰ ਤੱਕ ਨਹੀਂ ਕਢ ਸਕੇ ਜਦੋਂ ਤੱਕ ਮਿਲਟਰੀ ਨਹੀਂ ਪੁੱਜੀ ਅਤੇ ਜੇ ਡਿਸਟ੍ਰਿਕਟ ਐਡਮਨਿਸਟਰੇਸ਼ਨ ਕੋਲ ਟਰੇਂਡ ਕਿਸ਼ਤੀਆਂ ਹੁੰਦੀਆਂ ਤਾਂ ਨੁਕਸਾਨ ਹੋਣ ਤੋਂ ਬਚਾਇਆ ਜਾ ਸਕਦਾ ਸੀ।

ਅਖੀਰ ਵਿਚ ਮੈਂ ਦੋ ਸ਼ਬਦ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਹ ਦੋ ਸਟੇਟਾਂ ਦਾ ਮਾਮਲਾ ਹੈ। ਸਾਡੇ ਡਿਸਟ੍ਰਿਕਟ ਵਿੱਚ ਘੱਗਰ ਜੋ ਕਿ ਨੈਚੁਰਲ ਲੈਵਲ ਦਾ ਹੈ, ਉਹ ਮੇਰੇ ਇਲਾਕੇ ਵਿੱਚ ਚਾਂਦਪੁਰ ਪਿੰਡ ਤੋਂ ਟੁੱਟਿਆ ਅਤੇ ਉਸਨੇ ਬਹੁਤ ਨੁਕਸਾਨ ਕੀਤਾ। ਇਹ ਹਰਿਆਣੇ ਦੇ ਵਿੱਚੋਂ ਦੀ ਹੋ ਕੇ ਨਿਕਲਦਾ ਹੈ, ਹਰਿਆਣੇ ਵਾਲੇ ਇਸ ਵੱਲ ਕੋਈ ਧਿਆਨ ਨਹੀਂ ਦਿੰਦੇ। ਸਾਲ 1988 ਵਿੱਚ ਡਿਸ-ਟ੍ਰਿਕਟ ਐਡਮਨਿਸਟਰੇਸ਼ਨ ਅਤੇ ਲੋਕਾਂ ਨੇ ਸਮੇਂ ਸਿਰ ਕਾਰਵਾਈ ਕਰਕੇ ਫਲੱਡ ਆਉਣ ਤੋਂ ਬਚਾ ਲਿਆ ਸੀ ਅਤੇ ਇਸ ਤਰ੍ਹਾਂ ਲੋਕਾਂ ਦਾ ਨੁਕਸਾਨ ਹੋਣ ਤੋਂ ਬਚ ਗਿਆ ਸੀ, ਪਰੰਤੂ ਇਸ ਸਾਲ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਉਹ ਟੁੱਟ ਗਿਆ ਜਿਸ ਕਾਰਣ ਲੋਕਾਂ ਦਾ ਬਹੁਤ ਨੁਕਸਾਨ ਹੋਇਆ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹ ਮਾਮਲਾ ਹਰਿਆਣਾ ਸਰਕਾਰ ਨਾਲ ਟੇਕ ਅੱਪ ਕੀਤਾ ਜਾਵੇ। ਇਸ ਨਾਲ ਬੁਢਲਾਡਾ ਵਿਖੇ ਤਬਾਹੀ ਹੋਈ ਅਤੇ ਸਮੁੱਚੇ ਮਾਨਸਾ ਜ਼ਿਲ੍ਹੇ ਵਿਚ ਵੀ ਤਬਾਹੀ ਹੋਈ। ਅਗਰ ਪਾਣੀ ਨਾ ਘਟਦਾ ਤਾਂ ਦਮਦਮਾ ਸਾਹਿਬ ਅਤੇ ਤਲਵੰਡੀ ਸਾਬੋ ਦਾ ਇਲਾਕਾ ਵੀ ਹੜ੍ਹ ਦੀ ਮਾਰ ਹੇਠ ਆ ਜਾਂਦਾ। ਅੰਤ ਵਿੱਚ ਮੈਂ ਮੁੱਖ ਮੰਤਰੀ ਜੀ ਵੱਲੋਂ ਕੀਤੀਆਂ ਗਈਆਂ ਦੋ-ਤਿੰਨ ਗੱਲਾਂ ਦੀ ਪ੍ਰਸ਼ੰਸਾ ਕਰਦਾ ਹਾਂ ਕਿ ਉਨ੍ਹਾਂ ਨੇ ਮਨੁੱਖੀ ਜਾਨਾਂ ਜਾਣ ਉਪਰੰਤ ਦਿੱਤੀ ਜਾਂਦੀ ਰਾਸ਼ੀ ਡਬਲ ਕਰ ਦਿੱਤੀ ਹੈ ਪਰ ਫਸਲਾਂ ਲਈ ਬਹੁਤ ਹੀ ਘੱਟ ਧਨ-ਰਾਸ਼ੀ ਵਧਾਈ ਹੈ। ਮੇਰੀ ਬੇਨਤੀ ਹੈ ਕਿ ਇਹ ਪਰ ਏਕੜ ਘੱਟੋ ਘੱਟ 2,000 ਰੁਪਏ ਕੀਤੀ ਜਾਵੇ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਕਵਰ ਨਹੀਂ ਹੁੰਦੀਆਂ। ਮਿਸਾਲ ਦੇ ਤੌਰ ਤੇ ਪੋਲਟਰੀ ਫਾਰਮ ਹਨ। ਉਹ ਇਸ ਮੁਆਵਜ਼ੇ ਵਿਚ ਸ਼ਾਮਲ ਨਹੀਂ ਹੁੰਦੇ। ਇਸ ਤੋਂ ਇਲਾਵਾ ਸਭ ਤੋਂ ਵੱਡਾ ਨੁਕਸ਼ਾਨ ਕਿਸਾਨਾਂ ਦਾ ਜੋ ਹੋਇਆ ਹੈ ਉਹ ਹੈ ਮਸ਼ੀਨਰੀ ਦਾ। ਕਿਸਾਨਾਂ ਦੇ ਟਿਊਬਵੈਲਜ਼ ਹੇਠਾਂ ਬੈਠ ਗਏ ਹਨ। ਮੁਆਵਜ਼ੇ ਵਿਚ ਇਸ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ। ਕਿਸਾਨਾਂ ਨੂੰ ਸਰਕਾਰੀ ਮਸ਼ੀਨਰੀ ਕਾਰਣ ਹੋਏ ਨੁਕਸਾਨ ਦਾ ਵੀ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

ਜਿੱਥੋਂ ਤੱਕ ਲੋਕਾਂ ਨੂੰ ਰਾਹਤ ਦੇਣ ਦਾ ਸਬੰਧ ਹੈ, ਉਸ ਵਿਚ ਹਕੀਕਤ ਇਹ ਹੈ ਕਿ ਪ੍ਰਸ਼ਾਸਨ ਨੇ ਇਸ ਵਿਚ ਲਾਪਰਵਾਹੀ ਵਰਤੀ ਹੈ। ਸਵੈ-ਸੇਵੀ ਜਥੇਬੰਦੀਆਂ ਨੇ ਇਸ ਸਮੇਂ ਅਹਿਮ ਰੋਲ ਅਦਾ ਕੀਤਾ। ਜਦੋਂ ਲੋਕ ਪਸ਼ੂਆਂ ਵਾਸਤੇ ਦਵਾਈਆਂ ਲੈਣ ਲਈ ਡੰਗਰ ਡਾਕਟਰ ਕੋਲ ਜਾਂਦੇ ਸਨ ਤਾਂ ਉਹ ਸਿਰਫ ਪਰਚੀ ਲਿਖ ਦਿੰਦਾ ਸੀ ਅਤੇ ਆਖ ਦਿੰਦਾ ਸੀ ਕਿ ਦਵਾਈ ਆਪ ਲੈ ਆਓ। ਲੋਕਾਂ ਨੂੰ ਆਪਣੀ ਰੋਟੀ ਨਸੀਬ ਨਹੀਂ ਸੀ ਹੁੰਦੀ। ਇਸ ਵਾਸਤੇ ਵੱਡੀ ਪੱਧਰ ਤੇ ਦਵਾਈਆਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਮੈਂ ਸਰਦਾਰ ਜਸਬੀਰ ਸਿੰਘ ਜੀ ਨਾਲ ਸਹਿਮਤ ਹਾਂ ਕਿ ਸਵੈ-ਸੇਵੀ ਜਥੇਬੰਦੀਆਂ ਅਤੇ ਡਿਸਟ੍ਰਿਕਟ ਪੁਲਿਸ ਨੇ ਜੋ ਰੋਲ ਅਦਾ ਕੀਤਾ ਉਹ ਸ਼ਲਾਘਾਯੋਗ ਹੈ। ਜਿਨ੍ਹਾਂ ਨੇ ਆਪ ਪਾਣੀ ਵਿਚ ਜਾ ਕੇ ਲੋਕਾਂ ਨੂੰ ਰਾਹਤ ਦਿੱਤੀ ਅਤੇ ਕਾਫੀ ਯੋਗਦਾਨ ਪਾਇਆ

Original with;
Punjab Vidhan Sabha
Digitized by;
Punjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਅੰਤ ਵਿਚ ਮੈਂ ਸਪੀਕਰ ਸਾਹਿਬ, ਆਪ ਦਾ ਧੰਨਵਾਦ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਭਵਿਖ ਵਿਚ ਅਜਿਹੀ ਤਬਾਹੀ ਨਾ ਹੋਵੇ ।

**ਰਾਜ ਮੰਤਰੀ ਪਸ਼ੂ ਪਾਲਣ ਅਤੇ ਮੱਛੀ ਪਾਲਣ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਮੇਰੇ ਮਹਿਕਮੇ ਨਾਲ ਸਬੰਧਤ ਗੱਲ ਕਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵਿਚ ਬਕਾ-ਇਦਾ ਮਹਿਕਮੇਂ ਦੀਆਂ ਸਕੀਮਾਂ ਹਨ ਅਤੇ ਹਰ ਥਾਂ ਟੀਕੇ ਲਗਾਏ ਗਏ ਅਤੇ ਦਵਾਈ ਦਿੱਤੀ ਗਈ। ਕਿਸੇ ਨੂੰ ਵੀ ਸਿਰਫ ਪਰਚੀ ਨਹੀਂ ਲਿਖ ਕੇ ਦਿੱਤੀ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਹਕੀਕਤ ਇਹ ਹੈ ਕਿ ਸੱਤ ਦਿਨਾਂ ਤੱਕ ਦਵਾਈ ਨਹੀਂ ਪਹੁੰਚੀ। ਮੈਂ ਮਿਸਾਲ ਦੇ ਸਕਦਾ ਹਾਂ।

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਨਹੀਂ ਮਿਲੀ ਹੋਵੇਗੀ ' ਪਰ ਕੁਝ ਕਿਸਾਨ ਮਿਲੇ ਹਨ ਅਤੇ ਉਨ੍ਹਾਂ ਨੇ ਮੈਨੂੰ ਕਿਹਾ ਹੈ ਕਿ ਟਾਈਮ ਸਿਰ ਦਵਾਈ ਪਹੁੰਚੀ ਹੈ ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ (ਮੋਗਾ)**: ਸਪੀਕਰ ਸਾਹਿਬ, ਮੈਂ ਤੁਹਾਡੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਪੰਜਾਬ ਦੀ ਉਸ ਅਹਿਮ ਪਰਾਬਲਮ ਤੇ ਬੋਲਣ ਦਾ ਮੌਕਾ ਦਿੱਤਾ ਹੈ ਜਿਸ ਨੇ ਪਿਛਲੇ ਦਸ ਦਿਨਾਂ ਵਿਚ ਸਾਡੇ ਪੰਜਾਬ ਦੇ ਜਨਜੀਵਨ ਨੂੰ ਅਸਤ-ਵਿਅਸਤ ਕਰ ਦਿਤਾ ਹੈ। ਇਸ ਤੋਂ ਪਹਿਲਾਂ ਕਿ ਮੈਂ ਇਸ ਤੇ ਬੋਲਾਂ, ਮੈਂ ਸਪੀਕਰ ਸਾਹਿਬ, ਤੁਹਾਨੂੰ ਵਧਾਈ ਦਿੰਦੀ ਹਾਂ ਕਿ ਤੁਸੀਂ ਨਵੇਂ ਸਪੀਕਰ ਬਣੇ ਹੋ। ਇਸ ਤੋਂ ਇਲਾਵਾ ਮੈਂ ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਦੀ ਵੀ ਦਾਦ ਦਿੰਦੀ ਹਾਂ ਜਿਨ੍ਹਾਂ ਨੇ ਇੱਕ ਨਾਯਾਬ ਹੀਰਾ ਸਪੀਕਰ ਦੇ ਰੂਪ ਵਿਚ ਸਾਨੂੰ ਦਿੱਤਾ ਹੈ।(ਥੰਪਿੰਗ)।

ਸਪੀਕਰ ਸਾਹਿਬ, ਮੈਂ ਨਜ਼ਰ ਲੱਗਣ ਵਿਚ ਬਿਲਕੁਲ ਵਿਸ਼ਵਾਸ ਨਹੀਂ ਰੱਖਦੀ ਸੀ ਪਰ ਹੁਣ ਪੰਜਾਬ ਦੇ ਹਾਲਾਤ ਦੇਖ ਕੇ ਮੈਨੂੰ ਇਝ ਮਹਿਸੂਸ ਹੋ ਰਿਹਾ ਹੈ ਕਿ ਪੰਜਾਬ ਨੂੰ ਜ਼ਰੂਰ ਕੋਈ ਬੁਰੀ ਨਜ਼ਰ ਲੱਗ ਗਈ ਹੈ। ਇਸ ਨੇ ਸਾਰੇ ਪੰਜਾਬ ਦੇ ਲੋਕਾਂ ਨੂੰ ਕਾਫੀ ਖਰਾਬ ਕੀਤਾ ਹੈ । ਪਿਛਲੇ 11 ਦਿਨਾਂ ਤੋਂ ਸਾਡੇ ਪੰਜਾਬ ਦੇ ਲੋਕਾਂ ਨੂੰ ਹੜ੍ਹਾਂ ਨੇ ਤਬਾਹ ਕੀਤਾ। ਉਸ ਦੇ ਬਾਰੇ ਦੇਖ ਕੇ ਦਿਲ ਕੰਬਦਾ ਸੀ। ਪਰ ਪਟਿਆਲੇ, ਰਾਜਪੁਰੇ ਦੇ ਆਸ ਪਾਸ ਦੇ ਇਲਾਕਿਆਂ ਵਿੱਚ ਜੋ ਫਸਲਾਂ ਖਰਾਬ ਹੋਈਆਂ ਹਨ ਉਹ ਬਿਆਨ ਨਹੀਂ ਕਰ ਸਕਦੇ। ਮੈਂ ਉਸ ਜਗ੍ਹਾਂ ਗਈ ਅਤੇ ਉਥੇ ਜਾ ਕੇ ਦਿਲ ਕੰਬਿਆ । ਇਸ ਤਰ੍ਹਾਂ ਦੇ ਹਾਲਾਤ ਕੋਈ ਹੋਰ ਵੀ ਦੇਖਦਾ ਤਾਂ ਉਸਦਾ ਮਨ ਵੀ ਬਹੁਤ ਜ਼ਿਆਦਾ ਖਰਾਬ ਹੁੰਦਾ। ਅਸੀਂ ਸਾਰੇ ਪੰਜਾਬ ਦੇ ਲੋਕ ਇੱਕ ਵਾਰ ਫਿਰ ਤਹਿ ਦਿਲੋਂ ਧੰਨਵਾਦੀ ਹਾਂ ਮੁੱਖ ਮੰਤਰੀ ਜੀ ਦੇ, ਜਿਨ੍ਹਾਂ ਨੇ ਲੋਕਾਂ ਨੂੰ, ਪੰਜਾਬ ਦੇ ਲੋਕਾਂ ਨੂੰ ਜੀਵਨਦਾਨ ਦਿੱਤਾ। ਸਪੀਕਰ ਸਾਹਿਬ, ਜਿਹੜੀ ਗੱਲ ਤੇ ਮੈਂ ਜ਼ਿਆਦਾ ਜ਼ੋਰ ਦੇਣਾ ਚਾਹੁੰਦੀ ਸੀ ਸਾਡੇ ਮਾਨਯੋਗ ਅਪੋਜ਼ੀਸ਼ਨ ਦੇ ਮੈਂਬਰ ਕੈਪਟਨ ਅਮਰਿੰਦਰ ਸਿੰਘ ਜੀ ਨੇ ਦੱਸਿਆ, ਉਨ੍ਹਾਂ ਦੇ ਮੁਤਾਬਿਕ ਉਨ੍ਹਾਂ ਨੇ ਗਲੂਮੀ ਪਿਕਚਰ ਸਾਡੇ ਸਾਰਿਆਂ ਦੇ ਸਾਹਮਣੇ ਲਿਆ ਦਿੱਤੀ ਕਿ ਕਿਸ ਤਰ੍ਹਾਂ ਹੋਵੇਗਾ, 22 ਕਰੋੜ ਨਾਲ ਕੀ ਬਣੇਗਾ। ਮੈਂ ਤਾਂ ਜਾਨਣਾ ਚਾਹੁੰਦੀ ਹਾਂ:

ਜਬ ਅੰਧੇਰਾ ਹੋ ਜਾਏ ਉਜਾਲੇ ਕੀ ਲੋਅ ਢੂੰਡ ਲੋ,
ਰਾਤ ਕਿਤਨੀ ਹੋ ਕਾਲੀ ਵੋਹ ਕਟ ਜਾਏਗੀ ।

ਠੀਕ ਹੈ, ਮੁਸ਼ਕਲ ਜ਼ਰੂਰ ਹੈ ਕਿ ਰਿਲੀਫ ਦੇ 22 ਕਰੋੜ ਨਾਲ ਕੁਝ ਵੀ ਨਹੀਂ ਬਣੇਗਾ । ਮੈਂ ਪੁੱਛਣਾ ਚਾਹੁੰਦੀ ਹਾਂ ਜੇ ਸਾਨੂੰ ਘਾਟਾ ਪਿਆ ਹੈ ਤੇ ਉਸ ਨੂੰ ਪੂਰਾ ਕਰਨ ਲਈ ਇਹ ਜੋ ਥੋੜ੍ਹਾ ਮਿਲਦਾ ਹੈ

Original with;
Punjab Vidhan Sabha
Digitized by;
Panjab Digital Library

ਸਾਨੂੰ ਇਸ ਦਾ ਵੀ ਫਾਇਦਾ ਉਠਾਉਣਾ ਚਾਹੀਦਾ ਹੈ। ਮੈਂ ਇਨ੍ਹਾਂ ਨੂੰ ਇਕ ਗੱਲ ਕਹਿਣੀ ਚਾਹੁੰਦੀ ਹਾਂ ਕਿ ਪੰਜਾਬ ਦੇ ਲੋਕ ਬਹੁਤ ਬਹਾਦਰ ਹਨ । ਸਾਡੇ ਮੁੱਖ ਮੰਤਰੀ, ਪੰਜਾਬ ਦੀ ਹਿੰਮਤ ਹੈ ਕਿ ਇਨ੍ਹਾਂ ਨੇ ਪਿਛਲੇ ਦਸ ਸਾਲਾਂ ਤੋਂ ਜੋ ਅਮਨ ਤੇ ਸ਼ਾਂਤੀ ਇਥੋਂ ਚਲੀ ਗਈ ਸੀ ਉਹ ਵਾਪਸ ਲਿਆਂਦੀ। ਇਸ ਲਈ ਅੱਜ ਮੈਂ ਕਹਿਣਾ ਚਾਹੁੰਦੀ ਹਾਂ ਔਰ ਮੈਨੂੰ ਵਿਸ਼ਵਾਸ ਹੈ ਕਿ ਪੰਜਾਬ ਦੇ ਬਹਾਦਰ ਲੋਕ ਬੇਸ਼ੱਕ ਮੁਸੀਬਤ ਵਿਚ ਹਨ ਪਰ ਸਾਡੇ ਮੁੱਖ ਮੰਤਰੀ ਜੀ ਦੀ ਲੀਡਰਸ਼ਿਪ ਅੰਦਰ ਉਨ੍ਹਾਂ ਦੀ ਹਿੰਮਤ ਕਰਕੇ, ਦਲੇਰੀ ਕਰਕੇ ਇਸ ਮੁਸੀਬਤ ਵਿਚੋਂ ਜਲਦੀ ਨਿਕਲ ਆਉਣਗੇ। ਮੈਂ ਦੱਸਣਾ ਚਾਹੁੰਦੀ ਹਾਂ ਕਿ ਹੜ੍ਹਾਂ ਦੇ ਤਿੰਨ ਦਿਨਾਂ ਬਾਅਦ ਉਹ ਲੋਕ ਝੋਨਾ ਲਾ ਰਹੇ ਸਨ। ਮੈਂ ਪੁੱਜ ਕੇ ਦੇਖਿਆ, ਉਹਨਾਂ ਨਾਲ ਗਲ ਕੀਤੀ, ਉਨ੍ਹਾਂ ਨੇ ਦੱਸਿਆ ਕਿ ਕੋਈ ਗੱਲ ਨਹੀਂ, ਫਿਰ ਕੀ ਹੋਇਆ ਜੇ ਨੁਕਸਾਨ ਹੋ ਗਿਆ ਹੈ, ਅਸੀਂ ਫਿਰ ਹਿੰਮਤ ਕਰਾਂਗੇ, ਫਿਰ ਝੋਨੇ ਦੀ ਫਸਲ ਉਗਾਵਾਂਗੇ।

ਸਪੀਕਰ ਸਾਹਿਬ, ਸਾਡੇ ਕੁਝ ਮੈਂਬਰ ਸਾਹਿਬਾਨ ਨੇ ਕਿਹਾ ਕਿ ਪੁਲਿਸ ਨੇ ਲੋਕਾਂ ਨੂੰ ਸਹਿਯੋਗ ਨਹੀਂ ਦਿੱਤਾ, ਆਰਮੀ ਨੇ ਲੋਕਾਂ ਨੂੰ ਸਹਿਯੋਗ ਨਹੀਂ ਦਿੱਤਾ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਆਰਮੀ ਨੇ ਸਭ ਤੋਂ ਪਹਿਲਾਂ ਲੋਕਾਂ ਨੂੰ ਹੈਲੀਕਾਪਟਰ ਰਾਹੀਂ ਉਹਨਾਂ ਦੇ ਖਾਣ ਲਈ ਪੈਕਟ ਸੁੱਟੇ ਜਦੋਂ ਉਹ ਮਕਾਨਾਂ ਦੀਆਂ ਛੱਤਾਂ ਤੇ ਬੈਠੇ ਹੱਥ ਹਿਲਾ ਰਹੇ ਸਨ, ਉਹਨ੍ਹਾਂ ਨੂੰ ਪੈਕਟ ਵੰਡੇ । ਕਿਸ਼ਤੀਆਂ ਵਿੱਚ ਵੀ ਉਨ੍ਹਾਂ ਨੂੰ ਕੱਢਿਆ ਗਿਆ। ਇਸੇ ਤਰ੍ਹਾਂ ਮੈਂ ਧੰਨਵਾਦੀ ਹਾਂ ਪੰਜਾਬ ਦੇ ਲੋਕਾਂ ਦੀ ਜਿਨ੍ਹਾਂ ਨੇ ਇਕ ਵਾਰੀ ਫਿਰ ਦਿਖਾ ਦਿੱਤਾ, ਸਾਨੂੰ ਧੰਨਵਾਦੀ ਹੋਣਾ ਚਾਹੀਦਾ ਹੈ ਪਿੰਡਾਂ ਦੇ ਲੋਕਾਂ ਦਾ ਜਿਨ੍ਹਾਂ ਨੇ ਆਪ ਮੁਸ਼ਕਲ ਵਿੱਚ ਹੁੰਦਿਆਂ ਹੋਇਆ ਵੀ ਸ਼ਹਿਰਾਂ ਵਿਚ ਰੋਟੀਆਂ ਪਹੁੰਚਾਈਆਂ। ਇਥੋਂ ਤੱਕ ਕਿ ਉਹਨਾਂ ਦੇ ਪਸ਼ੂਆਂ ਲਈ ਖਾਣ ਲਈ ਪੱਠੇ ਆਦਿ ਵੀ ਟਰਾਲੀਆਂ ਤੇ ਲੈ ਕੇ ਗਏ। ਮੈਂ ਧੰਨਵਾਦੀ ਹਾਂ ਡਾਕਟਰਾਂ ਅਤੇ ਐਡਮਨਿਸਟਰੇਸ਼ਨ ਦੀ ਜਿਨ੍ਹਾਂ ਨੇ ਪਾਣੀ ਵਿੱਚ ਜਾਕੇ, ਪੈਂਟਾਂ ਉਚੀਆਂ ਕਰਕੇ ਲੋਕਾਂ ਨੂੰ ਦਵਾਈਆਂ ਦਿੱਤੀਆਂ ਅਤੇ ਉਨ੍ਹਾਂ ਦੀ ਮੱਦਦ ਕੀਤੀ । ਡਾਕਟਰਾਂ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ ਅਸੀਂ ਬਿਮਾਰੀਆਂ ਤੇ ਕਾਬੂ ਪਾ ਸਕਦੇ ਹਾਂ। ਸਾਡੇ ਸੀ.ਐਮ. ਸਾਹਿਬ ਨੇ ਲੋਕਾਂ ਲਈ ਰਿਲੀਫ ਫੰਡ ਖੋਲ੍ਹਿਆ ਹੈ। ਅੱਜ ਤੱਕ ਮੈਨੂੰ ਪਤਾ ਹੈ ਕਿ ਇਸ ਵਿੱਚ ਇਕ ਕਰੋੜ ਤੋਂ ਜ਼ਿਆਦਾ ਰੁਪਇਆ ਹੋ ਗਿਆ ਹੈ। ਸਾਨੂੰ ਪੂਰੀ ਉਮੀਦ ਹੈ ਕਿ ਸਾਡੇ ਪੰਜਾਬ ਦੇ ਲੋਕ ਮੁਸ਼ਕਿਲ ਵਿੱਚ ਹੁੰਦੇ-ਹੋਏ ਵੀ ਆਪਣੇ ਖਰਚੇ ਵਿਚੋਂ ਪੈਸੇ ਕੱਢ ਕੇ ਵੱਧ ਤੋਂ ਵੱਧ ਸੀ.ਐਮ. ਸਾਹਿਬ ਨੂੰ ਰਿਲੀਫ ਫੰਡ ਵਿੱਚ ਯੋਗਦਾਨ ਦੇਣਗੇ। ਇਸ ਨਾਲ ਪੰਜਾਬ ਦੇ ਲੋਕਾਂ ਦੀ ਮੁਸ਼ਕਲ ਦੂਰ ਹੋ ਜਾਵੇਗੀ । ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ।

**ਕਾਮਰੇਡ ਤਰਸੇਮ ਜੋਧਾਂ ( ਕਿਲਾ ਰਾਏਪੁਰ )**: ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਅਤੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਹੜ੍ਹਾਂ ਦੇ ਅਹਿਮ ਮਸਲੇ ਤੇ ਬੋਲਣ ਦਾ ਮੌਕਾ ਦਿੱਤਾ ਹੈ । ਮੇਰੇ ਤੋਂ ਪਹਿਲਾਂ ਬਹੁਤ ਸਾਰੇ ਮਾਨਯੋਗ ਮੈਂਬਰ ਆਪਣੇ ਵਿਚਾਰ ਦੱਸ ਚੁੱਕੇ ਹਨ । ਪੰਜਾਬ ਦੇ ਵਿੱਚ ਜੋ ਤਬਾਹੀ ਹੋਈ ਹੈ ਉਹ ਸਾਡੇ ਸਾਰਿਆਂ ਦੇ ਸਾਹਮਣੇ ਹੈ । ਇਸ ਵਿਚ ਲੋਕਾਂ ਦੀਆਂ ਜਾਨਾਂ ਗਈਆਂ ਹਨ, ਘਰ ਤਬਾਹ ਹੋਏ ਹਨ, ਪਸ਼ੂ ਮਰੇ ਹਨ, ਖੇਤੀਬਾੜੀ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ, ਟਿਊਬਵੈੱਲ ਰੁੜ੍ਹ ਗਏ ਹਨ ਅਤੇ ਹੋਰ ਬਹੁਤ ਵਡਾ ਭਾਰੀ ਨੁਕਸਾਨ ਹੋਇਆ ਹੈ ਜਿਸ ਦਾ ਮੁਕਾਬਲਾ ਕਰਨ ਵਾਸਤੇ ਜਿਥੇ ਸੈਂਟਰ ਦੀ ਸਰਕਾਰ ਤੇ ਪੂਰਾ ਦਬਾਅ ਪਾਇਆ ਜਾਵੇ ਕਿ ਉਹ ਸਾਨੂੰ ਵੱਧ ਤੋਂ ਵੱਧ ਪੈਸਾ ਦੇਵੇ, ਉਥੇ ਪੰਜਾਬ ਦੀ ਸਰਕਾਰ ਨੂੰ ਆਪਣੀ ਐਡਮਨਿਸਟਰੇਸ਼ਨ ਨੂੰ ਵੀ ਸਟਰੀਮਲਾਈਨ ਕਰਨਾ ਚਾਹੀਦਾ ਹੈ ਅਤੇ ਸਾਰੀਆਂ ਪਾਰਟੀਆਂ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ]

ਨਾਲ ਕੋਆਰਡੀਨੇਟ ਕਰਕੇ ਪੰਜਾਬ ਦੇ ਹੜ੍ਹ ਪੀੜ੍ਹਤ ਦੁਖੀ ਲੋਕਾਂ ਦੀ ਮਦਦ ਵੱਧ ਤੋਂ ਵੱਧ ਕਰਨੀ ਚਾਹੀਦੀ ਹੈ। ਮਾਨਯੋਗ ਸਪੀਕਰ ਸਾਹਿਬ, ਇਥੇ ਨੁਕਸਾਨ ਦੇ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਜੋ ਕਿਹਾ ਹੈ ਉਹ ਦਰੁਸਤ ਕਿਹਾ ਹੈ, ਉਨ੍ਹਾਂ ਨੇ ਦਰੁਸਤ ਗੱਲਾਂ ਦੱਸੀਆਂ ਹਨ ਅਤੇ ਮੈਂ ਉਨ੍ਹਾਂ ਦੇ ਨਾਲ ਸਹਿਮਤ ਹਾਂ ਕਿ ਛੇਤੀ ਤੋਂ ਛੇਤੀ ਇਨ੍ਹਾਂ ਲੋਕਾਂ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਮਾਨਯੋਗ ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਜਿਵੇਂ ਪਿਛਲੇ 10 ਸਾਲ ਤੋਂ ਅਸੀਂ ਅਤਵਾਦ ਦਾ ਮੁਕਾਬਲਾ ਕੀਤਾ ਹੈ ਅਤੇ ਪੰਜਾਬ ਦੇ ਲੋਕਾਂ ਨੇ ਹੜ੍ਹਾਂ ਦੀ ਮਾਰ ਥੱਲੇ ਆਏ ਲੋਕਾਂ ਦੀ ਮਦਦ ਕਰਨ ਵਾਸਤੇ ਜੋਸ਼ ਦਿਖਾਇਆ ਹੈ, ਜਿਥੇ ਲੋਕਾਂ ਨੇ ਅੰਨ, ਦਾਲਾਂ ਅਤੇ ਹੋਰ ਹਰ ਕਿਸਮ ਦੀ ਇਨ੍ਹਾਂ ਪੀੜਤ ਲੋਕਾਂ ਦੀ ਮਦਦ ਕੀਤੀ ਹੈ ਉਥੇ ਨਾਲ ਦੀ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਿਵਿਲ ਐਡਮਨਿਸਟਰੇਸ਼ਨ ਜੋ ਹੈ ਪੰਜਾਬ ਦੀ ਉਹ ਬਿਲਕੁਲ ਫੇਲ੍ਹ ਹੋਈ ਹੈ। ਫੌਜ ਨੇ ਲੋਕਾਂ ਦੀ ਰਾਖੀ ਕੀਤੀ, ਪੁਲਿਸ ਦੇ ਮਹਿਕਮੇ ਨੇ ਜਿੰਨੀ ਉਨ੍ਹਾਂ ਦੀ ਹਿੰਮਤ ਸੀ ਉਨ੍ਹਾਂ ਨੇ ਲੋਕਾਂ ਦੀ ਮਦਦ ਕੀਤੀ। ਮੇਰੇ ਹਲਕੇ ਵਿੱਚ ਔਰ ਸਰਦਾਰ ਮਲਕੀਅਤ ਸਿੰਘ ਦਾਖਾ ਦੇ ਹਲਕੇ ਵਿੱਚ ਜਿੰਨੀ ਪੁਲਿਸ ਨੇ ਮੋਬੇਲਾਈਜ਼ੇਸ਼ਨ ਕਰਨ ਦੀ ਕੋਸ਼ਿਸ਼ ਕੀਤੀ, ਜੇ ਉਹ ਨਾ ਹੁੰਦੀ ਤਾਂ ਇਸ ਤੋਂ ਵੱਧ ਖਤਰਨਾਕ ਤਬਾਹੀ ਹੋਣੀ ਸੀ।

ਮੈਂ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਜਿਥੇ ਲੋਕਾਂ ਨੂੰ ਮੁਆਵਜਾ ਦੇਣ ਦਾ ਪ੍ਰਬੰਧ ਕਰਨਾ ਹੈ ਜਾਂ ਹੋਰ ਲੋੜੀਂਦੀ ਮਦਦ ਕਰਨੀ ਹੈ ਉਥੇ ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਹੜ੍ਹ ਦੇ ਕਾਰਨਾਂ ਵਿੱਚ ਵੀ ਸਾਨੂੰ ਜਾਣਾ ਪਵੇਗਾ। ਜਿਨ੍ਹਾਂ ਅਫਸਰਾਂ ਨੇ ਚਾਹੇ ਉਹ ਡਰੇਨੇਜ ਡੀਪਾਰਟਮੈਂਟ ਦੇ ਹਨ ਜਾਂ ਕੋਈ ਹੋਰ ਹਨ ਜਿਨ੍ਹਾਂ ਨੇ ਲੱਖਾਂ, ਕਰੋੜਾਂ ਰੁਪਏ ਖਾਏ ਹਨ ਉਨ੍ਹਾਂ ਨੂੰ ਬਰੀ ਨਹੀਂ ਕਰਨਾ ਚਾਹੀਦਾ। ਜਿਥੇ ਕੁਦਰਤੀ ਆਫਤ ਆਈ ਹੈ, ਇਹ ਠੀਕ ਹੈ ਕਿ ਕੁਦਰਤੀ ਆਫਤ ਕਿਸੇ ਦੇ ਵੱਸ ਦੀ ਗੱਲ ਨਹੀਂ, ਪਰ ਇਸ ਆਫਤ ਨੂੰ ਘਟਾਉਣ ਵਾਸਤੇ ਅਸੀਂ ਬਹੁਤ ਕੁਝ ਕਰ ਸਕਦੇ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਡਰੇਨੇਜ ਦੀ ਸਫਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ, ਉਥੇ ਸਫਾਈ ਨਹੀਂ ਕੀਤੀ ਗਈ। ਲੁਧਿਆਣਾ ਚ ਵਿੱਚ ਜੋ ਗੰਦਾ ਨਾਲਾ, ਬੁੱਢਾ ਨਾਲਾ ਵਹਿ ਰਿਹਾ ਹੈ, ਜੇ ਉਸ ਦੀ ਸਫਾਈ ਪ੍ਰਾਪਰਲੀ ਕੀਤੀ ਗਈ ਹੁੰਦੀ ਤਾਂ ਇਸ ਤਬਾਹੀ ਤੋਂ ਉਥੇ ਬਹੁਤ ਹੱਦ ਤਕ ਬਚ ਸਕਦੇ ਸਨ। ਉਥੇ ਕਦੇ ਲੋਕ ਸਫਾਈ ਨਹੀਂ ਕਰਦੇ। ਉਥੇ ਲੋਕੀ ਜ਼ਮੀਨਾਂ ਦੀ ਵਾਹੀ ਕਰਦੇ ਹਨ। ਲੋਕੀਂ ਨਾਜਾਇਜ਼ ਕਬਜ਼ਾ ਕਰੀ ਬੈਠੇ ਹਨ। ਬਹੁਤ ਸਾਰੇ ਲੋਕਾਂ ਨੇ ਉਥੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ ਅਤੇ ਇਸ ਵੱਲ ਧਿਆਨ ਦੇਣ ਦੀ ਬੜੀ ਜ਼ਰੂਰਤ ਹੈ। ਇਸ ਦੇ ਨਾਲ ਹੀ, ਮਾਨਯੋਗ ਸਪੀਕਰ ਸਾਹਿਬ, 18 ਤਾਰੀਖ ਨੂੰ ਬਤੌਰ ਮਨਿਸਟਰ ਜਦੋਂ ਤੁਸੀਂ ਖੇਰਾਬੰਦ ਗਏ ਸੀ ਤਾਂ ਉਦੋਂ ਸਰਦਾਰ ਮਲਕੀਅਤ ਸਿੰਘ ਜੀ ਨਾਲ ਸਨ, ਸਰਦਾਰ ਈਸ਼ਰ ਸਿੰਘ ਜੀ ਵੀ ਨਾਲ ਸਨ, ਉਥੇ ਡੀ.ਸੀ. ਸਾਹਿਬ ਅਤੇ ਐਸ.ਐਸ.ਪੀ. ਸਾਹਿਬ ਵੀ ਸਨ ਤਾਂ ਉਥੇ ਪੰਚਾਇਤਾਂ ਵਲੋਂ ਸ਼ਿਕਾਇਤ ਆਈ ਸੀ ਕਿ ਲੋਕੀਂ ਵਲੰਟਰਲੀ ਕੰਮ ਕਰਨਾ ਚਾਹੁੰਦੇ ਹਨ, ਉਹ ਆਪ ਉਥੇ ਮਿੱਟੀ ਪਾਉਣਾ ਚਾਹੁੰਦੇ ਸੀ ਪਰ ਉਥੇ ਦੇ ਠੇਕੇਦਾਰ ਉਨ੍ਹਾਂ ਨੂੰ ਰੋਕ ਰਹੇ ਹਨ। ਮੈਂ ਡੀ.ਸੀ. ਸਾਹਿਬ ਕੋਲ ਗਿਆ ਤਾਂ ਮੈਨੂੰ ਡੀ.ਸੀ. ਸਾਹਿਬ ਨਹੀਂ ਮਿਲੇ। ਡੀ.ਆਈ.ਜੀ. ਲੁਧਿਆਣਾ ਰੇਂਜ ਨੂੰ ਮਿਲਿਆ, ਉਥੋਂ ਵਾਇਰਲੈਸ ਕਾਰਵਾਈ ਕਿ ਇਸ ਕੰਮ ਨੂੰ ਰੋਕਿਆ ਜਾਵੇ। ਉਸੇ ਦਿਨ ਜਦੋਂ ਤੁਸੀਂ ਉਥੋਂ ਆਏ, ਮੈਂ ਸ਼ਾਮ ਨੂੰ ਆਪਣੇ ਪਿੰਡਾਂ ਵਿੱਚ ਗਿਆ, ਸਵੇਰੇ ਘੁੰਮਿਆ, 150 ਟਰਾਲੀਆਂ ਲੈ ਕੇ ਇਕੋ ਦਸ ਕਿਸਾਨ ਪਿੰਡਾਂ ਵਿਚੋਂ ਗਏ ਔਰ ਕਈ ਹਜ਼ਾਰ ਬੰਦਿਆਂ ਦੀ ਰੋਟੀ ਚਾਰ ਪਿੰਡਾਂ ਵਿਚੋਂ ਗਈ। ਜਦੋਂ ਅਸੀਂ ਉਥੇ ਜਾ ਕੇ ਕੰਮ ਸ਼ੁਰੂ ਕੀਤਾ ਤਾਂ ਲੋਕਾਂ ਵਿੱਚ ਇਸ ਗੱਲ ਦੀ ਚਰਚਾ ਸੀ ਕਿ ਤੁਸੀਂ ਮਿੱਟੀ ਸੁੱਟਣ ਆ ਰਹੇ ਹੋ ਇਹ ਪੈਸੇ ਤਾਂ ਠੇਕੇਦਾਰ ਨੇ ਖਾ ਜਾਣੇ ਹਨ। ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

ਜੇਕਰ ਤੁਸੀਂ ਲੋਕਾਂ ਤੋਂ ਵਾਲੰਟਰਿਲੀ ਕੰਮ ਲੈਣਾ ਚਾਹੁੰਦੇ ਹੋ ਤਾਂ ਇਹ ਜਿਹੜੀਆਂ ਜੋਕਾਂ ਸਾਡੇ ਸਮਾਜ ਨੂੰ ਚੰਬੜੀਆਂ ਹੋਈਆਂ ਹਨ, ਚਾਹੇ ਉਹ ਅਫਸਰਸ਼ਾਹੀ ਦੇ ਰੂਪ ਵਿੱਚ ਹਨ ਤੇ ਚਾਹੇ ਉਹ ਠੇਕੇਦਾਰਾਂ ਦੇ ਰੂਪ ਵਿੱਚ ਹਨ, ਜੇ ਇਨ੍ਹਾਂ ਨੂੰ ਕਰੜੇ ਹਥੀਂ ਨਹੀਂ ਲਿਆ ਜਾਵੇਗਾ ਤਾਂ ਲੋਕਾਂ ਵਿੱਚ ਜਿਹੜੀ ਇਨੀਸ਼ੀਏਟਿਵ ਹੈ, ਉਤਸ਼ਾਹ ਹੈ, ਇਹ ਘਟ ਜਾਵੇਗਾ। ਸਪੀਕਰ ਸਾਹਿਬ, ਉਸ ਦਿਨ ਤੁਸੀਂ ਉਥੇ ਵੇਖਿਆ ਕਿ ਕੋਈ 25-30 ਟਰਾਲੀਆਂ ਨੇ ਹੀ ਮਿੱਟੀ ਸੁੱਟੀ ਸੀ। ਪਰ ਉਸ ਤੋਂ ਅਗਲੇ ਦਿਨ ਮੈਂ ਸਾਰਾ ਦਿਨ ਉਥੇ ਰਿਹਾ ਔਰ ਸਿਰਫ ਕਿਲ੍ਹਾ ਰਾਏਪੁਰ ਤੋਂ ਹੀ ਹਜ਼ਾਰ ਡੇਢ ਹਜ਼ਾਰ ਟਰਾਲੀਆਂ ਗਈਆਂ ਔਰ ਉਨ੍ਹਾਂ ਉਥੇ ਮਿੱਟੀ ਸੁੱਟਣ ਦਾ ਕੰਮ ਕੀਤਾ। ਇਥੋਂ ਤੁਕ ਕਿ ਉਥੋਂ ਦੇ ਸਰਪੰਚ ਨੇ ਆਕੇ ਕਿਹਾ ਕਿ ਉਸ ਨੇ ਇਹੋ ਜਿਹਾ ਕੰਮ ਕਦੇ ਨਹੀਂ ਵੇਖਿਆ। ਸਪੀਕਰ ਸਾਹਿਬ, ਮੈਂ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਕੁਝ ਤਾਂ ਕੁਦਰਤੀ ਆਫਤ ਹੈ ਔਰ ਕੁਝ ਮੈਨ ਮੇਡ ਵੀ ਹੈ। ਉਥੇ ਦੇ ਲੋਕਾਂ ਨੂੰ ਮੈਂ ਪੁਛਿਆ, ਉਨ੍ਹਾਂ ਨੇ ਮੈਨੂੰ ਦੱਸਿਆ ਕਿ ਇਥੋਂ ਦਾ ਜਿਹੜਾ ਬੰਨ੍ਹ ਹੈ, ਇਹ ਪੈਸਾ ਕਮਾਉਣ ਵਾਸਤੇ ਠੀਕ ਨਹੀਂ ਕੀਤਾ ਜਾ ਰਿਹਾ ਔਰ ਇਥੇ ਪੱਕਾ ਸਪੱਰ ਬਣਨਾ ਚਾਹੀਦਾ ਹੈ। ਉਥੇ ਵਿੰਡੀ ਪਿੰਡ ਹੈ, ਮੋਰ ਪਿੰਡ ਹੈ, ਹਰ ਸਾਲ ਉਥੇ ਤਬਾਹੀ ਹੁੰਦੀ ਹੈ ਔਰ ਜੇ ਉਸ ਦਿਨ ਉਥੇ ਇਕ ਰਾਤ ਪਾਣੀ ਹੋਰ ਚੜ੍ਹ ਜਾਂਦਾ ਤਾਂ ਕੋਈ 40 ਪਿੰਡਾਂ ਦੀ ਉਥੇ ਤਬਾਹੀ ਹੋ ਜਾਣੀ ਸੀ। ਇਸ ਕਰਕੇ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਸ ਤੋਂ ਪਹਿਲਾਂ ਕਿ ਮਰੀਜ਼ ਇਤਨਾ ਬਿਮਾਰ ਹੋ ਜਾਏ ਕਿ ਉਸ ਨੂੰ ਹਸਪਤਾਲ ਲੈ ਜਾਣਾ ਪਏ, ਉਸ ਨੂੰ ਜਿੰਨਾ ਪਰਹੇਜ਼ ਹੈ, ਉਹ ਕਰਾਉਣਾ ਚਾਹੀਦਾ ਹੈ। ਜਿੰਨਾ ਪੈਸਾ ਸਰਕਾਰ ਨੇ ਉਥੇ ਖਰਚ ਕਰਨਾ ਹੈ, ਜਿੰਨੀ ਨਠਭੱਜ ਅੱਜ ਹੋ ਰਹੀ ਹੈ ਜੇ ਪਹਿਲਾਂ ਹੋ ਜਾਂਦੀ ਤਾਂ ਲੋਕਾਂ ਦੀਆਂ ਜਾਨਾਂ ਵੀ ਬਚ ਜਾਣੀਆਂ ਸਨ ਔਰ ਪਰਾਪਰਟੀ ਵੀ ਬਚ ਸਕਦੀ ਸੀ। ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੇ ਡਰੇਨੇਜ ਡਿਪਾਰਟਮੈਂਟ ਦੇ ਐਕਸ.ਈ.ਐਨ. ਔਰ ਐਸ.ਡੀ.ਓਜ਼ ਹਨ ਉਹ ਕਹਿੰਦੇ ਹਨ ਕਿ ਉਨ੍ਹਾਂ 5 ਲੱਖ ਰੁਪਿਆ ਦੇ ਕੇ ਔਰ 2 ਲੱਖ ਰੁਪਿਆ ਦੇ ਕੇ ਬਦਲੀ ਕਰਵਾਈ ਹੈ, ਮੈਂ ਸਮਝਦਾ ਹਾਂ ਕਿ ਜੇ ਇਸ ਤਰ੍ਹਾਂ ਹੈ ਤਾਂ ਅੱਜ ਉਹ ਲੋਕ ਲੋਕਾਂ ਨੂੰ ਕੀ ਰਾਹਤ ਪਹੁੰਚਾਉਣ ਦਾ ਇੰਤਜ਼ਾਮ ਕਰਨਗੇ ? ਇਸ ਕਰਕੇ ਆਉਣ ਵਾਲੇ ਸਮੇਂ ਵਿਚ, ਮੇਰਾ ਤਜਰਬਾ ਹੈ ਕਿ, ਜਦੋਂ ਕਿਸੇ ਦੀ ਮੌਤ ਹੋ ਜਾਂਦੀ ਹੈ, ਕੋਈ ਟਰੈਜਡੀ ਹੋ ਜਾਂਦੀ ਹੈ ਤਾਂ ਉਥੇ 2-4-10 ਦਿਨ ਤਾਂ ਲੋਕ ਉਸ ਦਾ ਦੁਖ ਵੰਡਾਉਂਦੇ ਹਨ ਪਰ ਬਾਅਦ ਵਿਚ ਇਹ ਘਟ ਜਾਂਦਾ ਹੈ। ਇਸੇ ਤਰ੍ਹਾਂ ਅੱਜ ਜਿਹੜੇ ਇਹ ਫਲੱਡ ਆਏ ਹਨ, ਇਸ ਲਈ ਅਸੀਂ 5,10,15,20 ਦਿਨ ਤਾ ਕੰਮ ਕਰਾਂਗੇ ਪਰ ਲਾਜ਼ਮੀ ਹੈ ਕਿ ਦੋ ਮਹੀਨੇ ਬਾਅਦ ਅਸੀਂ ਸਾਰਾ ਕੁਝ ਭੁੱਲ ਜਾਵਾਂਗੇ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਘੋਖ ਕਰਨੀ ਚਾਹੀਦੀ ਹੈ ਕਿ ਇਸ ਵਿਚ ਜਿਹੜੇ ਲੋਕ ਦੋਸ਼ੀ ਹਨ ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਟੰਗਣਾ ਚਾਹੀਦਾ ਹੈ, ਬਿਨਾਂ ਟੰਗੇ ਉਹ ਹੱਟ ਨਹੀਂ ਸਕਦੇ। ਜਿਨ੍ਹਾਂ ਦੇ ਮੂੰਹ ਨੂੰ ਲੋਕਾਂ ਦਾ ਖੂਨ ਲਗਾ ਹੋਇਆ ਹੈ, ਉਹ ਲਾਜ਼ਮੀ ਹਟਾਉਣਾ ਚਾਹੀਦਾ ਹੈ। ਆਉਣ ਵਾਲੇ ਸਮੇਂ ਵਿਚ ਸਪੈਸ਼ਲ ਪ੍ਰਬੰਧ ਕਰਨੇ ਚਾਹੀਦੇ ਹਨ ਔਰ ਹੜ੍ਹਾਂ ਨੂੰ ਹਟਾਉਣ ਵਾਸਤੇ ਪੱਕੇ ਤੌਰ ਤੇ ਪ੍ਰਬੰਧ ਕਰਨੇ ਚਾਹੀਦੇ ਹਨ । ਇਹ ਜਿਹੜਾ ਕੰਮ ਹੈ ਇਹ ਸਾਰਾ ਕੁਰੱਪਸ਼ਨ ਨਾਲ ਖਰਾਬ ਹੋਇਆ ਹੈ। ਦੋਸ਼ੀ ਲੋਕਾਂ ਨੂੰ ਜ਼ਰੂਰ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ ।

ਸਪੀਕਰ ਸਾਹਿਬ, ਮੈਂ ਤੁਹਾਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਵਾਸਤੇ ਸਾਨੂੰ ਫੀਜ਼ੀਕਲ ਲੇਬਰ ਚਾਹੇ ਕਿੰਨੀ ਕਰਨੀ ਪਵੇ, ਸਾਨੂੰ ਕਹੀਆਂ ਚੁਕਣੀਆਂ ਪੈਣ, 10-15 ਦਿਨ ਲਗਣ ਅਸੀਂ ਆਪਣੇ ਘਰਾਂ ਨੂੰ ਛੱਡਣ ਨੂੰ ਤਿਆਰ ਹਾਂ, ਪਾਰਟੀ ਦੇ ਕੰਮਾਂ ਨੂੰ ਛੱਡਣ ਨੂੰ ਤਿਆਰ ਹਾਂ। ਪਰ ਜੋ ਰਾਹਤ ਦਿੱਤੀ ਜਾਣੀ ਹੈ, ਮੇਰਾ ਤਜ਼ਰਬਾ ਹੈ ਕਿ ਬਹੁਤ ਸਾਰੇ ਲੋਕ ਮੁਰਦੇ ਤੋਂ ਕਫਨ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਮੇਸ ਜੋਧਾਂ]

ਲਾਹੁਣ ਵਾਲੇ ਲੋਕ ਹਨ। ਉਨ੍ਹਾਂ ਨੇ ਔਰ ਅਫਸਰਸ਼ਾਹੀ ਨੇ ਇਹ ਸਾਰਾ ਮੁਆਵਜ਼ਾ ਖਾ ਜਾਣਾ ਹੈ ਔਰ ਜਿਨ੍ਹਾਂ ਲੋਕਾਂ ਨੂੰ ਮਿਲਣਾ ਚਾਹੀਦਾ ਹੈ ਉਨ੍ਹਾਂ ਲੋਕਾਂ ਨੂੰ ਨਹੀਂ ਪਹੁੰਚਣਾ। ਇਸ ਲਈ ਨਿਗਰਾਨ ਕਮੇਟੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਉਹ ਕਮੇਟੀਆਂ ਚੈਕ ਕਰਨ ਕਿ ਜੋ ਪੈਸਾ ਸਰਕਾਰ ਨੇ ਦੇਣਾ ਹੈ ਉਹ ਡਿਜ਼ਰਵਿੰਗ ਲੋਕਾਂ ਤਕ ਪਹੁੰਚਦਾ ਹੈ ਜਾਂ ਨਹੀਂ। ਜੇ ਨਿਗਰਾਨ ਕਮੇਟੀਆਂ ਨਹੀਂ ਬਣਾਓਗੇ ਤਾਂ ਲਾਜ਼ਮੀ ਸਾਰਾ ਪੈਸਾ ਅੱਧਸੁਆਹ ਹੋ ਜਾਵੇਗਾ। ਸੋ ਮੈਂ ਅੰਤ ਵਿਚ ਅਰਜ਼ ਕਰਾਂਗਾ ਕਿ ਜੋ ਮੈਂ ਵਿਚਾਰ ਦਿੱਤੇ ਹਨ ਸਰਕਾਰ ਉਨ੍ਹਾਂ ਤੇ ਅਮਲ ਕਰੇ ਔਰ ਮੈਂ ਇਹ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਵੀ ਸਰਕਾਰ ਦੇ ਨਾਲ, ਲੋਕਾਂ ਦੇ ਨਾਲ ਇਸ ਆਫਤ ਦੇ ਸਮੇਂ ਵਿਚ ਡੱਟ ਕੇ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਾਂਗੇ ਔਰ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸ਼੍ਰੀ ਮਦਨ ਮੋਹਨ ਮਿੱਤਲ (ਨੰਗਲ) :** ਸਪੀਕਰ ਸਾਹਿਬ, ਇਹ ਜੋ ਮਤਾ ਕੁਦਰਤੀ ਆਫਤਾਂ ਦੇ ਸਬੰਧ ਵਿਚ ਪੇਸ਼ ਕੀਤਾ ਗਿਆ ਹੈ, ਮੈਂ ਸਮਝਦਾ ਹਾਂ ਕਿ ਮੇਰੇ ਤੋਂ ਪਹਿਲਾਂ ਬੋਲਣ ਵਾਲਿਆਂ ਨੇ ਇਸ ਸਬੰਧ ਵਿਚ ਬੜੀਆਂ ਦਰਦਨਾਕ ਗੱਲਾਂ ਦਾ ਵਰਣਨ ਕੀਤਾ ਹੈ। ਮੈਂ ਥੋੜ੍ਹੇ ਜਿਹੇ ਸਮੇਂ ਵਿਚ ਇਹ ਅਰਜ਼ ਕਰਾਂਗਾ ਕਿ ਇਹੋ ਜਿਹਾ ਮਤਾ ਲਿਆਉਣ ਦੀ ਲੋੜ ਕਿਉਂ ਪਈ ਔਰ ਕਿਹੜੇ ਹਾਲਾਤ ਦੇ ਕਾਰਣ ਇਹ ਪਹਿਲੇ ਪ੍ਰਬੰਧ ਨਹੀਂ ਕੀਤਾ ਗਿਆ। ਇਹ ਹਾਲਾਤ ਕਿਉਂ ਪੈਦਾ ਹੋਏ, ਮੈਂ ਇਹ ਦੱਸਾਂਗਾ ਪਰ ਮੈਂ ਰੈਪੀਟੀਸ਼ਨ ਨਹੀਂ ਕਰਾਂਗਾ। ਇਨ੍ਹਾਂ ਫਲੱਡਜ਼ ਨਾਲ ਕੋਈ 2 ਹਜ਼ਾਰ ਤੋਂ ਵੱਧ ਪਿੰਡਾਂ ਦਾ ਨੁਕਸਾਨ ਹੋਇਆ ਹੈ, ਕਿਤਨਾ ਹੀ ਸਮਾਨ ਰੁੜ੍ਹ ਗਿਆ ਹੈ, ਕਿਤਨੀਆਂ ਹੀ ਫਸਲਾਂ ਰੁੜ੍ਹ ਗਈਆਂ ਹਨ ਔਰ ਬਹੁਤ ਸਾਰੀ ਐਸੀ ਜ਼ਮੀਨ ਹੈ ਜੋ ਰੇਤ ਆਉਣ ਕਰਕੇ ਅਨਕਲਟੀਵੇਬਲ ਹੋ ਗਈ ਹੈ। ਇਸ ਦਾ ਅਸਰ ਜੋ ਪੰਜਾਬ ਦੇ ਬਜਟ ਤੇ ਪੈਣ ਵਾਲਾ ਹੈ ਇਸ ਸਬੰਧ ਵਿਚ ਮੈਂ ਕੁਝ ਕਹਾਂਗਾ। ਇਸ ਵੇਲੇ ਇਸ ਦਾ ਸਾਹਮਣਾ ਕਰਨ ਲਈ ਟੂ ਐਜਡ ਪਲਾਨਿੰਗ ਕਰਨੀ ਚਾਹੀਦੀ ਹੈ। ਇਕ ਤਾਂ ਸ਼ਾਰਟ ਟਰਮ ਪਲਾਨਿੰਗ ਅਤੇ ਦੂਜੀ ਲੌਂਗ ਟਰਮ ਪਲਾਨਿੰਗ। ਸ਼ਾਰਟ ਟਰਮ ਪਲਾਨਿੰਗ ਵਿਚ ਤਾਂ ਲੋਕਾਂ ਨੂੰ ਜੋ ਇਮੀਜੇਟਲੀ ਰੀਹੈਬਲੀਟੇਟ ਕਰਨਾ ਹੈ, ਔਰ ਕਿਸ ਤਰ੍ਹਾਂ ਕੰਪਨਸੇਸ਼ਨ ਦੇਣਾ ਹੈ ਔਰ ਹੋਰ ਜਿਹੜੇ ਰਿਲੀਫ ਦੇਣੇ ਹਨ ਤਾਂ ਕਿ ਜਿਨ੍ਹਾਂ ਨਾਲ ਉਹ ਆਪਣੇ ਮਕਾਨ ਰਿਪੇਅਰ ਵਗੈਰਾ ਕਰ ਸਕਣ, ਇਸ ਤੇ ਵਿਚਾਰ ਕਰਨਾ ਹੈ। ਸ਼ਹਿਰਾਂ ਦੇ ਵਿਚ ਕਈ ਘਰ ਖਤਮ ਹੋ ਗਏ ਹਨ ਅਤੇ ਕਈ ਜਗ੍ਹਾ ਐਸੇ ਹਾਲਾਤ ਪੈਦਾ ਹੋ ਗਏ ਹਨ ਕਿ ਉਥੇ ਜਿਥੇ ਪਹਿਲੇ ਮਕਾਨ ਸਨ, ਉਥੇ ਮਕਾਨ ਤੱਕ ਨਜ਼ਰ ਨਹੀਂ ਆ ਰਹੇ। ਰੋਪੜ ਜ਼ਿਲ੍ਹੇ ਦੇ ਵਿਚ ਹੜ੍ਹਾਂ ਦੇ ਨਾਲ ਲੋਕਾਂ ਦਾ ਮਾਲੀ ਨੁਕਸਾਨ ਸਭ ਤੋਂ ਜ਼ਿਆਦਾ ਹੋਇਆ ਹੈ ਅਤੇ ਜਾਨੀ ਨੁਕਸਾਨ ਪਟਿਆਲਾ ਜ਼ਿਲ੍ਹੇ ਦਾ ਸਭ ਤੋਂ ਜ਼ਿਆਦਾ ਹੋਇਆ ਹੈ। ਪਟਿਆਲਾ ਜ਼ਿਲ੍ਹੇ ਦੇ ਵਿਚ ਜ਼ਮੀਨ ਤੋਂ ਹੇਠਾਂ 10 ਫੁੱਟ ਮਕਾਨ ਖਿਸਕ ਗਏ ਹਨ, ਸਾਫ ਹੋ ਗਏ ਹਨ। ਸਰਕਾਰ ਦੀ ਸਿਵਿਲ ਐਡਮਿਨਿਸਟਰੇਸ਼ਨ ਬਿਲਕੁਲ ਫੇਲ੍ਹ ਹੋਈ ਹੈ, ਮੁੱਖ ਮੰਤਰੀ ਸਾਹਿਬ ਮੈਨੂੰ ਮੁਆਫ ਕਰਨਗੇ। ਪੁਲਿਸ ਨੇ ਉਥੇ ਕੰਮ ਕੀਤਾ ਹੈ, ਸਿਵਿਲ ਐਡਮਿਨਿਸਟ੍ਰੇਸ਼ਨ ਦੇ ਲੋਕਾਂ ਨੇ ਕੁਝ ਨਹੀ ਕੀਤਾ। ਪੁਲਿਸ ਨੇ ਲੋਕਾਂ ਦੀ ਮਦਦ ਕੀਤੀ ਹੈ, ਇਸ ਗੱਲ ਨੂੰ ਮੁੱਖ ਮੰਤਰੀ ਸਾਹਿਬ ਨੇ ਖੁਦ ਮੰਨਿਆ ਹੈ।

ਸਾਨੂੰ ਹੜ੍ਹਾਂ ਦੇ ਨਾਲ ਹੋਏ ਨੁਕਸਾਨ ਦੇ ਲਈ ਲੌਂਗ ਟਰਮ ਅਤੇ ਸ਼ਾਰਟ ਟਰਮ ਮਾਈਯਰਜ਼ ਲੈਣੇ ਪੈਣਗੇ। ਜ਼ਿਲ੍ਹਾ ਪੱਧਰ ਤੇ ਅਤੇ ਸਟੇਟ ਹੈਡਕੁਆਰਟਰਜ਼ ਤੇ ਫਲੱਡ ਕੰਟਰੋਲ ਦੀਆਂ ਮੀਟਿੰਗਾਂ ਹੁੰਦੀਆਂ ਸਨ ਤਾਂ ਕਿ ਵਿਚਾਰ ਹੋ ਸਕੇ ਕਿ ਫਲੱਡਜ਼ ਦੇ ਲਈ ਕੀ ਸਟੈਪੱਸ ਲਏ ਜਾਣ। ਜਿਥੋਂ ਤੱਕ ਮੇਰੀ ਜਾਣਕਾਰੀ ਹੈ ਇਸ ਸਬੰਧ ਵਿਚ ਜ਼ਿਲ੍ਹਾ ਪੱਧਰ ਤੇ ਕੋਈ ਮੀਟਿੰਗ ਨਹੀਂ ਹੋਈ। ਮੈਨੂੰ ਇਹ ਵੀ ਪਤਾ ਲਗਾ ਹੈ ਕਿ ਡਰੇਨੇਜ਼ ਡਿਪਾਰਟਮੈਂਟ ਦਾ ਕੋਈ ਚੀਫ ਇੰਜੀਨੀਅਰ ਨਹੀਂ ਲਗਾ

Original with;
Punjab Vidhan Sabha
Digitized by;
Panjab Digital Library

ਹੋਇਆ । ਫਲੱਡਜ਼ ਫੰਡਜ਼ ਡਰੇਨੇਜ ਡਿਪਾਰਟਮੈਂਟ ਨੂੰ ਐਲੋਕੇਟ ਕੀਤੇ ਜਾਂਦੇ ਹਨ ਪਰ ਜ਼ਿਲ੍ਹਿਆਂ ਦੇ ਵਿਚੋਂ ਪਤਾ ਲਗਾ ਹੈ ਕਿ ਫੰਡਜ਼ ਨਹੀਂ ਹਨ । 1978 ਵਿਚ ਜਦੋਂ ਫਲੱਡ ਆਏ ਸਨ ਉਸ ਵਕਤ ਇਹ ਸ਼ਿਕਾਇਤ ਕੀਤੀ ਗਈ ਸੀ ਕਿ ਡਰੇਨੇਜ ਡਿਪਾਰਟਮੈਂਟ ਦੇ ਕੋਲ ਫੰਡਜ਼ ਮਈ ਮਹੀਨੇ ਵਿਚ ਐਲੋਕੇਟ ਹੁੰਦੇ ਹਨ ਅਤੇ ਉਨ੍ਹਾਂ ਦੇ ਖਿਆਲ ਮੁਤਾਬਿਕ ਸਤੰਬਰ ਵਿਚ ਹੜ੍ਹ ਆਉਂਦੇ ਹਨ । ਅਗਸਤ ਮਹੀਨੇ ਵਿਚ ਪੈਸਾ ਖਰਚ ਕੀਤਾ ਜਾਂਦਾ ਹੈ । ਪਰ ਇਸ ਸਮੇਂ ਹਾਲਾਤ ਇਹ ਸਨ ਕਿ ਲੋਕਾਂ ਨੂੰ ਬਚਾਉਣ ਲਈ ਕਿਸ਼ਤੀਆਂ ਆ ਗਈਆਂ ਪਰ ਉਨ੍ਹਾਂ ਨੂੰ ਚਲਾਉਣ ਵਾਲਾ ਕੋਈ ਨਹੀਂ ਸੀ। ਤੀਸਰੀ ਮੰਜ਼ਿਲ ਤੇ ਲੋਕ ਬੈਠੇ ਹੋਏ ਸਨ ਅਤੇ ਆਪਣੇ ਬਚਾਉ ਲਈ ਆਵਾਜ਼ਾਂ ਲਗਾ ਰਹੇ ਸਨ । ਉਥੇ ਕਿਸ਼ਤੀਆਂ ਆ ਗਈਆਂ ਪਰ ਉਨ੍ਹਾਂ ਕਿਸ਼ਤੀਆਂ ਨੂੰ ਚਲਾਉਣ ਲਈ ਕੋਈ ਡਰੇਨੇਜ ਡਿਪਾਰਟਮੈਂਟ ਦਾ ਬੰਦਾ ਨਹੀਂ ਸੀ। ਤਿੰਨ ਮੰਜ਼ਲੀ ਬਿਲਡਿੰਗ ਢਹਿ ਗਈ ਉਹ ਸਾਰੇ ਲੋਕ ਵਾਸ਼ ਹੋ ਗਏ । ਇਕ 6 ਸਾਲਾ ਬੱਚੀ ਅਤੇ ਇਕ ਆਦਮੀ ਅਤੇ ਇਕ ਲੜਕਾ ਬੱਚ ਗਿਆ। ਬਾਕੀ 2 ਪਰਿਵਾਰਾਂ ਦੇ ਸਾਰੇ ਜੀਵ ਖਤਮ ਹੋ ਗਏ। ਇਸ ਤਰ੍ਹਾਂ ਦੇ ਹਾਲਾਤ ਹੋ ਗਏ ਸਨ। The department was found sleeping becuase they were not active. They were waiting for the funds. ਇਸ ਫਲੱਡ ਦੇ ਨਾਲ ਲੋਕਾਂ ਦਾ ਮਾਲੀ ਅਤੇ ਜਾਨੀ ਬਹੁਤ ਨੁਕਸਾਨ ਹੋਇਆ ਹੈ । ਇਨ੍ਹਾਂ ਫਲੱਡਜ਼ ਨੂੰ ਰੋਕਣ ਲਈ ਡਿਪਾਰਟਮੈਂਟ ਨੂੰ ਕਦਮ ਉਠਾਉਣੇ ਚਾਹੀਦੇ ਸਨ। ਪਹਿਲੇ ਹਰ ਸਾਲ ਡੀਸਿਲਟਿੰਗ ਹੁੰਦੀ ਸੀ। ਬਹੁਤ ਸਾਰੇ ਸਾਈਫਨ ਰੇਤੇ ਨਾਲ ਬੰਦ ਪਏ ਸਨ, ਉਨ੍ਹਾਂ ਨੂੰ ਸਾਫ ਕਰਨ ਦੀ ਲੋੜ ਸੀ ਅਤੇ ਉਥੇ ਡੀਸਿਲਟਿੰਗ ਕੀਤੀ ਜਾਣੀ ਚਾਹੀਦੀ ਸੀ, ਇਹ ਦੇਖਣ ਵਾਲੀ ਗੱਲ ਹੈ। ਪਰ ਇਹ ਫਲੱਡ ਜੁਲਾਈ ਦੇ ਵਿਚ ਆ ਗਏ। ਆਮ ਤੌਰ ਤੇ ਪੰਜਾਬ ਵਿਚ ਫਲੱਡ ਸਤੰਬਰ ਮਹੀਨੇ ਵਿਚ ਆਉਂਦੇ ਹਨ । So the officers were not prepared to tackle these. They were taken just by surprise. ਜੇਕਰ ਡਿਪਾਰਟਮੈਂਟ ਨੇ ਟਾਈਮਲੀ ਐਕਟ ਕੀਤਾ ਹੁੰਦਾ ਤਾਂ ਜਿਨਾ ਪਟਿਆਲਾ ਅਤੇ ਰੋਪੜ ਜ਼ਿਲ੍ਹੇ ਦੇ ਵਿਚ ਲੋਕਾਂ ਦਾ ਨੁਕਸਾਨ ਹੋਇਆ ਹੈ ਉਸ ਤੋਂ ਉਨ੍ਹਾਂ ਨੂੰ ਬਚਾਇਆ ਜਾ ਸਕਦਾ ਸੀ।ਐਸ.ਵਾਈ. ਐਲ ਕੈਨਾਲ ਦੇ ਜਿਹੜੇ ਸਾਈਫਨ ਹਨ, ਉਹ ਛੋਟੇ ਬਣਾਏ ਗਏ ਹਨ ਅਤੇ ਐਸ.ਵਾਈ.ਐਲ, ਡਿਪਾਰਟ-ਮੈਂਟ ਦੇ ਲੋਕਾਂ ਨੇ ਉਥੇ ਕੋਈ ਕੰਮ ਠੀਕ ਤਰੀਕੇ ਨਾਲ ਨਹੀਂ ਕੀਤਾ। ਥੋੜ੍ਹਾ ਬਹੁਤ ਛੋਟਾ ਮੋਟਾ ਜਿਹੜਾ ਕੰਮ ਕੀਤਾ ਹੈ ਉਹ ਇਕੱਠਾ ਪਾਣੀ ਕਰਕੇ ਇਕ ਪਾਸੇ ਸੁੱਟਣ ਵਾਲੀ ਗੱਲ ਕੀਤੀ ਗਈ ਹੈ । ਇਸ ਡਿਪਾਰਟਮੈਂਟ ਦਾ ਕੋਈ ਅਫਸਰ ਆਤੰਕਵਾਦ ਕਰਕੇ ਕੰਮ ਕਰਨ ਵਾਸਤੇ ਤਿਆਰ ਨਹੀਂ ਹੈ, ਬੇਸ਼ਕ ਫੰਡਜ਼ ਅਵੇਲੇਬਲ ਹਨ। ਪਿੰਡਾਂ ਦੇ ਵਿਚ ਲੋਕਾਂ ਦਾ ਜਾਨੀ ਅਤੇ ਮਾਲੀ ਬਹੁਤ ਨੁਕਸਾਨ ਹੋਇਆ ਹੈ ਅਤੇ ਪਿੰਡ ਦੇ ਪਿੰਡ ਓਵਰ ਫਲੱਡਿਡ ਹੋ ਗਏ ਹਨ। ਫਤਿਹਗੜ੍ਹ ਸਾਹਿਬ ਦੇ ਪਿੰਡਾਂ ਕੋਲ ਲੋਕਾਂ ਨੇ ਐਸ.ਵਾਈ.ਐਲ. ਕੈਨਾਲ ਵਿਚ ਬਰੀਚ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਕਿ ਫਲੱਡ ਉਤੇ ਕੰਟਰੋਲ ਕੀਤਾ ਜਾ ਸਕੇ। ਸਰਕਾਰ ਨੂੰ ਫਲੱਡਜ਼ ਉਤੇ ਕੰਟਰੋਲ ਕਰਨ ਲਈ ਟਾਈਮਲੀ ਐਕਸ਼ਨ ਲੈਣਾ ਚਾਹੀਦਾ ਹੈ। ਮੌਸਮ ਵਿਭਾਗ ਪਿਛਲੇ 20 ਦਿਨਾਂ ਤੋਂ ਸਾਨੂੰ ਵਾਰਨਿੰਗ ਦੇ ਰਿਹਾ ਸੀ ਕਿ ਇਸ ਵਾਰ ਬਾਰਸ਼ ਬਹੁਤ ਜ਼ਿਆਦਾ ਹੋਵੇਗੀ ਅਤੇ ਲਗਾਤਾਰ 48 ਘੰਟੇ ਬਾਰਸ਼ ਹੁੰਦੀ ਰਹੀ। ਕੋਈ ਅਫਸਰ ਸਿਵਿਲ ਐਡਮਨਿਸਟਰੇਸ਼ਨ ਦਾ ਅਵੇਲੇਬਲ ਨਹੀਂ ਸੀ । ਮੈਂ ਮੁੱਖ ਮੰਤਰੀ ਜੀ ਨੂੰ ਕਿਹਾ ਹੈ ਕਿ ਰੋਪੜ ਦਾ ਜ਼ਿਲ੍ਹਾ ਚੰਡੀਗੜ੍ਹ ਹੈਡ ਕੁਆਟਰਜ਼ ਦੇ ਨੇੜੇ ਹੈ ਇਥੇ ਬੇਸ਼ਕ ਤੁਸੀਂ ਆਪਣੇ ਪੈਂਟ ਅਫਸਰ ਲਗਾ ਦਿਓ, ਪਰ ਉਹ ਜ਼ਿਲ੍ਹਾ ਹੈਡ ਕੁਆਟਰਜ਼ ਤੇ ਰਹਿਣ। ਇਹ ਅਫਸਰ ਆਮ ਤੌਰ ਤੇ ਹਰ ਰੋਜ਼ ਟੂਰ ਮੀਟਿੰਗਾ ਪਾ ਕੇ ਰਾਤ ਨੂੰ ਚੰਡੀਗੜ੍ਹ ਜਾਂ ਮੁਹਾਲੀ ਆਪਣੇ ਘਰਾਂ ਵਿਚ ਆ ਜਾਂਦੇ ਹਨ ਅਤੇ ਇਥੇ ਰਹਿੰਦੇ ਹਨ । ਡਿਪਟੀ ਕਮਿਸ਼ਨਰ ਅਤੇ ਐਸ.ਡੀ.ਐਮ ਤੋਂ ਇਲਾਵਾ ਕੋਈ ਬਾਕੀ ਅਫਸਰ ਰੋਪੜ ਅਵੇਲੇਬਲ ਹੀ ਨਹੀਂ ਸੀ । I am not asking for the sake of criticism. ਇਸ ਲੈਪਸ ਨੂੰ ਕਵਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਕਰਨ ਵਾਸਤੇ ਜ਼ਰੂਰੀ ਹੈ ਕਿ ਇਸ ਗੱਲ ਦਾ ਧਿਆਨ ਰਖਿਆ ਜਾਵੇ (ਘੰਟੀ) ਇਕ ਪਾਸੇ ਅਸੀਂ ਫਲੱਡ ਨੂੰ ਕੰਟਰੋਲ ਕਰਨਾ ਹੈ ਔਰ ਦੂਜੇ ਪਾਸੇ ਪੈਸੇ ਦੀ ਕਿਸ ਤਰ੍ਹਾਂ ਵਰਤੋਂ ਕੀਤੀ ਜਾਵੇ। ਹੁਣ ਜਿਹੜੇ ਫਲੱਡ ਆਏ ਹਨ ਔਰ ਉਨ੍ਹਾਂ ਦੀ ਜਿਹੜੀ ਤਸਵੀਰ ਮਿਲਦੀ ਹੈ ਕਿ ਇਤਨਾ ਲੌਸ ਹੋਇਆ ਹੈ, ਉਸ ਬਾਰੇ ਮੁੱਖ ਮੰਤਰੀ ਜੀ ਨੂੰ ਵੀ ਪਤਾ ਹੈ। ਮੁੱਖ ਮੰਤਰੀ ਜੀ ਨੇ 365 ਕਰੋੜ ਰੁਪਏ ਸੈਂਟਰਲ ਸਰਕਾਰ ਕੋਲੋਂ ਮੰਗੇ ਸਨ। (ਘੰਟੀ) ਸਪੀਕਰ ਸਾਹਿਬ, ਜੇ ਇਜਾਜ਼ਤ ਹੋਵੇ ਤਾਂ ਮੈਂ ਕੁਝ ਹੋਰ ਬੋਲ ਲਵਾਂ।

**ਸ਼੍ਰੀ ਸਪੀਕਰ:** ਤੁਸੀਂ ਬੋਲ ਲਵੋ ਜੀ।

**ਸ਼੍ਰੀ ਮਦਨ ਮੋਹਨ ਮਿੱਤਲ:** ਮੁੱਖ ਮੰਤਰੀ ਜੀ ਨੇ 365 ਕਰੋੜ ਰੁਪਿਆ ਮੰਗਿਆ ਸੀ। ਪਰ ਪਰਾਈਮ ਮਨਿਸਟਰ ਨੇ 22 ਕਰੋੜ ਰੁਪਿਆ ਦਿਤਾ। ਪੰਜਾਬ ਸਰਕਾਰ ਨੂੰ ਪੈਸੇ ਦੀ ਬਹੁਤ ਲੋੜ ਹੈ। ਪੰਜਾਬ ਦੇ ਲੋਕਾਂ ਨੇ ਟੈਰੋਰਿਜ਼ਮ ਦੇ ਖਿਲਾਫ ਲੜਾਈ ਲੜੀ ਔਰ ਬਹੁਤ ਪੈਸਾ ਖਰਚ ਹੋਇਆ। ਜੋ ਅਸੀਂ ਰੈਜ਼ੋਲਿਊਸ਼ਨ ਤੇ ਅੱਜ ਬਹਿਸ ਕਰ ਰਹੇ ਹਾਂ, ਇਸ ਰੈਜ਼ੋਲਿਊਸ਼ਨ ਵਿਚ ਇਹ ਵੀ ਮੰਗ ਕਰੀਏ ਕਿ ਕੇਂਦਰ ਸਰਕਾਰ ਸਾਨੂੰ ਲਿਬਰਲ ਹੋਕੇ ਪੈਸਾ ਦੇਵੇ ਤਾਂ ਕਿ ਸਰਕਾਰ ਪੰਜਾਬ ਦੇ ਲੋਕਾਂ ਨੂੰ ਰੀਹੈਬਲੀਟੇਟ ਕਰ ਸਕੇ। ਪੰਜਾਬ ਦੇ ਲੋਕਾਂ ਨੇ ਅੱਤਵਾਦੀਆਂ ਦੇ ਖਿਲਾਫ ਵੀ ਲੜਾਈ ਲੜੀ। ਹੁਣ ਅਸੀਂ ਇਕ ਬਿਪਤਾ ਵਿਚੋਂ ਨਿਕਲੇ ਤਾਂ ਦੂਜੀ ਹੜ੍ਹਾਂ ਦੀ ਬਿਪਤਾ ਵਿਚ ਫਸ ਗਏ। ਅਸੀਂ ਸੈਂਟਰ ਦੀ ਸਰਕਾਰ ਤੋਂ ਮੰਗ ਕਰੀਏ ਕਿ ਸਾਨੂੰ ਮੋਰ ਮਨੀ ਦਿੱਤੀ ਜਾਵੇ। ਪੰਜਾਬ ਸੈਂਟਰਲ ਪੂਲ ਵਿਚ ਅਨਾਜ ਦੇ ਖੇਤਰ ਵਿਚ ਕਿਤਨਾ ਜ਼ਿਆਦਾ ਹਿੱਸਾ ਪਾਉਂਦਾ ਹੈ ਪਰ ਪੰਜਾਬ ਵਿਚ ਹੜ੍ਹਾਂ ਕਰਕੇ ਆਫਤ ਆ ਗਈ ਇਸ ਲਈ ਮੈਂ ਸਮਝਦਾ ਹਾਂ ਕਿ ਸੈਂਟਰਲ ਸਰਕਾਰ ਤੋਂ ਜ਼ਿਆਦਾ ਪੈਸੇ ਦੀ ਮੰਗ ਕਰਨੀ ਚਾਹੀਦੀ ਹੈ। ਭਾਵੇਂ ਕਿਸਾਨ ਹੋਵੇ, ਭਾਵੇਂ ਛੋਟੇ ਲੋਕ ਹੋਣ, ਭਾਵੇਂ ਵੱਡੇ ਲੋਕ ਹੋਣ ਉਨ੍ਹਾਂ ਸਾਰਿਆਂ ਨੂੰ ਸਰਕਾਰ ਵਲੋਂ ਮਦਦ ਮਿਲਣੀ ਚਾਹੀਦੀ ਹੈ ਤਾਂ ਕਿ ਪੰਜਾਬ ਦੇ ਲੋਕ ਦੋਬਾਰਾ ਰੀਹੈਬੀਲੀਟੇਟ ਹੋ ਸਕਣ।

ਮੈਨੂੰ ਵੀ ਪੰਜਾਬ ਦੇ ਅੰਦਰ ਰੋਪੜ ਜ਼ਿਲ੍ਹੇ ਵਿਚ ਅਤੇ ਦੂਸਰੀਆਂ ਹੋਰ ਥਾਵਾਂ ਤੇ ਸਾਮਾਨ ਡਿਸਟਰੀਬਿਊਟ ਕਰਨ ਦਾ ਮੌਕਾ ਮਿਲਿਆ ਹੈ। ਕਈ ਲੋਕ ਸਾਮਾਨ ਲੈਣ ਨੂੰ ਵੀ ਤਿਆਰ ਨਹੀਂ ਹਨ। ਘਰਾਂ ਵਿਚ ਕੋਈ ਬਰਤਨ ਵਗੈਰਾ ਵੀ ਨਹੀਂ ਹਨ। ਅਸੀਂ ਉਨ੍ਹਾਂ ਘਰਾਂ ਦੀ ਲਿਸਟ ਬਣਾਕੇ ਸਾਮਾਨ ਡਿਸਟਰੀਬਿਊਟ ਕਰਨ ਲਈ ਕਿਹਾ ਔਰ ਕਈ ਜਗ੍ਹਾ ਕੀਤਾ ਵੀ ਹੈ। ਸਪੀਕਰ ਸਾਹਿਬ, 1988 ਵਿਚ ਵੀ ਹੜ੍ਹ ਆਏ ਸਨ। ਇਥੋਂ ਦੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਜਿਨ੍ਹਾਂ ਦੀਆਂ ਜ਼ਮੀਨਾਂ ਹੜ੍ਹਾਂ ਵਿਚ ਰੁੜ੍ਹ ਗਈਆਂ ਹਨ, ਉਨ੍ਹਾਂ ਵਾਸਤੇ ਸਰਕਾਰ ਵਲੋਂ ਦੋਬਾਰਾ ਖਾਦ ਵਗੈਰਾ ਦੇਕੇ ਅਤੇ ਹੋਰ ਸਾਮਾਨ ਵਗੈਰਾ ਦੇਕੇ, ਲੋਨ ਦੇ ਕੇ ਰੀਹੈਬਲੀਟੇਟ ਕੀਤਾ ਜਾਵੇ। ਪੰਜਾਬ ਸਰਕਾਰ ਹੁਣ ਵੀ ਮਹਿਸੂਸ ਕਰੇ ਕਿ ਉਹ ਸਾਰੇ ਦੋਬਾਰਾ ਰੀਹੈਬਲੀਟੇਟ ਹੋ ਸਕਣ। ਪੰਜਾਬ ਵਿਚ ਕਈ ਵਲੰਟਰੀ ਆਰਗੇਨਾਈਜ਼ੇਸ਼ਨ, ਰਿਲੀਜੀਅਸ ਆਰਗੇਨਾਈਜ਼ੇਸ਼ਨ ਵਗੈਰਾ ਕੰਮ ਕਰਦੀਆਂ ਹਨ। They were standing in the first row.

ਸਪੀਕਰ ਸਾਹਿਬ, ਸਰਕਾਰ ਦੀ ਮਸ਼ੀਨਰੀ ਬਾਅਦ ਵਿਚ ਆਈ। ਜਿਥੇ ਕਿਤੇ ਵੀ ਲੈਪਸ ਹੋਈ ਹੈ, ਉਥੇ ਇਨਕੁਆਰੀ ਹੋਣੀ ਚਾਹੀਦੀ ਹੈ। ਮੁੱਖ ਮੰਤਰੀ ਜੀ ਨੇ ਵੀ ਕਿਹਾ ਸੀ ਕਿ ਜਿਥੇ ਕਿਤੇ ਇਨਕੁਆਰੀ ਕਰਨ ਦੀ ਲੋੜ ਹੋਈ ਉਥੇ ਇਨਕੁਆਰੀ ਕਰਾਈ ਜਾਵੇਗੀ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਭੀ ਪੰਜਾਬ ਵਿਚ ਕਾਫੀ ਕੈਂਪ ਲਗਾਏ ਹਨ। ਅਗੋਂ ਵਾਸਤੇ ਵੀ ਲਗਾਉਣ ਲਈ ਤਿਆਰ

Original with;
Punjab Vidhan Sabha
Digitized by;
Panjab Digital Library

ਹਾਂ ਅਤੇ ਲਗਾਵਾਂਗੇ। ਅਸੀਂ ਵੀ ਸਪੀਕਰ ਸਾਹਿਬ, ਆਪਣੀ ਪਾਰਟੀ ਵਲੋਂ ਇਕ ਮਹੀਨੇ ਦੀ ਤਨਖਾਹ ਰਿਲੀਫ ਫੰਡ ਵਿਚ ਦੇਣ ਦਾ ਫੈਸਲਾ ਕੀਤਾ ਹੈ। (ਘੰਟੀ)

**ਸ੍ਰੀ ਸਪੀਕਰ:** ਤੁਸੀਂ ਵਾਈਂਡ ਅੱਪ ਕਰੋ।

**ਸ੍ਰੀ ਮਦਨ ਮੋਹਨ ਮਿੱਤਲ:** ਸੀ.ਐਮ. ਸਾਹਿਬ ਵਲੋਂ ਵੀ ਰਿਲੀਫ ਫੰਡ ਵਿਚ ਡਿਸਟਰੀਬਿਊਸ਼ਨ ਹੋਈ ਹੈ। ਹੋਰ ਵੀ ਪੰਜਾਬ ਦੇ ਵਿਚ ਕਈ ਅਜੰਸੀਆਂ ਹਨ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਬੜੀ ਸੇਵਾ ਕੀਤੀ ਹੈ। ਪੈਸਾ ਸਹੀ ਲੋਕਾਂ ਵਿਚ ਜਾਣਾ ਚਾਹੀਦਾ ਹੈ। ਪਹਿਲਾਂ ਜੋ ਪੈਸਾ ਵੰਡਿਆ ਗਿਆ ਸੀ ਉਹ ਠੀਕ ਲੋਕਾਂ ਤਕ ਨਹੀਂ ਪਹੁੰਚਿਆ। ਕਈ ਤਹਿਸੀਲਦਾਰ ਹੀ ਪੈਸਾ ਖਾ ਗਏ। ਪੰਜਾਬ ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਠੀਕ ਲੋਕਾਂ ਤਕ ਪੈਸਾ ਪਹੁੰਚੇ।

**ਸ੍ਰੀ ਰਮਨ ਕੁਮਾਰ ਭੱਲਾ (ਪਠਾਨਕੋਟ):** ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਸਪੀਕਰ ਚੁਣੇ ਜਾਣ ਦੀ ਔਰ ਅੱਜ ਤੁਸੀਂ ਹਾਊਸ ਦੀ ਕਾਰਵਾਈ ਨੂੰ ਸਹੀ ਤਰੀਕੇ ਦੇ ਨਾਲ ਚਲਾਇਆ। ਅੱਜ ਪਹਿਲਾਂ ਦਿਨ ਹੈ ਔਰ ਮਹਿਸੂਸ ਹੀ ਨਹੀਂ ਹੋ ਰਿਹਾ। ਸਪੀਕਰ ਸਾਹਿਬ, ਇਹ ਵੀ ਕੁਦਰਤ ਦਾ ਬੜਾ ਅਜੀਬ ਕਰਿਸ਼ਮਾ ਹੈ ਕਿ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਜਦੋਂ ਕਿ ਹਾਲੇ ਇਕ ਲੜਾਈ ਲੜ ਹੀ ਰਹੇ ਸਨ, ਉਗਰਵਾਦ ਦੇ ਖਿਲਾਫ ਬੜੇ ਸੁਚਾਰੂ ਢੰਗ ਨਾਲ ਬੜੇ ਸਹੀ ਢੰਗ ਨਾਲ ਉਨ੍ਹਾਂ ਨੇ ਲੋਕਾਂ ਨੂੰ ਇਸ ਉਗਰਵਾਦ ਤੋਂ ਰਾਹਤ ਦਿਵਾਈ, ਇਕ ਹੋਰ ਅਨਹੋਣੀ ਇਸ ਪੰਜਾਬ ਤੇ ਵਾਪਰੀ। ਜਿਹੜਾ ਨੁਕਸਾਨ ਸਾਰੇ ਪੰਜਾਬ ਵਿਚ ਹੋਇਆ, ਉਸਦੀ ਤਸਵੀਰ ਅੱਜ ਸਾਡੇ ਸਾਰਿਆਂ ਦੇ ਸਾਹਮਣੇ ਹੈ। ਪਰ ਜਿਸ ਤਰ੍ਹਾਂ ਕਿ ਸਾਡੇ ਮੁੱਖ ਮੰਤਰੀ ਜੀ ਦੀ ਆਦਤ ਸੀ, ਹੁਣ ਤੋਂ ਹੀ ਨਹੀਂ, ਜਦੋਂ ਤੋਂ ਇਨ੍ਹਾਂ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਕਮਾਨ ਸੰਭਾਲੀ, ਉਦੋਂ ਤੋਂ ਹੀ ਇਕ ਅਣਥੱਕ ਵਰਕਰ ਦੇ ਤੌਰ ਤੇ ਪੰਜਾਬ ਵਿਚ ਦੌਰੇ ਲਾਉਂਦੇ ਰਹੇ ਹਨ ਅਤੇ ਹੁਣ ਮੁੱਖ ਮੰਤਰੀ ਬਣਨ ਤੋਂ ਬਾਅਦ ਵੀ ਇਨ੍ਹਾਂ ਨੇ ਪੰਜਾਬ ਵਿਚ ਕਿਸ ਤਰੀਕੇ ਨਾਲ ਉਗਰਵਾਦ ਦੇ ਖਿਲਾਫ ਲੜਾਈ ਲੜੀ ਹੈ, ਇਹ ਗੱਲ ਸਾਡੇ ਸਾਰਿਆਂ ਦੇ ਸਾਹਮਣੇ ਹੈ। ਅੱਜ ਜਿਸ ਦਿਨ ਤੋਂ ਸਾਡੇ ਪੰਜਾਬ ਵਿਚ ਹੜ੍ਹ ਆਏ, ਉਸ ਦਿਨ ਤੋਂ ਹੀ ਇਨ੍ਹਾਂ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ, ਵੱਖ ਵੱਖ ਥਾਵਾਂ ਤੇ ਜਾ ਕੇ ਕਿਸ ਤਰੀਕੇ ਨਾਲ ਆਫੀਸੀਅਲਜ਼ ਨੂੰ ਮੋਟੀਵੇਟ ਕੀਤਾ ਅਤੇ ਅੱਜ ਜਿਹੜਾ ਪੁਲਿਸ ਦਾ ਰੋਲ ਹੈ, ਆਰਮੀ ਦਾ ਰੋਲ ਹੈ ਉਸਦੇ ਪਿਛੇ ਸਰਦਾਰ ਬੇਅੰਤ ਸਿੰਘ ਜੀ ਦੀ ਸਪਿਰਿਟ ਕੰਮ ਕਰ ਰਹੀ ਹੈ। ਅਸੀਂ ਦੇਖਿਆ ਹੈ ਕਿ ਇਨ੍ਹਾਂ ਹੜ੍ਹਾਂ ਅੰਦਰ ਜਿਥੇ ਪੁਲਿਸ ਅਤੇ ਆਰਮੀ ਨੇ ਬੜਾ ਹੀ ਅਹਿਮ ਯੋਗਦਾਨ ਪਾਇਆ, ਉਥੇ ਸਿਵਲ ਐਡਮਨਿਸਟਰੇਸ਼ਨ ਭੀ ਪਿਛੇ ਨਹੀਂ ਰਹੀ। ਮੈਂ ਗੁਰ-ਦਾਸਪੁਰ ਜ਼ਿਲ੍ਹੇ ਦੀ ਗੱਲ ਦੱਸਦਾ ਹਾਂ। ਉਥੇ ਵੀ ਹੜ੍ਹ ਆਏ ਅਤੇ ਬਹੁਤ ਸਾਰੇ ਪਰਿਵਾਰ ਜਿਵੇਂ ਗੁੱਜਰ ਆਦਿ, ਉਹ ਨਹਿਰਾਂ ਦੇ ਕੰਢੇ ਤੇ ਹੀ ਵੱਸੇ ਹੋਏ ਸਨ, ਉਨ੍ਹਾਂ ਨੂੰ ਏਅਰਫੋਰਸ ਵਾਲਿਆਂ ਨੇ ਹੈਲੀਕਾਪਟਰ ਰਾਹੀਂ ਕੱਢਿਆ, ਉਸ ਵੇਲੇ ਸਾਡੀ ਐਡਮਨਿਸਟਰੇਸ਼ਨ ਵੀ ਕਿਸੇ ਪੱਖੋਂ ਪਿਛੇ ਨਹੀਂ ਰਹੀ। ਉਹ ਮੁੱਖ-ਮੰਤਰੀ ਜੀ ਦੀਆਂ ਹਦਾਇਤਾਂ ਤੇ ਪੂਰੀ ਤਰ੍ਹਾਂ ਚੱਲੇ ਅਤੇ ਪੰਜਾਬ ਦੇ ਲੋਕਾਂ ਦੇ ਮਾਲ ਅਤੇ ਜਾਨ ਦੀ ਹਿਫਾਜ਼ਤ ਕੀਤੀ।

ਪਿਛਲੇ ਦਿਨਾਂ ਵਿੱਚ ਅਕਾਲੀ ਦਲ (ਬਾਦਲ) ਦਾ ਬਿਆਨ ਪੜ੍ਹਿਆ ਕਿ ਪ੍ਰਧਾਨ ਮੰਤਰੀ ਜੀ ਪੰਜਾਬ ਨੂੰ ਬਹੁਤ ਘੱਟ ਰਾਸ਼ੀ ਦੇ ਕੇ ਗਏ ਹਨ। ਮੈਂ ਸਮਝਦਾ ਹਾਂ ਕਿ ਇਹ ਸਮਾਂ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਦਾ ਨਹੀਂ ਸੀ। ਜੇ ਵਾਕਿਆ ਹੀ ਉਨ੍ਹਾਂ ਦੇ ਦਿਲ ਵਿੱਚ ਪੰਜਾਬੀਆਂ ਲਈ ਕੋਈ ਜਗ੍ਹਾ ਹੈ,

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮਨ ਕੁਮਾਰ ਭੱਲਾ]

ਸੂਬੇ ਲਈ ਕੋਈ ਪਿਆਰ ਹੈ, ਤਾਂ ਉਨ੍ਹਾਂ ਨੂੰ ਸਾਡੀ ਸਰਕਾਰ ਨਾਲ ਰਾਹਤ ਕੰਮਾਂ ਵਿੱਚ ਮੋਢੇ ਨਾਲ ਮੋਢਾ ਲਾ ਕੇ ਚਲਣਾ ਚਾਹੀਦਾ ਸੀ। ਜਿਥੇ ਲੋਕਾਂ ਵਿੱਚ ਬਿਆਨ ਦੇ ਰਹੇ ਹਨ ਕਿ ਰਾਸ਼ੀ ਘੱਟ ਮਿਲੀ ਹੈ, ਉਥੇ ਉਨ੍ਹਾਂ ਦੇ ਜਾਨ ਮਾਲ ਦੀ ਹਿਫਾਜ਼ਤ ਨਾਲ ਚਲ ਕੇ ਕਰਨੀ ਚਾਹੀਦੀ ਸੀ। ਜਿਹੜਾ ਪ੍ਰਧਾਨ ਮੰਤਰੀ ਜੀ 22 ਕਰੋੜ ਰੁਪਿਆ ਦੇ ਗਏ ਹਨ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿੱਚ ਦੇਖਿਆ ਹੈ ਕਿ ਬ੍ਰਹਮਪੁੱਤਰ ਦਰਿਆ ਵਿਚ ਵੀ ਹੜ੍ਹ ਆਉਂਦੇ ਰਹਿੰਦੇ ਹਨ, ਪ੍ਰਧਾਨ ਮੰਤਰੀ ਜੀ ਦੇ ਉਥੇ ਵੀ ਦੌਰੇ ਦੇਖੇ ਹਨ, ਜਿੰਨੀ ਵੱਡੀ ਰਾਸ਼ੀ ਉਹ ਏਥੇ ਦੇ ਗਏ ਹਨ, ਉਹ ਇਕ ਉਦਾਹਰਣ ਹੈ। ਇਸ ਦਾ ਇਹ ਮਤਲਬ ਹੈ ਕਿ ਸਾਡੇ ਪ੍ਰਧਾਨ ਮੰਤਰੀ ਜੀ ਜਿਹੜਾ ਪੈਸਾ ਦੇ ਕੇ ਗਏ ਹਨ, ਉਹ ਅਗੋਂ ਵੀ ਇਸ ਸੂਬੇ ਦਾ ਪੂਰਾ ਪੂਰਾ ਖਿਆਲ ਰਖਣਗੇ। ਜਿਥੇ ਅਸੀਂ ਇਨ੍ਹਾਂ ਸਾਰਿਆਂ ਦੀ ਪ੍ਰਸ਼ੰਸਾ ਕੀਤੀ ਹੈ, ਉਥੇ ਸਾਡੇ ਐਮ.ਐਲ.ਏ. ਸਾਹਿਬਾਨ ਵੀ ਪ੍ਰਸ਼ੰਸਾ ਦੇ ਕਾਬਲ ਹਨ, ਉਨ੍ਹਾਂ ਨੇ ਵੀ ਜਿਸ ਤਰੀਕੇ ਨਾਲ ਇਨ੍ਹਾਂ ਹੜ੍ਹਾਂ ਦੌਰਾਨ ਆਪਣੇ ਆਪਣੇ ਇਲਾਕਿਆਂ ਦੇ ਟੂਰ ਕੀਤੇ, ਵਾਲੰਟਰੀ ਆਰਗੇਨਾਈਜ਼ੇਸ਼ਨਜ਼ ਰਾਹੀਂ ਰਾਸ਼ਨ ਪਹੁੰਚਾਇਆ, ਕੰਬਲ ਵੰਡੇ, ਉਹ ਵੀ ਪ੍ਰਸ਼ੰਸਾਯੋਗ ਕੰਮ ਹਨ। ਮੈਂ ਲੁਧਿਆਣਾ ਵਿਚੋਂ ਆ ਰਿਹਾ ਸੀ ਤਾਂ ਉਸੇ ਕਾਂਗਰਸ ਕਮੇਟੀ ਵਲੋਂ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਬੋਰਡ ਲੱਗੇ ਪੜ੍ਹੇ ਤਾਂ ਮੈਂ ਦੇਖਿਆ ਕਿ ਸਾਡੀ ਸਰਕਾਰ ਕਿੰਨੀ ਚਿੰਤਿਤ ਹੈ।

ਮੈਂ ਜਿਸ ਤਰ੍ਹਾਂ ਤੁਹਾਨੂੰ, ਸਪੀਕਰ ਸਾਹਿਬ, ਦੱਸਿਆ ਹੈ ਅਤੇ ਹੋਰ ਗੱਲ ਕਰਾਂਗਾ ਕਿ ਪੰਜਾਬ ਦਾ ਨਾਂ ਪੰਜ ਆਬ ਤੇ ਪੈਂਦਾ ਹੈ। ਇਸ ਚੀਜ਼ ਦੀ ਸਾਨੂੰ ਪਹਿਲਾਂ ਤਿਆਰੀ ਕਰਨੀ ਚਾਹੀਦੀ ਸੀ, ਹਰ ਵਾਰ ਜਦੋਂ ਹੜ੍ਹ ਆਉਂਦੇ ਹਨ ਤਾਂ ਡਰੇਨੇਜ ਡਿਪਾਰਟਮੈਂਟ ਨੂੰ ਕਹਿ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦਾ ਕਸੂਰ ਹੈ। ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਆਜ਼ਾਦੀ ਦੇ ਏਨੇ ਸਾਲ ਬਾਅਦ ਵੀ ਅਸੀਂ ਉਨ੍ਹਾਂ ਦੀ ਹੀ ਨਿੰਦਾ ਕਰਦੇ ਆ ਰਹੇ ਹਾਂ। ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਇੱਕ ਸੰਸਥਾ ਹੈ ਜੋ ਕਿ ਇਸ ਵੇਲੇ ਪੰਜਾਬ ਵਿੱਚ ਬਹੁਤ ਅੱਛਾ ਕੰਮ ਕਰ ਰਹੀ ਹੈ। ਅਸੀਂ ਇਹ ਚਾਹਾਂਗੇ ਕਿ ਜੇ ਅਸੀਂ ਡਰੇਨੇਜ਼, ਡਿਪਾਰਟਮੈਂਟ ਨੂੰ ਹੀ ਕਹਿਣਾ ਹੈ ਕਿ ਉਨ੍ਹਾਂ ਦਾ ਕਸੂਰ ਹੈ ਤਾਂ ਇਹ ਕੰਮ ਅਸੀਂ ਉਸ ਸੰਸਥਾ ਕੋਲੋਂ ਕਿਉਂ ਨਾ ਕਰਾਈਏ। ਬਜਾਏ ਇਸ ਦੇ ਕਿ ਬਹੁਤ ਸਾਰੇ ਲੋਕੀਂ ਰੁੜ੍ਹ ਜਾਣ ਉਸ ਤੋਂ ਬਾਅਦ ਡਰੇਨੇਜ਼ ਡਿਪਾਰਟਮੈਂਟ ਨੂੰ ਕਹੀਏ। (ਘੰਟੀ)

ਮੈਂ ਇਕ ਹੋਰ ਆਪਣੇ ਇਲਾਕੇ ਦੀ ਗੱਲ ਕਰਾਂਗਾ। ਮੇਰੇ ਜ਼ਿਲੇ ਗੁਰਦਾਸਪੁਰ ਵਿੱਚ ਵੀ ਬਹੁਤ ਸਾਰਾ ਨੁਕਸਾਨ ਹੋਇਆ ਹੈ। ਮੇਰਾ ਆਪਣਾ ਹਲਕਾ ਪਠਾਨਕੋਟ ਹੈ, ਉਸ ਵਿੱਚ ਵੀ ਬਹੁਤ ਨੁਕਸਾਨ ਹੋਇਆ ਹੈ। ਇਸ ਦਾ ਕਾਰਣ ਵੀ ਇਹੀ ਰਿਹਾ ਕਿ ਜਿਸ ਤਰ੍ਹਾਂ ਮੈਂ ਦੱਸਿਆ ਹੈ ਕਿ ਕਈ ਜਗ੍ਹਾ ਮਹਿਕਮੇ ਦੀ ਕੁਤਾਹੀ ਰਹੀ ਔਰ ਜਿਹੜਾ ਪਾਣੀ ਸੀ ਉਹ ਓਵਰ ਫਲੋ ਹੋ ਕੇ ਸ਼ਹਿਰ ਦੇ ਵਿੱਚ ਆ ਗਿਆ। ਮੈਂ ਯਕੀਨ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਜਿੱਥੇ ਸਾਡੇ ਮੁੱਖ ਮੰਤਰੀ ਜੀ ਪੰਜਾਬ ਦਾ ਖਿਆਲ ਰੱਖਣਗੇ ਉਥੇ ਉਹ ਪਠਾਨਕੋਟ ਦਾ ਵੀ ਜ਼ਰੂਰ ਖਿਆਲ ਰੱਖਣਗੇ। ਆਖਿਰ ਵਿੱਚ, ਮੈਂ ਇਹੀ ਕਹਾਂਗਾ ਕਿ ਇਸ ਲੜਾਈ ਦੇ ਵਿੱਚ ਜਿਹੜੀ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਪਹਿਲਾਂ ਲੜੀ ਹੈ ਔਰ ਹੁਣ ਵੀ ਇਸ ਕੁਦਰਤੀ ਆਫਤ ਵਿੱਚ ਪਬਲਿਕ ਉਨ੍ਹਾਂ ਦੇ ਨਾਲ ਹੈ, ਜਿਹੜਾ ਕੁਦਰਤੀ ਭਾਣਾ ਸਾਡੇ ਤੇ ਪਿਆ ਹੈ ਇਸ ਵਿੱਚ ਪਬਲਿਕ ਤਨ-ਮਨ ਨਾਲ ਮੁੱਖ ਮੰਤਰੀ ਜੀ ਨਾਲ ਹੈ। ਅਸੀਂ ਦੇਖਿਆ ਹੈ ਕਿ ਲੱਖਾਂ ਰੁਪਏ ਮੁੱਖ ਮੰਤਰੀ ਜੀ ਦੇ ਰਿਲੀਫ ਫੰਡ ਵਿੱਚ ਰਾਹਤ ਵਜੋਂ ਲੋਕਾਂ ਵਲੋਂ ਭੇਜੇ ਗਏ ਹਨ। ਏਨਾ ਕਹਿੰਦਾ ਹੋਇਆ ਮੈਂ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਬ੍ਰਿਜ ਭੁਪਿੰਦਰ ਸਿੰਘ (ਲੋਹੀਆ)** : ਮਾਨਯੋਗ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤੁਹਾਨੂੰ ਵਧਾਈ ਦਿੰਦਾ ਹਾਂ ਕਿ ਸਪੀਕਰ ਬਣਨ ਦੇ ਨਾਲ ਹੀ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

ਇਸ ਲਈ ਮੈਂ ਤੁਹਾਡਾ ਧੰਨਵਾਦ ਵੀ ਕਰਦਾ ਹਾਂ। ਮੇਰੇ ਹਲਕੇ ਵਿਚ ਇਹ ਤੀਸਰੀ ਵਾਰ ਹੜ੍ਹ ਆਇਆ ਹੈ। ਪਹਿਲਾਂ 1985 ਵਿੱਚ, ਫਿਰ 1988 ਵਿੱਚ ਅਤੇ ਹੁਣ 1993 ਵਿੱਚ। ਮੇਰਾ ਆਪਣਾ ਪਿੰਡ ਵੀ ਇਸ ਵੇਲੇ ਪਾਣੀ ਵਿੱਚ ਘਿਰਿਆ ਹੋਇਆ ਹੈ। ਮੈਂ ਇਸ ਬਾਰੇ ਏਨਾ ਹੀ ਦੱਸਣਾ ਚਾਹੁੰਦਾ ਹਾਂ ਕਿ ਐਤਕੀਂ ਜੋ ਹੜ੍ਹ ਆਏ ਹਨ, ਇਸ ਦੇ ਕੁਝ ਕੁਦਰਤੀ ਕਾਰਣ ਵੀ ਸਨ ਔਰ ਮੈਂ ਸਮਝਦਾ ਹਾਂ ਕਿ ਕੁਝ ਕੁਰੀਤੀਆਂ ਵੀ ਸਨ। ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਇਹ ਕਹਿਣਾ ਚਾਹਾਂਗਾ ਕਿ ਉਹ ਘੋਖ ਕਰਵਾਉਣ ਅਤੇ ਪਤਾ ਕਰਨ ਕਿ ਕੀ ਵਜ੍ਹਾ ਸੀ ਔਰ ਕਿਸ ਦਾ ਫਾਲਟ ਸੀ ਜਿਸ ਕਰਕੇ ਇਹ ਜਿਹੜਾ ਬਚਾਅ ਹੋ ਸਕਦਾ ਸੀ, ਉਹ ਵੀ ਨਹੀਂ ਹੋ ਸਕਿਆ।

ਮੇਰੇ ਹਲਕੇ ਵਿੱਚ ਪੰਜ ਬਰੀਚ ਹੋਏ ਹਨ। ਤਕਰੀਬਨ 15-20 ਦਿਨ ਪਹਿਲਾਂ ਮੈਂ ਡੀ. ਸੀ. ਸਾਹਿਬ ਨਾਲ ਆਪਣੇ ਜਲੰਧਰ ਦੇ ਨੇੜੇ ਗੇੜਾ ਕੱਢ ਕੇ ਆਇਆ ਸੀ ਔਰ ਵੀ.ਡੀ.ਓ. ਫੋਟੋ ਵੀ ਲਏ ਗਏ ਔਰ ਪਲਾਨਿੰਗ ਬੋਰਡ ਵਿੱਚ ਵੀ ਜ਼ਿਕਰ ਆਇਆ। ਪਰ ਪਤਾ ਨਹੀਂ ਕਿੱਥੇ ਫਾਲਟ ਲਾਈ ਕਰਦਾ ਹੈ, ਹੁਣ ਏਥੇ ਦੱਸਣ ਦਾ ਟਾਈਮ ਨਹੀਂ ਹੈ, ਉਥੇ ਸਾਡੀ ਗੱਡੀ ਵੀ ਨਹੀਂ ਨਿਕਲ ਸਕੀ। ਪਾਣੀ ਬਹੁਤ ਜ਼ਿਆਦਾ ਸੀ ਔਰ ਬੰਨ੍ਹ ਦੇ ਉਤੋਂ ਦੀ ਲੰਘ ਰਿਹਾ ਸੀ। ਅਸੀਂ ਇਸ 15 ਤਰੀਕ ਨੂੰ ਹੋਕੇ ਆਏ ਹਾਂ। ਉਸ ਤੋਂ ਬਾਅਦ ਅਸੀਂ ਡੀ.ਸੀ. ਸਾਹਿਬ ਨੂੰ ਵੀ ਕਿਹਾ ਹੈ। ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਮੁੱਖ ਮੰਤਰੀ ਜੀ ਨਾਲ ਉਨ੍ਹਾਂ ਨੇ ਡਿਸਕਸ ਕਰ ਲਿਆ ਹੈ। ਮੈਂ ਸਮਝਦਾ ਹਾਂ ਕਿ 50 ਪ੍ਰਤੀਸ਼ਤ ਮੇਰੇ ਹਲਕੇ ਦਾ ਜੋ ਨੁਕਸਾਨ ਹੋਇਆ ਹੈ, ਉਹ ਬਚ ਸਕਦਾ ਸੀ ਜੇਕਰ ਟਾਈਮਲੀ ਐਕਸ਼ਨ ਲਿਆ ਗਿਆ ਹੁੰਦਾ। ਨੰਬਰ ਦੋ ਤੇ ਮੈਂ ਇਹ ਕਹਿਣਾ ਚਾਹਾਂਗਾ ਕਿ ਇਹ ਜੋ ਕੁਦਰਤੀ ਆਫਤ ਆਈ ਹੈ ਜਿਵੇਂ ਕਿ ਬਾਕੀ ਮੈਂਬਰ ਸਾਹਿਬਾਨ ਨੇ ਵੀ ਦੱਸਿਆ ਹੈ, ਪੰਜਾਬ ਕੋਲ ਰਾਸ਼ੀ ਘੱਟ ਹੈ, ਸੈਂਟਰ ਸਾਡੀ ਮੱਦਦ ਵੱਧ ਤੋਂ ਵੱਧ ਕਰੇ ਤਾਂ ਕਿ ਅਸੀਂ ਅਜਿਹੇ ਮੌਕੇ ਸੰਭਾਲ ਸਕੀਏ।

ਜਿਵੇਂ ਕਿ ਮੈਂ ਦੱਸਿਆ ਹੈ ਕਿ ਸਾਡੇ ਇਲਾਕੇ ਵਿੱਚ ਇਹ ਤੀਜੀ ਵਾਰ ਹੜ੍ਹ ਆਇਆ ਹੈ। ਇਸ ਕਰਕੇ ਮੈਂ ਕੁਝ ਸੁਝਾਅ ਵੀ ਦੇਣੇ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਅਸੀਂ ਕਿਸ ਤਰ੍ਹਾਂ ਅਜਿਹੇ ਹਾਲਾਤ ਤੇ ਨੱਥ ਪਾ ਸਕਦੇ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਅਸੀਂ ਸੈਂਟਰਲ ਗੌਰਮਿੰਟ ਤੋਂ ਵੱਧ ਤੋਂ ਵੱਧ ਅਸਿਸਟੈਂਸ ਲਈਏ, ਦੂਜਾ ਇਹ ਕਿ ਰੈਵੀਨਿਊ ਡਿਪਾਰਟਮੈਂਟ ਨੂੰ ਸੈਂਟਰ ਤੋਂ ਜੋ ਫਲੱਡ ਰਿਲੀਫ ਗਰਾਂਟ ਮਿਲਦੀ ਹੈ ਉਹ ਵੀ ਵਧਾਈ ਜਾਵੇ। ਤੀਜਾ, ਵਰਲਡ ਬੈਂਕ ਨਾਲ ਨੈਗੋਸ਼ੀਏਸ਼ਨ ਕਰੀਏ ਕਿ ਸਾਨੂੰ ਉਹ ਪੈਸਾ ਦੇਵੇ ਤਾਂ ਕਿ ਅਜਿਹੇ ਫਲੱਡਜ਼ ਦਾ ਮੁਕਾਬਲਾ ਕੀਤਾ ਜਾ ਸਕੇ ਔਰ ਚੌਥਾ ਇਹ ਕਿ ਸੱਭ ਨਾਲੋਂ ਵਧ ਪ੍ਰਾਜੈਕਟਸ ਫੰਡਜ਼ ਮਾਰਕੀਟਿੰਗ ਬੋਰਡ ਕੋਲ ਹਨ ਕਈ ਮੈਂਬਰ ਸ਼ਾਇਦ ਡਿਵੈਲਪਮੈਂਟ ਦੇ ਕੰਮ ਰੋਕਣ ਤੇ ਨਿਰਾਸ਼ ਹੋਣਗੇ ਪਰ ਮੈਂ ਕਹਿਣਾ ਚਾਹਾਂਗਾ ਕਿ ਮਾਰਕੀਟਿੰਗ ਬੋਰਡ ਕੋਲ ਜਿਹੜਾ 114 ਕਰੋੜ ਰੁਪਿਆ ਹੈ ਉਸ ਵਿਚੋਂ ਅੱਧਾ ਫਲੱਡਜ਼ ਨੂੰ ਰੋਕਣ ਵਾਸਤੇ ਵਰਤਿਆ ਜਾਣਾ ਚਾਹੀਦਾ ਹੈ। ਇਥੇ ਹੀ ਨਹੀਂ, ਜੇਕਰ ਫਲੱਡ ਪਰੋਨ ਏਰੀਆਜ਼ ਵਾਸਤੇ ਇਕ ਰੁਪਿਆ ਸੈੱਸ ਵੀ ਲਗਾਉਣਾ ਪਵੇ ਤਾਂ ਲਗਾ ਲੈਣਾ ਚਾਹੀਦਾ ਹੈ ਅਤੇ ਤਿੰਨ ਸਾਲ ਤੱਕ ਫਲੱਡ ਰੋਕਣ ਲਈ ਇਹ ਫੰਡ ਨਿਯਤ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ, ਸਪੀਕਰ ਸਾਹਿਬ ਮੈਂ ਇਹ ਬੇਨਤੀ ਕਰਦਾ ਹਾਂ ਕਿ ਜਿਹੜਾ ਡਰੇਨੇਜ ਵਿਭਾਗ ਐਸਟੀਮੇਟ ਲਗਾਉਂਦਾ ਹੈ ਇਹ ਇਕੱਲਾ ਐਸਟੀਮੇਟ ਨਾ ਲਗਾਵੇ। ਇਸ ਦੇ ਐਸਟੀਮੇਟ ਬਣਾਉਣ ਤੋਂ ਇਲਾਵਾ ਮੁੱਖ ਮੰਤਰੀ ਸਾਹਿਬ ਦੇ ਥੱਲੇ ਇਕ ਟੈਕਨੀਕਲ ਐਕਸਪਰਟਾਂ ਦੀ ਕਮੇਟੀ ਹੋਣੀ ਚਾਹੀਦੀ ਹੈ ਜਿਹੜੀ ਕਿ ਇਸ ਐਸਟੀਮੇਟ ਨੂੰ ਇੰਡੀਪੈਂਡੈਂਟਲੀ ਕਨਫਰਮ ਕਰੇ ਔਰ ਫਿਰ ਉਸ ਨੂੰ ਸੁਪਰਵਾਈਜ਼ ਹਲਕੇ ਦਾ ਐਮ.ਐਲ.ਏ. ਅਤੇ ਉਨ੍ਹਾਂ ਪਿੰਡਾਂ ਦੇ ਸਰਪੰਚ ਕਰਨ ਜਿਹੜੇ ਕਿ ਫਲੱਡ ਪਰੋਨ ਏਰੀਆ ਦੇ ਹੋਣ। ਇਸ ਸੁਪਰਵੀਜ਼ਨ ਕਮੇਟੀ ਵਿੱਚ 11 ਜਾਂ 15 ਜਾਂ ਜਿੰਨੇ ਵੀ ਮੁੱਖ ਮੰਤਰੀ ਸਾਹਿਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਬ੍ਰਿਜ ਭੁਪਿੰਦਰ ਸਿੰਘ]

ਚਾਹੁਣ ਮੈਂਬਰ ਪਾਏ ਜਾਣ। ਡਰੇਨੇਜ ਵਿਭਾਗ ਦੇ ਜਿਹੜੇ ਫੰਡ ਹਨ ਉਹ ਸੈਂਟਰ ਤੋਂ ਲਏ ਜਾਣ, ਵਰਲਡ ਬੈਂਕ ਤੋਂ ਲਏ ਜਾਣ, ਮੰਡੀ ਬੋਰਡ ਤੋਂ ਲਏ ਜਾਣ । ਇਹ ਮੇਰੀ ਹਾਰਦਿਕ ਸਿਫਾਰਸ਼ ਹੈ ਕਿ ਮਾਰਕੀਟਿੰਗ ਬੋਰਡ ਤੋਂ ਮੈਕਸੀਮਮ ਰੁਪਿਆ ਲੈ ਕੇ ਉਸ ਨੂੰ ਫਲੱਡ ਪਰੋਨ ਏਰੀਆ ਵਿੱਚ ਖਰਚਿਆ ਜਾਵੇ ।

ਸਪੀਕਰ ਸਾਹਿਬ, ਪਹਿਲਾਂ 1955 ਵਿੱਚ ਹੜ੍ਹ ਆਏ ਸਨ, ਫਿਰ 30 ਸਾਲ ਬਾਅਦ 1985 ਵਿੱਚ ਹੜ੍ਹ ਆਏ ਸਨ। ਉਸ ਤੋਂ ਬਾਅਦ 1988 ਵਿੱਚ ਅਤੇ ਹੁਣ 1993 ਵਿੱਚ ਹੜ੍ਹ ਆਏ ਹਨ । ਇਹ ਜਿਹੜੀ ਹੜ੍ਹ ਆਉਣ ਦੀ ਔਸਤ ਹੈ ਉਹ ਘਟਦੀ ਜਾ ਰਹੀ ਹੈ। ਇਸ ਬਾਰੇ ਸਾਨੂੰ ਤਿੰਨ ਸਾਲਾ ਪ੍ਰੋਗਰਾਮ ਬਣਾਉਣਾ ਚਾਹੀਦਾ ਹੈ। ਇਹ ਜਿਹੜੇ ਪੰਜ ਕਮਜ਼ੋਰ ਪੁਆਇੰਟ ਸਨ ਉਹ ਮੈਂ ਦੱਸ ਦਿੱਤੇ ਹਨ । ਮੇਰੇ ਹਲਕੇ ਵਿੱਚ ਸਾਢੇ ਤਿੰਨ ਕਰੋੜ ਜਾਂ ਚਾਰ ਕਰੋੜ ਰੁਪਏ ਦਾ ਐਸਟੀਮੇਟ ਸੀ। ਜੇਕਰ ਇਹ ਖਰਚਿਆ ਹੁੰਦਾ ਤਾਂ ਹੜ੍ਹਾਂ ਨਾਲ ਨੁਕਸਾਨ ਕਾਫੀ ਘੱਟ ਹੋਣਾ ਸੀ । ਇਸੇ ਤਰ੍ਹਾਂ ਸਤਲੁਜ ਦਾ ਸਾਰੇ ਦਾ 50 ਕੁ ਕਰੋੜ ਤੋਂ ਵੱਧ ਦਾ ਐਸਟੀਮੇਟ ਨਹੀਂ ਬਣਦਾ। ਇਹ ਮੇਰਾ ਮੋਟੇ ਤੌਰ ਤੇ ਅੰਦਾਜ਼ਾ ਹੈ। ਅਖੀਰ ਵਿੱਚ ਮੈਂ ਬਹੁਤਾ ਸਮਾਂ ਨਾ ਲੈਂਦਾ ਹੋਇਆ ਇਹ ਕਹਿੰਦਾ ਹਾਂ ਕਿ ਸੀ.ਐਮ. ਸਾਹਿਬ ਸੈਂਟਰ ਤੋਂ ਵੱਧ ਤੋਂ ਵੱਧ ਪੈਸਾ ਲੈਣ ਤਾਂ ਕਿ ਅਸੀਂ ਹੜ੍ਹ ਪੀੜਤਾਂ ਦੀਆਂ ਜਿਹੜੀਆਂ ਮੁਸ਼ਕਲਾਂ ਹਨ, ਉਨ੍ਹਾਂ ਨੂੰ ਪੂਰਾ ਕਰ ਸਕੀਏ ਅਤੇ ਆਉਣ ਵਾਲੇ ਸਮੇਂ ਵਿੱਚ ਜਿਹੜੇ ਮੈਂ ਕੁਝ ਸੁਝਾਓ ਦਿੱਤੇ ਹਨ ਉਨ੍ਹਾਂ ਉਤੇ ਗੌਰ ਕੀਤਾ ਜਾਵੇ। ਜੈ ਹਿੰਦ ।

**ਸ੍ਰੀ ਸਤਨਾਮ ਸਿੰਘ ਕੈਂਥ** (ਬੰਗਾ, ਐਸ.ਸੀ.) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਹੜ੍ਹਾਂ ਦੇ ਬਾਰੇ ਬੜੀ ਡਿਟੇਲ ਵਿੱਚ ਬਹਿਸ ਹੋਈ ਹੈ ਅਤੇ ਮੇਰੇ ਐਮ.ਐਲ.ਏ. ਸਾਹਿਬਾਨ ਨੇ ਬਹੁਤ ਸਾਰੀਆਂ ਗੱਲਾਂ ਕਹੀਆਂ ਹਨ । ਮੈਂ ਉਨ੍ਹਾਂ ਗੱਲਾਂ ਨੂੰ ਦੁਬਾਰਾ ਰਿਪੀਟ ਨਹੀਂ ਕਰਾਂਗਾ ਕਿਉਂਕਿ ਕੈਪਟਨ ਸਾਹਿਬ ਨੇ ਅੰਕੜੇ ਦੇ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਜਿਹੜਾ ਰਿਲੀਫ ਪੰਜਾਬ ਵਾਸਤੇ ਮਿਲਿਆ ਹੈ, ਉਹ ਬੜਾ ਘੱਟ ਹੈ। ਹੋਰ ਦੂਜੇ ਸਾਥੀਆਂ ਨੇ ਵੀ ਹੜ੍ਹਾਂ ਦੇ ਅਸਲ ਦ੍ਰਿਸ਼ ਇਸ ਹਾਊਸ ਦੇ ਸਾਹਮਣੇ ਰੱਖੇ ਹਨ ਕਿ ਕਿੰਨੀ ਭਿਆਨਕ ਤਬਾਹੀ ਹੋਈ ਹੈ ਅਤੇ ਕਿਸੇ ਨਾ ਕਿਸੇ ਰੂਪ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਜਿਥੇ ਪੰਜਾਬ ਦੇ ਇਨੀਸ਼ੀਅਲ ਸਟੇਜ ਤੇ ਇੰਨੀ ਵਰਖਾ ਹੋਈ ਹੈ ਉਥੇ ਪੰਜਾਬ ਦਾ ਡਰੇਨੇਜ ਡਿਪਾਰਟਮੈਂਟ ਵੀ ਦੋਸ਼ੀ ਹੈ। ਕਿਉਂਕਿ ਡਰੇਨੇਜ ਡਿਪਾਰਟਮੈਂਟ ਹਰ ਸਮੇਂ ਇੰਸਪੈਕਸ਼ਨ ਪੁਆਇੰਟ ਨਿਯੁਕਤ ਕਰਦਾ ਹੈ ਕਿ ਇਹ ਪੁਆਇੰਟ ਕੰਮਜ਼ੋਰ ਹਨ ਹਨ ਉਨ੍ਹਾਂ ਦੀ ਸਮੇਂ ਸਮੇਂ ਤੇ ਦੇਖ-ਭਾਲ ਕਰਨੀ ਚਾਹੀਦੀ ਹੈ। ਮੇਰੇ ਖਿਆਲ ਵਿੱਚ ਪੰਜਾਬ ਦੇ ਅੰਦਰ ਡਰੇਨੇਜ ਡਿਪਾਰਟਮੈਂਟ ਨੇ ਅਜਿਹੀ ਕੋਈ ਕੋਸ਼ਿਸ਼ ਨਹੀਂ ਕੀਤੀ। ਨਾ ਹੀ ਉਸ ਨੇ ਬਰਸਾਤ ਤੋਂ ਪਹਿਲਾਂ ਇਹ ਕੋਸ਼ਿਸ਼ ਕੀਤੀ ਕਿ ਜਿਥੇ ਕਿਤੇ ਰੇਤ ਭਰੀ ਪਈ ਹੈ, ਉਸ ਨੂੰ ਸਾਫ ਕੀਤਾ ਜਾਵੇ। ਇਸ ਬਾਰੇ ਕੋਈ ਉਪਰਾਲਾ ਨਹੀਂ ਕੀਤਾ। ਮੈਨੂੰ ਯਾਦ ਹੈ ਕਿ ਬਾਰਸ਼ਾਂ ਤੋਂ ਪਹਿਲਾਂ ਇੱਕ ਦਿਨ ਮੈਨੂੰ ਕਾਠਗੜ੍ਹ ਦੇ ਇਲਾਕੇ ਵਿੱਚ ਜਾਣ ਦਾ ਮੌਕਾ ਮਿਲਿਆ । ਉਥੇ ਜਿਹੜਾ ਸਾਈਫਨ ਹੈ ਉਹ ਰੇਤ ਨਾਲ ਭਰਿਆ ਹੋਇਆ ਸੀ । ਮੇਰਾ ਖਿਆਲ ਹੈ ਕਿ ਉਸਦੇ ਕਾਰਣ ਹੀ ਨਹਿਰ ਅਤੇ ਸੜਕ ਇੱਕ ਬਰਾਬਰ ਹੋ ਗਈ। ਡਰੇਨੇਜ਼ ਡੀਪਾਰਟਮੈਂਟ ਨੂੰ ਰੋਸਟਰ ਬਣਾਉਣਾ ਚਾਹੀਦਾ ਹੈ ਕਿ ਕਿੰਨੇ ਸਮੇਂ ਤੋਂ ਬਾਅਦ ਰੀਪੇਅਰ ਕਰਨੀ ਹੈ ਅਤੇ ਮੈਂ ਇਸ ਗੱਲ ਦੇ ਨਾਲ ਮੁਤੱਫਕ ਹਾਂ ਕਿ ਡਰੇਨੇਜ਼ ਡੀਪਾਰਟਮੈਂਟ ਨੇ ਇਸ ਵੱਲ ਧਿਆਨ ਨਹੀਂ ਦਿਤਾ।

Original with;
Punjab Vidhan Sabha
Digitized by;
Panjab Digital Library

ਜਿੱਥੋਂ ਤੱਕ ਫੰਡਜ਼ ਦੀ ਗੱਲ ਆਉਂਦੀ ਹੈ, ਪਲੈਨਿੰਗ ਬੋਰਡ ਵਿੱਚ ਵਾਰ ਵਾਰ ਇਹ ਗੱਲ ਆਉਂਦੀ ਰਹੀ ਹੈ, ਕਿ ਇੰਨੇ ਫੰਡਜ਼ ਡਰੇਨੇਜ਼ ਡੀਪਾਰਟਮੈਂਟ ਨੂੰ ਅਲਾਟ ਕਰ ਦਿਤੇ ਗਏ ਹਨ, ਇੰਨੇ ਲੱਖ ਬੋਰੀਆਂ ਸੀਮਿੰਟ ਖਪਾਈਆਂ ਗਈਆਂ, ਇੰਨੇ ਲੱਖ ਬੋਰੀਆਂ ਰੇਤੇ ਦੀਆਂ ਸੁੱਟੀਆਂ ਗਈਆਂ, ਲੇਕਿਨ ਜਦੋਂ ਪ੍ਰੈਕਟੀਕਲੀ ਦੇਖਦੇ ਹਾਂ ਤਾਂ ਉਹ ਸਾਰੀਆਂ ਚੀਜ਼ਾਂ ਡਰੇਨੇਜ਼ ਡੀਪਾਰਟਮੈਂਟ ਦੀ ਜੋ ਟੋਟਲ ਫੰਕਸ਼ਨਿੰਗ ਹੈ, ਉਹ ਫਾਲਟੀ ਹੋਣ ਕਰਕੇ ਪਰਾਪਰ ਤਰੀਕੇ ਨਾਲ ਮੈਨੇਜ ਨਹੀਂ ਕਰ ਸਕੀ ਹੈ। ਮੈਂ ਤਾਂ ਸਮਝਦਾ ਹਾਂ ਕਿ ਡਰੇਨੇਜ਼ ਡੀਪਾਰਟਮੈਂਟ ਨੂੰ ਜੋ ਕੰਟਰੋਲ ਕਰਨ ਵਾਲਾ ਮਾਹਿਰ ਹੈ, ਚੀਫ ਹੈ, ਉਸਨੇ ਵੀ ਇਸ ਪਾਸੇ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਜਿੱਥੋਂ ਤੱਕ ਪੰਜਾਬ ਵਾਸਤੇ ਪ੍ਰਧਾਨ ਮੰਤਰੀ ਜੀ ਦੇ ਆਪਣੇ ਪ੍ਰੋਗਰਾਮ ਵਿਚੋਂ ਹੜ੍ਹ-ਪੀੜਤਾਂ ਲਈ 22 ਕਰੋੜ ਰੁਪਏ ਦੇਣ ਦੀ ਗੱਲ ਹੈ, ਪੰਜਾਬ ਦਾ ਜਿੰਨਾ ਨੁਕਸਾਨ ਹੋਇਆ ਹੈ ਉਸਨੂੰ ਦੇਖਦੇ ਹੋਏ ਇਹ ਰਕਮ ਬਹੁਤ ਘੱਟ ਹੈ। ਸਾਨੂੰ ਪੂਰੇ ਹਾਊਸ ਨੂੰ ਡੀਮਾਂਡ ਕਰਨੀ ਚਾਹੀਦੀ ਹੈ ਕਿ ਇੰਨੇ ਨੁਕਸਾਨ ਵਾਸਤੇ ਖੁੱਲ੍ਹੇ ਦਿਲ ਨਾਲ ਫੰਡਜ਼ ਦਿਤੇ ਜਾਣ। ਪਰ ਸੀ.ਐਸ. ਸਾਹਿਬ ਨੇ 500 ਕਰੋੜ ਰੁਪਏ ਦੀ ਡੀਮਾਂਡ ਪੰਜਾਬ ਦੇ ਨੁਕਸਾਨ ਨੂੰ ਦੇਖਦੇ ਹੋਏ ਕੀਤੀ ਸੀ। ਸਪੀਕਰ ਸਾਹਿਬ, ਆਉਣ ਵਾਲੇ ਸਮੇਂ ਵਿੱਚ ਸਾਨੂੰ ਇਸ ਪਾਸੇ ਵੱਡੇ ਪੈਮਾਨੇ ਤੇ ਅਤੇ ਜੰਗੀ ਪੱਧਰ ਤੇ ਕੰਮ ਕਰਨ ਦੀ ਜ਼ਰੂਰਤ ਹੈ। ਕਿਉਂਕਿ ਹਾਲੇ ਬਰਸਾਤ ਦੀ ਮੁੱਢਲੀ ਸਟੇਜ ਹੈ। ਅਤੇ 1988 ਵਿੱਚ ਸਤੰਬਰ ਵਿੱਚ ਹੜ੍ਹ ਆਇਆ ਸੀ ਅਤੇ ਅਜੇ ਤਾਂ ਡੇਢ ਮਹੀਨੇ ਪਏ ਹਨ, ਅਤੇ ਰੇਨੀ ਸੀਜ਼ਨ ਦਾ ਸਮਾਂ ਹੈ। ਇਸ ਤੋਂ ਪਹਿਲਾਂ ਕਿ ਪੰਜਾਬ ਦੇ ਲੋਕਾਂ ਨੂੰ ਹੋਰ ਦੁਖ ਸਹਿਣੇ ਪੈਣ ਅਤੇ ਲੋਕਾਂ ਦਾ ਹੋਰ ਨੁਕਸਾਨ ਹੋਵੇ ਮੇਰੀ ਬੇਨਤੀ ਹੈ ਕਿ ਜਿੱਥੇ ਜਿੱਥੇ ਵੀ ਪਾੜ ਪਏ ਹਨ ਅਤੇ ਲੀਕੇਜ ਹੋਈ ਹੈ ਉਸਨੂੰ ਪੂਰਿਆ ਜਾਣਾ ਚਾਹੀਦਾ ਹੈ ਤਾਂ ਕਿ ਹੋਰ ਨੁਕਸਾਨ ਤੋਂ ਬਚਿਆ ਜਾ ਸਕੇ।

ਇਸ ਤੋਂ ਇਲਾਵਾ ਜੋ ਫਸਲਾਂ ਦਾ ਨੁਕਸਾਨ ਹੋਇਆ ਹੈ, ਉਸ ਦੇ ਵਾਸਤੇ ਪੰਜਾਬ ਸਰਕਾਰ ਦੇ ਨੁਕਸਾਨ ਦੀ ਰਕਮ 700 ਰੁਪਏ ਤੋਂ ਵਧਾ ਕੇ 1000 ਰੁਪਏ ਕਰ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਘੱਟ ਹੈ। ਸਪੀਕਰ ਸਾਹਿਬ, ਇਸੇ ਤਰ੍ਹਾਂ ਜਿਹੜੇ ਲੈਂਡ ਲੈੱਸ ਲੋਕ ਹਨ ਅਤੇ ਉਹ ਇਹ ਹੀ ਸੋਚਦੇ ਹਨ ਕਿ ਕਦ ਫਸਲ ਪੱਕੇਗੀ ਅਤੇ ਉਸਦੀ ਕਟਾਈ ਕਰਕੇ ਉਹ ਆਪਣਾ ਗੁਜ਼ਾਰਾ ਕਰਨਗੇ, ਉਨ੍ਹਾਂ ਨੂੰ ਵੀ ਕੁਝ ਨਾ ਕੁਝ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਕਈਆਂ ਦੇ ਪਸ਼ੂ ਮਰ ਗਏ ਹਨ। ਜੋ ਗਰੀਬ ਝੁੱਗੀ ਝੌਂਪੜੀ ਵਿੱਚ ਰਹਿੰਦੇ ਸਨ, ਉਨ੍ਹਾਂ ਨੂੰ ਰਿਲੀਫ ਦੇਣ ਵਾਸਤੇ ਵੀ ਫੰਡਜ਼ ਦੇਣੇ ਚਾਹੀਦੇ ਹਨ। ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਡਾ ਮੌਸਮ ਵਿਭਾਗ ਜਿਹੜਾ ਹੈ, ਇਹ ਇੰਡੀਕੇਸ਼ਨ ਦੇ ਰਿਹਾ ਸੀ ਕਿ ਪੰਜਾਬ ਦੇ ਅੰਦਰ ਵੱਡੇ ਪੈਮਾਨੇ ਤੇ ਮੌਨਸੂਨ ਆਉਣੀ ਹੈ। ਸਪੀਕਰ ਸਾਹਿਬ, ਜਿਸ ਤਰ੍ਹਾਂ ਸਰਦਾਰ ਜਸਬੀਰ ਸਿੰਘ ਜੀ ਨੇ ਦਸਿਆ ਕਿ ਸਰਹਿੰਦ ਦਾ ਜਿਹੜਾ ਚੋਅ ਹੈ ਉਸਦੀ 1985 ਤੋਂ ਬਾਅਦ ਕਿਸੇ ਨੇ ਕੋਈ ਸਾਰ ਨਹੀਂ ਲਈ, ਪਰ ਹੁਣ ਤਾਂ ਕਾਂਗਰਸ ਸਰਕਾਰ ਨੂੰ ਬਣੀ ਨੂੰ ਡੇਢ ਸਾਲ ਹੋ ਗਿਆ ਹੈ ਇਨ੍ਹਾਂ ਨੂੰ ਹੀ ਕੋਈ ਪ੍ਰੀਵੈਨਟਿਵ ਮਈਅਰਜ਼ ਲੈਣੇ ਚਾਹੀਦੇ ਸੀ। ਸਿਵਲ ਐਡਮਨਿਸ-ਟਰੇਸ਼ਨ ਵੀ ਇਸ ਮਾਮਲੇ ਵਿੱਚ ਦੋਸ਼ੀ ਹੈ। ਜਦੋਂ ਉਨ੍ਹਾਂ ਨੂੰ ਪੁਛਦੇ ਹਾਂ ਕਿ ਕਿੰਨੇ ਕਿੰਨੇ ਪੈਸੇ ਅਲਾਟ ਕੀਤੇ ਗਏ ਹਨ ਤਾਂ ਉਹ ਕਹਿੰਦੇ ਹਨ ਕਿ ਫੰਡਜ਼ ਨਹੀਂ। ਮੇਰੀ ਬੇਨਤੀ ਹੈ ਕਿ ਇਸ ਪਾਸੇ ਵੱਧ ਤੋਂ ਵੱਧ ਫੰਡਜ਼ ਮੁਹੱਈਆ ਕਰਨੇ ਚਾਹੀਦੇ ਹਨ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਆਪਣਾ ਸਥਾਨ ਲੈਂਦਾ ਹਾਂ।

**ਸ੍ਰੀ ਸਪੀਕਰ**: ਮੈਂਬਰ ਸਾਹਿਬਾਨ, 5.30 ਵਜੇ ਸੀ.ਐਮ. ਸਾਹਿਬ ਨੇ ਜਵਾਬ ਦੇਣਾ ਹੈ ਔਰ ਜਿਸ ਤਰ੍ਹਾਂ ਸੀ.ਐਮ. ਸਾਹਿਬ ਚਾਹੁੰਦੇ ਹਨ ਅਸੀਂ ਸਮਾਂ ਐਡਜਸਟ ਕਰ ਲੈਂਦੇ ਹਾਂ। ਅਸੀਂ ਮੈਕਸੀਮਮ ਆਪੋਜ਼ੀਸ਼ਨ ਨੂੰ ਵਕਤ ਦੇਣਾ ਹੈ। ਜਿਨ ਹੋਰ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਵਕਤ ਦਿਤਾ ਜਾਵੇਗਾ ਉਹ ਕਿਰਪਾ ਕਰਕੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ ]

ਪੰਜ-ਪੰਜ ਮਿੰਟ ਲੈਣ। ਪਹਿਲਾਂ ਰਮੇਸ਼ ਦੱਤ ਜੀ (ਬੀ.ਜੇ.ਪੀ. ਪੰਜਾਬ) ਫਿਰ ਸ੍ਰੀ ਵਿਜੇ ਕੁਮਾਰ ਸਾਥੀ (ਜਨਤਾ ਦਲ) ਅਤੇ ਕਾਮਰੇਡ ਤਰਸੇਮ ਜੋਧਾਂ ਜੀ ਬੋਲਣਗੇ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਸਪੀਕਰ ਸਾਹਿਬ, ਇੱਕ ਮਿੰਟ ਮੈਨੂੰ ਵੀ ਦੇ ਦਿਓ।

**ਸ੍ਰੀ ਸਪੀਕਰ** ਜ਼ਰੂਰ ਦਿਆਂਗੇ। ਲਾਸਟ ਮਿੰਟ ਤੁਸੀਂ ਲੈ ਲੈਣਾ।

**ਡਾਕਟਰ ਰਮੇਸ਼ ਦੱਤ (ਅਨੰਦਪੁਰ ਸਾਹਿਬ) :** ਸਪੀਕਰ ਸਾਹਿਬ, ਪੰਜਾਬ ਅੰਦਰ ਪਿਛਲੀ 10 ਤਾਰੀਖ ਤੋਂ ਜਿਹੜੇ ਹੜ੍ਹ ਆਏ ਹਨ, ਉਨ੍ਹਾਂ ਨੂੰ ਕੁਦਰਤੀ ਆਫਤ ਦੇ ਤੌਰ ਤੇ ਕਿਹਾ ਗਿਆ ਹੈ। ਪੰਜਾਬ ਦੇ ਲੋਕਾਂ ਤੇ ਅੱਤਵਾਦ ਤੋਂ ਬਾਅਦ ਇਹ ਇੱਕ ਨਵੀਂ ਮੁਸੀਬਤ ਬਣੀ ਹੋਈ ਹੈ। ਇਸ ਵਿਚ ਜੋ ਨੁਕਸਾਨ ਹੋਇਆ ਹੈ ਚਾਹੇ ਉਹ ਮਨੁੱਖੀ ਜਾਨਾਂ ਦਾ, ਚਾਹੇ ਪਸ਼ੂਆਂ ਦਾ ਅਤੇ ਚਾਹੇ ਜ਼ਮੀਨ ਦਾ, ਮੈਂ ਸਮਝਦਾ ਹਾਂ ਕਿ ਉਸ ਦਾ ਅੰਦਾਜ਼ਾ ਲਗਾਉਣ ਵਾਸਤੇ ਹਾਲਾਂ ਤੱਕ ਸਰਕਾਰ ਕੋਲ ਪੂਰਨ ਤੌਰ ਤੇ ਕੋਈ ਰਿਪੋਰਟ ਨਹੀਂ ਪਹੁੰਚੀ।

ਮੈਂ ਸਮਝਦਾ ਹਾਂ ਕਿ ਇਹ ਤਾਂ ਉਸ ਤਰ੍ਹਾਂ ਦੀ ਹਾਲਤ ਹੋਈ ਹੈ ਕਿ ਸਾਰੀ ਰਾਤ ਠੰਢ ਵਿਚ ਠਰਦੇ ਰਹੇ ਅਤੇ ਸੋਚਿਆ ਕਿ ਸਵੇਰੇ ਤਿਆਰੀ ਕਰ ਲਵਾਂਗੇ ਪਰ ਦੁਪਹਿਰ ਨੂੰ ਧੁੱਪ ਸੇਕਦੇ ਰਹੇ। ਇਸੀ ਤਰ੍ਹਾਂ ਜਿਸ ਪ੍ਰਕਾਰ ਪੰਜਾਬ ਵਿਚ ਹੜ੍ਹਾਂ ਨਾਲ ਨੁਕਸਾਨ ਹੋਇਆ ਹੈ, ਉਸ ਸਬੰਧੀ ਅਸੀਂ ਚੰਗੀਆਂ ਗੱਲਾਂ ਕਰ ਕੇ ਸਕੀਮਾਂ ਬਣਾ ਲੈਂਦੇ ਹਾਂ ਪਰ ਉਹ ਸਿਰਫ ਕਾਗਜ਼ਾਂ ਤੱਕ ਹੀ ਰਹਿ ਜਾਂਦੀਆਂ ਹਨ। ਉਨ੍ਹਾਂ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਜਾਂਦਾ।

ਪੰਦਰਾਂ ਦਿਨ ਪਹਿਲਾਂ ਜਦ ਵਰਖਾ ਸ਼ੁਰੂ ਹੋਈ ਤਾਂ ਸਾਡੇ ਜ਼ਿਲ੍ਹੇ ਵਿਚ ਸਭ ਤੋਂ ਜ਼ਿਆਦਾ ਨੁਕਸਾਨ ਹੋਇਆ। ਐਤਵਾਰ ਦਾ ਦਿਨ ਸੀ। ਉਸ ਸਮੇਂ ਬਲਾਕ ਲੈਵਲ, ਤਹਿਸੀਲ ਲੈਵਲ ਅਤੇ ਜ਼ਿਲ੍ਹਾ ਲੈਵਲ ਤੇ ਕੋਈ ਅਫਸਰ ਅਵੇਲਏਬਲ ਨਹੀਂ ਸੀ । ਉਸ ਸਮੇਂ ਪੰਜਾਬ ਪੁਲਿਸ, ਸਵੈ ਸੇਵੀ ਸੰਸਥਾਵਾਂ ਅਤੇ ਪੰਜਾਬ ਦੇ ਨੌਜਵਾਨ, ਲੋਕਾਂ ਨੂੰ ਬਚਾਉਣ ਵਾਸਤੇ ਨਿਕਲੇ। ਮੈਨੂੰ ਆਪਣੇ ਜ਼ਿਲ੍ਹੇ ਦੀ ਗੱਲ ਯਾਦ ਹੈ ਕਿ ਅਸੀਂ ਲੋਕਾਂ ਨੂੰ ਬਚਾਉਣ ਵਾਸਤੇ ਡੀ.ਸੀ. ਤੋਂ ਕਿਸ਼ਤੀਆਂ ਮੰਗੀਆਂ। ਉਸ ਨੇ ਸਾਨੂੰ ਕਿਹਾ ਕਿ ਕਮਰੇ ਨੂੰ ਜ਼ਿੰਦਰਾ ਲੱਗਾ ਹੋਇਆ ਹੈ। ਤੁਸੀਂ ਜ਼ਿੰਦਰਾ ਤੋੜ ਕੇ ਕਿਸ਼ਤੀਆਂ ਲੈ ਲਓ। ਚਲੋ, ਜ਼ਿੰਦਰਾ ਤੋੜਕੇ ਕਿਸ਼ਤੀਆਂ ਤਾਂ ਮਿਲ ਜਾਣਗੀਆਂ ਪਰ ਉਨ੍ਹਾਂ ਨੂੰ ਚਲਾਉਣ ਵਾਸਤੇ ਕੋਈ ਨਹੀਂ ਸੀ।

ਅਸੀਂ ਇਹ ਕਹਿ ਕੇ ਆਪਣੀ ਜ਼ਿੰਮੇਵਾਰੀ ਲਾਹ ਦੇਈਏ ਕਿ ਪਰਮਾਤਮਾ ਦੀ ਕਰੋਪੀ ਹੈ ਤਾਂ ਕੋਈ ਚੰਗੀ ਗੱਲ ਨਹੀਂ। ਕੀ ਇਹ ਸੱਚਾਈ ਨਹੀਂ ਹੈ ਕਿ ਪੰਜਾਬ ਅੰਦਰ 1988 ਤੋਂ ਬਾਅਦ ਡਰੇਨੇਜ ਡਿਪਾਰਟਮੈਂਟ ਨੇ ਜਾਂ ਪੰਜਾਬ ਦੇ ਅਫਸਰਾਂ ਨੇ ਜ਼ਰੂਰਤ ਦੇ ਮੁਤਾਬਿਕ ਫੰਡ ਨਹੀਂ ਮੰਗੇ। ਮੈਨੂੰ ਯਾਦ ਹੈ ਕਿ ਪਲਾਨਿੰਗ ਬੋਰਡ ਵਿਚ ਜਿਨ੍ਹਾਂ ਇਲਾਕਿਆਂ ਵਿਚ ਖੱਡਾਂ ਹਨ ਅਤੇ ਚੋਅ ਹਨ ਜਾਂ ਦਰਿਆ ਮਾਰ ਕਰ ਰਹੇ ਹਨ, ਉਨ੍ਹਾਂ ਵਾਸਤੇ ਜੋ ਪੈਸਾ ਮੰਗਦੇ ਹਨ ਤਾਂ ਕਹਿੰਦੇ ਹਨ ਕਿ ਪੈਸਾ ਜ਼ਰੂਰਤ ਦੇ ਮੁਤਾਬਿਕ ਨਹੀਂ ਮਿਲਣਾ ਚਾਹੀਦਾ ਸਗੋਂ ਅਫਸਰਾਂ ਦੀ ਮਰਜ਼ੀ ਮੁਤਾਬਿਕ ਮਿਲਣਾ ਚਾਹੀਦਾ ਹੈ।

ਕੀਰਤਪੁਰ ਕੋਲ ਪਿੰਡ ਨੂੰਹੋਂ ਵਿਚ ਭਾਖੜਾ ਨਹਿਰ ਟੁੱਟ ਗਈ ਅਤੇ ਭਾਰੀ ਤਬਾਹੀ ਕੀਤੀ । ਹਜ਼ਾਰਾਂ ਏਕੜ ਜ਼ਮੀਨ ਖਰਾਬ ਹੋ ਗਈ। ਇਸ ਤੋਂ ਇਲਾਵਾ ਸਾਈਫਨ ਐਸ.ਵਾਈ.ਐਲ. ਨਹਿਰ ਦੇ ਥੱਲੇ ਪਰਾਪਰ ਜਗ੍ਹਾ ਤੇ ਨਹੀਂ ਪਾਏ। ਇਸ ਤਰੀਕੇ ਨਾਲ ਪੰਜਾਬ ਦੇ ਡਰੇਨੇਜ ਡਿਪਾਰਟਮੈਂਟ ਦਾ ਆਵਾ ਹੀ ਊਤਿਆ ਹੋਇਆ ਹੈ ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਇਲਾਵਾ ਅੰਬਾਲਾ ਤੋਂ ਲੈ ਕੇ ਨੰਗਲ ਤੱਕ ਜੋ ਰੇਲਵੇ ਲਾਈਨ ਹੈ, ਉਸ ਦੇ ਥੱਲੇ ਵੀ ਸਾਈਫਨ ਠੀਕ ਨਹੀਂ ਪਾਏ ਗਏ। ਇਸ ਕਰਕੇ ਰੇਲਵੇ ਲਾਈਨ ਠੀਕ ਨਹੀਂ ਸੀ ਅਤੇ ਪਿਛਲੇ ਦਸ ਦਿਨ ਪੰਜਾਬ ਦੀ ਰੇਲਵੇ ਸਰਵਿਸ ਨਹੀਂ ਸੀ। ਇਸ ਕਾਰਣ ਪੰਜਾਬ ਦੇ ਲੋਕਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ ਪੰਜਾਬ ਦੇ ਅੰਦਰ ਜਿਸਦੇ ਬਾਰੇ ਪਹਿਲਾਂ ਵੀ ਬੋਲਣ ਵਾਲਿਆਂ ਨੇ ਕਾਫੀ ਫਿਗਰਜ਼ ਐਂਡ ਫੈਕਟਸ ਦੀ ਗੱਲ ਕੀਤੀ ਹੈ ਮੈਂ ਇਹੀ ਗੱਲ ਕਹਿਣੀ ਚਾਹੁੰਦਾ ਹਾਂ ਕਿ 1988 ਦੇ ਵਿੱਚ ਜਿਨ੍ਹਾਂ ਖੇਤਾਂ ਵਿੱਚ ਰੇਤਾ ਪਿਆ ਜਿੰਨੀ ਕਿਸੇ ਦੀ ਜ਼ਮੀਨ ਹੋਵੇ ਉਹਨਾਂ ਨੂੰ ਉਨ੍ਹਾਂ ਕਰਜ਼ਾ ਵਗੈਰਾ ਦਿੱਤਾ ਜਾਂਦਾ ਹੈ। ਉਹਨਾਂ ਦੀਆਂ ਹਾਲੇ 1990-91 ਦੀਆਂ 2-2 ਕਿਸ਼ਤਾਂ ਬਾਕੀ ਪਈਆਂ ਹਨ, ਹੁਣ ਜਦੋਂ ਉਹਨਾਂ ਦੇ ਖੇਤਾਂ ਵਿੱਚ ਫੇਰ ਰੇਤਾ ਭਰ ਗਿਆ, ਕੀ ਸਰਕਾਰ ਉਨ੍ਹਾਂ ਦਾ ਪਹਿਲਾ ਕਰਜ਼ਾ ਮੁਆਫ ਕਰੇਗੀ ? ਉਹਨਾਂ ਨੂੰ ਉਪਰੋਕਤ ਲੋਨ ਦੇਣ ਵਾਸਤੇ ਫਿਰ ਵਿਚਾਰ ਕਰੇਗੀ। ਜਿਸ ਤਰੀਕੇ ਨਾਲ ਨੁਕਸਾਨ ਹੋਇਆ ਫਸਲਾਂ ਦਾ, ਜ਼ਮੀਨਾਂ ਦਾ ਉਸ ਦੇ ਵਾਸਤੇ ਇੱਕੋ ਕਰੋੜ ਰੁਪਏ ਸੀ.ਐਮ. ਸਾਹਿਬ ਮੈਂ ਸਮਝਦਾ ਬਹੁਤ ਥੋੜ੍ਹੀ ਰਕਮ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਸਰਕਾਰ ਨੂੰ, ਸੈਂਟਰ ਗੌਰਮਿੰਟ ਨੂੰ ਵੀ ਕਿ ਜਿਸ ਤਰੀਕੇ ਨਾਲ ਪੰਜਾਬ ਨੂੰ ਪੈਸਾ ਦਿੱਤਾ ਹੈ, ਇਸ ਦਾ ਸ਼ੁਕਰੀਆ ਅਦਾ ਤਾਂ ਜ਼ਰੂਰ ਕਰਨਾ ਚਾਹੀਦਾ ਹੈ ਜੋ ਸਾਨੂੰ 22 ਕਰੋੜ ਰੁਪਿਆ ਮਿਲਿਆ......

**ਸ਼੍ਰੀ ਸਪੀਕਰ:** ਗੱਲ ਹੋ ਗਈ। ਹੁਣ ਤਾਂ ਪੰਜ-ਛੇ ਮਿੰਟ ਹੋ ਗਏ ਹਨ।

**ਡਾਕਟਰ ਰਮੇਸ਼ ਦੱਤ** : ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸ ਤਰੀਕੇ ਨਾਲ ਵੰਡੋਗੇ ਕਿਸ ਹਿਸਾਬ ਨਾਲ ਫੰਡ ਵੰਡੋਗੇ ? ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਉਹਨਾਂ ਦੀ ਪਰਾਪਰ ਵੈਰੀਫਿਕੇਸ਼ਨ, ਪਰਾਪਰ ਡਿਸਕਸ਼ਨ ਵਾਸਤੇ ਪਬਲਿਕ ਦੇ ਨੁਮਾਇੰਦੇ ਨਾਲ ਲੈਣੇ ਚਾਹੀਦੇ ਹਨ। ਮੈਂ ਤੁਹਾਡਾ ਧੰਨਵਾਦੀ ਹਾਂ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ)** : ਸਪੀਕਰ ਸਹਿਬ, ਮੈਂ ਧੰਨਵਾਦੀ ਹਾਂ। ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਜਿਹੜੀ ਕਰੋਪੀ ਪੰਜਾਬ ਤੇ ਆਈ ਹੈ ਇਸ ਦੇ ਬਾਰੇ ਪੰਜਾਬ ਪਿਛਲੇ 10-11 ਸਾਲਾਂ ਤੋਂ ਸੰਤਾਪ ਝੱਲਦਾ ਆ ਰਿਹਾ ਸੀ। ਹੁਣ ਕੁਝ ਸੁਖਾਵੇਂ ਹਾਲਾਤ ਹਨ ਮਗਰ ਦੁਖ ਦੀ ਗੱਲ ਹੈ ਕੁਦਰਤੀ ਮਾੜੇ ਹਾਲਾਤ ਵੀ ਉਹ ਹੋ ਗਏ। ਮੈਂ ਕਹਿ ਸਕਦਾ ਹਾਂ :—

ਜਬ ਹਮਨੇ ਤਸੱਵਰ ਕੀਆ ਰਿਹਾਈ ਕਾ
ਦੀਵਾਰ ਔਰ ਬੁਲੰਦ ਹੋ ਗਈ ਕੈਦਖਾਨੇ ਕੀ।

**ਸ਼੍ਰੀ ਸਪੀਕਰ:** ਮੇਰਾ ਖਿਆਲ ਹੈ ਕਿ ਅਜਨਾਲਾ ਸਾਹਿਬ ਤੁਹਾਨੂੰ ਆਪਣੀ ਡਾਇਰੀ ਦੇ ਗਏ ਹੋਣੇ ਹਨ, ਜਿਸ ਵਿਚੋਂ ਤੁਸੀਂ ਸ਼ੇਅਰ ਪੜ੍ਹ ਰਹੇ ਹੋ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ:** ਆਖਰਕਾਰ ਮੈਂ ਉਨ੍ਹਾਂ ਕੋਲ ਆਉਂਦਾ ਜਾਂਦਾ ਰਹਿੰਦਾ ਸੀ। ਜਿਨ੍ਹਾਂ ਦਾ ਸਤਿਕਾਰ ਹੋਵੇ ਕੁਝ ਨਾ ਕੁਝ ਪਾਹ ਤਾਂ ਲੱਗੀ ਹੀ ਜਾਂਦੀ ਹੈ।

ਸਪੀਕਰ ਸਾਹਿਬ, 11 ਤਰੀਕ ਨੂੰ ਮੈਂ ਘਰੋਂ ਚੱਲਿਆ। 12 ਤਰੀਕ ਨੂੰ ਚੰਡੀਗੜ੍ਹ ਵਿੱਚ ਹਾਈਕੋਰਟ ਵਿੱਚ ਪੇਸ਼ੀ ਸੀ। ਰਸਤੇ ਵਿੱਚ ਪਹੁੰਚੇ ਤਾਂ ਸੀਸਵਾਂ ਪੁਲ ਟੁਟ ਗਿਆ। ਬਹੁਤ ਖਤਰਨਾਕ ਕੰਮ ਹੋ ਗਿਆ। ਉਥੋਂ ਸੂਏ ਦੇ ਨਾਲ ਨਾਲ ਚੱਲੇ ਤਾਂ ਰਾਹ ਵਿੱਚ ਜਾ ਕੇ ਦੇਖਿਆ ਕਿ ਸੀਸਵਾਂ ਪੁਲ ਟੁੱਟਣ ਨਾਲ, ਸਪੀਕਰ ਸਾਹਿਬ, ਇਸ ਕਦਰ ਦੀ ਕਰੋਪੀ ਮੈਂ ਅੱਗੇ ਕਦੇ ਨਹੀਂ ਦੇਖੀ। ਮੇਰੇ ਦੇਖਦਿਆਂ ਦੇਖਦਿਆਂ ਪੰਜਾਬ ਪੁਲਿਸ ਦੇ ਡੀ.ਜੀ.ਪੀ. ਸ਼੍ਰੀ ਕੇ.ਪੀ.ਐਸ. ਗਿੱਲ ਉਥੇ ਆਏ। ਉਥੇ ਮੱਦਦ ਕਰ ਰਹੇ ਮੁਲਾਜ਼ਮਾਂ

Original with;
Punjab Vidhan Sabha
Digitized by;
Panjab Digital Library

[ ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ ]

ਅਤੇ ਅਧਿਕਾਰੀਆਂ ਦੀ ਹਾਲਤ ਵੇਖਣ ਵਾਲੀ ਸੀ। ਪਟਿਆਲੇ ਵਿੱਚ ਕੀ ਹੋ ਰਿਹਾ ਸੀ। ਉਸ ਜਗ੍ਹਾ ਤੇ, ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿ ਦੇਣੀ ਚਾਹੁੰਦਾ ਹਾਂ। ਸਾਰਿਆਂ ਨੇ ਕਿਹਾ ਕਿ ਇਸ ਲਈ ਹਰ ਪਾਰਟੀ ਦੇ ਬੰਦੇ ਨੂੰ ਦਿੱਲੀ ਜਾਣਾ ਚਾਹੀਦਾ ਹੈ, ਹਰ ਪਾਰਟੀ ਦੇ ਲੋਕਾਂ ਨੂੰ ਜਾ ਕੇ ਮਿਲਣਾ ਚਾਹੀਦਾ ਹੈ ਔਰ ਉਹਨਾਂ ਨੂੰ ਪਾਰਲੀਮੈਂਟ ਵਿੱਚ ਬੋਲਣਾ ਚਾਹੀਦਾ ਹੈ ਕਿ ਪੰਜਾਬ ਦਾ ਦੁੱਖ ਸਾਰੇ ਹਿੰਦੁਸਤਾਨ ਦਾ ਦੁੱਖ ਹੈ। ਇਸ ਕਰਕੇ ਹਰ ਪਾਰਟੀ ਦਾ ਬੁਲਾਰਾ ਬੋਲੇ ਤਾਂ ਜੋ ਪੰਜਾਬ ਨੂੰ ਵੱਧ ਤੋਂ ਵੱਧ ਮੱਦਦ ਮਿਲ ਸਕੇ। ਔਰ ਮੈਂ ਇਸ ਗੱਲ ਦਾ ਵੀ ਜ਼ਿਕਰ ਕਰ ਲਵਾਂ ਖਾਸ ਕਰਕੇ ਸਾਡੀ ਪਾਰਟੀ ਵਾਸਤੇ, ਸਾਡੀ ਪਾਰਟੀ ਦੇ ਪ੍ਰਧਾਨ ਸ੍ਰੀ ਵੀ.ਪੀ ਸਿੰਘ ਆਏ। ਉਨ੍ਹਾਂ ਨੇ ਸਰਵੇ ਕੀਤਾ ਔਰ ਇਸ ਸਮੇਂ ਪਟਿਆਲੇ ਵਿੱਚ ਜਾ ਕੇ ਉਹਨਾਂ ਨੇ ਆਪ ਪਰਖਿਆ। ਗੁਰੂ ਨਾਨਕ ਨਗਰ ਗਏ ਜਿਥੇ 7-7 ਫੁੱਟ ਪਾਣੀ ਭਰਿਆ ਸੀ। ਔਰ ਜਦੋਂ ਰਸਤੇ ਵਿੱਚ ਗਏ ਤਾਂ ਪਸ਼ੂਆਂ ਦੀਆਂ ਲਾਸ਼ਾਂ ਪਈਆਂ ਸਨ ਜਿਸ ਨਾਲ ਬਿਮਾਰੀਆਂ ਫੈਲਣ ਦਾ ਡਰ ਹੈ। ਇਸ ਤਰ੍ਹਾਂ, ਸਪੀਕਰ ਸਾਹਿਬ, ਸਾਨੂੰ ਦੇਖਣਾ ਚਾਹੀਦਾ ਹੈ।

ਬਾਕੀ, ਸਪੀਕਰ ਸਾਹਿਬ, ਜਿਥੋਂ ਤਕ ਫੰਡਜ਼ ਦਾ ਤੁਅੱਲਕ ਹੈ, ਇਥੇ ਪ੍ਰਧਾਨ ਮੰਤਰੀ ਜੀ ਆਏ ਮੈਂ ਇਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਉਹ 22 ਕਰੋੜ ਰੁਪਿਆ ਦੇ ਕੇ ਗਏ ਹਨ ਜਾਂ ਇਕ ਕਰੋੜ ਰੁਪਿਆ ? ਕੀ ਨੈਸ਼ਨਲ ਕਲੈਮਿਟੀ ਫੰਡ ਜੋ ਸਾਲ ਵਿੱਚ ਜਿੰਨਾ ਮਿਲਦਾ ਹੈ ਉਹ ਵਿਚੇ ਹੀ ਹੈ ਜਾਂ ਇਸ ਤੋਂ ਇਲਾਵਾ ਉਹ ਦੇ ਕੇ ਗਏ ਹਨ? ਮੈਂ ਕੋਈ ਸਿਆਸੀ ਗੱਲ ਨਹੀਂ ਕਹਿ ਰਿਹਾ। ਮੇਰੀ ਬੇਨਤੀ ਹੈ ਕਿ ਵੱਧ ਤੋਂ ਵੱਧ ਫੰਡਜ਼ ਲੈਣ ਦੀ ਅਗੋਂ ਕੋਸ਼ਿਸ਼ ਕਰਨੀ ਪਵੇਗੀ ਔਰ ਇਹ ਕਰਨੀ ਚਾਹੀਦੀ ਹੈ। ਇਸ ਵੇਲੇ ਪੰਜਾਬ ਦੇ ਕਿਸਾਨ ਤੇ, ਪੰਜਾਬ ਦੇ ਮਜ਼ਦੂਰ ਤੇ ਜਿੰਨੀ ਕਰੋਪੀ ਆਈ, ਜੇ ਇਸ ਦੀ ਵੇਲੇ ਸਿਰ ਮਦਦ ਨਾ ਕੀਤੀ ਗਈ, ਅੱਪਲਿਫਟ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਜਿਸ ਤਰ੍ਹਾਂ ਪਹਿਲਾਂ ਹਿੰਦੁਸਤਾਨ ਵਿੱਚ ਅਮਰੀਕਾ ਤੋਂ ਕਣਕ ਮੰਗਵਾਉਂਦੇ ਸੀ ਹੁਣ ਫਿਰ ਬਾਹਰੋਂ ਕੁਝ ਨਾ ਕੁਝ ਮੰਗਵਾਉਣਾ ਪਵੇਗਾ। ਜੇ ਪੰਜਾਬ ਦੇ ਲੋਕਾਂ ਦੀ, ਪੰਜਾਬ ਦੇ ਕਿਸਾਨਾਂ ਦੀ, ਪੰਜਾਬ ਦੇ ਮਜ਼ਦੂਰਾਂ ਦੀ ਵੱਧ ਤੋਂ ਵੱਧ ਮਦਦ ਕਰ ਦਿੱਤੀ ਤਾਂ ਪੰਜਾਬ ਦਾ ਕਿਸਾਨ, ਪੰਜਾਬ ਦਾ ਮਜ਼ਦੂਰ ਇਤਨਾ ਮਿਹਨਤੀ ਹੈ ਕਿ ਉਹ ਦੁਬਾਰਾ ਫਿਰ ਪੰਜਾਬ ਦੀ ਧਰਤੀ ਮਾਂ ਵਿਚੋਂ ਸੋਨਾ ਕੱਢ ਕੇ ਬਾਹਰ ਰੱਖ ਦੇਵੇਗਾ। ਇਸ ਲਈ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਲੋਕਾਂ ਦੀ ਇਸ ਵੇਲੇ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ। ਜਿਨ੍ਹਾਂ ਦੇ ਮਕਾਨਾਂ ਦੇ ਉਤੋਂ ਦੀ ਪਾਣੀ ਲੰਘ ਗਿਆ ਹੈ ਉਨ੍ਹਾਂ ਨੂੰ ਘਟੋ ਘੱਟ 10 ਹਜ਼ਾਰ ਰੁਪਏ ਫੌਰੀ ਤੌਰ ਤੇ ਸ਼ੁਰੂ ਵਿੱਚ ਹੀ ਮਦਦ ਕਰ ਦਿੱਤੀ ਜਾਵੇ ਨਹੀਂ ਤਾਂ ਅਜਿਹਾ ਨਾ ਹੋਵੇ ਕਿ ਜਦੋਂ ਪਟਵਾਰੀ ਜਾਵੇ, ਜਦੋਂ ਤਹਿਸੀਲਦਾਰ ਕੋਈ ਜਾਵੇ ਤਾਂ ਉਹ ਡੈਮੇਜ ਦੇਖੇ 95 ਪ੍ਰਤੀਸ਼ਤ ਹੈ ਜਾਂ ਸੌ ਪਰਸੈਂਟ ਹੈ ਤੇ ਮਾਲ ਵਿਚੋਂ ਹੀ ਗੋਲ ਹੋ ਜਾਵੇ। (ਘੰਟੀ)

ਜਿਥੋਂ ਤਕ, ਸਪੀਕਰ ਸਾਹਿਬ, ਡਰੇਨੇਜ ਦੇ ਮਹਿਕਮੇ ਦਾ ਤੁਅਲੱਕ ਹੈ, ਇਥੇ ਕਹਿੰਦੇ ਹਨ ਕਿ ਫੰਡਜ਼ ਕਿਥੋਂ ਆਉਣਗੇ ਮੈਂ ਕਹਿੰਦਾ ਹੈ ਜੋ ਡਰੇਨੇਜ ਡਿਪਾਰਟਮੈਂਟ ਦੇ ਜੋ ਅਫਸਰ ਹਨ ਅਗਰ ਉਨ੍ਹਾਂ ਦੀਆਂ ਜਾਇਦਾਦਾਂ ਜੋ ਹਨ ਉਨ੍ਹਾਂ ਦੀ ਤਫਤੀਸ਼ ਕਰਵਾਈ ਜਾਵੇ ਤਾਂ ਫੰਡਜ਼ ਹੀ ਫੰਡਜ਼ ਮਿਲਣਗੇ, ਕਰੋੜਾਂ, ਅਰਬਾਂ ਰੁਪਏ ਉਨ੍ਹਾਂ ਨੇ ਛੱਕੇ ਹਨ।(ਘੰਟੀ) ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਕਰੋਪੀ ਦਾ ਮੁਕਾਬਲਾ ਕਰਨ ਲਈ ਜਿਸ ਵਿੱਚ ਕੋਈ ਐਸੀ ਗੱਲ ਨਹੀਂ, ਹਾਲੀ ਸ਼ੁਰੂਆਤ ਹੋਈ ਹੈ, ਹਾਲੀ ਬਰਸਾਤ ਹੋਰ ਆਉਣੀ ਹੈ ਇਸ ਦੇ ਲਈ ਸਾਨੂੰ ਸਾਰਿਆਂ ਨੂੰ ਇਕ ਮੁੱਠ ਹੋ ਕੇ, ਇਸ ਦੇ ਲਈ ਸਾਂਝੀ ਗੱਲ ਕਰਕੇ, ਕਮੇਟੀਆਂ ਬਣਾ ਕੇ, ਹਰ ਜ਼ਿਲ੍ਹੇ ਵਿੱਚ ਹਰ ਵਿਧਾਨਕਾਰ, ਜਿਥੇ-ਜਿਥੇ ਕਰੋਪੀ ਹੋਈ ਹੈ ਉਥੇ ਉਥੇ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਜੀ ਨੂੰ ਮੈਂ ਅਰਜ਼ ਕਰਾਂਗਾ ਕਿ ਇਹ ਪੰਜਾਬ ਦੇ ਵਿਕਾਸ

Original with;
Punjab Vidhan Sabha
Digitized by;
Punjab Digital Library

ਈ, ਪੰਜਾਬ ਦੀ ਤਰੱਕੀ ਦੀ ਇਸ ਵੇਲੇ ਗੱਲ ਕਰਨ ਇਥੇ ਪਸ਼ੂ ਮਰੇ ਹਨ, ਬਿਮਾਰੀ ਪੈ ਰਹੀ ਹੈ, ਹੋਰ ਬਹੁਤ ਨੁਕਸਾਨ ਹੋਇਆ ਹੈ। ਅਸੀਂ ਗਰੀਨ ਰੈਵੋਲਿਊਸ਼ਨ ਲਿਆਂਦਾ ਹੈ, ਵਾਈਟ ਰੈਵੋਲਿਊਸ਼ਨ ਲਿਆਂਦਾ ਹੈ, ਅੱਜ ਅਸੀਂ ਕੇਂਦਰ ਤੋਂ ਇਹ ਮੰਗ ਕਰੀਏ ਅਤੇ ਕੇਂਦਰ ਨੂੰ ਵੀ ਚਾਹੀਦਾ ਹੈ ਕਿ ਉਹ ਸਾਡੀ ਵੱਧ ਤੋਂ ਵੱਧ ਮਦਦ ਕਰੇ (ਘੰਟੀ) ਪੰਜਾਬ ਜਿਹੜਾ ਹਿੰਦੁਸਤਾਨ ਦਾ ਸਿਰ ਹੈ ਤਾਂ ਹੀ ਇਹ ਬਚ ਸਕਦਾ ਹੈ। ਇੰਨੀ ਗੱਲ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ।

**ਸਰਦਾਰ ਸੁਰਜਨ ਸਿੰਘ (ਜੋਗਾ)** : ਮਾਨਯੋਗ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਹੜ੍ਹ ਪੀੜ੍ਹਤਾਂ ਦੇ ਹੱਕ ਵਿੱਚ ਬੋਲਣ ਲਈ ਟਾਈਮ ਦਿੱਤਾ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਹਾਊਸ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮਾਨਸਾ ਜ਼ਿਲ੍ਹੇ ਵਿੱਚ ਜਿਸ ਦੇ ਵਿੱਚ 242 ਪਿੰਡ ਹਨ ਉਨ੍ਹਾਂ ਵਿਚੋਂ ਲਗਭਗ ਪੌਣੇ ਦੋ ਸੌ ਪਿੰਡ ਐਸੇ ਹਨ ਜੋ ਪਾਣੀ ਦੀ ਮਾਰ ਥੱਲੇ ਆਏ ਹਨ। ਜਿਥੇ ਜਿਥੇ ਪਾਣੀ ਆਇਆ ਹੈ ਉਸ ਦੇ ਨਾਲ ਜਿਥੇ ਸਾਡੇ ਕਿਸਾਨ ਭਾਰਾਵਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ, ਉਥੇ ਨਾਲ ਦੀ ਨਾਲ ਮਜ਼ਦੂਰਾਂ ਦਾ ਵੀ ਬਹੁਤ ਵੱਡਾ ਨੁਸਕਸਾਨ ਹੋਇਆ ਹੈ। ਕਿਉਂਕਿ 15-15, 20-20 ਦਿਨ ਹੋ ਗਏ ਹਨ ਉਨ੍ਹਾਂ ਦੀ ਕੋਈ ਦਿਹਾੜੀ ਨਹੀਂ ਲੱਗੀ, ਉਨ੍ਹਾਂ ਨੂੰ ਪੇਟ ਭਰਨ ਲਈ ਕੋਈ ਰੋਟੀ ਨਸੀਬ ਨਹੀਂ ਹੁੰਦੀ ਰਹੀ। ਮੈਂ ਸਪੀਕਰ ਸਾਹਿਬ, ਮੰਗ ਕਰਾਂਗਾ ਕਿ ਜਿਥੇ ਕਿਸਾਨ ਵੀਰਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ ਹੈ, ਜਿਥੇ ਕਿਸਾਨ ਵੀਰਾਂ ਨੂੰ ਮਦਦ ਦੇਣੀ ਹੈ ਉਥੇ ਨਾਲ ਦੀ ਨਾਲ ਮਜ਼ਦੂਰ ਜਿਹੜੇ ਹਨ ਜਿਨ੍ਹਾਂ ਦੀ 15-15, 20-20 ਦਿਨ ਹੋ ਗਏ ਹਨ ਕੋਈ ਦਿਹਾੜੀ ਨਹੀਂ ਲਗੀ, ਉਨ੍ਹਾਂ ਨੂੰ ਵੀ ਨਾਲ ਦੀ ਨਾਲ ਮੁਆਵਜ਼ਾ ਦੇਣਾ ਚਾਹੀਦਾ ਹੈ। ਉਨ੍ਹਾਂ ਲੋਕਾਂ ਵਾਸਤੇ ਪੰਜਾਬ ਦੇ ਵਿੱਚ ਸਸਤੇ ਰੇਟ ਦੇ ਡਿਪੂ ਲਾ ਕੇ ਉਨ੍ਹਾਂ ਵਾਸਤੇ ਆਟਾ, ਦਾਲਾਂ ਆਦਿ ਭੇਜੀਆਂ ਜਾਣ ਤਾਂਕਿ ਉਹ ਲੋਕ ਜਿਨ੍ਹਾਂ ਨੂੰ ਕਈ-ਕਈ ਦਿਨ ਤੋਂ ਰੋਟੀ ਨਸੀਬ ਨਹੀਂ ਹੋਈ ਉਹ ਰੋਟੀ ਖਾ ਸਕਣ। ਮੇਰੇ ਇਲਾਕੇ ਵਿੱਚ ਮੇਰੇ ਸਾਥੀ ਮੈਂਬਰ ਸਾਹਿਬਾਨ ਸਰਦਾਰ ਈਸ਼ਰ ਸਿੰਘ ਅਤੇ ਦੂਸਰੇ ਸਾਥੀ ਵੀ ਗਏ ਸਨ ਅਤੇ ਉਥੇ ਮੰਤਰੀ ਜੀ ਵੀ ਦੌਰਾ ਕਰਕੇ ਆਏ ਹਨ। ਮੈਂ ਮੰਤਰੀ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਡੇ ਇਲਾਕੇ ਵਿੱਚ ਜਾ ਕੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਵੱਧ ਤੋਂ ਵੱਧ ਮਦਦ, ਵੱਧ ਤੋਂ ਵੱਧ ਗਰਾਂਟ ਹੜ੍ਹ ਪੀੜ੍ਹਤ ਲੋਕਾਂ ਨੂੰ ਦੁਖੀ ਲੋਕਾਂ ਨੂੰ ਦਿੱਤੀ ਜਾਵੇਗੀ ਅਤੇ ਇਸ ਦੁੱਖ ਵਿਚੋਂ ਉਨ੍ਹਾਂ ਨੂੰ ਕਢਾਂਗੇ। ਮੈਂ ਮੰਗ ਕਰਦਾ ਹਾਂ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਮਦਦ ਜਲਦੀ ਤੋਂ ਜਲਦੀ ਦਿੱਤੀ ਜਾਵੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿੱਛਲੀ ਵਾਰੀ ਜਦੋਂ 1988 ਵਿੱਚ ਹੜ੍ਹ ਆਏ ਸੀ ਤਾਂ ਉਸ ਵਕਤ ਜੋ ਲੋਕਾਂ ਨੂੰ ਮੁਆਵਜ਼ਾ ਦਿੱਤਾ ਗਿਆ ਸੀ ਉਸ ਦੇ ਵਿਚ ਬੜੀ ਘਪਲੇਬਾਜੀ ਹੋਈ ਸੀ। ਉਹ ਕਾਰਵਾਈ ਹੁਣ ਨਹੀਂ ਹੋਣੀ ਚਾਹੀਦੀ। ਉਸ ਵੇਲੇ ਜਿਹੜਾ ਮੁਆਵਜ਼ਾ ਦਿੱਤਾ ਗਿਆ, ਪਿੰਡਾਂ ਵਿਚ ਜਿਹੜੇ ਧਨਾਢ ਲੋਕ ਸਨ ਉਹੀ ਸਾਰਾ ਮੁਆਵਜ਼ਾ ਲੈ ਗਏ ਸਨ ਔਰ ਗਰੀਬ ਲੋਕਾਂ ਤਕ ਮੁਆਵਜ਼ਾ ਬਿਲਕੁਲ ਨਹੀਂ ਪਹੁੰਚਿਆ। ਇਸ ਲਈ ਮੈਂ ਚਾਹੁੰਦਾ ਹਾਂ ਕਿ ਪਿੰਡਾਂ ਦੇ ਵਿਚ ਜਿਹੜੇ ਪਟਵਾਰੀ ਹਨ, ਤਹਿਸੀਲਦਾਰ ਹਨ ਉਨ੍ਹਾਂ ਨੂੰ ਹਦਾਇਤਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਕਿ ਮੁਆਵਜ਼ਾ ਗਰੀਬਾਂ ਤਕ ਪਹੁੰਚੇ (ਘੰਟੀ) ਸਪੀਕਰ ਸਾਹਿਬ, ਮੈਂ ਦੋ ਮਿੰਟ ਹੋਰ ਬੋਲਣਾ ਹੈ।(ਘੰਟੀ) ਸੋ ਪਿੰਡਾਂ ਵਿਚ ਇਹ ਹਦਾਇਤਾਂ ਜਾਰੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਹ ਨਾ ਹੋਵੇ ਕਿ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਮੁਆਵਜ਼ਾ ਨਾ ਮਿਲੇ ਔਰ ਹੋਰ ਤਕੜੇ ਲੋਕ ਹੀ ਉਹ ਪੈਸਾ ਲੈ ਜਾਣ। ਇਸ ਦੇ ਨਾਲ ਹੀ ਮੈਂ ਇਹ ਕਹਾਂਗਾ ਕਿ (ਘੰਟੀ) ਸੈਂਟਰ ਤੋਂ ਇਸ ਵਾਸਤੇ ਵੱਧ ਤੋਂ ਵੱਧ ਪੈਸਾ ਲੈਣਾ ਚਾਹੀਦਾ ਹੈ ਔਰ ਅਜਿਹੇ ਮੌਕੇ ਤੇ ਕਾਬੂ ਪਾਉਣ ਲਈ ਸਾਰੀਆਂ ਪਾਰਟੀਆਂ ਦੀ ਮੀਟਿੰਗ ਕਰਨੀ ਚਾਹੀਦੀ ਹੈ ਤਾਂ ਕਿ ਹੜ੍ਹਾਂ ਤੋਂ ਬਚਾਓ ਹੋ ਸਕੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜਨ ਸਿੰਘ]

**ਸ੍ਰੀ ਸਪੀਕਰ :** ਮੈਂ ਸੀ.ਐਮ. ਸਾਹਿਬ ਦੇ ਸਮੇਂ ਵਿੱਚੋਂ ਇਕ ਮਿੰਟ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਨੂੰ ਦੇਵਾਂਗਾ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਮੈਂ ਜ਼ਿਆਦਾ ਟਾਈਮ ਨਹੀਂ ਲਵਾਂਗੀ। ਮੈਨੂੰ ਵਿਧਾਨ ਸਭਾ ਵੱਲੋਂ ਇਕ ਚਿੱਠੀ ਮਿਲੀ ਹੈ। ਉਸ ਨੂੰ ਵੇਖ ਕੇ ਸ਼ੇਅਰ ਯਾਦ ਆ ਗਿਆ ਹੈ ਕਿ —

"ਰੰਜ ਤੋ ਬਹੁਤ ਥਾ ਦਿਲ ਮੇਂ, ਮਗਰ ਆਰਾਮ ਕੇ ਸਾਥ" ।

ਅੱਜ ਜਦ ਕਿ ਅਸੀਂ ਲੋਕਾਂ ਨੂੰ ਰਾਹਤ ਦੇਣ ਲਈ ਮਤੇ ਤੇ ਬਹਿਸ ਕਰ ਰਹੇ ਹਾਂ ਉਥੇ ਇਸ ਚਿੱਠੀ ਵਿਚ ਇਕ ਕਮੇਟੀ ਦੀ ਸਬ-ਕਮੇਟੀ ਦੀ ਬੈਠਕ ਸ਼ਿਮਲੇ ਰਖੀ ਗਈ ਹੈ। (ਵਿਘਨ) ਸੋ ਮੈਂ ਇਹ ਕਹਾਂਗੀ ਕਿ "ਰੰਜ ਤੋਂ ਬਹੁਤ ਥਾ ਮਗਰ ਆਰਾਮ ਕੇ ਸਾਥ, ਖਾਏਂਗੇ ਸ਼ਿਮਲੇ ਮੇ ਖਾਣਾ ਸਵਾਦ ਕੇ ਸਾਥ" (ਹਾਸਾ)

**ਸ੍ਰੀ ਸਪੀਕਰ :** ਇਹ ਗੱਲ ਤੁਸੀਂ ਪ੍ਰਾਈਵੇਟਲੀ ਚੈਂਬਰ ਵਿਚ ਆ ਕੇ ਕਰ ਲੈਣਾ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਜਿਹੜੇ ਮਤੇ ਦੇ ਮੂਵਰ ਹਨ ਸ੍ਰੀਮਤੀ ਡਾਂਗ ਜੀ, ਉਨ੍ਹਾਂ ਨੂੰ ਤਾਂ ਸਮਾਂ ਨਹੀਂ ਦਿੱਤਾ ਗਿਆ।

**ਸ੍ਰੀ ਸਪੀਕਰ :** ਚਲੋ ਇਹ ਵੀ ਬੋਲ ਲੈਣ ।

**ਸ੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ) :** ਸਪੀਕਰ ਸਾਹਿਬ, ਮੈਂ ਅਰਜ਼ ਕਰਦੀ ਹਾਂ ਕਿ ਅਜ ਜਦੋਂ ਸਾਈਨੇ ਡਾਈ ਮਤਾ ਮੋਸ਼ਨ ਵਿਚ ਆਇਆ ਤਾਂ ਸਾਨੂੰ ਬੋਲਣ ਦਾ ਸਮਾਂ ਨਹੀਂ ਮਿਲਿਆ। ਅਸੀਂ ਚਾਹੁੰਦੇ ਸੀ ਕਿ ਹੜ੍ਹਾਂ ਦਾ ਮਸਲਾ ਬਹੁਤ ਇੰਪਾਰਟਟੈਂਟ ਮਸਲਾ ਹੈ ਇਸ ਤੇ ਡਿਸਕਸ਼ਨ ਕਰਨ ਦਾ ਜ਼ਿਆਦਾ ਸਮਾਂ ਮਿਲਦਾ। ਸੀ.ਐਮ. ਸਾਹਿਬ ਨੇ ਕਹਿ ਵੀ ਦਿੱਤਾ ਸੀ ਕਿ ਖੁੱਲ੍ਹਾ ਸਮਾਂ ਦਿੱਤਾ ਜਾਵੇਗਾ, ਪਰ ਉਹ ਰਖਿਆ ਨਹੀਂ ਗਿਆ।

ਇਥੇ ਜਿਹੜੀ ਗੱਲ ਕੈਪਟਨ ਅਮਰਿੰਦਰ ਸਿੰਘ ਜੀ ਨੇ ਕਹੀ ਹੈ ਕਿ ਇਹੋ ਜਿਹੇ ਸਮੇਂ ਸਪੈਸ਼ਲ ਸੈਸ਼ਨ ਬੁਲਾਉਣਾ ਚਾਹੀਦਾ ਹੈ, ਉਹ ਠੀਕ ਹੈ ਪਰ ਜੇ ਉਸ ਵੇਲੇ ਸਪੇਸ਼ਲ ਸੈਸ਼ਨ ਨਹੀਂ ਬੁਲਾਇਆ ਜਾ ਸਕਦਾ ਤਾਂ ਮੈਂ ਸਮਝਦੀ ਹਾਂ ਕਿ ਆਲ ਪਾਰਟੀਜ਼ ਮੀਟਿੰਗ ਤਾਂ ਸਟੇਟ ਲੈਵਲ ਔਰ ਡਿਸਟ੍ਰਿਕਟ ਲੈਵਲ ਤੇ ਹੋ ਸਕਦੀਆਂ ਹਨ, ਜਿਸ ਤੇ ਹਰ ਆਦਮੀ ਆਪਣੇ ਵਿਚਾਰ ਦੇ ਸਕਦਾ ਹੈ ਪਰ ਅਜੇ ਤੱਕ ਇਹ ਵੀ ਨਹੀਂ ਹੋਈਆਂ।

ਦੂਜੀ ਗੱਲ ਮੈਂ ਇਹ ਕਹਿਣੀ ਹੈ ਕਿ ਇਸ ਮਸਲੇ ਤੇ ਗੰਭੀਰਤਾ ਨਾਲ ਸੋਚ ਵਿਚਾਰ ਕਰਨੀ ਚਾਹੀਦੀ ਹੈ। ਇਹ ਮਸਲਾ ਇਸਤਰ੍ਹਾਂ ਨਹੀਂ ਪੋਜ਼ ਕਰਨਾ ਚਾਹੀਦਾ ਕਿ ਕੁਝ ਲੋਕ ਤਾਂ ਸਰਦਾਰ ਬੇਅੰਤ ਸਿੰਘ ਦੀ ਸ਼ਲਾਘਾ ਹੀ ਕਰਦੇ ਹਨ ਅਤੇ ਆਪੋਜ਼ੀਸ਼ਨ ਹਮੇਸ਼ਾ ਆਲੋਚਨਾ ਹੀ ਕਰਦੀ ਹੈ। ਇਹ ਅਪਰੋਚ ਨਹੀਂ ਹੋਣੀ ਚਾਹੀਦੀ। ਚੀਫ ਮਨਿਸਟਰ ਸਾਹਿਬ ਨੇ ਆਪਣੇ ਆਪ ਵੀ ਕਈ ਵਾਰ ਕਿਹਾ ਹੈ ਕਿ ਹੜ੍ਹਾਂ ਦੀ ਸਮਸਿਆ ਕਾਮਨ ਪਰਾਬਲਮ ਹੈ। ਸਾਰੇ ਲੋਕਾਂ ਨੂੰ ਇਸ ਬਾਰੇ ਸਾਂਝਾ ਉੱਦਮ ਕਰਨਾ ਚਾਹੀਦਾ ਹੈ। ਇਸ ਕਰਕੇ ਜੇ ਆਪੋਜ਼ੀਸ਼ਨ ਵਾਲੇ ਕੁਝ ਕਹਿਣ ਤਾਂ ਉਸ ਨੂੰ ਆਲੋਚਨਾ ਹੀ ਨਹੀਂ ਸਮਝ ਲੈਣਾ ਚਾਹੀਦਾ।

ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ ਮੈਂ ਅੰਮ੍ਰਿਤਸਰ, ਫਾਜਿਲਕਾ, ਫਿਰੋਜ਼ਪੁਰ, ਜਲੰਧਰ ਸਾਰੇ ਡਿਸਟ੍ਰਿਕਟ ਵਿਚ ਗਈ ਹਾਂ। ਅੰਮ੍ਰਿਤਸਰ ਸ਼ੁਰੂ ਵਿਚ ਮੋਸਟ ਅਫੈਕਟਿਡ ਡਿਸਟ੍ਰਿਕਟ ਸੀ। ਉਥੇ ਦੇ

Original with;
Punjab Vidhan Sabha
Digitized by;
Panjab Digital Library

ਇਮਾਨਦਾਰ ਅਫਸਰਾਂ, ਡਿਪਟੀ ਕਮਿਸ਼ਨਰ ਅਤੇ ਐਸ.ਡੀ.ਓਜ਼ ਵਗੈਰਾ ਨੇ ਚੰਗਾ ਕੰਮ ਕੀਤਾ। ਸਾਡੇ ਜ਼ਿਲ੍ਹੇ ਤੇ ਹੋਰ ਜ਼ਿਲ੍ਹਿਆਂ ਵਿਚ ਆਰਮੀ ਨੇ ਵੀ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਲਈ ਇਥੇ ਇਹ ਵੀ ਨਹੀਂ ਪੋਜ਼ ਕੀਤਾ ਜਾ ਸਕਦਾ ਕਿ ਸਵੈਮ ਸੇਵਕ ਜੱਥੇਬੰਦੀਆਂ ਪਹਿਲੇ ਮੈਦਾਨ ਵਿੱਚ ਆਈਆਂ ਅਤੇ ਸਰਕਾਰ ਬਾਅਦ ਵਿਚ ਆਈ। ਇਹ ਪਾਸੀਬਲ ਨਹੀਂ ਹੈ। ਸਰਕਾਰ ਵੀ ਪਹਿਲੇ ਆਈ ਔਰ ਫਿਰ ਸਵੈਮ ਸੇਵਕ ਜੱਥੇਬੰਦੀਆਂ ਨੇ ਵੀ ਜ਼ਿੰਮੇਵਾਰੀ ਨਾਲ ਕੰਮ ਕੀਤਾ ਲੇਕਿਨ ਫਲੱਡਜ਼ ਇਕੱਲੀ ਕੁਦਰਤੀ ਕਰੋਪੀ ਨਹੀਂ। ਕਈ ਫੰਡਾਮੈਂਟਲ ਕਾਰਣ ਵੀ ਹੋ ਸਕਦੇ ਹਨ ਜਿਨ੍ਹਾਂ ਕਰਕੇ ਇਹ ਫਲੱਡਜ਼ ਆਉਂਦੇ ਹਨ। ਅਰਸ਼ੀ ਸਾਹਿਬ ਨੇ ਪਹਿਲੇ ਇਕ ਕਮੇਟੀ ਦਾ ਜ਼ਿਕਰ ਕੀਤਾ ਕਿ 1955 ਵਿਚ ਔਰ ਫਿਰ 1988 ਵਿੱਚ ਫਲੱਡਜ਼ ਆਏ ਸਨ, ਜੋ ਬੜੇ ਸੀਰੀਅਸ ਸਨ। ਉਸ ਵੇਲੇ ਦੀਆਂ ਕੁਝ ਰਿਕੂਮੈਂਡੇਸ਼ਨਜ਼ ਹਨ ਜੇ ਉਨ੍ਹਾਂ ਤੇ ਅਮਲ ਹੁੰਦਾ ਤਾਂ ਇਤਨੇ ਭਿਅੰਕਰ ਹੜ੍ਹ ਨਹੀਂ ਆਉਂਦੇ। ਨਦੀਆਂ ਨਾਲਿਆਂ ਦੀ ਡੀਸਿਲਟਿੰਗ ਨਹੀਂ ਹੋਈ। ਇਹ ਮਸਲਾ ਡਰੇਨੇਜ਼ ਡਿਪਾਰਟਮੈਂਟ ਦਾ ਹੈ। ਸ਼ਹਿਰਾਂ ਦੇ ਵਿਚ ਵੀ ਭਾਰੀ ਨੁਕਸਾਨ ਹੋਇਆ ਹੈ ਅਤੇ ਪਹਿਲੀ ਵਾਰ ਫਲੱਡ ਰੂਰਲ ਏਰੀਆ ਤੋਂ ਇਲਾਵਾ ਅਰਬਨ ਏਰੀਆ ਵਿਚ ਵੀ ਫਲੱਡ ਅ ਏ ਹਨ। ਜਿਸ ਤੋਂ ਬਚਿਆ ਜਾ ਸਕਦ ਸੀ। ਫਲੱਡ ਨੂੰ ਪਰੀਵੈਂਟ ਕੀਤਾ ਜਾ ਸਕਦਾ ਸੀ। ਪੀ.ਡਬਲਿਊ.ਡੀ (ਬੀ.ਐਂਡ.ਆਰ) ਡਿਪਾਰਟਮੈਂਟ ਦੇ ਮਨਿਸਟਰ ਪਤਾ ਨਹੀਂ ਹੁਣ ਕਿਸ ਕੋਲ ਮਹਿਕਮਾ ਹੈ, ਉਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਮੱਸਿਆ ਬਾਰੇ ਤੁਸੀਂ ਸਟੱਡੀ ਕਰ ਲਓ ਕਿ ਜੋ ਸੜਕਾਂ ਬਣਾਈਆਂ ਗਈਆਂ ਹਨ ਉਨ੍ਹਾਂ ਨਾਲ ਪਾਣੀ ਦੇ ਨਿਕਾਸ ਦੇ ਪ੍ਰਬੰਧ ਕਰ ਲਓ। ਅੰਮ੍ਰਿਤਸਰ ਵਿਚ ਖਾਲਸਾ ਕਾਲਜ ਨਾਲ ਨਿਕਾ ਸਿੰਘ ਕਾਲੋਨੀ ਹੜ੍ਹਾਂ ਦੀ ਮਾਰ ਥੱਲੇ ਆ ਗਈ। ਇਥੋਂ ਦੇ ਲੋਕ ਸਰਕਾਰ ਨੂੰ ਗਾਲ੍ਹਾਂ ਕੱਢ ਰਹੇ ਸਨ ਕਿ ਨੈਸ਼ਨਲ ਹਾਈ-ਵੇ ਨੂੰ ਉਚਾ ਕਰ ਦਿੱਤਾ ਅਤੇ ਰਾਮ ਤੀਰਥ ਰੋਡ ਨੂੰ ਵੀ ਉੱਚਾ ਕਰ ਦਿੱਤਾ ਜਿਸ ਕਰਕੇ ਸਾਡੀ ਕਾਲੋਨੀ ਵਿਚ ਸਾਰਾ ਪਾਣੀ ਸੜਕਾਂ ਦਾ ਆ ਗਿਆ ਡਰੇਨੇਜ ਡਿਪਾਰਮੈਂਟ ਨੂੰ ਇਹ ਗੱਲ ਵੇਖਣੀ ਚਾਹਿਦੀ ਸੀ ਕਿ ਸੜਕਾਂ ਕਿਉਂ ਓਵਰ ਫਲੋਅ ਹੋ ਗਈਆਂ। ਸਰਦਾਰ ਗੁਰਮੇਜ ਸਿੰਘ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਇਨ੍ਹਾਂ ਨੂੰ ਵੇਰਕਾ ਅਤੇ ਬਟਾਲਾ ਰੋਡ ਦਾ ਪਤਾ ਹੈ। ਇਥੋਂ ਲੋਕਾਂ ਦਾ ਕਾਫੀ ਨੁਕਸਾਨ ਹੋਇਆ ਹੈ। ਜਿਹੜੀ ਪਰਪੋਜ਼ਲ ਸਰਦਾਰ ਅਮਰਿੰਦਰ ਸਿੰਘ ਜੀ ਨੇ ਦਿੱਤੀ ਕਿ ਫਲੱਡ ਪਰੀਵੈਂਟਿਵ ਕਮੇਟੀ ਹੋਣੀ ਚਾਹੀਦੀ ਹੈ। ਇਸ ਦੇ ਵਿਚ ਇਸ ਹਾਊਸ ਦੇ ਮੈਂਬਰ ਹੋਣ ਅਤੇ ਹੋਰ ਐਕਸਪਰਟਸ ਨੂੰ ਇਸ ਕਮੇਟੀ ਵਿਚ ਸ਼ਾਮਲ ਕੀਤਾ ਜਾਵੇ। ਇਸ ਤੋਂ ਇਲਾਵਾ ਫਲੱਡ ਕੰਟਨਜੈਂਸੀ ਫੰਡਜ਼ ਹੋਣਾ ਚਾਹੀਦਾ ਹੈ। ਅੰਮ੍ਰਿਤਸਰ ਸਾਹਿਬ ਵਿਚ ਬਹੁਤ ਥੋੜ੍ਹੀਆਂ ਤੰਬੂ ਤਰਪਾਲਾਂ ਪਹੁੰਚੀਆਂ। ਗੁਮਟਾਲੇ ਵਿਚ 300 ਮਕਾਨ ਢਹਿ ਗਏ ਹਨ। ਮੁਸਤਫਾਬਾਦ ਵਿਚ ਟੈਂਟਜ਼ ਨਹੀਂ ਪੁੱਜੇ, ਫਾਜ਼ਿਲਕਾ ਦੇ ਰੀਲੀਫ ਕੈਂਪ ਵਿਚ ਤਰਪਾਲਾਂ ਫਟੀਆਂ ਹੋਈਆਂ ਦਿੱਤੀਆਂ ਗਈਆਂ ਹਨ ਡੀ.ਸੀ. ਦੇ ਕੋਲ ਫੰਡਜ਼ ਹੋਣੇ ਚਾਹੀਦੇ ਹਨ ਤਾਂ ਕਿ ਉਹ ਲੋਕਾਂ ਦੀ ਜਿਥੋਂ ਤੱਕ ਹੋ ਸਕੇ ਮਦਦ ਕਰ ਸਕਣ। ਲੋਕਾਂ ਨੂੰ ਪਾਣੀ ਵਿਚੋਂ ਕੱਢਣ ਲਈ 8 ਬੇੜੀਆਂ ਪ੍ਰਯੋਗ ਕੀਤੀਆਂ ਗਈਆਂ। ਲੋਕਾਂ ਕੋਲ ਚਾਰਾ ਨਹੀਂ, ਦੁਆਈਆਂ ਨਹੀਂ, ਬਾਲਣ ਨਹੀਂ ਹੈ। ਅਸੀਂ ਸਵੇਰੇ ਸੱਤ ਵਜੇ ਕੈਂਪ ਵਿਚ ਪੁੱਜੇ ਕਿਸੇ ਦੇ ਘਰ ਚਾਹ ਨਹੀਂ ਸੀ ਬਣੀ। ਇਸ ਨੂੰ ਸਰਕਾਰ ਦੀ ਨੁਕਤਾਚੀਨੀ ਦੀ ਸ਼ਕਲ ਨਾਲ ਨਾ ਵੇਖਿਆ ਜਾਵੇ। ਲੋਕਾਂ ਦੀ ਮਦਦ ਲਈ ਸਰਕਾਰ ਨੂੰ ਉਸਾਰੀ ਦੇ ਕਦਮ ਚੁੱਕਣ ਦੀ ਲੋੜ ਹੈ। ਸਾਡੀ ਸਰਕਾਰ ਨੂੰ ਸੈਂਟਰਲ ਗੌਰਮਿੰਟ ਤੋਂ ਕਾਫੀ ਜ਼ਿਆਦਾ ਮਾਤਰਾ ਵਿਚ ਰਾਸ਼ੀ ਲੈਣ ਦੀ ਲੋੜ ਹੈ। ਪ੍ਰਧਾਨ ਮੰਤਰੀ ਨੇ ਇਕ ਕਰੋੜ ਰੁਪਏ ਆਪਣੇ ਰਲੀਫ ਫੰਡ ਵਿਚੋਂ ਦਿੱਤੇ ਹਨ। ਇਸ ਦੇ ਲਈ ਸਾਨੂੰ ਉਨ੍ਹਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ। ਸੈਂਟਰਲ ਗੌਰਮਿੰਟ ਤੋਂ ਹੋਰ ਰਿਲੀਫ ਲੈਣ ਦੀ ਲੋੜ ਹੈ। 300 ਬੰਦੇ ਜਿਹੜੇ ਮਾਰੇ ਗਏ ਹਨ ਇਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਇਕ ਇਕ ਲੱਖ ਰੁਪਿਆ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ। ਜੇਕਰ ਅਸੀਂ ਆਤੰਕਵਾਦ ਦੇ ਸ਼ਿਕਾਰ ਪਰਿਵਾਰਾਂ ਨੂੰ ਇਕ ਲੱਖ ਰੁਪਿਆ ਦੇ ਸਕਦੇ ਹਾਂ ਤਾਂ ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਵਿਮਲਾ ਡਾਂਗ]

ਨੂੰ ਕਿਉਂ ਨਹੀਂ ਦੇ ਸਕਦੇ? ਦੂਸਰਾ ਸਾਨੂੰ ਮਾਲੀ ਨੁਕਸਾਨ ਪੂਰਾ ਕਰਨ ਲਈ ਕੰਪਨਸੇਸ਼ਨ ਵਧਾਉਣਾ ਚਾਹੀਦਾ ਹੈ। ਇਸ ਬਾਰੇ ਜਿਹੜੀ ਪਰਪੋਜ਼ਲ ਆਈ ਸੀ ਸਰਦਾਰ ਉਮਰਾਓ ਸਿੰਘ ਨੇ ਇਕ ਹਜ਼ਾਰ ਰੁਪਿਆ ਪਰ ਏਕੜ ਦੇਣ ਵਾਸਤੇ ਕਿਹਾ ਹੈ ਪਰ ਇਹ ਕਾਫੀ ਨਹੀਂ ਅਤੇ ਸਰਦਾਰ ਸ਼ਮਸ਼ੇਰ ਸਿੰਘ ਜੋ ਇਨ੍ਹਾਂ ਦਾ ਲੀਡਰ ਹੈ, ਨੇ ਵੀ ਰਾਸ਼ੀ ਵਧਾਉਣ ਲਈ ਕਿਹਾ। ਸਾਡੀ ਪਾਰਟੀ ਨੇ ਇਕ ਹਜ਼ਾਰ ਦੀ ਥਾਂ ਤੇ 2 ਹਜ਼ਾਰ ਰੁਪਏ ਦੀ ਮੰਗ ਕੀਤੀ ਅਤੇ ਕੱਚੇ ਮਕਾਨਾਂ ਦੇ ਲਈ, ਜਿਹੜੇ ਢਹਿ ਗਏ ਹਨ ਉਨ੍ਹਾਂ ਨੂੰ 10 ਹਜ਼ਾਰ ਰੁਪਿਆ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਜਿਹੜੇ ਪੱਕੇ ਮਕਾਨ ਢਹਿ ਗਏ ਹਨ ਅਤੇ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ 20 ਹਜ਼ਾਰ ਰੁਪਿਆ ਦੇਣ ਦੀ ਮੰਗ ਕੀਤੀ ਹੈ। ਤੀਸਰਾ ਜਿਹੜਾ ਬਿਜਲੀ ਅਤੇ ਪਾਣੀ ਦੇ ਬਿੱਲ ਹਨ, ਇਨ੍ਹਾਂ ਦੀ ਵਸੂਲੀ ਬੰਦ ਹੋਣੀ ਚਾਹੀਦੀ ਹੈ ਅਤੇ ਇਹ ਖੇਤ ਮਜ਼ਦੂਰਾਂ ਲਈ ਮੁਆਫ ਕਰ ਦੇਣੇ ਚਾਹੀਦੇ ਹਨ ਕਿਉਂਕਿ ਇਸ ਦੇ ਨਾਲ ਲੋਕਾਂ ਨੂੰ ਪਰੈਕਟੀਕਲੀ ਬੜੀਆਂ ਪ੍ਰਾਬਲਮਜ਼ ਪੇਸ਼ ਆ ਰਹੀਆਂ ਹਨ। (ਘੰਟੀ) ਇਸ ਦੇ ਨਾਲ ਜਿਹੜੇ ਗਰੀਬ ਕਿਸਾਨ ਦੇ ਕਰਜ਼ੇ ਹਨ ਉਹ ਮੁਆਫ ਕਰ ਦੇਣੇ ਚਾਹੀਦੇ ਹਨ। ਮੈਂ ਤੁਹਾਨੂੰ ਇਹ ਗੱਲ ਕਹਿਣਾ ਚਾਹੁੰਦੀ ਹਾਂ ਕਿ ਜਿਹੜੇ ਟਰੇਡਰਜ਼ ਅਤੇ ਸ਼ਾਪ-ਕੀਪਰਜ਼ ਹਨ ਉਹ ਕੀਮਤਾਂ ਨੂੰ ਵਧਾ ਰਹੇ ਹਨ। ਇਕ ਬਿਸਕੁਟ ਵਾਲਿਆਂ ਦੀ ਟਰਾਲੀ ਪਟਿਆਲਾ ਜਾ ਰਹੀ ਸੀ। ਉਨ੍ਹਾਂ ਨੇ ਆਪਣੇ ਬਿਸਕੁਟਾਂ ਦੇ ਰੇਟ ਡਬਲ ਕਰ ਦਿੱਤੇ। ਇਸ ਤਰਫ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਕੋਈ ਟਰੇਡਰਜ਼ ਹੜ੍ਹਾਂ ਦਾ ਫਾਇਦਾ ਉਠਾ ਕੇ ਲੋਕਾਂ ਦੀ ਐਕਸਪਲਾਈਟੇਸ਼ਨ ਨਾ ਕਰ ਸਕੇ। ਐਮ.ਐਲ.ਏ. ਸਾਹਿਬ ਅਤੇ ਮਨਿਸਟਰ ਸਾਹਿਬਾਨ ਨੂੰ ਵੱਧ ਤੋਂ ਵੱਧ ਕੁਰਬਾਨੀ ਕਰਨ ਦੀ ਲੋੜ ਹੈ। ਡਾਕਟਰ ਸਾਹਿਬ ਨੇ ਇਸ ਸਬੰਧ ਵਿਚ ਇਕ ਪਰਪੋਜ਼ਲ ਆਪਣੇ ਮੈਂਬਰ ਸਾਹਿਬਾਨ ਲਈ ਦਿੱਤੀ ਸੀ। ਜਿਹੜਾ ਇਹ ਫੈਸਲਾ ਕਰਨਗੇ ਉਸ ਨੂੰ ਸਾਡਾ ਗਰੁੱਪ ਪੂਰੀ ਤਰ੍ਹਾਂ ਇੰਪਲੀਮੈਂਟ ਕਰੇਗਾ। ਆਲ ਪਾਰਟੀ ਮੀਟਿੰਗ ਕਰਨੀ ਚਾਹੀਦੀ ਹੈ। ਇਹ ਅਤਿ ਜ਼ਰੂਰੀ ਹੈ।

**ਸ੍ਰੀ ਸਪੀਕਰ :** ਵਾਈਂਡ ਅੱਪ ਕਰੋ ਜੀ।

**ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ):** ਮਾਨਯੋਗ ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਇਸ ਦਫਾ ਬੜੀ ਕਰੋਪੀ ਹੋਈ। ਪੰਜਾਬ ਦੇ ਅੰਦਰ ਬਹੁਤ ਵੱਡੇ ਪੈਮਾਨੇ ਤੇ ਹੜ੍ਹ ਆਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਫਲੱਡ ਉਤੇ ਇਥੇ ਹਾਊਸ ਵਿਚ ਬੜੀ ਬਹਿਸ ਹੋਈ ਹੈ। ਸਭ ਮੈਂਬਰਾਂ ਨੇ ਆਪਣੇ ਆਪਣੇ ਖਿਆਲਾਤ ਜ਼ਾਹਰ ਕੀਤੇ ਹਨ। ਸਾਡੀ ਪਾਰਟੀ ਨੇ ਵੀ ਔਰ ਆਪੋਜ਼ੀਸ਼ਨ ਦੀ ਪਾਰਟੀ ਨੇ ਵੀ ਹੜ੍ਹਾਂ ਬਾਰੇ ਦੱਸਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਥੇ ਖਦਸ਼ੇ ਪਾਏ ਗਏ ਹਨ ਕਿ ਇਹ ਮੈਨ ਮੇਡ ਆਫਤ ਸੀ। ਮੈਂ ਸਪੀਕਰ ਸਾਹਿਬ, ਇਹ ਗੱਲ ਕਲੀਅਰ ਕਰ ਦੇਣਾ ਚਾਹੁੰਦਾ ਹਾਂ ਕਿ ਇਹ ਮੈਨ ਮੇਡ ਆਫਤ ਨਹੀਂ ਸੀ। ਮੈਂ ਸਮਝਦਾ ਹਾਂ ਕਿ ਪਿਛਲੇ 30-40 ਸਾਲਾਂ ਤੋਂ ਇਸ ਤਰ੍ਹਾਂ ਦੀ ਬਾਰਸ਼ ਕਦੇ ਨਹੀਂ ਸੀ ਹੋਈ। ਬਾਰਸ਼ ਕਰਕੇ ਸਾਰੇ ਪੰਜਾਬ ਦੇ ਅੰਦਰ ਕਲਾਊਡ ਬਰਸਟ ਹੋ ਗਿਆ। ਤੁਸੀਂ ਹੈਰਾਨ ਹੋਵੋਗੇ ਪਟਿਆਲੇ ਦੇ ਅੰਦਰ 1,000 ਐਮ.ਐਮ. ਸਾਰੇ ਸਾਲ ਵਿਚ ਬਾਰਸ਼ ਹੁੰਦੀ ਸੀ ਪਰ 2 ਦਿਨਾਂ ਵਿਚ ਬਾਰਸ਼ ਦੀ ਐਵਰੇਜ 58 ਪ੍ਰਤੀਸ਼ਤ ਰਹੀ। ਰੋਪੜ ਦੇ ਅੰਦਰ ਜੋ ਬਾਰਸ ਸਾਰੇ ਸਾਲ ਵਿਚ 900 ਐਮ.ਐਮ. ਹੋਣੀ ਸੀ ਉਹ ਉਥੇ ਦੋ ਦਿਨਾਂ ਵਿਚ 40 ਪ੍ਰਤੀਸ਼ਤ ਦੇ ਕਰੀਬ ਹੋ ਗਈ। ਗੁਰਦਾਸਪੁਰ ਵਿਚ ਸਾਰੇ ਸਾਲ ਵਿਚ ਬਾਰਸ਼ 1,000 ਐਮ.ਐਮ. ਹੋਣੀ ਸੀ ਪਰ ਦੋ ਦਿਨਾਂ ਵਿਚ 58 ਪ੍ਰਤੀਸ਼ਤ ਹੋ ਗਈ। ਜਿਹੜਾ ਪਹਾੜੀ ਇਲਾਕਾ ਸੀ ਉਥੇ ਹੋਰ ਵੀ ਜ਼ਿਆਦਾ ਬਾਰਸ਼ ਹੋਈ। ਮੈਂ ਇਹ ਗੱਲ ਕਹਿ ਸਕਦਾ ਹਾਂ ਕਿ ਜਿਥੇ ਵੀ ਬੰਨ੍ਹ ਲਗਾ ਹੋਇਆ ਸੀ ਚਾਹੇ ਦਰਿਆ

Original with;
Punjab Vidhan Sabha
Digitized by;
Panjab Digital Library

ਸੀ, ਚਾਹੇ ਨਦੀ ਸੀ, ਚਾਹੇ ਨਾਲਾ ਸੀ ਉਥੇ ਇਤਨਾ ਜ਼ਿਆਦਾ ਪਾਣੀ ਆਇਆ ਜਿਤਨਾ ਐਕਸਪੈਕ-ਟਿਡ ਨਹੀਂ ਸੀ। ਲੇਕਿਨ ਫਿਰ ਵੀ ਮੌਸਮ ਵਿਭਾਗ ਵਾਲੇ ਲੋਕਾਂ ਨੂੰ ਵਕਤ ਸਿਰ ਇਤਲਾਹ ਦਿੰਦੇ ਰਹੇ ਔਰ ਅਨਾਉਸਮੈਂਟਾਂ ਹੁੰਦੀਆਂ ਰਹੀਆਂ। ਡਿਫੈਂਸ ਨੰਬਰ 1 ਵੱਲ 6.00 ਵਜੇ ਦੇ ਕਰੀਬ ਆਰਮੀ ਔਰ ਸਿਵਲ ਐਡਮਨਿਸਟਰੇਸ਼ਨ ਜਾ ਚੁਕੀ ਸੀ। ਉਹ ਉਥੇ ਬੋਰੀਆਂ ਲਾ ਕੇ ਬੈਠੇ ਸੀ 10.00 ਵਜੇ ਬਰੀਚ ਹੋਇਆ। ਆਰਮੀ ਅਤੇ ਸਿਵਲ ਐਡਮਨਿਸਟਰੇਸ਼ਨ ਨੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਪਾਣੀ 19 ਫੁਟ ਜਾ ਚੁਕਾ ਸੀ ਜਿਸ ਨੂੰ ਉਹ ਰੋਕ ਨਾ ਸਕੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਫਲੱਡ ਆਏ ਔਰ ਇਤਨਾ ਪਾਣੀ ਆਇਆ, ਉਸ ਦਾ ਮੈਨੂੰ ਬਹੁਤ ਅਫਸੋਸ ਹੈ। 17 ਜਗ੍ਹਾ ਤੇ ਪਾੜ ਆਏ ਔਰ ਇਤਨਾ ਜ਼ਿਆਦਾ ਪਾਣੀ ਆਇਆ ਕਿ ਡੇਰਾ ਬਾਬਾ ਨਾਨਕ, ਕਲਾਨੌਰ, ਬਟਾਲਾ, ਰਾਮਦਾਸ ਅਤੇ ਅਜਨਾਲਾ ਪਾਣੀ ਨਾਲ ਭਰ ਗਿਆ। ਮੈਂ ਰੋਪੜ ਦੀ ਗੱਲ ਕਰਾਂ ਔਰ ਇਕ ਇਕ ਗੱਲ ਦਾ ਮੈਨੂੰ ਪਤਾ ਹੈ। ਸੀਸਵਾਂ ਨਦੀ ਦੇ ਕੋਲ ਇਤਨਾ ਪਾਣੀ ਆਇਆ ਕਿ ਕਦੇ ਵੀ ਐਕਸਪੈਕਟ ਨਹੀਂ ਕੀਤਾ ਜਾ ਸਕਦਾ ਸੀ। ਸਤਲੁਜ ਦਾ ਬੰਨ੍ਹ ਟੁੱਟ ਗਿਆ, ਫਿਲੌਰ ਦੇ ਨੇੜੇ ਇਤਨਾ ਪਾਣੀ ਆਇਆ। ਮਾਧੋਪੁਰ ਹੈਡ ਵਰਕਸ ਵਿਚ ਇਕ ਦਿਨ ਵਿਚ ਚਾਰ ਲੱਖ ਪੰਜਾਹ ਹਜ਼ਾਰ ਕਿਊਸਿਕ ਪਾਣੀ ਲੰਘ ਗਿਆ। ਸਤਲੁਜ ਦਰਿਆ ਦੇ ਨੇੜੇ ਧਰਮਕੋਟ ਵਿਚ ਪੰਜ ਹਜ਼ਾਰ ਕਿਊਸਿਕ ਪਾਣੀ ਲੰਘ ਗਿਆ। ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਕੁਦਰਤ ਵਲੋਂ ਕਿਤਨੀ ਭਾਰੀ ਆਫਤ ਆਈ।

ਸਪੀਕਰ ਸਾਹਿਬ, ਏਥੇ ਜੋ ਗੱਲਾਂ ਕੀਤੀਆਂ ਗਈਆਂ ਹਨ, ਮੈਂ ਚੰਗੀ ਤਰ੍ਹਾਂ ਸੁਣੀਆਂ ਹਨ। ਮੇਰੇ ਮਾਨਯੋਗ ਮੈਂਬਰਾਂ ਨੇ ਅਤੇ ਖਾਸ ਕਰਕੇ ਆਪੋਜ਼ੀਸ਼ਨ ਨੇ ਐਡਮਨਿਸਟਰੇਸ਼ਨ ਨੂੰ, ਪੁਲਿਸ ਨੂੰ ਅਤੇ ਆਰਮੀ ਨੂੰ ਅਲੱਗ ਅਲੱਗ ਕਰਨ ਦਾ ਯਤਨ ਕੀਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਜੋ ਸਾਡੀ ਸੋਲ ਐਡਮਨਿਸਟਰੇਸ਼ਨ ਹੈ, ਸਾਡੀ ਆਰਮੀ ਵੀ ਸਾਡੀ ਡਿਸਪੋਜ਼ਲ ਤੇ ਹੈ, ਇਹ ਸਾਰੀਆਂ ਪਬਲਿਕ ਸਰਵਿਸਿਜ਼ ਹਨ। ਜੇ ਇਹ ਗੱਲ ਕਹੀ ਜਾਏ ਕਿ ਡੀ.ਸੀ ਅਤੇ ਐਸ. ਐਸ. ਪੀ. ਅਲੱਗ ਅਲੱਗ ਹਨ, ਤਾਂ ਕਿਥੋਂ ਤੱਕ ਠੀਕ ਹੋਵੇਗਾ? ਇਹੋ ਜਿਹੀ ਗੱਲ ਸਾਨੂੰ ਬੜੀ ਭਾਰੀ ਸੋਚ ਕੇ ਕਰਨੀ ਚਾਹੀਦੀ ਹੈ। ਜੇ ਅਸੀਂ ਕਹੀਏ ਕਿ ਪੁਲਿਸ ਨੇ ਕੰਮ ਕਰ ਦਿੱਤਾ ਹੈ, ਸਿਵਲ ਐਡਮਿਨਿਸਟਰੇਸ਼ਨ ਆਈ ਹੀ ਨਹੀਂ, ਤਾਂ ਠੀਕ ਨਹੀਂ। ਸਪੀਕਰ ਸਾਹਿਬ, ਮੈਂ ਆਪ ਜਾ ਕੇ ਦੇਖਿਆ ਹੈ, ਸਾਰੇ ਜ਼ਿਲ੍ਹਿਆਂ ਦੇ ਅੰਦਰ ਸਾਰੀ ਐਡਮਨਿਸਟਰੇਸ਼ਨ ਨੂੰ ਕੰਮ ਕਰਦੇ ਹੋਏ ਕਿਉਂਕਿ ਐਡਮਨਿਸਟਰੇਸ਼ਨ ਦਾ ਹਿੱਸਾ ਪੁਲਿਸ ਵੀ ਹੈ, ਸਾਰਾ ਅਮਲਾ ਇਕੋ ਹੈ ਅਤੇ ਸਰਕਾਰ ਦਾ ਹੀ ਹੈ। ਸਰਕਾਰ ਨੂੰ ਅਗਰ ਕਹੀਏ ਕਿ ਲੋਕਾਂ ਨਾਲੋਂ ਅਲੱਗ ਹੈ, ਮੈਂ ਇਹ ਵੀ ਗੱਲ ਮੰਨਣ ਨੂੰ ਤਿਆਰ ਨਹੀਂ। ਲੋਕਾਂ ਦੇ ਨੁਮਾਇੰਦੇ ਹੀ ਸਰਕਾਰ ਬਣਾਉਂਦੇ ਹਨ ਅਤੇ ਉਨ੍ਹਾਂ ਦਾ ਲੋਕਾਂ ਨਾਲ ਹੀ ਵਾਸਤਾ ਹੁੰਦਾ ਹੈ। ਜਦੋਂ ਇੰਝ ਕਿਹਾ ਗਿਆ ਤਾਂ ਮੈਂ ਬੜਾ ਹੈਰਾਨ ਹੋ ਰਿਹਾ ਸੀ ਕਿ ਲੋਕਾਂ ਨੇ ਕੰਮ ਕੀਤਾ। ਕਈ ਸੱਜਣਾਂ ਨੇ ਇਹ ਵੀ ਕਿਹਾ ਕਿ ਲੋਕਾਂ ਤੋਂ ਕੋਆਪਰੇਸ਼ਨ ਲੈਣੀ ਚਾਹੀਦੀ ਹੈ। ਅਸੀਂ ਤਾਂ ਆਪ ਹੀ ਟੈਲੀਵੀਜ਼ਨ ਤੇ, ਅਖਬਾਰਾਂ ਵਿਚ ਲੋਕਾਂ ਨੂੰ ਹੈਲਪ ਕਰਨ ਵਾਸਤੇ ਕਿਹਾ ਹੈ। ਵੈਸੇ ਵੀ ਏਡੀ ਮਹਾਨ ਮੁਸੀਬਤ ਆਈ ਹੋਵੇ ਤਾਂ ਲੋਕਾਂ ਦੀ ਕੋਆਪਰੇਸ਼ਨ ਤੋਂ ਬਗੈਰ, ਤੁਆਵਨ ਤੋਂ ਬਗੈਰ, ਸਹਾਇਤਾ ਤੋਂ ਬਗੈਰ ਉਸਤੇ ਅਸੀਂ ਕਾਬੂ ਨਹੀਂ ਪਾ ਸਕਦੇ। ਮੈਂ, ਸਪੀਕਰ ਸਾਹਿਬ, ਲੋਕਾਂ ਦਾ ਅਸਲ ਮਾਅਨਿਆਂ ਵਿੱਚ ਧੰਨਵਾਦੀ ਹਾਂ ਕਿ ਲੋਕੀਂ ਆਪ ਰੋਟੀਆਂ ਪਕਾ ਪਕਾ ਕੇ ਕੈਂਪਾਂ ਵਿੱਚ ਬਾਹਰੋਂ ਪਹੁੰਚਾਉਂਦੇ ਰਹੇ। ਜਿਹੜੇ ਲੋਕ ਕੈਂਪਾਂ ਦੇ ਅੰਦਰ ਸਨ, ਉਨ੍ਹਾਂ ਨੂੰ ਖਾਣਾ ਖਿਲਾਇਆ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਇਸ ਮੁਸੀਬਤ ਦੇ ਅੰਦਰ ਵੀ ਇਕ ਰਾਹਤ ਦੀ ਕਿਰਨ ਨਜ਼ਰ ਆਈ ਹੈ। ਉਹ ਇਸ ਕਰਕੇ ਨਜ਼ਰ ਆਈ ਹੈ ਕਿਉਂਕਿ 12-13 ਸਾਲਾਂ ਤੋਂ ਕਈ ਪੁਲੀਟੀਕਲ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਪਾਰਟੀਆਂ ਨੇ ਜਿਨ੍ਹਾਂ ਦੇ ਮੈਂ ਨਾਮ ਨਹੀਂ ਲੈਣਾ ਚਾਹੁੰਦਾ ,ਉਨ੍ਹਾਂ ਲੋਕਾਂ ਨੂੰ ਅਲੱਗ-ਅਲੱਗ ਕਰਨ ਦੇ ਯਤਨ ਕੀਤੇ ਸੀ, ਅੱਜ ਉਨ੍ਹਾਂ ਲੋਕਾਂ ਦੇ ਮਤ-ਭੇਦ ਦੂਰ ਹੋਏ ਹਨ ਅਤੇ ਉਨ੍ਹਾਂ ਨੇ ਗੱਲਵਕੜੀਆਂ ਪਾ ਕੇ ਇਕ ਦੂਜੇ ਦੀ ਮੱਦਦ ਕੀਤੀ ਹੈ।(ਥੰਪਿੰਗ) ਜਿਨ੍ਹਾਂ ਪਿੰਡਾਂ ਵਿਚ ਹੜ੍ਹ ਆਏ ਸਨ, ਉਥੇ ਸ਼ਹਿਰੀ ਲੋਕ ਉਨ੍ਹਾਂ ਦੀ ਮੱਦਦ ਕਰਨ ਵਾਸਤੇ ਗਏ ਅਤੇ ਜਿਥੇ ਸ਼ਹਿਰਾਂ ਵਿਚ ਹੜ੍ਹ ਆ ਗਏ ਸਨ, ਉਥੇ ਪਿੰਡਾਂ ਦੇ ਲੋਕ ਉਨ੍ਹਾਂ ਦੀ ਮੱਦਦ ਕਰਨ ਵਾਸਤੇ ਗਏ।

ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਪਟਿਆਲਾ ਸ਼ਹਿਰ ਦੇ ਅੰਦਰ ਸਭ ਨਾਲੋਂ ਜ਼ਿਆਦਾ ਨੁਕਸਾਨ ਹੋਇਆ ਹੈ। ਜੇ ਡੰਗਰਾਂ ਦੀ ਗੱਲ ਕਰੀਏ ਤਾਂ ਉਹ ਵੀ ਪਟਿਆਲੇ ਵਿੱਚ ਸਭ ਤੋਂ ਜ਼ਿਆਦਾ ਮਰੇ ਹਨ। ਪਰ ਮੈਂ ਇਹ ਗੱਲ ਜ਼ਰੂਰ ਕਹਿਣੀ ਚਾਹਵਾਂਗਾ ਕਿ ਜਿੰਨੀ ਗੱਲ ਵਧਾ ਕੇ ਸਾਡੇ ਮਾਨਯੋਗ ਮੈਂਬਰ ਕੈਪਟਨ ਅਮਰਿੰਦਰ ਸਿੰਘ ਜੀ ਨੇ ਕੀਤੀ ਹੈ, ਉਨੀ ਗੱਲ ਸ਼ਾਇਦ ਨਾ ਹੋਵੇ। ਮੈਨੂੰ ਇਹ ਗੱਲ ਕਹਿ ਕੇ ਖੁਸ਼ੀ ਹੁੰਦੀ ਹੈ ਕਿ ਆਖਰਕਾਰ ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਜੋਗੀ ਉਤਰ ਪਹਾੜੋਂ ਆਇਆ। ਹੁਣ ਇਹ ਪਹਾੜੋਂ ਉਤਰ ਆਏ ਹਨ ਅਤੇ ਆ ਕੇ ਲੋਕਾਂ ਦੀਆਂ ਗੱਲਾਂ ਸੁਣੀਆਂ ਹਨ। ਇਨ੍ਹਾਂ ਨੇ ਅੱਜ ਮੇਡਨ ਸਪੀਚ ਏਥੇ ਕੀਤੀ ਹੈ। ਜੇ ਪਟਿਆਲਾ ਅੰਦਰ ਦੁੱਖ ਨਾ ਹੁੰਦਾ ਤਾਂ ਸ਼ਾਇਦ ਇਹ ਨਾ ਆਉਂਦੇ। ਪਰ ਅੱਜ ਪਟਿਆਲਾ ਦੁੱਖ ਅੰਦਰ ਹੈ ਅਤੇ ਮੈਨੂੰ ਇਸ ਗੱਲ ਦਾ ਬੇਹੱਦ ਅਫਸੋਸ ਹੈ।

ਸਪੀਕਰ ਸਾਹਿਬ, ਮੈਂ ਪਟਿਆਲਾ ਗਿਆ ਸੀ। ਉਥੇ ਸਾਡੇ ਮਨਿਸਟਰ ਜਾਫਰ ਸ਼ਰੀਫ ਜੀ ਆਏ ਸੀ। ਰਾਜਪੁਰੇ ਦੇ ਅੰਦਰ ਗੱਡੀਆਂ ਕੱਟੀਆਂ ਗਈਆਂ ਸੀ। ਰੇਲ ਲਿੰਕਸ ਤਿੰਨ ਜਗ੍ਹਾ ਤੋਂ ਬ੍ਰੀਚ ਹੋਏ ਸਨ। 4-4 ਦਿਨ ਲੋਕ ਉਥੇ ਬੈਠੇ ਰਹੇ। ਉਨ੍ਹਾਂ ਵਿਚੋਂ ਕਿਸੇ ਨੇ ਅੰਮ੍ਰਿਤਸਰ ਜਾਣਾ ਸੀ ਅਤੇ ਕਿਸੇ ਨੇ ਦੂਸਰੇ ਪਾਸੇ ਦਿੱਲੀ ਵੱਲ ਨੂੰ ਜਾਣਾ ਸੀ। ਇਹ ਸਾਡੀ ਸਰਕਾਰ ਹੀ ਸੀ ਜਿਸਨੇ ਸਾਰਾ ਬੰਦੋਬਸਤ ਕਰਕੇ ਉਨ੍ਹਾਂ ਲੋਕਾਂ ਨੂੰ ਅੰਬਾਲਾ ਪਹੁੰਚਾਇਆ ਅਤੇ ਅੱਗੋਂ ਵੀ ਗੱਡੀਆਂ ਬੱਸਾਂ ਮੁਹੱਈਆ ਕਰਾ ਕੇ ਆਪਣੇ ਆਪਣੇ ਘਰ ਭੇਜਿਆ। ਇਹ ਸਾਰਾ ਕੰਮ ਐਡਮਨਿਸਟਰੇਸ਼ਨ ਨੇ ਹੀ ਕੀਤਾ ਜਿਸ ਦੀ ਸਰਾਹਨਾ ਕੀਤੇ ਬਗੈਰ ਮੈਂ ਰਹਿ ਨਹੀਂ ਸਕਦਾ। (ਥੰਪਿੰਗ) ਲੋਕਾਂ ਨੇ ਇਹ ਗੱਲ ਦੇਖੀ ਨਹੀਂ। ਮੈਂ ਪਟਿਆਲਾ ਦੇ ਅੰਦਰ ਨਦੀ ਉਪਰ ਡਿਫੈਂਸ ਬੰਨ੍ਹ ਨੰਬਰ ਇਕ ਅਤੇ ਦੋ ਹੈ, ਉਥੇ ਵੀ ਗਿਆ। ਮੈਂ ਨਦੀ ਨੂੰ ਉਪਰੋਂ ਖੜ੍ਹੇ ਹੋ ਕੇ ਦੇਖਿਆ। ਮੈਂ, ਸਪੀਕਰ ਸਾਹਿਬ, ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਵਾਰਨਿੰਗ ਦਿਤੀ ਗਈ ਸੀ ਕਿ ਇਸ ਬੰਨ੍ਹ ਨੇ ਟੁੱਟਣਾ ਹੈ ਕਿਉਂਕਿ ਉਥੇ ਪਾਣੀ ਬਹੁਤ ਜ਼ਿਆਦਾ ਸੀ । ਸਾਡੀ ਸਰਕਾਰ ਨੇ ਕੋਸ਼ਿਸ਼ ਕੀਤੀ ਸੀ ਉਸ ਬੰਨ੍ਹ ਨੂੰ ਪੱਕਾ ਕਰਨ ਦੀ ਔਰ ਤੁਸੀਂ ਹੈਰਾਨ ਹੋਵੋਗੇ ਕਿ ਉਸ ਬੰਨ੍ਹ ਤੇ ਪੱਕੀ ਸੜਕ ਵੀ ਬਣਾਈ ਸੀ ਲੇਕਿਨ ਜਦੋਂ ਬਣੀ ਤਾਂ ਉਥੇ ਪਾਣੀ ਨੇ ਦੇਖਿਆ ਨਹੀਂ। ਸਪੀਕਰ ਸਾਹਿਬ, ਪਾਣੀ ਤੋਂ ਬਗੈਰ ਔਰ ਅੱਗ ਤੋਂ ਬਗੈਰ ਬੰਦਾ ਰਹਿ ਨਹੀਂ ਸਕਦਾ। ਪਾਣੀ ਵੀ ਪੀਣਾ ਹੁੰਦਾ ਹੈ ਔਰ ਅੱਗ ਵੀ ਬਾਲਣੀ ਹੁੰਦੀ ਹੈ। ਜਿਸ ਨਾਲ ਖਾਣਾ ਬਣਾਉਣਾ ਹੁੰਦਾ ਹੈ ਔਰ ਆਦਮੀ ਦੇ ਅੰਦਰ ਵੀ ਪਾਣੀ ਔਰ ਅੱਗ ਹੈ। ਲੇਕਿਨ ਪਾਣੀ ਔਰ ਅੱਗ ਜੇਕਰ ਬੇਵੱਸ ਹੋ ਜਾਣ ਤਾਂ ਤੁਹਾਨੂੰ ਇਸ ਗਲ ਦਾ ਪਤਾ ਹੀ ਹੈ ਕਿ ਕਿੰਨਾ ਨੁਕਸਾਨ ਇਸ ਸੰਸਾਰ ਦੇ ਵਿੱਚ ਲਿਆ ਸਕਦੇ ਹਨ। ਅੱਜ ਉਹੀ ਗੱਲ ਪੰਜਾਬ ਦੇ ਵਿੱਚ ਹੋਈ ਹੈ। ਪਾਣੀ ਨੇ ਬਹੁਤ ਭਾਰੀ ਨੁਕਸਾਨ ਕੀਤਾ ਹੈ। ਲੇਕਿਨ ਮੈਂ ਅਰਜ਼ ਕਰ ਰਿਹਾ ਸੀ ਕਿ ਅਸੀਂ ਤਿੰਨੇ ਜਣੇ, ਮੈਂ, ਡਿਪਟੀ ਕਮਿਸ਼ਨਰ, ਕਮਿਸ਼ਨਰ ਔਰ ਉਥੇ ਦਾ ਇਕ ਮੇਜਰ ਜਨਰਲ ਮਹਿਤਾ ਜੋ ਆਰਮੀ ਦੇ ਵਿੱਚ ਕਮਾਂਡਰ ਹੈ ਤਿੰਨੇ ਜਣੇ ਮੇਰੇ ਨਾਲ਼ ਉਥੇ ਸ਼ਾਮ 6.00 ਵਜੇ ਬੰਨ ਤੇ ਸਟਾਫ ਸਮੇਤ ਗਏ ਔਰ ਮੇਜਰ ਜਨਰਲ ਮਹਿਤਾ ਨੇ ਇਹੀ ਗੱਲ ਆਖੀ

Original with;
Punjab Vidhan Sabha
Digitized by;
Panjab Digital Library

ਕਿ ਪਾਣੀ ਬਹੁਤ ਜ਼ਿਆਦਾ ਹੈ, ਉਨ੍ਹਾਂ ਨੇ ਲਾਊਡ ਸਪੀਕਰ ਤੇ ਵੀ ਲੋਕਾਂ ਦੇ ਤਰਲੇ ਪਾਏ ਕਿ ਘਰਾਂ ਚੋਂ ਬਾਹਰ ਨਿਕਲ ਆਓ, ਘਰ ਖਾਲੀ ਕਰ ਜਾਓ ਲੇਕਿਨ ਇਹ ਕੁਦਰਤੀ ਗੱਲ ਹੈ ਕਿ ਲੋਕਾਂ ਨੂੰ ਆਪਣੇ ਮਕਾਨਾਂ ਦੇ ਨਾਲ ਪਿਆਰ ਹੁੰਦਾ ਹੈ। ਜਿਸ ਕਾਰਣ ਉਹ ਲੋਕੀਂ ਨਿਕਲੇ ਨਹੀਂ। ਏਸੇ ਕਰਕੇ ਲੋਕਾਂ ਦਾ ਪਟਿਆਲਾ ਦੇ ਅੰਦਰ ਜ਼ਿਆਦਾ ਨੁਕਸਾਨ ਹੋਇਆ। ਉਥੇ ਮਵੇਸ਼ੀਆਂ ਦਾ ਵੀ ਕਾਫੀ ਨੁਕਸਾਨ ਹੋਇਆ। ਮੈਂ ਕਹਿਣਾ ਚਾਹੁੰਦਾ ਹਾਂ ਸਪੀਕਰ ਸਾਹਿਬ, ਕਿ ਇਹ ਜੋ ਆਫਤਾਂ ਆਈਆਂ ਹਨ ਮੈਨੂੰ ਇੱਕ ਗੱਲ ਤੇ ਬੜਾ ਭਾਰੀ ਦੁੱਖ ਹੁੰਦਾ ਹੈ, ਮੇਰੇ ਉਤੇ ਜ਼ੋਰ ਪਾਇਆ ਗਿਆ ਔਰ ਆਖਿਆ ਗਿਆ ਕਿ ਤੁਸੀਂ ਪੈਸੇ ਮੰਗੋ, ਜ਼ਿਆਦਾ ਤੋਂ ਜ਼ਿਆਦਾ ਪੈਸੇ ਮੰਗੋ। ਸਪੀਕਰ ਸਾਹਿਬ, ਇਹ ਪਹਿਲੀ ਵਾਰ ਹੈ ਕਿ ਪ੍ਰਾਈਮ ਮਨਿਸਟਰ ਸਾਹਿਬ ਏਥੇ ਆਏ ਔਰ ਉਨ੍ਹਾਂ ਨੇ ਸਾਰੇ ਪੰਜਾਬ ਦਾ ਹਵਾਈ ਜ਼ਹਾਜ਼ ਰਾਹੀਂ ਸਰਵੇ ਕੀਤਾ। ਜਿਵੇਂ ਅਰਸ਼ੀ ਸਾਹਿਬ ਨੇ ਮਾਨਸਾ ਬਾਰੇ ਕਿਹਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪ੍ਰਾਈਮ ਮਨਿਸਟਰ ਸਾਹਿਬ ਦੇ ਨਾਲ ਸੀ ਔਰ ਪ੍ਰਾਈਮ ਮਨਿਸਟਰ ਸਾਹਿਬ ਜਦੋਂ ਬਰੇਟਾ ਪਿੰਡ ਦੇ ਉਪਰ ਦੀ ਲੰਘੇ ਸੀ ਤਾਂ ਅਸੀਂ ਇਕ ਐਸਾ ਭਿਆਨਕ ਮਜ਼ਰ ਦੇਖਿਆ ਜਿਸ ਨਾਲ ਪ੍ਰਾਈਮ ਮਨਿਸਟਰ ਸਾਹਿਬ ਦੀਆਂ ਅੱਖਾਂ ਵਿੱਚ ਵੀ ਅਂਸੂ ਸਨ। ਮੈਂ ਮਾਨਸਾ ਵੀ ਦੇਖਿਆ ਹੈ ਔਰ ਮੈਂ ਇਹ ਵੀ ਕਹਿਣਾ ਚਾਹੁੰਦਾ ਕਿ ਜਦੋਂ ਪ੍ਰਾਈਮ ਮਨਿਟਰ ਏਥੇ ਆਏ ਤਾਂ ਇਹ 22 ਕਰੋੜ ਰੁਪਏ ਦੀ ਗੱਲ ਕਰਦੇ ਹਨ। (ਆਪੋਜੀਸ਼ਨ ਵੱਲ ਇਸ਼ਾਰਾ) ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਹਰ ਸਰਕਾਰ ਕੋਲ ਕਲੈਮਟੀਜ਼ ਫੰਡ ਹੁੰਦਾ ਹੈ, ਹਰ ਪਰੋਵਿਨਸ਼ੀਅਲ ਸਰਕਾਰ ਕੋਲ ਅਜਿਹੇ ਫੰਡਜ਼ ਹੁੰਦੇ ਹਨ। ਇਹ ਅੱਛੀ ਗੱਲ ਹੈ ਕਿ ਅਜਿਹਾ ਫੰਡ ਸਾਡੇ ਕੋਲ ਵੀ ਸੀ। ਤੁਸੀਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਪੈਸੇ ਦੀ ਗੱਲ ਕਰਦੇ ਹੋ, ਡਰੇਨੇਜ਼ ਤਾਂ ਪਿਛਲੇ ਕਈ ਸਾਲਾਂ ਤੋਂ ਸਾਫ ਨਹੀਂ ਹੋਈਆਂ। ਸਾਡਾ ਰਾਜ ਭਾਗ ਤਾਂ ਹੁਣ ਹੀ ਆਇਆ ਹੈ। ਸਾਨੂੰ ਤਾਂ ਨਿੱਤ ਮੁਸੀਬਤਾਂ ਤੇ ਮੁਸੀਬਤਾਂ ਪਈਆਂ ਹਨ ਜਿਵੇਂ ਕਿਹਾ ਜਾਂਦਾ ਹੈ ਕਿ ਕਾਬਲ ਦੇ ਜੰਮਿਆਂ ਨੂੰ ਤਾਂ ਨਿੱਤ ਮੁਹਿੰਮਾਂ। ਸੋ ਸਾਨੂੰ ਤਾਂ ਨਿੱਤ ਮੁਹਿੰਮਾਂ ਔਰ ਅਸੀਂ ਮੁਹਿੰਮਾਂ ਨੂੰ ਹੱਲ ਕਰਨ ਲਈ ਬਿਲਕੁਲ ਤਿਆਰ ਹਾਂ। ਮੈਂ ਤੁਹਾਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਕੋਲ 75 ਕਰੋੜ ਰੁਪਿਆ ਪਹਿਲਾਂ ਵੀ ਇਸ ਫੰਡ ਦੇ ਅੰਦਰ ਮੌਜੂਦ ਹੈ ਔਰ ਉਸ ਪੈਸੇ ਦੇ ਵਿੱਚ ਇਹ 22 ਕਰੋੜ ਰੁਪਿਆ ਹੋਰ ਪੈ ਗਿਆ ਹੈ। ਹੁਣ ਸਾਡੇ ਕੋਲ ਇਹ 97 ਕਰੋੜ ਰੁਪਿਆ ਹੈ ਜਿਹੜਾ ਕਿ ਅਸੀਂ ਇਨ੍ਹਾਂ ਕਲੈਮਟੀਜ਼ ਵਾਸਤੇ ਇਸਤੇਮਾਲ ਕਰ ਸਕਦੇ ਹਾਂ। ਇਕ ਕਰੋੜ ਰੁਪਿਆ ਸਿਰਫ ਇਸ ਕਰਕੇ ਦਿੱਤਾ ਗਿਆ ਕਿ ਜਿਨ੍ਹਾਂ ਆਦਮੀਆਂ ਦੀਆਂ ਜਾਨਾਂ ਚਲੀਆਂ ਗਈਆਂ ਹਨ ਉਨ੍ਹਾਂ ਨੂੰ ਅਸੀਂ ਇਹ ਰਾਹਤ ਵਜੋਂ ਦੇ ਸਕੀਏ। ਮੈਂ ਉਂਞ ਤਾਂ ਪਹਿਲਾਂ ਹੀ ਐਲਾਨ ਕੀਤਾ ਸੀ ਕਿ ਜਿਹੜੀ 25,000 ਰੁਪਏ ਦੀ ਰਾਹਤ ਹੈ ਇਹ ਵਧਾ ਕੇ 50,000 ਰੁਪਏ ਕੀਤੀ ਜਾ ਰਹੀ ਹੈ ਔਰ ਉਹ 50,000 ਰੁਪਿਆ ਅੱਜ ਤੋਂ ਦਿੱਤਾ ਜਾ ਰਿਹਾ ਹੈ। ਜੋ ਲੋਕ ਮਰ ਗਏ ਹਨ ਜਾਂ ਕਿਸੇ ਦਾ ਕੋਈ ਬੱਚਾ ਵੀ ਮਰ ਗਿਆ ਜਾਂ ਹੜ੍ਹ ਦੌਰਾਨ ਰੁੜ੍ਹ ਗਿਆ ਤਾਂ ਉਸ ਬੱਚੇ ਦੇ ਮਾਂ ਪਿਓ ਨੂੰ 50,000 ਰੁਪਿਆ ਦਿੱਤਾ ਜਾਵੇ। ਇਹ ਵੀ ਫੈਸਲਾ ਲਿਆ ਕਿ ਜਿਨ੍ਹਾਂ ਦਾ ਕੋਈ ਲਿੰਬ ਜਾਂ ਅੱਖ ਚਲੀ ਗਈ ਹੋਵੇ ਉਸ ਨੂੰ ਵੀ 25,000 ਰੁਪਏ ਬਤੌਰ ਰਾਹਤ ਦਿੱਤੇ ਜਾਣ। ਏਥੇ ਕਿਹਾ ਗਿਆ ਹੈ ਕਿ ਸਾਡੀ ਪੱਪਟ ਗੌਰਮਿੰਟ ਹੈ, ਪਰ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਪਲਾਨ 1250 ਕਰੋੜ ਰੁਪਏ ਦੀ ਹੈ। ਔਰ ਉਹ 1250 ਕਰੋੜ ਰੁਪਏ ਵਿਚੋਂ ਅੱਧਾ ਪੈਸਾ ਬਿਜਲੀ, ਪਾਣੀ, ਇਰੀਗੇਸ਼ਨ ਔਰ ਡਰੇਨੇਜ ਤੇ ਹੀ ਲਾਉਣਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੈਸਾ ਕਿੱਥੋਂ ਆਉਣਾ ਹੈ। ਸਾਡੇ ਕੋਲ ਪੈਸਾ ਹੈ। ਤੁਸੀਂ ਇਸ ਗੱਲ ਤੇ ਜ਼ੋਰ ਕਿਉਂ ਦੇਂਦੇ ਹੋ? ਅਸੀਂ ਇਸ ਬਾਰੇ ਫੈਸਲਾ ਲਿਆ ਹੈ ਔਰ ਪ੍ਰਾਈਮ ਮਨਿਸਟਰ ਸਾਹਿਬ ਨੇ ਏਨੀ ਫਰਾਖਦਿਲੀ ਦਿਖਾਈ ਹੈ।

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ]

ਉਨ੍ਹਾਂ ਨੇ ਕਿਹਾ ਹੈ ਕਿ ਉਹ ਆਪਣੇ ਇਕ ਵੱਡੇ ਅਫਸਰਾਂ ਦੀ ਟੀਮ ਨੂੰ ਇਥੇ ਭੇਜਣਗੇ ਜਿਹੜੀ ਕਿ ਜਲਦੀ ਹੀ ਇਥੇ ਆ ਕੇ ਇਥੇ ਦੇਖੇਗੀ, ਹਰ ਜ਼ਿਲ੍ਹੇ ਦਾ ਦੌਰਾ ਕਰੇ ਕਿ ਕਿੰਨਾ ਨੁਕਸਾਨ ਫਸਲਾਂ ਦਾ ਅਤੇ ਮਕਾਨਾਂ ਦਾ ਹੋਇਆ ਹੈ ਅਤੇ ਕਿੰਨੇ ਬੰਦੇ ਮਰੇ ਹਨ। ਉਸ ਦੇ ਮਾਤਹਿਤ ਸਾਰੀ ਗੱਲ ਘੋਖ ਕੇ ਹੋਰ ਇਕ ਕਰੋੜ ਨਹੀਂ ਦੋ ਕਰੋੜ ਨਹੀਂ ਸਗੋਂ ਕਈ ਸੌ ਕਰੋੜ ਰੁਪਏ ਦੀ ਰਕਮ ਉਨ੍ਹਾਂ ਨੇ ਮੁਆਵਜ਼ੇ ਦੀ ਸ਼ਕਲ ਵਿੱਚ ਸਾਨੂੰ ਦੇਣ ਦਾ ਵਾਅਦਾ ਕੀਤਾ ਹੈ। (ਥੰਪਿੰਗ)। ਮੈਂ ਆਪੋਜ਼ੀਸ਼ਨ ਪਾਰਟੀਆਂ ਨੂੰ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਅਪੋਜੀਸ਼ਨ ਵਾਲੇ ਇਸ ਇਲਜ਼ਾਮ ਤੋਂ ਨਹੀਂ ਬਚ ਸਕਦੇ। ਜਿਹੜੇ ਇਹ ਕਹਿੰਦੇ ਹਨ ਕਿ ਪੈਸਾ ਹੋਰ ਲੈ ਲਓ, ਪੈਸਾ ਹੋਰ ਲੈ ਲਓ ਅਤੇ ਇਹ ਕਹਿੰਦੇ ਹਨ ਕਿ ਪੁਲਿਸ ਅਤੇ ਸਿਵਲ ਐਡਮਨਿਸਟਰੇਸ਼ਨ ਅਲੱਗ ਅਲੱਗ ਹੈ। ਮੈਂ ਜੋਗਾ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਜਿਹੜੇ ਹੁਣੇ ਸਦਨ ਵਿਚੋਂ ਚਲੇ ਗਏ ਹਨ ਤੇ ਸ਼ਾਇਦ ਦੁਬਾਰਾ ਆ ਗਏ ਹਨ ਕਿ ਐਫ.ਸੀ.ਆਰ. ਸਾਹਿਬ ਅਜ ਵੀ ਮੇਰੇ ਕੋਲ ਸਨ। ਸਾਰੇ ਆਰਡਰ ਸਾਰਿਆਂ ਜ਼ਿਲ੍ਹਿਆਂ ਨੂੰ ਚਲੇ ਗਏ ਹਨ ਅਤੇ ਕਿਹਾ ਗਿਆ ਹੈ ਕਿ ਤੁਸੀਂ ਉਨ੍ਹਾਂ ਖੇਤਾਂ ਦੀ ਗਿਰਦਾਵਰੀ ਕਰੋ ਜਿਹੜੇ ਖੇਤਾਂ ਦੀ ਫਸਲ ਬਿਲਕੁਲ ਮਾਰੀ ਗਈ ਹੈ। ਇਹ ਸਾਡੀ ਸਰਕਾਰ ਹੀ ਸੀ। ਸਰਕਾਰਾਂ ਹੋਰ ਵੀ ਆਈਆਂ। 1985 ਵਿੱਚ ਜਦੋਂ ਸਰਦਾਰ ਬਰਨਾਲਾ ਜੀ ਦੀ ਸਰਕਾਰ ਸੀ, ਉਸ ਵੇਲੇ ਵੀ ਹੜ੍ਹ ਆਏ ਸਨ, ਉਦੋਂ ਕਿੰਨਾ ਰੁਪਿਆ ਏਕੜ ਮਗਰ ਦਿੱਤਾ ਗਿਆ ਸੀ, ਕੇਵਲ 500 ਰੁਪਏ। ਉਸ ਤੋਂ ਬਾਅਦ ਵਧਾ ਕੇ 700 ਰੁਪਏ ਕੀਤਾ ਗਿਆ। ਲੇਕਿਨ ਸਾਡੀ ਸਰਕਾਰ ਨੇ ਸੈਂਟ ਪਰਸੈਂਟ ਨੁਕਸਾਨ ਲਈ 1000 ਰੁਪਏ ਪ੍ਰਤੀ ਏਕੜ ਕੀਤਾ ਹੈ (ਥੰਪਿੰਗ)। ਇਸ ਦਾ ਕਰੈਡਿਟ ਸਾਨੂੰ ਕਿਉਂ ਨਹੀਂ ਦਿਤਾ ਜਾਂਦਾ? ਸਾਨੂੰ ਲੋਕਾਂ ਨੇ ਪਿਆਰ ਦਿੱਤਾ ਕਿਉਂਕਿ ਸਾਡੀ ਸਰਕਾਰ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ। ਪੰਜਾਬ ਦੇ ਕੁੱਲ 12180 ਪਿੰਡਾਂ ਵਿਚੋਂ ਜਿਹੜੇ ਪਿੰਡ ਹੜ੍ਹਾਂ ਨਾਲ ਅਫੈਕਟਿਡ ਹੋਏ ਹਨ, ਉਨ੍ਹਾਂ ਦੀ ਗਿਣਤੀ 3900 ਦੇ ਕਰੀਬ ਹੈ। ਇਹ ਤਕਰੀਬਨ ਤੀਸਰਾ ਹਿੱਸਾ ਪਾਣੀ ਹੇਠ ਹੈ। ਮੈਂ ਅਰਦਾਸ ਕਰਦਾ ਹਾਂ ਪਰਮਾਤਮਾ ਅੱਗੇ ਕਿ ਹੋਰ ਪਾਣੀ ਨਾ ਆਵੇ। ਇਹ ਵੀ ਅਰਦਾਸ ਕਰਦਾ ਹਾਂ ਕਿ ਇਸ ਤਰਾਂ ਦੀਆਂ ਆਫਤਾਂ ਤੋਂ ਬਚੇ ਰਹੀਏ। ਫਿਰ ਵੀ ਮੈਂ ਇਹ ਗੱਲ ਕਹਿੰਦਾ ਹਾਂ ਕਿ ਸਾਡੀ ਸਰਕਾਰ ਅਵੇਸਲੀ ਨਹੀਂ। ਸਾਡੀ ਸਰਕਾਰ ਪਾਸ ਕਿਤੋਂ ਵੀ ਪੈਸਾ ਕਿਉਂ ਨਾ ਆਵੇ ਜਾਂ ਲੈਣਾ ਪਵੇ ਉਹ ਸਾਰਾ ਪੈਸਾ ਲੋਕਾਂ ਦੀ ਭਲਾਈ ਵਾਸਤੇ ਲੁਟਾਣਾ ਹੈ ਅਤੇ ਸਾਡੀ ਸਰਕਾਰ ਲੋਕਾਂ ਵਾਸਤੇ ਹਰ ਕੁਰਬਾਨੀ ਕਰਨ ਲਈ ਤਿਆਰ ਹੈ।(ਥੰਪਿੰਗ)। ਸਾਡੇ ਮਹਾਰਾਜਾ ਸਾਹਿਬ ਨੇ ਇਥੇ ਅਮਰੀਕਾ ਦੀ ਗੱਲ ਕੀਤੀ ਹੈ। ਲੇਕਿਨ ਸਾਡੀ ਸਰਕਾਰ ਨੇ ਇਕ ਹਫਤੇ ਦੇ ਕਰੀਬ ਹੀ ਹੋਇਆ ਹੈ ਔਰ ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਅਸੀਂ ਇਕ ਹਫਤੇ ਦੇ ਅੰਦਰ ਅੰਦਰ ਹੀ ਐਸੀਆਂ ਬਹੁਤ ਸਾਰੀਆਂ ਬਰੀਚਿਜ਼ ਪਲੱਗ ਕੀਤੀਆਂ ਹਨ ਅਤੇ ਬਹੁਤ ਸਾਰੀਆਂ ਸੜਕਾਂ ਮੁਰੰਮਤ ਕੀਤੀਆਂ ਹਨ। ਲੇਕਿਨ ਅਮਰੀਕਾ ਦੇ ਅੰਦਰ ਹੜ੍ਹ ਆਏ ਅਤੇ ਹੜ੍ਹਾਂ ਦੇ ਵਿੱਚ ਕਲਿੰਟਨ ਵਰਗੇ ਆਦਮੀ ਨੇ ਵੀ ਮਜ਼ਬੂਰੀ ਜ਼ਾਹਰ ਕੀਤੀ ਅਤੇ ਜੋ ਉਨ੍ਹਾਂ ਨੇ ਕਿਹਾ ਮੈਂ ਪੜ੍ਹ ਕੇ ਸੁਣਾਉਂਦਾ ਹਾਂ, President Clinten said on Saturday that he may send in federal troupes. He said, "Mother nature is having its way with us" ਅਤੇ ਉਥੋਂ ਦੀ ਅਖਬਾਰ ਨੇ ਇਹ ਵੀ ਕਿਹਾ ਹੈ ਕਿ No relief was in sight after the weeks of the worst floods in the United States, in the century. ਜੋ ਉਥੇ ਅਮਰੀਕਾ ਵਿੱਚ ਫਲੱਡ ਆਏ ਉਥੇ ਕਲਿੰਟਨ ਵਰਗਾ ਆਦਮੀ ਵੀ ਕਾਬੂ ਨਾ ਪਾ ਸਕਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਨੇਚਰ ਦੇ ਅੱਗੇ ਕੌਣ ਲੜ ਸਕਦਾ ਹੈ। ਲੇਕਿਨ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਅਸੀਂ ਜੇ ਨੇਚਰ ਦੇ ਖਿਲਾਫ ਕੋਈ ਪ੍ਰਬੰਧ ਕਰ ਸਕਦੇ ਹਾਂ ਤਾਂ ਕਰੀਏ। ਸੋ ਸਭ ਤੋਂ

Original with;
Punjab Vidhan Sabha
Digitized by;
Panjab Digital Library

ਪਹਿਲਾ ਕੰਮ ਇਹ ਸੀ ਕਿ ਕਿਸ਼ਤੀਆਂ ਲੈ ਕੇ ਉਨ੍ਹਾਂ ਨੂੰ ਕੱਢਿਆ ਜਾਵੇ। ਇਥੇ ਇਹ ਗੱਲ ਆਈ ਹੈ ਕਿ ਕਿਸ਼ਤੀਆਂ ਤਾਂ ਸਨ ਪਰ ਚਲਾਉਣ ਵਾਲਾ ਕੋਈ ਨਹੀਂ ਸੀ। ਕਿਸ਼ਤੀਆਂ ਆਰਮੀ ਦੀਆਂ ਸਨ ਉਹ ਲਈਆਂ ਸਨ ਸਾਰੇ ਜ਼ਿਲ੍ਹਿਆਂ ਵਾਸਤੇ, ਜਿਥੇ ਹੜ੍ਹ ਨਹੀਂ ਵੀ ਸਨ ਆਏ, ਉਥੇ ਵੀ ਮੰਗਵਾਈਆਂ ਗਈਆਂ ਸਨ। ਔਰ ਜਿੱਥੇ ਕੋਈ ਮੁਲਾਜ਼ਮ ਆਦਮੀ ਵੀ ਮਾਰਿਆ ਹੈ ਜਿਸ ਤਰ੍ਹਾਂ ਪਾਤੜਾਂ ਦੇ ਅੰਦਰ, ਉਥੇ ਇੱਕ ਏ.ਐਸ.ਆਈ. ਕਿਸ਼ਤੀ ਚਲਾ ਰਿਹਾ ਸੀ ਅਤੇ ਮੈਂ ਕਹਿੰਦਾ ਹਾਂ ਕਿ ਉਹ ਬੜਾ ਬਹਾਦਰ ਸੀ। ਉਸਨੇ ਕਿਹਾ ਕਿ ਮੈਂ ਕਿਸ਼ਤੀ ਚਲਾਉਣ ਜਾਣਦਾ ਹਾਂ, ਉਹ ਅਤੇ ਉਸਦਾ ਸਾਥੀ ਪਾਤੜਾਂ ਕੋਲ ਡੁੱਬ ਕੇ ਮਰ ਗਏ, ਮੈਨੂੰ ਬੜਾ ਅਫਸੋਸ ਹੈ। ਆਰਮੀ ਔਰ ਪੁਲਿਸ ਨੇ ਬੜੀ ਮਦਦ ਕੀਤੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਸਾਡੀ ਹੈ ਇਸ ਨੂੰ ਐਡਮਨਿਸਟਰੇਸ਼ਨ ਨਾਲੋਂ ਜੁਦਾ ਨਹੀਂ ਕੀਤਾ ਜਾ ਸਕਦਾ। ਜਦੋਂ ਪਟਿਆਲੇ ਦੇ ਅੰਦਰ ਪਾਣੀ ਆਇਆ, ਇੱਕ ਪੁਲਿਸ ਦਾ ਜਵਾਨ ਲੱਕ ਨਾਲ ਰੱਸਾ ਬੰਨ੍ਹ ਕੇ ਲੋਕਾਂ ਨੂੰ ਬਾਹਰ ਕੱਢ ਰਿਹਾ ਸੀ ਅਤੇ ਉਹ ਰੱਸਾ ਟੁੱਟ ਗਿਆ ਜਿਸ ਕਾਰਨ ਉਸ ਦੀ ਮੌਤ ਹੋ ਗਈ। ਪਟਿਆਲੇ ਅੰਦਰ ਇੱਕ ਸੂਬੇਦਾਰ ਅਤੇ ਇਕ ਸਿਪਾਹੀ ਸਾਡੇ ਕੋਲੋਂ ਹਮੇਸ਼ਾਂ ਵਾਸਤੇ ਵਿਛੜ ਗਏ, ਇਹ ਗੱਲ ਬੜੀ ਭਾਰੀ ਦੁਖਦਾਈ ਹੈ। ਮੇਰੇ ਕੁਝ ਸਾਥੀਆਂ ਨੇ ਜਗਰਾਓਂ ਦੀ ਗੱਲ ਕੀਤੀ ਜਾਂ ਗੁਰਦਾਸਪੁਰ ਦੀ ਕੀਤੀ। ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਦਾ ਮੈਨੂੰ ਅੱਜ ਹੀ ਟੈਲੀਫੂਨ ਆਇਆ ਹੈ ਅਤੇ ਉਸਨੇ ਦੱਸਿਆ ਹੈ ਕਿ ਧੁੱਸੀ ਬੰਨ੍ਹ ਵਿਚ 17 ਦਰਾੜਾਂ ਸਨ ਉਹ ਸਾਰੀਆਂ ਲੋਕਾਂ ਨੇ, ਆਰਮੀ ਨੇ ਅਤੇ ਪੁਲਿਸ ਜਵਾਨਾਂ ਅਤੇ ਡਿਸਟ੍ਰਿਕਟ ਐਡਮਨਿਸਟਰੇਸ਼ਨ ਨੇ ਮਿਲ ਕੇ ਭਰਵਾ ਦਿਤੀਆਂ ਹਨ। ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਸਭ ਨੇ ਰਲ ਕੇ ਹੰਭਲਾ ਮਾਰਿਆ ਹੈ, ਜਿਸ ਦੇ ਨਾਲ ਪੰਜਾਬ ਵਿੱਚ ਲੋਕ ਰਾਹਤ ਮਹਿਸੂਸ ਕਰ ਰਹੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਇਹ ਕੋਸ਼ਿਸ਼ ਰਹੀ ਕਿ ਕੋਈ ਵੀ ਮੈਰੂਨਡ ਆਦਮੀ ਨਾ ਰਹੇ। ਮੈਂ ਸਾਰੇ ਪੰਜਾਬ ਦਾ ਦੋ ਵਾਰ ਦੌਰਾ ਕੀਤਾ। ਇਹ ਮੇਰਾ ਫਰਜ਼ ਸੀ ਕੋਈ ਉਚੇਚੀ ਗੱਲ ਨਹੀਂ ਕੀਤੀ। ਮੈਂ ਹੈਲੀਕਾਪਟਰ ਵਿੱਚ ਬੈਠ ਕੇ ਵੇਖਿਆ ਕਿ ਲੋਕ ਕੋਠਿਆਂ ਤੇ ਖੜ੍ਹੇ ਹਨ, ਉਥੇ ਕਿਸ਼ਤੀਆਂ ਵੀ ਗਈਆਂ ਅਤੇ ਅੱਜ ਕੋਈ ਵੀ ਮੈਰੂਨਡ ਸ਼ਖਸ ਸਾਰੇ ਪੰਜਾਬ ਦੇ ਅੰਦਰ ਨਹੀਂ, ਸਾਰੇ ਆਪਣੇ ਆਪਣੇ ਨੇੜੇ ਦੇ ਅੱਡਿਆਂ ਤੇ ਪਹੁੰਚਾਏ ਗਏ। 173 ਕੈਂਪ ਸਾਡੀ ਸਰਕਾਰ ਨੇ ਕਾਇਮ ਕੀਤੇ ਹਨ ਜਿਸ ਦੇ ਅੰਦਰ 1.13 ਲੱਖ ਆਦਮੀ ਅੱਜ ਤੱਕ ਰੋਟੀ ਖਾ ਰਹੇ ਹਨ ਅਤੇ ਮੈਂ ਸਮਝਦਾ ਹਾਂ ਜਿਉਂ ਜਿਉਂ ਪਾਣੀ ਸੀਜ਼ਡ ਹੁੰਦਾ ਜਾਵੇਗਾ, ਉਨ੍ਹਾਂ ਨੂੰ ਉਨ੍ਹਾਂ ਦੇ ਘਰ ਪਹੁੰਚਾ ਦਿੱਤਾ ਜਾਵੇਗਾ।

ਪਟਿਆਲੇ ਦੇ ਅੰਦਰ ਜ਼ਿਆਦਾ ਪਾਣੀ ਆਇਆ ਉਥੇ ਬਹੁਤ ਡੰਗਰ ਮਰੇ। ਮੈਨੂੰ ਇਹ ਕਹਿ ਕੇ ਰਾਹਤ ਮਹਿਸੂਸ ਹੁੰਦੀ ਹੈ ਕਿ ਕਈ ਜ਼ਿਲ੍ਹੇ ਐਸੇ ਹਨ ਕਿ ਜਿੱਥੇ ਕੋਈ ਡੰਗਰ ਵੀ ਨਹੀਂ ਮਰਿਆ, ਚੰਗੀ ਗੱਲ ਹੈ। ਜਲੰਧਰ ਵਿਖੇ ਮੈਂ ਗਿਆ ਸੀ। ਉਥੇ ਮੈਂ ਐਨੀਮਲ ਹਸਬੈਂਡਰੀ ਦਾ ਜੋ ਅਫਸਰ ਸੀ ਉਸਨੂੰ ਖੜ੍ਹਾ ਕੀਤਾ, ਜਿਸ ਤੋਂ ਪੁਛਿਆ ਕਿ ਕਿੰਨੇ ਡੰਗਰ ਮਰੇ ਹਨ? ਤੁਸੀਂ ਟੀਮਾਂ ਬਣਾਈਆਂ ਹਨ ਦਵਾਈਆਂ ਦੇਣ ਵਾਸਤੇ ਜਾਂ ਨਹੀਂ? ਉਸਨੇ ਦੱਸਿਆ ਕਿ ਟੀਮਾਂ ਤਾਂ ਮੈਂ ਬਣਾਈਆਂ ਹਨ, ਸਾਡੇ ਡੰਗਰ ਤਾਂ ਸਿਰਫ 6 ਹੀ ਮਰੇ ਹਨ। ਉਸਨੇ ਦੱਸਿਆ ਕਿ 70,000 ਕੈਟਲ ਦੀ ਵੈਕਸੀਨੇਸ਼ਨ ਕਰ ਚੁੱਕੇ ਹਾਂ ਜੋ ਮੂੰਹ-ਖੋਰੇ ਅਤੇ ਗਲ-ਘੋਟੂ ਬੀਮਾਰੀ ਨੂੰ ਰੋਕਣ ਲਈ ਹੁੰਦੀ ਹੈ। ਵੈਟਰਨਰੀ ਦੀਆਂ ਅਤੇ ਐਨੀਮਲ ਹਸਬੈਂਡਰੀ ਦੀਆਂ 288 ਟੀਮਾਂ ਕੰਮ ਕਰ ਰਹੀਆਂ ਹਨ ਅਤੇ 406 ਟੀਮਾਂ ਹੈਲਥ ਵਿਭਾਗ ਦੀਆਂ ਕੰਮ ਕਰ ਰਹੀਆਂ ਹਨ। ਅਪੀਡੈਮਿਕ ਦੀ ਰੋਕਥਾਮ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਕੋਈ ਵੀ ਜਗ੍ਹਾ ਐਸੀ ਨਹੀਂ ਜਿੱਥੇ ਬੀ.ਐਚ.ਸੀ. ਵਗੈਰਾ ਦਾ ਛਿੜਕਾ ਅਸੀਂ ਨਾ ਕਰਾਈਏ। ਮੇਰੇ ਇੱਕ ਦੋਸਤ ਨੇ ਦੱਸਿਆ ਸੀ ਕਿ ਪਟਿਆਲਾ ਵਿੱਚ ਬੜੀ ਬਦਬੂ ਹੈ ਬਦਬੂ ਤਾਂ ਉਥੇ ਹੋਣੀ ਹੀ ਹੈ ਕਿਉਂਕਿ ਉਥੇ ਬੰਦੇ ਮਰੇ ਹਨ ਅਤੇ ਡੰਗਰ ਮਰੇ ਹਨ। ਡੰਗਰਾਂ ਨੂੰ ਚੁੱਕਣ ਵਾਸਤੇ ਕਰੇਨਾਂ ਇਸਤੇਮਾਲ ਕੀਤੀਆਂ ਗਈਆਂ। 1000 ਦੇ ਕਰੀਬ, ਜਿਨ੍ਹਾਂ ਨੂੰ ਅਸੀਂ ਸਫਾਈ ਮਜ਼ਦੂਰ ਕਹਿੰਦੇ ਹਾਂ, ਦੂਸਰੇ ਸ਼ਹਿਰਾਂ ਤੋਂ ਪਟਿਆਲਾ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਵਿਖੇ ਲਿਆਂਦੇ ਗਏ ਹਨ ਅਤੇ ਪਟਿਆਲੇ ਦੀ ਸਫਾਈ ਬੜੀ ਤੇਜ਼ੀ ਨਾਲ ਹੋ ਰਹੀ ਹੈ। ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਵਲੋਂ ਕੋਈ ਵੀ ਲੈਪਸ ਨਹੀਂ ਹੋਣਗੇ, ਅਸੀਂ ਲੋਕਾਂ ਲਈ ਜਿਉਣਾ ਹੈ ਅਤੇ ਲੋਕਾਂ ਲਈ ਹੀ ਮਰਾਂਗੇ। ਅਗਰ ਕੋਈ ਵੀ ਸਾਡੇ ਵੱਲ ਉਂਗਲੀ ਚੁੱਕੇ ਤਾਂ ਅਸੀਂ ਕਹਿੰਦੇ ਹਾਂ ਕਿ ਸਾਡੇ ਵੱਲ ਉਂਗਲ ਚੁੱਕਣ ਤੋਂ ਪਹਿਲਾਂ ਸਾਡੇ ਨਾਲ ਗੱਲਬਾਤ ਕਰ ਲੈ ਅਤੇ ਅਜਾਈਂ ਉਂਗਲ ਚੁੱਕਣ ਦਾ ਕੋਈ ਫਾਇਦਾ ਨਹੀਂ। ਆਪੋਜੀਸ਼ਨ ਦਾ ਵੀ ਮੈਂ ਧੰਨਵਾਦੀ ਹਾਂ। ਆਪੋਜੀਸ਼ਨ ਵਾਲਿਆਂ ਨੇ ਵੀ ਪਿੰਡਾਂ ਅਤੇ ਸ਼ਹਿਰਾਂ ਦੇ ਅੰਦਰ ਕੋਈ ਅਜਿਹੀ ਗੱਲ ਨਹੀਂ ਕੀਤੀ ਜਿਸ ਨਾਲ ਕਿ ਸਾਡੀ ਆਪਸ ਵਿਚ ਨੇੜਤਾ ਨਾ ਹੋਵੇ । ਮੈਂ ਆਪੋਜੀਸ਼ਨ ਦੀ ਥੋੜ੍ਹੇ ਦਿਨਾਂ ਵਿਚ ਇਕ ਮੀਟਿੰਗ ਵੀ ਬੁਲਾਵਾਂਗਾ ਅਤੇ ਉਨ੍ਹਾਂ ਨਾਲ ਗੱਲਬਾਤ ਕਰਾਂਗਾ। ਮੈਂ ਕਹਿੰਦਾ ਹਾਂ ਕਿ ਹੜ੍ਹ ਆਏ ਨੂੰ ਥੋੜ੍ਹੇ ਦਿਨ ਹੀ ਹੋਏ ਹਨ ਅਤੇ ਉਨ੍ਹਾਂ ਤੇ ਕਾਬੂ ਪਾ ਲਿਆ ਗਿਆ ਹੈ। ਜਿਹੜੀਆਂ ਬਰੀਚਿਜ਼ ਹਨ, ਉਨ੍ਹਾਂ ਨੂੰ ਬੰਦ ਕਰਨਾ ਹੈ। ਸੜਕਾਂ ਦਾ ਕਮਿਊ-ਨਿਕੇਸ਼ਨ ਸਿਸਟਮ ਬਹਾਲ ਕਰਨਾ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਪਟਿਆਲਾ ਅਤੇ ਚੰਡੀਗੜ੍ਹ ਵਿਚਲੀ ਜੋ ਸੜਕ ਟੁੱਟ ਗਈ ਸੀ, ਉਸਨੂੰ ਕਾਇਮ ਕਰ ਦਿੱਤਾ ਗਿਆ ਹੈ। ਇਸੀ ਤਰ੍ਹਾਂ ਰੋਪੜ ਅਤੇ ਲੁਧਿਆਣੇ ਦੀਆਂ ਜੋ ਸੜਕਾਂ ਟੁੱਟੀਆਂ ਸਨ, ਉਨ੍ਹਾਂ ਨੂੰ ਚੰਡੀਗੜ੍ਹ ਨਾਲ ਕਾਇਮ ਕਰ ਦਿੱਤਾ ਗਿਆ ਹੈ। ਸਾਡੀ ਸਰਕਾਰ ਨੇ 80 ਪ੍ਰਤੀਸ਼ਤ ਸੜਕਾਂ ਦੀ ਮੁਰੰਮਤ ਕੀਤੀ ਸੀ ਪਰ ਮੈਨੂੰ ਅਫਸੋਸ ਹੈ ਕਿ ਸੜਕਾਂ ਫਿਰ ਟੁੱਟ ਗਈਆਂ ਹਨ ਅਤੇ ਅੱਜ ਸਾਡਾ ਉਨ੍ਹਾਂ ਸੜਕਾਂ ਤੇ ਖਰਚ ਹੋਰ ਹੋਣਾ ਹੈ । ਮੈਂ ਕਹਾਂਗਾ ਕਿ ਪੰਜਾਬ ਤੇ ਜੋ ਆਫਤ ਆਈ ਹੈ, ਉਸ ਤੇ ਅਸੀਂ ਸਾਰੇ ਇਕੱਠੇ ਰਲ ਕੇ ਕਾਬੂ ਪਾਈਏ। ਇੱਕ-ਦੂਸਰੇ ਵਿਚ ਨੁਕਸ ਕੱਢਣ ਦਾ ਯਤਨ ਨਾ ਕਰੀਏ।

ਡਰੇਨੇਜ ਡਿਪਾਰਟਮੈਂਟ ਬਾਰੇ ਵੀ ਲੋਕਾਂ ਦੀਆਂ ਸ਼ਿਕਾਇਤਾਂ ਆਈਆਂ। ਤੁਸੀਂ ਵੀ ਕਿਹਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਕਸੂਰ ਨਹੀਂ ਕਿਉਂਕਿ ਪਾਣੀ ਹੀ ਬਹੁਤ ਜ਼ਿਆਦਾ ਸੀ। ਮੈਂ ਰੋਪੜ ਵਿਖੇ ਕਿਹਾ ਸੀ ਕਿ ਜਦੋਂ ਪਾਣੀ ਘਟੇਗਾ ਤਾਂ ਇਸ ਦੀ ਇਨਕੁਆਰੀ ਕਰਵਾਵਾਂਗੇ। ਐਸ.ਵਾਈ.ਐਲ. ਨਹਿਰ ਵਿਚ ਜਦੋਂ ਪਾਣੀ ਛੱਡਿਆ ਤਾਂ ਉਹ ਉਸ ਸਮੇਂ ਖਾਲੀ ਸੀ ਪਰ ਬਾਅਦ ਵਿਚ ਉਹ ਭਰ ਗਈ, ਪਾਣੀ ਦੀ ਮਾਰ ਕਾਰਨ ਉਹ ਟੁੱਟ ਗਈ। ਰਾਜਪੁਰਾ ਅਤੇ ਘਨੌਰ ਵਿਖੇ ਜੋ ਨੁਕਸਾਨ ਹੋਇਆ, ਉਹ ਐਸ.ਵਾਈ.ਐਲ ਨਹਿਰ ਟੁੱਟਣ ਕਾਰਣ ਹੋਇਆ। ਇਸ ਦਾ ਬੰਦੋਬਸਤ ਕਰਨ ਦੇ ਵੀ ਯਤਨ ਕੀਤੇ ਗਏ। ਅਸੀਂ ਹੋਰ ਯਤਨ ਵੀ ਕਰਾਂਗੇ ਕਿ ਇਸ ਦੀ ਮੁਰੰਮਤ ਹੋ ਸਕੇ। ਇਹ ਸਾਰੀਆਂ ਸਕੀਮਾਂ ਅਸੀਂ ਬਣਾਈਆਂ ਹਨ। ਫਿਰ ਕਿਹਾ ਸੀ ਕਿ ਪਹਿਲਾਂ ਸ਼ਾਰਟ ਟਰਮ ਅਤੇ ਫਿਰ ਲਾਂਗ ਟਰਮ ਪ੍ਰੋਗਰਾਮ ਹੋਵੇ। ਲਾਂਗ ਟਰਮ ਵਿਚ ਸਾਡਾ ਸੱਭ ਤੋਂ ਪਹਿਲਾ ਅਤੇ ਵੱਡਾ ਕੰਮ ਥੀਨ ਡੈਮ ਹੈ। ਇਸ ਨੂੰ ਬਣਾਉਣ ਨਾਲ ਕਾਫੀ ਰਾਹਤ ਮਿਲੇਗੀ। ਫਿਰ ਪੌਂਗ ਡੈਮ ਹੈ। ਇਸ ਸਬੰਧੀ ਕਿੰਨਾ ਚਿਰ ਮਾਮਲਾ ਲਟਕਦਾ ਰਿਹਾ। ਗਵਰਨਰੀ ਰਾਜ ਵੀ ਰਿਹਾ ਅਤੇ ਹੋਰ ਸਰਕਾਰਾਂ ਵੀ ਰਹੀਆਂ। ਥੀਨ ਡੈਮ ਬਣਾਉਣ ਦੀ ਕੀਮਤ ਕਿਸੇ ਜ਼ਮਾਨੇ ਵਿਚ 90 ਕਰੋੜ ਸੀ ਪਰ ਅੱਜ ਉਸ ਥੀਨ ਡੈਮ ਦੀ ਕੀਮਤ ਕਈ ਹਜ਼ਾਰ ਕਰੋੜ ਹੈ। ਮੈਂ ਪ੍ਰਾਈਮ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਕਿ ਚੰਡੀਗੜ੍ਹ ਵਿਚ ਏਅਰ ਪੋਰਟ ਤੇ ਉਨ੍ਹਾਂ ਇਹ ਗੱਲ ਕਹੀ ਕਿ ਥੀਨ ਡੈਮ ਦਾ ਸਾਰਾ ਕੰਮ ਸੈਂਟਰ ਦੀ ਸਰਕਾਰ ਕਰੇਗੀ। (ਥੰਪਿੰਗ) ਇਸ ਦੇ ਨਾਲ ਨਾਲ ਦੂਸਰਾ ਪ੍ਰਾਜੈਕਟ ਹੈ--ਸ਼ਾਹਪੁਰ ਕੰਡੀ ਕੈਨਾਲ ਦਾ। ਇਸ ਦੇ ਬਣਨ ਨਾਲ ਹੜ੍ਹਾਂ ਤੋਂ ਹੋਰ ਰਾਹਤ ਸਾਨੂੰ ਮਿਲੇਗੀ। ਸਾਡੇ ਪ੍ਰਾਈਮ ਮਨਿਸਟਰ ਸਾਹਿਬ ਨੇ ਕਿਹਾ ਕਿ ਜਦੋਂ ਇਹ ਕੈਨਾਲ ਸ਼ੁਰੂ ਕਰਨੀ ਹੋਵੇ, ਮੈਨੂੰ ਬੁਲਾ ਲੈਣਾ, ਮੈਂ ਨੀਂਹ ਪੱਥਰ ਰੱਖਾਂਗਾ। ਮੈਂ ਇਸ ਦਾ ਖਰਚ ਆਪ ਝੱਲਾਂਗਾ। ਮੈਂ ਸਮਝਦਾ ਹਾਂ ਕਿ ਇਸ ਤੋਂ ਵੱਡੀ ਗੱਲ ਹੋਰ ਕੋਈ ਨਹੀਂ। ਸਾਡੇ ਵਿਜੇ ਕੁਮਾਰ ਸਾਥੀ ਜੀ ਤਾਂ ਪਹਿਲਾਂ ਉਂਗਲੀ ਚੁੱਕ ਦਿੰਦੇ ਹਨ ਅਤੇ ਫਿਰ ਤਮਾਸ਼ਾ

Original with;
Punjab Vidhan Sabha
Digitized by;
Panjab Digital Library

ਦੇਖਦੇ ਹਨ। ਮੈਂ ਸਮਝਦਾ ਹਾਂ ਕਿ ਕਦੇ ਸਾਡੇ ਵੱਲ ਹੁੰਦੇ ਹਨ ਕਦੇ ਡੀ.ਐਸ.ਪੀ. ਨੂੰ ਲੈਂਦੇ ਫਿਰ ਸਾਨੂੰ ਆਣ ਕੇ ਗੱਲ ਕਰਦੇ ਹਨ। ਕਸੂਰ ਉਨ੍ਹਾਂ ਦਾ ਹੀ ਹੈ। ਮੈਂ ਸ਼ੁਕਰਗੁਜ਼ਾਰ ਹਾਂ ਇਸ ਗੱਲ ਦਾ ਵਿਜੇ ਸਾਹਿਬ ਜਿਹੜੀ ਉਹਨਾਂ ਨੇ ਅੱਜ ਇੱਕ ਗੱਲ ਆਖੀ ਕਿ ਪਾਰਲੀਮੈਂਟ ਵਿੱਚ ਮੈਂ ਬੜੀ ਕੋਸ਼ਿਸ਼ ਕਰਾਂਗਾ। ਉਹਨਾਂ ਨਾਲ ਸਾਬਕਾ ਪ੍ਰਧਾਨ ਮੰਤਰੀ ਇਥੇ ਆਏ। ਵੀ.ਪੀ. ਸਿੰਘ ਕੁਝ ਦੇਰ ਲਈ ਪ੍ਰਧਾਨ ਮੰਤਰੀ ਰਹੇ, ਮੈਂ ਪੁਲੀਟੀਕਲੀ ਗੱਲ ਨਹੀਂ ਕਰਦਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਉਹ ਪ੍ਰਧਾਨ ਮੰਤਰੀ ਰਹੇ ਉਦੋਂ ਕਿਉਂ ਨਾ ਆਏ? ਉਦੋਂ ਕਿਉਂ ਨਾ ਉਨ੍ਹਾਂ ਨੇ ਪੰਜਾਬ ਲਈ ਕੁਝ ਕੀਤਾ। (ਥੰਪਿੰਗ) ਪਹਿਲਾਂ ਵੀ ਉਹ 2-3 ਵਾਰੀ ਪੰਜਾਬ ਵਿਚ ਆਏ ਹਨ। ਮੈਂ ਇਹ ਗੱਲ ਕਹਿਣੀ ਚਾਹਾਂਗਾ ਕਿ ਜੋ ਪ੍ਰਾਈਮ ਮਨਿਸਟਰ ਆਇਆ ਚਾਹੇ ਵੀ.ਪੀ. ਸਿੰਘ ਚਾਹੇ ਚੰਦਰ ਸ਼ੇਖਰ, ਸਾਡੇ ਵਾਸਤੇ ਕੁਝ ਨਹੀਂ ਕੀਤਾ। ਸਾਡੇ ਨਰਸਿਮ੍ਹਾਂ ਰਾਓ ਜੀ ਹਨ ਜਿਨ੍ਹਾਂ ਨੇ ਆ ਕੇ ਸਾਨੂੰ ਰਾਹਤ ਦਿੱਤੀ। ਮੈਂ ਪੁਲੀਟੀਕਲੀ ਗੱਲ ਕਰਾਂਗਾ। ਮੈਂ ਕਹਿੰਦਾ ਹਾਂ ਕਿ ਚੰਦਰ ਸ਼ੇਖਰ ਜੀ ਪ੍ਰਧਾਨ ਮੰਤਰੀ ਸਨ ਉਨ੍ਹਾਂ ਨੇ ਪੰਜਾਬ ਵਿੱਚ ਇਲੈਕਸ਼ਨਾਂ ਦਾ ਐਲਾਨ ਕਰ ਦਿੱਤਾ। ਆਪ ਇਲੈਕਸ਼ਨਾਂ ਦੀ ਪ੍ਰਵਾਹ ਨਾ ਕੀਤੀ, ਬੜੀ ਭਾਰੀ ਹਾਨੀ ਹੋਈ। ਉਹਨਾਂ ਨੇ ਕੋਈ ਪ੍ਰਵਾਹ ਨਾ ਕੀਤੀ। ਸੈਂਟਰ ਦੀ ਸਰਕਾਰ ਨੇ ਪੰਜਾਬ ਦੀ ਨਬਜ਼ ਉਤੇ ਹੱਥ ਨਾ ਰੱਖਿਆ। ਇਹ ਸਾਡੇ ਪੀ.ਐਮ. ਜੀ ਆਏ ਇਨ੍ਹਾਂ ਨੇ ਪੰਜਾਬ ਦੀ ਨਬਜ਼ ਤੇ ਹੱਥ ਰੱਖਿਆ। ਅੱਜ ਨਰਸਿਮ੍ਹਾਂ ਰਾਓ ਜੀ ਨੇ ਇਲੈਕਸ਼ਨਾਂ ਕਰਵਾ ਦਿੱਤੀਆਂ ਅਤੇ ਡੈਮੋਕਰੈਟਿਕ ਸਰਕਾਰ ਬਣੀ। ਸੋ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਉਤੇ ਬੜੀ ਔਖੀ ਘੜੀ ਹੈ। ਅਸੀਂ ਇਸ ਦਾ ਡਟ ਕੇ ਮੁਕਾਬਲਾ ਕਰਨਾ ਹੈ, ਇਹ ਮੁਕਾਬਲਾ ਜਲਦੀ ਖਤਮ ਹੋ ਜਾਵੇਗਾ। ਪੰਜਾਬ ਨੂੰ ਇਥੇ ਕੈਂਸਰ ਹੋਇਆ। ਇਸ ਕੈਂਸਰ ਦਾ ਅਪਰੇਸ਼ਨ ਕੀਤਾ, ਮੈਂ ਤੇ ਸਾਡੇ ਸਾਥੀਆਂ ਨੇ। ਕੁਝ ਅਪਰੇਸ਼ਨ ਕਾਮਯਾਬ ਹੋਇਆ, ਕਾਮਯਾਬੀ ਨਾਲ ਕੈਂਸਰ ਨੂੰ ਹੱਥ ਪਾਇਆ। ਇਸ ਦੇ ਮੁਤਾਬਿਕ ਟਾਈਫਾਈਡ ਲੱਗ ਗਿਆ। ਇਸ ਟਾਈਫਾਈਡ ਨੂੰ ਵੀ ਦੂਰ ਕਰਾਂਗੇ। (ਥੰਪਿੰਗ) ਸ੍ਰੀ ਅਮਰਿੰਦਰ ਸਿੰਘ, ਤੁਸੀਂ ਕਿਧਰ ਫਸ ਗਏ (ਹਾਸਾ)। ਸੋ ਤੁਸੀਂ ਹਾਊਸ ਵਿੱਚ ਆਏ, ਤੁਹਾਡੀ ਬਹੁਤ ਮਿਹਰਬਾਨੀ। ਤੁਸੀਂ ਬੜੇ ਚੰਗੇ ਸੁਝਾਅ ਦਿੱਤੇ। ਪੰਜਾਬ ਦੇ ਵਾਤਾਵਰਣ ਵਾਸਤੇ ਕੁਝ ਕਰੀਏ, ਕਰੋ। ਧੰਨਵਾਦ।(ਥੰਪਿੰਗ)।

**Mr. Speaker:** The House stands adjourned *sine-die.*

*6.13 P.M. | The Sabha then adjourned* *sine-die.*

Original with;
Punjab Vidhan Sabha
Digitized by;
Panjab Digital Library

[illegible]

Mr. Speaker: The House stands adjourned sine-die.

6.15 P.M. The Sabha then adjourned *sine-die*.

[illegible]

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

*Dated 21st July, 1993*

Vol. V—No. 2

UNSTARRED QUESTION AND ANSWER

**Regularising the temporary Connections of Tubewells**

***1045. Doctor Harbans Lal** : Will the Minister for Irrigation and Power be pleased to state whether the Government propose to regularise the temporarily given tubewell connections in the village in the State for sowing the kharif crops ; if so ; the time by which the same are likely to be regularised ; if not ; the reasons therefor ?

**ਸਰਦਾਰ ਬੇਅੰਤ ਸਿੰਘ (ਮੁੱਖ ਮੰਤਰੀ)** : (ੳ) ਨਹੀਂ, ਸ੍ਰੀਮਾਨ ਜੀ।

(ਅ) ਲਾਗੂ ਨਹੀਂ ।

(ੲ) ਆਰਜ਼ੀ ਟਿਊਬਵੈੱਲ ਕੁਨੇਕਸ਼ਨ ਨੇੜੇ ਦੇ ਟਰਾਂਸਫਾਰਮਰ ਤੋਂ ਲੋਡ ਦੀ ਉਪਲਬਧਤਾ ਅਤੇ ਕੇਵਲ 100 ਮੀਟਰ ਦੀ ਲੰਬਾਈ ਤਕ ਹੀ ਸੀਮਿਤ ਹੈ। ਪੱਕੇ ਕੁਨੈਕਸ਼ਨ ਸੀਨੀਅਰਤਾ ਦੇ ਅਧਾਰ ਤੇ ਹੀ ਦਿੱਤੇ ਜਾਂਦੇ ਹਨ। ਪਹਿਲਾਂ ਹੀ ਟੈਸਟ ਰਿਪੋਰਟਾਂ ਵਿੱਰੁਧ 25,000 ਕੁਨੈਕਸ਼ਨ ਸੈਲਫ ਫਾਈਨੇਸ਼ਗ ਸਕੀਮ ਅਧੀਨ ਬਕਾਇਆ ਹਨ ਜਿਥੇ ਕਿ ਉਪਭੋਗਤਾਵਾਂ ਨੇ ਪੈਸੇ ਜਮਾਂ ਕਰਵਾਏ ਹਨ। ਇਸੇ ਤਰ੍ਹਾਂ ਹੀ ਜਨਰਲ ਕੈਟੇਗਰੀ ਅਰਜ਼ੀਆਂ ਨੂੰ ਕੁਨੈਕਸ਼ਨ ਜਾਰੀ ਕੀਤੇ ਜਾਣੇ ਹਨ ਜਿਹੜੇ ਕਿ 9/93 ਜਿੰਨੇ ਪੁਰਾਣੇ ਹਨ ।

7377 PVS—Govt. Press, U.T. Chd.

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

©1993

Published under the authority of the Punjab Vidhan Sabha and printed by the Controller, Govt. Press (U.T.), Chandigarh.

Original with;
Punjab Vidhan Sabha
Digitized by;
Panjab Digital Library

© 1993

Published under the authority of the Punjab Vidhan Sabha and printed by the Controller, Govt. Press (U.T.), Chandigarh.

Original with;
Punjab Vidhan Sabha
Digitized by;
Panjab Digital Library

| | Page |
|---|---|
| Walk-Out .. | (1)72 |
| Call Attention Notice Under Rule 66 ... | (1)72 |
| Dharna ... | (1)73 |
| Call Attention Notice Under Rule 66 (*Resumption*) .. | (1)73 |
| Papers laid/relaid on the Table .. | (1)76 |
| Resolution under Article 368 of the Constitution ... | (1)77 |
| Official Resolution in respect of making unifrom law throughout India for the Regulation of Veterinary Practice .. | (1)83 |
| **Legislative Business:** | |
| Resolution under Article 213(2)(a) of the Constitution of India Disapproving the Punjab General Sales Tax (Third Amendment) Ordinance, 1993 (Punjab ordinance No. 6 of 1993) | |
| AND | |
| The Punjab General Sales Tax (Third Amendment) Bill, 1993 | (1)91 |
| Presentation of Report of the Business Advisory Committee | (1)103 |
| Resolution under Article 213 (2)(a) of the Constitution of India Disapproving the Punjab Entertainments Tax (Cinematograph Shows) Amendment Ordinance., 1993 (Punjab Ordinance No. 4 of 1993) | |
| AND | |
| The Punjab Entertainments Tax (Cinematograph Shows) Amendment Bill, 1993 .. | (1)105 |
| Extension of Time of the Sitting .. | (1)109 |
| Resolution under Article 213 (2) (a) of the Constitution of India disapproving the Punjab Entertainments Tax (Cinematograph Shows) Amendment Ordinance, 1993 (Punjab Ordinance No. 4 of 1993) | |
| AND | |
| The Punjab Entertainments Tax (Cinematograph Shows ) Amendment Bill, 1993 (*Resumption of consideration*) .. | (1)109 |
| Resolution under Article 213(2)(a) of the Constitution of India Disapproving the Punjab Entertainments Duty (Amendment) Ordinance 1993 (Punjab Ordinance No. 5 of 1993) | |
| AND | |
| The Punjab Entertainments Duty (Amendment) Bill, 1993 .. | (1)112 |
| Appendix .. | (i) |

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Tuesday, the 28th December, 1993*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 P.M. Mr. Speaker (Shri Harnam Das Johar) in the Chair.*

## OBITUARY REFERENCES

**Mr. Speaker:** We take up Obituary References first. C.M. Sahib.

**ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ) :** ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਪਿੱਛਲੇ ਸੈਸ਼ਨ ਔਰ ਇਸ ਸੈਸ਼ਨ ਦੇ ਦੌਰਾਨ ਸਾਡੇ ਬਹੁਤ ਸਾਰੇ ਐਸੇ ਦੋਸਤ ਜਿਨ੍ਹਾਂ ਨੇ ਇਸ ਸਦਨ ਦੇ ਅੰਦਰ ਵੀ ਔਰ ਬਾਹਰ ਵੀ ਬੜੀ ਭਾਰੀ ਸਮਾਜ ਦੀ ਸੇਵਾ ਕੀਤੀ ਉਹ ਸਾਡੇ ਵਿਚੋਂ ਜਾ ਚੁੱਕੇ ਹਨ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਵੇ। ਨਾਲ ਹੀ, ਸਪੀਕਰ ਸਾਹਿਬ, ਕਈ ਸਾਡੇ ਐਸੇ ਸਾਥੀ ਵੀ ਗੁਜ਼ਰ ਗਏ ਹਨ ਜਿਨ੍ਹਾਂ ਦੀ ਬੜੀ ਭਾਰੀ ਇਸ ਸਮਾਜ ਦੇ ਅੰਦਰ ਕੰਟਰੀਬਿਊਸ਼ਨ ਸੀ। ਸ੍ਰੀ ਫਕੀਰ ਚੰਦ ਗੁਪਤਾ ਜੋ ਬਠਿੰਡੇ ਦੇ ਰਹਿਣ ਵਾਲੇ ਸਨ ਉਹ ਗਰੀਬਾਂ ਦੇ ਬੜੇ ਹਾਮੀ ਸਨ। ਆਪ ਵੀ ਉਹ ਬੜੇ ਛੋਟੇ ਦਰਜੇ ਤੋਂ, ਛੋਟੇ ਕੰਮ ਕਰਦੇ, ਉਠੇ ਔਰ ਅਸੈਂਬਲੀ ਦੇ ਮੈਂਬਰ ਬਣੇ। ਉਹ ਸਰਦਾਰ ਲਛਮਣ ਸਿੰਘ ਗਿੱਲ ਦੀ ਵਜ਼ਾਰਤ ਵਿੱਚ ਵਜ਼ੀਰ ਵੀ ਰਹੇ। ਉਹ ਅੱਜ ਸਾਡੇ ਕੋਲੋਂ ਜੁਦਾ ਹੋ ਗਏ ਹਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਜੁੱਦਾ ਹੋਣ ਨਾਲ ਇਕੱਲੇ ਬਠਿੰਡੇ ਦੇ ਲੋਕਾਂ ਨੂੰ ਹੀ ਨਹੀਂ ਬਲਕਿ ਸਾਰੀਆਂ ਸਾਡੀਆਂ ਲੈਜਿਸਲੇਟਿਵ ਪਾਰਟੀਆਂ ਦੇ ਮੈਂਬਰ, ਸਾਰਾ ਸਦਨ ਔਰ ਸਾਰੇ ਲੋਕ ਉਨ੍ਹਾਂ ਦਾ ਜਾਣ ਦਾ ਬੜਾ ਦੁੱਖ ਪ੍ਰਗਟ ਕਰਦੇ ਹਨ।

ਸਰਦਾਰ ਭੁਪਿੰਦਰ ਸਿੰਘ ਮਾਨ ਬੜੇ ਭਾਰੀ ਵੈਟਰਨ ਸਨ। ਉਹ ਪਾਕਿਸਤਾਨ ਵਿੱਚੋਂ ਜਦੋਂ ਪਾਰਟੀਸ਼ਨ ਹੋਈ ਤਾਂ ਇਥੇ ਆਏ ਸਨ ਔਰ ਇਥੇ ਆ ਕੇ ਉਨ੍ਹਾਂ ਨੇ ਆਪਣਾ ਨੁਮਾਇਆ ਹਿੱਸਾ ਪੋਲੀਟੀਕਲ ਲਾਈਫ ਵਿੱਚ ਬਿਤਾਇਆ। ਉਹ ਕੰਸਟੀਚਿਊਐਂਟ ਅਸੈਂਬਲੀ ਦੇ ਮੈਂਬਰ ਵੀ ਰਹੇ ਔਰ ਅਰਸਟਵਾਈਲ ਪੈਪਸੂ ਸਟੇਟ ਦੇ ਵਜ਼ੀਰ ਵੀ ਰਹੇ। ਪਹਿਲਾਂ ਉਹ ਅਕਾਲੀ ਦੱਲ ਵਿੱਚ ਸਨ, ਜਦੋਂ ਉਹ ਕਾਂਗਰਸ ਪਾਰਟੀ ਵਿੱਚ ਆਏ ਤਾਂ ਉਨ੍ਹਾਂ ਦੀ ਪੋਲੀਟੀਕਲ ਲਾਈਫ ਦੀ ਕੰਟਰੀਬਿਊਸ਼ਨ ਬੜੀ ਭਾਰੀ ਸੀ। ਉਨ੍ਹਾਂ ਦੀ ਸੋਚ ਬੜੀ ਅੱਛੀ ਸੀ ਔਰ ਉਨ੍ਹਾਂ ਲੋਕਾਂ ਨੂੰ ਹਮੇਸ਼ਾਂ ਉਹ ਬੁਰਾ ਭਲਾ ਕਹਿੰਦੇ ਸਨ ਜਿਹੜੇ ਫੰਡਾਮੈਂਟਲਿਸਟ ਦੇ ਹਾਮੀ ਸਨ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਹੋਰ ਵੀ ਐਸੇ ਦੋਸਤ ਹਨ ਜਿਹੜੇ ਸਾਡੇ ਤੋਂ ਜੁਦਾ ਹੋ ਗਏ ਹਨ ਜਿਨ੍ਹਾਂ ਵਿੱਚੋਂ ਗਿਆਨੀ ਕੁੰਦਨ ਸਿੰਘ ਪਤੰਗ ਥੋੜ੍ਹਾ ਸਮਾਂ ਹੋਏ ਸਾਡੇ ਕੋਲੋਂ ਵਿਛੜ ਗਏ ਹਨ। ਉਹ ਬੜਾ ਲੰਮਾ ਸਮਾਂ ਇਸ ਸਦਨ ਦੇ ਮੈਂਬਰ ਰਹੇ ਔਰ ਹਰ ਵਾਰੀ ਇਥੇ ਚੁਣ ਕੇ ਆਉਂਦੇ ਰਹੇ। ਉਹ ਇਕ ਬਹੁਤ ਭਾਰੀ ਗਰੀਬ ਪਰਿਵਾਰ ਨੂੰ ਬੀਲੋਂਗ ਕਰਦੇ ਸਨ। ਜਦੋਂ ਅਸੈਂਬਲੀ ਵਿੱਚ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਦਾ ਉਹ ਬੜੇ ਹਸਮੁੱਖ ਸਨ ਔਰ ਹਮੇਸ਼ਾਂ ਬੜੇ ਖਿੜੇ ਮੱਥੇ ਮਿਲਦੇ ਸਨ। ਜਦੋਂ ਉਨ੍ਹਾਂ ਨੂੰ ਵਜ਼ੀਰ ਬਣਾਇਆ ਗਿਆ ਤਾਂ ਉਦੋਂ ਵੀ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਅੰਦਰ ਕੋਈ ਤਬਦੀਲੀ ਨਹੀਂ ਹੋਈ ਔਰ ਉਹ ਹਮੇਸ਼ਾਂ ਹੀ ਗਰੀਬਾਂ ਦਾ ਭਲਾ ਕਰਦੇ ਰਹੇ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਪੀਕਰ ਸਾਹਿਬ, ਦਲੀਪ ਸਿੰਘ ਕੰਗ ਬਹੁਤ ਭਾਰੀ ਵਕੀਲ ਸਨ, ਉਹ ਵੀ ਗੁਜ਼ਰ ਗਏ ਹਨ । ਉਨ੍ਹਾਂ ਦੀ ਕੰਟਰੀਬਿਊਸ਼ਨ ਵੀ ਬਹੁਤ ਜ਼ਿਆਦਾ ਹੈ ਲੈਜਿਸਲੇਟਿਵ ਪਾਰਟੀ ਦੇ ਅੰਦਰ ਵੀ ਔਰ ਉਹ ਪਾਕਿਸਤਾਨ ਬਣਨ ਤੋਂ ਪਹਿਲਾਂ ਵੀ ਐਮ. ਐਲ. ਏ. ਰਹੇ ਔਰ ਉਸ ਦੇ ਬਾਅਦ ਚੀਫ ਪਾਰਲੀਮੈਂਟਰੀ ਸੈਕਟਰੀ ਰਹੇ। ਉਨ੍ਹਾਂ ਨੇ ਬਹੁਤ ਭਾਰੀ ਆਪਣਾ ਯੋਗਦਾਨ ਵਕਾਲਤ ਦੇ ਪਰੋਫੈਸ਼ਨ ਵਿੱਚ ਵੀ ਪਾਇਆ ਕਾਫੀ ਲੰਮੀ ਉਮਰ ਭੋਗ ਕੇ ਸਾਡੇ ਕੋਲੋਂ ਉਹ ਗਏ ਹਨ। ਮੈਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁਲ ਭੇਂਟ ਕਰਦਾ ਹਾਂ ।

ਸਪੀਕਰ ਸਾਹਿਬ, ਇਸ ਤੋਂ ਅੱਗੇ ਸ਼੍ਰੀ ਚਰਨ ਸਿੰਘ ਐਕਸ ਐਮ.ਐਲ.ਏ. ਰਹੇ ਹਨ ਉਹ ਅੰਮ੍ਰਿਤਸਰ ਤੋਂ ਆਏ ਸਨ। ਉਹ ਸ਼ਡਿਊਲਡ ਕਾਸਟਾਂ ਦੇ ਚੈਂਪੀਅਨ ਰਹੇ ਹਨ ਉਨ੍ਹਾਂ ਦੀ ਉਨ੍ਹਾਂ ਵਾਸਤੇ ਬੜੀ ਭਾਰੀ ਕੰਟਰੀਬਿਊਸ਼ਨ ਰਹੀ ਹੈ। ਉਹ ਪਿਛੜੇ ਲੋਕਾਂ ਦੀ, ਪਸਮਾ ਲੋਕਾਂ ਦੀ ਹਮੇਸ਼ਾ ਤਰਜਮਾਨੀ ਕਰਦੇ ਸਨ। ਉਨ੍ਹਾਂ ਦੇ ਅਕਾਲ ਚਲਾਣਾ ਕਰਨ ਨਾਲ ਸਾਨੂੰ ਬੜਾ ਭਾਰੀ ਦੁੱਖ ਹੈ।

ਇਸ ਤੋਂ ਅੱਗੇ ਜਥੇਦਾਰ ਦਸੌਂਧਾ ਸਿੰਘ ਜੀ ਵੀ ਸਾਡੇ ਇਸ ਹਾਊਸ ਦੇ ਐਕਸ ਐਮ.ਐਲ.ਏ. ਰਹੇ ਹਨ। ਉਹ ਐਸ.ਜੀ.ਪੀ.ਸੀ. ਦੇ ਵੀ ਮੈਂਬਰ ਰਹੇ ਹਨ। ਉਨ੍ਹਾਂ ਦਿਨਾਂ ਵਿਚ ਐਸ.ਜੀ.ਪੀ.ਸੀ. ਦਾ ਮੈਂਬਰ ਰਹਿਣਾ ਬਹੁਤ ਵੱਡੀ ਗੱਲ ਸੀ ਕਿਉਂਕਿ ਐਸ.ਜੀ.ਪੀ.ਸੀ. ਇਕ ਐਸੀ ਜਮਾਤ ਸੀ ਜਿਹੜੀ ਕਿ ਸੱਚੀ ਅਤੇ ਸੋਹਣੀ ਸੋਚ ਦੇ ਸਕਦੀ ਸੀ। ਅੱਜ ਉਹ ਸਾਡੇ ਦਰਮਿਆਨ ਨਹੀਂ ਰਹੇ। ਉਨ੍ਹਾਂ ਦਾ ਸੰਸਾਰ ਵਿਚੋਂ ਚਲੇ ਜਾਣਾ ਬੜੇ ਦੁੱਖ ਦੀ ਗਲ ਹੈ।

ਸ਼੍ਰੀ ਹਰਚਰਨ ਸਿੰਘ ਹੁਡਿਆਰਾ ਵੀ ਅਕਾਲੀ ਪਾਰਟੀ ਦੇ ਲੀਡਰ ਸਨ। ਉਨ੍ਹਾਂ ਦਾ ਬੜਾ ਸਾਦਾ ਜੀਵਨ ਸੀ। ਮੈਨੂੰ ਉਹ ਕਈ ਵਾਰ ਮਿਲੇ ਸਨ। ਉਨ੍ਹਾਂ ਦੀ ਅਕਾਲੀ ਪਾਰਟੀ ਵਿਚ ਬੜੀ ਭਾਰੀ ਕੰਟਰੀਬਿਊਸ਼ਨ ਸੀ ਔਰ ਅਕਾਲੀ ਪਾਰਟੀ ਦੇ ਵਾਈਸ ਪਰੈਜ਼ੀਡੈਂਟ ਵੀ ਰਹੇ ਔਰ ਜਦੋਂ ਵੀ ਕਿਸੇ ਨੂੰ ਕੋਈ ਰਾਏ ਦੀ ਲੋੜ ਪੈਂਦੀ ਸੀ ਤਾਂ ਉਹ ਬੜੀ ਨੇਕ ਸਲਾਹ ਦਿੰਦੇ ਸਨ। ਉਨ੍ਹਾਂ ਦਾ ਵੀ ਅੱਜ ਸਾਡੇ ਤੋਂ ਵਿਛੜ ਜਾਣਾ ਬੜੇ ਭਾਰੀ ਦੁਖ ਦੀ ਗੱਲ ਹੈ।

ਮਾਸਟਰ ਗੁਰਚਰਨ ਸਿੰਘ ਜੀ ਵੀ ਸਾਡੇ ਐਕਸ ਐਮ.ਐਲ.ਸੀ. ਰਹੇ ਹਨ। ਉਨ੍ਹਾਂ ਨੇ ਟੀਚਰਜ਼ ਦੀ ਬੜੀ ਭਾਰੀ ਸੇਵਾ ਕੀਤੀ। ਉਹ ਹਮੇਸ਼ਾ ਟੀਚਰਜ਼ ਦੀ ਹੀ ਨੁਮਾਇੰਦਗੀ ਕਰਦੇ ਰਹੇ। ਮੈਨੂੰ ਉਹ 2-3 ਵਾਰੀ ਮੋਗੇ ਮਿਲੇ ਸਨ। ਉਨ੍ਹਾਂ ਦੀ ਬੜੀ ਭਾਰੀ ਸੈਕੂਲਰ ਪਰਸਨੈਲਟੀ ਸੀ। ਅੱਜ ਉਹ ਸਾਡੇ ਵਿਚ ਨਹੀਂ ਰਹੇ ਸਾਨੂੰ ਇਸ ਦਾ ਬੜਾ ਭਾਰੀ ਦੁੱਖ ਹੈ।

ਇਸ ਤੋਂ ਅੱਗੇ ਮੈਂ ਕਹਿਣਾ ਚਾਹੁੰਦਾ ਹਾ ਕਿ ਸ਼੍ਰੀ ਜੇ.ਆਰ.ਡੀ. ਟਾਟਾ ਵੀ ਅੱਜ ਸਾਡੇ ਵਿਚ ਨਹੀਂ ਰਹੇ। ਉਹ ਬੜੇ ਵਡੇ ਇੰਡਸਟਰੀਲਿਅਸਟ ਸਨ। ਸਿਰਫ਼ ਇੰਡਸਟਰੀਲਿਅਸਟ ਤੋਂ ਹੀ ਨਹੀਂ ਉਹ ਹੋਰ ਪੱਖੋਂ ਵੀ ਬਹੁਤ ਮਜ਼ਬੂਤ ਸਨ। ਉਨ੍ਹਾਂ ਨੇ ਸਿਵਲਿਅਨ ਦੀ ਭਾਰੀ ਸੇਵਾ ਕੀਤੀ ਔਰ ਸਪੋਰਟਸ ਨੂੰ ਵੀ ਭਾਰੀ ਉਤਸ਼ਾਹ ਦਿੱਤਾ। ਉਹ ਛੋਟੀ ਉਮਰ ਵਿਚ ਹੀ ਇਕ ਭਾਰੀ ਇੰਡਸਟਰੀਲਿਸਟ ਚਮਕ ਕੇ ਆਏ ਸਨ। ਉਨ੍ਹਾਂ ਨੂੰ ਭਾਰਤ ਰਤਨ ਦਾ ਖਿਤਾਬ ਵੀ ਮਿਲਿਆ। ਮੈਂ ਸਮਝਦਾ ਹਾਂ ਕਿ ਜਿਥੇ ਉਨ੍ਹਾਂ ਦੇ ਚਲਾਣਾ ਕਰਨ ਨਾਲ ਇੰਡਸਟਰੀ ਨੂੰ ਘਾਟਾ ਪਿਆ ਹੈ ਉਥੇ ਸਮਾਜਿਕ ਦੁਨੀਆਂ ਨੂੰ ਵੀ ਬਹੁਤ ਘਾਟਾ ਪਿਆ ਹੈ। ਇੰਡਸਟਰੀ ਦੇ ਖੇਤਰ ਵਿਚ ਉਨ੍ਹਾਂ ਦਾ ਇਕ ਆਪਣਾ ਹੀ ਸਥਾਨ ਸੀ। ਇੰਡਸਟਰੀ ਅਤੇ ਸਪੋਰਟਸ ਦੇ ਅੰਦਰ ਉਨ੍ਹਾਂ ਨੇ ਬਹੁਤ ਵਡਾ ਹਿੱਸਾ ਪਾਇਆ ਹੈ। ਸਾਨੂੰ ਉਨ੍ਹਾਂ ਦੇ ਅਕਾਲ ਚਲਾਣਾ ਕਰਨ ਨਾਲ ਬਹੁਤ ਦੁੱਖ ਹੈ ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਅੱਗੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਇੰਦਰ ਸਿੰਘ ਦੁਲੋਂ ਵੀ ਬੜੇ ਵਡੇ ਫਰੀਡਮ ਫਾਈਟਰ ਰਹੇ ਹਨ। ਉਨ੍ਹਾਂ ਦੇ ਬੇਟੇ ਅੱਜ ਸਾਡੀ ਕੈਬਨਿਟ ਵਿਚ ਹੀ ਹਨ। ਮੈਂ ਉਨ੍ਹਾਂ ਨੂੰ ਕਈ ਮੌਕੇ ਤੇ ਮਿਲਦਾ ਰਿਹਾ ਹਾਂ। ਉਹ ਛੋਟੀ ਉਮਰ ਵਿਚ ਹੀ ਫਰੀਡਮ ਫਾਈਟਰ ਬਣ ਗਏ ਸਨ। ਉਨ੍ਹਾਂ ਦਾ ਵੀ ਸਾਨੂੰ ਬੜਾ ਦੁੱਖ ਹੈ।

ਇਸੇ ਤਰ੍ਹਾਂ ਸ੍ਰੀ ਸੱਤਪਾਲ ਕਪੂਰ ਵੀ ਬਹੁਤ ਵਡੇ ਫਰੀਡਮ ਫਾਈਟਰ ਰਹੇ ਹਨ। ਉਨ੍ਹਾਂ ਦੇ ਬੇਟੇ ਵੀ ਅੱਜ ਸਾਡੀ ਕੈਬਨਿਟ ਵਿਚ ਮਨਿਸਟਰ ਹਨ, ਇਹ ਦੋ ਫਰੀਡਮ ਫਾਈਟਰਜ਼ ਦੇ ਬੇਟ, ਦੋ ਨੌਜਵਾਨ ਅੱਜ ਸਾਡੀ ਕੈਬਨਿਟ ਵਿਚ ਹਨ। ਸ੍ਰੀ ਸੱਤਪਾਲ ਕਪੂਰ ਜੀ ਦੇ ਅਕਾਲ ਚਲਾਣਾ ਕਰਨ ਤੋਂ ਮੈਂ ਉਥੇ ਗਿਆ ਸੀ ਤਾਂ ਉਥੇ ਗਿਆਨੀ ਜ਼ੈਲ ਸਿੰਘ ਸਾਡੇ ਐਕਸ ਰਾਸ਼ਟਰਪਤੀ ਵੀ ਉਥੇ ਆਏ ਹੋਏ ਸਨ। ਉਨ੍ਹਾਂ ਨੇ ਮੈਨੂੰ ਇਹ ਗੱਲ ਆਖੀ ਸੀ ਕਿ ਸ੍ਰੀ ਸੱਤਪਾਲ ਕਪੂਰ ਨੇ ਉਨ੍ਹਾਂ ਦੇ ਨਾਲ ਹੱਥ ਵਿਚ ਹੱਥ ਪਾ ਕੇ ਕੰਮ ਕੀਤਾ। ਸਪੀਕਰ ਸਾਹਿਬ, ਇਹ ਦੋਨੋਂ ਫਰੀਡਮ ਫਾਈਟਰ ਸਾਡੇ ਦੋਸਤ ਸਨ ਅਤੇ ਇਨ੍ਹਾਂ ਦੇ ਵਿਛੜ ਜਾਣ ਨਾਲ ਸਾਨੂੰ ਬਹੁਤ ਦੁੱਖ ਹੈ ਅਤੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਸਾਡੇ ਕੋਲ ਕੋਈ ਲਫਜ ਨਹੀਂ ਹਨ। ਅਸੀਂ ਹਰ ਇਕ ਨੇ ਇਥੋਂ ਚਲੇ ਜਾਣਾ ਹੈ।

ਸ੍ਰੀ ਨੂਰ ਮੁਹੰਮਦ ਖਿਲਜੀ ਇਹ ਇਕ ਬਹੁਤ ਵੱਡੇ ਲੀਡਰ ਸਨ। ਇਨ੍ਹਾਂ ਨੇ ਫਰੀਡਮ ਮੂਵਮੈਂਟ ਵਿਚ ਕਾਫੀ ਹਿੱਸਾ ਲਿਆ ਅਤੇ ਕਈ ਵਾਰ ਜੇਲ੍ਹਾਂ ਵਿਚ ਗਏ ਪਰ ਉਨ੍ਹਾਂ ਨੂੰ ਕੋਈ ਸਨਮਾਨ ਨਹੀ ਮਿਲਿਆ। ਉਹ ਇਸ ਗੱਲ ਦੀ ਬਿਨਾ ਪਰਵਾਹ ਕੀਤੇ ਹੋਏ ਲੋਕਾਂ ਦੀ ਸੇਵਾ ਕਰਦੇ ਰਹੇ ਅਤੇ ਲੋਕਾਂ ਦੇ ਉਹ ਹਰਮਨ ਨੇਤਾ ਸਨ। ਮੈਂ ਉਨ੍ਹਾਂ ਨੂੰ ਛੋਟੀ ਉਮਰ ਵਿਚ ਵੇਖਦਾ ਰਿਹਾ ਹਾਂ ਕਿ ਉਹ ਆਜ਼ਾਦੀ ਦੀ ਖਾਤਿਰ ਕਈ ਵਾਰ ਜੇਲ੍ਹ ਗਏ। ਉਹ ਬੜੇ ਗਰੀਬ ਖਾਨਦਾਨ ਦੇ ਨਾਲ ਸਬੰਧ ਰਖਦੇ ਸਨ ਅਤੇ ਅੱਜ ਕੱਲ ਉਹ ਮਲੇਰਕੋਟਲਾ ਵਿਚ ਰਹਿੰਦੇ ਸਨ ਪਰ ਉਨ੍ਹਾਂ ਦਾ ਅਸਲੀ ਪਿੰਡ ਜ਼ਿਲ੍ਹਾ ਲੁਧਿਆਣਾ ਦੇ ਗੁਜਰਾਂਵਾਲਾ ਸੀ। ਉਹ ਬਾਅਦ ਵਿਚ ਲੋਕਾਂ ਵਿਚ ਬੜੇ ਪਾਪੂਲਰ ਹੋ ਗਏ ਅਤੇ ਉਨ੍ਹਾਂ ਨੇ ਇਕ ਵਾਰ ਇਲੈਕਸ਼ਨ ਵੀ ਲੜੀ ਪਰ ਉਹ ਇਲੈਕਸ਼ਨ ਵਿਚ ਕਾਮਯਾਬ ਨਹੀਂ ਹੋਏ। ਉਹ ਲੋਕਾਂ ਵਿਚ ਬੜੇ ਹਰਮਨ ਪਿਆਰੇ ਸਨ।

ਇਸ ਤੋਂ ਇਲਾਵਾ ਸਾਡੇ ਐਮ.ਐਲ.ਏ. ਸਰਦਾਰ ਨਿਰਮਲ ਸਿੰਘ ਜੋ ਮੌਜੂਦ ਹਨ ਉਨ੍ਹਾਂ ਦਾ ਬੇਟਾ ਜਿਸ ਦੀ ਉਮਰ 27 ਸਾਲ ਸੀ, ਉਹ ਸਾਡੇ ਤੋਂ ਵਿਛੜ ਗਿਆ ਹੈ। ਉਸ ਦੇ ਚਲੇ ਜਾਣ ਨਾਲ ਉਨ੍ਹਾਂ ਨੂੰ ਬੜਾ ਸਦਮਾ ਲੱਗਾ ਹੈ ਅਤੇ ਸਾਨੂੰ ਵੀ ਬਹੁਤ ਦੁੱਖ ਹੈ ਅਸੀਂ ਸਾਰੇ ਸਰਦਾਰ ਨਿਰਮਲ ਸਿੰਘ ਦੇ ਨਾਲ ਹਾਂ ਅਤੇ ਉਹ ਆਪਣਾ ਹੌਸਲਾ ਬਣਾਈ ਰਖਣ। ਉਨ੍ਹਾਂ ਦੇ ਬੇਟੇ ਦੇ ਵਿਛੜ ਜਾਣ ਨਾਲ ਸਦਨ ਨੂੰ ਬਹੁਤ ਦੁੱਖ ਹੈ।

ਇਸੇ ਤਰ੍ਹਾਂ ਡਾਕਟਰ ਦੇਵ ਰਾਜ, ਐਕਸ ਐਮ.ਐਲ.ਏ. ਜੋ ਸ਼ਾਮਚੁਰਾਸੀ ਤੋਂ ਜਿੱਤ ਕੇ ਆਏ ਸਨ। ਉਹ ਬਹੁਤ ਹੀ ਨੇਕ ਸ਼ਖਸੀਅਤ ਦੇ ਇਨਸਾਨ ਸਨ ਅਤੇ ਆਪਣੇ ਹੱਲਕੇ ਦੀ ਸੇਵਾ ਕਰਦੇ ਸਨ ਅਤੇ ਗਰੀਬਾਂ ਦੇ ਲੀਡਰ ਸਨ।

ਇਨ੍ਹਾਂ ਸ਼ਖਸੀਅਤਾਂ ਦੇ ਚਲੇ ਜਾਣ ਨਾਲ ਇਸ ਸਦਨ ਨੂੰ, ਮੈਨੂੰ ਅਤੇ ਮੇਰੀ ਪਾਰਟੀ ਨੂੰ ਬਹੁਤ ਦੁੱਖ ਹੈ ਅਤੇ ਉਨ੍ਹਾਂ ਨੂੰ ਸਰਧਾ ਦੇ ਫੁੱਲ ਭੇਂਟ ਕਰਦਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਸਦਨ ਵਲੋਂ ਪਾਸ ਕੀਤਾ ਗਿਆ ਰੈਜ਼ੋਲਿਊਸ਼ਨ ਜ਼ਰੂਰ ਭੇਜ ਦਿੱਤਾ ਜਾਵੇ।

**ਸ੍ਰੀ ਸਤਨਾਮ ਸਿੰਘ ਕੈਂਥ (ਬੰਗਾ,ਐਸ.ਸੀ.)** : ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਇਸ ਸੈਸ਼ਨ ਦੇ ਦੌਰਾਨ ਸਾਡੇ ਵਿਚੋਂ ਕੁਝ ਮਹਾਨ ਸ਼ਖਸੀਅਤਾਂ ਵਿਛੜ ਗਈਆਂ ਹਨ ਜਿਨ੍ਹਾਂ ਦਾ ਇਸ ਸਦਨ ਦੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਤਨਾਮ ਸਿੰਘ ਕੈਂਥ]

ਨਾਲ ਅਤੇ ਸਮਾਜ ਦੇ ਨਾਲ ਵਿਸ਼ੇਸ਼ ਸਥਾਨ ਰਿਹਾ ਹੈ। ਇਨ੍ਹਾਂ ਵਿਚੋਂ ਸ੍ਰੀ ਫ਼ਕੀਰ ਚੰਦ ਗੁਪਤਾ, ਐਕਸ ਮਨਿਸਟਰ ਹਨ। ਉਹ ਗਿੱਲ ਮਨਿਸਟਰੀ ਵਿਚ ਵਜ਼ੀਰ ਰਹੇ ਅਤੇ ਉਨ੍ਹਾਂ ਨੇ ਬਠਿੰਡਾ ਹਲਕੇ ਤੋਂ ਪ੍ਰਤੀਨਿਧਤਾ ਕੀਤੀ।

ਇਸ ਤੋਂ ਇਲਾਵਾ ਸਰਦਾਰ ਭੁਪਿੰਦਰ ਸਿੰਘ ਮਾਨ, ਜੋ ਕੰਸਟੀਚਿਊਐਂਟ ਅਸੈਂਬਲੀ ਦੇ ਮੈਂਬਰ ਰਹੇ ਅਤੇ ਬਾਅਦ ਵਿਚ ਮਨਿਸਟਰ ਰਹੇ ਭਾਰਤ ਦੇ ਸੰਵਿਧਾਨ ਅੰਦਰ ਉਨ੍ਹਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਨੂੰ ਬੜਾ ਕਾਰਗਰ ਸਮਝਿਆ ਜਾਂਦਾ ਸੀ ਅਤੇ ਡਾਕਟਰ ਅੰਬੇਦਕਰ ਸਾਹਿਬ ਉਨ੍ਹਾਂ ਦੀਆਂ ਦਲੀਲਾਂ ਉਤੇ ਬਹੁਤ ਮਹੱਤਤਾ ਦਿੰਦੇ ਸਨ।

ਗਿਆਨੀ ਕੁੰਦਨ ਸਿੰਘ ਪਤੰਗ, ਜੋ ਬਰਨਾਲਾ ਮਨਿਸਟਰੀ ਵਿਚ ਮਨਿਸਟਰ ਵੀ ਰਹੇ, ਉਨ੍ਹਾਂ ਦਾ ਇਸ ਸਦਨ ਵਿਚ ਮਹਾਨ ਯੋਗਦਾਨ ਰਿਹਾ ਹੈ ਅਤੇ ਸਮਾਜ ਵਿਚ ਵੀ ਉਨ੍ਹਾਂ ਦਾ ਬੜਾ ਯੋਗਦਾਨ ਸੀ। ਉਨ੍ਹਾਂ ਨੇ 21 ਸਾਲ ਤੱਕ ਇਸ ਸਦਨ ਦੀ ਸੇਵਾ ਕੀਤੀ ਅਤੇ ਮੈਂਬਰ ਦੇ ਤੌਰ ਤੇ ਇਸ ਸਦਨ ਦੀ ਸੇਵਾ ਕੀਤੀ।

ਇਸੇ ਤਰ੍ਹਾਂ ਸਰਦਾਰ ਹਰਚਰਨ ਸਿੰਘ ਹੁੰਡਿਆਰਾ, ਐਕਸ-ਐਮ.ਐਲ.ਏ. ਜੋ ਇਸ ਸਦਨ ਦੇ ਮੈਂਬਰ ਰਹੇ ਅਤੇ ਐਸ.ਜੀ.ਪੀ.ਸੀ. ਦੇ ਵੀ ਮੈਂਬਰ ਰਹੇ, 1967 ਵਿਚ ਇਸ ਹਾਊਸ ਦੇ ਮੈਂਬਰ ਬਣੇ ਸਨ ਜਥੇਦਾਰ ਦਸੌਂਧਾ ਸਿੰਘ ਵੀ ਇਸ ਸਦਨ ਦੇ ਮੈਂਬਰ ਰਹੇ। ਇਸ ਦੇ ਨਾਲ ਹੀ ਜੇ.ਆਰ.ਡੀ. ਟਾਟਾ, ਜਿਨ੍ਹਾਂ ਦਾ ਇੰਡੀਆ ਇਕਨੌਮੀ ਵਿਚ ਬੜਾ ਯੋਗਦਾਨ ਰਿਹਾ ਹੈ ਅਤੇ ਇਸ ਨੂੰ ਉਨ੍ਹਾਂ ਨੇ ਡਿਵੈਲਪ ਕੀਤਾ। ਉਨ੍ਹਾਂ ਦਾ ਕੀਰੀਅਰ ਇਕ ਇੰਡਸਟਰੀਲਿਸਟ ਸੀ ਲੇਕਿਨ ਉਨ੍ਹਾਂ ਦੀ ਸ਼ਖਸੀਅਤ ਹਰ ਖੇਤਰ ਵਿਚ ਸੀ ਜਿਸ ਕਰਕੇ ਉਨ੍ਹਾਂ ਨੂੰ 'ਭਾਰਤ ਰਤਨ' ਦਾ ਖਿਤਾਬ ਦਿੱਤਾ ਗਿਆ।

ਇਨ੍ਹਾਂ ਤੋਂ ਬਾਅਦ ਸ੍ਰੀ ਸੱਤਪਾਲ ਜੀ ਕਪੂਰ, ਜਿਨ੍ਹਾਂ ਦੇ ਸਪੁੱਤਰ ਅੱਜ ਵੀ ਬਤੌਰ ਮਨਿਸਟਰ ਸਾਡੇ ਵਿਚ ਬਿਰਾਜਮਾਨ ਹਨ, ਇਕ ਬਹੁਤ ਵੱਡੇ ਫਰੀਡਮ ਫਾਈਟਰ ਰਹੇ। ਉਨ੍ਹਾਂ ਦੀ ਆਜ਼ਾਦੀ ਦੀ ਲੜਾਈ ਵਿੱਚ ਪਾਏ ਗਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

ਇਸੇ ਤਰ੍ਹਾਂ ਸਰਦਾਰ ਇੰਦਰ ਸਿੰਘ ਜੀ ਦੂਲੋਂ, ਜਿਨ੍ਹਾਂ ਦੇ ਸਪੁੱਤਰ ਸਰਦਾਰ ਸ਼ਮਸ਼ੇਰ ਸਿੰਘ ਦੂਲੋਂ ਅੱਜ ਵੀ ਸਾਡੀ ਪੰਜਾਬ ਦੀ ਮਨਿਸਟਰੀ ਦੇ ਅੰਦਰ ਹਨ, ਉਨ੍ਹਾਂ ਦੇ ਵੀ ਯੋਗਦਾਨ ਨੂੰ ਜਿਹੜਾ ਉਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਲੈਣ ਵੇਲੇ ਪਾਇਆ, ਭੁਲਾਇਆ ਨਹੀਂ ਜਾ ਸਕਦਾ। ਹੁਣੇ ਜਿਵੇਂ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਸਾਡੇ ਸਿਟਿੰਗ ਐਮ.ਐਲ.ਏ. ਸਰਦਾਰ ਨਿਰਮਲ ਸਿੰਘ ਮਹੰਤ ਜੀ ਦਾ ਨੌਜਵਾਨ ਲੜਕਾ ਗੁਜ਼ਰ ਗਿਆ ਹੈ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸਰਦਾਰ ਨਿਰਮਲ ਸਿੰਘ ਮਹੰਤ ਜੀ ਦੇ ਗਹਿਰੇ ਦੁੱਖ ਵਿਚ ਸ਼ਰੀਕ ਹੁੰਦਾ ਹੋਇਆ ਆਸ ਕਰਦਾ ਹਾਂ ਕਿ ਪਰਮਾਤਮਾ ਇਨ੍ਹਾਂ ਵਿਛੜੀਆਂ ਹੋਈਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਸਥਾਨ ਦੇਵੇਗਾ। ਇਨ੍ਹਾਂ ਸ਼ਬਦਾਂ ਨਾਲ ਮੈਂ ਇਨ੍ਹਾਂ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਜੈ ਭੀਮ, ਜੈ ਭਾਰਤ।

ਸ੍ਰੀ ਮਦਨ ਮੋਹਨ ਮਿੱਤਲ (ਨੰਗਲ) : ਸਪੀਕਰ ਸਾਹਿਬ, ਪਿਛਲੇ ਸਦਨ ਦੀ ਕਾਰਵਾਈ ਮੁਲਤਵੀ ਹੋਣ ਤੋਂ ਬਾਅਦ ਅਸੀਂ ਅੱਜ ਮਿਲ ਰਹੇ ਹਾਂ ਅਤੇ ਇਸੇ ਦੌਰਾਨ ਸਾਡੇ ਦਰਮਿਆਨ ਤੋਂ ਬਹੁਤ ਸਾਰੇ ਸਾਥੀ ਵਿਛੜ ਕੇ ਚਲੇ ਗਏ ਹਨ ਜਿਨ੍ਹਾਂ ਦਾ ਸਮਾਜ ਵਿਚ, ਰਾਜਨੀਤੀ ਵਿਚ ਕਾਫੀ ਉਚਾ ਸਥਾਨ ਸੀ। ਸ੍ਰੀ ਫਕੀਰ ਚੰਦ ਜੀ ਗੁਪਤਾ ਜਿਹੜੇ ਕਿ ਪੰਜਾਬ ਵਿਚ ਇਕ ਵਾਰ ਮੰਤਰੀ ਵੀ ਰਹੇ, ਉਨ੍ਹਾਂ ਨੇ ਬਠਿੰਡੇ ਹਲਕੇ ਤੋਂ ਨੁਮਾਇੰਦਗੀ ਕੀਤੀ, ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਦੇ ਦੌਰਾਨ ਪ੍ਰਜਾ-ਮੰਡਲ ਮੂਵਮੈਂਟ ਵਿਚ ਬਹੁਤ ਸਾਰਾ ਹਿੱਸਾ ਪਾਇਆ।

Original with;
Punjab Vidhan Sabha
Digitized by;
Panjab Digital Library

ਸਰਦਾਰ ਭੁਪਿੰਦਰ ਸਿੰਘ ਮਾਨ, ਜਿਹੜੇ ਕਿ ਮੰਤਰੀ ਹੀ ਨਹੀਂ ਰਹੇ ਬਲਕਿ ਜਿਹੜੀ ਵਿਧਾਨ ਬਣਾਉਣ ਦੀ ਕਮੇਟੀ ਬਣੀ ਸੀ, ਉਹ ਉਸ ਵਿਚ ਉਘੇ ਮੈਂਬਰ ਵੀ ਰਹੇ ਸਨ। ਉਨ੍ਹਾਂ ਨੇ ਦੇਸ਼ ਦਾ ਵਿਧਾਨ ਬਣਾਉਣ ਵਿਚ ਕਾਫੀ ਯੋਗਦਾਨ ਪਾਇਆ। ਇਵੇਂ ਤਰ੍ਹਾਂ ਗਿਆਨੀ ਕੁੰਦਨ ਸਿੰਘ ਪਤੰਗ ਨਾ ਕੇਵਲ ਅਕਾਲੀ ਦਲ ਦੇ ਨੁਮਾਇੰਦੇ ਬਣ ਕੇ ਆਏ ਬਲਕਿ ਜਿਹੜੀ ਪੈਪਸੂ ਵਿਚ ਰਜਵਾੜਾਸ਼ਾਹੀ ਨੂੰ ਖ਼ਤਮ ਕਰਨ ਲਈ ਪ੍ਰਜਾ-ਮੰਡਲ ਦੀ ਮੂਵਮੈਂਟ ਚੱਲੀ ਸੀ, ਉਸ ਵਿਚ ਵੀ ਉਨ੍ਹਾਂ ਨੇ ਬਹੁਤ ਬੜਾ ਯੋਗਦਾਨ ਪਾਇਆ।

ਸ੍ਰੀ ਦਲੀਪ ਸਿੰਘ ਕੰਗ ਦਾ ਪਾਕਿਸਤਾਨ ਬਣਨ ਤੋਂ ਪਹਿਲਾਂ, ਆਜ਼ਾਦੀ ਮਿਲਣ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਰਾਜਨੀਤੀ ਵਿਚ ਬੜਾ ਉਚਾ ਸਥਾਨ ਰਿਹਾ ਹੈ। ਉਹ ਮੰਤਰੀ ਵੀ ਰਹੇ। ਇਸ ਤੋਂ ਇਲਾਵਾ ਜਦੋਂ ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਦੀ ਰੀਹੈਬਲੀਟੇਸ਼ਨ ਦਾ ਮਸਲਾ ਆਇਆ ਸੀ ਬਟਵਾਰੇ ਤੋਂ ਬਾਅਦ ਤਾਂ ਉਸ ਵੇਲੇ ਲੋਕਾਂ ਨੂੰ ਰੀਹੈਬਲੀਟੇਟ ਕਰਨ ਵਿਚ ਉਨ੍ਹਾਂ ਦਾ ਬਹੁਤ ਜ਼ਿਆਦਾ ਯੋਗਦਾਨ ਰਿਹਾ ਹੈ। ਮੈਨੂੰ ਵਿਅਕਤੀਗਤ ਤੌਰ ਤੇ ਵੀ ਉਨ੍ਹਾਂ ਬਾਰੇ ਜਾਣਕਾਰੀ ਹੈ ਕਿਉਂਕਿ ਉਹ ਮੇਰੇ ਪਿੰਡ ਮੋਰਿੰਡਾ ਦੇ ਰਹਿਣ ਵਾਲੇ ਸੀ, ਉਥੇ ਆ ਕੇ ਉਹ ਰਹੇ।

ਇਨ੍ਹਾਂ ਤੋਂ ਇਲਾਵਾ ਸ੍ਰੀ ਚਰਨ ਸਿੰਘ, ਸ੍ਰੀ ਹਰਚਰਨ ਸਿੰਘ ਹੁਡਿਆਰਾ ਅਤੇ ਜਥੇਦਾਰ ਦਸੌਂਧਾ ਸਿੰਘ ਜੀ, ਇਹ ਸਾਰੇ ਇਸ ਸਦਨ ਵਿਚ ਆਪਣੇ ਆਪਣੇ ਹਲਕਿਆਂ ਦੀ ਨੁਮਾਇੰਦਗੀ ਕਰਦੇ ਹੋਏ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਦੇ ਰਹੇ ਹਨ। ਇਸੇ ਤਰ੍ਹਾਂ ਡਾਕਟਰ ਦੇਵ ਰਾਜ ਜੀ ਵੀ ਇਸ ਸਦਨ ਵਿਚ ਮੈਂਬਰ ਬਣ ਕੇ ਆਏ ਅਤੇ ਲੋਕਾਂ ਦੇ ਹਿਤਾਂ ਦੀ ਰਾਖੀ ਕਰਦੇ ਰਹੇ। ਇਸੇ ਤਰੀਕੇ ਨਾਲ ਸ੍ਰੀ ਜੇ.ਆਰ.ਡੀ. ਟਾਟਾ ਜਿਨ੍ਹਾਂ ਨੇ 'ਭਾਰਤ ਰਤਨ' ਵੀ ਪਾਇਆ, ਉਨ੍ਹਾਂ ਨੇ ਭਾਰਤ ਦੀ ਇੰਡਸਟਰੀ ਅਤੇ ਦਸਤਕਾਰੀ ਨੂੰ ਬਹੁਤ ਉਘੀ ਸੇਧ ਦਿੱਤੀ, ਉਨ੍ਹਾਂ ਦੇ ਜਾਣ ਨਾਲ ਇੰਡੀਆਂ ਦੀ ਜਿਹੜੀ ਇੰਡਸਟਰੀਅਲ ਰੈਵੋਲਿਊਸ਼ਨ ਹੈ, ਉਸ ਨੂੰ ਕਾਫੀ ਘਾਟ ਪਈ ਹੈ।

ਸਰਦਾਰ ਇੰਦਰ ਸਿੰਘ ਦੂਲੋਂ ਜਿਹੜੇ ਕਿ ਆਜ਼ਾਦੀ ਦੀ ਲੜਾਈ ਦੇ ਉਘੇ ਫਰੀਡਮ ਫਾਈਟਰ ਸਨ, ਉਨ੍ਹਾਂ ਦੇ ਸਪੁੱਤਰ ਅੱਜ ਵੀ ਇਸ ਵਿਧਾਨ ਸਭਾ ਵਿਚ ਉਨ੍ਹਾਂ ਦਾ ਕਾਰ-ਕਰਦਗੀ ਦੇ ਕਾਰਨ ਚੁਣ ਕੇ ਆਏ ਹਨ ਅਤੇ ਮੰਤਰੀ ਦੇ ਤੌਰ ਤੇ ਪ੍ਰਤੀਨਿਧਤਾ ਕਰ ਰਹੇ ਹਨ, ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ। ਇਸੇ ਤਰੀਕੇ ਨਾਲ ਸ੍ਰੀ ਸੱਤਪਾਲ ਜੀ ਕਪੂਰ, ਜੋ ਕਿ ਜਿਵੇਂ ਮੈਂ ਪਹਿਲਾਂ ਗਿਆਨੀ ਕੁੰਦਨ ਸਿੰਘ ਪਤੰਗ ਜੀ ਬਾਰੇ ਕਿਹਾ ਹੈ ਕਿ ਪ੍ਰਜਾ-ਮੰਡਲ ਮੂਵਮੈਂਟ ਵਿਚ ਉਘਾ ਰੋਲ ਅਦਾ ਕੀਤਾ ਉਸੇ ਤਰੀਕੇ ਨਾਲ ਇਨ੍ਹਾਂ ਨੇ ਵੀ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਰਜਵਾੜਾਸ਼ਾਹੀ ਦੇ ਖ਼ਿਲਾਫ਼ ਬਹੁਤ ਜੱਦੋ-ਜਹਿਦ ਕੀਤੀ ਅਤੇ ਉਨ੍ਹਾਂ ਦੀ ਕੁਰਬਾਨੀ ਦੇ ਕਾਰਨ ਹੀ ਅੱਜ ਉਨ੍ਹਾਂ ਦੇ ਸਪੁੱਤਰ ਚੁਣ ਕੇ ਇਸ ਸਦਨ ਵਿਚ ਆ ਰਹੇ ਹਨ।

ਇਸੇ ਤਰੀਕੇ ਨਾਲ ਸ੍ਰੀ ਨੂਰ ਮੁਹੰਮਦ ਖਿਲਜੀ ਅਤੇ ਮਾਸਟਰ ਗੁਰਚਰਨ ਸਿੰਘ ਜੀ, ਐਕਸ ਐਮ.ਐਲ.ਸੀ. ਸਨ. ਉਨ੍ਹਾਂ ਨੇ ਆਪਣੇ ਆਪਣੇ ਖੇਤਰ ਵਿਚ, ਆਪਣੇ ਆਪਣੇ ਸਮਾਜ ਵਿਚ ਆਪਣਾ ਕਾਫੀ ਯੋਗਦਾਨ ਪਾਇਆ। ਹੁਣੇ ਮੈਨੂੰ ਜਾਣ ਕੇ ਹਾਰਦਿਕ ਦੁੱਖ ਹੋਇਆ ਹੈ ਕਿ ਸਰਦਾਰ ਨਿਰਮਲ ਸਿੰਘ ਮਹੰਤ ਜੀ ਦੇ ਸਪੁੱਤਰ ਦੀ ਮੌਤ ਹੋ ਗਈ ਹੈ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਪਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਇਨ੍ਹਾਂ ਸਾਰੀਆਂ ਵਿਛੜੀਆਂ ਰੂਹਾਂ ਨੂੰ ਸਦਗਤੀ ਦੇਵੇ ਅਤੇ ਇਸ ਦੇ ਨਾਲ ਹੀ ਮੈਂ ਹਾਊਸ ਵਿਚ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਉਨ੍ਹਾਂ ਦੇ ਜੋ ਅੱਛੇ ਕੰਮ ਹਨ, ਉਨ੍ਹਾਂ ਤੋਂ ਸੇਧ ਲੈ ਕੇ ਇਸ ਸਦਨ ਵਿਚ ਅਤੇ ਇਸ ਸਦਨ ਤੋਂ ਬਾਹਰ ਵੀ ਅੱਛੇ ਕੰਮ ਕਰ ਸਕੀਏ ਅਤੇ ਸਮਾਜ ਨੂੰ ਸੇਧ ਦੇ ਸਕੀਏ। ਜੈ ਹਿੰਦ।

Original with;
Punjab Vidhan Sabha
Digitized by;
Panjab Digital Library

**ਸ੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ)** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪਣੇ ਸੀ.ਪੀ.ਆਈ. ਦੇ ਅਸੈਂਬਲੀ ਗਰੁੱਪ ਵਲੋਂ ਉਨ੍ਹਾਂ ਸਾਰੀਆਂ ਮਾਨਯੋਗ ਸ਼ਖਸੀਅਤਾਂ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦੀ ਹਾਂ ਜਿਨ੍ਹਾਂ ਬਾਰੇ ਅੱਜ ਇਥੇ ਸੋਕ ਮਤਾ ਪੇਸ਼ ਹੋਇਆ ਹੈ। ਮਾਸਟਰ ਗੁਰਚਰਨ ਸਿੰਘ ਜਿਨ੍ਹਾਂ ਦਾ ਨਾਂ ਬਾਅਦ ਵਿਚ ਲਿਸਟ ਵਿਚ ਐਡ ਕੀਤਾ ਗਿਆ ਹੈ, ਪ੍ਰਤੀ ਵੀ ਮੈਂ ਆਪਣੀ ਸ਼ਰਧਾਂਜਲੀ ਭੇਟ ਕਰਦੀ ਹਾਂ। ਸ੍ਰੀ ਫਕੀਰ ਚੰਦ ਗੁਪਤਾ ਜੀ ਪਰਜਾ ਮੰਡਲ ਲਹਿਰ ਨਾਲ ਸਬੰਧਤ ਸਨ, ਇਕ ਚੰਗੇ ਸੁਤੰਤਰਤਾ ਸੰਗਰਾਮੀ ਸਨ ਅਤੇ ਜੋ ਬਾਅਦ ਵਿਚ ਸਰਦਾਰ ਲਛਮਣ ਸਿੰਘ ਗਿੱਲ ਦੀ ਮਨਿਸਟਰੀ ਵਿਚ ਮਨਿਸਟਰ ਵੀ ਰਹੇ ਉਨ੍ਹਾਂ ਨੂੰ ਵੀ ਮੈਂ ਆਪਣੀ ਸ਼ਰਧਾ ਅਰਪਣ ਕਰਦੀ ਹਾਂ।

ਸਰਦਾਰ ਭੁਪਿੰਦਰ ਸਿੰਘ ਮਾਨ ਜਿਹੜੇ 1948 ਤੋਂ ਲੈ ਕੇ 1952 ਤੱਕ ਕੰਸਟੀਚੂਐਂਟ ਅਸੈਂਬਲੀ ਦੇ ਮੈਂਬਰ ਰਹੇ ਅਤੇ ਫਿਰ ਪੈਪਸੂ ਸਟੇਟ ਦੇ ਫਾਈਨਾਂਸ ਮਨਿਸਟਰ ਵੀ ਰਹੇ, ਉਨ੍ਹਾਂ ਨੂੰ ਵੀ ਮੈਂ ਆਪਣੀ ਸ਼ਰਧਾ ਅਰਪਣ ਕਰਦੀ ਹਾਂ। ਉਹ ਸ਼੍ਰੋਮਣੀ ਅਕਾਲੀ ਦਲ ਦੇ ਉਘੇ ਆਗੂ ਸਨ ਅਤੇ 77 ਸਾਲ ਦੀ ਵੀ ਉਮਰ ਵਿਚ ਉਨ੍ਹਾਂ ਦੀ ਮੌਤ ਹੋਈ।

ਗਿਆਨੀ ਕੁੰਦਨ ਸਿੰਘ ਪਵੰਰਾ ਜੋ ਬਰਨਾਲਾ ਸਾਹਿਬ ਦੀ ਮਨਿਸਟਰੀ ਵਿਚ ਹੈਲਥ ਐਂਡ ਫੈਮਿਲੀ ਪਲੈਨਿੰਗ ਦੇ ਡਿਪਟੀ ਮਨਿਸਟਰ ਸਨ, ਪਰਜਾ ਮੰਡਲ ਔਰ ਆਜ਼ਾਦੀ ਦੀ ਲਹਿਰ ਨਾਲ ਸਬੰਧਤ ਸਨ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਉਘਾ ਹਿੱਸਾ ਪਾਇਆ। ਉਹ ਐਸ.ਜੀ.ਪੀ.ਸੀ. ਦੇ ਵੀ ਇਕ ਉਘੇ ਆਗੂ ਸਨ। ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਟ ਕਰਦੀ ਹਾਂ।

ਸਰਦਾਰ ਦਲੀਪ ਸਿੰਘ ਕੰਗ ਇਕ ਉਘੇ ਸਿੱਖ ਸਕਾਲਰ ਸਨ। ਇਸ ਤੋਂ ਇਲਾਵਾ ਚੰਡੀਗੜ੍ਹ ਸ਼ਹਿਰ ਦੀ ਪਲੈਨਿੰਗ ਔਰ ਬਿਲਡਿੰਗ ਦੇ ਨਾਲ ਉਨ੍ਹਾਂ ਦਾ ਨੇੜੇ ਦਾ ਸਬੰਧ ਸੀ। ਉਹ ਇਕ ਲੀਡਿੰਗ ਐਡਵੋਕੇਟ ਵੀ ਸਨ। ਉਨ੍ਹਾਂ ਨੂੰ ਵੀ ਮੈਂ ਆਪਣੀ ਸ਼ਰਧਾ ਅਰਪਣ ਕਰਦੀ ਹਾਂ। ਸਰਦਾਰ ਹਰਚਰਨ ਸਿੰਘ ਜੀ 14 ਸਾਲ ਸਰਗਰਮ ਕਾਂਗਰਸ ਪਾਰਟੀ ਦੇ ਵਰਕਰ ਰਹੇ। ਉਨ੍ਹਾਂ ਸਮਾਜ ਦੇ ਕਮਜ਼ੋਰ ਵਰਗਾਂ, ਖਾਸ ਕਰਕੇ ਸ਼ਡਿਊਲਡ ਕਾਸਟਸ ਲਈ ਬੜਾ ਚੰਗਾ ਕੰਮ ਕੀਤਾ। ਸਰਦਾਰ ਹਰਚਰਨ ਸਿੰਘ ਹੁਡਿਆਰਾ ਐਸ.ਜੀ.ਪੀ.ਸੀ. ਔਰ ਅਕਾਲੀ ਦਲ ਦੇ ਨਾਲ ਸਬੰਧਤ ਸਨ ਔਰ ਅਕਾਲੀ ਦਲ ਦੇ ਬੜੇ ਉਘੇ ਲੀਡਰ ਸਨ। ਪੰਜਾਬੀ ਸੂਬੇ ਦੇ ਮੋਰਚੇ ਵਿਚ ਉਨ੍ਹਾਂ ਬਹੁਤ ਵੱਡਾ ਹਿੱਸਾ ਪਾਇਆ। ਇਸ ਦੇ ਨਾਲ ਨਾਲ ਉਹ ਇਕ ਉਘੇ ਫਰੀਡਮ ਫਾਈਟਰ ਵੀ ਸਨ। ਉਨ੍ਹਾਂ ਨੂੰ ਵੀ ਮੈਂ ਆਪਣੀ ਸ਼ਰਧਾ ਅਰਪਣ ਕਰਦੀ ਹਾਂ। ਉਨ੍ਹਾਂ ਦੇ ਨਾਲ ਸਬੰਧਤ ਮੈਨੂੰ ਇਕ ਬਹੁਤ ਮੰਦਭਾਗਾ ਅਤੇ ਦੁਖਦਾਈ ਇੰਸੀਡੈਂਟ ਯਾਦ ਆਉਂਦਾ ਹੈ। ਬਹੁਤ ਸਾਰੇ ਲੋਕ ਜਿਹੜੇ ਅੰਮ੍ਰਿਤਸਰ ਤੋਂ ਉਨ੍ਹਾਂ ਦੇ ਭੋਗ ਦੀ ਰਸਮ ਵਿਚ ਹਿੱਸਾ ਲੈਣ ਜਾ ਰਹੇ ਸੀ ਮੁਕਤਸਰ ਦੇ ਨੇੜੇ ਉਨ੍ਹਾਂ ਦੀ ਬੱਸ ਇਕ ਨਹਿਰ ਵਿਚ ਜਾ ਡਿੱਗੀ ਅਤੇ ਉਹ ਉਥੇ ਹੀ ਖਤਮ ਹੋ ਗਏ।

ਡਾਕਟਰ ਦੇਵ ਰਾਜ ਸੀ.ਪੀ.ਐਮ. ਦੇ ਇਕ ਉਘੇ ਆਗੂ ਸਨ। ਉਹ 15 ਸਾਲ ਪੰਚਾਇਤ ਅਤੇ 20 ਸਾਲ ਬਲਾਕ ਸੰਮਤੀ ਦੇ ਮੈਂਬਰ ਰਹੇ। ਉਹ ਖੇਤ ਮਜ਼ਦੂਰ ਯੂਨੀਅਨ ਦੇ ਭੀ ਉਘੇ ਆਗੂ ਸਨ ਉਨ੍ਹਾਂ ਨੂੰ ਵੀ ਮੈਂ ਆਪਣੀ ਸ਼ਰਧਾ ਭੇਂਟ ਕਰਦੀ ਹਾਂ। ਇਸੇ ਤਰ੍ਹਾਂ ਜਥੇਦਾਰ ਦਸੌਂਧਾ ਸਿੰਘ ਜੀ 1967-68 ਵਿਚ ਪੰਜਾਬ ਅਸੈਂਬਲੀ ਦੇ ਮੈਂਬਰ ਰਹੇ। ਉਹ ਐਸ.ਜੀ.ਪੀ.ਸੀ. ਦੇ ਮੈਂਬਰ ਵੀ ਸਨ। ਉਨ੍ਹਾਂ ਨੂੰ ਵੀ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੀ ਹਾਂ।

ਸ੍ਰੀ ਜੇ.ਆਰ.ਡੀ. ਟਾਟਾ ਦੇਸ਼ ਦੀ ਸਨਅਤੀ ਪ੍ਰਗਤੀ ਵਿਚ ਇਕ ਖਾਸ ਸਥਾਨ ਰਖਦੇ ਹਨ। ਖਾਸ ਕਰਕੇ ਸਟੀਲ ਇੰਡਸਟਰੀ ਦੇ ਵਿਕਾਸ ਵਿਚ ਉਨ੍ਹਾਂ ਨੇ ਬਹੁਤ ਵੱਡਾ ਨਾਮ ਕਮਾਇਆ। ਉਨ੍ਹਾਂ ਨੇ ਸਟੀਲ ਇੰਡਸਟਰੀ ਦੀ ਪ੍ਰਗਤੀ ਦਾ ਕੰਮ ਉਸ ਬ੍ਰਿਟਿਸ਼ ਗੌਰਮਿੰਟ ਦੇ ਵੇਲੇ ਤੋਂ ਸ਼ੁਰੂ ਕੀਤਾ

Original with;
Punjab Vidhan Sabha
Digitized by;
Panjab Digital Library

ਜੋ ਨਹੀਂ ਸੀ ਚਾਹੁੰਦੀ ਕਿ ਸਾਡਾ ਦੇਸ਼ ਸਨਅਤੀ ਤਰੱਕੀ ਕਰੇ। ਉਨ੍ਹਾਂ ਦੇਸ਼ ਦੀ ਇੰਡਸਟਰੀਅਲ ਡਿਵੈਲਪਮੈਂਟ ਵਿਚ ਬਹੁਤ ਵੱਡਾ ਹਿੱਸਾ ਪਾਇਆ। ਉਹ ਸਾਡੇ ਅੱਜ ਦੇ ਬਹੁਤ ਸਾਰੇ ਉਨ੍ਹਾਂ ਇੰਡਸਟਰੀ-ਲਿਸਟਾਂ ਵਾਂਗ ਨਹੀਂ ਸਨ ਜਿਹੜੇ ਕਿ ਵਿਦੇਸ਼ੀ ਸਰਮਾਏਦਾਰਾਂ ਦੀ ਦਲਾਲੀ, ਗੁਲਾਮੀ ਕਰਦੇ ਹਨ ਅਤੇ ਜਿਨ੍ਹਾਂ ਨੇ ਨਿੱਜੀ ਮੁਨਾਫਿਆਂ ਖਾਤਰ ਗਰਾਂਟ ਅਤੇ ਡੰਕਲ ਤਜਵੀਜ਼ਾਂ ਦਾ ਸਮਰਥਨ ਕੀਤਾ। ਉਨ੍ਹਾਂ ਨੂੰ ਮੈਂ ਆਪਣੀ ਸ਼ਰਧਾ ਅਰਪਣ ਕਰਦੀ ਹਾਂ।

ਇਸੇ ਤਰ੍ਹਾਂ ਹੀ ਸਰਦਾਰ ਇੰਦਰ ਸਿੰਘ ਦੂਲੋ ਜਿਹੜੇ ਸਰਦਾਰ ਸ਼ਮਸ਼ੇਰ ਸਿੰਘ ਦੂਲੋ ਦੇ ਪਿਤਾ ਜੀ ਸਨ, ਇਕ ਵੱਡੇ ਫਰੀਡਮ ਫਾਈਟਰ ਸਨ,। ਉਹ ਖੰਨਾ ਮਿਉਂਸਿਪਲ ਕਮੇਟੀ ਦੇ ਲਗਾਤਾਰ ਸਿਰਕੱਢ ਵਰਕਰ ਰਹੇ। ਉਨ੍ਹਾਂ ਕੈਦ ਵੀ ਕੱਟੀ। ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੀ ਹੋਈ ਮੈਂ ਸਰਦਾਰ ਸ਼ਮਸ਼ੇਰ ਸਿੰਘ ਦੂਲੋ ਨਾਲ ਦੁੱਖ ਸਾਂਝਾ ਕਰਦੀ ਹਾਂ।

ਇਸੇ ਤਰ੍ਹਾਂ ਹੀ ਸ੍ਰੀ ਸੱਤਪਾਲ ਕਪੂਰ ਜੀ ਦੀ ਮੌਤ ਤੇ ਵੀ ਜੋ ਇਕ ਉਘੇ ਫਰੀਡਮ ਫਾਈਟਰ ਸਨ, ਮੈਂ ਉਨ੍ਹਾਂ ਦੇ ਸਪੁੱਤਰ ਸ੍ਰੀ ਕਪੂਰ ਨਾਲ ਦੁੱਖ ਸਾਂਝਾ ਕਰਦੀ ਹਾਂ ਇਨ੍ਹਾਂ ਤੋਂ ਇਲਾਵਾ ਸ੍ਰੀ ਨੂਰ ਮੁਹੰਮਦ ਖਿਲਜੀ ਜੋ ਕਿ ਮਲੇਰਕੋਟਲੇ ਦੇ ਸੋਸ਼ਲ ਵਰਕਰ ਸਨ, ਉਹ ਫਰੀਡਮ ਫਾਈਟਰ ਵੀ ਸਨ ਔਰ ਬੈਕਵਰਡ ਕਲਾਸਿਜ਼ ਦੀ ਭਲਾਈ ਦੇ ਲਈ ਜਿਨ੍ਹਾਂ ਨੇ ਬਹੁਤ ਕੰਮ ਕੀਤਾ ਉਨ੍ਹਾਂ ਦੇ ਪਰਿਵਾਰ ਨਾਲ ਵੀ ਮੈਂ ਆਪਣਾ ਦੁੱਖ ਸਾਂਝਾ ਕਰਦੀ ਹਾਂ।

ਆਖਿਰ ਦੇ ਵਿੱਚ ਮਾਸਟਰ ਗੁਰਚਰਨ ਸਿੰਘ ਜੀ ਐਕਸ ਐਮ.ਐਲ.ਸੀ. ਇਨ੍ਹਾਂ ਸਾਰਿਆਂ ਦੇ ਲਈ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦੀ ਹੋਈ ਉਨ੍ਹਾਂ ਦੇ ਪਰਵਾਰਾਂ ਦੇ ਨਾਲ ਸੁਹਾਨੁਭੂਤੀ ਦਾ ਪ੍ਰਗਟਾਵਾ ਕਰਦੀ ਹਾਂ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ (ਖਡੂਰ ਸਾਹਿਬ, ਐਸ.ਸੀ.) :** ਪਿਛਲੇ ਸੈਸ਼ਨ ਤੋਂ ਬਾਅਦ ਅੱਜ ਜਦੋਂ ਅਸੀਂ ਇਕੱਠੇ ਹੋਏ ਹਾਂ ਤਾਂ ਕਈ ਮਹਾਨ ਸ਼ਖਸ਼ੀਅਤਾਂ ਜਿਨ੍ਹਾਂ ਨੇ ਸਾਡੇ ਦੇਸ਼ ਦੀ, ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਲੜੀ ਉਹ ਸਾਡੇ ਵਿੱਚ ਨਹੀਂ ਰਹੇ ਉਨ੍ਹਾਂ ਵਿੱਚੋਂ ਇਕ ਸ੍ਰੀ ਫਕੀਰ ਚੰਦ ਜੀ ਵੀ ਸਨ। ਉਹ ਸਾਡੇ ਇਸ ਹਾਊਸ ਦੇ ਮੈਂਬਰ ਵੀ ਰਹੇ ਅਤੇ ਪਹਿਲਾਂ ਮਨਿਸਟਰ ਵੀ ਰਹੇ। ਇਸੇ ਤਰ੍ਹਾਂ ਹੀ ਹੁਣੇ ਹੁਣੇ ਹੀ ਪਤਾ ਲੱਗਾ ਹੈ ਕਿ ਸਾਡੇ ਸਾਥੀ ਸਰਦਾਰ ਨਿਰਮਲ ਸਿੰਘ ਜੀ ਮਹੰਤ ਦੇ ਲੜਕੇ ਦੀ ਭਰ ਜਵਾਨੀ ਵਿਚ ਹੀ ਮੌਤ ਹੋ ਗਈ ਹੈ ਜੋ ਕਿ ਬਹੁਤ ਹੀ ਦੁੱਖਦਾਈ ਗੱਲ ਹੈ ਅਤੇ ਬੜਾ ਹੀ ਅਸਹਿ ਸਦਮਾ ਹੈ। ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖਸੇ। ਇਸੇ ਤਰ੍ਹਾਂ ਹੀ ਸਰਦਾਰ ਭੁਪਿੰਦਰ ਸਿੰਘ ਜੀ ਮਾਨ ਜੋ ਕਿ ਮਨਿਸਟਰ ਵੀ ਰਹੇ ਹਨ ਅਤੇ ਇਨ੍ਹਾਂ ਦੀ ਸਾਡੇ ਸੰਵਿਧਾਨ ਵਿੱਚ ਵੀ ਅਹਿਮ ਥਾਂ ਸੀ, ਉਹ ਇਸ ਅਸੈਂਬਲੀ ਦੇ ਮੈਂਬਰ ਵੀ ਰਹੇ ਉਹ ਵੀ ਸਾਡੇ ਕੋਲੋਂ ਵਿਛੜ ਗਏ ਹਨ।

ਇਨ੍ਹਾਂ ਤੋਂ ਇਲਾਵਾ ਗਿਆਨੀ ਕੁੰਦਨ ਸਿੰਘ ਜੀ ਪਤੰਗ ਜੋ ਕਿ ਇਕ ਗਰੀਬ ਘਰਾਣੇ ਦੇ ਵਿੱਚ ਪੈਦਾ ਹੋਏ ਜਿਨ੍ਹਾਂ ਨੂੰ ਕਿ ਬਚਪਨ ਤੋਂ ਹੀ ਪੜ੍ਹਨ ਲਿਖਣ ਦਾ ਬਹੁਤ ਸ਼ੌਕ ਸੀ, ਉਨ੍ਹਾਂ ਨੇ ਅਕਾਲ ਕਾਲਜ, ਮਸਤੂਆਣਾ ਤੋਂ ਗਿਆਨੀ ਪਾਸ ਕੀਤੀ ਅਤੇ ਸਿੱਖਿਆ ਦੇਣ ਵਿੱਚ, ਬੱਚਿਆਂ ਨੂੰ ਪੜ੍ਹਾਉਣ ਵਿੱਚ ਉਨ੍ਹਾਂ ਦੀ ਵਿਸ਼ੇਸ਼ ਰੁੱਚੀ ਸੀ। ਉਨ੍ਹਾਂ ਨੇ ਲਗਾਤਾਰ 22 ਸਾਲ ਸਖਤ ਮਿਹਨਤ ਕਰਕੇ ਲੋਕਾਂ ਨੂੰ ਵਿਦਿਆ ਦਿੱਤੀ। ਇਸੇ ਤਰ੍ਹਾਂ ਦੀ ਸਰਦਾਰ ਸੇਵਾ ਸਿੰਘ ਠੀਕਰੀ ਵਾਲਾ ਅਤੇ ਸ੍ਰੀ ਹਰਨਾਮ ਸਿੰਘ ਚਮਕ ਵਰਗੇ ਮਹਾਨ ਦੇਸ਼ ਭਗਤਾਂ ਦੀ ਪਰੇਰਨਾ ਸਦਕਾ ਦੇਸ਼ ਦੀ ਆਜ਼ਾਦੀ ਦੀ ਖਾਤਰ ਸੰਘਰਸ਼ ਕੀਤਾ ਅਤੇ ਲਾਹੌਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਤੇ ਮੁਲਤਾਨ ਦੀਆਂ ਜੇਲ੍ਹਾਂ ਵਿੱਚ ਜੇਲ੍ਹ ਵੀ ਕੱਟੀ। ਸਾਨੂੰ ਉਹ ਦੱਸਦੇ ਸਨ ਕਿ ਆਜ਼ਾਦੀ ਲੈਣ ਵੇਲੇ ਜੋ ਜੇਲ੍ਹਾਂ ਕੱਟਣੀਆਂ ਪੈਂਦੀਆਂ ਸਨ ਉਹ ਬਹੁਤ ਸਖਤ ਹੁੰਦੀਆਂ ਸਨ। ਅੰਗ੍ਰੇਜ਼ਾਂ ਦੇ ਰਾਜ ਵੇਲੇ ਸਾਨੂੰ ਦਸ ਦਸ ਕਿਲੋਂ ਮੂੰਜ ਵੱਟਣਾ ਪੈਂਦਾ ਸੀ ਔਰ ਜੇਕਰ ਨਹੀਂ ਵੱਟਦੇ ਸੀ ਤਾਂ ਅੰਗਰੇਜਾਂ ਵੱਲੋਂ ਪਾਣੀ ਪੀਣ ਦੀ ਵੀ ਅਗਿਆ ਨਹੀਂ ਹੁੰਦੀ ਸੀ।

ਇਸੇ ਤਰ੍ਹਾਂ ਹੀ ਬਰਨਾਲਾ ਸਾਹਿਬ ਦੀ ਮਨਿਸਟਰੀ ਦੇ ਵਿੱਚ ਵੀ ਉਹ ਮੰਤਰੀ ਰਹੇ ਛੇ ਵਾਰ ਵਿਧਾਨ ਸਭਾ ਦੇ ਮੈਂਬਰ ਬਣਨਾ ਇੱਕ ਮਹਾਨ ਗੱਲ ਹੈ। ਸੱਭ ਤੋਂ ਵੱਡੀ ਗੱਲ ਹੈ ਕਿ ਉਹ ਇਕ ਗਰੀਬ ਪਰਿਵਾਰ ਨਾਲ ਸਬੰਧ ਰਖਦੇ ਸਨ ਅਤੇ ਗਰੀਬ ਘਰ ਵਿੱਚ ਜਨਮ ਲੈ ਕੇ ਗਰੀਬੀ ਵਿੱਚ ਹੀ ਉਹ ਸਮਾ ਗਏ। ਉਨ੍ਹਾਂ ਦੀ ਐਨੀ ਗਰੀਬੀ ਸੀ ਕਿ ਉਹ ਆਪਣੇ ਅਖਰੀਰਲੇ ਸਮੇਂ ਵਿੱਚ ਇਕ ਪ੍ਰਾਈਵੇਟ ਨਰਸਿੰਗ ਹੋਮ ਵਿੱਚ ਆਪਣਾ ਇਲਾਜ ਕਰਵਾਉਣ ਤੋਂ ਵੀ ਅਸਮਰਥ ਸਨ ਔਰ ਉਥੇ ਉਨ੍ਹਾਂ ਦੀ ਮੌਤ ਹੋ ਗਈ। ਇਸ ਸੁਤੰਤਰਤਾ ਸੰਗਰਾਮੀ ਔਰ ਵਿਧਾਨਕਾਰ ਵੱਲ ਇਸ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ। ਉਹ ਬਹੁਤ ਵੱਡੇ ਦੇਸ਼ ਭਗਤ ਸਨ ਅਤੇ ਲਿਖਾਰੀ ਵੀ ਸਨ। ਉਨ੍ਹਾਂ ਨੇ ਬਹੁਤ ਸਾਰੀਆਂ ਕਿਤਾਬਾਂ ਵੀ ਲਿਖੀਆਂ ਹਨ। ਪਿਛਲੇ ਇਕ ਸਾਲ ਦੇ ਸਮੇਂ ਵਿੱਚ ਜਦੋ ਜਹਿਦ ਵਿੱਚ ਨਾਭਾ ਜਲਾ ਵਤਨ ਦੀ ਕਿਤਾਬ ਛਾਪ ਰਹੇ ਸਨ। ਗਰੀਬੀ ਕਾਰਨ ਉਹ ਪਰੈਸ ਵਿੱਚ ਨਹੀਂ ਪਹੁੰਚਾ ਸਕੇ ਜਦ ਕਿ ਉਨ੍ਹਾਂ ਦੀ ਪਹਿਲਾਂ ਹੀ ਮੌਤ ਹੋ ਗਈ। ਉਨ੍ਹਾਂ ਦੀ ਮਾਇਕ ਹਾਲਤ ਅਜਿਹੀ ਸੀ ਕਿ ਉਹ ਆਪਣੀਆਂ ਲਿਖਤਾਂ ਰਾਹੀਂ, ਕਿਤਾਬਾਂ ਰਾਹੀਂ ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਲੋਕਾਂ ਨੂੰ ਦੱਸਣਾ ਚਾਹੁੰਦੇ ਸਨ ਪਰ ਉਨ੍ਹਾਂ ਦੀ ਮੌਤ ਹੋ ਗਈ। ਮੈਂ ਸਰਕਾਰ ਤੋਂ ਆਸ ਕਰਦਾ ਹਾਂ ਕਿ ਸਰਕਾਰ ਅਜਿਹੇ ਦੇਸ਼ ਭਗਤਾਂ ਦੀ ਕੁਰਬਾਨੀ ਨੂੰ ਜਿਨ੍ਹਾਂ ਨੇ ਇਹ ਕਿਤਾਬ ਲਿਖੀ ਸੀ ਉਨ੍ਹਾਂ ਨੂੰ ਸਰਕਾਰ ਆਪ ਛਪਵਾਏਗੀ।

ਇਸੇ ਤਰ੍ਹਾਂ ਹੀ ਸਰਦਾਰ ਚਰਨ ਸਿੰਘ ਜੀ ਵੀ ਇਕ ਗਰੀਬ ਪਰਿਵਾਰ ਵਿੱਚੋਂ ਐਮ.ਐਲ.ਏ. ਬਣੇ। ਉਨ੍ਹਾਂ ਨੇ ਆਪਣੀ ਯੋਗਤਾ ਅਨੁਸਾਰ ਤੇ ਸਖਤ ਮਿਹਨਤ ਨਾਲ ਗਰੀਬ ਕਿਸਾਨਾਂ ਦੀ, ਮਜ਼ਦੂਰਾਂ ਦੀ ਮਦਦ ਕੀਤੀ।

ਇਸੇ ਤਰ੍ਹਾਂ ਹਰਚਰਨ ਸਿੰਘ ਹੁਡਿਆਰਾ, ਜਿਨ੍ਹਾਂ ਨੇ ਪੰਜਾਬੀ ਸੂਬਾ ਬਣਾਉਣ ਲਈ ਸੰਘਰਸ਼ ਕੀਤਾ ਅਤੇ ਮੋਰਚੇ ਦੇ ਡਿਕਟੇਟਰ ਰਹੇ, ਉਨ੍ਹਾਂ ਨੇ ਪੰਜਾਬੀ ਸੂਬਾ ਬਣਾਉਣ ਵਿੱਚ ਬੜਾ ਯੋਗਦਾਨ ਪਾਇਆ। ਉਨ੍ਹਾਂ ਦੀ ਬਦੌਲਤ ਹੀ ਅਸੀਂ ਅੱਜ ਹਿੰਦੁਸਤਾਨ ਵਿੱਚ ਆਪਣੀ ਪੰਜਾਬੀ ਸਟੇਟ ਦੇਖ ਰਹੇ ਹਾਂ। ਇਸੇ ਤਰ੍ਹਾਂ ਜਥੇਦਾਰ ਦਸੌਂਧਾ ਸਿੰਘ ਜਿਹੜੇ ਕਿ ਧਰਮ ਦਾ ਪ੍ਰਚਾਰ ਕਰਦੇ ਰਹੇ ਅਤੇ ਸਿੱਖਾਂ ਨੂੰ, ਗਰੀਬ ਅਤੇ ਅਤੇ ਪਛੜੀਆਂ ਸ਼ਰੇਣੀਆਂ ਨੂੰ ਅੱਗੇ ਵਧਣ ਅਤੇ ਤਰੱਕੀ ਵਾਸਤੇ ਕੰਮ ਕਰਦੇ ਰਹੇ। ਡਾਕਟਰ ਦੇਵ ਰਾਜ ਸਾਬਕਾ ਐਮ.ਐਲ.ਏ. 15 ਸਾਲ ਪੰਚਾਇਤ ਦੇ ਮੈਂਬਰ ਰਹੇ ਅਤੇ 10 ਸਾਲ ਸੰਮਿਤੀ ਦੇ ਮੈਂਬਰ ਰਹੇ ਅਤੇ ਉਹ ਗਰੀਬ ਮਜ਼ਦੂਰਾਂ ਦੀ ਰਹਿਨੁਮਾਈ ਕਰਦੇ ਰਹੇ। ਜੇ,ਆਰ.ਡੀ. ਟਾਟਾ, ਜਿਨ੍ਹਾਂ ਨੇ ਦੇਸ਼ ਭਗਤਾਂ ਵੱਲੋਂ ਅਜ਼ਾਦੀ ਲੈਣ ਤੋਂ ਬਾਅਦ ਬੜਾ ਜ਼ਰੂਰੀ ਸੀ ਕਿ ਇਥੇ ਤਰੱਕੀ ਲਿਆਂਦੀ ਜਾਵੇ, ਉਹ ਫਰਾਂਸ ਦੇ ਜੰਮਪਲ ਸਨ, ਉਨ੍ਹਾਂ ਨੇ ਭਾਰਤ ਦੀ ਆਰਥਕਿਤਾ ਨੂੰ ਉਚਾ ਚੁੱਕਣ ਲਈ ਸਾਡੀ ਬਹੁਤ ਮਦਦ ਕੀਤੀ। ਉਨ੍ਹਾਂ ਨੇ ਆਇਰਨ ਅਤੇ ਸਟੀਲ ਇੰਡਸਟਰੀ ਵਿੱਚ ਆਪਣਾ ਨਾ ਪੈਦਾ ਕੀਤਾ। ਇਨ੍ਹਾਂ ਸਾਰਿਆਂ ਨੂੰ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

**ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ) :** ਮਾਨਯੋਗ ਸਪੀਕਰ ਸਾਹਿਬ, ਵਿਧਾਨ ਸਭਾ ਦੇ ਪੰਜਵੇਂ ਸੈਸ਼ਨ ਮਗਰੋਂ ਛੇਵੇਂ ਸਮਾਗਮ ਸ਼ੁਰੂ ਹੋਣ ਦੇ ਸਮੇਂ ਦੌਰਾਨ ਸਾਡੇ ਕੋਲੋਂ ਮਸ਼ਹੂਰ ਹਸਤੀਆਂ, ਜਿਨ੍ਹਾਂ ਵਿੱਚ

Original with;
Punjab Vidhan Sabha
Digitized by;
Panjab Digital Library

ਸਾਬਕਾ ਮੰਤਰੀ, ਸਾਬਕਾ- ਐਮ.ਐਲ.ਏਜ਼. ਤੇ ਹੋਰ ਸੱਜਣ ਸ਼ਾਮਲ ਹਨ, ਸਾਥੋਂ ਵਿਛੜ ਗਏ ਹਨ ਅਤੇ ਉਨ੍ਹਾਂ ਨੇ ਸਾਡੇ ਸਮਾਜ ਨੂੰ ਬਣਾਉਣ ਵਿੱਚ ਆਪਣਾ ਬੜਾ ਉਘਾ ਯੋਗਦਾਨ ਪਾਇਆ। ਬਹੁਤ ਸਾਰਿਆਂ ਨੇ ਦੇਸ਼ ਦੀ ਅਜ਼ਾਦੀ ਲਈ ਰਜਵਾੜਾਸ਼ਾਹੀ ਦੇ ਖਿਲਾਫ ਆਪਣਾ ਹਿਸਾ ਪਾਇਆ ਅਤੇ ਅੱਜ ਸਾਡੇ ਲਈ ਚਾਨਣ ਮੁਨਾਰਾ ਹਨ। ਆਉਣ ਵਾਲੇ ਸਮੇਂ ਵਿੱਚ ਸਾਡੀਆਂ ਪੀੜ੍ਹੀਆਂ ਲਈ ਸਾਨੂੰ ਸਬਕ ਦੇਂਦੇ ਹਨ। ਸ੍ਰੀ ਫਕੀਰ ਚੰਦ ਗੁਪਤਾ, ਸਾਬਕਾ ਮੰਤਰੀ ਰਜਵਾੜਾਸ਼ਾਹੀ ਦੇ ਖਿਲਾਫ ਲੜੀ ਅਤੇ ਉਨ੍ਹਾਂ ਨੇ ਸਾਡੇ ਸਮਾਜ ਨੂੰ ਉਸਾਰਨ ਵਿੱਚ ਆਪਣਾ ਉਘਾ ਯੋਗਦਾਨ ਪਾਇਆ। ਸ੍ਰੀ ਭੁਪਿੰਦਰ ਸਿੰਘ ਮਾਨ, ਸਾਬਕਾ ਪੈਪਸੂ ਮੰਤਰੀ ਸਨ ਤੇ ਕੰਸਟਚੂਐਂਟ ਅਸੈਂਬਲੀ ਦੇ ਮੈਂਬਰ ਸਨ। ਗਿਆਨੀ ਕੇਹਰ ਸਿੰਘ ਪਤੰਗ ਜਿਹੜੇ ਅਕਾਲੀ ਪਾਰਟੀ ਦੇ ਆਗੂ ਸਨ ਔਰ ਐਮ.ਐਲ.ਏ. ਸਨ ਅਤੇ ਵਜ਼ੀਰ ਸਨ, ਨੇ ਬੜੀ ਗਰੀਬੀ ਦੀ ਹਾਲਤ ਵਿੱਚ ਆਪਣਾ ਰਾਜਨੀਤਕ ਜੀਵਨ ਸ਼ੁਰੂ ਕੀਤਾ ਅਤੇ ਉਸੇ ਹਾਲਤ ਵਿੱਚ ਰਾਜਨੀਤਕ ਲਾਹਾ ਨਾ ਉਠਾਉਂਦਿਆਂ ਹੋਇਆਂ ਆਪਣੇ ਪਿੱਛੇ ਜੋ ਵਿਰਸਾ ਛੱਡ ਕੇ ਗਏ ਹਨ ਉਹ ਸਾਡੇ ਲਈ ਇਕ ਚਾਨਣ-ਮੁਨਾਰਾ ਹੈ ਆਉਣ ਵਾਲੀਆਂ ਰਾਜਨੀਤਕ ਪਾਰਟੀਆਂ ਲਈ। ਉਹ ਇੰਨਾ ਲੰਮਾ ਸਮਾਂ ਐਮ.ਐਲ.ਏ. ਰਹਿਣ ਦੇ ਬਾਵਜੂਦ, ਮੰਤਰੀ ਰਹਿਣ ਦੇ ਬਾਵਜੂਦ ਉਨ੍ਹਾ ਨੇ ਆਪਣੀ ਕੋਈ ਵੱਡੀ ਜਾਇਦਾਦ ਨਹੀਂ ਬਣਾਈ ਅਤੇ ਦੇਸ਼ ਦੀ ਆਜ਼ਾਦੀ ਦੀ ਖਾਤਰ ਬੜਾ ਉਘਾ ਯੋਗਦਾਨ ਪਾਇਆ ਅਤੇ ਦਬੇ-ਕੁਚਲੇ ਲੋਕਾਂ ਦੀ ਖਾਤਰ ਲਗਾਤਾਰ ਲੜਦੇ ਰਹੇ।

ਇਸੇ ਤਰ੍ਹਾਂ ਡਾਕਟਰ ਦੇਵ ਰਾਜ ਜਿਹੜੇ ਕਿ ਸੀ.ਪੀ.ਐਮ. ਦੇ ਧੜੇ ਦੇ ਸਨ, ਉਨ੍ਹਾਂ ਨੇ ਲਗਾਤਾਰ ਆਪਣੇ ਜੀਵਨ ਵਿੱਚ ਦਬੇ ਕੁਚਲੇ ਲੋਕਾਂ ਦੀ ਖਾਤਰ, ਖੇਤ ਮਜ਼ਦੂਰਾਂ ਦੀ ਖਾਤਰ ਲੜਾਈ ਲੜੀ ਅਤੇ ਉਨ੍ਹਾਂ ਦੀ ਅਗਵਾਈ ਕਰਦੇ ਰਹੇ। ਅੱਤਵਾਦ ਦੇ ਸਮੇਂ ਵਿੱਚ ਵੀ ਉਨ੍ਹਾਂ ਨੇ ਡਟ ਕੇ ਲੜਾਈ ਲੜੀ ਅਤੇ ਆਪਣੀਆਂ ਗੱਲਾਂ ਹਰ ਸਟੇਜ ਤੇ ਜਾ ਕੇ ਕਹੀਆਂ। ਜਦੋਂ ਉਨ੍ਹਾਂ ਦੀ ਮੌਤ ਹੋਈ ਤਾਂ ਉਸ ਸਮੇਂ ਵੀ 15 ਦਸੰਬਰ ਨੂੰ ਉਹ ਲੋਕਾਂ ਦੀ ਖਾਤਰ ਐਸ.ਐਸ.ਪੀ. ਸਾਹਿਬ ਨੂੰ ਮਿਲ ਕੇ ਆਏ ਸਨ। ਉਹ ਕੇਵਲ ਡੇਢ ਕਮਰੇ ਦਾ ਮਕਾਨ ਆਪਣੇ ਪਿੱਛੇ ਛੱਡ ਕੇ ਗਏ ਹਨ। ਉਨ੍ਹਾਂ ਦਾ ਲੰਮਾਂ ਸਮਾਂ ਰਾਜਨੀਤੀ ਨਾਲ ਰਹਿਣਾ ਅਤੇ ਰਾਜਨੀਤਕ ਲਾਹਾ ਨਾ ਉਠਾਉਣਾ, ਇਹ ਗੱਲਾਂ ਸਾਨੂੰ ਰਾਹ ਦੱਸਦੀਆਂ ਹਨ ਕਿ ਆਉਣ ਵਾਲੇ ਸਮੇਂ ਵਿੱਚ ਰਾਜਨੀਤਕ ਪਾਰਟੀਆਂ ਨੂੰ ਕੋਈ ਸੇਧ ਲੈਣੀ ਚਾਹੀਦੀ ਹੈ।

ਸ੍ਰੀ ਦਲੀਪ ਸਿੰਘ ਕੰਗ, ਸਾਬਕਾ ਚੀਫ ਪਾਰਲੀਮਾਨੀ ਸਕੱਤਰ, ਸ੍ਰੀ ਚਰਨ ਸਿੰਘ ਸਾਬਕਾ ਐਮ.ਐਲ.ਏ. ਸ੍ਰੀ ਹਰਚਰਨ ਸਿੰਘ ਹੁਡਿਆਰਾ ਸਾਬਕਾ ਐਮ.ਐਲ.ਏ. ਅਤੇ ਅਕਾਲੀ ਦਲ ਦੇ ਵਾਈਸ-ਪਰੈਜੀਡੈਂਟ ਸਨ। ਉਨ੍ਹਾਂ ਨੇ ਪੰਜਾਬੀ ਸੂਬੇ ਵਿੱਚ ਆਪਣਾ ਬੜਾ ਯੋਗਦਾਨ ਪਾਇਆ। ਮੈਂ ਇਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ। ਮਾਸਟਰ ਗੁਰਚਰਨ ਸਿੰਘ, ਸ੍ਰੀ ਜੇ. ਆਰ. ਡੀ. ਟਾਟਾ, ਜਿਨ੍ਹਾਂ ਨੇ ਆਪਣੀ ਬੜੀ ਸਖਤ ਮਿਹਨਤ ਨਾਲ ਦੇਸ਼ ਦੀ ਇੰਡਸਟਰੀ ਨੂੰ ਤਰੱਕੀ ਵੱਲ ਲਿਜਾਣ ਵਿੱਚ ਆਪਣਾ ਬੜਾ ਉਘਾ ਯੋਗਦਾਨ ਪਾਇਆ।

ਇਸ ਦੇ ਨਾਲ ਹੀ ਆਜ਼ਾਦੀ ਘੁਲਾਟੀਏ ਸਰਦਾਰ ਇੰਦਰ ਸਿੰਘ ਜੀ ਦੂਲੋ, ਸ੍ਰੀ ਸੱਤ ਪਾਲ ਜੀ ਕਪੂਰ, ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਬੜੀਆਂ ਕਠਨ ਲੜਾਈਆਂ ਲੜੀਆਂ, ਜੇਲ੍ਹਾਂ ਕੱਟੀਆਂ ਅਤੇ ਜਿਨ੍ਹਾਂ ਦੇ ਯੋਗਦਾਨ ਸਦਕਾ ਅੱਜ ਅਸੀਂ ਆਜ਼ਾਦੀ ਮਾਣ ਰਹੇ ਹਾਂ ਔਰ ਇਨ੍ਹਾਂ ਦੇ ਸਪੁੱਤਰ ਸਮਸ਼ੇਰ ਸਿੰਘ ਜੀ ਦੂਲੋਂ ਸਾਡੇ ਕੈਬਨਿਟ ਮੰਤਰੀ ਹਨ ਅਤੇ ਸ੍ਰੀ ਸੁਰਿੰਦਰ ਕਪੂਰ ਜੀ, ਸ੍ਰੀ ਸੱਤ ਪਾਲ ਕਪੂਰ ਜੀ ਦੇ ਸਪੁੱਤਰ ਵੀ ਸਾਡੇ ਮੰਤਰੀ ਹਨ।

ਸ੍ਰੀ ਨੂਰ-ਮੁਹੰਮਦ ਖਿਲਜੀ ਜੀ ਸਾਡੇ ਹਲਕੇ ਦੀ ਮਹਾਨ ਸਖਸ਼ੀਅਤ ਸਨ ਔਰ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਉਘਾ ਯੋਗਦਾਨ ਪਾਇਆ। ਅੱਜ ਵੀ ਉਨ੍ਹਾਂ ਦੇ ਜੀਵਨ ਬਾਰੇ ਆਪਣੇ ਬਜ਼ੁਰਗਾਂ ਤੋਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ]

ਗੱਲਾਂ-ਬਾਤਾਂ ਸੁਣ ਕੇ ਉਤਸ਼ਾਹ ਪ੍ਰਾਪਤ ਕਰਦੇ ਹਾਂ। ਇਸ ਦੇ ਨਾਲ ਹੀ ਮੈਂ ਆਪਣੇ ਮਾਨਯੋਗ ਵਿਧਾਇਕ ਸਰਦਾਰ ਨਿਰਮਲ ਸਿੰਘ ਜੀ ਮਹੰਤ ਜਿਨ੍ਹਾਂ ਦੇ ਸਪੁੱਤਰ ਦੀ ਮੌਤ ਪਿਛੇ ਜਿਹੇ ਹੋਈ ਹੈ ਅਤੇ ਇਸ ਤੋਂ 10 ਮਹੀਨੇ ਪਹਿਲਾਂ ਉਨ੍ਹਾਂ ਦੀ ਨੂੰਹ ਦੀ ਮੌਤ ਹੋ ਗਈ ਸੀ ਅਤੇ ਇਕ ਹੋਰ ਮੌਤ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਦੀ ਹੋਈ ਸੀ ਮੈਂ ਸਰਦਾਰ ਨਿਰਮਲ ਸਿੰਘ ਜੀ ਮਹੰਤ ਨਾਲ ਦਿਲੀ ਹਮਦਰਦੀ ਪੇਸ਼ ਕਰਦਾ ਹਾਂ ਅਤੇ ਹੋਰ ਜੋ ਸਾਥੀ ਵਿਛੜੇ ਹਨ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਔਰ ਸਾਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ, ਅੱਤਵਾਦ ਅਤੇ ਵੱਖਵਾਦ ਦੇ ਖਿਲਾਫ ਜਿਨ੍ਹਾਂ ਨੇ ਬਿਨਾਂ ਡਰ ਭੈਅ ਤੋਂ ਯੋਗਦਾਨ ਪਾਇਆ ਉਨ੍ਹਾਂ ਤੋਂ ਪਰੇਰਣਾ ਲੈਕੇ ਆਪਣਾ ਰਾਜਨੀਤਕ ਜੀਵਨ ਅੱਗੇ ਤੋਰਨਾ ਚਾਹੀਦਾ ਹੈ।

**ਸਰਦਾਰ ਸੁਰਜਨ ਸਿੰਘ (ਜੋਗਾ)** : ਸਪੀਕਰ ਸਾਹਿਬ, ਅੱਜ ਅਸੀਂ ਜੋ ਛੇਵਾਂ ਸਮਾਗਮ ਸ਼ੁਰੂ ਕੀਤਾ ਹੋਇਆ ਹੈ, ਪੰਜਵੇਂ ਅਤੇ ਛੇਵੇਂ ਸਮਾਗਮ ਦੇ ਸਮੇਂ ਦੇ ਦੌਰਾਨ ਸਾਡੇ ਵਿਚੋਂ ਬਹੁਤ ਸਾਰੀਆਂ ਮਹਾਨ ਸਖਸ਼ੀਅਤਾਂ ਵਿੱਛੜ ਚੁੱਕੀਆਂ ਹਨ ਜਿਨ੍ਹਾਂ ਦੇ ਨਾਵਾ ਦੀ ਲਿਸਟ ਇੱਥੇ ਪੇਸ਼ ਕੀਤੀ ਗਈ ਹੈ। ਸ੍ਰੀ ਫਕੀਰ ਚੰਦ ਗੁਪਤਾ, ਸਾਬਕਾ ਮੰਤਰੀ, ਸਰਦਾਰ ਭੁਪਿੰਦਰ ਸਿੰਘ ਮਾਨ, ਸਾਬਕਾ ਮੰਤਰੀ, ਗਿਆਨੀ ਕੁੰਦਨ ਸਿੰਘ ਪਤੰਗ, ਸਾਬਕਾ ਡਿਪਟੀ ਮਨਿਸਟਰ, ਸ੍ਰੀ ਦਲੀਪ ਸਿੰਘ ਕੰਗ, ਸਾਬਕਾ ਚੀਫ ਪਾਰਲੀਮੈਂਟਰੀ, ਸੈਕਟਰੀ ਸ੍ਰੀ ਚਰਨ ਸਿੰਘ, ਸਾਬਕਾ-ਵਿਧਾਇਕ, ਸ੍ਰੀ ਹਰਚਰਨ ਸਿੰਘ ਹੁਡਿਆਰਾ, ਸਾਬਕਾ ਐਮ.ਐਲ.ਏ. ਜੱਥੇਦਾਰ ਦਸੌਂਧਾ ਸਿੰਘ, ਸਾਬਕਾ ਐਮ.ਐਲ.ਏ., ਡਾਕਟਰ ਦੇਵ ਰਾਜ, ਸਾਬਕਾ ਐਮ.ਐਲ.ਏ., ਸ੍ਰੀ ਜੇ ਆਰ.ਡੀ ਟਾਟਾ, ਭਾਰਤ ਰਤਨ, ਸ੍ਰੀ ਇੰਦਰ ਸਿੰਘ ਦੂਲੋਂ ਸੁਤੰਤਰਤਾ ਸੈਨਾਨੀ, ਸ੍ਰੀ ਸੱਤਪਾਲ ਕਪੂਰ, ਸੁਤੰਤਰਤਾ ਸੈਨਾਨੀ, ਸ੍ਰੀ ਨੂਰ ਮੁਹੰਮਦ ਖਿਲਜੀ ਸੁਤੰਤਰਤਾ ਸੈਨਾਨੀ ਅਤੇ ਮਾਸਟਰ ਗੁਰਚਰਨ ਸਿੰਘ, ਸਾਬਕਾ. ਐਮ. ਐਲ.ਸੀ. ਇਸ ਲਿਸਟ ਵਿੱਚ ਸ਼ਾਮਿਲ ਹਨ । ਇਨ੍ਹਾਂ ਸਾਰੀਆਂ ਮਹਾਨ ਹਸਤੀਆਂ ਨੇ ਜੋ ਸਮਾਜ ਦੇ ਵਾਸਤੇ ਕੰਮ ਕੀਤਾ ਉਸ ਨੂੰ ਅਸੀਂ ਸਾਰੇ ਭੁਲਾ ਨਹੀਂ ਸਕਦੇ ਸਗੋਂ ਉਹ ਸਾਡੇ ਸੱਭ ਤੇ ਇੱਕ ਜ਼ਿੰਮੇਵਾਰੀ ਵੀ ਛੱਡ ਗਏ ਹਨ ਕਿ ਜੋ ਸਮਾਜ ਦੇ ਅੰਦਰ ਕਮੀਆਂ ਰਹਿ ਗਈਆਂ ਹਨ, ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਉਨ੍ਹਾਂ ਦੀਆਂ ਯਾਦਾਂ ਨੂੰ ਤਾਜ਼ਾ ਕਰੀਏ ਔਰ ਉਨ੍ਹਾਂ ਦੇ ਅਧੂਰੇ ਕਾਰਜਾਂ ਨੂੰ ਪੂਰੇ ਕਰੀਏ। ਇਸ ਦੇ ਨਾਲ ਹੀ ਸਰਦਾਰ ਨਿਰਮਲ ਸਿੰਘ ਜੀ ਮਹੰਤ ਜੋ ਸਾਡੇ ਮਾਨਯੋਗ ਵਿਧਾਇਕ ਹਨ ਉਨ੍ਹਾਂ ਦੇ ਸਪੁੱਤਰ ਦਾ ਪਿੱਛੇ ਜਿਹੇ ਦਿਹਾਂਤ ਹੋ ਗਿਆ, ਉਸ ਦੀ ਮੌਤ ਤੇ ਵੀ ਮੈਂ ਦੁੱਖ ਪ੍ਰਗਟ ਕਰਦਾ ਹਾਂ ਔਰ ਇਨ੍ਹਾਂ ਸਖਸ਼ੀਅਤਾਂ ਨੂੰ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਜੈ ਜਨਤਾ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾਪੁਰਾਣਾ)** : ਸਪੀਕਰ ਸਾਹਿਬ, ਪਿਛਲੇ ਸਦਨ ਦੇ ਉਠ ਜਾਣ ਤੋਂ ਬਾਅਦ ਪੰਜਾਬ ਦੀਆਂ ਕੁਝ ਉਘੀਆਂ ਹਸਤੀਆਂ ਸਾਡੇ ਵਿੱਚ ਨਹੀਂ ਰਹੀਆਂ, ਉਨ੍ਹਾਂ ਵਿੱਚ ਸੱਭ ਤੋਂ ਪਹਿਲਾਂ ਸ੍ਰੀ ਫਕੀਰ ਚੰਦ ਜੀ ਗੁਪਤਾ, ਜੋ ਬਠਿੰਡੇ ਤੋਂ ਐਮ.ਐਲ.ਏ. ਸਨ, ਉਸ ਦੇ ਬਾਅਦ ਮੰਤਰੀ ਰਹੇ, ਸੁਤੰਤਰਤਾ ਸੈਨਾਨੀ ਸਨ ਔਰ ਅੱਜ ਦੇ ਸਮੇਂ ਵਿੱਚ ਅਜਿਹੀਆਂ ਸਖਸ਼ੀਅਤਾਂ ਦਾ ਉਠ ਜਾਣਾ, ਜਦੋਂ ਦੇਸ਼ ਇਕ ਬੜੇ ਹੀ ਗੰਭੀਰ ਸੰਕਟ ਵਿਚੋਂ ਨਿਕਲ ਰਿਹਾ ਹੋਵੇ, ਮੈਂ ਸਮਝਦਾ ਹਾਂ ਕਿ ਦੇਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਇਸ ਦੇ ਬਾਅਦ ਸਰਦਾਰ ਭੁਪਿੰਦਰ ਸਿੰਘ ਜੀ ਮਾਨ, ਜਿਹੜੇ ਪੈਪਸੂ ਵਿੱਚ ਮਨਿਸਟਰ ਸਨ ਅਤੇ ਪੰਜਾਬ ਦੀ ਤਰੱਕੀ ਲਈ ਉਨ੍ਹਾਂ ਨੇ ਬੜਾ ਯੋਗਦਾਨ ਪਾਇਆ, ਉਨ੍ਹਾਂ ਦਾ ਨਾਮ ਆਉਂਦਾ ਹੈ।

ਇਸ ਦੇ ਨਾਲ ਨਾਲ, ਸਪੀਕਰ ਸਾਹਿਬ, ਗਿਆਨੀ ਕੁੰਦਨ ਸਿੰਘ ਪਤੰਗ ਜਿਹੜੇ ਕਿ ਡਿਪਟੀ ਮਨਿਸਟਰ ਵੀ ਰਹੇ, ਉਹ ਆਪਣੀ ਆਦਰਸ਼ ਜੀਵਨ ਸਦਕਾ ਸਾਡੀ ਨੌਜਵਾਨ ਪੀੜ੍ਹੀ ਤੇ ਇੱਕ ਛਾਪ ਛੱਡ

Original with;
Punjab Vidhan Sabha
Digitized by;
Panjab Digital Library

ਗਏ ਹਨ। ਗਿਆਨੀ ਜੀ ਨੇ ਜਿੰਨੀ ਇਮਾਨਦਾਰੀ ਅਤੇ ਨੇਕ-ਨੀਤੀ ਨਾਲ ਲੋਕ ਸੇਵਾ ਕੀਤੀ, ਉਹ ਆਉਣ ਵਾਲੇ ਸਮੇਂ ਵਿਚ ਸਦਾ ਯਾਦ ਰੱਖੀ ਜਾਵੇਗੀ।

ਸਪੀਕਰ ਸਾਹਿਬ, ਜਿੱਥੋਂ ਤੱਕ ਸ੍ਰੀ ਦਲੀਪ ਸਿੰਘ ਕਗ ਜੀ ਦਾ ਤੁਅੱਲਕ ਹੈ, ਉਹ ਚੀਫ ਪਾਰਲੀਮੈਂਟਰੀ ਸੈਕਟਰੀ ਰਹੇ ਅਤੇ ਉਨ੍ਹਾਂ ਦਾ ਵੀ ਕਾਫੀ ਯੋਗਦਾਨ ਹੈ।

ਇਸ ਤੋਂ ਇਲਾਵਾ ਸ੍ਰੀ ਚਰਨ ਸਿੰਘ ਜੀ ਐਕਸ-ਐਮ.ਐਲ.ਏ., ਸ੍ਰੀ ਹਰਚਰਨ ਸਿੰਘ ਜੀ ਹੁੜਿਆਰਾ, ਐਕਸ-ਐਮ.ਐਲ.ਏ. ਅਤੇ ਜਥੇਦਾਰ ਦਸੌਂਧਾ ਸਿੰਘ ਜੀ, ਐਕਸ-ਐਮ.ਐਲ.ਏ. ਇਨ੍ਹਾਂ ਸਾਰਿਆਂ ਨੇ ਹੀ ਬੜਾ ਯੋਗਦਾਨ ਪਾਇਆ।

ਡਾਕਟਰ ਦੇਵ ਰਾਜ ਜੀ ਜਿਹੜੇ ਕਿ 1977 ਵਿਚ ਸੀ.ਪੀ.ਐਮ. ਪਾਰਟੀ ਵੱਲੋਂ ਜਿੱਤ ਕੇ ਐਮ.ਐਲ.ਏ. ਬਣੇ ਸਨ, ਉਹ ਇੱਕ ਆਦਰਸ਼ ਜੀਵਨ ਬਤੀਤ ਕਰਕੇ ਗਏ ਹਨ।

ਇਸ ਤੋਂ ਬਾਅਦ ਸ੍ਰੀ ਜੇ ਆਰ. ਡੀ. ਟਾਟਾ ਜਿਨ੍ਹਾਂ ਨੂੰ 'ਭਾਰਤ ਰਤਨ' ਦਾ ਅਵਾਰਡ ਮਿਲਿਆ ਉਨ੍ਹਾਂ ਦਾ ਇਸ ਵਕਤ ਚਲੇ ਜਾਣਾ ਜਦੋਂ ਕਿ ਦੇਸ਼ ਵਿਚ ਡੰਕਲ ਤਜਵੀਜ਼ਾਂ ਲਾਗੂ ਹੋ ਰਹੀਆਂ ਹਨ ਅਤੇ ਮਲਟੀ ਨੈਸ਼ਨਲ ਕਨਸਰਨ ਦੇਸ਼ ਤੇ ਹਾਵੀ ਹੋ ਰਹੀ ਹੈ, ਬੜਾ ਹੀ ਦੁੱਖਦਾਈ ਹੈ।

ਸਪੀਕਰ ਸਾਹਿਬ, ਇਸ ਦੇ ਨਾਲ ਨਾਲ ਮੇਰੇ ਫਾਜ਼ਿਲ ਦੋਸਤ ਸਰਦਾਰ ਸ਼ਮਸ਼ੇਰ ਸਿੰਘ ਜੀ ਦੂਲੋਂ ਜਿਹੜੇ ਕਿ ਇਸ ਸਮੇਂ ਕੈਬਨਿਟ ਵਿਚ ਮੰਤਰੀ ਹਨ ਅਤੇ ਸ੍ਰੀ ਸੁਰਿੰਦਰ ਕਪੂਰ ਜੋ ਕਿ ਇਸ ਸਮੇਂ ਮੰਤਰੀ ਹਨ, ਇਨ੍ਹਾਂ ਦੋਹਾਂ ਵਜ਼ੀਰਾਂ ਦੇ ਬਜ਼ੁਰਗਾਂ ਦੇ ਅਕਾਲ ਚਲਾਣੇ ਤੇ ਮੈਂ ਬਹੁਤ ਅਫਸੋਸ ਜ਼ਾਹਰ ਕਰਦਾ ਹਾਂ। । ਮੈਂ ਸਮਝਦਾ ਹਾਂ ਕਿ ਇਨ੍ਹਾਂ ਦੋਹਾਂ ਬਜ਼ੁਰਗਾਂ ਦੇ ਚਲੇ ਜਾਣ ਨਾਲ ਬਹੁਤ ਜ਼ਿਆਦਾ ਘਾਟਾ ਪਿਆ ਹੈ ਸਾਨੂੰ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਦੇ ਮਹਾਨ ਆਦਰਸ਼ਾਂ ਤੇ ਚਲੀਏ।

ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੇਰੇ ਫਾਜ਼ਿਲ ਦੋਸਤ ਸਰਦਾਰ ਨਿਰਮਲ ਸਿੰਘ ਜੀ ਮਹੰਤ ਜਿਨ੍ਹਾਂ ਦਾ ਨੌਜਵਾਨ ਪੁੱਤਰ ਅਕਾਲ ਚਲਾਣਾ ਕਰ ਗਿਆ। ਮੈਨੂੰ ਮਹੰਤ ਜੀ ਨੇ ਦੱਸਿਆ ਕਿ ਉਹ ਆਪਣੀ ਵਾਈਫ ਦਾ ਸਦਮਾ ਬਰਦਾਸ਼ਤ ਨਹੀਂ ਕਰ ਸਕਿਆ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਦੋ ਨੌਜਵਾਨ ਜੀਆਂ ਦੇ ਘਰਾਂ ਵਿਚੋਂ ਚਲੇ ਜਾਣ ਨਾਲ ਮਹੰਤ ਜੀ ਨੂੰ ਬਹੁਤ ਹੀ ਭਾਰੀ ਸਦਮਾ ਪਹੁੰਚਿਆ ਹੈ। ਵਾਹਿਗੁਰੂ ਅੱਗੇ ਮੈਂ ਅਰਦਾਸ ਕਰਦਾ ਹਾਂ ਕਿ ਉਹ ਦੋਵੇਂ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

ਅੰਤ ਵਿਚ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸਾਰੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੋਇਆ ਆਪਣੀ ਥਾਂ ਲੈਂਦਾ ਹਾਂ।

**ਡਾਕਟਰ ਮਹਿੰਦਰ ਕੁਮਾਰ ਰਿਣਵਾਂ (ਫਾਜ਼ਿਲਕਾ)** : ਸਪੀਕਰ ਸਾਹਿਬ, ਪਿਛਲੇ ਸਦਨ ਦੇ ਉਠ ਜਾਣ ਤੋਂ ਬਾਅਦ ਬਹੁਤ ਸਾਰੀਆਂ ਮਹਾਨ ਸਖਸ਼ੀਅਤਾਂ ਜਿਹੜੀਆਂ ਕਿ ਫਰੀਡਮ ਫਾਈਟਰ ਵੀ ਸਨ ਅਤੇ ਇਸ ਮਹਾਨ ਸਦਨ ਦੀਆਂ ਮੈਂਬਰ ਵੀ ਸਨ, ਚਲੀਆਂ ਗਈਆਂ।

ਸ੍ਰੀ ਫਕੀਰ ਚੰਦ ਜੀ ਗੁਪਤਾ, ਸਾਬਕਾ ਮੰਤਰੀ, ਜਿਨ੍ਹਾਂ ਨੇ ਪ੍ਰਜਾ ਮੰਡਲ ਮੂਵਮੈਂਟ ਵਿਚ ਬੜਾ ਯੋਗਦਾਨ ਪਾਇਆ। ਸ੍ਰੀ ਭੁਪਿੰਦਰ ਸਿੰਘ ਜੀ ਮਾਨ ਜਿਹੜੇ ਕਿ ਪੈਪਸੂ ਵਿਚ ਮੰਤਰੀ ਰਹੇ, ਗਿਆਨੀ ਕੁੰਦਨ ਸਿੰਘ ਜੀ ਪਤੰਗ ਜਿਹੜੇ ਕਿ ਡਿਪਟੀ ਮਨਿਸਟਰ ਰਹੇ ਅਤੇ ਸ੍ਰੀ ਦਲੀਪ ਸਿੰਘ ਕੰਗ, ਜਿਹੜੇ ਕਿ ਚੀਫ ਪਾਰਲੀਮੈਂਟਰੀ ਸੈਕਟਰੀ ਸਨ, ਉਨ੍ਹਾਂ ਨੇ ਪਰਜਾ ਮੰਡਲ ਮੂਵਮੈਂਟ ਵਿਚ ਕਾਫੀ ਯੋਗਦਾਨ ਪਾਇਆ।

Original with;
Punjab Vidhan Sabha
Digitized by;
Panjab Digital Library

[ਡਾਕਟਰ ਮਹਿੰਦਰ ਕੁਮਾਰ ਰਿਨਵਾਂ]

ਸ੍ਰੀ ਚਰਨ ਸਿਘ ਜੀ, ਐਕਸ-ਐਮ.ਐਲ.ਏ., ਸ੍ਰੀ ਹਰਚਰਨ ਸਿੰਘ ਜੀ ਹੁਡਿਆਰਾ, ਐਕਸ-ਐਮ. ਐਲ.ਏ ਜਿਹੜੇ ਕਿ ਐਸ.ਜੀ.ਪੀ. ਸੀ. ਦੇ ਮੈਂਬਰ ਵੀ ਸਨ, ਜਥੇਦਾਰ ਦਸੌਂਧਾ ਸਿਘ ਜੀ, ਐਕਸ-ਐਮ.ਐਲ.ਏ. ਡਾਕਟਰ ਦੇਵ ਰਾਜ ਜੀ ਜਿਹੜੇ ਕਿ ਐਮ.ਐਲ.ਏ. ਸਨ ਅਤੇ ਸੀ.ਪੀ.ਐਮ. ਨਾਲ ਸਬੰਧਤ ਸਨ, ਉਨ੍ਹਾਂ ਦਾ ਚਲੇ ਜਾਣਾ ਵੀ ਬੜੇ ਦੁੱਖ ਦੀ ਗੱਲ ਹੈ।

ਇਸ ਦੇ ਨਾਲ ਨਾਲ ਸ੍ਰੀ ਜੇ. ਆਰ. ਟਾਟਾ ਜਿਨ੍ਹਾਂ ਨੂੰ 'ਭਾਰਤ ਰਤਨ' ਦਾ ਅਵਾਰਡ ਮਿਲਿਆ, ਨੇ ਇੰਡਸਟਰੀਅਲ ਰੈਵੋਲਿਊਸ਼ਨ ਵਿਚ ਕਾਫੀ ਯੋਗਦਾਨ ਪਾਇਆ।

ਇਸ ਦੇ ਨਾਲ ਨਾਲ ਸ੍ਰੀ ਇੰਦਰ ਸਿਘ ਜੀ ਦੂਲੋਂ ਅਤੇ ਸੱਤਪਾਲ ਕਪੂਰ ਜੀ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਵੱਧ-ਚੜ੍ਹ ਕੇ ਹਿੱਸਾ ਪਾਇਆ, ਉਨ੍ਹਾਂ ਦੇ ਸਪੁੱਤਰ ਅੱਜ ਸਾਡੀ ਕੈਬਨਿਟ ਵਿਚ ਵਜ਼ੀਰ ਹਨ। ਇਸ ਦੇ ਨਾਲ ਨਾਲ ਸ੍ਰੀ ਨੂਰ ਮੁਹੰਮਦ ਖਿਲਜੀ ਜੀ ਜਿਹੜੇ ਕਿ ਫਰੀਡਮ ਫ਼ਾਈਟਰ ਸਨ, ਉਨ੍ਹਾਂ ਨੇ ਵੀ ਆਜ਼ਾਦੀ ਦੀ ਲੜਾਈ ਚ ਕਾਫੀ ਹਿੱਸਾ ਪਾਇਆ।

ਇਸ ਦੇ ਨਾਲ ਨਾਲ ਸਾਡੇ ਸਾਥੀ ਸਰਦਾਰ ਨਿਰਮਲ ਸਿਘ ਜੀ ਮਹਿਤ ਦੇ ਸਪੁੱਤਰ ਦਾ ਅਕਾਲ ਚਲਾਣਾ ਹੋ ਗਿਆ, ਮੈਂ ਉਨ੍ਹਾਂ ਨਾਲ ਵੀ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਵਿਛੜੀ ਰੂਹਾਂ ਨੂੰ ਸ਼ਾਂਤੀ ਪ੍ਰਦਾਨ ਕਰੇ।

ਇੰਨਾਂ ਕਹਿੰਦਾ ਹੋਇਆ ਮੈਂ ਸਾਰੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਦਾ ਹਾਂ।

ਸ੍ਰੀ ਸਪੀਕਰ : ਇਸ ਹਾਊਸ ਦੇ ਸਾਰੇ ਮੈਂਬਰ ਸਹਿਬਾਨ ਵੱਲੋਂ ਉਨ੍ਹਾਂ ਸਾਰੀਆਂ ਵਿਛੜੀਆਂ ਹੋਈਆਂ ਸ਼ਖਸੀਅਤਾਂ ਨੂੰ ਜੋ ਅੱਜ ਸਾਡੇ ਦਰਮਿਆਨ ਨਹੀਂ ਹਨ ਪ੍ਰਤੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਹਨ ਮੈਂ ਉਨ੍ਹਾਂ ਨਾਲ ਸ਼ਰੀਕ ਹੁੰਦਾ ਹੋਇਆ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ 2-ਮਿੰਟ ਖੜੇ ਹੋਕੇ ਮੋਨ ਧਾਰਨ ਕਰਨ। ਇਸ ਤਰ੍ਹਾਂ ਇਹ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

(ਇਸ ਸਮੇਂ ਸਦਨ ਦੇ ਸਾਰੇ ਮੈਂਬਰ ਸਾਹਿਬਾਨ 2 ਮਿੰਟ ਲਈ ਮੋਨ ਧਾਰਨ ਕਰਨ ਲਈ ਖੜੇ ਹੋਏ)।

ਸ੍ਰੀ ਸਪੀਕਰ : ਹੁਣ ਅਸੀਂ ਅੱਜ ਦੇ ਪ੍ਰਸ਼ਨਾਂ ਦੀ ਸੂਚੀ ਲੈਂਦੇ ਹਾਂ। ਸ੍ਰੀਮਤੀ ਵਿਮਲਾ ਡਾਂਗ।

## STARRED QUESTIONS AND ANSWERS

### ਰਾਜ ਵਿਚ ਪੀ.ਸੀ.ਐਸ. ਅਫਸਰਾਂ ਦੁਆਰਾ ਹੜਤਾਲ

*1167. 1. ਸ੍ਰੀਮਤੀ ਵਿਮਲਾ ਡਾਂਗ
2. ਕਾਮਰੇਡ ਹਰਦੇਵ ਸਿੰਘ ਅਰਸ਼ੀ
} ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ

ਕਿ --

(ੳ) ਅਗਸਤ, 1993 ਦੇ ਦੌਰਾਨ ਰਾਜ ਵਿਚ ਪੀ.ਸੀ.ਐਸ. ਅਫਸਰ ਕਿੰਨੇ ਦਿਨਾਂ ਲਈ ਕਲਮ-ਛੋੜ ਹੜਤਾਲ ਤੇ ਰਹੇ ਅਤੇ ਉਨ੍ਹਾਂ ਦੀਆਂ ਮੰਗਾਂ ਕੀ ਸਨ ਜਿਨ੍ਹਾਂ ਲਈ ਉਨ੍ਹਾਂ ਨੇ ਕਲਮ-ਛੋੜ ਹੜਤਾਲ ਕੀਤੀ ;

Original with;
Punjab Vidhan Sabha
Digitized by;
Panjab Digital Library

(ਅ) ਕੀ ਉਕਤ ਪੀ.ਸੀ.ਐਸ. ਅਫਸਰਾਂ ਦੀਆਂ ਮੰਗਾਂ ਦੀ ਪੜਤਾਲ ਕਰਨ ਲਈ ਸਰਕਾਰ ਦਾ ਕੋਈ ਸੀਨੀਅਰ ਅਫਸਰ ਲਗਾਇਆ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਉਸ ਅਫਸਰ ਦਾ ਨਾਂ ਕੀ ਹੈ ਅਤੇ ਉਸ ਦੁਆਰਾ ਪੇਸ਼ ਕੀਤੀ ਗਈ ਪੜਤਾਲੀਆਂ ਰਿਪੋਰਟ ਦੇ ਵੇਰਵੇ ਕੀ ਹਨ ਅਤੇ ਉਸ ਤੇ ਕੀ ਕਾਰਵਾਈ ਕੀਤੀ ਗਈ ਅਤੇ ਕਲਮ-ਛੋੜ ਹੜਤਾਲ ਖਤਮ ਕਰਨ ਲਈ ਸਰਕਾਰ ਅਤੇ ਪੀ.ਸੀ.ਐਸ. ਅਫਸਰਾਂ ਦੀ ਸੰਸਥਾ ਵਿਚਕਾਰ ਹੋਏ ਸਮਝੌਤੇ ਦੇ ਵੇਰਵੇ ਕੀ ਹਨ;

(ੲ) ਕੀ ਸਰਕਾਰ ਨੇ ਉਪ੍ਰੋਕਤ ਭਾਗ (ੳ) ਵਿਚ ਵਰਣਿਤ ਹੜਤਾਲ ਦੇ ਸਮੇਂ ਲਈ 'ਕੰਮ ਨਹੀਂ ਤਾ ਤਨਖਾਹ ਨਹੀਂ' ਫਾਰਮੂਲਾ ਲਾਗੂ ਕੀਤਾ ਸੀ?

**Sardar Beant Singh.** (a) The PCS Officers remained on pendown strike during August for 21 days (from 11th August, 1993 to 31st August, 1993).

The PCS Officer's Association submitted following demands:—

(1) Withdrawal of criminal cases registered against Sarvshri S.S. Bains, PCS, and Kulbir Singh, PCS, by Jalandhar Police immediately.

(2) Suspension of Superintendent of Police Jalandhar City (Shri Nirmal Singh Dhillon) and Police Inspector (Shri Harbahjan Singh), who misbehaved with Mr. Kulbir Singh while arresting him on the mid-night of 6th and 7th August, entering his bed room.

(3) Holding of independent inquiry in the whole episode by the Divisional Commissioner for by the Chief Secretary himself.

(4) Transfer of S.S.P., Jalandhar to facilitate the holding of an independent inquiry.

(b) Yes Sir, Shri C.L. Bains, I.A.S., Commissioner and Secretary to the Government of Punjab, Department of Food and Supplies was deputed to enquire into the circumstances leading to the arrest of two PCS Officers at Jalandhar. The inquiry Officer submitted his report on 28th August, 1993, which *inter alia* contained following findings/recommendations:—

(1) Considering the status of the Officers involved the fact that nothing was to be recovered from them after the arrest; their arrest could be avoided.

(2) The arrest could be effected in a more discreet manner and by sending senior officers to both to avoid bad taste.

(3) It was also recommended by the Inquiry Officer that in view of the incident which had happened at Jalandhar, the Government should seriously consider that whether it would be desirable that whenever there is a complaint against a public servant, lodged with the police, it may be referred to his appointing authority, who after proper application of mind at the highest level may accord its sanction or otherwise for the registration of a criminal case.

Original with;
Punjab Vidhan Sabha
Digitized by;
Panjab Digital Library

[Chief Minister]

On the basis of the report submitted by Shri C.L. Bains, the following steps have so far been taken by the Government:—

(1) Shri Nirmal Singh Dhillon, Supdt. of Police has been transferred from Jalandhar.

(ii) Shri Harbhajan Singh, Inspector conducted with the arrest has been placed under suspension, pending departmental inquiry.

(iii) Specific instructions for taking clearance from the Government for registering a criminal case against a gazetted Govt. employee by the Police, have since been issued by the Home Department.

(iv) Suitable instructions have been issued to the Vigilance Department to complete their investigation in connection with these two FIRs, following which appropriate action as deemed under law would be taken against the concerned officers.

No agreement was ever made between the Government and the PCS Officers Association in this regard and in fact PCS (EB) Officers Association called off their strike on their own.

(c) The matter is still under consideration of the Government.

**ਸ੍ਰੀਮਤੀ ਵਿਮਲਾ ਡਾਂਗ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਸ ਇਨਕੁਆਇਰੀ ਵਿੱਚ ਪੁਲਿਸ ਹਾਈ-ਹੈਂਡਿਡਨੈਂਸ ਸਿੱਧ ਹੋਈ ਹੈ ਔਰ ਇਸ ਕਿਸਮ ਦੀ ਹਾਈ-ਹੈਂਡਿਡਨੈਂਸ ਬਹੁਤ ਸਾਰੇ ਕੇਸਾਂ ਵਿੱਚ ਸਿੱਧ ਹੋਈ ਹੈ ਜਿਸ ਤਰ੍ਹਾਂ ਜੰਡਿਆਲਾ ਵਿੱਚ, ਵਿੱਚ, ਜਲੰਧਰ ਵਿੱਚ ਲਾਜਪਤ ਨਗਰ ਵਿੱਚ ਲੇਡੀਜ਼ ਦੇ ਨਾਲ ਬਹੁਤ ਭਾਰੀ ਦੁਰਵਿਵਹਾਰ ਕੀਤਾ ਗਿਆ ਹੈ ਇਸੇ ਹੀ ਤਰ੍ਹਾਂ ਪੁਲਿਸ ਹਿਰਾਸਤ ਵਿਚ ਵੀ ਪਿੱਛੇ ਕਈ ਮੌਤਾਂ ਹੋਈਆਂ ਹਨ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਪੁਲਿਸ ਹਾਈ ਹੈਂਡਿਡਨੈਂਸ ਨੂੰ ਰੋਕਣ ਲਈ ਚੀਫ਼ ਮਨਿਸਟਰ ਸਾਹਿਬ ਕੋਈ ਕਦਮ ਚੁੱਕਣਗੇ? (ਵਿਘਨ)

**ਮੁੱਖ ਮੰਤਰੀ :** ਸਪੀਕਰ ਸਾਹਿਬ, ਜਿਥੋਂ ਤਕ ਰਿਲੇਟ ਕਰਦੀ ਹੈ ਇਹ ਗੱਲ ਜਿਸ ਦੀ ਇਨਸਟਾਂਸ ਦੱਸੀ ਹੈ ਇਸ ਦੇ ਵਾਸਤੇ ਸੈਪਰੇਟ ਨੋਟਿਸ ਦੇ ਦੇਣ ਲੇਕਿਨ ਇਹ ਗੱਲ ਗਲਤ ਹੈ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਰੋਜ਼ਮਰ੍ਹਾ ਪੁਲਿਸ ਦੀ ਕਸਟੱਡੀ ਵਿੱਚ ਬੰਦੇ ਮਰਦੇ ਹਨ। ਜੇ ਇਨ੍ਹਾਂ ਦੇ ਧਿਆਨ ਵਿੱਚ ਕੋਈ ਗੱਲ ਹੈ ਤਾਂ ਉਹ ਮੇਰੇ ਨੋਟਿਸ ਵਿੱਚ ਲਿਆ ਦੇਣ, ਮੈਂ ਇਨਕੁਆਇਰੀ ਕਰਵਾ ਲਵਾਂਗਾ।

**ਸ੍ਰੀਮਤੀ ਵਿਮਲਾ ਡਾਂਗ :** ਸਪੀਕਰ ਸਾਹਿਬ, ਇਹ ਸਵਾਲ ਇੰਟਰਲਿੰਕਡ ਹੈ (ਵਿਘਨ) ਪੁਲਿਸ ਹਾਈਹੈਂਡਿਡਨੈਂਸ ਨੂੰ ਰੋਕਣ ਲਈ ਸਰਕਾਰ, ਨੂੰ ਕੋਈ ਠੋਸ ਕਦਮ ਚੁੱਕਣੇ ਚਾਹੀਦੇ ਹਨ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਸਰਕਾਰ ਨੇ ਕਦਮ ਚੁੱਕੇ ਹਨ। ਜੇ ਕੋਈ ਹੋਰ ਗੱਲ ਇਨ੍ਹਾਂ ਦੇ ਧਿਆਨ ਵਿੱਚ ਹੈ ਉਸ ਦੇ ਬਾਰੇ ਦੱਸਣ, ਕਦਮ ਚੁੱਕੇ ਜਾਣਗੇ।

**ਸ੍ਰੀਮਤੀ ਵਿਮਲਾ ਡਾਂਗ :** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਬੜਾ ਡੀਟੇਲ ਵਿਚ ਜਵਾਬ ਦਿੱਤਾ ਹੈ ਔਰ ਸਾਰੇ ਫੈਕਟਸ ਵੀ ਦਸੇ ਹਨ। ਇਸ ਦੇ ਨਾਲ ਹੀ ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਇਸ ਕੇਸ ਦੇ ਨਾਲ ਜਿਹੜਾ ਕਾਰਾਂ ਦੀ ਚੋਰੀ ਦਾ ਸਕੈਂਡਲ ਚਲ ਰਿਹਾ ਸੀ ਜਿਨ੍ਹਾਂ ਦਾ ਨੰਬਰ ਵਗੈਰਾ ਬਦਲ ਕੇ ਚਲਾਈਆਂ ਜਾਂਦੀਆਂ ਸਨ, ਜਲੰਧਰ ਦੇ ਵਿਚ ਵੀ ਇਹ ਕੇਸ ਹੋਇਆ ਹੈ, ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਕਿਤੇ ਇਹ ਪੁਲਿਸ ਦੇ ਕੇਸ ਦੇ ਨਾਲ ਉਹ ਕਾਰਾਂ ਦੀ ਚੋਰੀ ਦਾ ਕੇਸ ਖੁਰਦ-ਬੁਰਦ ਤਾਂ ਨਹੀਂ ਹੋ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਨਹੀਂ ਜੀ, ਇਹ ਖੁਰਦ ਬੁਰਦ ਨਹੀਂ ਹੋ ਰਿਹਾ। ਉਹ ਇਨਕੁਆਰੀ ਚਲ ਰਹੀ ਹੈ। ਇਹ ਪ੍ਰਾਈਵੇਟਲੀ ਮੇਰੇ ਕੋਲੋਂ ਪੁੱਛ ਲੈਣ। ਮੈਂ ਸਾਰੀ ਗੱਲ ਦੱਸ ਦੇਵਾਂਗਾ ਇਹ ਮੇਰੇ ਕੋਲ ਆ ਜਾਣ। ਕਿਸੇ ਨਾਲ ਕੋਈ ਰਿਆਇਤ ਨਹੀਂ ਕੀਤੀ ਜਾਵੇਗੀ ਔਰ ਸਾਰੇ ਕੇਸ ਦੀ ਪੂਰੀ ਛਾਣਬੀਣ ਕੀਤੀ ਜਾਵੇਗੀ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਇਨਕੁਆਇਰੀ ਚਲ ਰਹੀ ਹੈ ਔਰ ਇਹ ਗੱਲ ਸਾਬਤ ਵੀ ਹੋ ਚੁੱਕੀ ਹੈ ਕਿ ਪੁਲਿਸ ਨੇ ਜ਼ਿਆਦਤੀ ਕੀਤੀ ਹੈ। ਇਸ ਦੇ ਨਾਲ ਜਿਹੜਾ ਕਾਰਾਂ ਦੀ ਚੋਰੀ ਦਾ ਸਕੈਂਡਲ ਹੈ ਕਿਤੇ ਉਹ ਤਾਂ ਖੁਰਦ ਬੁਰਦ ਨਹੀਂ ਹੋ ਜਾਵੇਗਾ। ਉਸ ਵਾਸਤੇ ਭੀ ਉਨ੍ਹਾਂ ਨੇ ਭਰੋਸਾ ਦਿਵਾਇਆ ਹੈ। ਇਹ ਠੀਕ ਹੈ ਕਿ ਪੰਜਾਬ ਵਿਚ ਅਮਨ ਲਿਆਉਣ ਵਾਸਤੇ ਪੁਲਿਸ ਨੇ ਬੜਾ ਅੱਛਾ ਰੋਲ ਅਦਾ ਕੀਤਾ ਹੈ ਪਰ ਕਿਤੇ ਹੁਣ ਪੁਲਿਸ ਦੇ ਦਿਮਾਗ ਵਿਚ ਇਹ ਗੱਲ ਤਾਂ ਨਹੀਂ ਆ ਗਈ ਕਿ ਹਰ ਇਕ ਨਾਲ ਜੋ ਮਰਜ਼ੀ ਆਏ ਸਲੂਕ ਕਰਦੇ ਰਹਿਣ। ਜਲੰਧਰ ਦੇ ਵਿਚ ਜੁਡੀਸ਼ਰੀ ਤੇ ਜਿਸ ਤਰ੍ਹਾਂ ਨਾਲ ਪੁਲਿਸ ਨੇ ਕੀਤਾ ਇਸ ਤੋਂ ਕੀ ਸੀ.ਐਮ. ਸਾਹਿਬ ਸੁਚੇਤ ਰਹਿਣਗੇ ਅਤੇ ਕੀ ਇਹ ਯਕੀਨ ਦਿਵਾਉਣਗੇ ਕਿ ਅੱਗੇ ਤੋਂ ਯਤਨ ਕੀਤਾ ਜਾਵੇਗਾ ਕਿ ਇਸ ਤਰ੍ਹਾਂ ਦੇ ਕੇਸ ਨਾ ਹੋਣ।

**ਮੁੱਖ ਮੰਤਰੀ** : ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਆਪ ਹੀ ਪੁਲਿਸ ਦੇ ਜੋ ਚੰਗੇ ਕੰਮ ਹਨ ਉਨ੍ਹਾਂ ਦਾ ਜ਼ਿਕਰ ਕੀਤਾ ਹੈ। ਬਾਕੀ ਜੋ ਕਿਸੇ ਜਗ੍ਹਾ ਕੋਈ ਅਜਿਹੀ ਗੱਲ ਹੋਈ ਹੈ ਤਾਂ ਉਸ ਵਿਚ ਅਣਗਹਿਲੀ ਨਹੀਂ ਕੀਤੀ ਜਾਵੇਗੀ, ਸਜ਼ਾ ਦਿੱਤੀ ਜਾਵੇਗੀ। ਇਹ ਗੱਲ ਦਾ ਧਿਆਨ ਰਖਿਆ ਜਾਂਦਾ ਹੈ ਕਿ ਪੁਲਿਸ ਕਿਸੇ ਨਾਲ ਵੀ ਜ਼ਿਆਦਤੀ ਨਾ ਕਰੇ।

**श्रीमति लक्ष्मी कांता चावला** : अध्यक्ष महोदय, मैं आप के माध्यम से यह पूछना चाहती हूं कि पुलिस ने जो जो हाई-हैंडिडनैस की है और जो कारों का सकैंडल हुआ है वह सब इन के ध्यान में है। पर मैं इन का ध्यान जंडियाला और सजानपुर में जो पुलिस ने हाई-हैंडिडनैस की, उस की ओर दिलाना चाहती हूं। वह कारें जो पकड़ी गई वह अब कहां कहां है और किस किस के घर चल रही हैं। (विघ्न)।

**ਮੁੱਖ ਮੰਤਰੀ** : ਇਨ੍ਹਾਂ ਨੇ ਦੋ ਕਿਸਮ ਦੇ ਸਵਾਲ ਕੀਤੇ ਹਨ, ਜੇ ਇਸ ਦਾ ਵੱਖਰਾ ਨੋਟਿਸ ਦੇ ਦੇਣ ਤਾਂ ਜਵਾਬ ਦੇ ਦਿੱਤਾ ਜਾਵੇਗਾ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਮੇਰੇ ਕਾਰਾਂ ਵਾਲੇ ਕੇਸ ਦਾ ਹੀ ਦੱਸ ਦਿਓ ਕਿ ਕਿਸ ਦੇ ਘਰ ਚਲ ਰਹੀਆਂ ਹਨ (ਵਿਘਨ)।

**Mr. Speaker** : Next question. (Interruption).

I have called the next question, (*interuption*) No more supplementary on the first question.

---

## ਰਾਜ ਵਿਚ ਸਰਕਾਰੀ ਖੇਤਰ ਦੇ ਅਦਾਰਿਆਂ ਦਾ ਨਿੱਜੀਕਰਣ

*1217. **ਸ੍ਰੀ ਸਤਨਾਮ ਸਿੰਘ ਕੈਂਥ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :--

(ੳ) ਰਾਜ ਵਿਚ ਸਰਕਾਰੀ ਖੇਤਰ ਦੇ ਅਦਾਰਿਆਂ ਦੇ ਨਿੱਜੀਕਰਣ ਦੇ ਮਾਮਲੇ ਤੇ ਵਿਚਾਰ ਕਰਨ ਲਈ ਨਿਯੁਕਤ ਕੀਤੀ ਗਈ ਪ੍ਰਸ਼ਾਸਕੀ ਸਕੱਤਰਾਂ ਦੀ ਕਮੇਟੀ ਦੀ ਰਿਪੋਰਟ ਦਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਤਨਾਮ ਸਿੰਘ ਕੈਂਥ]

ਵੇਰਵਾ ਕੀ ਹੈ ਅਤੇ ਸਰਕਾਰੀ ਖੇਤਰ ਦੇ ਉਨ੍ਹਾਂ ਅਦਾਰਿਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦੇ ਨਿੱਜੀਕਰਣ ਬਾਰੇ ਉਕਤ ਕਮੇਟੀ ਦੁਆਰਾ ਸਿਫਾਰਸ਼ ਕੀਤੀ ਗਈ ਹੈ;

(ਅ) ਉਕਤ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਸਰਕਾਰ ਦੁਆਰਾ ਕੀਤੀ ਜਾਣ ਵਾਲੀ ਕਾਰਵਾਈ ਦਾ ਵੇਰਵਾ ਕੀ ਹੈ;

(ੲ) ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਰਕਾਰੀ ਖੇਤਰ ਦੇ ਅਦਾਰਿਆਂ ਦੇ ਨਿੱਜੀਕਰਣ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਸਬੰਧਤ ਅਦਾਰਿਆਂ ਦੀਆਂ ਸਬੰਧਤ ਟਰੇਡ ਯੂਨੀਅਨਾਂ ਨੂੰ ਵਿਸ਼ਵਾਸ ਵਿਚ ਲੈਣ ਦੀ ਤਜਵੀਜ਼ ਹੈ ?

**Sardar Beant Singh:** (a) The report of the Committee is not yet ready.

(b) As per (a) above.

(c) As per (a) above.

ਸ਼੍ਰੀ ਸਤਨਾਮ ਸਿੰਘ ਕੈਂਥ : ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਮੇਟੀ ਦੀ ਰਿਪੋਰਟ ਆਉਣ ਤੋਂ ਪਹਿਲਾਂ ਕੋਈ ਸੈਕਟਰ ਪ੍ਰਾਈਵੇਟ ਹੱਥਾਂ ਵਿਚ ਤਾਂ ਨਹੀਂ ਦਿੱਤਾ ਗਿਆ?

ਮੁੱਖ ਮੰਤਰੀ : ਨਹੀਂ ਜੀ, ਐਸੀ ਕੋਈ ਗੱਲ ਨਹੀਂ। ਕੋਈ ਪ੍ਰਾਈਵੇਟਾਈਜੇਸ਼ਨ ਨਹੀਂ ਹੋ ਰਹੀ। ਕਮੇਟੀ ਦੀ ਰਿਪੋਰਟ ਉਡੀਕ ਰਹੇ ਹਾਂ।

ਸ਼੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੁੱਖ ਮੰਤਰੀ ਸਾਹਿਬ ਹਾਊਸ ਨੂੰ ਭਰੋਸਾ ਦਿਵਾਉਣਗੇ ਕਿ ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਲਾਗੂ ਕਰਨ ਤੋਂ ਪਹਿਲਾਂ ਹਾਊਸ ਵਿਚ ਵਿਚਾਰ ਲਈ ਰਖੀ ਜਾਵੇਗੀ?

ਮੁੱਖ ਮੰਤਰੀ : ਸਪੀਕਰ ਸਾਹਿਬ, ਹਾਊਸ ਵਿਚ ਵੀ ਵਿਚਾਰੀ ਜਾ ਸਕਦੀ ਹੈ ਪਰ ਜੇ ਹਾਊਸ ਨਹੀਂ ਹੁੰਦਾ ਤਾਂ ਸਾਰੀਆਂ ਪਾਰਟੀਆਂ ਦੀ ਰਾਏ ਲੈ ਲਈ ਜਾਵੇਗੀ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਜੋ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕਮੇਟੀ ਦੀ ਰਿਪੋਰਟ ਆਏਗੀ ਉਸ ਤੋਂ ਬਾਅਦ ਪ੍ਰਾਈਵੇਟਾਈਜ਼ ਕਰਨ ਲਈ ਹਾਊਸ ਵਿਚ ਰਿਪੋਰਟ ਨੂੰ ਡਿੱਸਕਸ ਕਰਾਂਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੁੱਖ ਮੰਤਰੀ ਸਾਹਿਬ ਇਸ ਗੱਲ ਦਾ ਹਾਊਸ ਵਿਚ ਭਰੋਸਾ ਦੇਣਗੇ ਕਿ ਕਿਸੇ ਵੀ ਪਬਲਿਕ ਅੰਡਰਟੇਕਿੰਗ ਨੂੰ ਪ੍ਰਾਈਵੇਟਾਈਜ਼ ਕਰਨ ਵੇਲੇ ਉਨ੍ਹਾਂ ਦੇ ਇਮਪਲਾਈਜ਼ ਦੇ ਰਾਈਟਸ, ਪੇ ਫਿਕਸੇਸ਼ਨ ਅਤੇ ਇਮਪਲਾਇਮੈਂਟ ਦੀ ਗਰੰਟੀ ਕੀਤੀ ਜਾਵੇਗੀ ਤਾਂ ਕਿ ਉਨ੍ਹਾਂ ਦਾ ਕੋਈ ਨੁਕਸਾਨ ਨਾ ਹੋਵੇ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੁਲਾਜ਼ਮਾਂ ਦੇ ਰੂਲਜ਼ ਬਣੇ ਹੋਏ ਹਨ। ਉਨ੍ਹਾਂ ਨੂੰ ਦੂਸਰੀ ਥਾਂ ਤੇ ਅਕਾਮੋਡੇਟ ਕੀਤਾ ਜਾਂਦਾ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਹਾਲੇ ਕਮੇਟੀ ਦੀ ਰਿਪੋਰਟ ਨਹੀਂ ਆਈ ਹੈ ਅਤੇ ਮਾਮਲਾ ਵਿਚਾਰ ਅਧੀਨ ਹੈ। ਜਦੋਂ ਕਮੇਟੀ ਬਣੀ ਹੋਈ ਹੈ ਉਹ ਹਰ ਆਸਪੈਕਟ ਐਗਜ਼ਾਮਿਨ ਕਰੇ ਅਤੇ ਪਬਲਿਕ ਦੇ ਹਿੱਤ ਵਿਚ ਹਰ ਪਬਲਿਕ ਸੈਕਟਰ ਨੂੰ ਡਿਸਕਸ ਕਰੇ।

Original with;
Punjab Vidhan Sabha
Digitized by;
Punjab Digital Library

ਜਿਸ ਤਰ੍ਹਾਂ ਸਰਕਾਰ ਨੇ ਬਠਿੰਡਾ ਸਪਿਨਿੰਗ ਮਿੱਲ ਅਤੇ ਬੁੱਢਲਾਡਾ ਸ਼ੂਗਰ ਮਿਲਜ਼ ਨੂੰ ਪ੍ਰਾਈਵੇਟਾਈਜ਼ ਕਰ ਦਿੱਤਾ ਹੈ। ਜਦ ਸਰਕਾਰ ਨੇ ਇਸ ਸਬੰਧ ਵਿਚ ਕਮੇਟੀ ਬਣਾ ਦਿੱਤੀ ਹੈ ਫੇਰ ਇਸ ਤਰ੍ਹਾਂ ਕੁਝ ਅਦਾਰਿਆਂ ਨੂੰ ਕਮੇਟੀ ਦੀ ਰਿਪੋਰਟ ਤੋਂ ਪਹਿਲੇ ਹੀ ਸਰਕਾਰ ਕਿਉਂ ਪ੍ਰਾਈਵੇਟਾਈਜ਼ ਕਰ ਰਹੀ ਹੈ? ਜਿੰਨੀ ਦੇਰ ਤੱਕ ਕਮੇਟੀ ਦੀ ਰਿਪੋਰਟ ਹਾਊਸ ਵਿਚ ਡਿਸਕਸ ਨਹੀਂ ਹੋ ਜਾਂਦੀ ਅਤੇ ਇਥੇ ਸਾਂਝੀ ਸਮਝ ਨਹੀਂ ਬਣਦੀ ਕੋਈ ਪਬਲਿਕ ਅੰਡਰਟੇਕਿੰਗ ਨੂੰ ਪ੍ਰਾਈਵੇਟਾਈਜ਼ ਨਾ ਕੀਤਾ ਜਾਵੇ।

ਮੁੱਖ ਮੰਤਰੀ : ਸਪੀਕਰ ਸਾਹਿਬ, ਅਨਫਾਰਚੂਨੇਟਲੀ, ਕਈ ਅਦਾਰੇ ਕਾਫੀ ਦੇਰ ਤੋਂ ਘਾਟੇ ਵਿਚ ਚਲ ਰਹੇ ਹਨ ਅਤੇ ਅਸੀਂ ਉਹ ਘਾਟਾ ਬਰਦਾਸ਼ਤ ਨਹੀਂ ਕਰ ਸਕਦੇ। ਇਸ ਕਮੇਟੀ ਦੀ ਰਿਪੋਰਟ ਜਦੋਂ ਆਵੇਗੀ ਅਸੀਂ ਉਤਨੀ ਦੇਰ ਤੱਕ ਇਨ੍ਹਾਂ ਸਿੱਕ ਯੂਨਿਟਾਂ ਨੂੰ ਘਾਟੇ ਵਿਚ ਨਹੀਂ ਚਲਾ ਸਕਦੇ। ਇਨ੍ਹਾਂ ਨੂੰ ਘਾਟੇ ਦੇ ਕਰਕੇ ਹੀ ਵੇਚ ਰਹੇ ਹਾਂ। ਕਮੇਟੀ ਨੂੰ ਕਿਹਾ ਹੈ ਕਿ ਉਹ ਇਸ ਗੱਲ ਦੀ ਸਟੱਡੀ ਕਰੇ ਕਿ ਇਹ ਘਾਟੇ ਵਿਚ ਕਿਉਂ ਚਲ ਰਹੀਆਂ ਹਨ ?

ਸਰਦਾਰ ਸੁਰਜਨ ਸਿੰਘ : ਸਪੀਕਰ ਸਾਹਿਬ, ਜਿਹੜੇ ਅਦਾਰਿਆਂ ਦੀ ਪ੍ਰਾਈਵੇਟਾਈਜ਼ੇਸ਼ਨ ਕੀਤੀ ਜਾ ਰਹੀ ਹੈ ਅਤੇ ਘਾਟੇ ਵਿਚ ਚਲ ਰਹੇ ਹਨ, ਕੀ ਸਰਕਾਰ ਨੇ ਇਨ੍ਹਾਂ ਅਦਾਰੀਆਂ ਨੂੰ ਘਾਟੇ ਵਿਚ ਜਾਣ ਦੇ ਕਾਰਨ ਜਾਣਨ ਦੀ ਕੋਸ਼ਿਸ਼ ਕੀਤੀ ਸੀ ਅਤੇ ਕੀ ਸੋਚਿਆ ਸੀ ਕਿ ਇਨ੍ਹਾਂ ਅਦਾਰਿਆਂ ਨੂੰ ਜਿਹੜੇ ਘਾਟੇ ਵਿਚ ਚਲ ਰਹੇ ਹਨ ਉਸ ਘਾਟੇ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾਵੇ ਅਤੇ ਕਿਸੇ ਉਪਰਾਲੇ ਤੇ ਵਿਚਾਰ ਕੀਤਾ ਸੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸੈਪਰੇਟ ਨੋਟਿਸ ਦੇ ਦੇਣ।

---

ਨਿਸ਼ਾਨਵਾਲੇ ਪ੍ਰਸ਼ਨ ਨੰਬਰ 1187 ਅਤੇ 1186

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ)।

---

ਰਾਜ ਵਿਚ ਸਹਿਕਾਰੀ ਖੰਡ ਮਿੱਲਾਂ ਦਾ ਨਿੱਜੀਕਰਣ

*1120. 1. ਕਾਮਰੇਡ ਹਰਦੇਵ ਸਿੰਘ ਅਰਸ਼ੀ
2. ਸ਼੍ਰੀਮਤੀ ਵਿਮਲਾ ਡਾਂਗ
} : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸਹਿਕਾਰੀ ਖੰਡ ਮਿਲਾਂ ਨੂੰ ਪ੍ਰਾਈਵੇਟ ਖੇਤਰ ਨੂੰ ਸੌਂਪਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇ ਕਰ ਹੈ, ਤਾਂ ਇਸ ਦੇ ਕੀ ਕਾਰਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**Shri Sajjan Kumar Jakhar :** 1. Yes. A proposal to privatise the two new sugar mills at Budhlada and Faridkot is under the consideration of the Government.

2. **Reasons for privatisation/dis-investment.**

Huge losses suffered by these mills in the previous years. These two mills suffered very severe losses. The net loss as on 31st March, 1993 for Budhlada and Faridkot is Rs. 19.09 Crores and Rs. 15.26 Crores respectively. Further, projected net loss for 1993-94 for Budhlada and Faridkot is Rs. 0.37 Crores and Rs. 7.99 crores respectively. Thus, on 31st March, 1994

Original with;
Punjab Vidhan Sabha
Digitized by;
Panjab Digital Library

[Minister for Cooperation]

the net loss for Budhlada and Faridkot would be Rs. 27.46 crores and 23.25 crores respectively. These losses are on account of the following:

(a) Poor availabilty of cane in the Mill's gate are.

(b) Therefore, heavy transportation costs have to be incurred for transporting cane from outside areas.

(c) This time lag in transportation causes driage and thereby reduction in sugar content in the juice. This causes reducted sugar recoveries.

(d) Initial technical problems in the mills resulting in increased down-time and reduced production. Other expenditures and over-head remaining the same.

(e) These mills could not get Sampath Committee. Incentives in the shape of higher free sale quotas till March, 1993.

(f) High-debt servicing cost.

3. **Time by which it is likely to be done:**

It is not possible to specify any specific definite time.

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰ-ਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜੋ ਰੀਜ਼ਨਜ਼ ਦੱਸੇ ਹਨ ਕਿ ਇਨ੍ਹਾਂ ਰੀਜ਼ਨਜ਼ ਕਰਕੇ ਕੋਆਪਰੇਟਿਵ ਸੈਕਟਰ ਦੀਆਂ ਮਿੱਲਾਂ ਪ੍ਰਾਈਵੇਟ ਸੈਕਟਰ ਵਿਚ ਵੇਚਣ ਦੀ ਇਨ੍ਹਾਂ ਦੀ ਤਜਵੀਜ਼ ਹੈ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਹ ਕੀ ਕੀ ਕਾਰਣ ਹਨ ਜਿਨ੍ਹਾਂ ਦੇ ਕਾਰਣ ਇਹ ਮਿੱਲਾਂ ਘਾਟੇ ਵਿਚ ਜਾ ਰਹੀਆਂ ਹਨ? ਅਗਰ ਇਹੀ ਕਾਰਣ ਹਨ ਤਾਂ ਪ੍ਰਾਈਵੇਟ ਐਸੀ ਕਿਹੜੀ ਫਰਮ ਹੋਵੇਗੀ ਅਤੇ ਉਸ ਦੇ ਕੋਲ ਐਸਾ ਕਿਹੜਾ ਅਲ੍ਹਾਦੀਨ ਦਾ ਚਿਰਾਗ ਹੋਵੇਗਾ ਕਿ ਉਹ ਸਾਰੇ ਕਾਰਣ ਦੂਰ ਕਰ ਦੇਵੇਗੀ ਜਿਹੜੇ ਸਟੇਟ ਗੌਰਮਿੰਟ ਦੂਰ ਨਹੀਂ ਕਰ ਸਕਦੀ ਅਤੇ ਇਸਦੇ ਵਿਚ ਕੀ ਇਹ ਦੂਸਰੇ ਕਾਰਣ ਨਹੀਂ ਕਿ ਬਾਕਾਇਦਾ ਕੋਈ ਟਾਪ ਆਫੀਸਰਜ਼ ਦੀ ਲਾਬੀ ਹੈ ਜਿਸਦੇ ਪ੍ਰਾਈਵੇਟ ਇੰਡਸਟਰੀਲਿਸਟਾਂ ਨਾਲ ਨੇੜੇ ਦੇ ਰਿਲੇਸ਼ਨਜ਼ ਹਨ ਔਰ ਜਿਨ੍ਹਾਂ ਦੀ ਸੀ.ਬੀ.ਆਈ. ਤੋਂ ਜਾਂਚ ਕਰਾਈ ਜਾਣੀ ਜ਼ਰੂਰੀ ਹੈ ਔਰ ਜਿਹੜੇ ਜਾਣ ਬੁਝ ਕੇ ਇਨ੍ਹਾਂ ਮਿੱਲਾਂ ਦੇ ਵਿਚ ਸਕੈਂਡਲ ਕਰਾ ਰਹੇ ਹਨ, ਕਰੱਪਸ਼ਨ ਕਰਾ ਰਹੇ ਹਨ ਅਤੇ ਫਿਰ ਘਾਟੇ ਦਿਖਾ ਰਹੇ ਹਨ, ਇਨ੍ਹਾਂ ਮਿੱਲਾਂ ਨੂੰ ਬਦਨਾਮ ਕਰਕੇ ਫਿਰ ਪਰੀ-ਪਲਾਨਡ ਯੋਜਨਾ-ਬੱਧ ਤਰੀਕੇ ਨਾਲ ਇਨ੍ਹਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਸੌਂਪਣ ਦੀ ਕੋਸ਼ਿਸ ਕਰ ਰਹੇ ਹਨ? ਕੀ ਸਰਕਾਰ ਕੋਲ ਇਨ੍ਹਾਂ ਗੱਲਾਂ ਦੀ ਜਾਣਕਾਰੀ ਹੈ?

**Minister:** There is no such scheme. Only reason for this is due to non-availabilty of sugarcane in that area and that is why these Mills are going into losses, heavy losses. As Sardar Beant Singh has said, the Government cannot afford to suffer heavy losses for many years. Very huge losses are being suffered every year. Only for this reason these are being privatised.

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਇਹ ਮੇਰਾ ਪ੍ਰਸ਼ਨ ਹੈ ਅਤੇ ਦੋ ਸਪਲੀਮੈਂਟਰੀ ਕਰਨ ਦਾ ਮੇਰਾ ਅਧਿਕਾਰ ਬਣਦਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਇਸ ਤਰ੍ਹਾਂ ਦੀ ਕੋਈ ਸਕੀਮ ਇਨ੍ਹਾਂ ਦੀ ਨਹੀਂ ਹੈ ਅਤੇ ਨਾ ਹੀ ਕੋਈ ਗੱਲ ਇਸ ਤਰ੍ਹਾਂ ਦੀ ਕੀਤੀ ਜਾ ਰਹੀ ਹੈ। ਅਗਰ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋ ਰਹੀ ਤਾਂ ਮੈਂ ਇਸ ਲਈ ਇਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਇਸ ਪ੍ਰਸ਼ਨ ਦੇ ਸਬੰਧ ਵਿਚ, ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਨੋਟਿਸ ਦਿਤਾ ਸੀ। ਮੈਂ ਉਸ ਸਬੰਧ ਵਿਚ ਇਕ ਗੱਲ ਕਰਨੀ ਚਾਹੁੰਦਾ ਹਾਂ ਕਿ ਇਹ ਬਹੁਤ ਹੀ ਇੰਪਾਰਟੈਂਟ ਪ੍ਰਸ਼ਨ ਹੈ ਅਤੇ ਰੂਲ 50 ਦੇ ਮੁਤਾਬਿਕ

Original with;
Punjab Vidhan Sabha
Digitized by;
Panjab Digital Library

ਇਸ ਤੇ ਅੱਧੇ ਘੰਟੇ ਦੀ ਡਿਸਕਸ਼ਨ ਉਚੇਰੇ ਤੌਰ ਤੇ ਰੱਖੀ ਜਾਵੇ ਚਾਹੇ ਕੱਲ ਕਿਸੇ ਵੇਲੇ ਵੀ ਰਖ ਲਓ, ਤਾਂ ਉਹ ਠੀਕ ਹੋਵੇਗਾ। ਇਹ ਵੀ ਠੀਕ ਹੈ ਕਿ ਤੁਸੀਂ ਡਿਸਅਲਾਓ ਕਰ ਦਿੱਤਾ ਕਿਸੇ ਟੈਕਨੀਕਲ ਗਰਾਊਂਡ ਤੇ ਅਤੇ ਕਿਉਂਕਿ ਉਹ ਤੁਹਾਡੀ ਰੂਲਿੰਗ ਹੈ, ਇਸ ਕਰਕੇ ਮੈਂ ਉਸਦਾ ਰਿਗਾਰਡ ਕਰਦਾ ਹਾਂ। ਲੇਕਿਨ ਫੇਰ ਵੀ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਇਸ ਤੇ ਇਸ ਤਰ੍ਹਾਂ ਦੀ ਕੋਈ ਕਾਰਵਾਈ ਨਹੀਂ ਹੋ ਰਹੀ, ਮੈਂ ਇਸ ਗੱਲ ਦੀ ਸਰਾਹਨਾ ਕਰਦਾ ਹਾਂ। ਮੈਂ ਇੱਕੋ ਗੱਲ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਪੁਰਾਣੇ ਸਮੇਂ ਨਹੀਂ ਹੁਣੇ ਸਾਰੇ ਫੈਕਟਸ ਦਿੱਤੇ ਜਾ ਸਕਦੇ ਹਨ, ਏਸੇ ਕਰੰਟ ਸੀਜ਼ਨ ਦੇ ਵਿਚ ਪੰਜਾਬ ਦੀਆਂ ਕੋਆਪਰੇਟਿਵ ਸੈਕਟਰ ਦੇ ਵਿਚ ਜਿੰਨੀਆਂ ਵੀ ਮਿੱਲਾਂ ਹਨ, ਉਨ੍ਹਾਂ ਨੇ ਜਿਹੜਾ ਸੀਰਾ ਹੈ, ਉਹ ਗੌਰਮਿੰਟ ਵੱਲੋਂ ਹਦਾਇਤਾਂ ਦੇ ਅਨੁਸਾਰ ਕੰਟਰੋਲਡ ਰੇਟ ਤੇ 14 ਰੁਪਏ 40 ਪੈਸੇ ਪਰ ਕੁਇੰਟਲ ਦੇ ਹਿਸਾਬ ਨਾਲ ਉਨ੍ਹਾਂ ਨੇ ਜਿਹੜੀਆਂ ਪਰਮਿਟ ਵਾਲੀਆਂ ਡਿਸ-ਟਿਲਰੀਆਂ ਹਨ, ਉਨ੍ਹਾਂ ਨੂੰ ਵੇਚਣਾ ਹੈ। 5 ਮਿੱਲਾਂ ਹਨ ਜਿਨ੍ਹਾਂ ਵਿਚ ਬੁੱਢਲਾਡਾ ਵੀ ਹੈ ਅਤੇ ਜਿਹੜੀ ਇਨ੍ਹਾਂ ਨੇ ਇਨ੍ਹਾਂ ਵਿੱਚ ਰਖੀ ਹੈ ਜਿਹੜੀਆਂ ਗੌਰਮਿੰਟ ਨੇ ਵੇਚਣੀਆਂ ਹਨ। ਉਨ੍ਹਾਂ ਦੇ ਐਮ. ਡੀਜ਼ ਨੇ ਸ਼ੂਗਰ ਮਿੱਲਾਂ ਦੇ ਇੰਟਰਸਟ ਵਿਚ ਇਹ ਸੀਰਾ 70 ਰੁਪਏ ਤੋਂ ਲੈ ਕੇ 100 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਔਰ ਬਾਕੀਆਂ ਨੇ 14 ਰੁਪਏ 40 ਪੈਸੇ ਦੇ ਹਿਸਾਬ ਨਾਲ ਵੇਚਿਆ ਹੈ। ਉਨ੍ਹਾਂ ਨੇ ਕਰੋੜਾਂ ਰੁਪਏ ਦਾ ਘਾਟਾ ਦਿਖਾਇਆ ਅਤੇ 5 ਮਿੱਲਾਂ ਨੇ ਕਰੋੜਾਂ ਰੁਪਏ ਦਾ ਪਰਾਫਿਟ ਦਿਖਾਇਆ, ਮਿੱਲਾਂ ਦੇ ਵਾਸਤੇ ਕਮਾ ਕੇ ਦਿੱਤਾ ਔਰ ਮਿੱਲਾਂ ਦੇ ਖਾਤੇ ਵਿਚ ਜਮ੍ਹਾਂ ਕੀਤਾ ਪਰ ਉਸਦਾ ਸਿੱਟਾ ਇਹ ਨਿਕਲਿਆ ਕਿ ਜਿਨ੍ਹਾਂ ਨੇ ਕਰੋੜਾਂ ਰੁਪਏ ਵੱਧ ਕਮਾ ਕੇ ਦਿੱਤੇ, ਦੋ ਬੁਢਲਾਡੇ ਅਤੇ ਰਖੜੇ ਦੇ, ਉਹ M. D. ਤਾਂ ਸਸਪੈਂਡ ਕਰ ਦਿੱਤੇ ਔਰ ਜਿਹੜੇ ਬਾਕੀ ਦੇ ਚਾਰ ਹਨ, ਉਨ੍ਹਾਂ ਨੂੰ ਚਾਰਜਸ਼ੀਟ ਕਰ ਦਿਤਾ ਗਿਆ। ਜਿਨ੍ਹਾਂ ਨੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਘਾਟਾ ਪੁਚਾਇਆ, ਇਹ ਕਹਿ ਰਹੇ ਹਨ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋ ਰਹੀ। ਅਗਰ ਨਹੀਂ ਹੋ ਰਹੀ ਤਾਂ ਇਹ ਜਿਹੜਾ ਸਕੈਂਡਲ ਹੈ ਜਿਹੜਾ ਸਾਹਮਣੇ ਹੈ, ਜਿਸ ਦੀ ਅਗਰ ਤੁਸੀਂ ਇਨਕੁਆਇਰੀ ਕਰਾਓ ਤਾਂ ਸਾਰੇ ਸਬੂਤ ਤੁਹਾਡੇ ਸਾਹਮਣੇ ਆ ਜਾਣਗੇ। ਫੇਰ ਤੁਸੀਂ ਕਿਸ ਤਰ੍ਹਾਂ ਕਹਿ ਸਕਦੇ ਹੋ ਕਿ ਕੁਰੱਪਸ਼ਨ ਇਸ ਦੇ ਵਿਚ ਇਕ ਵੱਡਾ ਰੀਜ਼ਨ ਨਹੀਂ ਹੈ ?

**ਸ੍ਰੀ ਸਪੀਕਰ :** ਅਰਸ਼ੀ ਜੀ, ਤੁਸੀਂ ਪ੍ਰਸ਼ਨ ਕਰੋ। ਭਾਸ਼ਣ ਨਹੀਂ ਕਰਨਾ।

**ਮੰਤਰੀ :** ਇਸ ਸਬੰਧੀ ਇਹ ਅਲੱਗ ਨੋਟਿਸ ਦੇ ਦੇਣ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਜਿਨ੍ਹਾਂ ਨੇ ਮੁਨਾਫਾ ਲੈ ਕੇ ਦਿੱਤਾ, ਉਹ ਚਾਰਜ-ਸ਼ੀਟਿਡ ਹਨ, ਸਸਪੈਂਡਿਡ ਹਨ, ਕਿਉਂਕਿ ਮੰਤਰੀ ਜੀ ਇਸ ਦਾ ਉੱਤਰ ਕਿਉਂ ਨਹੀਂ ਦੇ ਰਹੇ ?

**ਸ੍ਰੀ ਸਪੀਕਰ :** ਅਰਸ਼ੀ ਸਾਹਿਬ, ਇਹ ਜਵਾਬ ਦੇ ਚੁੱਕੇ ਹਨ। ਹੁਣ ਤੁਸੀਂ ਬੈਠ ਜਾਓ।

**ਕਾਮਰੇਡ ਤਰਸੇਮ ਜੋਧਾਂ :** ਸਪੀਕਰ ਸਾਹਿਬ, ਜਿਹੜੇ ਇਨ੍ਹਾਂ ਨੇ ਖੰਡ ਮਿੱਲਾਂ ਦੇ ਘਾਟੇ ਵਿਚ ਜਾਣ ਦੇ ਕਾਰਨ ਦੱਸੇ ਹਨ, ਉਨ੍ਹਾਂ ਵਿਚੋਂ ਗੰਨੇ ਦੀ ਗਰੋਥ ਨਾ ਹੋਣਾ ਇਕ ਮੇਜਰ ਕਾਰਣ ਦੱਸਿਆ ਹੈ। ਕੀ ਸਰਕਾਰ ਆਉਣ ਵਾਲੇ ਸਮੇਂ ਵਿਚ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਦਾ ਇਰਾਦਾ ਰਖਦੀ ਹੈ ਕਿ ਉਹ ਖੰਡ ਮਿੱਲਾਂ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਵੱਧ ਤੋਂ ਵੱਧ ਗੰਨਾ ਉਗਾਉਣ। ਔਰ ਜੋ ਇਨ੍ਹਾਂ ਖੰਡ ਮਿੱਲਾਂ ਵਿਚ ਅਤੇ ਕੋਆਪਰੇਟਿਵ ਸੈਕਟਰ ਵਿਚ ਵੱਡੀ ਪੱਧਰ ਤੇ ਕੁਰੱਪਸ਼ਨ ਫੈਲੀ ਹੋਈ ਹੈ, ਉਸਨੂੰ ਰੋਕਣ ਵਾਸਤੇ ਸਰਕਾਰ ਨੇ ਕੀ ਕੀਤਾ ਹੈ ਜਾਂ ਕਰ ਰਹੀ ਹੈ ?

Original with;
Punjab Vidhan Sabha
Digitized by;
Panjab Digital Library

मंत्री : सरकार इस मसले पर स्टप ले रही है। गंना ज्यादा लगे इसके लिए सब से पहले सरकार ने गंने का रेट बढ़ाया। मैं मुख्य मंत्री सरदार बेअंत सिंह जी का इस बात के लिए आभारी हूं (थपिंग) मुख्य मंत्री जी ने खेतीबाड़ी के विशेषज्ञों की एक कमेटी बनाई और वाईस चांसलर ने इस बारे में रिपोर्ट दी कि गंने और पैडी की रोटेशन हो ताकि फायदा बराबर का हो। मुख्य मंत्री ने गंने का 62 रुपये का रेट दिया रिकमैंड हुए रेट से भी 2 ज्यादा। आगे वाले सीजन में हमारे पास गंने का एरिया इतना हो जाएगा जिससे मिलों को चलाने में मुश्किल नहीं होंगी।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਵਿਚ ਦਸਿਆ ਹੈ ਕਿ ਗੰਨਾ ਨਾ ਹੋਣ ਕਰਕੇ ਸਰਕਾਰੀ ਮਿੱਲਾਂ ਨੂੰ ਘਾਟਾ ਪੈ ਰਿਹਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ 2 ਮਿੱਲਾਂ ਪ੍ਰਾਈਵੇਟ ਅਦਾਰਿਆਂ ਨੂੰ ਦੇ ਦੇਣਗੇ ਅਤੇ ਉਹ ਮੁਨਾਫਾ ਵਿਖਾਉਣਗੀਆਂ ਤਾਂ ਸਰਕਾਰ ਖੁਦ ਇਨ੍ਹਾਂ ਮਿੱਲਾਂ ਦਾ ਮੁਨਾਫਾ ਵਧਾਉਣ ਬਾਰੇ ਕਿਉਂ ਨਹੀਂ ਕੋਸ਼ਿਸ਼ ਕਰਦੀ। ਉਨ੍ਹਾਂ ਮਿੱਲਾਂ ਦੀਆਂ ਜਿਹੜੀਆਂ ਖਾਮੀਆਂ ਹਨ, ਸਰਕਾਰ ਉਨ੍ਹਾਂ ਨੂੰ ਠੀਕ ਕਿਉਂ ਨਹੀਂ ਕਰਦੀ ? (ਵਿਘਨ)

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਸਵਾਲ ਸਾਡੇ 2 ਮੈਂਬਰਾਂ ਵਲੋਂ ਦਿੱਤਾ ਗਿਆ ਹੈ ਪਰ ਦੂਸਰੇ ਮੈਂਬਰ ਸ੍ਰੀਮਤੀ ਵਿਮਲਾ ਡਾਂਗ ਨੂੰ ਤੁਸੀਂ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ, ਹਾਲਾਂਕਿ ਉਹ 2-3 ਵਾਰ ਖੜ੍ਹੇ ਹੋਏ ਹਨ। ਉਨ੍ਹਾਂ ਦਾ ਵੀ ਰਾਈਟ ਬਣਦਾ ਹੈ ਕਿ ਉਹ ਇਸ ਸਵਾਲ ਬਾਰੇ ਸਪਲੀਮੈਂਟਰੀ ਕਰਨ।

ਸ੍ਰੀ ਸਪੀਕਰ : ਮੰਤਰੀ ਜੀ ਨੇ ਤੁਹਾਡੇ ਸਵਾਲ ਦਾ ਜਵਾਬ ਦੇ ਦਿੱਤਾ ਹੈ। ਫਿਰ ਵੀ ਸ੍ਰੀਮਤੀ ਡਾਂਗ ਬੋਲ ਲੈਣ।

ਸ੍ਰੀ ਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਇਹ ਜਿਹੜੀ ਗੰਨੇ ਦੀ ਪੂਅਰ ਅਵੇਲੇਬਿਲਟੀ ਹੈ ਜਿਸ ਕਾਰਣ ਮਿੱਲਾਂ ਨੂੰ ਬਹੁਤ ਸਾਰੇ ਲਾਸਿਜ਼ ਹੁੰਦੇ ਹਨ, ਇਸ ਵੇਲੇ ਬਿਲਟੀ ਨੂੰ ਵਧਾਉਣ ਲਈ ਗੰਨੇ ਦਾ ਰਿਸਰਚ ਸੈਂਟਰ ਕਾਫੀ ਫਾਇਦੇਮੰਦ ਹੋ ਸਕਦਾ ਹੈ ਲੇਕਿਨ ਇਸ ਵੇਲੇ ਜਲੰਧਰ ਵਿਚ ਜਿਹੜਾ ਗੰਨੇ ਦਾ ਰਿਸਰਚ ਸੈਂਟਰ ਚਲਦਾ ਪਿਆ ਹੈ, ਉਸ ਬਾਰੇ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਸ ਨੂੰ ਬੰਦ ਕਰਕੇ ਉਹ ਜਗ੍ਹਾ ਇਕ ਪ੍ਰਾਈਵੇਟ ਮੈਡੀਕਲ ਕਾਲਜ ਖੋਲ੍ਹਣ ਲਈ ਦੇ ਦਿੱਤੀ ਜਾਵੇ ਜਿਸ ਦਾ ਮਤਲਬ ਇਹ ਹੈ ਕਿ ਅਮੀਰ ਲੋਕਾਂ ਦੇ ਬੱਚੇ ਉਥੇ ਆ ਕੇ ਪੜ੍ਹ ਸਕਣ, ਭਾਵੇਂ ਉਨ੍ਹਾਂ ਦਾ ਕੋਈ ਹੱਕ ਬਣਦਾ ਹੈ ਜਾਂ ਨਹੀਂ। ਇਹ ਫੈਸਲਾ ਕਿਉਂ ਲਿਆ ਜਾ ਰਿਹਾ ਹੈ ? ਕੀ ਉਸ ਰਿਸਰਚ ਸੈਂਟਰ ਨੂੰ ਬੰਦ ਕਰਨ ਨਾਲ ਗੰਨੇ ਦੀ ਪੈਦਾਵਾਰ ਨੂੰ ਨੁਕਸਾਨ ਨਹੀਂ ਹੋਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਬੇ-ਬੁਨਿਆਦ ਹੈ ਕਿ ਉਹ ਜ਼ਮੀਨ ਅਸੀਂ ਕੋਈ ਪ੍ਰਾਈਵੇਟ ਕਾਲਜ ਖੋਲ੍ਹਣ ਵਾਸਤੇ ਦੇ ਰਹੇ ਹਾਂ। ਉਹ ਜਿਹੜੀ ਗੰਨਾਂ ਫਾਰਮ ਦੀ ਜ਼ਮੀਨ ਹੈ, ਉਹ ਗੌਰਮਿੰਟ ਡਿਪਾਰਟਮੈਂਟ ਦੀ ਜ਼ਮੀਨ ਹੈ। ਉਹ ਜ਼ਮੀਨ ਗੌਰਮਿੰਟ ਕਾਲਜ ਖੋਲ੍ਹਣ ਵਾਸਤੇ ਦਿੱਤੀ ਗਈ ਹੈ, ਕਿਸੇ ਪ੍ਰਾਈਵੇਟ ਕਾਲਜ ਦੇ ਖੋਲ੍ਹਣ ਲਈ ਨਹੀਂ। ਅਸੀਂ ਆਪਣਾ ਸਰਕਾਰੀ ਕਾਲਜ ਉਥੇ ਖੋਲ੍ਹ ਰਹੇ ਹਾਂ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੈਂਬਰ ਸਾਹਿਬਾ ਨੇ ਕਿਸੇ ਕਾਲਜ ਦੇ ਖੋਲ੍ਹੇ ਜਾਣ ਦਾ ਵਿਰੋਧ ਨਹੀਂ ਕੀਤਾ। ਉਨ੍ਹਾਂ ਦੇ ਕਹਿਣ ਦਾ ਮਤਲਬ ਇਹ ਸੀ ਕਿ ਕਾਲਜ ਖੋਲ੍ਹਣ ਵਾਸਤੇ ਗੰਨਾ ਰਿਸਰਚ ਸੈਂਟਰ ਦੀ ਜਗ੍ਹਾ ਹੀ ਕਿਉਂ ਦਿੱਤੀ ਜਾ ਰਹੀ ਹੈ, ਇਸ ਦੀ ਬਜਾਏ ਕੋਈ ਹੋਰ ਜਗ੍ਹਾ ਕਿਉਂ ਨਹੀਂ ਲੈ ਲਈ ਗਈ ?

**ਮੁੱਖ ਮੰਤਰੀ:** ਸਪੀਕਰ ਸਾਹਿਬ, ਉਹ ਜ਼ਮੀਨ ਸ਼ਹਿਰ ਦੇ ਵਿਚਕਾਰ ਹੈ ਅਤੇ ਕਾਲਜ ਖੋਲ੍ਹਣ ਲਈ ਉਹ ਜਗ੍ਹਾ ਬਹੁਤ ਢੁਕਵੀਂ ਹੈ । ਜਿੱਥੋਂ ਤੱਕ ਗੰਨਾ ਰਿਸਰਚ ਸੈਂਟਰ ਦਾ ਸਵਾਲ ਹੈ, ਇਸ ਦੇ ਵਾਸਤੇ ਅਸੀਂ ਕਈ ਹੋਰ ਸੈਂਟਰ ਵੀ ਖੋਲ੍ਹੇ ਹੋਏ ਹਨ। ਇਹ ਜ਼ਮੀਨ ਜਲੰਧਰ ਛਾਉਣੀ ਅਤੇ ਸ਼ਹਿਰ ਦੇ ਦਰਮਿਆਨ ਹੈ ਜਿਥੇ ਅਸੀਂ ਕਾਲਜ ਬਣਾ ਰਹੇ ਹਾਂ। ਇਹ ਗੱਲ ਬਿਲਕੁਲ ਗਲਤ ਹੈ ਕਿ ਕਿਸੇ ਪ੍ਰਾਈਵੇਟ ਕਾਲਜ ਵਾਸਤੇ ਇਸ ਗੰਨਾ ਰਿਸਰਚ ਸੈਂਟਰ ਦੀ ਜ਼ਮੀਨ ਅਸੀਂ ਦੇ ਰਹੇ ਹਾਂ। ਗੰਨੇ ਦੀ ਰਿਸਰਚ ਅਸੀਂ ਕੰਟੀਨਿਊ ਰੱਖਾਂਗੇ। ਅਸੀਂ ਗੰਨੇ ਦੀਆਂ ਬੜੀਆਂ ਵਧੀਆਂ ਵਰਾਇਟੀਆਂ ਰੱਖਣੀਆਂ ਹਨ। ਜਿਹੜੇ ਲੋਕਾਂ ਨੂੰ ਤੌਖਲਾ ਹੈ ਕਿ ਇਹ ਗੰਨਾ ਰਿਸਰਚ ਸੈਂਟਰ ਬੰਦ ਹੋਣ ਨਾਲ ਗੰਨੇ ਦੀ ਰਿਸਰਚ ਬੰਦ ਹੋ ਜਾਵੇਗੀ, ਇਹ ਗੱਲ ਠੀਕ ਨਹੀਂ ਹੈ। ਇਹ ਰਿਸਰਚ ਬੰਦ ਨਹੀਂ ਹੋਵੇਗੀ। ਕਾਲਜ ਖੋਲ੍ਹਣ ਵਾਸਤੇ ਮੌਕਾ ਵੀ ਦੇਖਣਾ ਪੈਂਦਾ ਹੈ । ਜੇ ਅਸੀਂ ਸ਼ਹਿਰ ਤੋਂ 10 ਮੀਲ ਦੂਰ ਕਾਲਜ ਬਣਾ ਦੇਵਾਂਗੇ ਤਾਂ ਉਸ ਦਾ ਕੀ ਫਾਇਦਾ ਹੋਵੇਗਾ ? ਲੋਕਾਂ ਨੂੰ ਉਥੇ ਪੜ੍ਹਨ ਵਾਸਤੇ ਆਉਣ ਜਾਣ ਵਾਸਤੇ ਕਿੰਨੀ ਮੁਸ਼ਕਿਲ ਹੋਵੇਗੀ। ਇਨ੍ਹਾਂ ਨੇ ਜੋ ਕਿਹਾ ਹੈ ਮੈਂ ਉਹ ਗੌਰ ਨਾਲ ਸੁਣਦਾ ਰਿਹਾ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਪ੍ਰਾਈਵੇਟ ਕਾਲਜ ਬਣਾ ਰਹੇ ਹਾਂ ਜਿਸ ਦੇ ਵਿੱਚ ਕੇਵਲ ਅਮੀਰਾਂ ਦੇ ਬੱਚੇ ਹੀ ਪੜ੍ਹਣਗੇ। ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਗੱਲ ਹੈ, ਉਥੇ ਗਰੀਬਾਂ ਦੇ ਬੱਚੇ ਵੀ ਪੜ੍ਹਨਗੇ। ਕਾਲਜ ਬਣਾਵਾਂਗੇ ਜਿਸ ਦਾ ਫਾਇਦਾ ਸਾਰਿਆਂ ਦੇ ਬੱਚਿਆਂ ਨੂੰ ਹੋਵੇਗਾ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਸ਼ੂਗਰ ਮਿੱਲਾਂ ਪ੍ਰਾਈਵੇਟ ਹੱਥਾਂ ਦੇ ਵਿਚ ਸੌਂਪਣ ਦੀ ਗਲਬਾਤ ਦੱਸੀ ਗਈ ਹੈ ਜਿਸ ਵਿੱਚ ਕਿ ਮੇਜਰ ਕਾਰਨ ਘਾਟਾ ਦੱਸਿਆ ਗਿਆ ਹੈ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਦਸੂਹਾ ਦੀ ਸ਼ੂਗਰ ਮਿੱਲ ਵੇਚੀ ਗਈ ਹੈ ਜਿਹੜੀ ਅਜੇ ਤੱਕ ਚਲੀ ਵੀ ਨਹੀਂ। ਕੀ ਮੰਤਰੀ ਜੀ ਦੱਸਣਗੇ ਕਿ ਕੀ ਉਸ ਦੇ ਚੱਲਣ ਤੋਂ ਬਿਨਾਂ ਹੀ ਘਾਟਾ ਪੈ ਗਿਆ ? ਜਿਹੜੀ ਕਿ ਸੇਲ ਵੀ ਕਰ ਦਿੱਤੀ ਗਈ।

**ਸਹਿਕਾਰਤਾ ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਤਾਂ ਅਲੱਗ ਸਵਾਲ ਹੀ ਹੋ ਸਕਦਾ ਹੈ ਉਸ ਦਾ ਅਲੱਗ ਜਵਾਬ ਦਿੱਤਾ ਜਾ ਸਕਦਾ ਹੈ ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ਸਪੀਕਰ ਸਾਹਿਬ ਮੇਰੀ ਸਪਲੀਮੈਂਟਰੀ ਸਵਾਲ ਨਾਲ ਰੀਲੇਟਿਡ ਹੈ। ਉਹ ਮਿਲ ਸੇਲ ਵੀ ਹੋ ਗਈ ਹੈ ।

**ਸ੍ਰੀ ਸਪੀਕਰ :** ਹੁਣ ਅਗਲਾ ਕੁਐਸਚਨ।

**ਸ੍ਰੀ ਮਦਨ ਮੋਹਨ ਮਿੱਤਲ :** ਸਰ, ਕੋਈ ਪਰੋਸੀਜ਼ਰ ਹੋਣਾ ਚਾਹੀਦਾ ਹੈ । ਕੁਐਸਚਨ ਔਰ ਜਵਾਬ ਨੂੰ ਕਨਸਿਡਰ ਕਰ ਲਓ ਬੇਸ਼ਕ ਟਾਈਮ ਜ਼ਿਆਦਾ ਲਗਾ ਲਓ। ਬਹੁਤ ਸਾਰੇ ਮੈਂਬਰਾਂ ਨੇ ਸਪਲੀਮੈਂਟਰੀ ਪੁੱਛਣੇ ਹੁੰਦੇ ਹਨ ਉਨ੍ਹਾਂ ਨੂੰ ਪੁੱਛਣ ਦਾ ਮੌਕਾ ਹੀ ਨਹੀਂ ਮਿਲਦਾ। ਮੈਂ ਰੀਕੁਐਸਟ ਕਰਾਂਗਾ ਕਿ ਇਸ ਨੂੰ ਕਨਸਿਡਰ ਕਰ ਲਓ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ:** ਪਰੋਸੀਜ਼ਰ ਬੜਾ ਕਲੀਅਰ ਹੈ ਜੋ ਵੀ ਕੋਈ ਮੈਂਬਰ ਸਵਾਲ ਪੁੱਛਦਾ ਹੈ ਉਸਦਾ ਉਸਨੂੰ ਜਵਾਬ ਮਿਲ ਜਾਂਦਾ ਹੈ ਉਸ ਤੋਂ ਬਾਅਦ ਫਿਰ ਟਾਈਮ ਵਾਲੀ ਗੱਲ ਹੀ ਨਹੀਂ ਰਹਿੰਦੀ।

---

### ਭਾਸ਼ਾ ਅਧਿਆਪਕਾਂ ਦੀਆਂ ਮਾਸਟਰਾਂ ਵਜੋਂ ਤਰੱਕੀਆਂ

*1096. **ਸ੍ਰੀਮਤੀ ਵਿਮਲਾ ਡਾਂਗ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਭਾਸ਼ਾ ਅਧਿਆਪਕਾਂ ਦੀਆਂ ਮਾਸਟਰਾਂ ਵਜੋਂ ਤਰੱਕੀਆਂ ਕੀਤੀਆਂ ਜਾਂਦੀਆਂ ਹਨ ; ਜੇਕਰ ਅਜਿਹਾ ਹੋਵੇ ਤਾਂ ਕੀ ਉਕਤ ਭਾਸ਼ਾ ਅਧਿਆਪਕਾਂ ਦੀਆਂ ਤਰੱਕੀਆਂ ਕਰਦੇ ਸਮੇਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਰਾਖਵਾਂਕਰਣ ਦੀ ਨੀਤੀ ਲਾਗੂ ਕੀਤੀ ਜਾਂਦੀ ਹੈ, ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਲਖਮੀਰ ਸਿੰਘ ਰੰਧਾਵਾ:** ਹਾਂ ਜੀ, ਹਾਂ ਜੀ।

**ਸ੍ਰੀਮਤੀ ਵਿਮਲਾ ਡਾਂਗ:** ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਰੰਧਾਵਾ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਸਰਕਾਰ ਨੂੰ ਇਸ ਸਬੰਧ ਵਿੱਚ ਕੋਈ ਸ਼ਿਕਾਇਤਾਂ ਮਿਲੀਆਂ ਹਨ ਜਦੋਂ ਦੀ ਇਹ ਸਰਕਾਰ ਬਣੀ ਹੈ ਕਿ ਸ਼ਡਿਊਲਡ ਕਾਸਟਸ ਔਰ ਬੈਕਵਰਡ ਕਲਾਸਿਜ਼ ਦਾ ਜਿਹੜਾ ਕੋਟਾ ਹੈ ਉਹ ਨਹੀਂ ਦਿੱਤਾ ਗਿਆ ?

**ਮੰਤਰੀ:** ਸ਼ਿਕਾਇਤਾਂ ਆਈਆਂ ਹਨ ਜੀ। ਉਨ੍ਹਾਂ ਦਾ ਪਰਾਸੈਸ ਹੋ ਰਿਹਾ ਹੈ। ਸਰਕਾਰ ਦੀ ਪਾਲਿਸੀ ਬੜੀ ਸਪੱਸ਼ਟ ਹੈ ਕਿ ਬਣਦਾ ਕੋਟਾ ਦਿੱਤਾ ਜਾਵੇਗਾ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਅੰਦਰ ਐਜੂਕੇਸ਼ਨ ਡਿਪਾਰਟਮੈਂਟ ਦੇ ਵਿੱਚ ਜਿੰਨੀਆਂ ਵੀ ਪਰ-ਮੋਸ਼ਨਾਂ ਹਰ ਖੇਤਰ ਵਿੱਚ ਵੱਡੇ ਪੈਮਾਨੇ ਤੇ ਹੋਈਆਂ ਹਨ ਉਨ੍ਹਾਂ ਵਿਚ ਬੇਨਿਯਮੀਆਂ/ਬੇਕਾਇਦਗੀਆਂ ਹੋਈਆਂ ਹਨ ਔਰ ਰੀਜ਼ਰਵੇਸ਼ਨ ਪਾਲਿਸੀ ਨੂੰ ਬਿਲਕੁਲ ਕਰੱਸ਼ ਕੀਤਾ ਗਿਆ ਹੈ। ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਜਿਹੜਾ ਪਰਾਸੈਸ ਚੱਲ ਰਿਹਾ ਹੈ ਉਸ ਨੂੰ ਕਿੰਨੇ ਸਮੇਂ ਵਿਚ ਪੂਰਾ ਕਰ ਲਿਆ ਜਾਵੇਗਾ ਔਰ ਜੋ ਇਸ ਦੇ ਵਿੱਚ ਕੁਤਾਹੀਆਂ ਹੋਈਆਂ ਹਨ ਔਰ ਉਸ ਲਈ ਜੋ ਅਫਸਰ ਜ਼ਿੰਮੇਵਾਰ ਹਨ ਉਨ੍ਹਾਂ ਦੇ ਖਿਲਾਫ ਕੀ ਕੋਈ ਕਾਰਵਾਈ ਕਰਨ ਦਾ ਇਹ ਭਰੋਸਾ ਦਿਵਾਉਣਗੇ ?

**ਮੰਤਰੀ:** ਸਪੀਕਰ ਸਾਹਿਬ, ਪਿਛਲੇ ਸਮੇਂ ਵਿਚ ਕੋਈ ਕੁਤਾਹੀ ਨਹੀਂ ਹੋਈ। ਅੱਗੇ ਪਰਾਸੈਸ ਠੀਕ ਚੱਲ ਰਿਹਾ ਹੈ ਜਿਸ ਕਿਸੇ ਦਾ ਜਦੋਂ ਹੱਕ ਬਣਦਾ ਹੈ ਉਸ ਨੂੰ ਦੇ ਦਿੱਤਾ ਜਾਦਾ ਹੈ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਿਖਿਆ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਕੋਈ ਕੁਤਾਹੀ ਨਹੀਂ ਹੋਈ ਤਾਂ ਜਿਵੇਂ ਇਨ੍ਹਾਂ ਨੇ ਪਹਿਲਾਂ ਦੱਸਿਆ ਹੈ ਕਿ ਬੇਨਿਯਮੀਆਂ ਦੀਆਂ ਜੋ ਸ਼ਿਕਾਇਤਾਂ ਮਿਲੀਆਂ ਹਨ ਉਸ ਬਾਰੇ ਸਾਡਾ ਪਰਾਸੈਸ ਚੱਲ ਰਿਹਾ ਹੈ ਤਾਂ ਫਿਰ ਉਹ ਪਰਾਸੈਸ ਕਿਸ ਤੇ ਚੱਲ ਰਿਹਾ ਹੈ ?

**ਮੰਤਰੀ:** ਸਪੀਕਰ ਸਾਹਿਬ, ਜਦੋਂ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਉਸ ਨੂੰ ਦੇਖਣਾ ਸਰਕਾਰ ਦੀ ਡਿਊਟੀ ਹੈ। ਜੇਕਰ ਮਾਨਯੋਗ ਮੈਂਬਰ ਕੋਲ ਕੋਈ ਪਰਟੀਕੂਲਰ ਸ਼ਿਕਾਇਤ ਹੈ ਤਾਂ ਉਹ ਸਾਨੂੰ ਦੇ ਦੇਣ ਅਸੀਂ ਉਸਨੂੰ ਵੀ ਵਿਚਾਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਗੋਪਾਲ ਸਿਘ ਐਡਵੋਕੇਟ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਜਿੰਨੀਆਂ ਵੀ ਪਰਮੋਸ਼ਨਾਂ ਹੋਈਆਂ ਹਨ ਉਨ੍ਹਾਂ ਵਿੱਚ ਰਿਜ਼ਰਵੇਸ਼ਨ ਪਾਲਿਸੀ ਨੂੰ ਕਾਇਮ ਰੱਖਿਆ ਗਿਆ ਹੈ ਪਰ ਪਿਛਲੇ ਸਮੇਂ ਦੇ ਦੌਰਾਨ ਜਦੋਂ ਪਿਛਲਾ ਸੈਸ਼ਨ ਚਲਦਾ ਸੀ ਉਦੋਂ 70-80 ਹੈਡਮਾਸਟਰ ਪਰਮੋਟ ਕੀਤੇ ਗਏ ਸਨ ਕੀ ਮੰਤਰੀ ਜੀ ਦੱਸ ਸਕਣਗੇ ਕਿ ਉਨ੍ਹਾਂ ਵਿਚੋਂ ਕਿੰਨੇ ਸ਼ਡਿਊਲਡ ਕਾਸਟਸ ਪਰਮੋਟ ਕੀਤੇ ਗਏ ?

ਮੰਤਰੀ: ਸਪੀਕਰ ਸਾਹਿਬ, ਇਹ ਸਵਾਲ ਲੈਂਗੂਏਜ ਟੀਚਰ ਬਾਰੇ ਸੀ। ਉਹ ਸੀ. ਐਂਡ ਵੀ. ਵਿੱਚ ਆਉਂਦੇ ਹਨ ਇਨ੍ਹਾਂ ਦਾ ਕਾਡਰ ਵੱਖਰਾ ਹੈ।

------

**ਰਾਜ ਵਿਚ ਸਰਕਾਰੀ ਅਤੇ ਮਿਡਲ ਅਤੇ ਹਾਈ ਸਕੂਲਾਂ ਵਿਚ ਸੰਸਕ੍ਰਿਤ ਨੂੰ ਖਤਮ ਕਰਨਾ**

*1152. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਰਾਜ ਵਿਚ ਸਰਕਾਰੀ ਮਿਡਲ ਅਤੇ ਹਾਈ ਸਕੂਲਾਂ ਵਿਚ ਸੰਸਕ੍ਰਿਤ ਦੀ ਪੜ੍ਹਾਈ ਖਤਮ ਕਰ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੋਂ ਅਤੇ ਇਸਦੇ ਕਾਰਣ ਕੀ ਹਨ ;

(ਅ) ਸੰਸਕ੍ਰਿਤ ਦੀ ਪੜ੍ਹਾਈ ਨੂੰ ਖਤਮ ਕਰਨ ਦੇ ਨਤੀਜੇ ਵਜੋਂ ਜਿਹੜੇ ਅਧਿਆਪਕ ਬੇਰੁਜ਼ਗਾਰ ਹੋ ਗਏ ਹਨ ਉਨ੍ਹਾਂ ਸਬੰਧੀ ਸਰਕਾਰ ਦੀ ਨੀਤੀ ਕੀ ਹੈ ?

**ਸਰਦਾਰ ਲਖਮੀਰ ਸਿੰਘ ਰੰਧਾਵਾ**: (ੳ) ਨਹੀਂ ਜੀ।

(ਅ) ਕਿਸੇ ਅਧਿਆਪਕ ਨੂੰ ਨੌਕਰੀ ਵਿਚੋਂ ਨਹੀਂ ਕੱਢਿਆ ਗਿਆ। ਇਸ ਲਈ ਸਰਕਾਰ ਦੀ ਨੀਤੀ ਦਾ ਕੋਈ ਸਵਾਲ ਹੀ ਨਹੀਂ ਉਠਦਾ।

**श्री लक्ष्मी कांता चावला** : अध्यक्ष महोदय, मैं आपके द्वारा शिक्षा मन्त्री जी से पूछना चाहती हुं कि मंत्री जी ने कहा हैं कि संसकृत पढ़ाई बंद नहीं की गई। क्या जिला गुरदासपुर और अमृतसर में संस्कृत पढ़ाई जा रही है? मेरी जानकारी है कि वहां पर 1990 के बाद संसकृत बिलकुल नहीं पढ़ाई जा रही और अध्यापकों से दूसरा काम लिया जा रहा है। और उनकी जगह दूसरे अध्यापक लगाये जा रहे हैं।

ਮੰਤਰੀ: ਗੁਰਦਾਸਪੁਰ ਵਿੱਚ ਵੀ ਅੱਜ ਸੰਸਕ੍ਰਿਤ ਪੜ੍ਹਾਈ ਜਾ ਰਹੀ ਹੈ। ਜਿਥੇ ਕਿਤੇ ਵੀ ਸੰਸਕ੍ਰਿਤ ਪੜ੍ਹਨ ਵਾਲੇ 10 ਬੱਚੇ ਆਫਰ ਕਰਨ ਤਾਂ ਉਥੇ ਸਰਕਾਰ ਵੱਲੋਂ ਟੀਚਰ ਦਾ ਪ੍ਰਬੰਧ ਕਰ ਦਿਤਾ ਜਾਂਦਾ ਹੈ।

**ਸ੍ਰੀ ਮਦਨ ਮੋਹਨ ਮਿੱਤਲ**: ਮੰਤਰੀ ਜੀ ਨੇ ਸਪਲੀਮੈਂਟਰੀ ਦਾ ਪੂਰਾ ਜਵਾਬ ਨਹੀਂ ਦਿਤਾ। ਸ੍ਰੀਮਤੀ ਚਾਵਲਾ ਜੀ ਨੇ ਇਹ ਪੁੱਛਿਆ ਹੈ ਕਿ ਉਥੇ ਟੀਚਰਾਂ ਦੀਆਂ ਪੋਸਟਾਂ ਕਨਵਰਟ ਕਰਕੇ ਦੂਸਰੇ ਅਧਿਆਪਕ ਲਗਾਏ ਜਾ ਰਹੇ ਹਨ। ਕੀ ਇਹ ਸੱਚ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਕੋਈ ਪੋਸਟ ਕਨੱਵਰਟ ਨਹੀਂ ਕੀਤੀ ਗਈ। ਜਿਥੇ ਕਿਤੇ ਬੱਚੇ ਨਹੀਂ ਸਨ, ਉੱਥੇ ਉਸ ਕੋਲੋਂ ਦੂਜੇ ਵਿਸ਼ੇ ਦਾ ਕੁਝ ਕੰਮ ਲਿਆ ਗਿਆ ਹੈ। ਪਰ ਪੋਸਟਾਂ ਕਾਇਮ ਹਨ।

**श्रीमति लक्ष्मी कांता चावला :** अध्यक्ष महोदय, मेरा प्रश्न है कि ......

**ਸ੍ਰੀ ਸਪੀਕਰ :** ਤੁਸੀਂ ਨਾਲੇ ਤਾਂ ਮਿੱਤਲ ਸਾਹਿਬ ਦੀ ਮੱਦਦ ਲੈਂਦੇ ਹੋ । ਤੁਸੀਂ ਆਪ ਹੀ ਬੜੇ ਤਕੜੇ ਹੋ। ਤੁਹਾਨੂੰ ਮਿੱਤਲ ਸਾਹਿਬ ਦੀ ਮਦਦ ਦੀ ਕੀ ਲੋੜ ਹੈ ?

**श्रीमति लक्ष्मी कांता चावला :** मित्तल साहिब हाऊस के मैंबर हैं। हमारी पार्टी के लीडर हैं, कोई सहायक नहीं है, मुझे प्रश्न पूछने का अधिकार है। अध्यक्ष महोदय, मैं शिक्षा मंत्री जी से पूछना चाहती हुं कि वह गुरदासपुर जिले के कोई पांच स्कूलों का नाम लें जहां कि संसकृत पढ़ाई जाती है और पड़ने के बाद बच्चों की प्रीक्षा ली जाती है ?

**ਮੰਤਰੀ :** ਦੀਨਾ ਨਗਰ, ਪਠਾਨਕੋਟ, ਬਟਾਲਾ, ਨਰੋਟ ਜੈਮਲ ਸਿੰਘ, ਕਾਹਨੂੰਵਾਨ, ਸੁਜਾਨਪੁਰ। (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**श्रीमति लक्ष्मी कांता चावला :** अगर यह जानकारी गलत साबत हो तो मंत्री को क्या सजा मिलेगी । मैं कहना चाहती हुं कि वहा पर कल ही एक कमेटी भेजी जाये और पड़ताल करें ।

**ਸ੍ਰੀ ਸਪੀਕਰ :** ਤੁਸੀਂ ਜਿਹੜਾ ਸਵਾਲ ਕੀਤਾ ਸੀ ਉਸ ਦਾ ਮੰਤਰੀ ਜੀ ਨੇ ਜਵਾਬ ਦੇ ਦਿੱਤਾ ਹੈ।

**ਸਰਦਾਰ ਅਵਤਾਰ ਸਿੰਘ ਕਰੀਮ ਪੁਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਜਵਾਬ ਦੇ ਦਿਤਾ ਹੈ । ਮੈਂ ਸਮਝਦਾ ਹਾਂ ਕਿ ਅੱਜ ਪੰਜਾਬ ਸਰਕਾਰ ਤੇ ਬੜਾ ਆਰਥਿਕ ਸੰਕਟ ਹੈ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਕੀ ਮੰਤਰੀ ਜੀ ਇਹ ਭਰੋਸਾ ਦਿਵਾਉਣਗੇ ਕਿ ਨਿਕਟ ਭਵਿਖ ਵਿਚ ਸੰਸਕ੍ਰਿਤ ਨੂੰ ਕੰਪਲੀਟ ਤੌਰ ਤੇ ਖਤਮ ਕਰਕੇ ਉਸ ਦੀ ਜਗ੍ਹਾ ਆਲਟਰਨੇਟਿਵ ਦੂਸਰੇ ਸਬਜੈਕਟਸ ਦੇ ਟੀਚਰ ਲਗਾਏ ਜਾਣਗੇ ਜਿਥੇ ਕਿ ਪਹਿਲਾਂ ਟੀਚਰ ਨਹੀਂ ਹਨ ?

**ਮੰਤਰੀ :** ਸੰਸਕ੍ਰਿਤ ਦੀ ਪੜ੍ਹਾਈ ਅੱਠਵੀਂ ਕਲਾਸ ਤੱਕ ਆਪਸ਼ਨਲ ਸਬਜੈਕਟ ਦੇ ਤੌਰ ਤੇ ਪੜ੍ਹਾਈ ਜਾਂਦੀ ਹੈ। ਉਸ ਤੋਂ ਬਾਅਦ ਐਡੀਸ਼ਨਲ ਸਬਜੈਕਟ ਦੇ ਤੌਰ ਤੇ ਪੜ੍ਹਾਈ ਜਾਂਦੀ ਹੈ। ਜਿਹੜੇ ਬੱਚੇ ਪੜ੍ਹਨਾ ਚਾਹੁੰਦੇ ਹਨ ਉਨ੍ਹਾਂ ਦਾ ਪ੍ਰਬੰਧ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਬਾਕੀ ਦੇ ਵਿਸ਼ਿਆਂ ਵਾਸਤੇ ਸਰਕਾਰ ਟੀਚਰਾਂ ਦੀ ਵਿਵਸਥਾ ਕਰੇਗੀ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸਿਖਿਆ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਕੂਲਾਂ ਦੇ ਨਾਂ ਉਨ੍ਹਾਂ ਨੇ ਦਿੱਤੇ ਹਨ ਕੀ ਇਹ ਇਨ-ਫਰਮੇਸ਼ਨ ਉਨ੍ਹਾਂ ਦੀ ਠੀਕ ਹੈ ? ਕਿਤੇ ਇਨ੍ਹਾਂ ਨੂੰ ਮਿਸਲੀਡ ਤਾਂ ਨਹੀਂ ਕੀਤਾ ਜਾ ਰਿਹਾ ਅਤੇ ਉਸ ਦੇ ਨਾਲ ਅੱਗੇ ਹਾਉਸ ਮਿਸਲੀਡ ਹੋ ਰਿਹਾ ਹੋਵੇ ? ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ।

**ਮੰਤਰੀ :** ਇਨ੍ਹਾਂ ਸਾਰੇ ਸਕੂਲਾਂ ਵਿੱਚ ਇਕ ਇਕ ਸੰਸਕ੍ਰਿਤ ਟੀਚਰ ਦੀ ਪੋਸਟ ਪ੍ਰਵਾਨ ਹੈ। ਮੈਂ ਪਹਿਲਾਂ ਹੀ ਕਿਹਾ ਹੈ ਕਿ ਜਿਥੇ 10 ਬੱਚੇ ਹੋਣਗੇ, ਉਥੇ ਟੀਚਰ ਦਾ ਇੰਤਜ਼ਾਮ ਕਰ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

## ਉਦਯੋਗਿਕ ਝਗੜਿਆਂ ਦਾ ਫੈਸਲਾ

*1146. 1. ਕਾਮਰੇਡ ਅਜਾਇਬ ਸਿੰਘ ਰੋੜਾ
2. ਸ੍ਰੀਮਤੀ ਵਿਮਲਾ ਡਾਂਗ : } ਕੀ ਕਿਰਤ ਅਤੇ ਰੋਜ਼ਗਾਰ

ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿੱਚ ਵੱਖ ਵੱਖ ਉਦਯੋਗਿਕ ਕੇਂਦਰਾਂ ਨਾਲ ਸਬੰਧਤ ਉਦਯੋਗਿਕ ਝਗੜਿਆਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ 1 ਜਨਵਰੀ, 1993 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਦੇ ਦੌਰਾਨ ਲੇਬਰ ਕੋਰਟਾਂ ਜਾਂ ਉਦਯੋਗਿਕ ਟ੍ਰਿਬਿਊਨਲਾਂ ਨੂੰ ਫੈਸਲੇ ਲਈ ਸੌਂਪਿਆ ਗਿਆ ਹੈ; ਅਤੇ ਅਜਿਹੇ ਝਗੜਿਆਂ (ਕੇਂਦਰਵਾਰ) ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਵਿੱਚ ਉਕਤ ਸਮੇਂ ਦੇ ਦੌਰਾਨ ਇਨ੍ਹਾਂ ਕੇਸਾਂ ਨੂੰ ਫੈਸਲੇ ਲਈ ਨਾ ਸੌਂਪਣ ਦਾ ਫੈਸਲਾ ਕੀਤਾ ਗਿਆ ਸੀ ;

(ਅ) ਉਨ੍ਹਾਂ ਕੇਸਾਂ ਦੀ ਕੇਂਦਰ-ਵਾਰ ਗਿਣਤੀ ਕਿੰਨੀ ਕਿੰਨੀ ਹੈ, ਜਿਨ੍ਹਾਂ ਬਾਰੇ ਅਜੇ ਇਹ ਫੈਸਲੇ ਕੀਤੇ ਜਾਣੇ ਹਨ ਕਿ ਕੀ ਉਨ੍ਹਾਂ ਕੇਸਾਂ ਨੂੰ ਫੈਸਲੇ ਲਈ ਸੌਂਪਣ ਦੀ ਜ਼ਰੂਰਤ ਹੈ ਜਾਂ ਨਹੀਂ ?

**ਸਰਦਾਰ ਜੋਗਿੰਦਰ ਸਿੰਘ ਮਾਨ** : (ੳ) ਰਾਜ ਵਿੱਚ ਉਦਯੋਗਿਕ ਕੇਂਦਰਾਂ ਵਿੱਚ ਉਦਯੋਗਿਕ ਵਿਵਾਦ ਜੋ ਇੰਡਸਟਰੀਅਲ ਟ੍ਰਿਬਿਊਨਲ/ਕਿਰਤ ਕੋਰਟਾਂ ਨੂੰ ਫੈਸਲੇ ਲਈ ਸੌਂਪੇ ਗਏ ਦੀ ਮਿਤੀ 1 ਜਨਵਰੀ 1993 ਤੋਂ ਮਿਤੀ 20 ਦਸੰਬਰ, 1993 ਦੀ ਸੂਚਨਾ ਹੇਠ ਅਨੁਸਾਰ ਹੈ :—

| ਲੜੀ ਨੰ : | ਇੰਡਸਟਰੀਅਲ ਸੈਂਟਰ ਦਾ ਨਾਮ | | ਲੇਬਰ ਕੋਰਟਾਂ/ਉਦਯੋਗਿਕ ਟ੍ਰਿਬਿਊਨਲ ਨੂੰ ਰੈਫਰ ਕੀਤੇ ਕੇਸਾਂ ਦੀ ਗਿਣਤੀ | ਕਿਰਤ ਕੋਰਟਾਂ ਉਦਯੋਗਿਕ ਟ੍ਰਿਬਿਊਨਲ ਨੂੰ ਫੈਸਲੇ ਲਈ ਨਾ ਭੇਜਣਯੋਗ ਕੇਸਾਂ ਦੀ ਗਿਣਤੀ |
|---|---|---|---|---|
| 1 | ਅੰਮ੍ਰਿਤਸਰ | ... | 121 | 38 |
| 2 | ਗੁਰਦਾਸਪੁਰ | ... | 161 | 36 |
| 3 | ਕਪੂਰਥਲਾ | ... | 20 | 11 |
| 4 | ਫਿਰੋਜ਼ਪੁਰ | ... | 31 | 26 |
| 5 | ਹੁਸ਼ਿਆਰਪੁਰ | ... | 16 | 25 |

Original with;
Punjab Vidhan Sabha
Digitized by;
Panjab Digital Library

[ ਕਿਰਤ ਅਤੇ ਰੋਜ਼ਗਾਰ ਦੇ ਰਾਜ ਮੰਤਰੀ ]

| ਲੜੀ ਨੰ: | ਇੰਡਸਟਰੀਅਲ ਸੈਂਟਰ ਦਾ ਨਾਂ | | ਲੇਬਰ ਕੋਰਟਾਂ/ਉਦਯੋਗਿਕ ਟ੍ਰਿਬਿਊਨਲ ਨੂੰ ਰੈਫਰ ਕੀਤੇ ਕੇਸਾਂ ਦੀ ਗਿਣਤੀ | ਕਿਰਤ ਕੋਰਟਾਂ ਉਦ-ਯੋਗਿਕ ਟ੍ਰਿਬਿਊਨਲ ਨੂੰ ਫੈਸਲੇ ਲਈ ਨਾਂ ਭੇਜਣ ਯੋਗ ਕੇਸਾਂ ਦੀ ਗਿਣਤੀ |
|---|---|---|---|---|
| 6 | ਜਲੰਧਰ | ... | 251 | 50 |
| 7 | ਸੰਗਰੂਰ | ... | 58 | 22 |
| 8 | ਰੋਪੜ | ... | 120 | 167 |
| 9 | ਪਟਿਆਲਾ | ... | 142 | 220 |
| 10 | ਬਠਿੰਡਾ | ... | 36 | 54 |
| 11 | ਫਰੀਦਕੋਟ | ... | 32 | 38 |
| 12 | ਮਾਨਸਾ | ... | 11 | 10 |
| 13 | ਲੁਧਿਆਣਾ | ... | 1490 | 170 |
| 14 | ਫਤਿਹਗੜ੍ਹ ਸਾਹਿਬ | ... | 51 | 47 |

(ਅ) ਕੇਂਦਰ ਵਾਈਜ਼ ਕਿਰਤ ਵਿਭਾਗ ਪਾਸ ਮਿਤੀ 20 ਦਸੰਬਰ, 1993 ਤੱਕ ਲੰਬਿਤ ਪਏ ਉਦਯੋਗਿਕ ਵਿਵਾਦਾਂ ਦੀ ਗਿਣਤੀ ਹੇਠ ਅਨੁਸਾਰ ਹੈ :--

| ਲੜੀ ਨੰ: | ਇੰਡਸਟਰੀਅਲ ਸੈਂਟਰ ਦਾ ਨਾਂ | | ਲੰਬਿਤ ਕੇਸਾਂ ਦੀ ਗਿਣਤੀ |
|---|---|---|---|
| 1 | ਅੰਮ੍ਰਿਤਸਰ | ... | 48 |
| 2 | ਗੁਰਦਾਸਪੁਰ | ... | 111 |
| 3 | ਕਪੂਰਥਲਾ | ... | 15 |
| 4 | ਫਿਰੋਜ਼ਪੁਰ | ... | 60 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਇੰਡਸਟਰੀਅਲ ਸੈਂਟਰ ਦਾ ਨਾਂ | | ਲੰਬਿਤ ਕੇਸਾਂ ਦੀ ਗਿਣਤੀ |
|---|---|---|---|
| 5 | ਹੁਸ਼ਿਆਰਪੁਰ | ... | 56 |
| 6 | ਜਲੰਧਰ | ... | 45 |
| 7 | ਸੰਗਰੂਰ | ... | 34 |
| 8 | ਰੋਪੜ | ... | 48 |
| 9 | ਪਟਿਆਲਾ | ... | 54 |
| 10 | ਬਠਿੰਡਾ | ... | 36 |
| 11 | ਫਰੀਦਕੋਟ | ... | 24 |
| 12 | ਮਾਨਸਾ | ... | 3 |
| 13 | ਲੁਧਿਆਣਾ | ... | 50 |
| 14 | ਫਤਿਹਗੜ੍ਹ ਸਾਹਿਬ | ... | 25 |

**ਕਾਮਰੇਡ ਅਜਾਇਬ ਸਿੰਘ ਰੌਂਤਾ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਜੋ ਕੇਸ ਲੇਬਰ ਇੰਸਪੈਕਟਰ ਵਲੋਂ ਇੰਡਸਟਰੀਅਲ ਟ੍ਰਿਬਿਊਨਲ ਅਤੇ ਲੇਬਰ ਕੋਰਟਾਂ ਨੂੰ ਭੇਜੇ ਜਾਂਦੇ ਹਨ ਅਤੇ ਉਹ ਕਈ ਕਈ ਸਾਲ ਉਥੇ ਪੈਂਡਿੰਗ ਪਏ ਰਹਿੰਦੇ ਹਨ ਅਤੇ ਸਾਲਾਂ ਪਿਛੋਂ ਕੈਂਸਲ ਕਰ ਦਿਤੇ ਜਾਂਦੇ ਹਨ । ਸਾਡੇ ਪੰਜਾਬ ਵਿੱਚ ਤਿੰਨ ਡਿਵੀਜ਼ਨਾਂ ਹਨ ਜਦ ਕਿ ਇੰਡਸਟਰੀਅਲ ਟ੍ਰਿਬਿਊਨਲ ਕੇਵਲ ਇੱਕ ਡਿਵੀਜ਼ਨ ਤੇ ਹੀ ਸਥਾਪਤ ਕੀਤਾ ਗਿਆ ਹੈ। ਕੀ ਮੰਤਰੀ ਜੀ ਦੱਸਣਗੇ ਕਿ ਕੀ ਸਰਕਾਰ ਹੋਰ ਦੋ ਜਗ੍ਹਾ ਤੇ ਵੀ ਇੰਡਸਟਰੀਅਲ ਟ੍ਰਿਬਿਊਨਲ ਕਾਇਮ ਕਰਨਾ ਚਾਹੁੰਦੀ ਹੈ ਤਾਂ ਕਿ ਕੇਸਾਂ ਦਾ ਨਿਪਟਾਰਾ ਛੇਤੀ ਹੋ ਸਕੇ?

**ਰਾਜ ਮੰਤਰੀ :** ਸਪੀਕਰ ਸਾਹਿਬ ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਕੋਈ ਰੈਲੀਵੈਂਸੀ ਨਹੀਂ ਹੈ। ਵੱਖਰਾ ਸਵਾਲ ਪੁਛੋਗੇ ਤਾਂ ਦੱਸ ਦਿਤਾ ਜਾਵੇਗਾ।

**ਕਾਮਰੇਡ ਅਜਾਇਬ ਸਿੰਘ ਰੌਂਤਾ :** ਸਪੀਕਰ ਸਾਹਿਬ, ਇਸ ਦੀ ਰੈਲੀਵੈਂਸੀ ਬਣਦੀ ਹੈ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਜ਼ਿਲ੍ਹਿਆਂ ਵਿੱਚ ਲੇਬਰ ਕੋਰਟਾਂ ਦੇ ਦਫਤਰ ਨਹੀਂ। ਜਿਹੜੀ ਇਨ੍ਹਾਂ ਨੇ ਬੜੀ ਲੰਮੀ ਕੇਸਾਂ ਦੀ ਲਿਸਟ ਦਿਤੀ ਹੈ ਜੇ ਜ਼ਿਲ੍ਹਿਆਂ ਵਿੱਚ ਲੇਬਰ ਕੋਰਟਸ ਹੋਣ ਤਾਂ ਇਨ੍ਹਾਂ ਕੇਸਾਂ ਦਾ ਨਿਪਟਰਾ ਛੇਤੀ ਹੋ ਸਕਦਾ ਹੈ। ਕੀ ਸਰਕਾਰ ਡਿਸਟ੍ਰਿਕਟ ਪੱਧਰ ਤੇ ਲੇਬਰ ਕੋਰਟਸ ਬਣਾਉਣ ਦਾ ਵਿਚਾਰ ਰੱਖਦੀ ਹੈ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਸਪੀਕਰ ਸਾਹਿਬ, ਹਰ ਡਿਸਟ੍ਰਕਟ ਵਿੱਚ ਲੇਬਰ ਕੋਰਟ ਹੈ। ਇੱਕ ਟ੍ਰਿਬਿਊਨਲ ਵੀ ਸਥਾਪਤ ਕੀਤਾ ਹੋਇਆ ਹੈ। ਕੇਸਾਂ ਦੀ ਗਿਣਤੀ ਇਸ ਕਰਕੇ ਜ਼ਿਆਦਾ ਹੈ ਕਿਉਂਕਿ ਇਹ ਇਕ ਕੰਟੀਨਿਊ ਪ੍ਰਾਸੈਸ ਹੈ ਅਤੇ ਜਿਸ ਤਰ੍ਹਾਂ ਕੇਸਾਂ ਦਾ ਨਿਪਟਾਰਾ ਹੁੰਦਾ ਜਾਂਦਾ ਹੈ, ਉਸੇ ਰਫ਼ਤਾਰ ਨਾਲ ਹੋਰ ਕੇਸ ਆਉਂਦੇ ਰਹਿੰਦੇ ਹਨ।

**ਸ੍ਰੀਮਤੀ ਵਿਮਲਾ ਡਾਂਗ :** ਮੈਂ ਮਾਨਯੋਗ ਮੰਤਰੀ ਨੂੰ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਹ ਕੁਐਸਚਨ ਕਿਸ ਤਰ੍ਹਾਂ ਰੀਲੇਟਿਡ ਨਹੀਂ ਹੈ। ਜਿਹੜੇ ਇਨ੍ਹਾਂ ਨੇ ਫਿਗਰ ਦਿਤੇ ਹਨ ਉਨ੍ਹਾਂ ਦੀ ਬੜੀ ਲੰਮੀ ਲਿਸਟ ਹੈ ਉਸ ਤੋਂ ਪਤਾ ਲਗਦਾ ਹੈ ਕਿ ਬਹੁਤ ਸਾਰੇ ਇੰਡਸਟਰੀਜ਼ ਦੇ ਕੇਸ ਪੈਂਡਿੰਗ ਪਏ ਹਨ। ਅਸੀਂ ਪਿਛਲੇ ਸੈਸ਼ਨ ਵਿੱਚ ਵੀ ਮਾਮਲਾ ਉਠਾਇਆ ਸੀ ਕਿ ਬਹੁਤ ਸਾਰੀਆਂ ਲੇਬਰ ਕੋਰਟਾਂ ਵਿੱਚ ਜੱਜ ਹੀ ਨਹੀਂ ਹਨ ਅਤੇ ਕੇਵਲ ਇਕ ਇੰਡਸਟਰੀਅਲ ਟ੍ਰਿਬਿਊਨਲ ਸਥਾਪਤ ਕੀਤਾ ਹੋਇਆ ਹੈ। ਹਰ ਇਕ ਸਬ-ਡਿਵੀਜ਼ਨਲ ਪੱਧਰ ਤੇ ਇੰਸਟਰੀਅਲ ਟ੍ਰਿਬਿਊਨਲ ਸਥਾਪਤ ਕੀਤਾ ਜਾਣਾ ਚਾਹੀਦਾ ਹੈ ਅਤੇ ਸਾਰੇ ਜ਼ਿਲ੍ਹਿਆਂ ਦੇ ਲੇਬਰ ਕੋਰਟਾਂ ਵਿੱਚ ਜੱਜਾਂ ਦੀ ਨਿਯੁਕਤੀ ਹੋਣੀ ਚਾਹੀਦੀ ਹੈ।

**ਰਾਜ ਮੰਤਰੀ :** ਸਪੀਕਰ ਸਾਹਿਬ, ਟ੍ਰਿਬਿਊਨਲ ਕੋਲ ਜਾਂ ਡੀਪਾਰਟਮੈਂਟ ਕੋਲ ਜੋ ਕੇਸਿਜ਼ ਪੈਂਡਿੰਗ ਹਨ ਉਸ ਦਾ ਬੜਾ ਲੰਮਾ ਪ੍ਰਾਸੈਸ ਹੈ। ਬਹੁਤ ਸਾਰੀਆਂ ਐਪਲੀਕੇਸ਼ਨਜ਼ ਇਨਵੈਲਿਡ ਹੁੰਦੀਆਂ ਹਨ ਜੋ ਟੈਕਨੀਕਲ ਗਰਾਊਂਡ ਤੇ ਰੀਜੈਕਟ ਹੋ ਜਾਂਦੀਆਂ ਹਨ ਅਤੇ ਬਹੁਤ ਸਾਰੇ ਡੀਪਾਰਟਮੈਂਟਸ ਦੇ ਕੇਸ ਕੋਰਟ ਕੋਲ ਪੈਂਡਿੰਗ ਪਏ ਰਹਿੰਦੇ ਹਨ ਪਰ ਸਰਕਾਰ ਇਸ ਸਬੰਧੀ ਬਹੁਤ ਸੁਚੇਤ ਹੈ ਕਿ ਇਨ੍ਹਾਂ ਦਾ ਜਲਦੀ ਨਿਪਟਾਰਾ ਕਰ ਦਿੱਤਾ ਜਾਵੇ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੇਰਾ ਸਵਾਲ ਹੈ ਕਿ ਜਿਵੇਂ ਲਿਸਟ ਬਹੁਤ ਜ਼ਿਆਦਾ ਲੰਮੀ ਹੈ ਅਤੇ ਲੇਬਰ ਕੋਰਟਾਂ ਵਿੱਚ ਬਹੁਤ ਕੇਸ ਪੈਂਡਿੰਗ ਹਨ ਅਤੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਨਹੀਂ ਹੁੰਦਾ। ਮੰਤਰੀ ਜੀ ਨੇ ਹੁਣੇ ਕਿਹਾ ਹੈ ਕਿ ਹਰ ਜ਼ਿਲ੍ਹੇ ਵਿੱਚ ਲੇਬਰ ਕੋਰਟ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਹਰ ਜ਼ਿਲ੍ਹੇ ਵਿੱਚ ਲੇਬਰ ਕੋਰਟ ਨਹੀਂ ਹੈ। ਮੈਂ ਮੰਤਰੀ ਜੀ ਤੋਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜਿੱਥੇ ਲੇਬਰ ਕੋਰਟਸ ਹਨ ਕੀ ਉਥੇ ਤੁਰੰਤ ਜੱਜ ਅਪੁਆਇੰਟ ਕੀਤੇ ਜਾਣਗੇ ਅਤੇ ਕੀ ਕੋਈ ਸਮਾਂ ਨਿਸਚਿਤ ਕੀਤਾ ਜਾਵੇਗਾ ਕਿ ਦੋ ਮਹੀਨੇ, ਚਾਰ ਮਹੀਨੇ ਜਾਂ ਛੇ ਮਹੀਨੇ ਵਿੱਚ ਕੇਸ ਦਾ ਨਿਪਟਾਰਾ ਹਰ ਹਾਲਤ ਵਿੱਚ ਕੀਤਾ ਜਾਵੇਗਾ ?

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਕਿਹਾ ਹੈ, ਇਹ ਇਕ ਕੰਟੀਨਿਊ ਪ੍ਰਾਸੈਸ ਹੈ, ਕੋਰਟਾਂ ਵਿਚ ਲੇਬਰ ਦੇ ਨਵੇਂ ਕੇਸ ਆਉਂਦੇ ਰਹਿੰਦੇ ਹਨ। ਇਸ ਨੂੰ ਅਸੀਂ ਕਿਸੇ ਤਰੀਕੇ ਨਾਲ ਟਾਈਮ ਬਾਊਂਡ ਨਹੀਂ ਕਰ ਸਕਦੇ ਪਰ ਗੌਰਮਿੰਟ ਇਸ ਸਬੰਧੀ ਸੁਦ੍ਰਿੜ ਹੈ ਕਿ ਇਨ੍ਹਾਂ ਕੇਸਾਂ ਦਾ ਜਲਦੀ ਨਿਪਟਾਰਾ ਕਰ ਦਿੱਤਾ ਜਾਵੇਗਾ।

**Shri Madan Mohan Mittal::** Sir, one more supplementay question, I agree. This is a continuous process which is regarding all the cases. The courts are to hear the instituted cases on the days fixed by the Tribunal or by the Court. Will the Minister assure the House that he is going to give a direction to these Courts that the cases are disposed off within a specified time so that the people do not have to go to the Courts against and again and they may be free from all this litigation ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੁਡੀਸ਼ਰੀ ਨੂੰ ਕੋਈ ਸਰਕਾਰ ਡਾਇਰੈਕਸ਼ਨ ਨਹੀਂ ਦੇ ਸਕਦੀ। ਲੇਕਿਨ ਕੋਸ਼ਿਸ਼ ਕਰਕੇ ਇਨ੍ਹਾਂ ਕੇਸਾਂ ਦਾ ਜਲਦੀ ਨਿਪਟਾਰਾ ਕਰ ਦਿੱਤਾ ਜਾਵੇਗਾ।

---

Original with;
Punjab Vidhan Sabha
Digitized by;
Panjab Digital Library

### ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾ ਨੂੰ ਲਾਗੂ ਕਰਨਾ

*1216. **ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਮੰਡਲ ਕਮਿਸ਼ਨ ਦੀਆਂ ਸ਼ਿਫਾਰਸ਼ਾਂ ਨੂੰ ਲਾਗੂ ਕਰਨ ਸਬੰਧੀ ਭਾਰਤ ਸਰਕਾਰ ਵਲੋਂ ਕੋਈ ਪੱਤਰ ਜਨਵਰੀ, 1990 ਤੋਂ ਮਿਤੀ ਅੰਤ ਤਕ ਦੇ ਸਮੇਂ ਦੇ ਦੌਰਾਨ ਪ੍ਰਾਪਤ ਹੋਇਆ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ਅਤੇ ਸਰਕਾਰ ਦੁਆਰਾ ਉਸ ਤੇ ਕੀ ਕਾਰਵਾਈ ਕੀਤੀ ਗਈ ?

**Chaudhry Jagjit Singh:** Yes Sir, the State Government have received the following communications from the Government of India during the period from January, 1990 todate regarding implementation of Mandal Commission recommendations:—

(i) Letter dated 12th June, 1990 asking for considered views of State Government on the recommendations of 2nd Backward Classes Commission headed by Shri V.P. Mandal.

(ii) Office Memo, dated 13th August, 1990 providing 27% reservation to Socially, Educationally backward classes in the services.

(iii) Letter, dated 29th August, 1990 containing excepts of P.M.s address in Rajya Sabha on 9th August, 1990.

(iv) Office memo, dated 8th September, 1993 providing 27 % reservation to OBCs subject to exclusion of creamy layer from the benefit of reservation. Action taken thereon is as follows:—

(i) **Letter dated 12th June, 1990:**—After consideration, this being a policy matter of far-reaching consequences, the Governor-in-Council decided to leave this issue to the popular Government for decision.

(ii) **Office Memo, dated 13th August, 1990:** Government of India's decision to reserve 27% vacancies for the BCs was challenged in a Writ Petition (Civil) in the Supreme Court of India. Therefore, it was decided to wait for the decision of the Court:—

(iii) **Letter, dated 29th August, 1990:** Being a policy matter of far-reaching consequences, it was decided to leave this issue for decision to popular Gover-nment.

(iv) **Letter, dated 8th September, 1993:** The matter is under the active consideration of Government.

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਇਨ੍ਹਾਂ ਨੇ ਚਾਰ ਚਿੱਠੀਆਂ ਦਾ ਹਵਾਲ ਦਿੱਤਾ ਹੈ, ਉਨ੍ਹਾਂ ਅਨੁਸਾਰ ਪਹਿਲੀ ਚਿੱਠੀ ਵਿਚ ਮਾਮਲਾ ਗਵਰਨਰ ਇਨ-ਕੌਂਸਲ ਨੇ ਪਾਪੂਲਰ ਸਰਕਾ

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ ]

ਸਰਕਾਰ ਤੇ ਛੱਡ ਦਿੱਤੀ। ਦੂਜੀ ਚਿੱਠੀ ਵਿਚ ਇਨ੍ਹਾਂ ਨੇ ਸੁਪਰੀਮ ਕੋਰਟ ਦਾ ਹਵਾਲਾ ਦੇ ਕੇ ਕੇਸ ਡਿਸਾਈਡ ਹੋਣ ਲਈ ਛੱਡ ਦਿੱਤਾ। ਤੀਜੀ ਚਿੱਠੀ ਜਿਹੜੀ ਕਿ 29 ਅਗਸਤ, 1990 ਨੂੰ ਆਈ ਹੈ, ਉਸ ਵਿਚ ਇਨ੍ਹਾਂ ਨੇ ਮਾਮਲਾ ਪਾਪੂਲਰ ਸਰਕਾਰ ਤੇ ਛੱਡ ਦਿੱਤਾ ਅਤੇ ਚੌਥੀ ਚਿੱਠੀ ਜਿਹੜੀ ਕਿ 8 ਸਤੰਬਰ, 1993 ਦੀ ਹੈ, ਉਸ ਵਿਚ ਇਨ੍ਹਾਂ ਨੇ ਮਾਮਲਾ ਐਕਟਿਵ ਕੰਸਿਡਰੇਸ਼ਨ ਤੇ ਛੱਡ ਦਿੱਤਾ।

ਸਪੀਕਰ ਸਾਹਿਬ, ਸਰਕਾਰ ਬਣੀ ਨੂੰ ਕਾਫੀ ਸਮਾਂ ਹੋ ਗਿਆ ਹੈ। ਪਾਪੂਲਰ ਸਰਕਾਰ ਵਜੂਦ ਵਿਚ ਹੈ। ਸੁਪਰੀਮ ਕੋਰਟ ਦਾ ਫੈਸਲਾ ਵੀ ਆ ਚੁੱਕਾ ਹੈ ਪਰ ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸੁਪਰੀਮ ਕੋਰਟ ਦੇ ਫੈਸਲੇ ਅਤੇ ਕੇਂਦਰ ਸਰਕਾਰ ਦੀਆਂ ਹਦਾਇਤਾਂ ਤੋਂ ਬਾਅਦ ਇਹ ਕਿੰਨਾ ਸਮਾਂ ਇਨ੍ਹਾਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਟਾਈਮ ਬਾਉਂਡ ਕਰਨਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀ ਦੇਰੀ ਹੈ ਕਿਉਂਕਿ 16 ਨਵੰਬਰ, 1992 ਨੂੰ ਸੁਪਰੀਮ ਕੋਰਟ ਦਾ ਫੈਸਲਾ ਹੋਇਆ, ਇਸ ਤੋਂ ਬਾਅਦ ਅਸੀਂ ਇੰਤਜ਼ਾਰ ਕੀਤਾ ਗੌਰਮਿੰਟ ਆਫ ਇੰਡੀਆ ਦੇ ਫੈਸਲੇ ਦਾ 8 ਸੰਤਬਰ, 1993 ਨੂੰ ਪੰਜਾਬ ਸਰਕਾਰ ਨੂੰ ਚਿੱਠੀ ਆਈ ਜਿਸ ਤੇ ਕਿ ਪੰਜਾਬ ਸਰਕਾਰ, ਜਿਸ ਤਰ੍ਹਾਂ ਮੈਂ ਪਹਿਲਾ ਕਿਹਾ ਕਿ ਤੇਜ਼ੀ ਨਾਲ ਗੌਰ ਕਰ ਰਹੀ ਹੈ ਤੇ ਉਨ੍ਹਾਂ ਦੀ ਚਿੱਠੀ ਦਾ ਪੂਰਾ ਜਵਾਬ ਦੇ ਦਿੱਤਾ। ਦੂਜਾ, ਜੇ ਇਹ ਹੋਰ ਜਾਣਕਾਰੀ ਚਾਹੁੰਦੇ ਹਨ ਤਾਂ ਇਸ ਬਾਰੇ ਸੈਪਰੇਟ ਕੁਐਸਚਨ ਦੇ ਦੇਣ।

**ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਤਾਂ 27 ਫੀਸਦੀ ਦਾ ਫੈਸਲਾ ਲਾਗੂ ਕਰਨ ਦੀ ਕੇਂਦਰੀ ਸਰਕਾਰ ਦੀ ਪਾਲਿਸੀ ਹੈ, ਮੈਂ ਤਾਂ ਇਨ੍ਹਾਂ ਨੂੰ ਇਹ ਪੁੱਛਣਾਂ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਦੱਸਣਗੇ ਕਿ ਜਿਹੜਾ ਬੈਕਲਾਗ ਹੈ, ਉਸ ਨੂੰ ਕਦੋਂ ਪੂਰਾ ਕਰ ਦੇਣਗੇ?

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਥੋਂ ਤੱਕ ਬੈਕਵਰਡ ਕਲਾਸਿਜ਼ ਦੇ ਬੈਕਲਾਗ ਦਾ ਤੁਅੱਲਕ ਹੈ, ਪੰਜਾਬ ਵਿੱਚ ਕੋਈ ਬੈਕਲਾਗ ਨਹੀਂ ਹੈ। ਬੈਕਵਰਡ ਕਲਾਸਿਜ਼ ਵਾਸਤੇ ਅੰਕੜੇ ਇਕੱਠੇ ਕੀਤੇ ਹਨ। ਉਸ ਵਿੱਚ 5 ਫੀਸਦੀ ਰਿਜ਼ਰਵੇਸ਼ਨ ਦੀ 66 ਫੀਸਦੀ ਦਾ ਹਿੱਸਾ ਇਨ੍ਹਾਂ ਨੂੰ ਮਿਲ ਚੁੱਕਾ ਹੈ। ਇਸ ਲਈ ਬੈਕਲਾਗ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਕਾਮਰੇਡ ਤਰਸੇਮ ਜੋਧਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਈ ਮਹਿਕਮਿਆਂ ਵਿੱਚ ਬੈਕਲਾਗ ਪੂਰਾ ਕਰਨਾ ਤਾਂ ਇੱਕ ਪਾਸੇ ਰਿਹਾ ਜਿਹੜੇ ਸ਼ਡਿਊਲਡ ਕਾਸਟ ਹਨ ਉਨ੍ਹਾਂ ਨੂੰ ਕੱਢਿਆ ਜਾ ਰਿਹਾ ਹੈ। ਜਿਵੇਂ ਇੰਡਸਟਰੀ ਵਿਭਾਗ ਹੈ। ਉਸ ਬਾਰੇ ਮਾਨਯੋਗ ਮੁੱਖ ਮੰਤਰੀ ਸਾਹਿਬ, ਨੇ, ਸ਼੍ਰੀ ਬ੍ਰਹਮ ਮਹਿੰਦਰਾ ਜੀ ਨੇ ਟਿੱਪਣੀਆਂ ਦਿੱਤੀਆਂ ਹਨ ਕਿਤੇ ਉਨ੍ਹਾਂ ਦੀ ਛਾਂਟੀ ਕਰਨ ਦਾ ਇਰਾਦਾ ਤਾ ਨਹੀਂ। ਜਿਹੜੀਆਂ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਹਨ ਕੀ ਸਰਕਾਰ ਉਨ੍ਹਾਂ ਨੂੰ ਸਖਤੀ ਨਾਲ ਲਾਗੂ ਕਰਨ ਲਈ ਤਿਆਰ ਹੈ ?

**ਰਾਜ ਮੰਤਰੀ :** ਇਹ ਸਵਾਲ ਬੈਕਵਰਡ ਕਲਾਸਿਜ਼ ਵਾਸਤੇ ਹੈ। ਬੈਕਲਾਗ ਕੋਈ ਨਹੀਂ ਹੈ। ਦੂਸਰੀ ਕਿਸੇ ਜਾਣਕਾਰੀ ਲਈ ਵੱਖਰਾ ਸਵਾਲ ਕਰ ਦੇਣ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜੋ ਮੰਡਲ ਕਮਿਸ਼ਨ ਦੀ ਰਿਪੋਰਟ ਉਪਰ ਅਮਲ ਹੈ, ਉਸ ਨੂੰ ਕਦੋਂ ਪੂਰਾ ਕੀਤਾ ਜਾਵੇਗਾ? ਉੱਤਰ ਪ੍ਰਦੇਸ਼ ਵਿੱਚ ਨਵੀਂ ਸਰਕਾਰ ਬਣੀ ਹੈ। ਉਸ ਨਵੀਂ ਸਰਕਾਰ ਨੇ ਆਪਣੇ

Original with;
Punjab Vidhan Sabha
Digitized by;
Panjab Digital Library

ਪੰਜ ਦਿਨ ਦੇ ਸਮੇਂ ਵਿੱਚ ਹੀ ਮੰਡਲ ਕਮਿਸ਼ਨ ਉਪਰ ਅਮਲ ਸ਼ੁਰੂ ਕਰ ਦਿੱਤਾ। ਕੀ ਮੁੱਖ ਮੰਤਰੀ ਜੀ ਐਸ਼ੋਰੈਂਸ ਦੇਣਗੇ ਕਿ ਪੰਜਾਬ ਸਰਕਾਰ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਪੰਜਾਬ ਵਿੱਚ ਵੀ ਅਮਲ ਵਿੱਚ ਲਿਆਏਗੀ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਦੀ ਕੋਈ ਡੇਟ ਤਾਂ ਫਿਕਸ ਨਹੀਂ ਕੀਤੀ ਜਾ ਸਕਦੀ। ਪਰ ਮੈਂ ਫਿਰ ਵੀ ਮੈਂਬਰ ਸਾਹਿਬਾਨ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਥੋੜ੍ਹੇ ਦਿਨਾਂ ਵਿੱਚ ਫੈਸਲਾ ਕੀਤਾ ਬੈਕਵਰਡ ਕਲਾਸਿਜ਼ ਦੇ ਸਬੰਧ ਵਿਚ ਕਿ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਬਾਰੇ ਸੁਪਰੀਮ ਕੋਰਟ ਦੀਆਂ ਜੋ ਰਿਕੁਮੈਂਡੇਸ਼ਨਜ਼ ਹਨ, ਉਨ੍ਹਾਂ ਦੀ ਕਹਾਣੀ ਏਰੀਏ ਦੇ ਆਧਾਰ ਤੇ ਰਿਜ਼ਰਵੇਸ਼ਨ ਲਾਗੂ ਕਰ ਦਿੱਤੀ ਜਾਵੇਗੀ। ਮੈਂਬਰ ਸਾਹਿਬਾਨ ਇਹ ਜਾਣ ਕੇ ਖੁਸ਼ ਹੋਣਗੇ ਕਿ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਹੜੀਆਂ 64 ਰਿਕੁਗਨਾਈਜ਼ਡ ਬੈਕਵਰਡ ਜਾਤਾਂ ਹਨ ਜਿਨ੍ਹਾਂ ਦੀ ਆਮਦਨ ਦੀ ਹੱਦ ਦੱਸ ਹਜ਼ਾਰ ਦੀ ਖ਼ਤਮ ਕਰ ਦਿੱਤੀ ਹੈ (ਥੰਪਿੰਗ) ਜਿਸ ਨਾਲ ਬੈਕਵਰਡ ਕਲਾਸਿਜ਼ ਨੂੰ ਬਹੁਤ ਲਾਭ ਹੋਇਆ ਹੈ।

**ਸਰਦਾਰ ਜਗਤਾਰ ਸਿੰਘ ਮੁਲਤਾਨੀ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸੋਸ਼ਲ ਵੈਲਫੇਅਰ ਮਨਿਸਟਰ ਪਾਸੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਪਛੜੀਆਂ ਸ਼੍ਰੇਣੀਆਂ ਨੂੰ 27 ਫੀਸਦੀ ਰਿਜ਼ਰਵੇਸ਼ਨ ਦਿੱਤੀ ਜਾਣੀ ਹੈ ਇਸ ਦੇ ਬਾਰੇ 1990 ਤੋਂ ਫੈਸਲਾ ਪੈਂਡਿੰਗ ਪਿਆ ਸੀ ਜਿਸ ਵਿੱਚ ਇਹ ਫੈਸਲਾ ਲਿਆ ਗਿਆ ਕਿ ਆਮਦਨ ਦੀ ਬਾਰ ਨਹੀਂ ਹੋਵੇਗੀ। ਇਸ ਸਬੰਧ ਵਿੱਚ ਕੀ ਥੱਲੇ ਐਸ.ਡੀ. ਐਮਜ਼ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਤਾਂ ਕਿ ਲੋਕਾਂ ਨੂੰ ਸਰਟੀਫਿਕੇਟ ਬਣਾਉਣ ਸਮੇਂ ਕੋਈ ਪ੍ਰਾਬਲਮ ਨਾ ਹੋਵੇ ?

**ਰਾਜ ਮੰਤਰੀ :** ਫੈਸਲਾ ਲੈਣ ਤੋਂ ਬਾਅਦ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹਨਾਂ ਨੇ ਚਿੱਠੀ 8 ਸਤੰਬਰ, 1993 ਨੂੰ ਦਿੱਤੀ, ਇਸ ਲਈ ਲਗ ਭਗ ਸਾਢੇ ਤਿੰਨ ਮਹੀਨੇ ਹੋ ਗਏ। ਕੀ ਮੰਤਰੀ ਜੀ ਦੱਸਣਗੇ ਕਿ ਚਿੱਠੀ ਕਦੋਂ ਪਹੁੰਚੀ ? ਕਿੰਨੀ ਇੰਪਲੀਮੈਂਟੇਸ਼ਨ ਹੋਈ ? ਜੇ ਨਹੀਂ ਹੋਈ ਤਾਂ ਕਿਹੜੀ ਤਰੀਕ ਤੱਕ ਇੰਪਲੀਮੈਂਟੇਸ਼ਨ ਹੋ ਸਕਦੀ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਰਿਜ਼ਰਵੇਸ਼ਨ ਫਿਕਸ ਕੀਤੀ ਹੈ ਉਸ ਦੇ ਵਾਸਤੇ ਸੁਪਰੀਮ ਕੋਰਟ ਦਾ ਫੈਸਲਾ ਹੈ ਕਿ 50 ਫੀਸਦੀ ਤੋਂ ਵੱਧ ਰਿਜ਼ਰਵੇਸ਼ਨ ਨਹੀਂ ਹੋਣੀ ਚਾਹੀਦੀ। ਸਾਡੇ ਪੰਜਾਬ ਵਿੱਚ ਮੈਂ ਤੁਹਾਡੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ 25 ਫੀਸਦੀ ਸ਼ਡਿਊਲਡ ਕਾਸਟ ਦੀ ਰਿਜ਼ਰਵੇਸ਼ਨ ਹੈ ਔਰ ਸ਼ਡਿਊਲਡ ਕਾਸਟ ਦਾ ਬੈਕ ਲਾਗੂ ਪੂਰਾ ਕਰਨ ਵਾਸਤੇ 20 ਫੀਸਦੀ ਰਿਜ਼ਰਵੇਸ਼ਨ ਹੈ। 5 ਫੀਸਦੀ ਬੈਕਵਰਡ ਕਲਾਸਿਜ਼ ਰਿਜ਼ਰਵੇਸ਼ਨ ਹੈ, ਅਸੀਂ ਫੈਸਲਾ ਕਰਨਾ ਹੈ ਕਿ ਕਿਸ ਢੰਗ ਨਾਲ ਬੈਕਵਰਡ ਕਲਾਸਿਜ਼ ਨੂੰ ਰਿਜ਼ਰਵੇਸ਼ਨ ਜੋ ਹੈ ਉਹ ਦੇਈਏ। ਇਸੇ ਦੇ ਲਈ ਬੜੇ ਅੱਛੇ ਤਰੀਕੇ ਨਾਲ ਗੌਰ ਹੋ ਰਿਹਾ ਹੈ, ਤੇਜ਼ੀ ਨਾਲ ਗੌਰ ਹੋ ਹੋ ਰਿਹਾ ਹੈ ਔਰ ਜਿੰਨੀ ਜਲਦੀ ਹੋ ਸਕੇ ਸਾਡੀ ਕੋਸ਼ਿਸ਼ ਹੋਵੇਗੀ ਕਿ ਉਸ ਦਾ ਸਿੱਟਾ ਤੁਹਾਡੇ ਸਾਹਮਣੇ ਆਵੇ।

**Mr. Speaker :** Next question. Smt. Laxmi Kanta Chawla.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਇਸ ਪ੍ਰਸ਼ਨ ਤੋਂ ਪਹਿਲਾਂ ਇਕ ਹੋਰ ਪ੍ਰਸ਼ਨ ਵੀ ਹੈ।

---

Original with;
Punjab Vidhan Sabha
Digitized by;
Panjab Digital Library

ਨਿਸ਼ਾਨਵਾਲਾ ਪ੍ਰਸ਼ਨ ਨੰਬਰ : 1145*

ਸ੍ਰੀ ਸਪੀਕਰ : ਸਟਾਰਡ ਸਵਾਲ ਨੰਬਰ 1145 ਦੀ ਐਕਸਟੈਨਸ਼ਨ ਦਿੱਤੀ ਹੋਈ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਸ ਦਾ ਸਰਕਾਰ ਕੋਲ ਬੜਾ ਸਪੱਸ਼ਟ ਜਵਾਬ ਹੈ। ਜਿਹੜੇ ਹੜ੍ਹ ਆਏ ਹਨ ਉਨ੍ਹਾਂ ਦੇ ਬਾਰੇ ਫੈਕਟਸ ਸਰਕਾਰ ਦੇ ਕੋਲ ਹਨ।

Mr. Speaker : Extension has been granted and it has been informed.

ਕਾਮਰੇਡ ਅਜੈਬ ਸਿੰਘ ਰੌਂਤਾ : ਕਦੋਂ ਜਵਾਬ ਆਵੇਗਾ ।

ਸ੍ਰੀ ਸਪੀਕਰ : ਨੈਕਸਟ ਸੈਸ਼ਨ ਵਿੱਚ । (ਵਿਘਨ) Next question No. 1153.

ਅਬੋਹਰ ਸ਼ਹਿਰ ਵਿੱਚ ਗੋਲੀ ਚੱਲਣ ਦੀ ਘਟਨਾ

*1153 ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਕੀ 25 ਅਕਤੂਬਰ 1991 ਨੂੰ ਜ਼ਿਲ੍ਹਾ ਫਿਰੋਜ਼ਪੁਰ ਵਿਚ ਅਬੋਹਰ ਸ਼ਹਿਰ ਵਿਚ ਗੋਲੀ ਚਲਣ ਦੀ ਕੋਈ ਘਟਨਾ ਵਾਪਰੀ ਸੀ ਜੇਕਰ ਅਜਿਹਾ ਹੋਵੇ ਤਾਂ ਉਸ ਵਿਅਕਤੀ ਦਾ ਨਾਂ ਕੀ ਹੈ ਜਿਹੜਾ ਗੋਲੀ ਚਲਾਉਣ ਵਿਚ ਸ਼ਾਮਿਲ ਸੀ;

(ਅ) ਗੋਲੀ ਚਲਣ ਦੀ ਉਕਤ ਘਟਨਾ ਵਿੱਚ ਮਾਰੇ ਗਏ ਅਤੇ ਜ਼ਖਮੀ ਹੋਏ ਵਿਅਕਤੀਆਂ ਦੀ ਵੱਖ ਵੱਖ ਗਿਣਤੀ ਕਿੰਨੀ ਹੈ;

(ੲ) ਉਪਰੋਕਤ (ਅ) ਵਿੱਚ ਵਰਣਿਤ ਵਿਅਕਤੀਆਂ ਦੇ ਪਰਿਵਾਰਾਂ ਨੂੰ ਸਰਕਾਰ ਦੁਆਰਾ ਕਿਸ ਤਰ੍ਹਾਂ ਦੀ ਸਹਾਇਤਾ ਦਿੱਤੀ ਗਈ;

(ਸ) ਕੀ ਗੋਲੀ ਚੱਲਣ ਦੀ ਉਕਤ ਘਟਨਾ ਦੀ ਪੜਤਾਲ ਕਰਨ ਲਈ ਕੋਈ ਅਦਾਲਤੀ ਪੜਤਾਲੀਆ ਕਮੇਟੀ ਸਥਾਪਿਤ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਉਕਤ ਕਮੇਟੀ ਦੁਆਰਾ ਪੇਸ਼ ਕੀਤੀ ਗਈ ਰਿਪੋਰਟ ਦੇ ਵੇਰਵੇ ਕੀ ਹਨ?

**Sardar Beant Singh**: (a) Yes Sir, Shri Gurcharan Singh, Security Officer and Shri Ramesh Singh, Watchman of the Bhiwani Cotton Mills, were directly involved in the firing incident which occurred on 25th October, 1991 in Abohar Town, Ferozepur District and they were arrested.

(b) 8 persons were killed in this incident. 23 persons were injured.

(c) Compensation amounting to Rs. 20,000/- per deceased and Rs. 2500/- per injured persons in addition to free medical treatment was given.

(d) No Sir.

**श्रीमति लक्ष्मी कांता चावला** : अध्यक्ष महोदय, मैं मुख्यमंत्री जी से पूछना चाहती हूं कि जो बीस हजार रूपए की सहायता मृतक व्यक्तियों के परिवारों को दी गई थी, वह सरकार की ओर से दी गई है या भवानी काटन मिल्ज़ की ओर से ?

*For Starred Question No. 1145 and reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

मृतकों के परिवारों में एक-एक सदस्य को नौकरी दी गई है या नहीं और अदालती जांच कमेटी नियुक्त की गई है या नहीं ; अगर नहीं भी नियुक्त की गई तो क्या डिप्टी कमिश्नर को जांच सौंपी गई थी और उस जांच की रिपोर्ट क्या थी ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜੀ ਇਨਕੁਆਇਰੀ ਕਰਵਾਈ ਗਈ ਉਸ ਵਿਚ 2 ਸਿਕਿਉਰਿਟੀ ਅਫ਼ਸਰ ਤੇ ਵਾਚ ਮੈਨ ਕਸੂਰਵਾਰ ਪਾਏ ਗਏ।

**श्रीमति लक्ष्मी कांता चावला :** मैंने यह पूछा है कि जो बीस हज़ार रुपए की सहायता मृतक व्यक्तियों के परिवारो को दी गई थी, वह सरकार की ओर से दी गई है या भवानी काटन मिल्ज की ओर से ? दूसरा मृतको के परिवारों में एक-एक सदस्य को नौकरी दी गई या नहीं और अदालनी जांच कमेटी अगर नहीं भी नियुक्त की गई तो क्या डिप्टी कमिश्नर को जांच सौपी गई थी ओंर जांच की रिपोर्ट क्या थी ?

**श्री स्पीकर :** एक बार एक ही प्रश्न पूछिये ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਥਰੀ ਇਨ ਵਨ ਹੈ, ਸਪੀਕਰ ਸਾਹਿਬ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਪੈਸੇ ਸਰਕਾਰ ਵਲੋਂ ਦਿੱਤੇ ਗਏ ਹਨ ਅਤੇ ਇਨਕੁਆਇਰੀ ਡੀ. ਸੀ. ਵਲੋਂ ਕਰਵਾਈ ਗਈ ਸੀ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਡੀ.ਸੀ. ਦੀ ਰਿਪੋਰਟ ਕੀ ਹੈ ?

**Chief Minister :** That Report is confidential. I cannot reveal it now.

**ਕਾਮਰੇਡ ਤਰਸੇਮ ਜੋਧਾਂ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਬੋਹਰ ਵਿਚ ਜੋ 6 ਵਰਕਰਜ਼ ਮਾਰੇ ਗਏ ਔਰ ਇਕ ਦੁਕਾਨਦਾਰ ਮਾਰਿਆ ਗਿਆ ਔਰ ਇਕ ਬੱਚਾ ਵੀ ਮਾਰਿਆ ਗਿਆ, ਉਸ ਦੀ ਪੜਤਾਲ ਕਰਾਉਣ ਤੋਂ ਬਾਅਦ ਕੀ ਜਿਹੜੇ ਦੋਸ਼ੀ ਹਨ ਉਨ੍ਹਾਂ ਨੂੰ ਅਰੈਸਟ ਔਰ ਸਜ਼ਾ ਦਿੱਤੀ ਜਾਵੇਗੀ ?

**ਮੁੱਖ ਮੰਤਰੀ :** ਅਰੈਸਟ ਨਹੀਂ ਹੋਏ, ਮੁਕਦਮੇ ਉਨ੍ਹਾਂ ਤੇ ਚਲ ਰਹੇ ਹਨ।

**ਕਾਮਰੇਡ ਤਰਸੇਮ ਜੋਧਾਂ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਤੇ ਮੁਕੱਦਮੇ ਚਲਾਏ ਗਏ, ਉਨ੍ਹਾਂ ਤੇ ਕਿਹੜੀ ਦਫਾ ਲਾਈ ਗਈ ਹੈ ?

**ਮੁੱਖ ਮੰਤਰੀ :** ਇਹ ਸੈਪਰੇਟ ਨੋਟਿਸ ਦੇ ਦੇਣ।

**ਸ੍ਰੀ ਸਤਨਾਮ ਸਿੰਘ ਕੈਂਥ :** ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਇਨਕੁਆਇਰੀ ਚਲ ਰਹੀ ਹੈ, ਉਹ ਕਿਹੜੀ ਗੱਲ ਹੈ ਜਿਹੜੀ ਹਾਊਸ ਵਿਚ ਨਹੀਂ ਦੱਸੀ ਜਾ ਸਕਦੀ ?

**ਮੁੱਖ ਮੰਤਰੀ :** ਉਹ ਕਨਫੀਡੈਂਸ਼ੀਅਲ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਮਦਨ ਮੋਹਨ ਮਿੱਤਲ: ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਰਿਪੋਰਟ ਕਾਨਫੀਡੈਂਸ਼ਿਅਲ ਹੈ ਤਾਂ ਕੀ ਹੁਣ ਤੱਕ ਉਸ ਇਨਕੁਆਇਰੀ ਤੇ ਕੋਈ ਫਾਲੋਅਪ ਐਕਸ਼ਨ ਸ਼ੁਰੂ ਹੋਇਆ ਹੈ? apart from the registration of the case which has been disclosed today.

ਮੁੱਖ ਮੰਤਰੀ: 1991 ਦੀ ਇਨਕੁਆਇਰੀ ਚਲ ਰਹੀ ਹੈ ਔਰ ਫਾਲੋ ਅਪ ਐਕਸ਼ਨ ਹੋ ਰਿਹਾ ਹੈ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦੋਸ਼ੀਆਂ ਦੇ ਖਿਲਾਫ਼ ਮੁਕੱਦਮੇ ਚਲ ਰਹੇ ਹਨ ਕੀ ਮੁੱਖ ਮੰਤਰੀ ਸਾਹਿਬ ਵਿਸ਼ਵਾਸ ਦਿਵਾਉਣਗੇ ਕਿ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ ਔਰ ਬਖਸ਼ਿਆ ਨਹੀਂ ਜਾਵੇਗਾ? (ਹਾਸਾ) (ਵਿਘਨ)

**Mr. Speaker.** Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਸਰਕਾਰੀ ਕਾਲਜ ਜ਼ੀਰਾ ਵਿਚ ਵਿਦਿਆਰਥੀਆਂ ਦੀ ਗਿਣਤੀ

*1181. **ਸਰਦਾਰ ਇੰਦਰਜੀਤ ਸਿੰਘ ਜ਼ੀਰਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1992-93 ਦੌਰਾਨ ਸਰਕਾਰੀ ਕਾਲਜ, ਜ਼ੀਰਾ ਵਿਚ ਵਿਦਿਆਰਥੀਆਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ ਕਿੰਨੀ ਸੀ;

(ਅ) ਕੀ ਵਿਦਿਆਰਥੀਆਂ ਦੀ ਉਕਤ ਨਫਰੀ ਉਕਤ ਕਾਲਜ ਲਈ ਨਿਸ਼ਚਿਤ ਕੀਤੇ ਗਏ ਨਾਰਮਜ਼ ਅਨੁਸਾਰ ਪੂਰੀ ਸੀ; ਜੇਕਰ ਨਹੀਂ, ਤਾਂ ਉਸ ਦੇ ਕਾਰਣ ਕੀ ਸਨ?

**ਸਰਦਾਰ ਲਖਮੀਰ ਸਿੰਘ ਰੰਧਾਵਾ:** (ੳ)(1) ਸਰਕਾਰੀ ਕਾਲਜ, ਜ਼ੀਰਾ ਦੀ ਸਾਲ 1992-93 ਦੀ ਜਮਾਤ ਵਾਰ ਵਿਦਿਆਰਥੀਆਂ ਦੀ ਗਿਣਤੀ ਇਸ ਪ੍ਰਕਾਰ ਹੈ :-

| ਜਮਾਤ ਦਾ ਨਾਮ | ਵਿਦਿਆਰਥੀਆਂ ਦੀ ਗਿਣਤੀ |
|---|---|
| +1 (ਆਰਟਸ) | 38 |
| +2 (ਆਰਟਸ) | 73 |
| +1 (ਸਾਇੰਸ) | 6 |
| +2 (ਸਾਇੰਸ) | 3 |
| ਬੀ.ਏ. ਭਾਗ-I | 15 |
| ਬੀ.ਏ. ਭਾਗ-II | 6 |
| ਬੀ.ਏ. ਭਾਗ-III | 6 |
| ਕੁੱਲ ਜੋੜ | 147 |

Original with;
Punjab Vidhan Sabha
Digitized by;
Panjab Digital Library

(ਬੀ) ਇਸ ਕਾਲਜ ਵਿਚ ਵਿਦਿਆਰਥੀਆਂ ਦੀ ਗਿਣਤੀ ਬਾਰੇ ਕੋਈ ਨਿਰਧਾਰਤ ਨਾਰਮ ਨਹੀ ਹਨ ।

---

**ਸਰੀਰਕ ਸਿਖਿਆ ਕਾਲਜਾਂ ਵਿਚ ਪੰਜਾਬੀ ਭਾਸ਼ਾ ਸ਼ੁਰੂ ਕਰਨਾ**

*1184. **ਸ਼੍ਰੀ ਸਜਵਾਰ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਰੀਰਕ ਸਿਖਿਆ ਕਾਲਜਾਂ ਦੀਆਂ ਕਿਹੜੀਆਂ ਕਿਹੜੀਆਂ ਜਮਾਂਤਾਂ ਵਿਚ ਪੰਜਾਬੀ ਨੂੰ ਇਕ ਵਿਸ਼ੇ ਵਜੋਂ ਅਜੇ ਤੱਕ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ ਅਤੇ ਇਸ ਦੇ ਕਾਰਣ ਕੀ ਹਨ?

**ਸਰਦਾਰ ਲਖਮੀਰ ਸਿੰਘ ਰੰਧਾਵਾ** : ਰਾਜ ਦੇ ਸਰੀਰਕ ਸਿਖਿਆ ਕਾਲਜ ਕਿਉਂਕਿ ਪ੍ਰੋਫੈਸ਼ਨਲ ਕੋਰਸਿਜ਼ ਕਰਾਉਂਦੇ ਹਨ । ਇਸ ਕਰਕੇ ਦੂਸਰੇ ਪ੍ਰੋਫੈਸਨਲ ਕਾਲਜਾਂ ਵਾਂਗ ਇਨ੍ਹਾਂ ਵਿਚ ਪੰਜਾਬੀ ਲਾਜਮੀ ਨਹੀਂ ਹੈ ।

---

**ਪਿੰਡ ਢੋਲੇਵਾਲ ਜ਼ਿਲ੍ਹਾ ਲੁਧਿਆਣਾ ਵਿਚ ਉਦਯੋਗ ਵਿਭਾਗ ਦੇ ਹੱਕ ਵਿਚ ਜ਼ਮੀਨਾਂ ਦਾ ਇੰਤਕਾਲ**

*1195. **ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜਨਵਰੀ 1987 ਤੋਂ 31 ਮਾਰਚ, 1987 ਤੱਕ ਦੇ ਸਮੇਂ ਦੇ ਦੌਰਾਨ ਪਿੰਡ ਢੋਲੇਵਾਲ,ਜ਼ਿਲ੍ਹਾ ਲੁਧਿਆਣਾ ਵਿਚ ਉਦਯੋਗ ਵਿਭਾਗ ਦੇ ਹੱਕ ਵਿਚ ਜ਼ਮੀਨਾਂ ਦੇ ਕਿੰਨੇ ਇੰਤਕਾਲ ਕੀਤੇ ਗਏ ਅਤੇ ਇਨ੍ਹਾਂ ਇੰਤਕਾਲਨਾਮਿਆਂ ਰਾਹੀਂ ਇੰਤਕਾਲ ਕੀਤੀਆਂ ਗਈਆਂ ਜ਼ਮੀਨਾਂ ਦੇ ਵੇਰਵੇ ਕੀ ਹਨ;

(ਅ) ਕੀ ਸਰਕਾਰ ਨੂੰ ਇਨ੍ਹਾਂ ਇੰਤਕਾਲਨਾਮਿਆਂ ਦੀ ਰਜਿਸਟ੍ਰੇਸ਼ਨ ਸਬੰਧੀ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ, ਜੇਕਰ ਪ੍ਰਾਪਤ ਹੋਈਆਂ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ਅਤੇ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ?

**ਸਰਦਾਰ ਬੇਅੰਤ ਸਿੰਘ** : (ਏ) ਸਮਾਂ ਜਨਵਰੀ, 1987 ਤੋਂ 31 ਮਾਰਚ, 1987 ਦੌਰਾਨ ਢੋਲੇਵਾਲ ਪਿੰਡ ਜ਼ਿਲ੍ਹਾ ਲੁਧਿਆਣਾ ਵਿਚ ਕੋਈ ਕਨਵੇਐਂਸ ਡੀਡ ਉਦਯੋਗ ਵਿਭਾਗ ਪੰਜਾਬ ਦੇ ਨਾਮ ਰਜਿਸਟਰਡ ਨਹੀਂ ਕੀਤੀ ਗਈ ।

(ਬੀ) ਇਹ ਡੀਡ ਰਜਿਸਟਰੇਸ਼ਨ ਕਰਨ ਸਬੰਧੀ ਕੋਈ ਸ਼ਕਾਇਤ ਪ੍ਰਾਪਤ ਨਹੀਂ ਹੋਈ ।

---

**ਵਿੱਤੀ ਕਮਿਸ਼ਨਰਜ਼ (ਪੰਜਾਬ) ਦੇ ਦਫਤਰ ਵਿੱਚ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਨਿੱਜੀ ਸਹਾਇਕਾਂ ਦੀਆਂ ਆਸਾਮੀਆਂ**

*1204. **ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਵਿੱਤੀ ਕਮਿਸ਼ਨਰਜ਼ ਪੰਜਾਬ ਦੇ ਦਫਤਰ ਵਿੱਚ ਇਸ ਸਮੇਂ ਨਿੱਜੀ ਸਹਾਇਕਾਂ ਦੀਆਂ ਕੁੱਲ ਕਿੰਨੀਆਂ ਮਨਜ਼ੂਰ ਸ਼ੁਦਾ ਆਸਾਮੀਆਂ ਹਨ;

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਗੋਪਾਲ ਸਿੰਘ ਐਡਵੋਕੇਟ]

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਆਸਾਮੀਆਂ ਵਿੱਚੋਂ ਅਨੁਸੂਚਿਤ ਜਾਤੀਆਂ ਦੀ ਸ਼੍ਰੇਣੀ ਨਾਲ ਸਬੰਧ ਰੱਖਣ ਵਾਲੇ ਵਿਅਕਤੀਆ ਲਈ ਕਿੰਨੀਆਂ ਆਸਾਮੀਆਂ ਰਾਖਵੀਆਂ ਹਨ;

(ੲ) ਕੀ ਸਰਕਾਰੀ ਹਦਾਇਤਾਂ ਅਨੁਸਾਰ ਉਪਰੋਕਤ ਭਾਗ (ੳ) ਵਿੱਚ ਵਰਣਿਤ ਅਸਾਮੀਆਂ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਨੂੰ ਉੱਚਿਤ ਪ੍ਰਤਿਨਿੱਧਤਾ ਦਿੱਤੀ ਗਈ ਹੈ; ਜੇਕਰ ਨਹੀਂ, ਤਾਂ ਉਸ ਦੇ ਕਾਰਨ ਕੀ ਹਨ?

**ਸਰਦਾਰ ਬੇਅੰਤ ਸਿੰਘ** : (ੳ) 22 ਆਸਾਮੀਆਂ।

(ਅ-) 4 ਆਸਾਮੀਆਂ।

(ੲ) ਜੀ ਨਹੀਂ। ਮਿਤੀ 29 ਅਪ੍ਰੈਲ, 1993 ਨੂੰ ਆਖਰੀ ਆਸਾਮੀ ਤਰੱਕੀ ਰਾਹੀਂ ਭਰਨ ਵੇਲੇ ਤੱਕ ਅਨੁਸੂਚਿਤ ਜਾਤੀ ਦਾ ਕੋਈ ਵੀ ਯੋਗ ਕਰਮਚਾਰੀ ਉਪਲੱਬਧ ਨਹੀਂ ਸੀ।

## ਸਕੂਲ ਇਮਾਰਤ ਦੀ ਮੁਰੰਮਤ

*1192. **ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ** : ਕੀ ਵਿੱਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਹਾਲ ਹੀ ਵਿਚ ਆਏ ਹੜ੍ਹਾਂ ਦੇ ਦੌਰਾਨ ਸਰਕਾਰੀ ਸਕੂਲਾਂ ਦੀਆਂ ਜ਼ਿਲ੍ਹਾਵਾਰ ਕਿੰਨੀਆਂ ਇਮਾਰਤਾਂ ਨੂੰ ਨੁਕਸਾਨ ਹੋਇਆ;

(ਅ) ਕੀ ਉਕਤ ਇਮਾਰਤਾਂ ਦੀ ਮੁਰੰਮਤ ਲਈ ਕ੍ਰੈਸ਼-ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ?

**ਸਰਦਾਰ ਲਖਮੀਰ ਸਿੰਘ ਰੰਧਾਵਾ** : (ੳ) ਰਾਜ ਵਿੱਚ ਹੁਣੇ ਆਏ ਹੜ੍ਹਾਂ ਦੌਰਾਨ 1539 ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਇਮਾਰਤਾਂ ਦਾ ਨੁਕਸਾਨ ਹੋਇਆ। ਇਨ੍ਹਾਂ ਸਕੂਲਾਂ ਦੀ ਜ਼ਿਲ੍ਹੇਵਾਰ ਗਿਣਤੀ ਦੀ ਸੂਚੀ ਅਨੁਲੱਗ ਅਨੁਸਾਰ ਨਾਲ ਨੱਥੀ ਕੀਤੀ ਜਾਂਦੀ ਹੈ।

(ਅ) ਨਹੀਂ, ਜੀ।

**ਰਾਜ ਵਿਚ ਜ਼ਿਲ੍ਹੇ-ਵਾਰ ਸਰਕਾਰੀ ਸਕੂਲਾਂ ਦਿਆਂ ਇਮਾਰਤਾਂ ਜਿਨ੍ਹਾਂ ਨੂੰ ਹਾਲ ਦੇ ਹੜ੍ਹਾਂ ਕਾਰਨ ਨੁਕਸਾਨ ਹੋਇਆ ਦੀ ਸੂਚੀ**

| ਲੜੀ ਨੰ: | ਜ਼ਿਲ੍ਹਾ | | ਸਕੂਲਾਂ ਦੀਆਂ ਇਮਾਰਤਾਂ ਦੀ ਗਿਣਤੀ |
|---|---|---|---|
| 1 | ਅੰਮ੍ਰਿਤਸਰ | ... | 72 |
| 2 | ਬਠਿੰਡਾ | ... | 23 |
| 3 | ਫਿਰੋਜ਼ਪੁਰ | ... | 45 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | | | ਸਕੂਲਾਂ ਦੀਆਂ ਇਮਾਰਤਾਂ ਦੀ ਗਿਣਤੀ |
|---|---|---|---|
| 4 | ਫਤਿਹਗੜ੍ਹ ਸਾਹਿਬ | ... | 96 |
| 5 | ਫਰੀਦਕੋਟ | ... | 60 |
| 6 | ਗੁਰਦਾਸਪੁਰ | ... | 157 |
| 7 | ਹੁਸ਼ਿਆਰਪੁਰ | ... | 24 |
| 8 | ਜਲੰਧਰ | ... | 139 |
| 9 | ਕਪੂਰਥਲਾ | ... | 140 |
| 10 | ਲੁਧਿਆਣਾ | ... | 100 |
| 11 | ਮਾਨਸਾ | ... | 155 |
| 12 | ਪਟਿਆਲਾ | ... | 408 |
| 13 | ਰੋਪੜ | ... | 58 |
| 14 | ਸੰਗਰੂਰ | ... | 62 |
| | ਕੁੱਲ ਜੋੜ | .. | 1,539 |

## ਅਮਲੇ ਦੀ ਕਮੀ ਕਾਰਣ ਸਕੂਲ ਬੰਦ ਕਰਨਾ

*1193. **ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਵਿਦਿਅਕ ਸਾਲ 1992-93 ਦੇ ਦੌਰਾਨ ਅਮਲੇ ਦੀ ਕਮੀ ਕਾਰਣ ਰਾਜ ਵਿਚ ਕਿੰਨੇ ਸਕੂਲ ਬੰਦ ਕੀਤੇ ਗਏ ;

(ਅ) ਕੀ ਉਪ੍ਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਕਿਸੇ ਹੋਰ ਸਕੂਲਾਂ ਵਿਚ ਐਡਜਸਟ ਕਰਨ ਬਾਰੇ ਕੋਈ ਕਾਰਵਾਈ ਕੀਤੀ ਗਈ ਹੈ; ਜੇਕਰ ਕੀਤੀ ਗਈ ਹੈ, ਤਾਂ ਉਸ ਦੇ ਵੇਰਵੇ ਕੀ ਹਨ ?

**ਸਰਦਾਰ ਲਖਮੀਰ ਸਿੰਘ ਰੰਧਾਵਾ :** (ੳ) ਸਟਾਫ ਦੀ ਘਾਟ ਕਾਰਨ ਕੇਵਲ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਅੱਠ ਪ੍ਰਾਇਮਰੀ ਸਕੂਲ ਸਾਲ 1992-93 ਦੌਰਾਨ ਬਹੁਤ ਥੋੜ੍ਹਾ ਥੋੜ੍ਹਾ ਸਮਾਂ ਬੰਦ ਰਹੇ।

(ਅ) ਹਾਂ ਜੀ।

Original with;
Punjab Vidhan Sabha
Digitized by;
Panjab Digital Library

[ਸ਼ਿੱਖਿਆ ਮੰਤਰੀ]

ਇਹਨਾਂ ਅੱਠਾਂ ਸਕੂਲਾਂ ਵਿਚੋਂ ਤਿੰਨ ਸਕੂਲਾਂ ਦੇ ਬੱਚੇ ਨਾਲ ਲੱਗਦੇ ਸਕੂਲਾਂ ਵਿੱਚ ਅਟੈਚ ਕੀਤੇ ਗਏ ਜਦੋਂ ਕਿ ਬਾਕੀ ਦੇ ਪੰਜ ਸਕੂਲਾਂ ਵਿੱਚ ਨਾਲ ਲੱਗਦੇ ਸਕੂਲਾਂ ਦੇ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ।

------

## ਰਾਜ ਵਿਚ ਖਾਲਿਆਂ ਦੀ ਮੁਰੰਮਤ

*1100. **ਕਾਮਰੇਡ ਹਰਦੇਵ ਸਿੰਘ ਅਰਸ਼ੀ:** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਮੌਜੂਦਾ ਪੱਕੇ ਖਾਲਿਆਂ ਦੀ ਮੁਰੰਮਤ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਵਿੱਤੀ ਸਾਲ 1993-94 ਦੌਰਾਨ ਇਸ ਮੰਤਵ ਲਈ ਕਿੰਨੀ ਰਕਮ ਮਖਸੂਸ ਕੀਤੀ ਗਈ ਹੈ ?

**ਸਰਦਾਰ ਬੇਅੰਤ ਸਿੰਘ** : ਹਾਂ ਜੀ। ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

------

## ਮੁਕੇਰੀਆਂ ਹਾਈਡਲ ਪ੍ਰਾਜੈਕਟ ਬਣਾਉਣਾ

*1198. **ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜਦੋਂ ਮੁਕੇਰੀਆਂ ਹਾਈਡਲ ਪ੍ਰਾਜੈਕਟ ਤੇ ਉਸਾਰੀ ਸ਼ੁਰੂ ਕੀਤੀ ਗਈ ਸੀ ਉਸ ਸਮੇਂ ਉਸ ਤੇ ਅਨੁਮਾਨਤ ਕੁੱਲ ਕਿੰਨੀ ਰਕਮ ਖਰਚ ਕੀਤੇ ਜਾਣ ਦੀ ਤਜਵੀਜ਼ ਸੀ ਅਤੇ ਉਕਤ ਪ੍ਰਾਜੈਕਟ ਤੇ ਹੁਣ ਤੱਕ ਸਾਲ ਵਾਰ ਕੁੱਲ ਕਿੰਨਾ ਖਰਚਾ ਕੀਤਾ ਗਿਆ ;

(ਅ) ਕੀ ਮੁਕੇਰੀਆਂ ਹਾਈਡਲ ਪ੍ਰਾਜੈਕਟ ਵਿਚ ਕਦੇ ਕੋਈ ਦਰਾੜ ਪਈ ਹੈ : ਜੇਕਰ ਪਈ ਹੈ ਤਾਂ ਕਿੰਨੀ ਵਾਰੀ ਅਤੇ ਇਹ ਦਰਾੜ ਕਿਸ ਕਿਸ ਥਾਂ ਤੇ ਪਈ ;

(ੲ) ਕੀ ਉਪਰੋਕਤ ਪ੍ਰਾਜੈਕਟ ਵਿਚ ਉਕਤ ਦਰਾੜ ਇਸ ਦੇ ਨੁਕਸਦਾਰ ਡੀਜਾਈਨ ਕਰਕੇ ਜਾਂ ਇਸ ਦੀ ਉਸਾਰੀ ਵਿਚ ਘਟੀਆ ਮਾਲ ਦੀ ਵਰਤੋਂ ਹੋਣ ਕਰਕੇ ਪਈ ;

(ਸ) ਕੀ ਉਕਤ ਦਰਾੜ ਦੀ ਕੋਈ ਜਾਂਚ-ਪੜਤਾਲ ਕੀਤੀ ਗਈ ਹੈ; ਜੇਕਰ ਕੀਤੀ ਗਈ ਹੈ ਤਾਂ ਇਸ ਲਈ ਜ਼ਿਮੇਂਵਾਰ ਪਾਏ ਗਏ ਅਫਸਰਾਂ/ਕਰਮਚਾਰੀਆਂ ਦੇ ਨਾਂ ਕੀ ਕੀ ਹਨ ਅਤੇ ਉਨ੍ਹਾਂ ਹਰ ਇਕ ਵਿਰੁੱਧ ਕੀ ਕਾਰਵਾਈ ਕੀਤੀ ਗਈ ?

**ਸਰਦਾਰ ਬੇਅੰਤ ਸਿੰਘ** : ਸਟੇਟਮੈਂਟ ਸਦਨ ਦੀ ਮੇਜ਼ ਉਪਰ ਰੱਖੀ ਗਈ ਹੈ।

Original with;
Punjab Vidhan Sabha
Digitized by;
Panjab Digital Library

ਮੁਕੇਰੀਆਂ ਹਾਈਡਲ ਪ੍ਰਾਜੈਕਟ ਵਿਖੇ ਪ੍ਰਾਜੈਕਟ ਦੇ ਸ਼ੁਰੂ ਵਿਚ ਅਨੁਮਾਨਤ ਖਰਚ 75.57 ਕਰੋੜ ਰੁਪਏ ਸੀ। ਸਾਲਾਨਾ ਤਖਮੀਨੇ ਦੇ ਖਰਚੇ ਨਿਮਨ ਲਿਖਤ ਹਨ :--

| ਸਾਲ | ਰਕਮ ਲੱਖਾਂ ਵਿਚ (ਰੁਪਏ) | ਸਾਲ | ਰਕਮ ਲੱਖਾਂ ਵਿਚ (ਰੁਪਏ) |
|---|---|---|---|
| 1975-76 | 75.50 | 1984-85 | 4115.26 |
| 1976-77 | 132.61 | 1985-86 | 4744.98 |
| 1977-78 | 74.63 | 1986-87 | 7971.34 |
| 1978-79 | 184.13 | 1987-88 | 9155.54 |
| 1979-80 | 437.00 | 1988-89 | 6058.60 |
| 1980-81 | 826.42 | 1989-90 | 3647.94 |
| 1981-82 | 1490.22 | 1990-91 | 2243.45 |
| 1982-83 | 3232.19 | 1991-92 | 1303.27 |
| 1983-84 | 1117.60 | | |

(ਅ) ਤਿੰਨ ਮੁੱਖ ਪਾੜ ਪਾਏ ਗਏ। ਇਨ੍ਹਾਂ ਪਾੜਾਂ ਤੋਂ ਇਲਾਵਾ ਲੀਕੇਜ਼ ਅਤੇ ਐਧਰੋ ਅਤੇ ਸਾਈਫਨ ਦੇ ਬੈਠਣ ਦੀਆਂ ਘਟਨਾਵਾਂ ਹੋਈਆਂ ;

(ੲ) ਭੈੜੇ ਡਿਜ਼ਾਇਨ ਅਤੇ ਦੂਸ਼ਿਤ ਕੰਮ ਦੀ ਉਸਾਰੀ ਦੀ ਸੰਭਾਵਨਾ ਸੀ ਜਿਸ ਕਰਕੇ ਰਾਜ ਸਰਕਾਰ ਵਲੋਂ ਐਕਸਪਰਟ ਕਮੇਟੀ ਬਣਾਈ ਗਈ ਹੈ।

(ii) ਘਟੀਆਂ ਮੈਟੀਰੀਅਲ ਦੀ ਵਰਤੋਂ ;

(iii) ਸਾਈਫਨ ਦੀ ਸੈਟਲਮੈਂਟ ;

(iv) ਪਾੜ ਭਾਰੀ ਹੜ੍ਹਾਂ ਕਾਰਨ ਪਿਆ।

(ਸ) ਮੁੱਖ ਪਾੜਾਂ ਲਈ ਹੇਠਾਂ ਲਿਖੇ ਅਨੁਸਾਰ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਗਈ :--

(i) ਪਹਿਲੇ ਪਾੜ ਲਈ ਹੇਠ ਲਿਖੇ ਅਧਿਕਾਰੀ/ਕਰਮਚਾਰੀ ਜ਼ਿੰਮੇਵਾਰ ਠਹਿਰਾਏ ਗਏ :-

1. ਸ੍ਰੀ ਕੁਲਵੰਤ ਸਿੰਘ ਕਾਰਜਕਾਰੀ ਇੰਜੀਨੀਅਰ ;

2. ਸ੍ਰੀ ਐਸ.ਕੇ. ਧੀਰ, ਉਪ ਮੰਡਲ ਅਫ਼ਸਰ;

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

3. ਸ੍ਰੀ ਬੀ.ਆਰ. ਗਾਬਾ, ਜੂਨੀਅਰ ਇੰਜਨੀਅਰ;

4. ਸ੍ਰੀ ਐਸ.ਕੇ. ਕੁੰਦਰਾ, ਜੂਨੀਅਰ ਇੰਜਨੀਅਰ;

5. ਸ੍ਰੀ ਡੀ.ਕੇ. ਸ਼ਰਮਾ, ਏ.ਆਰ. ਓ.

6. ਸ੍ਰੀ ਕੁਲਵੰਤ ਰਾਏ, ਆਰ.ਏ.

(ii) ਮੁੱਖ ਇੰਜੀਨੀਅਰ, ਮੁਕੇਰੀਆਂ ਹਾਈਡਲ ਦੀ ਰਿਪੋਰਟ ਆਉਣ ਤੇ ਤਿੰਨ ਅਧਿਕਾਰੀਆਂ/ ਕਰਮਚਾਰੀਆਂ ਨੂੰ ਮੁੱਅਤਲ ਕੀਤਾ ਗਿਆ ਜਿਨ੍ਹਾਂ ਦੇ ਨਾਮ ਸ੍ਰੀ ਰਾਮ ਕ੍ਰਿਸ਼ਨ ਨਿਗਰਾਨ ਇੰਜੀਨੀਅਰ, ਸ੍ਰੀ ਇੰਦਰਜੀਤ ਭਾਟੀਆ, ਐਸ.ਡੀ.ਓ. ਅਤੇ ਵਿਜੈ ਕੁਮਾਰ ਜੇ. ਈ. ਹਨ। ਇਹ ਸਾਰੇ ਇਸ ਸਮੇਂ ਭੀ ਮੁਅੱਤਲ ਹਨ।

(iii) ਪੜਤਾਲ ਦੀ ਕੋਈ ਜ਼ਰੂਰਤ ਨਹੀਂ ਕਿਉਂਕਿ ਪਾੜ ਭਾਰੀ ਹੜ੍ਹਾਂ ਕਾਰਨ ਪਿਆ।

---

**ਕੰਢੀ ਖੇਤਰਾਂ ਵਿਚ ਟਿਊਬਵੈਲਾਂ ਦੀ ਗਿਣਤੀ**

***1210. ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿਚ ਇਸ ਸਮੇਂ ਸਿੰਜਾਈ ਦੀਆਂ ਸਹੂਲਤਾਂ ਮੁਹੱਈਆਂ ਕਰਨ ਲਈ ਕੰਢੀ ਖੇਤਰਾਂ ਵਿਚ ਕਿੰਨੇ ਸਰਕਾਰੀ ਟਿਊਬਵੈਲ ਲਗਾਏ ਗਏ ਹਨ ਅਤੇ ਇਹ ਕਿਥੇ ਕਿਥੇ ਹਨ ;

(ਅ) ਉਕਤ ਭਾਗ (ੳ) ਵਿਚ ਵਰਣਿਤ ਟਿਊਬਵੈਲਾਂ ਵਿਚੋਂ ਕਿੰਨੇ ਟਿਊਬਵੈਲ ਚਾਲੂ ਨਹੀਂ ਹਨ ਅਤੇ ਇਹ ਕਿੰਨੇ ਸਮੇਂ ਤੋਂ ਚੱਲ ਨਹੀਂ ਰਹੇ ਹਨ;

(ੲ) ਉਪਰੋਕਤ ਬੰਦ ਪਏ ਟਿਊਬਵੈਲਾਂ ਦੀ ਮੁਰੰਮਤ ਕਰਵਾਉਣ ਲਈ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

**ਸਰਦਾਰ ਬੇਅੰਤ ਸਿੰਘ :** ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੳ) ਪੰਜਾਬ ਰਾਜ ਟਿਊਬਵੈਲ ਨਿਗਮ ਵਲੋਂ ਹੁਣ ਤੱਕ 344 ਨੰ: ਟਿਊਬਵੈਲ ਰਾਜ ਦੇ ਪਟਿਆਲਾ, ਰੋਪੜ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਦੇ ਕੰਡੀ ਖੇਤਰ ਵਿੱਚ ਲਗਾਏ ਗਏ ਹਨ ਜਿਹਨਾ ਦੀ ਬਲਾਕ ਅਨੁਸਾਰ ਅਤੇ ਪਿੰਡ ਅਨੁਸਾਰ ਸੂਚੀ ਨੱਥੀ 'ਏ'* ਅਨੁਸਾਰ ਹੈ।

(ਅ) ਕੁੱਲ 344 ਟਿਊਬਵੈਲਾਂ ਵਿਚੋਂ 59 ਨੰਬਰ ਟਿਊਬਵੈਲ ਜਿਵੇਂ ਪੈਰ੍ਹਾ (ੳ) ਵਿੱਚ ਦਰਸਾਏ ਗਏ ਹਨ ਮਿਤੀ 30 ਨਵੰਬਰ, 1993 ਨੂੰ ਨਹੀਂ ਚਲ ਰਹੇ ਸਨ ਜਿਹਨਾਂ ਦੀ ਸੂਚੀ ਵੇਰਵੇ ਸਹਿਤ ਅਨੈਕਸਚਰ 'ਬੀ'* ਤੇ ਹੈ ਜੋ ਕਿ ਹਰ ਟਿਊਬਵੈਲ ਦੀ ਥਾਂ ਅਤੇ ਜਦੋਂ ਤੋਂ ਟਿਊਬਵੈਲ ਖਰਾਬ ਹੋਇਆ ਅਤੇ ਉਸ ਦੇ ਖਰਾਬ ਹੋਣ ਦੇ ਕਾਰਨ ਦੱਸੇ ਗਏ ਹਨ।

(ੲ) ਅਨੈਕਸਚਰ 'ਸੀ'* ਵਿਚ ਹਾੜੀ ਫਸਲ ਦੌਰਾਨ ਮੁਰੰਮਤ ਕਰਕੇ ਚਾਲੂ ਕੀਤੇ ਟਿਊਬਵੈਲ ਦਸੇ ਗਏ ਹਨ। 44 ਨੰਬਰ ਟਿਊਬਵੈਲ ਜੋ ਕਿ ਆਰਜ਼ੀ ਤੌਰ ਤੇ ਖਰਾਬ ਹਨ, ਦੀ ਮੁਰੰਮਤ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਬਾਕੀ ਰਹਿੰਦੇ 15 ਨੰਬਰ ਟਿਊਬਵੈਲ ਜੋ ਪੱਕੇ ਤੌਰ ਤੇ ਖਰਾਬ ਹਨ ਉਨ੍ਹਾਂ ਨੂੰ ਮੁੜ ਚਾਲੂ ਕਰਨਾ ਆਰਥਕ ਪੱਖੋਂ ਲਾਹੇਵੰਦ ਨਹੀਂ ਹੈ।

---

*Placed in the Library.

Original with;
Punjab Vidhan Sabha
Digitized by;
Panjab Digital Library

# UNSTARRED QUESTIONS AND ANSWERS

## ਰਾਜ ਵਿੱਚ ਬੇਰੋਜ਼ਗਾਰ ਵਿਅਕਤੀਆਂ ਦੀ ਗਿਣਤੀ

161. (1) ਸ਼੍ਰੀਮਤੀ ਵਿਮਲਾ ਡਾਂਗ
(2) ਕਾਮਰੇਡ ਹਰਦੇਵ ਸਿੰਘ ਅਰਸ਼ੀ } : ਕੀ ਕਿਰਤ ਅਤੇ ਰੋਜ਼ਗਾਰ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਰੋਜ਼ਗਾਰ ਕੇਂਦਰਾਂ ਵਿੱਚ ਦਰਜ ਬੇਰੋਜ਼ਗਾਰ ਵਿਅਕਤੀਆਂ ਦੀ ਸ਼੍ਰੇਣੀਵਾਰ, ਲਿੰਗ-ਵਾਰ ਅਤੇ ਜ਼ਿਲ੍ਹਾਵਾਰ 1 ਅਪ੍ਰੈਲ, 1992 ਅਤੇ 1 ਅਪ੍ਰੈਲ, 1993 ਨੂੰ ਵੱਖ-ਵੱਖ ਗਿਣਤੀ ਕਿੰਨੀ ਕਿੰਨੀ ਸੀ ਅਤੇ ਅਨੁਸੂਚਿਤ ਜਾਤੀਆਂ ਦੀ ਸ਼੍ਰੇਣੀ ਨਾਲ ਸਬੰਧਤ ਵਿਅਕਤੀਆਂ ਦੀ ਹਰ ਇਕ ਕੇਸ ਵਿੱਚ ਗਿਣਤੀ ਕਿੰਨੀ ਸੀ ?

ਸਰਦਾਰ ਜੋਗਿੰਦਰ ਸਿੰਘ ਮਾਨ : 1 ਅਪ੍ਰੈਲ 1992 ਅਤੇ 1 ਅਪ੍ਰੈਲ, 1993 ਨੂੰ ਪੰਜਾਬ ਰਾਜ ਵਿੱਚ ਦਰਜ ਬੇਰੋਜ਼ਗਾਰਾਂ ਦੀ ਵੰਡ ਹੇਠ ਅਨੁਸਾਰ ਹੈ :--

| ਲੜੀ ਨੰ: | ਵਰਗ | 1-4-92 | | | 1-4-93 | | |
|---|---|---|---|---|---|---|---|
| | | ਅਨੁਸੂਚਿਤ ਜਾਤੀ | ਦੂਸਰੇ | ਜੋੜ | ਅਨੁਸੂਚਿਤ ਜਾਤੀ | ਦੂਸਰੇ | ਜੋੜ |
| 1 | 2 | 3 | 4 | 5 | 6 | 7 | 8 |
| 1 | ਗਰੈਜੂਏਟ ਇੰਜੀਨੀਅਰ | 110 | 879 | 989 | 128 | 1,051 | 1,179 |
| 2 | ਡਿਪਲੋਮਾ ਇੰਜੀਨੀਅਰ | 1,277 | 7,229 | 8,506 | 1,285 | 7,857 | 9,142 |
| 3 | ਕਰਾਫਟਸਮੈਨ (ਆਈ.ਟੀ.ਆਈ.ਪਾਸ) | 5,963 | 26,210 | 32,173 | 6,437 | 29.230 | 35,667 |
| 4 | ਤਜਰਬੇ ਤੇ ਅਧਾਰਤ ਕਰਾਫਟਸਮੈਨ | 674 | 2,811 | 3,485 | 640 | 2,582 | 3,222 |

Original with;
Punjab Vidhan Sabha
Digitized by;
Panjab Digital Library

[ਕਿਰਤ ਅਤੇ ਰੋਜ਼ਗਾਰ ਦੇ ਰਾਜ ਮੰਤਰੀ]

| 1 | 2 | 3 | 4 | 5 | 6 | 7 | 8 |
|---|---|---|---|---|---|---|---|
| 5 | ਐਲੋਪੈਥਿਕ ਡਾਕਟਰ | 10 | 62 | 72 | 13 | 86 | 99 |
| 6 | ਦੂਜੇ ਡਾਕਟਰ | 12 | 604 | 616 | 18 | 778 | 796 |
| 7 | ਪੈਰਾਮੈਡੀਕਲ ਸਟਾਫ਼ | 1,059 | 2,985 | 4,044 | 1,053 | 3,432 | 4,485 |
| 9 | ਐਗਰੀਕਲਚਰ ਗਰੈਜੂਏਟ ਅਤੇ ਦੂਸਰੇ | 85 | 1,042 | 1,127 | 102 | 1,092 | 1,194 |
| 9 | ਵੈਟਰਨਰੀ ਡਾਕਟਰ | 1 | 8 | 9 | 3 | 14 | 17 |
| 10 | ਅਧਿਆਪਕ | 3,987 | 48,900 | 52,887 | 3,723 | 51,465 | 55,188 |
| 11 | ਪੋਸਟ-ਗਰੈਜੂਏਟ (ਫਰੈਸ਼ਰ) | 938 | 12,872 | 13,810 | 757 | 12,715 | 13,472 |
| 12 | ਗਰੈਜੂਏਟ ਫਰੈਸ਼ਰ | 6,336 | 40,461 | 46,797 | 6,601 | 39,334 | 45,935 |
| 13 | ਮੈਟ੍ਰਿਕ ਫਰੈਸ਼ਰ | 50,707 | 1,79,310 | 2,30,025 | 49,513 | 1,80,652 | 2,30,165 |
| 14 | ਹਾਇਰ ਸਕੈਂਡਰੀ/ਪਰੈਪ/10+1/10+2 ਅਤੇ ਅੰਡਰ ਗਰੈਜੂਏਟ | 10,235 | 37,885 | 48,120 | 10,254 | 36,683 | 46,937 |
| 15 | ਦੂਜੇ ਪੜ੍ਹੇ-ਲਿਖੇ (ਕਾਲਮ 1–14 ਤੋਂ ਇਲਾਵਾ) | 9,250 | 31,384 | 40,634 | 16,673 | 68,626 | 85,299 |
| 16 | ਕੁਲ ਪੜ੍ਹੇ-ਲਿਖੇ (ਕਾਲਮ 1–15) | 90,644 | 3,92,650 | 4,83,294 | 97,200 | 4,35,597 | 5,32,797 |
| 17 | ਅਨਪੜ੍ਹ | 1,15,733 | 1,52,334 | 2,68,067 | 1,00,844 | 94,345 | 1,95,189 |
| 18 | ਕੁਲ ਲਾਇਵ ਰਜਿਸਟਰ | 2,06,377 | 5,44,984 | 7,51,361 | 1,98,044 | 5,29,942 | 7,27,986 |

Original with;
Punjab Vidhan Sabha
Digitized by;
Punjab Digital Library

2. 1 ਅਪ੍ਰੈਲ, 1992 ਅਤੇ 1 ਅਪ੍ਰੈਲ, 1993 ਨੂੰ ਰਾਜ ਦੇ ਰੋਜਗਾਰ ਦਫਤਰਾਂ ਵਿੱਚ ਬੇਰੋਜ਼ਗਾਰਾਂ ਦੀ ਲਿੰਗ-ਵਾਰ ਗਿਣਤੀ ਹੇਠ ਅਨੁਸਾਰ ਹੈ :

| ਲੜੀ ਨੰ: | 1-4-1992 | | | | 1-4-1993 | | | |
|---|---|---|---|---|---|---|---|---|
| | ਆਦਮੀ | ਔਰਤਾਂ | ਜੋੜ | ਅਨੁਸੂਚਿਤ ਜਾਤੀ ਨਾਲ ਸਬੰਧਤ | ਆਦਮੀ | ਔਰਤਾ | ਜੋੜ | ਅਨੁਸੂਚਿਤ ਜਾਤੀ ਨਾਲ ਸਬੰਧਤ |
| 1 | 2 | 3 | 4 | 5 | 6 | 7 | 8 | 9 |
| 1 | 5,88,178 | 1,63,174 | 7,51,361 | 2,06,377 | 5,68,939 | 1,59,047 | 7,27,986 | 1,98,044 |

Original with;
Punjab Vidhan Sabha
Digitized by;
Panjab Digital Library

[ਕਿਰਤ ਅਤੇ ਰੋਜ਼ਗਾਰ ਦੇ ਰਾਜ ਮੰਤਰੀ]

3. 1 ਅਪ੍ਰੈਲ, 1992 ਅਤੇ 1 ਅਪ੍ਰੈਲ, 1993 ਨੂੰ ਬੇਰੋਜ਼ਗਾਰਾਂ ਦੀ ਜ਼ਿਲ੍ਹਾਵਾਰ ਵੰਡ ਹੇਠ ਅਨੁਸਾਰ ਹੈ :-

| ਲੜੀ ਨੰ: | ਜ਼ਿਲਾ | 1-4-192 | | | 1-4-93 | | |
|---|---|---|---|---|---|---|---|
| | | ਬੇਰੋਜ਼ਗਾਰ ਜੋ ਅਨੁਸੂਚਿਤ ਜਾਤੀ ਨਾਲ ਸਬੰਧਤ ਨਹੀਂ | ਅਨੁਸੂਚਿਤ ਜਾਤੀ ਨਾਲ ਸਬੰਧਤ ਬੇ-ਰੋਜ਼ਗਾਰ | ਕੁਲ ਜੋੜ | ਬੇਰੋਜ਼ਗਾਰ ਜੋ ਅਨੁਸੂਚਿਤ ਜਾਤੀ ਨਾਲ ਸਬੰਧਤ ਨਹੀਂ | ਅਨੁਸੂਚਿਤ ਜਾਤੀ ਨਾਲ ਸਬੰਧਤ ਬੇਰੋਜ਼ਗਾਰ | ਕੁਲ ਜੋੜ |
| 1 | 2 | 3 | 4 | 5 | 6 | 7 | 8 |
| 1 | ਅੰਮ੍ਰਿਤਸਰ | 73,949 | 22,979 | 96,928 | 76,662 | 22,126 | 98,788 |
| 2 | ਗੁਰਦਾਸਪੁਰ | 79,880 | 20,042 | 99,922 | 76,115 | 19,596 | 95,711 |
| 3 | ਜਲੰਧਰ | 45,076 | 28,607 | 73,683 | 39,991 | 26,300 | 66,291 |
| 4 | ਕਪੂਰਥਲਾ | 17,434 | 9,836 | 27,270 | 16,616 | 9,801 | 26,417 |
| 5 | ਹੁਸ਼ਿਆਰਪੁਰ | 33,942 | 17,050 | 50,972 | 31,246 | 15,820 | 47,066 |
| 6 | ਲੁਧਿਆਣਾ | 43,072 | 16,718 | 59,790 | 41,165 | 15,720 | 57,885 |
| 7 | ਫਿਰੋਜ਼ਪੁਰ | 45,352 | 11,690 | 57,042 | 40,398 | 10,265 | 50,663 |
| 8 | ਪਟਿਆਲਾ | 51,352 | 19,471 | 70,823 | 43,359 | 13,785 | 57,144 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| 9 | ਰੋਪੜ | 26,683 | 8,842 | 35,525 | 27,442 | 9,362 | 36,804 |
| 10 | ਫਿਰੋਜ਼ਪੁਰ | 28,729 | 13,913 | 42,612 | 29,232 | 12,102 | 41,334 |
| 11 | ਬਠਿੰਡਾ | 34,087 | 13,122 | 47,209 | 24,753 | 7,964 | 3,27,717 |
| 12 | ਫਰੀਦਕੋਟ | 38,499 | 14,936 | 53,465 | 38,102 | 14,800 | 52,902 |
| 13 | ਫਤਿਹਗੜ੍ਹ ਸਾਹਿਬ | — | — | — | 9,527 | 6,734 | 16,261 |
| 14 | ਮਾਨਸਾ | — | — | — | 9,049 | 3,404 | 12,453 |
| 15 | ਸਟੇਟ ਰੋਜ਼ਗਾਰ ਦਫਤਰ, ਮੁਹਾਲੀ ਅਤੇ ਚੰਡੀਗੜ੍ਹ | 26,949 | 9,171 | 36,120 | 26,285 | 9,265 | 35,550 |
| | ਜੋੜ | 5,44,984 | 2,06,377 | 7,51,361 | 5,29,942 | 1,98,044 | 7,27,986 |

Original with;
Punjab Vidhan Sabha
Digitized by;
Panjab Digital Library

## ਸੀ.ਈ.ਟੀ. ਵਿੱਚ ਹੋਰਾਂ ਦੀ ਥਾਂ ਬੈਠ ਕੇ ਇਮਤਿਹਾਨ ਦੇਣ ਦੇ ਪਕੜੇ ਗਏ ਕੇਸ

162. (1) ਸ੍ਰੀਮਤੀ ਵਿਮਲਾ ਡਾਂਗ
(2) ਕਾਮਰੇਡ ਹਰਦੇਵ ਸਿੰਘ ਅਰਸ਼ੀ } : ਕੀ ਤਕਨੀਕੀ ਸਿੱਖਿਆ ਅਤੇ ਉਦਯੋਗ

ਸਿਖਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:--

(ੳ) ਰਾਜ ਵਿੱਚ ਇੰਜੀਨੀਅਰਿੰਗ ਕਾਲਜਾਂ ਅਤੇ ਸੰਸਥਾਵਾਂ ਦੇ ਦਾਖਲੇ ਲਈ ਜੂਨ, 1993 ਵਿੱਚ ਹੋਏ ਦਾਖਲਾ ਟੈਸਟ (ਸੀ.ਈ.ਟੀ.) ਵਿੱਚ ਅਸਲੀ ਵਿਦਿਆਰਥੀਆਂ ਦੀ ਥਾਂ ਫੜੇ ਗਏ ਦੂਜੇ ਵਿਅਕਤੀਆਂ ਦੇ ਕੇਂਦਰ-ਵਾਰ ਨਾਂ ਅਤੇ ਪਤੇ ਕੀ ਕੀ ਹਨ ਅਤੇ ਉਨ੍ਹਾਂ ਵਿਦਿਆਰਥੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ ਜਿਨ੍ਹਾਂ ਵਾਸਤੇ ਉਨ੍ਹਾਂ ਨੇ ਇਸ ਤਰ੍ਹਾਂ ਕੀਤਾ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਹਰ ਇਕ ਕੇਸ ਵਿੱਚ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

**ਸ੍ਰੀਮਤੀ ਰਜਿੰਦਰ ਕੌਰ ਭੱਠਲ** : (ੳ) ਵੇਰਵਾ ਹੇਠ ਅਨੁਸਾਰ ਹੈ ਜੀ :--

| ਕੇਂਦਰ ਦਾ ਨਾਂ | ਅਸਲ ਵਿਦਿਆਰਥੀ ਦੀ ਥਾਂ ਫੜੇ ਗਏ ਦੂਜੇ ਵਿਅਕਤੀ ਦਾ ਨਾਂ ਅਤੇ ਪਤਾ | ਉਨ੍ਹਾਂ ਵਿਦਿਆਰਥੀਆਂ ਦੇ ਨਾਂ ਅਤੇ ਪਤੇ ਜਿਨ੍ਹਾਂ ਵਾਸਤੇ ਉਨ੍ਹਾਂ ਨੇ ਇਸ ਤਰ੍ਹਾਂ ਕੀਤਾ |
|---|---|---|
| (1) ਅੰਮ੍ਰਿਤਸਰ 4 | ਜਾਣਕਾਰੀ ਨਹੀਂ | ਰਣਜੀਤ ਸਿੰਘ ਸੰਧੂ, ਪੁੱਤਰ ਸਰਦਾਰ ਜਾਗੀਰ ਸਿੰਘ, ਪਿੰਡ ਤੇ ਡਾਕਖਾਨਾ ਹੁਸ਼ਿਆਰਪੁਰ ਨਗਰ, ਅੰਮ੍ਰਿਤਸਰ । |
| (2) ਜਲੰਧਰ 3 | ਬਲਜੀਤ ਸਿੰਘ, ਰੋਲ ਨੰ: 1058, ਗੁਰੂ ਨਾਨਕ ਇੰਜੀ: ਕਾਲਜ, ਲੁਧਿਆਣਾ ਵਿਖੇ ਪਹਿਲੇ ਸਾਲ ਦਾ ਇਲੈਕਟ੍ਰਾਨਿਕਸ ਇੰਜੀ: ਦਾ ਵਿਦਿਆਰਥੀ | ਜਸਦੇਵ ਸਿੰਘ, ਪੁੱਤਰ ਸਰਦਾਰ ਬਲਬੀਰ ਸਿੰਘ ਮਾਰਫਤ ਸ੍ਰੀ ਭਾਰਤ ਭੂਸ਼ਣ ਸ਼ਰਮਾ, 50 ਮਾਡਲ ਗ੍ਰਾਮ ਲੁਧਿਆਣਾ । |
| (3) ਜਲੰਧਰ 5 | ਜਾਣਕਾਰੀ ਨਹੀਂ | ਨੀਰਜ ਸ਼ਰਮਾ, ਪੁੱਤਰ ਸ੍ਰੀ ਮਦਨ ਲਾਲ ਸ਼ਰਮਾ, 212 ਮੇਨ ਰੋਡ ਗੜ੍ਹਾ, ਜਲੰਧਰ । |
| (4) ਲੁਧਿਆਣਾ 5 | ਜਾਣਕਾਰੀ ਨਹੀਂ | ਜਗਜੀਤ ਸਿੰਘ ਸਪੁੱਤਰ ਸਰਦਾਰ ਅਵਤਾਰ ਸਿੰਘ 3662 ਗਲੀ ਨੰ: 4, ਨਿਊ ਜਨਤਾ ਨਗਰ, ਦਾਦ ਰੋਡ, ਲੁਧਿਆਣਾ । |

Original with;
Punjab Vidhan Sabha
Digitized by;
Panjab Digital Library

| | | |
|---|---|---|
| (5) ਲੁਧਿਆਣਾ 6 | ਜਾਣਕਾਰੀ ਨਹੀਂ , | ਗੁਰਪ੍ਰੀਤ ਸਿੰਘ, ਸਪੁੱਤਰ ਗੁਰਭੇਜ ਸਿੰਘ, ਪਿੰਡ ਜਮਾਲਪੁਰ, ਡਾਕਖਾਨਾ ਸਪਾਣਾ, ਜਿਲ੍ਹਾ ਜਲੰਧਰ । |
| (6) ਲੁਧਿਆਣਾ 6 | ਜਾਣਕਾਰੀ ਨਹੀਂ | ਨਵਾਬ ਸਿੰਘ, ਸਪੁੱਤਰ ਸ਼੍ਰੀ: ਭੁਪਿੰਦਰ ਸਿੰਘ, ਸੀ-379, ਟਾਈਪ 4, ਜੀ ਐਂਡ ਡੀ, ਥਰਮਲ ਪਲਾਂਟ ਕਲੋਨੀ, ਬਠਿੰਡਾ । |
| (7) ਲੁਧਿਆਣਾ 6 | ਜਾਣਕਾਰੀ ਨਹੀਂ | ਜਸਵਿੰਦਰ ਪਾਲ ਸਿੰਘ ਸਪੁੱਤਰ ਸਰਦਾਰ ਬਲਦੇਵ ਸਿੰਘ ਬੁਓਵਾਲ ਕਾਰਪੋਰੇਟਿਵ ਖੰਡ ਮਿਲ, ਬੁਢੇਵਾਲ, ਲੁਧਿਆਣਾ । |
| (8) ਲੁਧਿਆਣਾ 6 | ਜਾਣਕਾਰੀ ਨਹੀਂ | ਜਗਦੀਪ ਸਿੰਘ, ਸਪੁੱਤਰ ਸ਼੍ਰੀ ਟਹਿਲ ਸਿੰਘ, ਜਗਜੀਤ ਇੰਡਸਟਰੀ, 3661 ਗਲੀ ਨੰ: 4, ਨਿਊ ਜਨਤਾ ਨਗਰ, ਦਾਦਾ ਰੋਡ, ਲੁਧਿਆਣਾ । |
| (9) ਲੁਧਿਆਣਾ 5 | ਜਾਣਕਾਰੀ ਨਹੀਂ | ਦਲਜੀਤ ਸਿੰਘ, ਸਪੁੱਤਰ ਸਰਦਾਰ ਹੁਕਮ ਸਿੰਘ, ਪਿੰਡ ਅਤੇ ਡਾਕਖਾਨਾ ਥਰੀਕੇ, ਜਿਲ੍ਹਾ ਲੁਧਿਆਣਾ । |

(ਅ) ਲੜੀ ਨੰ: 1 ਤੋਂ 9 ਤੱਕ ਦਰਜ ਸਾਰੇ ਵਿਦਿਆਰਥੀਆਂ ਨੂੰ ਅਯੋਗ ਕਰਾਰ ਦਿੱਤਾ ਗਿਆ ਹੈ,। ਇਸ ਤੋਂ ਇਲਾਵਾ ਲੜੀ ਨੰ: 2 ਤੇ ਦਰਜ ਵਿਦਿਆਰਥੀ ਦਾ ਕੇਸ ਕੇਂਦਰ ਸੁਪਰਡੰਟ ਵੱਲੋਂ ਪੁਲਿਸ ਨੂੰ ਦਿੱਤਾ ਗਿਆ ਹੈ ।

## ਸਰਕਾਰੀ ਮਹਿਮਾਨਾਂ ਤੇ ਖਰਚ

163. 1. **ਸ਼੍ਰੀਮਤੀ ਵਿਮਲਾ ਡਾਂਗ**
2. **ਕਾਮਰੇਡ ਹਰਦੇਵ ਸਿੰਘ ਅਰਸ਼ੀ** } : ਕੀ ਮੁੱਖ ਮੰਤਰੀ ਕਿਰਪਾ ਕਰਕੇ

ਦੱਸਣਗੇ ਕਿ ਉਨ੍ਹਾਂ ਵਿਅਕਤੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ ਜਿਨ੍ਹਾਂ ਨੂੰ ਸਾਲ 1992-93 ਅਤੇ ਸਾਲ 1993-94 (ਮਿਤੀ ਅੰਤ ਤੱਕ) ਦੇ ਦੌਰਾਨ ਸਰਕਾਰੀ ਮਹਿਮਾਨਾਂ ਵੱਜੋਂ ਸਮਝਿਆ ਗਿਆ ਹੈ ਅਤੇ ਹਰ ਇਕ ਕੇਸ ਵਿੱਚ ਕਿੰਨਾ ਖਰਚ ਕੀਤਾ ਗਿਆ ?

**ਸਰਦਾਰ ਬੇਅੰਤ ਸਿੰਘ** : ਸਾਲ 1992-93 ਦੌਰਾਨ 58 ਵਿਅਕਤੀਆਂ/ਵਫਦਾਂ ਨੂੰ ਸਰਕਾਰੀ ਮਹਿਮਾਨ ਵੱਜੋਂ ਅਤੇ ਸਾਲ 1993-94 ਦੌਰਾਨ 83 ਵਿਅਕਤੀਆਂ/ ਵਫਦਾਂ ਨੂੰ ਸਰਕਾਰੀ ਮਹਿਮਾਨ ਸਮਝਿਆ ਗਿਆ । ਸਾਲ 1992-93 ਦੌਰਾਨ ਇਨ੍ਹਾਂ ਤੇ 38426.60 ਰੁਪਏ ਅਤੇ ਸਾਲ 1993-94 ਦੌਰਾਨ 71349 ਰੁਪਏ ਖਰਚ ਆਇਆ। (ਵਿਅਕਤੀਆਂ ਅਤੇ ਵਫਦਾਂ ਦੇ ਨਾਂ ਅਤੇ ਪਤੇ ਅਤੇ ਹਰ ਕੇਸ ਵਿੱਚ ਹੋਏ ਖਰਚੇ ਸਬੰਧੀ ਵੇਰਵਾ ਨਾਲ ਨੱਥੀ ਕੀਤਾ ਜਾਂਦਾ ਹੈ)

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਾਲ 1992-93 ਦੌਰਾਨ ਸਟੇਟ ਗੈਸਟਾਂ ਦੇ ਦੌਰਿਆਂ ਦਾ ਖਰਚਾ

| ਲੜੀ ਨੰ: | ਗੈਸਟ ਦਾ ਨਾਂ | ਰਕਮ |
|---|---|---|
| 1 | ਭਾਰਤ ਦੇ ਰਾਸ਼ਟਰਪਤੀ ਜੀ ਦਾ ਦੌਰਾ, ਮਿਤੀ 18 ਜੂਨ, 1992 | 500.00 |
| 2 | ਸ੍ਰੀ ਤਰੁਨ ਗੋਗੀਆ ਯੂਨੀਅਨ ਮਨਿਸਟਰ ਸਟੇਟ ਖੁਰਾਕ ਮੰਤਰੀ | 400.00 |
| 3 | ਭਾਰਤ ਦੇ ਰਾਸ਼ਟਰਪਤੀ ਜੀ ਦਾ ਦੌਰਾ, ਮਿਤੀ 3 ਜੂਨ, 1992 | 600.00 |
| 4 | ਸ੍ਰੀ ਐਮ.ਐਮ. ਜੈਕਬ, ਯੂਨੀਅਨ ਮਨਿਸਟਰ ਸਟੇਟ ਹੋਮ ਅਫੇਅਰਜ਼, ਮਿਤੀ 21 ਮਈ, 1992 | 600.00 |
| 5 | ਸ੍ਰੀ ਗੁਲਾਬ ਨਬੀ ਆਜ਼ਾਦ, ਯੂਨੀਅਨ ਮਨਿਸਟਰ, ਭਾਰਤ ਸਰਕਾਰ ਦਾ ਦੌਰਾ, ਮਿਤੀ 20 ਜੂਨ, 1992 | 400.0 |
| 6 | ਕੈਨੇਡਾ ਦੇ ਹਾਈ ਕਮਿਸ਼ਨਰ ਜੀ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 18 ਮਾਰਚ, 1992 | 200.00 |
| 7 | ਸ੍ਰੀ ਐਸ.ਵੀ. ਚਵਾਨ, ਯੂਨੀਅਨ ਮਨਿਸਟਰ, ਹੋਮ ਮਨਿਸਟਰ ਦਾ ਦੌਰਾ, ਮਿਤੀ 26 ਅਪਰੈਲ, 1992 | 4680.00 |
| 8 | ਜਰਮਨ ਦੇ ਡੈਲੀਗੇਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 3 ਜੂਨ, 1992 | 980.00 |
| 9 | ਸ੍ਰੀ ਐਚ.ਐਨ. ਦਾਸ, ਆਈ.ਏ.ਐਸ., ਮੁੱਖ ਸਕੱਤਰ ਆਸਾਮ ਜੀ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 12 ਜੂਨ, 1992 | 100.00 |
| 10 | ਸ੍ਰੀਮਤੀ ਪ੍ਰੀਤਮਾ ਦਿਆਲ, ਆਈ.ਏ.ਐਸ. ਸੰਯੁਕਤ ਸਕੱਤਰ ਅਤੇ ਡੀ.ਐਸ. ਮਿਸ਼ਰਾ ਆਈ., ਸੰਯੁਕਤ ਸਕੱਤਰ ਖੇਤੀਬਾੜੀ ਵਿਭਾਗ ਭਾਰਤ ਸਰਕਾਰ ਜੀ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 12 ਜੁਲਾਈ, 1992 ਤੋਂ 13 ਜੁਲਾਈ, 1992 ਤੱਕ | 309.50 |
| 11 | ਸ੍ਰੀ ਆਰ.ਸੀ.ਕਪਿਲਾ, ਆਈ.ਏ.ਐਸ., ਯੂਨੀਅਨ ਖੇਤੀਬਾੜੀ ਸਕੱਤਰ, ਜੀ ਦਾ ਦੌਰਾ, ਮਿਤੀ 17 ਜੁਲਾਈ, 1992 | 154.00 |
| 12 | ਡਾਕਟਰ ਮਨਮੋਹਨ ਸਿਘ, ਵਿੱਤ ਮੰਤਰੀ ਜੀ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 25 ਜੂਨ, 1992 | 400.00 |
| 13 | ਸ੍ਰੀ ਮਾਂਗ ਰਾਮ, ਪੋਟਦੁੱਖੇ, ਸਟੇਟ ਮੰਤਰੀ, ਵਿੱਤ ਵਿਭਾਗ ਜੀ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 12 ਜੂਨ, 1992 | 200.00 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਗੈਸਟ ਦਾ ਨਾਂ | ਰਕਮ |
|---|---|---|
| 14 | ਸ੍ਰੀ ਸੁੱਖ ਰਾਮ ਯੋਜਨਾ ਮੰਤਰੀ, ਭਾਰਤ ਸਰਕਾਰ ਜੀ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 6 ਜੁਲਾਈ, 1992 ਤੋਂ 7 ਜੁਲਾਈ, 1992 ਤੱਕ ... | 800.00 |
| 15 | ਵਿੱਤ ਮੰਤਰੀ ਭਾਰਤ ਸਰਕਾਰ ਜੀ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 25 ਜੂਨ, 1992 ... | 800.00 |
| 16 | ਸ੍ਰੀਮਤੀ ਮਾਰਗਰੇਟ ਅਲਵਾ, ਪ੍ਰਸੋਨਲ ਮੰਤਰੀ, ਭਾਰਤ ਸਰਕਾਰ ਜੀ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 2 ਜੁਲਾਈ, 1992 ... | 400.00 |
| 17 | ਸ੍ਰੀ ਪਰਨਾਬ ਮੁੱਖਰਜੀ, ਡਿਪਟੀ ਚੇਅਰਮੈਨ, ਯੋਜਨਾ ਬੋਰਡ ਜੀ ਦਾ ਚੰਡੀਗੜ੍ਹ ਵਿਖੇ ਦੌਰਾ ... | 400.00 |
| 18 | ਸ੍ਰੀ ਸੁਖਰਾਮ, ਪਲੈਨਿੰਗ ਮੰਤਰੀ ਜੀ ਦਾ ਦੌਰਾ, ਮਿਤੀ 10 ਅਗਸਤ, 1992 ... | 400.00 |
| 19 | ਸ੍ਰੀ ਸੁਖਰਾਮ, ਪਲੈਨਿੰਗ ਮੰਤਰੀ, ਜੀ ਦਾ ਦੌਰਾ ਮਿਤੀ 10 ਅਗਸਤ, 1993 ... | 400.00 |
| 20 | ਭਾਰਤ ਸਰਕਾਰ ਦੇ ਰੇਲਵੇ ਮੰਤਰੀ ਜੀ ਦਾ ਦੌਰਾ, ਮਿਤੀ 26 ਜੁਲਾਈ, 1992 ਨੂੰ ਦੌਰਾ | 400.00 |
| 21 | ਸ੍ਰੀ ਬਲਰਾਮ ਜਾਖੜ, ਖੇਤੀਬਾੜੀ ਮੰਤਰੀ ਜੀ ਦਾ ਮਿਤੀ 8 ਅਗਸਤ, 1992 ਨੂੰ ਦੌਰਾ | 400.00 |
| 22 | ਭਾਰਤ ਦੇ ਸਾਬਕਾ ਰਾਸ਼ਟਰਪਤੀ ਜੀ ਦਾ ਮਿਤੀ 19 ਅਗਸਤ, 1992 ਨੂੰ ਦੌਰਾ | 800.00 |
| 23 | ਸ੍ਰੀ ਐਚ.ਐਮ. ਚੀਰਾਨ, ਮਨਿਸਟਰੀ ਹੋਮ ਅਫੇਅਰ ਅਤੇ ਸ੍ਰੀ ਜੇ.ਕੇ. ਸ਼ਰਮਾ ਮਨਿਸਟਰੀ ਸੂਚਨਾ ਭਾਰਤ ਸਰਕਾਰ ਜੀ ਦਾ ਦੌਰਾ ... | 1173.60 |
| 24 | ਯੂਨੀਅਨ ਮਨਿਸਟਰ ਭਾਰਤ ਸਰਕਾਰ ਜੀ ਦਾ ਚੰਡੀਗੜ੍ਹ ਵਿਖੇ ਮਿਤੀ 16 ਅਗਸਤ, 1992 ਨੂੰ ਦੌਰਾ ... | 1442.50 |
| 25 | ਸ੍ਰੀ ਕਲਪ ਨਾਥ ਰਾਏ, ਯੂਨੀਅਨ ਮਨਿਸਟਰ, ਭਾਰਤ ਸਰਕਾਰ ਜੀ ਦਾ ਮਿਤੀ 30 ਅਗਸਤ, 1992 ਨੂੰ ਦੌਰਾ ... | 600.00 |
| 26 | ਸ੍ਰੀ ਰਿਖੀ ਰਾਮ ਕੌਂਡਲ, ਡਿਪਟੀ ਸਪੀਕਰ ਹਿਮਾਚਲ ਪਰਦੇਸ਼, ਵਿਧਾਨ ਸਭਾ ਜੀ ਦਾ ਦੌਰਾ, ਮਿਤੀ 31 ਜੁਲਾਈ, 1992 ... | 61.00 |
| 27 | ਸ੍ਰੀ ਰਿਖੀ ਰਾਮ ਕੌਂਡਲ, ਡਿਪਟੀ ਸਪੀਕਰ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਜੀ ਦਾ ਦੌਰਾ, ਮਿਤੀ 12 ਅਗਸਤ, 1992 ਨੂੰ ... | 58.00 |
| 28 | ਹਾਈ ਟੀਮ ਨੈਸ਼ਨਲ ਇੰਨਸਟੀਚਿਊਟ ਪਬਲਿਕ ਫਾਇਨਸ ਐਂਡ ਪਾਲਿਸੀ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 23 ਅਗਸਤ, 1992 ਤੋਂ 25 ਅਗਸਤ, 1992 | 410.00 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਲੜੀ ਨੰ: | ਗੈਸਟ ਦਾ ਨਾਂ | ਰਕਮ |
|---|---|---|
| 29 | ਸ੍ਰੀ ਓ.ਪੀ. ਟੰਡਨ, ਸਕੱਤਰ, ਸੋਸਾਇਟੀ ਕੈਬਨਿਟ ਸਕੱਤਰ ਜੀ ਦਾ ਦੌਰਾ ਮਿਤੀ 26 ਅਗਸਤ, 1992 ਤੋਂ 27 ਅਗਸਤ, 1992 ... | 310.00 |
| 30 | ਸ੍ਰੀਮਤੀ ਸੁਖਬੰਸ ਕੌਰ ਭਿੰਡਰ, ਯੂਨੀਅਨ ਮਨਿਸਟਰ ਜੀ ਦਾ ਚੰਡੀਗੜ੍ਹ ਵਿਖੇ ਦੌਰਾ, | 161.00 |
| 31 | ਸ੍ਰੀ ਅਰਜਨ ਸਿੰਘ, ਹਿਊਮਨ ਰਿਸੋਰਸਜ਼ ਡਿਵੈਲਪਮੈਂਟ ਮਨਿਸਟਰ ਜੀ ਦਾ ਦੌਰਾ ਮਿਤੀ 7 ਸਤੰਬਰ, 1992 ... | 87.00 |
| 32 | ਸ੍ਰੀ ਜੇ. ਲਾਲ ਸੰਘੂ ਵਾਲਾ, ਵਿੱਤ ਮੰਤਰੀ, ਮਿਜ਼ੋਰਮ ਸਰਕਾਰ ਜੀ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 28 ਸਤੰਬਰ, 1992 ਤੋਂ 29 ਸਤੰਬਰ, 1997 ਤੱਕ ... | 73.00 |
| 33 | ਸਾਇਕਲਿੰਗ ਫੈਡਰੇਸ਼ਨ ਦੇ ਸ੍ਰੀ ਲਿਥੂਆਣੀਆ ਦਾ ਚੰਡੀਗੜ੍ਹ ਵਿਖੇ ਮਿਤੀ 21 ਅਕਤੂਬਰ, 1992 ਤੋਂ 25 ਅਕਤੂਬਰ, 1992 ਤੱਕ ਦਾ ਦੌਰਾ ... | 929.00 |
| 34 | ਸਾਬਕਾ ਰਾਸ਼ਟਰਪਤੀ ਸ੍ਰੀ ਗਿਆਨੀ ਜ਼ੈਲ ਸਿੰਘ ਜੀ ਦਾ ਮਿਤੀ 6 ਦਸੰਬਰ, 1992 ਨੂੰ ਚੰਡੀਗੜ੍ਹ ਵਿਖੇ ਦੌਰਾ ... | 300.00 |
| 35 | ਸਾਬਕਾ ਰਾਸ਼ਟਰਪਤੀ ਸ੍ਰੀ ਗਿਆਨੀ ਜ਼ੈਲ ਸਿੰਘ ਜੀ ਦਾ ਮਿਤੀ 1 ਸਤੰਬਰ, 1992 ਨੂੰ ਚੰਡੀਗੜ੍ਹ ਵਿਖੇ ਦੌਰਾ ... | 200.00 |
| 36 | ਸ੍ਰੀ ਪਰਨਾਬ ਮੁਖਰਜੀ, ਡਿਪਟੀ ਚੇਅਰਮੈਨ, ਯੋਜਨਾ ਕਮਿਸ਼ਨ ਜੀ ਦਾ ਦੌਰਾ, ਮਿਤੀ 26 ਦਸੰਬਰ, 1992 ... | 400.00 |
| 37 | ਸ੍ਰੀ ਸੁਖ ਰਾਮ, ਯੋਜਨਾ ਮੰਤਰੀ ਭਾਰਤ ਸਰਕਾਰ ਜੀ ਦਾ ਦੌਰਾ, ਮਿਤੀ 21 ਨਵੰਬਰ, 1992 ਨੂੰ ਦੌਰਾ ... | 200.00 |
| 38 | ਮੰਗੋਲੀਆ ਦੇ ਰਾਜਦੂਤ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 7 ਅਕਤੂਬਰ, 1992 ਨੂੰ ... | 2295.00 |
| 39 | ਸ੍ਰੀ ਰਾਜੇਸ਼ ਪਾਇਲਟ ਮੰਤਰੀ, ਭਾਰਤ ਸਰਕਾਰ ਜੀ ਦਾ ਦੌਰਾ, ਮਿਤੀ 29 ਦਸੰਬਰ, 1992 ਨੂੰ ... | 1,197.00 |
| 40 | ਸ੍ਰੀ ਵਸ਼ਿਸ਼ਟ ਨਰਾਇਣ ਸਿੰਘ, ਕੈਬਨਿਟ ਮੰਤਰੀ ਲੇਬਰ ਇੰਪਲਾਈਮੈਂਟ ਬਿਹਾਰ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 20 ਦਸੰਬਰ, 1992 ਤੋਂ 22 ਨਵੰਬਰ, 1992 ਤੱਕ | 760.00 |
| 41 | ਸ੍ਰੀ ਪੀ. ਰਾਮਾ ਚੰਦਰਾ, ਰੈਡੀ ਚੇਅਰਮੈਨ ਇਫਕੋ ਅਤੇ ਸ੍ਰੀ ਬੀ.ਐਲ. ਨਰਾਇਣਾ ਐਮ.ਡੀ. ਇਫਕੋ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 4 ਦਸੰਬਰ, 1992 ਤੋਂ 7 ਦਸੰਬਰ, 1992 ਤੱਕ ... | 419.00 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਗੈਸਟ ਦਾ ਨਾਂ | ਰਕਮ |
|---|---|---|
| 42 | ਸ੍ਰੀ ਯੱਗਿਆ ਦੱਤ ਸ਼ਰਮਾ, ਗਵਰਨਰ ਉੜੀਸਾ ਜੀ ਦਾ ਦੌਰਾ, ਚੰਡੀਗੜ੍ਹ ਵਿਖੇ ਮਿਤੀ 7 ਦਸੰਬਰ, 1992 ਤੋਂ 9 ਦਸੰਬਰ, 1992 ਤੱਕ ... | 300.00 |
| 43 | ਸ੍ਰੀਮਤੀ ਰੌਨਕਾ, ਵਿਸਵਾਨਾਥ, ਆਈ.ਏ.ਐਸ. ਨੈਸ਼ਨਲ ਇੰਸਟੀਚਿਊਟ ਫਾਰ ਪਬਲਿਕ ਫਾਇਨੈਂਸ ਪਾਲੀਸੀ ਜੀ ਦਾ ਦੌਰਾ, ਮਿਤੀ 8 ਦਸੰਬਰ, 1992 ਤੋਂ 11 ਦਸੰਬਰ, 1992 ਤੱਕ ... | 527.00 |
| 44 | ਸ੍ਰੀ ਵਿਜੇ ਕੁਮਾਰ ਰਾਜੂ, ਐਮ.ਪੀ. ਫਾਰ ਆਂਧਰਾ ਪ੍ਰਦੇਸ਼ ਜੀ ਦਾ ਮਿਤੀ 10 ਦਸੰਬਰ, 1992 ਤੋਂ 12 ਦਸੰਬਰ, 1992 ਤੱਕ ਦਾ ਦੌਰਾ ... | 376.00 |
| 45 | ਸੈਂਟਰਲ ਅਬਜ਼ਰਵਰ ਜੀ ਦਾ ਮਿਤੀ 17 ਫਰਵਰੀ, 1992 ਤੋਂ 21 ਫਰਵਰੀ, 1992 ਤੱਕ ਦਾ ਦੌਰਾ ... | 300.00 |
| 46 | ਸਾਬਕਾ ਪਰੈਜ਼ੀਡੈਂਟ ਆਫ ਇੰਡੀਆ ਜੀ ਦਾ ਮਿਤੀ 12 ਸਤੰਬਰ, 1992 ਨੂੰ ਦੌਰਾ | 346 .00 |
| 47 | ਸਾਬਕਾ ਪਰੈਜੀਡੈਂਟ ਆਫ ਇੰਡੀਆ ਜੀ ਦਾ ਮਿਤੀ 19 ਅਗਸਤ, 1992 ਨੂੰ ਦੌਰਾ | 323.00 |
| 48 | ਸ੍ਰੀ ਕ੍ਰਿਸ਼ਨ ਕਾਂਤ ਗਵਰਨਰ ਆਫ ਆਂਧਰਾ ਪ੍ਰਦੇਸ਼ ਜੀ ਦਾ ਮਿਤੀ 27 ਨਵੰਬਰ, 1992 ਤੋਂ 1 ਦਸੰਬਰ, 1992 ਤੱਕ ਦੌਰਾ ... | 213.00 |
| 49 | ਕੈਨੇਡਾ ਦੇ ਪਾਰਲੀਮੈਂਟ ਦੇ 15 ਮੈਂਬਰਾਂ ਦਾ ਦੌਰਾ ... | 1995.00 |
| 50 | ਕੈਨੇਡਾ ਦੇ ਪਾਰਲੀਮੈਂਟ ਦੇ 15 ਮੈਂਬਰਾਂ ਦਾ ਚੰਡੀਗੜ੍ਹ ਵਿਖੇ ਦੌਰਾ, ਮਿਤੀ 25 ਜਨਵਰੀ 1993 ਨੂੰ ... | 800.00 |
| 51 | ਸ੍ਰੀ ਕੇ.ਆਰ. ਨਰਾਇਣਾ, ਵਾਈਸ-ਪਰੈਜ਼ੀਡੈਂਟ ਜੀ ਦਾ ਮਿਤੀ 29 ਨਵੰਬਰ, 1993 ਨੂੰ ਦੌਰਾ ਅਤੇ ਮਿਤੀ 18 ਜਨਵਰੀ, 1993 ਨੂੰ ਦੌਰਾ ... | 1200.00 |
| 52 | ਅੰਬੈਸਡਰ ਆਫ ਅਮਰੀਕਾ ਜੀ ਦਾ 18 ਜਨਵਰੀ, 1993 ਨੂੰ ਦੌਰਾ ... | 200.00 |
| 53 | ਸ੍ਰੀ ਬਲਰਾਮ ਜਾਖੜ, ਖੇਤੀਬਾੜੀ ਮੰਤਰੀ ਜੀ ਦਾ ਦੌਰਾ ... | 200.00 |
| 54 | ਆਸਟਰੇਲੀਆ ਦੀ ਟੀਮ ਦਾ ਦੌਰਾ ਮਿਤੀ 1 ਫਰਵਰੀ, 1993 ਤੋਂ 5 ਫਰਵਰੀ 1993 ਤੱਕ ... | 1071.00 |
| 55 | ਜਰਮਨ ਦੇ ਅੰਬੈਸਡਰ ਦਾ ਮਿਤੀ 3 ਜੂਨ, 1992 ਨੂੰ ਦੌਰਾ ... | 546.00 |
| 56 | ਫੂਡ ਪਰੋਸੈਸਿੰਗ ਇੰਡਸਟਰੀਜ਼ ਦੇ ਯੂਨੀਅਨ ਮੰਤਰੀ ਜੀ ਦਾ ਮਿਤੀ 30 ਜਨਵਰੀ, 1993 ਤੋਂ 31 ਜਨਵਰੀ, 1993 ਤੱਕ ਦਾ ਦੌਰਾ ... | 673.00 |
| 57 | ਡਾਕਟਰ ਰਾਜ ਚਿੱਲਾਹ, ਪ੍ਰੋਫੈਸ਼ਰ ਐਮਰਿਚਪ ਅਤੇ ਡਾਕਟਰ ਗੋਬਿੰਦਾ ਰਾਓ ਜੀ ਦਾ ਦੌਰਾ ... | 108 .00 |
| 58 | ਆਸਟਰੇਲੀਆ ਦੀ ਟੀਮ ਦਾ ਚੰਡੀਗੜ੍ਹ ਅਤੇ ਸ਼ਿਮਲੇ ਵਿਖੇ ਦੌਰਾ, ਮਿਤੀ 17 ਫਰਵਰੀ, 1993 ਤੋਂ 18 ਫਰਵਰੀ, 1993 ਤੱਕ ... | 1931.00 |
| | ਜੋੜ ... | 33,426.60 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਗੈਸਟ ਦਾ ਨਾਂ | ਰਕਮ |
|---|---|---|
| | **1993-94 ਦੌਰਾਨ ਸਟੇਟ ਗੈਸਟਾਂ ਦਾ ਖਰਚਾ** | |
| 1 | ਸ੍ਰੀ ਐਨੀਸਾਲੁਬ ਮੈਂਬਰ ਆਫ ਰੀਪਰੈਜੀਡੈਟਿਵ ਆਫ ਯੂ.ਐਸ.ਏ. ਜੀ ਦਾ ਦੌਰਾ ਮਿਤੀ 13 ਅਪ੍ਰੈਲ, 1993 ਨੂੰ ... | 5,855.00 |
| 2 | ਸ੍ਰੀ ਐਸ.ਵੀ.ਚਵਾਨ ਯੂਨੀਅਨ ਹੋਮ ਮਨਿਸਟਰ ਜੀ ਦਾ ਮਿਤੀ 8 ਮਈ, 1993 ਤੋਂ 9 ਮਈ, 1993 ਤੱਕ ਦਾ ਦੌਰਾ ... | 400.00 |
| 3 | ਸ੍ਰੀਮਤੀ ਵਿਮਲਾ ਸ਼ਰਮਾ ਵਾਈਫ ਆਫ ਦੀ ਪ੍ਰੈਜ਼ੀਡੈਂਟ ਆਫ ਇੰਡੀਆ ਦਾ ਮਿਤੀ 26 ਫਰਵਰੀ, 1993 ਤੋਂ 28 ਫਰਵਰੀ, 1993 ਤੱਕ ਦਾ ਦੌਰਾ ... | 1200.00 |
| 4 | ਮਾਨਯੋਗ ਸ੍ਰੀ ਅਰੁਨਾਚਲਾਨੀ, ਯੂਨੀਅਨ ਮਨਿਸਟਰ ਆਫ ਸਟੇਟ ਫਾਰ ਇੰਡਸਟਰੀਜ਼ ਜੀ ਦਾ ਮਿਤੀ 10 ਮਾਰਚ, 1993 ਨੂੰ ਦੌਰਾ ... | 200.00 |
| 5 | ਮਾਨਯੋਗ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਦਾ ਮਿਤੀ 16 ਮਾਰਚ, 1993 ਨੂੰ ਦੌਰਾ ... | 400.00 |
| 6 | ਐਕਸਟਰਨਲ ਅਫੇਅਰਜ਼ ਮੰਤਰੀ ਜੀ ਦਾ ਦੌਰਾ ਮਿਤੀ 18 ਮਾਰਚ, 1993 ... | 400.00 |
| 7 | ਸ੍ਰੀ ਮਾਨ ਜਸਟਿਸ ਕੇ. ਰਾਮਾਸਵਾਮੀ ਜੱਜ ਸੁਪਰੀਮ ਕੋਰਟ ਜੀ ਦਾ 5 ਅਪ੍ਰੈਲ, 1993 ਨੂੰ ਦੌਰਾ ... | 600.00 |
| 8 | ਸ੍ਰੀ ਐਸ.ਵੀ. ਚਵਾਨ ਯੂਨੀਅਨ ਹੋਮ ਮਨਿਸਟਰ ਜੀ ਦਾ ਮਿਤੀ 14 ਅਪ੍ਰੈਲ, 1993 ਨੂੰ ਦੌਰਾ ... | 1,000.00 |
| 9 | ਸ੍ਰੀ ਅਰਜਨ ਸਿੰਘ ਮਨਿਸਟਰ ਆਫ ਹੂਮੈਨ ਰਿਸੋਰਜ਼ ਡਿਵੈਲਪਮੈਂਟ ਜੀ ਦਾ ਮਿਤੀ 24 ਅਪ੍ਰੈਲ, 1993 ਤੋਂ 25 ਅਪ੍ਰੈਲ, 1993 ਤੱਕ ਦਾ ਦੌਰਾ ... | 700.00 |
| 10 | ਸ੍ਰੀ ਕੋਲ. ਰਾਵ ਰਾਮ ਸਿੰਘ ਰੂਰਲ ਡਿਵੈਲਪਮੈਂਟ ਮਨਿਸਟਰ ਜੀ ਦਾ 30 ਅਪ੍ਰੈਲ, 1993 ਨੂੰ ਦੌਰਾ ... | 100.00 |
| 11 | ਸ੍ਰੀ ਬਲਰਾਮ ਜਾਖੜ, ਖੇਤੀਬਾੜੀ ਮੰਤਰੀ ਜੀ ਦਾ ਮਿਤੀ 5 ਮਈ, 1993 ਨੂੰ ਦੌਰਾ | 200.00 |
| 12 | ਸ੍ਰੀ ਕ੍ਰਿਸ਼ਨ ਕਾਂਤ ਐਚ.ਈ. ਗਵਰਨਰ ਆਫ ਆਧਰਾ ਪ੍ਰਦੇਸ਼ ਜੀ ਦਾ ਮਿਤੀ 6 ਫਰਵਰੀ, 1993 ਤੋਂ 8 ਫਰਵਰੀ, 1993 ਤੱਕ ਦਾ ਦੌਰਾ ... | 1196.00 |
| 13 | ਡਾਕਟਰ ਬਰਿਜ ਪਾਲ ਸਿੰਘ, ਕੌਨਸੌਲਰ ਪੰਜਾਬ, ਲਾਲ ਬਹਾਦਰ ਸ਼ਾਸਤਰੀ ਨੈਸ਼ਨਲ ਅਕੈਡਮੀ ਭਾਰਤ ਸਰਕਾਰ ਦਾ ਦੌਰਾ ਮਿਤੀ 11 ਜਨਵਰੀ, 1993 ਤੋਂ 15 ਜਨਵਰੀ, 1993 ਤੱਕ ... | 465.00 |

Original with;
Punjab Vidhan Sabha
Digitized by;
Panjab Digital Library

| 1 | 2 | 3 |
|---|---|---|
| 14 | ਸ੍ਰੀ ਜੰਗੀ ਸਿੰਘ ਚੋਧਰੀ, ਖੁਰਾਕ ਮੰਤਰੀ ਸਟੇਟ (ਬਿਹਾਰ) ਜੀ ਦਾ ਦੌਰਾ ਮਿਤੀ 6 ਅਕਤੂਬਰ, 1992 ਤੋਂ 12 ਅਕਤੂਬਰ, 1992 ਤੱਕ ... | 2,440.00 |
| 15 | ਸ੍ਰੀ ਕਿਸ਼ਨ ਕੁਮਾਰ ਮਿਸ਼ਰਾ, ਡਿਪਟੀ ਮਨਿਸਟਰ ਰੇਵਨਿਊ ਜੀ ਦਾ ਦੌਰਾ ਮਿਤੀ 21 ਨਵੰਬਰ, 1992 ਤੋਂ 23 ਨਵੰਬਰ, 1992 ... | 734.00 |
| 16 | ਸ੍ਰੀ ਕਿਸ਼ਨ ਕਾਂਤ, ਗਵਰਨਰ ਆਂਧਰਾ ਪ੍ਰਦੇਸ਼ ਜੀ ਦਾ ਦੌਰਾ ਮਿਤੀ 25 ਮਾਰਚ, 1993 ਤੋਂ 29 ਮਾਰਚ, 1993 ... | 1,800.00 |
| 17 | ਮੁਹੰਮਦ ਸਫੀ ਕੋਰੈਸੀ, ਗਵਰਨਰ ਬਿਹਾਰ ਜੀ ਦਾ ਮਿਤੀ 16 ਮਈ, 1993 ਤੋਂ 18 ਮਈ, 1993 ਤੱਕ ਦਾ ਦੌਰਾ ... | 2,125.00 |
| 18 | ਸ੍ਰੀ ਮਿਚਲਵਾਨ ਵੋਲਟ ਪਰਾਮ, ਸੈਕਟਰੀ ਜਨਰਲ ਯੂ.ਐਨ. ਪੀ.ਓ. ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 23 ਜੁਲਾਈ, 1993 ... | 1,316.00 |
| 19 | ਸ੍ਰੀ ਸੀਤਾ ਰਾਮ ਕੇਸਰੀ, ਯੂਨੀਅਨ ਮਨਿਸਟਰ ਜੀ ਦਾ ਮਿਤੀ 14 ਜੂਨ, 1992 ਤੋਂ 17 ਜੂਨ, 1992 ਤੱਕ ਦਾ ਦੌਰਾ ... | 400.00 |
| 20 | ਸ੍ਰੀ ਰਜੇਸ਼ ਪਾਇਲਟ, ਯੂਨੀਅਨ ਮਨਿਸਟਰ ਸਟੇਟ ਜੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 11 ਜੂਨ, 1993 ਨੂੰ | 200.00 |
| 21 | ਯੂਨੀਅਨ ਮਨਿਸਟਰ, ਸਟੇਟ ਟੂਰਿਜ਼ਮ ਮੰਤਰੀ ਜੀ ਦਾ ਦੌਰਾ ਮਿਤੀ 9 ਜੂਨ, 1993 ਤੋਂ 10 ਜੂਨ, 1993 ਤੱਕ ... | 300.00 |
| 22 | ਸ੍ਰੀ ਐਸ.ਵੀ. ਚਵਾਨ, ਯੂਨੀਅਨ ਹੋਮ ਮਨਿਸਟਰ ਜੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 8 ਮਈ, 1993 ਤੋਂ 9 ਮਈ, 1993 ਤੱਕ ... | 400.00 |
| 23 | ਮਾਨਯੋਗ ਮਿਸਟਰ ਵੀ.ਐਸ. ਮਾਲੀਮਾਥ ਦਾ ਮਿਤੀ 5 ਮਈ, 1993 ਨੂੰ ਚੰਡੀਗੜ੍ਹ ਵਿਖੇ ਦੌਰਾ ... | 200.00 |
| 24 | ਸ੍ਰੀ ਸੁਖਰਾਮ, ਯੂਨੀਅਨ ਮਨਿਸਟਰ ਸਟੇਟ ਦਾ ਚੰਡੀਗੜ੍ਹ ਵਿਖੇ ਮਿਤੀ 12 ਜੁਲਾਈ, 1993 ਤੋਂ 13 ਜੁਲਾਈ, 1993 ਤੱਕ ਦਾ ਦੌਰਾ ... | 100.00 |
| 25 | ਕਰਨਲ ਰਾਓ ਸਿੰਘ, ਯੂਨੀਅਨ ਮਨਿਸਟਰ ਸਟੇਟ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 17 ਜੁਲਾਈ, 1993 ਤੋਂ 18 ਜੁਲਾਈ, 1993 ਤੱਕ ... | 200.00 |
| 26 | ਸ੍ਰੀ ਕੇ.ਐਨ. ਅਰਧਨਾ, ਰੀਸਵਰਨ ਚੇਅਰਮੈਨ ਇੰਡੀਅਨ ਏਅਰ ਪੋਰਟ ਅਥੋਰਟੀ ਦਾ ਚੰਡੀਗੜ੍ਹ ਵਿਖੇ ਦੌਰਾ .. | 400.00 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 |
|---|---|---|
| 27 | ਸ੍ਰੀ ਸੁਖਰਾਮ, ਯੂਨੀਅਨ ਮਨਿਸਟਰ ਸਟੇਟ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 12 ਜੁਲਾਈ, 1993 ... | 200.00 |
| 28 | ਸ੍ਰੀ ਦਿਨੇਸ਼ ਸਿੰਘ, ਮਨਿਸਟਰੀ ਆਫ਼ ਐਕਸਟਰਨਲ ਅਫੇਅਰ, ਭਾਰਤ ਸਰਕਾਰ ਜੀ ਦਾ ਦੌਰਾ ਮਿਤੀ 24 ਜੂਨ, 1993 ... | 300.00 |
| 29 | ਸ੍ਰੀ ਸੁਖਰਾਮ, ਯੂਨੀਅਨ ਮਨਿਸਟਰ ਸਟੇਟ ਜੀ ਦਾ ਦੌਰਾ ਮਿਤੀ 7 ਜੁਲਾਈ ,1993 | 200.00 |
| 30 | ਭਾਰਤ ਦੇ ਪ੍ਰਧਾਨ ਮੰਤਰੀ ਜੀ ਦਾ ਮਿਤੀ 16 ਜੁਲਾਈ, 1993 ... | 2,200.00 |
| 31 | ਸ੍ਰੀਮਤੀ ਸੁਖਬੰਸ ਕੌਰ ਭਿੰਡਰ, ਯੂਨੀਅਨ ਮਨਿਸਟਰ ਟੂਰਿਜ਼ਮ ਦਾ ਮਿਤੀ 21 ਅਗਸਤ, 1993 ਤੋਂ 23 ਅਗਸਤ, 1993 ਤੱਕ ਦਾ ਦੌਰਾ ... | 100.00 |
| 32 | ਸ੍ਰੀ ਐਮ.ਐਨ. ਵੈਂਕਟ ਚਲੀਹਾ, ਚੀਫ ਜਸਟਿਸ, ਭਾਰਤ ਸਰਕਾਰ ਜੀ ਦਾ ਚੰਡੀਗੜ੍ਹ ਵਿਖੇ ਮਿਤੀ 27 ਅਗਸਤ, 1993 ਤੋਂ 29 ਅਗਸਤ, 1993 ਤੱਕ ਦਾ ਦੌਰਾ ... | 1,700.00 |
| 33 | ਸ੍ਰੀ ਐਚ.ਆਰ. ਭਾਰਤਦਵਾਜ, ਯੂਨੀਅਨ ਮਨਿਸਟਰ ਸਟੇਟ ਜੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 28 ਅਗਸਤ, 1993 ਤੋਂ 29 ਅਗਸਤ, 1993 ਤੱਕ ... | 1,000.00 |
| 34 | ਦਸਵੇਂ ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ ... | 800.00 |
| 35 | ਸ੍ਰੀ ਕੇ.ਸੀ. ਪੰਤ ਚੇਅਰਮੈਨ ਦੱਸਵੇਂ ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 7 ਸਤੰਬਰ, 1993 ਤੋਂ 9 ਸਤੰਬਰ, 1993 ਤੱਕ | 95.00 |
| 36 | ਸ੍ਰੀ ਐਮ.ਸੀ. ਸਿੰਗਲਾ, ਮੈਂਬਰ ਸਕੱਤਰ ਦੱਸਵੇਂ ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ ... | 21.00 |
| 37 | ਸ੍ਰੀ ਡੀ. ਪੀ. ਪਾਲ, ਮੈਂਬਰ ਆਫ ਦੱਸਵੇਂ ਵਿੱਤ ਕਮਿਸ਼ਨ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ ... | 83.00 |
| 38 | ਸ੍ਰੀ ਬੀ.ਪੀ. ਆਰ ਵਿੱਠਲ, ਮੈਂਬਰ ਦੱਸਵੇਂ ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ ... | 57.00 |
| 39 | ਸ੍ਰੀ ਅਤੁਲ ਸ਼ਰਮਾ, ਇਕਨੌਮੀਕਲ ਐਡਵਾਈਜ਼ਰ ਦੱਸਵੇਂ ਵਿੱਤ ਕਮਿਸ਼ਨ ਦਾ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ ... | 121.00 |
| 40 | ਸ੍ਰੀਮਤੀ ਨੀਲਮ ਨਾਥ, ਡਾਇਰੈਕਟਰ ਦੱਸਵੇਂ ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ ... | 97.00 |

Original with;
Punjab Vidhan Sabha
Digitized by;
Panjab Digital Library

| 1 | 2 | 3 |
|---|---|---|
| 41 | ਸ੍ਰੀ ਐਸ.ਆਰ, ਡੋਗਰੇ, ਡਿਪਟੀ ਡਾਇਰੈਕਟਰ ਦੱਸਵੇਂ ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ ... | 142.00 |
| 42 | ਸ੍ਰੀ ਰਾਧੇ ਸ਼ਿਆਮ, ਸਹਾਇਕ ਡਾਇਰੈਕਟਰ, ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ ... | 76.00 |
| 43 | ਸ੍ਰੀ ਹਸੀਬ ਦਰਾਬੂ, ਸਹਾਇਕ ਡਾਇਰੈਕਟਰ, ਦਸਵੇਂ ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ ... | 44.00 |
| 44 | ਸ੍ਰੀ ਪੀ.ਆਰ. ਸਰਕਾਰ, ਪੀ.ਪੀ. ਐਸ., ਮੈਂਬਰ ਦੱਸਵੇਂ ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ | 57.00 |
| 45 | ਸ੍ਰੀ ਵੀ.ਕੇ. ਕਾਲਰਾ, ਪੀ.ਪੀ.ਐਸ. ਮੈਂਬਰ ਸਕੱਤਰ ਦੱਸਵੇਂ ਵਿੱਤ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ 1993 ਤੱਕ ... | 56.00 |
| 46 | ਸ੍ਰੀ ਮੋਹਿੰਦਰ ਸਿੰਘ ਜੋਸ਼ੀ, ਪੀ.ਏ./ਡਾਇਰੈਕਟਰ ਦੱਸਵੇਂ ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ | 66.00 |
| 47 | ਸ੍ਰੀ ਮੁਰਲੀਧਰ, ਨਿੱਜੀ, ਸਕੱਤਰ/ਇਕਨੌਮਿਕਸ ਐਡਵਾਈਜ਼ਰ, ਦੱਸਵੇਂ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ ... | 97.00 |
| 48 | ਸ੍ਰੀ ਵੀ.ਕੇ. ਆਹੂਜਾ, ਪੀ.ਏ./ਡਿਪਟੀ ਡਾਇਰੈਕਟਰ ਦੱਸਵੇਂ ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ ਦਾ ਦੌਰਾ ... | 49.00 |
| 49 | ਸ੍ਰੀ ਐਚ.ਕੇ. ਗੋਸਵਾਮੀ, ਕੰਪਿਊਟਰ/ਦੱਸਵੇਂ ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ਤੱਕ ... | 97.00 |
| 50 | ਡਾਕਟਰ ਨੀਲਮ ਨਾਥ, ਡਾਇਰੈਕਟਰ ਅਤੇ ਸ੍ਰੀ ਰਾਧੇ ਸਿਆਮ, ਵਧੀਕ ਡਾਇਰੈਕਟਰ ਅਤੇ ਸ੍ਰੀ ਐਸ.ਆਰ. ਡੋਗਰਾ, ਡਿਪਟੀ ਡਾਇਰੈਕਟਰ, ਦੱਸਵੇਂ ਵਿੱਤ ਕਮਿਸ਼ਨ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਸਤੰਬਰ, 1993 ਤੋਂ 10 ਸਤੰਬਰ, 1993 ... | 203.00 |
| 51 | ਸ੍ਰੀਮਤੀ ਸੁਖਬੰਸ ਕੌਰ ਭਿੰਡਰ, ਸੈਰਸਪਾਟਾ ਮੰਤਰੀ ਜੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 21 ਅਗਸਤ, 1993 ਤੋਂ 23 ਅਗਸਤ, 1993 ਤੱਕ ... | 405.00 |
| 52 | ਸ੍ਰੀ ਕੇ.ਐਸ. ਰਾਮਾ, ਚੀਫ ਇੰਜੀਨੀਅਰ, ਸੈਂਟਰਲ ਵਾਟਰ ਕਮਿਸ਼ਨ ਨਵੀਂ ਦਿੱਲੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 26 ਅਗਸਤ, 1993 ਤੋਂ 28 ਅਗਸਤ, 1993 ਤੱਕ | 351.00 |

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

| 1 | 2 | 3 |
|---|---|---|
| 53 | ਵਾਈਸ-ਐਡਮਿਰਲ ਜੀ. ਐਮ. ਹੀਰਾ ਨੰਦਨੀ, ਮੈਂਬਰ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ, ਨਵੀਂ ਦਿੱਲੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 27 ਮਾਰਚ, 1993 ... | 1,164.00 |
| 54 | ਸੈਂਟਰਲ ਆਬਜਰਬਰਾਂ ਦਾ ਚੰਡੀਗੜ੍ਹ ਅਤੇ ਜਲੰਧਰ (ਪੰਜਾਬ) ਦਾ ਦੌਰਾ ਮਿਤੀ 26 ਅਪ੍ਰੈਲ, 1993 ਤੋਂ 27 ਅਪ੍ਰੈਲ, 1993 ਤੱਕ ... | 300.00 |
| 55 | ਸ੍ਰੀ ਐਸ.ਜੈਡ. ਕੁਆਇਜਮ, ਮੈਂਬਰ ਯੋਜਨਾ ਕਮਿਸ਼ਨ ਨਵੀਂ ਦਿੱਲੀ ਦਾ ਚੰਡੀਗੜ੍ਹ ਵਿਖੇ ਦੌਰਾ 30 ਅਪ੍ਰੈਲ, 1993 ਤੋਂ 1 ਮਈ, 1993 ਤੱਕ ... | 110.00 |
| 56 | ਡਾਕਟਰ ਦੀਵਾਨ ਚੰਦ, ਕਨਸੂਲਟੈਂਟ ਨੈਸ਼ਨਲ ਇੰਸਟੀਚਿਊਟ ਪਬਲਿਕ ਫਾਇਨੈਂਸ ਪਾਲਿਸੀ ਨਵੀਂ ਦਿੱਲੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 16 ਮਈ, 1993 ਤੋਂ 18 ਮਈ, 1993 ਤੱਕ ... | 136.00 |
| 57 | ਸ੍ਰੀ ਐਚ.ਆਰ. ਭਾਰਦਵਾਜ, ਯੂਨੀਅਨ ਮਨਿਸਟਰ ਸਟੇਟ ਲਾ ਜਸਟਿਸ ਜੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 28 ਅਗਸਤ, 1993 ਤੋਂ 29 ਅਗਸਤ, 1993 | 370.00 |
| 58 | ਸ੍ਰੀ ਸੁਖਰਾਮ, ਯੂਨੀਅਨ ਮਨਿਸਟਰ ਸਟੇਟ ਜੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 21 ਨਵੰਬਰ, 1992 ਤੋਂ 22 ਨਵੰਬਰ, 1992 ਤੱਕ ... | 1,563.00 |
| 59 | ਸ੍ਰੀ ਕ੍ਰਿਸ਼ਨ ਕਾਂਤ ਗਵਰਨਰ, ਆਂਧਰਾ ਪ੍ਰਦੇਸ਼ ਜੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 27 ਨਵੰਬਰ, 1993 । ਤੋਂ ਦਸੰਬਰ, 1993 ... | 2,355.00 |
| 60 | ਭਾਰਤ ਦੇ ਸਾਬਕਾ ਰਾਸ਼ਟਰਪਤੀ ਜੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 6 ਦਸੰਬਰ, 1992 ਤੋਂ 9 ਦਸੰਬਰ, 1992 ... | 1,461.00 |
| 61 | ਸ੍ਰੀ ਯੱਗਿਆਦੱਤ ਸ਼ਰਮਾ, ਗਵਰਨਰ ਉੜੀਸਾ ਜੀ ਦਾ ਚੰਡੀਗੜ੍ਹ ਅਤੇ ਪੰਜਾਬ ਵਿਖੇ ਦੌਰਾ ਮਿਤੀ 7 ਦਸੰਬਰ, 1992 ਤੋਂ 9 ਦਸੰਬਰ 1992 ... | 1,805.00 |
| 62 | ਪਰੋਫੈਸਰ ਐਚ.ਐਮ. ਓਮਰਾਵ, ਚੀਫ ਆਫ ਡਿਪਾਰਟਮੈਂਟ ਆਫ ਇੰਨਸੀਚਿਊਟ ਆਫ ਇਕਨੋਮੀ ਆਫ ਸਾਇੰਸੀਜ 15 ਦਸੰਬਰ, 1992 ਤੋਂ 16 ਦਸੰਬਰ, 1992 ਤੱਕ .. | 1,554.00 |
| 63 | ਸ੍ਰੀ ਪਿਆਰਾ ਸਿੰਘ ਖਾਬੜਾ, ਐਮ.ਪੀ. ਅਤੇ ਉਨ੍ਹਾਂ ਦੀ ਪਤਨੀ ਦਾ ਚੰਡੀਗੜ੍ਹ ਦਾ ਅਤੇ ਪੰਜਾਬ ਦਾ ਦੌਰਾ, ਮਿਤੀ 26 ਦਸੰਬਰ, 1992 ਤੋਂ 5 ਜਨਵਰੀ, 1993 .. | 3 324.00 |

Original with;
Punjab Vidhan Sabha
Digitized by;
Panjab Digital Library

| 1 | 2 | 3 |
|---|---|---|
| 64 | ਡਾਕਟਰ ਬਰਿਜ ਪਾਲ ਸਿੰਘ, ਕਾਉਨਸੈਲਰ ਪੰਜਾਬ ਲਾਲ ਬਹਾਦਰ ਸ਼ਾਸਤਰੀ ਨੈਸ਼ਨਲ ਅਕੈਡਮੀ, ਭਾਰਤ ਸਰਕਾਰ ਜੀ ਦਾ ਦੌਰਾ ਮਿਤੀ 4 ਜਨਵਰੀ, 1993 ਤੋਂ 31 ਜਨਵਰੀ, 1993 ... | 9,954.00 |
| 65 | ਸ੍ਰੀ ਪੀ.ਪੀ. ਵਾਸਤਵ ਐਡਵਾਈਜ਼ਰ ਟੂ ਗਵਰਨਰ, ਹਿਮਾਚਲ ਪ੍ਰਦੇਸ਼ ਜੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 5 ਫਰਵਰੀ, 1993 ... | 102.00 |
| 66 | ਡਾਕਟਰ ਐਮ.ਐਸ. ਗਿੱਲ, ਸਕੱਤਰ, ਖੇਤੀਬਾੜੀ ਵਿਭਾਗ ਭਾਰਤ ਸਰਕਾਰ ਜੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 13 ਫਰਵਰੀ, 1993 ਤੋਂ 14 ਫਰਵਰੀ, 1993 | 1092.00 |
| 67 | ਡਾਕਟਰ ਰਾਜਾ ਚੱਲਿਹਾ ਪਰੋਫੈਸਰ ਐਮਰਿਟਸ ਅਤੇ ਡਾਕਟਰ ਐਮ. ਗੋਬਿੰਦਾ ਸੀਨੀਅਰ ਸਿਕਉਰਟੀ ਮੈਂਬਰ ਨੈਸ਼ਨਲ ਇੰਸਟੀਚਿਊਟ ਆਫ ਪਬਲਿਕ ਫਾਇਨਾਂਸ ਅਤੇ ਪ੍ਰਲੀਸੀ ਨਵੀਂ ਦਿੱਲੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 17 ਫਰਵਰੀ, 1993 ਤੋਂ 19 ਫਰਵਰੀ, 1993 ... | 336.00 |
| 68 | ਸ੍ਰੀ ਮਤੀ ਵਿਮਲਾ ਸ਼ਰਮਾ ਸੁਖਤਨੀ ਰਾਸ਼ਟਰਪਤੀ ਜੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 26 ਫਰਵਰੀ, 1993 ਤੋਂ 28 ਫਰਵਰੀ, 1993 ਤੱਕ ... | 1,548.00 |
| 69 | ਸ੍ਰੀ ਡੀ.ਐਸ. ਪੰਨੂ ਰਾਜਦੂਤ ਘਾਨਾ ਦਾ ਪੰਜਾਬ ਭਵਨ ਨਵੀਂ ਦਿੱਲੀ ਵਿਖੇ ਮਿਤੀ 1 ਜਨਵਰੀ, 1992 ਤੋਂ 29 ਜਨਵਰੀ, 1992 ਅਤੇ 6 ਫਰਵਰੀ, 1992 ਤੋਂ 1 ਮਾਰਚ, 1992 ਤੱਕ ਦਾ ਦੌਰਾ ... | 7,076.00 |
| 70 | ਸ੍ਰੀ ਐਚ.ਐਲ. ਯੂਤਸੀ, ਡਾਇਰੈਕਟਰ ਮਾਰਕੀਟਿੰਗ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਬੰਬੇ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 9 ਮਈ, 1993 ਤੋਂ 10 ਮਈ, 1993 ਅਤੇ 23 ਮਈ, 1993 ਤੋਂ 24 ਮਈ, 1993 ਤੱਕ ... | 859.00 |
| 71 | ਸ੍ਰੀ ਪੂਰਨਮਾਸੀ ਰਾਮ, ਸਟੇਟ ਮਨਿਸਟਰ ਬਿਲਡਿੰਗ ਕੰਨਸਟਰਕਸ਼ਨ ਅਤੇ ਹਾਊਸਿੰਗ ਡਿਪਾਰਟਮੈਂਟ ਬਿਹਾਰ ਸਰਕਾਰ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 23 ਸਤੰਬਰ, 1993 ਤੋਂ 26 ਸਤੰਬਰ, 1993 ਤੱਕ ... | 300.00 |
| 72 | ਮਿਸਟਰ ਜਸਟਿਸ ਆਰ.ਪੀ. ਸੇਠੀ, ਜੱਜ, ਜੰਮੂ ਅਤੇ ਕਸ਼ਮੀਰ ਹਾਈਕੋਰਟ ਜੀ ਦਾ ਚੰਡੀਗੜ੍ਹ ਵਿਖੇ ਦੌਰਾ ਮਿਤੀ 17 ਅਕਤੂਬਰ, 1993 ... | 568.00 |
| 73 | ਮਿਸਟਰ ਜਸਟਿਸ ਕਮਲੇਸ਼ ਸ਼ਰਮਾ, ਜੱਜ, ਹਾਈਕੋਰਟ ਹਿਮਾਚਲ ਪ੍ਰਦੇਸ਼ ਸ਼ਿਮਲਾ ਜੀ ਦਾ ਚੰਡੀਗੜ੍ਹ/ਅੰਮ੍ਰਿਤਸਰ (ਪੰਜਾਬ) ਵਿਖੇ ਦੌਰਾ ਮਿਤੀ 25 ਅਕਤੂਬਰ, 1993 ਤੋਂ 30 ਅਕਤੂਬਰ, 1993 ... | 260.00 |
| 74 | ਸ੍ਰੀ ਰਮਾਏ ਰਾਮ, ਵੈਲਫੇਅਰ ਮੰਤਰੀ, ਬਿਹਾਰ ਸਰਕਾਰ ਜੀ ਦਾ ਚੰਡੀਗੜ੍ਹ ਅਤੇ ਅੰਮ੍ਰਿਤਸਰ ਦਾ ਦੌਰਾ ਮਿਤੀ 25 ਅਕਤੂਬਰ, 1993 ਤੋਂ 3 ਨਵੰਬਰ, 1993 ... | 504.00 |

Original with;
Punjab Vidhan Sabha
Digitized by;
Punjab Digital Library

[ ਮੁੱਖ ਮੰਤਰੀ [

| 1 | 2 | 3 |
|---|---|---|
| 75 | ਸ੍ਰੀ ਇੰਦਰਜੀਤ ਸਿੰਘ, ਐਮ.ਪੀ. ਚੰਡੀਗੜ੍ਹ/ਸ਼ਿਮਲਾ ਦਾ ਦੌਰਾ 26 ਅਕਤੂਬਰ, 1993 ਤੋਂ 30 ਅਕਤੂਬਰ, 1993 ... | 535.00 |
| 76 | ਸ੍ਰੀ ਬੀ.ਐਸ. ਰਾਮੂ ਵਾਲੀਆ, ਮੈਂਬਰ ਨੈਸ਼ਨਲ ਕਮਿਸ਼ਨਰ ਜੀ ਦਾ ਦੌਰਾ ਮਿਤੀ 6 ਨਵੰਬਰ, 1993 ਤੋਂ 8 ਨਵੰਬਰ, 1993 ... | 48.00 |
| 77 | ਸ੍ਰੀ ਐਚ.ਐਲ. ਭਾਰਦਵਾਜ, ਯੂਨੀਅਨ ਮਨਿਸਟਰ ਸਟੇਟ ਜੀ ਦਾ ਦੌਰਾ ਚੰਡੀਗੜ੍ਹ ਵਿਖੇ ਮਿਤੀ 9 ਨਵੰਬਰ, 1993 ਤੋਂ 11 ਨਵੰਬਰ, 1993 ... | 277.00 |
| 78 | ਸ੍ਰੀ ਰਾਜੇਸ਼ ਪਾਇਲਟ, ਯੂਨੀਅਨ ਮਨਿਸਟਰ ਸਟੇਟ ਜੀ ਦਾ ਦੌਰਾ ਮਿਤੀ 19 ਅਕਤੂਬਰ, 1993 ... | 200.00 |
| 79 | ਸ੍ਰੀ ਗੁਲਾਮ ਨਬੀ ਅਜ਼ਾਦ, ਯੂਨੀਅਨ ਮਨਿਸਟਰ ਪਾਰਲੀਮੈਂਟਰੀ ਅਫੇਅਰ ਦਾ ਚੰਡੀਗੜ੍ਹ ਵਿਖੇ ਦੌਰਾ 15 ਅਕਤੂਬਰ, 1993 ... | 200.00 |
| 80 | ਸ੍ਰੀਮਤੀ ਕ੍ਰਿਸ਼ਨ ਸਾਹੀ ਯੂਨੀਅਨ ਮਨਿਸਟਰ ਸਟੇਟ ਫਾਰ ਇੰਡਸਟਰੀ ਜੀ ਦਾ ਦੌਰਾ ਚੰਡੀਗੜ੍ਹ ਵਿਖੇ ਮਿਤੀ 21 ਅਕਤੂਬਰ, 1993 ਤੋਂ 24 ਅਕਤੂਬਰ, 1993 | 200.00 |
| 81 | ਭਾਰਤ ਦੇ ਪ੍ਰਧਾਨ ਮੰਤਰੀ ਜੀ ਦਾ ਦੌਰਾ ਚੰਡੀਗੜ੍ਹ/ਜਲੰਧਰ/ਆਦਮਪੁਰ ਮਿਤੀ 26 ਅਕਤੂਬਰ 1993 ... | 500.00 |
| 82 | ਸ੍ਰੀਮਤੀ ਸੁਖਬੰਸ ਕੌਰ ਭਿੰਡਰ, ਯੂਨੀਅਨ ਮਨਿਸਟਰ ਸੈਰ ਸਪਾਟਾ ਜੀ ਦਾ ਹੁਸ਼ਿਆਰਪੁਰ, ਚੰਡੀਗੜ੍ਹ, ਗੁਰਦਾਸਪੁਰ ਵਿਖੇ ਦੌਰਾ ਮਿਤੀ 27 ਅਕਤੂਬਰ, 1993 ਤੋਂ 29 ਅਕਤੂਬਰ, 1993 ਤੱਕ ... | 200.00 |
| 83 | ਭਾਰਤ ਦੇ ਪ੍ਰਧਾਨ ਮੰਤਰੀ ਜੀ ਦਾ ਪਠਾਨਕੋਟ, ਜਿਲਾ ਗੁਰਦਾਸਪੁਰ ਚੰਡੀਗੜ੍ਹ ਵਿਖੇ ਦੌਰਾ ਮਿਤੀ 3 ਅਕਤੂਬਰ, 1993 ... | 500.00 |
| | ਜੋੜ ... | 71,349.00 |

**ਕਾਮਿਆਂ ਦੇ ਕੇਸਾਂ ਦਾ ਜਲਦੀ ਨਿਪਟਾਰਾ ਕਰਨ ਲਈ ਅਦਾਲਤਾਂ ਸਥਾਪਤ ਕਰਨਾ**

164. 1. ਸ੍ਰੀਮਤੀ ਵਿਮਲਾ ਡਾਂਗ
2. ਕਾਮਰੇਡ ਹਰਦੇਵ ਸਿੰਘ ਅਰਸ਼ੀ
: ਕੀ ਕਿਰਤ ਅਤੇ ਰੋਜ਼ਗਾਰ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :--

(ੳ) ਕੀ ਰਾਜ ਵਿੱਚ ਲੇਬਰ ਕੋਰਟਾਂ ਵਿੱਚ ਕਾਮਿਆਂ ਦੇ ਪੈਂਡਿੰਗ ਕੇਸਾਂ ਦਾ ਜਲਦੀ ਨਿਪਟਾਰਾ ਕਰਨ ਲਈ ਲੋਕ ਅਦਾਲਤਾਂ ਸਥਾਪਿਤ ਕਰ ਦਿੱਤੀਆਂ ਗਈਆਂ ਹਨ, ਜੇਕਰ ਅਜਿਹਾ ਹੋਵੇ ਤਾਂ ਅਜਿਹੀ ਹਰ ਇਕ ਅਦਾਲਤ ਕਿਸ-ਕਿਸ ਥਾਂ ਤੇ ਅਤੇ ਕਿਸ-ਕਿਸ ਤਰੀਕ ਨੂੰ ਸਥਾਪਤ ਕੀਤੀ ਗਈ ਹੈ ;

Original with;
Punjab Vidhan Sabha
Digitized by;
Panjab Digital Library

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਲੋਕ ਅਦਾਲਤਾਂ ਵਿਚ ਹਰ ਇਕ ਦੁਆਰਾ ਹੁਣ ਤੱਕ ਕਾਮਿਆਂ ਦੇ ਕਿੰਨੇ ਕੇਸਾਂ ਦਾ ਨਿਪਟਾਰਾ ਕੀਤਾ ਗਿਆ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ :** (ੳ) ਹਾਂ ਜੀ, ਲੋਕ ਅਦਾਲਤਾਂ, ਜਲੰਧਰ, ਬਠਿੰਡਾ, ਅੰਮ੍ਰਿਤਸਰ, ਲੁਧਿਆਣਾ, ਗੁਰਦਾਸਪੁਰ, ਅਤੇ ਪਟਿਆਲਾ ਵਿੱਚ ਮਿਤੀ 12 ਸਤੰਬਰ, 1992, 30 ਅਕਤੂਬਰ, 1992, 7 ਨਵੰਬਰ, 1992, 19 ਦਸੰਬਰ, 1992, 27 ਮਾਰਚ, 1993 ਅਤੇ 29 ਅਪ੍ਰੈਲ, 1993 ਨੂੰ ਲਗਾਈਆਂ ਗਈਆਂ।

(ਅ) ਇਨ੍ਹਾਂ ਅਦਾਲਤਾਂ ਦੁਆਰਾ ਵੱਖ-ਵੱਖ ਕਿਰਤ ਕੋਰਟਾਂ ਦੇ ਨਾਲ ਸਬੰਧਤ ਕੁਲ 1706 ਕਿਰਤੀਆਂ ਨਾਲ ਸਬੰਧਤ ਕੇਸਾਂ ਦਾ ਨਿਪਟਾਰਾ ਹੇਠ ਲਿਖੇ ਅਨੁਸਾਰ ਕੀਤਾ ਗਿਆ :--

| | | | |
|---|---|---|---|
| 1. | ਜਲੰਧਰ | ... | 494 |
| 2. | ਬਠਿੰਡਾ | ... | 134 |
| 3. | ਅੰਮ੍ਰਿਤਸਰ | ... | 366 |
| 4. | ਲੁਧਿਆਣਾ | ... | 533 |
| 5. | ਗੁਰਦਾਸਪੁਰ | ... | 149 |
| 6. | ਪਟਿਆਲਾ | ... | 30 |

**1 ਨਵੰਬਰ, 1966 ਨੂੰ ਇਸਤਰੀ ਕਾਡਰ ਦੀਆਂ ਕਲਾਸੀਕਲ ਅਤੇ ਵਰਨੈਕੂਲਰ ਅਧਿਆਪਕਾਂ ਦੀਆਂ ਆਸਾਮੀਆਂ**

167. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਨਵੰਬਰ, 1966 ਨੂੰ ਜਿਸ ਦਿਨ ਪੰਜਾਬ ਰਾਜ ਦਾ ਪੁਨਰਗਠਨ ਕੀਤਾ ਗਿਆ ਸੀ, ਜ਼ਿਲ੍ਹਾ ਬਠਿੰਡਾ ਲਈ ਵਿੱਤ ਵਿਭਾਗ ਦੁਆਰਾ ਮਨਜ਼ੂਰ ਕੀਤੀਆਂ ਗਈਆਂ ਇਸਤਰੀ ਕਾਡਰ ਦੀਆਂ ਕਲਾਸੀਕਲ ਅਤੇ ਵਰਨੈਕੂਲਰ ਅਧਿਆਪਕਾਂ ਦੀਆਂ ਅਸਥਾਈ ਅਤੇ ਸਥਾਈ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਸੀ ?

**ਸਰਦਾਰ ਲਖਮੀਰ ਸਿੰਘ ਰੰਧਾਵਾ :** 1 ਨਵੰਬਰ, 1966 ਨੂੰ ਬਠਿੰਡਾ ਜ਼ਿਲ੍ਹੇ ਵਿਚ ਇਸਤਰੀ ਕਾਡਰ ਦੀਆਂ ਕਲਾਸੀਕਲ ਅਤੇ ਵਰਨੈਕੂਲਰ ਅਧਿਆਪਕਾਂ ਦੀਆਂ ਪ੍ਰਵਾਨਿਤ ਆਸਾਮੀਆਂ ਇਸ ਪ੍ਰਕਾਰ ਹਨ :---

| ਸਥਾਈ | ਅਸਥਾਈ | ਕੁੱਲ |
|---|---|---|
| 154 | 49 | 203 |

**ਮੁੱਖ ਮੰਤਰੀ/ਮੰਤਰੀਆਂ ਦੀ ਮਹਿਮਾਨ ਨਿਵਾਜ਼ੀ ਤੇ ਖਰਚ**

168. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਜਨਵਰੀ, 1993 ਤੋਂ 15 ਅਗਸਤ, 1993 ਤੱਕ ਦੇ ਸਮੇਂ ਦੇ ਦੌਰਾਨ ਵੱਖ-ਵੱਖ ਮੁੱਖ ਮੰਤਰੀ ਅਤੇ ਹੋਰ ਮੰਤਰੀਆਂ ਦੇ ਦਫਤਰਾਂ ਵਿਚ ਮਹਿਮਾਨ ਨਿਵਾਜ਼ੀ ਦੇ ਖਰਚਿਆਂ ਵਜੋਂ ਕੁੱਲ ਕਿੰਨਾ ਖਰਚਾ ਕੀਤਾ ਗਿਆ ?

**ਸਰਦਾਰ ਬੇਅੰਤ ਸਿੰਘ :** ਮੰਤਰੀ ਸਾਹਿਬਾਨਾਂ ਦੇ ਦਫਤਰਾਂ ਵਿੱਚ ਮਹਿਮਾਨ ਨਿਵਾਜ਼ੀ ਤੇ 1 ਜਨਵਰੀ, 1993 ਤੋਂ 31 ਅਗਸਤ, 1993 ਤੱਕ ਕੀਤੇ ਗਏ ਖਰਚੇ ਦਾ ਮੰਤਰੀਵਾਰ ਅਤੇ ਮਹੀਨਾ-ਵਾਰ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮੰਤਰੀ ਸਾਹਿਬਾਨਾਂ ਦੇ ਮਹਿਮਾਨ ਨਿਵਾਜੀ ਦੇ ਖਰਚੇ ਦਾ ਮੰਤਰੀਵਾਰ ਅਤੇ ਮਹੀਨਾਵਾਰ ਵੇਰਵਾ ਜਨਵਰੀ, 1993 ਤੋਂ ਅਗਸਤ, 1993 ਤੱਕ

| ਲੜੀ ਨੰ: | ਮੰਤਰੀ | ਜਨਵਰੀ | ਫਰਵਰੀ | ਮਾਰਚ | ਅਪ੍ਰੈਲ | ਮਈ | ਜੂਨ | ਜੁਲਾਈ | ਅੱਗਸਤ |
|---|---|---|---|---|---|---|---|---|---|
| 1 | ਮੁੱਖ ਮੰਤਰੀ (ਸ੍ਰ: ਬੇਅੰਤ ਸਿੰਘ) | 15,379.00 | 63,600.30 | 42,842.20 | 46,788.90 | 17,235.80 | 54,617.10 | 45,148.70 | 51,211.60 |
| 2 | ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ੍ਰ: ਹਰਚਰਨ ਸਿੰਘ ਬਰਾੜ) | 342.50 | 1,683.80 | 696.40 | 743.00 | 622.50 | 1,095.00 | 132.70 | 1,033.80 |
| 3 | ਵਿੱਤ ਮੰਤਰੀ (ਡਾ: ਕੇਵਲ ਕ੍ਰਿਸ਼ਨ) | 2,459.90 | 3,925.40 | 15,987.50 | 2,350.50 | 570.00 | 3,016.00 | 3,000.00 | 2,517.50 |
| 4 | ਵਿਕਾਸ ਤੇ ਪੰਚਾਇਤ ਮੰਤਰੀ (ਸ੍ਰੀ ਉਮਰਾਓ ਸਿੰਘ) ਹੁਣ ਮੈਂਬਰ ਪਾਰਲੀਮੈਂਟ | 1,755.50 | 1,928.80 | 2,213.10 | 1,972.90 | 741.50 | 1,803.50 | 2,717.20 | 555.00 |
| 5 | ਖੇਤੀਬਾੜੀ ਤੇ ਵਣ ਮੰਤਰੀ (ਸ੍ਰੀ ਦਿਲਬਾਗ ਸਿੰਘ) ਨਵਾਂ ਸ਼ਹਿਰ | 1,176.50 | 1,488.70 | 2,031.50 | 1,092.10 | 942.30 | 1,859.00 | 2,242.30 | 1,831.60 |

Original with;
Punjab Vidhan Sabha
Digitized by;
Panjab Digital Library

| | | | | | | | | | |
|---|---|---|---|---|---|---|---|---|---|
| 6 | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸ੍ਰੀਮਤੀ ਰਾਜਿੰਦਰ ਕੌਰ ਭੱਠਲ) | 888.30 | 879.60 | 479.00 | 859.40 | 406.80 | 1,049.60 | 1,391.10 | 2,114.20 |
| 7 | ਆਬਕਾਰੀ ਤੇ ਕਰ ਮੰਤਰੀ (ਸ੍ਰ: ਸ਼ਮਸ਼ੇਰ ਸਿੰਘ ਦੂਲੋਂ) | 2,287.50 | 3,586.50 | 2,987.50 | 3,380.20 | 337.50 | 3,352.50 | 2,552.50 | 3,862.50 |
| 8 | ਖੁਰਾਕ ਅਤੇ ਸਪਲਾਈ ਮੰਤਰੀ (ਸ੍ਰ: ਲਾਲ ਸਿੰਘ) | 1,879.90 | 2,034.50 | 1,099.80 | 1,822.50 | 547.50 | 2,034.10 | 1,918.90 | 1,132.80 |
| 9 | ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ (ਸ੍ਰੀ ਬਾਲ ਮੁਕੰਦ ਸ਼ਰਮਾ) | 600.30 | 1,606.50 | 602.40 | 1,031.90 | 536.60 | 933.30 | 1,475.60 | 977.50 |
| 10 | ਸਹਿਕਾਰਤਾ ਮੰਤਰੀ (ਸ੍ਰੀ ਸੱਜਣ ਕੁਮਾਰ ਜਾਖੜ) | 1,847.50 | 2,075.00 | 2,649.50 | 3,194.00 | 907.50 | 2,565.00 | 4,275.00 | 3,677.50 |
| 11 | ਸਹਾਇਤਾ ਅਤੇ ਮੁੜ ਵਸਾਊ ਮੰਤਰੀ (ਸ੍ਰੀ ਹਰਨਾਮ ਦਾਸ ਜੌਹਰ) ਹੁਣ ਸਪੀਕਰ, ਪੰਜਾਬ ਵਿਧਾਨ ਸਭਾ | 1,043.10 | 862.65 | 1,546.00 | 1,437.10 | 241.00 | 967.90 | 913,10 | 2,805.60 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਮੰਤਰੀ | ਜਨਵਰੀ | ਫਰਵਰੀ | ਮਾਰਚ | ਅਪ੍ਰੈਲ | ਮਈ | ਜੂਨ | ਜੁਲਾਈ | ਅਗਸਤ |
|---|---|---|---|---|---|---|---|---|---|
| 12 | ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ (ਸ੍ਰੀ ਬ੍ਰਹਮ ਮਹਿੰਦਰਾ) | 376.30 | 622.10 | 379.50 | 424.00 | 103.60 | 985.30 | 537.00 | ... |
| 13 | ਸਿੱਖਿਆ ਅਤੇ ਭਾਸ਼ਾ ਮੰਤਰੀ (ਸ. ਲਖਮੀਰ ਸਿੰਘ ਰੰਧਾਵਾ) | 1,703.50 | 1,730.60 | 2,048.20 | 2,361.40 | 974.20 | 2,563.50 | 420.00 | 1,303.20 |
| 14 | ਰਾਜ ਮੰਤਰੀ ਪਸ਼ੂ ਪਾਲਣ ਅਤੇ ਮੱਛੀ ਪਾਲਣ (ਸ: ਹਰਬੰਸ ਸਿੰਘ ਸਿੱਧੂ) | 840.00 | 2,128.80 | 1,995.10 | 1,745.00 | 1,248.30 | 2,555.70 | 2,657.60 | 2,743.80 |
| 15 | ਰਾਜ ਮੰਤਰੀ ਕਿਰਤ ਅਤੇ ਰੋਜ਼ਗਾਰ (ਸ: ਜੋਗਿੰਦਰ ਸਿੰਘ ਮਾਨ) | 1,275.00 | 1,338.10 | 1,164.50 | 1,637.50 | 932.30 | 1,627.90 | 2,056.50 | 2,930.00 |
| 16 | ਰਾਜ ਮੰਤਰੀ ਲੋਕ ਨਿਰਮਾਣ (ਭਵਨ ਤੇ ਮਾਰਗ) (ਸ: ਗੁਲਜ਼ਾਰ ਸਿੰਘ) | 1,559.50 | 1,880.50 | 2,100.00 | 1,116.00 | 1,125.00 | 2,271.50 | 2,650.00 | 1,450.00 |

Original with;
Punjab Vidhan Sabha
Digitized by;
Panjab Digital Library

| | | | | | | | | | |
|---|---|---|---|---|---|---|---|---|---|
| 17 | ਰਾਜ ਮੰਤਰੀ ਸਮਾਜ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ (ਚੌਧਰੀ ਜਗਜੀਤ ਸਿੰਘ) | 430.10 | 426.10 | 585.40 | 698.50 | 212.70 | 985.80 | 1,805.90 | 2,248.20 |
| 18 | ਰਾਜ ਮੰਤਰੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਅਤੇ ਮਾਲ (ਮਾਸਟਰ ਜਗੀਰ ਸਿੰਘ) | 743.50 | 2,460.00 | 1,845.00 | 2,410.20 | 818.00 | 2,361.70 | 2,880.70 | 3,168.50 |
| 19 | ਰਾਜ ਮੰਤਰੀ ਜਨ ਸਿਹਤ (ਸ੍ਰ: ਮਨਿੰਦਰਜੀਤ ਸਿੰਘ ਬਿੱਟਾ) | 2,237.50 | 2,312.50 | 5,127.50 | 2,504.00 | 1,495.00 | 6,637.50 | 3,567.50 | 1,675.00 |
| 20 | ਰਾਜ ਮੰਤਰੀ ਛਪਾਈ ਤੇ ਲਿਖਣ ਸਮੱਗਰੀ (ਸ਼੍ਰੀ ਡੀ. ਪੀ. ਸੱਭਰਵਾਲ) | 1,352 .50 | 1,357.50 | 929.50 | 662.70 | 145.00 | 630.00 | 1,365.40 | 910.00 |
| 21 | ਰਾਜ ਮੰਤਰੀ ਯੁਵਕ ਸੇਵਾਵਾਂ, ਖੇਡਾਂ ਅਤੇ ਟਰਾਂਸਪਰਟ (ਸ਼੍ਰੀ ਮਹਿੰਦਰ ਸਿੰਘ ਕੇ. ਪੀ.) | 1,081.60 | 1,140.50 | 288.80 | ... | 387.50 | 2,175.50 | 3,298.90 | 2,672.40 |

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

| ਲੜੀ ਨੰ: | ਮੰਤਰੀ | ਜਨਵਰੀ | ਫਰਵਰੀ | ਮਾਰਚ | ਅਪ੍ਰੈਲ | ਮਈ | ਜੂਨ | ਜੁਲਾਈ | ਅਗਸਤ |
|---|---|---|---|---|---|---|---|---|---|
| 22 | ਰਾਜ ਮੰਤਰੀ ਉਦਯੋਗ (ਸ: ਕਰਮ ਸਿੰਘ ਗਿੱਲ) | 1,252.80 | 1,525.80 | 1,126.70 | 1,313.00 | 830.20 | 983.80 | 2,024.30 | 1,295.30 |
| 23 | ਰਾਜ ਮੰਤਰੀ ਸ਼ਿਕਾਇਤ ਨਿਵਾਰਨ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਅਤੇ ਸੁਤੰਤਰਤਾ ਸੰਗ-ਰਾਮੀਆਂ ਦੀ ਭਲਾਈ (ਸ: ਗੁਰਮੇਜ ਸਿੰਘ) | 315.60 | 610.40 | 670.20 | 988.20 | 162.50 | 757.50 | 1,008.70 | 1,317.00 |
| 24 | ਰਾਜ ਮੰਤਰੀ ਪ੍ਰਾਇਮਰੀ ਸਿੱਖਿਆ (ਪ੍ਰੋ: ਕੁ: ਸੁਸ਼ੀਲ ਮਹਾਜਨ) | 360.00 | 3,144.80 | 1,076.50 | 2,039.00 | 503.50 | 2,559.30 | 2,599.40 | 1,930.00 |
| 25 | ਰਾਜ ਮੰਤਰੀ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਅਤੇ ਸੂਚਨਾ ਅਤੇ ਲੋਕ ਸੰਪਰਕ (ਸ੍ਰੀ ਸੁਰਿੰਦਰ ਕਪੂਰ) | 2,649.10 | 2,245.00 | 2,183.60 | 2,121.40 | 639.00 | 2,616.50 | 4,104.80 | 187.50 |
| 26 | ਰਾਜ ਮੰਤਰੀ ਸਿੰਚਾਈ (ਸ: ਜਗਮੋਹਨ ਸਿੰਘ ਕੰਗ) | 1,057.20 | 1,181.00 | 1,614.30 | 1,327.50 | 330.00 | 2,292.00 | 2,878.10 | 838.80 |
| 27 | ਰਾਜ ਮੰਤਰੀ ਫੌਜੀ ਸੇਵਾਵਾਂ ਭਲਾਈ (ਸ੍ਰੀ ਨਰੇਸ਼ ਠਾਕੁਰ) | 1,116.40 | 1,508.60 | 1,138.30 | 1,107.30 | 469.60 | 1,957.00 | 2,602.90 | 2,293.60 |

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ/ਹੋਰ ਮੰਤਰੀਆਂ ਦੇ ਟੈਲੀਫੂਨਾਂ ਤੇ ਖਰਚ

169. ਕਾਮਰੇਡ ਹਰਦੇਵ ਸਿੰਘ ਅਰਸ਼ੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਜਨਵਰੀ, 1993 ਤੋਂ 31 ਜੁਲਾਈ, 1993 ਤੱਕ ਦੇ ਸਮੇਂ ਦੇ ਦੌਰਾਨ ਵੱਖ ਵੱਖ ਮੁੱਖ ਮੰਤਰੀ, ਕੈਬਨਿਟ ਮੰਤਰੀਆਂ ਅਤੇ ਰਾਜ ਮੰਤਰੀਆਂ ਦੇ ਦਫਤਰਾਂ ਅਤੇ ਨਿਵਾਸ ਸਥਾਨਾਂ ਤੇ ਲਗਾਏ ਗਏ ਸਰਕਾਰੀ ਟੈਲੀਫੂਨਾਂ ਤੇ ਟੈਲੀਫੂਨ ਖਰਚਿਆਂ ਵਜੋਂ ਕੁਲ ਕਿੰਨਾ ਖਰਚ ਕੀਤਾ ਗਿਆ ?

ਸਰਦਾਰ ਬੇਅੰਤ ਸਿੰਘ : ਮੁੱਖ ਮੰਤਰੀ/ਮੰਤਰੀ ਸਾਹਿਬਾਨਾਂ ਦੇ ਦਫਤਰਾਂ ਅਤੇ ਨਿਵਾਸ ਸਥਾਨਾਂ ਤੇ ਲਗਾਏ ਗਏ ਸਰਕਾਰੀ ਟੈਲੀਫੂਨ ਦੇ ਮਿਤੀ 1 ਜਨਵਰੀ, 1993 ਤੋਂ 31 ਜੁਲਾਈ, 1993 ਤੱਕ ਆਏ ਖਰਚੇ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ਮੁੱਖ ਮੰਤਰੀ/ਮੰਤਰੀ ਸਹਿਬਾਨ ਦੇ ਦਫਤਰ ਅਤੇ ਨਿਵਾਸ ਸਥਾਨਾਂ ਤੇ ਲਗਾਏ ਗਏ ਸਰਕਾਰੀ ਟੈਲੀਫੂਨਾਂ ਤੇ ਮਿਤੀ 1 ਜਨਵਰੀ 1993 ਤੋਂ 21 ਜੁਲਾਈ 1993 ਤੱਕ ਆਏ ਖਰਚੇ ਦਾ ਵੇਰਵਾ

| ਲੜੀ ਨੰ : | ਮੰਤਰੀਆਂ ਦੇ ਨਾਂ ਤੇ ਅਹੁਦੇ | ਟੈਲੀਫੂਨਾਂ ਤੇ ਆਇਆ ਖਰਚ | |
|---|---|---|---|
| | | ਦਫਤਰ | ਨਿਵਾਸ ਅਸਥਾਨ |
| 1 | ਮੁੱਖ ਮੰਤਰੀ (ਸ: ਬੇਅੰਤ ਸਿੰਘ) ... | 1,14,535.00 | 4,56,869.00 |
| 2 | ਸਿਹਤ ਤੇ ਪਰਿਵਾਰ ਭਲਾਈ ਮੰਤਰੀ ... (ਸ: ਹਰਚਰਨ ਸਿੰਘ ਬਰਾੜ) | 97880.00 | 1,33,739.00 |
| 3 | ਵਿੱਤ ਮੰਤਰੀ (ਡਾ : ਕੇਵਲ ਕ੍ਰਿਸ਼ਨ) ... | 82,604.00 | 74,205.00 |
| 4 | ਵਿਕਾਸ ਤੇ ਪੰਚਾਇਤ ਮੰਤਰੀ (ਸ੍ਰੀ ਉਮਰਾਓ ਸਿੰਘ ਹੁਣ ਮੈਂਬਰ ਪਾਰਲੀਮੈਂਟ) | 2,20,013.00 | 99,625.00 |
| 5 | ਖੇਤੀਬਾੜੀ ਤੇ ਵਣ ਮੰਤਰੀ (ਸ੍ਰੀ ਦਿਲਬਾਗ ਸਿੰਘ ਨਵਾਂ ਸ਼ਹਿਰ) | 55,285.00 | 82,562.00 |
| 6 | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸ੍ਰੀਮਤੀ ਰਾਜਿੰਦਰ ਕੌਰ ਭੱਠਲ) | 69,340.00 | 2,11,999.00 |
| 7 | ਆਬਕਾਰੀ ਅਤੇ ਕਰ ਮੰਤਰੀ (ਸ੍ਰੀ ਸ਼ਮਸ਼ੇਰ ਸਿੰਘ ਦੂਲੋਂ) | 62,041.00 | 47,356.00 |
| 8 | ਖੁਰਾਕ ਅਤੇ ਸਪਲਾਈ ਮੰਤਰੀ (ਸ: ਲਾਲ ਸਿੰਘ) | 86,988.00 | 1,88,587.00 |
| 9 | ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ (ਸ੍ਰੀ ਬਾਲ ਮੁਕੰਦ ਸ਼ਰਮਾ) | 85,234.00 | 88,935.00 |
| 10 | ਸ਼ਹਿਕਾਰਤਾ ਮੰਤਰੀ (ਸੱਜਣ ਕੁਮਾਰ ਜਾਖੜ) | 33,757.00 | 78,252.00 |
| 11 | ਸਹਾਇਤਾ ਅਤੇ ਮੁੜ ਵਸਾਉ ਮੰਤਰੀ (ਸ੍ਰੀ ਹਰਨਾਮ ਦਾਸ ਜੌਹਰ) ਹੁਣ ਸਪੀਕਰ, ਪੰਜਾਬ ਵਿਧਾਨ ਸਭਾ | 73,346.00 | 48,670.00 |

Original with;
Punjab Vidhan Sabha
Digitized by;
Punjab Digital Library

[ ਮੁੱਖ ਮੰਤਰੀ ]

| ਲੜੀ ਨ : | ਮੰਤਰੀਆਂ ਦੇ ਨਾਂ ਤੇ ਅਹੁਦੇ | ਟੈਲੀਫੂਨਾਂ ਤੇ ਆਇਆਂ ਖਰਚ | |
|---|---|---|---|
| | | ਦਫਤਰ | ਨਿਵਾਸ ਸਥਾਨ |
| 12 | ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ (ਸ੍ਰੀ ਬ੍ਰਹਮ ਮਹਿੰਦਰਾ) | 61,636·00 | 13,308.00 |
| 13 | ਸਿਖਿਆ ਅਤੇ ਭਾਸਾ ਮੰਤਰੀ (ਸ੍ਰ: ਲਖਮੀਰ ਸਿੰਘ ਰੰਧਾਵਾ) | 81,543·00 | 45,049.00 |
| 14 | ਰਾਜ ਮੰਤਰੀ ਪਸ਼ੂ ਪਾਲਣ ਅਤੇ ਮੱਛੀ ਪਾਲਣ (ਸ੍ਰੀ ਹਰਬੰਸ ਸਿੰਘ ਸਿੱਧੂ) | 60,318·00 | 1,19,259.00 |
| 15 | ਰਾਜ ਮੰਤਰੀ ਕਿਰਤ ਅਤੇ ਰੋਜ਼ਗਾਰ ... (ਸ੍ਰ: ਜੋਗਿੰਦਰ ਸਿੰਘ ਮਾਨ) | 25,845·00 | 1,44,954.00 |
| 16 | ਰਾਜ ਮੰਤਰੀ ਲੋਕ ਨਿਰਮਾਣ 'ਭਵਨ ਤੇ ਮਾਰਗ' (ਸ੍ਰ: ਗੁਲਜ਼ਾਰ ਸਿੰਘ) | 74,156·00 | 70,019,·00 |
| 17 | ਰਾਜ ਮੰਤਰੀ ਸਮਾਜ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ (ਚੌਧਰੀ ਜਗਜੀਤ ਸਿੰਘ) | 75,404·00 | 63,128·00 |
| 18 | ਰਾਜ ਮੰਤਰੀ ਪੇਂਡੂ ਵਿਕਾਸ ਅਤੇ ਪੰਚਾਇਤ ਅਤੇ ਮਾਲ (ਮਾਸਟਰ ਜਾਗੀਰ ਸਿੰਘ) | 82,088·00 | 1,04,617.00 |
| 19 | ਰਾਜ ਮੰਤਰੀ ਜਨ ਸਿਹਤ (ਸ੍ਰ: ਮਨਿੰਦਰਜੀਤ ਸਿੰਘ ਬਿੱਟਾ) | 1,23,319·00 | 3,83,077·00 |
| 20 | ਰਾਜ ਮੰਤਰੀ ਛਪਾਈ ਤੇ ਲਿਖਣ ਸਮੱਗਰੀ (ਸ੍ਰੀ ਡੀ. ਪੀ. ਸਭਰਵਾਲ) | 51,254·00 | 1,75,184·00 |
| 21 | ਰਾਜ ਮੰਤਰੀ ਯੁਵਕ ਸੇਵਾਵਾਂ ਅਤੇ ਖੇਡਾ ਅਤੇ ਟਰਾਂਸਪੋਰਟ (ਸ੍ਰੀ ਮਹਿੰਦਰ ਸਿੰਘ ਕੇ. ਪੀ.) | 93,532.00 | 1,90,690.00 |
| 22 | ਰਾਜ ਮੰਤਰੀ ਉਦਯੋਗ (ਸ੍ਰ: ਕਰਮ ਸਿੰਘ ਗਿੱਲ) | 71,029·00 | 2,52,067·00 |
| 23 | ਰਾਜ ਮੰਤਰੀ ਸ਼ਿਕਾਇਤ ਨਿਵਾਰਨ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ (ਸ੍ਰ: ਗੁਰਮੇਜ ਸਿੰਘ) | 26,891·00 | 4,053·00 |

Original with;
Punjab Vidhan Sabha
Digitized by:
Panjab Digital Library

| ਲੜੀ ਨੰ: | ਮੰਤਰੀਆਂ ਦੇ ਨਾਂ ਤੇ ਅਹੁਦੇ | ਟੈਲੀਫੂਨਾਂ ਤੇ ਆਇਆ ਖਰਚਾ | |
|---|---|---|---|
| | | ਦਫਤਰ | ਨਿਵਾਸ ਅਸਥਾਨ |
| 24 | ਰਾਜ ਮੰਤਰੀ ਪ੍ਰਾਇਮਰੀ ਸਿਖਿਆ (ਪ੍ਰੋ: ਕੁ: ਸੁਸ਼ੀਲ ਮਹਾਜਨ) | 1,02,095.00 | 80,912.00 |
| 25 | ਰਾਜ ਮੰਤਰੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਅਤੇ ਸੂਚਨਾ ਅਤੇ ਲੋਕ ਸੰਪਰਕ (ਸ੍ਰੀ ਸੁਰਿੰਦਰ ਕਪੂਰ) | 89.136.00 | 39,992.00 |
| 26 | ਰਾਜ ਮੰਤਰੀ ਸਿੰਚਾਈ (ਸ: ਜਗਮੋਹਨ ਸਿੰਘ ਕੰਗ) | 14,259.00 | 74,609.00 |
| 27 | ਰਾਜ ਮੰਤਰੀ ਫੌਜੀ ਸੇਵਾਵਾਂ ਭਲਾਈ (ਸ੍ਰੀ ਨਰੇਸ਼ ਠਾਕੁਰ) | 1,82,341.00 | 54,793.00 |

## ਜ਼ਿਲ੍ਹਾ ਮਾਨਸਾ ਵਿਚ ਪਸ਼ੂਆਂ ਦਾ ਇਲਾਜ

174. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1992-93 ਦੇ ਦੌਰਾਨ ਜ਼ਿਲ੍ਹਾ ਮਾਨਸਾ ਵਿਚ ਪਸ਼ੂ ਪਾਲਣ ਵਿਭਾਗ ਦੁਆਰਾ ਵੱਖ ਵੱਖ ਬੀਮਾਰੀਆਂ ਲਈ ਕੁੱਲ ਕਿੰਨੇ ਪਸ਼ੂਆਂ ਦਾ ਇਲਾਜ ਕੀਤਾ ਗਿਆ ਅਤੇ ਉਨ੍ਹਾਂ ਦੇ ਬਲਾਕ-ਵਾਰ ਵੇਰਵੇ ਕੀ ਕੀ ਹਨ ?

**ਸਰਦਾਰ ਹਰਬੰਸ ਸਿੰਘ ਸਿੱਧੂ** : ਜ਼ਿਲ੍ਹਾ ਮਾਨਸਾ ਵਿਚ ਸਾਲ 1992-93 ਦੌਰਾਨ ਵੱਖ ਵੱਖ ਬਿਮਾਰੀਆਂ ਲਈ ਕੁੱਲ 89820 ਪਸ਼ੂਆਂ ਦਾ ਇਲਾਜ ਪਸ਼ੂ ਪਾਲਣ ਵਿਭਾਗ ਵੱਲੋਂ ਕੀਤਾ ਗਿਆ। ਬਲਾਕ-ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਬਲਾਕ ਦਾ ਨਾਂ | ਇਲਾਜ ਕੀਤੇ ਪਸ਼ੂਆਂ ਦੀ ਗਿਣਤੀ |
|---|---|---|
| 1. | ਮਾਨਸਾ | 30419 |
| 2. | ਬੁਢਲਾਡਾ | 37665 |
| 3. | ਝੁਨੀਰ | 21736 |
| | | 89820 |

Original with;
Punjab Vidhan Sabha
Digitized by;
Panjab Digital Library

## ਮੁਕਤਸਰ ਨੇੜੇ ਬੱਸ ਦੁਰਘਟਨਾ

178. 1. ਕਾਮਰੇਡ ਅਜਾਇਬ ਸਿੰਘ ਰੌਂਤਾ
2. ਸ੍ਰੀਮਤੀ ਵਿਮਲਾ ਡਾਂਗ
} : ਕੀ ਮੁੱਖ ਮੰਤਰੀ ਕਿਰਪਾ

ਕਰਕੇ ਦੱਸਣਗੇ ਕਿ--

(ੳ) ਅਜਿਹੇ ਹਰ ਇਕ ਵਿਅਕਤੀ ਦਾ ਨਾਂ, ਪਤਾ ਅਤੇ ਅੰਦਾਜ਼ਨ ਉਮਰ ਕਿੰਨੀ ਕਿੰਨੀ ਸੀ, ਜਿਸ ਦੀ 19 ਸਤੰਬਰ, 1993 ਨੂੰ ਮੁਕਤਸਰ ਨੇੜੇ ਪੰਜਾਬ ਰੋਡਵੇਜ਼ ਦੀ ਇਕ ਬੱਸ ਨਹਿਰ ਵਿਚ ਡਿੱਗ ਜਾਣ ਕਾਰਨ ਮੌਤ ਹੋ ਗਈ ਸੀ;

(ਅ) ਕੀ ਉਕਤ ਦੁਰਘਟਨਾ ਦੀ ਕੋਈ ਜਾਂਚ ਪੜਤਾਲ ਕੀਤੀ ਗਈ ਹੈ ; ਜੇਕਰ ਕੀਤੀ ਗਈ ਹੈ ਤਾਂ ਪੜਤਾਲੀਆ ਰਿਪੋਰਟ ਦੀ ਇਕ ਕਾਪੀ ਸਮੇਤ ਹਰ ਇਕ ਮ੍ਰਿਤਕ ਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਸਰਕਾਰ ਦੁਆਰਾ ਦਿੱਤੀ ਗਈ ਰਾਹਤ ਦੇ ਵੇਰਵੇ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਿਆ ਜਾਵੇ ?

ਸਰਦਾਰ ਬੇਅੰਤ ਸਿੰਘ : (1) ਮਿਤੀ 19 ਸਤੰਬਰ, 1993 ਨੂੰ ਮੁਕਤਸਰ ਦੇ ਨਜ਼ਦੀਕ ਪੰਜਾਬ ਰੋਡਵੇਜ਼, ਮੁਕਤਸਰ ਦੀ ਬੱਸ ਨਹਿਰ ਵਿਚ ਡਿੱਗ ਜਾਣ ਕਾਰਨ ਜਿਹਨਾਂ ਵਿਅਕਤੀਆਂ ਦੀ ਮੌਤ ਹੋਈ, ਉਨ੍ਹਾਂ ਦੇ ਨਾਵਾਂ, ਐਡਰੈਸਾਂ ਅਤੇ ਉਮਰ ਦੀ ਸੂਚੀ* ਅੰਤਿਕਾ-I ਤੇ ਨੱਥੀ ਹੈ ।

(2) ਇਸ ਐਕਸੀਡੈਂਟ ਸਬੰਧੀ ਇਨਕੁਆਇਰੀ ਇਕ ਕਮੇਟੀ, ਜਿਸ ਵਿਚ ਵਿਭਾਗ ਦੇ ਮਕੈਨੀਕਲ ਆਟੋਮੋਬਾਈਲ ਇੰਜੀਨੀਅਰ, ਮੁੱਖ ਦਫਤਰ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਜਲੰਧਰ-1 ਅਤੇ ਵਰਕਸ ਮੈਨੇਜਰ, ਪੰਜਾਬ ਰੋਡਵੇਜ਼, ਮੋਗਾ ਸ਼ਾਮਲ ਸਨ, ਵੱਲੋਂ ਕੀਤੀ ਗਈ। ਇਨਕੁਆਇਰੀ ਰਿਪੋਰਟ ਦੀ ਕਾਪੀ ਅਤੇ ਮ੍ਰਿਤਕਾਂ ਦੇ ਵਾਰਸਾਂ ਨੂੰ ਮੁਆਵਜ਼ੇ ਦੀ ਕੀਤੀ ਗਈ ਅਦਾਇਗੀ ਸਬੰਧੀ ਸੂਚੀ ਅੰਤਿਕਾ-II ਤੇ ਨੱਥੀ ਹੈ।

---

## ਰਾਜ ਵਿੱਚ ਰੋਜ਼ਗਾਰ ਕੇਂਦਰਾਂ ਵਿੱਚ ਦਰਜ ਵਿਅਕਤੀਆਂ ਦੀ ਗਿਣਤੀ

184. ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਕੀ ਕਿਰਤ ਅਤੇ ਰੋਜ਼ਗਾਰ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ---

(ੳ) ਰਾਜ ਵਿੱਚ ਜਨਵਰੀ, [illegible] ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਵੱਖ-ਵੱਖ ਰੋਜ਼ਗਾਰ ਕੇਂਦਰਾਂ [illegible] ਵਿਅਕਤੀਆਂ ਦੇ ਜ਼ਿਲ੍ਹਾਵਾਰ ਅਤੇ ਸਾਲ ਵਾਰ ਵੇਰਵੇ ਕੀ [illegible] ਹਨ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਵਿਅਕਤੀਆਂ ਵਿਚੋਂ ਉਨ੍ਹਾਂ ਵਿਅਕਤੀਆਂ ਦਾ ਜ਼ਿਲ੍ਹਾਵਾਰ ਅਤੇ ਸਾਲਵਾਰ ਵੇਰਵਾ ਕੀ ਹੈ, ਜਿਨ੍ਹਾਂ ਨੂੰ ਉਪਰੋਕਤ ਸਮੇਂ ਦੇ ਦੌਰਾਨ ਰੋਜ਼ਗਾਰ ਦਿੱਤਾ ਗਿਆ ਹੈ ?

---

*Placed in the Library.

Original with;
Punjab Vidhan Sabha
Digitized by;
Panjab Digital Library

ਸਰਦਾਰ ਜੋਗਿੰਦਰ ਸਿੰਘ ਮਾਨ: ਰਾਜ ਵਿਚ ਬੇਰੋਜ਼ਗਾਰ ਵਿਅਕਤੀਆਂ ਦੀ ਰੋਜ਼ਗਾਰ ਕੇਂਦਰਾਂ ਵਿੱਚ ਰਜਿਸਟਰੇਸ਼ਨ ਅਤੇ ਉਨ੍ਹਾਂ ਦੀ ਪਲੇਸਿੰਗ ਦੀ ਵੰਡ ਹੇਠ ਅਨੁਸਾਰ ਹੈ :—

(ੳ) ਰਜਿਸਟਰੇਸ਼ਨ

| ਸਾਲ | ਅੰਮ੍ਰਿਤਸਰ | ਗੁਰਦਾਸ-ਪੁਰ | ਜਲੰਧਰ | ਕਪੂਰ-ਥਲਾ | ਹੁਸ਼ਿਆਰ-ਪੁਰ | ਲੁਧਿਆਣਾ | ਫਿਰੋਜ਼-ਪੁਰ | ਪਟਿਆਲਾ | ਫਤਿਹਗੜ੍ਹ ਸਾਹਿਬ | ਰੋਪੜ | ਸੰਗਰੂਰ | ਬਠਿੰਡਾ | ਮਾਨਸਾ | ਫਰੀਦਕੋਟ | ਜੋੜ |
|---|---|---|---|---|---|---|---|---|---|---|---|---|---|---|---|
| 1990 | 34023 | 20280 | 20724 | 6433 | 11735 | 15617 | 18442 | 17250 | ... | 18291 | 11036 | 10937 | ... | 12601 | 197169 |
| 1991 | 28486 | 30396 | 20826 | 5339 | 9542 | 15065 | 19101 | 12981 | ... | 14410 | 8720 | 12263 | ... | 11113 | 188250 |
| 1992 | 33557 | 16164 | 13349 | 8486 | 9435 | 12901 | 8086 | 12318 | 9303 | 15601 | 15984 | 7851 | 3711 | 10798 | 177544 |
| 1/93 ਤੋਂ 11/93 ਤੱਕ | 13066 | 10339 | 7657 | 3564 | 6519 | 7798 | 62309 | 7749 | 3233 | 10946 | 5432 | 4429 | 1662 | 8507 | 97641 |
| (ਅ) ਪਲੇਸਿੰਗ | | | | | | | | | | | | | | | |
| 1990 | 729 | 692 | 741 | 147 | 314 | 451 | 542 | 740 | ... | 435 | 539 | 542 | ... | 578 | 6450 |
| 1991 | 1106 | 599 | 1132 | 194 | 304 | 668 | 537 | 1157 | ... | 784 | 575 | 645 | ... | 432 | 8133 |
| 1992 | 680 | 515 | 727 | 287 | 488 | 712 | 482 | 873 | 257 | 534 | 581 | 322 | 276 | 369 | 7103 |
| 1/93 ਤੋਂ 11/93 ਤੱਕ | 426 | 587 | 432 | 142 | 327 | 322 | 175 | 777 | 151 | 464 | 285 | 139 | 146 | 144 | 4517 |

ਨੋਟ :—ਕਿਉਂਕਿ ਜ਼ਿਲ੍ਹਾ ਰੋਜ਼ਗਾਰ ਦਫਤਰ, ਫਤਿਹਗੜ੍ਹ ਸਾਹਿਬ ਅਤੇ ਮਾਨਸਾ ਨਵੇਂ ਜਿਲ੍ਹਿਆਂ ਦੀ ਰਚਨਾ ਹੋਣ ਕਰਕੇ 1992 ਵਿੱਚ ਖੋਲ੍ਹੇ ਗਏ ਅਤੇ ਉਹਨਾਂ ਦਫਤਰਾਂ ਵਿੱਚ ਨਵੇਂ ਜ਼ਿਲ੍ਹਿਆਂ ਵਿੱਚ ਸ਼ਾਮਿਲ ਕੀਤੇ ਇਲਾਕਿਆਂ ਦੇ ਪੁਰਾਣੇ ਕਾਰਡ ਦੂਸਰੇ ਰੋਜ਼ਗਾਰ ਦਫਤਰਾਂ ਨੂੰ ਭੇਜੇ ਗਏ, ਇਸ ਲਈ 1992 ਵਿੱਚ ਰਜਿਸਟਰੇਸ਼ਨ ਜ਼ਿਆਦਾ ਰਹੀ।

Original with;
Punjab Vidhan Sabha
Digitized by;
Panjab Digital Library

**Mr. Speaker** : I have to make certain announcements. (*Interruption*) I have to make certain announcements. (Noise). Please listen........ Please listen to me.

## ANNOUNCEMENT BY THE SPEAKER

### (i) Panel of Chairman

**Mr. Speaker**: Under Rule 31 of the Rules of Procedure and Conduct of Business in the Punjab Vidhan Sabha (Punjab Legislative Assembly). I nominate the following Members to serve on the Panel of Chairman—

1. Shri Gulzar Singh (Kapurthala).
2. Shri Hargopal Singh.
3. Shri Hardev Arshi.
4. Pandit Som Dutt Sharma.

### (ii) BUSINESS ADVISORY COMMITTEE

**Mr. Speaker**: Under Rule 208 (1) of the Rules of Procedure and Conduct of Business in the Punjab Vidhan Sabha (Punjab Legislative Assembly), I nominate the following Members to serve on the Business Advisory Committee:—

1. Dr. Kewal Krishan, Finance Minister.
2. Sardar Shamsher Singh Dulle, Minister for Excise & Textation
3. Sardar Avtar Singh Brar.
4. Shri Satnam Singh Kainth.
5. Shri Madan Mohan Mittal.

**Special Invitees**

1. Shri Hardev Arshi
2. Sardar Ranjit Singh Chhajalwadi.
3. Shri Vijay Kumar Sathi.
4. Comrade Tarsem Jodhan.

Now Secretary will make an announcement.

Original with;
Punjab Vidhan Sabha
Digitized by;
Panjab Digital Library

## ANNOUNCEMENT BY THE SECRETARY

**ਸ੍ਰੀ ਸਕੱਤਰ :** ਮੈਂ ਦਸਵੀਂ ਪੰਜਾਬ ਵਿਧਾਨ ਸਭਾ ਦੁਆਰਾ ਆਪਣੇ ਮੌਨਸੂਨ ਸੈਸ਼ਨ, 1993 ਦੇ ਦੌਰਾਨ ਪਾਸ ਕੀਤੇ ਗਏ ਬਿੱਲਾਂ, ਜਿਨ੍ਹਾਂ ਤੇ ਰਾਜਪਾਲ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ।

ਵਿਵਰਣ

1. ਪੰਜਾਬ ਮਿਊਨਿਸਪਲ (ਸੋਧਨਾ) ਬਿੱਲ, 1993.

2. ਪੰਜਾਬ ਆਮ ਵਿਕਰੀ ਕਰ (ਦੂਜੀ ਸੋਧਨਾ) ਬਿੱਲ, 1993.

3. ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ (ਆਰਜ਼ੀ ਅਧਿਲੰਘਣ) ਸੋਧਨਾ ਬਿੱਲ, 1993.

4. ਪੰਜਾਬ ਗ੍ਰਾਮ ਸ਼ਾਮਲਾਤ ਜ਼ਮੀਨਾਂ (ਵਿਨਿਯਮਨ) ਸੋਧਨਾ ਬਿੱਲ, 1993

5. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿੱਲ, 1993.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਜੋ ਤੁਸੀਂ ਆਪਣੀ ਵੱਲੋਂ ਅਨਾਊਂਸਮੈਂਟ ਕੀਤੀ ਹੈ, ਉਸ ਦੇ ਸਬੰਧ ਵਿਚ ਮੈਂ ਲਿਖ ਕੇ ਭੇਜਿਆ ਸੀ ਔਰ ਮੈਂ ਆਪਣਾ ਨਾਂ ਵਾਪਸ ਲਿਆ ਹੈ ਸਾਡੇ ਗਰੁੱਪ ਲੀਡਰ ਦਾ ਨਾਂ ਆਉਣਾ ਚਾਹੀਦਾ ਹੈ।

**ਸ੍ਰੀ ਸਪੀਕਰ :** ਬਾਅਦ ਵਿਚ ਤੁਸੀਂ ਮਿਲ ਲੈਣਾ।

**ਸ੍ਰੀ ਸਤਨਾਮ ਸਿੰਘ ਕੈਂਥ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਮਦਨ ਮੋਹਨ ਮਿੱਤਲ :** ** ** **

**Mr. Speaker :** No point of Order.

**Shi Madan Mohan Mittal:** ** ** **

**Mr. Speaker:** No Point of Order. You have spoken. Please sit down.

**ਸ੍ਰੀਮਤੀ ਵਿਮਲਾ ਡਾਂਗ :** ** ** **

**Mr. Speaker :** No point of order.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਨੂੰ ਇਕ ਰਿਟਨ ਰਿਪਲਾਈ ਮਿਲਿਆ ਹੈ ਔਰ ਮੇਰੇ ਨੋਟਿਸ ਨੂੰ ਰੂਲਜ਼ ਦੇ ਮੁਤਾਬਿਕ ਠੀਕ ਢੰਗ ਨਾਲ ਐਗਜ਼ਾਮਿਨ ਨਹੀਂ ਕੀਤਾ। ਇਸ ਲਈ ਮੇਰਾ ਰਾਈਟ ਬਣਦਾ ਹੈ ਕਿ ਮੈਨੂੰ ਆਪਣਾ ਪੁਆਇੰਟ ਆਫ ਆਰਡਰ ਕਹਿਣ ਦੀ ਇਜਾਜ਼ਤ ਦਿੱਤੀ ਜਾਵੇ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker:** About my ruling you can come and discuss with me in my Chamber.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਇਹ ਮੇਰਾ ਬੁਨਿਆਦੀ ਅਧਿਕਾਰ ਹੈ । ਮੈਂ ਤੁਹਾਡੀ ਰੂਲਿੰਗ ਦੇ ਬਾਰੇ ਜਾਣਕਾਰੀ ਮੰਗ ਸਕਦਾ ਹਾਂ ।

**Mr. Speaker** : That is why I am inviting you to my Chamber. You can come and talk to me.

**ਕਾਮਰੇਡ ਹਰਦੇਵ ਸਿੰਘ ਅਰਸ਼ੀ:** ਸਪੀਕਰ ਸਾਹਿਬ, ਮੈਂ ਤੁਹਾਨੂੰ ਦੋ ਧਿਆਨ ਦਿਵਾਊ ਮੱਤੇ ਦਿੱਤੇ ਅਤੇ ਤੁਸੀਂ ਪਰਵਾਨ ਕਰ ਲਏ । ਲੋਕਾਂ ਨੂੰ ਡੀ. ਏ. ਪੀ. ਖਾਦ ਨਹੀਂ ਮਿਲ ਰਹੀ, ਦੂਜੀਆਂ ਕੀਟ-ਨਾਸ਼ਕ ਦਵਾਈਆਂ ਨਹੀਂ ਮਿਲ ਰਹੀਆਂ । ਪ੍ਰਾਈਵੇਟ ਦੁਕਾਨਾਂ ਤੇ ਸਭ ਕੁਝ ਮੌਜੂਦ ਹੈ......

**Mr. Speaker** : Hon'ble Member should know that my ruling cannot be discussed in the house. Mine is final ruling and you can talk to me in my Chamber, if you so desire (*interruptions*) Anyway, I have replied. Sit down. Please resume your seat.

**ਕਾਮਰੇਡ ਤਰਸੇਮ ਜੋਧਾਂ :** ** ** **

**Mr. Speaker :** This is no point of order.

## WALK—OUT

(ਇਸ ਸਮੇਂ ਬਹੁਜਨ ਸਮਾਜ ਪਾਰਟੀ, ਭਾਰਤੀ ਜਨਤਾ ਪਾਰਟੀ, ਸੀ. ਪੀ. ਆਈ., ਸੀ. ਪੀ. ਆਈ. (ਐਮ.), ਸ਼੍ਰੋਮਣੀ ਅਕਾਲੀ ਦਲ (ਕ) ਜਨਤਾ ਦਲ ਅਤੇ ਆਈ. ਪੀ. ਐਫ. ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ ।)

**Mr Speaker :** Call Attention Motion Shri Hardev Singh Arshi.

(Hon'ble Member Comrade Hardev Singh Arshi was not present in his seat at that particular moment)

**Mr. Speaker :** Dr. (Mrs.) Malti Thapar, Call Attention Motion.

## CALL ATTENTION NOTICE UNDER RULE 66

(*Serial No.* 15)

**(1) Dr. (Mrs.) Malti Thapar**
**(2) Shri Upinder Kumar Sharma** } Sir, I beg to draw the attention of the Government towards a matter of urgent public importance, namely, the damage caused to the Cotton-Crops in the districts of Ferozepur and Faridkot due to the American Insects. The cotton crops have been badly effected in this area. The farmers have suffered a lot due to the damage to their crops. There is a great resentment amongst the people on this issue. We, therefore, request the Agriculture Minister, Punjab, to make a statement on the Floor of the House.

**Expunged as ordered by the Chair.

Original with;
Punjab Vidhan Sabha
Digitized by;
Panjab Digital Library

## DHARNA

(ਇਸ ਵਕਤ ਸ਼੍ਰੋਮਣੀ ਅਕਾਲੀ ਦਲ (ਕ) ਦੇ ਮਾਨਯੋਗ ਮੈਂਬਰ ਸਾਹਿਬਾਨ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਅਤੇ ਸਰਦਾਰ ਰਣਜੀਤ ਸਿੰਘ ਛੱਜਲਵੱਡੀ, ਸੀ. ਪੀ. ਆਈ. (ਐਮ.) ਦੇ ਕਾਮਰੇਡ ਤਰਸੇਮ ਜੋਧਾਂ, ਆਈ. ਪੀ. ਐਫ. ਦੇ ਕਾਮਰੇਡ ਸੁਰਜਨ ਸਿੰਘ ਜੋਗਾ ਅਤੇ ਜਨਤਾ ਦਲ ਦੇ ਸ੍ਰੀ ਵਿਜੈ ਕੁਮਾਰ ਸਾਥੀ ਹਾਊਸ ਦੇ ਵੈਲ ਵਿੱਚ ਧਰਨਾ ਮਾਰ ਕੇ ਬੈਠ ਗਏ ਅਤੇ ਜ਼ੋਰ ਜ਼ੋਰ ਨਾਲ ਨਾਹਰੇ ਲਗਾਉਣ ਲੱਗ ਪਏ ਜੋ ਕਿ ਮਾਨਯੋਗ ਸਪੀਕਰ ਸਾਹਿਬ ਦੇ ਹੁਕਮਾਂ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ)

---

## CALL ATTENTION NOTICE UNDER RULE 66 (*Resumption*)

**ਖੇਤੀਬਾੜੀ ਅਤੇ ਜੰਗਲਾਤ ਮੰਤਰੀ** (ਸਰਦਾਰ ਦਿਲਬਾਗ ਸਿੰਘ ਨਵਾਂਸ਼ਹਿਰ) : ਸਪੀਕਰ ਸਾਹਿਬ, ਸਤੰਬਰ 1993 ਦੇ ਪਹਿਲੇ 2 ਹਫਤਿਆਂ ਵਿਚ ਲਗਾਤਾਰ ਬਾਰਸ਼ ਹੋਣ ਦੀ ਵਜ੍ਹਾ ਕਾਰਣ ਸਪਰੇਅ ਕਰਨ ਵਿਚ ਕਾਫੀ ਰੁਕਾਵਟ ਪਈ। ਮੌਸਮ ਵਿਚ ਨਮੀ ਸੀ, ਬੱਦਲ ਸਨ। ਦਵਾਈਆਂ ਦਾ ਜਿਹੜਾ ਛਿੜਕਾਅ ਕੀਤਾ ਗਿਆ, ਇਸ ਨਮੀ ਅਤੇ ਬੱਦਲਾਂ ਦੀ ਵਜ੍ਹਾ ਕਾਰਣ ਉਸ ਦਾ ਪੂਰਾ ਅਸਰ ਨਹੀਂ ਹੋ ਸਕਿਆ ਜਿਸ ਕਰਕੇ ਇਹ ਸਾਰਾ ਨੁਕਸਾਨ ਹੋਇਆ। ਅਮਰੀਕਨ ਸੁੰਡੀ ਦਾ ਜਿਹੜਾ ਹਮਲਾ ਹੋਇਆ, ਬਠਿੰਡੇ ਵਿਚ ਉਸ ਨਾਲ ਤਕਰੀਬਨ 17% ਨੁਕਸਾਨ ਹੋਇਆ ਅਤੇ ਫਿਰੋਜ਼ਪੁਰ ਵਿਚ ਤਕਰੀਬਨ 16% ਹੋਇਆ। ਜਿਹੜੀ ਫਸਲ ਬੀਜੀ ਹੋਈ ਸੀ, 45% ਦੇ ਕਰੀਬ ਛੂਰਣ ਬੀਜੀ ਗਈ ਸੀ। ਜਿਨ੍ਹਾਂ ਉਪਰ ਟੀਂਡੇ ਲੱਗਣ ਨਾਲ ਅਤੇ ਬਾਰਸ਼ ਹੋਣ ਦੇ ਕਾਰਣ ਦਵਾਈਆਂ ਦਾ ਪੂਰਾ ਅਸਰ ਨਹੀਂ ਹੋਇਆ ਅਤੇ ਇਹ ਨੁਕਸਾਨ ਹੋਇਆ।

**ਸ੍ਰੀ ਸਪੀਕਰ** : ਅਰਸ਼ੀ ਜੀ, ਤੁਸੀਂ ਬੋਲੋ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਥੋੜੀ ਜਿਹੀ ਸ਼ਾਂਤੀ ਹੋ ਲੈਣ ਦਿਓ, ਉਸ ਤੋਂ ਬਾਅਦ ਹੀ ਮੈਂ ਕੁਝ ਪੁੱਛਾਂਗਾ। ਪਹਿਲਾਂ ਇਨ੍ਹਾਂ ਨੂੰ ਤਾਂ ਪੁੱਛੋ ਇਹ ਜਿਹੜੇ ਨਾਹਰੇ ਲਗਾ ਰਹੇ ਹਨ ਕਿ ਇਹ ਕੀ ਕਹਿਣਾ ਚਾਹੁੰਦੇ ਹਨ। ਜਦ ਤੱਕ ਸ਼ਾਂਤੀ ਨਹੀਂ ਹੁੰਦੀ, ਤਦ ਤਕ ਮੇਰੀ ਗੱਲ ਕਿਸ ਤਰ੍ਹਾਂ ਸੁਣੀ ਜਾ ਸਕੇਗੀ ?

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਨ੍ਹਾਂ ਨੇ ਅਗਲੇ ਸਾਲ ਵਾਸਤੇ ਕੋਈ ਇੰਤਜ਼ਾਮ ਕੀਤਾ ਹੈ ਜਿਸ ਨਾਲ ਕਪਾਹ ਦੀ ਫਸਲ ਤੇ ਦੁਬਾਰਾ ਇਸ ਤਰ੍ਹਾਂ ਦਾ ਹਮਲਾ ਨਾ ਹੋਵੇ ਅਤੇ ਫਸਲ ਖਰਾਬ ਨਾ ਹੋਵੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ ਕਿ ਅਗਲੇ ਸਾਲ ਵਾਸਤੇ ਕੀ ਇੰਤਜ਼ਾਮ ਕੀਤਾ ਹੈ, ਇਸ ਦੇ ਬਾਰੇ ਮੈਂ ਪਹਿਲਾਂ ਵੀ ਦਸ ਚੁਕਾ ਹਾਂ ਕਿ ਇਹ ਕੋਈ ਖੇਤੀਬਾੜੀ ਮਹਿਕਮੇਂ ਦਾ ਜਾਂ ਸਰਕਾਰ ਦਾ ਕਸੂਰ ਨਹੀਂ ਸੀ, ਇਹ ਤਾਂ ਪਰਮਾਤਮਾ ਦਾ ਕਸੂਰ ਸੀ ਜਿਸ ਕਾਰਣ ਦਵਾਈਆਂ ਪੂਰਾ ਅਸਰ ਨਹੀਂ ਕਰ ਸਕੀਆਂ। ਜੇ ਅਗਲੇ ਸਾਲ ਬਾਰਸ਼ ਨਾ ਹੋਈ ਤਾਂ ਫਿਰ ਸਾਡਾ ਇੰਤਜ਼ਾਮ ਤਾਂ ਠੀਕ ਹੀ ਹੈ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਨਾਲ ਮਿਲਦੀ ਜੁਲਦੀ ਮੇਰੇ ਸਾਥੀਆਂ ਨੇ ਪੜ੍ਹ ਦਿੱਤੀ ਹੈ। ਚਲੋ, ਕੋਈ ਗੱਲ ਨਹੀਂ, ਉਹ ਵੀ ਮੇਰੇ ਸਾਥੀ ਹੀ ਨੇ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਜੇ ਇਹ ਉਨ੍ਹਾਂ ਨੇ ਪੜ੍ਹ ਦਿੱਤਾ ਹੈ ਤਾਂ ਕੋਈ ਹਰਜ ਵਾਲੀ ਗੱਲ ਵੀ ਨਹੀਂ ਪਰ ਮੇਰੀ ਕਾਲ ਅਟੈਨਸ਼ਨ ਵਾਸਤੇ ਮੈਨੂੰ ਹੀ ਕਾਲ ਅਪਾਨ ਕਰਨਾ ਚਾਹੀਦਾ ਸੀ। ਖੈਰ, ਜਿਹੜਾ ਮੰਤਰੀ ਜੀ ਨੇ ਉੱਤਰ ਦਿੱਤਾ ਹੈ, ਉਹ ਮੈਂ ਪੂਰੀ ਤਰ੍ਹਾਂ ਸੁਣ ਨਹੀਂ ਸਕਿਆ। ਸਪੀਕਰ ਸਾਹਿਬ, ਸ੍ਰੀ ਬਲਰਾਮ ਜਾਖੜ ਜਿਹੜੇ ਇਕੱਲੇ ਪੰਜਾਬ ਦੇ ਹੀ ਨਹੀਂ ਸਗੋਂ ਸਾਰੇ ਭਾਰਤ ਦੇ ਖੇਤੀਬਾੜੀ ਮੰਤਰੀ ਹਨ, ਨੇ 12 ਦਸੰਬਰ ਨੂੰ ਇਹ ਪ੍ਰਵਾਨ ਕੀਤਾ ਸੀ ਕਿ ਇਕੱਲੇ ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਉੱਤਰੀ ਭਾਰਤ ਵਿਚ ਇਸ ਫਸਲ ਉਤੇ ਬਹੁਤ ਤਕੜਾ ਹਮਲਾ ਹੋਇਆ ਹੈ ਜਿਸ ਕਾਰਣ ਕਪਾਹ ਅਤੇ ਨਰਮੇ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਇਨ੍ਹਾਂ ਫਸਲਾਂ ਦੀਆਂ ਜਿਥੇ ਅਸੀਂ 27 ਲੱਖ ਗੰਢਾਂ ਐਕਸਪੈਕਟ ਕਰਦੇ ਸੀ, ਉਥੇ ਮੁਸ਼ਕਿਲ ਨਾਲ 17 ਜਾਂ 18 ਲੱਖ ਗੰਢਾਂ ਹੀ ਪੈਦਾ ਹੋਣਗੀਆਂ। 25% ਤੋਂ ਲੈ ਕੇ 50% ਤੱਕ ਨੁਕਸਾਨ ਹੋਇਆ ਹੈ। ਇਸ ਨੁਕਸਾਨ ਕਰਕੇ ਪ੍ਰਾਈਵੇਟ ਦਵਾਈਆਂ ਦੀਆਂ ਏਜੰਸੀਆਂ ਤਾਂ ਫੇਲ੍ਹ ਹੋਈਆਂ ਹੀ ਹਨ, ਖੇਤੀਬਾੜੀ ਮਹਿਕਮਾ ਵੀ ਫੇਲ ਹੋਇਆ ਹੈ। ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ ਇਸੇ ਤਰ੍ਹਾਂ ਹੀ 1983 ਵਿਚ ਵੀ ਨਰਮੇ ਦੀ ਫਸਲ ਖਰਾਬ ਹੋਈ ਸੀ। ਉਸ ਵੇਲੇ ਕੇਂਦਰ ਨੇ 500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ 12 ਕਰੋੜ ਰੁਪਏ ਦਾ ਮੁਆਵਜ਼ਾ ਕਿਸਾਨਾਂ ਨੂੰ ਦਿੱਤਾ ਸੀ। ਕਿਸਾਨਾਂ ਨੂੰ ਮਾਲੀ ਤੌਰ ਤੇ ਬਚਾਉਣ ਵਾਸਤੇ ਕੀ ਮੰਤਰੀ ਜੀ ਇਸੇ ਤਰ੍ਹਾਂ ਦਾ ਮੁਆਵਜ਼ਾ ਦੇਣ ਲਈ ਵਿਚਾਰ ਕਰ ਰਹੇ ਹਨ ਅਤੇ ਭਵਿਖ ਵਿਚ ਸੁੰਡੀ ਦਾ ਇਸ ਤਰ੍ਹਾਂ ਦਾ ਹਮਲਾ ਨਾ ਹੋਵੇ, ਇਸ ਦੇ ਵਾਸਤੇ ਪ੍ਰਭਾਵਸ਼ਾਲੀ ਕੀੜੇਮਾਰ ਦਵਾਈਆਂ ਸਰਕਾਰ ਕਿਸਾਨਾਂ ਨੂੰ ਦੇਵੇਗੀ ਅਤੇ ਕਿਸਾਨਾਂ ਨੂੰ ਬਚਾਉਣ ਦੀ ਗਰੰਟੀ ਕਰੇਗੀ ?

**ਮੰਤਰੀ**: ਸਪੀਕਰ ਸਾਹਿਬ, ਜਿੱਥੋਂ ਤੱਕ ਇਸ ਚੀਜ਼ ਦਾ ਤਾਲੁੱਕ ਹੈ ਕਿ ਨੁਕਸਾਨ ਹੋਇਆ ਹੈ ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਖੇਤੀਬਾੜੀ ਮਹਿਕਮੇ ਦੀ ਵਜ੍ਹਾ ਕਰਕੇ ਨੁਕਸਾਨ ਨਹੀਂ ਹੋਇਆ ਔਰ ਨਾ ਹੀ ਕੋਈ ਪੰਜਾਬ ਸਰਕਾਰ ਕਰਕੇ ਹੋਇਆ ਹੈ। ਮੈਂ ਪਹਿਲਾਂ ਵੀ ਦੱਸ ਚੁੱਕਿਆ ਹਾਂ ਕਿ ਸਾਡੇ ਬਠਿੰਡੇ ਜ਼ਿਲ੍ਹੇ ਪਹਿਲੀ ਤਾਰੀਖ ਦੇ ਵਿੱਚ 1.6 ਮਿਲੀ ਮੀਟਰ ਬਾਰਸ਼ ਪਈ। ਏਸੇ ਤਰ੍ਹਾਂ 13 ਤਾਰੀਖ ਤੱਕ ਬਾਰਿਸ਼ ਰਹੀ ਆਖਰੀ ਦਿਨ 18 ਮਿਲੀਮੀਟਰ ਪੈ ਗਈ। ਐਸੀ ਹਾਲਤ ਵਿੱਚ ਜਿਹੜੀ ਕਪਾਹ ਹੈ ਇਸ ਤੇ ਸਪਰੇਅ ਦਾ ਕੋਈ ਫਾਇਦਾ ਨਹੀਂ ਹੁੰਦਾ, ਕੋਈ ਸਪਰੇਅ ਵੀ ਹੋਵੇ।

ਇਨ੍ਹਾਂ ਦਿਨਾਂ ਵਿੱਚ ਹੀ ਇਕ ਜਿਹੜੀ ਖਾਸ ਕਿਸਮ ਦੀ ਫ਼ੂਰੜ ਹੈ ਇਸ ਦੇ ਫੁੱਲ ਆਏ ਹੋਏ ਸਨ ਔਰ ਫੁੱਲ ਆਉਣ ਤੋਂ ਬਾਅਦ ਛੋਟਾ ਜਿਹਾ ਟੀਂਡਾ ਬਣਦਾ ਹੈ। ਉਸ ਵਿਚ ਕੀੜਾ ਵੜ ਜਾਂਦਾ ਹੈ। ਅਗਰ ਉਸ ਵੇਲੇ ਕੋਈ ਨੁਕਸਾਨ ਹੋ ਜਾਵੇ ਤਾਂ ਉਸਦਾ ਕੋਈ ਇਲਾਜ ਨਹੀਂ ਅਜੇ ਤੱਕ। ਏਸੇ ਤਰ੍ਹਾਂ ਹੀ ਅਮਰੀਕਨ ਸੁੰਡੀ ਹੈ, ਹੋਰ ਵੀ ਬੜੀਆਂ ਸੁੰਡੀਆਂ ਹਨ ਏਥੇ। ਸਾਨੂੰ ਤਾਂ ਪਾਕਿਸਤਾਨੀ ਸੁੰਡੀ ਵੀ ਲੱਗੀ ਰਹੀ ਹੈ ਉਸ ਨੇ ਕਿੰਨਾ ਭਾਰੀ ਨੁਕਸਾਨ ਕੀਤਾ ਸਪੀਕਰ ਸਾਹਿਬ, ਬੜੇ ਲੋਕ ਮਰੇ ਕਿਹੜੀ ਗੌਰਮਿੰਟ ਇਸ ਨੂੰ ਪੂਰਾ ਕਰ ਸਕਦੀ ਹੈ। ਇਹ ਕੁਦਰਤੀ ਆਫਤ ਹੈ ਜਿਹੜੀ ਕਿ ਅੱਗੇ ਨਹੀਂ ਹੋਈ। ਇਹ ਪਾਕਿਸਤਾਨੀ ਸੁੰਡੀ ਸਾਡੇ 12 ਸਾਲ ਏਥੇ ਰਹੀ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ, ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ, ਤੁਸੀਂ ਵੀ ਇੰਗਲੈਂਡ ਗਏ ਹੋ, ਮੈਂ ਵੀ ਇੰਗਲੈਂਡ ਗਿਆ ਹਾਂ ਉਥੇ ਦੀ ਸਰਕਾਰ ਸਾਨੂੰ ਪੁੱਛਦੀ ਸੀ ਕਿ ਸਾਡੇ ਵੀ ਏਥੇ ਇਕ ਸੁੰਡੀ ਲੱਗੀ ਹੋਈ ਹੈ ਆਇਰਲੈਂਡ ਦੀ। ਸਾਡੇ ਵੀ ਏਥੇ ਇਕ ਸਰਦਾਰ ਬੇਅੰਤ ਸਿੰਘ ਭੇਜ ਦਿਓ। ਜੇ ਅਜੇ ਵੀ ਅਰਸ਼ੀ ਸਾਹਿਬ ਦੀ ਤਸੱਲੀ ਨਹੀਂ ਹੋਈ ਤਾਂ ਫਿਰ ਇਸ ਦਾ ਕੋਈ ਇਲਾਜ ਨਹੀਂ। ਅਸੀਂ ਯੂਨੀਵਰਸਿਟੀਆਂ ਨੂੰ ਵੀ ਕਿਹਾ ਹੈ ਕਿ ਜੇਕਰ ਇਸ ਦਾ ਕੋਈ

Original with;
Punjab Vidhan Sabha
Digitized by;
Panjab Digital Library

ਇਲਾਜ ਹੋਵੇਗਾ ਤਾ ਸਭ ਤੋਂ ਪਹਿਲਾਂ ਪੰਜਾਬ ਦੇ ਕਿਸਾਨ ਦਾ ਹਿੱਤ ਇਸ ਸਰਕਾਰ ਤੋਂ ਬਗੈਰ ਹੋਰ ਕੋਈ ਨਹੀਂ ਦੇਖ ਸਕਦਾ। ਜਿਹੜੇ ਅਰਸ਼ੀ ਸਾਹਿਬ ਅਰਸ਼ਾਂ ਵਿੱਚ ਰਹਿੰਦੇ ਹਨ ਉਨ੍ਹਾਂ ਨੂੰ ਜ਼ਮੀਨ ਬਾਰੇ ਕੀ ਸਮਝ ਹੋ ਸਕਦੀ ਹੈ ?(ਹਾਸਾ) (ਵਿਘਨ)

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕੀਤਾ ਸੀ ਕਿ ਜਿਨ੍ਹਾਂ ਦਾ ਨੁਕਸਾਨ ਹੋ ਗਿਆ ਹੈ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ ਪਰ ਇਨ੍ਹਾਂ ਨੇ ਉਸਦਾ ਕੋਈ ਠੀਕ ਜਵਾਬ ਹਾਲੇ ਤੱਕ ਨਹੀਂ ਦਿੱਤਾ ਸਗੋਂ ਗੱਲ ਹੋਰ ਪਾਸੇ ਹੀ ਪਾ ਦਿੱਤੀ। ਜਿਨ੍ਹਾਂ ਲੋਕਾਂ ਦਾ ਬਹੁਤ ਭਾਰੀ ਨੁਕਸਾਨ ਹੋ ਗਿਆ ਹੈ ਜਿਹੜੇ ਗਰੀਬ ਕਿਸਾਨ ਹਨ ਉਨ੍ਹਾਂ ਨੂੰ ਕੋਈ ਮੁਆਵਜ਼ਾ ਦੇਣ ਬਾਰੇ ਸਰਕਾਰ ਦੀ ਕੀ ਪਾਲਿਸੀ ਹੈ? ਨੁਕਸਾਨ ਡੀਫੈਕਟਿਵ ਮੈਡੀਸਿਨ ਕਰਕੇ ਹੋਇਆ ਹੈ।

**ਮੰਤਰੀ**: ਸਪੀਕਰ ਸਾਹਿਬ, ਜੇ ਇਨ੍ਹਾਂ ਨੂੰ ਸਮਝ ਨਹੀਂ ਆਈ ਤਾਂ ਮੈਂ ਫਿਰ ਸਮਝਾ ਦਿੰਦਾ ਹਾਂ। ਜਿਹੜੀ ਗੱਲ ਅਰਸ਼ੀ ਸਾਹਿਬ ਤੁਸੀਂ ਕੀਤੀ ਹੈ ਮੈਂ ਦਸਦਾ ਹਾਂ ਕਿ ਇਸ ਸਰਕਾਰ ਨੂੰ ਕਿਸਾਨਾਂ ਦਾ ਜ਼ਿਆਦਾ ਹਿੱਤ ਹੈ। ਇਸ ਸਰਕਾਰ ਦੇ ਆਉਣ ਨਾਲ ਕਿਸਾਨਾਂ ਨੂੰ 7 ਹਜ਼ਾਰ ਕਰੋੜ ਰੁਪਏ ਜ਼ਿਆਦਾ ਮਿਲਿਆ ਹੈ। ਇਸ ਵੇਲੇ ਜਿੰਨੀ ਗੰਨੇ ਦੀ ਕੀਮਤ ਹੈ ਉਨੀ ਪਹਿਲਾ ਕਦੇ ਵੀ ਨਹੀਂ ਸੀ(ਥੰਪਿੰਗ) ਭਾਵੇਂ ਪੰਜਾਬ ਦੇ ਵਿੱਚ ਬਾਰਸ਼ ਨਹੀਂ ਹੋਈ ਝੋਨਾ ਫਿਰ ਵੀ ਪਾਲਿਆ। ਏਨੀਆਂ ਦਵਾਈਆਂ ਦੇ ਕੇ ਪਾਲਿਆ ਕਿ ਅਸੀਂ ਸ਼ਹਿਰਾਂ ਦੀ ਬਿਜਲੀ ਵੀ ਬੰਦ ਕਰਾਈ। ਅਜੇ ਵੀ ਤੁਸੀਂ ਕਿਸਾਨਾਂ ਦੀ ਗੱਲ ਕਰਦੇ ਹੋ। ਅਸੀਂ ਸਾਰੇ ਕਿਸਾਨ ਹੀ ਹਾਂ। ਤੁਹਾਨੂੰ ਕੀ ਪਤਾ ਹੈ ਕਿਸਾਨ ਕੀ ਹੁੰਦਾ ਹੈ?

**ਸ੍ਰੀ ਓਪਿੰਦਰ ਕੁਮਾਰ ਸ਼ਰਮਾ**: ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਇਸ ਧਿਆਨ ਦਿਵਾਊ ਮਤੇ ਦੇ ਸਬੰਧ ਵਿੱਚ ਜਵਾਬ ਦਿੰਦਿਆਂ ਬੜੀਆਂ ਕਨਵਿਨਸਿੰਗ ਆਰਗੂਮੈਂਟ ਦਿੱਤੀਆਂ ਹਨ। ਬਾਰਸ਼ਾ ਦੇ ਕਾਰਨ ਸਪਰੇਅ ਦਾ ਕੋਈ ਅਸਰ ਨਹੀਂ ਹੋ ਸਕਿਆ ਔਰ ਸੁੰਡੀ ਦੀ ਗਰੋਥ ਵੱਧ ਗਈ। ਸਪੀਕਰ ਸਾਹਿਬ, ਸਾਡੇ ਪਾਸ ਐਗਰੀਕਲਚਰਲ ਯੂਨੀਵਰਸਿਟੀ ਹੈ ਜਿੱਥੇ ਕਿ ਵੱਡੇ ਵੱਡੇ ਬੜੇ ਅੱਛੇ ਸੈਨਟਿਸਟ ਹਨ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੁਦਰਤ ਦੀ ਕਰੋਪੀ ਅੱਗੇ ਕੋਈ ਚੀਜ਼ ਠਹਿਰ ਨਹੀਂ ਸਕਦੀ। ਜਿੱਥੇ ਫਸਲ ਲਾਸਟ ਟਾਈਮ 25 ਲੱਖ ਗੰਢਾਂ ਹੋਈਆਂ ਇਸ ਵਾਰ ਉਹ 17-18 ਲੱਖ ਗੰਢਾਂ ਘੱਟ ਹੋਈਆਂ। ਫਰੀਦਕੋਟ ਜਿਲ੍ਹੇ ਵਿੱਚ ਪਿਛਲੇ ਸਾਲ ਨਾਲੋਂ ਕੋਈ ਤਕਰੀਬਨ 30 ਪ੍ਰਤੀਸ਼ਤ ਘੱਟ ਕਰਾਪ ਹੋਣ ਦੀ ਉਮੀਦ ਹੈ ਜੋ ਪਿਛਲੇ ਸਾਲ 8.3 ਲੱਖ ਗੰਢਾਂ ਸੀ ਉਹ ਇਸ ਵਾਰ 5.80 ਲੱਖ ਗੰਢਾਂ ਹੋਣਗੀਆਂ। ਕੁਦਰਤੀ ਕਰੋਪੀ ਨੂੰ ਕੋਈ ਟਾਲ ਨਹੀਂ ਸਕਦਾ। ਜਿਸ ਤਰ੍ਹਾਂ ਸਰਦਾਰ ਦਿਲਬਾਗ ਸਿੰਘ, ਖੇਤੀਬਾੜੀ ਮੰਤਰੀ ਜੀ ਨੇ ਆਖਿਆ ਹੈ ਕਿ ਜਦੋਂ ਦੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਆਈ ਹੈ ਇਸ ਨੇ ਕਿਸਾਨਾਂ ਵਾਸਤੇ ਫਸਲਾਂ ਦੇ ਅੱਛੇ ਭਾਅ ਦਿਵਾਏ ਹਨ ਪਰ ਫਿਰ ਵੀ ,ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਤੋਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਓਪਨ ਮਾਰਕੀਟ ਵਿੱਚ ਸਪਰੇਅ ਵਿਕਦੇ ਹਨ ਆਮ ਦੁਕਾਨਾਂ ਤੇ ਉਸ ਨੂੰ ਚੈਕ ਕੀਤਾ ਜਾਣਾ ਚਾਹੀਦਾ ਹੈ..........

**ਸ੍ਰੀ ਸਪੀਕਰ**: ਓਪਿੰਦਰ ਸ਼ਰਮਾ ਜੀ, ਤੁਸੀਂ ਸਪਲੀਮੈਂਟਰੀ ਪੁੱਛੋ ਸਪੀਚ ਨਾ ਕਰੋ।

**ਸ੍ਰੀ ਓਪਿੰਦਰ ਕੁਮਾਰ ਸ਼ਰਮਾ** : ਜਿਹੜੀਆਂ ਅਨਆਥੋਰਾਈਜ਼ਡ ਦਵਾਈਆਂ ਦੁਕਾਨਾਂ ਤੇ ਹਨ ਜਿਨ੍ਹਾਂ ਦੀ ਵਰਤੋਂ ਨਾਲ ਫਸਲ ਤੇ ਕੋਈ ਅਸਰ ਨਹੀਂ ਹੁੰਦਾ ਔਰ ਜਿਸ ਕਾਰਨ ਫਸਲ ਦਾ ਨੁਕਸਾਨ ਹੁੰਦਾ ਹੈ ਸਰਕਾਰ ਨੂੰ ਉਸ ਪ੍ਰਤੀ ਸਿੰਪਿਥੈਟਿਕ ਢੰਗ ਨਾਲ ਕਨਸਿਡਰ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਜੇ ਇਹ ਨਹੀਂ ਮੰਨਦੇ ਤਾਂ ਮੈਂ ਮੰਨ ਲੈਂਦਾ ਹਾਂ। ਪਿਛਲੇ ਸਾਲ ਅਸੀਂ ਇਕ ਸਾਲ ਦੇ ਅੰਦਰ 1761 ਦਵਾਈਆਂ ਦੀਆਂ ਦੁਕਾਨਾਂ ਤੇ ਸੈਂਪਲ ਚੈਕ ਕੀਤੇ ਹਨ ਅੋਰ ਇਸ ਸਾਲ ਕੇਵਲ 8 ਮਹੀਨਿਆਂ ਦੇ ਅੰਦਰ ਅੰਦਰ ਹੀ ਅਸੀਂ 1700 ਸੈਂਪਲ ਲਏ ਹਨ। ਦੂਸਰੇ ਪਾਸੇ ਜਿਹੜਾ ਭਾਅ ਪਿਛਲੇ ਸਾਲ 1,060 ਸੀ, ਇਸ ਸਾਲ 1500 ਹੈ। ਇਹ ਵੀ ਕਿਸਾਨਾਂ ਦਾ ਹਿੱਤ ਹੈ। ਇਸ ਦੇ ਨਾਲ ਅਸੀਂ (ਢਾਈ ਕਰੋੜ) ਦੀ ਦਵਾਈਆਂ ਉੱਤੇ ਸਬਸਿਡੀ ਦਿੱਤੀ ਹੈ। ਇਹ ਵੀ ਕਿਸਾਨਾਂ ਦਾ ਹਿੱਤ ਹੈ। ਹੋਰ ਕਿਹੜੀ ਗੱਲ ਹੈ ਜਿਹੜੀ ਕਿ ਕਿਸਾਨਾਂ ਦੇ ਵਾਸਤੇ ਨਹੀਂ ਹੋਈ। ਇਹ ਸਰਕਾਰ ਤਾਂ ਹੈ ਹੀ ਕਿਸਾਨਾਂ ਦੀ। ਕਿਸਾਨ ਇਹ ਕਹਿੰਦੇ ਹਨ ਇਹ ਸਰਕਾਰ ਉਨ੍ਹਾਂ ਕਿਸਾਨਾਂ ਦੀ ਹੈ ਜਿਨ੍ਹਾਂ ਨੇ ਹੱਥ ਨਾਲ ਹੱਲ ਵਾਹਿਆ ਹੈ (ਥੰਪਿੰਗ) ਅਤੇ ਜਿਨ੍ਹਾਂ ਨੇ ਬੇਅਬਾਦ ਜ਼ਮੀਨਾਂ ਨੂੰ ਵਾਹ ਕੇ ਅਬਾਦ ਕੀਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਤੋਂ ਜ਼ਿਆਦਾ ਹਮਦਰਦ ਸਰਕਾਰ ਕਿਸਾਨਾਂ ਦੀ ਕੋਈ ਹੋਰ ਹੋ ਹੀ ਨਹੀ ਸਕਦੀ।

---

## PAPERS LAID/RELAID ON THE TABLE

**Finance Minister (Doctor Kewal Krishan):** Sir, I beg to lay/relay on the the Table:—

1. (i) The Punjab Entertainments Tax (Cinematograph Shows) Amendment Ordinance, 1993.
(Punjab Ordinance No. 4 of 1993) ;

(ii) The Punjab Entertainments Duty (Amendment) Ordinance, 1993.
(Punjab Ordinance No. 5 of 1993) ;

(iii) The Punjab General Sales Tax (Third Amendment) Ordinance, 1993.
(Punjab Ordinance No. 6 of 1993) ;

(iv) The Punjab Rural Development (Amendment) Ordinance, 1993.
(Punjab Ordinance No. 7 of 1993) ; and

(v) The Punjab Municipal Corporation (Amendment) Ordinance, 1993.
(Punjab Ordinance No. 8 of 1993) ;

as required under Article 213(2)(a) of the Constitution of India.

2. The Constitution (Seventy Seventh Amendment) Bill, 1992, as passed by the Houses of Parliament.

3. The Punjab Cooperative Societies (First Amendment) Rules, 1993, as required under section 85(3) of the Punjab Cooperative Societies Act, 1961.

4. The 26th Annual Report of the Punjab Poultry Development Corporation Limited for the year 1989-90 as required under section 619-A of the Companies Act, 1956.

5 The 15th and 16th Annual Reports of the Punjab State Electronics Development and Production Corporation Limited, for the years 1990-91 and 1991-92, as required under section 619-A of the Companies Act, 1956.

6. The Annual Reports on the working of the Punjab Backward Classes Land Development and Finance Corporation for the years from 1985-86 to 1990-91, as required under section 27(6) of the Punjab Backward Classes Land Development and Finance Corporation Act, 1976.

7. The Annual Report of the Punjab Police Housing Corporation Limited, for the year, 1991-92, as required under section 619-A of the Companies Act, 1956.

Original with;
Punjab Vidhan Sabha
Digitized by;
Punjab Digital Library

8. The Annual Report of the Punjab Agricultural University, Ludhiana for the year, 1990-91, and Government's comments thereon, as required under Section 39(3) of the Haryana and Punjab Agri cultural Universities Act, 1970.

9. The 5th Annual Report and Accounts of the Punjab Tourism Development Corporation Limited, for the year, 1983-84, as required under section 619-A of the Companies Act, 1956.

10. The 13th Annual Report of the Punjab State Seeds Corporation Limited, for the year, 1988-89, as required under section 619-A of the Companies Act, 1956.

11. The 14th, 15th, 18th to 24th Annual Reports of the Punjab State Industrial Development Corporation Limited, for the years 1979-80, 1980-81, 1983-84 to 1989-90, as required under section 619-A of the Companies Act, 1956.

12. The Annual Statement of Accounts of the Punjab State Electricity Board for the year, 1991-92, alongwith statement showing the reasons for delay in laying the said statement on the Table of the House, as required under section 69(5) of the Electricity (Supply) Act, 1948.

13. The Annual Report and Accounts of the Punjab Dairy Development Corporation for the year, 1990-91, as required under section 619-A of the Companies Act, 1956.

14. The 26th Annual Report and Accounts of the Punjab Agro Industries Corporation Limited, for the year, 1991-92, as required under section 619-A of the Companies Act, 1956.

15. The 17th Annual Report and Accounts of the Punjab Film and News Corporation Limited, for the year, 1989-90, as required under section 619-A of the Companies Act, 1956.

16. The 6th, 7th, 8th and 9th Annual Report and Accounts of the Punjab Tourism Development Corporation Limited, for the years from 1984-85 to 1987-88, as required under section 619-A of the Companies Act, 1956.

17. The 8th Annual Report of the Goindwal Industries and Investment Corporation of Punjab Limited, for the year, 1988-89, as required under section 619-A of the Companies Act, 1956.

18. The Annual Reports on the working of the Punjab Women and Children Development and Welfare Corporation for the years 1984-85 and 1985-86, alongwith statement showing the reasons for delay in laying the said Report on the Table of the House, as required under section 23(6) of the Punjab Women and Children Development and Welfare Corporation Act, 1979.

19. The Annual Report and Accounts of the Punjab Small Industries and Export Corporation Limited, for the year, 1991-92, as required under section 619-A of the Companies Act, 1956.

## RESOLUTION UNDER ARTICLE 368 OF THE CONSTITUTION

**Finance Minister (Doctor Kewal Krishan) :** Sir, I beg to move—

> That this House ratifies the amendment to the Constitution of India falling within the purview of clause (b) of the proviso to clause (2) of article 368 thereof, proposed to be made by the Constitution (Seventy-seventh Amendment) Bill, 1992 as passed by the Houses of Parliament.

ਸਪੀਕਰ ਸਾਹਿਬ, ਪਾਰਲੀਮੈਂਟ, ਵਿਚ ਮਹਿਸੂਸ ਕੀਤਾ ਗਿਆ ਕਿ ਬਹੁਤ ਸਾਰੇ ਕੇਸਿਜ਼ ਜਿਹੜੇ ਰੈਂਟ ਰਿਸਟ੍ਰਿਕਸ਼ਨ ਐਕਟ ਨਾਲ ਸਬੰਧਤ ਹਨ ਔਰ ਉਨ੍ਹਾਂ ਵਿਚ ਬਹੁਤ ਦੇਰੀ ਹੁੰਦੀ ਹੈ। ਬਹੁਤ ਸਾਰੇ ਕੇਸ ਅਜਿਹੇ ਹੁੰਦੇ ਹਨ ਜਿਹੜੇ ਛੋਟੇ ਛੋਟੇ ਸਿਵਲ ਕੋਰਟਸ ਵਿਚ ਸਬ ਡਵੀਜ਼ਨ ਲੈਵਲ ਤੇ, ਡਿਸਟ੍ਰਿਕਟ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਲੈਵਲ ਤੇ ਅੌਰ ਹਾਈ ਕੋਰਟ ਵਿਚ ਪਏ ਰਹਿੰਦੇ ਹਨ। ਉਨ੍ਹਾਂ ਵਿਚ ਨਾ ਤਾਂ ਟੈਨੈਂਟ ਨੂੰ ਇਨਸਾਫ ਮਿਲਦਾ ਹੈ ਅਤੇ ਨਾ ਹੀ ਲੈਂਡ-ਲਾਰਡ ਨੂੰ ਜਸਟਿਸ ਮਿਲਦਾ ਹੈ and for years together they have to wait ਇਸ ਪ੍ਰੇਸ਼ਾਨੀ ਨੂੰ ਦੇਖਦੇ ਹੋਏ ਹਿੰਦੁਸਤਾਨ ਦੀ ਸਰਕਾਰ ਨੇ ਕੰਸਟੀਚਿਊਸ਼ਨ ਦੇ ਆਰਟੀਕਲ ਜਿਹੜਾ ਇਸ ਗੱਲ ਦੀ ਆਗਿਆ ਦਿੰਦਾ ਹੈ, ਉਸ ਵੱਲੋਂ ਟ੍ਰਿਬਿਊਨਲ ਕਾਇਮ ਹੋ ਸਕਦਾ ਹੈ, ਉਸ ਦੇ ਮਾਤਹਿਤ 323(ਬੀ) ਅਮੈਂਡਮੈਂਟ ਕਰਕੇ, ਇਹ 77ਵੀਂ ਅਮੈਂਡਮੈਂਟ ਕਰਕੇ ਸ਼ਾਮਲ ਕੀਤਾ ਹੈ ਕਿ ਅਸੀਂ ਰੈਂਟ ਰਿਸਟ੍ਰਿਕਸ਼ਨ ਐਕਟ ਦੇ ਕੇਸ ਡਿਸਟ੍ਰਿਕਟ ਕੋਰਟਸ ਅਤੇ ਹਾਈ ਕੋਰਟਸ ਤੋਂ ਕੇਸ ਵਿਦਡਰਾਅ ਕਰਵਾ ਲਈਏ। ਉਨ੍ਹਾਂ ਤੋਂ ਵਾਪਸ ਲੈ ਲਈਏ ਅਤੇ ਟ੍ਰਿਬਿਊਨਲ ਕਾਇਮ ਕਰਕੇ ਸਟੇਟ ਲੈਵਲ ਤੇ ਟ੍ਰਿਬਿਊਨਲ ਜੱਜਿਜ਼ ਦੇ ਕਾਇਮ ਹੋਣ ਅਤੇ ਫਿਰ ਡਿਸਟ੍ਰਿਕਟ ਤੇ ਹੋਣ। ਇਸ ਕੰਸਟੀਚਿਊਸ਼ਨਲ ਅਮੈਂਡਮੈਂਟ ਦੀ ਰੈਟੀਫਿਕੇਸ਼ਨ ਨੂੰ ਪੰਜਾਬ ਦੇ ਹਾਊਸ ਦੇ ਸਾਹਮਣੇ ਲਿਆਂਦਾ ਹੈ। ਇਸ ਤੋਂ ਪਹਿਲਾਂ ਤਿੰਨ ਸਟੇਟਾਂ ਨੇ ਇਸਦੀ ਰੈਟੀਫਿਕੇਸ਼ਨ ਕਰ ਦਿੱਤੀ ਹੈ। ਪੰਜਾਬ ਚੌਥੀ ਸਟੇਟ ਹੈ ਜਿਹੜੀ ਕਿ ਇਸ ਉਤੇ ਫੈਸਲਾ ਕਰ ਰਹੀ ਹੈ। ਇਸ ਕੰਸਟੀ-ਚਿਊਸ਼ਨਲ ਅਮੈਂਡਮੈਂਟ ਦੀ ਰੈਟੀਫਿਕੇਸ਼ਨ ਦੇ ਨਾਲ ਬਹੁਤ ਸਾਰੀ ਪ੍ਰੇਸ਼ਾਨੀ ਜਿਹੜੀ ਕਿ ਬਹੁਤ ਸਾਰੇ ਕਿਰਾਏਦਾਰਾਂ ਅਤੇ ਮਾਲਕ ਮਕਾਨਾਂ ਨੂੰ ਹੈ, ਉਹ ਦੂਰ ਹੋਵੇਗੀ। ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਜੀ ਦੇ ਰਹਿਨੁਮਾਈ ਹੇਠ ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪੰਜਾਬ ਦੇ ਲੋਕਾਂ ਦਾ ਹਿੱਤ ਦੇਖਦੇ ਹੋਏ ਇਸ ਦੀ ਰੈਟੀਫਿਕੇਸ਼ਨ ਹੋ ਜਾਣੀ ਚਾਹੀਦੀ ਹੈ ਅੌਰ ਇਸ ਨੂੰ ਇਸ ਪ੍ਰਸਤਾਵ ਨੂੰ ਹਾਊਸ ਵਿਚ ਲਿਆਂਦਾ ਅਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਇਸ ਹਾਊਸ ਦੇ ਸਾਰੇ ਮੈਂਬਰ ਇਸ ਨੂੰ ਯੂਨਾਨੀਮਸਲੀ ਪਾਸ ਕਰਨ ਤਾਂ ਕਿ ਜਿਹੜੇ ਲੋਕਾਂ ਨੂੰ ਕਈ ਕਈ ਸਾਲ ਇਹ ਪ੍ਰੇਸ਼ਾਨੀ ਰਹਿੰਦੀ ਹੈ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਇਹ ਸਹੂਲਤ ਮਿਲ ਸਕੇ। 50 ਪ੍ਰਤੀਸ਼ਤ ਸਟੇਟਾਂ ਦੇ ਰੈਟੀਫਿਕੇਸ਼ਨ ਤੋਂ ਬਾਅਦ ਸੈਂਟਰ ਵੱਲੋਂ ਗਾਈਡ-ਲਾਈਨਜ਼ ਇਸ਼ੂ ਹੋਣਗੀਆਂ ਜਿਸ ਦੇ ਮੁਤਾਬਿਕ ਸਟੇਟ ਦੇ ਟ੍ਰਿਬਿਊਨਲ ਬਣਨਗੇ ਅਤੇ ਉਨ੍ਹਾਂ ਦੀ ਗਾਈਡ-ਲਾਈਨਜ਼ ਦੇ ਮੁਤਾਬਿਕ ਡਿਸਟ੍ਰਿਕਟ ਅੌਰ ਸਬ-ਡਵੀਜ਼ਨ ਤੇ ਟ੍ਰਿਬਿਊਨਲ ਕਾਇਮ ਹੋਣਗੇ ਅੌਰ ਟੈਨੈਂਟ ਅਤੇ ਲੈਂਡ ਲਾਰਡ ਨੂੰ ਜਲਦੀ ਇਨਸਾਫ ਮਿਲੇਗਾ।

**Mr. Speaker :** Motion moved—

That this House ratifies the amendment to the Constitution of India falling within the purview of clause (b) of the proviso to clause (2) of article 368 thereof proposed to be made by the Constitution (Seventy-seventh Amendment Bill, 1992, as passed by the Houses of Parliament.

**ਸ੍ਰੀ ਮਦਨ ਮੋਹਨ ਮਿੱਤਲ** (ਨੰਗਲ) : ਸਪੀਕਰ ਸਾਹਿਬ, ਲੋਕ ਸਭਾ ਅਤੇ ਰਾਜ ਸਭਾ ਨੇ ਜੋ ਟੈਨੈਂਟ ਅਤੇ ਲੈਂਡ ਲਾਰਡ ਦਾ ਬਿੱਲ ਪਾਸ ਕੀਤਾ ਮੈਂ ਇਸ ਦਾ ਸਵਾਗਤ ਕਰਦਾ ਹਾਂ ਅੌਰ ਜੋ ਰੈਟੀਫਿਕੇਸ਼ਨ ਵਾਸਤੇ ਪੰਜਾਬ ਦੇ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਮੈਂ ਇਸ ਦਾ ਵੀ ਸਮਰਥਨ ਕਰਦਾ ਹਾਂ। ਲੇਕਿਨ ਅਫਸੋਸ ਇਹ ਹੈ ਕਿ ਇਹ ਬਹੁਤ ਲੇਟ ਹੈ। 1986 ਵਿੱਚ ਇਸ ਨੂੰ ਡਾਇਰੈਕਸ਼ਨ ਦਿੱਤੀ, ਸਾਹਿਬ ਮੇਰੀ ਗੱਲ ਚੰਗੀ ਨਾ ਲੱਗੇ। ਮੇਰੀ ਸਬਮਿਸ਼ਨ ਹੈ, 1986 ਵਿੱਚ ਸੁਪਰੀਮ ਕੋਰਟ ਨੇ ਡਾਇਰੈਕਸ਼ਨ ਦਿੱਤੀ, ਉਨ੍ਹਾਂ ਨੇ ਲਿਟੀਗੇਸ਼ਨ ਬਾਰੇ ਕਿਹਾ ਹੈ that sometimes the landlord exploits the situation and sometimes the tenant exploits the situation ਇਸ ਨੂੰ ਖਤਮ ਕਰਨ ਵਾਸਤੇ 1986 ਵਿੱਚ ਡਾਇਰੈਕਸ਼ਨ ਦਿੱਤੀ ਲੋਕ ਸਭਾ ਅਤੇ ਵਿਧਾਨ ਸਭਾ ਨੇ ਕਿ ਇਸ ਤਰ੍ਹਾਂ ਦੇ ਟ੍ਰਿਬਿਊਨਲ ਸਥਾਪਤ ਕਰੀਏ, ਜਿਸ ਨਾਲ ਲੋਕਾਂ ਨੂੰ ਨਿਆਂ ਜਲਦੀ ਮਿਲ ਸਕੇ।

Original with;
Punjab Vidhan Sabha
Digitized by;
Panjab Digital Library

ਬੇਸ਼ੱਕ ਮਾਲਕ ਹੈ ਜਾਂ ਬੇਸ਼ੱਕ ਕਿਰਾਏਦਾਰ ਹੈ। ਲੇਕਿਨ ਇਸ ਸਮੇਂ ਇਹ ਬਿੱਲ ਆਇਆ ਹੈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਬਿੱਲ ਪਾਸ ਕਰਨ ਨਾਲ ਜਾਂ ਐਸੈਂਸ ਦੇਣ ਨਾਲ ਗੱਲ ਨਹੀਂ ਬਣਨੀ। ਏਸੇ ਸਦਨ ਵਿੱਚ ਪਹਿਲਾਂ ਟ੍ਰਿਬਿਊਨਲ ਬਣਾਉਣ ਦਾ ਮਤਾ ਪਾਸ ਹੋਇਆ, ਅਜੇ ਤੱਕ ਪੰਜਾਬ ਵਿੱਚ ਸਟੇਟ ਟ੍ਰਿਬਿਊਨਲ ਨਹੀਂ ਬਣੇ ਜਿਸ ਨਾਲ ਕਿ ਲੋਕ ਇਨ੍ਹਾਂ ਅਦਾਲਤਾਂ ਵਿੱਚ ਜਾਂ ਕਿ ਲਿਟੀਗੇਸ਼ਨ ਲੜ ਸਕਣ। ਅਗਰ ਸਟੇਟ ਟ੍ਰਿਬਿਊਨਲ ਹੋਵੇਗਾ ਤਾਂ ਜਲਦੀ ਨਿਆਂ ਮਿਲ ਸਕੇਗਾ। I have put in more than thirty years in the profession. As a Lawyer I have seen ਕਿ ਕਿਸ ਤਰੀਕੇ ਨਾਲ ਕਿ ਕੋਈ ਸਰਕਾਰੀ ਨੌਕਰੀ ਤੋਂ ਰਿਟਾਇਰ ਹੁੰਦਾ ਹੈ ਤਾਂ ਕਾਨੂੰਨ ਵਿੱਚ ਲਿਖਿਆ ਹੈ ਕਿ ਛੇ ਮਹੀਨੇ ਵਿੱਚ ਮਕਾਨ ਖਾਲੀ ਹੋ ਜਾਵੇਗਾ। ਛੇ ਮਹੀਨੇ ਵਿੱਚ ਉਸ ਨੂੰ ਨਵਾਂ ਮਕਾਨ ਨਹੀਂ ਮਿਲਦਾ। ਅਸੀਂ ਡਾਇਰੈਕਸ਼ਨ ਦੇ ਸਕਦੇ ਹਾਂ ਕਿ ਕਿਸੇ ਵੀ ਝਗੜੇ ਨੂੰ ਨਿਯਮਤ ਸਮੇਂ ਵਿੱਚ ਸਮਾਪਤ ਕੀਤਾ ਜਾਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਜੋ 6 ਮਹੀਨੇ ਦੀ ਮਿਆਦ ਰੱਖੀ ਹੈ, ਛੇ ਮਹੀਨੇ ਵਿੱਚ ਖਾਲੀ ਕਰਾਉਣ ਦੇ ਮਾਮਲੇ ਵਿੱਚ ਜੋ ਦਿੱਕਤ ਆਉਂਦੀ ਹੈ ਲੈਂਡ ਲਾਰਡ ਨੂੰ ਅਤੇ ਟੇਨੈਂਟ ਨੂੰ ਉਨ੍ਹਾਂ ਦਿੱਕਤਾਂ ਤੋਂ ਠੀਕ ਰਿਲੀਫ ਮਿਲ ਸਕੇ। ਮੈਂ ਇਸ ਬਿੱਲ ਦਾ ਜੋ ਇਸ ਸੈਸ਼ਨ ਵਿੱਚ ਆਇਆ ਹੈ, ਆਪਣੇ ਅਤੇ ਆਪਣੀ ਪਾਰਟੀ ਵੱਲੋਂ ਸਮਰਥਨ ਕਰਦਾ ਹਾਂ।

**ਸ਼੍ਰੀਮਤੀ ਵਿਮਲਾ ਡਾਂਗ** (ਅੰਮ੍ਰਿਤਸਰ ਪੱਛਮੀ) : ਸਪੀਕਰ ਸਾਹਿਬ, ਇਹ ਜੋ ਅਮੈਂਡਮੈਂਟ ਬਿੱਲ ਪਾਸ ਕਰਨ ਤੋਂ ਬਾਅਦ ਰਾਜ ਸਭਾ ਅਤੇ ਲੋਕ ਸਭਾ ਵਿਚ ਹੋਈ ਬਹਿਸ ਦੀਆਂ ਰਿਪੋਰਟਾਂ ਸਰਕੂਲੇਟ ਕੀਤੀਆਂ ਹਨ, ਉਨ੍ਹਾਂ ਦੇ ਸਬੰਧ ਵਿੱਚ ਮੈਂ ਕੁਝ ਨੁਕਤੇ ਰੱਖਣਾ ਚਾਹੁੰਦੀ ਹਾਂ।

ਪਾਰਲੀਮੈਂਟ ਵਿੱਚ ਸਾਰੀਆਂ ਪੁਲੀਟੀਕਲ ਪਾਰਟੀਆ ਨੇ ਇਸ ਬਿੱਲ ਦੀ ਸਪੋਰਟ ਕੀਤੀ ਹੈ। ਲੱਗਭਗ 80-20 ਦੀ ਰੇਸ਼ੋ ਨਾਲ ਇਹ ਬਿੱਲ ਪਾਸ ਹੋਇਆ ਹੈ। ਇਸ ਸਬੰਧ ਵਿੱਚ ਮੈਂ ਕੁਝ ਇੰਪਾਰਟੈਂਟ ਸਵਾਲ, ਮਾਨਯੋਗ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਕਹਾਂਗੀ ਕਿ ਉਨ੍ਹਾਂ ਦੇ ਬਾਰੇ ਕਲੈਰੀਫਿਕੇਸ਼ਨ ਕਰ ਦੇਣ। ਜਿਹੜੀ ਇਹ ਤਰਮੀਮ ਹੈ ਉਹ ਝਗੜਿਆਂ ਦਾ ਨਿਬੇੜਾ ਐਕਸਪੀਡਾਈਟ ਕਰਨ ਦੇ ਲਈ ਜਿਹੜੇ ਡਿਸਪਿਊਟ ਹਨ ਉਨ੍ਹਾਂ ਨੂੰ ਜੁਡੀਸ਼ਰੀ ਤੋਂ ਬਾਹਰ ਲਿਆਕੇ ਵੱਖਰੇ ਟ੍ਰਿਬਿਊਨਲ ਸਥਾਪਿਤ ਦੀ ਤਜਵੀਜ਼ ਹੈ। ਜਿਹੜੀ ਡਿਬੇਟ ਸਰਕੂਲੇਟ ਹੋਈ ਹੈ, ਉਸ ਤੇ ਇਸ ਤਰ੍ਹਾਂ ਦੇ ਨੁਕਤੇ ਹਨ the schemes will be recommended to the State Government after constitutional amendment ਮੰਤਰੀ ਮਹੋਦੇ ਇਹ ਭੀ ਸਪੱਸ਼ਟ ਕਰ ਦੇਣ ਕਿ ਇਸ ਤੋਂ ਬਾਅਦ ਵੀ ਕੋਈ ਸਕੀਮ ਹੈ ਜਿਹੜੀ ਕਿ ਰਿਕੁਮੈਂਡ ਹੋਵੇਗੀ? ਇਸ ਤੋਂ ਇਲਾਵਾ ਬਹੁਤ ਸਾਰੇ ਮੈਂਬਰਜ਼, ਉਨ੍ਹਾਂ ਵਿਚ ਪਾਰਲੀਮੈਂਟ ਦੇ ਮੈਂਬਰ ਵੀ ਹਨ, ਉਨ੍ਹਾਂ ਨੇ ਇਹ ਨੁਕਤਾ ਉਠਾਇਆ ਸੀ ਕਿ ਨੈਸ਼ਨਲ ਲੈਵਲ ਦੇ ਟ੍ਰਿਬਿਊਨਲ ਹੋਣੇ ਚਾਹੀਦੇ ਹਨ, ਸਟੇਟ ਲੈਵਲ ਦੇ ਭੀ ਹੋਣੇ ਚਾਹੀਦੇ ਹਨ, ਲੇਕਿਨ ਇਹ ਕਾਫੀ ਨਹੀਂ ਹੈ। ਡਿਸਟ੍ਰਿਕਟ ਲੈਵਲ ਤੇ ਵੀ ਟ੍ਰਿਬਿਊਨਲ ਹੋਣੇ ਚਾਹੀਦੇ ਹਨ ਤਾਂ ਜੋ ਸਾਧਾਰਣ ਲੋਕ ਆਪਣੇ ਝਗੜੇ ਉਥੇ ਆਸਾਨੀ ਨਾਲ ਲਿਜਾ ਸਕਣ।

*

| *4.30 P. M. | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)। |
|---|---|

ਇਹ ਵੀ ਤਜਵੀਜ਼ ਦਿੱਤੀ ਜਾ ਸਕਦੀ ਹੈ ਕਿ ਸਟੇਟ ਲੈਵਲ ਤੇ ਪਹਿਲੇ ਟ੍ਰਿਬਿਊਨਲ ਹੋਣਾ ਚਾਹੀਦਾ ਹੈ। ਉਥੇ ਬਹਿਸ ਦੇ ਦੌਰਾਨ ਵੀ ਇਹ ਗੱਲ ਭੀ ਆਈ ਕਿ ਸੁਪਰੀਮ ਕੋਰਟ ਦੀ ਜੁਰਿਸਡਿਕਸ਼ਨ ਨੂੰ ਪੂਰੀ ਤਰ੍ਹਾਂ ਹਟਾਇਆ ਨਹੀਂ ਜਾ ਸਕਦਾ। ਹਾਈ ਕੋਰਟ ਨੂੰ ਜੇ ਛੱਡ ਦੇਈਏ ਔਰ ਸਿਰਫ ਸੁਪਰੀਮ ਕੋਰਟ ਦੀ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਵਿਮਲਾ ਡਾਂਗ]

ਅਗਰ ਜੁਰਿਸਡਿਕਸ਼ਨ ਰਹੇ ਇਸ ਦੇ ਨਾਲ ਲੈਂਡ ਲਾਰਡਜ਼ ਦੀ ਫੇਵਰ ਕੀਤੀ ਜਾਵੇਗੀ ਕਿਉਂਕਿ ਸਧਾਰਣ ਸਲੱਮ ਡਿਵੈਲਰਜ਼ ਅਤੇ ਦੂਸਰੇ ਟੈਨਟੈਂਸ ਜਿਹੜੇ ਹਨ ਉਨ੍ਹਾਂ ਲਈ ਇਹ ਸੰਭਵ ਨਹੀਂ ਕਿ ਉਹ ਸੁਪਰੀਮ ਕੋਰਟ ਦਾ ਖਰਚਾ ਬਰਦਾਸ਼ਤ ਕਰ ਸਕਣ ਅਤੇ ਇਸ ਤਰ੍ਹਾਂ ਉਹ ਪੈਸਾ ਨਾ ਖਰਚ ਸਕਣ ਕਰਕੇ ਸੁਪਰੀਮ ਕੋਰਟ ਤੱਕ ਆਪਣੀ ਆਵਾਜ਼ ਨਹੀਂ ਪਹੁੰਚਾ ਸਕਣਗੇ। ਇਸ ਕਰਕੇ ਅਸੀਂ ਇਹ ਸਮਝਦੇ ਹਾਂ ਕਿ ਡਿਬੇਟ ਦੇ ਦੌਰਾਨ ਜਿਹੜੀ ਇਹ ਗੱਲ ਆਈ ਹੈ ਉਹ ਠੀਕ ਹੈ ਕਿ ਮਾਡਲ ਰੈਂਟ ਕੰਟਰੋਲ ਬਿਲ ਹੋਵੇ ਜਿਹੜਾ ਸਲੱਮ ਡਿਵੈਲਰਜ਼ ਦੇ ਹਿੱਤਾਂ ਨੂੰ ਡੀਫੈਂਡ ਕਰੇ ਅਤੇ ਮਿਡਲ ਕਲਾਸ ਦੇ ਲੋਕ ਜਿਹੜੇ ਮਕਾਨ ਬਣਾਉਂਦੇ ਹਨ ਉਨ੍ਹਾਂ ਦੀ ਭੀ ਰਖਸ਼ਾ ਕਰੇ। ਇਕ ਹੋਰ ਨੁਕਤਾ ਉਠਾਇਆ ਗਿਆ ਕਿ ਜਿਹੜਾ ਟ੍ਰਿਬਿਊਨਲ ਹੈ ਉਹ ਇਸ ਕਿਸਮ ਦਾ ਡਿਸਪਿਊਟ ਭੀ ਸੈਟਲ ਕਰੇਗਾ ਕਿ ਰੇਟ ਆਫ ਰੈਂਟ ਉਚਿਤ ਹੈ ਯਾਂ ਨਹੀਂ। ਜਿਸ ਦੇ ਰੈਂਟ ਹਾਈ ਹਨ ਉਸ ਬਾਰੇ ਵੀ ਅਪੀਲ ਟ੍ਰਿਬਿਊਨਲ ਨੂੰ ਕੀਤੀ ਜਾ ਸਕਦੀ ਤਾਂ ਜੋ ਫੇਅਰ ਰੈਂਟ ਫਿਕਸ ਹੋ ਸਕਣ। ਦਿਲੀ ਜਾਂ ਵਡੇ ਵਡੇ ਸ਼ਹਿਰਾਂ ਵਿੱਚ ਬਾਹਰ ਤੋਂ ਲੋਕਾਂ ਨੂੰ ਆ ਕੇ ਮਜਬੂਰਨ ਰਹਿਣਾ ਪੈਂਦਾ ਹੈ ਔਰ ਉਹ ਲੋਕ ਰਹਿੰਦੇ ਹਨ ਪਰ ਉਨ੍ਹਾਂ ਨੂੰ ਮਾਲਕ ਮਕਾਨ ਰਸੀਦ ਨਹੀਂ ਦਿੰਦੇ ਅਤੇ ਜਦੋਂ ਤਕ ਉਨ੍ਹਾਂ ਨੂੰ ਮਕਾਨ ਦੀ ਕਿਰਾਏ ਦੀ ਰਸੀਦ ਨਹੀਂ ਮਿਲਦੀ ਉਨ੍ਹਾਂ ਦੇ ਰਾਸ਼ਨ ਕਾਰਡ ਨਹੀਂ ਬਣਦੇ ਜਿਸ ਕਰਕੇ ਉਨ੍ਹਾਂ ਲੋਕਾਂ ਨੂੰ ਬੜੀ ਤਕਲੀਫ ਉਠਾਉਣੀ ਪੈਂਦੀ ਹੈ। ਇਸ ਕਰਕੇ ਅਸੀਂ ਚਾਹੁੰਦੇ ਹਾਂ ਕਿ ਇਹ ਜਿਹੜਾ ਕੰਸਟੀਚਿਊਸ਼ਨ ਅਮੈਂਡਮੈਂਟ ਬਿਲ ਹੈ ਇਸ ਦੇ ਵਿੱਚ ਟੇਨੈਂਟਸ ਨੂੰ ਵੀ ਪੂਰੀ ਪਰੋਟੈਕਸ਼ਨ ਹੋਵੇ ਔਰ ਅਨਸਕਰੂਪਲਸ ਟੇਨੈਂਟ ਜਿਹੜੇ ਨਾਮੀਨਲ ਰੈਂਟ ਤੇ ਮਕਾਨ ਖਾਲੀ ਨਹੀਂ ਕਰਦੇ, ਮਾਲਕ ਮਕਾਨ ਨੂੰ ਪ੍ਰੇਸ਼ਾਨ ਕਰਦੇ ਹਨ ਉਨ੍ਹਾਂ ਤੇ ਵੀ ਕੋਈ ਨਾ ਕੋਈ ਰੋਕ ਲਗਣੀ ਚਾਹੀਦੀ ਹੈ। ਜਿਹੜੇ ਇਹ ਨੁਕਤੇ ਹਨ ਇਹ ਡਿਬੇਟ ਵਿੱਚ ਵੀ ਉਭਾਰ ਕੇ ਰੱਖੇ ਗਏ ਹਨ। ਇਨ੍ਹਾਂ ਦੇ ਬਾਰੇ ਸਪੱਸ਼ਟੀ-ਕਰਨ ਦਿੱਤਾ ਜਾਵੇ।

**श्रीमति लक्ष्मी कांता चावला (अमृतसर केन्द्री)** : उपाध्यक्ष महोदय, यह जो सदन के समक्ष प्रस्ताव आया है ये प्रस्ताव आतमा से तो खूब अच्छा है। मेरा केवल इतना निवेदन कि ये ट्रिब्यूनल बनाने और उस के कार्य को नियमत करने के लिये काफी ध्यान देना पड़ेगा तभी हो सकेगा और इस में जैसे मेरे नेता मित्तल जी ने भी कहा कि ट्रिब्यूनल को जब केस चला जाये तो केस कितने समय में हल हो जायेगा। उस की कोई अधिकत्म सीमा अवश्य तह कर दी जाये नहीं तो जैसे बुढ़ापा पैनशन के लोग बुढ़ापा पैंशन कार्ड लिये पैनशन की प्रतीक्षा में ही मर जाते हैं या अभी प्राइवेट स्कूलों के अध्यापक बहुत से पैन्शन की प्रतीक्षा में ही भगवान को प्यारे हो गये? उन की तरह मकान मालिक या किरायेदार जो हैं वो मुकद्दमा ऊपर गया या नीचे गया। ट्रिब्यूनल में भी कहीं वही हाल न हो जाये। ऐसा न हो क्योंकि स्टेट कन्जयूमर कमिशन तो बना कि कन्जयूमर के केस जलदी हो जायेंगे लेकिन वहां वही ढाक के तीन पात बचे हैं, इस से ज्यादा कुछ नहीं। मैं एक और प्रार्थना करूंगी कि इस ट्रिब्यूनल के अधिकार क्षेत्र को विस्तृत करते हुए हमारे यहां कभी 2 अखबारों में ही सुनने को मिलता है और यहां देखते हैं कि कोई एम. एल. ए., बन गया या मिनिस्टर बन गया उसने जिस कोठी या फलैट पर कब्जा कर लिया चाहे वो एम. एल. ए. बने को बीते 10 साल हो जायें उन को खाली नहीं करते। तो वो केस भी ट्रिब्यूनल को सौंप सकें या उस के अधिकार क्षेत्र में जरूर आ जाना चाहिए और किराये को देना दिलाना

Original with;
Punjab Vidhan Sabha
Digitized by;
Panjab Digital Library

जो गवर्नमेंट का है एम. एल. ए. या मिनिस्टर कोठी खाली नहीं करते तो वह भी केस ट्रिब्यूनल कर सके। इतनी मेरी निवेदन है। धन्यवाद।

**ਸਰਦਾਰ ਸ਼ਮਸ਼ੇਰ ਸਿੰਘ ਰਾਏ (ਚਮਕੌਰ ਸਾਹਿਬ, ਐਸ.ਸੀ.)**: ਡਿਪਟੀ ਸਪੀਕਰ ਸਾਹਿਬ, ਇਹ ਅਮੈਂਡਮੈਂਟ ਜੋ ਲਿਆਂਦੀ ਗਈ ਹੈ ਇਹ ਬਹੁਤ ਅੱਛਾ ਸਟੈਪ ਹੈ। ਇਹ ਸੈਂਟਰ ਸਰਕਾਰ ਦੀ ਸੋਚ ਸੀ ਕਿ ਸਿਵਲ ਕੋਰਟਸ ਜਿਹੜੀਆਂ ਇਸ ਵੇਲੇ ਹਨ ਉਹ ਫੈਸਲਾ ਦੇਣ ਵਿਚ ਬਹੁਤ ਦੇਰ ਕਰ ਰਹੀਆਂ ਹਨ ਕਿਉਂਕਿ ਉਨ੍ਹਾਂ ਕੋਲ ਕੇਸਿਜ਼ ਬਹੁਤ ਜ਼ਿਆਦਾ ਹਨ। ਜਿਵੇਂ ਇਸ ਸਬੰਧ ਵਿਚ ਇਥੇ ਸ਼੍ਰੀਮਤੀ ਚਾਵਲਾ ਜੀ ਨੇ ਕਿਹਾ ਹੈ ਕਿ ਟਾਈਮ ਫਿਕਸ ਕੀਤਾ ਜਾਣਾ ਚਾਹੀਦਾ ਹੈ, ਮੈਂ ਸਮਝਦਾ ਹਾਂ ਕਿ ਇਹ ਪਾਸੀਬਲ ਨਹੀਂ ਹੋਵੇਗਾ ਕਿਉਂਕਿ ਇਹ ਕਾਨੂੰਨੀ ਤੌਰ ਤੇ ਨਹੀਂ ਕੀਤਾ ਜਾ ਸਕਦਾ। ਇਹ ਟਾਈਮ ਦੀ ਬਚਤ ਵਾਸਤੇ ਹੀ ਟਰੀਬਿਊਨਲ ਬਣਾਏ ਜਾ ਰਹੇ ਹਨ। ਹੁਣ ਇਹ ਕੇਸ ਸਿਵਲ ਕੋਰਟਸ ਤੋਂ ਕੱਢ ਕੇ ਇਨ੍ਹਾਂ ਟਰੀਬਿਊਨਲ ਵਿਚ ਦਿੱਤੇ ਜਾ ਸਕਣਗੇ ਜਿਸ ਨਾਲ ਲੈਂਡਲਾਰਡ ਔਰ ਟੇਨੈਂਟ ਦੋਨਾਂ ਦੀ ਹੀ ਬੇਹਤਰੀ ਹੋਵੇਗੀ। ਵੇਖਣ ਵਿਚ ਇਹ ਆਇਆ ਹੈ ਕਿ ਕਈ ਵਾਰ ਲੈਂਡਲਾਰਡ ਹਿੰਦੁਸਤਾਨ ਵਿਚ ਨਹੀਂ ਰਹਿੰਦਾ ਉਸ ਨੇ ਮਕਾਨ ਕਰਾਏ ਤੇ ਦਿੱਤਾ ਹੁੰਦਾ ਹੈ ਪਰ ਜਦੋਂ ਉਹ ਹਿੰਦੁਸਤਾਨ ਰਹਿਣ ਲਈ ਆਉਂਦਾ ਹੈ ਤਾਂ ਉਸ ਦਾ ਮਕਾਨ ਖਾਲੀ ਨਹੀਂ ਹੁੰਦਾ ਔਰ ਉਸ ਨੂੰ ਕਰਾਏ ਦੇ ਦਿੱਤੇ ਮਕਾਨ ਲਈ ਕਈ ਕਈ ਸਾਲ ਕੋਰਟਾਂ ਵਿਚ ਕੇਸ ਲੜਨਾ ਪੈਂਦਾ ਸੀ। ਇਸ ਟਰੀਬਿਊਨਲ ਨਾਲ ਉਸ ਲੈਂਡਲਾਰਡ ਦਾ ਵੀ ਫਾਇਦਾ ਹੋਵੇਗਾ ਔਰ ਜਿਹੜਾ ਟੇਨੈਂਟ ਹੈ ਉਸ ਦਾ ਵੀ ਇਸ ਤਰ੍ਹਾਂ ਫਾਇਦਾ ਹੋਵੇਗਾ ਕਿ ਕਈ ਵਾਰ ਟੇਨੈਂਟ ਲਿਟੀਗੇਸ਼ਨ ਅਫੋਰਡ ਹੀ ਨਹੀਂ ਕਰ ਸਕਦਾ । ਇਸ ਦੇ ਬਣਨ ਨਾਲ ਉਸ ਦਾ ਵੀ ਫਾਇਦਾ ਹੋਵੇਗਾ। ਜਿਸ ਤਰ੍ਹਾਂ ਕੰਨਜ਼ਿਊਮਰ ਫਾਰਮ ਹੈ ਉਸੇ ਤਰ੍ਹਾਂ ਹੀ ਇਹ ਰੈਂਟਸ ਦੇ ਮਾਮਲੇ ਵਿਚ ਟ੍ਰਿਬਿਊਨਲ ਕੰਮ ਕਰੇਗਾ। ਇਸ ਲਈ ਇਹ ਇਕ ਅੱਛਾ ਸਟੈਪ ਹੈ ਔਰ ਮੈਂ ਇਸ ਦੀ ਪ੍ਰੋੜਤਾ ਕਰਦਾ ਹਾਂ। ਧੰਨਵਾਦ।

**ਚੌਧਰੀ ਸੰਤੋਖ ਸਿੰਘ (ਫਿਲੌਰ, ਐਸ.ਸੀ.)**: ਸਪੀਕਰ ਸਾਹਿਬ, ਇਹ ਜਿਹੜਾ ਬਿਲ ਹਾਊਸ ਵਿਚ ਪੇਸ਼ ਕੀਤਾ ਗਿਆ ਹੈ ਜਿਸ ਦੇ ਰਾਹੀਂ ਸੰਵਿਧਾਨ ਦੀ ਧਾਰਾ 323(ਬੀ) ਵਿਚ ਅਮੈਂਡਮੈਂਟ ਲਿਆਂਦੀ ਗਈ ਹੈ, ਮੈਂ ਸਮਝਦਾ ਹਾਂ ਕਿ ਇਹ ਇਕ ਚੰਗਾ ਰਿਫਾਰਮ ਹੋਵੇਗਾ। 1986 ਵਿਚ ਸੁਪਰੀਮ ਕੋਰਟ ਨੇ ਇਹ ਓਬਜ਼ਰਵੇਸ਼ਨ ਦਿੱਤੀ ਸੀ ਕਿ ਹਾਈ ਕੋਰਟਸ ਵਿਚ ਸੁਪਰੀਮ ਕੋਰਟ ਵਿਚ ਰੈਂਟਸ ਦੇ ਕੇਸਿਜ਼ ਬਹੁਤ ਸੰਖਿਆ ਵਿਚ ਪਏ ਹਨ ਜਿਸ ਕਾਰਣ ਬਹੁਤ ਸਮਾਂ ਲਗਦਾ ਹੈ ਇਸ ਲਈ ਟਰੀਬਿਊਨਲ ਹੋਣੇ ਚਾਹੀਦੇ ਹਨ। ਇਹ ਖੁਸ਼ੀ ਦੀ ਗਲ ਹੈ ਕਿ 1992 ਵਿਚ ਭਾਰਤ ਸਰਕਾਰ ਨੇ ਇਕ ਮੀਟਿੰਗ ਸਦੀ ਜਿਸ ਵਿਚ ਸਾਰੇ ਪ੍ਰਾਂਤਾ ਦੇ ਮੁੱਖ ਮੰਤਰੀ ਅਤੇ ਵਿਭਾਗ ਦੇ ਮੰਤਰੀ ਵੀ ਸ਼ਾਮਲ ਹੋਏ ਔਰ ਸਾਰਿਆਂ ਨੇ ਇਸ ਪਰਪੋਜ਼ਲ ਨਾਲ ਸਹਿਮਤੀ ਪ੍ਰਗਟ ਕੀਤੀ। ਉਸ ਕਾਰਣ ਇਹ ਤਰਮੀਮ ਲਿਆਂਦੀ ਗਈ ਹੈ। ਮੈਂ ਸਮਝਦਾ ਹਾਂ ਕਿ ਇਸ ਨਾਲ ਜਿਥੇ ਕੋਰਟਾਂ ਵਿਚ ਰਸ਼ ਘੱਟੇਗਾ ਉਥੇ ਲਿਟੀਗੇਂਟਸ ਨੂੰ ਵੀ ਫਾਇਦਾ ਹੋਵੇਗਾ। ਕਈ ਵਾਰ ਤਾਂ ਵੇਖਣ ਵਿਚ ਇਹ ਆਇਆ ਹੈ ਕਿ ਕੇਸ ਲੜਦੇ ਲੜਦੇ ਪਾਰਟੀ ਦੀ ਮੌਤ ਹੋ ਜਾਂਦੀ ਸੀ ਪਰ ਕੇਸ ਦਾ ਫੈਸਲਾ ਨਹੀਂ ਸੀ ਹੁੰਦਾ । ਹੁਣ ਇਸ ਨਾਲ ਜਲਦੀ ਫੈਸਲਾ ਹੋ ਜਾਇਆ ਕਰੇਗਾ ਔਰ ਲੋਕਾਂ ਨੂੰ ਰਾਹਤ ਮਿਲੇਗੀ। ਇਸ ਲਈ ਮੈਂ ਇਸ ਦੀ ਪਰੋੜਤਾ ਕਰਦਾ ਹਾਂ ਔਰ ਆਪ ਦਾ ਧੰਨਵਾਦ ਕਰਦਾ ਹਾਂ।

**ਪੰਡਿਤ ਸੋਮ ਦੱਤ ਸਰਮਾ (ਬਰਨਾਲਾ)**: ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਐਕਟ ਵਿਚ ਤਰਮੀਮੀ ਬਿਲ ਪੇਸ਼ ਕੀਤਾ ਗਿਆ ਹੈ ਮੈਂ ਇਸ ਦੀ ਪ੍ਰੋੜਤਾ ਕਰਦਾ ਹਾਂ। ਇਹ ਬਿਲ ਲੋਕਾਂ ਦੇ ਹਿੱਤ

Original with;
Punjab Vidhan Sabha
Digitized by;
Panjab Digital Library

[ਪੰਡਿਤ ਸੋਮ ਦੱਤ ਸ਼ਰਮਾ]

ਵਿੱਚ ਹੈ। ਲੋਕਾਂ ਨੂੰ ਇਸ ਬਿਲ ਰਾਹੀਂ ਸਹਿਯੋਗ ਮਿਲੇਗਾ ਅਤੇ ਫਾਇਦਾ ਹੋਵੇਗਾ। ਇਹ ਚੰਗਾ ਕੰਮ ਕੇਵਲ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਹੀ ਕਰਦੀਆਂ ਆਈਆਂ ਹਨ ਚਾਹੇ ਉਹ ਕਾਂਗਰਸ ਪਾਰਟੀ ਦੀ ਸਰਕਾਰ ਗਿਆਨੀ ਜ਼ੈਲ ਸਿੰਘ ਦੀ ਸੀ ਜਾਂ ਸਰਦਾਰ ਦਰਬਾਰਾ ਸਿੰਘ ਦੀ ਸੀ ਅਤੇ ਹੁਣ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਹੈ। ਇਸ ਤੋਂ ਇਲਾਵਾ ਬਾਕੀ ਸਜਣਾਂ ਨੇ ਵੀ ਇਸ ਬਿਲ ਦਾ ਸਮਰਥਨ ਕੀਤਾ ਹੈ। ਇਸ ਤਰਮੀਮ ਤੋਂ ਬਗੈਰ ਪੰਜਾਬ ਦੇ ਲੋਕਾਂ ਉਤੇ ਬੜਾ ਬੋਝ ਸੀ ਅਤੇ ਲਿਟੀਗੇਸ਼ਨ ਚਲਦੀ ਰਹਿੰਦੀ ਸੀ ਅਤੇ ਕੋਰਟਾਂ ਵਿਚ ਡੇਕਲੇਰੇਸ਼ਨ ਦੇ ਸੂਟ ਚਲਦੇ ਰਹਿੰਦੇ ਸਨ, ਹੱਕ ਸੁਬਾ ਦੇ ਕੇਸ ਚਲਦੇ ਸਨ। ਡਾਕਟਰ ਸਾਹਿਬ ਨੇ ਇਹ ਬਿਲ ਪੇਸ਼ ਕਰਕੇ ਪੰਜਾਬ ਦੇ ਲੋਕਾਂ ਦੀ ਸੇਵਾ ਕੀਤੀ ਹੈ ਅਤੇ ਜਿਹੜਾ ਵੀ ਥੋੜਾ ਬਹੁਤ ਇਸ ਐਕਟ ਵਿਚ ਨੁਕਸ ਸਮਝਦੇ ਹਨ ਉਸ ਨੂੰ ਇਹ ਦੂਰ ਕਰ ਦੇਣ । ਇਹ ਕਾਫੀ ਸਿਆਣੇ ਹਨ ਅਤੇ ਚੀਫ ਮਨਿਸਟਰ ਸਾਹਿਬ ਵੀ ਕਾਫੀ ਸਿਆਣੇ ਹਨ। ਲੋਕਾਂ ਦੇ ਮਕਾਨ ਖਾਲੀ ਨਹੀਂ ਹੁੰਦੇ ਸਨ? ਅਤੇ ਉਨ੍ਹਾਂ ਨੂੰ ਬਾਹਰ ਰਹਿਣਾ ਪੈਂਦਾ ਸੀ। ਇਸ ਦੇ ਨਾਲ ਲੋਕਾਂ ਨੂੰ ਫਾਇਦਾ ਹੋਵੇਗਾ ਇਸ ਬਿਲ ਨੂੰ ਪਾਸ ਕਰ ਦਿੱਤਾ ਜਾਵੇ।

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) :** ਡਿਪਟੀ ਸਪੀਕਰ ਸਾਹਿਬ, ਇਸ ਪ੍ਰਸਤਾਵ ਦਾ ਲਗਭਗ ਸਾਰੇ ਮੈਂਬਰ ਸਾਹਿਬਾਨ ਨੇ ਸਮਰਥਨ ਕੀਤਾ ਹੈ, ਸਿਰਫ ਮਿੱਤਲ ਸਾਹਿਬ ਨੇ ਇਕ ਖਦਸ਼ਾ ਜ਼ਾਹਿਰ ਕੀਤਾ ਹੈ। ਇਨ੍ਹਾਂ ਦਾ ਦੇਰੀ ਦਾ ਖਦਸ਼ਾ ਹੈ. ਉਸ ਬਾਰੇ ਮੈਂ ਦੱਸਦਾ ਹਾਂ ਕਿ ਇਹ ਡਿਸੀਜ਼ਨ ਸਿਵਿਲ ਰਿੱਟ ਪਟੀਸ਼ਨ ਨੰਬਰ 66 ਆਫ਼ 1986 ਦੀ ਹੈ। ਇਸ ਨੂੰ ਇਹ ਧਿਆਨ ਨਾਲ ਪੜ੍ਹ ਲੈਣ। ਹੁਣ ਇਹ ਬੈਠੇ ਨਹੀਂ ਹੋਏ ਨਹੀਂ ਤਾਂ ਮੈਂ ਇਨ੍ਹਾਂ ਨੂੰ ਪੜ੍ਹ ਕੇ ਦੱਸ ਦਿੰਦਾ । ਇਹ ਕੇਸ ਸੁਪਰੀਮ ਕੋਰਟ ਵਿਚ 1986 ਵਿਚ ਆਇਆ ਸੀ ਅਤੇ 3 ਸਾਲ ਬਾਅਦ 1989 ਵਿਚ ਫੈਸਲਾ ਹੋਇਆ ਉਸ ਵੇਲੇ ਹਿੰਦੁਸਤਾਨ ਦੀ ਸਰਕਾਰ ਬਦਲ ਗਈ ਅਤੇ ਆਪੋਜ਼ੀਸ਼ਨ ਪਾਰਟੀ ਦੀ ਸਰਕਾਰ ਨੇ ਵਾਗਡੋਰ ਸੰਭਾਲੀ ਸੀ। ਇਸ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਦਾ ਕਸੂਰ ਨਹੀਂ ਸੀ। ਇਸ ਤੋਂ ਬਾਅਦ ਕਾਂਗਰਸ ਪਾਰਟੀ ਦੀ ਸਰਕਾਰ ਜੋ 1991 ਵਿੱਚ ਹਕੂਮਤ ਫਿਰ ਆਈ ਉਸ ਨੇ ਮਹਿਸੂਸ ਕੀਤਾ ਕਿ ਸੁਪਰੀਮ ਕੋਰਟ ਦੇ ਫੈਸਲੇ ਨੂੰ ਮੱਦੇ ਨਜ਼ਰ ਰਖਦੇ ਹੋਏ ਸਾਨੂੰ ਕਾਂਸਟੀਚਿਊਸ਼ਨਲ ਅਮੈਂਡਮੈਂਟ ਕਰਨੀ ਚਾਹੀਦੀ ਹੈ। ਉਸ ਨੇ ਜਲਦੀ ਤੋਂ ਜਲਦੀ ਇਸ ਅਮੈਂਡਮੈਂਟ ਨੂੰ ਜੂਨ, 1992 ਵਿਚ ਲਿਆਂਦਾ। 1991 ਵਿਚ ਸਾਡੀ ਸਰਕਾਰ ਬਣੀ ਅਤੇ ਜੂਨ, 1992 ਵਿਚ ਇਸ ਅਮੈਂਡਮੈਂਟ ਨੂੰ ਲਿਆਂਦਾ। ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦੀ ਸਰਕਾਰ ਨੇ ਲੋਕਾਂ ਦਾ ਬਹੁਤ ਵੱਡਾ ਭਲਾ ਕੀਤਾ ਅਤੇ ਸੇਵਾ ਕੀਤੀ। ਜਿਹੜੀਆਂ ਪਿਛਲੀਆਂ ਆਪੋਜ਼ੀਸ਼ਨ ਪਾਰਟੀ ਦੀਆਂ ਸਰਕਾਰਾਂ ਬਣੀਆਂ ਉਨ੍ਹਾਂ ਨੇ ਇਸ ਉਤੇ ਕੋਈ ਧਿਆਨ ਨਹੀਂ ਦਿੱਤਾ। ਫੇਰ ਸਰਕਾਰ ਬਦਲ ਗਈ ਅਤੇ ਸਾਡੀ ਪਾਰਟੀ ਦੀ ਸਰਕਾਰ ਨੇ ਫਿਰ ਐਕਟ ਵਿਚ ਅਮੈਂਡਮੈਂਟ ਲਿਆਂਦੀ ਤਾਂ ਕਿ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕੀਤਾ ਜਾਵੇ। ਮਿੱਤਲ ਸਾਹਿਬ ਨੇ ਜਿਹੜਾ ਖਦਸ਼ਾ ਜ਼ਾਹਰ ਕੀਤਾ ਹੈ ਕਿ ਟ੍ਰਿਬਿਊਨਲ ਵਿਚ ਕਾਫੀ ਅਰਸਾ ਲੱਗ ਜਾਵੇਗਾ ਅਤੇ ਟ੍ਰਿਬਿਊਨਲ ਹੋਰ ਕੰਮ ਕਾਰ ਕਰਨਗੇ ਅਤੇ ਕੇਸਾਂ ਲਈ ਟਾਈਮ ਮੁਕੱਰਰ ਹੋਣਾ ਚਾਹੀਦਾ ਹੈ। ਡਿਪਟੀ ਸਾਹਿਬ, ਮੇਰੇ ਕੋਲ ਪੰਜਾਬ ਦੇ ਫਿਗਰਜ਼ ਹਨ ਅਤੇ 9679 ਕੇਸਿਜ਼ ਕੋਰਟਾਂ ਵਿਚ ਪੈਂਡਿੰਗ ਪਏ ਹਨ । ਇਸ ਤਰ੍ਹਾਂ ਮੁਕੱਦਮੇਂ ਚਲਦੇ ਰਹਿਣਗੇ। ਕੇਸਿਜ਼ ਬਠਿੰਡੇ ਵਿਚ 290, ਫਰੀਦਕੋਟ ਵਿਚ, 338, ਫ਼ੀਰੋਜ਼ਪੁਰ ਵਿਚ, 369, ਗੁਰਦਾਸਪੁਰ ਵਿਚ 526, ਹੁਸ਼ਿਆਰਪੁਰ ਵਿਚ 420, ਕਪੂਰਥਲਾ ਵਿਚ 483, ਲੁਧਿਆਣੇ ਵਿਚ 168, ਪਟਿਆਲਾ ਵਿਚ 119, ਰੋਪੜ ਵਿਚ 178, ਕੇਸਿਜ਼ ,ਸੰਗਰੂਰ ਵਿਚ 314 ਅਤੇ ਅੰਮ੍ਰਿਤਸਰ ਵਿਚ 2033 ਕੇਸਿਜ਼ ਪੈਂਡਿੰਗ ਕੋਰਟਾਂ ਵਿਚ ਪਏ ਹਨ । ਇਹ 9679 ਕੇਸਿਜ਼ ਪੰਜਾਬ ਵਿਚ ਲਟਕ ਰਹੇ ਹਨ ਅਤੇ ਕਈ ਸਾਲਾਂ ਤੋਂ ਇਹ ਲੋਕ ਇਨ੍ਹਾਂ ਕੇਸਿਜ਼ ਕਰਕੇ ਭਟਕ ਰਹੇ ਸਨ, ਕਿਸੇ ਨੂੰ 10 ਸਾਲ ਅਤੇ ਕਿਸੇ ਨੂੰ 15 ਸਾਲ ਅਤੇ ਕਿਸੇ ਨੂੰ 20 ਸਾਲ ਹੋ ਗਏ ਸਨ।

Original with;
Punjab Vidhan Sabha
Digitized by;

ਉਨ੍ਹਾਂ ਦੀਆਂ ਤਕਲੀਫਾਂ ਨੂੰ ਦੇਖਦੇ ਹੋਏ ਰੈਂਟ ਰਿਸਟਰਿਕਸ਼ਨ ਐਕਟ ਲਾਗੂ ਕੀਤਾ ਗਿਆ ਤਾਂ ਕਿ ਲੈਂਡ ਲਾਰਡ ਦਾ ਝਗੜਾ ਅਤੇ ਟੈਨਿਟਸ ਦਾ ਝਗੜਾ ਅਤੇ ਉਨ੍ਹਾਂ ਦੀਆਂ ਤਕਲੀਫਾਂ ਨੂੰ ਦੇਖਦੇ ਹੋਏ ਇਹ ਟਿਰੀਬਿਊਨਲ ਬਣਾਇਆ ਜਾ ਰਿਹਾ ਹੈ। ਇਸ ਨੂੰ ਕੋਈ ਹੋਰ ਅਧਿਕਾਰ ਨਹੀਂ ਹੋਵੇਗਾ ਅਤੇ ਨਾ ਹੀ ਹੋਰ ਕੇਸਿਜ਼ ਦਾ ਫੈਸਲਾ ਕਰਨਗੇ ਅਤੇ ਹੋਰ ਕੇਸਿਜ਼ ਦੇ ਮੁਕਦਮੇ ਇਨ੍ਹਾਂ ਕੋਲ ਨਹੀਂ ਜਾਣਗੇ। ਅਸੀਂ ਇਸ ਐਕਟ ਨੂੰ ਸਿੰਪਲੀਫਾਈ ਕੀਤਾ ਹੈ ਅਤੇ ਇਨਸਾਫ ਜਲਦੀ ਦੇਣ ਲਈ ਇਹ ਤਰਮੀਮੀ ਪ੍ਰਸਤਾਵ ਕੰਸਟੀਚਿਊਸ਼ਨ ਦੀ ਨੋਟੀਫੀਕੇਸ਼ਨ ਲਈ ਲਿਆਂਦਾ ਹੈ। ਪੰਜਾਬ ਸਰਕਾਰ ਇਸ ਸਬੰਧ ਵਿਚ ਲੋਕਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਨਾ ਚਾਹੁੰਦੀ ਹੈ ਅਤੇ ਵਿਕਾਸ ਕਰਨਾ ਚਾਹੁੰਦੀ ਹੈ। ਅਸੀ ਹੁਣ ਵਿਕਾਸ ਦੀ ਤਰਫ ਵਧੇ ਹਾਂ। ਇਹ ਜਿਹੜਾ ਲਿਟੀਗੇਸ਼ਨ ਦੇ ਝਗੜਿਆਂ ਵਿਚ ਰੁਲਣਾ ਪੈਂਦਾ ਹੈ, ਚਾਹੇ ਉਹ ਲੈਂਡ-ਲਾਰਡਜ਼ ਹਨ ਅਤੇ ਚਾਹੇ ਉਹ ਟੇਨੈਂਟਸ ਹਨ, ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਵੀ ਇਨ੍ਹਾਂ ਝਗੜਿਆਂ ਤੋਂ ਛੁਟਕਾਰਾ ਮਿਲਣਾ ਚਾਹੀਦਾ ਹੈ। ਮੈਨੂੰ ਖੁਸ਼ੀ ਹੈ ਕਿ ਸਾਰੇ ਹੀ ਪਾਸਿਉਂ ਇਸ ਦੀ ਸ਼ਲਾਘਾ ਹੋਈ ਹੈ, ਸਮਰਥਨ ਹੋਇਆ ਹੈ। ਇਸਦੇ ਪਾਸ ਹੋ ਜਾਣ ਤੋਂ ਬਾਅਦ ਜਲਦੀ ਹੀ ਇਹ ਅਮੈਂਡਮੈਂਟ ਪੂਰੀ ਹੋ ਜਾਵੇਗੀ ਅਤੇ ਸੈਂਟਰ ਤੋਂ ਡਾਇਰੈਕਸ਼ਨਜ਼ ਆ ਜਾਣਗੀਆਂ ਜਿਨ੍ਹਾਂ ਦੇ ਮੁਤਾਬਿਕ ਟ੍ਰਿਬਿਊਨਲਜ਼ ਕਾਇਮ ਹੋ ਜਾਣਗੀਆਂ।

ਮੈਂ ਹਾਊਸ ਨੂੰ ਇਕ ਜਾਣਕਾਰੀ ਹੋਰ ਦੇਣੀ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਨੂੰ ਹਰ ਪੱਖੋਂ ਪੰਜਾਬ ਦੀ ਬੇਹਤਰੀ ਦਾ ਖਿਆਲ ਹੈ। ਉਨ੍ਹਾਂ ਨੇ ਮਿਤੀ 12 ਮਾਰਚ, 1993 ਨੂੰ, ਲਗਭਗ 8-9 ਮਹੀਨੇ ਹੋ ਗਏ ਹਨ, ਰੈਂਟ ਰਿਟ੍ਰਿਕਸ਼ਨਜ਼ ਐਕਟ ਵਿਚ ਸੋਧ ਕਰਨ ਲਈ ਅਤੇ ਇਹ ਸੋਚਦੇ ਹੋਏ ਕਿ ਲੋਕਾ ਨੂੰ ਇਸ ਗੱਲ ਦੀ ਬੜੀ ਤਕਲੀਫ ਹੈ ਅਤੇ ਸੈਂਟਰ ਦੇ ਮਾਡਲ ਰੈਂਟ ਰਿਸਟ੍ਰਿਕਸ਼ਨਜ਼ ਐਕਟ ਨੂੰ ਮੱਦੇ ਨਜ਼ਰ ਰਖਦੇ ਹੋਏ ਇਕ ਕਮੇਟੀ ਬਣਾਈ ਜਿਹੜੀ ਕਿ ਹੋਰ ਤਜਵੀਜ਼ਾਂ ਦੇਵੇ। ਇਸ 9 ਮੈਂਬਰੀ ਕਮੇਟੀ ਦੀਆਂ 2-3 ਮੀਟਿਗਾਂ ਵੀ ਹੋ ਚੁੱਕੀਆਂ ਹਨ ਅਤੇ ਉਸ ਕਮੇਟੀ ਦੇ ਮੈਂਬਰ ਵੀ ਚਾਹੁੰਦੇ ਹਨ ਕਿ ਬਜਟ ਸੈਸ਼ਨ ਤੋਂ ਪਹਿਲਾਂ ਮਾਲਕਾਂ ਅਤੇ ਟੈਨੈਂਟਸ ਦੇ ਹਿਤਾਂ ਨੂੰ ਦੇਖਦੇ ਹੋਏ ਕੋਈ ਬੈਲੈਂਸਡ ਅਮੈਂਡਮੈਂਟ ਲਿਆਈਏ ਤਾਂ ਕਿ ਜਿਹੜੀ ਐਕਟ ਵਿਚ ਤਕਲੀਫ ਹੈ, ਉਹ ਖਤਮ ਹੋ ਜਾਵੇ! ਬਾਕੀ ਜਿਹੜਾ ਸੈਂਟਰ ਦਾ ਇਸ ਸਬੰਧੀ ਮਾਡਲ ਐਕਟ ਹੈ, ਕਮੇਟੀ ਉਸਨੂੰ ਵੀ ਧਿਆਨ ਵਿਚ ਰਖ ਕੇ ਕੰਮ ਕਰ ਰਹੀ ਹੈ। ਇਸ ਕਮੇਟੀ ਦਾ ਕੰਮ ਵੀ ਮੁਕੰਮਲ ਹੋ ਜਾਵੇਗਾ ਅਤੇ 1-2 ਮਹੀਨੇ ਵਿਚ ਪਾਸ ਕਰਾ ਕੇ ਭੇਜ ਦੇਵਾਂਗੇ ਅਤੇ ਚਾਹਵਾਂਗੇ ਕਿ ਜਲਦੀ ਸੈਂਟਰ ਤੋਂ ਗਾਈਡ-ਲਾਈਨਜ਼ ਮਿਲ ਜਾਣ ਤਾਂਕਿ ਮਾਲਕ-ਮਕਾਨਾਂ ਅਤੇ ਕਿਰਾਏਦਾਰਾਂ ਦੇ ਝਗੜਿਆਂ ਤੋਂ ਪੰਜਾਬ ਦੇ ਲੋਕਾਂ ਨੂੰ ਛੁਟਕਾਰਾ ਮਿਲ ਸਕੇ। ਧੰਨਵਾਦ।

**Mr. Depaty Speaker :** Question is—

That this House ratifies the amendment to the Constitution of India *falling* within the purview of clause (b) of the proviso to clause (2) of article 368 thereof, proposed to be made by the Constitution (Seventy-seventh Amendment) Bill, 1992, as passed by the Houses of Parliament.

*The motion was carried unanimously.*

**Mr. Depaty Speaker :** We next proceed with the Official Resolution. Minister to move.

---

## OFFICIAL RESOLUTION IN RESPECT OF MAKING UNIFORM LAW THROUGHOUT INDIA FOR THE REGULATION OF VETERINARY PRACTICE

**Education Minister (Sardar Lakhmir Singh Randhawa) :** Sir, I beg to move—

"WHEREAS this Assembly considers that it is desirable to have a uniform law through out India for the regulation of veterinary practice and for all matters connected therewith or ancillary and incidental thereto ;

Original with;
Punjab Vidhan Sabha
Digitized by;
Panjab Digital Library

[Education Minister]

AND WHEREAS the subject matter of such a law is relatable to matters enumerated in entries 15 and 32 of the State List and entry 26 of the Concurrent List given in the Seventh Schedule to the Constitution of India ;

AND WHEREAS Parliament has no power to make such a law for the States with respect to the matters enumerated in entries 15 and 32 of the State List given in the Seventh Schedule to the Constitution of India except as provided in articles 249 and 250 of the Constitution of India ;

AND WHEREAS by virtue of the powers under clause (1) of article 252 of the Constitution, and in pursuance of the resolutions passed by all the Houses of the Legislatures of the States of Haryana, Bihar, Orissa, Himachal Pradesh and Rajasthan, Parliament has passed the Indian Veterinary Council Act, 1984 (52 of 1984) (hereinafter referred to as the said Act) ;

AND WHEREAS by virtue of the provisions of sub-section (2) of Section 1 of the said Act, the said Act extended to the whole of the States of Haryana, Bihar, Orissa, Himachal Pradesh and Rajasthan and to all the Union Territories ;

AND WHEREAS in pursuance of the provisions of sub-section (3) of Section 1 of the said Act, it will tend to any other States as may adopt it by resolution passed in that behalf in pursuance to clause (1) of article 252 of the Constitution ;

AND WHEREAS it appears to this Assembly to be desirable that the said Act should be adopted in the State of Punjab ;

NOW, THEREFORE, in pursuance of clause (1) of article 252 of the Constitution this Assembly hereby resolves that the Indian Veterinary Council Act, 1984 (52 of 1984) be adopted in the State of Punjab."

ਸਪੀਕਰ ਸਾਹਿਬ, ਇਸ ਰੈਜ਼ੋਲਿਊਸ਼ਨ ਬਾਰੇ ਬੇਨਤੀ ਹੈ ਕਿ ਪੰਜਾਬ ਵਿਚ ਵੈਟਰਨਰੀ ਕੌਂਸਲ ਐਕਟ, 1981 ਵਿਚ ਬਣਾਇਆ ਗਿਆ ਸੀ। ਉਹ ਐਕਟ ਪੂਰੀ ਤਰ੍ਹਾਂ ਇਫੈਕਟਿਵ ਨਹੀਂ ਨਿਕਲਿਆ ਔਰ ਉਸ ਤੋਂ ਬਾਅਦ 1984 ਵਿਚ ਹਿੰਦੁਸਤਾਨ ਦੀ ਪਾਰਲੀਮੈਂਟ ਨੇ ਵੈਟਰਨਰੀ ਕੌਂਸਲ ਐਕਟ ਕੀਤਾ। ਉਸ ਦੇ ਮੁਤਾਬਿਕ ਜੋ ਵੈਟਰਨਰੀ ਸਾਇੰਸ ਹੈ, ਉਹ ਉਸ ਬਾਰੇ ਰਿਸਰਚ ਪਾਸ ਹਿੰਦੁਸਤਾਨ ਦੇ ਵਿਚ ਤਾਂ ਹੁੰਦੀ ਹੀ ਹੈ, ਬਾਕੀ ਸਾਰੀ ਦੁਨੀਆਂ ਦੀ ਰਿਸਰਚ ਵੀ ਹਿੰਦੁਸਤਾਨ ਵਿਚ ਆਉਂਦੀ ਹੈ। ਉਸ ਕੌਂਸਲ ਦੇ ਦਾਇਰੇ ਵਿਚ ਪੰਜਾਬ ਨਹੀਂ ਆਉਂਦਾ। ਬਹੁਤ ਸਾਰੇ ਦੂਸਰੇ ਸੂਬਿਆਂ ਨੇ ਐਕਟ ਪਾਸ ਕਰਕੇ ਇਸ ਐਕਟ ਨੂੰ ਆਪਣੀਆਂ ਆਪਣੀਆਂ ਸਟੇਟਾਂ ਵਿਚ ਅਡਾਪਟ ਕੀਤਾ ਹੈ ਜਿਸ ਨਾਲ ਉਹ ਇਸ ਐਕਟ ਦੇ ਲਾਭ ਲੈ ਰਹੇ ਹਨ। ਇਸ ਐਕਟ ਦੇ ਅਡਾਪਟ ਕਰਨ ਨਾਲ ਜਿਹੜੀ ਇੰਡੀਆ ਲੈਵਲ ਦੀ ਰਿਸਰਚ ਹੈ, ਉਸ ਦਾ ਫਾਇਦਾ ਪੰਜਾਬ ਨੂੰ ਮਿਲੇਗਾ। ਇਸ ਤੋਂ ਇਲਾਵਾ ਕਵਾਲੀਫਾਈਡ ਡਾਕਟਰ ਪਹਿਲਾਂ ਸਟੇਟ ਵਿਚ ਹੀ ਰਜਿਸਟਰਡ ਹੁੰਦਾ ਸੀ ਅਤੇ ਉਹ ਪ੍ਰੈਕਟਿਸ ਵੀ ਸਟੇਟ ਵਿਚ ਹੀ ਕਰ ਸਕਦਾ ਹੁੰਦਾ ਸੀ। ਲੇਕਿਨ ਇਸ ਤੋਂ ਬਾਅਦ ਉਹ ਭਾਰਤ ਲੈਵਲ ਤੇ ਆਪਣਾ ਨਾਂ ਰਜਿਸਟਰਡ ਕਰਵਾ ਸਕਣਗੇ ਅਤੇ ਉਹ ਡਾਕਟਰ ਪੰਜਾਬ ਤੋਂ ਬਾਹਰ ਵੀ ਜਾ ਸਕਣਗੇ। ਇਸੇ ਤਰ੍ਹਾਂ ਹੀ ਪੰਜਾਬ ਤੋਂ ਬਾਹਰੋਂ, ਬਾਕੀ ਭਾਰਤ ਵਿਚੋਂ ਵੀ ਕਵਾਲੀਫਾਈਡ ਡਾਕਟਰਾਂ ਨੂੰ ਇਥੇ ਲਿਆ ਕੇ ਅਸੀਂ ਉਨ੍ਹਾਂ ਦਾ ਫਾਇਦਾ ਉਠਾ ਸਕਾਂਗੇ। ਇਸ ਐਕਟ ਦੇ ਪਾਸ ਹੋਣ ਨਾਲ ਜਿਹੜਾ ਸਾਡਾ ਸਟੇਟ ਦਾ ਪਹਿਲਾ ਐਕਟ ਹੈ, ਉਹ ਰੀਪੀਲ ਹੋ ਜਾਵੇਗਾ ਅਤੇ ਭਾਰਤ ਦੀ ਪਾਰਲੀਮੈਂਟ ਨੇ ਜੋ ਐਕਟ ਪਾਸ ਕੀਤਾ ਹੈ, ਉਹ ਸਾਡੀ ਸਟੇਟ ਵਿਚ ਵੀ ਲਾਗੂ ਹੋ ਜਾਵੇਗਾ ਅਤੇ ਵੈਟਰਨਰੀ ਸਾਇੰਸ ਐਨਕਰੇਜ਼ ਹੋਵੇਗੀ, ਅਤੇ ਪੰਜਾਬ ਮੈਨਸਟਰੀਮ ਵਿਚ ਦਾਖਲ ਹੋ ਜਾਵੇਗਾ। ਮੈਂ ਚਾਹਵਾਂਗਾ ਕਿ ਇਸ ਰੈਜ਼ੋਲਿਊਸ਼ਨ ਨੂੰ ਜਿਹੜਾ ਕਿ ਕਾਫੀ ਸਮਾਂ ਪਹਿਲਾਂ ਪਾਸ ਹੋ ਜਾਣਾ ਚਾਹੀਦਾ ਸੀ, ਸਾਰਾ ਸਦਨ ਪਾਸ ਕਰੇ।

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved—

"WHEREAS this Assembly considers that it is desirable to have a uniform law throughout India for the regulation of veterinary practice and for all matters connected therewith or ancillary and incidental thereto ;

AND WHEREAS the subject matter of such a law relatable to matters enumerated in entries 15 and 32 of the State List and entry 26 of the Concurrent List given in the Seventh Schedule to the Constitution of India ;

AND WHEREAS Parliament has no power to make such a law for the States with respect to the matters enumerated in entries 15 and 32 of the State List given in the Seventh Schedule to the Constitution of India except as provided in articles 249 and 250 of the Constitution of India;

AND WHEREAS by virtue of the powers under clause (1) of article 252 of the Constitution, and in pursuance of the resolutions passed by all the Houses of the Legislatures of the States of Haryana Bihar, Orissa, Himachal Pradesh and Rajasthan, Parliament has passed the Indian Veterinary Council Act, 1984 (52 of 1984) (hereinafter referred to as the said Act) ;

AND WHEREAS by virtue of the provisions of sub-section (2) of Section 1 of the said Act, the said Act, extended to the whole of the States of Haryana, Bihar, Orissa, Himachal Pradesh and Rajasthan and to all the Union Territories ;

AND WHEREAS in pursuance of the provision of sub-section (3) of the section 1 of the said Act, it will extend to any other States as may adopt it by resolution passed in that behalf in pursuance of clause (1) of article 252 of the Constitution ;

AND WHEREAS it appears to this Assembly to be desirable that the said Act should be adopted in the State of Punjab ;

NOW, THEREFORE, in pursuance of clause (1) of article 252 of the Constitution, this Assembly hereby resolves that the Indian Veterinary Council Act, 1984 (52 of 1984) be adopted in the State of Punjab."

Discussion please. Arshi Ji.

**ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) :** ਆਨਰੇਬਲ ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਇਥੇ ਜੋ ਆਫਿਸ਼ੀਅਲ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ ਵੈਸੇ ਤਾਂ ਉਸ ਨਾਲ ਮੇਰਾ ਜ਼ਿਆਦਾ ਕੋਈ ਮਤਭੇਦ ਨਹੀਂ ਸਿਰਫ ਦੋ-ਤਿੰਨ ਪੁਆਇੰਟਸ ਬਾਰੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇਕਰ ਇਹ ਗੱਲਾਂ ਹੋਰ ਵੀ ਸਪਸ਼ਟ ਕਰ ਦਿੱਤੀਆਂ ਜਾਂਦੀਆਂ ਤਾਂ ਜ਼ਿਆਦਾ ਵਧੀਆ ਹੁੰਦਾ। ਵੈਟਰਨਰੀ ਡਿਪਾਰਟਮੈਂਟ ਦੇ ਰੂਲਜ਼ ਵਿੱਚ ਜੋ ਸੋਧਾਂ ਪਬਲਿਕ ਹਿਤ ਵਿੱਚ ਲਿਆਂਦੀਆਂ ਹਨ ਇਹ ਅੱਛੀ ਗੱਲ ਹੈ ਅਗਰ ਉਨ੍ਹਾਂ ਨੂੰ ਵੀ ਇਸ ਦੇ ਵਿੱਚ ਪਾਰਟ ਬਣਾ ਲਿਆ ਜਾਂਦਾ ਤਾਂ ਇਹ ਗੱਲ ਜ਼ਿਆਦਾ ਬਿਹਤਰ ਹੋ ਸਕਦੀ ਸੀ। ਇਹ ਠੀਕ ਹੈ, ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਜਿਹੜਾ ਵੀ ਆਦਮੀ ਵੈਟਰਨਰੀ ਗਰੈਜੂਏਟ ਹੈ ਜਦੋਂ ਉਹ ਇਕ ਥਾਂ ਤੋਂ ਡਿਪਲੋਮਾ ਕਰ ਲੈਂਦਾ ਹੈ ਤਾਂ ਉਹ ਪੰਜਾਬ ਵਿੱਚ ਕੀ ਸਾਰੇ ਹਿੰਦੁਸਤਾਨ ਦੇ ਵਿੱਚ ਜਿਸ ਤਰ੍ਹਾਂ ਕਿ ਐਮ.ਬੀ.ਬੀ.ਐਸ ਨੂੰ ਮਾਨਤਾ ਮਿਲਦੀ ਹੈ ਉਸੇ ਤਰ੍ਹਾਂ ਹੀ ਵੈਟਰਨਰੀ ਡਾਕਟਰਾਂ ਨੂੰ ਮਾਨਤਾ ਕਿਉਂ ਨਹੀਂ ਮਿਲਦੀ, ਬਾਕੀ ਸਟੇਟਾਂ ਵਿੱਚ ਉਹ ਰਜਿਸਟਰ ਕਿਉਂ ਨਾ ਹੋਣ। ਇਹ ਹੁਣ ਤੱਕ ਨਹੀਂ ਹੁੰਦਾ ਸੀ ਜੋ ਕਿ ਠੀਕ ਚੀਜ਼ ਨਹੀਂ ਸੀ। ਜੋ ਪਾਰਲੀਮੈਂਟ ਵੱਲੋਂ ਕਾਨੂੰਨ ਬਣਾਇਆ ਗਿਆ ਹੈ ਉਸ ਬਾਰੇ ਵਿਧਾਨ ਸਭਾ ਵਲੋਂ ਰੈਜ਼ੋਲਿਊਸ਼ਨ ਪਾਸ ਕਰਕੇ ਭੇਜਿਆ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਜਾਣਾ ਚਾਹੀਦਾ ਹੈ ਸਗੋਂ ਹੋਰ ਸਟੇਟਾਂ ਵੱਲੋਂ ਵੀ ਭੇਜਿਆ ਜਾਣਾ ਚਾਹੀਦਾ ਹੈ ਜਿਸ ਨਾਲ ਵੈਟਰਨਰੀ ਗਰੈਜੂਏਟਸ ਦੂਸਰੀਆਂ ਸਟੇਟਾਂ ਦੇ ਵਿੱਚ ਜਾ ਸਕਣਗੇ ਔਰ ਦੂਸਰੀਆਂ ਸਟੇਟਸ ਦੇ ਵੀ ਸਾਡੇ ਇਥੇ ਆ ਸਕਣਗੇ। ਇਹ ਗੱਲ ਪਹਿਲਾਂ ਬਿਲਕੁਲ ਨਹੀਂ ਹੁੰਦੀ ਸੀ। ਦੋ ਤਿੰਨ ਗੱਲਾਂ ਤੇ ਕਿੰਤੂ ਪਰੰਤੂ ਹੋ ਸਕਦਾ ਹੈ ਕਿ ਅਗਰ ਇਹ ਚੀਜ਼ ਬਹੁਤ ਹੀ ਜ਼ਰੂਰੀ ਸੀ ਤਾਂ ਜਿਹੜੀਆਂ ਸਟੇਟਾਂ ਐਨਟਾਈਟੱਲਡ ਹਨ, ਸਾਡੀ ਸਟੇਟ ਤੋਂ ਇਲਾਵਾ ਚਾਰ ਪੰਜ ਸਟੇਟਸ ਹੋਰ ਵੀ ਹਨ ਮੈਂ ਇਸ ਬਾਰੇ ਇਕ ਗੱਲ ਮੰਤਰੀ ਜੀ ਤੋਂ ਕਲੀਅਰ ਕਰਵਾਉਣਾ ਚਾਹੁੰਦਾ ਹਾਂ ਕਿ ਅਗਰ ਉਨ੍ਹਾਂ ਦੇ ਆਪਣੇ ਕੁਆਲੀਫਾਈਡ ਡਾਕਟਰ ਹਨ ਕੀ ਕਿਤੇ ਉਹ ਇਸ ਵਿੱਚ ਕੋਈ ਡੀਫੈਕਟ ਤਾਂ ਮਹਿਸੂਸ ਨਹੀਂ ਕਰਦੇ, ਉਨ੍ਹਾਂ ਨੇ ਇਸ ਨੂੰ ਕਿਉਂ ਨਹੀਂ ਅਪਣਾਇਆ? ਜਿਸ ਕਰਕੇ ਸਾਰੀਆਂ ਸਟੇਟਸ ਇਸ ਦਾਇਰੇ ਵਿੱਚ ਨਹੀਂ ਆਈਆਂ। ਸੱਭ ਤੋਂ ਵੱਡੀ ਸਪੱਸ਼ਟ ਕਰਨ ਵਾਲੀ ਗੱਲ ਇਹ ਹੈ।

ਦੂਸਰੀ ਗੱਲ ਇਹ ਹੈ ਕਿ, ਇਸ ਦੇ ਆਉਣ ਨਾਲ ਪੰਜਾਬ ਵਿੱਚ ਲੰਮੇ ਸਮੇਂ ਤੋਂ ਜਿਹੜੇ ਵੈਟਰਨਰੀ ਫਾਰਮਾਸਿਸਟ ਹਨ ਉਨ੍ਹਾਂ ਨੇ ਹੜਤਾਲ ਕੀਤੀ ਔਰ ਉਨ੍ਹਾਂ ਦੀ ਸੱਭ ਤੋਂ ਵੱਡੀ ਮੰਗ ਸੀ ਕਿ ਸਾਨੂੰ ਵੀ ਇਸ ਕੌਂਸਲ ਦੀ ਮਾਨਤਾ ਜਾਂ ਰਜਿਸਟਰੇਸ਼ਨ ਕਿਸੇ ਤਰ੍ਹਾਂ ਵੀ ਸ਼ਾਮਲ ਕਰਨਾ ਚਾਹੀਦਾ ਹੈ ਕਿਉਂਕਿ ਉਹ ਡਾਕਟਰ ਹੈ ਨਹੀਂ ਔਰ ਜਿਹੜੇ ਸਾਡੇ ਪੇਂਡੂ ਏਰੀਆਜ਼ ਹਨ ਜਿਹੜੀਆਂ ਦੂਰ ਦੀਆਂ ਡਿਸਪੈਂਸਰੀਆਂ ਹਨ ਉਨ੍ਹਾਂ ਦੇ ਵਿੱਚ ਵੈਟਰਨਰੀ ਫਾਰਮਾਸਿਸਟ ਹੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹਨ ਔਰ ਉਨ੍ਹਾਂ ਨੂੰ ਕਿਸੇ ਤਰ੍ਹਾਂ ਹੀ ਕੋਈ ਟੈਬਲੈਟ ਕਿਸੇ ਐਨੀਮਲ ਵਾਸਤੇ ਪ੍ਰੈਸਕਰਾਈਬ ਕਰਨ ਦਾ ਹੱਕ ਨਹੀਂ ਜਦੋਂ ਕਿ ਹੈਲਥ ਡੀਪਾਰਟਮੈਂਟ ਦੇ ਫਾਰਮਾਸਿਸਟ ਟਰੀਟਮੈਂਟ ਦੇ ਸਕਦੇ ਹਨ ਔਰ ਮੈਡੀਸਿਨ ਵੀ ਲਿਖ ਸਕਦੇ ਹਨ। ਇਹ ਗੱਲ ਕਹਿ ਕੇ ਮੈਂ ਡਾਕਟਰਾਂ ਔਰ ਫਾਰਮਾਸਿਸਟਾਂ ਨੂੰ ਇਕ ਸਟੇਜ਼ ਤੇ ਬਿਲਕੁਲ ਨਹੀਂ ਰੱਖਣਾ ਚਾਹੁੰਦਾ ਕਿਉਂਕਿ ਡਾਕਟਰ ਤਾਂ ਡਾਕਟਰ ਹੀ ਹੈ ਉਸ ਨੇ ਆਫਟਰ ਆਲ 5 ਸਾਲ ਦੀ ਟ੍ਰੇਨਿੰਗ ਪ੍ਰਾਪਤ ਕੀਤੀ ਹੈ ਔਰ ਕੰਪਾਊਂਡਰ ਦੀ ਟ੍ਰੇਨਿੰਗ ਉਸਦੇ ਮੁਕਾਬਲੇ ਬਹੁਤ ਘੱਟ ਹੈ। ਲੇਕਿਨ ਕਿਸੇ ਨਾ ਕਿਸੇ ਰੂਪ ਦੇ ਵਿੱਚ ਇਹ ਗੱਲ ਜ਼ਰੂਰ ਐਗਰੀ ਕਰਨੀ ਚਾਹੀਦੀ ਹੈ ਕਿ ਜਿਨ੍ਹਾਂ ਨੂੰ ਭੋਰਾ ਵੀ ਕਿਸੇ ਤਰ੍ਹਾਂ ਦੀ ਮੈਡੀਸਿਨ ਲਿਖਣ ਦਾ ਔਰ ਕਿਸੇ ਐਨੀਮਲ ਦਾ ਟਰੀਟਮੈਂਟ ਕਰਨ ਦਾ ਜੇ ਉਹ ਠੀਕ ਢੰਗ ਨਾਲ ਟਰੀਟਮੈਂਟ ਕਰਨ ਕਿਤੇ ਕਿਸੇ ਪਸ਼ੂ ਧਨ ਦਾ ਨੁਕਸਾਨ ਨਾ ਹੋ ਜਾਵੇ ਤਾਂ ਉਹ ਬੁਰੀ ਤਰ੍ਹਾਂ ਕਾਨੂੰਨੀ ਉਲਝਨ ਵਿੱਚ ਫੱਸ ਸਕਦਾ ਹੈ ਕਿਉਂਕਿ ਉਸ ਨੂੰ ਕੋਈ ਅਧਿਕਾਰ ਨਹੀਂ। 15-16 ਕਿਲੋਮੀਟਰ ਤੇ ਡਾਕਟਰ ਹੁੰਦਾ ਹੈ ਰੂਰਲ ਏਰੀਆਜ਼ ਦੇ ਵਿੱਚ, ਜੇ ਨੇੜੇ ਹੋਵੇ ਵੀ ਤਾਂ ਉਹ ਉਥੇ ਰਹਿਣਾ ਪਸੰਦ ਨਹੀਂ ਕਰਦਾ ਇਸ ਹਾਲਾਤ ਵਿੱਚ ਜਦੋਂ ਸਾਡੇ ਪਸ਼ੂ ਧਨ ਨੂੰ ਇਮੀਜੀਏਟ ਟਰੀਟਮੈਂਟ ਦੀ ਜ਼ਰੂਰਤ ਹੈ ਉਹ ਉਸ ਨੂੰ ਮਿਲ ਨਹੀਂ ਸਕਦਾ ਔਰ ਪਸ਼ੂ ਨੂੰ ਏਨੀ ਦੂਰ ਲਿਜਾਇਆ ਨਹੀਂ ਜਾ ਸਕਦਾ ਉਸ ਵਕਤ ਫਾਰਮਾਸਿਸਟ ਹੀ ਇਲਾਜ਼ ਕਰਦੇ ਹਨ ਔਰ ਇਸ ਹਾਲਤ ਵਿੱਚ ਜੇਕਰ ਕਿਸੇ ਤਰ੍ਹਾਂ ਦੀ ਕੋਈ ਦੁਖਦਾਈ ਘਟਨਾ ਵਾਪਰ ਜਾਂਦੀ ਹੈ ਤਾਂ ਫਾਰਮਾਸਿਸਟ ਨੂੰ ਬਚਾਉਣ ਵਾਸਤੇ ਕੁਝ ਨਹੀਂ ਹੈ। ਜਿਵੇਂ ਹੈਲਥ ਡਿਪਾਰਟਮੈਂਟ ਵਿਚ ਕੌਂਸਲ ਆਫ ਫਾਰਮਾਸਿਸਟ ਹੈ, ਇਸੇ ਤਰ੍ਹਾਂ ਨਰਸਿਜ਼ ਕਾਊਂਸਲ ਬਣੀ ਹੋਈ ਹੈ। ਇਸੇ ਤਰ੍ਹਾਂ ਵੈਟਰਨਰੀ ਫਾਰਮਾਸਿਸਟ ਕੌਂਸਲ ਬਾਰੇ ਰਿਕੁਮੈਂਡ ਕਰਕੇ ਪੰਜਾਬ ਸਰਕਾਰ ਕੋਲ ਕੇਸ ਭੇਜਿਆ ਗਿਆ ਹੈ ਇਸ ਕਾਊਂਸਲ ਨੂੰ ਮਾਨਤਾ ਪ੍ਰਾਪਤ ਹੋਵੇ ਅਤੇ ਕੁਝ ਹੱਦ ਤੱਕ, ਮੈਂ ਸ਼ਬਦ ਕੁਝ ਹੱਦ ਤੱਕ ਵਰਤ ਰਿਹਾ ਹਾਂ ਨਾ ਕਿ ਡਾਕਟਰਾਂ ਵਾਲੇ ਪੂਰੇ ਅਧਿਕਾਰ ਮਿਲਣ, ਪਰ ਉਨ੍ਹਾਂ ਨੂੰ ਕੁਝ ਹੱਦ ਤੱਕ ਅਧਿਕਾਰ ਜ਼ਰੂਰ ਮਿਲਣ। ਮੈਂ ਸਮਝਦਾ ਹਾਂ ਕਿ ਮੰਤਰੀ ਜੀ ਇਹ ਗੱਲ ਆਪਣੇ ਜਵਾਬ ਵਿਚ ਕਹਿਣਗੇ ਕਿ ਕਿਥੋਂ ਤੱਕ ਵੈਟਰਨਰੀ ਫਾਰਮਾਸਿਸਟ ਕੌਂਸਲ ਬਣਾਉਣ ਵਾਸਤੇ ਵਿਚਾਰ ਹੋ ਚੁੱਕਾ ਹੈ

Original with;
Punjab Vidhan Sabha
Digitized by;
Panjab Digital Library

ਅਤੇ ਕਦੋਂ ਤੱਕ ਸਰਕਾਰ ਇਸ ਦੀ ਫਾਰਮੇਸ਼ਨ ਕਰ ਦੇਵੇਗੀ। ਇਸ ਬਾਰੇ ਮੰਤਰੀ ਜੀ, ਜ਼ਰੂਰ ਕੁਝ ਦੱਸਣਗੇ। ਦੂਸਰਾ ਮੈਂ ਇਕ-ਦੋ ਮਿੰਟਾਂ ਵਿਚ ਹੀ ਆਪਣੀ ਗੱਲ ਸੰਖੇਪ ਵਿਚ ਕਹਿ ਕੇ, ਡਿਪਟੀ ਸਪੀਕਰ ਸਾਹਿਬ, ਖਤਮ ਕਰਨਾ ਚਾਹੁੰਦਾ ਹਾਂ। ਇਸ ਵੇਲੇ ਜਿਹੜੇ ਪੰਜਾਬ ਵਿਚ ਟੋਟਲ ਕੁਆਲੀਫਾਈਡ ਡਾਕਟਰ ਹਨ ਅੱਗੇ ਉਨ੍ਹਾਂ ਦੀ ਅਫਸਰ-ਕਲਾਸ-1 ਅਤੇ 2 ਦੇ ਤੌਰ ਤੇ ਗਰੇਡੇਸ਼ਨ ਕੀਤੀ ਹੋਈ ਹੈ। ਇਨ੍ਹਾਂ ਦੀ ਗਿਣਤੀ 1,100 ਅਤੇ ਜਿਹੜੇ ਜ਼ਿਆਦਾ ਕੁਆਲੀਫਾਈਡ ਹਨ ਉਹ 954 ਹੈ ਅਤੇ 134 ਪੋਸਟਾਂ ਵੈਟਰਨਰੀ ਡਾਕਟਰਾਂ ਦੀਆਂ ਅਜੇ ਖਾਲੀ ਪਈਆਂ ਹੋਈਆਂ ਹਨ। ਪੰਜਾਬ ਵਿਚ 12,000 ਦੇ ਕਰੀਬ ਪਿੰਡ ਹਨ। ਪੰਜਾਬ ਵਿੱਚ ਜਿਹੜੇ ਫਾਰਮਾਸਿਸਟ ਹਨ ਉਹ 2,500 ਹਨ। ਇਸ ਕਰਕੇ ਹਰ ਜਗ੍ਹਾ ਡਾਕਟਰ ਅਤੇ ਫਾਰਮਾਸਿਸਟ ਅਵੇਲੇਬਲ ਨਹੀਂ ਹੋ ਸਕਦੇ। ਇਸ ਤਰ੍ਹਾਂ ਟਰੀਟਮੈਂਟ, ਪੋਸਟ-ਮਾਰਟਮਟ ਅਤੇ ਡੈਥ ਸਰਟੀਫੀਕੇਟ ਵਗੈਰਾ ਟਾਈਮ ਸਿਰ ਨਹੀਂ ਮਿਲ ਸਕਦੇ। ਜੇਕਰ ਵੈਟਰਨਰੀ ਫਾਰਮਾਸਿਟ ਕਾਊਂਸਲ ਬਣ ਜਾਂਦੀ ਹੈ ਤਾਂ ਕਿਸੇ ਨਾ ਕਿਸੇ ਰੂਪ ਵਿਚ ਉਨ੍ਹਾਂ ਨੂੰ ਕੁਝ ਅਧਿਕਾਰ ਮਿਲ ਜਾਣ, ਇਹ ਗੱਲ ਜ਼ਰੂਰ ਵਿਚਾਰੀ ਜਾਣੀ ਚਾਹੀਦੀ ਹੈ।

ਅਖੀਰ ਵਿੱਚ ਮੈਂ ਇਕ ਦੋ ਗੱਲਾਂ ਕਹਿ ਕੇ ਸਮਾਪਤ ਕਰਨਾ ਚਾਹੁੰਦਾ ਹਾਂ। ਜਿਹੜੇ ਪੰਜਾਬ ਦੇ ਵੈਟਰਨਰੀ ਡਾਕਟਰ ਹਨ, ਮੈਂ ਉਨ੍ਹਾਂ ਦੀ ਕੁਆਲੀਫਿਕੇਸ਼ਨ ਬਾਰੇ ਕੋਈ ਸ਼ੱਕ ਨਹੀਂ ਕਰਦਾ ਅਤੇ ਨਾ ਹੀ ਉਨ੍ਹਾਂ ਉਤੇ ਕਿਸੇ ਕਿਸਮ ਦਾ ਕੋਈ ਪ੍ਰਸ਼ਨ ਚਿੰਨ ਲਗਾਉਣਾ ਚਾਹੁੰਦਾ ਹਾਂ। ਸਾਡੇ ਇਕ ਖੇਤੀਬਾੜੀ ਯੂਨੀਵਰਸਿਟੀ ਹੈ ਜਿਹੜੀ ਕਿ ਵੈਟਰਨਰੀ ਡਾਕਟਰਾਂ ਨੂੰ ਟਰੇਂਡ ਕਰਦੀ ਹੈ। ਮੰਤਰੀ ਸਾਹਿਬ ਆਪਣੇ ਜੁਆਬ ਵਿੱਚ ਇਸ ਨੂੰ ਧਿਆਨ ਵਿੱਚ ਰੱਖਣਗੇ ਕਿ ਸਾਡੇ ਇਕੋ ਇਕ ਵੈਟਰਨਰੀ ਕਾਲਜ ਹੈ ਜਿਥੇ ਕਿ 80 ਸੀਟਾਂ ਹਨ ਪ੍ਰੰਤੂ ਕੇਵਲ 39 ਜਾਂ 40 ਡਾਕਟਰ ਹੀ ਅਵੇਲੇਬਲ ਹੁੰਦੇ ਹਨ। ਬਾਕੀ ਦੇ 40 ਪਤਾ ਨਹੀਂ ਕਿਉਂ ਛੱਡ ਕੇ ਚਲੇ ਜਾਂਦੇ ਹਨ। ਇਸ ਦੇ ਕੀ ਰੀਜ਼ਨ ਹੋ ਸਕਦੇ ਹਨ ਅਤੇ ਸਾਨੂੰ ਕੀ ਕੁਝ ਕਰਨ ਦੀ ਜ਼ਰੂਰਤ ਹੈ। ਸਰਕਾਰ ਇਸ ਦੀ ਡਿਵੈਲਪਮੈਂਟ ਕਰੇ, ਉਥੇ ਵਧੇਰੇ ਰਿਸਰਚ ਹੋਵੇ। ਇਸ ਬਾਰੇ ਸਰਕਾਰ ਨੂੰ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ ਚਾਰ ਫਾਰਮ ਬਣੇ ਹੋਏ ਹਨ। ਇਹ ਪਟਿਆਲਾ, ਨਾਭਾ, ਮੱਤੇਵਾੜਾ ਅਤੇ ਰੋਪੜ ਵਿਚ ਹਨ। ਮਨਿਸਟਰ ਸਾਹਿਬ ਨੇ ਰੈਜ਼ੋਲਿਊਸ਼ਨ ਮੂਵ ਕੀਤਾ ਹੈ, ਬੜਾ ਅੱਛਾ ਹੈ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਵਿਚੋਂ ਦੋ ਫਾਰਮ ਬੁਰੀ ਤਰ੍ਹਾਂ ਫੇਲ ਹੋ ਚੁੱਕੇ ਹਨ ਅਤੇ ਦੂਜੇ ਵੀ ਬੰਦ ਹੋਣ ਦੇ ਕਿਨਾਰੇ ਤੇ ਹਨ। 501 ਏਕੜ ਜ਼ਮੀਨ ਦਿਤੀ ਹੋਈ ਹੈ। ਫਿਰ ਉਹ ਕਿਹੜੇ ਰੁਟ-ਕਾਜ਼ ਹਨ ਕਿ ਇਹ ਫੇਲ੍ਹ ਹੋਣ ਦੀ ਸਟੇਜ਼ ਤੇ ਹਨ। ਅਖੀਰ ਵਿਚ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਾਲ 1988-89 ਵਿੱਚ ਮਸਨੂਈ ਗਰਭ ਦੇ 1.78 ਲੱਖ ਟੀਕੇ ਅਮਰੀਕਾ ਤੋਂ ਮੰਗਵਾਉਣੇ ਪਏ ਜਿਸ ਉਤੇ ਸਾਨੂੰ 2.45 ਲੱਖ ਯੂ.ਐਸ.ਏ. ਡਾਲਰ ਦੀ ਕੀਮਤ ਅਦਾ ਕਰਨੀ ਪਈ। ਜੇਕਰ ਇਸ ਨੂੰ ਹਿੰਦੁਸਤਾਨੀ ਕਰੰਸੀ ਵਿੱਚ ਤਬਦੀਲ ਕੀਤਾ ਜਾਵੇ ਤਾਂ ਇਹ ਬਹੁਤ ਵੱਡੀ ਕੀਮਤ ਬਣ ਜਾਂਦੀ ਹੈ। ਸਾਨੂੰ ਤਾਂ ਇਹ ਸਾਰੀ ਕੀਮਤ ਡਾਲਰਾਂ ਵਿੱਚ ਵਾਪਸ ਕਰਨੀ ਪਈ। ਇਸ ਦੇ ਮੁਕਾਬਲੇ ਜਿਹੜੇ ਸਾਡੇ ਫਾਰਮ ਹਨ, ਉਨ੍ਹਾਂ ਦੀ ਕਾਰਗੁਜ਼ਾਰੀ ਕੋਈ ਬਹੁਤੀ ਚੰਗੀ ਨਹੀਂ ਹੈ ਅਤੇ ਨਿਰਾਸ਼ਾਜਨਕ ਹੈ। ਡਿਪਟੀ ਸਪੀਕਰ ਸਾਹਿਬ, ਬਾਹਰੋਂ ਵੈਕਸੀਨੇਸ਼ਨ ਮੰਗਵਾ ਕੇ ਸਾਨੂੰ ਘਾਟਾ ਪੈ ਰਿਹਾ ਹੈ। ਸਾਲ 1989-90 ਵਿਚ ਬਾਹਰੋਂ ਕੋਈ ਇੰਜੈਕਸ਼ਨ ਨਹੀਂ ਮੰਗਵਾਏ। ਸਾਲ 1990-91 ਵਿੱਚ ਰਿ 2 ਲੱਖ ਇੰਜੈਕਸ਼ਨ ਮੰਗਵਾਏ ਅਤੇ 1.52 ਲੱਖ ਯੂ.ਐਸ.ਏ. ਡਾਲਰ ਅਦਾ ਕਰਨੇ ਪਏ। ਸਾਲ 1991-92 ਵਿੱਚ 1.67 ਲੱਖ ਇੰਜੈਕਸ਼ਨ ਮੰਗਵਾਏ ਅਤੇ 1.49 ਲੱਖ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਡਾਲਰ ਚੁਕਾਉਣੇ ਪਏ। ਹੁਣ ਸਾਲ 1993-94 ਲਈ ਇੱਕ ਲੱਖ ਇੰਜੈਕਸ਼ਨ ਮੰਗਵਾਉਣ ਵਾਸਤੇ ਟੈਂਡਰ ਕਾਲ ਕੀਤੇ ਹੋਏ ਹਨ। ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਜਿਹੜੀ ਸਾਨੂੰ ਇਡੀ ਵੱਡੀ ਮਾਤਰਾ ਵਿਚ ਫਾਰਨ ਕਰੰਸੀ ਦੇਣੀ ਪੈ ਰਹੀ ਹੈ ਪ੍ਰੰਤੂ ਸਾਡੇ ਆਪਣੇ ਫਾਰਮ ਫੇਲ੍ਹ ਹੋ ਰਹੇ ਹਨ ਅਸੀਂ 501 ਏਕੜ ਜ਼ਮੀਨ ਵੀ ਉਨ੍ਹਾਂ ਨੂੰ ਦਿੱਤੀ ਹੋਈ ਹੈ, ਕੀ ਇਸ ਵਿੱਚ ਕਿਤੇ ਸਾਡੇ ਡਿਪਾਰਟਮੈਂਟ ਵਿੱਚ ਕੋਈ ਡਰਾਅ-ਬੈਕ ਤਾਂ ਨਹੀਂ ਹੈ ਜਾਂ ਸਬੰਧਤ ਆਫੀਸ਼ੀਅਲ ਦੀ ਕਿਤੇ ਕੋਈ ਕੁਤਾਹੀ ਤਾਂ ਨਹੀਂ ਹੈ ਅਤੇ ਕਿਤੇ ਉਹ ਕੋਈ ਗੜਬੜ ਤਾਂ ਨਹੀਂ ਕਰ ਰਹੇ ? ਇਸ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ। ਵੇਖਣ ਵਾਲੀ ਗੱਲ ਹੈ ਕਿ ਸਾਲ 1988-89 ਵਿੱਚ 2.45 ਲੱਖ ਯੂ.ਐਸ.ਏ. ਡਾਲਰ ਖਰਚ ਕੀਤੇ ਗਏ ਅਤੇ ਉਸ ਤੋਂ ਬਾਅਦ ਇਹ ਰਕਮ ਘਟਦੀ ਗਈ। ਜਦੋਂ ਸਾਰੇ ਵਰਲਡ ਦਾ ਵੀ ਰੁਝਾਨ ਵੇਖਿਆ ਜਾਵੇ ਤਾਂ ਬੱਜਟ ਹਰ ਸਾਲ ਵਧਦਾ ਹੈ ਅਤੇ ਕੀਮਤਾਂ ਵਧਦੀਆਂ ਹਨ ਪ੍ਰੰਤੂ ਇਥੇ ਕੰਮ ਉਲਟ ਹੋ ਰਿਹਾ ਹੈ। ਮੰਤਰੀ ਜੀ ਨੂੰ ਇਸ ਬਾਰੇ ਜ਼ਰੂਰ ਇਨਕੁਆਰੀ ਕਰਾਉਣੀ ਚਾਹੀਦੀ ਹੈ। There is a big scandal. ਇਸ ਗੱਲ ਨੂੰ ਧਿਆਨ ਵਿੱਚ ਰਖਿਆ ਜਾਵੇ। ਅਸੀਂ ਵਿਦੇਸ਼ਾਂ ਤੋਂ ਵੈਕਸੀਨ ਜਾਂ ਸੀਮਨ ਵਗੈਰਾ ਮੰਗਵਾਉਂਦੇ ਹਾਂ। ਸਾਨੂੰ ਆਪਣੇ ਫਾਰਮਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇੱਥੇ ਜ਼ਿਆਦਾ ਰੀਸਰਚ ਹੋਵੇ ਅਤੇ ਜ਼ਿਆਦਾ ਸੀਮਨ ਵਗੈਰਾ ਆਪ ਤਿਆਰ ਕਰੀਏ। ਜਿਹੜਾ ਬਜ਼ਟ ਹਸਪਤਾਲਾਂ ਲਈ ਹੈ ਉਹ 20,000 ਰੁਪਏ ਹੈ ਅਤੇ ਡਿਸਪੈਂਸਰੀਆਂ ਲਈ ਕੇਵਲ 10,000 ਰੁਪਏ ਹੈ। ਡਿਪਟੀ ਸਪੀਕਰ ਸਾਹਿਬ ਇੰਨੀ ਥੋੜੀ ਅਮਾਊਂਟ ਦੀ ਮੈਡੀਸਨ ਦੇ ਨਾਲ ਪਸ਼ੂ ਧਨ ਦਾ ਇਲਾਜ ਕਿਵੇਂ ਸਹੀ ਤਰੀਕੇ ਨਾਲ ਹੋ ਸਕਦਾ ਹੈ। ਇਸ ਲਈ ਬਜਟ ਉਪਬੰਧ ਵਧਾਇਆ ਜਾਣਾ ਚਾਹੀਦਾ ਹੈ।

ਅਖੀਰ ਵਿੱਚ ਮੈਂ ਇਕ ਬੀਮਾਰੀ ਜਿਹੜੀ ਕੁਰੱਪਸ਼ਨ ਹੈ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਇਕ ਵੈਕਸੀਨ ਦਾ ਇੰਜੈਕਸ਼ਨ ਜੋ ਕਿ 10 ਰੁਪਏ ਕੀਮਤ ਦਾ ਹੈ ਉਸਦਾ 10 ਰੁਪਏ ਦੀ ਥਾਂ 50-50, 60-60 ਅਤੇ ਕਈ ਵੇਰ 70-70 ਰੁਪਏ ਤੱਕ ਚਾਰਜ ਕੀਤੇ ਜਾਂਦੇ ਹਨ। ਇਸ ਤਰ੍ਹਾਂ ਦੀ ਲੁੱਟ ਬੰਦ ਹੋਣੀ ਚਾਹੀਦੀ ਹੈ। ਇਕ ਤਾਂ ਪਹਿਲਾਂ ਹੀ ਸਰਕਾਰ ਨੂੰ ਬਾਹਰਲੇ ਦੇਸ਼ਾਂ ਨੂੰ ਬਿਦੇਸ਼ੀ ਧਨ ਦੇਣਾ ਪਿਆ ਅਤੇ ਦੂਸਰਾ ਆਮ ਜਨਤਾ ਤੋਂ ਇੰਨੀ ਵੱਡੀ ਰਕਮ ਚਾਰਜ ਕੀਤੀ ਜਾਂਦੀ ਹੈ। ਇਸ ਲਈ ਪੰਜਾਬ ਰਾਜ ਅਤੇ ਖਾਸ ਕਰਕੇ ਕਿਸਾਨ ਦੀ ਬਿਹਤਰੀ ਲਈ ਜੋ ਮੈਂ ਉਪਰ ਕਲੈਰੀਫੀਕੇਸ਼ਨ ਜਾਂ ਕੁਝ ਸੁਝਾਉ ਦਿਤੇ ਹਨ ਜੋ ਪ੍ਰੈਕਟੀਕਲ ਲਾਈਫ ਵਿੱਚ, ਖਾਸ ਕਰਕੇ ਜੋ ਫਾਰਮਾਸਿਸਟਾਂ ਦਾ ਪੁਆਇੰਟ ਹੈ, ਇਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਕੰਸਿਡਰ ਕੀਤਾ ਜਾਵੇ। ਇਨ੍ਹਾਂ ਸਬੰਧੀ ਠੋਸ ਨੁਕਤੇ ਬਣਾ ਕੇ ਵਿਧਾਨ-ਸਭਾ ਸਾਹਮਣੇ ਲਿਆਂਦੇ ਜਾਣ ਜੇ ਤੁਸੀਂ ਇਥੇ ਲਿਆਉਣੇ ਯੋਗ ਨਾ ਸਮਝੋ ਤਾਂ ਘੱਟੋ ਘੱਟ ਇੰਪਲੀਮੈਂਟ ਜ਼ਰੂਰ ਕਰਨੇ ਚਾਹੀਦੇ ਹਨ।

**ਸ੍ਰੀ ਡਿਪਟੀ ਸਪੀਕਰ:** ਸ੍ਰੀਮਤੀ ਵਿਮਲਾ ਡਾਂਗ ਜੀ, ਕੀ ਤੁਸੀਂ ਬੋਲੋਗੇ ? ਡਾਕਟਰ (ਸ੍ਰੀਮਤੀ) ਮਾਲਤੀ ਥਾਪਰ ਜੀ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ (ਮੋਗਾ):** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਕ ਇਮਪਾਰਟੈਂਟ ਰੈਜ਼ੋਲਿਊਸ਼ਨ ਤੇ ਜਿਹੜਾ ਕਿ ਸਾਡੇ ਮਨਿਸਟਰ ਸਾਹਿਬ ਨੇ ਹੁਣੇ ਮੂਵ ਕੀਤਾ, ਉਸ ਤੇ ਬੋਲਣ ਦਾ ਸਮਾਂ ਦਿਤਾ। ਇਹ ਬਿਲਕੁਲ ਠੀਕ ਹੈ ਕਿ ਜਿਹੜਾ ਰੈਜ਼ੋਲਿਊਸ਼ਨ ਹੈ ਇਨ੍ਹਾਂ ਨੂੰ ਇਹ ਬਹੁਤ ਪਹਿਲਾਂ ਮੂਵ ਕਰਕੇ ਅਡਾਪਟ ਕਰਨਾ ਚਾਹੀਦਾ ਸੀ। ਮੈਂ ਦੱਸਣਾ ਚਾਹੁੰਦੀ ਹਾਂ ਕੀ ਪਸ਼ੂ ਸਾਡੇ ਪੰਜਾਬ ਲਈ ਹੀ ਨਹੀਂ ਬਲਕਿ ਸਾਡੇ ਦੇਸ਼ ਲਈ ਮਹੱਤਵਪੂਰਨ

Original with;
Punjab Vidhan Sabha
Digitized by;
Panjab Digital Library

ਧਨ ਹੈ। ਇਨ੍ਹਾਂ ਦੀ ਚੰਗੀ ਹੈਲਥ ਵੀ ਉਨੀ ਹੀ ਜ਼ਰੂਰੀ ਹੈ ਜਿੰਨੀ ਕਿ ਇਨਸਾਨ ਦੀ ਜ਼ਰੂਰੀ ਹੈ। ਇਸ ਲਈ ਵੈਟਰਨਰੀ ਡਾਕਟਰ ਦੀ ਇਮਪਾਰਟੈਂਸ ਵੀ ਦੂਜੇ ਡਾਕਟਰਾਂ ਦੇ ਬਰਾਬਰ ਹੋਣੀ ਚਾਹੀਦੀ ਹੈ। ਇਸ ਰੈਜ਼ੋਲਿਊਸ਼ਨ ਨੂੰ ਅਡਾਪਟ ਕਰਨ ਨਾਲ ਜਿਹੜੇ ਸਾਡੇ ਵੈਟਰਨਰੀ ਡਾਕਟਰ ਹਨ ਜਦੋਂ ਉਨ੍ਹਾਂ ਦੀ ਰੀਸਰਚ ਕਿਸੇ ਵੀ ਸਟੇਟ ਵਿਚ ਹੋਣੀ ਸ਼ੁਰੂ ਹੋ ਜਾਵੇਗੀ ਤਾਂ ਫਿਰ ਸਾਡੇ ਐਜੂਕੇਟਿਡ ਨੌਜਵਾਨ ਇਸ ਫੀਲਡ ਵੱਲ ਵੀ ਜਾਣਾ ਪਸੰਦ ਕਰਨਗੇ। ਹੁਣੇ ਹੀ ਅਰਸ਼ੀ ਜੀ ਨੇ ਬੜੇ ਕਲੀਅਰ ਸ਼ਬਦਾਂ ਵਿਚ ਦੱਸਿਆ ਕਿ ਸਾਡੇ ਪੰਜਾਬ ਵਿਚ ਕੇਵਲ ਇੱਕੋ ਹੀ ਵੈਟਰਨਰੀ ਕਾਲਿਜ ਹੈ ਜਿੱਥੇ ਕੁਲ 80 ਸੀਟਾਂ ਹਨ, ਪਰ ਉਥੇ ਪੂਰੀਆਂ ਫੈਸਿਲਟੀਜ਼ ਨਾ ਦਿਤੀਆਂ ਜਾਣ ਕਰਕੇ ਪੂਰੀਆਂ ਸਹੂਲਤਾਂ ਵੈਟਰਨਰੀ ਡਾਕਟਰਾਂ ਨੂੰ ਨਾ ਹੋਣ ਕਰਕੇ ਸਾਡੇ ਪੜ੍ਹੇ-ਲਿਖੇ ਨੌਜਵਾਨ ਇਸ ਪਾਸੇ ਜਾਣਾ ਪਸੰਦ ਨਹੀਂ ਕਰਦੇ। ਇਸ ਲਈ ਇਹ ਜਿਹੜਾ ਰੈਜ਼ੋਲਿਊਸ਼ਨ ਹੈ ਜੋ ਮਨਿਸਟਰ ਸਾਹਿਬ ਨੇ ਮੂਵ ਕੀਤਾ ਹੈ, ਮੈਂ ਇਸਦਾ ਪੁਰ-ਜ਼ੋਰ ਸਮੱਰਥਨ ਕਰਦੀ ਹਾਂ ਅਤੇ ਸਦਨ ਨੂੰ ਸਿਫਾਰਸ਼ ਕਰਦੀ ਹਾਂ ਕਿ ਇਸ ਨੂੰ ਜਲਦੀ ਤੋਂ ਜਲਦੀ ਪਾਸ ਕੀਤਾ ਜਾਵੇ। ਇਕ ਹੋਰ ਵੀ ਮੁਸ਼ਕਲ ਹੈ ਕਿ ਪੰਜਾਬ ਵਿੱਚ ਵੈਟਰਨਰੀ ਡਾਕਟਰਾਂ ਦੀ ਬਹੁਤ ਸ਼ੋਰਟੇਜ਼ ਹੈ। ਇਸ ਕਰਕੇ ਕਈ ਡਿਸਪੈਂਸਰੀਆਂ ਡਾਕਟਰਾਂ ਤੋਂ ਬਿਨਾਂ ਹੀ ਪਈਆਂ ਹਨ। ਇਕ ਹੋਰ ਬੜੀ ਜ਼ਰੂਰੀ ਚੀਜ਼ ਮੈਂ ਦੱਸਣਾ ਚਾਹੁੰਦੀ ਹਾਂ ਕਿ ਡਾਕਟਰਾਂ ਦੀਆਂ ਬਹੁਤ ਸਾਰੀਆਂ ਪੋਸਟਾਂ ਖਾਲੀ ਪਈਆਂ ਹਨ ਅਤੇ ਡਿਸਪੈਂਸਰੀਆਂ ਅਤੇ ਹਸਪਤਾਲਾਂ ਵਿੱਚ ਦਵਾਈਆਂ ਵੀ ਪੂਰੀਆਂ ਨਹੀਂ ਹਨ ਜੇਕਰ ਇਸ ਰੈਜ਼ੋ-ਲਿਊਸ਼ਨ ਨੂੰ ਅਸੀਂ ਅਡਾਪਟ ਕਰ ਲਵਾਂਗੇ ਤਾਂ ਇਸ ਦਾ ਫਾਇਦਾ ਇਹ ਹੋਵੇਗਾ ਕਿ ਸਾਡੇ ਵੈਟਰਨਰੀ ਡਾਕਟਰਾਂ ਨੂੰ ਰੀਸਰਚ ਲਈ ਜ਼ਿਆਦਾ ਫੈਸਲਟੀਜ਼ ਮਿਲ ਸਕਣਗੀਆਂ ਅਤੇ ਸਾਡੇ ਜੋ ਵੈਟਰਨਰੀ ਡਾਕਟਰ ਹਨ ਤਾਂ ਵੀ ਬਾਹਰ ਜਾ ਕੇ ਸਰਵਿਸ ਕਰ ਸਕਣਗੇ ਅਤੇ ਬਾਹਰੋਂ ਵੀ ਵੈਟਰਨਰੀ ਡਾਕਟਰ ਸਾਡੀ ਸਟੇਟ ਵਿੱਚ ਆ ਕੇ ਹੈਲਪ ਕਰ ਸਕਣਗੇ। ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਟਾਈਮ ਨਾ ਲੈਂਦੀ ਹੋਈ ਇਸ ਸਦਨ ਨੂੰ ਅਪੀਲ ਕਰਦੀ ਹਾਂ ਕਿ ਸਾਨੂੰ ਇਹ ਜ਼ਰੂਰ ਜਲਦੀ ਐਡਾਪਟ ਕਰ ਲੈਣਾ ਚਾਹੀਦਾ ਹੈ।

**ਸ੍ਰੀ ਡਿਪਟੀ ਸਪੀਕਰ :** ਮੰਤਰੀ ਸਾਹਿਬ, ਤੁਸੀਂ ਇਸ ਸਬੰਧ ਵਿੱਚ ਕੁਝ ਕਹਿਣੀ ਚਾਹੋਗੇ ?

**ਸਿੱਖਿਆ ਮੰਤਰੀ (ਸਰਦਾਰ ਲਖਮੀਰ ਸਿੰਘ ਰੰਧਾਵਾ) :** ਡਿਪਟੀ ਸਪੀਕਰ ਸਾਹਿਬ, ਇਹ ਜੋ ਰੈਜ਼ੋਲਿਊਸ਼ਨ ਪੇਸ਼ ਕੀਤਾ ਗਿਆ ਹੈ, ਇਹ ਪਹਿਲਾਂ ਹੀ ਭਾਰਤ ਦੀ ਪਾਰਲੀਮੈਂਟ ਵਿਚ ਪਾਸ ਕੀਤਾ ਜਾ ਚੁੱਕਾ ਹੈ। ਇਸ ਦੇ ਬਾਰੇ ਵਿਚ ਮਾਨਯੋਗ ਮੈਂਬਰ ਸਾਹਿਬ ਨੇ ਜੋ ਵਿਚਾਰ ਪੇਸ਼ ਕੀਤੇ ਹਨ, ਉਨ੍ਹਾਂ ਬਾਰੇ ਕਹਿਣਾ ਚਾਹੁੰਦਾ ਹਾਂ। ਅਰਸ਼ੀ ਜੀ ਨੇ ਕਿਹਾ ਹੈ ਕਿ ਇਸ ਦੇ ਨਾਲ ਹੀ ਰੂਲਜ਼ ਬਣਾਏ ਜਾਂਦੇ ਹਨ ਲੇਕਿਨ ਐਕਟ ਪਾਸ ਕਰਨ ਤੋਂ ਬਾਅਦ ਰੂਲਜ ਉਸ ਐਕਟ ਦੇ ਸੈਕਸ਼ਨ ਦੇ ਅਨੁਸਾਰ ਬਾਅਦ ਵਿਚ ਬਣਾਏ ਜਾਂਦੇ ਹਨ ਜੋ ਕਿ ਸਮੇਂ ਤੇ ਬਣਾ ਲਏ ਜਾਣਗੇ। ਦੂਸਰਾ ਜਿਹੜਾ ਇਨ੍ਹਾਂ ਦਾ ਪੁਆਇੰਟ ਸੀ, ਅਸੀਂ ਕੁੱਝ ਥੋੜੀਆਂ ਜਿਹੜੀਆਂ ਸਟੇਟਾਂ ਦੇ ਨਾਂ ਇਸ਼ਾਰੇ ਮਾਤਰ ਦਿੱਤੇ ਹਨ। ਵੈਸੇ ਹਿੰਦੁਸਤਾਨ ਵਿਚ ਅਠ੍ਹਾਰਾਂ ਦੇ ਕਰੀਬ ਸਟੇਟਸ ਨੇ ਇਸ ਨੂੰ ਅਡਾਪਟ ਕਰ ਲਿਆ ਹੈ ਔਰ ਤਕਰੀਬਨ ਸਾਰੀਆਂ ਸਟੇਟਾਂ ਜਿਥੇ ਪਸ਼ੂ ਧਨ ਜ਼ਿਆਦਾ ਹੈ, ਉਹ ਇਸ ਨੂੰ ਅਡਾਪਟ ਕਰ ਚੁਕੀਆਂ ਹਨ ਕਿਉਂਕਿ ਇਸ ਦਾ ਫਾਇਦਾ ਹੈ। ਇਸ ਦੇ ਨਾਲ ਜੋ ਇਨ੍ਹਾਂ ਨੇ ਫਾਰਮਾਸਿਸਟ ਕਲਾਸ ਦੀ ਗੱਲ ਕੀਤੀ ਹੈ, ਉਸ ਬਾਰੇ ਵੀ ਇਸ ਐਕਟ ਵਿਚ ਕਲੀਅਰ ਹੈ ਕਿ ਫਾਰਮਾਸਿਸਟ ਦਾ ਕੀ ਰੋਲ ਹੋਵੇਗਾ। ਇਸ ਵਿਚ ਦੋ ਕਿਸਮਾਂ ਦੀ ਸਰਵਿਸ ਉਨ੍ਹਾਂ ਨੇ ਡਿਕਲੇਅਰ ਕੀਤੀ ਹੈ। ਇੱਕ ਤਾਂ ਵੈਟਰਨਰੀ ਸਰਵਿਸ ਹੋਵੇਗੀ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

ਅਤੇ ਇੱਕ ਪ੍ਰੈਕਟਿਸ ਵੈਟਰਨਰੀ ਮੈਡੀਸਨ ਦੀ ਹੋਵੇਗੀ। ਇਸ ਦੇ ਮੁਤਾਬਿਕ ਜਿਹੜੇ ਆਦਮੀ ਸਰਵਿਸ ਤੇ ਹੋਣਗੇ, ਉਨ੍ਹਾਂ ਦੀਆਂ ਡਿਊਟੀਆਂ ਪਰੈਸਕਰਾਈਬ ਹੋਣਗੀਆਂ ਅਤੇ ਕੁਆਲੀਫੀਕੇਸ਼ਨ ਦੇ ਮੁਤਾਬਿਕ ਜਿੰਨੀ ਸੇਵਾ ਉਹ ਦੇ ਸਕਦੇ ਹਨ, ਉਹ ਲਈ ਜਾਵੇਗੀ। ਦੂਸਰਾ, ਇਸ ਦਾ ਵੱਡਾ ਫਾਇਦਾ ਇਹ ਹੈ ਕਿ ਇਸ ਵਿਚ ਜੇ ਕੋਈ ਅਨ-ਕੁਆਲੀਫਾਈਡ ਆ ਜਾਂਦਾ ਹੈ ਜਿਵੇਂ ਕਿ ਇਨ੍ਹਾਂ ਨੂੰ ਖਦਸ਼ਾ ਹੈ ਕਿ ਗਲਤ ਦਵਾਈ ਨਾ ਦਿੱਤੀ ਜਾਵੇ, ਉਸ ਲਈ ਇਸ ਵਿਚ ਪਨਿਸ਼ਮੈਂਟ ਵੀ ਕੀਤੀ ਗਈ ਹੈ। ਇਸ ਦੇ ਨਾਲ ਹੀ ਜੋ ਪਸ਼ੂ ਪਾਲਣ ਵਾਲੇ ਲੋਕ ਹਨ, ਉਨ੍ਹਾਂ ਨੂੰ ਇਹ ਐਸ਼ੋਰੈਂਸ ਹੋਵੇਗੀ ਕਿ ਉਹ ਪਸ਼ੂ ਦਾ ਠੀਕ ਇਲਾਜ ਕਰਾ ਰਹੇ ਹਨ।

ਜਿਵੇਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਸਟੇਟ ਵਿਚ ਇੱਕੋ ਹੀ ਵੈਟਰਨਰੀ ਕਾਲਜ ਹੈ ਜਿਹੜਾ ਕਿ ਐਗਰੀਕਲਚਰ ਯੂਨੀਵਰਸਿਟੀ ਵਿਚ ਹੈ ਅਤੇ ਉਥੇ ਅੱਸੀ ਸੀਟਾਂ ਹਨ, ਇਸ ਤੋਂ ਇਲਾਵਾ ਇਕ ਹੋਰ ਕਾਲਜ ਖੋਲ੍ਹਣਾ ਚਾਹੀਦਾ ਹੈ। ਇਸ ਸਬੰਧ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਪਹਿਲਾਂ ਹੀ ਇਸ ਘਾਟ ਨੂੰ ਮੁੱਖ ਰੱਖ ਕੇ ਰਾਮਪੁਰਾ ਫੂਲ ਵਿਚ ਇੱਕ ਨਵਾਂ ਵੈਟਰਨਰੀ ਕਾਲਜ ਖੋਲ੍ਹਣ ਦਾ ਫੈਸਲਾ ਕੀਤਾ ਹੈ (ਥੰਪਿੰਗ) ਔਰ ਇਸ ਤੇ ਕਾਰਵਾਈ ਚੱਲ ਰਹੀ ਹੈ।

ਫਾਰਮਹਾਂ ਦੇ ਬਾਰੇ ਗੱਲ ਕੀਤੀ ਹੈ, ਉਸ ਸਬੰਧ ਵਿਚ ਮਹਿਕਮੇ ਨੂੰ ਆਦੇਸ਼ ਦਿੱਤੇ ਜਾਣਗੇ ਕਿ ਉਸ ਵੱਲ ਪੂਰਾ ਧਿਆਨ ਦਿੱਤਾ ਜਾਵੇ। ਇੱਕ ਹੋਰ ਫਾਇਦੇ ਵਾਲੀ ਗੱਲ ਇਹ ਹੈ ਕਿ ਜਦੋਂ ਅਸੀਂ ਸੈਂਟਰ ਦੇ ਇਸ ਐਕਟ ਨੂੰ ਅਡਾਪਟ ਕਰ ਲਵਾਂਗੇ ਤਾਂ 50 ਪ੍ਰਤੀਸ਼ਤ ਫਾਈਨੈਂਸ਼ਲ ਅਸਿਸਟੈਂਸ ਸੈਂਟਰ ਤੋਂ ਲੈ ਸਕਾਂਗੇ ਅਤੇ ਜੋ ਕੌਂਸਲ ਇੰਡੀਆ ਲੈਵਲ ਤੇ ਬਣੀ ਹੈ, ਉਸ ਵਿਚ ਸਾਡੇ ਰਿਪਰਜੈਨਟੇਟਿਵ ਮੈਂਬਰ ਬਣ ਕੇ ਯੋਗਦਾਨ ਪਾ ਸਕਣਗੇ ਔਰ ਉਥੋਂ ਦੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈ ਸਕਣਗੇ।

ਇੰਨੇ ਸ਼ਬਦਾਂ ਨਾਲ ਮੈਂ ਬੇਨਤੀ ਕਰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਨੂੰ ਪਾਸ ਕੀਤਾ ਜਾਵੇ। ਧੰਨਵਾਦ ।

**Mr. Deputy Speaker :** Question is—

"Whereas this Assembly considers that it is desirable to have a uniform law throughout India for the regulation of veterinary practice and for all matters connected therewith or ancillary and incidental thereto ;

And whereas the subject matter of such a law is relatable to matters enumerated in entries 15 and 32 of the State List and entry 26 of the concurrent List given in the Seventh Schedule to the Constitution of India ;

And whereas Parliament has no power to make such a law for the States with respect to the matters enumerated in entries 15 and 32 of the State List given in the Seventh Schedule to the Constitution of India except as provided in articles 249 and 250 of the Constitution of India ;

And whereas by virtue of the powers under clause (1) of article 252 of the Constitution, and in pursuance of the resolutions passed by all the Houses of the Legislatures of the States of Haryana, Bihar, Orissa, Himachal Pradesh and Rajasthan, Parliament has passed the Indian Veterinary Council Act, 1984 (52 of 1984) (hereinafter referred to as the said Act) ;

Original with;
Punjab Vidhan Sabha
Digitized by;
Panjab Digital Library

And whereas by virtue of the provisions of sub-section (2) of Section 1 of the said Act, the said Act extended to the whole of the States of Haryana, Bihar, Orissa, Himachal Pradesh and Rajasthan and to all the Union Territories ;

And whereas in pursuance of the provisions of sub-section (3) of the section 1/ of the said Act, it will e tend to any States as may adopt it by resolution passed in that behalf in pursuance of clause (1) of article 252 of the Constitution ;

And whereas it appears to this Assembly to be desirable that the said Act should be adopted in the State of Punjab ;

Now, therefore, in pursuance of clause (1) of article 252 of the Constitution, this Assembly resolves resolves that the Indian Veterianry Council Act, 1984 (52 of 1984) be adopted in the State of Punjab."

*The motion was carried unanimously.*

**Mr. Depaty Speaker :** Now we start with the Legislative Business and Resolutions under Article 213(2)(a) of the Constitution of India.

## RESOLUTION UNDER ARTICLE 213(2)(a) OF THE CONSTITUION OF INDIA DISAPPROVING THE PUNJAB GENERAL SALES TAX (THIRD AMENDMENT) ORDINANCE 1993 (PUNJAB ORDINANCE NO. 6 OF 1993)

## AND

## THE PUNJAB GENERAL SALES TAX (THIRD AMMENDMENT) BILL, 1993

**Mr. Depaty Speaker :** Shrimati Vimla Dang and Comrade Hardev Singh Arshi have given notices of Resolution disapproving the Punjab General Sales Tax (Third Amendment) Ordinance, 1993 (Punjab Ordinance No. 6 of 1993). These may be deemed to have been read and moved.

**1. Shrimati Vimla Dang :**

That this House disapproves the Punjab General Sales Tax (Third Amendment) Ordinance, 1993 (Punjab Ordinance No. 6 of 1993).

**2. Comrade Hardev Singh Arshi :**

That this House disapproves the Punjab General Sales Tax (Third Amendment) Ordinance, 1993 (Punjab Ordinance No. 6 of 1993).

**Mr. Deputy Speaker :** If the House agrees the Resolution disapproving the Ordinance and the Consideration Motion of the Punjab General Sales Tax (Third Amendment) Bill, 1993 be discussed together and voted upon separately.

(Voices : yes, yes)

**Excise and Taxation Minister (Sardar Shamsher Singh Dullo) :** Sir, I beg to introduce the Punjab General Sales Tax (Third Amendment) Bill.

Original with;
Punjab Vidhan Sabha
Digitized by;
Panjab Digital Library

[Excise and Taxation Minister]

Sir, I also beg to move—

That the Punjab Geneeral Sales Tax (Third Amendment) Bill be taken into consideration at once.

**Mr. Deputy Speaker :** Motion moved—

That the Punjab General Sales Tax (Third Amendment) Bill be taken into consideration at once.

Discussion. Any Member.

**ਸ਼੍ਰੀਮਤੀ ਵਿਮਲਾ ਡਾਂਗ :** ਡਿਪਟੀ ਸਪੀਕਰ ਸਾਹਿਬ, ਮੈਂ ਮੂਵ ਕਰਨਾ ਸੀ ਡਿਸਅਪਰੂਵ ਕਰਨ ਵਾਸਤੇ। ਪੁਆਇੰਟ ਆਫ ਵਿਉ ਅਨੁਸਾਰ ਇਹ ਠੀਕ ਨਹੀਂ ਹੈ।

**ਸ਼੍ਰੀ ਡਿਪਟੀ ਸਪੀਕਰ :** ਮੂਵ ਹੋ ਗਿਆ। ਸਾਰੀਆਂ ਗੱਲਾਂ ਤੇ ਡਿਸਕਸ਼ਨ ਹੋਏਗੀ।

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਡਿਪਟੀ ਸਪੀਕਰ ਸਾਹਿਬ ਇਹ ਠੀਕ ਨਹੀਂ ਹੈ ਕਿ ਤਿੰਨ ਬਿੱਲ ਇੰਟਰੋਡਿਊਸ ਹੋਏ ਹਨ। ਕੀ ਉਨ੍ਹਾਂ ਤੇ ਇਕੱਠੀ ਡਿਸਕਸ਼ਨ ਹੋਣੀ ਹੈ ਜਾਂ ਅਲੱਗ ਅਲੱਗ ਹੋਣੀ ਹੈ?

**ਸ਼੍ਰੀ ਡਿਪਟੀ ਸਪੀਕਰ :** ਅਲੱਗ ਅਲੱਗ ਬਿੱਲ ਲਏ ਜਾਣਗੇ ਅਤੇ ਤੇ ਅਲੱਗ ਅਲੱਗ ਡਿਸਕਸ਼ਨ ਹੋਣੀ ਹੈ। This Bill is absolutely separate.

**ਸ਼੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ) :** ਡਿਪਟੀ ਸਪੀਕਰ ਸਾਹਿਬ, ਮੇਰੀ ਪਹਿਲਾਂ ਬੇਨਤੀ ਇਹ ਹੈ ਕਿ ਹਰ ਮਸਲਾ ਆਰਡੀਨੈਂਸ ਜਾਰੀ ਕਰਨ ਦੇ ਬਾਅਦ ਹਾਊਸ ਵਿੱਚ ਲਿਆਂਦਾ ਜਾਵੇ ਇਹ ਗੱਲ ਠੀਕ ਨਹੀਂ ਹੈ। ਇਹ ਜਿਹੜਾ ਪਰੋਸੀਜ਼ਰ ਹੈ ਮੈਂ ਇਸ ਨਾਲ ਸਹਿਮਤ ਨਹੀਂ। ਕੋਈ ਖਾਸ ਐਮਰਜੈਂਸੀ ਹੋਵੇ ਤਾਂ ਆਰਡੀਨੈਂਸ ਲੈ ਆਓ। ਲੇਕਿਨ ਆਰਡੀਨੈਂਸ ਲਿਆਉਣ ਦਾ ਇਹ ਤਰੀਕਾ ਉਚਿਤ ਨਹੀਂ ਇਹ ਗੈਰ ਜਮਹੂਰੀ ਹੈ। ਕਈ ਵਾਰੀ ਇੰਪਾਰਟੈਂਟ ਬਿਜ਼ਨੈਸ ਤੁਸੀਂ ਰੱਖਦੇ ਹੋ ਰੂਲਿੰਗ ਪਾਰਟੀ ਦੇ ਮੈਂਬਰ ਵੀ ਚਾਹੁੰਦੇ ਹਨ ਕਿ ਡਿਸਕਸ਼ਨ ਹੋ ਜਾਵੇ। ਕਈ ਵਾਰ ਪਰਪੋਜ਼ਲ ਆ ਜਾਂਦੀ ਹੈ ਕਿ ਡਿਸਕਸ਼ਨ ਨਾ ਹੋਵੇ, ਕਈ ਵਾਰ ਪਰਪੋਜ਼ਲ ਆਉਂਦੀ ਹੈ ਕਿ ਸੈਪਰੇਟ ਕਮੇਟੀਆਂ ਬਣਾ ਦਿੱਤੀਆਂ ਜਾਣ। ਜੁਲਾਈ ਦੇ ਸੈਸ਼ਨ ਦੇ ਵਿੱਚ ਡਿਸਕਸ਼ਨ ਹੋ ਸਕਦੀ ਸੀ, ਹਾਊਸ ਦੇ ਸਾਹਮਣੇ ਇਹ ਉਸ ਵੇਲੇ ਕਿਉਂ ਨਹੀਂ ਲਿਆਇਆ ਗਿਆ। ਇਸ ਕਰਕੇ ਅਸੀਂ ਇਸ ਗੱਲ ਦਾ ਵਿਰੋਧ ਕਰਦੇ ਹਾਂ ਕਿ ਹਰ ਗੱਲ ਨੂੰ ਆਰਡੀਨੈਂਸ ਦੇ ਥਰੂ ਪਹਿਲਾਂ ਫੈਸਲਾ ਕਰ ਲਿਆ ਜਾਵੇ ਅਤੇ ਬਾਅਦ ਵਿਚ ਉਸ ਦੀ ਪ੍ਰਵਾਨਗੀ ਵਾਸਤੇ ਇਥੇ ਲਿਆਂਦਾ ਜਾਵੇ। ਹੁਣ ਜਿਥੋਂ ਤੱਕ, ਡਿਪਟੀ ਸਪੀਕਰ ਸਾਹਿਬ, ਸੇਲਜ਼ ਟੈਕਸ ਬਿੱਲ ਦਾ ਸਬੰਧ ਹੈ ਇਸ ਦੇ ਬਾਰੇ ਜੋ ਇਹ ਗੱਲ ਕਹੀ ਗਈ ਹੈ ਕਿ ਪਰੋਸੀਜ਼ਰ ਸਿੰਪਲੀਫਾਈ ਹੋ ਗਿਆ ਹੈ, ਸਰਕਾਰ ਦਾ ਇਹ ਦਾਅਵਾ ਠੀਕ ਨਹੀਂ ਹੈ। ਛੋਟੇ ਛੋਟੇ ਜੋ ਦੁਕਾਨਦਾਰ ਹਨ ਉਨ੍ਹਾਂ ਨੂੰ ਬਹੁਤ ਸਾਰੀਆਂ ਡਿਫੀਕਲਟੀਜ਼ ਹਨ। ਮੈਂ ਤਾਂ ਕੋਈ ਸ਼ਾਪਕੀਪਰ ਨਹੀਂ ਪਰ ਸ਼ਾਪ-ਕੀਪਰਜ਼ ਐਸੋਸੀਏਸ਼ਨ ਦੇ ਪ੍ਰਤੀਨਿਧੀ ਸਾਨੂੰ ਮਿਲੇ ਹਨ। ਉਹ ਕਹਿੰਦੇ ਹਨ ਕਿ ਛੋਟੇ ਛੋਟੇ ਦੁਕਾਨਦਾਰਾਂ ਨੂੰ ਬਹੁਤ ਸਾਰੀਆਂ ਡਿਫੀਕਲਟੀਜ਼ ਆ ਰਹੀਆਂ ਹਨ। 28 ਫਾਰਮ ਖਤਮ ਕਰ ਦਿੱਤਾ ਗਿਆ ਹੈ, 22 ਫਾਰਮ ਕੇਵਲ ਰਜਿਸਟਰਡ ਡੀਲਰਜ਼ ਦੇ ਲਈ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਜਿਹੜਾ ਮਾਲ ਪੰਜਾਬ ਦੇ ਅੰਦਰੋਂ ਖਰੀਦਣਾ ਹੈ ਉਸ ਤੇ ਸੇਲਜ਼ ਟੈਕਸ ਫਸਟ ਪੁਆਇੰਟ ਤੇ ਲੈਣਾ ਚਾਹੀਦਾ ਹੈ। ਫਿਰਮੈਨ ਪੁਲਡ ਵਹੀਕਲਜ਼ ਹਨ, ਐਨੀਮਲ ਪੁਲਡ ਵਹੀਕਲਜ਼ ਨੂੰ ਵਿੱਚ ਇਨਕਲੂਡ ਕੀਤਾ ਹੈ ਇਸ

Original with;
Punjab Vidhan Sabha
Digitized by;
Panjab Digital Library

ਦੇ ਨਾਲ ਵੀ ਪੂਅਰਰ ਸੈਕਸ਼ਨ ਦੇ ਲੋਕਾਂ ਨੂੰ ਹੈਰਾਸਮੈਂਟ ਜ਼ਿਆਦਾ ਹੋਵੇਗੀ। ਇਸੇ ਤਰੀਕੇ ਨਾਲ ਜਿਹੜੇ ਵਾਧੇ ਦੇ ਨੁਕਤੇ ਹਨ ਕਿ 5 ਸੌ ਦੀ ਥਾਂ 2 ਹਜ਼ਾਰ ਹੋਵੇ ਉਹ ਵੀ ਸਬਸਟੀਚਿਊਟ ਕੀਤਾ ਗਿਆ ਹੈ। ਇਸ ਦੇ ਨਾਲ ਹੀ ਅਮੈਂਡਮੈਂਟ 23 ਪ੍ਰਿੰਸੀਪਲ ਐਕਟ ਵਿੱਚ ਜੋ ਕੀਤੀ ਹੈ ਉਹ ਵੀ ਸਬਸਟੀਚਿਊਟ ਕੀਤੀ ਗਈ ਹੈ ਕਿ 2 ਹਜ਼ਾਰ ਦੀ ਥਾਂ 5 ਹਜ਼ਾਰ ਕਰੋ। ਇਸ ਦੇ ਨਾਲ ਪੂਅਰਰ ਸੈਕਸ਼ਨ ਨੂੰ ਮਾਰ ਪਵੇਗੀ। ਜਿਹੜੀ ਡਿਪਟੀ ਸਪੀਕਰ ਸਾਹਿਬ, ਫੰਡਾਮੈਂਟਲ ਗੱਲ ਹੈ ਕਿ ਟੈਕਸ ਇਵੇਜ਼ਨ ਨਹੀਂ ਹੋਣੀ ਚਾਹੀਦੀ ਇਸ ਦੇ ਨਾਲ ਅਸੀਂ ਸਹਿਮਤ ਹਾਂ। ਜਿਹੜੀ ਮਿਸਟਰ ਰਤੜਾ ਦੀ ਰਿਪੋਰਟ ਅਖਬਾਰਾਂ ਵਿਚ ਆਈ ਹੈ ਜਿਹੜੇ ਕਿ ਇਕ ਬੜੇ ਅਥੈਂਟਿਕ ਅਫਸਰ ਹਨ, ਉਨ੍ਹਾਂ ਨੇ ਰਿਪੋਰਟ ਦਿੱਤੀ ਹੈ ਕਿ ਜਿਹੜੀ ਟੋਟਲ ਕੁਲੈਕਸ਼ਨ ਹੈ ਉਸ ਦੇ ਵਿੱਚ 40 ਪ੍ਰਤੀਸ਼ਤ ਟੈਕਸ ਦੀ ਕੁਲੈਕਸ਼ਨ ਨਹੀਂ ਹੁੰਦੀ, ਟੈਕਸ ਦੀ ਚੋਰੀ ਹੁੰਦੀ ਹੈ। ਇਹ ਜਿਹੜੀ ਟੈਕਸ ਦੀ ਚੋਰੀ ਹੁੰਦੀ ਹੈ, ਜਿਹੜੀ ਟੈਕਸ ਇਵੇਜ਼ਨ ਹੁੰਦੀ ਹੈ ਇਹ ਡੀਪਾਰਟ-ਮੈਂਟ ਦੇ ਅਫਸਰਾਂ ਦੀ ਕਨਾਇਵੈਂਸ ਨਾਲ ਹੁੰਦੀ ਹੈ।

*5.22 P.M.) (ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਅਮੈਂਡਿਡ ਫਾਰਮ ਵਿੱਚ ਜਿਹੜੀਆਂ ਡਿਫਰੈਂਟ ਮੱਦਾਂ ਲਿਆਂਦੀਆਂ ਗਈਆਂ ਹਨ ਇਸ ਦੇ ਨਾਲ ਛੋਟੇ ਦੁਕਾਨਦਾਰਾਂ ਨੂੰ ਨੁਕਸਾਨ ਹੋਵੇਗਾ।

**ਕਾਮਰੇਡ ਹਰਦੇਵ ਸਿੰਘ ਅਰਸ਼ੀ** (ਬੁਢਲਾਡਾ) : ਸਪੀਕਰ ਸਾਹਿਬ, ਮੈਂ ਇਸ ਆਰਡੀਨੈਂਸ ਨੂੰ ਡਿਸਅਪਰੂਵ ਕਰਨ ਲਈ ਮੋਸ਼ਨ ਦਿੱਤੀ ਹੈ। ਮੈਂ ਰੈਪੀਟੀਸ਼ਨ ਨਹੀਂ ਕਰਨਾ ਚਾਹੁੰਦਾ ਅਤੇ ਨਾ ਹੀ ਹਾਊਸ ਦਾ ਜ਼ਿਆਦਾ ਸਮਾਂ ਲੈਣਾ ਚਾਹੁੰਦਾ ਹਾਂ। ਲੇਕਿਨ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਆਰਡੀ-ਨੈਂਸ ਇਨ੍ਹਾਂ 2 ਦਿਨਾਂ ਦੇ ਸੈਸ਼ਨ ਵਿੱਚ ਪੰਜਾਬ ਸਰਕਾਰ ਵਲੋਂ ਵਿਚਾਰ ਅਧੀਨ ਰਖੇ ਗਏ ਹਨ ਉਨ੍ਹਾਂ ਨੂੰ ਪ੍ਰਵਾਨ ਨਾ ਕੀਤਾ ਜਾਵੇ ਜਿਨ੍ਹਾਂ ਦੇ ਲਈ ਅਸੀਂ ਨੋਟਿਸ ਦਿੱਤਾ ਹੋਇਆ ਹੈ। ਇਸ ਦਾ ਮਤਲਬ ਇਹ ਨਹੀਂ ਕਿ ਸਾਰੇ ਆਰਡੀਨੈਂਸ ਜਿਹੜੇ ਹਨ ਅਸੀਂ ਸਾਰਿਆਂ ਦਾ ਵਿਰੋਧ ਕਰਦੇ ਹਾਂ, ਹਰ ਆਰਡੀਨੈਂਸ ਜੋ ਲਿਆਂਦਾ ਜਾਂਦਾ ਹੈ ਉਸ ਦੇ ਵਿੱਚ ਕੁੱਝ ਗੱਲਾਂ ਪਾਜ਼ੇਟਿਵ ਵੀ ਹੁੰਦੀਆਂ ਹਨ ਅਤੇ ਕੁਝ ਗਲਾਂ ਨੈਗੇਟਿਵ ਹੁੰਦੀਆਂ ਹਨ। ਅਸੀਂ ਆਪਣੀ ਮੋਸ਼ਨ ਦੇ ਰੂਪ ਵਿਚ ਅਪੀਲ ਕੀਤੀ ਹੈ ਕਿ ਇਸ ਨੂੰ ਡਿਸਅਪਰੂਵ ਕੀਤਾ ਜਾਵੇ। ਅਸੀਂ ਸ਼ਾਰਪਲੀ ਪਿਛਲੇ ਸੈਸ਼ਨ ਦੇ ਵਿੱਚ ਵੀ ਅਪੋਜ਼ ਕੀਤਾ ਸੀ ਔਰ ਹੁਣ ਵੀ ਬੜੇ ਸਖਤ ਸ਼ਬਦਾਂ ਦੇ ਨਾਲ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ। ਪੰਜਾਬ ਦੀ ਜਿਹੜੀ ਵਰਤਮਾਨ ਸਰਕਾਰ ਹੈ, ਇਸ ਨੇ ਮੈਕਸੀਮਮ ਆਰਡੀਨੈਂਸ ਕੀਤੇ ਹਨ ਇਸ ਤੋਂ ਪਹਿਲਾਂ ਕਿਸੇ ਵੀ ਸਰਕਾਰ ਨੇ ਨਹੀਂ ਕੀਤੇ। ਮੈਂ ਸਮਝਦਾ ਹਾਂ ਕਿ ਜਦੋਂ ਵੀ ਸਰਕਾਰ ਕੋਈ ਆਰਡੀਨੈਂਸ ਕਰਦੀ ਹੈ ਤਾਂ ਉਹ ਜਿਹੜਾ ਵਿਧਾਨਕਾਰ ਹੈ ਉਸ ਤੋਂ ਪਾਸੇ ਜਾ ਰਹੀ ਹੁੰਦੀ ਹੈ। ਉਸ ਆਰਡੀਨੈਂਸ ਵਿਚ ਜਿਹੜਾ ਸਾਡਾ ਯੋਗਦਾਨ ਹੈ ਚਾਹੇ ਉਹ ਟਰੇਜ਼ਰੀ ਬੈਂਚਿਜ਼ ਦਾ ਹੈ ਜਾਂ ਸਾਡਾ ਹੈ ਉਹ ਨਹੀਂ ਪੈਂਦਾ ਇਸ ਲਈ ਇਹ ਟੋਟਲ ਹੀ ਅਨਡੈਮੋਕਰੈਟਿਕ ਢਾਂਚਾ ਅਖਤਿਆਰ ਕੀਤਾ ਜਾ ਰਿਹਾ ਹੈ। ਮੈਨੂੰ ਹੈਰਾਨੀ ਹੈ ਕਿ ਇਹ ਜਿਹੜੇ ਆਰਡੀਨੈਂਸ ਜਾਰੀ ਕੀਤੇ ਜਾਂਦੇ ਹਨ ਇਹ ਕਈ ਵਾਰ ਤਾਂ ਇਤਨੇ ਨਾਕਸ ਹੁੰਦੇ ਹਨ ਕਿ ਹਾਈ-ਕੋਰਟ ਹੀ ਇਨ੍ਹਾਂ ਨੂੰ ਉਡਾ ਦਿੰਦਾ ਹੈ। ਇਸ ਲਈ ਜੇ ਇਹ ਵਿਧਾਨ ਸਭਾ ਵਿਚ ਪੇਸ਼ ਕੀਤੇ ਜਾਣ ਔਰ ਇਥੇ ਪਬਲਿਕ ਹਿੱਤ ਦੇ ਮਾਮਲੇ ਸਰਕਾਰ ਦੇ ਧਿਆਨ ਵਿਚ ਲਿਆਂਦੇ ਜਾਣ ਤਾਂ ਲੋਕਾਂ ਦਾ ਭਲਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਹੋ ਸਕਦਾ ਹੈ। ਇਸ ਲਈ ਸਾਡੀ ਹੀ ਪਾਰਟੀ ਨੇ ਤਕਰੀਬਨ ਸਾਰੇ ਆਰਡੀਨੈਂਸ ਤੇ ਡਿਸਅਪਰੂਵਲ ਕੀਤੀ ਹੈ। ਇਥੇ ਮਨਿਸਟਰ ਸਾਹਿਬ ਨੇ ਕਿਹਾ ਹੈ ਕਿਉਂਕਿ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਸੀ, ਘਾਟਾ ਪੈ ਰਿਹਾ ਸੀ, ਇਸ ਕਰਕੇ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਲਾਜਿਕ ਨਹੀਂ ਹੈ। ਦੋ ਸਾਲ ਸਰਕਾਰ ਬਣੀ ਨੂੰ ਹੋ ਗਏ ਹਨ ਕੀ ਇਨ੍ਹਾਂ ਨੂੰ ਪਹਿਲੇ ਪਤਾ ਨਹੀਂ ਸੀ ਕਿ ਘਾਟਾ ਪੈ ਰਿਹਾ ਹੈ, ਹੁਣੇ ਹੀ ਜੁਲਾਈ ਵਿਚ ਸੈਸ਼ਨ ਹੋਇਆ ਹੈ, ਉਸ ਵਿਚ ਇਹ ਬਿੱਲ ਲਿਆਇਆ ਜਾ ਸਕਦਾ ਸੀ। ਪਰ ਇਸ ਤਰ੍ਹਾਂ ਨਹੀਂ ਕੀਤਾ ਗਿਆ। ਹੁਣ ਇਹ ਆਰਡੀਨੈਂਸ ਕੀਤਾ ਗਿਆ ਹੈ, ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜਿਹੜੇ ਟਰੈਜ਼ਰੀ ਬੈਂਚਿਜ਼ ਤੇ ਬੈਠੇ ਹਨ ਉਨ੍ਹਾਂ ਨੂੰ ਵੀ ਇਸ ਤੇ ਇਤਰਾਜ਼ ਹੋ ਸਕਦਾ ਹੈ ਪਰ ਕਿਉਂਕਿ ਉਨ੍ਹਾਂ ਦੀ ਪਾਰਟੀ ਦਾ ਆਰਡੀਨੈਂਸ ਹੈ ਇਸ ਕਰਕੇ ਉਹ ਬੋਲ ਨਹੀਂ ਸਕਦੇ। ਜੇ ਪਹਿਲੇ ਉਰਿਜ਼ਨਲ ਬਿੱਲ ਇਥੇ ਲਿਆਂਦਾ ਜਾਂਦਾ ਤਾਂ ਇਸ ਤੇ ਹੈਲਦੀ ਬਹਿਸ ਹੋ ਸਕਦੀ ਸੀ ਔਰ ਚੰਗੀਆਂ ਸੁਜੈਸ਼ਨਜ਼ ਆ ਸਕਦੀਆਂ ਸਨ। ਹੁਣ ਇਸ ਦਾ ਭਾਰ ਸ਼ਾਪ ਕੀਪਰ ਤੇ ਵੀ ਪੈਂਦਾ ਹੈ ਔਰ ਕਨਜ਼ਿਊਮਰ ਤੇ ਵੀ ਪੈਂਦਾ ਹੈ। ਪਰ ਟਰੇਜ਼ਰੀ ਬੈਂਚਿਜ਼ ਵਾਲੇ ਬੋਲ ਨਹੀਂ ਸਕਦੇ। ਉਨ੍ਹਾਂ ਵਿਚ ਵੀ ਕਈ ਸ਼ਾਪ ਕੀਪਰ ਹੋ ਸਕਦੇ ਹਨ। ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਅਨਡੈਮੋਕਰੇਟਿਕ ਐਟੀਚਿਊਡ ਅਪਣਾਇਆ ਜਾ ਰਿਹਾ ਹੈ। ਇਹ ਫਟਾ ਫਟ ਆਰਡੀਨੈਂਸ ਲਿਆ ਕੇ ਲਾਗੂ ਕਰਨਾ ਸਾਡੀ ਪਾਰਟੀ ਇਸ ਦਾ ਸਖਤ ਲਫਜ਼ਾਂ ਵਿਚ ਵਿਰੋਧ ਕਰਦੀ ਹੈ। ਜੇ ਕੋਈ ਗੱਲ ਹੈ ਤਾਂ ਸੈਸ਼ਨ ਬੁਲਾਇਆ ਜਾ ਸਕਦਾ ਹੈ ਪਰ ਇਹ ਅਨਡੈਮੋਕਰੈਟਿਕ ਤਰੀਕਾ ਹੈ, ਇਸ ਲਈ ਅਸੀਂ ਇਸ ਨੂੰ ਡਿਸਅਪਰੂਵ ਕੀਤਾ ਹੈ।

ਆਖਿਰ ਵਿਚ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਹਿਲੇ ਇਹ ਕੀਤਾ ਜਾਂਦਾ ਸੀ ਕਿ ਜੇ ਕੋਈ ਸਮਾਨ ਲੈ ਜਾਇਆ ਜਾ ਰਿਹਾ ਹੈ, ਚਾਹੇ ਉਹ ਕਿਸੇ ਵੀ ਟਰਾਂਸਪੋਰਟ ਤੇ ਹੋਵੇ ਭਾਵੇਂ ਟਰੱਕ ਹੋਵੇ ਜਾਂ ਟਰਾਲੀ ਹੋਵੇ ਪਰ ਹੁਣ ਇਨ੍ਹਾਂ ਨੇ ਇਹ ਕੀਤਾ ਹੈ ਕਿ ਚਾਹੇ ਕੋਈ ਰਿਕਸ਼ਾ ਤੇ ਜਾਂ ਰੇਹੜੇ ਤੇ ਵੀ ਸਮਾਨ ਲਿਜਾ ਰਿਹਾ ਹੈ ਤਾਂ ਉਹ ਸਮਾਨ ਵੀ ਤੇ ਵਹੀਕਲ ਵੀ ਸਰਕਾਰ ਆਪਣੀ ਕਸਟਡੀ ਵਿਚ ਲੈ ਸਕਦੀ ਹੈ। ਪਹਿਲੇ ਸਿਰਫ ਸਮਾਨ ਹੀ ਕਸਟਡੀ ਵਿੱਚ ਲਿਆ ਜਾ ਸਕਦਾ ਸੀ ਪਰ ਹੁਣ ਤਾਂ ਵਹੀਕਲ ਵੀ ਕਸਟਡੀ ਵਿਚ ਲਿਆ ਜਾ ਰਿਹਾ ਹੈ। ਠੀਕ ਹੈ ਕਈ ਵਾਰ ਤਾਂ ਇਸ ਤਰ੍ਹਾਂ ਹੋ ਜਾਂਦਾ ਹੈ ਕਿ ਜਿਵੇਂ ਕੋਈ ਕੈਰੋਸਿਨ ਦਾ ਟੈਂਕਰ ਜਾ ਰਿਹਾ ਹੈ ਤਾਂ ਉਹ ਸਮਾਨ ਤਾਂ ਕਸਟਡੀ ਵਿਚ ਨਹੀਂ ਲਿਆ ਇਸ ਲਈ ਥੋੜੀ ਜਿਹੀ ਡਿਮਾਰਕੇਸ਼ਨ ਤਾਂ ਕੀਤੀ ਜਾ ਸਕਦੀ ਸੀ ਪਰ ਸਾਰੇ ਦਾ ਸਾਰਾ ਤਰੀਕਾ ਬਦਲ ਦੇਣਾ ਠੀਕ ਨਹੀਂ। ਇਕ ਹੋਲਸੇਲਰ ਹੈ ਉਹ ਸਮਾਨ ਲੈ ਜਾ ਰਿਹਾ ਹੈ ਉਸ ਦਾ ਕਸਟਡੀ ਕੀਤਾ ਜਾ ਸਕਦਾ ਹੈ ਪਰ ਜੇ ਕੋਈ ਛੋਟਾ ਸ਼ਾਪ-ਕੀਪਰ ਹੈ ਤਾਂ ਉਹ ਆਪਣੇ ਰੇਹੜੇ ਤੇ ਜਾਂ ਰਿਕਸ਼ਾ ਤੇ ਸਮਾਨ ਲੈ ਜਾ ਰਿਹਾ ਹੈ ਤਾਂ ਇਨ੍ਹਾਂ ਦੋਨਾਂ ਲਈ ਇਕੋ ਜਿਹਾ ਪੈਮਾਨਾ ਰਖਣਾ ਠੀਕ ਨਹੀਂ। ਤੁਸੀਂ ਵੇਖੋ ਕਿ ਜਿਹੜਾ ਟੈਕਸ ਲਗਦਾ ਹੈ, ਜਿਹੜਾ ਜੁਰਮਾਨਾ ਪੈਂਦਾ ਹੈ ਉਹ ਅਲਟੀਮੇਟਲੀ ਤਾਂ ਕਨਜ਼ਿਊਮਰ ਤੇ ਭਾਰ ਪੈਂਦਾ ਹੈ। ਜਨ ਸਾਧਾਰਨ ਤੇ ਉਹ ਭਾਰ ਪੈਂਦਾ ਹੈ। ਇਸ ਲਈ ਸਰਕਾਰ ਨੂੰ ਜਨ ਸਾਧਾਰਣ ਦਾ ਜ਼ਿਆਦਾ ਧਿਆਨ ਰਖਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਕ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਫਸਟ ਸਟੇਜ ਤੇ ਸੇਲਜ ਟੈਕਸ ਲਗਾ ਦਿੱਤਾ ਜਾਵੇ। ਇਸ ਦੇ ਨਾਲ ਇੰਸਪੈਕਟਰੀ ਰਾਜ ਤੋਂ ਛੁਟਕਾਰਾ ਮਿਲ ਜਾਣਾ ਸੀ ਅਤੇ ਛੋਟੇ ਦੁਕਾਨਦਾਰਾਂ ਉਤੇ ਇੰਸਪੈਕਟਰੀ ਰਾਜ ਦਾ ਬੋਝ ਖਤਮ ਹੋ ਜਾਣਾ ਸੀ ਪਰ ਉਹ ਲਾਗੂ ਨਹੀਂ ਹੋ ਸਕਿਆ ਕਿਉਂਕਿ ਹੋਲਸੇਲ ਲਾਬੀ ਬੜੀ ਤਕੜੀ ਲਾਬੀ ਹੈ। ਉਨ੍ਹਾਂ ਨੇ ਫੇਰ ਰੀਵਰਸ ਗੇਅਰ ਕਰ ਦਿੱਤਾ ਅਤੇ ਛੋਟੇ ਦੁਕਾਨਦਾਰਾਂ ਉਤੇ ਇੰਸਪੈਕਟਰੀ ਰਾਜ ਲਾਗੂ ਕਰਵਾ ਦਿੱਤਾ। ਇਹ ਠੀਕ ਹੈ ਕਿ ਪਹਿਲੇ ਕੈਸ਼

Original with;
Punjab Vidhan Sabha
Digitized by;
Panjab Digital Library

ਸਿਕਿਉਰਟੀ ਨਹੀਂ ਸੀ ਅਤੇ 15 ਰੁਪਏ ਦੇ ਬਾਂਡ ਭਰਵਾ ਲੈਂਦੇ ਸੀ ਅਤੇ ਕੋਈ ਆਪਣਾ ਸਾਮਾਨ ਲੈਣ ਆਇਆ ਲੈ ਗਿਆ, ਨਹੀਂ ਆਇਆ ਨਾ ਆਇਆ। ਹੁਣ ਫ਼ੈਰੀਅਰ ਤੇ ਇਕ ਬਿਲ ਦੀ ਕਾਪੀ ਹੋਵੇਗੀ। ਜਿਹੜੀ ਤੁਹਾਡੀ ਆਰਡੀਨੈਂਸ ਜਾਰੀ ਕਰਨ ਦੀ ਰਿਵਾਇਤ ਹੈ ਉਸ ਦਾ ਅਸੀਂ ਵਿਰੋਧ ਕਰਦੇ ਹਾਂ। ਸੈਕੰਡਲੀ ਜਿਹੜੀ ਪਨੈਲਟੀ ਹੈ, ਇਸ ਨੂੰ ਘੱਟ ਕਰੋ। ਪਹਿਲੇ ਬਿੱਲ ਨੂੰ ਹਾਊਸ ਵਿਚ ਲਿਆਇਆ ਕਰੋ ਅਤੇ ਫਿਰ ਡਿਸਕਸ਼ਨ ਹੋਣੀ ਚਾਹੀਦੀ ਹੈ ਅਤੇ ਫੇਰ ਬਿੱਲ ਪਾਸ ਹੋਣ ਤੇ ਲਾਗੂ ਹੋਣਾ ਚਾਹੀਦਾ ਹੈ। ਜਿਹੜੀ ਟੈਕਸ ਦੀ ਚੋਰੀ ਹੁੰਦੀ ਹੈ ਉਸ ਨੂੰ ਰੋਕਣ ਦੀ ਲੋੜ ਹੈ ਤੁਹਾਨੂੰ ਆਪਣੇ ਅਫਸਰਾਂ ਨੂੰ ਕੱਸਣਾਂ ਚਾਹੀਦਾ ਹੈ ਅਤੇ ਆਪਣੇ ਸਟਾਫ ਨੂੰ ਕੱਸਣ ਦੀ ਲੋੜ ਹੈ ਟੈਕਸਾਂ ਦੀ ਚੋਰੀ ਰੋਕਣੀ ਚਾਹੀਦੀ ਹੈ। ਇਹ ਜਿਹੜੀ ਤੁਸੀਂ ਪਨੈਲਟੀ ਪਾਈ ਹੈ ਇਹ ਜਨ ਸਾਧਾਰਣ ਉਤੇ ਪੈ ਜਾਣੀ ਹੈ ਅਤੇ ਜਿਹੜੇ ਲੈਪਸਿਜ਼ ਹਨ ਉਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ। ਮੈਂ ਇਸ ਆਰਡੀਨੈਂਸ ਬਿੱਲ ਦੀ ਵਿਰੋਧਤਾ ਕਰਦਾ ਹਾਂ। ਅਗਰ ਤੁਸੀਂ ਇਸ ਬਿੱਲ ਨੂੰ ਸਦਨ ਵਿਚ ਪਹਿਲੇ ਲਿਆਉਂਦੇ ਅਤੇ ਸਦਨ ਨੂੰ ਭਰੋਸੇ ਵਿਚ ਲੈਂਦੇ ਤਾਂ ਅਸੀਂ ਇਸ ਬਿੱਲ ਦਾ ਸਮਰਥਨ ਕਰਦੇ। ਇਨ੍ਹਾਂ ਸ਼ਬਦਾਂ ਦੇ ਨਾਲ, ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦੀ ਹਾਂ।

**ਸ੍ਰੀ ਫਕੀਰ ਚੰਦ (ਅੰਮ੍ਰਿਤਸਰ ਉੱਤਰੀ)** : ਸਪੀਕਰ ਸਾਹਿਬ, ਇਹ ਜਿਹੜਾ ਅਮੈਂਡਮੈਂਟ ਬਿਲ ਲਿਆਂਦਾ ਗਿਆ ਹੈ ਮੈਂ ਇਸ ਦਾ ਸਮਰਥਨ ਕਰਦਾ ਹਾਂ ਕਿਉਂਕਿ ਇਹ ਅਮੈਂਡਮੈਂਟ ਵਪਾਰੀਆਂ ਦੇ ਨਾਲ ਸਹਿਮਤੀ ਹੋਣ ਤੋਂ ਬਾਅਦ ਕੀਤੀ ਗਈ ਹੈ ਅਤੇ ਕਾਫੀ ਸੋਚ ਵਿਚਾਰ ਵਪਾਰੀਆਂ ਦੇ ਨਾਲ ਕਰਨ ਤੋਂ ਬਾਅਦ ਕੀਤੀ ਗਈ ਹੈ। ਜਿਸ ਵਕਤ ਐਕਟ ਰਾਏ ਵਧਾਉਣ ਬਾਰੇ ਕਾਫੀ ਵਾਵੇਲਾ ਅਖਬਾਰਾਂ ਵਿਚ ਹੋਇਆ ਤਾਂ ਉਸ ਵਕਤ ਸਾਡੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਇਸ ਉਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਅਤੇ ਸੋਚ ਸਮਝ ਤੋਂ ਬਾਅਦ ਕਾਰਵਾਈ ਕੀਤੀ ਜਾਵੇਗੀ ਉਨ੍ਹਾਂ ਨੇ ਬੜੀ ਜਲਦੀ ਐਕਸ਼ਨ ਲਿਆ ਅਤੇ ਉਸੇ ਵੇਲੇ 75 ਵਪਾਰੀਆਂ ਦੀ ਮੀਟਿਗ ਬੁਲਾਈ। ਪਰ ਉਸ ਮੀਟਿਗ ਵਿਚ ਗੱਲਾਂ ਕੁਝ ਗਲਤ ਹੋ ਗਈਆਂ ਅਤੇ 75 ਵਿਚੋਂ 2 ਇਧਰ ਹੋ ਗਏ ਅਤੇ 4 ਉਧਰ ਚਲੇ ਗਏ। ਜਿਸ ਕਰਕੇ ਕੋਈ ਫੈਸਲਾ ਨਾ ਹੋ ਸਕਿਆ ਫੇਰ ਚੀਫ ਮਨਿਸਟਰ ਸਾਹਿਬ ਨੇ ਵਪਾਰੀਆਂ ਦੀ ਮੀਟਿੰਗ ਕਾਲ ਕੀਤੀ, ਜਿਸ ਵਿਚ 250 ਦੇ ਕਰੀਬ ਵਪਾਰੀ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਆਪਣੇ ਆਪਣੇ ਸੁਝਾਓ ਦਿੱਤੇ ਅਤੇ ਸਰਕਾਰ ਨੇ ਆਪਣੀ ਗੱਲ ਕੀਤੀ। ਮੀਟਿੰਗ ਤੋਂ ਬਾਅਦ ਫੈਸਲਾ ਕੀਤਾ ਗਿਆ ਵੈਲਿਊ ਦੀ ਥਾਂ ਤੇ ਵੇਟਿਜ਼ ਦੇ ਮੁਤਾਬਿਕ ਟੈਕਸ ਲਗਾਇਆ ਜਾਵੇਗਾ। ਉਸ ਉਤੇ ਵਪਾਰੀ ਸਹਿਮਤ ਹੋ ਗਏ। ਇਸ ਤੋਂ ਇਲਾਵਾ ਦੁਬਾਰਾ ਫੇਰ ਮੀਟਿੰਗ ਕੀਤੀ ਗਈ ਅਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਵਪਾਰੀਆਂ ਨੇ ਕੁੱਝ ਸੁਝਾਅ ਦਿੱਤੇ ਜਿਸ ਉਤੇ ਚੀਫ ਮਨਿਸਟਰ ਸਾਹਿਬ ਨੇ ਆਪਣਾ ਫੈਸਲਾ ਵੀ ਦਿੱਤਾ ਅਤੇ ਵਪਾਰੀਆਂ ਨੇ ਆਪਣੀ ਗਲਤੀ ਉਤੇ ਚੀਫ ਮਨਿਸਟਰ ਸਾਹਿਬ ਤੋਂ ਮੁਆਫੀ ਵੀ ਮੰਗੀ ਅਤੇ ਸਰਦਾਰ ਬੇਅੰਤ ਸਿੰਘ ਜ਼ਿੰਦਾਬਾਦ ਦੇ ਨਾਅਰੇ ਵੀ ਲਗਾਏ ਗਏ। ਇਹ ਫੈਸਲਾ ਕਾਫੀ ਸੋਚ ਵਿਚਾਰ ਕਰਨ ਤੋਂ ਬਾਅਦ ਸਰਕਾਰ ਨੇ ਕੀਤਾ ਸੀ ਅਤੇ ਤਾਂ ਹੀ ਇਹ ਬਿੱਲ ਲਿਆਂਦਾ ਗਿਆ ਹੈ ਅਤੇ ਵੈਲਿਊ ਦੀ ਥਾਂ ਤੇ ਵੇਟਿਜ ਉਤੇ ਟੈਕਸ ਲਗਾਇਆ ਜਾ ਰਿਹਾ ਹੈ। ਪਰ ਜਿਹੜੀ ਸਰਕਾਰ ਵੱਲੋਂ ਪਨੈਲਿਟੀ ਲਗਾਈ ਗਈ ਹੈ ਉਹ ਬਹੁਤ ਜ਼ਿਆਦਾ ਹੈ ਇਸ ਲਈ ਇਸ ਨੂੰ ਘਟਾ ਦੇਣਾ ਚਾਹੀਦਾ ਹੈ। ਪਹਿਲੇ 37 ਆਈਟਮ

Original with;
Punjab Vidhan Sabha
Digitized by;
Panjab Digital Library

[ਸ੍ਰੀ ਫਕੀਰ ਚੰਦ]
ਤੇ ਵੈਲਿਊ ਟੈਕਸ ਲਗਣਾ ਸੀ ਪਰ ਉਸ ਨੂੰ ਕਨਵਰਟ ਕਰਕੇ ਵੇਟਿਜ ਤੇ ਕਰ ਦਿੱਤਾ ਗਿਆ ਹੈ। ਸੋਨੇ ਨੂੰ ਐਗਜ਼ਮਪਟ ਕਰ ਦਿੱਤਾ ਗਿਆ ਹੈ ਅਤੇ ਜਿਹੜਾ ਵਾਵੇਲਾ ਸੀ ਉਹ ਖਤਮ ਕਰ ਦਿੱਤਾ ਹੈ ਪਰ ਜਿਹੜੀ ਪਨੈਲਿਟੀ ਪਹਿਲੇ 1 ਪ੍ਰਤੀਸ਼ਤ ਹੁੰਦੀ ਸੀ ਉਹ ਹੁਣ ਸਰਕਾਰ ਨੇ ਵਧਾ ਕੇ 5,000 ਰੁਪਿਆ ਕਰ ਦਿੱਤੀ ਹੈ ਇਹ ਬਹੁਤ ਜ਼ਿਆਦਾ ਹੈ, ਇਸ ਨੂੰ ਘੱਟ ਕਰ ਦਿੱਤਾ ਜਾਵੇ। ਸਪੀਕਰ ਸਾਹਿਬ, ਇਸ ਵਕਤ ਸਾਡੀ ਇਕਨਾਮਿਕ ਕੰਡੀਸ਼ਨ ਕਾਫੀ ਮਾੜੀ ਚਲ ਰਹੀ ਹੈ। ਸਾਨੂੰ ਰੈਵੇਨਿਊ ਚਾਹੀਦਾ ਹੈ। ਜਦੋਂ ਫਾਈਨਾਂਸ਼ਲ ਕਰਾਈਸਿਜ਼ ਹੋਣ, ਉਦੋਂ ਟਰੇਡਰਜ਼ ਨੂੰ ਵੀ ਕੁਝ ਨਾ ਕੁਝ ਕਰਨਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਰੈਵੇਨਿਊ ਕੁਝ ਜ਼ਿਆਦਾ ਵੀ ਨਹੀਂ ਵਧੇਗਾ ਕਿਉਂਕਿ ਪਹਿਲਾਂ ਇਕ ਸਾਬਨ ਦੀ ਟਿੱਕੀ ਜਿਹੜੀ 10 ਰੁਪਏ ਦੀ ਆਉਂਦੀ ਸੀ, ਉਸ ਤੇ ਟੈਕਸ 5 ਪੈਸੇ ਲਗਦਾ ਸੀ, ਲੇਕਿਨ ਫੇਰ ਵੀ ਸਰਦਾਰ ਬੇਅੰਤ ਸਿਘ ਜੀ ਨੇ ਵੇਟ ਤੇ ਟੈਕਸ ਲਗਾਉਣ ਦੀ ਡਿਮਾਂਡ ਸੀ, ਤਾਂ ਵੇਟ ਤੇ ਲਗਾ ਦਿੱਤਾ। ਇਸ ਲਈ ਮੈਂ ਇਸ ਅਮੈਂਡਮੈਂਟ ਦਾ ਸਮਰਥਨ ਕਰਦਾ ਹਾਂ। ਧੰਨਵਾਦ।

**ਸ੍ਰੀ ਜੈ ਕਿਸ਼ਨ ਸੈਣੀ (ਜਲੰਧਰ ਕੇਂਦਰੀ)**: ਸਪੀਕਰ ਸਾਹਿਬ, ਮੈਂ ਸੇਲਜ਼ ਟੈਕਸ ਅਮੈਂਡਮੈਂਟ ਬਾਰੇ ਜੋ ਆਰਡੀਨੈਂਸ ਹੋਇਆ ਹੈ, ਉਸਦੇ ਹੱਕ ਵਿਚ ਬੋਲਦਾ ਹੋਇਆ ਇਹ ਕਹਾਂਗਾ ਕਿ ਇਹ ਕਰਨ ਨਾਲ ਪੰਜਾਬ ਦੀ ਇਕਨਾਮਿਕ ਪੁਜੀਸ਼ਨ ਮਜ਼ਬੂਤ ਹੋਵੇਗੀ ਕਿਉਂਕਿ ਸੇਲਜ਼ ਟੈਕਸ ਦੀ ਚੋਰੀ ਏਨੀ ਜ਼ਿਆਦਾ ਹੋ ਰਹੀ ਹੈ ਜਿਹੜੀ ਕਿ ਰੋਕਣੀ ਬਹੁਤ ਜ਼ਰੂਰੀ ਸੀ। ਅਸੀਂ ਅੱਜ ਕੋਈ ਵੀ ਟਰੇਡ ਲੈ ਲਈਏ। ਲੋਕ ਬਿਨਾਂ ਸੇਲ ਟੈਕਸ ਦਿੱਤੇ ਚੀਜ਼ ਲੈਣੀ ਪਸੰਦ ਕਰਦੇ ਹਨ ਅਤੇ ਬਿਨਾਂ ਬਿੱਲ ਲਏ ਚੀਜ਼ ਲੈ ਜਾਂਦੇ ਹਨ। ਮੈਂ ਜੇ 800 ਰੁਪਏ ਦਾ ਪੱਖਾ ਵੀ ਲੈਣਾ ਹੈ ਤਾਂ ਬਿਨਾਂ ਸੇਲ ਟੈਕਸ ਦਿੱਤੇ ਲੈਣਾ ਚਾਹਵਾਂਗਾ ਅਤੇ ਬਿਨਾਂ ਬਿੱਲ ਦੇ ਲੈ ਲਵਾਂਗਾ। ਸਾਨੂੰ ਸਾਰਿਆਂ ਨੂੰ ਆਦਤ ਪਾਉਣੀ ਪਵੇਗੀ ਕਿ ਹਰ ਬੰਦਾ ਸੇਲ ਟੈਕਸ ਦੇ ਕੇ ਚੀਜ਼ ਖਰੀਦੇ। ਇਸ ਗੱਲ ਨਾਲ ਹੀ ਕਰੋੜਾਂ ਰੁਪਏ ਦੀ ਆਮਦਨ ਪੰਜਾਬ ਸਰਕਾਰ ਨੂੰ ਹੋ ਜਾਵੇਗੀ। ਪੰਜਾਬ ਮਜ਼ਬੂਤ ਹੋਵੇਗਾ ਅਤੇ ਡਿਵੈਲਪਮੈਂਟ ਦੇ ਕੰਮ ਹੋ ਸਕਣਗੇ। ਇਸਦੇ ਨਾਲ ਹੀ ਮੈਂ ਮਨਿਸਟਰ ਸਾਹਿਬ ਦੇ ਅੱਗੇ ਇਹ ਨਿਵੇਦਨ ਜ਼ਰੂਰ ਕਰਾਂਗਾ ਕਿ ਜਿਥੇ ਇਹ ਅਮੈਂਡਮੈਂਟ ਕੀਤੀ ਹੈ, ਉਥੇ ਸਹੂਲਤ ਵੀ ਦਿੱਤੀ ਜਾਣੀ ਚਾਹੀਦੀ ਹੈ। ਜਿਹੜਾ ਫਾਈਨ ਕਰਨ ਦਾ ਤਰੀਕਾ ਕਿ 30 ਪ੍ਰਤੀਸ਼ਤ ਤਕ ਫਾਈਨ ਕਰ ਸਕਦੇ ਹਨ, ਉਹ ਟਰੇਡਰ ਤੋਂ ਕੈਸ਼ ਲੈਣ ਦੀ ਬਜਾਏ ਇਨਡੈਮਨਿਟੀ ਬਾਂਡ ਲੈ ਕੇ ਵਪਾਰੀ ਨੂੰ ਛੱਡ ਦੇਣਾ ਚਾਹੀਦਾ ਹੈ। ਇਹ ਮੈਂ ਬੇਨਤੀ ਜ਼ਰੂਰ ਕਰਾਂਗਾ । ਬਾਕੀ ਜਿਹੜੀ ਐਸ.ਟੀ.22 ਫਾਰਮ ਦੇ ਬਾਰੇ ਚਰਚਾ ਆ ਰਹੀ ਹੈ ਕਿ ਇਸ ਪ੍ਰਾਸੈਸ ਨੂੰ ਛਡਿਆ ਜਾਵੇ, ਤਾਂ ਮੈਂ ਕਹਾਂਗਾ ਕਿ ਅਗਰ ਇਸ ਤੋਂ ਬਗੈਰ ਸਰਕਾਰ ਦਾ ਕੰਮ ਚਲ ਸਕਦਾ ਹੈ ਤਾਂ ਜ਼ਰੂਰ ਚਲਾਉਣਾ ਚਾਹੀਦਾ ਹੈ ਤਾਂ ਕਿ ਐਸ.ਟੀ. 22 ਫਾਰਮ ਲੈਣ ਦੀ ਦਿੱਕਤ ਵੀ ਨਾ ਉਠਾਉਣੀ ਪਵੇ। ਬਾਕੀ ਇਹ ਆਰਡੀਨੈਂਸ ਠੀਕ ਆਇਆ ਹੈ ਕਿਉਂਕਿ ਅੱਜ ਕੋਈ ਵੀ ਇੰਡਸਟਰੀ ਲੈ ਲਓ, ਅੰਮ੍ਰਿਤਸਰ ਵਿਚ ਪੱਖੇ ਦੀ ਇੰਡਸਟਰੀ ਲੈ ਲਓ, ਇਲੈਕਟਰੀਕਲ ਜਾਂ ਰਬੜ ਗੁਡੱਜ਼ ਦੀ ਲੈ ਲਓ, 60-70-80 ਪ੍ਰਤੀਸ਼ਤ ਤੱਕ ਲੋਕ ਬਿਨਾਂ ਬਿੱਲਾਂ ਦੇ ਮਾਲ ਲਈ ਜਾਂਦੇ ਹਨ। ਇਹੀ ਮਾਲ ਅਗਰ ਬਿੱਲਾਂ ਤੇ ਵਿਕੇ ਤਾਂ ਇਕ ਟਰੇਡਰ ਦੀ ਟੈਨਸ਼ਨ ਖਤਮ ਹੋ ਜਾਂਦੀ ਹੈ ਅਤੇ ਦੂਜਾ ਪੈਸਾ ਵੀ ਵਾਈਟ ਵਿਚ ਆ ਜਾਂਦਾ ਹੈ। ਹੁਣ ਪੈਸਾ ਕੋਈ ਵਾਈਟ ਵਿਚ ਨਹੀਂ ਅਤੇ ਮਾਲ ਵੀ ਬਿਨਾਂ ਬਿੱਲਾਂ ਦੇ ਵਿਕੀ ਜਾਂਦਾ ਹੈ। ਅਰਸ਼ੀ ਸਾਹਿਬ ਨੇ ਇਸ ਨੂੰ ਅਪੋਜ਼ ਜ਼ਰੂਰ ਕੀਤਾ ਹੈ, ਮੈਂ ਇਹ ਕਹਾਂਗਾ ਕਿ ਅਰਸ਼ੀ ਸਾਹਿਬ ਅਗਰ ਆਪੋਜੀਸ਼ਨ ਵਿਚ ਬੈਠੇ ਹਨ ਤਾਂ ਇਹ ਜ਼ਰੂਰੀ ਨਹੀਂ ਕਿ ਹਰ ਗੱਲ ਦੀ ਅਪੋਜੀਸ਼ਨ ਹੀ ਕਰਨੀ ਹੈ। ਕਈ ਵਾਰੀ ਇਹ ਵੇਖਣਾ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਗੱਲ ਵਿਚ ਸਰਕਾਰ ਦਾ ਫਾਇਦ ਵੀ ਹੁੰਦਾ ਹੈ ਜਾਂ ਨਹੀਂ। ਜੇ

Original with;
Punjab Vidhan Sabha
Digitized by;
Panjab Digital Library

ਰੈਵੇਨਿਊ ਆਵੇਗਾ ਇਸ ਨਾਲ ਹਰ ਥਾਂ ਦੀ ਡਿਵੈਲਪਮੈਂਟ ਹੋਵੇਗੀ, ਸਾਡੀ ਸਾਰਿਆਂ ਦੀ ਡਿਵੈਲਪਮੈਂਟ ਹੋਵੇਗੀ। ਫੈਕਟਰੀ ਓਨਰ ਐਸ.ਟੀ.22 ਫਾਰਮ ਦੇਵੇਗਾ, ਬਿੱਲ ਤੇ ਮਾਲ ਵੇਚੇਗਾ ਅਤੇ ਬਿੱਲ ਦੇ ਉਪਰ ਹੀ ਕੰਮ ਕਰੇਗਾ ਜਿਸ ਨਾਲ ਸਰਕਾਰ ਕੋਲ ਪੈਸੇ ਆਉਣਗੇ ਅਤੇ ਸਟੇਟ ਦੀ ਡਿਵੈਲਪਮੈਂਟ ਹੋ ਸਕੇਗੀ ਅਤੇ ਦੂਜੇ ਪਾਸੇ ਟਰੇਡਰ ਵੀ ਬਗੈਰ ਟੈਨਸ਼ਨ ਦੇ ਜ਼ਿੰਦਗੀ ਬਤੀਤ ਕਰ ਸਕੇਗਾ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਦੀ ਪਰੋੜਦਾ ਕਰਦਾ ਹਾਂ । ਧੰਨਵਾਦ।

**ਸ਼੍ਰੀ ਮਦਨ ਮੋਹਨ ਮਿੱਤਲ (ਨੰਗਲ)**: ਸਪੀਕਰ ਸਾਹਿਬ, ਮੈਂ ਇਸ ਬਿੱਲ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਬਿਲ ਨੂੰ ਜਿਹੜਾ ਆਰਡੀਨੈਂਸ ਲਿਆ ਕੇ ਲਾਗੂ ਕਰ ਦਿੱਤਾ ਹੈ, ਮੈਂ ਇਸ ਗੱਲ ਦਾ ਸਮਰਥਨ ਨਹੀਂ ਕਰਦਾ। ਇਹ ਰਵਾਇਤ ਜੋ ਪੰਜਾਬ ਸਰਕਾਰ ਨੇ ਅਡਾਪਟ ਕੀਤੀ ਹੈ, ਬੜੀ ਗਲਤ ਹੈ। ਕਿਹਾ ਜਾ ਰਿਹਾ ਹੈ ਕਿ ਅਸੀਂ ਅਮੈਂਡਮੈਂਟ ਇਸ ਕਰਕੇ ਲਿਆਏ ਹਾਂ ਤਾਂਕਿ ਟੈਕਸ ਦੀ ਚੋਰੀ ਨੂੰ ਰੋਕਿਆ ਜਾ ਸਕੇ। ਮੈਨੂੰ ਯਾਦ ਹੈ ਕਿ ਪਿਛਲੀ ਵਾਰੀ ਸੇਲਜ਼ ਟੈਕਸ ਅਮੈਂਡਮੈਂਟ ਬਿੱਲ ਲਿਆ ਕੇ ਕਿਹਾ ਗਿਆ ਸੀ ਕਿ ਫਸਟ ਸਟੇਜ਼ ਤੇ ਟੈਕਸ ਲਗਾਇਆ ਜਾਵੇਗਾ। ਮੈਂ ਉਦੋਂ ਏਥੇ ਖੜੇ ਹੋ ਕੇ ਕਿਹਾ ਸੀ ਕਿ ਇਹ ਪ੍ਰੋਵੀਜ਼ਨ ਗਲਤ ਹੈ। ਸੇਲ ਟੈਕਸ ਫਸਟ ਸਟੇਜ਼ ਦੀ ਬਜਾਏ ਫਸਟ ਸੋਰਸ ਤੇ ਲਗਾਇਆ ਜਾਵੇ। ਇਸ ਗੱਲ ਨਾਲ ਇੰਡਸਟਰੀ ਨੂੰ ਕਾਫੀ ਨੁਕਸਾਨ ਹੋਇਆ ਹੈ। ਲੁਧਿਆਣੇ ਦੀ ਸਾਈਕਲ ਇੰਡਸਟਰੀ ਪੂਰੀ ਤਰ੍ਹਾਂ ਡਿਸਟਰਬ ਹੋ ਗਈ ਹੈ। ਉਦੋਂ ਮੈਨੂੰ ਕਿਹਾ ਗਿਆ ਸੀ ਕਿ ਮਿੱਤਲ ਸਾਹਿਬ ਇੰਡਸਟਰੀਅਲਿਸਟਾਂ ਦੀ ਵਕਾਲਤ ਕਰਦੇ ਹਨ। ਪਰ ਅਸੀਂ ਉਦੋਂ ਵੀ ਸਰਕਾਰ ਦੀ ਵਕਾਲਤ ਕੀਤੀ ਸੀ। ਫੇਰ ਉਸਨੂੰ ਲਾਗੂ ਵੀ ਨਹੀਂ ਕੀਤਾ ਗਿਆ ਅਤੇ ਕਈ ਆਈਟਮਾਂ ਨੂੰ ਵਿਚੋਂ ਛੋਟ ਦੇਣੀ ਪਈ। ਮੈਂ ਹਾਲੇ ਵੀ ਕਹਿੰਦਾ ਹਾਂ ਕਿ ਟੈਕਸ ਫਸਟ ਸੋਰਸ ਤੇ ਲਗਾਇਆ ਜਾਵੇ ਫਸਟ ਸਟੇਜ਼ ਤੇ ਨਾ ਲਗਾਇਆ ਜਾਵੇ। ਬਾਕੀ ਐਸ.ਟੀ.22 ਫਾਰਮ ਦੀ ਰੈਪੀਟੀਸ਼ਨ ਨੂੰ ਵੀ ਘਟਾਇਆ ਜਾਵੇ। ਬਾਰ-ਬਾਰ ਫਿਲਿੰਗ ਦਾ ਪ੍ਰਾਸੈਸ ਘੱਟ ਜਾਵੇ ਔਰ ਟੈਕਸ ਦੀ ਇਵੇਜ਼ਨ ਦਾ ਪ੍ਰਾਸੈਸ ਖਤਮ ਹੋ ਜਾਵੇ। ਸਪੀਕਰ ਸਾਹਿਬ, ਮੈਨੂੰ ਸ਼ੱਕ ਹੈ ਕਿ ਇਸ ਦੇ ਪਾਸ ਹੋ ਜਾਣ ਨਾਲ ਚੋਰੀ ਰੁਕ ਜਾਵੇਗੀ। ਜਿਸ ਤਰ੍ਹਾਂ ਐਕਸਾਈਜ਼ ਐਂਡ ਟੈਕਸੇਸ਼ਨ ਮਹਿਕਮੇਂ ਵਿਚ ਨਿਯੁਕਤੀਆਂ ਕੀਤੀਆਂ ਗਈਆਂ, ਜਿਸ ਤਰ੍ਹਾਂ ਇਸ ਮਹਿਕਮੇਂ ਵਿਚ 89 ਦਿਨਾਂ ਲਈ ਨੌਕਰੀਆਂ ਠੇਕੇ ਤੇ ਦਿੱਤੀਆਂ ਗਈਆਂ, ਉਸ ਤੋਂ ਤਾਂ ਇਹ ਨਹੀਂ ਲਗਦਾ ਇਹ ਟੈਕਸ ਦੀ ਚੋਰੀ ਰੁੱਕ ਜਾਵੇਗੀ। ਕੀ ਟੈਕਸ ਦੀ ਰਿਕਵਰੀ ਕਰਨ ਵਾਲੇ ਉਹ ਕਰਮਚਾਰੀ ਆਪਣਾ ਠੇਕਾ ਪੂਰਾ ਨਹੀਂ ਕਰਨਗੇ? ਕੀ ਉਹ ਟੈਕਸ ਦੀ ਚੋਰੀ ਨੂੰ ਰੋਕਣਗੇ ਜਾਂ ਇਸ ਨੂੰ ਹੋਰ ਬੜ੍ਹਾਵਾ ਦੇਣਗੇ? ਇਸ ਡਿਪਾਰਟਮੈਂਟ ਵਿਚ ਜਿਹੜੀ ਘਪਲੇਬਾਜ਼ੀ ਚਲ ਰਹੀ ਹੈ, ਜ਼ਰੂਰਤ ਉਸ ਨੂੰ ਰੋਕਣ ਦੀ ਹੈ। ਵਪਾਰੀਆਂ ਨੂੰ ਰੋਕ ਲਿਆ ਔਰ ਉਨ੍ਹਾਂ ਦੀ ਪਨੈਲਟੀ ਵਧਾ ਦਿੱਤੀ, ਇਹ ਇਸ ਮਸਲੇ ਦਾ ਹੱਲ ਨਹੀਂ ਹੈ। ਸਪੀਕਰ ਸਾਹਿਬ, ਤਜਰਬਾ ਇਹ ਦਸਦਾ ਹੈ ਕਿ ਜਿਥੇ ਪੈਨਲਟੀ ਵਧਾ ਦਿੱਤੀ ਜਾਂਦੀ ਹੈ, ਉਥੇ ਇੰਸਪੈਕਟੋਰੇਟ ਦੇ ਰੇਟ ਵੀ ਵੱਧ ਜਾਂਦੇ ਹਨ। ਇਸ ਗੱਲ ਦਾ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਟੈਕਸ ਬੈਰੀਅਰਜ਼ ਤੇ ਲਗਣ ਵਾਸਤੇ ਬੋਲੀਆਂ ਲਗਦੀਆਂ ਹਨ। ਜੇ ਇਨ੍ਹਾਂ ਬੈਰੀਅਰਜ਼ ਤੇ ਟੈਕਸ ਇਵੇਜ਼ਨ ਨਾ ਹੋਵੇ ਤਾਂ ਲੋਕੀ ਬੈਰੀਅਰਜ਼ ਤੇ ਕਿਉਂ ਲੱਗਣ? ਕਿਉਂ ਉਹ ਉਥੇ ਟੈਂਟਾਂ ਵਿਚ ਸੌਣ ਤੇ ਰਾਤ ਨੂੰ ਠੰਢ ਵਿਚ ਠਰਨ। ਕਿਸੇ ਵੀ ਇੰਸਪੈਕਟਰ ਦੀ ਤਲਾਸ਼ੀ ਲੈ ਲਉ, ਕਿਸੇ ਵੀ ਈ.ਟੀ.ਓ. ਦੀ ਤਲਾਸ਼ੀ ਲੈ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਲਓ, ਤੁਹਾਨੂੰ ਪਤਾ ਲਗ ਜਾਵੇਗਾ ਕਿ ਸ਼ਾਇਦ ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰ ਦੇ ਰਹਿਣ ਸਹਿਣ ਦਾ ਸਟੈਂਡਰਡ ਵੀ ਐਨਾ ਚੰਗਾ ਨਹੀਂ ਹੋਵੇਗਾ ਜਿੰਨਾ ਕਿ ਉਨ੍ਹਾਂ ਦਾ ਹੈ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਪੈਨਲਟੀ ਵਧਾਉਣ ਵਾਲੇ ਪਾਸੇ ਨਾ ਚਲੀਏ, ਸਗੋਂ ਇਸ ਸਿਸਟਮ ਨੂੰ ਸਿੰਪਲੀ-ਫਾਈ ਕਰੀਏ। ਹਾਲੇ ਵੀ ਐਸ.ਟੀ.22 ਦਾ ਫਾਰਮ ਲੈਣ ਵਾਸਤੇ ਲਾਈਨਾਂ ਲਗਦੀਆਂ ਹਨ। ਇਸ ਵੇਲੇ ਚਲ ਰਿਹਾ ਪ੍ਰੋਸੀਜਰ ਬੜਾ ਕੰਪਲੀਕੇਟਿਡ ਹੈ। ਸਾਨੂੰ ਚਾਹੀਦਾ ਹੈ ਕਿ ਇਸ ਨੂੰ ਅਸੀਂ ਸਿੰਪਲੀਫਾਈ ਕਰੀਏ, ਕੋਈ ਜਲਦਬਾਜ਼ੀ ਨਾ ਕਰੀਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤੇ ਹੁਣ ਹੋਰ ਵਿਚਾਰ ਕਰ ਲਓ, ਵਪਾਰੀਆਂ ਨਾਲ ਵੀ ਗੱਲ ਕਰ ਲਓ। ਇਹ ਤਾਂ ਕੋਈ ਇਸ ਮਸਲੇ ਦਾ ਹੱਲ ਨਹੀਂ ਕਿ ਵਪਾਰੀ ਦਾ ਮਾਲ ਰੋਕ ਲਿਆ, ਫਿਰ ਉਸ ਦਾ ਮੌਕੇ ਤੇ ਹੀ ਡਿਸੀਜ਼ਨ ਕਰ ਦਿੱਤਾ, ਪੈਨਲਟੀ ਲਗਾ ਦਿੱਤੀ। ਇਸ ਤੇ ਦੁਬਾਰਾ ਨਜ਼ਰਸਾਨੀ ਕਰਨ ਦੀ ਲੋੜ ਹੈ। ਬਿਹਤਰ ਹੈ ਕਿ ਇਸ ਪ੍ਰੋਸੀਜ਼ਰ ਨੂੰ ਸਿੰਪਲੀਫਾਈ ਕੀਤਾ ਜਾਵੇ। ਪੰਜਾਬ ਦੇ ਵਪਾਰੀਆਂ ਨੂੰ ਮੁਲਜ਼ਮ ਨਾ ਸਮਝੋ, ਉਸ ਨੂੰ ਟੈਕਸ ਅਦਾ ਕਰਨ ਵਾਲਾ ਇਕ ਰਿਸਪੈਕਟੇਬਲ ਦਰਜਾ ਦਿਓ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ) : ਸਪੀਕਰ ਸਾਹਿਬ, ਮੈਂ ਇਸ ਬਿੱਲ ਦੀ ਵਿਰੋਧਤਾ ਇਸ ਕਰਕੇ ਕਰਦਾ ਹਾਂ ਕਿਉਂਕਿ ਇਹ ਬਿੱਲ ਪਾਪੂਲਰ ਸਰਕਾਰ ਦੇ ਵੇਲੇ ਆਇਆ ਹੈ। ਆਰਡੀਨੈਂਸ ਤਾਂ ਗਵਰਨਰੀ ਰਾਜ ਵੇਲੇ ਆਉਂਦਾ ਹੁੰਦਾ ਹੈ, ਜਦ ਰਾਜ ਭਾਗ ਲੋਕਾਂ ਦੇ ਨੁਮਾਇੰਦਿਆਂ ਦੇ ਹੱਥ ਹੋਵੇ ਤਾਂ ਫਿਰ ਇਹ ਆਰਡੀਨੈਂਸ ਨਹੀਂ ਆਉਣਾ ਚਾਹੀਦਾ। ਜਦੋਂ ਪਾਪੂਲਰ ਸਰਕਾਰ ਹੋਵੇ ਤਾਂ ਆਰਡੀਨੈਂਸ ਦਾ ਆਉਣਾ ਚੰਗਾ ਨਹੀਂ ਲਗਦਾ। ਮਾਨਯੋਗ ਮੰਤਰੀ ਜੀ ਨੇ ਕਿਹਾ ਹੈ ਕਿ ਇਹ ਇਸ ਕਰਕੇ ਕੀਤਾ ਸੀ ਕਿ ਟੈਕਸ ਦੀ ਚੋਰੀ ਰੋਕਣੀ ਸੀ। ਸਪੀਕਰ ਸਾਹਿਬ, ਟੈਕਸ ਦੀ ਚੋਰੀ ਕਿਉਂ ਹੁੰਦੀ ਹੈ? ਇਸ ਦਾ ਮੇਨ ਕਾਰਣ ਇਹ ਹੈ ਕਿ ਟੈਕਸ ਇੰਨਾ ਜ਼ਿਆਦਾ ਹੁੰਦਾ ਹੈ ਕਿ ਉਸ ਦੀ ਚੋਰੀ ਕਰਨ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਜੇ ਸਰਕਾਰ ਟੈਕਸ ਘੱਟ ਲਾਵੇ ਤਾਂ ਸਾਰੇ ਹੀ ਲੋਕ ਟੈਕਸ ਦੇ ਦੇਣ। ਲੋਕਾਂ ਤੇ ਟੈਕਸ ਦਾ ਬੋਝ ਇਨਾ ਜ਼ਿਆਦਾ ਨਾ ਪੈ ਜਾਵੇ ਜਿਸ ਨਾਲ ਲੋਕ ਟੈਕਸ ਦੀ ਚੋਰੀ ਕਰਨ ਵਾਸਤੇ ਮਜ਼ਬੂਰ ਹੋਣ, ਇਸ ਪਾਸੇ ਵੱਲ ਧਿਆਨ ਦੇਣ ਦੀ ਲੋੜ ਹੈ। ਅੱਜ ਜਿਹੜਾ ਅਫਸਰੀ ਰਾਜ ਹੈ, ਉਹ ਐਸ਼ ਕਰ ਰਿਹਾ ਹੈ। ਅਫਸਰਸ਼ਾਹੀ ਆਪਣੇ ਘਰ ਭਰ ਰਹੀ ਹੈ। ਅਸੀਂ ਵੇਖਦੇ ਹਾਂ ਕਿ ਵਪਾਰੀ ਉਦੋਂ ਚੋਰੀ ਕਰਦਾ ਹੈ ਜਦੋਂ ਅਫਸਰ ਉਸ ਤੇ ਦਬਾਅ ਪਾਉਂਦਾ ਹੈ। ਇਹੋ ਜਿਹੀਆਂ ਗੱਲਾਂ ਤੇ ਸੋਚ ਵਿਚਾਰ ਕਰਨੀ ਚਾਹੀਦੀ ਹੈ। ਐਸੇ ਵੇਲੇ ਇਸ ਇਸ਼ੂ ਤੇ ਕਈ ਸਰਕਾਰੀ ਬੈਂਚਾਂ ਵਾਲੇ ਵੀ ਬੋਲਣਾ ਚਾਹੁੰਦੇ ਹਨ ਲੇਕਿਨ ਬਿੱਲ ਕਿਉਂਕਿ ਸਰਕਾਰ ਵੱਲੋਂ ਪੇਸ਼ ਹੋਇਆ ਹੈ, ਇਸ ਕਰਕੇ ਉਨ੍ਹਾਂ ਦੀ ਜ਼ਬਾਨ ਨੂੰ ਤਾਲਾ ਲੱਗ ਗਿਆ ਹੈ। ਸਪੀਕਰ ਸਾਹਿਬ, ਜਿਸ ਤਰ੍ਹਾਂ ਮੇਰੇ ਤੋਂ ਪਹਿਲਾ ਮਿੱਤਲ ਸਾਹਿਬ ਨੇ ਕਿਹਾ ਹੈ, ਮੌਜੂਦਾ ਪ੍ਰੋਸੀਜਰ ਨੂੰ ਸਿੰਪਲੀਫਾਈ ਕਰਨਾ ਚਾਹੀਦਾ ਹੈ। ਟੈਕਸ ਦੀ ਦਰ ਤੇ ਕੰਟਰੋਲ ਕਰਨਾ ਚਾਹੀਦਾ ਹੈ ਤਾਂ ਕਿ ਲੋਕ ਇਮਾਨਦਾਰੀ ਨਾਲ ਸਾਰਾ ਟੈਕਸ ਦੇ ਦੇਣ। ਇਹ ਗੱਲ ਕਹਿੰਦਾ ਹੋਇਆ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ।

ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ) : ਮਾਨਯੋਗ ਸਪੀਕਰ ਸਾਹਿਬ, ਜਿਹੜਾ ਇਹ ਬਿੱਲ ਲਿਆਂਦਾ ਗਿਆ ਹੈ ਮੈਂ ਇਸ ਦੀ ਵਿਰੋਧਤਾ ਇਸ ਲਈ ਕਰਦਾ ਹਾਂ ਕਿਉਂਕਿ ਜੋ ਲੋਕਾਂ ਨੇ ਚੁਣੇ ਹੋਏ ਨੁਮਾਇੰਦੇ ਇਥੇ ਭੇਜੇ ਹਨ ਉਨ੍ਹਾਂ ਲੋਕਾਂ ਨੇ ਸਿਰਫ ਇਸ ਗੱਲ ਦੀ ਖਾਤਰ ਸਾਨੂੰ ਚੁਣ ਕੇ ਇਥੇ ਨਹੀਂ ਭੇਜਿਆ ਕਿ ਲੋਕਾਂ ਦੀ ਡਾਕ ਇਥੇ ਪਹੁੰਚਾਈ ਜਾਵੇ ਜਾਂ ਉਨ੍ਹਾਂ ਦੀਆਂ ਬਦਲੀਆਂ ਵਾਸਤੇ ਦਸਤਖਤ ਕਰਵਾਏ ਜਾਣ। ਜੋ ਲੋਕਾਂ ਦੇ ਮਸਲੇ ਹਨ ਉਨ੍ਹਾਂ ਨੂੰ ਇਸ ਹਾਊਸ ਦੇ ਵਿੱਚ ਡਿਸੱਕਸ ਕਰਕੇ ਉਸ

Original with;
Punjab Vidhan Sabha
Digitized by;
Panjab Digital Library

ਤੋਂ ਬਅਦ ਪਾਸ ਕੀਤੇ ਜਾਣੇ ਚਾਹੀਦੇ ਹਨ। ਜੋ ਅਨ-ਡੈਮੋਕਰੇਟਿਕ ਫੰਗਸ਼ਨਿੰਗ ਇਥੇ ਚੱਲ ਰਹੀ ਹੈ ਪੰਜਾਬ ਦੇ ਵਿੱਚ, ਇਸ ਦੇ ਲਈ ਪੰਜਾਬ ਦੇ ਲੋਕਾਂ ਵਿੱਚ ਤਿੱਖਾ ਪ੍ਰਤੀਕ੍ਰਮ ਹੈ ਅਤੇ ਲੋਕ ਮਹਿਸੂਸ ਕਰ ਰਹੇ ਹਨ ਕਿ ਸਾਡੇ ਨੁਮਾਇੰਦੇ ਸਾਡੀ ਆਵਾਜ਼ ਵਿਧਾਨ ਸਭਾ ਦੇ ਵਿੱਚ ਠੀਕ ਢੰਗ ਨਾਲ ਪੇਸ਼ ਨਹੀਂ ਕਰਦੇ। ਲੋਕਾਂ ਦੇ ਮਸਲੇ ਠੀਕ ਢੰਗ ਨਾਲ ਅਤੇ ਸਹੀ ਸਮੇਂ ਸਿਰ ਬਹਿਸ ਕਰਾਏ ਜਾਣ ਤਾਂ ਹੀ ਲੋਕਾਂ ਨਾਲ ਇਨਸਾਫ਼ ਹੋ ਸਕਦਾ ਹੈ। ਜਿੱਥੋਂ ਤੱਕ ਟੈਕਸਾਂ ਦਾ ਸਵਾਲ ਹੈ, ਜੋ ਅਮੈਂਡਮੈਂਟ ਕੀਤੀ ਗਈ ਹੈ ਸਪੱਸ਼ਟ ਇਹ ਰਾਜ ਇੰਸਪੈਕਟਰੀ ਰਾਜ ਹੈ, ਉਹ ਆਪਣੀਆਂ ਮਨ-ਮਾਨੀਆਂ ਕਰਦੇ ਹਨ ਅਤੇ ਸ਼ਹਿਨਸ਼ਾਹ ਬਣੀ ਬੈਠੇ ਹਨ। ਉਨ੍ਹਾਂ ਦੀਆਂ ਕਿੰਨੀਆਂ ਕਿੰਨੀਆਂ ਤਨਖਾਹਾਂ ਹਨ, ਉਨ੍ਹਾਂ ਪਾਸ ਕਿੰਨੀ ਦੌਲਤ ਹੈ, ਕਿੰਨੀਆਂ ਕੋਠੀਆਂ ਹਨ, ਜਾਇਦਾਦਾਂ ਹਨ ਇਸ ਤੇ ਕਦੇ ਸਰਕਾਰ ਨੇ ਸੋਚਣ ਦਾ ਕਸ਼ਟ ਨਹੀਂ ਕੀਤਾ। ਅੱਜ ਇੰਸਪੈਕਟਰੀ ਰਾਜ ਤੋਂ ਲੋਕ ਦੁਖੀ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਲੁਧਿਆਣੇ ਦੇ ਵਿੱਚ ਮਾਰਕੀਟ ਕਮੇਟੀ ਵਿੱਚ ਜੋ ਕਣਕ ਪਿੰਡਾਂ ਤੋਂ ਆਉਂਦੀ ਹੈ ਉਥੇ ਮਾਰਕੀਟ ਕਮੇਟੀ ਵਾਲਿਆਂ ਦੇ ਨਾਕੇ ਲੱਗੇ ਹੁੰਦੇ ਹਨ ਅਤੇ ਹਜ਼ਾਰਾਂ ਰੁਪਏ ਲੋਕਾਂ ਤੋਂ ਗਲਤ ਢੰਗ ਦੇ ਨਾਲ ਉਗਰਾਹੇ ਜਾਂਦੇ ਹਨ। ਸਾਡੇ ਹੋਰੋ ਸਾਹਿਬ ਵੀ ਕੋਸ਼ਿਸ਼ ਕਰਦੇ ਹਨ ਜਿਸ ਸਦਕਾ ਚਾਰ-ਪੰਜ ਦਿਨ ਤਾਂ ਕੰਮ ਠੀਕ ਚਲਦਾ ਹੈ ਪਰ ਉਸ ਤੋਂ ਬਾਅਦ ਫਿਰ ਉਹੀ ਹਾਲ ਸ਼ੁਰੂ ਹੋ ਜਾਂਦਾ ਹੈ। ਮਾਰਕੀਟ ਕਮੇਟੀ ਦੇ ਸੈਕਟਰੀ ਅਤੇ ਮੁਲਾਜ਼ਮ ਵੱਡੀਆਂ ਉਗਰਾਹੀਆਂ ਕਰਦੇ ਹਨ। ਲੋਕਾਂ ਦੇ ਪੈਸੇ ਸਰਕਾਰ ਦੇ ਖਜ਼ਾਨੇ ਵਿੱਚ ਨਹੀਂ ਜਾਂਦੇ ਸਗੋਂ ਅਫਸਰ-ਸ਼ਾਹੀ ਦੇ ਖਜ਼ਾਨੇ ਵਿੱਚ ਜਾਂਦੇ ਹਨ। ਇਸ ਲਈ ਟੈਕਸਾਂ ਦਾ ਭਾਰ ਆਮ ਲੋਕਾਂ ਤੇ ਪੈਂਦਾ ਹੈ, ਪਬਲਿਕ ਤੇ ਪੈਂਦਾ ਹੈ। ਟੈਕਸ ਦੀ ਚੋਰੀ ਵੱਡੇ ਵੱਡੇ ਅਧਿਕਾਰੀ ਕਰਵਾਉਂਦੇ ਹਨ ਜਿਨ੍ਹਾਂ ਨੇ ਆਪਣੀਆਂ ਵੱਡੀਆਂ ਜ਼ਮੀਨਾਂ ਤੇ ਜਾਇਦਾਦਾਂ ਬਣਾਈਆਂ ਹੋਈਆਂ ਹਨ ਇਸ ਦੇ ਵਾਸਤੇ ਸਾਨੂੰ ਸੀਰੀਅਸਲੀ ਸੋਚਣਾ ਚਾਹੀਦਾ ਹੈ ਜਿਸ ਢੰਗ ਨਾਲ ਕਿ ਇਹ ਸਿਪਲਾਫਾਈ ਕੀਤਾ ਜਾ ਸਕੇ ਤਾਂ ਕਿ ਆਮ ਪਬਲਿਕ ਤੇ ਇਨ੍ਹਾਂ ਟੈਕਸਾਂ ਦਾ ਬੋਝ ਨਾ ਪਵੇ। ਇਸ ਲਈ ਮੈਂ ਆਪ ਜੀ ਦੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਜੋ ਵੀ ਬਿੱਲ ਲਿਆਂਦੇ ਜਾਣ ਉਹ ਆਰਡੀਨੈਂਸ ਦੀ ਸ਼ੇਪ ਵਿੱਚ ਨਾ ਲਿਆਂਦੇ ਜਾਣ ਅਤੇ ਉਨ੍ਹਾਂ ਤੇ ਸਮਾਂ ਦੇ ਕੇ ਬਹਿਸ ਕਰਾਈ ਜਾਵੇ ਤਾਂ ਕਿ ਲੋਕਾਂ ਦੀ ਅਵਾਜ਼ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਰਾਹੀਂ ਸਰਕਾਰ ਤੱਕ ਆ ਸਕੇ। ਉਸ ਉਪਰੰਤ ਹੀ ਉਹ ਪਾਸ ਕੀਤੇ ਜਾਣੇ ਚਾਹੀਦੇ ਹਨ। ਮੈਂ ਇਸ ਬਿੱਲ ਦਾ ਵਿਰੋਧ ਕਰਦਾ ਹਾਂ।

**ਆਬਕਾਰੀ ਅਤੇ ਕਰ ਮੰਤਰੀ** (ਸਰਦਾਰ ਸਮਸ਼ੇਰ ਸਿੰਘ ਦੂਲੋ)) : ਮਾਨਯੋਗ ਸਪੀਕਰ ਸਾਹਿਬ, ਅੱਜ ਪੰਜਾਬ ਦੇ ਵਿੱਚ ਪਾਪੂਲਰ ਸਰਕਾਰ ਬਣੀ ਨੂੰ ਤਕਰੀਬਨ ਇਕ ਸਾਲ ਅਤੇ 10 ਮਹੀਨੇ ਹੋ ਗਏ ਹਨ ਉਹ ਪੰਜਾਬ ਜਿਹੜਾ ਖੂਨ ਨਾਲ ਲੱਥਪੱਥ ਸੀ, ਉਹ ਪੰਜਾਬ ਜਿਸ ਪੰਜਾਬ ਦੇ ਵਿੱਚ ਡੀਵੈਲਪਮੈਂਟ ਦਾ ਕੰਮ ਰੁਕਿਆ ਹੋਇਆ ਸੀ, ਉਹ ਪੰਜਾਬ ਜਿਸ ਦਾ ਖਜ਼ਾਨਾ ਖਾਲੀ ਸੀ ਉਸ ਸਮੇਂ ਸਰਦਾਰ ਬੇਅੰਤ ਸਿੰਘ ਨੂੰ ਪੰਜਾਬ ਦੇ ਬਹਾਦਰ ਲੋਕਾਂ ਨੇ ਸਰਕਾਰ ਦਿੱਤੀ ਅਤੇ ਪੰਜਾਬ ਦੇ ਵਿਚ ਅੱਜ ਅਸੀਂ ਕਹਿ ਸਕਦੇ ਹਾਂ ਕਿ ਇਕ ਸਾਲ 10 ਮਹੀਨੇ ਦੇ ਅੰਦਰ ਜਿੱਥੋਂ ਤੱਕ ਮੇਰੇ ਆਪੋਜੀਸ਼ਨ ਦੇ ਸਾਥੀਆਂ ਨੇ ਗੱਲਾਂ ਕੀਤੀਆਂ ਹਨ, ਖਦਸ਼ੇ ਅਤੇ ਟਿਪਣੀਆਂ ਕੀਤੀਆਂ ਹਨ ਇਹ ਸਾਡੀ ਜਿਹੜੀ ਸਰਕਾਰ ਹੈ, ਇਹ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ ਇਸ ਨੇ ਗਾਹੇ-ਬ-ਗਾਹੇ ਜਿੰਨੀਆਂ ਵੀ ਅਮੈਂਡਮੈਂਟ ਕੀਤੀਆਂ ਹਨ

Original with;
Punjab Vidhan Sabha
Digitized by;
Panjab Digital Library

[ਅਬਕਾਰੀ ਅਤੇ ਕਰ ਮੰਤਰੀ]

ਉਹ ਵਪਾਰੀਆਂ ਦੇ ਨਾਲ ਤਾਲਮੇਲ ਕਰਕੇ ਇਕ ਸਟੇਟ ਲੈਵਲ ਦੀ ਹਾਈ ਪਾਵਰਡ ਕਮੇਟੀ ਨਾਲ ਮੁੱਖ-ਮੰਤਰੀ ਸਾਹਿਬ ਜੀ ਦੀ ਪ੍ਰਧਾਨਗੀ ਹੇਠ ਕੀਤੀਆਂ ਹਨ। ਇਸ ਕਮੇਟੀ ਦੀਆਂ ਮੀਟਿੰਗਾਂ ਬਤੌਰ ਐਜੂਕੇਸ਼ਨ ਮਨਿਸਟਰ ਜਨਾਬ (ਮਾਨਯੋਗ ਸਪੀਕਰ ਸਾਹਿਬ ਵੱਲ ਇਸ਼ਾਰਾ) ਨੇ ਵੀ ਅਟੈਂਡ ਕੀਤੀਆਂ ਹਨ। ਜਦੋਂ ਤੋਂ ਇਸ ਪੰਜਾਬ ਦੇ ਵਿੱਚ ਪਾਪੂਲਰ ਸਰਕਾਰ ਆਈ ਹੈ, 1992-93 ਦੀ ਗੱਲ ਕਰੀਏ ਤਾਂ ਮੈਂ ਤੁਹਾਨੂੰ ਅੰਕੜਿਆਂ ਸਮੇਤ ਦੱਸ ਸਕਦਾ ਹਾਂ ਕਿ ਸਾਡੀ ਸਰਕਾਰ ਨੇ ਪਿਛਲੇ ਸਮੇਂ ਦੇ ਵਿੱਚ ਟੈਕਸੇਸ਼ਨ ਦੇ ਸਿਸਟਮ ਨੂੰ ਸਿੰਪਲੀਫਾਈ ਕੀਤਾ ਹੈ, ਰੈਸ਼ਨੇਲਾਈਜ਼ ਕੀਤਾ ਹੈ। ਐਸ.ਟੀ 22 ਫਾਰਮ ਦੀ ਗੱਲ ਕੀਤੀ ਗਈ ਹੈ, ਅਸੀਂ ਉਸ ਫਾਰਮ ਨੂੰ ਵੀ ਸਿੰਪਲੀਫਾਈ ਕੀਤਾ ਹੈ ਔਰ ਜੋ ਵੀ ਡਿਸੀਜਨਜ਼ ਲਏ ਗਏ ਹਨ ਉਹ ਹਾਈ ਪਾਵਰਡ ਕਮੇਟੀ ਦੇ ਵਿੱਚ ਬੈਠ ਕੇ ਕੀਤੇ ਹਨ। ਪਹਿਲਾਂ ਐਸ.ਟੀ. 22 ਫਾਰਮ ਸਰਕਾਰ ਛਾਪਦੀ ਸੀ ਹੁਣ ਵਪਾਰੀ ਆਪ ਛਾਪਦੇ ਹਨ ਔਰ ਆਪ ਹੀ ਉਸ ਤੇ ਸਬੰਧਤ ਅਫਸਰ ਦੇ ਦਸਤਖਤ ਕਰਵਾਉਂਦੇ ਹਨ। ਜਿੱਥੋਂ ਤੱਕ ਕੁਰੱਪਸ਼ਨ ਦੀ ਗੱਲ ਹੈ ਜਾਂ ਹੋਰ ਖਦਸ਼ੇ ਜ਼ਾਹਰ ਕੀਤੇ ਗਏ ਹਨ ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਇਹ ਸਾਨੂੰ ਕੁਰੱਪਟ ਅਫਸਰਾਂ ਦੀ ਸੂਚੀ ਦੇ ਦੇਣ ਤਾਂ ਸਾਡੀ ਸਰਕਾਰ ਸਰਦਾਰ ਬੇਅੰਤ ਸਿੰਘ ਦੀ ਰਹਿਨੁਮਾਈ ਥੱਲੇ ਸਖਤ ਤੋਂ ਸਖਤ ਐਕਸ਼ਨ ਲੈਣ ਲਈ ਤਿਆਰ ਹੈ। (ਥੰਪਿੰਗ)। ਜਿਥੋਂ ਤੱਕ ਅਮੈਂਡਮੈਂਟ ਲਈ ਆਰਡੀਨੈਂਸ ਲਿਆਉਣ ਦਾ ਸਬੰਧ ਹੈ, ਇਹ ਕੰਸਟੀਚਿਊਸ਼ਨ ਵਿੱਚ ਵੀ ਪਰੋਵੀਜ਼ਨ ਹੈ। ਸਪੀਕਰ ਸਾਹਿਬ, ਜਦੋਂ ਵਿਧਾਨ ਸਭਾ ਦਾ ਸੈਸ਼ਨ ਨਾ ਹੋਵੇ ਅਤੇ ਸਟੇਟ ਦੇ ਹਿੱਤਾਂ ਲਈ, ਫਾਈਨੈਂਸ਼ੀਅਲ ਇੰਟਰੈਸਟ ਨੂੰ ਦੇਖਦੇ ਹੋਏ, ਪਬਲਿਕ ਇੰਟਰੈਸਟ ਨੂੰ ਦੇਖਦੇ ਹੋਏ ਕੋਈ ਵੀ ਆਰਡੀਨੈਂਸ ਲਿਆਂਦਾ ਜਾ ਸਕਦਾ ਹੈ ਇਨ੍ਹਾਂ ਹਿੱਤਾਂ ਨੂੰ ਦੇਖਦੇ ਹੋਏ ਹੀ ਇਸ ਆਰਡੀਨੈਂਸ ਨੂੰ ਇਸ ਹਾਊਸ ਦੇ ਵਿੱਚ ਬਿੱਲ ਦੀ ਸ਼ਕਲ ਵਿਚ ਪੇਸ਼ ਕੀਤਾ ਹੈ। ਜਿਥੋਂ ਤੱਕ ਟੈਕਸਾਂ ਦੇ ਰੇਟ ਦਾ ਮਾਮਲਾ ਹੈ, ਮੈਂ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਥੱਲੇ ਅਸੀਂ ਤਕਰੀਬਨ 14 ਆਈਟਮਾਂ ਉਤੇ ਸੇਲਜ਼ ਟੈਕਸ ਦੀ ਦਰ ਨੂੰ ਘਟਾਇਆ ਹੈ। (ਥੰਪਿੰਗ) ਅਸੀਂ ਦੂਸਰੀਆਂ ਕੋਈ 950 ਦੇ ਕਰੀਬ ਆਈਟਮਾਂ ਹਨ ਜਿਨ੍ਹਾਂ ਉੱਤੇ ਫਸਟ ਸਟੇਜ ਤੇ ਟੈਕਸ ਲਗਾਇਆ ਹੈ। ਜਿਹੜੀ ਇਨ੍ਹਾਂ ਨੇ ਵੱਡੇ-ਵੱਡੇ ਇੰਡਸਟਰੀਲਿਸਟਾਂ ਦੀ ਗੱਲ ਕੀਤੀ ਹੈ, ਇਹ ਜਿਹੜੇ ਵੱਡੇ-ਵੱਡੇ ਵਪਾਰੀ ਜਾਂ ਇੰਡਸਟਰੀਲਿਸਟ ਹਨ, ਛੋਟੇ-ਛੋਟੇ ਵਪਾਰੀਆਂ ਦੀ ਕੋਈ ਗੱਲ ਨਹੀਂ ਕਰਦੇ ਅਤੇ ਉਨ੍ਹਾਂ ਨੇ ਆਪਣੀ ਹੀ ਗੱਲ ਕਰਨੀ ਹੁੰਦੀ ਹੈ। ਅਸੀਂ ਮੈਨੂੰਫੈਕਚਰਰ ਅਤੇ ਜਿਹੜੇ ਇੰਡਸਟਰੀ ਗੁੱਡਜ਼ ਦੇ ਮੈਨੂੰਫੈਕਚਰਰ ਹਨ, ਉਨ੍ਹਾਂ ਨੂੰ ਅਸੀਂ ਸਰਦਾਰ ਬੇਅੰਤ ਸਿੰਘ ਜੀ ਦੀ ਇੰਟਰਵੈਨਸ਼ਨ ਨਾਲ ਅਜੇ ਰਿਵਿਊ ਕਰ ਰਹੇ ਹਾਂ। ਇਨਾਂ ਪੁਆਇੰਟਾਂ ਵੇਲੇ ਪੈਨਲਟੀ ਤੇ ਟੈਕਸਾਂ ਵਿੱਚ ਜਿਹੜੀਆਂ ਕਮੀਆਂ ਪੇਸ਼ੀਆਂ ਹਨ, ਉਨ੍ਹਾਂ ਨੂੰ ਮੁੱਖ ਰੱਖਦੇ ਹੋਏ ਅਸੀਂ ਇਹ ਅਮੈਂਡਮੈਂਟ ਕੀਤੀਆਂ ਹਨ। ਇਸ ਦੇ ਵਿੱਚ ਗੁੱਡਜ਼ ਵਹੀਕਲ ਦੀ ਗੱਲ ਕੀਤੀ ਗਈ ਹੈ। ਅਸੀਂ ਆਮ ਤੌਰ ਤੇ ਦੇਖਦੇ ਹਾਂ ਕਿ ਕੋਈ ਘੋੜੇ ਤੇ ਗੁੱਡਜ਼ ਲਿਜਾਂਦਾ ਹੈ, ਕੋਈ ਸਾਈਕਲ ਤੇ ਅਤੇ ਕੋਈ ਆਟੋ ਰਿਕਸ਼ਾ ਤੇ ਅਤੇ ਕੋਈ ਪੈਦਲ ਹੀ ਲਿਜਾਂਦਾ ਹੈ ਅਤੇ ਹਜ਼ਾਰਾਂ ਰੁਪਏ ਦੀਆਂ ਦਵਾਈਆਂ ਲੈ ਜਾਂਦਾ ਹੈ ਜਾਂ ਕੋਈ ਸੋਨਾ ਹੀ ਲੈ ਜਾਂਦਾ ਹੈ ਤਾਂ ਅਜਿਹੇ ਵਪਾਰੀਆਂ ਨੂੰ ਅਸੀਂ ਚੈਕ ਨਹੀਂ ਸੀ ਕਰ ਸਕਦੇ। ਇਹ ਪਰੋਵੀਜ਼ਨ ਇਸ ਕਰਕੇ ਲਾਜ਼ਮੀ ਤੌਰ ਤੇ ਅਡਾਪਟ ਕਰਨੀ ਪਈ ਹੈ ਤਾਂ ਜੋ ਜੈਨੂਅਨ ਚੈਕ ਹੋ ਸਕੇ ਅਤੇ ਜਿਹੜੇ ਟੈਕਸ ਇਵੇਡਰ ਹਨ, ਜਿਹੜੇ ਟੈਕਸ ਦੀ ਚੋਰੀ ਕਰਦੇ ਹਨ ਉਨ੍ਹਾਂ ਨੂੰ ਠੱਲ ਪਾਈ ਜਾ ਸਕੇ।

ਮੈਂ ਮਾਨਯੋਗ ਮਿੱਤਲ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੈਨਲਟੀ ਕਲਾਜ਼ ਅਸੀਂ ਇਸ ਕਰਕੇ ਲਿਆਂਦੀ ਹੈ ਤਾਂ ਜੋ ਜਿਹੜੀ ਟੈਕਸ ਇਵੇਜ਼ਨ ਹੋ ਰਹੀ ਹੈ, ਉਸ ਨੂੰ ਰੋਕਿਆ ਜਾ ਸਕੇ। ਜੇਕਰ ਅਸੀਂ

Original with;
Punjab Vidhan Sabha
Digitized by;
Panjab Digital Library

ਪਿਛਲੇ 4---5 ਸਾਲਾਂ ਦੇ ਪਰੈਜ਼ੀਡੈਂਟ ਰੂਲ ਦਾ ਹਿਸਾਬ-ਕਿਤਾਬ ਇਕੱਠਾ ਕਰਕੇ ਦੇਖੀਏ ਤਾਂ ਅਸੀਂ ਕਹਿ ਸਕਦੇ ਹਾਂ ਕਿ ਅਸੀਂ 248 ਕਰੋੜ ਰੁਪਿਆ ਸਾਲ 1992-93 ਵਿੱਚ ਟੈਕਸ ਦਾ ਵਧਾਇਆ ਹੈ। ਮੈਂ ਮਿੱਤਲ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਵੱਡੇ ਵਪਾਰੀਆਂ ਦੀ ਸਰਕਾਰ ਨਹੀਂ। ਸਰਦਾਰ ਬੇਅੰਤ ਸਿੰਘ ਦੀ ਸਰਕਾਰ ਖੇਤ ਮਜ਼ਦੂਰਾਂ ਦੀ, ਕਿਸਾਨਾਂ ਦੀ ਅਤੇ ਛੋਟੇ ਦੁਕਾਨਦਾਰਾਂ ਦੀ ਸਰਕਾਰ ਹੈ। ਇਹ ਸਰਕਾਰ ਬੀ.ਜੇ.ਪੀ ਦੀ ਸਰਕਾਰ ਨਹੀਂ ਕਿ ਜਿਹੜੀ ਵੱਡੇ ਵੱਡੇ ਇੰਡਸਟਰੀਲਿਸਟਾਂ ਨੂੰ ਸ਼ੈਲਟਰ ਕਰਦੀ ਰਹੀ ਹੈ।

ਇਥੇ ਬੈਰੀਅਰਾਂ ਦੀ ਗੱਲ ਕੀਤੀ ਗਈ ਹੈ। (ਵਿਘਨ) ਮਿੱਤਲ ਸਾਹਿਬ ਜਿਹੜੇ ਸਾਡੇ ਆਨਰੇਬਲ ਮੈਂਬਰ ਹਨ ਅਤੇ ਵਕੀਲ ਵੀ ਹਨ ਜਦੋਂ ਉਨ੍ਹਾਂ ਨੂੰ ਬੋਲਣ ਦਾ ਮੌਕਾ ਮਿਲਿਆ ਸੀ ਤਾਂ ਅਸੀਂ ਚੁੱਪ-ਚਾਪ ਸੁਣਦੇ ਰਹੇ। ਹੁਣ ਉਹ ਵੀ ਸੁਣਨ ਦੀ ਸ਼ਕਤੀ ਰੱਖਣ। . . . . . (ਵਿਘਨ)

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਜਿਹੜੀ ਐਪੁਆਇੰਟਮੈਂਟਾਂ ਵਿਚ ਹੇਰਾਫੇਰੀ ਹੋਈ ਹੈ . . . (ਵਿਘਨ)

**ਆਬਕਾਰੀ ਅਤੇ ਕਰ ਮੰਤਰੀ :** ਤੁਸੀਂ ਕੋਈ ਇੱਕ ਵੀ ......(ਵਿਘਨ)...ਹਾਂ ਤਾਂ ਮੈਂ ਬੈਰੀਅਰਾਂ ਬਾਰੇ ਗੱਲ ਕਹਿ ਰਿਹਾ ਸੀ। ਜਦੋਂ ਤੁਸੀਂ ਇਸ ਬਾਰੇ ਕੋਈ ਸਵਾਲ ਕਰੋਗੇ ਤਾਂ ਐਪੁਆਇੰਟਮੈਂਟਾਂ ਬਾਰੇ ਵੀ ਜਵਾਬ ਦੇ ਦੇਵਾਂਗਾ। ਬੈਰੀਅਰਾਂ ਦੀ ਗੱਲ ਬਾਰੇ ਮੈਂ ਇਕੱਲੇ ਸ਼ੰਭੂ ਬੈਰੀਅਰ ਦੀ ਗੱਲ ਹੀ ਕਰਾਂਗਾ। ਸ਼ੰਭੂ ਬੈਰੀਅਰ ਤੇ ਪਿਛਲੇ ਸਾਲ ਨਵੰਬਰ ਦੇ ਮਹੀਨੇ ਸਾਨੂੰ 19 ਲੱਖ 22 ਹਜ਼ਾਰ ਰੁਪਏ ਇਕ ਮਹੀਨੇ ਦਾ ਰੈਵਨਿਊ ਆਇਆ ਸੀ। ਇਸ ਸਾਲ ਉਸੇ ਬੈਰੀਅਰ ਤੋਂ 41 ਲੱਖ 88 ਹਜ਼ਾਰ ਰੁਪਏ ਦਾ ਰੈਵਨਿਊ ਆਇਆ ਹੈ। ਅਰਥਾਤ 113 ਪ੍ਰਤੀਸ਼ਤ ਇਨਕਰੀਜ਼ ਹੋਈ ਹੈ (ਥੰਪਿੰਗ) ਇਹ ਕਹਿੰਦੇ ਹਨ ਕਿ ਬੈਰੀਅਰ ਤੇ ਸਿਫਾਰਸ਼ੀ ਲਗਾਏ ਜਾਂਦੇ ਹਨ ਮੈਂ ਕਹਿੰਦਾ ਹਾਂ ਉਹ ਬੈਰੀਅਰ ਛੱਡਣਾ ਚਾਹੁੰਦੇ ਹਨ। ਸ਼ੰਭੂ ਬੈਰੀਅਰ ਤੇ ਏ.ਟੀ.ਸੀ, ਈ.ਟੀ.ਓ. ਅਤੇ ਇੰਨਸਪੈਕਟਰ ਨੂੰ ਰਿਸ਼ਵਤ ਦੇ ਕੇਸ ਵਿੱਚ ਸਸਪੈਂਡ ਕੀਤਾ ਹੈ ਅਤੇ ਤਿੰਨ ਈ.ਟੀ.ਓਜ਼. ਨੂੰ ਕੰਪਲਸਰੀ ਰਿਟਾਇਰ ਕੀਤਾ ਹੈ ਜਿਨ੍ਹਾਂ ਦੀ ਵਰਕਿੰਗ ਅੱਛੀ ਨਹੀਂ ਸੀ। ਕੁਝ ਇੰਸਪੈਕਟਰ ਸਸਪੈਂਡ ਕੀਤੇ ਹਨ ਜਿਹੜੇ ਕਿ ਬੈਰੀਅਰ ਤੇ ਪੈਸਾ ਲੈਂਦੇ ਰਹੇ ਹਨ। ਬੈਰੀਅਰ ਸਟਰੈਂਥ ਕਰਨ ਲਈ ਜਿਹੜਾ ਬਿੱਲ ਇੰਟਰੋਡਿਊਸ ਕੀਤਾ ਹੈ, ਅਸੀਂ ਇਹ ਨਵਾਂ ਪ੍ਰਸੈਸ ਲਿਆਂਦਾ ਹੈ ਕਿ ਬਿੱਲ ਨੂੰ ਇੰਟਰੋਡਿਊਸ ਕੀਤਾ ਜਾਵੇ, ਉਸਦੀ ਕਾਪੀ ਦਿਤੀ ਜਾਵੇ ਤਾਂ ਕਿ ਜਦੋਂ ਵੈਰੀਫੀਕੇਸ਼ਨ ਕੀਤੀ ਜਾਵੇ ਤਾਂ ਟਰੇਡਰ ਦਾ ਪਤਾ ਲਗ ਸਕੇ। ਪਿਛੇ ਇਹ ਹੁੰਦਾ ਸੀ ਕਿ ਜਦੋਂ ਵੀ ਕੋਈ ਵਹੀਕਲ ਬੈਰੀਅਰ ਤੇ ਆਉਂਦਾ ਸੀ, ਉਹ ਕਾਗਜ਼ ਦਿਖਾ ਕੇ, ਜਿਹੜੇ ਗਲਤ ਟਰੇਡਰ ਹੁੰਦੇ ਸੀ ਉਨ੍ਹਾਂ ਨੂੰ ਟਰੇਸ ਕਰਨਾ ਵੀ ਮੁਸ਼ਕਲ ਹੁੰਦਾ ਸੀ, ਚਲਾ ਜਾਂਦਾ ਸੀ। ਪਰ ਹੁਣ ਉਹ ਟਰੇਡਰ ਟਰੇਸ ਹੋ ਸਕਦਾ ਹੈ। ਰਹੀ ਗੱਲ ਪੈਨਲਟੀ ਦੀ, ਪਹਿਲਾਂ ਸਾਡੇ ਸਟਾਫ ਕੋਲ ਕਿਸੇ ਵੀ ਵਿਹੀਕਲ ਨੂੰ ਡੀਟੇਂਸ਼ਨ ਦੀ ਪਾਵਰ ਨਹੀਂ ਸੀ, ਹੁਣ ਡੀਟੇਨ ਕਰ ਸਕਦੇ ਹਾਂ। ਜਿਹੜੇ ਟਰਾਂਸਪੋਰਟਰ ਦੋ ਨੰਬਰ ਦਾ ਕੰਮ ਕਰਦੇ ਸਨ, ਉਨ੍ਹਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ ਕਿਉਂਕਿ 10-10 ਦਿਨ ਗੱਡੀਆਂ ਬੈਰੀਅਰ ਤੇ ਖੜ੍ਹੀਆਂ ਰਹਿੰਦੀਆਂ ਹਨ ਜਿਸ ਕਾਰਨ ਟਰਾਂਸਪੋਰਟਰਜ਼ ਨੂੰ ਕਾਫੀ ਨੁਕਸਾਨ ਪੁੱਜਦਾ ਹੈ ਅਤੇ ਇਸ ਤਰ੍ਹਾਂ ਜਿਹੜੇ ਟੈਕਸ ਚੋਰੀ ਕਰਦੇ ਹੁੰਦੇ ਸੀ ਉਨ੍ਹਾਂ ਤੋਂ ਲੱਖਾਂ

Original with;
Punjab Vidhan Sabha
Digitized by;
Panjab Digital Library

[ਆਬਕਾਰੀ ਅਤੇ ਕਰ ਮੰਤਰੀ]

ਰੁਪਏ ਪੈਨਲਟੀ ਦੇ ਰੂਪ ਵਿੱਚ ਵਸੂਲ ਕੀਤੇ ਗਏ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ 2 ਲੱਖ ਰੁਪਏ ਦੇ ਕਰੀਬ ਪੈਨਲਟੀ ਸਾਡੇ ਇਨਫੋਰਸਮੈਂਟ ਸਟਾਫ ਵਲੋਂ 4 ਮਹੀਨੇ ਦੇ ਵਿੱਚ ਵਸੂਲ ਕੀਤੀ ਗਈ ਹੈ। ਇਸੇ ਤਰਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਅਮੈਂਡਮੈਂਟ ਕੀਤੀ ਗਈ ਹੈ, ਜਿਹੜੇ ਲੋਕ ਟੈਕਸ ਦੇਣ ਵਿੱਚ ਕੁਤਾਹੀ ਜਾਂ ਦੇਰ ਕਰਦੇ ਸੀ ਅਸੀਂ 18 ਪ੍ਰਤੀਸ਼ਤ ਦੀ ਥਾਂ 24 ਪ੍ਰਤੀਸ਼ਤ ਕੀਤੀ ਹੈ। ਇਹ ਜਿਹੜੀਆਂ ਗੱਲਾਂ ਆਰਡੀਨੈਂਸ ਵਿੱਚ ਅਸੀਂ ਲਿਆਂਦੀਆਂ ਹਨ ਇਹ ਇਸ ਕਰਕੇ ਲਿਆਂਦੀਆਂ ਹਨ ਤਾਂ ਕਿ ਸਟੇਟ ਵਿੱਚ ਰੈਵਨਿਉ ਜ਼ਿਆਦਾ ਆ ਸਕੇ ਔਹ ਇਸ ਸਟੇਟ ਦਾ ਜਿੱਥੇ ਖਜ਼ਾਨਾ ਖਾਲੀ ਸੀ, ਉਥੇ ਅੱਜ ਸਾਡੀ ਸਟੇਟ ਕੋਲ ਰਿਕੋਜ਼ਿਟ ਸਰਮਾਇਆ ਅਤੇ ਇੱਥੇ ਪੈਨਲਟੀ ਵਧਾਉਣ ਅਤੇ ਬਿਲਾਂ ਦੀ ਵੀ ਗੱਲ ਕੀਤੀ ਗਈ ਹੈ। ਅਸੀਂ ਤਕਰੀਬਨ ਜਿਹੜਾ ਛੋਟਾ ਬਿਉਪਾਰੀ ਸੀ, ਕਰਿਆਣੇ ਵਾਲਾ, ਮਨਿਆਰੀ ਵਾਲਾ ਸੀ, ਜਿੱਥੇ ਅਸੀਂ ਉਨ੍ਹਾਂ ਨੂੰ ਰਿਲੀਫ ਦਿਤੇ ਹਨ, ਉਥੇ ਅਸੀਂ ਫਸਟ ਸਟੇਜ਼ ਤੇ ਟੈਕਸ ਲੈਣ ਦੀ ਪਰੋਵੀਜ਼ਨ ਕੀਤੀ ਹੈ ਜਿਸ ਨਾਲ ਛੋਟੇ ਬਿਉਪਾਰੀ ਨੂੰ ਰਾਹਤ ਮਿਲੀ ਹੈ। ਇੰਸਪੈਕਟਰੀ ਰਾਜ ਨੂੰ ਅਸੀਂ ਖਤਮ ਕੀਤਾ ਹੈ। ਮੁਹਾਲੀ ਤੋਂ ਅਸੀਂ ਪ੍ਰੈਕਟਿਸ ਸ਼ੁਰੂ ਕੀਤੀ ਹੈ। ਸਾਨੂੰ ਆਸ ਸੀ ਕਿ ਇੰਸਪੈਕਟਰੀ ਰਾਜ ਨੂੰ ਖਤਮ ਕਰਨ ਲਈ ਤੁਸੀਂ ਹੈਲਦੀ ਕ੍ਰਿਟਿਸਿਜ਼ਮ ਕਰੋਗੇ ਕਿਉਂਕਿ ਟੈਕਸ ਉਪਰੇਟਰ ਨੂੰ ਬਚਾਉਣ ਵਾਸਤੇ ਨਹੀਂ ਸਗੋਂ ਚੋਰੀ ਦੇ ਖਿਲਾਫ ਤੁਹਾਨੂੰ ਵੀ, ਜਿਸ ਤਰ੍ਹਾਂ ਸਰਕਾਰ ਲੱਗੀ ਹੋਈ ਹੈ, ਆਪੋਜ਼ੀਸਨ ਦਾ ਵੀ ਫਰਜ਼ ਬਣਦਾ ਹੈ ਕਿ ਉਹ ਤਕੜੀ ਹੋ ਕੇ ਸਾਡਾ ਸਾਥ ਦੇਵੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ 1 ਅਪ੍ਰੈਲ, 1992 ਤੋਂ 30 ਨਵੰਬਰ, 1992 ਤੱਕ 952 ਕਰੋੜ 48 ਲੱਖ ਰੁਪਏ ਇਕੱਠਾ ਕੀਤਾ ਸੀ ਜਦ ਕਿ ਇਸ ਸਾਲ ਨਵੰਬਰ, 1993 ਤੱਕ 1125 ਕਰੋੜ 87 ਲੱਖ ਰੁਪਏ ਇਕੱਠਾ ਕੀਤਾ ਹੈ ਅਤੇ 173 ਕਰੋੜ 39 ਲੱਖ ਰੁਪਏ ਨਵੰਬਰ, 1993 ਤੱਕ ਵੱਧ ਕਮਾ ਸਕੇ ਹਾਂ। ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ 300 ਕਰੋੜ ਰੁਪਏ ਤੱਕ ਇਹ ਇਨਕਰੀਜ਼ ਕਰਨ ਦਾ ਸਾਡਾ ਆਈਡੀਆ ਹੈ। ਇਸ ਲਈ ਮੈਂ ਤਾਂ ਇਹੀ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਇਸ ਬਿੱਲ ਨੂੰ ਪਾਸ ਕੀਤਾ ਜਾਵੇ। ਧੰਨਵਾਦ।

**Mr. Speaker :** Since two notices of the Resolutions disapproving the Ordinance are identical, I will put one notice to the vote of the House.

**Mr. Speaker :** Question is —

That this House disapproves the Punjab General Sales Tax (Third Amendment) Ordinance 1993 (Punjab Ordinance No. 6 of 1993).

*The Motion was lost.*

**Mr. Speaker :** Question is —

That the Punjab General Sales Tax (Third Amendment) Bill be taken into consideration at once.

*The Motion was carried.*

**Mr. Speaker :** Now the House will proceed to consider the Bill Clause by Clause.

If the House agrees, all the Clauses of the Bill be put to the vote of the House together.

(Voice : Yes, Yes)

Original with;
Punjab Vidhan Sabha
Digitized by;
Panjab Digital Library

**Sub-clause (2) of Clause 1, Clause 2, Clause 3, Clause 4, Clause 5, Clause 6, Clause 7, Clause 8 and Sub-Clause (1) of Clause 1**

**Mr. Speaker :** Question is

That Sub-clause (2) of Clause 1, Clause 2, Clause 3, Clause 4, Clause 5, Clause 6, Clause 7, Clause 8 and Sub Clause (1) of Clause 1 stand part of the Bill.

*The Motion was carried.*

**TITLE**

**Mr. Speaker :** Question is—

That Title be the Title of the Bill.

*The Motion was carried.*

**Excise and Taxation Minister (Sardar Shamsher Singh Dullo) :** Sir, I beg to move—

That the Punjab General Sales Tax (Third Amendment) Bill be passed.

**Mr. Speaker :** Motion moved—

That the Punjab General Sales Tax (Third Amendment) Bill be passed.

**Mr. Speaker :** Question is—

That the Punjab General Sales Tax (Third Amendment) Bill be passed.

*The Motion was carried*

## PRESENTATION OF REPORT OF THE BUSINESS ADVISORY COMMITTEE

**Mr. Speaker :** I have to present the Report of the Business Advisory Committee. The Report reads as under :

After some discussion, the Committee recommended that the following business be transated at the sitting of the Vidhan Sabha to be held on Wednesday the 29th December, 1993 :—

| | |
|---|---|
| Wednesday, the 29th December, 1993 (9.00 A.M.) | (i) Motion under Rule 16 regarding adjournment of the House *sine-die*. |
| | (ii) Legislative Business : |

Original with;
Punjab Vidhan Sabha
Digitized by;
Panjab Digital Library

[Mr. Speaker]

(a) The Punjab Municipal Corporation (Amendment) Bill, 1993 (Replacing Ordinance).

(b) The Punjab Rural Development (Amendment) Bill, 1993 (Replacing Ordinance).

(c) The Registration (Punjab Amendment) Bill, 1993.

iii) Discussion on the following Annual Report/Statement :—

(a) Annual Statement of Accounts of the Punjab State Electricity Board for the year 1991-92 which was laid on the Table of the House on 28th December, 1993.

(b) Annual Report of the Punjab State Electronics Development and Production Corporation Ltd. for the year 1991-92 which was laid on the Table of the House on 28th December, 1993.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended, to that extent.

**Finance Minister (Doctor Kewal Krishan) :** Sir, I beg to move—

That this House agrees with the recommendations contained in the Report of the Business Advisory Committee.

**Mr. Speaker :** Motion moved—

That this House agrees with the recommendations contained in the Report of the Business Advisory Committee.

**Mr. Speaker :** Question is—

That this House agrees with the recommendations contained in the Report of the Business Advisory Committee.

*The Motion was carried unanimously.*

---

Original with;
Punjab Vidhan Sabha
Digitized by;
Panjab Digital Library

## RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB ENTERTAINMENT TAX (CINEMATOGRAPH SHOWS) AMENDMENT ORDINANCE, 1993 (PUNJAB ORDINANCE NO. 4 OF 1993)

## AND

## THE PUNJAB ENTERTAINMENT TAX (CINEMATOGRAPH SHOWS) AMENDMENT BILL, 1993

**Mr. Speaker :** Shrimati Vimla Dang and Comrade Hardev Singh Arshi have given notices of Resolution disapproving the Punjab Entertainment Tax (Cinematograph Shows) Amendment Ordinance, 1993 (Punjab Ordinance No. 4 of 1993). These may be deemed to have been read and moved.

1. **Shrimati Vimla Dang :**

That this House disapproved the Punjab Entertainment Tax (Cinematograph Shows) Amendment Ordinance, 1993 (Punjab Ordinance No. 4 of 1993.)

2. **Comrade Hardev Singh Arshi :**

That this House disapproves the Punjab Entertainment Tax (Cinematograph Shows) Amendment Ordinance, 1993 (Punjab Ordinance No. 4 of 1993).

**Mr. Speaker :** If the House agrees the Resolution disapproving the Ordinance and the Consideration Motion of the Punjab Entertainment Tax (Cinematograph Shows) Amendment Bill, 1993 be discussed together and voted upon separately.

(Voices : Yes, yes)

**Excise and Taxation Minister (Sardar Shamsher Singh Dullo) :** Sir, I beg to introduce the Punjab Entertainment Tax (Cinematograph Shows) Amendment Bill.

Sir, I also beg to move—

That the Punjab Entertainment Tax (Cinematograph Shows) Amendment Bill be taken into consideration at once.

**Mr. Speaker :** Motion moved—

That the Punjab Entertainment Tax (Cinematograph Shows) Amendment Bill be taken into consideration at once.

**Discussion, Mrs. Dang.**

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ) : ਸਪੀਕਰ ਸਾਹਿਬ ਬੇਨਤੀ ਹੈ ਕਿ ਜਿਹੜਾ ਪਹਿ ਲਾ ਸਾਡਾ ਨੁਕਤਾ ਹੈ ਉਹ ਇਹ ਹੈ ਕਿ ਹਰ ਗੱਲ ਤੇ ਆਰਡੀਨੈਂਸ ਕਰਨ ਤੇ ਸਾਨੂੰ ਇਤਰਾਜ਼ ਹੈ। ਆਰਡੀਨੈਂਸ ਦਾ ਜਿਹੜਾ ਮੈਥਡ ਹੈ, ਡਿਸਕਸ਼ਨ ਕਰਨ ਦਾ ਔਰ ਅਸੈਂਬਲੀ ਨੂੰ ਬਾਈਪਾਸ ਕਰਨ ਦਾ, ਡੈਮੋਕਰੇਟਿਕ ਪ੍ਰੋਸੀਜਰ ਜੋ ਹੈ ਉਸ ਦੀ ਉਲੰਘਣਾ ਕਰਨ ਦਾ ਅਸੀਂ ਇਸ ਦੇ ਖਿਲਾਫ ਹਾਂ। ਸਰਦਾਰ ਸ਼ਮਸ਼ੇਰ ਸਿੰਘ ਦੂਲੋ ਜੀ ਨੇ ਪਿਛਲੀ ਡਿਸਕਸ਼ਨ ਵਿੱਚ ਇਹ ਨੁਕਤਾ ਰਖਿਆ ਕਿ ਕੰਸਟੀ-ਚਿਊਸ਼ਨ ਪ੍ਰੋਵਾਈਡ ਕਰਦਾ ਹੈ, ਅਸੀਂ ਇਸ ਗੱਲ ਨੂੰ ਮੰਨਦੇ ਹਾਂ ਕਿ ਕੰਸਟੀਚਿਊਸ਼ਨ ਦੇ ਵਿਚ ਇਸ ਦਾ ਪਰੋਵੀਜ਼ਨ ਹੈ ਪਰ ਉਹ ਉਸ ਹਾਲਾਤ ਵਿੱਚ ਹੈ ਕਿ ਕੋਈ ਐਮਰਜੈਂਸੀ ਹੋਵੇ ਜਾਂ ਕੋਈ ਬਹੁਤ ਵੱਡਾ ਮਸਲਾ ਹੋਵੇ ਤਾਂ ਉਸ ਹਾਲਤ ਵਿਚ ਆਰਡੀਨੈਂਸ ਲਿਆ ਸਕਦੇ ਹਾਂ ਔਰ ਉਸ ਆਰਡੀਨੈਂਸ ਦੀ ਰੇਟੀਫੀਕੇਸ਼ਨ ਅਸੈਂਬਲੀ ਤੋਂ ਕਰਵਾਈ ਜਾਵੇ। ਅਸੀਂ ਇਹ ਨਹੀਂ ਕਹਿੰਦੇ ਕਿ ਆਰਡੀਨੈਂਸ ਹੋ ਨਹੀਂ ਸਕਦਾ ਪਰ ਜਿਵੇਂ ਪੰਜਾਬ ਸਰਕਾਰ ਨੇ ਇਸ ਦੇ ਲਈ ਇਕ ਤਰੀਕਾ ਹੀ ਅਪਣਾ ਲਿਆ ਹੈ ਇਸ ਤੇ ਸਾਨੂੰ ਇਤਰਾਜ਼ ਹੈ। ਬਹੁਤ ਸਾਰੇ ਲੈਜਿਸਲੇਟਿਵ ਮਯੀਅਰਜ਼ ਹਨ ਜਿਨ੍ਹਾਂ ਨੂੰ ਆਰਡੀਨੈਂਸ ਕਰਕੇ ਲਾਗੂ ਕਰ ਦਿੱਤਾ ਜਾਂਦਾ ਹੈ, ਅਸੀਂ ਇਸ ਮੈਥਡ ਦੇ ਜੋ ਪੰਜਾਬ ਗੌਰਮਿੰਟ ਨੇ ਅਡਾਪਟ ਕੀਤਾ ਹੈ, ਖਿਲਾਫ ਹਾਂ। ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਗੱਲ ਵੀ ਸਨਮਾਨ ਨਾਲ ਕਹਾਂਗੀ ਕਿ ਇਹ ਵੀ ਪਰੋਸੀਜਰ ਠੀਕ ਨਹੀਂ ਹੈ ਕਿ ਜਿਸ ਬਿੱਲ ਤੇ ਡਿਸਕਸ਼ਨ ਕਰਦੇ ਹਾਂ ਉਹ ਬਿੱਲ 5 ਦਿਨ ਪਹਿਲਾਂ ਸਰਕੂਲੇਟ ਨਹੀਂ ਹੁੰਦੇ। ਪ੍ਰਿੰਸੀਪਲ ਐਕਟ ਨਾਲ ਹੋਣਾ ਚਾਹੀਦਾ ਹੈ। ਉਸ ਤੇ ਸਹੀ ਡਿਸਕਸ਼ਨ ਹੋ ਕੇ ਫਿਰ ਪਾਸ ਹੋਣਾ ਚਾਹੀਦਾ ਹੈ। ਪਾਸ ਤਾਂ ਹੋਣਾ ਹੀ ਹੈ ਕਿਉਂ ਕਿ ਰੂਲਿੰਗ ਪਾਰਟੀ ਦੀ ਮੈਜਾਰਿਟੀ ਹੈ। What is the fear. ਬਹੁਤ ਸਾਰੇ ਇਮਪਾਰਟੈਂਟ ਇਸ਼ੂ ਹੁੰਦੇ ਹਨ ਉਨ੍ਹਾਂ ਤੇ ਪੂਰੀ ਡਿਸਕਸ਼ਨ ਨਹੀਂ ਹੁੰਦੀ। ਉਨ੍ਹਾਂ ਤੇ ਡਿਸ-ਕਸ਼ਨ ਕਰਾਉਣ, ਸਾਰੀਆਂ ਪ੍ਰਾਬਲਮ ਤੇ ਵਿਚਾਰ ਵਟਾਂਦਰਾ ਕਰਕੇ ਕਿਸੇ ਮਸਲੇ ਦੇ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ। ਇਸ ਕਰਕੇ In principle, we are opposed to this method of taking decisions by ordinances ਕਿਉਂਕਿ ਇਹ ਬਿਲਕੁਲ ਅਨਡੈਮੋਕਰੈਟਿਕ ਹੈ। ਅਸੀਂ ਪਹਿਲਾਂ ਵੀ ਇਸ ਨੁਕਤੇ ਤੇ ਖੜ੍ਹੇ ਸੀ ਅਤੇ ਹੁਣ ਵੀ ਉਸ ਨੁਕਤੇ ਤੇ ਖੜ੍ਹੇ ਹਾਂ ਔਰ ਸਰਦਾਰ ਸ਼ਮਸ਼ੇਰ ਸਿੰਘ ਦੂਲੋ ਦੀ ਸਪੀਚ ਤੋਂ ਬਾਅਦ ਵੀ ਖੜ੍ਹੇ ਹਾਂ। ਕੋਈ ਸਮਾਂ ਆਵੇਗਾ, ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋਗੇ, ਭਾਵੇਂ ਅਸੀਂ ਅਪੋਜੀਸ਼ਨ ਦੇ ਮੈਂਬਰ ਥੋੜੀ ਗਿਣਤੀ ਵਿੱਚ ਹਾਂ, ਰੂਲਜ਼ ਦੀ ਉਲੰਘਣਾ ਕਰਕੇ ਮੈਜਾਰਿਟੀ ਦੇ ਆਧਾਰ ਤੇ ਡਿਸੀਜ਼ਨ ਕੈਰੀ ਆਊਟ ਕਰੋ ਸਾਡੀ ਪਾਰਲੀਮੈਂਟਰੀ ਡੈਮੋਕਰੇਸੀ ਦੀ ਇਹ ਟਰੇਡੀਸ਼ਨ ਨਹੀਂ ਹੈ this is not a democratic tradition.

ਸਪੀਕਰ ਸਾਹਿਬ, ਹੁਣ ਇਸ ਆਰਡੀਨੈਂਸ ਦੇ ਸਬੰਧ ਵਿੱਚ ਮੈਂ ਕਹਿਣਾ ਚਾਹੁੰਦੀ ਹਾਂ ਕਿ ਅਤਿਵਾਦ ਦੇ ਕਰਕੇ ਸਿਨੇਮਾ ਇੰਡਸਟਰੀਜ਼ ਨੂੰ ਬਹੁਤ ਨੁਕਸਾਨ ਹੋਇਆ ਹੈ। ਸਿਨੇਮਾ ਇੰਡਸਟਰੀਜ਼ ਨੇ ਬਹੁਤ ਭਾਰੀ ਸਫਰ ਕੀਤਾ ਹੈ। ਸਾਲਾਂ ਬੱਧੀ ਅਤਿਵਾਦ ਦੇ ਦੌਰਾਨ ਰਾਤ ਦੇ ਸ਼ੋਅ ਨਹੀਂ ਹੋ ਸਕੇ। ਇਸ ਦੇ ਨਾਲ ਸਿਨੇਮਾ ਇੰਡਸਟਰੀ ਦੇ ਵਰਕਰਜ਼ ਨੂੰ ਵੀ ਕਾਫੀ ਨੁਕਸਾਨ ਹੋਇਆ ਹੈ। ਇਕ ਤਾਂ ਇਸ ਦੇ ਨਾਲ ਉਨ੍ਹਾਂ ਨੇ ਸਫਰ ਕੀਤਾ ਹੈ ਔਰ ਦੂਸਰਾ ਸਟਾਰ ਟੀ.ਵੀ., ਜ਼ੀ, ਟੀ.ਵੀ ਨੇ ਵੀ ਸਿਨੇਮਾ ਦੀ ਮਹੱਤਤਾ ਨੂੰ ਘੱਟ ਕੀਤਾ ਹੈ। ਤਰੀਕਾਕਾਰ ਇਸ ਵੇਲੇ ਇਹ ਹੋ ਗਿਆ ਹੈ ਕਿ ਗਰੀਬ ਬਸਤੀਆਂ ਵਿਚ ਭੀ ਸ਼ੋਅ ਦੇਖਣ ਦੀ ਬਜਾਏ ਸੌ ਸੌ ਰੁਪਏ ਇਕੱਠੇ ਕਰਕੇ ਲੋਕ 4-4 ਫਿਲਮਾਂ ਰਾਤ ਨੂੰ ਦੇਖਦੇ ਹਨ। ਇਸ ਕਰਕੇ ਸਿਨੇਮਾ ਇੰਡਸਟਰੀ ਨੂੰ ਕਾਫੀ ਜ਼ਿਆਦਾ ਨੁਕਸਾਨ ਹੋਇਆ ਹੈ ਇਕ ਤਾਂ ਅਤਿਵਾਦ

Original with;
Punjab Vidhan Sabha
Digitized by;
Panjab Digital Library

ਦੇ ਦੌਰ ਵਿੱਚ ਅਤੇ ਦੂਸਰੀ ਗੱਲ ਜਿਹੜੀ ਮੈਂ ਇਹ ਕਹੀ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦੀ ਹੈ ਕਿ ਜਿਹੜੀ ਲੰਪਸਮ ਦੇ ਪਰੋਸੀਜਰ ਦੀ ਗੱਲ ਕੀਤੀ ਹੈ ਇਹ ਠੀਕ ਨਹੀਂ ਹੈ, ਜਸਟੀਫਾਈਡ ਨਹੀਂ ਹੈ। ਲੰਪਸਮ ਦੇ ਪਰੋਸੀਜਰ ਦੇ ਨਾਲ ਜਿਹੜੇ ਪਹਿਲਾਂ ਚੋਰੀ ਕਰਨ ਵਾਲੇ ਹਨ ਉਨ੍ਹਾਂ ਨੂੰ ਫਾਇਦਾ ਹੈ ਪਰ ਜਿਹੜੇ ਇਮਾਨਦਾਰੀ ਦੇ ਨਾਲ ਟੈਕਸ ਦਿੰਦੇ ਹਨ ਉਨ੍ਹਾਂ ਨੂੰ ਨੁਕਸਾਨ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ 25 ਪ੍ਰਤੀਸ਼ਤ ਜਿਹੜਾ ਵਾਧਾ ਪ੍ਰਸਤਾਵਿਤ ਹੈ ਇਸ ਦੇ ਨਾਲ ਵੀ ਸਿਨੇਮਾ ਇੰਡਸਟਰੀ ਨੂੰ ਬਹੁਤ ਨੁਕਸਾਨ ਹੋਵੇਗਾ। ਇਸ ਦੇ ਨਾਲ ਜਿਹੜੇ ਸਿਨੇਮਾ ਇੰਡਸਟਰੀ ਦੇ ਵਰਕਰਜ਼ ਹਨ ਉਨ੍ਹਾਂ ਦਾ ਵੀ ਨੁਕਸਾਨ ਹੋਵੇਗਾ। ਇਸ ਲਈ ਅਸੀਂ ਇਸ ਦੇ ਨਾਲ ਸਹਿਮਤ ਨਹੀਂ ਹਾਂ। ਇਸੇ ਤਰੀਕੇ ਨਾਲ ਜਿਹੜਾ ਪ੍ਰਿੰਸੀਪਲ ਐਕਟ ਦੇ ਸੈਕਸ਼ਨ 5 ਵਿਚ 500 ਰੁਪਏ ਦੀ ਰਕਮ ਨੂੰ ਵਧਾ ਕੇ ਤੁਸੀਂ 5,000 ਕੀਤਾ ਹੈ ਅਸੀਂ ਇਸ ਦੇ ਨਾਲ ਵੀ ਸਹਿਮਤ ਨਹੀਂ ਹਾਂ। ਪਿਛਲੇ ਹਫਤੇ ਵਿਚ ਮੈਂ ਅਖਬਾਰਾਂ ਵਿਚ ਪੜ੍ਹਿਆ ਸੀ ਕਿ ਓਕਟਰਾਏ ਦੇ ਸਬੰਧ ਵਿਚ ਵਪਾਰੀਆਂ ਨੂੰ ਤੇ ਹੋਰ ਲੋਕਾਂ ਦੇ ਪ੍ਰਤੀਨਿਧਾਂ ਨੂੰ ਬੁਲਾਇਆ ਅਤੇ ਵਿਚਾਰ ਵਟਾਂਦਰੇ ਤੋਂ ਬਾਅਦ ਸਰਕਾਰ ਨੇ ਕੁਝ ਰਾਹਤ ਦਿੱਤੀ। ਇਸੇ ਹੀ ਤਰ੍ਹਾਂ ਸਿਨੇਮਾ ਬਾਰੇ ਮੀਟਿੰਗ ਬੁਲਾਈ ਜਿਸ ਵਿਚ ਸੀ.ਐਮ. ਸਾਹਿਬ ਅਤੇ ਮਿਸਿਜ਼ ਭੱਠਲ ਵੀ ਮੌਜੂਦ ਸਨ ਔਰ ਉਸ ਵਿਚ ਜਿਹੜੀਆਂ ਪਰਪੋਜ਼ਲ ਦਿਤੀਆਂ ਸਨ ਔਰ ਜੋ ਵਿਊਜ਼ ਦਿੱਤੇ ਗਏ ਸਨ, ਉਹ ਤੁਸੀਂ ਮੰਨੇ ਹਨ। ਇਹ ਠੀਕ ਕੀਤਾ ਹੈ ਪਰ ਇਹ ਜਿਹੜਾ ਮੈਥਡ ਹੁਣ ਅਡਾਪਟ ਕੀਤਾ ਜਾ ਰਿਹਾ ਹੈ ਇਹ ਠੀਕ ਨਹੀਂ ਹੈ। ਜਿਸ ਤਰੀਕੇ ਨਾਲ ਇਹ ਬਿੱਲ ਲਿਆਂਦਾ ਗਿਆ ਹੈ ਇਹ ਠੀਕ ਨਹੀਂ ਹੈ ਔਰ ਅਸੀਂ ਇਸ ਨੂੰ ਡਿਸਅਪਰੂਵ ਕਰਦੇ ਹਾਂ।

**ਕਾਮਰੇਡ ਹਰਦੇਵ ਸਿੰਘ ਅਰਸ਼ੀ(ਬੁਢਲਾਡਾ)**: ਸਪੀਕਰ ਸਾਹਿਬ, ਮੁੱਖ ਤੌਰ ਤੇ ਤਾਂ ਸਾਡੇ ਗਰੁੱਪ ਲੀਡਰ ਵਲੋਂ ਜੋ ਸਾਡਾ ਪੁਆਇੰਟ ਆਫ ਵਿਊ ਹੈ, ਉਹ ਹਾਊਸ ਦੇ ਸਾਹਮਣੇ ਰਖਿਆ ਗਿਆ ਹੈ ਪਰ ਬਾਵਜੂਦ ਇਸ ਦੇ ਕਿ ਸਰਕਾਰ ਨੇ ਆਰਡੀਨੈਂਸ ਦੇ ਬਾਰੇ ਆਪਣੀ ਸਫਾਈ ਦੇਣ ਦੀ ਕੋਸ਼ਿਸ਼ ਕੀਤੀ ਹੈ ਉਸ ਨੂੰ ਮੈਂ ਦੁਹਰਾਉਣਾ ਨਹੀਂ ਚਾਹੁੰਦਾ ਪਰ ਇਹ ਹੰਡਰਡ ਪਰਸੈਂਟ ਕਲੀਅਰ ਹੈ ਕਿ ਇਸ ਤਰ੍ਹਾਂ ਨਾਲ ਅਨਨਸੈਸਰੀ ਆਰਡੀਨੈਂਸ ਜਾਰੀ ਕਰਕੇ ਅਸੈਂਬਲੀ ਦੀ ਮਾਨਤਾ ਨੂੰ ਘਟਾਇਆ ਜਾ ਰਿਹਾ ਹੈ ਔਰ ਜਿਹੜੀ ਸਾਡੀ ਡਿਊਟੀ ਹੈ ਉਸ ਦੀ ਸਹੀ ਢੰਗ ਨਾਲ ਪਾਲਨਾ ਨਹੀਂ ਕੀਤੀ ਜਾ ਰਹੀ, ਇਸ ਕਰਕੇ ਅਸੀਂ ਬੜੀ ਸਟਰੌਂਗਲੀ ਇਸ ਨੂੰ ਅਪੋਜ਼ ਕਰਦੇ ਹਾਂ ਔਰ ਇਸ ਨੂੰ ਪਰਵਾਨ ਨਹੀਂ ਕਰਦੇ। ਸਪੀਕਰ ਸਾਹਿਬ, ਇਥੇ ਇਕ ਹੋਰ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਤੁਸੀਂ ਤਾਂ ਆਪੋਜ਼ੀਸ਼ਨ ਵਾਲੇ ਹੋ ਤੁਹਾਡਾ ਕੰਮ ਤਾਂ ਵਿਰੋਧ ਕਰਨਾ ਹੀ ਹੈ ਔਰ ਸਾਡਾ ਕੰਮ ਕਿਉਂਕਿ ਅਸੀਂ ਰੂਲਿੰਗ ਪਾਰਟੀ ਵਿਚ ਹਾਂ, ਇਸ ਕਰਕੇ ਇਹ ਜਿਹੜੀ ਐਪਰੋਚ ਸਰਕਾਰ ਦੀ ਹੈ, ਮੈਂ ਸਮਝਦਾ ਹਾਂ ਕਿ ਇਹ ਕੰਸਟਰਕਟਿਵ ਐਪਰੋਚ ਨਹੀਂ। ਜੇ ਇਹ ਸਮਝ ਲਿਆ ਜਾਵੇ ਕਿ ਅਸੀਂ ਅਪੋਜੀਸ਼ਨ ਵਾਲੇ ਹਾਂ ਔਰ ਸਿਰਫ ਅਪੋਜੀਸ਼ਨ ਕਰਨ ਵਾਸਤੇ ਹਾਂ ਜਾਂ ਇਹ ਗੱਲ ਸਾਡੇ ਦਿਮਾਗ ਵਿਚ ਹੋਵੇ ਜਾਂ ਟਰੈਯ਼ਰੀ ਬੈਂਚਿਜ਼ ਦੇ ਦਿਮਾਗ ਹੋਵੇ, ਇਸ ਤਰ੍ਹਾਂ ਦਾ ਵਿਊ ਬਣਾ ਲੈਣਾ ਬਿਲਕੁਲ ਗਲਤ ਗਲ ਹੈ। ਠੀਕ ਹੈ ਸਰਕਾਰ ਦਾ ਕੰਮ ਹੈ ਸਰਕਾਰ ਚਲਾਉਣਾ ਔਰ ਸਾਡਾ ਕੰਮ ਹੈ ਹੈਲਦੀ ਕੰਸਟਰਕਟਿਵ ਕ੍ਰਿਟੀਸਿਜ਼ਮ ਕਰਨਾ। ਜੋ ਅਪੋਜੀਸ਼ਨ ਹੈ ਉਸ ਨੇ ਜੋ ਆਪਣੇ ਐਕਸਪੀਰੀਐਂਸ ਤੋਂ ਵੇਖਣਾ ਹੈ ਉਸ ਨੇ ਸਰਕਾਰ ਦੇ ਨੋਟਿਸ ਵਿਚ ਲਿਆਉਣਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਹੈ। ਤੁਹਾਡੇ ਟਰੈਜ਼ਰੀ ਬੈਂਚਿਜ਼ ਨੇ ਵੀ ਤੁਹਾਡੇ ਨੋਟਿਸ ਵਿਚ ਆਪਣਾ ਐਕਸਪੀਰੀਐਂਸ ਲਿਆਉਣਾ ਹੈ ਇਸ ਤਰ੍ਹਾਂ ਦਾ ਰੋਲ ਅਸੀਂ ਆਪਣੇ ਵਲੋਂ ਪਲੇਅ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਡੈਮੋਕਰੇਸੀ ਵਿਚ ਕੋਈ ਵੀ ਪਰਮਾਨੈਂਟ ਸੈਟਅਪ ਨਹੀਂ ਹੈ। ਜਿਹੜਾ ਅੱਜ ਰੂਲਿੰਗ ਵਿਚ ਹੈ ਉਹ ਕੱਲ ਅਪੋਜ਼ੀਸ਼ਨ ਵਿਚ ਹੋ ਸਕਦਾ ਹੈ ਜਿਹੜਾ ਅਪੋਜ਼ੀਸ਼ਨ ਵਿਚ ਹੈ ਉਹ ਰੂਲਿੰਗ ਵਿਚ ਆ ਸਕਦਾ ਹੈ। ਇਸ ਕਰਕੇ ਅਸੀਂ ਸਮਝਦੇ ਹਾਂ ਕਿ ਜਿਹੜੀ ਡੈਮੋਕਰੇਸੀ ਬੜੀ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਹੈ ਉਸ ਡੈਮੋਕਰੇਸੀ ਨੂੰ ਕਿਸੇ ਵੀ ਕੀਮਤ ਤੇ ਖਤਮ ਨਹੀਂ ਕਰਨਾ ਚਾਹੀਦਾ। ਇਸ ਨੂੰ ਬੜੇ ਸੁਚੇਤ ਹੋ ਕੇ ਕਾਇਮ ਰਖਣਾ ਚਾਹੀਦਾ ਹੈ। ਮੈਂ ਇਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਕਹਿੰਦੇ ਹੋ ਕਿ ਸੈਸ਼ਨ ਨਹੀਂ ਸੀ ਇਸ ਕਰਕੇ ਰੂਲਜ਼ ਵਿਚ ਪਰੋਵੀਜਨ ਹੈ ਔਰ ਇਸ ਕਰਕੇ ਆਰਡੀਨੈਂਸ ਜਾਰੀ ਕੀਤਾ ਹੈ, ਮੈਂ ਸਮਝਦਾ ਹਾਂ ਕਿ ਕਾਂਸਟੀਚਿਊਸ਼ਨਲੀ ਜਿਹੜਾ 6 ਮਹੀਨੇ ਦੀ ਹੱਦ ਹੈ ਇਸ ਤੋਂ ਪਹਿਲੇ ਕਦੇ ਵੀ ਤੁਸੀਂ ਸੈਸ਼ਨ ਬੁਲਾਇਆ ਹੋਵੇ 2-4 ਦਿਨ ਤਾਂ ਇਧਰ ਉਧਰ ਹੋ ਸਕਦੇ ਹਨ ਪਰ ਕਦੇ ਵੀ ਲੋਕਾਂ ਦੇ ਭਖਦੇ ਸਵਾਲਾਂ ਤੇ ਡਿਸਕਸ਼ਨ ਵਾਸਤੇ ਕੋਈ ਸੈਸ਼ਨ ਬੁਲਾਇਆ ਹੋਵੇ ਇਹ ਦੱਸ ਦੇਣ। ਜਦੋਂ ਵਿਧਾਨਿਕ ਮਜ਼ਬੂਰੀ ਹੁੰਦੀ ਹੈ ਉਸ ਵੇਲੇ ਇਕ ਦੋ ਦਿਨ ਲਈ ਸੈਸ਼ਨ ਬੁਲਾ ਲਿਆ ਜਾਂਦਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਫਿਰ ਐਮ.ਐਲ.ਏਜ਼ ਦਾ ਕੰਮ ਕੀ ਰਹਿ ਗਿਆ ਜੇ ਤੁਸੀਂ ਆਰਡੀਨੈਂਸ ਜਾਰੀ ਕਰੀ ਜਾਣੇ ਹਨ, ਸੈਸ਼ਨ ਵਿਚ ਲੈ ਕੇ ਆਉਣਾ ਹੀ ਨਹੀਂ, ਅਸੀਂ ਦੋਨੋ ਪਾਸੇ ਦੇ ਐਮ.ਐਲ.ਏਜ਼ ਜਿਹੜੇ ਲੋਕਾਂ ਦੇ ਵਿਚ ਰਹਿੰਦੇ ਹਾਂ, ਮਾਸਿਜ਼ ਦੀ ਪਰਾਬਲਮ ਨੂੰ ਸਮਝਦੇ ਹਾਂ, ਸਾਡਾ ਕੋਈ ਐਕਸਪੀਰੀਐਂਸ ਹੁੰਦਾ ਹੈ, ਰਾਏ ਬਣਦੀ ਹੈ ਜੇ ਉਸ ਨੂੰ ਸਰਕਾਰ ਨੇ, ਮਿਤਰੀ ਸਾਹਿਬਾਨ ਨੇ ਸੁਣਨਾ ਹੀ ਨਹੀਂ ਔਰ ਅਸੀਂ ਉਨ੍ਹਾਂ ਦੇ ਨੋਟਿਸ ਵਿਚ ਨਹੀਂ ਲਿਆ ਸਕਦੇ ਤਾਂ ਫਿਰ ਜਿਹੜਾ ਅਸਲ ਕੰਮ ਅਸੈਂਬਲੀ ਦਾ ਹੈ ਉਹ ਨਹੀਂ ਹੁੰਦਾ। ਹਕੀਕਤ ਇਹ ਹੈ ਕਿ ਅੱਜ ਸਾਡਾ ਕੰਮ ਇਕ ਡਾਕ ਵੰਡਣ ਦਾ ਰਹਿ ਗਿਆ ਹੈ। ਐਮ.ਐਲ.ਏਜ਼ ਨੇ ਆਪਣੇ ਹਲਕੇ ਵਿਚ ਲੋਕਾਂ ਕੋਲੋਂ ਬਦਲੀ ਦੀਆਂ ਅਰਜ਼ੀਆਂ ਲੈ ਕੇ ਆਉਣੀਆਂ ਹਨ ਅਤੇ ਇਥੇ ਵੱਖ ਵੱਖ ਦਫਤਰਾਂ ਵਿਚ ਵੰਡ ਦੇਣੀਆਂ ਹਨ। ਅਸਲ ਵਿਚ ਜਿਹੜਾ ਐਮ.ਐਲ.ਏ. ਦਾ ਕੰਮ ਹੈ, ਜਿਹੜਾ ਉਸ ਦਾ ਯੋਗਦਾਨ ਹੈ ਆਪਣੇ ਹਲਕੇ ਦੀ ਡਿਵੈਲਪਮੈਂਟ ਵਾਸਤੇ ਜਾਂ ਆਪਣੀ ਸਟੇਟ ਦੀ ਡਿਵੈਲਪਮੈਂਟ ਵਾਸਤੇ ਅਸੀਂ ਆਪਣੇ ਤਜਰਬੇ ਦੀ ਬਿਨਾ ਤੇ ਜਿਹੜੀ ਰਾਏ ਦੇਣੀ ਹੈ ਉਹ ਨਹੀਂ ਦੇ ਸਕਦੇ। ਇਸ ਕਰਕੇ ਅਸੀਂ ਸ਼ਾਰਪਲੀ ਇਸ ਨੂੰ ਅਪੋਜ਼ ਕਰਦੇ ਹਾਂ। ਇਹ ਜਿਹੜੀ ਆਰਡੀਨੈਂਸ ਦੀ ਰਿਵਾਇਤ ਹੈ ਇਸ ਨੂੰ ਰੋਕਣਾ ਚਾਹੀਦਾ ਹੈ। ਇਹ ਅਨਡੈਮੋਕਰੇਟਿਕ ਸੈਟਅਪ ਹੈ। ਮੈਂ ਸਮਝਦਾ ਹਾਂ ਕਿ ਅਸੈਂਬਲੀ ਦੇ ਮੈਕਸੀਮਮ ਸਮਾਗਮ ਲੋਕਾਂ ਦੇ ਭਖਦੇ ਈਸ਼ੂ ਤੇ ਕਾਲ ਕਰਨੇ ਚਾਹੀਦੇ ਹਨ। ਇਸ ਕਰਕੇ ਅਸੀਂ ਇਸ ਦਾ ਵਿਰੋਧ ਕਰਦੇ ਹਾਂ। ਮੈਂ ਸਿਨੇਮਾ ਸ਼ੋਅ ਦੇ ਐਂਗਲ ਤੋਂ ਵਿਰੋਧ ਕਰਦਾ ਹਾਂ। ਇਸ ਨੂੰ ਥਾਰੋਲੀ ਸਟੱਡੀ ਕਰਨ ਦੀ ਲੋੜ ਹੈ। ਅਸੀਂ ਸਿਨੇਮਾ ਵਾਲਿਆਂ ਦੇ ਸਪੋਰਟਰ ਨਹੀਂ ਹਾਂ। ਜਿਹੜੀਆਂ ਉਨ੍ਹਾਂ ਦੀਆਂ 10-12 ਸਾਲਾਂ ਤੋਂ ਪ੍ਰਾਪਤੀਆਂ ਰਹੀਆਂ ਹਨ, ਉਸ ਬਾਰੇ ਦਸਿਆ ਗਿਆ ਹੈ ਕਿਉਂਕਿ ਸਟੇਟ ਦੇ ਹਾਲਾਤ ਮਾੜੇ ਸਨ ਅਤੇ ਡੇਅ ਟਾਈਮ ਸ਼ੋਅ ਚਲਦੇ ਸਨ ਅਤੇ ਰਾਤ ਦੇ ਸ਼ੋਅ ਬੰਦ ਹੋ ਗਏ ਸਨ। ਹੁਣ ਇਲੈਕਟਰੋਨਕਿ ਮੀਡੀਆ ਆ ਗਿਆ ਹੈ ਤੇ ਡਿਸ਼ਐਨਟੀਨਾ ਆ ਗਿਆ ਹੈ ਜ਼ੀ.ਟੀ.ਵੀ. ਆ ਗਿਆ ਅਤੇ ਸਟਾਰ ਟੀ.ਵੀ ਆ ਗਿਆ ਹੈ ਇਸ ਦੇ ਨਾਲ ਹਾਈ ਜੈਂਟਰੀ ਸਿਨੇਮਾ ਸ਼ੋਅ ਵੇਖਣ ਲਈ ਨਹੀਂ ਜਾਂਦੀ। ਘਰਾਂ ਵਿਚ ਵੀ.ਸੀ.ਆਰ. ਆ ਗਏ ਹਨ ਅਤੇ ਹੁਣ ਸਿਰਫ ਸਿਨੇਮਾ ਵੇਖਣ ਵਾਲੀ ਗਰੀਬ ਜਨਤਾ ਹੀ ਰਹਿ ਗਈ ਜਿਨ੍ਹਾਂ ਦੇ ਕੋਲ ਇਹ ਸਾਧਨ ਨਹੀਂ ਹਨ। ਇਸ ਲਈ ਸਰਕਾਰ ਨੂੰ ਇਸ ਅਗਲੇ ਐਂਗਲ ਤੋਂ ਵੇਖਣਾ ਚਾਹੀਦਾ ਹੈ। ਇਸ ਸਿਨੇਮਾ ਇੰਡਸਟਰੀ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਵਰਕਰਜ਼ ਲਗੇ ਹੋਏ ਹਨ, ਅਗਰ ਇਸ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਸੰਕਟ

Original with;
Punjab Vidhan Sabha
Digitized by;
Panjab Digital Library

ਪੈਦਾ ਹੋ ਸਕਦਾ ਹੈ ਇਹ ਸਿਨੇਮਾ ਇੰਡਸਟਰੀ ਬੰਦ ਹੋ ਸਕਦੀ ਹੈ। ਇਸ ਲਈ ਇਸ ਸਿਨੇਮਾਂ ਇੰਡਸਟਰੀ ਨੂੰ ਬਚਾਉਣ ਦੀ ਲੋੜ ਹੈ। ਇਸ ਦੇ ਨਾਲ ਹਜ਼ਾਰਾਂ ਦੀ ਤਾਦਾਦ ਵਿਚ ਵਰਕਰਜ਼ ਦਾ ਭਵਿੱਖ ਜੁੜਿਆ ਹੋਇਆ ਹੈ। ਜਿਸ ਢੰਗ ਨਾਲ ਪਿਛਲੇ 10 ਸਾਲਾਂ ਦੀ ਐਵਰੈਜ 1982-83 ਤੋਂ 1991-92 ਤੱਕ ਦੀ ਕਢੀ ਗਈ ਹੈ, ਇਹ ਨਾਕਸ ਹੈ, ਇਸ ਨੂੰ ਠੀਕ ਨਹੀਂ ਸਮਝਿਆ ਜਾਣਾ ਚਾਹੀਦਾ। ਇਹ ਠੀਕ ਹੈ ਕਿ ਸਿਨੇਮਾ ਮਾਲਿਕਾਂ ਦਾ ਸਬੰਧ ਬਿਜਨੈਸ ਲਾਬੀ ਦੇ ਨਾਲ ਹੁੰਦਾ ਹੈ। ਇਨ੍ਹਾਂ ਸਿਨੇਮਾ ਮਾਲਕਾਂ ਦਾ ਕਾਫੀ ਅਸਰ ਰਸੂਖ ਹੁੰਦਾ ਹੈ ਸਰਕਾਰ ਉਤੇ ਅਤੇ ਅਫਸਰਾਂ ਉਤੇ ਅਤੇ ਇਹ ਅਫਸਰਾਂ ਦੇ ਨਾਲ ਮਿਲ ਕੇ ਮੈਕਸੀਮਮ ਚੋਰੀ ਟੈਕਸਾਂ ਦੀ ਕਰਦੇ ਹਨ। ਜਿਹੜੇ ਟੈਕਸਾਂ ਦੀ ਚੋਰੀ ਜ਼ਿਆਦਾ ਕਰਦੇ ਰਹੇ ਫਾਇਦਾ ਵੀ ਉਨ੍ਹਾਂ ਨੂੰ ਹੋਵੇਗਾ ਅਤੇ ਜਿਹੜੇ ਛੋਟੇ ਸਿਨੇਮਾ ਮਾਲਿਕ ਟੈਕਸਾਂ ਦੀ ਚੋਰੀ ਨਹੀਂ ਕਰਦੇ ਸਨ ਅਤੇ ਇਮਾਨਦਾਰੀ ਦੇ ਨਾਲ ਆਪਣਾ ਕੰਮ ਕਰਦੇ ਸਨ ਉਨ੍ਹਾਂ ਨੂੰ ਨੁਕਸਾਨ ਹੋਵੇਗਾ, ਉਹ ਵਿਚਾਰੇ ਰਗੜੇ ਗਏ। ਜਿਨਾ ਦੇ 2-3 ਸਿਨੇਮਾ ਘਰ ਹਨ ਅਤੇ ਮੈਕਸੀਮਮ ਟੈਕਸਾ ਦੀ ਚੋਰੀ ਕਰਦੇ ਰਹੇ ਉਨ੍ਹਾਂ ਨੂੰ ਇਸ ਦੇ ਨਾਲ ਫਾਇਦਾ ਹੋਵੇਗਾ ਐਵਰੇਜ਼ ਉਨ੍ਹਾਂ ਦੀ ਘੱਟ ਨਿਕਲੇਗੀ। ਇਸ ਵਿਚ ਸਾਝੀ ਕਮਜ਼ੋਰੀ ਹੈ। ਇਸ ਨੂੰ ਦੂਰ ਕਰਨ ਦੀ ਲੋੜ ਹੈ। ਟੈਕਸਾਂ ਦੀ ਚੋਰੀ ਨੂੰ ਤਕੜੇ ਤਰੀਕੇ ਨਾਲ ਰੋਕਣ ਦੀ ਲੋੜ ਹੈ। ਘੜਿਆ ਘੜਾਇਆ ਫਾਰਮੂਲਾ ਅਡਾਪਟ ਨਾ ਕਰੋ ਜਿਹੜਾ ਈਮਾਨਦਾਰ ਹੈ ਉਸ ਨੂੰ ਪਰੋਟੈਕਟ ਕਰੋ, ਉਸ ਨੂੰ ਬਚਾਉਣ ਦੀ ਲੋੜ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਬਿਲ ਦੀ ਵਿਰੋਧਤਾ ਕਰਦਾ ਹਾਂ ਅਤੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਸਰਬ ਸੰਮਤੀ ਦੇ ਨਾਲ ਇਸ ਬਿੱਲ ਨੂੰ ਨਾਪਰਵਾਨ ਕੀਤਾ ਜਾਵੇ।

---

## EXTENSION OF TIME OF THE SITTING

**Mr. Speaker :** Is it the pleasure of the House that the time of the sitting of the House may be extended till the business is over ?

(Voices : Yes, yes).

The time of the sitting of the House is extended till the business is over.

Shri Vijay Kumar Sathi to speak.

---

## RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB ENTERTAINMENTS TAX (CINEMATOGRAPH SHOWS) AMENDMENT ORDIANCNE, 1993 (PUNJAB ORDINANCE NO. 4 OF 1993)

AND

## THE PUNJAB ENTERTAINMENTS TAX (CINEMATOGRAPH SHOWS) AMENDMENT BILL, 1993 (*Resumption of consideration*).

Original with;
Punjab Vidhan Sabha
Digitized by;
Panjab Digital Library

**ਸ੍ਰੀ ਵਿਜੈ ਕੁਮਾਰ ਸਾਥੀ ਐਡਵੋਕੇਟ** (ਬਾਘਾ ਪੁਰਾਣਾ) : ਸਪੀਕਰ ਸਾਹਿਬ, ਮੈਂ ਇਕ ਨਵੀਂ ਗੱਲ ਕਹਿਣੀ ਹੈ। ਇਸ ਲਈ ਮੈਨੂੰ 2 ਮਿੰਟ ਧਿਆਨ ਨਾਲ ਸੁਣ ਲਵੋ । ਸਪੀਕਰ ਸਾਹਿਬ, ਮੈਨੂੰ ਸਿਨੇਮਾ ਘਰ ਵਾਲਿਆਂ ਦਾ ਇਕ ਡੈਪੂਟੇਸ਼ਨ ਮਿਲਿਆ ਸੀ ਅਤੇ ਉਨ੍ਹਾਂ ਨੇ ਆਪਣੀਆਂ ਦੁੱਖ ਤਕਲੀਫਾਂ ਮੈਨੂੰ ਦੱਸੀਆਂ ਸਨ । ਹਰ ਸਿਨੇਮਾ ਹਾਊਸ ਦੀ ਸ਼ਹਿਰ ਦੇ ਮੁਤਾਬਿਕ ਅਤੇ ਸੀਟਿੰਗ ਕਪੈਸਿਟੀ ਦੇ ਮੁਤਾਬਿਕ ਅਲੱਗ ਅਲੱਗ ਤਕਲੀਫਾਂ ਹਨ, ਖਾਸ ਕਰਕੇ ਹੁਣ ਸਿਨੇਮਾ ਮਾਲਕਾਂ ਦੀਆਂ 2 ਯੂਨੀਅਨਾਂ ਬਣ ਗਈਆਂ ਹਨ ਛੋਟੇ ਸਿਨੇਮਾ ਮਾਲਕਾਂ ਦੀਆਂ ਤਕਲੀਫਾਂ ਬਹੁਤ ਜ਼ਿਆਦਾ ਹਨ ਅਤੇ ਉਨ੍ਹਾਂ ਕੋਲ ਆਪਣੇ ਇੰਪਲਾਈਜ਼ ਨੂੰ ਤਨਖਾਹਾਂ ਦੇਣ ਲਈ ਪੈਸੇ ਨਹੀਂ ਹਨ ਅਗਰ ਇਸ ਤਰ੍ਹਾਂ ਹੀ ਉਨ੍ਹਾਂ ਦਾ ਹਾਲ ਰਿਹਾ ਤਾਂ ਇਹ ਸਿਨੇਮਾ ਇੰਡਸਟਰੀ ਬੰਦ ਹੋ ਜਾਵੇਗੀ ਅਤੇ ਵਰਕਰਜ਼ ਬੇਕਾਰ ਹੋ ਜਾਣਗੇ। ਇਸ ਲਈ ਸਰਕਾਰ ਨੂੰ ਸਿਨੇਮਾ ਹਾਊਸਿਜ਼ ਵਿਚ ਮਾਰਕਿਟਾਂ ਬਣਾਉਣ ਦੀ ਇਜਾਜ਼ਤ ਦੇ ਦੇਣੀ ਚਾਹੀਦੀ ਹੈ, ਲਾਇਸੈਂਸ ਦੇ ਨਾਲ ਮਾਰਕਿਟ ਬਣਾਉਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਤਾਂ ਕਿ ਉਹ ਆਪਣੇ ਵਰਕਰਜ਼ ਨੂੰ ਤਨਖਾਹ ਵਗੈਰਾ ਟਾਈਮ ਸਿਰ ਦੇ ਸਕਣ। ਮਾਰਕਿਟ ਬਣਾਉਣ ਦੀ ਐਲੋਕੇਸ਼ਨ ਸਰਕਾਰ ਨੂੰ ਕਰ ਦੇਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਇਨਕਮ ਹੋ ਸਕੇ। ਸਿਨਮਾਂ ਘਰਾਂ ਵਿਚ ਸਿਨਮਾ ਸ਼ੋਅ ਵਿਚ ਕੰਮ ਘਟ ਗਿਆ ਹੈ ਅਤੇ ਹਾਈ ਜੈਨਟਰੀ ਦੇ ਘਰਾਂ ਵਿਚ ਵੀ.ਸੀ.ਆਰ ਲੱਗੇ ਹੋਏ ਹਨ ਅਤੇ ਜੀ.ਟੀ.ਵੀ. ਅਤੇ ਡਿਸ਼ ਐਨਟੀਨਾ ਨੇ ਸਿਨੇਮਾ ਘਰਾਂ ਉਤੇ ਕਾਫੀ ਸੱਟ ਮਾਰੀ ਹੈ। ਹੁਣ ਸਿਨੇਮਾ ਘਰਾਂ ਵਿਚ ਗਰੀਬ ਜਨਤਾ ਹੀ ਜਾਂਦੀ ਹੈ ਜਿੰਨ੍ਹਾਂ ਕੋਲ ਆਪਣੇ ਘਰਾਂ ਵਿਚ ਸਾਧਨ ਨਹੀਂ ਹਨ। ਇਸ ਲਈ ਸਰਕਾਰ ਨੂੰ ਇਸ ਨੂੰ ਦੁਬਾਰਾ ਕੰਸਿਡਰ ਕਰਕੇ, ਸੋਚ ਵਿਚਾਰ ਕਰਕੇ ਲਾਗੂ ਕਰਨਾ ਚਾਹੀਦਾ ਹੈ। ਸਰਕਾਰ ਛੋਟੇ ਸਿਨੇਮਾ ਘਰਾਂ ਵਾਲਿਆਂ ਦੇ ਮਾਲਿਕਾਂ ਨੂੰ ਬੁਲਾ ਕੇ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਕੋਈ ਹੱਲ ਕਰੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਬਿੱਲ ਦਾ ਵਿਰੋਧ ਕਰਦਾ ਹਾਂ।

**ਆਬਕਾਰੀ ਅਤੇ ਕਰ ਮੰਤਰੀ (ਸਰਦਾਰ ਸ਼ਮਸ਼ੇਰ ਸਿੰਘ ਦੂਲੋ)** : ਮਾਨਯੋਗ ਸਪੀਕਰ ਸਾਹਿਬ, ਇਹ ਐਂਟਰਟੇਨਮੈਂਟ ਟੈਕਸ ਬਾਰੇ ਜਿਹੜਾ ਬਿੱਲ ਲਿਆਂਦਾ ਗਿਆ ਹੈ, ਇਹ ਸਟੇਟ ਦੇ ਇੰਟਰੈਸਟ ਵਾਸਤੇ ਔਰ ਫਾਈਨਾਨਸ਼ਲ ਇੰਟਰੈਸਟ ਨੂੰ ਦੇਖਦੇ ਹੋਏ ਅਤੇ ਲੋਕ ਹਿੱਤ ਨੂੰ ਦੇਖਦੇ ਹੋਏ ਇਸ ਲਈ ਆਰਡੀਨੈਂਸ ਪਾਸ ਕੀਤਾ ਸੀ ਕਿਉਂਕਿ ਸਿਨਮਿਆਂ ਵਿਚ ਆਮ ਤੌਰ ਤੇ ਦੇਖਿਆ ਜਾਂਦਾ ਸੀ ਕਿ ਜਦੋਂ ਤੋਂ ਮਿਲੀਟੈਂਸੀ ਸ਼ੁਰੂ ਹੋਈ ਹੈ, ਇਸ ਇੰਡਸਟਰੀ ਨੂੰ ਬੜਾ ਭਾਰੀ ਧੱਕਾ ਵੱਜਿਆ ਸੀ। ਇਕ ਮਿਲੀ-ਟੈਂਸੀ ਦਾ ਧੱਕਾ ਅਤੇ ਉਸਦੇ ਬਾਅਦ ਜੀ.ਟੀ.ਵੀ. ਅਤੇ ਦੂਸਰੇ ਟੀ.ਵੀ. ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਇਨ੍ਹਾਂ ਗੱਲਾਂ ਨੂੰ ਮੁਖ ਰਖਦੇ ਹੋਏ ਮੈਂ ਇਹ ਵੀ ਕਹਾਂਗਾ ਕਿ ਸਾਡੇ ਮਹਿਕਮੇ ਦੇ ਇੰਸਪੈਕਟਰਾਂ ਦੀ ਕਈ ਵੱਡੇ ਵੱਡੇ ਸਿਨਮਾ ਓਨਰਾਂ ਨਾਲ ਕਨਾਈਵੈਂਸ ਹੋਣ ਕਰਕੇ ਇਸ ਟੈਕਸ ਦੀ ਚੋਰੀ ਹੁੰਦੀ ਰਹੀ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਪਲੱਗ ਕਰਨ ਵਾਸਤੇ ਸੀ.ਐਮ. ਸਾਹਿਬ ਦੀ ਰਹਿਨੁਮਾਈ ਥੱਲੇ ਪੰਜਾਬ ਦੇ ਛੋਟੇ ਵੱਡੇ ਸਿਨੇਮਾ ਓਨਰਾਂ ਨਾਲ 2-3 ਮੀਟਿੰਗਾਂ ਕੀਤੀਆਂ ਗਈਆਂ ਅਤੇ ਉਨ੍ਹਾਂ ਮੀਟਿੰਗਾਂ ਦੇ ਸਿੱਟੇ ਵਜੋਂ ਇਹ ਆਰਡੀਨੈਂਸ ਲਿਆਂਦਾ ਗਿਆ। ਇਹ ਟੈਕਸ ਦੀ ਚੋਰੀ ਨੂੰ ਰੋਕਣ ਵਾਸਤੇ ਲਿਆਂਦਾ ਗਿਆ। ਅਗਰ ਪਿਛਲੀਆਂ ਫਿਗਰਜ਼ ਦੇਖੀਏ ਅਤੇ ਜੇ ਈਮਾਨਦਾਰੀ ਨਾਲ ਸਾਰੇ ਸਿਨੇਮਾ ਓਨਰ ਟੈਕਸ ਦੇਣ ਤਾਂ ਰੇਸ਼ੋ 78 ਕਰੋੜ ਦੇ ਕਰੀਬ ਬਣਦੀ ਹੈ ਪਰ ਸਾਨੂੰ 10-11 ਕਰੋੜ ਹੀ ਮਿਲਦਾ ਸੀ। 1982-83 ਦੀਆਂ ਫਿਗਰਜ਼ ਦੇਖੀਏ ਤਾਂ ਕਹਿ ਸਕਦੇ ਹਾਂ ਕਿ 10 ਕਰੋੜ 46 ਲੱਖ 75 ਹਜ਼ਾਰ ਰੁਪਏ ਦੀ ਸਾਨੂੰ ਐਂਟਰਟੇਨਮੈਂਟ ਟੈਕਸ ਤੋਂ ਆਮਦਨ ਸੀ ਅਤੇ ਸ਼ੋਅ ਟੈਕਸ ਮਿਲਾ ਕੇ ਤਕਰੀਬਨ 11 ਕਰੋੜ ਦੇ ਕਰੀਬ ਆਮਦਨ ਬਣ ਜਾਂਦੀ ਹੈ। ਫੇਰ ਮਿਲੀਟੈਂਸੀ ਕਰਕੇ ਸਿਨੇਮੇਂ ਬਿਲਕੁਲ ਬੰਦ ਹੀ ਹੋ ਗਏ ਇਹ ਫਿਗਰ

Original with;
Punjab Vidhan Sabha
Digitized by;
Panjab Digital Library

ਵੀ ਘਟਦੀ ਗਈ। ਹੁਣ 1992-93 ਵਿਚ ਜਦੋਂ ਦੀ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਥੱਲੇ ਪਾਪੂਲਰ ਸਰਕਾਰ ਆਈ ਹੈ, ਇਹ ਫਿਗਰਜ਼ ਇਨਕਰੀਜ਼ ਹੋਈਆਂ ਹਨ। ਹੁਣ ਸਿਨਮਿਆਂ ਵਿਚ ਰਸ਼ ਵੀ ਵਧਿਆ ਹੈ ਅਤੇ ਟੈਕਸ ਦੇਣ ਵਿਚ ਵੀ ਇਮਪਰੂਵਮੈਂਟ ਆਈ ਹੈ । ਇਹ ਗੱਲ ਠੀਕ ਹੈ ਕਿ ਟੈਕਸ ਦੀ ਚੋਰੀ ਬਿਨਾਂ ਕਨਾਈਵੈਂਸ ਦੇ ਨਹੀਂ ਹੋ ਸਕਦੀ। ਸਾਡੇ ਮਹਿਕਮੇ ਦੇ ਅਫਸਰ ਸਾਹਿਬਾਨ ਵੱਡੇ ਵੱਡੇ ਸਿਨਮਾ ਵਾਲਿਆਂ ਨਾਲ ਮਿਲ ਕੇ ਟੈਕਸ ਦੀ ਚੋਰੀ ਕਰਾਉਂਦੇ ਸੀ। ਸ਼ੋਅ ਟੈਕਸ ਅਸੀਂ ਲਗਾਉਂਦੇ ਸੀ ਪਰ ਉਥੇ ਉਹੀ ਟਿਕਟਾਂ ਵਾਰ ਵਾਰ ਯੂਜ਼ ਹੁੰਦੀਆਂ ਰਹਿੰਦੀਆਂ ਸਨ ਅਤੇ ਪੁਰਾਣੀਆਂ ਤੇ ਹੀ ਸਟੈਂਪਾਂ ਲੱਗੀ ਜਾਂਦੀਆਂ ਸਨ ਅਤੇ ਟੈਕਸ ਦੀ ਚੋਰੀ ਹੁੰਦੀ ਰਹੀ। ਹੁਣ 3-4 ਮੀਟਿੰਗਾਂ ਕਰਕੇ ਇਸ ਨੂੰ ਰੈਸ਼ਨੇਲਾਈਜ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਜਿਸ ਤਰ੍ਹਾਂ ਪੈਸੰਜਰ ਟੈਕਸ ਨੂੰ ਰੈਸ਼ਨੇਲਾਈਜ਼ ਕੀਤਾ ਗਿਆ ਸੀ ਟਰਾਂਸਪੋਰਟਰਾਂ ਨਾਲ ਮੀਟਿੰਗਾਂ ਕਰਕੇ, ਮੈਨੂੰ ਯਕੀਨ ਹੈ ਕਿ ਇਸ ਆਰਡੀਨੈਂਸ ਨਾਲ ਵੀ ਜਿਹੜਾ ਰੈਵੇਨਿਊ 6 ਕਰੋੜ ਦਾ ਹੈ, ਉਹ ਵੱਧ ਕੇ ਸਾਢੇ ਨੌ ਕਰੋੜ ਤੱਕ ਆਉਣ ਲੱਗ ਜਾਵੇਗਾ। (ਥੰਪਿੰਗ) ਇਸ ਨਾਲ ਇੰਸਪੈਕਟਰਾਂ ਤੋਂ ਵੀ ਬਚਾਅ ਹੋ ਜਾਵੇਗਾ। ਸਰਦਾਰ ਬੇਅੰਤ ਸਿੰਘ ਜੀ ਨੇ ਪਿਛਲੇ ਹਫਤੇ ਵੀ ਸਾਰੇ ਪੰਜਾਬ ਦੇ ਸਿਨਮਾ ਓਨਰਾਂ ਨਾਲ ਗੱਲਬਾਤ ਕੀਤੀ ਹੈ। ਸਾਡੀ ਸਰਕਾਰ ਡੈਮੋਕਰੇਸੀ ਵਿਚ ਵਿਸ਼ਵਾਸ ਰਖਦੀ ਹੈ ਜੋ ਇਸ ਨੇ ਪੰਚਾਇਤਾਂ ਦੀਆਂ ਅਤੇ ਮਿਊਂਸਪਲ ਕਮੇਟੀਆਂ ਦੀਆਂ ਚੋਣਾਂ ਕਰਾ ਕੇ ਦਿਖਾ ਦਿੱਤਾ ਹੈ । ਸਰਕਾਰ ਨੇ ਵਪਾਰੀਆਂ ਦੇ ਮਸਲੇ ਵੀ ਵਪਾਰੀਆਂ ਨਾਲ ਮਿਲ ਕੇ ਹੱਲ ਕੀਤੇ ਹਨ ਅਤੇ ਓਕਟਰਾਏ ਦਾ ਮਸਲਾ ਵੀ ਹੱਲ ਕੀਤਾ ਹੈ, ਉਹ ਵੀ ਮੀਟਿੰਗਾਂ ਕਰਕੇ ਅਤੇ ਤਾਲਮੇਲ ਨਾਲ ਕੀਤਾ ਹੈ। ਇਸੇ ਤਰ੍ਹਾਂ ਟੈਕਸ ਦੇ ਵਿਚ ਵੀ ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਸਾਡੀ ਪੰਜਾਬ ਦੀ ਸਰਕਾਰ ਨੇ ਪੰਜਾਬ ਦੇ ਵਪਾਰੀਆਂ ਤੇ ਸੇਲ ਟੈਕਸ ਨੂੰ ਘਟਾਇਆ ਹੈ, ਵਧਾਇਆ ਨਹੀਂ ਅਤੇ ਜਿਸਦੇ ਅੱਛੇ ਰਿਜ਼ਲਟ ਨਿਕਲੇ ਹਨ। ਸਾਡੀ ਕਰੋੜਾਂ ਦੀ ਆਮਦਨ ਵਧੀ ਹੈ । ਢਾਈ ਸੌ ਕਰੋੜ ਦੀ ਆਮਦਨ ਪਿਛਲੇ ਸਾਲ ਵਧੀ ਹੈ ਅਤੇ ਮੈਨੂੰ ਉਮੀਦ ਹੈ ਕਿ ਇਹ ਹੋਰ ਵਧੇਗੀ। (ਥੰਪਿੰਗ) ਟੈਕਸ ਲੰਪਸਮ ਲਗਾਉਣ ਨਾਲ ਅਤੇ ਇੰਸਪੈਕਟਰੀ ਰਾਜ ਖਤਮ ਕਰਨ ਨਾਲ ਬੜੀ ਇੰਪਰੂਵਮੈਂਟ ਹੋਈ ਹੈ। ਇਸ ਮਾਮਲੇ ਲਈ ਇਕ ਸਬ-ਕਮੇਟੀ ਵੀ ਬਣਾਈ ਹੋਈ ਹੈ। ਜੇ ਕੋਈ ਹੋਰ ਵੀ ਰਾਹਤ ਦੇਣ ਦੀ ਗੱਲ ਹੋਈ, ਉਹ ਵੀ ਸੀ.ਐਮ. ਸਾਹਿਬ ਆਪ ਉਨ੍ਹਾਂ ਨਾਲ ਬੈਠ ਕੇ ਸੋਚ ਲੈਣਗੇ। ਅੰਤ ਵਿਚ ਇਹ ਮੈਂ ਬੇਨਤੀ ਹਾਊਸ ਨੂੰ ਕਰਾਂਗਾ ਕਿ ਇਸ ਬਿੱਲ ਨੂੰ ਪਾਸ ਕੀਤਾ ਜਾਵੇ।

**Mr. Speaker :** Since two notices of the resolution disapproving the Ordinance are identical, I will put one notice to the vote of the House.

**Mr. Speaker :** Question is—

That this House disapproves the Punjab Entertainments Tax (Cinematograph Shows) Amendment Ordinance, 1993 (Punjab Ordinance No. 4 of 1993)

*The Motion was lost.*

**Mr. Speaker :** Question is—

That the Punjab Entertainments Tax (Cinematograph Shows) Amendment Bill be taken into consideration at once.

***The motion was carried.***

Original with;
Punjab Vidhan Sabha
Digitized by;
Panjab Digital Library

**Mr. Speaker :** Now the House will proceed to consider the Bill Clause by Clause.

If the House agrees, all the Clauses of the Bill be put to the vote of the House together.

(Voices : Yes, yes).

**Sub-clause (2) of clause 1, Clause 2, Clause 3, Clause 4, Clause 5, Clause 6, Clause 7, Clause 8 and Sub-Clause (1) of Clause 1**

**Mr. Speaker :** Question is--

That Sub-Clause (2) of clause 1, Clause 2, Clause 3, Clause 4, Clause 5, Clause 6, Clause 7, Clause 8 and Sub-Clause (2) of clause 1 stand part of the Bill.

*The motion was carried.*

**TITLE**

**Mr. Speaker :** Question is--

That Title be the Title of the Bill.

*The motion was carried.*

**Excise and Taxation Minister (Sardar Shamsher Singh Dullo) :** Sir, I beg to move –

That the Punjab Entertainments Tax (Cinematograph Shows) Amendment Bill be passed.

**Mr. Speaker :** Motion moved –

That the Punjab Entertainments Tax (Cinematograph Shows) Amendment Bill be passed.

**Mr. Speaker :** Question is--

That the Punjab Entertainments Tax (Cinematograph Shows) Amendment Bill be passed.

*The motion was carried.*

---

## RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB ENTERTAINMENTS DUTY (AMENDMENT) ORDINANCE, 1993 (PUNJAB ORDINANCE NO. 5 OF 1993) AND THE PUNJAB ENTERTAINMENTS DUTY (AMENDMENT) BILL, 1993

**Mr. Speaker :** Shrimati Vimla Dang and Comrade Hardev Singh Arshi have given notices of Resolution disapproving the Punjab Entertainments Duty (Amendment) Ordinance, 1993 (Punjab Ordinance No. 5 of 1993). These may be deemed to have been read and moved.

Original with;
Punjab Vidhan Sabha
Digitized by;
Punjab Digital Library

AND

THE PUNJAB ENTERTAINMENTS DUTY (AMENDMENT) BILL, 1993

**Shrimati Vimla Dang :**

That *this* House disapproves *the* Punjab Entertainments Duty (Amendment) Ordinance, 1993 (Punjab Ordinance No. 5 of 1993).

**Comrade Hardev Singh Arshi :**

That this House disapproves the Punjab Entertainments Duty (Amendment) Ordinance, 1993 (Punjab Ordinance No. 5 of 1993).

**Mr. Speaker :** If the House agrees, the Resolution disapproving the Ordinance and the Consideration Motion of the Punjab Entertainments Duty (Amendment) Bill, 1993 be discussed together and voted upon separately.

(Voices : Yes, yes).

**Excise and Taxation Minister (Sardar Shamsher Singh Dullo) :** Sir, I beg to introduce the Punjab Entertainments Duty (Amendment) Bill.

Sir, I also beg to move—

That the Punjab Entertainments Duty (Amendment) *Bill* be taken into consideration at once.

**Mr. Speaker :** Motion moved –

That the Punjab Entertainments Duty (Amendment) Bill be taken into consideration at once.

Discussion. Mrs. Dang.

**ਸ੍ਰੀਮਤੀ ਵਿਮਲਾ ਡਾਂਗ** (ਅੰਮ੍ਰਿਤਸਰ ਪੱਛਮੀ) : ਸਪੀਕਰ ਸਾਹਿਬ, ਜਿਹੜੇ ਨੁਕਤੇ ਅਸੀ ਪਹਿਲੇ ਪਰੀਵੀਅੱਸ ਬਿਲ ਤੇ ਉਠਾਏ ਸਨ ਉਹੀ ਇਥੇ ਵੀ ਹਨ । ਇਸ ਕਰਕੇ ਅਸੀਂ ਹੁਣ ਰਿਪੀਟ ਨਹੀਂ ਕਰਨਾ ਚਾਹੁੰਦੇ ।

**ਆਬਕਾਰੀ ਅਤੇ ਕਰ ਮੰਤਰੀ ( ਸਰਦਾਰ ਸ਼ਮਸ਼ੇਰ ਸਿੰਘ ਦੂਲੋ)** : ਮਾਨਯੋਗ ਸਪੀਕਰ ਸਾਹਿਬ, ਇਹ ਆਰਡੀਨੈਂਸ ਪੰਜਾਬ ਐਂਟਰਟੇਨਮੈਂਟ ਡਿਊਟੀ ਦਾ ਜੋ ਲਿਆਂਦਾ ,ਕਿਉਂਕਿ ਪਹਿਲਾਂ ਪੰਜਾਬ ਦੇ ਵਿਚ ਸ਼ੋਅ ਟੈਕਸ ਔਰ ਐਂਟਰਟੇਨਮੈਂਟ ਟੈਕਸ ਦੋ ਕਲਾਜ਼ਾਂ ਸੀ, ਇਸ ਨਾਲ ਅਸੀਂ ਇਕੱਠਾ ਕਰ ਦਿੱਤਾ । ਐਂਟਰਟੇਨਮੈਂਟ ਡਿਊਟੀ ਗੇਮ ਤੇ, ਸਪੋਰਟਸ ਤੇ, ਰੇਸ ਤੇ, ਅਤੇ ਹੋਰ ਕਈ ਐਸੀਆਂ ਐਗਜ਼ੀ- ਬਿਸ਼ਨਜ਼ ਤੇ ਹੈ ਸਿਨੇਮੇ ਵਾਲੇ ਖਾਸ ਤੌਰ ਤੇ ਅੱਗੇ ਵੀ ਮੈਂ ਦੱਸ ਚੁੱਕਾ ਹਾਂ ਜੇ ਫਿਗਰਾਂ ਵਲ ਧਿਆਨ ਮਾਰੀਏ ਤਾਂ ਇਸ ਪਾਸੇ ਕਾਫੀ ਇਵੇਜ਼ਨ ਸੀ। ਕਿਉਂਕਿ ਟੈਕਸ ਸਟੈਂਪ ਦੀ ਤਰ੍ਹਾਂ ਲਗਾਇਆ ਜਾਂਦਾ ਸੀ ਔਰ ਵਾਰ ਵਾਰ ਪੁਰਾਣੀਆਂ ਟਿਕਟਾਂ ਉਤੇ ਉਹੀ ਸਟੈਂਪ ਲਗਦੀ ਸੀ। ਇਹ ਜਿਹੜਾ ਆਰਡੀਨੈਂਸ ਲਿਆਂਦਾ ਹੈ ਇਹ ਸਿਨੇਮਾ ਵਾਲਿਆਂ ਨਾਲ ਦੋ-ਤਿੰਨ ਮੀਟਿੰਗਾਂ ਕਰਕੇ ਮੁੱਖ ਮੰਤਰੀ ਦੀ ਰਹਿਨੁਮਾਈ ਥੱਲੇ ਇਹ ਆਰਡੀਨੈਂਸ ਲਿਆਂਦਾ ਸੀ। ਇਸ ਦੇ ਤਹਿਤ ਪਿਛਲੇ ਦਸ ਸਾਲ ਦੀ ਐਵਰੇਜ ਕੱਢ ਲਈ ਗਈ ਕਿ ਪਿਛਲੇ ਦਸ ਸਾਲਾਂ ਦੀ ਐਵਰੇਜ ਤੇ 25 ਪ੍ਰਤੀਸ਼ਤ ਜਿਹੜਾ ਬਣਦਾ ਹੈ ਟੈਕਸ ਲੰਪਸਮ

Original with;
Punjab Vidhan Sabha
Digitized by;
Panjab Digital Library

[ਆਬਕਾਰੀ ਅਤੇ ਕਰ ਮੰਤਰੀ]

ਲਗਾ ਦਿੱਤਾ ਜਾਵੇ ਔਰ ਉਸ ਤੋਂ ਬਾਅਦ 10 ਪ੍ਰਤੀਸ਼ਤ ਸਾਲ ਦਾ ਵਾਧਾ ਕਰ ਦਿੱਤਾ ਜਾਵੇ ਸਟੇਟ ਦੇ ਇੰਟਰੈਸਟ ਨੂੰ ਮੁੱਖ ਰਖਦੇ ਹੋਏ ਔਰ ਪੰਜਾਬ ਦੀ ਇਕਨਾਮਿਕ ਹਾਲਤ ਨੂੰ ਮੁੱਖ ਰਖਦੇ ਹੋਏ ਹੋਰ ਸੁਧਾਰ ਲਈ ਔਰ ਇੰਸਪੈਕਟਰੀ ਰਾਜ ਨੂੰ ਖਤਮ ਕਰਨ ਲਈ, ਕਿਉਂਕਿ ਉਨ੍ਹਾਂ ਦੀ ਮਿਲੀਭੁਗਤ ਨਾਲ ਇਹ ਟੈਕਸ ਦੀ ਚੋਰੀ ਹੁੰਦੀ ਸੀ. ਇਸ ਨੂੰ ਖਤਮ ਕਰਨ ਲਈ ਇਹ ਲੰਪਸਮ ਦੀ ਪਰੋਵੀਜ਼ਨ ਲਿਆਂਦੀ ਹੈ। ਮੈਂ ਫਿਰ ਵੀ ਮੁੜ ਵਿਸ਼ਵਾਸ ਦਿਵਾਉਂਦਾ ਹਾਂ ਚੀਫ ਮਨਿਸਟਰ ਸਾਹਿਬ ਦੀ ਹਾਜ਼ਰੀ ਵਿੱਚ ਕਿ ਜੇਕਰ ਇਸ ਵਿੱਚ ਹੋਰ ਇਫੈਕਟਿਵਲੀ ਸੁਧਾਰ ਕਰਨ ਦੀ ਲੋੜ ਪਈ ਤਾਂ ਸਰਦਾਰ ਸਾਹਿਬ ਨੇ ਇਕ ਸਬ-ਕਮੇਟੀ ਬਣਾਈ ਹੋਈ ਹੈ ਜਿਹੜੀ ਕਿ ਸਿਨੇਮਾ ਓਨਰਜ਼ ਨਾਲ ਜਿਸ ਤਰ੍ਹਾਂ ਸਾਥੀ ਸਾਹਿਬ ਨੇ ਦੱਸਿਆ ਸਾਰੇ ਸਿਨੇਮਾ ਓਨਰਜ਼ ਨਾਲ ਉਨ੍ਹਾਂ ਦੀਆਂ ਪਰਾਬਲਮਜ਼ ਨੂੰ ਮੁੱਖ ਰਖਦੇ ਹੋਏ ਇਸ ਵਿਚ ਸੁਧਾਰ ਕੀਤਾ ਜਾ ਸਕੇਗਾ। ਇਸ ਲਈ ਮੈਂ ਸਾਰੇ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਸ ਬਿੱਲ ਨੂੰ ਪਾਸ ਕੀਤਾ ਜਾਵੇ ਧੰਨਵਾਦ।

**Mr. Speaker :** Since two notices of Resolution disapproving the Ordinance are identical, I will put one notice to the vote of the house.

**Mr. Speaker :** Question is—

That this House disapproves the Punjab Entertainments Duty (Amendment) Ordinance, 1993 (Punjab Ordinace No. 5 of 1993).

*The Motion was lost.*

**Mr. Speaker :** Question is –

That the Punjab Entertainments Duty (Amendment) Bill, be taken into consideration at once.

*The Motion was carried.*

**Mr. Speaker :** Now the House will proceed to consider the Bill Clause by Clause.

### Sub-Clause (2) of Clause I

**Mr. Speaker :** Question is

That Sub-Clause (2) of Clause 1 stand Part of the Bill.

*The Motion was carried.*

### Clause 2

**Mr. Speaker :** Question is

That Clause 2 stand part of the Bill.

*The motion was carried.*

### Clause 3

**Mr. Speaker :** Question is

That Clause 3 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

AND

PUNJAB ENTERTAINMNTS DUTY (AMENDMENT) BILL, 1993

**Sub-clause (1) of Clause 1**

**Mr. Speaker :** Question is

That Sub-Clause (1) of Clause I stand Part of the Bill.

*The motion was carried.*

**TITLE**

**Mr. Speaker :** Question is --

That Title be the Title of the Bill.

*The Motion was carried.*

**Excise and Taxation Minister (Sardar Shamsher Singh Dullo) :** Sir, I beg to move

That the Punjab Entertainments Duty (Amendment) Bill be passed.

**Mr. Speaker :** Motion moved --

That the Punjab Entertainments Duty (Amendment) Bill be passed.

**Mr. Speaker :** Question is --

That the Punjab Entertainments Duty (Amendment) Bill be passed.

*The motion was carried.*

**Mr. Speaker :** The House stands adjourned till 9.00 A.M. on Wednesday, the 29th December, 1993.

*6.43 P.M.

*(The Sabha then adjourned* till 9.00 A.M. on Wednesday the 29th December, 1993).*

Original with;
Punjab Vidhan Sabha
Digitized by;
Panjab Digital Library

## RESOLUTION UNDER ARTICLE 213 (2)(a) OF THE CONSTITUTION OF INDIA DISAPPROVING THE PUNJAB ENTERTAINMENTS DUTY (AMENDMENT) (PUNJAB ORDINANCE NO. 5 OF 1993)

AND

## PUNJAB ENTERTAINMENTS DUTY (AMENDMENT) BILL, 1993

**Sub-clause (1) of Clause 1**

**Mr. Speaker :** Question is—

That Sub-Clause (1) of Clause 1 stand Part of the Bill.

*The motion was carried.*

**TITLE**

**Mr. Speaker :** Question is—

That Title be the Title of the Bill.

*The Motion was carried.*

**Excise and Taxation Minister (Sardar Shamsher Singh Dullo) :** Sir, I beg to move—

That the Punjab Entertainments Duty (Amendment) Bill be passed.

**Mr. Speaker :** Motion moved—

That the Punjab Entertainments Duty (Amendment) Bill be passed.

**Mr. Speaker :** Question is—

That the Punjab Entertainments Duty (Amendment) Bill be passed.

*The motion was carried.*

**Mr. Speaker :** The House stands adjourned till 9.00 A.M. on Wednesday, the 29th December, 1993.

*(The Sabha then adjourned till 9.00 A.M. on Wednesday, the 29th December, 1993.)*

*6.43 P.M.

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

*Dated, 28th December, 1993*

*Vol. VI - No. 1*

STARRED QUESTION AND ANSWER

ਹੜ੍ਹ ਪੀੜਤਾਂ ਨੂੰ ਰਾਹਤ ਦੀ ਵੰਡ

*1145. 1. ਕਾਮਰੇਡ ਅਜਾਇਬ ਸਿੰਘ ਰੌਂਤਾ
2. ਸ਼੍ਰੀਮਤੀ ਵਿਮਲਾ ਡਾਂਗ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਜੁਲਾਈ 1993 ਦੇ ਮਹੀਨੇ ਦੌਰਾਨ ਹੜ੍ਹ ਦੁਆਰਾ ਵੱਖ ਵੱਖ ਮੱਦਾਂ ਅਧੀਨ ਹੋਏ ਨੁਕਸਾਨ ਦਾ ਜ਼ਿਲ੍ਹਾ-ਵਾਰ ਵੇਰਵਾ ਕੀ ਹੈ ;

(ਅ) ਵੱਖ ਵੱਖ ਮੱਦਾ ਅਧੀਨ ਨੁਕਸਾਨ ਲਈ ਕਿਸ ਕਿਸ ਦਰ ਤੇ ਰਾਹਤ ਦਿੱਤੀ ਗਈ ਹੈ ;

(ੲ) ਹੁਣ ਤੱਕ ਰਾਹਤ ਵਜੋਂ ਪਹਿਲਾਂ ਵੰਡੀ ਗਈ ਕੁੱਲ ਰਕਮ ਦਾ ਜ਼ਿਲ੍ਹਾ-ਵਾਰ ਅਤੇ ਮੱਦ-ਵਾਰ ਵੇਰਵਾ ਕੀ ਹੈ ?

**ਸਰਦਾਰ ਬੇਅੰਤ ਸਿੰਘ** : ਮਿਤੀ 13-1-94 ਤੱਕ ਮੰਗੀ ਗਈ ਸੂਚਨਾ ਅਨੁਲੱਗ ਵਿੱਚ ਦਿੱਤੀ ਗਈ ਹੈ ਜੀ :—

---

(ੳ) ਅਨੁਲੱਗ-1

(ਅ) ਅਨੁਲੱਗ-2

(ੲ) ਅਨੁਲੱਗ-3

Original with;
Punjab Vidhan Sabha
Digitized by;
Panjab Digital Library

ANNEXURE-I

DISTRICT-WISE HAVOC CAUSED BY FLOODS OF JULY, 1993

| S. No. | Name of District | Number of villages affected | Human lives lost (Number) | Area affected | Damage to crops | Damage to houses (Number) | Cattle heads lost (Number) | Population affected (Number) |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |
| 1 | Amritsar .. | 474 | 60 | 1,84,109 | 63,937 | 22,078 | 412 | 4,00,122 |
| 2 | Fatehgarh Sahib .. | 296 | 15 | 31,300 | 8,682 | 4,050 | 276 | 1,50,000 |
| 3 | Ferozepur .. | 193 | 5 | 70,000 | 30,018 | 7,680 | 22 | 50,000 |
| 4 | Gurdaspur .. | 564 | 32 | 1,78,802 | 45,343 | 36,763 | 689 | 2,78,000 |
| 5 | Hoshiarpur .. | 1,159 | 17 | 1,50,000 | 16,032 | 11,521 | 144 | 6,00,000 |
| 6 | Jalandhar .. | 338 | 10 | 1,30,471 | 29,771 | 4,027 | 35 | 1,80,000 |
| 7 | Kapurthala .. | 418 | 13 | 1,50,000 | 61,212 | 7,827 | 88 | 78,000 |
| 8 | Ludhiana .. | 186 | 13 | 36,000 | 10,387-5-8 | 4.892 | 76 | 2,50,000 |
| 9 | Mansa .. | 289 | 7 | 4,97,117 | 79,204 | 5,205 | 158 | 1,00,000 |
| 10 | Patiala .. | 678 | 157 | 4,17,722 | 87,351 | 30,992 | 5,943 | 11,10,000 |
| 11 | Ropar .. | 338 | 24 | 30,000 | 18,021-7-10 | 10,107 | 299 | 2,14,000 |
| 12 | Sangrur .. | 84 | 6 | 70,000 | 47,496 | 2,466 | 444 | 1,50,000 |
| | | 5,017 | 359 | 19,45,521 (Acres OR 7.88 lakh Hectares | 4,97,454 (Acres OR 2·01 Lakh Hectares) | 1,47,603 | 8,586 | 34,85,122 |

Original with;
Punjab Vidhan Sabha
Digitized by;
Panjab Digital Library

## ANNEXURE—II

### REVISED NORMS FOR GRANT OF RELIEF

| Sr. No. | Items | Norms decided |
|---|---|---|
| 1 | (a) Grant on the death of a person whether bread-winner or not by heavy rains/floods/fire or lightening or collapse of house piller or pole by furious dust storms. | Rs. 50,000 per adult or per minor. |
| | (b) Ex-gratia payment for the loss of limbs or eyes due to heavy rains/ floods and other natural calamities. | Rs. 23,000 to the victim. |
| 2 | Grant for animals lost on account of heavy rains/floods/hailstorms/fire or lightening. | (a) Rs. 2,000 per buffalo/bullock/cross-bred cows.<br>(b) Rs. 800 per desi cow.<br>(c) Rs. 400 per goat/sheep/other animal. |
| 3 | Relief on account of damage to the standing crops by heavy rains/floods/ hailstorms. | (i) Where crop is totally damaged in early stage but area can be re-sown in the same season, farmers may be allowed relief for seeds, fertilizers etc. at the rate of Rs. 250 per acre.<br>*(ii)* Where crop is totally damaged in early stage but area cannot be re-sown relief at the rate of Rs. 500 per acre may be allowed.<br>*(iii)* Relief on account of damage of mature standing/harvesting crops at the following rates may be allowed :— |
| | (a) Where the loss to standing/ harvested crops exceeds 75% | Rs. 1,000 per acre. |
| | (b) Where the loss to standing/ harvested crops exceeds 50%, but does not exceed 75%. | Rs. 600 per acre. |
| | (c) Where the loss to standing/ harvested crops exceeds 25%, but does not exceed 50%. | Rs. 300 per acre. |
| | (d) Where the loss does not exceed 25%. | Nil. |
| | However, the relief will be admissible upto a maximum of 5 acres per khatauni or the actual area affected, which ever is less depending on the damage actually caused. For the purpose of disbursement of relief, all members of khatauni, whether in the | |

Original with;
Punjab Vidhan Sabha
Digitized by;
Panjab Digital Library

| Sr. No. | Items | Norms decided |
|---|---|---|
| | capacity of owner/co-sharer/tenant/ mortgagee in possession will be treated as one unti. Likewise any person holding land in more than one khatauni will be entitled to relief upto a maximum of 5 acres of damaged area taking into account all the area held by him. | |
| 4 | House repair grants (in rural and urban areas) by heavy rains/floods. | (a) For a fully damaged pucca house. .. Rs. 4,000 |
| | | (b) For partially damaged pucca house. .. Rs. 2,000 |
| | | (c) For totally damaged katcha house. .. Rs. 2,000 |
| | | (d) For partially damaged katcha house. .. Rs. 1,000 |
| | | (e) For totally damaged hut. .. Rs. 500 |
| | | (f) For partially damaged hut. .. Rs. 250 |
| 5 | Subsistance grant for heavy rains/ floods. | (a) Rs. 7 per head per day in cash or in kind as may be considered suitable. |
| | | (b) 15 metre of cloth per family of 5 members or more. |
| | | (c) Two blankets per family. |
| | | Regarding (b) and (c) Deputy Commissioner concerned with the approval of the Commissioner may decide as to in which affected area cloth and blankets as per norm should be given. |
| | | The above assistance will be limited to persons who are staying in camps/ temporary shelters. D.C. concerned may grant appropriate assistance subject to the maximum indicated above depending on the circumstances in each situation. |
| 6 | Grant for temporary shelter for heavy rains/floods. | Used tarpaulin black cover per family will be provided for the construction of temporary shelter on non-returnable basis when it is not possible to provide tents. |
| 7 | Grant for fodder for heavy rains/ floods. | Rs. 6 per large animal per day and Rs. 3 per small animal per day. The minimum number of days for which assistance should be given may be as considered necessary at the discretion of the Deputy Commissioner |

Original with;
Punjab Vidhan Sabha
Digitized by;
Panjab Digital Library

| Sr. No. | Items | Norms decided |
|---|---|---|
| 8. | In the case of fire, the following relief will also be admissible :— | |
| | Full cost of providing medical relief to the victims of fire would be met by the Government. Relief on account of the losses due to fire. | 20% of the total loss subject to a maximum of Rs. 10,000 in any individual case in respect of properties which were not insured without any condition relating to income of the affected person. |

*Original with;*
Punjab Vidhan Sabha
*Digitized by;*
Panjab Digital Library

## ANNEXURE-III

| S. No. | Name of District | *Ex-gratia* Grant Sanctioned | *Ex-gratia* Grant Disbursed | Loss of Cattle-heads Sanctioned | Loss of Cattle-heads Disbursed | Damage to Crops Sanctioned | Damage to Crops Disbursed | Damage to Houses Sanctioned | Damage to Houses Disbursed |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | Rs. | Rs. | Rs. | Rs. | Rs. | Rs. | Rs. | Rs. |
| 1 | Hoshiarpur .. | 8,50,000 | 8,25,000 | 2,46,400 | 1,54,000 | 80,04,500 | 42,31,860 | 1,87,03,000 | 98,43,906 |
| 2 | Jalandhar .. | 5,00,000 | 3,50,000 | 63,600 | 40,000 | 1,21,40,150 | 11,06,298 | 69,26,500 | 28,22,000 |
| 3 | Amritsar .. | 20,50,000 | 20,50,000 | 6,09,200 | 5,48,800 | 3,19,52,750 | 52,162 | 3,71,26,750 | 3,39,69,750 |
| 4 | Sangrur .. | 3,00,000 | 3,00,000 | 4,34,000 | 4,34,000 | 1,36,69,250 | .. | 53,48,500 | 49,12,500 |
| 5 | Ludhiana .. | 6,50,000 | 4,50,000 | 2,01,200 | 1,75,400 | 38,51,936 | 25,56,345 | 78,34,500 | 72,19,880 |
| 6 | Ropar .. | 10,50,000 | 8,00,000 | 4,36,800 | 3,49,000 | 65,23,316 | 90,500 | 1,46,13,500 | 1,16,47,400 |
| 7 | Fatehgarh Sahib .. | 7,00,000 | 5,50,000 | 4,32,000 | 4,09,200 | 28,77,500 | 3,62,500 | 67,89,250 | 65,24,000 |
| 8 | Ferozepur .. | 2,00,000 | 1,50,000 | 28,800 | 28,800 | 1,36,35,700 | .. | 1,19,86,250 | 72,09,250 |
| 9 | Gurdaspur .. | 16,00,000 | 16,00,000 | 7,17,880 | 6,83,800 | 2,23,91,500 | 1,25,93,942 | 5,59,00,000 | 4,29,16,095 |
| 10 | Mansa .. | .. | 4,00,000 | .. | 1,35,300 | 2,97,68,750 | 1,62,76,046 | 75,16,250 | 56,51,750 |
| 11 | Patiala .. | 78,50,000 | 47,00,000 | 84,35,600 | 62,57,500 | 2,20,70,500 | 1,20,56,494 | 5,37,85,250 | 5,22,48,350 |
| 12 | Kapurthala .. | 6,50,000 | 6,50,000 | 1,08,800 | 1,08,000 | 3,06,06,000 | 1,73,640 | 1,36,29,750 | 1,18,08,750 |
| | | 1,64,00,000 | 1,28,25,000 | 1,17,14,280 | 93,23,800 | 19,74,91,852 | 4,95,04,787 | 24,01,59,500 | 19,67,73,631 |

8025 P.V.S. Govt. Press, U.T., Chandigarh.

Original with;
Punjab Vidhan Sabha
Digitized by;
Panjab Digital Library

Press, U.T., Chandigarh.

*Original with;*
Punjab Vidhan Sabha
*Digitized by;*
Panjab Digital Library

© 1993

Published under the authority of the Punjab Vidhan Sabha and printed by the Controller, Govt. Press (U.T.), Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

29th December, 1993

Vol. VI-No. 2

OFFICIAL REPORT

## CONTENTS

*Wednesday, the 29th December, 1993*


| | Page |
|---|---|
| Starred Question and Answers | (2) 1 |
| Written Answers to Starred Questions laid on the Table of the House under Rule 38 | (2) 26 |
| Unstarred Questions and Answers | (2) 32 |
| Walk-out | (2) 37 |
| Motion under Rule 16 | (2) 37 |
| Papers Laid on the Table | (2) 38 |
| Presentation of Reports of the — | |
| (i) Committee on Public Accounts | (2) 38 |
| (ii) Committee on Public Undertakings | (2) 38 |
| **LEGISLATIVE BUSINESS** | |
| Resolution under Article 213(2)(a) of the Constitution of India disapproving the Punjab Rural Development (Amendment) Ordinance, 1993 (Punjab Ordinance No. 7 of 1993) AND The Punjab Rural Development (Amendment), Bill, 1993 | (2) 39 |



Punjab Vidhan Sabha Secretariat, Chandigarh.

**Price : Rs.**



Original with;
Punjab Vidhan Sabha
Digitized by;
Panjab Digital Library

Page

Resolution under Article 213(2)(a) of the Constitution of India disapproving the Punjab Municipal Corporation (Amendment) Ordinance, 1993 (Punjab Ordinance No. 8 of 1993)

AND

The Punjab Municipal Corporation (Amendment) Bill, 1993 .. (2)41

The Registration (Punjab Amendment) Bill, 1993 .. (2)43

Discussion on the Annual Statement of Accounts of the Punjab State Electricity Board for the year 1991-92 and 16th Annual Report of the Punjab State Electronics Development and Production Corporation Ltd., for the year 1991-92 .. (2)44

Appendix .. (i)

Original with;
Punjab Vidhan Sabha
Digitized by;
Punjab Digital Library

# PUNJAB VIDHAN SABHA

*Wednesday, the 29th December, 1993*

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. Mr. Speaker (Shri Harnam Das Johar) in the Chair.*

---

## STARRED QUESTIONS AND ANSWERS

### ਜ਼ਿਲ੍ਹਾ ਹੁਸ਼ਿਆਰਪੁਰ ਅਤੇ ਜਲੰਧਰ ਵਿੱਚ ਈ.ਐਸ.ਆਈ. ਹਸਪਤਾਲਾਂ/ਡਿਸਪੈਂਸਰੀਆਂ

*1273. **ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਹੁਸ਼ਿਆਰਪੁਰ ਅਤੇ ਜਲੰਧਰ ਵਿੱਚ ਈ.ਐਸ.ਆਈ. ਹਸਪਤਾਲਾਂ/ਡਿਸਪੈਂਸਰੀਆਂ ਦੀ ਗਿਣਤੀ ਅਤੇ ਜਗ੍ਹਾ ਦਾ ਨਾਂ ;

(ਅ) ਕੀ ਇਹ ਸਾਰੇ ਹਸਪਤਾਲ/ਡਿਸਪੈਂਸਰੀਆਂ ਸਰਕਾਰੀ ਇਮਾਰਤਾਂ ਵਿਚ ਹਨ, ਜੇ ਨਹੀਂ, ਤਾਂ ਇਸ ਦੇ ਕੀ ਕਾਰਨ ਹਨ?

**Sardar Harcharan Singh Brar.**: (a) There are one E.S.I. Hospital and 5 E.S.I. Dispensaries in Hoshiarpur District and one E.S.I. Hospital and 7 E.S.I. Dispensaries in Jalandhar District. The details thereof are given in the Annexure.

(b) Two E.S.I. Hospitals one each at Hoshiarpur and Jalandhar and two E.S.I. Dispensaries in District Hoshiarpur and three E.S.I. Dispensaries in District Jalandhar as per details given in Annexure are located in the Government owned buildings. The reasons for non-provision of Government buildings for the remaining institutions is that the E.S.I. Corporation arranges the construction work of these buildings on its own and the total cost of thereof is also borne by the Corporation itself. The State Government does not contribute any thing for this purpose. The decision for constructing these buildings is taken by the Corporation in accordance with the availability of the Budget for the purpose.

ANNEXURE

E.S.I. HOSPITALS/DISPENSARIES IN DISTRICT HOSHIARPUR

1. E.S.I. Hospital, Hoshiarpur.
2. E.S.I., Dispensary, Chohal;
3. E.S.I. Dispensary, Hoshiarpur;
4. E.S.I. Dispensary, Purhiran; In E.S.I., Hospital, Hoshiarpur.
5. E.S.I. Dispensary, Saila Khurd;
6. E.S.I. Dispensary, Mukerian.
7. E.S.I. Hospitals/Dispensaries in Distsict.

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

E.S.I. HOSPITAL/DISPENSARIES IN DISTRICT JALANDHAR

| | | |
|---|---|---|
| 1. | E.S.I. Hospital, Jalandhar; | |
| 2. | E.S.I. Dispensary, No. 1, Jalandhar | In E.S.I. Hospital, Jalandhar. |
| 3. | E.S.I. Dispensary No. 2, Jalandhar | At Ladowali Road, Jalandhar. |
| 4. | E.S.I. Dispensary No. 3, Jalandhar | In E.S.I. Hospital, Jalandhar. |
| 5. | E.S.I. Dispensary No. 4, Jalandhar | At Focal Point, Jalandhar. |
| 6. | E.S.I. Dispensary No. 5, Jalandhar | In Anand Nagar, Jalandhar. |
| 7. | E.S.I. Dispensary, Goraya. | |
| 8. | E.S.I. Dispensary, Phillaur. | |

DETAILS OF HOSPITALS/DISPENSARIES LOCATED IN GOVERNMENT OWNED BUILDINGS

| Hoshiarpur | Jalandhar |
|---|---|
| E.S.I. Hospital, Hoshiarpur | E.S.I. Hospital, Jalandhar. |
| E.S.I. Dispensary, Chohal; | E.S.I. Dispensary No. 4, Jalandhar. |
| .S.I. Dispensary, Purhiran. | E.S.I. Dispensary No. 3, Jalandhar. |
| | E.S.I. Dispensary No. 1, Jalandhar. |

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਦੀ ਜਾਣਕਾਰੀ ਦੇ ਅੰਦਰ ਇਸ ਤਰ੍ਹਾਂ ਦੇ ਕੇਸ ਹਨ ਕਿ ਕੁਝ ਈ.ਐਸ.ਆਈ. ਡਿਸਪੈਂਸਰੀਆਂ ਨੂੰ ਅਨ-ਸੇਫ (ਅਣ-ਸੁਰੱਖਿਅਤ) ਬਿਲਡਿੰਗਾਂ ਵਿੱਚ ਚਲਾਇਆ ਜਾ ਰਿਹਾ ਹੈ? ਜੇ ਹਨ ਤਾਂ ਉਨ੍ਹਾਂ ਡਿਸਪੈਂਸਰੀਆਂ ਨੂੰ ਚੰਗੀਆਂ ਇਮਾਰਤਾਂ ਪਰੋਵਾਈਡ ਕਰਨ ਲਈ ਕਾਰਪੋਰੇਸ਼ਨਾਂ ਨੂੰ ਹਦਾਇਤਾਂ ਜਾਰੀ ਕਰਨਗੇ ਕਿ ਇਨ੍ਹਾਂ ਡਿਸਪੈਂਸਰੀਆਂ ਨੂੰ ਚੰਗੀ ਇਮਾਰਤਾਂ ਵਿੱਚ ਰੱਖਿਆ ਜਾਵੇ ?

**ਮੰਤਰੀ :** ਸਪੀਕਰ ਸਾਹਿਬ ਮੇਰੇ ਨੋਟਿਸ ਵਿੱਚ ਕੋਈ ਨਹੀਂ, ਅਗਰ ਇਹ ਦੱਸਣਗੇ ਤਾਂ ਦੇਖ ਲਵਾਂਗੇ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਮਾਨਯੋਗ ਸਪੀਕਰ ਸਾਹਿਬ ਸਾਡੀ ਤਹਿਸੀਲ ਵਿੱਚ ਸੇਲਾ-ਖੁਰਦ ਵਿਖੇ ਇਕ ਡਿਸਪੈਂਸਰੀ ਹੈ, ਉਸਦੀ ਇਮਾਰਤ ਬਹੁਤ ਖਸਤਾ ਹੈ ਅੌਰ ਜਿਸ ਤਰ੍ਹਾਂ ਪਸ਼ੂਆਂ ਦੇ ਲਈ ਕੋਈ ਮਕਾਨ ਹੁੰਦਾ ਹੈ ਉਸੇ ਤਰ੍ਹਾਂ ਦੇ ਮਕਾਨ ਦੇ ਅੰਦਰ ਡਿਸਪੈਂਸਰੀ ਦਾ ਕੰਮ ਚਲਾਇਆ ਜਾ ਰਿਹਾ ਹੈ। ਇਸ ਲਈ ਮੈਂ ਮੰਤਰੀ ਜੀ ਤੋਂ ਜਾਣਨਾ ਚਾਹਾਂਗਾ ਕਿ ਜਿਸ ਤਰ੍ਹਾਂ ਮੰਤਰੀ ਜੀ ਨੇ ਕਿਹਾ ਹੈ ਕਿ ਬਿਲਡਿੰਗ ਬਣਾਉਣ ਦਾ ਖਰਚਾ ਕਾਰਪੋਰੇਸ਼ਨ ਦਿੰਦੀ ਹੈ, ਕੀ ਮੰਤਰੀ ਜੀ ਇਹ ਇਸ਼ੋਅਰ ਕਰਨਗੇ ਕਿ ਉਹ ਕਾਰਪੋਰੇਸ਼ਨ ਨੂੰ ਚੰਗੀਆਂ ਬਿਲਡਿੰਗਾਂ ਪ੍ਰੋਵਾਈਡ ਕਰਨ ਲਈ ਹਦਾਇਤਾਂ ਜਾਰੀ ਕਰਨਗੇ?

**ਮੰਤਰੀ :** ਸਪੀਕਰ ਸਾਹਿਬ ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਹੈ ਕਿ ਜਿਹੜੀਆਂ ਬਿਲਡਿੰਗਾਂ ਹਨ ਇਹ ਕਾਰਪੋਰੇਸ਼ਨ ਨੇ ਹੀ ਬਣਾਉਣੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਨੇ ਹੀ ਕਿਰਾਏ ਤੇ ਲੈਣੀਆਂ ਹੁੰਦੀਆਂ ਹਨ। ਮੈਂ ਉਨ੍ਹਾਂ ਨੂੰ ਪੁੱਛ ਲਵਾਂਗਾ ਕਿ ਇਸ ਬਿਲਡਿੰਗ ਦਾ ਕੀ ਹਾਲ ਹੈ, ਅਗਰ ਬਹੁਤ ਖਸਤਾ ਹੋਈ ਤਾਂ ਉਨ੍ਹਾਂ ਨੂੰ ਰਿਕਵੈਸਟ ਕਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕੀ ਬਿਲਡਿੰਗਾਂ ਤੋਂ ਇਲਾਵਾ ਇਹ ਡਿਸਪੈਂਸਰੀਆਂ ਅਤੇ ਈ. ਐਸ. ਆਈ ਹਸਪਤਾਲ ਡਾਕਟਰਜ਼ ਅਤੇ ਇਕਯੂਪਮੈਂਟਸ ਦੇ ਹਿਸਾਬ ਨਾਲ ਵੀ ਪੂਰੇ ਇਕਯੂਪਡ ਹਨ ਭਾਵ ਕੀ ਇਨ੍ਹਾਂ ਡਿਸਪੈਂਸਰੀਆਂ ਅਤੇ ਹਸਪਤਾਲਾਂ ਵਿੱਚ ਡਾਕਟਰਜ਼ ਪੂਰੇ ਹਨ, ਇਕਯੂਪਮੈਂਟਸ ਅਤੇ ਦਵਾਈਆਂ ਪੂਰੀਆਂ ਹਨ ਜਿਹੜੀਆਂ ਕਿ ਬਹੁਤ ਜ਼ਰੂਰੀ ਹਨ?

**ਮੰਤਰੀ :** ਸਪੀਕਰ ਸਾਹਿਬ, ਇਸ ਤਰ੍ਹਾਂ ਤਾਂ ਦੱਸਣਾ ਬੜਾ ਮੁਸ਼ਕਲ ਹੈ ਕਿ ਪੂਰੇ ਹਨ ਜਾਂ ਨਹੀਂ ਅਗਰ ਇਹ ਨੋਟਿਸ ਵਿੱਚ ਲਿਆ ਦੇਣਗੇ ਤਾਂ ਮੈਂ ਦੱਸ ਦੇਵਾਂਗਾ।

**ਸਰਦਾਰ ਈਸ਼ਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਦਿਹਾਤੀ ਇਲਾਕਿਆਂ ਵਿਚ ਜਿਹੜੀਆਂ ਸਿਵਲ ਡਿਸਪੈਂਸਰੀਆਂ ਤਿਆਰ ਹੋ ਚੁੱਕੀਆਂ ਹਨ, ਉਥੇ ਸਟਾਫ ਕਦੋਂ ਤੱਕ ਮੁਹੱਈਆ ਕਰ ਦਿੱਤਾ ਜਾਵੇਗਾ ? ਕੀ ਮੰਤਰੀ ਜੀ ਉਸ ਲਈ ਸਮਾਂ-ਬੱਧ ਕਰਨਗੇ ?

**ਮੰਤਰੀ :** ਇਹ ਸਪਲੀਮੈਂਟਰੀ ਇਸ ਕੁਐਸਚਨ ਵਿਚੋਂ ਰਾਈਜ਼ ਨਹੀਂ ਹੁੰਦੀ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ਮਾਨਯੋਗ ਸਪੀਕਰ ਸਾਹਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਡਿਸਪੈਂਸਰੀਆਂ ਅਤੇ ਈ.ਐਸ.ਆਈ. ਹੌਸਪਿਟਲ ਖੋਲ੍ਹਣ ਲਈ ਕੀ ਕਰਾਈਟੇਰੀਆ ਹੈ ਭਾਵ ਕਿ ਕਿਸ ਆਧਾਰ ਤੇ ਈ.ਐਸ.ਆਈ ਡਿਸਪੈਂਸਰੀਆਂ ਅਤੇ ਹੌਸਪਿਟਲ ਖੋਲ੍ਹੇ ਜਾਂਦੇ ਹਨ?

**ਮੰਤਰੀ :** ਸਪੀਕਰ ਸਾਹਿਬ, ਇਹ ਤਾਂ ਜਿੱਥੇ ਲੋੜ ਹੁੰਦੀ ਹੈ, ਉਥੇ ਖੋਲ੍ਹ ਦਿੰਦੇ ਹਾਂ।

(ਇਸ ਸਮੇਂ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜੀ ਸਪਲੀਮੈਂਟਰੀ ਕਰਨ ਲਈ ਖੜ੍ਹੇ ਹੋਏ।)

**ਸ੍ਰੀ ਸਪੀਕਰ :** ਕਰੀਮਪੁਰੀ ਜੀ, ਮੰਤਰੀ ਜੀ ਨੇ ਜਵਾਬ ਦੇ ਦਿੱਤਾ ਹੈ। ਤੁਸੀਂ ਰੀਪਰੀਜ਼ੈਂਟੇਸ਼ਨ ਦੇ ਦਿਓ, ਵਿਚਾਰ ਕਰ ਲੈਣਗੇ।

**ਸ੍ਰੀਮਤੀ ਵਿਮਲਾ ਡਾਂਗ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਸਰਕਾਰ ਇਸ ਗੱਲ ਤੇ ਵਿਚਾਰ ਕਰੇਗੀ ਕਿ ਨੰਬਰ ਆਫ ਪੇਸ਼ੈਂਟਸ ਦੇ ਮੁਤਾਬਿਕ ਡਾਕਟਰਜ਼ ਹੋਣੇ ਚਾਹੀਦੇ ਹਨ। ਜਿਵੇਂ ਕਿ ਛੇਹਰਟਾ ਵਿਚ 2000 ਪੇਸ਼ੈਂਟਜ਼ ਹਨ ਅਤੇ ਡਾਕਟਰ ਕੇਵਲ ਇੱਕੋ ਹੀ ਹੈ। ਇਸ ਲਈ ਮਿਨੀਮਮ ਪੇਸ਼ੈਂਟਸ ਪਿੱਛੇ ਡਾਕਟਰਜ਼ ਦੀ ਗਿਣਤੀ ਮੁਕੱਰਰ ਹੋਣੀ ਚਾਹੀਦੀ ਹੈ? ਕੀ ਸਰਕਾਰ ਇਸ ਬਾਰੇ ਵਿਚਾਰ ਕਰੇਗੀ?

**ਮੰਤਰੀ :** ਜ਼ਰੂਰ ਕਰਾਂਗੇ ਜੀ।

---

**ਰਾਜ ਵਿਚ ਏਡਜ਼ ਬੀਮਾਰੀ ਕਰਕੇ ਹੋਈਆਂ ਮੌਤਾਂ ਦੀ ਗਿਣਤੀ**

*1272. **ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਉਨ੍ਹਾਂ ਵਿਅਕਤੀਆਂ ਦੇ ਨਾਮ, ਲਿੰਗ ਅਤੇ ਪਤੇ, ਜਿਹੜੇ ਕਿ ਮਿਤੀ 10 ਅਪ੍ਰੈਲ, 1993 ਤੱਕ ਏਡਜ਼ ਦੀ ਬੀਮਾਰੀ ਕਰਕੇ ਮਰ ਗਏ ਸਮੇਤ ਉਨ੍ਹਾਂ ਵਿਅਕਤੀਆਂ ਦੇ ਨਾਮ, ਲਿੰਗ ਅਤੇ ਪਤੇ, ਜਿਹੜੇ ਕਿ ਹੁਣ ਇਸ ਬੀਮਾਰੀ ਦੇ ਸ਼ਿਕਾਰ ਹਨ ;

Original with;
Punjab Vidhan Sabha
Digitized by;
Panjab Digital Library

[ਸਰਦਾਰ ਅਵਤਾਰ ਸਿੰਘ ਕਰੀਮਪੁਰੀ]

(ਅ) ਇਸ ਬੀਮਾਰੀ ਦੀ ਰੋਕਥਾਮ ਲਈ ਸਰਕਾਰ ਵਲੋਂ ਚੁੱਕੇ ਜਾ ਰਹੇ ਕਦਮਾਂ ਦੀ ਵਿਸਥਾਰ ?

**Sardar Harcharan Singh Brar:**

(a) Upto 10-4-93, 68 cases were detected of which 16 resulted in death. As per advice of the Govt. of India, names sex, and addresses of affected persons are not disclosed to save the victims from social stigma and embarrassment.

(b) Details of steps taken by Government for prevention of AIDS are given at Annexure

**Annexure**

1. To make the people aware about the symptoms of this disease, the Medical and para-medical staff is visiting various medical institutions. Blood Units for HIV test are screened invariably at the Medical Colleges of the State.

2. Surveillance for the detection of AIDS cases is being started in some parts of the State. AIDS Laboratory is being established at Amritsar in the Medical College.

3. Health Education Camps, exhibitions are arranged at various institutions of the State. Posters and Pamphlets are being distributed among the public to make them aware about this disease. TV spots, Radio talks and debates are being organised by the Health Department. A State level Seminar was also held on 12th March, 1993 at Amritsar to educate the people for the prevention of this disease. Nirodh Contraceptives are distributed to the foreign students, truck drivers and other common people and are advised to make use of Nirodh

4. Most of the Blood Banks have rapid Blood test kits, Blood is checked for HIV test and then transfused to the patients to avoid any infection of the AIDS. In this connection rapid test kits are being supplied by the National AIDS Control Organisation, New Delhi.

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਏਡਜ਼ ਦੀ ਬੀਮਾਰੀ ਦੁਨੀਆਂ ਭਰ ਲਈ ਇਕ ਚੈਲੰਜ ਬਣੀ ਹੋਈ ਹੈ ਔਰ ਪੰਜਾਬ ਦੀ ਬਦਕਿਸਮਤੀ ਹੈ ਕਿ ਇੱਥੇ ਏਡਜ਼ ਦੇ 68 ਕੇਸ ਹਨ ਜਿਨ੍ਹਾਂ ਵਿਚੋਂ 16 ਦੀ ਮੌਤ ਹੋ ਚੁੱਕੀ ਹੈ ਅਤੇ 52 ਜ਼ਿੰਦਗੀ ਅਤੇ ਮੌਤ ਵਿਚਕਾਰ ਲੜਾਈ ਲੜ ਰਹੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਜਿਹੀਆਂ ਕਿਹੜੀਆਂ ਹਦਾਇਤਾਂ ਹਨ ਜਿਨ੍ਹਾਂ ਕਾਰਨ ਨਾਂ ਅਤੇ ਐਡਰੈਸ ਡਿਸਕਲੋਜ਼ ਨਹੀਂ ਕਰਨੇ? ਕਿਉਂਕਿ ਜਿਹੜੇ ਪੇਸ਼ੈਂਟ ਇਸ ਬੀਮਾਰੀ ਤੋਂ ਪੀੜਤ ਹਨ, ਉਨ੍ਹਾਂ ਨੂੰ ਇਸ ਬੀਮਾਰੀ ਦੇ ਢੰਗ-ਤਰੀਕਿਆਂ ਤੋਂ ਜਾਣੂ ਕਰਵਾਉਣਾ ਸਾਡੇ ਪ੍ਰੋਗਰਾਮ ਦਾ ਹਿੱਸਾ ਹੋਣਾ ਚਾਹੀਦਾ ਹੈ ਤਾਂ ਕਿ ਲੋਕ ਸੁਚੇਤ ਰਹਿਣ ਅਤੇ ਆਉਣ ਵਾਲੇ ਸਮੇਂ ਵਿਚ ਇਸ ਬੀਮਾਰੀ ਨੂੰ ਪੰਜਾਬ ਅਤੇ ਹੋਰ ਖੇਤਰਾਂ ਤੋਂ ਰੋਕਿਆ ਜਾ ਸਕੇ। । ਕੀ ਮੰਤਰੀ ਜੀ ਇਸ ਸਬੰਧੀ ਜਾਣਕਾਰੀ ਦੇਣਗੇ?

**ਮੰਤਰੀ :** ਇਨ੍ਹਾਂ ਨੇ ਤਰੀਕਿਆਂ ਦੀ ਗੱਲ ਕੀਤੀ ਹੈ, ਉਸ ਸਬੰਧੀ ਅਨੈਕਸਚਰ ਵਿਚ ਦਿਤਾ ਹੋਇਆ ਹੈ। ਨਾਂ ਅਸੀਂ ਇਸ ਕਰਕੇ ਡਿਸਕਲੋਜ਼ ਨਹੀਂ ਕੀਤੇ ਕਿਉਂਕਿ ਗੌਰਮਿੰਟ ਦੀਆਂ ਇਨਸਟ੍ਰਕਸ਼ਨਜ਼ ਹਨ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਗੌਰਮਿੰਟ ਨੇ ਪੰਜਾਬ ਵਿਚ ਏਡਜ਼ ਨੂੰ ਰੋਕਣ ਲਈ ਸੈਂਟਰ ਕਿੱਥੇ ਕਿੱਥੇ ਖੋਲ੍ਹੇ ਹਨ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਇਸ ਵਾਸਤੇ ਇੱਕ ਲੈਬਾਰਟਰੀ ਅਸੀਂ ਮੈਡੀਕਲ ਕਾਲਜ ਅੰਮ੍ਰਿਤਸਰ ਵਿੱਚ ਬਣਾ ਰਹੇ ਹਾਂ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਅੰਮ੍ਰਿਤਸਰ ਵਿੱਚ ਲੈਬਾਰਟਰੀ ਬਣਾ ਰਹੇ ਹਨ, ਉਹ ਕਿੰਨੇ ਸਮੇਂ ਦੇ ਅੰਦਰ ਬਣਾਉਣਗੇ, ਇਸ ਲਈ ਕੋਈ ਸਮਾਂਬੱਧ ਕਰਨਗੇ? ਕਿਉਂਕਿ ਇਹ ਇੱਕ ਬੜਾ ਚੈਲੰਜ ਹੈ, ਇਸ ਨੂੰ ਲਾਈਟਲੀ ਨਹੀਂ ਲੈਣਾ ਚਾਹੀਦਾ, ਇਸ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ। ਇਸ ਦੇ ਨਾਲ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜੋ ਕੇਸ ਜਾਣਕਾਰੀ ਵਿੱਚ ਆਏ ਹਨ? ਮਰੀਜ਼ਾਂ ਨੂੰ ਬਲੱਡ ਦਿੱਤਾ ਗਿਆ ਉਹ ਬਲੱਡ ਦੇਣ ਨਾਲ ਕਈ ਮਰੀਜ਼ਾਂ ਨੂੰ ਏਡਜ਼ ਹੋਈ ਔਰ ਉਨ੍ਹਾਂ ਦੀ ਡੈਥ ਹੋਏ ਹੈ, ਕੀ ਮੰਤਰੀ ਜੀ ਦੀ ਜਾਣਕਾਰੀ ਵਿੱਚ ਅਜਿਹੇ ਕੇਸ ਹਨ? ਜੇ ਹਨ, ਤਾਂ ਕੀ ਉਨ੍ਹਾਂ ਦੋਸ਼ੀ ਆਫੀਸਰਜ਼ ਅਤੇ ਡਾਕਟਰਜ਼ ਦੇ ਖਿਲਾਫ ਕੋਈ ਕਾਰਵਾਈ ਕੀਤੀ ਜਾ ਰਹੀ ਹੈ ?

**ਮੰਤਰੀ :** ਜਿਥੋਂ ਤੱਕ ਇਸ ਬਿਮਾਰੀ ਦਾ ਤੁਅੱਲਕ ਹੈ, ਇਹ ਬੜੀ ਭਿਆਨਕ ਹੈ। ਅਸੀਂ ਇਸ ਤੋਂ ਬੜੀ ਅੱਛੀ ਤਰ੍ਹਾਂ ਜਾਣੂ ਹਾਂ ਔਰ ਬੜੀ ਜਲਦੀ ਇਸ ਦੀ ਰੋਕਥਾਮ ਕਰ ਰਹੇ ਹਾਂ ਜਿਥੋਂ ਤੱਕ ਇਨ੍ਹਾਂ ਨੇ ਬਲੱਡ ਦੀ ਗੱਲ ਕੀਤੀ ਹੈ, ਉਹ ਰੈਪਿਡ ਟੈਸਟ ਕਰਨ ਤੋਂ ਬਾਅਦ ਬਲੱਡ ਟਰਾਂਸਫਿਊਜ਼ ਹੁੰਦਾ ਹੈ। ਮੇਰੇ ਨੋਟਿਸ ਵਿੱਚ ਅਜਿਹੇ ਕੇਸ ਨਹੀਂ ਹਨ, ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ।

**ਸ਼੍ਰੀਮਤੀ ਵਿਮਲਾ ਡਾਂਗ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਿਹਤ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਕੇਸ ਕਿਡਨੀ ਟਰਾਂਸਪਲਾਂਟ ਦੇ ਹੁੰਦੇ ਹਨ, ਇਸ ਤੋਂ ਪਹਿਲਾਂ ਭੀ ਇਸ ਗੱਲ ਦੀ ਲੋੜ ਹੈ ਕਿ ਜਿਹੜਾ ਡੋਨਰ ਹੈ ਉਹ ਏਡਜ਼ ਦਾ ਪੇਸ਼ੈਂਟ ਤਾਂ ਨਹੀਂ? ਜਿਹੜਾ ਦੂਸਰਾ ਮਸਲਾ ਹੈ ਬਲੱਡ ਡੋਨੇਸ਼ਨ ਦਾ, ਇਹ ਬੜਾ ਅਰਜੈਂਟ ਹੈ, ਕਿਉਂਕਿ ਡਾਕਟਰਾਂ ਨੇ ਸਾਨੂੰ ਦੱਸਿਆ ਹੈ ਕਿ ਬਲਡ ਡੋਨੇਸ਼ਨ ਤੋਂ ਪਹਿਲਾਂ ਇਹ ਵੇਖਣਾ ਜ਼ਰੂਰੀ ਹੈ ਕਿ ਡੋਨਰ ਏਡਜ਼ ਦਾ ਮਰੀਜ਼ ਨਾ ਹੋਵੇ। ਕੀ ਸਰਕਾਰ ਔਰ ਸਿਹਤ ਵਿਭਾਗ ਇਸ ਗੱਲ ਵੱਲ ਕਦਮ ਉਠਾਏਗੀ।

**ਮੰਤਰੀ :** ਸਪੀਕਰ ਸਾਹਿਬ, ਕਦਮ ਉਠਾਉਣ ਵਾਲੀ ਕੋਈ ਗੱਲ ਨਹੀਂ, ਜਦੋਂ ਵੀ ਕੋਈ ਮੇਜਰ ਅਪਰੇਸ਼ਨ ਹੁੰਦਾ ਹੈ ਤਾਂ ਅਪਰੇਸ਼ਨ ਤੋਂ ਪਹਿਲਾਂ ਬਲੱਡ ਟਰਾਂਸਫਿਊਜ਼ਨ ਦੀ ਲੋੜ ਹੁੰਦੀ ਹੈ। ਉਦੋਂ ਡੋਨਰ ਦਾ ਬਲੱਡ ਟੈਸਟ ਕੀਤਾ ਜਾਂਦਾ ਹੈ ਔਰ ਮਰੀਜ਼ ਦਾ ਬਲੱਡ ਵੀ ਟੈਸਟ ਕੀਤਾ ਜਾਂਦਾ ਹੈ।

**ਸ੍ਰੀ ਸਪੀਕਰ :** ਮਾਲਤੀ ਜੀ, ਨੈਕਸਟ ਕੁਐਸਚਨ।

**ਡਾਕਟਰ(ਸ਼੍ਰੀਮਤੀ) ਮਾਲਤੀ ਥਾਪਰ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਏਡਜ਼ ਦੀ ਪਰਵੈਨਸ਼ਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਸ੍ਰੀ ਸਪੀਕਰ :** ਮਾਲਤੀ ਜੀ, ਮੈਂ ਤਾਂ ਤੁਹਾਨੂੰ ਨੈਕਸਟ ਕੁਐਸਚਨ ਲਈ ਕਿਹਾ ਸੀ। ਅੱਛਾ ਚਲੋ ਸਿਹਤ ਮੰਤਰੀ ਜੀ ਜਵਾਬ ਦੇ ਦਿਓ।

**ਮੰਤਰੀ :** ਮੈਂ ਤਾਂ ਪਹਿਲਾਂ ਹੀ ਅਰਜ਼ ਕੀਤੀ ਹੈ ਕਿ ਰੈਪਿਡ ਟੈਸਟ ਕਰਕੇ ਹੀ ਬਲੱਡ ਟਰਾਂਸ-ਫਿਊਜ਼ਨ ਕਰਦੇ ਹਾਂ।

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ)

**Mr. Speaker : Next question.**

Original with;
Punjab Vidhan Sabha
Digitized by;
Panjab Digital Library

**ਹਾਈ ਕੋਰਟ ਸੁਪਰੀਮ ਕੋਰਟ ਦੇ ਫੈਸਲਿਆਂ ਨੂੰ ਲਾਗੂ ਕਰਨਾ**

*1258. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਅਜਿਹੇ ਕੇਸਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ਜਿਨ੍ਹਾਂ ਦਾ ਹਾਈਕੋਰਟ/ਸੁਪਰੀਮ ਕੋਰਟ ਦੁਆਰਾ ਸਾਲ 1993 ਦੇ ਦੌਰਾਨ ਸਿਖਿਆ ਵਿਭਾਗ ਵਿਚ ਕਰਮਚਾਰੀਆਂ ਅਤੇ ਅਧਿਆਪਕਾਂ ਦੇ ਹੱਕ ਵਿਚ ਫੈਸਲਾ ਦਿੱਤਾ ਗਿਆ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿੱਚੋਂ ਉਨ੍ਹਾਂ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਸਰਕਾਰ ਦੁਆਰਾ ਹਾਈ ਕੋਰਟ/ਸੁਪਰੀਮ ਕੋਰਟ ਦੁਆਰਾ ਦਿੱਤੇ ਗਏ ਫੈਸਲਿਆਂ ਨੂੰ ਲਾਗੂ ਕਰਨ ਲਈ 15 ਨਵੰਬਰ, 1993 ਤੱਕ ਕਾਰਵਾਈ ਕੀਤੀ ਗਈ ਹੈ;

(ੲ) ਕਲਰਕੀ ਅਮਲੇ ਸਬੰਧੀ ਅਜਿਹੇ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਹਾਈ ਕੋਰਟ/ਸੁਪਰੀਮ ਕੋਰਟ ਦੇ ਫੈਸਲਿਆਂ ਨੂੰ ਲਾਗੂ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ?

**ਸਰਦਾਰ ਲਖਮੀਰ ਸਿੰਘ ਰੰਧਾਵਾ** : (ੳ) ਹਾਈ ਕੋਰਟ/ਸੁਪਰੀਮ ਕੋਰਟ ਦੁਆਰਾ ਸਾਲ 1993 ਦੌਰਾਨ ਸਿਖਿਆ ਵਿਭਾਗ ਵਿੱਚ ਕਰਮਚਾਰੀਆਂ ਅਤੇ ਅਧਿਆਪਕਾਂ ਦੇ ਹੱਕ ਵਿੱਚ ਹੋਏ ਫੈਸਲਿਆਂ ਸਬੰਧੀ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸਕੈਂਡਰੀ ਸਕੂਲਾਂ ਸਬੰਧੀ ਜ਼ਿਲ੍ਹੇਵਾਰ ਸੂਚਨਾ ਅਨੁਲੱਗ-1 ਅਨੁਸਾਰ ਨੱਥੀ ਹੈ।

(ਅ) ਇਨ੍ਹਾਂ ਦੀ ਕੁੱਲ ਗਿਣਤੀ 56 ਹੈ।

(ੲ) ਜਿਵੇਂ ਕਿ ਸਾਰੇ ਚਾਰ ਕਲੈਰੀਕਲ ਅਮਲੇ ਦੇ ਕੇਸਾਂ ਵਿੱਚ ਕਾਰਵਾਈ ਮੁਕੰਮਲ ਹੋ ਚੁਕੀ ਹੈ, ਇਸ ਲਈ ਇਸ ਭਾਗ ਬਾਰੇ ਉੱਤਰ ਨਿਲ ਹੈ।

ਅਨੁਲੱਗ-1

| | | |
|---|---|---|
| 1 | ਚੰਡੀਗੜ੍ਹ ਹੈੱਡਕੁਆਟਰ | 3 |
| 2 | ਰੋਪੜ | 4 |
| 3 | ਅੰਮ੍ਰਿਤਸਰ | 15 |
| 4 | ਬਠਿੰਡਾ | 3 |
| 5 | ਫਿਰੋਜ਼ਪੁਰ | 7 |
| 6 | ਫਰੀਦਕੋਟ | 5 |
| 7 | ਗੁਰਦਾਸਪੁਰ | 10 |

Original with;
Punjab Vidhan Sabha
Digitized by;
Panjab Digital Library

| | | |
|---|---|---|
| 8 | ਹੁਸ਼ਿਆਰਪੁਰ | 6 |
| 9 | ਜਲੰਧਰ | 11 |
| 10 | ਕਪੂਰਥਲਾ | 1 |
| 11 | ਪਟਿਆਲਾ | 11 |
| 12 | ਸੰਗਰੂਰ | 7 |
| 13 | ਮਾਨਸਾ | 3 |
| 14 | ਲੁਧਿਆਣਾ | 5 |
| | ਕੁੱਲ | 91 |

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਜਿਨ੍ਹਾਂ ਕੇਸਾਂ ਦਾ ਫੈਸਲਾ ਹੋ ਚੁੱਕਾ ਹੈ ਉਨ੍ਹਾਂ ਦੀ ਗਿਣਤੀ 56 ਬਣਦੀ ਹੈ ਲੇਕਿਨ ਜਿਹੜੀ ਡਿਸਟ੍ਰਿਕਟ-ਵਾਈਜ਼ ਲਿਸਟ ਮੰਤਰੀ ਸਾਹਿਬ ਨੇ ਦੱਸੀ ਹੈ, ਉਸਦੇ ਵਿਚ 91 ਬਣਦੀ ਹੈ । ਆਇਆ ਇਹ 56 ਕੇਸਾਂ ਦ ਫੈਸਲਾ ਇੰਪਲੀਮੈਂਟ ਹੋ ਚੁੱਕਾ ਹੈ ਬਾਕੀ ਜਿਹੜੇ 35 ਕੇਸ ਰਹਿੰਦੇ ਹਨ ਉਨ੍ਹਾਂ ਦੀ ਕੀ ਪੁਜ਼ੀਸ਼ਨ ਹੈ? ਉਨ੍ਹਾਂ 35 ਕੇਸਾਂ ਦਾ ਫੈਸਲਾ ਕਦੋਂ ਹੋਇਆ ਔਰ ਉਨ੍ਹਾਂ ਦੇ ਇੰਪਲੀਮੈਂਟ ਨਾ ਹੋਣ ਦੇ ਕੀ ਕਾਰਨ ਹਨ ?

**ਮੰਤਰੀ:** ਜਿਹੜੇ ਕੇਸ ਵਧੇ ਹਨ, ਉਹ ਇਸ ਕਰਕੇ ਕਿ ਇਨ੍ਹਾਂ ਨੇ 15 ਨਵੰਬਰ ਤੱਕ ਪੁੱਛੇ ਔਰ ਉਸ ਤੋਂ ਬਾਅਦ ਕੁਝ ਫੈਸਲੇ ਇੰਪਲੀਮੈਂਟ ਹੋਏ ਹਨ, ਇਸ ਕਰਕੇ ਗਿਣਤੀ ਵੱਧ ਗਈ । ਦੂਸਰਾ, ਜਿੰਨੇ ਕੇਸ ਹਨ ਉਨ੍ਹਾਂ ਤੇ ਕਾਰਵਾਈ ਚੱਲ ਰਹੀ ਹੈ, ਉਨ੍ਹਾਂ ਦੇ ਫੈਸਲੇ ਜਲਦੀ ਕੀਤੇ ਜਾਣਗੇ।

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ 35 ਕੇਸਿਜ਼ ਹਨ ਜਿਨ੍ਹਾਂ ਦਾ ਫੈਸਲਾ ਹੋਣ ਵਾਲਾ ਹੈ ਅਤੇ ਇੰਪਲੀਮੈਂਟ ਨਹੀਂ ਹੋਏ, ਇਹ ਕੇਸ ਕਦੋਂ ਹਾਈ ਕੋਰਟ, ਸੁਪਰੀਮ ਕੋਰਟ ਜਾਂ ਦੂਸਰੀਆਂ ਕੋਰਟਾਂ ਵਲੋਂ ਡਿਸਾਈਡ ਹੋਏ ਹਨ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਕੇਸਾਂ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪ੍ਰਾਇਮਰੀ ਸਕੂਲਾਂ ਦੇ 4 ਕੇਸਿਜ਼ ਹਨ ਜਿਨ੍ਹਾਂ ਤੇ ਕਾਰਵਾਈ ਚਲ ਰਹੀ ਹੈ ਔਰ ਸਕੂਲ ਸਾਈਡ ਦੇ ਜੋ ਕੇਸ ਹਨ ਉਹ ਕੈਟੇਗਰੀ-ਵਾਈਜ਼ ਹਨ ਜਿਨ੍ਹਾਂ ਵਿਚ ਡਿਪਟੀ ਡਾਇਰੈਕਟਰ 1 ਹੈ, ਹੈਡਮਾਸਟਰਜ 18, ਮਾਸਟਰਜ਼ ਦੇ 14 ਅਤੇ ਸੀ.ਐਡ.ਵੀ. ਦੇ 3 ਹਨ। ਇਹ ਅੱਡ ਅੱਡ ਸੱਤਾ ਤੇ ਕੇਸ ਚਲ ਰਹੇ ਹਨ, ਸਰਕਾਰ ਨੇ ਇਹ ਵੀ 3 ਮਹੀਨੇ ਵਿੱਚ ਫੈਸਲਾ ਕਰਨਾ ਹੁੰਦਾ ਹੈ ਕਿ ਅਗੇ ਅਪੀਲ ਕਰਨੀ ਹੈ ਜਾਂ ਕੀ ਕਰਨਾ ਹੈ। ਇਸ ਵੇਲੇ ਕੁਝ ਨਹੀਂ ਕਿਹਾ ਜਾ ਸਕਦਾ।

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਜਾਣਕਾਰੀ ਚਾਹੁੰਦਾ ਹਾਂ ਕਿ ਕੀ ਸਰਕਾਰ ਦੇ ਅਗੇ ਤੋਂ ਕੋਈ ਗੱਲ ਵਿਚਾਰ ਅਧੀਨ ਹੈ ਕਿਉਂਕਿ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਗੁਰਨਾਮ ਸਿੰਘ ਧੀਰੋਵਾਲ]

ਜਿੰਨੇ ਕੇਸ ਚਲ ਰਹੇ ਹਨ ਉਨ੍ਹਾਂ ਵਿੱਚ ਜਿਹੜੇ ਲੋਕ ਪੈਸੇ ਵਾਲੇ ਹਨ ਉਹ ਪੈਸਾ ਖਰਚ ਕੇ ਆਪਣੇ ਕੇਸ ਦਾ ਫੈਸਲਾ ਕਰਵਾ ਲੈਂਦੇ ਹਨ ਲੇਕਿਨ ਇਕ ਇਕ ਸੌ ਜਾਂ ਦੋ ਦੋ ਸੌ ਕੇਸ ਲਟਕਦੇ ਰਹਿੰਦੇ ਹਨ ਜਿਨ੍ਹਾਂ ਕੋਲ ਪੈਸਾ ਨਹੀਂ ਹੁੰਦਾ ਅਤੇ ਉਹ ਪੈਸਾ ਨਹੀਂ ਖਰਚ ਸਕਦੇ ਤਾਂ ਉਨ੍ਹਾਂ ਦੇ ਕੇਸਾਂ ਦਾ ਫੈਸਲਾ ਜਲਦੀ ਨਹੀਂ ਹੁੰਦਾ ਜਿਸ ਕਰਕੇ ਉਨ੍ਹਾਂ ਦਾ ਅਤੇ ਸਰਕਾਰ ਦਾ ਸਮਾਂ ਜਾਇਆ ਹੁੰਦਾ ਹੈ, ਕੀ ਜਿਹੜੇ ਕੇਸਾਂ ਦਾ ਫੈਸਲਾ ਹੋ ਜਾਵੇ ਉਨ੍ਹਾਂ ਦੇ ਨਾਲ ਮਿਲਵੇਂ ਕੇਸਿਜ਼ ਜਿਹੜੇ ਉਨ੍ਹਾਂ ਨਾਲ ਮਿਲਦੇ ਜੁਲਦੇ ਹਨ ਉਨ੍ਹਾਂ ਦਾ ਫੈਸਲਾ ਵੀ ਉਸੇ ਤਰ੍ਹਾਂ ਦਾ ਹੋਵੇ ਅਤੇ ਇਮਪਲੀਮੈਂਟ ਹੋ ਸਕੇ ਤਾਂ ਕਿ ਲੋਕਾਂ ਦਾ ਵੀ ਅਤੇ ਸਰਕਾਰ ਦਾ ਟਾਈਮ ਬਚ ਸਕੇ, ਕੀ ਇਸ ਤਰ੍ਹਾਂ ਦੀ ਗੱਲ ਸਰਕਾਰ ਦੇ ਕੋਈ ਵਿਚਾਰ ਅਧੀਨ ਹੈ।

**ਮੰਤਰੀ :** ਸਪੀਕਰ ਸਾਹਿਬ, ਸਰਕਾਰ ਇਸ ਬਾਰੇ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ ਕਿ ਜੇ ਕੋਈ ਅਜਿਹੇ ਕੰਮ ਜਿਨ੍ਹਾਂ ਦਾ ਫੈਸਲਾ ਹੋ ਜਾਵੇ ਅਤੇ ਉਸ ਕਿਸਮ ਦੇ ਹੋਰ ਵੀ ਕੇਸ ਹੋਣ ਤਾਂ ਉਸ ਫੈਸਲੇ ਨੂੰ ਜੈਨਰੇਲਾਈਜ਼ ਕਰ ਲਿਆ ਜਾਵੇ, ਇਸ ਤੇ ਵਿਚਾਰ ਕੀਤਾ ਜਾ ਰਿਹਾ ਹੈ।

---

## ਸਕੂਲਾਂ ਦਾ ਮੁਆਇਨਾ

*1194. **ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਸਾਲ 1992-93 ਦੇ ਦੌਰਾਨ ਰਾਜ ਵਿਚ ਜ਼ਿਲ੍ਹਾ ਸਿਖਿਆ ਅਫਸਰਾਂ ਨੇ ਸਕੂਲਾਂ ਦਾ ਜ਼ਿਲ੍ਹਾਵਾਰ ਕਿੰਨੀ ਕਿੰਨੀ ਵਾਰੀ ਮੁਆਇਨਾ ਕੀਤਾ;

(ਅ) ਕੀ ਸਰਕਾਰ ਨੂੰ ਸਮੇਂ ਸਿਰ ਮੁਆਇਨਾ ਰਿਪੋਰਟਾਂ ਪੇਸ਼ ਨਾ ਕਰਨ ਦੇ ਕਾਰਣ ਕਿਸੇ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਸਜ਼ਾ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦਾ ਵੇਰਵਾ ਕੀ ਹੈ ?

**ਸਰਦਾਰ ਲਖਮੀਰ ਸਿੰਘ ਰੰਧਾਵਾ :** (ੳ) ਪੰਜਾਬ ਰਾਜ ਵਿੱਚ ਮਿਡਲ, ਹਾਈ, ਸੀਨੀਅਰ ਸੈਕੰਡਰੀ ਅਤੇ ਪ੍ਰਾਇਮਰੀ ਸਕੂਲਾਂ ਵਿੱਚ ਜ਼ਿਲ੍ਹਾ ਸਿਖਿਆ ਅਫਸਰਾਂ ਵੱਲੋਂ ਸਾਲ 1992-93 ਦੌਰਾਨ ਕੀਤੇ ਗਏ ਅਚਨਚੇਤ ਨਿਰੀਖਣਾਂ ਸਬੰਧੀ ਸੂਚਨਾ ਸਦਨ ਦੇ ਪੱਟਲ ਤੇ ਰੱਖੀ ਜਾਂਦੀ ਹੈ।

(ਅ) ਨਹੀਂ ਜੀ।

### ਸੂਚਨਾ

| | | | |
|---|---|---|---|
| 1 | ਅੰਮ੍ਰਿਤਸਰ | 70 | 278 |
| 2 | ਬਠਿੰਡਾ | 10 | 273 |
| 3 | ਫਰੀਦਕੋਟ | 112 | 80 |
| 4 | ਫਿਰੋਜ਼ਪੁਰ | 102 | 140 |
| 5 | ਫਤਿਹਗੜ੍ਹ ਸਾਹਿਬ | 17 | 298 |
| 6 | ਗੁਰਦਾਸਪੁਰ | 9 | 162 |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| 7 | ਹੁਸ਼ਿਆਰਪੁਰ | 17 | 172 |
| 8 | ਜਲੰਧਰ | 92 | 102 |
| 9 | ਕਪੂਰਥਲਾ | 33 | 457 |
| 10 | ਲੁਧਿਆਣਾ | 37 | 315 |
| 11 | ਮਾਨਸਾ | 81 | 64 |
| 12 | ਪਟਿਆਲਾ | 50 | 100 |
| 13 | ਰੋਪੜ | 15 | 385 |
| 14 | ਸੰਗਰੂਰ | 30 | 38 |

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਹ ਜਿਹੜੇ ਸਕੂਲਾਂ ਦਾ ਦੌਰਾ ਕੀਤਾ ਗਿਆ ਸੀ, ਕੀ ਮਨਿਸਟਰ ਸਾਹਿਬ ਨੂੰ ਇਨ੍ਹਾਂ ਸਾਰਿਆਂ ਦੀ ਰਿਪੋਰਟ ਮਿਲ ਗਈ ਹੈ?

**ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਅਫਸਰ ਦੌਰਾ ਕਰਦੇ ਹਨ ਉਨ੍ਹਾਂ ਦੇ ਦੌਰੇ ਦਾ, ਟੂਰ ਪ੍ਰੋਗਰਾਮ ਰਿਪੋਰਟ ਆਉਣ ਤੋਂ ਬਾਅਦ ਪਾਸ ਕੀਤਾ ਜਾਂਦਾ ਹੈ। ਇਨ੍ਹਾਂ ਸਾਰਿਆਂ ਦੀਆਂ ਰਿਪੋਰਟਾਂ ਅਗਲੀ ਮੀਟਿੰਗ ਤਕ ਮਿਲ ਚੁੱਕੀਆਂ ਹਨ।

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜੋ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਸਾਰਿਆਂ ਦੀਆਂ ਰਿਪੋਰਟਾਂ ਮਿਲ ਚੁੱਕੀਆਂ ਹਨ। ਜਿਨ੍ਹਾਂ ਦੀਆਂ ਰਿਪੋਰਟਾਂ ਮਿਲ ਚੁੱਕੀਆਂ ਹਨ ਕੀ ਉਹ ਸਾਰੀਆਂ ਰਿਪੋਰਟਾਂ ਠੀਕ ਹਨ ਜਾਂ ਕੁਝ ਗਲਤ ਵੀ ਹਨ; ਜਿਨ੍ਹਾਂ ਦੀਆਂ ਠੀਕ ਨਹੀਂ ਹਨ, ਉਨ੍ਹਾਂ ਦੇ ਬਾਰੇ ਕੀ ਐਕਸ਼ਨ ਲਿਆ ਗਿਆ ਹੈ ਜਾਂ ਲਿਆ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਨਿਰੀਖਣ ਬਾਰੇ ਰਿਪੋਰਟ ਠੀਕ ਜਾਂ ਗਲਤ ਦਾ ਸਵਾਲ ਨਹੀਂ, ਉਸ ਤੇ ਇਪਲੀਮੈਂਟੇਸ਼ਨ ਬਾਰੇ ਵਿਚਾਰ ਕੀਤਾ ਜਾਂਦਾ ਹੈ ਕਿ ਅਗਲੀ ਮੀਟਿੰਗ ਵਿੱਚ ਕੀ ਕਰਨਾ ਹੈ। ਜਿਹੜੀ ਮੰਥਲੀ ਮੀਟਿੰਗ ਹੁੰਦੀ ਹੈ ਉਸ ਤੇ ਅਗੋਂ ਕਾਰਵਾਈ ਲਈ ਫੈਸਲਾ ਕੀਤਾ ਜਾਂਦਾ ਹੈ।

---

### ਉਪ-ਮੰਡਲ ਬਲਾਚੌਰ ਵਿਚ ਲਿੰਕ ਸੜਕਾ ਬਣਾਉਣਾ

*1205. **ਸਰਦਾਰ ਹਰਗੋਪਾਲ ਸਿੰਘ ਐਡਵੋਕੇਟ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਜਿਲ੍ਹਾ ਹੁਸ਼ਿਆਰਪੁਰ ਦੇ ਬਲਾਚੌਰ ਉਪ-ਮੰਡਲ ਵਿਚ ਅਗਲੇ ਦੋ ਸਾਲਾਂ ਦੇ ਦੌਰਾਨ ਕਿੰਨੀਆਂ ਨਵੀਆਂ ਲਿੰਕ ਸੜਕਾਂ ਬਣਾਈਆਂ ਜਾਣ ਦਾ ਪ੍ਰਸਤਾਵ ਹੈ;

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਗੋਪਾਲ ਸਿੰਘ ਐਡਵੋਕੇਟ]

(ਅ) ਮਿਹੰਦਪੁਰ ਤੋਂ ਬਲਾਕ ਸੜੋਆ ਸੜਕ ਅਤੇ ਸਾਹਿਬਾ-ਛਦੌਰੀ ਬਰਾਸਤਾ ਭਾਰੇਪੁਰ ਤੋਂ ਸੜੋਆ ਸੜਕਾਂ ਤੇ ਉਸਾਰੀ ਦੇ ਕੰਮ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**Sardar Beant Singh** : (a) There is no proposal at the moment to construct new link roads in the next two years in Balachaur Sub-Division of District Hoshiarpur.

(b) There is no proposal at present to construct the link road from Mahandpur to Block Saroya road and Sahiba Chhad-auri via Bharepur Saroya road.

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ,ਇਨ੍ਹਾਂ ਨੇ ਦੱਸਿਆ ਹੈ ਕਿ ਆਉਣ ਵਾਲੇ ਦੋ ਸਾਲਾਂ ਵਿੱਚ ਨਵੀਆਂ ਲਿੰਕ ਸੜਕਾਂ ਉਸਾਰਨ ਦੀ ਕੋਈ ਤਜਵੀਜ਼ ਨਹੀਂ ਹੈ, ਇਹ ਕਿਹੜੀ ਤਾਰੀਖ ਤੋਂ ਲਾਗੂ ਕੀਤਾ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਦੋਂ ਸਾਡੀ ਸਰਕਾਰ ਆਈ ਤਾਂ ਸੜਕਾਂ ਬੜੀਆਂ ਟੁੱਟੀਆਂ ਹੋਈਆਂ ਸਨ ਕਿਉਂਕਿ ਕਈ ਸਾਲ ਸੜਕਾਂ ਦੀ ਮੁਰੰਮਤ ਨਹੀਂ ਸੀ ਹੋਈ, ਅਸੀਂ ਇਹ ਫੈਸਲਾ ਲਿਆ ਹੈ ਕਿ ਉਹ ਸੜਕਾਂ ਪਹਿਲਾਂ ਬਣਨ ਫਿਰ ਦੂਸਰੀਆਂ ਬਣਾਂਵਾਗੇ। ਪਰ ਫਿਰ ਵੀ ਅਸੀਂ 20 ਕਰੋੜ ਰੁਪਿਆ ਰਖਿਆ ਹੈ ਜਿਥੇ ਕੋਈ ਐਸੀਆਂ ਲਿੰਕ ਰੋਡਜ਼ ਹੋਣਗੀਆਂ, ਜਾਂ ਮਿਸਿੰਗ ਰੋਡਜ਼ ਹੋਣ-ਗੀਆਂ ਜਾਂ ਰਿਪੇਅਰ ਕਰਨੀ ਹੋਵੇਗੀ ਉਹ ਕੀਤੀ ਜਾ ਸਕਦੀ ਹੈ ਲੇਕਿਨ ਬਲਾਚੌਰ ਵਿਚ ਕੋਈ ਲਿੰਕ ਰੋਡ ਹਾਲੇ ਨਹੀਂ ਬਣਨੀ।

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਅਗਲੇ ਦੋ ਸਾਲਾਂ ਵਿਚ ਕੋਈ ਸੜਕ ਨਹੀਂ ਬਣਾਈ ਜਾਵੇਗੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਲਾਚੌਰ ਹਲਕੇ ਵਿਚ ਜਿਹੜੇ ਨੀਂਹ ਪੱਥਰ ਮੰਤਰੀ ਸਾਹਿਬਾਨ ਨੇ ਰਖੇ ਹਨ ਕੀ ਉਹ ਵੀ ਨਹੀਂ ਬਣਾਏ ਜਾਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਗੌਰਮਿੰਟ ਕੁਮਿਟਡ ਹੈ ਕਿ ਜਿਹੜਾ ਵੀ ਨੀਂਹ ਪੱਥਰ ਰੱਖਿਆ ਜਾਵੇਗਾ ਉਹ ਜ਼ਰੂਰ ਬਣਾਇਆ ਜਾਵੇਗਾ ਲੇਕਿਨ ਟਾਈਮ-ਬਾਉਂਡ ਨਹੀਂ ਕੀਤਾ ਜਾ ਸਕਦਾ। ਪਹਿਲੇ ਰਿਪੇਅਰ ਦਾ ਕੰਮ ਹੋਣਾ ਹੈ।

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਕੀ ਕੋਈ ਟਾਈਮ ਫਿਕਸ ਕਰਨਗੇ ਕਿ ਐਨੇ ਸਮੇਂ ਵਿਚ ਬਣਾ ਦੇਣਗੇ ?

**ਮੁੱਖ ਮੰਤਰੀ** : ਮੈਂ ਕਿਹਾ ਹੈ ਕਿ ਟਾਈਮ ਲਿਮਿਟ ਫਿਕਸ ਨਹੀਂ ਕੀਤੀ ਜਾ ਸਕਦੀ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਨੀਂਹ ਪੱਥਰ ਰਖੇ ਜਾਂਦੇ ਹਨ ਇਸ ਦਾ ਕਰਾਈਟੇਰੀਆ ਕੀ ਹੈ, ਕੀ ਕਿਸੇ ਦੇ ਨੇੜੇ ਦੇ ਰਿਸ਼ਤੇਦਾਰ ਦੇ ਮੂੰਹ ਨੂੰ ਵੇਖ ਕੇ ਰਖਿਆ ਜਾਂਦਾ ਹੈ ਜਾਂ ਕੋਈ ਹੋਰ ਕਰਾਈਟੇਰੀਆ ਹੈ ?

**ਮੁੱਖ ਮੰਤਰੀ** : ਜਦੋਂ ਵੀ ਕੋਈ ਨੀਂਹ ਪੱਥਰ ਰਖਿਆ ਜਾਂਦਾ ਹੈ ਉਹ ਇਲਾਕੇ ਦੀ ਲੋੜ ਨੂੰ ਮੁੱਖ ਰਖਕੇ ਰਖਿਆ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਆਉਣ ਵਾਲੇ 2 ਸਾਲਾਂ ਵਿਚ ਸੜਕ ਬਣਾਉਣ ਦੀ ਕੋਈ ਪਰੋਵੀਜ਼ਨ ਨਹੀਂ ਹੈ। ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਿਰਫ ਬਲਾਚੌਰ ਵਿਚ ਹੀ ਨਹੀਂ ਬਣਾਉਣੀ ਜਾਂ ਸਾਰੇ ਪੰਜਾਬ ਵਿਚ ਹੀ ਨਹੀਂ ਬਣਾਉਣੀ ?

**ਮੁੱਖ ਮੰਤਰੀ :** ਮੈਂ ਜਵਾਬ ਦਿੱਤਾ ਹੈ ਕਿ ਬਲਾਚੌਰ ਵਿਚ ਕੋਈ ਪਰੋਵੀਜ਼ਨ ਨਹੀਂ ਪਰ ਜਿਥੇ ਕਿਤੇ ਵੀ ਮਜ਼ਬੂਰੀ ਹੋਵੇਗੀ ਉਹ ਬਣਾਵਾਂਗੇ। ਸਾਰੇ ਪੰਜਾਬ ਵਾਸਤੇ ਇਹ ਪਾਲਿਸੀ ਨਹੀਂ ਹੈ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਥੇ ਸਰਕਾਰ ਨੇ ਵਿਸ਼ਵਾਸ ਦਿਵਾਇਆ ਸੀ ਕਿ ਜਿਹੜੇ ਵੀ ਨੀਂਹ ਪੱਥਰ ਰਖੇ ਜਾਣਗੇ ਉਹ ਪਲਾਨਿੰਗ ਬੋਰਡ ਦੀ ਮੀਟਿੰਗ ਵਿਚ ਪਾਸ ਹੋਣਗੇ। ਕੀ ਉਸ ਦੀ ਹੁਣ ਕੁਤਾਹੀ ਕੀਤੀ ਜਾ ਰਹੀ ਹੈ ਜਾਂ ਇੰਪਲੀਮੈਂਟੇਸ਼ਨ ਕੀਤੀ ਜਾਂਦੀ ਹੈ ?

**ਮੁੱਖ ਮੰਤਰੀ:** ਸਪੀਕਰ ਸਾਹਿਬ ਸਾਥੀ ਸਾਹਿਬ ਨੇ ਬੜਾ ਅਜੀਬ ਜਿਹਾ ਸਵਾਲ ਕੀਤਾ ਹੈ। ਮੈਂ ਦੱਸਦਾ ਹਾਂ ਕਿ ਪਲਾਨਿੰਗ ਬੋਰਡ ਦੀ ਮੀਟਿੰਗ ਵਿਚ ਵੀ ਇਹ ਪਾਸ ਕੀਤਾ ਜਾਂਦਾ ਹੈ ਔਰ ਜੇ ਕਿਤੇ ਮੰਤਰੀ ਸਾਹਿਬ ਮਜਬੂਰੀ ਵੇਖਣ ਤਾਂ ਉਹ ਵੈਸੇ ਵੀ ਨੀਂਹ ਪੱਥਰ ਰਖ ਸਕਦੇ ਹਨ।

---

## ਅਨੁਸੂਚਿਤ ਜਾਤੀਆਂ ਦੇ ਕਰਜ਼ੇ ਮਾਫ ਕਰਨਾ

***1218. ਸ੍ਰੀ ਸਤਨਾਮ ਸਿੰਘ ਕੈਂਥ :** ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅਨੁਸੂਚਿਤ ਜਾਤੀਆਂ ਦੇ ਸ਼ਰੇਣੀ ਨਾਲ ਸਬੰਧਤ ਅਜਿਹੇ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ, ਜਿੰਨਾਂ ਨੂੰ ਹੁਣ ਤੱਕ "5,000 ਰੁਪਏ ਤੱਕ ਕਰਜ਼ਾ ਮਾਫ਼ ਕਰਨ ਦੀ ਸਕੀਮ" ਅਧੀਨ ਲਾਭ ਹੋਇਆ ਹੈ ;

(ਅ) ਉਕਤ ਸਕੀਮ ਅਧੀਨ ਹੁਣ ਤੱਕ ਜ਼ਿਲ੍ਹਾ ਵਾਰ ਕੁੱਲ ਕਿੰਨੀ ਰਕਮ ਦੇ ਕਰਜ਼ੇ ਮਾਫ ਕੀਤੇ ਗਏ ਹਨ?

**ਚੌਧਰੀ ਜਗਜੀਤ ਸਿੰਘ :** (ੳ) ਅਨੁਸੂਚਿਤ ਜਾਤੀਆਂ ਦੀ ਸ਼ਰੇਣੀ ਨਾਲ ਸਬੰਧਤ ਅਜਿਹੇ ਵਿਅਕਤੀਆਂ ਜਿਨ੍ਹਾਂ ਨੂੰ ਹੁਣ ਤੱਕ 5,000 ਰੁ ਤੱਕ ਦਾ ਕਰਜ਼ਾ ਮਾਫ ਕੀਤਾ ਗਿਆ ਹੈ, ਉਨ੍ਹਾਂ ਦੀ ਗਿਣਤੀ 11956 ਹੈ।

(ਅ) ਜ਼ਿਲ੍ਹਾ-ਵਾਰ ਮੁਆਫ ਕੀਤੇ ਕਰਜ਼ੇ ਦਾ ਵੇਰਵਾ ਨਿਮਨ-ਲਿਖਤ ਅਨੁਸਾਰ ਹੈ:—

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਮੁਆਫ ਕੀਤੀ ਗਈ ਰਕਮ |
|---|---|---|
| 1 | ਅੰਮ੍ਰਿਤਸਰ | ਰੁ: 37,17,814.00 |
| 2 | ਬਠਿੰਡਾ | ਰ: 12,44,247.20 |
| 3 | ਫਰੀਦਕੋਟ | ਰੁ: 43,69,911.00 |

Original with;
Punjab Vidhan Sabha
Digitized by;
Panjab Digital Library

[ਸਮਾਜ ਭਲਾਈ ਦੇ ਰਾਜ ਮੰਤਰੀ]

| ਲੜੀ ਨੰ: | ਜਿਲ੍ਹੇ ਦਾ ਨਾਮ | | ਮੁਆਫ਼ ਕੀਤੀ ਗਈ ਰਕਮ |
|---|---|---|---|
| 4 | ਫਤਿਹਗੜ੍ਹ ਸਾਹਿਬ | ਰੁ: | 02,18,880.00 |
| 5 | ਫਿਰੋਜ਼ਪੁਰ | ਰੁ: | 26,11,873.30 |
| 6 | ਗੁਰਦਾਸਪੁਰ | ਰੁ: | 20,96,599.00 |
| 7 | ਹੁਸ਼ਿਆਰਪੁਰ | ਰੁ: | 06,60,483.00 |
| 8 | ਜਲੰਧਰ | ਰੁ: | 22,22,736.00 |
| 9 | ਕਪੂਰਥਲਾ | ਰੁ: | 03,12,633.00 |
| 10 | ਲੁਧਿਆਣਾ | ਰੁ: | 15,06,182.00 |
| 11 | ਮਾਨਸਾ | ਰੁ: | 08,16,699.00 |
| 12 | ਪਟਿਆਲਾ | ਰੁ: | 15,90,105.15 |
| 13 | ਰੋਪੜ | ਰੁ: | 17,01,665.20 |
| 14 | ਸੰਗਰੂਰ | ਰੁ: | 14,54,917 |
| | ਕੁੱਲ ਰਕਮ | ਰੁ: | 2,45,24,744.85 ਪੈਸੇ |

**ਸ੍ਰੀ ਸਤਨਾਮ ਸਿੰਘ ਕੈਂਥ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਕਰਜ਼ੇ ਸਰਕਾਰ ਨੇ ਸ਼ੈਡਿਊਲਡ ਕਾਸਟ ਲੋਕਾਂ ਦੇ ਮੁਆਫ਼ ਕੀਤੇ ਸਨ ਇਹ ਕਰਜ਼ੇ ਕੋਆਪਰੇਟਿਵ ਸੋਸਾਇਟੀਜ਼ ਦੇ ਕਰਜ਼ੇ ਸਨ, ਅਨੁਸੂਚਿਤ ਜਾਤੀਆਂ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਦੇ ਸਨ ਜਾਂ ਨੈਸ਼ਨੇਲਾਈਜ਼ ਬੈਂਕਾਂ ਦੇ ਕਰਜ਼ੇ ਸਨ ਹਾਲਾਂ ਤੱਕ ਲੋਕਾਂ ਨੂੰ ਇਸ ਦਾ ਪਤਾ ਨਹੀਂ ਲਗ ਸਕਿਆ। ਉਨ੍ਹਾਂ ਲੋਕਾਂ ਨੇ ਕਰਜ਼ੇ ਮੁਆਫੀ ਦਾ ਐਲਾਨ ਸੁਣ ਕੇ ਕਰਜ਼ੇ ਵਾਪਿਸ ਕਰਨੇ ਬੰਦ ਕਰ ਦਿੱਤੇ ਹਨ ਪਰ ਉਨ੍ਹਾਂ ਨੂੰ ਬੈਨੀਫਿਟ ਹੋਣ ਦੇ ਬਜਾਏ ਉਨ੍ਹਾਂ ਉਤੇ ਪੀਨਲ ਇੰਟਰੈਸਟ ਲਗ ਗਿਆ ਹੈ ਇਸ ਨੂੰ 2 ਸਾਲ ਹੋ ਗਏ ਹਨ। ਸ਼ਡਿਊਲਡ ਕਾਸਟ ਲੋਕਾਂ ਨੂੰ ਫਾਇਦਾ ਹੋਣ ਦੇ ਬਜਾਏ ਨੁਕਸਾਨ ਹੋ ਰਿਹਾ ਹੈ। ਇਸ ਲਈ ਸਰਕਾਰ ਹਾਊਸ ਵਿਚ ਕਲੈਰੀਫਾਈ ਕਰੇ ਕਿਸ ਦੇ ਕਰਜ਼ੇ ਮੁਆਫ਼ ਕੀਤੇ ਸਨ।

**ਰਾਜ ਮੰਤਰੀ**: ਸਪੀਕਰ ਸਾਹਿਬ, ਇਹ ਜਿਹੜੇ ਕਰਜ਼ੇ ਮੁਆਫ਼ ਕੀਤੇ ਗਏ ਸਨ ਇਹ ਅਨੁਸੂਚਿਤ ਜਾਤੀਆਂ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਦੇ ਸਨ ਅਤੇ ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ ਅਤੇ ਪਨਵੇਕ ਦੇ ਸਨ। ਸਰਕਾਰ ਨੇ ਪ੍ਰਿੰਸੀਪਲ ਅਮਾਊਂਟ ਮੁਆਫ਼ ਕੀਤਾ ਸੀ ਪਰ ਹੁਣ ਮੁੱਖ ਮੰਤਰੀ ਸਾਹਿਬ ਨੇ ਕਿਰਪਾ ਕੀਤੀ ਹੈ ਅਤੇ ਹੁਕਮ ਕੀਤੇ ਹਨ ਕਿ ਜਿਹੜਾ ਇਸ ਅਮਾਊਂਟ ਉਤੇ ਇੰਟਰੈਸਟ ਅਤੇ ਪੀਨਲ ਇੰਟਰੈਸਟ ਵੀ ਸੀ ਉਹ ਵੀ ਮੁਆਫ਼ ਕਰ ਦਿੱਤਾ ਗਿਆ ਹੈ। ਇਹ ਰਕਮ ਤਕਰੀਬਨ ਡੇਢ ਕਰੋੜ ਰੁਪਿਆ ਬਣਦੀ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਤਨਾਮ ਸਿੰਘ ਕੈਂਥ** : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਮੁੱਖ ਮੰਤਰੀ ਜੀ ਨੇ ਸ਼ੈਡਿਊਲਡ ਕਾਸਟ ਲੋਕਾਂ ਦੇ 5 ਹਜ਼ਾਰ ਰੁਪਏ ਦੇ ਕਰਜ਼ੇ ਮੁਆਫ ਕਰਨ ਦਾ ਐਲਾਨ ਇਸ ਹਾਊਸ ਵਿਚ ਕੀਤਾ ਸੀ ਜਿਸ ਦੇ ਨਾਲ ਸਾਰੇ ਸ਼ਡਿਊਲਡ ਕਾਸਟ ਲੋਕਾਂ ਨੇ ਇਹ ਸਮਝ ਲਿਆ ਕਿ ਜਿਸ ਨੇ ਵੀ 5 ਹਜ਼ਾਰ ਰੁਪਏ ਦਾ ਕਰਜ਼ਾ ਸਰਕਾਰ ਤੋਂ ਲਿਆ ਹੈ ਉਹ ਸਰਕਾਰ ਨੇ ਮੁਆਫ ਕਰ ਦਿਤਾ ਹੈ ਜਿਸ ਕਰਕੇ ਉਨ੍ਹਾਂ ਲੋਕਾਂ ਨੇ ਆਪਣੇ ਕਰਜ਼ੇ ਦੀ ਵਾਪਸੀ ਬੰਦ ਕਰ ਦਿੱਤੀ ਅਤੇ ਇਸ ਨੂੰ 2 ਸਾਲ ਹੋ ਗਏ ਹਨ। ਕਿਉਂਕਿ ਉਸ ਵਕਤ ਇਹ ਗੱਲ ਕਲੀਅਰ ਨਹੀਂ ਹੋਈ ਸੀ ਕਿ ਕੇਵਲ ਜਿਨ੍ਹਾਂ ਨੇ ਅਨੁਸੂਚਿਤ ਜਾਤੀਆਂ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਤੋਂ ਕਰਜ਼ਾ ਲਿਆ ਹੈ ਉਨ੍ਹਾਂ ਦਾ ਹੀ ਮੁਆਫ ਕੀਤਾ ਗਿਆ ਹੈ। ਇਸ ਤਰੀਕੇ ਨਾਲ ਲੋਕਾਂ ਦੇ ਨਾਲ ਬਹੁਤ ਵੱਡਾ ਧੱਕਾ ਹੋਇਆ ਹੈ ਇਸ ਲਈ ਸਰਕਾਰ ਨੂੰ ਸਾਰੇ ਸ਼ਡਿਊਲਡ ਕਾਸਟ ਲੋਕਾਂ ਦੇ ਕਰਜ਼ੇ ਮੁਆਫ ਕਰ ਦੇਣੇ ਚਾਹੀਦੇ ਹਨ। ਕੀ ਮੰਤਰੀ ਸਾਹਿਬ ਇਸ ਗੱਲ ਦੀ ਐਸ਼ੋਰੈਂਸ ਇਸ ਹਾਊਸ ਵਿਚ ਦੇਣਗੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਹੜਾ ਖਦਸ਼ਾ ਜ਼ਾਹਿਰ ਕੀਤਾ ਹੈ। ਮੈਂ ਦਸਦਾ ਹਾਂ ਕਿ ਇਸ ਤੋਂ ਇਲਾਵਾ ਪੰਜਾਬ ਦੇ ਜਿਹੜੇ ਕੋਆਪਰੇਟਿਵ ਸੋਸਾਇਟੀਜ਼ ਅਤੇ ਕੋਆਪਰੇਟਿਵ ਬੈਂਕ ਦੇ ਕਰਜ਼ੇ ਹਨ ਇਹ ਤਕਰੀਬਨ 50 ਕਰੋੜ ਰੁਪਏ ਦੇ ਬਣਦੇ ਹਨ ਜੋ ਸ਼ਡਿਊਲਡ ਕਾਸਟ ਲੋਕਾਂ ਨੇ ਲਏ ਹੋਏ ਹਨ। ਇਸ ਸਬੰਧ ਵਿਚ ਪੰਜਾਬ ਸਰਕਾਰ ਨੇ ਅਤੇ ਮੁੱਖ ਮੰਤਰੀ ਸਾਹਿਬ ਨੇ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਜਿੰਨੇ ਵੀ ਕਰਜ਼ੇ ਸ਼ਡਿਊਲਡ ਕਾਸਟ ਲੋਕਾਂ ਨੇ ਕੋਆਪਰੇਟਿਵ ਅਦਾਰੇ ਤੋਂ ਲਏ ਹਨ ਉਨ੍ਹਾਂ ਦੀ ਵਸੂਲੀ ਉਤੇ ਸਟੇਅ ਲਗਾ ਦਿੱਤੀ ਹੈ। ਇਹ ਹੁਕਮ ਜਾਰੀ ਹੋ ਚੁੱਕੇ ਹਨ ਅਤੇ ਇਹ ਵੀ ਕਿਹਾ ਗਿਆ ਹੈ ਕਿ ਕਿਸੇ ਨੂੰ ਡੀਫਾਲਟਰ ਨਹੀਂ ਮੰਨਿਆ ਜਾਵੇਗਾ ਅਤੇ ਉਹ ਕੋਆਪਰੇਟਿਵ ਸੋਸਾਇਟੀ ਦੀ ਇਲੈਕਸ਼ਨ ਵਿਚ ਹਿੱਸਾ ਲੈ ਸਕਦੇ ਹਨ। ਅਗਰ ਇਨ੍ਹਾਂ ਦੇ ਨੋਟਿਸ ਵਿਚ ਕੋਈ ਗੱਲ ਹੈ ਤਾਂ ਇਹ ਮੇਰੇ ਨੋਟਿਸ ਵਿਚ ਲੈ ਆਉਣ। ਕੋਆਪਰੇਟਿਵ ਬੈਂਕਾਂ ਦੇ ਕਰਜ਼ੇ ਬਾਰੇ ਮੁੱਖ ਮੰਤਰੀ ਸਾਹਿਬ ਨੇ ਹੁਕਮ ਦਿੱਤੇ ਹਨ ਕਿ ਸ਼ਡਿਊਲਡ ਕਾਸਟ ਦੇ ਕਰਜ਼ੇ ਮੁਆਫ ਕਰਨੇ ਹਨ।

**ਸਰਦਾਰ ਗੁਰਨਾਮ ਸਿੰਘ ਧੀਰੋਵਾਲ** : ਸਪੀਕਰ ਸਾਹਿਬ, ਜਿਹੜੇ ਕਰਜ਼ੇ ਪਹਿਲੇ ਸੈਸ਼ਨ ਵਿਚ ਐਸ.ਸੀ.ਦੇ ਸਰਕਾਰ ਨੇ ਮੁਆਫ ਕੀਤੇ ਸਨ, ਪਰ ਪਿੰਡਾਂ ਦੇ ਵਿਚ ਹਾਲੇ ਵੀ ਡੀਫਾਲਟਰਜ਼ ਦੇ ਪਿਛੇ ਬੈਂਕਾਂ ਵਾਲੇ ਕਰਜ਼ੇ ਦੀ ਵਸੂਲੀ ਲਈ ਜੀਪਾਂ ਲੈ ਕੇ ਘੁੰਮਦੇ ਹਨ ਅਤੇ ਉਨ੍ਹਾਂ ਨੂੰ ਡੀਫਾਲਟਰਜ਼ ਡਿਕਲੇਅਰ ਕਰਕੇ ਨੋਟਿਸ ਇਸ਼ੂ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਲੋਕਾਂ ਦਾ ਬੈਂਕਾਂ ਦੇ ਨਾਲ ਲੈਣ ਦੇਣ ਬੰਦ ਕਰ ਦਿੱਤਾ ਗਿਆ ਹੈ। ਸਰਕਾਰ ਨੂੰ ਇਸ ਸਬੰਧੀ ਆਪਣਾ ਸਪਸ਼ਟੀਕਰਨ ਬੈਂਕਾਂ ਨੂੰ ਭੇਜਣਾ ਚਾਹੀਦਾ ਹੈ।

**ਰਾਜ ਮੰਤਰੀ** : ਸਪੀਕਰ ਸਾਹਿਬ, ਪੰਜਾਬ ਵਿਚ ਸ਼ਡਿਊਲਡ ਕਾਸਟ ਲੋਕਾਂ ਦੇ ਜਿਹੜੇ 5 ਹਜ਼ਾਰ ਰੁਪਏ ਦੇ ਕਰਜ਼ੇ ਮੁਆਫ ਕੀਤੇ ਗਏ ਸਨ ਉਨ੍ਹਾਂ ਬਾਰੇ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਅਤੇ ਵਸੂਲੀ ਬਿਲਕੁਲ ਬੰਦ ਕਰ ਦਿੱਤੀ ਗਈ ਹੈ। ਅਗਰ ਇਨ੍ਹਾਂ ਦੇ ਨੋਟਿਸ ਵਿਚ ਕੋਈ ਖਾਸ ਗੱਲ ਹੈ ਤਾਂ ਇਹ ਮੇਰੇ ਨੋਟਿਸ ਵਿਚ ਲੈ ਆਉਣ ਅਸੀਂ ਫੌਰਨ ਐਕਸ਼ਨ ਲਵਾਂਗੇ ਅਤੇ ਉਹ ਬੈਂਕਾਂ ਦੇ ਨਾਲ ਲੈਣ ਦੇਣ ਕਰ ਸਕਣਗੇ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ**: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਦੱਸਿਆ ਹੈ ਕਿ ਕੋਆਪਰੇਟਿਵ ਅਦਾਰਿਆਂ ਨੂੰ ਹੁਕਮ ਜਾਰੀ ਕਰ ਦਿੱਤੇ ਗਏ ਹਨ ਕਿ ਕਰਜ਼ੇ ਨਹੀਂ ਵਸੂਲਣੇ ,ਉਨ੍ਹਾਂ ਨੂੰ ਡਿਫਾਲਟਰ ਨਹੀਂ ਮੰਨਣਾ। ਮੈਂ ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਵਤਾਰ ਸਿੰਘ ਕਰੀਮਪੁਰੀ]

ਪੁੱਛਾਂਗਾ ਕਿ ਇਹ ਹੁਕਮ ਕਿੰਨੀ ਦੇਰ ਤੱਕ ਕਾਗਜ਼ਾਂ ਵਿਚ ਹੀ ਲਮਕਦੇ ਰਹਿਣਗੇ ਅਤੇ ਇਨ੍ਹਾਂ ਦੀ ਇਮਪਲੀਮੈਂਟੇਸ਼ਨ ਕਦੋਂ ਤੱਕ ਹੋਵੇਗੀ? ਕਿਉਂਕਿ ਹੇਠਲੇ ਪੱਧਰ ਤੇ ਲੋਕਾਂ ਵਿਚ ਬੜਾ ਰੋਸ ਪਾਇਆ ਜਾ ਰਿਹਾ ਹੈ, ਲੋਕਾਂ ਵਿਚ ਬੜੀ ਰਿਜ਼ੈਂਟਮੈਂਟ ਹੈ, ਉਨ੍ਹਾਂ ਤੇ ਕਰਜ਼ਿਆ ਦਾ ਬੋਝ ਹੈ। ਮੰਤਰੀ ਜੀ ਕਹਿ ਰਹੇ ਹਨ ਕਿ ਕਰਜ਼ਿਆਂ ਦੀ ਵਸੂਲੀ ਨਹੀਂ ਚਲ ਰਹੀ ਪਰ ਮੈਂ ਮੰਤਰੀ ਜੀ ਨੂੰ 40-50 ਨੋਟਿਸ ਲਿਆ ਕੇ ਦੇ ਦੇਂਦਾ ਹਾਂ ਜਿਹੜੇ ਲੇਟੈਸਟ ਡੇਟਾਂ ਦੇ ਹਨ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਫਲਾਨੀ ਤਾਰੀਖ ਤੱਕ ਪੈਸੇ ਜਮ੍ਹਾਂ ਕਰਾਓ ਨਹੀਂ ਤਾਂ ਤੁਹਾਨੂੰ ਚੁੱਕ ਕੇ ਅੰਦਰ ਦੇ ਦੇਵਾਂਗੇ। ਕੀ ਇਹ ਗੱਲ ਤਾਂ ਨਹੀਂ ਕਿ ਅਫਸਰ ਸਾਹਿਬਾਨ ਸਰਕਾਰ ਦਾ ਹੁਕਮ ਹੀ ਨਾ ਮੰਨਦੇ ਹੋਣ ਜਾਂ ਫੇਰ ਸਰਕਾਰ ਆਪ ਹੀ ਸਿਨਸੀਅਰ ਨਹੀਂ ਹੈ? ਸਰਕਾਰ ਆਪ ਹੀ ਨਹੀਂ ਚਾਹੁੰਦੀ ਕਿ ਸ਼ਡਿਊਲਡ ਕਾਸਟ ਲੋਕਾਂ ਨੂੰ ਰਾਹਤ ਮਿਲ ਸਕੇ ਇਥੇ ਮੰਤਰੀ ਜੀ ਐਸ਼ਿਓਰੈਂਸ ਦੇਣ ਅਤੇ ਕੋਈ ਸਮਾਂ-ਬੱਧ ਪਰੋਗਰਾਮ ਦੇਣ ਕਿ ਕਿੰਨੇ ਸਮੇਂ ਦੇ ਅੰਦਰ ਅੰਦਰ ਅਮਲੀ ਤੌਰ ਤੇ ਪਰੈਕਟੀਕਲੀ ਸ਼ਡਿਊਲਡ ਕਾਸਟਾਂ ਦੇ ਹਰ ਪੱਖੋਂ, ਹਰ ਵਿੰਗ ਦੇ ਕਰਜ਼ੇ ਮੁਆਫ਼ ਕਰ ਦਿੱਤੇ ਜਾਣਗੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਦੀ ਸਰਕਾਰ ਸ਼ਡਿਊਲਡ ਕਾਸਟਾਂ ਦੀ ਮੱਦਦ ਕਰਨ ਵਾਸਤੇ ਪੂਰੀ ਤਰ੍ਹਾਂ ਅਤੇ ਬੜੇ ਤਕੜੇ ਤੌਰ ਤੇ ਸਿਨਸੀਅਰ ਹੈ ਅਤੇ ਇਹ ਉਨ੍ਹਾਂ ਲੋਕਾਂ ਦੀ ਸੇਵਾ ਵਿਚ ਬੜੇ ਸਿਨਸੀਅਰ ਤਰੀਕੇ ਦੇ ਨਾਲ ਜੁਟੀ ਹੋਈ ਹੈ। ਜਿਥੋਂ ਤੱਕ ਕਰੀਮਪੁਰੀ ਜੀ ਨੇ ਕਿਹਾ ਹੈ ਕਿ ਉਨ੍ਹਾਂ ਲੋਕਾਂ ਨੂੰ ਕਰਜ਼ਾ ਵਸੂਲੀ ਦੇ ਨੋਟਿਸ ਦਿੱਤੇ ਜਾ ਰਹੇ ਹਨ, ਮੈਂ ਪਹਿਲਾਂ ਵੀ ਜਵਾਬ ਦਿੱਤਾ ਹੈ ਕਿ ਜੇਕਰ ਕੋਈ ਇਸ ਤਰ੍ਹਾਂ ਦੀ ਗੱਲ ਇਨ੍ਹਾਂ ਦੇ ਧਿਆਨ ਵਿਚ ਹੈ ਤਾਂ ਦੱਸ ਦੇਣ ਕਿਉਂਕਿ ਸਰਕਾਰ ਵਲੋਂ ਸਾਫ ਇਨਸਟਰਕਸ਼ਨਜ਼ ਹਨ ਕਿ ਉਨ੍ਹਾਂ ਤੋਂ ਕੋਈ ਕਰਜ਼ੇ ਵਸੂਲ ਨਹੀਂ ਕਰਨੇ ਅਤੇ ਉਹ ਲੈਣ ਦੇਣ ਵੀ ਕਰਨਗੇ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਇਨ੍ਹਾਂ ਤੋਂ ਸਮਾਂ-ਬੱਧ ਪਰੋਗਰਾਮ ਮੰਗਿਆ ਹੈ। ਸਰਦਾਰ ਬੇਅੰਤ ਸਿੰਘ ਦੀ ਸਰਕਾਰ ਅਗਰ ਤਤਪਰ ਹੈ ਤਾਂ ਐਸ਼ਿਓਰੈਂਸ ਦੇ ਸਕਦੀ ਹੈ। ਮੈਂ ਕਹਾਂਗਾ ਕਿ ਇਸ ਸਰਕਾਰ ਦਾ ਸ਼ਡਿਊਲਡ ਕਾਸਟਾਂ ਦੀ ਮੱਦਦ ਕਰਨ ਦਾ ਕੋਈ ਇਰਾਦਾ ਨਹੀਂ ਹੈ। ਸਰਕਾਰ ਨੇ ਵਾਇਦਾ ਕੀਤਾ ਸੀ ਕਿ ਸ਼ਡਿਊਲਡ ਕਾਸਟਾਂ ਦੇ ਕਰਜ਼ੇ ਮੁਆਫ ਕਰਨੇ ਹਨ। ਦੋ ਸਾਲ ਹੋ ਗਏ ਹਨ ਇਸ ਗੱਲ ਦਾ ਮੀਡੀਆ ਰਾਹੀਂ ਪ੍ਰਚਾਰ ਹੁੰਦੇ ਨੂੰ ਪਰ ਪਰੈਕਟੀਕਲ ਕੁਝ ਨਹੀਂ ਹੋ ਰਿਹਾ। ਉਨ੍ਹਾਂ ਲੋਕਾਂ ਨਾਲ ਵਿਸ਼ਵਾਸ-ਘਾਤ ਹੋ ਰਿਹਾ ਹੈ। ਦੋ ਸਾਲ ਵਿਚ ਇਸ ਗੱਲ ਨੂੰ ਕੋਈ ਅਮਲੀ ਰੂਪ ਨਹੀਂ ਦਿੱਤਾ ਜਾ ਸਕਿਆ। ਇਹ ਕਿਸ ਤਰ੍ਹਾਂ ਦੀ ਸਿਨੀਆਰਿਟੀ ਦੀ ਗੱਲ ਕਰਦੇ ਹਨ। ਦੋ ਸਾਲ ਤੱਕ ਇਨ੍ਹਾਂ ਨੇ ਲੋਕਾਂ ਨੂੰ ਕਨਫਿਊਜ਼ ਕਿਉਂ ਕਰਕੇ ਰਖਿਆ ਹੈ?

**ਸ੍ਰੀ ਸਪੀਕਰ** : ਕਰੀਮਪੁਰੀ ਜੀ, ਤੁਸੀਂ ਤਾ ਲੈਕਚਰ ਹੀ ਕਰਨ ਲਗ ਪਏ ਹੋ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਸਪੀਕਰ ਸਾਹਿਬ, ਇਹ ਲੈਕਚਰ ਨਹੀਂ ਜੀ। ਇਹ ਕੋਈ ਸਮਾ-ਬੱਧ ਪਰੋਗਰਾਮ ਦੇਣ ਕਿ ਕਿੰਨੇ ਸਮੇਂ ਦੇ ਅੰਦਰ ਅੰਦਰ ਇਹ ਸਕੀਮ ਅਮਲੀ ਤੌਰ ਤੇ ਲਾਗੂ ਹੋ ਜਾਵੇਗੀ?

**ਸ੍ਰੀ ਸਪੀਕਰ** : ਇਹ ਲਾਗੂ ਹੀ ਹੈ। ਇਨ੍ਹਾਂ ਨੇ ਕਹਿ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ਸਪੀਕਰ ਸਾਹਿਬ, ਇਹ ਕਰਜ਼ੇ ਇਨ੍ਹਾਂ ਨੇ ਕਿਹੜੀ ਡੇਟ ਤੋਂ ਮੁਆਫ ਕੀਤੇ ਹਨ ? ਜਿਨ੍ਹਾਂ ਨੂੰ ਕਰਜ਼ਾ ਲਿਆਂ 5 ਸਾਲ ਹੋ ਗਏ ਹਨ ਜਾਂ ਜਿਨ੍ਹਾਂ ਦੇ 5 ਸਾਲ ਰਹਿ ਗਏ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਨੂੰ ਇਨਾਂ ਦੀ ਗੱਲ ਸਮਝ ਨਹੀਂ ਆਈ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ਸਪੀਕਰ ਸਾਹਿਬ, ਇਨ੍ਹਾਂ ਨੇ ਕਰਜੇ ਕਿਹੜੀ ਤਾਰੀਖ ਤੋਂ ਮੁਆਫ ਕੀਤੇ ਹਨ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਦੋਂ ਤੋਂ ਅਨਾਊਂਸਮੈਂਟ ਹੋਈ ਹੈ। ਪਰ ਇਨ੍ਹਾਂ ਦੀ ਗੱਲ ਕੋਈ ਸਮਝ ਨਹੀਂ ਆਈ। ਜੋ ਸਵਾਲ ਸੀ ਉਸਦਾ ਮੈਂ ਜਵਾਬ ਦੇ ਦਿੱਤਾ ਹੈ। ਜੇ ਇਹ ਕੋਈ ਤਾਰੀਖ ਪੁੱਛਣਾ ਚਾਹੁੰਦੇ ਹਨ ਤਾਂ ਮੈਨੂੰ ਨੋਟਿਸ ਦੇਣ, ਮੈਂ ਜਵਾਬ ਦੇ ਦੇਵਾਂਗਾ।

---

**ਬਲਾਕ ਸੜੋਆ ਵਿਚ ਪੰਚਾਇਤੀ ਜ਼ਮੀਨਾਂ ਨੂੰ ਨਜਾਇਜ਼ ਕਬਜ਼ੇ ਹੇਠੋਂ ਖਾਲੀ ਕਰਵਾਉਣਾ**

*1207 **ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰ ਦੱਸਣਗੇ ਕਿ :—

(ੳ) ਬਲਾਕ ਸੜੋਆ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵੱਖ ਵੱਖ ਗਰਾਮ ਪੰਚਾਇਤਾਂ ਦੇ ਆਲੇ-ਦੁਆਲੇ ਦੀਆਂ ਜਮੀਨਾਂ ਦਾ ਕੁਲ ਰਕਬਾ ਕਿੰਨਾ ਹੈ ਜੋ ਇਸ ਸਮੇਂ ਨਜਾਇਜ਼ ਕਬਜ਼ਿਆਂ ਹੇਠ ਹੈ ;

(ਅ) ਉਕਤ ਭਾਗ (ੳ) ਵਿਚ ਵਰਣਿਤ ਜਮੀਨਾਂ ਨੂੰ ਨਜਾਇਜ਼ ਕਬਜ਼ਿਆਂ ਤੋਂ ਖਾਲੀ ਕਰਵਾਉਣ ਸਬੰਧੀ ਵੱਖ ਵੱਖ ਅਦਾਲਤਾਂ ਵਿੱਚ ਪੈਂਡਿੰਗ ਪਏ ਕੋਰਟ ਕੇਸਾਂ ਦੀ ਗਿਣਤੀ ਕਿੰਨੀ ਹੈ ;

(ੲ) ਉਕਤ ਜਮੀਨਾਂ ਨੂੰ ਨਜਾਇਜ਼ ਕਬਜ਼ਿਆਂ ਤੋਂ ਖਾਲੀ ਕਰਵਾਉਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ/ਕੀਤੀ ਜਾਣ ਦਾ ਪ੍ਰਸਤਾਵ ਹੈ ?

**Mastar Jagir Singh : (a)** 3 Kanals 12 Marlas.

(b) 2 (Two).

(c) These cases are being pursued in the concerned Courts by the respective Gram Panchayats and the Block Development and Panchayat Officer, Saroya.

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਫਿਗਰਜ਼ ਇਨ੍ਹਾਂ ਨੇ ਦਿੱਤੀਆਂ ਹਨ, ਜੇ ਇਹ ਗਲਤ ਸਾਬਤ ਹੋ ਜਾਣ ਤਾਂ ਕੀ ਇਹ ਕਸੂਰਵਾਰ ਅਫਸਰਾਂ ਦੇ ਖਿਲਾਫ ਐਕਸ਼ਨ ਲੈਣ ਲਈ ਤਿਆਰ ਹਨ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਹੜਾ ਸਵਾਲ ਇਨ੍ਹਾਂ ਨੇ ਪੁੱਛਿਆ ਹੈ, ਉਸ ਅਨੁਸਾਰ ਬਲਾਕ ਸੜੋਆ ਵਿਚ 66 ਪਿੰਡ/ਪੰਚਾਇਤਾਂ ਆਉਂਦੀਆਂ ਹਨ ਜਿਨ੍ਹਾਂ ਵਿਚੋਂ 2 ਪੰਚਾਇਤਾਂ ਦੀ ਨਜਾਇਜ਼ ਕਬਜ਼ੇ ਦੀ ਗੱਲ ਆਉਂਦੀ ਹੈ। ਇਨ੍ਹਾਂ 2 ਪੰਚਾਇਤਾਂ ਵਿਚੋਂ ਇਕ ਪੰਚਾਇਤ ਅਜ਼ਾਦਪੁਰਾ ਜੱਟਾਂ ਦੀ ਹੈ ਜਿਥੇ 1 ਕਨਾਲ 4 ਮਰਲੇ ਦਾ ਝਗੜਾ ਹੈ ਅਤੇ ਵੇਦ ਪੁੱਤਰ ਲਛਮਣ ਸਿੰਘ ਦੇ ਖਿਲਾਫ 1983

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ]

ਵਿਚ ਕੁਲੈਕਟਰ ਹੁਸ਼ਿਆਰਪੁਰ ਦੀ ਅਦਾਲਤ ਵਿਚ ਸਰਪੰਚ ਵਲੋਂ ਕੇਸ ਦਾਇਰ ਕੀਤਾ ਗਿਆ ਹੈ। 1984 ਵਿਚ ਇਹ ਕੇਸ ਪੰਚਾਇਤ ਦੇ ਖਿਲਾਫ ਹੋ ਗਿਆ ਸੀ। ਫਿਰ ਕਮਿਸ਼ਨਰ ਦੇ ਕੋਲ ਜਿਹੜੀ ਅਪੀਲ ਪਾਈ ਗਈ, ਉਸ ਵਿਚ ਕੇਸ ਪੰਚਾਇਤ ਦੇ ਹੱਕ ਵਿਚ ਫੈਸਲਾ ਹੋਇਆ। ਮੈਂ ਹੋਰ ਦੱਸਣਾ ਚਾਹੁੰਦਾ ਹਾਂ ਕਿ ਇਹ ਪਾਰਟੀ ਦੁਬਾਰਾ ਹਾਈ ਕੋਰਟ ਵਿਚ ਗਈ। ਹਾਈ ਕੋਰਟ ਵਿਚ ਕੇਸ ਐਡਮਿਟ ਹੋ ਗਿਆ ਹੈ ਅਤੇ ਅਗਲੀ ਪੇਸ਼ੀ ਲਗਣ ਵਾਲੀ ਹੈ। ਦੂਜਾ ਕੇਸ ਚਾਣਕਹੀਆਂ ਪਿੰਡ ਦੀ ਪੰਚਾਇਤ ਦਾ ਹੈ। ਉਥੇ ਗਰਾਮ ਪੰਚਾਇਤ ਦੀ 2 ਕਨਾਲ 3 ਮਰਲੇ ਜਗ੍ਹਾ ਤੇ ਕਬਜ਼ਾ ਕਰਮ ਚੰਦ ਪੁੱਤਰ ਪੋਲਾ ਰਾਮ ਦਾ ਹੈ। ਇਹ ਕੇਸ ਹੁਸ਼ਿਆਰਪੁਰ ਦੀ ਅਦਾਲਤ ਵਿਚ 6 ਮਹੀਨੇ ਤੋਂ ਚਲ ਰਿਹਾ ਹੈ। ਇਸ ਦੀ ਅਗਲੀ ਤਰੀਕ 6 ਜਨਵਰੀ, 1994 ਹੈ।

**ਸਰਦਾਰ ਹਰਗੋਪਾਲ ਸਿੰਘ ਐਡਵੋਕੇਟ**: ਸਪੀਕਰ ਸਾਹਿਬ, ਬਲਾਕ ਸੜੋਆ ਵਿਚ ਕਈ ਐਸੇ ਜਿਮੇਵਾਰ ਆਦਮੀ ਹਨ ਜਿਨ੍ਹਾਂ ਨੇ ਪੰਚਾਇਤ ਦੀ ਜ਼ਮੀਨ ਤੇ ਨਜਾਇਜ਼ ਕਬਜ਼ੇ ਕੀਤੇ ਹਏ ਹਨ। ਮੈਂ ਉਨ੍ਹਾਂ ਦੀ ਲਿਸਟ ਦੇਣ ਨੂੰ ਤਿਆਰ ਹਾਂ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਵਿਲੇਜ ਕਾਮਨ ਲੈਂਡ ਦੀ ਧਾਰਾ 13-ਬੀ ਦੇ ਥੱਲੇ ਕੀ ਉਹ ਇਨ੍ਹਾਂ ਆਦਮੀਆਂ ਦੇ ਖਿਲਾਫ ਐਕਸ਼ਨ ਲੈਣ ਨੂੰ ਤਿਆਰ ਹਨ?

**ਰਾਜ ਮੰਤਰੀ**: ਸਪੀਕਰ ਸਾਹਿਬ, ਇਹ ਸਪੈਸੇਫਿਕ ਕੇਸ ਮੈਨੂੰ ਦੱਸ ਦੇਣ, ਮੈਂ ਉਸ ਦੀ ਪੜਤਾਲ ਕਰਵਾ ਲਵਾਂਗਾ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ**: ਸਪੀਕਰ ਸਾਹਿਬ, ਪੰਜਾਬ ਵਿਚ ਅਨੇਕਾਂ ਐਸੇ ਪਿੰਡ ਹਨ ਜਿਨ੍ਹਾਂ ਵਿਚ ਲੋਕਾਂ ਨੇ ਪੰਚਾਇਤੀ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਉਨ੍ਹਾਂ ਵਿਚੋਂ ਪਟਿਆਲਾ ਜ਼ਿਲ੍ਹੇ ਵਿਚ ਭਾਦਸੋਂ ਦੇ ਕੋਲ ਇਕ ਨਾਨੋਵਾਲ ਪਿੰਡ ਹੈ ਜਿਥੇ ਪੰਚਾਇਤ ਦੀ 100 ਕਿਲੇ ਜ਼ਮੀਨ ਤੇ ਉਥੋਂ ਦੇ ਸਰਪੰਚ ਨੇ ਨਜਾਇਜ਼ ਕਬਜਾ ਕੀਤਾ ਹਇਆ ਹੈ। ਇਸ ਸਬੰਧ ਵਿਚ ਬਹੁਤ ਸਾਰੇ ਫੈਸਲੇ ਵੀ ਹੋ ਚੁਕੇ ਹਨ ਪਰ ਉਹ ਜ਼ਮੀਨ ਛੁਡਾਈ ਨਹੀਂ ਜਾ ਰਹੀ। ਲੋਕ ਇਸ ਸਿਲਸਿਲੇ ਵਿਚ ਚੀਫ਼ ਮਨਿਸਟਰ ਅਤੇ ਸਬੰਧਤ ਮਨਿਸਟਰ ਸਾਹਿਬ ਨੂੰ ਵੀ ਮਿਲੇ ਹਨ ਪਰ ਕਈ ਗੱਲ ਨਹੀਂ ਬਣੀ। ਮੈਂ ਤੁਹਾਡੇ ਰਾਹੀ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਇਸ ਬਾਰੇ ਕੀ ਐਕਸ਼ਨ ਲੈ ਰਹੇ ਹਨ?

**ਰਾਜ ਮੰਤਰੀ**: ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਇਕ ਸਪੈਸ਼ਲ ਪਿੰਡ ਦੀ, ਇਕ ਸਪੈਸੇਫਿਕ ਕੇਸ ਦੀ ਗੱਲ ਕੀਤੀ ਹੈ, ਇਹ ਉਸ ਬਾਰੇ ਮੈਨੂੰ ਲਿਖ ਕੇ ਦੇ ਦੇਣ, ਮੈਂ ਉਸ ਦਾ ਪਤਾ ਕਰਵਾ ਲਵਾਂਗਾ। ਮੈਂ ਇਨ੍ਹਾਂ ਨੂੰ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਕੇਸਾਂ ਵਿਚ ਹਰ ਲੈਵਲ ਤੇ ਐਕਸ਼ਨ ਹੋ ਰਿਹਾ ਹੈ ਮੈਂ ਇਨਾਂ ਨੂੰ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਕਬਜ਼ੇ ਜ਼ਿਆਦਾਤਰ ਪਿਛਲੀਆਂ ਸਰਕਾਰਾਂ ਵੇਲੇ, ਅਕਾਲੀ ਸਰਕਾਰ ਵੇਲੇ ਸਿੰਘਾਂ ਵਲੋਂ ਕਰਵਾਏ ਗਏ ਸਨ। ਅਸੀਂ ਤਾਂ ਸਗੋਂ ਇਹ ਨਜਾਇਜ਼ ਕਬਜ਼ੇ ਹਟਾ ਰਹੇ ਹਾਂ। ਜੇ ਕੋਈ ਠੀਕ ਤਰੀਕੇ ਨਾਲ ਕਬਜ਼ਾ ਛੱਡਣ ਨੂੰ ਤਿਆਰ ਨਹੀਂ ਤਾਂ ਅਸੀਂ ਜਿਹੜਾ ਕੋਈ ਦੋਸ਼ੀ ਪਾਇਆ ਗਿਆ, ਉਸ ਤੇ ਕਾਨੂੰਨੀ ਕਾਰਵਾਈ ਕਰਕੇ ਕਢ ਦਿਆਂਗੇ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ.** ਸਪੀਕਰ ਸਾਹਿਬ ਮੰਤਰੀ ਜੀ ਨੇ ਕਿਹਾ ਹੈ ਕਿ ਜੇ ਕੋਈ ਹੋਰ ਤਰੀਕੇ ਨਾਲ ਨਹੀਂ ਨਿਕਲਦਾ ਤਾਂ ਅਸੀਂ ਉਸ ਨੂੰ ਕੁੱਟ ਕੇ ਕੱਢ ਦਿਆਂਗੇ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੁੱਟਣ ਵਾਲਾ ਕਰਾਈਟੇਰੀਆ ਇਨ੍ਹਾਂ ਨੇ ਕਿਥੋਂ ਲਿਆਂਦਾ ਹੈ?

**(ਇਸ ਵਕਤ ਹਾਊਸ ਵਿਚ ਆਪੋਜ਼ੀਸ਼ਨ ਬੈਂਚਿਜ਼ ਵਲੋਂ 3–4 ਮੈਂਬਰ ਸਾਹਿਬਾਨ ਬੋਲ ਰਹੇ ਸਨ ਅਤੇ ਸ਼ੋਰ ਪੈਣ ਕਾਰਨ ਕੁਝ ਸਾਫ ਸੁਣਾਈ ਨਹੀਂ ਸੀ ਦੇ ਰਿਹਾ)**

Original with;
Punjab Vidhan Sabha
Digitized by;
Punjab Digital Library

**ਸ੍ਰੀ ਸਪੀਕਰ :** ਮੈਂ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਉਹ ਜ਼ਰਾ ਸ਼ਾਂਤੀ ਰੱਖਣ, ਸ਼ੋਰ ਨਾ ਪਾਉਣ। ਛੱਜਲਵੱਡੀ ਜੀ, ਤੁਸੀਂ ਐਵੇਂ ਬੋਲੀ ਜਾ ਰਹੇ ਹੋ। ਤੁਸੀਂ ਬੈਠ ਜਾਓ, ਰੌਲਾ ਨਾ ਪਾਓ। ਮੰਤਰੀ ਜੀ, ਸਾਥੀ ਜੀ ਦੀ ਗੱਲ ਦਾ ਜਵਾਬ ਦਿਓ।

**ਰਾਜ ਮੰਤਰੀ:** ਸਪੀਕਰ ਸਾਹਿਬ, ਇਹ ਬਿਲਕੁਲ ਕੁਫਰ ਤੋਲ ਰਹੇ ਹਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਥੋਂ ਮਰਜ਼ੀ ਇਨਕੁਆਇਰੀ ਕਰਵਾ ਲੈਣ। ਇਨ੍ਹਾਂ ਨੇ ਤਾਂ ਝੂਠ ਬੋਲਣ ਦਾ ਠੇਕਾ ਲਿਆ ਹੋਇਆ ਹੈ। ......(ਸ਼ੋਰ).........(ਵਿਘਨ)......... ।

**ਸ੍ਰੀ ਸਪੀਕਰ :** ਛੱਜਲਵੱਡੀ ਜੀ, ਤੁਸੀਂ ਐਵੇਂ ਰੌਲਾ ਕਿਉਂ ਪਾਈ ਜਾਂਦੇ ਹੋ। ਸ੍ਰੀ ਵਿਜੇ ਕੁਮਾਰ ਸਾਥੀ ਜੀ Please sit down, I will give you time.

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ** ** **

**ਸ੍ਰੀ ਸਪੀਕਰ :** ਮਾਨਯੋਗ ਮੈਂਬਰ ਸਾਹਿਬਾਨ ਬੈਠ ਜਾਓ। ਪਲੀਜ਼ ਬੈਠ ਜਾਓ। ਮੈਂ ਤੁਹਾਨੂੰ ਵੀ ਬਾਅਦ ਵਿੱਚ ਸਪਲੀਮੈਂਟਰੀ ਕਰਨ ਲਈ ਟਾਈਮ ਦੇ ਦੇਵਾਂਗਾ

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਪੂਰੇ ਪੰਜਾਬ ਦੇ ਅੰਦਰ ਆਮ ਦੇਖਣ ਵਿੱਚ ਆਇਆ ਹੈ ਕਿ ਪਿੰਡਾਂ ਦੇ ਵਿੱਚ ਵੱਡੇ ਪੈਮਾਨੇ ਤੇ ਪੰਚਾਇਤਾਂ ਦੀਆਂ ਜ਼ਮੀਨਾਂ ਤੇ ਸਰਪੰਚਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਕੀ ਮੰਤਰੀ ਜੀ, ਇਹ ਭਰੋਸਾ ਦਿਵਾਉਣਗੇ ਕਿ ਕੋਈ ਨੀਤੀ ਅਖਤਿਆਰ ਕਰਕੇ ਜਿਹੜੇ ਪਿੰਡਾਂ ਦੇ ਵਿੱਚ ਪੰਚਾਇਤਾਂ ਦੀਆਂ ਜ਼ਮੀਨਾਂ ਤੇ ਸਪੈਸ਼ਲੀ ਸਰਪੰਚਾਂ ਨੇ ਕਬਜ਼ੇ ਕੀਤੇ ਹੋਏ ਹਨ ਇਸ ਦਾ ਸਾਰੇ ਪੰਜਾਬ ਦੇ ਵਿੱਚ ਸਰਵੇਖਣ ਕਰਵਾਉਣ ਉਪਰੰਤ ਉਨ੍ਹਾਂ ਸਰਪੰਚਾਂ ਤੋਂ ਪੰਚਾਇਤਾਂ ਦੀਆਂ ਜ਼ਮੀਨਾਂ ਖਾਲੀ ਕਰਵਾ ਲਈਆਂ ਜਾਣਗੀਆਂ ? ਕੀ ਇਹ ਐਸ਼ਰੈਂਸ ਦੇਣਗੇ ਕਿ ਕੋਈ ਨੀਤੀ ਅਖਤਿਆਰ ਕਰਕੇ, ਨੀਤੀ ਬਣਾ ਕੇ ਇਹ ਕੰਮ ਕਰਵਾਉਣਗੇ ? (ਵਿਘਨ.........ਸ਼ੋਰ.........)

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ** ** **

**ਸ੍ਰੀ ਸਪੀਕਰ :** ਜੋ ਕੁਝ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ।

**ਰਾਜ ਮੰਤਰੀ :** ਸਪੀਕਰ ਸਾਹਿਬ, ਸਤਿਕਾਰਯੋਗ ਮੈਂਬਰ ਸਾਹਿਬ ਨੇ ਜੋ ਕਿਹਾ ਹੈ ਕਿ ਸਰਪੰਚਾਂ ਨੇ ਨਜਾਇਜ਼ ਕਬਜੇ ਕੀਤੇ ਹੋਏ ਹਨ ਉਹ ਇਹ ਮੇਰੇ ਨੋਟਿਸ ਵਿਚ ਲਿਆ ਦੇਣ। ਅਜਿਹੀ ਕੋਈ ਗੱਲ ਨਹੀਂ ਹੈ ਸਰਪੰਚ ਉਹ ਬਣ ਨਹੀਂ ਸਕਦਾ। ਜੇ ਕਿਸੇ ਦੀ ਜ਼ਮੀਨ ਤੇ ਕਿਸੇ ਸਰਪੰਚ ਨੇ ਕਬਜਾ ਕੀਤਾ ਹੈ ਔਰ ਉਸ ਜ਼ਮੀਨ ਦੀ ਗਿਰਦਾਵਰੀ ਹੋ ਚੁੱਕੀ ਹੈ ਅਤੇ ਫਿਰ ਵੀ ਕਬਜਾ ਹੋਵੇ ਜੇਕਰ ਅਜਿਹੀ ਕੋਈ ਇਨ੍ਹਾਂ ਨੂੰ ਇਨਫਰਮੇਸ਼ਨ ਹੈ ਤਾਂ ਉਹ ਇਹ ਸਾਨੂੰ ਦੇ ਦੇਣ ਅਸੀਂ ਉਸਦੀ ਪੜਤਾਲ ਕਰਵਾ ਲਵਾਂਗੇ। (ਵਿਘਨ)

---

**Not recorded as ordred by the Chair.

Original with;
Punjab Vidhan Sabha
Digitized by;
Panjab Digital Library

**Chief Minister** : (Interpations) They should ask for the supplementary. This is not a debate. Why are they repeating it. You should control the House please.

**Mr. Speaker** : Next question.

---

**ਪੰਜਾਬ ਨੰਬਰਦਾਰ ਯੂਨੀਅਨ ਦੀਆਂ ਮੰਗਾਂ**

*1199 **ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** : ਕੀ ਮੁੱਖ ਮੰਤਰੀ ਜੀ ਇਹ ਬਿਆਨ ਕਰਨਗੇ ਕਿ ਕੀ ਸਾਲ 1993 ਦੌਰਾਨ ਪੰਜਾਬ ਨੰਬਰਦਾਰ ਯੂਨੀਅਨ ਵਲੋਂ ਕੋਈ ਮੈਮੋਰੈਂਡਮ ਪ੍ਰਾਪਤ ਹੋਇਆ ਹੈ ਜੇ ਹੋਇਆ ਹੈ ਤਾਂ ਉਸ ਵਿਚ ਦਰਸਾਈਆਂ ਗਈਆਂ ਮੰਗਾਂ ਕੀ ਹਨ।

**Sardar Beant Singh**: No, Sir, However, some representations regarding demands of Nambardars were received during the year 1993 from the different Nambardar Unions at Tehsil/District Level. The details of the main demands is given below:—

1. Raising of Pachotra from 5% to 10%.
2. No handcuffing of a Nambardar in 107/151 Cr. P.C. cases.
3. Issuing of Laminated Identity Cards to Nambardars.
4. Honouring of Nambardars at district and State level functions.
5. 1% incentive to the Nambardar for detecting and bringing to the notice of the competent authority any fraud of undervaluation of documents.

**ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸੀ.ਐਮ. ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਇਨ੍ਹਾਂ ਨੂੰ ਜੋ ਦਰਖਾਸਤਾਂ ਮਿਲੀਆਂ ਹਨ ਕਦੋਂ ਤੱਕ ਉਨ੍ਹਾਂ ਤੇ ਵਿਚਾਰ ਕਰਕੇ ਮੰਨਣ ਦਾ ਖਿਆਲ ਰੱਖਦੇ ਹਨ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਕੋਈ ਟਾਈਮ ਤਾਂ ਫਿਕਸ ਨਹੀਂ ਕੀਤਾ ਜਾ ਸਕਦਾ। ਅਸੀਂ ਹਮਦਰਦੀ ਨਾਲ ਵਿਚਾਰ ਕਰਾਂਗੇ।

---

**ਅੰਮ੍ਰਿਤਸਰ ਬੱਸ ਅੱਡੇ ਤੇ ਦੁਕਾਨਾਂ, ਸਾਈਕਲ ਸਟੈਂਡ ਅਤੇ ਸਕੂਟਰ ਸਟੈਂਡ ਨੂੰ ਕਿਰਾਏ ਤੇ ਦੇਣ ਸਬੰਧੀ ਕਮੇਟੀ**

*1164. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਸਾਲ 1993-94 ਦੇ ਦੌਰਾਨ ਅੰਮ੍ਰਿਤਸਰ ਵਿਖੇ ਪੰਜਾਬ ਰੋਡਵੇਜ਼ ਦੇ ਬੱਸ ਅੱਡੇ, ਤੇ ਕਿੰਨੇ ਦੁਕਾਨਦਾਰਾਂ ਨੂੰ ਦੁਕਾਨਾਂ ਕਿਰਾਏ ਤੇ ਦਿੱਤੀਆਂ ਗਈਆਂ ਹਨ ;

(ਅ) ਉਕਤ ਦੁਕਾਨਾਂ ਨੂੰ ਕਿਰਾਏ/ਠੇਕੇ ਤੇ ਦੇਣ ਲਈ ਕੀ ਕਸੌਟੀ ਅਪਣਾਈ ਗਈ ;

(ੲ) ਉਸ ਵਿਅਕਤੀ ਦਾ ਨਾਂ ਕੀ ਹੈ ਜਿਸ ਨੂੰ ਅੰਮ੍ਰਿਤਸਰ ਵਿਖੇ ਪੰਜਾਬ ਰੋਡਵੇਜ਼ ਦੇ ਬੱਸ ਅੱਡੇ ਤੇ ਸਾਈਕਲ ਅਤੇ ਸਕੂਟਰ ਸਟੈਂਡ ਦਾ ਠੇਕਾ ਦਿਤਾ ਗਿਆ ਹੈ ਅਤੇ ਇਸ ਸਬੰਧੀ ਕੀ ਕਸੌਟੀ ਅਪਣਾਈ ਗਈ ?

Original with;
Punjab Vidhan Sabha
Digitized by;
Panjab Digital Library

**Sardar Beant Singh** : (a) 15.

(b) Three criteria have been adopted as follows :—

(i) By open auction ;

(ii) On fixed rates by the Government ;

(iii) Discretionary quota of Chief Minister/Minister of State for Transport.

(c) The contract of cycle and scooter stand at Punjab Roadways Bus Stand, Amritsar has been given to Shri Kharaiti Lal on the directions of the Transport Minister, Punjab till further action.

**श्रीमति लक्ष्मी कांता चावला** : सभापति जी, मैं आपके माध्यम से मुख्य मंत्री जी, से पूछना चाहती हूं कि 15 दुकानें अलाट की गई हैं । इनमें कितनी दुकानें किस कराईटेरीये के अनुसार दी गई हैं ये इन्होंने नहीं बताया । इन्होंने कहा है कि साईकिल स्टैंड उस समय के ट्रांसपोर्ट मंतरी के डिसकरीनरी कोटे से दिया गया है । क्या मुख्य मंत्री जी बतायेंगे कि डिसकरीशनरी कोटे से कितनी दुकानें दी गयी हैं । क्या ये सभी दुकानें एक ही परिवार को नहीं दी गई हैं ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਦੁਕਾਨਾਂ ਇਕ ਪਰਿਵਾਰ ਨੂੰ ਨਹੀਂ ਦਿੱਤੀਆਂ ਹੋਈਆਂ । ਇਹ ਗੱਲ ਵੀ ਗਲਤ ਹੈ ਕਿ ਸਾਈਕਲ ਸਟੈਂਡ ਡਿਸਕਰੀਸਨਰੀ ਕੋਟੇ ਵਜੋਂ ਠੇਕੇ ਤੇ ਦਿੱਤਾ ਗਿਆ ਹੈ । ਦੁਕਾਨਾਂ ਆਕਸ਼ਨ ਦੇ ਨਾਲ ਅਲਾਟ ਕੀਤੀਆਂ ਗਈਆਂ ਹਨ । ਕੁਝ ਸਰਕਾਰ ਦੇ ਆਰਡਰ ਨਾਲ ਵੀ ਦਿੱਤੀਆਂ ਗਈਆਂ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਈਕਲ ਸਟੈਂਡ ਅਤੇ ਸਕੂਟਰ ਸਟੈਂਡ ਕਦੇ ਵੀ ਡਿਸਕਰੀਸ਼ਨਰੀ ਕੋਟੇ ਦੇ ਤੌਰ ਤੇ ਨਹੀਂ ਦਿੱਤੇ ਜਾਂਦੇ ।

**श्रीमति लक्ष्मी कांता चावला** : सभापति जी, मेरे प्रश्न का उत्तर मुख्य मंत्री जी के द्वारा नहीं मिला । मेरी निश्चित जानकारी है कि और विभाग के कागज बताते हैं कि खरैती लाल को एक नहीं तीन दुकानें डिसकरीशनरी कोटे में से अलाट की गयी हैं । अगर साईकिल स्टैंड नीलाम किया जाता तो सरकार को कई गुणा ज्यादा आमदन हो सकती थी । क्या मुख्य मंत्री जी बतायेंगे कि एक परिवार को तीन दुकानें वैसे चौथी दुकान उनके बेटे अनिल कुमार को दी गयी हैं, क्यों दी गयी हैं, वह भी डिसकरीशनरी कोटे से दी गई हैं । यह किस की कृपा हो रही है ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਕ ਪਰਿਵਾਰ ਨੂੰ ਦੁਕਾਨਾਂ ਨਹੀਂ ਦਿੱਤੀਆਂ ਗਈਆਂ । ਜੇਕਰ ਇਨ੍ਹਾਂ ਨੂੰ ਖਰਾਇਤੀ ਲਾਲ ਦੇ ਖਿਲਾਫ ਕੋਈ ਸ਼ਕਾਇਤ ਹੈ ਤਾਂ ਇਹ ਰੀਪਰੀਜ਼ੈਂਟੇਸ਼ਨ ਲਿਖ ਕੇ ਦੇਣ । ਉਸਦੀ ਇਨਕੁਆਰੀ ਕਰਵਾ ਦਿਆਂਗਾ ।

**ਸ੍ਰੀ ਮਦਨ ਮੋਹਨ ਮਿੱਤਲ** ; ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਜਿਹੜਾ ਸਾਈਕਲ ਸਟੈਂਡ ਹੈ ਉਹ ਟਰਾਂਸਪੋਰਟ ਮਨਿਸਟਰ ਦੀਆਂ ਹਦਾਇਤਾਂ ਤੇ ਦਿਤਾ ਗਿਆ ਹੈ । ਮੈਂ ਪੁੱਛਣਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਮਦਨ ਮੋਹਨ ਮਿੱਤਲ]

ਚਾਹੁੰਦਾ ਹਾਂ ਕਿ ਕੀ ਉਸ ਸਾਈਕਲ ਸਟੈਂਡ ਨੂੰ ਦੇਣ ਵਾਸਤੇ ਕੋਈ ਆਕਸ਼ਨ ਨੋਟਿਸ ਜਾਰੀ ਹੋਇਆ ਸੀ। ਅਗਰ ਜਾਰੀ ਹੋਇਆ ਸੀ ਤਾਂ ਕਿ ਕੋਈ ਬਿਡਰ ਨਹੀਂ ਆਇਆ ਅਤੇ ਫਿਰ ਇਹ ਕਿਸ ਹਦਾਇਤਾਂ ਤੇ ਅਲਾਟ ਕੀਤਾ ਗਿਆ ?

**ਮੁੱਖ ਮੰਤਰੀ :** ਮੈਂ ਪਹਿਲਾਂ ਹੀ ਇਸ ਦਾ ਜਵਾਬ ਦੇ ਚੁੱਕਾ ਹਾਂ ਕਿ ਜੇਕਰ ਇਨ੍ਹਾਂ ਨੂੰ ਕੋਈ ਸ਼ਕਾਇਤ ਹੈ ਤਾਂ ਇਹ ਰੀਪਰੀਜ਼ੈਂਟੇਸ਼ਨ ਦੇ ਦੇਣ। ਮੈਂ ਅੱਛੀ ਤਰ੍ਹਾਂ ਉਸ ਦੀ ਇਨਕੁਆਰੀ ਕਰਵਾ ਲਵਾਂਗਾ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਸਭਾਪਤੀ ਮਹੋਦਯ...........(ਵਿਘਨ) (ਸ਼ੋਰ)

**ਸ੍ਰੀ ਸਪੀਕਰ :** ਮੁੱਖ ਮੰਤਰੀ ਜੀ ਨੇ ਜਵਾਬ ਦੇ ਦਿੱਤਾ ਹੈ ਕਿ ਰੀਪਰਜ਼ੈਂਟੇਸ਼ਨ ਲਿਖ ਕੇ ਦੇ ਦਿਓ ਅਤੇ ਉਹ ਇਸ ਦੀ ਇਨਕੁਆਰੀ ਕਰਵਾ ਲੈਣਗੇ। ਹੁਣ ਮੈਂ ਅਗਲਾ ਸੁਆਲ ਅਲਾਓ ਕਰਦਾ ਹਾਂ।

## ਏ.ਡੀ.ਟੀ.ਓਜ਼ ਦੀ ਭਰਤੀ

*1226. ਕਾਮਰੇਡ ਤਰਸੇਮ ਜੋਧਾਂ
2. ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ
: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਸਹਾਇਕ ਜ਼ਿਲ੍ਹਾ ਟਰਾਂਸਪੋਰਟ ਅਫਸਰਾਂ ਦੀਆਂ ਆਸਾਮੀਆਂ ਲਈ ਅਰਜ਼ੀਆਂ ਮੰਗਣ ਬਾਰੇ ਜਨਵਰੀ, 1992 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਅਖਬਾਰਾਂ ਵਿਚ ਕਿੰਨੀ ਵਾਰੀ ਇਸ਼ਤਿਹਾਰ ਦਿੱਤੇ ਗਏ ਅਤੇ ਅਜਿਹੇ ਹਰ ਇਕ ਇਸ਼ਤਿਹਾਰ ਤੇ ਕੀਤੇ ਗਏ ਖਰਚੇ ਦੇ ਵੇਰਵੇ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਇਸ਼ਤਿਹਾਰਾਂ ਦੇ/ਆਧਾਰ ਤੇ ਕਿੰਨੇ ਵਿਅਕਤੀ ਭਰਤੀ ਕੀਤੇ ਗਏ ;

(ੲ) ਉਪਰੋਕਤ ਭਾਗ (ੳ) ਵਿੱਚ ਵਰਣਿਤ ਆਸਾਮੀਆਂ ਤੇ ਨਿਯੁਕਤੀ ਲਈ ਚੁਣੇ ਗਏ ਅਫਸਰਾਂ ਦੀ ਸਿਖਲਾਈ ਵਾਸਤੇ ਕਿੰਨਾ ਸਮਾਂ ਨਿਰਧਾਰਤ ਕੀਤਾ ਗਿਆ ਹੈ ?

**Sardar Beant Singh :** (a) No Advertisements have so far been issusd for inviting applications for the posts of Assistant District Transport Officers from January 1992 to date There fore, the question of any expenditure on the advertisement does not arise.

(b) Nill.

(c) No period of formal training is prescribed for Assistant District Transport Officers.

**ਕਾਮਰੇਡ ਤਰਸੇਮ ਜੋਧਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਪਿਛਲੇ ਸਮੇਂ ਵਿੱਚ ਏ.ਡੀ.ਟੀ.ਓ. ਦੀਆਂ ਪੋਸਟਾਂ ਐਡਵਰਟਾਈਜ਼ ਨਹੀਂ ਕੀਤੀਆਂ ਗਈਆਂ ਅਤੇ ਪੈਸਾ ਬਚਾਇਆ ਗਿਆ ਹੈ। ਹੁਣ ਪਿਛੇ ਜਿਹੇ ਏ.ਡੀ.ਟੀ.ਓ. (ਐਸਿਸਟੈਂਟ ਡਿਸਟ੍ਰਿਕਟ ਟਰਾਂਸਪੋਰਟ ਅਫਸਰ) ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਕੁਝ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ]

ਸਰਵਿਸ ਰੂਲਜ਼ ਹੁੰਦੇ ਹਨ, ਵਿਧਾਨ ਸਭਾ, ਸਕੱਤਰੇਤ ਅਤੇ ਪਾਰਲੀਮੈਂਟ ਦੇ ਵੀ ਰੂਲ ਹਨ। ਇਸੇ ਤਰਾਂ ਪੀ.ਪੀ.ਐਸ.ਸੀ ਜਮਹੂਰੀਅਤ ਦੀ ਇਕ ਚੂਲ ਹੈ ਸਾਰਿਆਂ ਨੂੰ ਬਾਈ-ਪਾਸ ਕੀਤਾ ਗਿਆ ਅਤੇ ਨਿਯੁਕਤੀਆਂ ਕੀਤੀਆਂ ਗਈਆਂ। ਕੀ ਮੁੱਖ ਮੰਤਰੀ ਜੀ ਇਸ ਸਦਨ ਵਿੱਚ ਭਰੋਸਾ ਦਿਵਾਉਣਗੇ ਕਿ ਅੱਗੇ ਤੋਂ ਇਸ ਤਰੀਕੇ ਨਾਲ ਨਿਯੁਕਤੀਆਂ ਨਹੀਂ ਕੀਤੀਆਂ ਜਾਇਆ ਕਰਨਗੀਆਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਤਾਂ ਜਵਾਬ ਨਹੀਂ ਦੇ ਸਕਦਾ ਕਿ ਆਇੰਦਾ ਨਿਯੁਕਤੀਆਂ ਨਹੀਂ ਕੀਤੀਆਂ ਜਾਣਗੀਆਂ। ਨਿਯੁਕਤੀਆਂ ਇਸ ਲਈ ਕੀਤੀਆਂ ਗਈਆਂ ਹਨ ਕਿਉਂਕਿ ਅਫਸਰਾਂ ਦੀ ਬੜੀ ਲੋੜ ਹੈ। ਬਾਕਾਇਦਾ ਮਹਿਕਮੇ ਦੀ ਚੋਣ ਕਮੇਟੀ ਬਣਾਈ ਗਈ ਅਤੇ ਉਸ ਕਮੇਟੀ ਦੀ ਸਿਫਾਰਸ਼ ਤੇ ਯੋਗ ਉਮੀਦਵਾਰਾਂ ਨੂੰ ਨਿਯੁਕਤ ਕੀਤਾ ਗਿਆ। ਇਸ ਸਬੰਧੀ ਸਦਨ ਵਿੱਚ ਬਹਿਸ ਨਹੀਂ ਹੋ ਸਕਦੀ ਕਿਉਂਕਿ ਕੋਰਟ ਵਲੋਂ ਸਟੇਅ ਆਰਡਰ ਜਾਰੀ ਕੀਤੇ ਹੋਏ ਹਨ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਠੀਕ ਹੈ ਕਿ ਹਾਈ ਕੋਰਟ ਨੇ ਨਿਯੁਕਤੀਆਂ ਰੋਕ ਦਿੱਤੀਆਂ ਸਟੇਅ ਕਰ ਦਿਤੀਆਂ ਹਾਈ ਕੋਰਟ ਕਾਨੂੰਨ ਦੇ ਨਾਲ ਗੱਲ ਕਰਦੀ ਹੈ। ਜੇ ਨਿਯੁਕਤੀਆਂ ਗੈਰ-ਕਾਨੂੰਨੀ ਕੀਤੀਆਂ ਗਈਆਂ ਤਾਂ ਰੋਕੀਆਂ ਗਈਆਂ ਹਨ? ਇਸ ਲਈ ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਕੀ ਇਹ ਨਿਯੁਕਤੀਆਂ ਗੈਰ-ਕਾਨੂੰਨੀ ਹੋਈਆਂ ਸਨ?

ਮੁੱਖ ਮੰਤਰੀ : ਜਦੋਂ ਤੱਕ ਹਾਈ ਕੋਰਟ ਸੁਣਵਾਈ ਨਹੀਂ ਕਰ ਲੈਂਦਾ ਉਦੋਂ ਤੱਕ ਹਾਈ ਕੋਰਟ ਫੈਸਲਾ ਨਹੀਂ ਕਰਦਾ, ਕੇਵਲ ਸਟੇਅ ਦਿਤੀ ਗਈ ਹੈ।

---

**ਪੀ.ਐਸ.ਐਲ.ਡੀ.ਸੀ ਦੁਆਰਾ ਸਿਖਿਆਰਥੀਆਂ ਨੂੰ ਟੂਲਾਂ ਦੀ ਸਪਲਾਈ**

*1189. **ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਦੁਆਰਾ ਹਰ ਸਾਲ 1988-89, 1989--90 ਅਤੇ 1990-91 ਦੇ ਦੌਰਾਨ ਸਿਖਲਾਈ ਸਕੀਮ ਅਧੀਨ ਸਿਖਿਆਰਥੀਆਂ ਲਈ ਟੂਲ ਕਿੱਟਾਂ ਖਰੀਦਣ ਸਬੰਧੀ ਕਿੰਨੀ ਰਕਮ ਰੱਖੀ ਗਈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਯੋਗ ਸਿਖਿਆਰਥੀਆਂ ਨੂੰ ਟੂਲ ਕਿੱਟਾਂ ਅਸਲ ਵਿਚ ਦਿੱਤੀਆਂ ਗਈਆਂ ਸਨ?

**Sardar Beant Singh :** (a) Yearwise detail of the amounts earmarked were as under:—

| | | |
|---|---|---|
| 1988-89 | : | Nil |
| 1989-90 | : | Nil |
| 1990-91 | : | Rs. 5 lacs. |

(b) No Sir.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਕਿ ਉਨ੍ਹਾਂ ਨੇ ਆਪਣੇ ਜਵਾਬ **ਵਿੱਚ** ਦੋ **ਸਾਲ,**

Original with;
Punjab Vidhan Sabha
Digitized by;
Panjab Digital Library

[ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ]

1988-89 ਅਤੇ 1989-90 ਲਈ ਸਾਲਾਨਾ ਰੱਖੀ ਗਈ ਰਕਮ 'ਨਿੱਲ' ਦੱਸੀ ਹੈ ਅਤੇ ਸਾਲ 1990-91 ਲਈ 5.00 ਲੱਖ ਰੁਪਏ ਦੱਸੀ ਹੈ, ਮੈਂ ਉਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੇਂਦਰ ਵਲੋਂ ਸਾਨੂੰ ਕਿੰਨਾ ਪੈਸਾ ਆਇਆ ਸੀ? ਇਸ ਸਾਲ ਦੇ ਦੌਰਾਨ ਕਿੰਨੇ ਲਾਭਪਾਤਰੀਆਂ ਨੂੰ ਕੀ ਕੁਝ ਦਿੱਤਾ? ਆਇਆ, ਉਹ ਰਾਸ਼ੀ ਜੋ ਕੇਂਦਰ ਸਰਕਾਰ ਵਲੋਂ ਆਈ ਸੀ, ਉਹ ਲਾਭਪਾਤਰੀਆਂ ਨੂੰ ਦਿਤੀ ਗਈ ਹੈ ਜਾਂ ਨਹੀਂ ?

**ਮੁੱਖ ਮੰਤਰੀ:** ਸਪੀਕਰ ਸਾਹਿਬ, ਲੈਦਰ ਦਾ ਕੰਮ ਸਿੱਖਣ ਲਈ ਜੋ ਟਰੇਨੀਜ਼ ਸਨ ਉਨ੍ਹਾਂ ਲਈ ਟੂਲ-ਕਿੱਟਾਂ ਖਰੀਦਣ ਲਈ 5.00 ਲੱਖ ਰੁਪਏ ਦਿਤੇ ਗਏ ਸਨ ਅਤੇ ਉਹ 5.00 ਲੱਖ ਰੁਪਏ ਵੀ ਪੂਰੇ ਖਰਚ ਨਹੀਂ ਹੋਏ। ਸੈਂਟਰ ਵਲੋਂ ਜੋ ਪੈਸਾ ਆਇਆ, ਉਸ ਸਬੰਧੀ ਇਹ ਵੱਖਰਾ ਸਵਾਲ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ਸਪੀਕਰ ਸਾਹਿਬ, ਮੇਰੀ ਜਾਣਕਾਰੀ ਦੇ ਮੁਤਾਬਿਕ ਜਿਹੜੀ ਇਨ੍ਹਾਂ ਦੇ ਡਿਪਾਰਟਮੈਂਟ ਵਿੱਚ ਗੱਲ ਹੈ, ਸੈਂਟਰ ਵਲੋਂ ਪੈਸਾ ਆਇਆ, 10.00 ਲੱਖ ਰੁਪਏ ਦੀ ਰਕਮ ਅਜ ਵੀ ਪਾਸੇ ਪਈ ਹੈ। ਉਹ ਕੇਂਦਰ ਦੀ ਸਰਕਾਰ ਨੇ ਉਨ੍ਹਾਂ ਸ਼ਰੇਣੀਆਂ ਲਈ ਦਿਤੀ ਜੋ ਲੈਦਰ ਦਾ ਕੰਮ ਸਿਖਦੇ ਹਨ, ਉਨ੍ਹਾਂ ਲਈ ਟੂਲ-ਕਿੱਟਾਂ ਵਗੈਰਾ ਖਰੀਦਣ ਲਈ ਦਿਤੀ ਗਈ ਸੀ। ਮੁੱਖ ਮੰਤਰੀ ਜੀ ਇਹ ਦੱਸਣਗੇ ਕਿ ਕੀ ਉਹ ਰਾਸ਼ੀ ਉਸੇ ਸਾਲ ਖਰਚ ਕੀਤੀ ਗਈ ਜਾਂ ਉਸ ਤੋਂ ਅਗਲੇ ਸਾਲ ਖਰਚੀ ਗਈ ? ਕੀ ਮੁੱਖ ਮੰਤਰੀ ਜੀ ਇਹ ਵੀ ਵਿਸ਼ਵਾਸ ਦਿਵਾਉਣਗੇ ਕਿ ਇਹ ਰਾਸ਼ੀ ਉਨ੍ਹਾਂ ਲਈ ਹੀ ਖਰਚ ਕੀਤੀ ਗਈ ਹੈ ਅਤੇ ਸਰਕਾਰ ਵਲੋਂ ਗੋਲ-ਮਾਲ ਨਹੀਂ ਕੀਤੀ ਗਈ ? ਕੀ ਮੁੱਖ ਮੰਤਰੀ ਜੀ ਇਸ ਦੀ ਘੋਖ ਕਰਾਉਣਗੇ ?

**ਮੁੱਖ ਮੰਤਰੀ :** ਵੈਸੇ ਤਾਂ, ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਜਵਾਬ ਦੇਣ ਦੀ ਕੋਈ ਰੈਲੀਵੈਂਸੀ ਨਹੀਂ, ਇਹ ਸੈਪਰੇਟ ਕੁਐਸਚਨ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ। ਲੇਕਿਨ ਮੈਂ ਹੈਰਾਨ ਹਾਂ ਕਿ ਸਾਥੀ ਸਾਹਿਬ ਇਹ ਇਨਫਰਮੇਸ਼ਨ ਕਿਥੋਂ ਲਿਆਉਂਦੇ ਹਨ ? ਕਿਤੇ ਸੀ.ਆਈ.ਡੀ ਵਿੱਚ ਤਾਂ ਕੰਮ ਨਹੀਂ ਕਰਦੇ।

**Mr. Speaker :** Next question.

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ** ** **

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ :** ** ** **

**Mr. Speaker** : Nothing is to be recorded. I have called for the next question.

---

**ਇਨ-ਪਲਾਂਟ ਟਰੇਨਿੰਗ ਲਈ ਪੀ.ਐਸ.ਐਲ.ਡੀ.ਸੀ ਦੁਆਰਾ ਸਿਖਿਆਰਥੀ ਭੇਜੇ ਜਾਣਾ**

*1190. **ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਕੀ ਮੁੱਖ ਮੰਤਰੀ ਕਿਰਪਾ ਕਰ ਦੱਸਣਗੇ ਕਿ—

(ੳ) ਜਨਵਰੀ/ਫਰਵਰੀ, 1993 ਦੇ ਮਹੀਨਿਆਂ ਦੇ ਦੌਰਾਨ ਪ੍ਰਾਈਵੇਟ ਫਰਮਾਂ ਵਿਚ ਇਕ ਇਕ ਸਾਲ ਦੀ ਇਨ-ਪਲਾਂਟ ਟਰੇਨਿੰਗ ਲੈਣ ਵਾਸਤੇ ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਦੁਆਰਾ ਕਿੰਨੇ ਸਿਖਿਆਰਥੀਆਂ ਨੂੰ ਭੇਜਿਆ ਗਿਆ ਸੀ ਅਤੇ ਸਬੰਧਿਤ ਫਰਮਾਂ ਦੇ ਨਾਂ ਅਤੇ ਵੇਰਵੇ ਕੀ ਕੀ ਹਨ ;

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਫਰਮਾਂ ਵਿਚੋਂ ਕਾਰਪੋਰੇਸ਼ਨ ਦੁਆਰਾ ਕਿੰਨੇ ਸਿਖਿਆਰਥੀਆਂ ਨੂੰ ਵਾਪਸ ਬੁਲਾ ਲਿਆ ਗਿਆ ਸੀ ਅਤੇ ਇਸ ਦੇ ਕਾਰਣ ਕੀ ਹਨ?

**Sardar Beant Singh** : (a) Four trainees were sponsored for in-plant training in private firm during the months of January/February 1993 as per detail given below:—

| Sr. No. | Name of Trainee | Firm in which sponsored |
|---|---|---|
| 1. | Kumari Tirth Devi | Ali Purse. Purani Chowki, Jallandhar. |
| 2. | Shri Ranjit Singh | Nisha Leather Craft Basti Sheikn, Jallandhar |
| 3. | Shri Raj Kumar | Nisha Leather Craft Basti Sheikh, Jalandhar |
| 4. | Shri Vijay Kumar | AAR AAR Enterprises, Jalandhar. |

(b) Out of the above mentiond trainees no trainee has been called back by the Corporation.

**ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਜਵਾਬ ਦਿੱਤਾ ਹੈ, ਇਸ ਵਿਚ ਚਾਰ ਟਰੇਨੀਜ਼ ਦੀ ਗੱਲ ਕੀਤੀ ਹੈ। ਕੀ ਮੁੱਖ ਮੰਤਰੀ ਜੀ ਇਨਕੁਆਰੀ ਕਰਵਾਉਣਗੇ ਕਿਉਂਕਿ ਇਨ੍ਹਾਂ ਵਿੱਚੋ ਕੁਝ ਨੂੰ ਪੂਰੀ ਟਰੇਨਿੰਗ ਕਰਨ ਤੋਂ ਪਹਿਲਾਂ ਹੀ ਤਰੱਕੀ ਦੇ ਦਿੱਤੀ ਗਈ ਅਤੇ ਫਿਰ ਟੀਚਰ ਵੀ ਲਗਾ ਦਿੱਤਾ ਗਿਆ। ਮੇਰੇ ਕੋਲ ਐਫੀਡੇਵਿਟ ਹੈ ਅਤੇ ਉਹ ਮੈਂ ਸਦਨ ਦੀ ਮੇਜ਼ ਤੇ ਰੱਖਣ ਨੂੰ ਤਿਆਰ ਹਾਂ। ਕੀ ਮੁੱਖ ਮੰਤਰੀ ਜੀ ਨੂੰ ਡਿਪਾਰਟਮੈਂਟ ਮਿਸ-ਲੀਡ ਤਾਂ ਨਹੀਂ ਕਰ ਰਿਹਾ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਨਜਾਇਜ਼ ਤਰੱਕੀ ਨਹੀਂ ਕੀਤੀ। ਜੇ ਇਨ੍ਹਾਂ ਕੋਲ ਐਫੀਡੇਵਿਟ ਹੈ ਤਾਂ ਇਹ ਮੇਰੇ ਕੋਲ ਆ ਜਾਣ, ਮੈਂ ਇਨਕੁਆਰੀ ਕਿਰਵਾ ਲਵਾਂਗਾ।

ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਵੀ ਕਿਹਾ ਸੀ, ਮੈਂ, ਸਾਥੀ ਸਾਹਿਬ ਤੇ ਹੈਰਾਨ ਹਾਂ ਕਿ ਇਹ ਲੈਜਿਸਲੇਸ਼ਨ ਦਾ ਕੰਮ ਘੱਟ ਅਤੇ ਸੀ.ਆਈ.ਡੀ ਦਾ ਕੰਮ ਜ਼ਿਆਦਾ ਕਰਦੇ ਹਨ।

**श्रीमति लक्ष्मी कांता चावला** : अध्यक्ष महोदय, जो जागरूक एम० एल० ए० है, वह पूरी खबर रखता है ।

मैं पूछना चाहती हूं कि जो खबर आप कहते हैं दे दो, वह आपको पता होनी चाहिए। ये सही बात है कि अफीडेविट आए हैं और लड़के दो जिन की ट्रेनिंग पूरी नहीं हुई उनका टाईम कागजों में बढ़ा-चढ़ा कर उनको रैगुलर किया गया । यह ऐसा क्यों किया गया । क्या मुख्य मंत्री जी कारण बताएंगे ?

**ਮੁੱਖ ਮੰਤਰੀ** : ਇਸ ਵੇਲੇ ਕਾਰਨ ਤਾਂ ਮੈਂ ਦੱਸ ਨਹੀਂ ਸਕਦਾ, ਇਹ ਸੈਪਰੇਟ ਨੋਟਿਸ ਦੇ ਦੇਣ।

Original with;
Punjab Vidhan Sabha
Digitized by;
Panjab Digital Library

### ਮੰਤਰੀਆਂ ਦਾ ਸਫਰ ਭੱਤਾ

*1229. 1. ਕਾਮਰੇਡ ਤਰਸੇਮ ਜੋਧਾਂ
2. ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ } : ਕੀ ਮੁੱਖ ਮੰਤਰੀ ਕਿਰਪਾ ਕਰਕੇ

ਦੱਸਣਗੇ ਕਿ ਮਾਰਚ, 1992 ਤੋਂ ਮਿਤੀ ਅੰਤ ਤਕ ਦੇ ਸਮੇਂ ਦੇ ਦੌਰਾਨ ਹਰ ਇਕ ਮੰਤਰੀ ਦੁਆਰਾ ਸਫਰ ਭੱਤੇ ਦੀ ਕੁੱਲ ਕਿੰਨੀ ਕਿੰਨੀ ਰਕਮ ਲਈ ਗਈ । ਇਸ ਵਿੱਚੋਂ ਕਿੰਨੀ ਰਕਮ ਹਰ ਇਕ ਮੰਤਰੀ ਦੇ ਰਾਜ ਤੋਂ ਬਾਹਰ ਦੇ ਦੌਰਿਆਂ ਨਾਲ ਸਬੰਧਤ ਹੈ ?

**Sardar Beant Singh:** Yes, Sir, a statement showing Minister-wise the total amount of Travelling Allowances drawn by each Minister and the amount thereof relating to the tours conducted by each outside the State during the period from March, 1992 to date is enclosed.

**The statement showing the details of total travelling allowance drawn by each Minister and relating to tour conducted outside the State during the period March, 1992 to date.**

| Serial No. | Name of the Minister | Department/Designation | Total Travelling Allowance drawn | Travelling Allowance drawn relating to the tours conducted outside the State |
|---|---|---|---|---|
| 1 | Sardar Beant Singh .. | Chief Minister, Punjab | 39,250 | 7,450 |
| 2 | S. Harcharan Singh Brar .. | Health & Family Welfare Minister | 65,833 | 20,646 |
| 3 | Dr. Kewal Krishan .. | Finance Minister | 1,10,777 | 70,297 |
| 4 | S. Umrao Singh .. | Ex. Minister Devp. & Panchayats | 68,315 | 35,655 |
| 5 | S. Dilbagh Singh .. | Agr. & Forest Minister | 42,615 | 600 |
| 6 | Smt. Rajinder Kaur Bhattal | Tech. Education Minister | 28,395 | 7,800 |
| 7 | S. Shamsher Singh Dullo .. | Excise & Taxation Minister | 40,361 | 6,967 |
| 8 | S. Lal Singh .. | Food & Supply Minister | 38,214 | 4,220 |
| 9 | Shri Bal Mukand Sharma .. | Housing & Urban Development Minister | 61,186 | 4,892 |
| 10 | Shri Sajjan Kumar Jakhar .. | Co-operative Minister | 1,98,925 | 1,35,401 |
| 11 | Shri Harnam Dass Johar | Ex. Education Minister | 60,791 | 34,481 |
| 12 | Shri Brahm Mohindra .. | Research & Medical Education Minister | 64,531 | 15,178 |
| 13 | S. Lakhmir Singh Randhawa | Education Minister | 37,250 | 1,700 |

Original with;
Punjab Vidhan Sabha
Digitized by;
Panjab Digital Library

| Serial No. | Name of the Minister | | Department/Designation | Total Travelling Allowance drawn | Travelling Allowance drawn relating to the tours conducted outside the State |
|---|---|---|---|---|---|
| 14 | S. Harbans Singh Sidhu | .. | State Minister, Animal Husbandary & Fisheries | 52,856 | 6,426 |
| 15 | S. Joginder Singh Mann | .. | State Minister, Labour & Employment | 84,877 | 31,127 |
| 16 | S. Gulzar Singh | .. | State Minister, Public Works (P.W.D.) | 54,764 | 15,264 |
| 17 | Ch. Jagjit Singh | .. | State Minister, Social Welfare | 53,150 | 1,200 |
| 18 | Master Jagir Singh | .. | State Minister, Rural Devp. & Panchayats | 32,900 | 3,400 |
| 19 | S. Maninder Jit Singh Bitta | | State Minister, Public Health | 34,006 | 5,545 |
| 20 | Shri Dharam Pal Sabharwal | | State Minister, Printing & Stationery | 79,153 | 22,164 |
| 21 | S. Mohinder Singh K.P. | .. | State Minister, Youth Ser. & Sports | 1,09,063 | 13,913 |
| 22 | S. Karam Singh Gill | .. | State Minister, Industries | 67,212 | 25,266 |
| 23 | S. Gurmej Singh | .. | State Minister, Grievances | 60,150 | 12,00 |
| 24 | Shri Surinder Kapoor | .. | State Minister, Cultural Afairs | 68,848 | 16,288 |
| 25 | S. Jagmohan Singh Kang | .. | State Minister, Irrigation | 63,104 | 18,824 |
| 26 | Prof. Kumari Shushil Mahajan | | State Minister, Education Primary | 50,685 | 3,550 |
| 27 | Shri Naresh Thakur | .. | State Minister, Defence Welfare | 56,800 | 1,750 |

**ਕਾਮਰੇਡ ਤਰਸੇਮ ਜੋਧਾਂ**: ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਪੌਣੇ ਦੋ ਸਾਲ ਦਾ ਸਫਰ ਭੱਤਾ ਡਰਾਅ ਕੀਤਾ ਹੈ, ਉਨ੍ਹਾਂ ਵਿਚ ਮੁੱਖ ਮੰਤਰੀ ਜੀ ਨੇ ਦੌਰੇ ਬਹੁਤ ਕੀਤੇ ਹਨ ਅਤੇ ਉਨ੍ਹਾਂ ਦਾ ਖਰਚਾ 39,250 ਰੁ ਦਰਸਾਇਆ ਹੈ। ਜਿਸ ਵਿਚੋਂ 7,450 ਰੁ ਸਟੇਟ ਤੋਂ ਬਾਹਰ ਹੈ। ਸ੍ਰੀ ਸੱਜਣ ਕੁਮਾਰ ਜਾਖੜ ਜਿਨ੍ਹਾਂ ਦਾ ਖਰਚਾ 1,98,925 ਰੁ. ਦਰਸਾਇਆ ਹੈ ਜਿਸ ਵਿਚੋਂ 1,35,401 ਰੁ ਸਟੇਟ ਤੋਂ ਬਾਹਰ ਹੈ। ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਕੀ ਇਹ ਸੂਚੀ ਠੀਕ ਹੈ, ਜੇ ਨਹੀਂ ਤਾਂ ਕੀ ਇਹ ਪ੍ਰੀਵੇਲਿਜ ਕਮੇਟੀ ਦੇ ਹਵਾਲੇ ਕਰਨ ਲਈ ਯਕੀਨ ਦਿਵਾਉਣਗੇ ?

**ਮੁੱਖ ਮੰਤਰੀ**: ਇਸ ਵਿਚ ਕੋਈ ਪ੍ਰੀਵੇਲਿਜ ਕਮੇਟੀ ਵਾਲੀ ਗੱਲ ਨਹੀਂ ਹੈ। ਸਾਰੇ ਮਨਿਸਟਰ ਸਾਹਿਬ ਬੜੇ ਹੀ ਸੰਕੋਚ ਨਾਲ ਦੌਰਾ ਕਰਦੇ ਹਨ ਔਰ ਜਿਹੜੀ ਇਨ੍ਹਾਂ ਨੇ ਸ੍ਰੀ ਸੱਜਣ ਕੁਮਾਰ ਜਾਖੜ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]
ਜੀ ਦੀ ਗੱਲ ਕੀਤੀ ਹੈ, ਉਨ੍ਹਾਂ ਦਾ ਮਹਿਕਮਾ ਹੀ ਐਸਾ ਹੈ। ਕਈ ਮੀਟਿੰਗਾਂ ਵੀ ਕਰਨੀਆਂ ਪੈਂਦੀਆਂ ਹਨ। ਕਈ ਵਾਰ ਉਹ ਆਪਣੀ ਗੱਡੀ ਵੀ ਲਿਜਾਂਦੇ ਹਨ। ਕਈ ਮੀਟਿੰਗਾਂ ਦਿਲੀ ਵਿਚ ਵੀ ਕਰਨੀਆਂ ਪੈਂਦੀਆਂ ਹਨ। ਦੂਸਰਾ ਇਹ ਕਿ ਅਬੋਹਰ ਤੋਂ ਚੰਡੀਗੜ੍ਹ ਕਾਫੀ ਦੂਰ ਹੈ। ਇਸ ਲਈ ਇਹ ਨੈਚੂਰਲ ਗੱਲ ਹੈ ਕਿ ਇਨ੍ਹਾਂ ਦਾ ਟੀ.ਏ ਜ਼ਿਆਦਾ ਹੋਵੇਗਾ।

**Mr. Speaker** : Question Hour is over. The remaining questions shall be deemed to have been answered under Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਪੰਜਾਬ ਪੁਲਿਸ ਵਿੱਚ ਭਰਤੀ

***1222. ਸ੍ਰੀ ਸਤਨਾਮ ਸਿੰਘ ਕੈਂਥ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਪਿਛਲੇ ਇਕ ਸਾਲ ਦੇ ਦੌਰਾਨ ਪੰਜਾਬ ਪੁਲਿਸ ਵਿੱਚ ਭਰਤੀ ਕੀਤੇ ਗਏ ਇੰਸਪੈਕਟਰਾਂ ਸਬ-ਇੰਸਪੈਕਟਰਾਂ ਅਤੇ ਸਹਾਇਕ ਸਬ-ਇੰਸਪੈਕਟਰਾਂ ਦੀ ਗਿਣਤੀ ਕਿੰਨੀ ਹੈ ਅਤੇ ਉਕਤ ਭਰਤੀ ਕਰਨ ਲਈ ਕੀ ਕਸੌਟੀ ਅਪਣਾਈ ਗਈ ;

(ਅ) ਉਕਤ ਭਾਗ (ੳ) ਵਿੱਚ ਵਰਣਿਤ ਆਸਾਮੀਆਂ ਵਿੱਚ ਅਨੁਸੂਚਿਤ ਜਾਤੀਆਂ ਦੀ ਸ਼੍ਰੇਣੀ ਨਾਲ ਸਬੰਧਤ ਭਰਤੀ ਕੀਤੇ ਗਏ ਉਮੀਦਵਾਰਾਂ ਦੀ ਗਿਣਤੀ ਕਿੰਨੀ ਹੈ?

**ਸਰਦਾਰ ਬੇਅੰਤ ਸਿੰਘ** : (ੳ) ਪਿਛਲੇ ਇਕ ਸਾਲ ਦੌਰਾਨ 22, ਦਸੰਬਰ, 1992 ਤੋਂ 21 ਦਸੰਬਰ, 1993 ਤੱਕ, 34 ਇੰਸਪੈਕਟਰ ਜਿਨ੍ਹਾਂ ਵਿੱਚੋਂ 30 ਸਿੱਧੀ ਭਰਤੀ ਰਾਹੀਂ ਅਤੇ 4 ਅਗੇਤ ਸੂਚੀ ਵਿਸ਼ੇਸ਼ ਤੌਰ ਤੇ ਅਤੇ 190 ਸਹਾਇਕ ਥਾਣੇਦਾਰ ਜਿਨ੍ਹਾਂ ਵਿਚੋਂ 171 ਸਿੱਧੀ ਭਰਤੀ ਰਾਹੀਂ ਅਤੇ 19 ਅਗੇਤ ਸੂਚੀ/ਵਿਸ਼ੇਸ਼ ਤੌਰ ਤੇ ਵਿਭਾਗੀ ਚੋਣ ਕਮੇਟੀਆਂ ਰਾਹੀਂ ਭਰਤੀ ਕੀਤੇ ਗਏ ਹਨ। ਜਿਥੋਂ ਤੱਕ ਵਿਭਾਗੀ ਚੋਣ ਕਮੇਟੀਆਂ ਵੱਲੋਂ ਸਿਫਾਰਸ਼ ਕੀਤੇ ਗਏ ਇੰਸਪੈਕਟਰਾਂ ਅਤੇ ਸਹਾਇਕ ਥਾਣੇਦਾਰਾਂ ਦਾ ਸਵਾਲ ਹੈ, ਇਨ੍ਹਾਂ ਆਸਾਮੀਆਂ ਸਬੰਧੀ ਮੁੱਖ ਅਖਬਾਰਾਂ ਵਿੱਚ ਵਿਗਿਆਪਨ ਦਿੱਤਾ ਗਿਆ ਸੀ। ਉਮੀਦਵਾਰਾਂ ਵਲੋਂ ਦਿੱਤੇ ਗਏ ਬਿਨੇ ਪੱਤਰਾਂ ਦਾ ਪਰੇਖਣ ਕੀਤਾ ਗਿਆ ਅਤੇ ਜਿਹੜੇ ਉਮੀਦਵਾਰਾਂ ਦੇ ਬਿਨੇਪੱਤਰ ਅਧੂਰੇ ਪਾਏ ਗਏ ਜਾਂ ਚੁਣਨ-ਯੋਗ ਨਹੀਂ ਪਾਏ ਗਏ, ਉਨ੍ਹਾਂ ਦੇ ਬਿਨੇਪੱਤਰ ਰੱਦ ਹੋਣ ਸਬੰਧੀ ਵਿਅਕਤੀਗਤ ਤੌਰ ਤੇ ਸੂਚਿਤ ਕੀਤਾ ਗਿਆ ਸੀ। ਜਿਨ੍ਹਾਂ ਉਮੀਦਵਾਰਾਂ ਦੇ ਬਿਨੈ ਪੱਤਰ ਠੀਕ ਪਾਏ ਗਏ ਉਨ੍ਹਾਂ ਨੂੰ ਸਰੀਰਕ ਮਾਪਦੰਡ/ਯੋਗਤਾ ਟੈਸਟਾਂ ਲਈ ਬੁਲਾਇਆ ਗਿਆ। ਜਿਹੜੇ ਉਮੀਦਵਾਰ ਲੋੜੀਂਦੇ ਸਰੀਰਕ ਮਿਆਰ ਸਬੰਧੀ ਪੂਰੇ ਪਾਏ ਗਏ ਅਤੇ ਜਿਨ੍ਹਾਂ ਨੇ ਸਰੀਰਕ ਯੋਗਤਾ ਟੈਸਟ ਪਾਸ ਕਰ ਲਿਆ ਸੀ, ਦਾ ਆਈ.ਕਿਊ. ਜੀ.ਕੇ. ਅਤੇ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਵਿੱਚ ਪ੍ਰਵੀਨਤਾ ਸਬੰਧੀ ਲਿਖਤੀ ਟੈਸਟ ਲਿਆ ਗਿਆ। ਕੇਵਲ ਉਹੀ ਉਮੀਦਵਾਰ ਜਿਨ੍ਹਾਂ ਨੇ ਲਿਖਤੀ ਟੈਸਟ ਪਾਸ ਕਰ ਲਿਆ ਸੀ, ਨੂੰ ਇੰਟਰਵਿਊ ਲਈ ਬੁਲਾਇਆ ਗਿਆ। ਇਸੇ ਤਰ੍ਹਾਂ ਸਰਕਾਰ ਦੀਆਂ ਅਗੇਤ ਸੂਚੀ ਸਬੰਧੀ ਹਦਾਇਤਾਂ/ਵਿਸ਼ੇਸ਼ ਤੌਰ ਤੇ ਭਰਤੀ ਕੀਤੇ ਗਏ ਉਮੀਦਵਾਰ ਵੀ ਸਿੱਧੀ ਭਰਤੀ ਰਾਹੀਂ ਚੁਣੇ ਜਾਣ ਵਾਲੇ ਉਮੀਦਵਾਰਾਂ ਵਾਂਗ ਤਰੀਕੇ ਜਿਵੇਂ ਕਿ ਸਰੀਰਕ ਮਿਆਰ/ਯੋਗਤਾ ਟੈਸਟ, ਲਿਖਤੀ ਟੈਸਟ ਅਤੇ ਇੰਟਰਵਿਊ ਲੈਣ ਮਗਰੋਂ ਭਰਤੀ ਕੀਤੇ ਗਏ। ਪੰਜਾਬ ਪੁਲਿਸ ਵਿੱਚ ਥਾਣੇਦਾਰ ਦੇ ਪਦ ਤੇ ਸਿੱਧੀ ਭਰਤੀ ਨਹੀਂ ਕੀਤੀ ਜਾਂਦੀ।

Original with;
Punjab Vidhan Sabha
Digitized by;
Panjab Digital Library

(ਅ) ਇੰਸਪੈਕਟਰਾਂ ਅਤੇ ਸਹਾਇਕ ਥਾਣੇਦਾਰਾਂ ਸਬੰਧੀ ਉਪਰੋਕਤ ਦਿੱਤੀ ਗਿਣਤੀ ਵਿੱਚੋਂ 9 ਇੰਸਪੈਕਟਰ ਅਤੇ 46 ਸਹਾਇਕ ਥਾਣੇਦਾਰ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਦੇ ਹਨ।

---

## ਸੱਪ ਦੇ ਕੱਟੇ ਦਵਾਈਆਂ ਸਬੰਧੀ

***1257. ਕਾਮਰੇਡ ਗੁਰਨਾਮ ਸਿੰਘ ਧੀਰੋਵਾਲ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ----

(ੳ) ਕੀ ਸਾਲ 1993 ਦੌਰਾਨ, ਅਨੰਦਪੁਰ ਸਾਹਿਬ, ਨੰਗਲ ਅਤੇ ਨੂਰਪੁਰ ਬੇਦੀ ਦੇ ਬਲਾਕਾਂ ਦੇ ਅਧੀਨ ਹਸਪਤਾਲਾਂ, ਡਿਸਪੈਂਸਰੀਆਂ ਅਤੇ ਮੁੱਢਲੇ ਸਿਹਤ ਕੇਂਦਰਾਂ ਵਿੱਚ ਸੱਪ ਦੇ ਕੱਟੇ ਗਏ ਮਰੀਜ਼ਾਂ ਦੇ ਇਲਾਜ ਲਈ ਦਵਾਈਆਂ ਖਰੀਦੀਆਂ ਅਤੇ ਸਪਲਾਈ ਕੀਤੀਆਂ ਗਈਆਂ ਹਨ, ਜੇਕਰ ਹਾਂ, ਤਾਂ ਵੇਰਵਾ ਦਿੱਤਾ ਜਾਵੇ ;

(ਅ) ਕੀ ਮਹੀਨਾ ਸਤੰਬਰ ਤੇ ਅਕਤੂਬਰ, 1993 ਵਿੱਚ ਇਨ੍ਹਾਂ ਬਲਾਕਾਂ ਅਧੀਨ ਆਉਂਦੇ ਹਸਪਤਾਲਾਂ ਵਿੱਚ ਸੱਪ ਦੇ ਕੱਟੇ ਹੋਏ ਮਰੀਜ਼ਾਂ ਦੇ ਲਈ ਦਵਾਈਆਂ ਦੇ ਨਾਂ ਹੋਣ ਦੇ ਕਾਰਨ ਕੁੱਝ ਵਿਅਕਤੀਆਂ ਦੀਆਂ ਮੌਤਾਂ ਹੋਈਆਂ ?

**ਸਰਦਾਰ ਹਰਚਰਨ ਸਿੰਘ ਬਰਾੜ**: (ੳ) ਹਾਂ ਜੀ। ਸਾਲ 1993 ਦੌਰਾਨ ਅਨੰਦਪੁਰ ਸਾਹਿਬ, ਨੰਗਲ ਅਤੇ ਨੂਰਪੁਰ ਬੇਦੀ ਦੇ ਬਲਾਕਾਂ ਦੇ ਅਧੀਨ ਆਉਂਦੇ ਹਸਪਤਾਲਾਂ, ਡਿਸਪੈਂਸਰੀਆਂ ਅਤੇ ਮੁੱਢਲੇ ਸਿਹਤ ਕੇਂਦਰਾਂ ਵਿੱਚ ਸੱਪ ਦੇ ਕੱਟੇ ਹੋਏ ਮਰੀਜ਼ਾਂ ਲਈ ਦਵਾਈਆਂ (ਐਂਟੀ ਸਨੇਕ ਵੈਕਸੀਨ) ਸਾਰਾ ਸਾਲ ਕਾਫੀ ਮਾਤਰਾ ਉਪਲਬੱਧ ਰਹੀਆਂ ਹਨ, ਜਿਸ ਦਾ ਵੇਰਵਾ ਹੇਠਾਂ ਅਨੁਲੱਗ ਵਿੱਚ ਦਿੱਤਾ ਗਿਆ ਹੈ।

(ਅ) ਨਹੀਂ ਜੀ।

### ਅਨੁਲੱਗ

| ਲੜੀ ਨੰ: | ਸੰਸਥਾ ਦਾ ਨਾਂ | 1993 ਵਿਚ ਵੈਕਸੀਨ ਦਾ ਬਕਾਇਆ | 1993 ਦੌਰਾਨ ਜਾਰੀ ਵੈਕਸੀਨ | ਵਰਤੀ ਗਈ ਵੈਕਸੀਨ | ਬਕਾਇਆ |
|---|---|---|---|---|---|
| 1 | ਸਿਵਲ ਹਸਪਤਾਲ, ਅਨੰਦਪੁਰ ਸਾਹਿਬ | 2 ਟੀਕੇ | 9 ਟੀਕੇ | 4 ਟੀਕੇ | 7 ਟੀਕੇ |
| 2 | ਮੁੱਢਲਾ ਸਿਹਤ ਕੇਂਦਰ, ਕੀਰਤਪੁਰ ਸਾਹਿਬ | 2 ਟੀਕੇ | 7 ਟੀਕੇ | 2 ਟੀਕੇ | 7 ਟੀਕੇ |
| 3 | ਮੁੱਢਲਾ ਸਿਹਤ ਕੇਂਦਰ, ਨੂਰਪੁਰ ਬੇਦੀ | 2 ਟੀਕੇ | 7 ਟੀਕੇ | 2 ਟੀਕੇ | 7 ਟੀਕੇ |

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਨਵੇਂ ਆਯੁਰਵੈਦਿਕ ਹਸਪਤਾਲ ਖੋਲ੍ਹਣਾ

*1240. ਸ਼੍ਰੀ ਰਾਕੇਸ਼ ਪਾਂਡੇ : ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :---

(ੳ) ਕੀ ਅੱਠਵੀਂ ਪੰਜ ਸਾਲਾ ਯੋਜਨਾ ਅਧੀਨ ਸਾਰੇ ਜ਼ਿਲ੍ਹਾ ਪੱਧਰ ਤੇ 10-ਬਿਸਤਰਿਆਂ ਦੇ ਸਰਕਾਰੀ ਆਯੁਰਵੈਦਿਕ ਹਸਪਤਾਲ ਖੋਲ੍ਹਣ ਲਈ ਕੋਈ ਫੰਡ ਰੱਖੇ ਗਏ ਹਨ; ਜੇਕਰ ਰੱਖੇ ਗਏ ਹਨ, ਤਾਂ ਰਾਜ ਵਿਚ ਉਹਨਾਂ ਜ਼ਿਲ੍ਹਿਆਂ ਦੇ ਨਾਂ ਕੀ ਕੀ ਹਨ ਜਿਥੇ ਅਜਿਹੇ ਹਸਪਤਾਲ ਹੁਣ ਤੱਕ ਖੋਲ੍ਹ ਦਿੱਤੇ ਗਏ ਹਨ ;

(ਅ) ਉਹਨਾਂ ਜ਼ਿਲ੍ਹਿਆਂ ਦੇ ਨਾਂ ਕੀ ਕੀ ਹਨ, ਜਿਥੇ ਸਾਲਾਂ 1990-91, 1991-92, 1992-93 ਅਤੇ 1993-94 ਦੇ ਦੌਰਾਨ ਸਰਕਾਰੀ ਆਯੁਰਵੈਦਿਕ ਹਸਪਤਾਲ ਖੋਲ੍ਹੇ ਜਾਣ ਦੀ ਤਜਵੀਜ਼ ਸੀ ?

ਸਰਦਾਰ ਹਰਚਰਨ ਸਿੰਘ ਬਰਾੜ : (ੳ) ਅੱਠਵੀਂ ਪੰਜ ਸਾਲਾ ਯੋਜਨਾ (1992--97) ਅਧੀਨ ਜ਼ਿਲ੍ਹਾ ਪੱਧਰ ਤੇ ਅੱਠ, 10 ਬਿਸਤਰਾ ਸਰਕਾਰੀ ਆਯੁਰਵੈਦਿਕ ਹਸਪਤਾਲ; ਫਿਰੋਜ਼ਪੁਰ, ਗੁਰਦਾਸਪੁਰ, ਰੋਪੜ ਸੰਗਰੂਰ, ਕਪੂਰਥਲਾ, ਹੁਸ਼ਿਆਰਪੁਰ, ਫਰੀਦਕੋਟ ਅਤੇ ਮੁਹਾਲੀ ਵਿਖੇ ਖੋਲ੍ਹਣ ਦੀ ਤਜਵੀਜ਼ ਹੈ । ਇਸ ਲਈ ਸਰਕਾਰ (ਯੋਜਨਾਬੰਦੀ ਵਿਭਾਗ) ਵਲੋਂ 40.00 ਲੱਖ ਰੁਪਏ ਦੀ ਰਾਸ਼ੀ ਰੱਖੀ ਗਈ ਹੈ ।

(ਅ) 1. ਵਾਰਸ਼ਿਕ ਯੋਜਨਾ ਸਾਲ 1990-91 ਦੌਰਾਨ ਜ਼ਿਲ੍ਹਾ ਪੱਧਰ ਤੇ ਜਲੰਧਰ ਵਿਖੇ ਇਕ 10-ਬਿਸਤਰਾ ਆਯੁਰਵੈਦਿਕ ਹਸਪਤਾਲ ਖੋਲ੍ਹਣ ਦੀ ਤਜਵੀਜ਼ ਸੀ । ਪਰੰਤੂ ਰਾਜ ਵਿਚ ਵਿੱਤੀ ਸੰਕਟ ਕਾਰਨ ਸਰਕਾਰ ਵੱਲੋਂ ਇਸ ਨੂੰ ਸਥਾਪਿਤ ਕਰਨ ਦੀ ਮਨਜ਼ੂਰੀ ਨਹੀਂ ਦਿੱਤੀ ਗਈ ਸੀ ।

2. ਸਾਲ 1991-92 ਦੌਰਾਨ ਜਲੰਧਰ ਅਤੇ ਲੁਧਿਆਣਾ ਵਿਖੇ ਦੋ 10-ਬਿਸਤਰਾ ਆਯੁਰਵੈਦਿਕ ਹਸਪਤਾਲ ਖੋਲ੍ਹੇ ਗਏ ਹਨ ।

3. ਸਾਲ 1992-93 ਦੌਰਾਨ ਰਾਜ ਵਿਚ ਵਿੱਤੀ ਸੰਕਟ ਹੋਣ ਕਾਰਨ ਕੋਈ ਵੀ 10-ਬਿਸਤਰਾ ਆਯੁਰਵੈਦਿਕ ਹਸਪਤਾਲ ਸਥਾਪਿਤ ਨਹੀਂ ਕੀਤਾ ਗਿਆ ।

4. ਸਾਲ 1993-94 ਦੌਰਾਨ ਕਪੂਰਥਲਾ ਅਤੇ ਹੁਸ਼ਿਆਰਪੁਰ ਵਿਖੇ ਦੋ 10-ਬਿਸਤਰਾ ਆਯੁਰ-ਵੈਦਿਕ ਹਸਪਤਾਲ ਖੋਲ੍ਹਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ।

---

## ਪੰਜਾਬ ਰਾਜ ਬਿਜਲੀ ਬੋਰਡ, ਭਰਤਗੜ੍ਹ ਦੇ ਉਪ-ਮੰਡਲ ਦਫਤਰ ਨੂੰ ਨਵੀਂ ਇਮਾਰਤ ਵਿੱਚ ਬਦਲਣਾ

*1188. ਡਾਕਟਰ ਰਮੇਸ਼ ਦੱਤ ਸ਼ਰਮਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਰਾਜ ਬਿਜਲੀ ਬੋਰਡ ਦੇ ਉਪ-ਮੰਡਲ ਦਫਤਰ ਦੀ ਇਮਾਰਤ ਜ਼ਿਲ੍ਹਾ ਰੋਪੜ ਵਿਚ ਪਿੰਡ ਭਰਤਗੜ੍ਹ ਵਿਖੇ ਮੁਕੰਮਲ ਕਰ ਲਈ ਗਈ ਹੈ; ਜੇਕਰ ਅਜਿਹਾ ਹਵੇ , ਤਾਂ ਉਕਤ ਇਮਾਰਤ ਵਿਚ ਉਕਤ ਦਫਤਰ ਦੇ ਕਦੋਂ ਤੱਕ ਕੰਮ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਬੇਅੰਤ ਸਿੰਘ : ਜੀ ਨਹੀਂ, ਅਜਿਹੀ ਕੋਈ ਤਜਵੀਜ਼ ਨਹੀਂ ਹੈ ।

---

Original with;
Punjab Vidhan Sabha
Digitized by;
Panjab Digital Library

## ਸਹਾਇਕ ਗ੍ਰੇਡ ਪ੍ਰੀਖਿਆ ਪਾਸ ਕਰਨ ਲਈ ਛੋਟ ਦੇਣਾ

*1237. **ਡਾਕਟਰ ਰਮੇਸ਼ ਦੱਤ ਸ਼ਰਮਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉਨ੍ਹਾਂ ਕਲਰਕਾਂ/ਸੀਨੀਅਰ ਕਲੱਰਕਾਂ/ਜੂਨੀਅਰ ਸਹਾਇਕਾਂ ਨੂੰ ਜਿਨ੍ਹਾਂ ਨੇ 18 ਸਾਲ ਦੀ ਸੇਵਾ ਪੂਰੀ ਕਰ ਲਈ ਹੈ; ਸਹਾਇਕ ਗਰੇਡ ਪ੍ਰੀਖਿਆ ਪਾਸ ਕਰਨ ਤੋਂ ਛੂਟ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ-ਅਧੀਨ ਹੈ; ਜੇਕਰ ਅਜਿਹਾ ਹਵੇ ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਬੇਅੰਤ ਸਿੰਘ** : ਸਰਕਾਰ ਨੇ ਆਪਣੇ ਹੁਕਮਾਂ ਮਿਤੀ 21 ਜਨਵਰੀ, 1991 ਰਾਹੀਂ ਉਨ੍ਹਾਂ ਸਾਰੇ ਕਲਰਕਾਂ/ਜੂਨੀਅਰ ਸਹਾਇਕਾਂ ਨੂੰ ਸਹਾਇਕਾ ਗਰੇਡ ਪ੍ਰੀਖਿਆ ਪਾਸ ਕਰਨ ਤੋਂ ਛੂਟ ਦੇ ਦਿੱਤੀ ਸੀ, ਜਿਨ੍ਹਾਂ ਨੇ 18 ਸਾਲ ਦੀ ਨਿਯਮਿਤ ਸੇਵਾ ਪੂਰੀ ਕਰ ਲਈ ਸੀ। ਇਸਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ ਅਤੇ ਰੱਦ ਕੀਤਾ ਗਿਆ। ਇਸ ਫੈਸਲੇ ਵਿਰੁੱਧ ਸਰਕਾਰ ਵਲੋਂ ਦਾਇਰ ਕੀਤੀ ਰਿਵਿਊ ਪਟੀਸ਼ਨ ਹਾਈਕੋਰਟ ਵਿਚ ਲੰਬਿਤ ਪਈ ਹੈ। ਮਸਲਾ ਅਦਾਲਤੀ ਵਿਚਾਰ-ਅਧੀਨ (ਸਬ-ਯੂਡਿਸ਼) ਹੋਣ ਕਾਰਣ, 18 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਕਲਰਕ/ਜੂਨੀਅਰ ਸਹਾਇਕ ਪਦ-ਉੱਨਤ ਨਹੀਂ ਕੀਤੇ ਜਾ ਰਹੇ ਹਨ।

---

## ਰਾਜ ਵਿਚ ਆਯੁਰਵੈਦਿਕ ਡਿਸਪੈਂਸਰੀਆਂ ਨੂੰ ਅੱਪਗਰੇਡ ਕਰਨਾ/ਨਵੀਆਂ ਡਿਸਪੈਂਸਰੀਆਂ ਖੋਲ੍ਹਣਾ

*1241. **ਸ੍ਰੀ ਰਾਕੇਸ਼ ਪਾਂਡੇ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ---

(ੳ) ਕੀ ਅੱਠਵੀਂ ਪੰਜ ਸਾਲਾ ਯੋਜਨਾ ਅਧੀਨ ਰਾਜ ਵਿਚ ਹਰ ਇਕ ਸਬ-ਡਵੀਜਨ ਵਿਚ ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ ਨੂੰ ਸਰਕਾਰੀ ਆਯੁਰਵੈਦਿਕ ਸਿਹਤ ਕੇਂਦਰਾਂ ਵਜੋਂ ਅੱਪ ਗਰੇਡ ਕਰਨ ਲਈ ਕੋਈ ਸਕੀਮ ਪ੍ਰਵਾਨ ਕੀਤੀ ਗਈ ਹੈ ਅਤੇ ਕੀ ਉਕਤ ਮੰਤਵ ਲਈ ਫੰਡ ਵੀ ਐਲੋਕੇਟ ਕਰ ਦਿੱਤੇ ਗਏ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਉਹਨਾਂ ਸਬ ਡਵੀਜ਼ਨਾਂ ਦੇ ਨਾਂ ਕੀ ਕੀ ਹਨ ਜਿਥੇ ਜਿਥੇ ਅਜਿਹੇ ਸਿਹਤ ਕੇਂਦਰ ਹੁਣ ਤੱਕ ਸਥਾਪਤ ਕਰ ਦਿੱਤੇ ਗਏ ਹਨ ;

(ੲ) ਰਾਜ ਵਿਚ ਉਹਨ੍ਹਾਂ ਸਬ ਡਵੀਜ਼ਨਾਂ ਦੇ ਨਾਂ ਕੀ ਕੀ ਹਨ ਜਿਥੇ ਸਾਲ 1990-91, 1991-92, 1992-93 ਅਤੇ 1993-94 ਦੇ ਦੌਰਾਨ ਸਰਕਾਰੀ ਆਯੁਰਵੈਦਿਕ ਸਿਹਤ ਕੇਂਦਰ ਸਥਾਪਤ ਕਰਨ ਦੀ ਤਜਵੀਜ਼ ਸੀ ?

**ਸਰਦਾਰ ਹਰਚਰਨ ਸਿੰਘ ਬਰਾੜ** : (ੳ) ਅੱਠਵੀਂ ਪੰਜ ਸਾਲਾ ਯੋਜਨਾ ਦੌਰਾਨ 34 ਆਯੁਰ-ਵੈਦਿਕ ਡਿਸਪੈਂਸਰੀਆਂ ਨੂੰ ਅੱਪ ਗਰੇਡ ਕਰਕੇ ਸਬ-ਡਵੀਜ਼ਨ ਪੱਧਰ ਤੇ ਆਯੁਰਵੈਦਿਕ ਸਵਾਸਥ ਕੇਂਦਰ ਸਥਾਪਤ ਕਰਨ ਦੀ ਸਕੀਮ ਹੈ। ਇਸ ਸਕੀਮ ਵਿਚ ਰਾਜ ਦੀ ਹਰ ਸਬ-ਡਵੀਜ਼ਨ ਨੂੰ ਕਵਰ ਕਰਨ ਦਾ ਕੋਈ ਟੀਚਾ ਨਹੀਂ ਹੈ। ਅੱਠਵੀਂ ਪੰਜ ਸਾਲਾ ਯੋਜਨਾ ਦੌਰਾਨ ਇਸ ਮੰਤਵ ਲਈ 34.00 ਲੱਖ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਹੈ।

Original with;
Punjab Vidhan Sabha
Digitized by;

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

(ਅ) ਰਾਜ ਵਿਚ ਵਿੱਤੀ ਸੰਕਟ ਹੋਣ ਕਾਰਨ ਅੱਠਵੀਂ ਪੰਜ ਸਾਲਾ ਯੋਜਨਾ ਦੌਰਾਨ ਸਾਲ 1992-93 ਤੱਕ ਕੋਈ ਵੀ ਆਯੁਰਵੈਦਿਕ ਸਵਾਸਥ ਕੇਂਦਰ ਸਥਾਪਤ ਨਹੀਂ ਕੀਤਾ ਜਾ ਸਕਿਆ ਹੈ। ਫਿਰ ਵੀ 7 ਆਯੁਰਵੈਦਿਕ ਡਿਸਪੈਂਸਰੀਆਂ ਨੂੰ ਅੱਪ-ਗਰੇਡ ਕਰਕੇ ਆਯੁਰਵੈਦਿਕ ਸਵਾਸਥ ਕੇਂਦਰ ਸਬ ਡਵੀਜ਼ਨ ਪੱਧਰ ਤੇ ਸਥਾਪਤ ਕਰਨ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

(ੲ) ਰਾਜ ਵਿਚ ਉਹਨਾਂ ਸਬ-ਡਵੀਜ਼ਨਾਂ ਦੇ ਨਾਂ ਜਿਥੇ ਸਾਲ 1990-91, 1991-92,1992-93 ਅਤੇ 1993-94 ਦੌਰਾਨ ਸਰਕਾਰੀ ਆਯੁਰਵੈਦਿਕ ਸਵਾਸਥ ਕੇਂਦਰ ਖੋਲ੍ਹਣ ਦੀ ਤਜਵੀਜ਼ ਸੀ ਦਾ ਵੇਰਵਾ "ਅਨੁਲੱਗ" ਵਿਚ ਦਰਜ ਹੈ।

ਅਨੁਲੱਗ

| ਲੜੀ ਨੰ: | ਸਾਲ | ਸਬ-ਡਵੀਜਨ ਜਿਥੇ ਆਯੁਰਵੈਦਿਕ ਸਵਾਸਥ ਕੇਂਦਰ ਖੋਲ੍ਹਣ ਦੀ ਤਜਵੀਜ਼ ਸੀ | ਵਿਸ਼ੇਸ਼ ਕਥਨ |
|---|---|---|---|
| 1 | 1990-91 | ਨਾਭਾ (ਪਟਿਆਲਾ), ਹੈਬੋਵਾਲ ਕਲਾਂ (ਲੁਧਿਆਣਾ), ਹੁਸ਼ਿਆਰ-ਪੁਰ (ਪਰਾਪਰ) ਰਣਜੀਤ ਨਗਰ, ਜਲੰਧਰ; ਫਗਵਾੜਾ (ਕਪੂਰਥਲਾ) ਮੌੜ ਮੰਡੀ (ਬਠਿੰਡਾ) | ਇਸ ਤੋਂ ਇਲਾਵਾ ਪੇਂਡੂ ਖੇਤਰ ਵਿਚ ਕਾਹਨਗੜ੍ਹ (ਸੰਗਰੂਰ). ਤਾਲਿਬਪੁਰ ਪੰਡੋਰੀ (ਗੁਰਦਾਸਪੁਰ), ਭੜਾਨਾ (ਫਿਰੋਜ਼ਪੁਰ), ਬੰਨ੍ਹ ਮਾਜਰਾ (ਰੋਪੜ) ਵਿਚ ਸਵਾਸਥ ਕੇਂਦਰ ਖੋਲ੍ਹਣ ਦੀ ਤਜ਼ਵੀਜ਼ ਸੀ ਪਰੰਤੂ ਇਹ ਵੀ ਵਿੱਤੀ ਸੰਕਟ ਹੋਣ ਕਾਰਨ ਖੋਲ੍ਹੇ ਨਹੀਂ ਜਾ ਸਕੇ। |
| 2 | 1991-92 | ਖੰਨਾ (ਲੁਧਿਆਣਾ), ਜਗਰਾਉਂ (ਲੁਧਿਆਣਾ) | ਸਬ-ਡਵੀਜਨ ਪੱਧਰ ਤੇ ਨਾਭਾ (ਪਟਿਆਲਾ), ਹੈਬੋਵਾਲ ਕਲਾਂ (ਲੁਧਿਆਣਾ) ਹੁਸ਼ਿਆਰਪੁਰ (ਪਰਾਪਰ), ਰਣਜੀਤ ਨਗਰ, ਜਲੰਧਰ, ਫਗਵਾੜਾ (ਕਪੂਰਥਲਾ) ਮੌੜ ਮੰਡੀ (ਬਠਿੰਡਾ) ਵਿਖੇ ਆਯੁਰਵੈਦਿਕ ਸਵਾਸਥ ਕੇਂਦਰ ਸਥਾਪਤ ਕੀਤੇ ਗਏ। ਇਸ ਤੋਂ ਇਲਾਵਾ ਪੇਂਡੂ ਖੇਤਰ ਵਿਚ ਕਾਹਨਗੜ੍ਹ (ਸੰਗਰੂਰ), ਤਾਲਿਬਪੁਰ, ਪੰਡੋਰੀ (ਗੁਰਦਾਸਪੁਰ), ਭੜਾਨਾ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਸਾਲ | ਸਬ-ਡਿਵੀਜਨਾਂ ਜਿਥੇ ਆਯੁਰਵੈਦਿਕ ਸਵਾਸਥ ਕੇਂਦਰ ਖੋਲ੍ਹਣ ਦੀ ਤਜਵੀਜ਼ | ਵਿਸ਼ੇਸ਼ ਕਥਨ |
|---|---|---|---|
| | | | (ਫਿਰੋਜ਼ਪੁਰ) ਬੰਨ੍ਹ ਮਾਜਰਾ (ਰੋਪੜ) ਵਿਖੇ ਵੀ ਆਯੁਰਵੈਦਿਕ ਸਵਾਸਥ ਕੇਂਦਰ ਖੋਲ੍ਹੇ ਗਏ। ਪਰੰਤੂ ਵਿੱਤੀ ਸੰਕਟ ਕਾਰਨ ਖੰਨਾ ਅਤੇ ਜਗਰਾਓਂ ਵਿਖੇ ਸਵਾਸਥ ਕੇਂਦਰ ਨਹੀਂ ਖੋਲ੍ਹੇ ਜਾ ਸਕੇ। |
| 3 | 1992-93 | | 6 ਆਯੁਰਵੈਦਿਕ ਸਵਾਸਥ ਕੇਂਦਰ ਸਬ ਡਵੀਜਨ ਪੱਧਰ ਤੇ ਸਥਾਪਤ ਕਰਨ ਦਾ ਟੀਚਾ ਸੀ, ਪਰੰਤੂ ਜ਼ਿਲ੍ਹਾ ਯੋਜਨਾ ਬੋਰਡਾਂ ਵੱਲੋਂ ਸਮੇਂ ਸਿਰ ਤਜਵੀਜ਼ ਪ੍ਰਾਪਤ ਨਹੀਂ ਹੋਈ ਜਿਸ ਕਰਕੇ ਇਹ ਸਵਾਸਥ ਕੇਂਦਰ ਖੋਲ੍ਹੇ ਨਹੀਂ ਜਾ ਸਕੇ। ਸਬ ਡਵੀਜ਼ਨ ਪੱਧਰ ਤੇ ਇਹ ਸਵਾਸਥ ਕੇਂਦਰ ਜ਼ਿਲ੍ਹਾ ਯੋਜਨਾ ਬੋਰਡ ਦੀ ਤਜਵੀਜ਼/ ਸਿਫਾਰਸ਼ ਅਨੁਸਾਰ ਹੀ ਖੋਲ੍ਹੇ ਜਾਣੇ ਸਨ। |
| 4 | 1993-94 | ਬਟਾਲਾ (ਗੁਰਦਾਸਪੁਰ) ਮਾਨਸਾ (ਪਰਾਪਰ), ਖੰਨਾ (ਲੁਧਿਆਣਾ), ਮੁਕੇਰੀਆਂ (ਹੁਸ਼ਿਆਰਪੁਰ), ਫ਼ਰੀਦਕੋਟ (ਪਰਾਪਰ), ਸੁਲਤਾਨਪੁਰ ਲੋਧੀ (ਕਪੂਰਥਲਾ), ਫ਼ਿਲੌਰ (ਜਲੰਧਰ)। | ਇਹਨਾਂ ਸਬ-ਡਵੀਜ਼ਨਾਂ ਵਿਚ ਸਵਾਸਥ ਕੇਂਦਰ ਖੋਲ੍ਹਣ ਲਈ ਯੋਜਨਾਬੰਦੀ ਵਿਭਾਗ ਨਾਲ ਲਿਖਾ ਪੜ੍ਹੀ ਚੱਲ ਰਹੀ ਹੈ। |

**ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਦੁਆਰਾ ਜੁੱਤੀਆਂ ਬਣਾਉਣ ਲਈ ਕਸੌਟੀ**

*1168. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਲਿਮਟਿਡ ਨੇ ਸਾਲ 1993 ਦੇ ਦੌਰਾਨ ਰਾਜ ਵਿਚ ਜਿਨ੍ਹਾਂ ਪ੍ਰਾਈਵੇਟ ਪਾਰਟੀਆਂ ਰਾਹੀਂ ਜੁੱਤੀਆਂ ਤਿਆਰ ਕਰਵਾਈਆਂ ਹਨ, ਉਨ੍ਹਾਂ ਦੇ ਨਾਂ ਕੀ ਹਨ ਅਤੇ ਉਕਤ ਪਾਰਟੀਆਂ ਰਾਹੀਂ ਜੁੱਤੀਆਂ ਦੇ ਕਿੰਨੇ ਜੋੜੇ ਤਿਆਰ ਕਰਵਾਏ ਗਏ ਅਤੇ ਅਜਿਹੀਆਂ ਪਾਰਟੀਆਂ ਨੂੰ ਆਰਡਰ ਦੇਣ ਲਈ ਕੀ ਕਸੌਟੀ ਅਪਣਾਈ ਗਈ ਹੈ?

Original with; Punjab Vidhan Sabha Digitized by; Panjab Digital Library

**ਸਰਦਾਰ ਬੇਅੰਤ ਸਿੰਘ :** ਸਾਲ 1993-94 ਵਿਚ (1 ਅਪ੍ਰੈਲ,1993 ਤੋਂ 30 ਨਵੰਬਰ, 1993) ਵਿਚ ਹੇਠ ਲਿਖੀਆਂ ਪ੍ਰਾਈਵੇਟ ਪਾਰਟੀਆਂ ਵਲੋਂ ਜੁੱਤੀਆਂ ਬਣਾਈਆਂ ਗਈਆਂ ਸਨ:—

| ਲੜੀ ਨੰ: | ਪਾਰਟੀ ਦਾ ਨਾਂ | ਤਿਆਰ ਕੀਤੇ ਜੋੜਿਆਂ ਦੀ ਗਿਣਤੀ |
|---|---|---|
| 1 | ਮੈਸ: ਨਿਊ ਸਰਦਾਰ ਬੂਟ ਹਾਊਸ, ਪਟਿਆਲਾ | 865 |
| 2 | ਮੈਸ: ਸਾਗਨ ਐਕਸਪੋਰਟ, ਲੁਧਿਆਣਾ | 360 |
| 3 | ਮੈਸ: ਆਰ.ਐਸ. ਲੈਦਰਵੇਅਰ, ਮੁਹਾਲੀ | 1877 |
| 4 | ਮੈਸ: ਅਜੈਕਸ਼ਨ ਲੈਦਰ (ਪੰਜਾਬ)ਲਿਮ: ਕੁਰਾਲੀ | 1866 |
| 5 | ਮੈਸ: ਗੋਲਡੀ ਫੁਟਵੇਅਰ ਪ੍ਰਾਈ ਲਿਮ: | 5288 |
| 6 | ਮੈਸ: ਰਾਜਨ ਫੁਟਵੀਅਰਜ, ਜਲੰਧਰ | 3656 |
| 7 | ਮੈਸ: ਅੱਬਾ ਇੰਟਰਪ੍ਰਾਈਜਜ, ਜਲੰਧਰ | 336 |
| | ਕੁੱਲ : | 14248 |

**ਆਰਡਰ ਦੇਣ ਦਾ ਤਰੀਕਾ**

ਵਿਗਿਆਪਨ ਰਾਹੀਂ ਟੈਂਡਰ ਮੰਗਵਾ ਕੇ ਆਰਡਰ ਦਿੱਤੇ ਗਏ ਸਨ। ਇਹ ਆਰਡਰ ਟ੍ਰੇਨਿੰਗ ਸੰਕੀਮ ਜਲੰਧਰ ਨੂੰ ਦਿਤਾ ਗਿਆ ਤਾਂ ਜੋ ਜਿਨ੍ਹਾਂ ਯੂਨਿਟਾਂ ਵਿਚ ਸਾਬਕਾ ਟ੍ਰੇਨੀਜ਼ ਕੰਮ ਕਰ ਰਹੇ ਹਨ ਵਿਚ ਵੰਡਿਆ ਜਾ ਸਕੇ। ਸ਼ੁਰੂ ਤੋਂ ਹੀ ਮੈਸ: ਨਿਊ ਸਰਦਾਰ ਬੂਟ ਹਾਊਸ, ਪਟਿਆਲਾ ਨਿਗਮ ਨੂੰ ਜੁਤੀਆਂ ਦੀ ਸਪਲਾਈ ਕਰ ਰਿਹਾ ਹੈ।

## UNSTARRED QUESTIONS AND ANSWERS

### ਅੰਮ੍ਰਿਤਸਰ ਵਿਖੇ ਅੱਖਾਂ ਦੀ ਖੇਤਰੀ ਸੰਸਥਾ ਸਥਾਪਿਤ ਕਰਨਾ

165. **ਸ੍ਰੀਮਤੀ ਵਿਮਲਾ ਡਾਂਗ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਅੰਮ੍ਰਿਤਸਰ ਵਿਖੇ ਅੱਖਾਂ ਦੀ ਖੇਤਰੀ ਸੰਸਥਾ ਸਥਾਪਿਤ ਕਰਨ ਦਾ ਕੋਈ ਵਿਚਾਰ ਹੈ : ਜੇਕਰ ਹੈ, ਤਾਂ ਕਦੋਂ?

**ਸ੍ਰੀ ਬ੍ਰਹਮ ਮਹਿੰਦਰਾ** (ਖੋਜ ਅਤੇ ਮੈਡੀਕਲ ਸਿੱਖਿਆ ਮੰਤਰੀ): '8ਵੀਂ ਪੰਜ ਸਾਲਾ ਯੋਜਨਾ ਦੌਰਾਨ ਭਾਰਤ ਸਰਕਾਰ ਵਲੋਂ 100 ਪ੍ਰਤੀਸ਼ਤ ਕੇਂਦਰੀ ਸਹਾਇਤਾ ਅੰਨ੍ਹੇਪਣ ਨੂੰ ਰੋਕਣ ਲਈ ਰਾਸ਼ਟਰੀ ਪ੍ਰੋਗਰਾਮ ਅਧੀਨ ਕਿਸ਼ਤਾਂ ਵਿੱਚ ਮੁਹੱਈਆ ਕੀਤੀ ਜਾ ਰਹੀ ਹੈ। ਰਾਜ ਸਰਕਾਰ ਇਸ ਸਹਾਇਤਾ ਨਾਲ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਅੱਖਾਂ ਦੀ ਖੇਤਰੀ ਸੰਸਥਾ ਸਥਾਪਿਤ ਕਰ ਰਹੀ ਹੈ।

Original with;
Punjab Vidhan Sabha
Digitized by;
Panjab Digital Library

## ਧਾਰਮਿਕ ਪੂਜਾ ਵਾਲੇ ਸਥਾਨਾ ਦੇ ਵਿਕਾਸ ਅਤੇ ਦੇਖਰੇਖ ਤੇ ਕੀਤਾ ਗਿਆ ਖਰਚ

166. 1. ਸ਼੍ਰੀਮਤੀ ਵਿਮਲਾ ਡਾਂਗ
2. ਕਾਮਰੇਡ ਹਰਦੇਵ ਸਿੰਘ ਅਰਸ਼ੀ } :ਕੀ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਰਾਜ ਮੰਤਰੀ ਕਿਰਪਾ ਕਰਕੇ :—

(ੳ) ਦੱਸਣਗੇ ਕਿ ਵੱਖ-ਵੱਖ ਸਾਲਾਂ 1992-93 ਅਤੇ 1993-94 ਦੇ ਦੌਰਾਨ ਰਾਜ ਵਿੱਚ ਧਾਰਮਿਕ ਪੂਜਾ ਵਾਲੇ ਸਥਾਨਾਂ ਦੇ ਵਿਕਾਸ ਅਤੇ/ਜਾਂ ਦੇਖ-ਰੇਖ ਤੇ ਸਰਕਾਰ ਦੁਆਰਾ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ;

(ਅ) ਅਜਿਹੇ ਹਰ ਇੱਕ ਧਾਰਮਿਕ ਪੂਜਾ ਸਥਾਨ ਤੇ ਸਾਲ-ਵਾਰ ਖਰਚ ਕੀਤੀ ਗਈ ਰਕਮ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਣਗੇ ?

**ਸਰਦਾਰ ਬੇਅੰਤ ਸਿੰਘ**(ਮੁੱਖ ਮੰਤਰੀ) : ਮੰਗੀ ਗਈ ਸੂਚਨਾ ਇਸ ਤਰ੍ਹਾਂ ਹੈ:--

| | | |
|---|---|---|
| (ੳ) | 1992-93 | 50,000 ਰੁਪਏ |
| | 1993-94 | ਨਿਲ |

(ਅ) ਸਾਲ 1992-93 ਦੌਰਾਨ ਖਰਚੇ ਦਾ ਵੇਰਵਾ :--

1. (i) ਕਾਲੀ ਦੇਵੀ ਮੰਦਰ ਸੰਗਰੂਰ ਦੀ ਬਾਉਂਡਰੀ ਵਾਲ ਦੀ ਰੈਨੋਵੇਸ਼ਨ ਲਈ 16,500 ਰੁ.

(ii) ਸ਼ਾਹੀ ਸਮਾਧਾਂ ਗੁਰਦੁਆਰਾ ਸੰਗਰੂਰ ਦੀ ਮੁਰੰਮਤ ਲਈ 33,500 ਰ:

2. ਸਾਲ 1993-94 ਕੋਈ ਨਹੀਂ

## ਮਾਲੇਰਕੋਟਲਾ ਵਿਚ ਦੰਗਾ-ਪੀੜਤ ਵਿਅਕਤੀਆਂ ਨੂੰ ਰਾਹਤ

**170. ਸ਼੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਜਿਹੇ ਹਰ ਇਕ ਵਿਅਕਤੀ ਨੂੰ ਕਿਹੋ ਜਿਹੀ ਅਤੇ ਕਿਸ ਹੱਦ ਤੱਕ ਦੀ ਸਹਾਇਤਾ ਦਿੱਤੀ ਗਈ ਜਿਨ੍ਹਾਂ ਦੀਆਂ ਸੰਪਤੀਆਂ ਨੂੰ 6 ਦਸੰਬਰ, 1992 ਨੂੰ ਬਾਬਰੀ ਮਸਜਿਦ ਦੇ ਢਾਉਣ ਤੋਂ ਬਾਅਦ ਮਾਲੇਰਕੋਟਲਾ ਸ਼ਹਿਰ ਵਿਚ ਹਏ ਫਸਾਦਾਂ ਦੌਰਾਨ ਨੁਕਸਾਨ ਹੋਇਆ ਅਤੇ ਲਾਭਪਾਤਰਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਰਾਹਤ ਵੱਜੋਂ ਕੁਲ ਕਿੰਨੀ ਰਕਮੀ ਦਿੱਤੀ ਗਈ ?

**ਸਰਦਾਰ ਬੇਅੰਤ ਸਿੰਘ** : ਮਿਤੀ 6 ਦਸੰਬਰ, 1992 ਨੂੰ ਬਾਬਰੀ ਮਸਜਿਦ ਢਾਹੀ ਜਾਣ ਮਗਰੋਂ ਅਯੁੱਧਿਆ ਵਿਖੇ ਵਾਪਰੀਆਂ ਘਟਨਾਵਾਂ ਦੇ ਸਿੱਟੇ ਵਜੋਂ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ ਵਿਚ ਦੰਗੇ ਹੋਏ। ਇਨ੍ਹਾਂ ਵਿਚ ਤਿੰਨ ਸੰਸਥਾਵਾਂ ਅਤੇ 14 ਵਿਅਕਤੀਆਂ ਦਾ 23.50 ਲੱਖ ਰੁਪਏ ਦਾ ਮਾਲੀ ਨੁਕਸਾਨ ਹੋਇਆ ਸੀ। ਅੰਤ੍ਰਿਮ ਸਹਾਇਤਾ ਵਜੋਂ ਹਰ ਇਕ ਸੰਸਥਾ/ਵਿਅਕਤੀ ਨੂੰ 2,000 ਰਪਏ ਜ਼ਿਲ੍ਹਾ ਰੈਡ ਕਰਾਸ ਫੰਡ ਵਿਚੋਂ ਦਿੱਤੇ ਗਏ। ਪੰਜਾਬ ਸਰਕਾਰ ਦੀ ਨੀਤੀ ਅਨੁਸਾਰ 7.50 ਲੱਖ ਰੁਪਏ ਦਾ ਹੋਰ ਭੁਗਤਾਨ ਅਨੁਲੱਗ 1 ਵਿੱਚ ਦਰਸਾਏ ਗਏ ਵੇਰਵੇ ਅਨੁਸਾਰ ਕੀਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

## ANNEXURE-I

### STATEMENT SHOWING THE DETAILS OF PERSONS/INSTITUTIONS WHICH SUFFERED LOSS IN MALERKOTLA/RELIEF PAID

| Serial No. | Name of Affected Person/Institution | Estimate of Loss | Relief Paid |
|---|---|---|---|
| 1 | 2 | 3 | 4 |
| | | Rs. | Rs. |
| 1 | Krishan Chand son of Dharam Chand, Malerkotla | 5,00,000 | 1,00,000 |
| 2 | Paramjit son of Dharam Chand, Malerkotla | 50,000 | 25,000 |
| 3 | M/s. Chanan Ram Des Raj, Malerkotla | 40,000 | 20,000 |
| 4 | Abdul Rajak, son of Mohammad Isaq, Malerkotla | 3,000 | 1,500 |
| 5 | Rajiv Dutt, Dutta Cloth House, Malerkotla | 1,50,000 | 75,000 |
| 6 | Prem Chand, son of Hans Raj Minakshi Provision Store, Malerkotla | 1,25,000 | 62,500 |
| 7 | Nand Lal son of Dila Ram, Malerkotla | 5,000 | 2,500 |
| 8 | Lachhman Dass, Blue Star Tailor, Malerkotla | 5,000 | 2,500 |
| 9 | Harish Chander son of Ishar Dass M/S. Banka Mall son of Ishar Dass, Malerkotla | 1,00,000 | 50,000 |
| 10 | Mohammad Ikbal, Shahi Dupatta House, Malerkotla | 2,50,000 | 1,00,000 |
| 11 | M/s. Garg Steel Industry, Malerkotla | 35,000 | 17,500 |
| 12 | Karam Chand son of Ram Dass, Honey Imporium, Malerkotla | 4,00,000 | 1,00,000 |
| 13 | Mohammad Rafiq son of Umardin, Malerkotla | 10,000 | 5,000 |
| 14 | Mohammad Salim son of Mohammad Suleman, Malerkotla | 10,000 | 5,000 |
| 15 | Kursi Ram, Pujari, Vishavkarama Mandir, Malerkotla | 25,000 | 12,500 |
| 16 | S.S. Jain Sabha, Moti Bazar, Malerkotla | 5,00,000 | 1,00,000 |
| 17 | Vishavkarama Mandir (Vishavkarma Chowk), Malerkotla | 1,40,000 | 70,000 |
| 18 | Shiv Mandir, Malerkotla | 2,000 | 1,000 |
| | Total | 23,50,000 | 7,50,000 |

Original with;
Punjab Vidhan Sabha
Digitized by;
Panjab Digital Library

**Un Starred Question No. 171***

(Extension has been asked for in respect of Unstarred Question No. 171)

**ਮਾਨਸਾ ਵਿਖੇ ਜ਼ਿਲ੍ਹਾ ਕੰਪਲੈਕਸ ਦੀ ਉਸਾਰੀ**

175. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1992-93 ਦੇ ਦੌਰਾਨ ਜ਼ਿਲ੍ਹਾ ਮਾਨਸਾ ਵਿਖੇ ਨਵਾਂ ਜ਼ਿਲ੍ਹਾ ਕੰਪਲੈਕਸ ਬਣਾਉਣ ਲਈ ਕੁੱਲ ਕਿੰਨੀ ਰਕਮ ਮਨਜ਼ੂਰ ਕੀਤੀ ਗਈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਵਿਚੋਂ 31 ਮਾਰਚ, 1993 ਤੱਕ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਰਕਮ ਨਾਲ ਉਕਤ ਕੰਪਲੈਕਸ ਦੇ ਮੁਕੰਮਲ ਕੀਤੇ ਗਏ ਹਿੱਸਿਆਂ ਦੇ ਵੇਰਵੇ ਕੀ ਹਨ?

**ਸਰਦਾਰ ਬੇਅੰਤ ਸਿੰਘ** : (ੳ) ਜ਼ਿਲ੍ਹਾ ਮਾਨਸਾ ਵਿਖੇ ਨਵਾਂ ਜ਼ਿਲ੍ਹਾ ਕੰਪਲੈਕਸ ਬਣਾਉਣ ਲਈ ਸਾਲ 1992-93 ਦੌਰਾਨ ਕੋਈ ਰਕਮ ਮੰਨਜ਼ੂਰ ਨਹੀਂ ਕੀਤੀ ਗਈ ਸੀ।

(ਅ) ਸਵਾਲ ਪੈਦਾ ਹੀ ਨਹੀਂ ਹੁੰਦਾ ;

(ੲ) ਸਵਾਲ ਪੈਦਾ ਹੀ ਨਹੀਂ ਹੁੰਦਾ ।

**Unstarred Question No. 176***

(Extension has been asked for in respect of Unstarred Question No. 176)

**ਐਮ.ਐਲ.ਏਜ਼ ਦੇ ਸੁਰੱਖਿਆ ਖਰਚੇ ਵਿਚ ਕਟੌਤੀ**

177. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 10ਵੀਂ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਨੂੰ ਸਰਕਾਰ ਦੁਆਰਾ ਦਿੱਤੀ ਗਈ ਪੁਲਿਸ ਸੁਰੱਖਿਆ ਤੇ ਹੁਣ ਤੱਕ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ;

(ਅ) ਕੀ ਸਰਕਾਰ ਦਾ ਰਾਜ ਵਿਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਵਿਚ ਸੁਧਾਰ ਆ ਜਾਣ ਦੇ ਮੱਦੇ ਨਜ਼ਰ ਮੈਂਬਰਾਂ ਨੂੰ ਮੁਹੱਈਆ ਕੀਤੇ ਗਏ ਸੁਰੱਖਿਆ ਕਰਮਚਾਰੀਆਂ ਨੂੰ ਵਾਪਸ ਲੈਣ ਉਨ੍ਹਾਂ ਦੀ ਗਿਣਤੀ ਘੱਟ ਕਰਨ ਦਾ ਵਿਚਾਰ ਹੈ; ਜੇਕਰ ਨਹੀਂ, ਤਾਂ ਇਸਦੇ ਕੀ ਕਾਰਣ ਹਨ?

**ਸਰਦਾਰ ਬੇਅੰਤ ਸਿੰਘ** : (ੳ) 10ਵੀਂ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਨੂੰ ਸਰਕਾਰ ਦੁਆਰਾ ਦਿੱਤੀ ਗਈ ਸੁਰੱਖਿਆ ਤੇ ਹੁਣ ਤੱਕ 8,17,05,855-49 ਰੁਪਏ (ਅੰਦਾਜ਼ਨ) ਦੀ ਰਕਮ ਖਰਚ ਕੀਤੀ ਗਈ ਹੈ ;

(ਅ) ਰਾਜ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਵਿੱਚ ਸੁਧਾਰ ਆ ਜਾਣ ਕਾਰਨ ਸੁਰੱਖਿਆ ਖਰਚੇ ਨੂੰ ਘਟਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਮੰਤਵ ਲਈ ਵੀ.ਆਈ.ਪੀ. ਧਮਕੀ

---

*For unstarred Questions No. 171 and 176 and replies thereto, please see Appendix to this Debates.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਗ੍ਰਹਿਸਤ ਵਿਅੱਕਤੀਆਂ, ਜਿਨ੍ਹਾਂ ਵਿੱਚ ਵਿਧਾਨ ਸਭਾ ਦੇ ਮੈਂਬਰ ਵੀ ਸ਼ਾਮਿਲ ਹਨ, ਨੂੰ ਪ੍ਰਦਾਨ ਕੀਤੀ ਸੁਰੱਖਿਆ ਦੀ ਲਗਾਤਾਰ ਸਮੀਖਿਆ ਕੀਤੀ ਜਾਂਦੀ ਹੈ ਅਤੇ ਜਿਥੇ ਸੰਭਵ ਹੋਈ ਸੁਰੱਖਿਆ ਘਟਾ ਦਿੱਤੀ ਗਈ ।

---

## ਟਿਊਬਵੈਲ ਕੁਨੈਕਸ਼ਨਾਂ ਲਈ ਪੈਂਡਿੰਗ ਅਰਜ਼ੀਆਂ

185. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰਾਜ ਬਿਜਲੀ ਬੋਰਡ ਪਾਸ ਇਸ ਸਮੇਂ ਟਿਊਬਵੈਲ ਕੁਨੈਕਸ਼ਨਾਂ ਦੀ ਮਨਜ਼ੂਰੀ ਲਈ ਪੈਂਡਿੰਗ ਪਈਆਂ ਅਰਜ਼ੀਆਂ ਦੀ ਜ਼ਿਲ੍ਹੇ-ਵਾਰ ਗਿਣਤੀ ਕਿੰਨੀ ਹੈ ਅਤੇ ਉਕਤ ਅਰਜ਼ੀਆਂ ਕਿਸ ਸਾਲ ਤੋਂ ਪੈਂਡਿੰਗ ਪਈਆਂ ਹਨ ?

**ਸਰਦਾਰ ਬੇਅੰਤ ਸਿੰਘ ;** (ੳ) ਟਿਊਬਵੈਲ ਕੁਨੈਕਸ਼ਨਾਂ ਲਈ ਜ਼ਿਲ੍ਹੇ-ਵਾਰ ਬਕਾਇਆ ਪਈਆਂ ਅਰਜ਼ੀਆਂ ਮਿਤੀ 30 ਸਤੰਬਰ, 1993 ਤੱਕ ਹੇਠ ਲਿਖੇ ਅਨੁਸਾਰ ਹਨ:--

| | |
|---|---|
| (1) ਅੰਮ੍ਰਿਤਸਰ | 29880 |
| (2) ਗੁਰਦਾਸਪੁਰ | 16707 |
| (3) ਜਲੰਧਰ | 22763 |
| (4) ਕਪੂਰਥਲਾ | 11673 |
| (5) ਬਠਿੰਡਾ | 11550 |
| (6) ਫਿਰੋਜ਼ਪੁਰ | 28583 |
| (7) ਹੁਸ਼ਿਆਰਪੁਰ | 13982 |
| (8) ਫਰੀਦਕੋਟ | 35014 |
| (9) ਲੁਧਿਆਣਾ | 29105 |
| (10) ਪਟਿਆਲਾ | 30257 |
| (11) ਸੰਗਰੂਰ | 46974 |
| (12) ਰੋਪੜ | 7165 |
| (13) ਫਤਿਹਗੜ੍ਹ ਸਾਹਿਬ | 8390 |
| (14) ਮਾਨਸਾ | 8183 |
| | 300226 |

Original with;
Punjab Vidhan Sabha
Digitized by;
Panjab Digital Library

(ਅ) ਜਨਰਲ ਕੈਟਾਗਰੀ ਦੀਆਂ ਟਿਊਬਵੈੱਲ ਕੁਨੈਕਸ਼ਨ ਲਈ ਬਿਨੈਕਾਰ ਨੂੰ ਡਿਮਾਂਡ ਨੋਟਿਸ, ਜਾਰੀ ਕਰਨ ਲਈ ਕਟ-ਆਫ-ਡੇਟ 30 ਸਤੰਬਰ, 1983 ਹੈ। ਇਸ ਲਈ ਬਕਾਇਆ ਅਰਜ਼ੀਆਂ ਮਿਤੀ 1 ਅਕਤੂਬਰ, 1983 ਤੋਂ ਬਾਅਦ ਦੀਆਂ ਹਨ।

(ਇਸ ਸਮੇਂ ਬਹੁਜਨ ਸਮਾਜ ਪਾਰਟੀ ਦੇ ਮੈਂਬਰਾਂ ਨੇ ਕਾਲੇ ਚੋਗੇ ਪਹਿਨ ਲਏ)

**ਵਿੱਤ ਮੰਤਰੀ:** ਰੂਲਜ਼ ਅੱਛੀ ਤਰ੍ਹਾਂ ਸਪੱਸ਼ਟ ਕਰਦੇ ਹਨ ਕਿ ਕੋਈ ਇਥੇ ਕਾਲੇ ਕੱਪੜੇ ਪਹਿਨ ਕੇ ਦਾਖਲ ਨਹੀਂ ਹੋ ਸਕਦਾ। ਕੋਈ ਇਸ ਤਰ੍ਹਾਂ ਦੀ ਯੂਨੀਫਾਰਮ ਪਹਿਨ ਕੇ ਸਦਨ ਵਿਚ ਨਹੀਂ ਆ ਸਕਦਾ। ਇਸ ਕਰਕੇ ਮੈਂਬਰ ਸਾਹਿਬਾਨ ਨੂੰ ਕਿਹਾ ਜਾਵੇ ਕਿ ਜਿਹੜੇ ਇਨ੍ਹਾਂ ਨੇ ਕਾਲੇ ਚੋਗੇ ਪਹਿਨ ਕੇ ਉਪਰ ਨਾਹਰੇ ਲਿਖਕੇ ਸਦਨ ਵਿਚ ਆਏ ਹਨ, ਇਹ ਸਦਨ ਦੇ ਮਾਣ ਦੀ ਹਤਕ ਹੈ। I feel this is a contempt of the House. ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਨੂੰ ਕਿਹਾ ਜਾਵੇ ਕਿ ਇਹ ਕਾਲੇ ਚੋਗੇ ਉਤਾਰ ਕੇ ਹਾਊਸ ਵਿੱਚ ਆਉਣ ਅਤੇ ਆਪਣੀਆਂ ਸੀਟਾਂ ਤੇ ਬੈਠ ਕੇ ਸਦਨ ਦੀ ਕਾਰਵਾਈ ਵਿੱਚ ਹਿੱਸਾ ਲੈਣ।

## WALK OUT

(ਇਸ ਸਮੇਂ ਸਾਰੀ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਬੀ.ਐਸ.ਪੀ ਦੇ ਮੈਂਬਰ ਸਾਹਿਬਾਨ ਨਾਹਰੇ ਮਾਰਦੇ ਹੋਏ ਵੈੱਲ ਆਫ ਦੀ ਹਾਊਸ ਵਿੱਚ ਆ ਗਏ ਔਰ ਉਥੇ ਖੜ੍ਹੇ ਹੋ ਕੇ ਨਾਹਰੇ ** ** ** ** ਮਾਰਨ ਲਗ ਪਏ) ਇਸ ਤੋਂ ਬਾਅਦ ਉਨ੍ਹਾਂ ਨੇ ਮਾਨਯੋਗ ਸਪੀਕਰ ਦੇ ਪੋਡੀਅਮ ਵੱਲ ਚੜ੍ਹਨ ਦੀ ਕੋਸ਼ਿਸ਼ ਕੀਤੀ ਪਰੰਤੂ ਵਾਚ ਐਂਡ ਵਾਰਡ ਸਟਾਫ ਨੇ ਉਨ੍ਹਾਂ ਨੂੰ ਉਪਰ ਚੜ੍ਹਨ ਤੋਂ ਰੋਕ ਲਿਆ।)

**Mr Speaker :** No Point of Order. Slogans are not to be recorded.

(ਇਸ ਸਮੇਂ ਬੀ.ਜੇ.ਪੀ, ਸੀ.ਪੀ.ਆਈ., ਐਸ.ਏ.ਡੀ.(ਕੇ)., ਸੀ.ਪੀ.ਆਈ(ਐਮ), ਜਨਤਾ ਦਲ ਅਤੇ ਆਈ.ਪੀ.ਐਫ. ਦੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਵਿਚੋਂ ਵਾਕ-ਆਊਟ ਕਰ ਗਏ।)

## MOTION UNDER RULE 16

**Finance Minister (Doctor Kewal Krishan):** Sir, I beg to move—

That the Vidhan Sabha (Assembly) at its rising this day shall stand adjourned *sine-die*.

**Mr. Speaker:** Motion moved—

That the Vidhan Sabha (Assembly) at its rising this day shall stand adjourned *sine-die*.

**Mr. Speaker:** Question is—

That the Vidhan Sabha (Assembly) at its rising this day shall stand adjourned *sine-die*.

*The motion was carried.*

(At this stage some Hon'ble Members of the Opposition were standing to raise Points of Order.)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker:** No point of Order. A Minister to lay the papers on the Table.

## PAPERS LAID ON THE TABLE

**Finance Minister (Doctor Kewal Krishan):** Sir, I beg to lay on the Table—

1. The Annual Reports on the working of the Punjab Women and Children Development and Welfare Corporation for the years, 1986-87 to 1990-91, as required under section 28(6) of the Punjab Women and Children Development and Welfare Corporation Act, 1979.

2. The Administration Report of the Pepsu Road Transport Corporation, Patiala for the year, 1991-92, as required under section 35(3) of the Road Transport Corporation Act, 1950.

3. The Annual Audited Accounts and Balance Sheets of the Punjab School Education Board for the years 1985-86 and 1986-87 as required under section 19(5) of the Punjab School Education Board Act, 1969.

**Mr. Speaker:** Chairman, Public Accounts Committee to present the Reports.

(At this stage Hon'ble Members of the B.S.P. who were standing in the well of the House were raising slogans ** ** **)

**Mr. Speaker:** Slogans are not to be recorded.

## PRESENTATION OF REPORTS OF THE COMMITTEES

**The Chairman, Public Accounts Committee (Sardar Gurbinder Singh Atwal):** Sir I beg to present the—

(i) 89th Report of the Committee on Public Accounts on the Appropriation Accounts of the Government of Punjab for the year, 1979-80 and the Report of the Comptroller and Auditor General of India for the year, 1979-80 (Revenue Receipts) relating to the Excise and Taxation Department and Agriculture Department ;

(ii) 90th Report of the Committee on Public Accounts on the Appropriation Accounts of the Government of Punjab for the years, 1978-79, 1979-80, 1980-81 and 1981-82 and the Report of the Comptroller and Auditor General of India for the years, 1978-79, 1979-80, 1980-81 and 1981-82 (Revenue Receipts) relating to the Transport Department ; and

(iii) 91st Report of the Committee on Public Accounts on the Appropriation Accounts of the Government of Punjab for the year, 1982-83 and the Report of the Comptroller and Auditor General of India for the year, 1982-83 (Revenue Receipts) relating to the Excise and Taxation Department

**The Chairman, Committee on Public Undertakings (Sardar Jasbir Singh):** Sir, I beg to present the—

43rd Report of the Committee on Public Undertakings for the year, 1993-94, on the Audit Paras appearing in the Reports of the Comptroller and Auditor-General of India for the year, 1974-75, 1975-76, 1976-77 and 1978-79 (Commercial) relating to the Punjab State Electricity Board.

**Not recorded as ordered by the Chair.

Original with;
Punjab Vidhan Sabha
Digitized by;
Panjab Digital Library

(At this stage Hon'ble Members of the B.S.P. who were standing in the well of the House were raising slogans** **

**Mr. Speaker:** I will request the Hon'ble Members to resume their seats. Their protest is over. It has been seen. Slogans are not to be recorded. Please sit down. Now resume your seats.

---

## LEGISLATIVE BUSINESS

## RESOLUTION UNDER ARTICLE 213(2) (a) OF THE CONSTITUTION OF INDIA DISAPPROVING THE PUNJAB RURAL DEVELOPMENT (AMENDMENT) ORDINANCE, 1993 (PUNJAB ORDINANCE NO. 7 OF 1993) AND THE PUNJAB RURAL DEVELOPMENT (AMENDMENT) BILL, 1993

**Mr. Speaker:** Comrade Hardev Singh Arshi has given notice of Resolution disapproving the Punjab Rural Development (Amendment) Ordinance 1993 (Punjab Ordinance No. 7 of 1993). This may be deemed to have been read and moved.

**Comrade Hardev Singh Arshi:**

That this House disapproves the Punjab Rural Development (Amendment) Ordinance, 1993 (Punjab Ordinance No. 7 of 1993).

**Mr. Speaker:** If the House agrees, the Resolution disapproving the Ordinance and the Consideration Motion of the Punjab Rural Development (Amendment) Bill, 1993 be discussed together and voted upon separately.

**(Voices : Yes, Yes).**

**Agriculture and Forest Minister (Sardar Dilbagh Singh Nawanshahr):** Sir, I beg to introduce the Punjab Rural Development (Amendment) Bill,

Sir, I also beg to move—

That the Punjab Rural Development (Amendment) Bill be taken into consideration at once.

**Mr. Speaker:** Motion moved—

That the Punjab Rural Development (Amendment) Bill be taken into consideration at once.

**Mr. Speaker:** Discussion. Arshi Ji.

(At this stage Hon'ble Members of the B.S.P. who were still standing in the well of the House were raising slogans ** ** **)

**Mr. Speaker:** Please go to your seats. I request you to please resume your seats. Slogans are not to be recorded.

---

**Not recorded as ordered by the Chair.

*Original with;*
Punjab Vidhan Sabha
*Digitized by;*
Panjab Digital Library

**ਕਾਮਰੇਡ ਹਰਦੇਵ ਸਿੰਘ ਅਰਸ਼ੀ**: ਸਪੀਕਰ ਸਾਹਿਬ, ਮੈਂਬਰਜ਼, ਤਕਰੀਬਨ ਸਾਰੀ ਆਪੋਜ਼ੀਸ਼ਨ ਇਹ ਗੱਲ ਕਹਿੰਦੀ ਹੈ ਕਿ ਸਾਡੀ ਗੱਲ ਸੁਣ ਲਈ ਜਾਵੇ।(ਸ਼ੋਰ) (ਬੀ.ਐਸ.ਪੀ. ਦੇ ਮੈਂਬਰ ਸਾਹਿਬਾਨ ਹਾਊਸ ਦੇ ਵੱਲ ਖੜ੍ਹੇ ਬਹੁਤ ਉਚੀ ਉਚੀ ਬੋਲ ਰਹੇ ਸਨ, ਅਤੇ ਸਦਨ ਵਿਚ ਬਹੁਤ ਸ਼ੋਰ ਪੈਣ ਕਾਰਨ ਕੁਝ ਸਾਫ ਸੁਣਾਈ ਨਹੀਂ ਸੀ ਦੇ ਰਿਹਾ )

ਮੈਂਬਰਾਂ ਦੀ ਗੱਲ ਸੁਣ ਲਈ ਜਾਵੇ ਤਾਂ ਕਿ ਸਾਰੀਆਂ ਪਾਰਟੀਆਂ ਦੇ ਮੈਂਬਰਜ਼ ਆਪਣੀਆਂ ਆਪਣੀਆਂ ਸੀਟਾਂ ਤੇ ਚਲੇ ਜਾਣ। (ਸ਼ੋਰ) ਸਪੀਕਰ ਸਾਹਿਬ, ਤੁਸੀਂ ਮੋਸ਼ਨ ਮੂਵ ਕੀਤੀ ਹੈ, ਰੂਲਜ਼ ਦੇ ਮੁਤਾਬਿਕ ਹਰ ਮੈਂਬਰ ਨੂੰ ਬੋਲਣ ਦਾ ਹੱਕ ਹੈ।(ਸ਼ੋਰ)

**ਵਿੱਤ ਮੰਤਰੀ**: ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਨੂੰ ਕਹੋ ਕਿ ਇਨ੍ਹਾਂ ਨੇ ਜਿਹੜੇ ਕਪੜੇ ਪਹਿਨੇ ਹੋਏ ਹਨ ਉਹ ਉਤਾਰ ਕੇ ਆਉਣ।(ਸ਼ੋਰ) ਇਸ ਤਰ੍ਹਾਂ ਦੇ ਕਪੜੇ ਪਹਿਨਣੇ ਅਤੇ ਉਨ੍ਹਾਂ ਤੇ ਇਸ ਤਰ੍ਹਾਂ ਦੇ ਕੋਈ ਸ਼ਬਦ ਲਿਖਣੇ ਠੀਕ ਨਹੀ, ਇਨ੍ਹਾਂ ਨੂੰ ਕਹੋ ਕਿ ਇਹ ਕਪੜੇ ਉਪਰੋਂ ਉਤਾਰ ਕੇ ਆਉਣ। ਹਾਊਸ ਦੀ ਮਾਣ ਮਰਿਯਾਦਾ ਨੂੰ ਇਹ ਕਾਇਮ ਰੱਖਣ।

(ਬੀ.ਐਸ.ਪੀ ਦੇ ਮੈਂਬਰ ਸਾਹਿਬਾਨ ਹਾਊਸ ਦੇ ਵੱਲ ਵਿਚ ਸਲੋਗਨਜ਼ ** ** ** ਲਾ ਰਹੇ ਸਨ । )

**ਸ੍ਰੀ ਸਪੀਕਰ**: ਮੈਂ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਕਹਾਂਗਾ ਔਰ ਉਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਇਹੋ ਜਿਹੀ ਡਰੈਸ ਹਾਊਸ ਵਿਚ ਪਾਕੇ ਆਉਣਾ, ਹਾਊਸ ਦੀ ਮਰਿਆਦਾ ਦੇ ਖਿਲਾਫ ਹੈ ਔਰ ਚੰਗਾ ਨਹੀਂ ਲਗਦਾ। ਇਸ ਕਰਕੇ ਉਹ ਆਪਣੀ ਪਰਾਪਰ ਡਰੈਸ ਵਿਚ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਜਾਣ। (ਵਿਘਨ) (ਸ਼ੋਰ) ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ।

**Mr. Speaker:** Question is—

That this House disapproves the Punjab Rural Development (Amendment) Ordinance, 1993 (Punjab Ordinance No. 7 of 1993).

*The Motion was lost.*

**Mr. Speaker:** Question is—

That the Punjab Rural Development (Amendment) Bill be taken into consideration at once.

*The Motion was carried.*

**Mr. Speaker:** Now the House will proceed to consider the Bill Clause by Clause. If the House agrees, all the Clauses of the Bill be put to to the vote of House together ?

(Voice: Yes, yes.)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**Sub-Clause (2) of Clause I, Clause 2, Clause 3, Clause 4, Clause 5 and Sub-Clause (1) of Clause 1 :**

**Mr. Speaker:** Question is—

That Sub-Clause (2) of Clause 1, Clause 2, Clause 3, Clause 4, Clause 5 and Sub-clause (1) of clause 1 stand-part of the Bill.

*The Motion was carried.*

**Title**

**Mr. Speaker:** Question is—

That Title be the Title of the Bill.

*The Motion was carried.*

**Agriculture and Forests Minister (Sardar Dilbagh Singh Nawanshahr) :** Sir, I beg to move—

That the Punjab Rural Development (Amendment) Bill be passed.

**Mr. Speaker:** Motion moved—

That the Punjab Rural Development (Amendment) Bill be passed.

**Mr. Speaker:** Question is—

That the Punjab Rural Development (Amendment) Bill be passed.

*The Motion was carried.*

---

## RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB MUNICIPAL CORPORATION (AMENDMENT) ORDINANCE, 1993 (PUNJAB ORDINANCE NO. 8 OF 1993).

## AND

## THE PUNJAB MUNICIPAL CORPORATION (AMENDMENT) BILL, 1993

**Mr. Speaker:** Shrimati Vimla Dang and Comrade Hardev Singh Arshi have given notices of Resolution diapproving the Punjab Minicipal Corporation (Amendment) Ordinance, 1993 (Punjab Ordinance No. of 8 1993). These may be deemed to have been read and moved.

**Smt. Vimla Dang :**

That this House disapproves the Punjab Municipal Corporation (Amendment) Ordinance, 1993 (Punjab Ordinance No. 8 of 1993).

**Comrade Hardev Arshi :—**

That the House disapproved the Punjab Municipal (Amendment) Ord inance, 1993 (Punjab Ordinance No. 8 ef 1993)

Original with;
Punjab Vidhan Sabha
Digitized by;

**Mr. Speaker**: If the House agrees, the Resolution disapproving the Punjab Municipal Corporation (Amendment) Ordinance, 1993 (Punjab Ordinance No. 8 of 1993) and the consideration motion of the Punjab Municipal Corporation (Amendment) Bill, 1993 be discussed together and voted upon separately.

(Voices : Yes, yes).

**Finance Minister (Doctor Kewal Krishan)**: Sir, I beg to introduce the Punjab Municipal Corporation (Amendment) Bill.

Sir, I also beg to move—

That the Punjab Municipal Corporation (Amendment) Bill be taken into consideration at once.

**Mr. Speaker**: Motion moved—

That the Punjab Municipal Corporation (Amendment) Bill be taken into consideration at once.

Discussion, if any.

(Hon. Members belonging to the B.S.P. were still standing and raising slogans in the well of the House. These slogans were not recorded under orders of the Hon. Speaker).

**Mr. Speaker**: Question is—

That this House disapproves the Punjab Municipal Corporation (Amendment) Ordinance, 1993 (Punjab Ordinance No. 8 of 1993).

*The Motion was lost.*

**Mr. Speaker**: Question is—

That the Punjab Municipal Corporation (Amendment) Bill be taken into consideration at once.

*The Motion was carried.*

**Mr. Speaker** : Now the House will proceed to consider the Bill Clause-by-Clause.

**Sub-Clause (2) of Clause 1**

**Mr. Speaker**: Question is—

That Sub-Clause (2) of Clause 1 stand part of the Bill.

*The Motion was carried.*

**Clause-2**

**Mr. Speaker** : Question is—

That Clause 2 stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

### Clause 3

**Mr. Speaker:** Question is—

That Clause 3 stand part of the Bill.

*The Motion was carried.*

### Sub-Clause (1) of Clause-1

**Mr. Speaker:** Question is—

That Sub-Clause (1) of Clause 1 stand part of the Bill.

*The Motion was carried.*

### Title

**Mr. Speaker:** Question is—

That Title be the Title of the Bill.

*The Motion was carried.*

**Finance Minister (Doctor Kewal Krishan):** Sir, I beg to move:—

That the Punjab Municipal Corporation (Amendment) Bill be passed.

**Mr. Speaker:** Motion moved—

That the Punjab Municipal Corporation (Amendment) Bill be passed.

**Mr. Speaker:** Question is—

That the Punjab Municipal Corporation (Amendment) Bill be passed.

*The Motion was carried.*

## THE REGISTRATION (PUNJAB AMENDMENT) BILL, 1993

**Finance Minister (Doctor Kewal Krishan):** Sir, I beg to introduce the Registration (Punjab Amendment) Bill.

Sir, I also beg to move—

That the Registration (Punjab Amendment) Bill be taken into consideration at once.

**Mr. Speaker:** Motion moved—

That the Registration (Punjab Amendment) Bill be taken into consideration at once.

(At this stage, the Hon. Members of the B.S.P. who were already raising slogans in the well of the House, were trying to reach the Podium of the Hon'ble Speaker, but they were restricted to do so by the Watch & Ward Staff).

*Original with;*
Punjab Vidhan Sabha
*Digitized by;*
Panjab Digital Library

**Mr. Speaker:** Question is—

That the Registration (Punjab Amendment) Bill be taken into consideration at once.

*The Motion was carried.*

**Mr. Speaker:** Now the House will proceed to consider the Bill Clause by Clause.

CLAUSE-2

**Mr. Speaker:** Question is—

That Clause 2 stand part of the Bill.

*The Motion was carried.*

CLAUSE-1

**Mr. Speaker:** Question is—

That Clause 1 stand part of the Bill.

*The Motion was carried.*

TITLE

**Mr. Speaker:** Question is—

That Title be the Title of the Bill.

*The Motion was carried.*

**Finance Minister (Doctor Kewal Krishan):** Sir, I beg to move—

That the Registration (Punjab Amendment) Bill be passed.

**Mr. Speaker:** Motion moved—

That the Registration (Punjab Amendment) Bill be passed.

**Mr. Speaker:** Question is—

That the Registration (Punjab Amendment) Bill be passed.

*The Motion was carried.*

DISCUSSION ON THE ANNUAL STATEMENT OF ACCOUNTS OF THE PUNJAB STATE ELECTRICITY BOARD FOR THE YEAR 1991-92 AND 16TH ANNUAL REPORT OF THE PUNJAB STATE ELECTRONICS DEVELOPMENT AND PRODUCTION CORPORATION LTD., FOR THE YEAR 1991-92

**Mr. Speaker:** There are two Reports on the agenda which are to be discussed. The notices for discussing the Annual Statement of Accounts of the Punjab State Electricity Board for the year 1991-92 which was laid on the Table of the House on the 28th December, 1993, stand in the names of

Original with;
Punjab Vidhan Sabha
Digitized by;
Panjab Digital Library

## DISCUSSION ON THE ANNUAL STATEMENT OF ACCOUNTS OF THE PUNJAB STATE ELECTRICITY BOARD FOR THE YEAR 1991-92 AND 16TH ANNUAL REPORT OF THE PUNJAB STATE ELECTRONICS DEVELOPMENT AND PRODUCTION CORPORATION LTD., FOR THE YEAR 1991-92

Shri Hardev Arshi, Shrimati Vimla Dang, Comrade Ajaib Singh Raunta and Comrade Gurnam Singh Dhirowal, and the notices for discussing the 16th Annual Report of the Punjab State Electronics Development and Production Corporation Limited, for the year 1991-92, which was laid on the Table of the House on the 28th December, 1993, stand in the names of Shrimati Laxmi Kanta Chawla, Shri Hardev Arshi, Comrade Ajaib Singh Raunta,, Shrimati Vimla Dang and Comrade Gurnam Singh Dhirowal.

If the House agrees, both these motions for discussion of these Reports may be deemed to have been read and moved and discussed together.

(Voices : Yes, yes.)

One hour has been allotted for discussing these two Reports.

1. (i) **Shri Hardev Arshi**
   (ii) **Smt. Vimla Dang**
   (iii) **Com. Ajaib Singh Raunta**
   (iv) **Com. Gurnam Singh Dhirowal**

   : That the Annual Statement of Accounts of the Punjab State Electricity Board for the year 1991-92, which was laid on the Table of House on the 28th December, 1993, be discussed.

2. (i) **Smt. Laxmi Kanta Chawla**
   (ii) **Shri Hardev Arshi**
   (iii) **Com. Ajaib Singh Raunta**
   (iv) **Smt. Vimla Dang**
   (v) **Com. Gurnam Singh Dhirowal**

   : that the 16th Annual Report of the Punjab State Electronics Development and Production Corporation Ltd.. for the year 1991-92, which was laid on the Table of the House on the 28 th December, 1993, be discussed.

**ਕਾਮਰੇਡ ਹਰਦੇਵ ਸਿੰਘ ਅਰਸ਼ੀ :** ਸਪੀਕਰ ਸਾਹਿਬ, ਇਹ ਮੋਸ਼ਨ ਸਾਡੇ ਵੱਲੋਂ ਹੈ। ਮੈਂ ਇਸ ਤੇ ਬੋਲਣਾ ਹੈ। ਮੈਂ ਇਸ ਤੇ ਜ਼ੋਰ ਨਾਲ ਬੋਲਾਂਗਾ, ਮੈਨੂੰ ਇਸ ਦੇ ਵਾਸਤੇ ਪੂਰਾ ਸਮਾਂ ਦਿਤਾ ਜਾਣਾ ਚਾਹੀਦਾ ਹੈ। ਇਹ ਜਿਹੜੀ ਪੰਜਾਬ ਰਾਜ ਬਿਜਲੀ ਬੋਰਡ ਬਾਰੇ ਮੋਸ਼ਨ ਇਥੇ ਲਿਆਂਦੀ ਗਈ ਹੈ, ਇਹ ਸਾਰੇ ਗਰੁੱਪ ਵਲੋਂ ਹੈ । ਮੈਂ ਇਸ ਤੇ ਬੋਲਣਾ ਚਾਹੁੰਦਾ ਹਾਂ, ਤੁਹਾਨੂੰ ਇਸ ਦੇ ਵਾਸਤੇ ਮੈਨੂੰ ਆਗਿਆ ਦੇਣੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

ਬੀ.ਐਸ.ਪੀ ਦੇ ਮਾਨਯੋਗ ਮੈਂਬਰ ਸਾਹਿਬਾਨ ਹਾਲੇ ਵੀ ਹਾਊਸ ਦੇ ਵੈੱਲ ਵਿਚ ਖੜ੍ਹੇ ਖੜ੍ਹੇ ਬਹੁਤ ਜ਼ੋਰ ਸ਼ੋਰ ਨਾਲ ਨਾਹਰੇ ਮਾਰ ਰਹੇ ਸਨ ਅਤੇ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ ਮਾਨਯੋਗ ਸਪੀਕਰ ਸਾਹਿਬ ਦੇ ਹੁਕਮਾਂ ਮੁਤਾਬਿਕ ਨਾਹਰੇ ਰਿਕਾਰਡ ਨਹੀਂ ਕੀਤੇ ਗਏ। )

**ਸ੍ਰੀ ਸਪੀਕਰ :** ਤੁਹਾਡਾ ਪ੍ਰੋਟੈਸਟ ਬਹੁਤ ਹੋ ਗਿਆ ਹੈ। ਇਸ ਕਰਕੇ ਹੁਣ ਤੁਸੀਂ ਬੈਠ ਜਾਓ। ਮੈਂ ਖੁਦ ਇਸ ਵੇਲੇ ਖੜ੍ਹਾ ਹੋਇਆਂ ਹਾਂ, ਇਸ ਕਰਕੇ ਤੁਹਾਨੂੰ ਸਾਰਿਆਂ ਨੂੰ ਬੈਠ ਜਾਣਾ ਚਾਹੀਦਾ ਹੈ। (ਸ਼ੋਰ ...... ਵਿਘਨ) ਕ੍ਰਿਪਾ ਕਰਕੇ ਬੈਠ ਜਾਓ। ਅਰਸ਼ੀ ਸਾਹਿਬ ਨੇ ਬੋਲਣਾ ਹੈ। ਪਹਿਲਾਂ ਤੁਸੀਂ ਆਪਣੀਆਂ ਸੀਟਾਂ ਤੇ ਬੈਠ ਜਾਓ। (ਸ਼ੋਰ......ਵਿਘਨ)

(ਹਾਊਸ ਦੇ ਵੈੱਲ ਵਿਚ ਖੜੇ ਬੀ.ਐਸ.ਪੀ ਦੇ ਮਾਨਯੋਗ ਮੈਂਬਰ ਸਾਹਿਬਾਨ ਵਲੋਂ ਲਗਾਤਾਰ ਨਾਹਰੇ ਲਗਾਏ ਜਾ ਰਹੇ ਸਨ ਜਿਸ ਕਰਕੇ ਬਹੁਤ ਸ਼ੋਰ ਪੈ ਰਿਹਾ ਸੀ । ਮਾਨਯੋਗ ਸਪੀਕਰ ਸਾਹਿਬ ਦੇ ਹੁਕਮਾਂ ਮੁਤਾਬਿਕ ਨਾਹਰੇ ਰਿਕਾਰਡ ਨਹੀਂ ਕੀਤੇ ਗਏ)

ਅਰਸ਼ੀ ਸਾਹਿਬ ਬੋਲਣ ਲੱਗੇ ਹਨ। ਉਨ੍ਹਾਂ ਨੂੰ ਆਪਣੀ ਗੱਲ ਕਰ ਲੈਣ ਦਿਓ, ਉਸ ਤੋਂ ਬਾਦ ਤੁਸੀਂ ਵੀ ਬੋਲ ਲੈਣਾ। ਮੈਂ ਤੁਹਾਨੂੰ ਸਫੀਸ਼ੈਂਟ ਟਾਈਮ ਦਿਆਂਗਾ। ਅਰਸ਼ੀ ਜੀ, ਤੁਸੀਂ ਬੋਲੋ।

**ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) :** ਸਪੀਕਰ ਸਾਹਿਬ, ਇਹ ਜਿਹੜੀ ਪੰਜਾਬ ਰਾਜ ਬਿਜਲੀ ਬੋਰਡ ਦੀ 1991-92 ਦੀ ਰਿਪੋਰਟ ਇਥੇ ਹਾਊਸ ਵਿਚ ਪੇਸ਼ ਕੀਤੀ ਗਈ ਹੈ, ਉਸ ਬਾਰੇ ਮੈਂ ਮੰਗ ਕੀਤੀ ਸੀ ਕਿ ਐਸੇ ਵੇਲੇ ਇਸ ਬੋਰਡ ਤੇ ਖੁਲ੍ਹ ਕੇ ਵਿਚਾਰ ਕਰਨੀ ਸਮੁੱਚੇ ਰਾਜ ਤੇ ਹਿੱਤ ਵਿਚ ਹੈ। ਇਸੇ ਕਰਕੇ ਅਸੀਂ ਆਪਣੇ ਗਰੁੱਪ ਵਲੋਂ ਇਕ ਮੋਸ਼ਨ ਮੂਵ ਕੀਤੀ ਸੀ ਜਿਹੜੀ ਕਿ ਤੁਹਾਡੇ ਵਲੋਂ ਪ੍ਰਵਾਨ ਕੀਤੀ ਗਈ ਹੈ। ਇਸ ਕਰਕੇ ਇਸ ਬੋਰਡ ਦੇ ਹਰ ਨੁਕਤੇ ਬਾਰੇ ਅਸੀਂ ਆਪਣੇ ਵਿਚਾਰ ਰੱਖਣੇ ਚਾਹੁੰਦੇ ਹਾਂ। ਸਭ ਤੋਂ ਪਹਿਲਾਂ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਸ ਵੇਲੇ ਜਦ ਪੰਜਾਬ ਰਾਜ ਬਿਜਲੀ ਬੋਰਡ ਦੀ ਗੱਲ ਕੀਤੀ ਜਾ ਰਹੀ ਹੈ, ਐਨ ਇਸੇ ਵੇਲੇ ਇਥੋਂ 2 ਕਿਲੋਮੀਟਰ ਦੂਰ ਬਹੁਤ ਵੱਡੀ ਸੰਖਿਆ ਵਿਚ ਕਿਸਾਨ ਆਪਣੀਆਂ ਮੰਗਾਂ ਲੈ ਕੇ ਰੋਸ਼ ਪ੍ਰਗਟ ਕਰਨ ਲਈ ਅੱਜ ਚੰਡੀਗੜ੍ਹ ਇਕੱਠੇ ਹੋ ਰਹੇ ਹਨ। ਉਨ੍ਹਾ ਦੀ ਸਭ ਤੋਂ ਵੱਡੀ ਮੰਗ ਜਿਹੜੀ ਹੈ, ਉਹ ਇਹ ਹੈ ਕਿ ਬਿਜਲੀ ਦੇ ਫਲੈਟ ਰੇਟਾਂ ਵਿਚ ,ਬਿਜਲੀ ਦੀਆਂ ਦਰਾਂ ਵਿਚ ਜਿਹੜਾ 3 ਗੁਣਾ ਵਾਧਾ ਕੀਤਾ ਗਿਆ ਹੈ, ਉਹ ਵਾਧਾ ਵਾਪਸ ਲਿਆ ਜਾਵੇ ਕਿਉਂਕਿ ਪੰਜਾਬ ਦਾ ਕਿਸਾਨ ਪਹਿਲਾਂ ਹੀ ਆਰਥਿਕ ਸੰਕਟ ਦਾ ਸ਼ਿਕਾਰ ਹੈ। ਹੜ੍ਹਾਂ ਅਤੇ ਕਈ ਹੋਰ ਕੁਦਰਤੀ ਆਫਤਾਂ ਕਾਰਣ ਉਸ ਦਾ ਪਹਿਲਾਂ ਹੀ ਕਚੂਮਰ ਨਿਕਲਿਆ ਹੋਇਆ ਹੈ। ਇਸ ਤੋਂ ਵੀ ਵਧ, ਉਨ੍ਹਾਂ ਨੂੰ ਮੰਡੀਆਂ ਵਿਚ ਆਪਣੀਆਂ ਜਿਣਸਾਂ ਦਾ ਪੂਰਾ ਭਾਅ ਨਹੀਂ ਮਿਲਦਾ। ਇਨ੍ਹਾਂ ਸਭ ਗੱਲਾਂ ਦੇ ਹੁੰਦਿਆਂ ਪੰਜਾਬ ਰਾਜ ਬਿਜਲੀ ਬੋਰਡ ਵਲੋਂ ਬਿਜਲੀ ਦੀਆਂ ਦਰਾਂ ਵਿਚ ਕੀਤਾ ਗਿਆ ਇਹ ਵਾਧਾ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਹੈ। ਹੁਣ ਜਦ ਇਸ ਹਾਊਸ ਵਿਚ ਪੰਜਾਬ ਰਾਜ ਬਿਜਲੀ ਬੋਰਡ ਦੇ ਬਾਰੇ ਬਹਿਸ ਕੀਤੀ ਜਾ ਰਹੀ ਹੈ ........

(ਹਾਊਸ ਦੇ ਵੈੱਲ ਵਿਚ ਖੜ੍ਹੇ ਬੀ.ਐਸ.ਪੀ ਦੇ ਮਾਨਯੋਗ ਮੈਂਬਰ ਸਾਹਿਬਾਨ ਹਾਲੇ ਵੀ ਉਸੇ ਤਰ੍ਹਾਂ ਹੀ ਜ਼ੋਰ ਸ਼ੋਰ ਨਾਲ ਨਾਹਰੇ ਲਗਾ ਰਹੇ ਸਨ ਜਿਸ ਕਰਕੇ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

Original with;
Punjab Vidhan Sabha
Digitized by;
Punjab Digital Library

ਸ੍ਰੀ ਸਪੀਕਰ: ਜੇ ਤੁਸੀਂ ਬੈਠੋਗੇ ਨਹੀਂ ਤਾਂ ਹਾਊਸ ਕਿਸ ਤਰ੍ਹਾਂ ਚਲੇਗਾ .........(ਵਿਘਨ)......

Than I will have to adjourn the House *sine die*. You can make noise out side the House. This is a place of debate and discussion with which you will agree. (*Interruption and Noises*).

**Mr. Speaker :** The House stands adjourned **side die.*

*10.29 A.M. | (*The Sabha than adjourned *sine die.*

Original with;
Punjab Vidhan Sabha
Digitized by;

*Original with;*
Punjab Vidhan Sabha
*Digitized by;*
Panjab Digital Library

# APPENDIX

# TO

# PUNJAB VIDHAN SABHA DEBATES

Dated 29th December, 1993

Vol. IV—No. 2

## UNSTARRED QUESTIONS AND ANSWERS

### ਗਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੀ ਜਨਸੰਖਿਆ

171. **ਸ੍ਰੀਮਤੀ ਵਿਮਲਾ ਡਾਂਗ** : ਕੀ ਸਮਾਜ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ :—

(ੳ) ਇਸ ਸਮੇਂ ਰਾਜ ਵਿੱਚ ਕੁੱਲ ਜਨ-ਸੰਖਿਆ ਵਿੱਚੋਂ ਕਿੰਨੇ ਪ੍ਰਤੀਸ਼ਤ ਦਿਹਾਤੀ ਅਤੇ ਸ਼ਹਿਰੀ ਜਨ-ਸੰਖਿਆ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੀ ;

(ਅ) ਗਰੀਬੀ ਦੀ ਰੇਖਾ ਨੂੰ ਨਿਰਧਾਰਿਤ ਕਰਨ ਲਈ ਕੀ ਕਸੌਟੀ ਅਪਣਾਈ ਜਾਂਦੀ ਹੈ?

**ਡਾਕਟਰ ਕੇਵਲ ਕ੍ਰਿਸ਼ਨ** (ਵਿੱਤ ਮੰਤਰੀ) :—(ੳ) ਇਸ ਸਮੇਂ ਰਾਜ ਵਿਚਲੀ ਕੁਲ ਜਨਸੰਖਿਆ ਵਿੱਚੋਂ 30 ਪ੍ਰਤੀਸ਼ਤ ਦਿਹਾਤੀ ਅਤੇ ਸ਼ਹਿਰੀ ਜਨ-ਸੰਖਿਆ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੀ ਹੈ।

(ਅ) ਭਾਰਤ ਸਰਕਾਰ ਦੁਆਰਾ ਅੱਠਵੀਂ ਪੰਜ ਸਾਲਾ ਯੋਜਨਾ ਵਿੱਚ ਦਿਹਾਤੀ ਇਲਾਕਿਆਂ ਵਿੱਚ ਗਰੀਬੀ ਦੀ ਰੇਖਾ ਨੂੰ ਨਿਸਧਾਰਿਤ ਕਰਨ ਲਈ ਇਹ ਤਹਿ ਕੀਤਾ ਗਿਆ ਹੈ ਕਿ ਜਿਨ੍ਹਾਂ ਪਰਿਵਾਰਾਂ ਦੀ ਸਾਲਾਨਾਂ ਆਮਦਨ 11000 ਰੁਪਏ ਜਾਂ ਇਸ ਤੋਂ ਘੱਟ ਹੈ, ਨੂੰ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਮੰਨਿਆ ਜਾਵੇਗਾ ਐਪਰ ਅੱਠਵੀਂ ਯੋਜਨਾ ਵਿੱਚ ਸਹਾਇਤਾ ਲਈ 'ਕੱਟ ਆਫ' ਰੇਖਾ ਲਈ 8500 ਰੁਪਏ ਸਾਲਾਨਾਂ ਆਮਦਨ ਨਿਰਧਾਰਤ ਕੀਤੀ ਗਈ ਹੈ। ਸ਼ਹਿਰੀ ਖੇਤਰ ਵਾਸਤੇ ਗਰੀਬੀ ਦੀ ਰੇਖਾ ਨੂੰ ਨਿਰਧਾਰਿਤ ਕਰਨ ਲਈ ਇਹ ਤਹਿ ਕੀਤਾ ਗਿਆ ਹੈ ਕਿ ਜਿਨ੍ਹਾਂ ਪਰਿਵਾਰਾਂ ਦੀ ਸਾਲਾਨਾਂ ਆਮਦਨ 11850 ਰੁਪਏ ਤੋਂ ਘੱਟ ਹੈ, ਨੂੰ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਮੰਨਿਆ ਜਾਵੇਗਾ।

---

### ਜ਼ਿਲ੍ਹਾ ਮਾਨਸਾ ਵਿੱਚ ਉਨ੍ਹਾਂ ਮਕਾਨਾਂ ਲਈ ਵਿਤੀ ਸਹਾਇਤਾ ਜਿਨ੍ਹਾਂ ਨੂੰ ਹੜ੍ਹਾਂ ਨਾਲ ਨੁਕਸਾਨ ਪੁੱਜਾ

176. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਜ਼ਿਲ੍ਹਾ ਮਾਨਸਾ ਵਿੱਚ ਉਨ੍ਹਾਂ 'ਪੱਕੇ ਮਕਾਨਾਂ' ਅਤੇ 'ਕੱਚੇ ਮਕਾਨਾਂ' ਦੀ ਕੁਲ ਗਿਣਤੀ ਕਿੰਨੀ ਕਿੰਨੀ ਹੈ ਜਿਨ੍ਹਾਂ ਨੂੰ ਸਾਲ 1993 ਵਿੱਚ ਹੜ੍ਹਾਂ ਕਾਰਨ ਨੁਕਸਾਨ ਹੋਇਆ ;

Original with;
Punjab Vidhan Sabha
Digitized by;
Panjab Digital Library

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਸਾਰੇ ਮਕਾਨਾਂ ਸਬੰਧੀ ਕੋਈ ਵਿੱਤੀ ਸਹਾਇਤਾ ਦਿੱਤੀ ਗਈ ਹੈ, ਜੇਕਰ ਦਿੱਤੀ ਗਈ ਹੈ ਤਾਂ ਉਸ ਦੇ ਬਲਾਕ-ਵਾਰ ਵੇਰਵੇ ਕੀ ਹਨ ;

(ੲ) ਵਿੱਤੀ ਸਹਾਇਤਾ ਵਜੋਂ ਵੰਡੀ ਗਈ ਰਕਮ ਸਬੰਧੀ ਡਿਪਟੀ ਕਮਿਸ਼ਨਰ, ਮਾਨਸਾ ਨੂੰ ਕੁਲ ਕਿੰਨੀਆਂ ਸ਼ਿਕਾਇਤਾਂ ਮਿਲੀਆਂ ;

(ਸ) ਉਪਰੋਕਤ ਭਾਗ (ੲ) ਵਿੱਚ ਵਰਣਿਤ ਸ਼ਿਕਾਇਤਾਂ ਵਿਚੋਂ ਕਿੰਨੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ?

**ਸਮਦਾਰ ਬੇਅੰਤ ਸਿੰਘ :** ਮੰਗੀ ਗਈ ਸੂਚਨਾ ਹੇਠ ਲਿਖੇ ਅਨੁਸਾਰ ਹੈ:---

(ੳ) 553 ਪੱਕੇ ਮਕਾਨਾਂ ਅਤੇ 3962 ਕੱਚੇ ਮਕਾਨਾਂ ਦਾ ਨੁਕਸਾਨ ਹੋਇਆ ਸੀ।

(ਅ) ਹਾਂ ਜੀ। ਵੇਰਵੇ ਅਨੁਲੱਗ-1 ਵਿੱਚ ਹਨ।

(ੲ) ਰਾਹਤ ਪ੍ਰਾਪਤ ਕਰਨ ਸਬੰਧੀ 628 ਸ਼ਿਕਾਇਤਾਂ ਪ੍ਰਤੀ -ਬੇਨਤੀਆਂ ਪ੍ਰਾਪਤ ਹੋਈਆਂ ਹਨ ।

(ਸ) 586,

Original with;
Punjab Vidhan Sabha
Digitized by;
Punjab Digital Library

ਅਨੁਲੱਗ--1

1. ਡਿੱਗੇ ਮਕਾਨਾਂ ਦੀ ਗਿਣਤੀ

| ਬਲਾਕ ਦਾ ਨਾਂ | ਪੱਕੇ | | ਕੱਚੇ | | ਝੌਂਪੜੀ | | ਕੁੱਲ | | ਕੁਲ ਜੋੜ |
|---|---|---|---|---|---|---|---|---|---|
| | ਪੂਰੇ | ਅੰਸ਼ਿਕ | ਪੂਰੇ | ਅੰਸ਼ਿਕ | ਪੂਰੇ | ਅੰਸ਼ਿਕ | ਪੂਰੇ | ਅੰਸ਼ਿਕ | |
| ਮਾਨਸਾ | 12 | 107 | 231 | 1195 | 29 | 5 | 272 | 1307 | 1579 |
| ਬੁਢਲਾਡਾ | 31 | 186 | 474 | 1,462 | 222 | 37 | 727 | 1,685 | 2,412 |
| ਝੁਨੀਰ | 36 | 181 | 173 | 427 | 10 | ... | 219 | 608 | 827 |
| ਜੋੜ | 79 | 474 | 878 | 3,084 | 261 | 42 | 1,218 | 3.600 | 4,818 |

ਕੁੱਲ ਪੱਕੇ ਮਕਾਨ= 553 ਕੁੱਲ ਕੱਚੇ ਮਕਾਨ= 3,962 ਕੁੱਲ ਝੌਂਪੜੀਆਂ= 303

ਡਿੱਗੇ ਮਕਾਨਾਂ ਲਈ ਦਿੱਤੀ ਗਈ ਰਾਹਤ ਦਾ ਵੇਰਵਾ :

| ਬਲਾਕ ਦਾ ਨਾਂ | ਪੱਕੇ | | ਕੱਚੇ | | ਝੌਂਪੜੀ | | ਕੁੱਲ | | ਕੁਲ ਜੋੜ |
|---|---|---|---|---|---|---|---|---|---|
| | ਪੂਰੇ | ਅੰਸ਼ਿਕ | ਪੂਰੇ | ਅੰਸ਼ਿਕ | ਪੂਰੇ | ਅੰਸ਼ਿਕ | ਪੂਰੇ | ਅੰਸ਼ਿਕ | |
| ਮਾਨਸਾ | 48,000 | 2,14,000 | 4,62,000 | 11,95,000 | 14,500 | 1,200 | 5,24,500 | 1,41,020 | 19,34,700 |
| ਬੁਢਲਾਡਾ | 1,24,000 | 3,72,000 | 9,84,000 | 14,62,000 | 1,11,000 | 9,250 | 11,83,000 | 18,43,250 | 30,26,250 |
| ਝੁਨੀਰ | 1,44,000 | 3,62,000 | 3,46,000 | 4,27,000 | 5,000 | — | 4,95,000 | 7,89,000 | 12,84,000 |
| | 3,16,000 | 9,48,000 | 17,56,000 | 30,84,000 | 1,30,500 | 10,450 | 22,00,500 | 40,42,450 | 62,44,950 |

8929 PVS--Govt. Press, U.T. Chd.

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Punjab Digital Library

*Original with;*
Punjab Vidhan Sabha
*Digitized by;*
Panjab Digital Library

© 1993

Published under the authority of Punjab Vidhan Sabha and Printed by the Controller, Printing and Stationery Department, U. T., Chandigarh.

Original with;
Punjab Vidhan Sabha
Digitized by;
Panjab Digital Library

ANNEXURE

TO

# Punjab Vidhan Sabha Debates

*29th December, 1993*

Vol. VI—No. 2

OFFICIAL REPORT

Chief Reporter
Punjab Vidhan Sabha
Chandigarh

CONTENTS

*Wednesday, the 29th December, 1993*


| | Page |
|---|---|
| Unstarred Questions (Converted as such from being Starred Questions) and Answers for the meeting of the Punjab Vidhan Sabha held on 29th December, 1993 ... | (2)1 |
| Appendix ... | (i) |


Punjab Vidhan Sabha Secretariat, Chandigarh.

Price : Rs. 30 0

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Wednesday, the 29th December, 1993*

## ANNEXURE

This Annexure contains Unstarred Questions (Converted as such from being Starred Questions) and Answers for the meeting dated 29th December, 1993.

---

## UNSTARRED QUESTIONS (CONVERTED AS SUCH FROM BEING STARRED QUESTIONS) AND ANSWERS FOR THE 29TH DECEMBER, 1993

### ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਟੈਕਨੋਕਰੇਟਾਂ ਦੇ ਤਨਖਾਹ ਸਕੇਲ ਸੋਧਣਾ

* 1097.(ਸੀ.ਯੂ.) **ਸ਼੍ਰੀਮਤੀ ਵਿਮਲਾ ਡਾਂਗ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਸਾਲ 1992 ਦੇ ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਟੈਕਨੋਕਰੇਟਾਂ ਨੂੰ ਉਹੀ ਤਨਖਾਹ ਸਕੇਲ ਦੇਣ ਦਾ ਫੈਸਲਾ ਕੀਤਾ ਸੀ ਜੋ ਗੈਰ ਟੈਕਨੋਕਰੇਟਾਂ ਨੂੰ ਮਿਲਦੇ ਹਨ; ਜੇਕਰ ਅਜਿਹਾ ਹੋਵੇ, ਤਾਂ ਕੀ ਉਕਤ ਫੈਸਲਾ ਪੂਰੀ ਤਰ੍ਹਾਂ ਲਾਗੂ ਕਰ ਦਿੱਤਾ ਗਿਆ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ** : ਨਹੀਂ ਜੀ।

---

### ਵਿਧਵਾ ਪੈਨਸ਼ਨ ਨੂੰ ਵਧਾਉਣਾ

*1098. (ਸੀ.ਯੂ.) **ਸ਼੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅੱਤਵਾਦ ਦਾ ਸ਼ਿਕਾਰ ਹੋਏ ਲੋਕਾਂ ਦੀਆਂ ਵਿਧਵਾਵਾਂ ਲਈ ਪੈਨਸ਼ਨ (ਨਿਰਬਾਹ ਭੱਤਾ) ਦੀ ਦਰ 1,000 ਰੁਪਏ ਪ੍ਰਤੀ ਮਹੀਨਾ ਤੋਂ ਵਧਾਕੇ 1,500 ਰੁਪਏ ਕਿਸ ਮਿਤੀ ਤੋਂ ਕੀਤੀ ਗਈ ਸੀ ;

(ਅ) ਕੀ ਅੱਤਵਾਦੀਆਂ ਦੀਆਂ ਕਾਰਵਾਈਆਂ ਦੇ ਸਿੱਟੇ ਵਜੋਂ ਪੂਰਣ ਤੌਰ ਤੇ ਨਕਾਰਾ ਹੋਏ ਵਿਅਕਤੀਆਂ ਲਈ ਵੀ ਉਕਤ ਪੈਨਸ਼ਨ (ਨਿਰਬਾਹ ਭੱਤੇ) ਦੀ ਦਰ ਵਧਾਕੇ 1,500 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ?

**ਸਰਦਾਰ ਬੇਅੰਤ ਸਿੰਘ** : (ੳ) 1 ਅਪ੍ਰੈਲ, 1992.

(ਅ) ਨਹੀਂ ਜੀ। 100 ਪ੍ਰਤੀਸ਼ਤ ਪੱਕੇ ਤੌਰ ਤੇ ਸਰੀਰਕ ਨਿਕਾਰੇਪਣ ਦੀ ਤੁਲਨਾ ਵਿਧਵਾਪਣ ਨਾਲ ਨਹੀਂ ਕੀਤੀ ਜਾ ਸਕਦੀ। ਨਕਾਰਾ ਹੋਏ ਵਿਅਕਤੀਆਂ ਨੂੰ ਹੋਰ ਸਹੂਲਤਾਂ ਜਿਵੇਂ ਕਿ ਆਮਦਨੀ ਦੇ ਵਸੀਲੇ ਪੈਦਾ ਕਰਨ ਲਈ ਕਰਜ਼ੇ ਆਦਿ ਦਿੱਤੇ ਜਾਂਦੇ ਹਨ। ਨਕਾਰਾ ਹੋਏ ਵਿਅਕਤੀ ਦੇ ਪਰਿਵਾਰ ਦੇ ਇੱਕ ਮੈਂਬਰ ਨੂੰ ਪਹਿਲ ਦੇ ਆਧਾਰ ਤੇ ਨੌਕਰੀ ਦੇਣ ਲਈ ਵਿਚਾਰਿਆ ਜਾਂਦਾ ਹੈ।

---

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਮਾਨਸਾ ਵਿਚ ਪੰਚਾਇਤ ਚੋਣਾਂ ਤੇ ਖਰਚ

*1099. (ਸੀ.ਯੂ.) **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਨਵਰੀ, 1993 ਦੇ ਮਹੀਨੇ ਦੌਰਾਨ ਜ਼ਿਲ੍ਹਾ ਮਾਨਸਾ ਵਿੱਚ ਸਰਕਾਰ ਦੁਆਰਾ ਪੰਚਾਇਤ ਚੋਣਾਂ ਲਈ ਕੀਤੇ ਪ੍ਰਬੰਧਾਂ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ਅਤੇ ਉਕਤ ਖਰਚਾ ਕਿਹੜੀਆਂ ਮੁੱਖ ਮੱਦਾਂ ਤੇ ਕੀਤਾ ਗਿਆ ਸੀ ?

**ਮਾਸਟਰ ਜਗੀਰ ਸਿੰਘ:** ਜਨਵਰੀ, 1993 ਵਿੱਚ ਜ਼ਿਲ੍ਹਾ ਮਾਨਸਾ ਦੀਆਂ ਗਰਾਮ ਪੰਚਾਇਤਾਂ ਦੀ ਚੋਣ ਕਰਾਉਣ ਲਈ ਕੀਤੇ ਗਏ ਪ੍ਰਬੰਧਾਂ ਤੇ ਕੁੱਲ 2,92,660 ਰੁਪਏ ਖਰਚਾ ਕੀਤਾ ਗਿਆ ਹੈ। ਇਹ ਖਰਚਾ ਚੋਣ ਪ੍ਰੋਗਰਾਮ ਦੀ ਛਪਾਈ, ਚੋਣ ਸਮਾਨ ਦੀ ਢੋਆ ਢੁਆਈ, ਚੁਣੇ ਗਏ ਸਰਪੰਚਾਂ/ਪੰਚਾਂ ਨੂੰ ਸਹੁੰ ਚੁਕਾਉਣ ਅਤੇ ਚੋਣ ਸਬੰਧੀ ਨਿਯੁਕਤ ਕੀਤੇ ਅਮਲੇ ਦੇ ਟੀ.ਏ.ਬਿਲਾਂ ਦੇ ਭੁਗਤਾਨ ਆਦਿ ਮੁੱਖ ਮੱਦਾਂ ਤੇ ਕੀਤਾ ਗਿਆ।

---

## ਈਸਾਈ ਸੰਸਥਾ ਤੇ ਹਮਲਾ

*1116. (ਸੀ.ਯੂ.) (1) **ਕਾਮਰੇਡ ਹਰਦੇਵ ਸਿੰਘ ਅਰਸ਼ੀ**
(2) **ਸ੍ਰੀਮਤੀ ਵਿਮਲਾ ਡਾਂਗ** } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਕੀ ਜਨਵਰੀ, 1993 ਦੇ ਮਹੀਨੇ ਦੇ ਦੌਰਾਨ ਜਾਂ ਫਰਵਰੀ, 1993 ਦੇ ਪਹਿਲੇ ਹਫਤੇ ਵਿਚ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਥਾਣਾ ਅਮਲੋਹ ਜਾਂ ਕਿਸੇ ਹੋਰ ਥਾਣੇ ਦੇ ਹੇਠ ਆਉਂਦੀ ਕਿਸੇ ਈਸਾਈ ਸੰਸਥਾ ਤੇ ਕੁਝ ਵਿਅਕਤੀਆਂ ਦੁਆਰਾ ਹਮਲਾ ਕੀਤਾ ਗਿਆ ਸੀ, ਜਿਸ ਦੇ ਸਿੱਟੇ ਵਜੋਂ ਕੁਝ 'ਨਨਜ਼' ਜ਼ਖਮੀ ਹੋਈਆਂ, ਜੇਕਰ ਅਜਿਹਾ ਹੋਵੇ, ਤਾਂ ਕੀ ਦੋਸ਼ੀਆਂ ਨੂੰ ਫੜ ਲਿਆ ਗਿਆ ਹੈ ਅਤੇ ਉਨ੍ਹਾਂ ਤੇ ਮੁਕੱਦਮਾ ਚਲਾਇਆ ਗਿਆ ਹੈ ਅਤੇ ਦਰਜ ਕੀਤੇ ਗਏ ਕੇਸ ਦੇ ਵੇਰਵੇ ਕੀ ਹਨ ਅਤੇ ਦੋਸ਼ੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ?

**ਸਰਦਾਰ ਬੇਅੰਤ ਸਿੰਘ:** ਹਾਂ, ਰਾਜ ਦੇ ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹੇ ਵਿਚ ਕਥਿਤ ਈਸਾਈਆਂ ਦੀਆਂ ਸੰਸਥਾਵਾਂ ਉੱਤੇ ਜਨਵਰੀ ਅਤੇ ਫਰਵਰੀ 1993 ਦੌਰਾਨ ਮੁਜ਼ਰਮਾਂ ਨੇ ਹਮਲੇ ਕੀਤੇ। ਇਸ ਸਬੰਧੀ ਦਰਜ ਕੀਤੇ ਕੇਸਾਂ ਦੀ ਅਸਲ ਸੂਚਨਾ ਹੇਠ ਲਿਖੇ ਅਨੁਸਾਰ ਹੈ:--

1. ਕੇਸ ਐਫ.ਆਈ.ਆਰ. ਨੰ.4, ਮਿਤੀ 22 ਜਨਵਰੀ, 1993 ਅਧੀਨ ਧਾਰਾ 458/380 ਆਈ ਪੀ ਸੀ ਪੁਲਿਸ ਜ਼ਿਲ੍ਹਾ ਸਟੇਸ਼ਨ ਫਤਿਹਗੜ੍ਹ ਸਾਹਿਬ

ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਸ਼ਹਿਰ ਅਮਲੋਹ ਵਿਚ ਨਾਭਾ ਰੋਡ ਉਤੇ ਸਥਿਤ ਸੇਂਟ ਮੇਰੀ ਕਾਨਵੈਂਟ ਭੱਦਲਥੂਹਾ ਵਿਖੇ ਸਵੇਰ ਦੇ 2 ਵਜੇ 5/6 ਆਦਮੀਆਂ ਨੇ ਜਨਾਨਾ ਵਾਰਡ ਦੇ ਦਰਵਾਜੇ ਤੋੜ ਦਿੱਤੇ। ਇਨਾਂ ਨੇ ਸਿਸਟਰ ਮੇਰੀ (55/60 ਸਾਲ), ਸਿਸਟਰ ਅਮੀ (30 ਸਾਲ) ਅਤੇ ਏਲਸੀਜ਼ ਜਨਾਨਾਂ ਨੌਕਰਾਣੀ (18) ਸਾਲ ਨੂੰ ਮਾਰਿਆ ਕੁੱਟਿਆ ਅਤੇ 13500 ਰੁਪਏ ਨਕਦੀ, ਇਕ ਟੇਪ ਰਿਕਾਰਡ, ਦੋ ਜਨਾਨਾ ਘੜੀਆਂ, 1 ਟਾਈਮ ਪੀਸ, ਇਕ ਜੋੜਾ ਸੋਨੇ ਦੀਆਂ ਕੰਨਾਂ ਦੀਆਂ ਵਾਲੀਆਂ ਲੁੱਟ ਕੇ ਫਰਾਰ ਹੋ ਗਏ।

ਇਸ ਬਾਰੇ ਚਾਰ ਮੁਜ਼ਰਮ ਜਿਨਾਂ ਦੇ ਨਾਮ (1) ਕਾਲੂ ਪੁੱਤਰ ਚੰਦੂ ਲਾਲ ਵਾਸੀ ਖਾਨਪੁਰ (2) ਗੋਪਾਲ ਪੁੱਤਰ ਕਾਲੂ ਕਰਤਾਰ ਵਾਸੀ ਬਾਗੜੀਆਂ (3) ਅਵਲਾ ਪੁੱਤਰ ਚੰਦੂ ਲਾਲ ਵਾਸੀ ਖਾਨਪੁਰ ਅਤੇ

Original with;
Punjab Vidhan Sabha
Digitized by;
Panjab Digital Library

(4) ਭੰਵਰ ਪੁੱਤਰ ਮਦਨ ਵਾਸੀ ਖੇਰੀ ਜ਼ਿਲ੍ਹਾ ਮੁਜ਼ੱਫਰਨਗਰ (ਸਾਰੇ ਹੀ ਯੂ:ਪੀ:) ਦੇ ਹਨ ਪਕੜ ਲਏ ਗਏ ਹਨ ਅਤੇ ਇਨ੍ਹਾਂ ਕੋਲੋਂ 400 ਰੁਪਏ ਅਤੇ ਇਕ ਹੱਥ ਦੀ ਘੜੀ ਫੜੀ ਗਈ ਹੈ ਅਤੇ ਬਾਕੀ ਦੇ 8 ਦੋਸ਼ੀ ਪੱਕੇ ਮੁਜ਼ਰਮ ਕਰਾਰ ਦਿੱਤੇ ਗਏ ਹਨ। ਜਿਨ੍ਹਾਂ ਦੇ ਪਤੇ ਹੇਠ ਲਿਖੇ ਮੁਤਾਬਿਕ ਹਨ ।

1. ਜਮੁਨਾ ਦਾਸ ਪੁੱਤਰ ਭੰਵਰ, ਵਾਸੀ ਖਾਨਪੁਰ ਪੁਲਿਸ ਸਟੇਸ਼ਨ ਜੰਜਿਆਲ, ਜ਼ਿਲ੍ਹਾ ਮੁਜ਼ੱਫਰਨਗਰ, ਯੂ:ਪੀ: ।
2. ਕਾਲੂ ਪੁੱਤਰ ਸੀਰੀਆ ਉਹੀ
3. ਨਾਰੀਲਾ ਪੁੱਤਰ ਲਖਣ ਵਾਸੀ ਰਾਮਪੁਰ ਉਹੀ
4. ਮਹੀਮਾ ਪੁੱਤਰ ਆਫਲਾ ਵਾਸੀ ਖੇਰੀ ਉਹੀ
5. ਦਲੀਪ ਪੁੱਤਰ ਰਤਨ ਵਾਸੀ ਘੀਰੀਆ ਉਹੀ
6. ਕਾਲਾ ਪੁੱਤਰ ਸ਼ਾਦੀ ਰਾਮ, ਵਾਸੀ ਅਹਿਮਦਗੜ੍ਹ, ਜ਼ਿਲ੍ਹਾ ਸੰਗਰੂਰ ।
7. ਧੀਰੂ ਪੁੱਤਰ, ਖੁਸਕਾ ਉਹੀ
8. ਸਤਪਾਲ ਪੁੱਤਰ ਪਤਾ ਨਹੀਂ ਵਾਸੀ ਅਹਿਮਦਗੜ੍ਹ ।

ਇਸ ਕੇਸ ਦਾ ਚਾਲਾਨ ਮਿਤੀ 27 ਨਵੰਬਰ, 1993 ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾ ਚੁਕਿਆ ਹੈ ਜਿਹੜਾ ਕਿ ਪਰਤਾਵੇ ਅਧੀਨ ਹੈ ।

2. ਕੇਸ ਐਫ.ਆਈ.ਆਰ.ਨੰ: 15 ਮਿਤੀ 16 ਫਰਵਰੀ, 1993 ਅਧੀਨ ਧਾਰਾ 459, 342, 295-ਏ ਆਈ.ਪੀ.ਸੀ ਪੁਲਿਸ ਸਟੇਸ਼ਨ ਰਾਜਪੁਰਾ, ਜ਼ਿਲ੍ਹਾ ਪਟਿਆਲਾ।

15/16 ਫਰਵਾਰੀ 1993 ਦੀ ਰਾਤ ਨੂੰ ਲੱਗਭਗ 25 ਬੰਦੇ ਜਿਨ੍ਹਾਂ ਦੇ ਚਿਹਰੇ ਢੱਕੇ ਹੋਏ ਸਨ ਰਾਜਪੁਰਾ ਵਿਖੇ ਸਥਿਤ ਚਰਚ ਦੀ ਚਾਰ ਦੀਵਾਰੀ ਨੂੰ ਟੱਪ ਕੇ ਚਰਚ ਵਿੱਚ ਦਾਖਲ ਹੋਏ ਅਤੇ ਉਹਨਾਂ ਨੇ ਚਰਚ ਵਿੱਚ ਰਹਿਣ ਵਾਲਿਆਂ ਦੀ ਸ਼ਰੀਰਕ ਤੌਰ ਤੇ ਕੁੱਟ ਮਾਰ ਕੀਤੀ। ਮੁਜ਼ਰਮਾਂ ਨੇ ਚਰਚ ਦੀ ਹੇਠਲੀ ਮੰਜ਼ਿਲ ਦੇ ਸਾਰੇ ਕਮਰਿਆਂ ਦੀ ਲੁੱਟਖਸੁੱਟ ਕੀਤੀ, ਪੇਟੀਆਂ ਤੋੜ ਦਿੱਤੀਆਂ ਅਤੇ ਚਾਰ ਕੰਬਲ, ਕੁਝ ਨਵੇਂ ਕਪੜੇ, ਦੋ ਓਵਰ ਕੋਟ, 10 ਹੱਥ ਦੀਆਂ ਘੜੀਆਂ, ਇਕ ਟੇਪ ਰਿਕਾਰਡਰ ਅਤੇ 7000 ਰੁਪਏ ਨਕਦ ਲੈ ਕੇ ਭੱਜ ਗਏ। ਇਸ ਕੇਸ ਵਿੱਚ ਪੰਜ ਮੁਜ਼ਰਮ ਜਿਨ੍ਹਾਂ ਦੇ ਨਾਂ (1) ਬਿਸ਼ਨ ਨਾਥ (2) ਜੈ ਸਿੰਘ (3) ਰਾਮ ਨਿਵਾਸ (4) ਸੁਲੇਖ ਉਰਫ ਜਗਦੀਸ਼ ਅਤੇ (5) ਰਾਮ ਕੁਮਾਰ ਜੋ ਸਾਰੇ ਹੀ ਜ਼ਿਲ੍ਹਾ ਮੁਜ਼ੱਫਰ-ਨਗਰ (ਯੂ:ਪੀ) ਦੇ ਰਹਿਣ ਵਾਲੇ ਹਨ ਪਕੜੇ ਗਏ ਹਨ ਅਤੇ 6 ਮੁਜ਼ਰਮ ਅਜੇ ਤੱਕ ਹੋਰ ਪਕੜਨੇ ਬਾਕੀ ਹਨ। ਇਸ ਕੇਸ ਦਾ ਚਲਾਨ ਮਿਤੀ 25 ਅਗਸਤ, 1993 ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ ਜਿਹੜਾ ਕਿ ਪਰਤਾਵੇ ਅਧੀਨ ਹੈ ।

---

ਨਿਸ਼ਾਨ ਵਾਲਾ (ਸੀ. ਯੂ.) ਪ੍ਰਸ਼ਨ ਨੰ: 1147*

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ)

---

**ਪੰਜਾਬ ਰਾਜ ਨਵੀਨੀਕਰਣ ਫੰਡ ਕਾਇਮ ਕਰਨਾ**

*1148. (ਸੀ.ਯੂ.) (1) ਕਾਮਰੇਡ ਅਜੈਬ ਸਿੰਘ ਰੌਂਤਾਂ
(2) ਸ਼੍ਰੀਮਤੀ ਵਿਮਲਾ ਡਾਂਗ } : ਕੀ ਵਿੱਤ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਭਾਰਤ ਸਰਕਾਰ ਦੁਆਰਾ ਕਾਇਮ ਕੀਤੇ ਗਏ "ਕੌਮੀ ਨਵੀਨੀਕਰਣ ਫੰਡ" ਦੇ ਪੈਟਰਨ ਤੇ 'ਪੰਜਾਬ ਰਾਜ ਨਵੀਨੀਕਰਣ ਫੰਡ' ਕਾਇਮ ਕੀਤਾ ਹੈ; ਜੇਕਰ

*For Stared Question No. 1147 (C.U.) and reply there to, please see Appendix to this Annexure.

Original with;
Punjab Vidhan Sabha
Digitized by;
Panjab Digital Library

ਅਜਿਹਾ ਹੈ, ਤਾਂ ਇਹ ਕਿਸ ਤਰੀਕ ਨੂੰ ਕਾਇਮ ਕੀਤਾ ਗਿਆ ਅਤੇ ਇਹ ਕਿਸ ਰਾਸ਼ੀ ਨਾਲ ਸ਼ੁਰੂ ਕੀਤਾ ਗਿਆ ;

(ਅ) ਉਕਤ ਫੰਡ ਵਿੱਚੋਂ ਹੁਣ ਤੱਕ ਕੁੱਲ ਕਿੰਨੀ ਰਕਮ ਵਰਤੀ ਗਈ ਅਤੇ ਇਹ ਕਿਸ ਮੰਤਵ/ਮੰਤਵਾਂ ਲਈ ਵਰਤੀ ਗਈ ?

**ਡਾਕਟਰ ਕੇਵਲ ਕ੍ਰਿਸ਼ਨ:** (ੳ) ਹਾਂ ਜੀ। ਇਹ 1 ਅਪ੍ਰੈਲ, 1993 ਤੋਂ 50.00 ਕਰੋੜ ਰੁਪਏ ਦੀ ਰਾਸ਼ੀ ਨਾਲ ਸ਼ੁਰੂ ਕੀਤਾ ਗਿਆ।

(ਅ) ਅਜੇ ਤੱਕ 34,06,699 ਰੁਪਏ ਵਰਤੇ ਜਾ ਚੁੱਕੇ ਹਨ ਜਿਨਾਂ ਦਾ ਵੇਰਵਾ ਹੇਠ ਦਿੱਤਾ ਜਾਂਦਾ ਹੈ--

(i) 21.26 ਲੱਖ ਰੁਪਏ ਮੈਸ. ਸਪਿਨਫੈਡ ਨੂੰ ਨਕੋਦਰ ਕਾਟਨ ਵੇਸਟ ਸਪਿਨਿੰਗ ਮਿਲਜ਼, ਨਕੋਦਰ ਦੇ ਬੰਦ ਹੋਣ ਕਾਰਨ ਮਿੱਲ ਦੇ ਕਰਮਚਾਰੀਆਂ ਨੂੰ ਮੁਆਵਜ਼ਾ, ਉਜ਼ਰਤਾਂ ਅਤੇ ਤਨਖਾਹਾਂ ਆਦਿ ਦੇਣ ਲਈ ਗੋਲਡਨ ਹੈਂਡ ਸ਼ੇਕ ਸਕੀਮ ਦੇ ਤਹਿਤ ਦਿੱਤੇ ਗਏ ਹਨ।

(ii) 12,80,699 ਰੁਪਏ ਪਨਵੈਕ ਦੇ ਕਰਮਚਾਰੀਆਂ ਜੋ ਕਿ ਸਮਾਜ ਭਲਾਈ ਵਿਭਾਗ ਵਿਚ ਤੈਨਾਤ ਕੀਤੇ ਗਏ ਹਨ, ਨੂੰ ਡਾਟਾ ਐਂਟਰੀ ਓਪਰੇਟਰ ਵਜੋਂ ਟਰੇਨਿੰਗ ਦੀ ਫੀਸ ਦੇਣ ਲਈ ਅਤੇ ਕੁਝ ਕਰਮਚਾਰੀਆਂ ਨੂੰ ਗੋਲਡਨ ਹੈਂਡ ਸ਼ੇਕ ਸਕੀਮ ਅਧੀਨ ਮੁਆਵਜ਼ਾ, ਉਜ਼ਰਤਾਂ ਅਤੇ ਤਨਖਾਹ ਆਦਿ ਦੇਣ ਲਈ ਖਰਚ ਕੀਤੇ ਗਏ ਹਨ:

---

**ਸਾਇੰਸ ਅਧਿਆਪਕਾਂ ਦੀਆਂ ਅਸਾਮੀਆਂ ਨੂੰ ਤਕਨੀਕੀ ਆਸਾਮੀਆਂ ਵਜੋਂ ਐਲਾਨ ਕਰਨਾ**

***1219. (ਸੀ.ਯੂ.) ਸ੍ਰੀ ਸਤਨਾਮ ਸਿੰਘ ਕੈਂਥ:** ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ ਸਾਇੰਸ ਅਧਿਆਪਕਾਂ ਦੀਆਂ ਆਸਾਮੀਆਂ ਨੂੰ ਤਕਨੀਕੀ ਆਸਾਮੀਆਂ ਵਜੋਂ ਐਲਾਨ ਕਰਨ ਦੀ ਸਰਕਾਰ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ; ਜੇਕਰ ਨਹੀਂ ਹੈ, ਤਾਂ ਇਸ ਦੇ ਕਾਰਨ ਕੀ ਹਨ?

**ਸਰਦਾਰ ਲਖਮੀਰ ਸਿੰਘ ਰੰਧਾਵਾ:** ਨਹੀਂ ਜੀ, ਕਿਉਂਕਿ ਇਹ ਸਾਇੰਸ ਅਧਿਆਪਕਾਂ ਦੀਆਂ ਪੋਸਟਾਂ ਟੈਕਨੀਕਲ ਪੋਸਟਾਂ ਦੀ ਕੈਟਾਗਰੀ ਅਧੀਨ ਨਹੀਂ ਆਉਂਦੀਆਂ।

---

**ਰਾਜ ਵਿਚ ਸਹਿਕਾਰੀ ਖੰਡ ਅਤੇ ਸਪਿਨਿੰਗ ਮਿੱਲਾਂ ਦਾ ਨਿੱਜੀਕਰਣ**

***1230. (ਸੀ. ਯੂ.) (1) ਕਾਮਰੇਡ ਤਰਸੇਮ ਜੋਧਾਂ**
**(2) ਸਾਥੀ ਵਿਜੇ ਕੁਮਾਰ** } : ਕੀ ਸਹਿਕਾਰਤਾ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਉਨ੍ਹਾਂ ਸਹਿਕਾਰੀ ਖੰਡ ਮਿੱਲਾਂ ਅਤੇ ਸਪਿਨਿੰਗ ਮਿੱਲਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦਾ ਜਨਵਰੀ, 1992 ਤੋਂ ਅੱਜ ਤੱਕ ਦੇ ਸਮੇਂ ਦੇ ਦੌਰਾਨ ਸਰਕਾਰ ਦੁਆਰਾ ਨਿੱਜੀਕਰਣ ਕੀਤਾ ਗਿਆ ਹੈ ਅਤੇ ਉਕਤ ਮਿੱਲਾਂ ਦੇ ਨਿਜੀਕਰਣ ਦੇ ਕੀ ਕਾਰਣ ਹਨ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸੱਜਨ ਕੁਮਾਰ ਜਾਖੜ** ; 1. ਤਿੰਨ ਖੰਡ ਮਿੱਲਾਂ ਜਿਹੜੀਆਂ ਦਸੂਹਾ, ਪਾਤੜਾਂ ਅਤੇ ਅਮਲੋਹ ਵਿਖੇ ਲਗਾਈਆਂ ਜਾ ਰਹੀਆਂ ਸਨ, ਪੀ.ਐਸ.ਆਈ.ਡੀ.ਸੀ ਨੂੰ ਜਾਇੰਟ/ਅਸਿਸਟਡ ਸੈਕਟਰ ਵਿਚ ਲਾਉਣ ਲਈ ਮਿਤੀ : 24 ਜੂਨ, 1993, 3 ਜੂਨ, 1993 ਅਤੇ 15 ਮਈ, 1993 ਲੜੀਵਾਰ ਸੌਂਪ ਦਿੱਤੀਆਂ ਗਈਆਂ ਸਨ ।

2. ਉਪਰੋਕਤ ਫੈਸਲਾ ਇਸ ਲਈ ਜ਼ਰੂਰੀ ਸੀ ਕਿ ਇਨ੍ਹਾਂ ਮਿੱਲਾਂ ਨੂੰ ਮੁਕੰਮਲ ਕਰਨ ਲਈ ਲੋੜੀਂਦੀ ਵਿੱਤੀ ਸਹਾਇਤਾ ਨਹੀਂ ਮਿੱਲ ਰਹੀ ਸੀ । ਵਿੱਤੀ ਸੰਸਥਾਵਾਂ ਵਲੋਂ ਕਰਜ਼ਾ ਦੇਣ ਤੋਂ ਇਸ ਲਈ ਨਾਂਹ ਕਰ ਦਿੱਤੀ ਗਈ ਕਿਉਂਜੋ ਪਹਿਲਾਂ ਚੱਲ ਰਹੀਆਂ ਸ਼ੂਗਰ ਮਿੱਲਾਂ ਉਸ ਕਰਜ਼ੇ ਦੀ ਅਦਾਇਗੀ ਨਹੀਂ ਕਰ ਸਕੀਆਂ, ਜਿਹੜਾ ਇਨ੍ਹਾਂ ਵਿੱਤੀ ਸੰਸਥਾਵਾਂ ਤੋਂ ਲਿਆ ਸੀ ।

3. ਇਸ ਦਾ ਇੱਕੋ ਤਰੀਕਾ ਸੀ, ਕਿ ਇਨ੍ਹਾਂ ਨੂੰ ਮੁਕੰਮਲ ਕਰਨ ਲਈ ਸਰਕਾਰ 70-80 ਕਰੋੜ ਰੁਪਏ ਦੇਵੇ ਕਿਉਂਜੋ ਸਰਕਾਰ ਪਹਿਲਾਂ ਹੀ ਵਿੱਤੀ ਮੁਸ਼ਕਲਾਂ ਵਿੱਚ ਹੈ, ਇਸ ਲਈ ਇਨ੍ਹਾਂ ਮਿੱਲਾਂ ਨੂੰ ਪੀ.ਐਸ.ਆਈ.ਡੀ.ਸੀ ਨੂੰ ਜਾਇੰਟ /ਅਸਿਸਟਡ ਸੈਕਟਰ ਵਿੱਚ ਲਿਆਉਣ ਲਈ ਦਿੱਤੀਆਂ ਜਾਣ ।

ਪੰਜਾਬ ਸਰਕਾਰ ਕਤਾਈ ਮਿੱਲ ਸੰਘ ਲਿਮ: (ਸਪਿਨਫੈਡ) ਸਹਿਕਾਰੀ ਕਤਾਈ ਮਿੱਲਾਂ ਦੀ ਸਿਖਰ ਸੰਸਥਾ ਹੈ ਜਿਹੜੀ ਕਿ ਸਾਲ 1980 ਵਿੱਚ ਸਹਿਕਾਰੀ ਕਤਾਈ ਮਿੱਲਾਂ ਵਿੱਚ ਤਾਲਮੇਲ ਅਤੇ ਉਹਨਾਂ ਦੇ ਕੰਮ ਕਾਜ ਦੀ ਅਸਾਨੀ ਦੇ ਮਨੋਰਥ ਨਾਲ ਸਥਾਪਤ ਕੀਤੀ ਗਈ ਸੀ । ਸੱਤ ਸਹਿਕਾਰੀ ਕਤਾਈ ਮਿੱਲਾਂ ਪਹਿਲਾਂ ਹੀ ਕੋਟਕਪੂਰਾ, ਅਬੋਹਰ, ਮਲੋਟ, ਮਾਨਸਾ, ਗੋਇੰਦਵਾਲ, ਤਪਾ ਅਤੇ ਬਠਿੰਡਾ ਵਿਖੇ ਸਥਾਪਿਤ ਕੀਤੀਆਂ ਜਾ ਚੁੱਕੀਆਂ ਹਨ । ਇਕ ਵੇਸਟ ਕਾਟਨ ਦਾ ਕਤਾਈ ਪਲਾਂਟ ਨਕੋਦਰ ਵਿਖੇ ਪਨਟੈਕਸ ਤੋਂ ਸੁਸਾਇਟੀ ਨੂੰ ਤਬਦੀਲ ਕੀਤਾ ਗਿਆ ਸੀ । ਇਹ ਪਲਾਂਟ ਬਹੁਤ ਵੱਡੇ ਘਾਟੇ ਵਿੱਚ ਚੱਲ ਰਿਹਾ ਸੀ । ਇਸ ਲਈ ਇਸ ਨੂੰ ਬੰਦ ਕਰਨ ਦੇ ਹੁਕਮਾਂ ਅਧੀਨ ਲਿਆਂਦਾ ਗਿਆ ਅਤੇ ਪੰਜਾਬ ਸਹਿਕਾਰੀ ਸਮਿਤੀ ਐਕਟ 1961 ਅਧੀਨ ਲਿਕਉਡੇਟਰ ਨਿਯੁਕਤ ਕੀਤਾ ਗਿਆ ਅਤੇ ਮਿੱਲ ਦੀ ਸੰਪਤੀ ਹੁਣੇ ਹੁਣ ਸਮਾਪਤ-ਕਾਰ ਦੁਆਰਾ ਨਿਲਾਮ ਕੀਤੀ ਜਾ ਚੁਕੀ ਹੈ । ਇਸ ਤੋਂ ਇਲਾਵਾ ਹੋਰ ਕੋਈ ਵੀ ਸਹਿਕਾਰੀ ਕਤਾਈ ਮਿੱਲ ਪ੍ਰਾਈਵੇਟ ਨਹੀਂ ਕੀਤੀ ਗਈ ।

---

## ਪੰਜਾਬ ਰਾਜ ਬਿਜਲੀ ਬੋਰਡ ਨੂੰ ਪਿਆ ਘਾਟਾ

*1231. (ਸੀ.ਯੂ.) **ਕਾਮਰੇਡ ਤਰਸੇਮ ਜੋਧਾਂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਪੰਜਾਬ ਰਾਜ ਬਿਜਲੀ ਬੋਰਡ ਨੂੰ ਵਿੱਤੀ ਸਾਲਾਂ 1990-91, 1991-92, 1992-93 ਅਤੇ ਅਪ੍ਰੈਲ, 1993 ਤੋਂ ਹੁਣ ਤੱਕ ਪਏ ਘਾਟਿਆਂ ਦੇ ਸਾਲਵਾਰ ਵੇਰਵੇ ਕੀ ਹਨ ਅਤੇ ਇਸ ਦੇ ਕਾਰਨ ਕੀ ਹਨ ;

(ਅ) ਉਕਤ ਘਾਟਿਆਂ ਨੂੰ ਰੋਕਣ ਲਈ ਬੋਰਡ ਦੁਆਰਾ ਕੀਤੇ ਗਏ ਉਪਾਵਾਂ ਦੇ ਵੇਰਵੇ ਕੀ ਹਨ ?

**ਸਰਦਾਰ ਬੇਅੰਤ ਸਿੰਘ** : (ੳ ਅਤੇ ਅ) ਸਾਰਣੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

## ਸਾਰਣੀ

ਪੰਜਾਬ ਰਾਜ ਬਿਜਲੀ ਬੋਰਡ ਨਾਲ ਸਬੰਧਤ ਕੁੱਲ ਨੁਕਸਾਨ ਦਾ ਵੇਰਵਾ ਹੇਠ ਅਨੁਸਾਰ ਹੈ:—

| ਲੜੀ ਨੰ: | ਵੇਰਵੇ | 1990-91 | 1991-92 | 1992-93 ਰੁਪਏ ਕਰੋੜਾਂ ਵਿਚ) | ਅਪ੍ਰੈਲ 93 ਤੋਂ ਦਸੰਬਰ 93 |
|---|---|---|---|---|---|
| 1 | ਕੁੱਲ ਸੰਚਾਲਣ ਵਾਧਾ(+) ਘਾਟਾ(-) | (-)15.87 | 44.73 | (-)24.87 | 121.77 |
| 2 | ਸੰਸਥਾਵੀ ਕਰਜ਼ਿਆਂ ਤੇ ਵਿਆਜ | 77.90 | 92.13 | 99.88 | 55.23 |
| 3 | ਸਰਕਾਰੀ ਕਰਜ਼ਿਆ ਤੇ ਵਿਆਜ਼ | 398.78 | 271.04 | 342.13 | ... |
| 4 | ਘਟਾਓ ਪੂੰਜੀਗਤ ਵਿਆਜ਼ | 184.63 | 143.91 | 166.61 | ... |
| | ਨਿਰੋਲ ਵਿਆਜ਼ | 214.15 | 127.13 | 175.52 | 177.00 |
| 4 | ਮੁੱਲ ਘਾਟਾ | 86.94 | 91.82 | 159.39 | 0.22 |
| 5 | ਵਪਾਰਕ ਘਾਟਾ (ਜੋੜ 1 ਤੋਂ 4) | 394.86 | 266.35 | 459.66 | 177.22 |

ਬੋਰਡ ਦੇ ਵਿੱਤੀ ਘਾਟਿਆਂ ਲਈ ਖੇਤੀਬਾੜੀ ਸੈਕਟਰ ਨੂੰ ਬਿਨਾਂ ਮੀਟਰ ਤੋਂ ਅਤੇ ਖਪਤਕਾਰਾਂ ਨੂੰ ਬਿਜਲੀ ਦੀ ਸਪਲਾਈ ਘੱਟ ਟੈਰਿਫ ਉਤੇ ਦੇਣਾ, ਇਕ ਮੁੱਖ ਕਾਰਨ ਰਿਹਾ ਹੈ ।

(ਅ) ਉਦਯੋਗਿਕ ਘਰੇਲੂ ਅਤੇ ਵਪਾਰਕ ਖੇਤਰਾਂ ਸੈਕਟਰਾਂ ਨੂੰ ਵਿਵਹਾਰਕ ਬਣਾਉਣ ਲਈ 1992-93 ਅਤੇ 1993-94 ਸਾਲਾਂ ਦੌਰਾਨ ਟੈਰਿਫ ਸੋਧੇ ਗਏ ਹਨ। ਮਿਤੀ 23 ਅਕਤੂਬਰ, 1993 ਤੋਂ ਸੋਧੇ ਗਏ ਖੇਤ੍ਰ ਤੇ ਖੇਤੀਬਾੜੀ ਟੈਰਿਫ ਅਜੇ ਵੀ ਸਪਲਾਈ ਦੀ ਔਸਤ ਲਾਗਤ ਦੇ ਮੁਕਾਬਲੇ ਕਾਫੀ ਘੱਟ ਹਨ। ਉਦਯੋਗਿਕ ਸੈਕਟਰ ਦੇ ਟੈਰਿਫ ਨੂੰ ਸਪਲਾਈ ਦੀ ਔਸਤ ਲਾਗਤ ਨਾਲੋਂ ਵੱਧ ਸੋਧਿਆ ਗਿਆ ਹੈ ਅਤੇ ਇਸ ਵਿਚ 3% ਅਧਿਨਿਯਮ ਪ੍ਰਤੀਫਲ ਸ਼ਾਮਲ ਹੈ। ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਬਿਜਲੀ ਦੀ ਚੋਰੀ ਰੋਕਣ ਲਈ ਸਖਤ ਚੈਕਿੰਗ ਕੀਤੀ ਜਾ ਰਹੀ ਹੈ। ਟਿਊਬਵੈਲਾਂ ਲਈ ਆਰਜ਼ੀ ਕੁਨੈਕਸ਼ਨ ਦੇਣ ਦੀ ਨੀਤੀ ਨੇ ਵੀ ਬਿਜਲੀ ਚੋਰੀ ਦੇ ਕੇਸ ਘਟਾਏ ਹਨ।

---

ਨਿਸ਼ਾਨਵਾਲਾ ਪ੍ਰਸ਼ਨ ਨੰ. 1242* (ਸੀ. ਯੂ.)

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ।)

---

*For Starred Question No, 1242* (C. U.) and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

**ਈ.ਐਸ.ਆਈ. ਸਕੀਮ ਅਧੀਨ ਆਯੁਰਵੈਦਿਕ ਡਾਕਟਰੀ ਸਹੂਲਤਾਂ ਮੁਹੱਈਆ ਕਰਨਾ**

*1243. (ਸੀ.ਯੂ.) **ਸ੍ਰੀ ਰਾਕੇਸ਼ ਕੁਮਾਰ ਪਾਂਡੇ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਈ.ਐਸ.ਆਈ. ਸਕੀਮ ਹੇਠ ਰਾਜ ਵਿੱਚ ਫੈਕਟਰੀਆਂ ਦੇ ਕਰਮਚਾਰੀਆਂ ਨੂੰ ਆਯੁਰਵੈਦਿਕ ਡਾਕਟਰੀ ਸਹੂਲਤਾਂ ਮੁਹੱਈਆ ਕਰਨ ਲਈ ਕੋਈ ਪ੍ਰਬੰਧ ਮੌਜੂਦ ਹਨ; ਜੇਕਰ ਅਜਿਹਾ ਹੋਵੇ, ਤਾਂ ਇਹ ਸਹੂਲਤਾਂ ਕਿਹੜੇ ਕਿਹੜੇ ਥਾਵਾਂ ਤੇ ਉਪਲਬਧ ਹਨ; ਜੇਕਰ ਨਹੀਂ, ਤਾਂ ਉਸ ਦੇ ਕਾਰਣ ਕੀ ਹਨ ਅਤੇ ਫੈਕਟਰੀ ਕਾਮਿਆਂ ਨੂੰ ਉਕਤ ਸਹੂਲਤਾਂ ਕਦੋਂ ਤੱਕ ਮੁਹੱਈਆ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਹਰਚਰਨ ਸਿੰਘ ਬਰਾੜ** : ਇਸ ਸਮੇਂ ਰਾਜ ਵਿੱਚ ਫੈਕਟਰੀਆਂ ਦੇ ਬੀਮਾ ਕਰਮਚਾਰੀਆਂ ਨੂੰ ਈ.ਐਸ.ਆਈ. ਸਕੀਮ ਅਧੀਨ ਕੋਈ ਆਯੁਰਵੈਦਿਕ ਡਾਕਟਰੀ ਸਹੂਲਤਾਂ ਉਪਲਬਧ ਨਹੀਂ ਹੈ। ਈ.ਐਸ.ਆਈ. ਸਕੀਮ ਅਧੀਨ ਦੇਸੀ ਦਵਾਈਆਂ ਦੀ ਪ੍ਰਣਾਲੀ ਹਾਲ ਤੋਂ ਹੀ ਲਾਗੂ ਹੋਈ ਹੈ। ਬੀਮਾ ਕਰਮਚਾਰੀਆਂ ਨੂੰ ਰਾਜ ਵਿੱਚ ਮੌਜੂਦਾ ਈ.ਐਸ.ਆਈ. ਹਸਪਤਾਲਾਂ ਵਿੱਚ ਆਯੁਰਵੈਦਿਕ ਡਾਕਟਰੀ ਸਹੂਲਤਾਂ ਮੁਹੱਈਆ ਕਰਾਉਣ ਸਬੰਧੀ ਤਜਵੀਜ਼ ਸਰਕਾਰ ਵਲੋਂ ਕਰਮਚਾਰੀ ਰਾਜ ਬੀਮਾ ਨਿਗਮ ਨਵੀਂ ਦਿੱਲੀ ਨੂੰ ਪ੍ਰਵਾਨਗੀ ਹਿੱਤ ਭੇਜੀ ਹੋਈ ਹੈ। ਇਹ ਪ੍ਰਣਾਲੀ ਉਕਤ ਨਿਗਮ ਵਲੋਂ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਲਾਗੂ ਕੀਤੀ ਜਾ ਸਕੇਗੀ। ਕਿਉਂਕਿ ਈ. ਐਸ. ਆਈ. ਸਕੀਮ ਅਧੀਨ ਆਉਣ ਵਾਲੇ ਖਰਚੇ ਨੂੰ ਰਾਜ ਸਰਕਾਰ ਅਤੇ ਰਾਜ ਬੀਮਾ ਨਿਗਮ ਵਲੋਂ 1:7 ਵਿੱਚ ਸਹਿਣ ਕੀਤਾ ਜਾਂਦਾ ਹੈ ।

---

**ਪਟਿਆਲਾ ਸ਼ਹਿਰ ਵਿਚ ਨਜਾਇਜ਼ ਕਬਜ਼ਿਆਂ ਨੂੰ ਹਟਾਉਣਾ**

*1259. (ਸੀ. ਯੂ.) **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਸਾਲ 1993 ਦੇ ਦੌਰਾਨ ਮਿਉਂਨਿਸਿਪਲ ਕਮੇਟੀ, ਪਟਿਆਲਾ ਦੁਆਰਾ ਸ਼ਹਿਰ ਵਿੱਚੋਂ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ;

(ਅ) ਉਕਤ ਮਿਉਂਨਿਸਿਪਲ ਕਮੇਟੀ ਦੇ ਉਨ੍ਹਾਂ ਕਰਮਚਾਰੀਆਂ ਦੇ ਨਾਂ ਕੀ ਕੀ ਹਨ ਜਿਹੜੇ ਉਪਰੋਕਤ ਭਾਗ (ੳ) ਵਿਚ ਵਰਣਿਤ ਕਾਰਵਾਈ ਕਰਨ ਦੇ ਦੌਰਾਨ ਮਾਰੇ ਗਏ/ ਜ਼ਖਮੀ ਹੋਏ ਅਤੇ ਦੋਸ਼ੀਆਂ ਵਿਰੁੱਧ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ;

(ੲ) ਸ਼ਹਿਰ ਵਿਚੋਂ ਬਾਕੀ ਰਹਿੰਦੇ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ 15 ਨਵੰਬਰ, 1993 ਤੱਕ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

**ਡਾਕਟਰ ਕੇਵਲ ਕ੍ਰਿਸ਼ਨ** : (ੳ) ਅਨੁਲੱਗ 'ੲ' ਵਿੱਚ ਦਿਤੇ ਗਏ ਵੇਰਵੇ ਅਨੁਸਾਰ ਸਾਲ 1993 ਦੌਰਾਨ 38 ਨਾਜਾਇਜ਼ ਕਬਜ਼ੇ ਨਗਰਪਾਲਿਕਾ, ਪਟਿਆਲਾ ਵਲੋਂ ਹਟਾਏ ਗਏ।

(ਅ) ਦੁਰਘਟਨਾ-ਵੱਸ਼ ਸ੍ਰੀ ਕੌਰ ਸਿੰਘ, ਕਰਮਚਾਰੀ, ਨਗਰਪਾਲਿਕਾ, ਪਟਿਆਲਾ ਜ਼ਖਮੀ ਹੋ ਗਿਆ ਸੀ। ਇਸ ਲਈ ਕਿਸੇ ਵਿਰੁੱਧ ਕਿਸੇ ਕਾਰਵਾਈ ਕਰਨ ਦਾ ਸਵਾਲ ਪੈਦਾ ਨਹੀਂ ਹੁੰਦਾ।

(ੲ) ਉਪਰੋਕਤ (ੳ) ਅਨੁਸਾਰ।

---

***ਨਿਸ਼ਾਨਵਾਲਾ ਪ੍ਰਸ਼ਨ ਨੰ. 1260 (ਸੀ. ਯੂ.) (ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ।)**

---

*For Starred Question No. *1260 (C. U.) and reply thereto, please see Appendix to this Annexure.

Original with;
Punjab Vidhan Sabha
Digitized by;
Punjab Digital Library

## ਅਨੈਕਚਰ--'ਏ'

**ਪਟਿਆਲਾ ਸ਼ਹਿਰ ਵਿਚ ਦੂਰ ਕੀਤੀਆਂ ਇਨਕਰੋਚਮੈਂਟਾਂ ਦੀ ਲਿਸਟ**

1. ਬਾਰਾਂ ਕੂਆਂ ਮਿਉਂਸਪਲ ਲੈਂਡ ਤੋਂ ਕਬਜ਼ਾ ਦੂਰ ਕਰਵਾਇਆ ਗਿਆ।
2. 22 ਨੰ: ਫਾਟਕ ਤੋਂ 23 ਨੰ: ਫਾਟਕ ਤੋਂ ਜਾਂਦੇ ਹੋਏ ਦੋ ਦੁਕਾਨਾਂ ਦੀ ਇਨਕਰੋਚਮੈਂਟ ਦੂਰ ਕਰਵਾਈ ਗਈ।
3. 22 ਨੰ: ਫਾਟਕ ਤੋਂ 21 ਨੰ: ਫਾਟਕ ਤਕ ਤਿੰਨ ਦੁਕਾਨਾਂ ਦੀ ਇਨਕਰੋਚਮੈਂਟ ਦੂਰ ਕਰਵਾਈ ਗਈ।
4. ਸ਼ੇਰਾਂ ਵਾਲਾ ਗੇਟ ਦੇ ਦੁਕਾਨਾਂ ਦੀ ਇਨਕਰੋਚਮੈਂਟ ਦੂਰ ਕਰਵਾਈ ਗਈ।
5. ਕਿਲਾ ਚੋਕ ਸ਼ਿਵ ਮੰਦਿਰ ਨਾਲ ਇਕ ਦੁਕਾਨਾ ਦੀ ਇਨਕਰੋਚਮੈਂਟ ਦੂਰ ਕਰਵਾਈ ਗਈ।
6. ਸਫਾਬਾਦੀ ਗੇਟ ਕੋਹਲੀ ਟਰਾਂਸਪੋਰਟ ਦੇ ਸਾਮਣੇ ਦੁਕਾਨਾਂ ਦੀ ਇਨਕਰੋਚਮੈਂਟ ਦੂਰ ਕਰਵਾਈ ਗਈ।
7. ਪਟਿਆਲਾ ਧਰਮ ਕੰਡੇ ਦੇ ਨਾਲ ਕੀਤੀ ਉਸਾਰੀ ਦੂਰ ਕਰਵਾਈ ਗਈ।
8. ਸਨੌਰ ਰੋਡ ਤੇ ਕੀਤੀ ਉਸਾਰੀ ਦੂਰ ਕਰਵਾਈ ਗਈ:
9. ਸਨੌਰੀ ਅੱਡੇ ਤੇ ਦੋ ਦੁਕਾਨਾਂ ਦੀ ਉਸਾਰੀ ਦੂਰ ਕਰਵਾਈ ਗਈ।
10. ਪਿੰਡ ਬਡੂੰਗਰ ਦੇ ਵਿਚ ਮਕਾਨ ਦੀ ਉਸਾਰੀ ਦੂਰ ਕਰਵਾਈ ਗਈ।
11. ਹੀਰਾ ਨਗਰ ਦੇ ਵਿਚ ਸੜਕ ਤੇ ਕੀਤੀ ਇਨਕਰੋਚਮੈਂਟ ਦੂਰ ਕਰਵਾਈ ਗਈ।
12. ਭੁਪਿੰਦਰਾ ਰੋਡ ਤੇ ਕੀਤੀ ਨਜਾਇਜ਼ ਉਸਾਰੀ ਦੂਰ ਕਰਵਾਈ ਗਈ।
13. ਸੇਵਕ ਕਾਲੋਨੀ ਵਿਚ ਰਸਤੇ ਮਕਾਨ ਦੀ ਉਸਾਰੀ ਦੂਰ ਕਰਵਾਈ ਗਈ।
14. ਗੁਰੂ ਨਾਨਕ ਨਗਰ ਆਸ਼ਰਮ ਰੋਡ, ਸਰਹੰਦ ਰੋਡ ਤੇ ਇਨਕਰੋਚਮੈਂਟ (ਜੋ ਸੜਕ ਤੇ ਕੀਤੀ ਗਈ ਸੀ) ਦੂਰ ਕਰਵਾਈ ਗਈ।
15. ਗਰੀਨ ਪਾਰਕ ਕਾਲੋਨੀ ਵਿਚ ਇਨਕਰੋਚਮੈਂਟ ਦੂਰ ਕਰਵਾਈ ਗਈ।
16. ਬੀ ਟੈਕ ਵਾਧਰੇ ਦੀ ਇਨਕਰੋਚਮੈਂਟ ਦੂਰ ਕਰਵਾਈ ਗਈ।
17. ਕੱਚਾ ਪਟਿਆਲਾ ਵਾਧਰੇ ਦੀ ਉਸਾਰੀ (ਨਜਾਇਜ਼) ਦੂਰ ਕਰਵਾਈ ਗਈ।
18. ਭਰਪੂਰ ਗਾਰਡਨ ਵਿਖੇ ਕੀਤੀ ਨਜਾਇਜ਼ ਉਸਾਰੀ ਦੂਰ ਕਰਵਾਈ ਗਈ।
19. ਮਾਲਵਾ ਕਾਲੋਨੀ ਵਿਚ ਸੜਕ ਤੇ ਕੀਤੀ ਇਨਕਰੋਚਮੈਂਟ ਦੂਰ ਕਰਵਾਈ ਗਈ।
20. ਮਿਨੀ ਮਾਰਕੀਟ ਆਫੀਸਰ ਕਾਲੋਨੀ ਵਿਚ ਵਾਧਰੇ ਦੀ ਉਸਾਰੀ ਦੂਰ ਕਰਵਾਈ ਗਈ।

Original with;
Punjab Vidhan Sabha
Digitized by;
Punjab Digital Library

21. ਮਾਡਲ ਟਾਊਨ. ਗੋਲ ਚੱਕਰ ਨੰ: 1 ਤੋਂ ਦੋ ਦੁਕਾਨਾਂ ਦੀ ਉਸਾਰੀ ਦੂਰ ਕਰਵਾਈ ਗਈ।

22. ਮਾਡਲ ਟਾਊਨ, ਅਲੋਰਾ ਸਿਨੇਮਾ ਦੇ ਸਾਮਣੇ ਕੀਤੀ ਨਜਾਇਜ਼ ਉਸਾਰੀ ਦੂਰ ਕਰਵਾਈ ਗਈ।

23. ਮਹਿੰਦਰਾ ਕਾਲਜ ਨੇੜੇ ਨੀਰਜ਼ ਮਾਰਬਲ ਵਾਲਿਆਂ ਵਲੋਂ ਕੀਤੀ ਨਜਾਇਜ਼ ਉਸਾਰੀ ਦੂਰ ਕਰਵਾਈ ਗਈ।

24. ਸਨੌਰੀ ਅੱਡਾ/ਜਨਕ ਸਿੰਘ ਵਲੋਂ ਸੜਕ ਤੇ ਕੀਤੀ ਨਜਾਇਜ਼ ਉਸਾਰੀ ਦੂਰ ਕਰਵਾਈ ਗਈ।

25. ਸਫਾਬਾਦੀ ਗੇਟ ਰੋਡ ਤੇ ਢਹਿਆਂ ਵਲੋਂ ਕੀਤੀ ਇਨਕਰੋਚਮੈਂਟ ਦੂਰ ਕਰਵਾਈ ਗਈ।

26. ਵਿਕਾਸ ਕਾਲੋਨੀ, ਮੜੀਆਂ ਰੋਡ, ਮਿਊਂਸਿਪਲ ਲੈਂਡ ਤੇ ਕੀਤੀ ਨਾਜਾਇਜ਼ ਉਸਾਰੀ ਦੂਰ ਕਰਵਾਈ ਗਈ।

27. ਵਿਕਾਸ ਕਾਲੋਨੀ ਵਿਚ ਪਵਿੱਤਰ ਸਿੰਘ ਵਲੋਂ ਕੀਤੀ ਇਨਕਰੋਚਮੈਂਟ ਦੂਰ ਕਰਵਾਈ ਗਈ।

28. ਵਿਕਾਸ ਕਾਲੋਨੀ ਵਿਚ ਕਸ਼ਮੀਰਾ ਸਿੰਘ ਵਲੋਂ ਕੀਤੀ ਇਨਕਰੋਚਮੈਂਟ ਦੂਰ ਕਰਵਾਈ ਗਈ।

29. ਕੋਲਾਂ ਵਾਲਾ ਟੋਭਾ ਵਿਖੇ ਕੀਤੀ ਨਜਾਇਜ਼ ਉਸਾਰੀ ਦੂਰ ਕਰਵਾਈ ਗਈ।
30. ਬੈਂਕ ਕਾਲੋਨੀ ਬਡੂੰਗਰ ਰੋਡ ਤੇ ਦੁਕਾਨਾਂ ਦੀ ਨਜਾਇਜ਼ ਉਸਾਰੀ ਦੂਰ ਕਰਵਾਈ ਗਈ।
31. ਤ੍ਰਿਪੜੀ ਕੋਹਲੀ ਸਵੀਟ ਦੇ ਸਾਮਣੇ ਦੁਕਾਨਾਂ ਦੀ ਇਨਕਰੋਚਮੈਂਟ ਦੂਰ ਕਰਵਾਈ ਗਈ।
32. ਗਰੀਨ ਪਾਰਕ ਕਾਲੋਨੀ ਪਾਰਕ ਦਾ ਕਬਜ਼ਾ ਦੂਰ ਕਰਵਾਇਆ ਗਿਆ।
33. ਇੰਦਰਾ ਪੁਰੀ ਕਾਲੋਨੀ ਵਿਚ ਰੋਡ ਤੇ ਕੀਤਾ ਕਬਜ਼ਾ ਦੂਰ ਕਰਵਾਇਆ ਗਿਆ।
34. ਇੰਦਰਾ ਪਾਰਕ ਕਾਲੋਨੀ ਵਿਚ ਸੜਕ ਤੇ ਕੀਤੀ ਨਜਾਇਜ਼ ਉਸਾਰੀ ਦੂਰ ਕਰਵਾਈ ਗਈ।
35. ਯਾਦਵਿੰਦਰਾ ਕਾਲੋਨੀ ਵਿਚ ਸੜਕ ਤੇ ਕੀਤੀ ਇਨਕਰੋਚਮੈਂਟ ਦੂਰ ਕਰਵਾਈ ਗਈ।
36. ਰਤਨ ਨਗਰ ਸੜਕ ਤੇ ਬਣਾਇਆ ਗਿਆ ਗੈਰਾਜ਼ ਦੀ ਇਨਕਰੋਚਮੈਂਟ ਦੂਰ ਕਰਵਾਈ ਗਈ।
37. ਦਸ਼ਮੇਸ਼ ਨਗਰ ਵਿਚ ਸੜਕ ਤੇ ਕੀਤੀ ਨਜਾਇਜ਼ ਉਸਾਰੀ ਦੂਰ ਕਰਵਾਈ ਗਈ।
38. ਠੀਕਰੀ ਵਾਲਾ ਚੌਕ ਲੋਅਰ ਮਾਲ ਤੇ ਕੀਤੀ ਵਾਧਰੇ ਦੀ ਉਸਾਰੀ ਦੂਰ ਕਰਵਾਈ ਗਈ।

---

**ਜੰਗਲੀ ਜਾਨਵਰਾਂ ਦੁਆਰਾ ਤਬਾਹ ਕੀਤੀਆਂ ਫਸਲਾਂ ਲਈ ਕਿਸਾਨਾਂ ਨੂੰ ਰਾਹਤ**

*1274. **(ਸੀ. ਯੂ.) ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਕੁਝ ਇਲਾਕਿਆਂ ਖਾਸ ਕਰਦੇ ਤਹਿਸੀਲ ਗੜ੍ਹਸ਼ੰਕਰ ਜ਼ਿਲਾ ਹੁਸ਼ਿਆਰਪੁਰ ਵਿਚ ਜੰਗਲੀ ਗਾਂਵਾਂ ਅਤੇ ਸੂਰ ਫਸਲਾਂ ਦੀ ਤਬਾਹੀ ਕਰਦੇ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਤਬਾਹੀ ਨੂੰ ਰੋਕਣ ਲਈ ਸਰਕਾਰ ਦੁਆਰਾ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ ;

(ਅ) ਅਜਿਹੇ ਕਿਸਾਨਾਂ ਜਿਨ੍ਹਾਂ ਦੀਆਂ ਫਸਲਾਂ ਦਾ ਜੰਗਲੀ ਜਾਨਵਰਾਂ ਦੁਆਰਾ ਨੁਕਸਾਨ ਕੀਤਾ ਜਾਂਦਾ ਹੈ, ਨੂੰ ਮਾਲੀ ਸਹਾਇਤਾ ਰਾਹਤ ਦੇਣ ਲਈ ਸਰਕਾਰ ਦੁਆਰਾ ਕੀਤੀ ਜਾਣ ਵਾਲੀ ਜਾਣਕਾਰੀ ਦੇ ਵੇਰਵੇ ਕੀ ਹਨ?

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ :** (ੳ) ਹਾਂ ਜੀ। ਜੰਗਲੀ ਗਊਆਂ ਅਤੇ ਜੰਗਲੀ ਸੂਅਰਾਂ ਵਲੋਂ ਤਹਿਸੀਲ ਗੜਸ਼ੰਕਰ (ਜਿਲ੍ਹਾ ਹੁਸ਼ਿਆਰਪੁਰ), ਨੂਰਪੁਰ ਬੇਦੀ (ਜ਼ਿਲ੍ਹਾ ਰੋਪੜ) ਅਤੇ ਸ਼ਿਵਾਲਿਕ ਬੈਲਟ ਦੇ ਕੁੱਝ ਹੋਰ ਭਾਗਾਂ ਵਿੱਚੋਂ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਬਾਰੇ ਕੁਝ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਜੰਗਲੀ ਜੀਵ ਸੁਰੱਖਿਆ ਵਿਭਾਗ ਵਲੋਂ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਨੂੰ ਜੰਗਲੀ ਗਊਆਂ ਅਤੇ ਜੰਗਲੀ ਸੂਅਰਾਂ ਤੋਂ ਬਚਾਉਣ ਲਈ ਜੰਗਲੀ ਜੀਵ (ਸੁਰੱਖਿਆ) ਐਕਟ, 1972 ਦੀ ਧਾਰਾ 11(1) (ਬੀ) ਅਧੀਨ ਸਾਲ 1992-93 ਦੌਰਾਨ ਹੰਟਿੰਗ ਪਰਮਿਟ ਅਤੇ ਸਾਲ 1993-94 ਦੌਰਾਨ ਇਕ ਪਰਮਿਟ ਦਿੱਤਾ ਗਿਆ। ਰਾਜ ਸਰਕਾਰ ਵਲੋਂ ਜੰਗਲੀ ਸੂਅਰਾਂ ਨੂੰ ਵਰਮਿਨ ਘੋਸ਼ਿਤ ਕਰਨ ਲਈ ਵਾਤਾਵਰਨ ਤੇ ਜੰਗਲਾਤ ਮੰਤਰਾਲਿਆਂ, ਨਵੀਂ ਦਿੱਲੀ ਨੂੰ ਲਿਖਿਆ ਜਾ ਚੁੱਕਾ ਹੈ।

(ਅ) ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਦਾ ਜੰਗਲੀ ਜਾਨਵਰਾਂ ਵੱਲੋਂ ਨੁਕਸਾਨ ਹੁੰਦਾ ਹੈ, ਉਨ੍ਹਾਂ ਨੂੰ ਵਿੱਤੀ ਸਹਾਇਤਾ/ਰਲੀਫ ਦੇਣ ਲਈ ਜੰਗਲੀ ਜੀਵ (ਸੁਰੱਖਿਆ) ਐਕਟ, 1972 ਅਧੀਨ ਕੋਈ ਪਾਲਿਸੀ ਨਹੀਂ ਹੈ।

---

***ਨਿਸ਼ਾਨਵਾਲਾ ਪ੍ਰਸ਼ਨ ਨੰ : 1275 (ਸੀ. ਯੂ.)**
**(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ)**

---

*For Starred Question No. 1275 (C. U.) and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

APPENDIX

TO

ANNEXURE TO PUNJAB VIDHAN SABHA DEBATES

*Dated 29th December, 1993*

Vol. VI—No. 2

**Unstarred Questions and Answers**

**(Converted as such from being Starred Questions)**

ਮੁੱਖ ਮੰਤਰੀ ਰਾਹਤ ਫੰਡ ਦੀ ਵਰਤੋਂ ਸਬੰਧੀ ਨੀਤੀ

*1147. (ਸੀ.ਯੂ.) 1. ਕਾਮਰੇਡ ਅਜੈਬ ਸਿੰਘ ਰੌਂਤਾ
2. ਸ਼੍ਰੀਮਤੀ ਵਿਮਲਾ ਡਾਂਗ } : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ —

(ੳ) ਜੁਲਾਈ, 1993 ਤੋਂ ਬਾਅਦ ਹੁਣ ਤੱਕ ਮੁੱਖ ਮੰਤਰੀ ਹੜ੍ਹ ਰਾਹਤ ਫੰਡ ਲਈ ਦਾਨ ਵਜੋਂ ਕੁੱਲ ਕਿੰਨੀ ਰਕਮ ਪ੍ਰਾਪਤ ਹੋਈ ;

(ਅ) ਕੀ ਉਕਤ ਫੰਡ ਵਿੱਚੋਂ ਰਾਹਤ ਦੀ ਵੰਡ ਲਈ ਕੋਈ ਨਿਯਮ ਬਣਾਏ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਇੱਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ੲ) ਉਪਰੋਕਤ ਭਾਗ (ੳ) ਵਿੱਚ ਵਰਣਿਤ ਫੰਡ ਵਿੱਚੋਂ ਹੁਣ ਤੱਕ ਰਾਹਤ ਵਜੋਂ ਜ਼ਿਲ੍ਹਾ-ਵਾਰ ਕਿੰਨੀ ਕਿੰਨੀ ਰਕਮ ਵੰਡੀ ਗਈ ਹੈ?

ਸ਼ਰਦਾਰ ਬੇਅੰਤ ਸਿੰਘ :(ੳ) 7/93 ਤੋਂ ਬਾਅਦ ਹੁਣ ਤੱਕ ਮੁੱਖ ਮੰਤਰੀ ਫਲੱਡ ਰਲੀਫ ਫੰਡ ਵਿੱਚ 10,01,49,492 ਰੁਪਏ ਦਾਨ ਦੀ ਰਕਮ ਪ੍ਰਾਪਤ ਹੋਈ ਹੈ।

(ਅ) ਹਾਂ ਜੀ। ਰੂਲ ਬਣੇ ਹਨ। ਇੱਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀਹੈ ।

(ੲ) ਜ਼ਿਲ੍ਹਾ ਰੋਪੜ ਨੂੰ 1,45,000 ਰੁਪਏ ਦਿੱਤੇ ਹਨ।

RULES FOR THE TRASANCTION OF BUSNINESS OF THE PUNJAB CHIEF MINISTER'S FLOOD RELIEF FUND AND DISBURSEMENT OF GRANT OUT OF THE FUND

**Rules of Buisness**

(1) These rules may be called the 'Chief Minister's Flood Relief Fund Rules, 1975.

2) In these rules—

(a) 'Committee' mean the Administrative Committee for the Punjab Chief Minister's Flood Relief Fund constituted under Punjab Government No. Cmp/FRF-75, dated the 6th August, 1975, as amended from time to time.

(b) 'Member' means a member of the Committee and shall include Chairman and *vice* Chairman thereof.

*Original with;*
Punjab Vidhan Sabha
*Digitized by;*
Panjab Digital Library

3. The Committee shall normally meet at least twice in a year. In case o, Flood or other natural calamities, the Chairman or Vice-Chairman may call the meetings at shorter in tervals. Every meeting of the Committee shall be presided over by the Chairman and in his absence by the Vice-Chairman. In the absence of both the Chairman and Vice-Chairman the members present may elect from amongst themselves a person to preside over that meeting.

4. Any four members shall be for the quorum.

5. In the work to be transacted by the Committee, the opinion of the majority shall prevail, but in case there is equality of votes, the Chairman Vice Chairman or the prson presiding over the meeting, as the case may be, shall have a second or casting vote.

6. The Chairman may invite any person or persons, not being a member of the Committee, to attend any meeting of the Committee, but such invites or invitees shall not be entitled to vote at the meeting.

7. A member of the Committee shall cease to be member if he or she(a) dies (b) resigns his/her membership(c) becomes of unsound mind(d) becomes insolvent(e) is convicted of an offences involving moral turpitude (f) failed to attend three consecuitive meetings of the Committee under orders of the Chairman.

## Powers and Functions of the Committee

8. The Fund will be operated by the Member Secretary of the Committee.

9. Contributions to the Fund will be received by the Member Secretary and such other persons officials or non-officials) as may be specially authorised by the Committee and in the case of official by the Government (in Political Branch) on the request of the Committee against printed receipts supplied by the Chief Minister Secretariat.

10. The Member Secretary of the Committee shall maintain complete accounts or receipts and expenditure, the accounts shall be duly audited once a year, or at such shorter intervals as may be required by on auditor appointed by the Government.

11. The amount collected for the Fund shall be kept in such bank or Banks as the Committee may decide.

12. The Fund will be utilised for the aims and object set forth in the Memorandum as amended from time to time, and for no other purpose.

13. The moneys in the Fund shall be utilised in accordance with the policies approved by the Committees from time to time. The advances and disbursement from the Fund shall be made by the Member Secretary under the order of the Chairman in accordance with the policies approved by the committee :

Provided that the Chairman may, in case of emergrncy authorise the drawal of disbursement of any money from the fund for a purpose which may fall within the purview of the aims and objects of the Fund but which may not be in accordance with the policies approved by the Committee, all such cases' shall require ex-post-facto approval of the Committee.

14. The Committee may delegate its functions under any of these rules to the Chairman, Vice-Chairman or any other Member or members.

15. The Committee may, from time to time, make such amendment in these rules as it may deem fit.

## MEMORANDUM REGARDING CHIEF MINISTER'S FLOOD RELIEF FUND

1. This fund shall be known as '**Punjab Chief Minister's Flood Relief Fund.**

2. **The aim and objects of the fund shall be:**

(a) to provide financial and other assistance to the persons adversely affected by floods and other natural calamities;

Original with;
Punjab Vidhan Sabha
Digitized by;
Panjab Digital Library

(b) to supplement Government efforts in relief measures during floods and other natural calamities and

(c) o collect funds, by way of dnotations, from individual associations, federations institutions, cooperations, local bodies including Panchayats, Panchayat Samitis and Zila Parishads, Cooperative Societies, Banks, Government or Semi-Government Institutions.

3. (a) The fund shall be administered through a Committee consisting of the following:—

| | | |
|---|---|---|
| (i) Chief Minister, Punjab | .. | Chairman |
| (ii) Revenue Minister, Punjab | .. | Vice-Chairman |
| (iii) Chief Secretary | .. | Member |
| (iv) Financial Commissioner, Taxation | .. | ,, |
| (v) Financial Commissioner, Revenue | .. | ,, |
| (vi) Development Commissioner | .. | ,, |
| (vii) Principal Secretary to C.M. | .. | ,, |
| (viii) Secretary, Industries and Public Relations | .. | ,, |
| (ix) Finance Secretary | .. | ,, |
| (x) Chairman, State Agriculture Marketing Board | .. | ,, |
| (xi) Under Secretary, C.M. | .. | ,, |

This Committee shall be known as 'Administration Committee' for Punjab Chief Minister's Flood Relief Fund. (Hereinafter referred to as the Fund).

(b) The Chairman shall have the powers to add any member to the Committee or remove any member therefrom.

(c) The Secretariat of the Chief Minister will look after the operation of the Fund on the administration side.

(d) Drawals from the fund shall be made for which the fund have been created in accordance with the rules made by the Committee.

(e) The proceeds of income, if any, accruing on the deposits of the fund shall be, exclusively utilised for the purpose of the Fund and form other purpose.

(f) The accounts of the fund shall be audited by the auditor appointed by the Government.

**(g) The Committee may by a resolution add any other aim or object which may be for charitable purpose to the aims and objects of the fund.**

(h) The amount collected for the fund shall be kept in such banks or bank as the Committee may decide.

4. Assets of the fund shall include donations received from individuals, associations and other authorities referred to in rule 2(c).

5. Accounts of the fund shall be operated by the Member Secretary of the Committee.

6. Regular accounts shall be kept of all money, and properties be longing to the fund.

7. Statements of accounts of receipts and expenditure shall be submitted annually to the income Tax Officer, Chandigarh.

Chief Minister, Punjab.

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਆਯੁਰਵੈਦਿਕ ਪ੍ਰਣਾਲੀ ਦਾ ਵਿਕਾਸ

*1242.(ਸੀ.ਯੂ.) **ਸ਼੍ਰੀ ਰਾਕੇਸ਼ ਪਾਂਡੇ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਰਾਜ ਵਿੱਚ ਇਲਾਜ ਦੀ ਆਯੁਰਵੈਦਿਕ ਪ੍ਰਣਾਲੀ ਦੇ ਵਿਕਾਸ ਲਈ ਸਰਕਾਰ ਦੁਆਰਾ ਬਣਾਈਆਂ ਗਈਆਂ ਸਕੀਮਾਂ ਦਾ ਵੇਰਵਾ ਕੀ ਹੈ;

(ਅ) ਕੀ ਸਰਕਾਰ ਦਾ ਆਯੁਰਵੈਦਿਕ ਪ੍ਰਣਾਲੀ ਦੇ ਵਿਕਾਸ ਲਈ ਬਜਟ ਐਲੋਕੇਸ਼ਨ ਵਿੱਚ ਵਾਧਾ ਕਰਨ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ;

(ੲ) ਅੱਠਵੀਂ ਪੰਜ-ਸਾਲਾ-ਯੋਜਨਾ ਦੇ ਦੌਰਾਨ ਕਿੰਨੀਆਂ ਨਵੀਆਂ ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹੇ ਜਾਣ ਦਾ ਵਿਚਾਰ ਹੈ ਅਤੇ ਅਜਿਹੀਆਂ ਨਵੀਆਂ ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਸਾਲ 1993-94 ਵਿੱਚ ਖੋਲ੍ਹੇ ਜਾਣ ਦਾ ਪ੍ਰਸਤਾਵ ਹੈ;

(ਸ) ਕੀ ਰਾਜ ਵਿੱਚ ਸਰਕਾਰੀ ਆਯੁਰਵੈਦਿਕ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਦਵਾਈਆਂ ਦੀ ਖਰੀਦ ਲਈ ਸਲਾਨਾ ਬਜਟ ਵਿੱਚ ਸਾਲ 1990-91 ਤੋਂ ਬਾਅਦ ਕੋਈ ਵਾਧਾ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਕਿੰਨੇ ਪ੍ਰਤੀਸ਼ਤ ?

**ਸਰਦਾਰ ਹਰਚਰਨ ਸਿੰਘ ਬਰਾੜ** :(ੳ) ਸਕੀਮਾਂ ਦਾ ਵੇਰਵਾ ਅਨੁਲੱਗ ਵਿੱਚ ਦਰਜ ਹੈ।

(ਅ) ਹਾਂ ਜੀ। ਵੇਰਵਾ ਅਨੁਲੱਗ ਵਿੱਚ ਦਰਜ ਹੈ।

(ੲ) ਵੀਹ, 8ਵੀਂ ਪੰਜ-ਸਾਲਾ ਯੋਜਨਾ ਦੌਰਾਨ। ਵੀਹ, 1993-94 ਵਿੱਚ।

(ਸ) ਹਾਂ ਜੀ। ਵੇਰਵਾ ਅਨੁਲੱਗ ਵਿੱਚ ਦਰਜ ਹੈ।

Original with;
Punjab Vidhan Sabha
Digitized by;
Panjab Digital Library

## ਅਨੁਲੱਗ

(ੳ) 1 ਏ.ਵਾਈ.2.1—ਹੈੱਡਕੁਆਟਰ ਦੇ ਸਟਾਫ ਨੂੰ ਮਜ਼ਬੂਤ ਕਰਨਾ;

2. ਏ.ਵਾਈ. 2.2—ਜ਼ਿਲ੍ਹਾ ਹੈੱਡਕੁਆਟਰ ਸਟਾਫ ਨੂੰ ਮਜ਼ਬੂਤ ਕਰਨਾ;

3. ਏ.ਵਾਈ. 2.2(i) ਐਸਟੈਬਲਿਸ਼ਮੈਂਟ ਆਫ ਆਈ.ਐਸ.ਐਮ. ਡਿਸਪੈਂਸਰੀਜ਼ ;

4. ਏ.ਵਾਈ. 2.2(ਏ)—ਸਰਹੱਦੀ ਜ਼ਿਲ੍ਹਿਆਂ ਵਿਚ ਮੋਬਾਈਲ ਯੂਨਿਟ ਸਥਾਪਤ ਕਰਨਾ;

5. ਏ.ਵਾਈ. 2.3—ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ ਨੂੰ ਆਯੁਰਵੈਦਿਕ ਸਵਾਸਥ ਕੇਂਦਰਾਂ ਵਿਚ ਅੱਪ ਗਰੇਡ ਕਰਨਾ;

6. ਏ.ਵਾਈ. 2.4—ਜ਼ਿਲ੍ਹਾ ਪੱਧਰ ਤੇ 10-ਬਿਸਤਰਾ ਆਯੁਰਵੈਦਿਕ ਹਸਪਤਾਲ ਸਥਾਪਤ ਕਰਨਾ;

7. ਏ.ਵਾਈ. 2.5—ਕੌਮੀ ਸਿਹਤ ਪਰੋਗਰਾਮ ਆਯੁਰਵੇਦਾ ਰਾਹੀਂ ਲਾਗੂ ਕਰਨਾ;

8. ਏ.ਵਾਈ. 2.6—ਸਰਕਾਰੀ ਆਯੁਰਵੈਦਿਕ ਹਸਪਤਾਲ, ਪਟਿਆਲਾ ਨੂੰ ਅੱਪ ਗਰੇਡ ਕਰਨਾ;

9. ਏ.ਵਾਈ. 2.7—ਮੌਜੂਦਾ ਆਯੁਰਵੈਦਿਕ ਡਿਸਪੈਂਸਰੀਆਂ ਨੂੰ ਜ਼ਰੂਰੀ ਫਰਨੀਚਰ/ਔਜ਼ਾਰ ਆਦਿ ਮੁਹੱਈਆ ਕਰਨਾ ;

10. ਏ.ਵਾਈ. 2.8—ਨਵੀਆਂ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹਣਾ ;

11. ਏ.ਵਾਈ. 2.8(i) ਮੌਜੂਦਾ ਆਯੁਰਵੈਦਿਕ ਡਿਸਪੈਂਸਰੀਆਂ ਨੂੰ ਮਜ਼ਬੂਤ ਕਰਨਾ;

12. ਏ.ਵਾਈ. 4.3—ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਨੂੰ ਅੱਪ ਗਰੇਡ ਕਰਨਾ,

13. ਏ.ਵਾਈ. 4.5—ਐਕਸਪੈਨਸ਼ਨ ਅਤੇ ਆਗਮੈਨਟੇਸ਼ਨ ਆਫ ਪ੍ਰੋਡਕਸ਼ਨ ਆਫ ਆਯੁਰਵੈਦਿਕ ਮੈਡੀਸਨਜ਼ ਸਰਕਾਰੀ ਆਯੁਰਵੈਦਿਕ ਫਾਰਮੇਸੀ ਅਤੇ ਸਟੋਰਜ਼, ਪਟਿਆਲਾ;

14. ਏ.ਵਾਈ. 4.6—ਸਟਾਫ ਕੰਪੋਨੈਂਟ ਜ਼ਿਲ੍ਹਾ ਪੱਧਰ ਦੀਆਂ ਪਲਾਨ ਸਕੀਮਾਂ।

**ਕੇਂਦਰ ਪ੍ਰਯੋਜਿਤ ਸਕੀਮਾਂ :**

1. ਆਈ.ਐਸ.ਐਮ.ਏ.ਆਰ.ਈ.(ਸੀ.ਐਸ.ਐਸ.) :

ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਨੂੰ ਹਾਇਰ ਸਟੱਡੀ ਦੀ ਸੰਸਥਾ ਵਿਚ ਅੱਪ-ਗਰੇਡ ਕਰਨਾ-ਅੱਠ ਪੋਸਟ ਗਰੈਜੂਏਟ ਵਿਭਾਗਾਂ ਦੀ ਸਥਾਪਨਾ ਕਰਨਾ;

(i) ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਵਿਖੇ ਸਟੇਟ ਡਰੱਗ ਲਬਾਰਟਰੀ ਦੀ ਸਥਾਪਨਾ ਕਰਨਾ।

(ii) ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਅਧੀਨ ਮੋਤੀ ਬਾਗ, ਬੀੜ ਪਟਿਆਲਾ ਵਿਖੇ ਹਰਬਲ ਗਾਰਡਨ ਸਥਾਪਤ ਕਰਨਾ;

Original with;
Punjab Vidhan Sabha
Digitized by;
Panjab Digital Library

2. ਆਈ.ਐਸ.ਐਮ.ਏ.ਆਰ.ਈ.—4

ਰਾਜ ਵਿਚ ਯੂਨੀਵਰਸਿਟੀਆਂ ਨਾਲ ਸਬੰਧਤ ਪ੍ਰਾਈਵੇਟ ਆਯੁਰਵੈਦਿਕ ਕਾਲਜਾਂ ਨੂੰ ਮਾਲੀ ਸਹਾਇਤਾ ਮੁਹੱਈਆ ਕਰਨਾ ;

(ਅ) ਸਰਕਾਰ ਵੱਲੋਂ ਆਯੁਰਵੈਦਿਕ ਪ੍ਰਣਾਲੀ ਦੇ ਵਿਕਾਸ ਲਈ ਬਜਟ ਐਲੋਕੇਸ਼ਨ ਵਿਚ ਹਰ ਸਾਲ ਵਾਧਾ ਕੀਤਾ ਜਾਂਦਾ ਹੈ ਜਿਸ ਦਾ ਵੇਰਵਾ ਹੇਠ ਦਰਸਾਏ ਅਨੁਸਾਰ ਹੈ:—

| ਸਾਲ | ਅੰਕੜੇ (ਹਜ਼ਾਰਾਂ ਵਿੱਚ) |
|---|---|
| 1990–91 | 7,99,28 |
| 1991–92 | 8,41,12 |
| 1992–93 | 9,55,01 |
| 1993–94 (ਬਜਟ ਅਨੁਮਾਨ) | 9,67,45 |

(ਸ) ਸਾਲਾਨਾ ਬਜਟ ਸਾਲ 1990–91 ਨਾਲੋਂ ਸਾਲ 1992–93 ਦੇ ਬਜਟ ਵਿਚ 1.04 ਪ੍ਰਤੀਸ਼ਤ ਵਾਧਾ ਕੀਤਾ ਗਿਆ ਸੀ ।

**ਆਯੁਰਵੈਦਿਕ ਡਿਸਪੈਂਸਰੀਆਂ ਦੇ ਕਰਮਚਾਰੀਆਂ ਨੂੰ ਤਨਖਾਹ ਦੀ ਅਦਾਇਗੀ ਨਾ ਕਰਨਾ**

*1260(ਸੀ.ਯੂ.) **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਅਜਿਹੀਆਂ ਆਯੁਰਵੈਦਿਕ ਡਿਸਪੈਂਸਰੀਆਂ ਦੇ ਨਾਂ ਕੀ ਕੀ ਹਨ ਜਿਥੇ ਡਾਕਟਰਾਂ ਅਤੇ ਦੂਜੇ ਅਮਲੇ ਨੂੰ ਜੂਨ, 1993 ਤੋਂ 31 ਅਕਤੂਬਰ, 1993 ਤੱਕ ਦੇ ਸਮੇਂ ਲਈ ਉਨ੍ਹਾਂ ਦੀਆਂ ਤਨਖਾਹਾਂ ਦੀ ਅਦਾਇਗੀ ਨਹੀਂ ਕੀਤੀ ਗਈ ਹੈ ਅਤੇ ਇਸ ਦੇ ਕੀ ਕਾਰਨ ਹਨ ਅਤੇ ਸਰਕਾਰ ਦੁਆਰਾ ਇਸ ਸਬੰਧੀ ਕੀ ਕਾਰਵਾਈ ਕੀਤੀ ਗਈ ਹੈ?

**ਸਰਦਾਰ ਹਰਚਰਨ ਸਿੰਘ ਬਰਾੜ** : ਆਯੁਰਵੈਦਿਕ ਡਿਸਪੈਂਸਰੀਆਂ ,ਜਿਹਨਾਂ ਵਿਚ ਲੱਗੇ ਡਾਕਟਰਾਂ ਅਤੇ ਹੋਰ ਅਮਲੇ ਨੂੰ ਸਮਾਂ ਜੂਨ, 1993 ਤੋਂ 31 ਅਕਤੂਬਰ, 1993 ਤੱਕ ਤਨਖਾਹਾਂ ਨਹੀਂ ਮਿਲੀਆਂ ਸਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—

(1) ਸਰਕਾਰੀ ਆਯੁਰਵੈਦਿਕ ਡਿਸਪੈਂਸਰੀ, ਖੁੱਡੀ ਖੁਰਦ (ਸੰਗਰੂਰ) ;

(2) ਸਰਕਾਰੀ ਆਯੁਰਵੈਦਿਕ ਡਿਸਪੈਂਸਰੀ, ਭਵਾਨੀਗੜ੍ਹ (ਸੰਗਰੂਰ) ।

ਇਹਨਾਂ ਡਿਸਪੈਂਸਰੀਆਂ ਵਿਚ ਲੱਗੇ ਡਾਕਟਰਾਂ ਅਤੇ ਹੋਰ ਅਮਲੇ ਨੂੰ ਤਨਖਾਹਾਂ ਇਸ ਕਰਕੇ ਸਮੇਂ ਸਿਰ ਨਹੀਂ ਮਿਲ ਸਕੀਆਂ ਸਨ ਕਿਉਂਕਿ ਇਹਨਾਂ ਆਯੁਰਵੈਦਿਕ ਡਿਸਪੈਂਸਰੀਆਂ ਨੂੰ ਚਾਲੂ ਰੱਖਣ ਸਬੰਧੀ ਵਿੱਤ ਵਿਭਾਗ ਦੀ ਮੰਨਜ਼ੂਰੀ ਦੇਰੀ ਨਾਲ ਪ੍ਰਾਪਤ ਹੋਈ ਸੀ। ਵਿੱਤ ਵਿਭਾਗ ਵੱਲੋਂ ਪਲਾਨ

Original with;
Punjab Vidhan Sabha
Digitized by;
Panjab Digital Library

ਸਕੀਮਾਂ ਨੂੰ ਚਾਲੂ ਰੱਖਣ ਦੀ ਮਨਜ਼ੂਰੀ ਪ੍ਰਾਪਤ ਹੋਣ ਤੇ ਇਹਨਾਂ ਡਿਸਪੈਂਸਰੀਆਂ ਦੇ ਡਾਕਟਰਾਂ ਅਤੇ ਹੋਰ ਅਮਲੇ ਨੂੰ ਜੂਨ, 1993 ਤੋਂ 31 ਅਕਤੂਬਰ, 1993 ਤੱਕ ਦੇ ਸਮੇਂ ਦੀ ਤਨਖਾਹ ਦੀ ਅਦਾਇਗੀ ਮਿਤੀ 16 ਨਵੰਬਰ, 1993 ਨੂੰ ਕੀਤੀ ਜਾ ਚੁੱਕੀ ਹੈ।

---

**ਜ਼ਿਲ੍ਹਾ ਯੋਜਨਾਬੰਦੀ ਬੋਰਡ, ਹੁਸ਼ਿਆਰਪੁਰ ਦੇ ਫੰਡਾਂ ਦੀ ਦੁਰਵਰਤੋਂ**

*1275. (ਸੀ.ਯੂ.) **ਸਰਦਾਰ ਅਵਤਾਰ ਸਿੰਘ ਕਰੀਮਪੁਰੀ**: ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਯੋਜਨਾ ਬੰਦੀ ਬੋਰਡ, ਹੁਸ਼ਿਆਰਪੁਰ ਦੇ ਫੰਡਾਂ ਦੀ ਵਰਤੋਂ ਸਾਲ 1992-93 ਦੌਰਾਨ ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ਵਿਚ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਕੁੱਲ ਰਕਮ ਕਿੰਨੀ ਸੀ ਅਤੇ ਕੀ ਫੰਡਾਂ ਦੀ ਵਰਤੋਂ ਨਿਯਮਾਂ ਅਨੁਸਾਰ ਕੀਤੀ ਗਈ ਸੀ; ਜੇਕਰ ਨਹੀਂ, ਤ ਇਸ ਦੇ ਕੀ ਕਾਰਣ ਹਨ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ** (ਖੇਤੀਬਾੜੀ ਅਤੇ ਵਣ ਮੰਤਰੀ): ਹਾਂ ਜੀ। ਰਕੜ ਢਾਹਾਂ ਤੋਂ ਭਾਨ ਮਜ਼ਾਰਾ ਬਰਾਸਤਾ ਬਰਵਾ ਲਿੰਕ ਸੜਕ ਦੀ ਉਸਾਰੀ ਲਈ, ਜਿਸ ਤੇ ਅਨੁਮਾਨਤ ਖਰਚਾ 12,90,800 ਰੁਪਏ ਸੀ, ਦੀ ਪ੍ਰਸ਼ਾਸਕੀ ਪ੍ਰਵਾਨਗੀ ਜ਼ਿਲ੍ਹਾ ਪਲੈਨਿੰਗ ਬੋਰਡ, ਹੁਸ਼ਿਆਰਪੁਰ ਵਲੋਂ ਦਿੱਤੀ ਗਈ ਸੀ। ਇਸ ਸੜਕ ਦੀ ਕੁੱਲ ਲੰਬਾਈ 3.57 ਕਿਲੋਮੀਟਰ ਹੈ, ਜਿਸ ਵਿਚੋਂ 2.21 ਕਿਲੋਮੀਟਰ ਸੜਕ ਤਹਿਸੀਲ ਨਵਾਂ ਸ਼ਹਿਰ ਵਿਚ ਪੈਂਦੀ ਹੈ। ਨਵਾਂਸ਼ਹਿਰ ਤਹਿਸੀਲ ਵਿਚ ਪੈਂਦੀ ਸੜਕ ਤੇ ਦਿਹਾਤੀ ਵਿਕਾਸ ਬੋਰਡ ਵਲੋਂ ਦਿੱਤੇ ਗਏ ਫੰਡਾਂ ਵਿਚੋ 7,06,291 ਰੁਪਏ ਦੀ ਰਕਮ ਖਰਚ ਕੀਤੀ ਗਈ ਸੀ। ਇਹ ਕੰਮ ਮੁਕੰਮਲ ਹੋ ਚੁੱਕਿਆ ਹੈ, ਜਿਸ ਨਾਲ ਰਕੜਾਂ ਢਾਹਾਂ ਤੋਂ ਗੰਨਾ ਮਿੱਲ ਤੱਕ 4.08 ਕਿਲੋ-ਮੀਟਰ ਰਸਤਾ ਘੱਟ ਹੋ ਗਿਆ ਹੈ। ਇਸ ਤਰ੍ਹਾਂ ਇਸ ਇਲਾਕੇ ਦੇ ਕਿਸਾਨਾਂ ਨੂੰ ਆਪਣਾ ਗੰਨਾ ਸ਼ੂਗਰ ਮਿੱਲ ਨਵਾਂ ਸ਼ਹਿਰ ਲਿਆਉਣ ਲਈ ਛੋਟਾ ਰਸਤਾ ਮੁਹੱਈਆ ਹੋ ਗਿਆ ਹੈ। ਇਸ ਸੜਕ ਦੀ ਉਸਾਰੀ ਨਾਲ ਆਮ ਕਰਕੇ ਇਸ ਇਲਾਕੇ ਦੇ ਲੋਕਾਂ ਅਤੇ ਵਿਸ਼ੇਸ਼ ਕਰਕੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਿਸਾਨਾਂ ਨੂੰ ਕਾਫੀ ਲਾਭ ਹੋਇਆ ਹੈ।

9876 PVS—Govt. Press, (U.T.), Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

59-

© 1993

Published under the authority of the Punjab Vidhan Sabha and printed by the Controller, Govt. Press, U.T., Chandigarh.

Original with;
Punjab Vidhan Sabha
Digitized by;
Panjab Digital Library

ਫੂਸੈਟ. 59

248—28-1-84—13,00,000—ਪੰਜਾਬ ਸਰਕਾਰ ਪ੍ਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

B-19129

Original with;
Punjab Vidhan Sabha
Digitized by;
Panjab Digital Library